167

Punjab Digital Library

Original with;
Punjab Vidhan Sabha
Digitized by;

Department

ਸ਼ਾਖਾ

Branch/Section

167

BRIEF SU

| | |
|---|---|
| ਕਿਸ ਮਿਤੀ ਨੂੰ ਇੰਡੈਕਸ ਬਣਿਆ | |
| Index | |
| Initials | |
| 'ੳ', 'ਅ', ਜਾਂ 'ੲ', ਕਾਰਵਾਈ ਜਿਸ ਵਿਚ ਮਿਸਲ ਰਿਕਾਰਡ ਕੀਤੀ ਗਈ ਅਤੇ ਉਸ ਦਾ ਸੰਭਾਲ ਸਮਾਂ 'A' 'B' or 'C' proceeding in which the file was recorded and its retention period | |
| ਕੀ ਕੇਸ ਸਬੰਧੀ ਨੋਟ ਸ਼ਾਖਾ ਸੈਕਸ਼ਨ ਦੀ ਨੋਟ ਬੁੱਕ ਵਿਚ ਰੱਖਿਆ ਹੋਇਆ ਹੈ ਜਾਂ ਨਹੀਂ whether note regarding case has been kept in the branch/section Note book or not | |
| ਸਬੰਧਤ ਸਹਾਇਕ ਦੇ ਹਸਤਾਖਰ Initials of the concerned Assistant | |
| ਰਿਕਾਰਡਰ ਦੇ ਹਸਤਾਖਰ Initials of the recorder | |

ਪਿਛਲੇ ਹਵਾਲੇ
Previous References

ਬਾਅਦ ਦੇ ਹਵਾ
Later Referen

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;

۳۶۱

Original with;
Punjab Vidhan Sabha
Digitized by;
Panjab Digital Library

67.

# PUNJAB VIDHAN SABHA

## DEBATES

*17th March, 2003*

**Vol. IV - No. 1**

OFFICIAL REPORT

CONTENTS

*Monday, the 17th March, 2003*


| | | *Page* |
|---|---|---|
| ·tuary References | .. | (1)1 |
| rred Questions and Answers | .. | (1)1 |
| itten Answer to Starred Question l on the Table of the House under Rule 38 | .. | (1)44 |
| ıstarred Questions and Answers | .. | (1)44 |
| ınouncement by the Speaker *Re.* | | |
| (i) Governor Address | .. | (1)57 |
| (ii) Penal of Chairmen | .. | (1)102 |
| Report of the Rules Committee l on the Table | .. | (1)102 |
| ıouncement by the Secretary | .. | (1)102 |
| ›tters raised during Zero Hour | .. | (1)103 |
| ll Attention Notice under Rule 66 | .. | (1)105 |
| alk-out | .. | (1)105 |
| resentation of First Report of the Business ıdvisory Committee | .. | (1)105 |
| Papers laid on the Table | .. | (1)107 |
| )iscussion on the Governor's Address | .. | (1)109 |
| .ppendix | .. | (i) |



**Punjab Vidhan Sabha Secretariat, Chandigarh.**

rice : Rs. 172.00



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;

## PUNJAB VIDHAN SABHA

*Monday, the 17th March, 2003*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P.M. Mr. Speaker (Doctor Kewal Krishan) in the Chair.*

---

## OBITUARY REFERENCES

ਮਾਨਯੋਗ ਸਪੀਕਰ : ਸੀ.ਐਮ. ਸਾਹਿਬ। ਸ਼ੋਕ ਪ੍ਰਸਤਾਵ।

**Chief Minister (Captain Amarinder Singh) :** Mr. Speaker, I am deeply grieved on the sudden demise of justice D. V. Sehgal, Lokpal, Punjab. ਉਹ ਸਾਡੇ ਲੋਕਪਾਲ ਸੀ ਜੀ। He left for his heavenly abode on 16th December, 2002 and was a leading lawyer of Punjab and Haryana High Court for a long time. Later on, he was appointed as Judge of the High Court. In the year 1989, he resigned from the post of Judge in the High Court and associated himself with politics. He remained President of the Lok Adalat and during his tenure he provided justice to a large number of aggrieved people. Later, he was appointed Lokpal, Punjab, in December, 2001 where he made valuable contribution in this position. Irreparable loss has been caused to the society with the sad demise of justice D.V. Sehgal. Today, with profound grief and sorrow, I pay my sincere homage to him.

Mr. Speaker, I am also deeply grieved on the death of S. Harnek Singh Mangewal, Ex-Minister, who left for his heavenly abode on 25th January, 2003. ਉਹ ਸਾਡੇ ਸਾਥੀ ਸੀ, ਸਾਬਕਾ ਮਨਿਸਟਰ ਸੀ ਜਿਹੜੇ ਇਸ ਦੁਨੀਆਂ ਨੂੰ ਛੱਡ ਕੇ ਮਿਤੀ 25 ਜਨਵਰੀ, 2003 ਨੂੰ ਪੂਰੇ ਹੋਏ ਹਨ। ਉਨ੍ਹਾਂ ਦਾ ਜਨਮ 6 ਮਈ, 1933 ਨੂੰ ਪਿੰਡ ਮਾਂਗੇਵਾਲ, ਡਿਸਟ੍ਰਿਕਟ ਲੁਧਿਆਣਾ ਵਿਚ ਹੋਇਆ। ਉਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਆਪਣੇ ਇਲਾਕੇ ਵਿਚ, ਸਿਆਸਤ ਵਿਚ, ਪਬਲਿਕ ਲਾਈਫ ਵਿਚ ਲੋਕਾਂ ਦੀ ਸੇਵਾ ਲਈ ਬਤੀਤ ਕੀਤੀ। ਉਹ ਪਾਇਲ ਹਲਕੇ ਵਿਚੋਂ ਸੰਨ 1992 ਵਿਚ ਕਾਂਗਰਸ ਕੈਂਡੀਡੇਟ ਬਣੇ ਔਰ ਜਿੱਤੇ। ਫਿਰ ਉਨ੍ਹਾਂ ਨੇ ਚੇਅਰਮੈਨ, ਲੈਂਡ ਡਿਵੈਲਪਮੈਂਟ ਕਾਰਪੋਰੇਸ਼ਨ ਦਾ ਅਹੁਦਾ ਸੰਭਾਲਿਆ ਤੇ ਕਾਫੀ ਦੇਰ ਤੱਕ ਉਹ ਡੇਅਰੀ ਡਿਵੈਲਪਮੈਂਟ ਦੇ ਮਨਿਸਟਰ ਰਹੇ, ਐਨੀਮਲ ਹਸਬੈਂਡਰੀ ਦੇ ਮਨਿਸਟਰ ਰਹੇ। ਉਹ ਸਾਡੇ ਸਾਥੀ ਸੀ ਤੇ ਅੱਜ ਸਾਡੇ ਵਿਚ ਨਹੀਂ ਰਹੇ। ਸਾਨੂੰ ਸਾਰਿਆਂ ਨੂੰ ਦੁਖ ਹੋਇਆ ਹੈ ਕਿ ਉਹ ਸਾਨੂੰ ਛੱਡ ਕੇ ਚਲੇ ਗਏ ਹਨ। ਮੈਂ ਆਪਣੇ ਵਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

Mr. Speaker, with profound grief, I pay my sincere homage on the sad demise of S. Girdhara Singh, Ex-M.L.A., who left for his heavenly abode on 17th November, 2002. ਉਹ 90 ਸਾਲ ਦੀ ਉਮਰ ਦੇ ਹੋ ਕੇ ਪੂਰੇ ਹੋਏ। ਉਨ੍ਹਾਂ ਨੇ 1967 ਵਿਚ ਕਾਂਗਰਸ ਕੈਂਡੀਡੇਟ ਦੇ ਤੌਰ ਤੇ ਪਹਿਲੀ ਇਲੈਕਸ਼ਨ ਜਿੱਤੀ। ਫਿਰ ਅਗਲੀ ਇਲੈਕਸ਼ਨ ਉਨ੍ਹਾਂ ਨੇ 1971 ਵਿਚ ਜਨਤਾ ਪਾਰਟੀ ਦੇ ਕੈਂਡੀਡੇਟ

Original with;
Punjab Vidhan Sabha
Digitized by;
Panjab Digital Library

**[Chief Minister]**

ਬਣ ਕੇ ਜਿੱਤੀ ਤੇ 1997 ਵਿਚ ਉਹ ਬੀ.ਜੇ.ਪੀ. ਦੀ ਟਿਕਟ ਤੇ ਜਿੱਤੇ। ਉਨ੍ਹਾਂ ਦਾ 50 ਸਾਲ ਦਾ ਸਿਆਸੀ ਜੀਵਨ ਸੀ ਤੇ ਹਰ ਵੇਲੇ ਉਨ੍ਹਾਂ ਨੇ ਸਾਫ ਸੁਥਰੀ ਸਿਆਸਤ ਵਿਚ ਆਪਣਾ ਹਿੱਸਾ ਪਾਇਆ। ਸਾਨੂੰ ਸਾਰਿਆਂ ਨੂੰ ਬੜਾ ਦੁਖ ਹੈ ਕਿ ਉਹ ਸਾਨੂੰ ਛੱਡ ਕੇ, ਪੰਜਾਬ ਨੂੰ ਛੱਡ ਕੇ ਚਲੇ ਗਏ ਹਨ ਜਿਸ ਕਾਰਨ ਪੰਜਾਬ ਨੂੰ ਕਾਫੀ ਘਾਟਾ ਪਿਆ ਹੈ। ਮੈਂ ਆਪਣੇ ਵਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

Mr. Speaker, with profound grief, I pay my sincere homage on the sad death of Smt. Gurdev Kaur, Ex-M.L.A., who left for her heavenly abode on 12th November, 2002. She was elected to the Vidhan Sabha from Moga as a Congress candidate. She served as a Chairperson of various Corporations. She was associated with many social organizations. With her sad demise, the State has been deprived of the services of an eminent politician. We all today pay our sincere respects and homage to the departed soul.

Mr. Speaker, with profound grief, I offer my sincere homage on the sad demise of S. Sadhu Singh Ghudani who expired on 14th March, 2003 at the age of 61. ਸਰਦਾਰ ਸਾਧੂ ਸਿੰਘ ਜੀ ਦਾ ਜਨਮ ਮਿਤੀ 13 ਅਪ੍ਰੈਲ, 1941 ਨੂੰ ਪਿੰਡ ਘੁਡਾਣੀ ਖੁਰਦ, ਤਹਿਸੀਲ ਪਾਇਲ, ਡਿਸਟ੍ਰਿਕਟ ਲੁਧਿਆਣਾ ਵਿਖੇ ਹੋਇਆ ਤੇ ਉਹ ਪਾਇਲ ਹਲਕੇ ਤੋਂ ਹੀ 1997 ਵਿਚ ਅਕਾਲੀ ਕੈਂਡੀਡੇਟ ਬਣੇ। ਉਨ੍ਹਾਂ ਦਾ ਜੀਵਨ ਜਿਥੇ ਰਿਹਾ ਹੈ, ਸਾਫ ਸੁਥਰਾ ਰਿਹਾ ਹੈ। ਉਨ੍ਹਾਂ ਦੀ ਆਪਣੇ ਇਲਾਕੇ ਵਿਚ ਵੀ ਬੜੀ ਪੁੱਛ ਰਹੀ ਹੈ। ਸਾਨੂੰ ਸਾਰਿਆਂ ਨੂੰ ਤੇ ਸਾਰੇ ਪੰਜਾਬ ਨੂੰ ਉਨ੍ਹਾਂ ਦੀ ਘਾਟ ਬਹੁਤ ਮਹਿਸੂਸ ਹੋਵੇਗੀ। ਉਨ੍ਹਾਂ ਨੂੰ ਅਸੀਂ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ।

Hon'ble Speaker, I am greatly grieved on sad demise of Chaudhary Dasoundi Ram, Ex. M.L.A on 23rd February, 2003 and I pay my sincere homage to him. He was 107 years of age. He was elected as M.L.A. of Joint Punjab Assembly from Nalagarh Constituency in the year 1962. ਜਿਨ੍ਹਾਂ ਨੂੰ ਉਹ ਰਿਪ੍ਰੈਜ਼ੈਂਟ ਕਰਦੇ ਰਹੇ, ਉਨ੍ਹਾਂ ਨੂੰ ਉਨ੍ਹਾਂ ਦੇ ਵਿਛੜਨ ਨਾਲ ਬਹੁਤ ਘਾਟਾ ਪਿਆ ਹੈ। With his sad demise, State has been deprived of the services of a good politician.

Hon'ble Speaker, with profound grief, I pay my sincere homage on the death of Sardar Bagga Singh Kotia, Freedom Fighter, who left for his heavenly abode on 3rd February, 2003. He made significant contribution in India's struggle for freedom from the British. He underwent seven month's imprisonment in Lahore Central Jail in the year 1941. The Government has honoured him with 'Tamra Patra'. With his sad demise, the State has been deprived of the glorious services of a staunch Freedom Fighter.

Original with;
Punjab Vidhan Sabha
Digitized by;

Hon'ble Speaker, I am deeply grieved on the death on Mahasha Lakshami Naryana, Freedom Fighter, who left for his heavenly abode on 25th February, 2003 and I pay my sincere homage to him. He was 82 years of age. The entire family of this Freedom Fighter who spent about five years in prison during British time was imbibed with national spirit. With his sad demise, the State has been deprived of the services of a staunch Freedom Fighter.

Hon'ble Speaker, with profound grief, I pay my sincere homage on the sad death of S. Ranjit Singh Gill, Freedom Fighter. He was 89 years of age. He was recruited in the Army in the year 1933. He underwent imprisonment for more than six months in Japan. With his sad demise, the State has been deprived of the services of a Freedom Fighter.

Hon'ble Speaker, with profound grief, I pay my sincere homage on the death of Sardar Joginder Singh, who expired on 29th December, 2002. He was 91 years of age. He was recruited in the Army in the year 1930 and underwent imprisonment during the period of Azad Hind Fauj. With his sad demise, the State has been deprived of the services of an eminent Freedom Fighter.

Hon'ble Speaker, with profound grief, I pay my sincere homage on the death of Sardar Dalbara Singh Sodhiwal, Freedom Fighter, who left for his heavenly abode on 30th December, 2002. He was 70 years of age. He was recruited in Army in the year 1943. During the period of Azad Hind Fauj, he underwent imprisonment during 1945-46. With his sad demise, the State has been deprived of the glorious services of a freedom fighter.

Hon'ble Speaker, with profound grief, I pay my sincere homage on the sad death of Dr. Haribhajan Singh, prominent poet and litterateur, who left for his heavenly abode on 20th October, 2002. He was born in Lahore. He was an eminent poet, critic and litterateur. He has published more than two dozen books in Punjabi and Hindi. He was honoured with Sahit Academy Award. Madhya Pradesh Government honoured him with Kabir Sanman. Birla Foundation honoured him with 'Saraswati Sanman'. He was conferred Shiromani Sahitkar Award by the Punjab Government. With his sad demise, the Society in general and Punjab in particular and also those who are found of writing and reading, has been deprived of the services of an eminent Litterateur.

Original with;
Punjab Vidhan Sabha
Digitized by;
Panjab Digital Library

**[Chief Minister]**

Hon'ble Speaker, with profound grief, I pay my sincere homage on the sad death of Shri Devinder Satiarthy, Prominent Litterateur, who left for his heavenly abode on 12th February, 2003. He was born in the year 1908 at Bhadaur, District Sangrur. He was an eminent litterateur of Punjabi, Hindi and Urdu. He was greatly influenced by the great personalities, like Mahatma Gandhi and Rabinder Nath Tagore. In collaboration with Dr. Mahinder Singh Randhawa, he made singular contribution in collecting folk songs and folklore. He remained committed to literary pursuits throughout his life in a selfless manner. With his sad demise the society has been deprived of the services of a pious litterateur.

Finally, Hon'ble Speaker, I come to Ms. Kalpana Chawla, for whom I think, all of us feel very sad. No Punjabi girl had achieved so much. It was in United States, where she went on a major space mission to represent the exploratory world and it was great tragedy, when she perished in the tragic crash of space shuttle on 1st February, 2003. She was born and brought up in India, Kalpana Chawla completed her Engineering Degree from Chandigarh in 1982. She was the first woman of Indian origin to travel successfully in space. Her untimely death during her second space journey has caused an irreparable loss to all of us and to all her colleagues in the space world. I pay my deep heart-felt homage to her. Wherever she may be, her soul may rest in peace. Thank you Sir.

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਲੰਬੀ)** : ਸਪੀਕਰ ਸਾਹਿਬ, ਪਿਛਲੇ ਸੈਸ਼ਨ ਤੋਂ ਬਾਅਦ ਹੁਣ ਤੱਕ ਸਾਡੇ ਸੂਬੇ ਵਿੱਚੋਂ ਜਾਂ ਦੇਸ਼ ਵਿੱਚੋਂ ਕੁਝ ਇਹੋ ਜਿਹੀਆਂ ਅਹਿਮ ਸਖਸ਼ੀਅਤਾਂ ਅਕਾਲ ਚਲਾਣਾ ਕਰ ਗਈਆਂ ਹਨ ਜਿਨ੍ਹਾਂ ਦਾ ਸਾਨੂੰ ਬੜਾ ਦੁਖ ਹੈ ਅਤੇ ਉਨ੍ਹਾਂ ਦੇ ਚਲੇ ਜਾਣ ਨਾਲ ਸਾਡੇ ਪੰਜਾਬ ਨੂੰ, ਦੇਸ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਅੱਜ ਆਪਾਂ ਉਨ੍ਹਾਂ ਸਾਰਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਵਾਸਤੇ ਇਕੱਠੇ ਹੋਏ ਹਾਂ। ਸੱਭ ਤੋਂ ਪਹਿਲਾਂ ਜਸਟਿਸ ਡੀ. ਵੀ. ਸਹਿਗਲ ਜੋ ਕਿ ਇੱਥੇ ਪੰਜਾਬ ਦੇ ਲੋਕਪਾਲ ਸਨ ਉਹ ਸਾਨੂੰ ਜੁਦਾਈ ਦੇ ਗਏ ਹਨ। ਜਸਟਿਸ ਸਹਿਗਲ ਨੇ ਇਕ ਲੰਮਾ ਸਮਾਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸੀਨੀਅਰ ਐਡਵੋਕੇਟ ਦੇ ਤੌਰ ਤੇ ਕੰਮ ਕੀਤਾ ਫਿਰ ਉਹ ਜੱਜ ਬਣ ਗਏ। ਜੱਜ ਬਣਨ ਤੋਂ ਬਾਅਦ ਉਨ੍ਹਾਂ ਨੇ ਅਸਤੀਫਾ ਦੇ ਕੇ ਕੁਝ ਸਮਾਂ ਪਾਲੀਟਿਕਸ ਦੇ ਵਿੱਚ ਵੀ ਹਿੱਸਾ ਲਿਆ ਔਰ ਹੁਣ ਉਹ ਇੱਥੇ ਪੰਜਾਬ ਦੇ ਲੋਕਪਾਲ ਸਨ ਜਦੋਂ ਉਹ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਬਹੁਤ ਹੀ ਗਹਿਰਾ ਦੁਖ ਅਤੇ ਅਫਸੋਸ ਹੈ।

ਸਪੀਕਰ ਸਾਹਿਬ, ਸਰਦਾਰ ਹਰਨੇਕ ਸਿੰਘ ਮਾਂਗੇਵਾਲ ਦਾ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਮਾਂਗੇਵਾਲ ਵਿੱਚ ਜਨਮ ਹੋਇਆ ਔਰ ਉਹ ਬੜੀ ਐਕਟਿਵ ਸਿਆਸਤ ਵਿੱਚ ਹਿੱਸਾ ਲੈਂਦੇ ਰਹੇ। ਉਹ ਪਾਇਲ ਹਲਕੇ ਤੋਂ 1992 ਵਿੱਚ ਐਮ.ਐਲ.ਏ. ਚੁਣੇ ਗਏ। ਫਿਰ ਉਹ

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਬਣੇ ਅਤੇ ਐਨੀਮਲ ਹਸਬੈਂਡਰੀ ਅਤੇ ਡੇਅਰੀ ਡਿਵੈਲਪਮੈਂਟ ਦੇ ਮਨਿਸਟਰ ਵੀ ਰਹੇ। ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬ ਇਕ ਉਘੇ ਸਿਆਸਤਦਾਨ ਤੋਂ ਮਹਿਰੂਮ ਹੋ ਗਿਆ ਹੈ। ਮੈਂ ਉਨ੍ਹਾਂ ਨੂੰ ਵੀ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ ਹੀ ਚੌਧਰੀ ਦਸੌਂਦਾ ਰਾਮ ਜੀ ਵੀ ਸਾਨੂੰ ਜੁਦਾਈ ਦੇ ਗਏ ਹਨ। ਉਨ੍ਹਾਂ ਦੇ ਚਲੇ ਜਾਣ ਦਾ ਵੀ ਸਾਨੂੰ ਬੜਾ ਗਹਿਰਾ ਦੁੱਖ ਹੈ। ਉਹ ਪਹਿਲੀ ਵਾਰ ਨਾਲਾਗੜ੍ਹ ਦੇ ਹਲਕੇ ਵਿੱਚੋਂ ਐਮ.ਐਲ.ਏ. ਬਣੇ ਸਨ ਅਤੇ ਉਨ੍ਹਾਂ ਦੇ ਚਲੇ ਜਾਣ ਨਾਲ ਅਸੀਂ ਇਕ ਉਘੇ ਸਿਆਸਤਦਾਨ ਤੋਂ ਵਾਂਝੇ ਹੋ ਗਏ ਹਾਂ।

ਬੀਬੀ ਗੁਰਦੇਵ ਕੌਰ ਗਿੱਲ, ਸਾਬਕਾ ਵਿਧਾਇਕ ਜੋ ਸਨ ਉਹ ਮੋਗਾ ਹਲਕੇ ਤੋਂ ਅਸੈਂਬਲੀ ਦੇ ਮੈਂਬਰ ਬਣੇ। ਉਨ੍ਹਾਂ ਨੇ ਵੀ ਆਪਣੀ ਜ਼ਿੰਦਗੀ ਦੇ ਵਿੱਚ ਬਹੁਤ ਵੱਡੀ ਸਮਾਜ ਸੇਵਾ ਕੀਤੀ ਅਤੇ ਉਹ ਕਈ ਕਾਰਪੋਰੇਸ਼ਨਾਂ ਦੇ ਚੇਅਰਮੈਨ ਵੀ ਰਹੇ। ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬ ਨੂੰ ਇਕ ਬਹੁਤ ਵੱਡੇ ਸਮਾਜ ਸੇਵੀ ਦਾ ਘਾਟਾ ਪਿਆ ਹੈ। ਮੈਂ ਉਨ੍ਹਾਂ ਨੂੰ ਵੀ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ ਹੀ ਸਰਦਾਰ ਸਾਧੂ ਸਿੰਘ ਘੁਡਾਣੀ ਵੀ ਅਕਾਲ ਚਲਾਣਾ ਕਰ ਗਏ ਹਨ। ਇਹ ਇਕ ਬਹੁਤ ਹੀ ਵੱਡੀ ਧਾਰਮਿਕ ਸਖਸ਼ੀਅਤ ਸਨ। ਉਹ ਪਿਛਲੀ ਟਰਮ ਵਿੱਚ ਪੰਜ ਸਾਲ ਐਮ.ਐਲ.ਏ. ਰਹੇ। ਉਨ੍ਹਾਂ ਦੀ ਜਿਹੜੀ ਜ਼ਿੰਦਗੀ ਸੀ ਉਹ ਬੜੀ ਸਾਫ ਸੁਥਰੀ ਅਤੇ ਸਾਦਾ ਸੀ। ਉਨ੍ਹਾਂ ਦੇ ਚਲੇ ਜਾਣ ਨਾਲ ਆਪਾਂ ਇਕ ਬਹੁਤ ਹੀ ਨੇਕ ਅਤੇ ਈਮਾਨਦਾਰ ਸਮਾਜ ਸੇਵਕ ਤੋਂ ਵਾਂਝੇ ਹੋ ਗਏ ਹਾਂ ਔਰ ਉਨ੍ਹਾਂ ਨੂੰ ਵੀ ਮੈਂ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਸਰਦਾਰ ਗਿਰਧਾਰਾ ਸਿੰਘ, ਐਮ.ਐਲ.ਏ. ਵੀ ਸਾਨੂੰ ਸਦੀਵੀ ਜੁਦਾਈ ਦੇ ਗਏ ਹਨ। ਉਹ ਤਿੰਨ ਵਾਰ ਅਸੈਂਬਲੀ ਦੇ ਮੈਂਬਰ ਬਣੇ ਅਤੇ ਉਹ ਇਕ ਬਹੁਤ ਵੱਡੇ ਟਰਾਂਸਪੋਰਟਰ ਵੀ ਸਨ ਅਤੇ ਉਨ੍ਹਾਂ ਦੇ ਚਲੇ ਜਾਣ ਨਾਲ ਵੀ ਪੰਜਾਬ ਦੇ ਲੋਕਾਂ ਨੂੰ ਇਕ ਬਹੁਤ ਵੱਡਾ ਸਦਮਾ ਪਹੁੰਚਿਆ ਹੈ। ਜਿੰਨਾਂ ਚਿਰ ਉਹ ਸਿਆਸਤ ਵਿੱਚ ਰਹੇ, ਉਨ੍ਹਾਂ ਦੀ ਜਿਹੜੀ ਸਿਆਸਤ ਸੀ, ਉਹ ਬੜੀ ਸਾਫ ਸੁਥਰੀ ਸੀ ਅਤੇ ਉਨ੍ਹਾਂ ਤੇ ਕਿਸੇ ਕਿਸਮ ਦਾ ਕੋਈ ਧੱਬਾ ਨਹੀਂ ਲਗਾ ਸਕਦਾ ਸੀ। ਸਾਨੂੰ ਇਸ ਗੱਲ ਤੋਂ ਢਾਰਸ ਮਿਲਦੀ ਹੈ ਕਿ ਉਨ੍ਹਾਂ ਦੇ ਸਪੂਤ ਵੀ ਆਪਣੇ ਇਸ ਹਾਊਸ ਦੇ ਮੈਂਬਰ ਹਨ। ਮੈਂ ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਰਦਾਰ ਬੱਗਾ ਸਿੰਘ ਕੋਟੀਆ, ਸੁਤੰਤਰਤਾ ਸੰਗਰਾਮੀ ਵੀ ਸਾਡੇ ਕੋਲੋਂ ਜੁਦਾ ਹੋ ਗਏ ਹਨ। ਉਨ੍ਹਾਂ ਨੇ ਅਜ਼ਾਦੀ ਦੀ ਮੂਵਮੈਂਟ ਵਿੱਚ ਹਿੱਸਾ ਲਿਆ। ਉਨ੍ਹਾਂ ਨੇ 1941 ਵਿਚ ਲਾਹੌਰ ਵਿਚ ਜੇਲ੍ਹ ਕੱਟੀ। ਉਨ੍ਹਾਂ ਦੇ ਚਲੇ ਜਾਣ ਨਾਲ ਅਸੀਂ ਬਹੁਤ ਵੱਡੇ ਫਰੀਡਮ ਫਾਈਟਰ ਤੋਂ ਵਾਂਝੇ ਹੋ ਗਏ ਹਾਂ। ਉਨ੍ਹਾਂ ਦੇ ਜਾਣ ਨਾਲ ਸਾਡਾ ਬੜਾ ਵੱਡਾ ਨੁਕਸਾਨ ਹੋਇਆ ਹੈ।

ਮਹਾਸ਼ਾ ਲਕਸ਼ਮੀ ਨਰਾਇਣ, ਫਰੀਡਮ ਫਾਈਟਰ ਨੇ ਵੀ ਭਾਰਤ ਦੇ ਜੰਗੇ ਅਜ਼ਾਦੀ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ ਅਤੇ ਕਈ ਸਾਲ ਉਹ ਜੇਲ੍ਹ ਵਿਚ ਰਹੇ। ਉਨ੍ਹਾਂ ਦਾ ਸਾਰਾ ਪਰਿਵਾਰ ਹੀ ਕੁਰਬਾਨੀ ਵਾਲਾ ਪਰਿਵਾਰ ਸੀ। ਉਨ੍ਹਾਂ ਦੇ ਜਾਣ ਨਾਲ ਅਸੀਂ ਇਕ ਬਹੁਤ ਵੱਡੇ ਫਰੀਡਮ ਫਾਈਟਰ ਤੋਂ ਵਾਂਝੇ ਹੋ ਗਏ ਹਾਂ। ਮੈਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਸਰਦਾਰ ਰਣਜੀਤ ਸਿੰਘ ਗਿੱਲ ਵੀ ਇਕ ਬਹੁਤ ਵੱਡੇ ਸੁਤੰਤਰਤਾ ਸੰਗਰਾਮੀ ਸਨ। ਉਨ੍ਹਾਂ ਨੇ ਵੀ ਜੰਗੇ-ਅਜ਼ਾਦੀ ਵਿਚ ਬੜਾ ਵੱਡਾ ਹਿੱਸਾ ਪਾਇਆ। ਉਨ੍ਹਾਂ ਨੇ ਜਪਾਨ ਵਿਚ ਜੇਲ੍ਹ ਕੱਟੀ। ਉਨ੍ਹਾਂ ਦੇ ਜਾਣ ਨਾਲ ਅਸੀਂ ਇਕ ਉਘੇ ਸੁਤੰਤਰਤਾ ਸੰਗਰਾਮੀ ਦੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ।

ਸਰਦਾਰ ਜੋਗਿੰਦਰ ਸਿੰਘ ਵੀ ਬਹੁਤ ਵੱਡੇ ਫਰੀਡਮ ਫਾਈਟਰ ਸਨ। ਉਹ ਫੌਜ ਵਿਚ ਭਰਤੀ ਹੋਏ ਅਤੇ ਫੌਜ ਵਿਚੋਂ ਆਉਣ ਤੋਂ ਬਾਅਦ ਉਨ੍ਹਾਂ ਨੇ ਜੇਲ੍ਹ ਵੀ ਕੱਟੀ। ਉਨ੍ਹਾਂ ਦਾ ਜੋ ਰੋਲ ਜੰਗੇ-ਅਜ਼ਾਦੀ ਵਿਚ ਸੀ, ਉਹ ਬੜਾ ਅਹਿਮ ਸੀ। ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਬੜਾ ਗਹਿਰਾ ਦੁਖ ਹੋਇਆ ਹੈ। ਅਸੀਂ ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ।

ਸਰਦਾਰ ਦਲਬਾਰਾ ਸਿੰਘ ਸੋਢੀਵਾਲ ਵੀ ਬੜੇ ਵੱਡੇ ਫਰੀਡਮ ਫਾਈਟਰ ਸਨ। ਉਨ੍ਹਾਂ ਨੇ ਵੀ ਜੇਲ੍ਹ ਕੱਟੀ ਅਤੇ ਫੌਜ ਵਿਚ ਵੀ ਰਹੇ। ਉਨ੍ਹਾਂ ਨੇ ਜੇਲ੍ਹ ਵਿਚ ਵੀ ਡਿਊਟੀ ਦਿੰਦੇ ਹੋਏ ਆਪਣਾ ਫਰਜ਼ ਨਿਭਾਇਆ। ਉਨ੍ਹਾਂ ਦੇ ਚਲੇ ਜਾਣ ਨਾਲ ਵੀ ਸਾਨੂੰ ਬੜਾ ਵੱਡਾ ਘਾਟਾ ਪਿਆ ਹੈ। ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਇਸ ਹੋਏ ਘਾਟੇ ਤੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਡਾਕਟਰ ਹਰਭਜਨ ਸਿੰਘ ਇਕ ਉਘੇ ਕਵੀ ਅਤੇ ਲਿਖਾਰੀ ਸਨ। ਉਹ ਪੰਜਾਬੀ ਦੇ ਵੱਡੇ ਅਲੋਚਕ ਵੀ ਸਨ। ਉਨ੍ਹਾਂ ਨੇ ਪੰਜਾਬੀ ਅਤੇ ਹਿੰਦੀ ਵਿਚ ਤਕਰੀਬਨ ਦੋ ਦਰਜਨ ਪੁਸਤਕਾਂ, ਕਿਤਾਬਾਂ ਲਿਖੀਆਂ। ਉਨ੍ਹਾਂ ਨੂੰ ਮੱਧ ਪ੍ਰਦੇਸ਼ ਸਰਕਾਰ ਨੇ 'ਕਬੀਰ' ਸਨਮਾਨ ਦਿੱਤਾ। ਬਿਰਲਾ ਫਾਊਂਡੇਸ਼ਨ ਨੇ ਵੀ ਸਨਮਾਨ ਕੀਤਾ। ਪੰਜਾਬ ਸਰਕਾਰ ਨੇ ਸ਼੍ਰੋਮਣੀ ਸਾਹਿਤਕਾਰ ਦੇ ਸਨਮਾਨ ਨਾਲ ਨਿਵਾਜਿਆ। ਉਨ੍ਹਾਂ ਦੇ ਚਲੇ ਜਾਣ ਨਾਲ ਅਸੀਂ ਇਕ ਉਘੇ ਕਵੀ ਅਤੇ ਲਿਖਾਰੀ ਦੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ।

ਸ਼੍ਰੀ ਦਵਿੰਦਰ ਸਤਿਆਰਥੀ ਵੀ ਉਘੇ ਸਾਹਿਤਕਾਰ ਸਨ। ਉਨ੍ਹਾਂ ਦਾ ਜਨਮ ਸੰਗਰੂਰ ਜ਼ਿਲ੍ਹੇ ਦੇ ਭਦੌੜ ਸ਼ਹਿਰ ਵਿਚ ਹੋਇਆ। ਉਨ੍ਹਾਂ ਨੇ ਲੋਕ ਗੀਤਾਂ ਅਤੇ ਫੋਕ-ਲੋਰ ਉਤੇ ਬਹੁਤ ਸਾਰਾ ਕੰਮ ਕੀਤਾ। ਉਨ੍ਹਾਂ ਨੇ ਇਕ ਕਰਮਯੋਗੀ ਦੀ ਤਰ੍ਹਾਂ ਸਾਰੀ ਉਮਰ ਸਾਹਿਤ ਦੀ ਸੇਵਾ ਕੀਤੀ। ਉਨ੍ਹਾਂ ਦੇ ਜਾਣ ਨਾਲ ਬਹੁਤ ਵੱਡਾ ਘਾਟਾ ਪਿਆ ਹੈ। ਮੈਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਹ ਸਾਰੇ ਹਿੰਦੁਸਤਾਨ ਵਾਸਤੇ ਬੜੀ ਵੱਡੀ ਟਰੈਜਡੀ ਕਹਿ ਸਕਦਾ ਹਾਂ ਜਿਹੜੀ ਕਿ ਸ਼੍ਰੀਮਤੀ ਕਲਪਨਾ ਚਾਵਲਾ ਦੇ ਜਾਣ ਨਾਲ ਹੋਈ ਹੈ। ਇਹ ਸਾਰੇ ਪੰਜਾਬ ਵਾਸਤੇ ਨਹੀਂ, ਹਿੰਦੁਸਤਾਨ ਵਾਸਤੇ ਨਹੀਂ ਬਲਕਿ ਸਾਰੇ ਸੰਸਾਰ ਵਾਸਤੇ ਇਕ ਅਸਹਿ ਤੇ ਅਕਹਿ ਘਟਨਾ ਹੈ। ਸਾਡੇ ਵਾਸਤੇ ਇਹ ਫਖਰ ਵਾਲੀ ਗੱਲ ਵੀ ਹੈ ਕਿ ਉਹ ਹਿੰਦੁਸਤਾਨ ਦੀ ਲੜਕੀ ਇਕ ਵਾਰੀ ਪੁਲਾੜ ਯਾਤਰਾ ਵਿਚ ਕਾਮਯਾਬ ਹੋ ਕੇ ਆਈ। ਪਰ ਜਦੋਂ ਦੂਸਰੀ ਵਾਰ ਪੁਲਾੜ ਵਿਚ ਗਈ ਤਾਂ ਉਸਦਾ ਜਾਨੀ ਨੁਕਸਾਨ ਹੋਇਆ। ਇਸ ਘਟਨਾ ਦਾ ਅਫਸੋਸ ਪੂਰੇ ਹਿੰਦੁਸਤਾਨ ਦੇ ਬੱਚੇ ਬੱਚੇ ਨੇ ਕੀਤਾ। ਕਿਉਂਕਿ ਇਹੋ ਜਿਹੀਆਂ ਸ਼ਖਸੀਅਤਾਂ ਬੜਾ ਵੱਡਾ ਯੋਗਦਾਨ ਪਾਉਂਦੀਆਂ ਹਨ ਅਤੇ ਇਹ ਕਿਸਮਤ ਵਾਲਿਆਂ ਦੇ ਘਰ ਪੈਦਾ ਹੁੰਦੀਆਂ ਹਨ। ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਬੜਾ ਹੀ ਘਾਟਾ ਪਿਆ ਹੈ। ਹਿੰਦੁਸਤਾਨ ਦੀ ਲੜਕੀ ਹੋਣ ਦੇ ਨਾਤੇ ਜੋ ਉਸ ਨੇ ਰੋਲ ਅਦਾ ਕੀਤਾ ਉਹ ਨਾ ਭੁੱਲਣਯੋਗ ਹੈ। ਮੈਂ ਉਸ ਨੂੰ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

Original with;
Punjab Vidhan Sabha
Digitized by;

**ਸ਼੍ਰੀ ਅਵਿਨਾਸ਼ ਰਾਏ ਖੰਨਾ (ਗੜ੍ਹਸ਼ੰਕਰ)** : ਮਾਨਯੋਗ ਸਪੀਕਰ ਸਾਹਿਬ, ਪਿਛਲੇ ਸੈਸ਼ਨ ਤੋਂ ਲੈ ਕੇ ਅੱਜ ਤੱਕ 14 ਐਸੀਆਂ ਸਖਸ਼ੀਅਤਾਂ ਹਨ ਜੋ ਸਾਡੇ ਵਿਚੋਂ ਚਲੀਆਂ ਗਈਆਂ ਹਨ, ਜਿਨ੍ਹਾਂ ਦਾ ਸਬੰਧ ਕਾਨੂੰਨ ਨਾਲ, ਪਾਲੀਟਿਕਸ ਨਾਲ, ਸਾਹਿਤ ਨਾਲ ਜਾਂ ਸਪੇਸ ਦੇ ਵਿਚ ਉਡਾਨ ਨਾਲ ਸੀ।

ਡਾਕਟਰ ਡੀ. ਵੀ. ਸਹਿਗਲ ਨੂੰ ਮੈਂ ਜਾਤੀ ਤੌਰ ਤੇ ਜਾਣਦਾ ਹਾਂ। ਜਦੋਂ ਉਹ ਵਕੀਲ ਰਹੇ ਤਾਂ ਬੜੇ ਉਚ-ਕੋਟੀ ਦੇ ਵਕੀਲ ਸਨ। ਉਸ ਤੋਂ ਉਪਰੰਤ ਹਾਈ ਕੋਰਟ ਵਿੱਚ ਬੜੇ ਇਮਾਨਦਾਰ ਜੱਜ ਦੇ ਤੌਰ ਤੇ ਉਨ੍ਹਾਂ ਨੇ ਕੰਮ ਕੀਤਾ। ਉਹ ਚੰਡੀਗੜ੍ਹ ਤੋਂ ਐਮ.ਪੀ. ਲਈ ਇਲੈਕਸ਼ਨ ਵੀ ਲੜੇ ਬੇਸ਼ੱਕ ਉਹ ਹਾਰ ਗਏ। ਉਹ ਪਾਲੇਟਿਕਸ ਨਾਲ ਵੀ ਜੁੜੇ ਰਹੇ। ਉਨ੍ਹਾਂ ਨੇ ਬਤੌਰ ਲੋਕਪਾਲ ਬੜੀ ਸੇਵਾ ਕੀਤੀ। ਮੈਨੂੰ ਯਾਦ ਹੈ ਕਿ ਗੜ੍ਹਸ਼ੰਕਰ ਵਿਖੇ ਸੇਵਾ ਭਾਰਤੀ ਫੰਕਸ਼ਨ ਸਮੇਂ ਜਦੋਂ ਉਹ ਬਤੌਰ ਮੁੱਖ ਮਹਿਮਾਨ ਆਏ ਸਨ ਤਾਂ ਉਨ੍ਹਾਂ ਨੇ ਮੈਨੂੰ "ਸੇਵਾ ਰਤਨ" ਨਾਲ ਸਨਮਾਨਿਤ ਕੀਤਾ ਸੀ। ਮੈਂ ਉਨ੍ਹਾਂ ਨੂੰ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਰਦਾਰ ਹਰਨੇਕ ਸਿੰਘ ਮਾਂਗੇਵਾਲ, ਜਿਨ੍ਹਾਂ ਦਾ ਦਿਹਾਂਤ ਪਿਛਲੇ ਦਿਨੀਂ ਹੋਇਆ, ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਬਤੌਰ ਮੰਤਰੀ, ਬਤੌਰ ਐਮ.ਐਲ.ਏ. ਅਤੇ ਬਤੌਰ ਚੇਅਰਮੈਨ ਸੇਵਾ ਕੀਤੀ। ਉਨ੍ਹਾਂ ਦੇ ਵਿੱਛੜ ਜਾਣ ਨਾਲ ਪੰਜਾਬ ਦੇ ਲੋਕਾਂ ਨੂੰ ਅਤੇ ਪੰਜਾਬ ਦੀ ਪਾਲਿਟਿਕਸ ਨੂੰ ਬਹੁਤ ਘਾਟਾ ਪਿਆ ਹੈ। ਮੈਂ ਉਨ੍ਹਾਂ ਨੂੰ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਰਦਾਰ ਗਿਰਧਾਰਾ ਸਿੰਘ ਜੀ ਨੇ ਬਤੌਰ ਐਮ.ਐਲ.ਏ., ਹੁਸ਼ਿਆਰਪੁਰ ਅਤੇ ਫਿਰੋਜ਼ਪੁਰ ਦੇ ਲੋਕਾਂ ਦੀ ਬਹੁਤ ਸੇਵਾ ਕੀਤੀ। ਮੈਨੂੰ ਯਾਦ ਹੈ ਕਿ ਜਦੋਂ ਉਨ੍ਹਾਂ ਦੀ ਅੰਤਿਮ ਅਰਦਾਸ ਸੀ ਤਾਂ ਮੈਂ ਉਥੇ ਗਿਆ ਸੀ। ਮੈਂ ਵੇਖਿਆ ਕਿ ਲੋਕ ਉਨ੍ਹਾਂ ਨੂੰ ਬਾਬਾ ਜੀ ਕਹਿ ਕੇ ਯਾਦ ਕਰ ਰਹੇ ਸਨ। ਭਾਵੇਂ ਕੋਈ ਛੋਟਾ ਸੀ ਜਾਂ ਵੱਡਾ ਸੀ, ਸਾਰੇ ਬਾਬਾ ਜੀ ਕਹਿ ਕੇ ਯਾਦ ਕਰ ਰਹੇ ਸਨ। ਇੰਨਾ ਪਿਆਰ ਲੋਕਾਂ ਵਿੱਚ ਸੀ। ਉਹ ਤਿੰਨ ਵਾਰ ਵਿਧਾਨ ਸਭਾ ਦੀ ਸ਼ੋਭਾ ਵਧਾਉਂਦੇ ਰਹੇ। ਉਹ ਹੁਸ਼ਿਆਰਪੁਰ ਤੋਂ ਐਮ.ਪੀ. ਲਈ ਇਲੈਕਸ਼ਨ ਵੀ ਲੜੇ। ਜਿੱਥੇ ਉਨ੍ਹਾਂ ਦੇ ਵਿਛੜ ਜਾਣ ਨਾਲ ਭਾਰਤੀ ਜਨਤਾ ਪਾਰਟੀ ਨੂੰ ਘਾਟਾ ਪਿਆ ਹੈ, ਉਥੇ ਹੀ ਫਿਰੋਜ਼ਪੁਰ ਅਤੇ ਹੁਸ਼ਿਆਰਪੁਰ ਦੇ ਲੋਕ ਵੀ ਕਮੀ ਮਹਿਸੂਸ ਕਰ ਰਹੇ ਹਨ। ਭਾਵੇਂ ਫਿਰੋਜ਼ਪੁਰ ਦੇ ਲੋਕਾਂ ਨੇ ਫਿਰ ਵੀ ਉਨ੍ਹਾਂ ਦੇ ਸਪੁੱਤਰ ਸਰਦਾਰ ਸੁਖਪਾਲ ਸਿੰਘ ਨੂੰ ਜਿਤਾ ਕੇ ਇਥੇ ਭੇਜਿਆ ਹੈ। ਫਿਰ ਵੀ ਮੈਂ ਉਨ੍ਹਾਂ ਨੂੰ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸ਼੍ਰੀਮਤੀ ਗੁਰਦੇਵ ਕੌਰ ਗਿੱਲ, ਸਾਬਕਾ ਐਮ.ਐਲ.ਏ., ਨੇ ਬਤੌਰ ਚੇਅਰਪਰਸਨ ਵੀ ਪੰਜਾਬ ਦੇ ਲੋਕਾਂ ਦੀ ਸੇਵਾ ਕੀਤੀ। ਉਨ੍ਹਾਂ ਦੇ ਵਿਛੜ ਜਾਣ ਨਾਲ ਵੀ ਬਹੁਤ ਘਾਟਾ ਪਿਆ ਹੈ। ਮੈਂ ਉਨ੍ਹਾਂ ਨੂੰ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਚੌਧਰੀ ਦਸੌਂਦੀ ਰਾਮ ਜੀ ਨੇ ਸਾਂਝੇ ਪੰਜਾਬ ਦੇ ਦੌਰਾਨ ਸੇਵਾ ਕੀਤੀ। ਉਹ ਨਾਲਾਗੜ੍ਹ ਤੋਂ ਚੁਣ ਕੇ ਆਏ ਅਤੇ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਸੇਵਾ ਕੀਤੀ। ਉਹ 107 ਸਾਲ ਦੀ ਉਮਰ ਵਿੱਚ ਦੁਨੀਆਂ ਵਿੱਚੋਂ ਗਏ। ਮੈਂ ਉਨ੍ਹਾਂ ਨੂੰ ਆਪਣੀ ਪਾਰਟੀ ਵਲੋਂ ਅਤੇ ਆਪਣੇ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਰਦਾਰ ਬੱਗਾ ਸਿੰਘ ਕੋਟੀਆ ਜੀ, ਬੜੇ ਉਘੇ ਸੁਤੰਤਰਤਾ ਸੰਗਰਾਮੀ ਸਨ। ਅਸੀਂ ਜੋ ਅੱਜ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਇਹ ਸਭ ਫਰੀਡਮ ਫਾਈਟਰਜ਼ ਦੀ ਦੇਣ ਹੈ। ਮੈਂ ਉਨ੍ਹਾਂ ਦੇ ਵਿਛੜ ਜਾਣ ਤੇ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਅਵਿਨਾਸ਼ ਰਾਏ ਖੰਨਾ]

ਮਹਾਸ਼ਾ ਲਕਸ਼ਮੀ ਨਰਾਇਣ ਜੀ ਵੀ 82 ਸਾਲ ਦੀ ਉਮਰ ਵਿੱਚ ਸਾਡੇ ਤੋਂ ਵਿਛੜ ਗਏ ਹਨ, ਉਨ੍ਹਾਂ ਨੇ ਵੀ 5 ਸਾਲ ਆਪਣੀ ਜ਼ਿੰਦਗੀ ਦੇ ਆਜ਼ਾਦੀ ਦੀ ਜੰਗ ਦੌਰਾਨ ਜੇਲ੍ਹ ਵਿੱਚ ਕੱਟੇ। ਮੈਂ ਆਪਣੀ ਪਾਰਟੀ ਵੱਲੋਂ ਅਤੇ ਆਪਣੇ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਰਦਾਰ ਰਣਜੀਤ ਸਿੰਘ ਗਿੱਲ ਨੇ ਵੀ ਦੇਸ਼ ਦੀ ਆਜ਼ਾਦੀ ਲਈ ਸੇਵਾ ਕੀਤੀ ਅਤੇ ਕਈ ਵੇਰ ਦੇਸ਼ ਦੀ ਆਜ਼ਾਦੀ ਲਈ ਕੈਦ ਕੱਟੀ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਲੜਦੇ ਹੋਏ ਕਈ ਮਹੱਤਵਪੂਰਣ ਕੰਮ ਕੀਤੇ। ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਰਦਾਰ ਜੋਗਿੰਦਰ ਸਿੰਘ ਜੀ, ਸੁਤੰਤਰਤਾ ਸੰਗਰਾਮੀ ਅਜ਼ਾਦ ਹਿੰਦ ਫੌਜ ਦੇ ਸਿਪਾਹੀ ਸਨ ਜਿਨ੍ਹਾਂ ਨੇ ਦੇਸ਼ ਦੀ ਲੜਾਈ ਲੜਦੇ ਹੋਏ ਦੇਸ਼ ਨੂੰ ਸੁਤੰਤਰ ਕਰਵਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਅਸੀਂ ਉਨ੍ਹਾਂ ਦੇ ਚਲੇ ਜਾਣ ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ।

ਸਰਦਾਰ ਦਲਬਾਰਾ ਸਿੰਘ ਸੋਢੀਵਾਲ, ਸੁਤੰਤਰਤਾ ਸੰਗਰਾਮੀ ਵੀ ਅਜ਼ਾਦ ਹਿੰਦ ਫੌਜ ਦੇ ਸਿਪਾਹੀ ਸਨ ਅਤੇ ਉਨ੍ਹਾਂ ਨੇ ਵੀ ਦੇਸ਼ ਦੀ ਸੇਵਾ ਵਿੱਚ ਵੱਡਾ ਯੋਗਦਾਨ ਪਾਇਆ। ਉਨ੍ਹਾਂ ਦੀਆਂ ਸੇਵਾਵਾਂ ਨੂੰ ਵੀ ਦੇਸ਼ ਭੁਲਾ ਨਹੀਂ ਸਕਦਾ। ਉਨ੍ਹਾਂ ਦੇ ਚਲੇ ਜਾਣ ਤੇ ਮੈਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਾ ਹੋਇਆ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਰਦਾਰ ਹਰਭਜਨ ਸਿੰਘ, ਉਘੇ ਕਵੀ, ਸਾਹਿਤਕਾਰ ਤੇ ਆਲੋਚਕ ਸਨ। ਉਨ੍ਹਾਂ ਨੇ ਲਗਭਗ ਦੋ ਦਰਜਨ ਤੋਂ ਉਤੇ ਪੁਸਤਕਾਂ ਲਿਖੀਆਂ। ਉਹ ਅਲੱਗ-ਅਲੱਗ ਸੰਸਥਾਵਾਂ ਦੁਆਰਾ ਸਨਮਾਨਿਤ ਵੀ ਕੀਤੇ ਗਏ। ਅੱਜ ਉਨ੍ਹਾਂ ਦਾ ਸਾਡੇ ਵਿੱਚ ਨਾ ਹੋਣ ਕਰਕੇ ਜਿੱਥੇ ਕਵੀ ਜਗਤ, ਸਾਹਿਤਕਾਰ ਜਗਤ ਨੂੰ ਘਾਟਾ ਪਿਆ ਹੈ ਉਥੇ ਪੰਜਾਬ ਵੀ ਚੰਗੇ ਸਾਹਿਤਕਾਰ ਤੋਂ ਵਾਂਝਾ ਹੋ ਗਿਆ ਹੈ। ਮੈਂ ਉਨ੍ਹਾਂ ਨੂੰ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸ਼੍ਰੀ ਦਵਿੰਦਰ ਸਤਿਆਰਥੀ ਵੀ ਉਘੇ ਸਾਹਿਤਕਾਰ ਸਨ। ਉਹ ਸੰਗਰੂਰ ਜ਼ਿਲ੍ਹੇ ਵਿੱਚ ਪੈਦਾ ਹੋਏ। ਉਨ੍ਹਾਂ ਨੇ ਵੀ ਸਾਹਿਤ ਦੀ ਦੁਨੀਆਂ ਵਿੱਚ ਚੰਗਾ ਯੋਗਦਾਨ ਪਾਇਆ। ਅੱਜ ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਬਹੁਤ ਵੱਡਾ ਘਾਟਾ ਪਿਆ ਹੈ। ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਜਿਵੇਂ ਅੱਜ ਸਦਨ ਚੰਗੀ ਤਰ੍ਹਾਂ ਜਾਣਦਾ ਹੈ, 42 ਸਾਲ ਦੀ ਉਮਰ ਵਿੱਚ ਕਲਪਨਾ ਚਾਵਲਾ ਸਾਡੇ ਤੋਂ ਵਿਛੜ ਗਈ। ਸ਼ਾਇਦ ਉਹ ਤਿੰਨ ਕੱਕਿਆਂ ਦਾ ਮੇਲ ਸੀ : ਕ — ਕਲਪਨਾ, ਕ — ਕਰਨਾਲ ਅਤੇ ਕ — ਕੋਲੰਬੀਆ। ਫਾਇਨਾਂਸ਼ੀਅਲ ਕਰਾਈਸਿਜ਼ ਹੋਣ ਕਾਰਨ ਸ਼ਟਲ ਪੂਰੀ ਤਰ੍ਹਾਂ ਰਿਪੇਅਰ ਨਹੀਂ ਹੋ ਸਕੀ ਔਰ ਸੱਤ ਬੰਦਿਆਂ ਦੀ ਜਾਨ ਚਲੀ ਗਈ। ਜਿੱਥੇ ਦੇਸ਼ ਕਲਪਨਾ ਚਾਵਲਾ ਤੋਂ ਵਾਂਝਾ ਹੋ ਗਿਆ ਹੈ ਉਥੇ ਵਿਸ਼ਵ ਵੀ ਉਨ੍ਹਾਂ ਸੱਤ ਖੋਜੀਆਂ ਅਤੇ ਉਹ ਜਿਹੜੀਆਂ ਖੋਜਾਂ ਕਰਕੇ ਲਿਆ ਰਹੇ ਸੀ, ਉਨ੍ਹਾਂ ਤੋਂ ਵਾਂਝਾ ਹੋ ਗਿਆ ਹੈ। ਕਲਪਨਾ ਚਾਵਲਾ ਨੇ ਕਰਨਾਲ ਦੇ ਟੈਗੋਰ ਸਕੂਲ ਵਿੱਚ ਸਿੱਖਿਆ ਪ੍ਰਾਪਤ ਕੀਤੀ। ਪ੍ਰੀ-ਇੰਜੀਨੀਅਰਿੰਗ ਉਸ ਨੇ ਦਿਆਲ ਸਿੰਘ ਕਾਲਜ, ਕਰਨਾਲ ਤੋਂ ਕੀਤੀ। ਇੰਜੀਨੀਅਰਿੰਗ ਉਸ ਨੇ ਚੰਡੀਗੜ੍ਹ ਤੋਂ ਕੀਤੀ। ਉਸ ਤੋਂ ਬਾਅਦ ਉਹ ਪਹਿਲੀ ਵਾਰ ਸਪੇਸ ਵਿੱਚ ਗਈ। ਦੂਸਰੀ ਵਾਰ ਫਿਰ ਜਦੋਂ ਉਹ ਸਪੇਸ ਵਿੱਚ ਗਈ ਤਾਂ ਪਰਮਾਤਮਾ ਨੇ ਉਸ ਨੂੰ ਸਾਡੇ ਤੋਂ ਖੋਹ ਲਿਆ ਲੇਕਿਨ 42 ਸਾਲ ਦੀ ਉਮਰ ਵਿੱਚ ਜੋ ਕੰਮ ਕੀਤੇ, ਉਸ ਨਾਲ ਸਾਰਾ ਦੇਸ਼ ਉਸ ਨੂੰ ਨਤਮਸਤਕ ਕਰਦਾ ਹੈ। ਮੈਂ ਆਪਣੀ ਪਾਰਟੀ ਵੱਲੋਂ ਉਸ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਧੰਨਵਾਦ।

Original with;-
Punjab Vidhan Sabha
Digitized by;

**ਸਰਦਾਰ ਸੁੱਚਾ ਸਿੰਘ ਛੋਟੇਪੁਰ (ਧਾਰੀਵਾਲ)** : ਸਪੀਕਰ ਸਾਹਿਬ, ਪਿਛਲੇ ਥੋੜ੍ਹੇ ਜਿਹੇ ਸਮੇਂ ਵਿੱਚ ਸਾਡੇ ਕੋਲੋਂ ਬਹੁਤ ਮਹਾਨ ਸ਼ਖਸੀਅਤਾਂ ਜਿਨ੍ਹਾਂ ਨੇ ਵੱਖ-ਵੱਖ ਖੇਤਰਾਂ ਵਿੱਚ ਕੰਮ ਕੀਤੇ ਹਨ, ਸਦੀਵੀ ਵਿਛੋੜਾ ਦੇ ਗਈਆਂ ਹਨ।

ਜਸਟਿਸ ਸਹਿਗਲ ਜੀ, ਜਿਨ੍ਹਾਂ ਨੂੰ ਸਮਾਜ ਦੇ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਮੌਕਾ ਮਿਲਿਆ, ਇਨਸਾਫ ਦੇਣ ਲਈ ਮੌਕਾ ਮਿਲਿਆ ਔਰ ਰਾਜਸੀ ਜੀਵਨ ਵਿੱਚ ਵੀ ਉਨ੍ਹਾਂ ਨੇ ਹਿੱਸਾ ਲਿਆ ਹੈ। ਉਨ੍ਹਾਂ ਨੂੰ ਲੋਕਪਾਲ ਦੀ ਸਭ ਤੋਂ ਮਹਾਨ ਪਦਵੀ ਤੇ ਵੀ ਸਮਾਜ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ, ਉਨ੍ਹਾਂ ਦੇ ਚਲੇ ਜਾਣ ਦਾ ਸਾਨੂੰ ਸਭ ਨੂੰ ਦੁੱਖ ਹੈ। ਜਦੋਂ ਇੱਕ ਨੇਕ ਇਨਸਾਨ, ਤਜਰਬੇਕਾਰ ਬੰਦਾ ਸਮਾਜ ਵਿੱਚੋਂ ਜਾਂਦਾ ਹੈ ਤਾਂ ਉਸ ਦਾ ਦੁੱਖ ਸਭ ਨੂੰ ਹੁੰਦਾ ਹੈ। ਅਸੀਂ ਦਿਲ ਦੀਆਂ ਗਹਿਰਾਈਆਂ ਤੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ।

ਸਰਦਾਰ ਹਰਨੇਕ ਸਿੰਘ ਜੀ ਮਾਂਗੇਵਾਲ, ਜਿਨ੍ਹਾਂ ਨੂੰ ਸਭ ਤੋਂ ਪਹਿਲਾਂ ਮੈਨੂੰ ਸੰਤ ਲੌਂਗੋਵਾਲ ਜੀ ਨਾਲ ਮਿਲਣ ਦਾ ਮੌਕਾ ਮਿਲਿਆ। ਬੜੇ ਸਾਦੇ ਸੁਭਾਅ ਦੇ, ਵਿਸ਼ਵਾਸ ਦੇ ਕਾਬਲ ਔਰ ਲੋਕਾਂ ਵਿੱਚ ਬਹੁਤ ਹੀ ਹਰਮਨ ਪਿਆਰੇ ਇਨਸਾਨ ਸਨ। ਉਹ ਕਈ ਸੰਸਥਾਵਾਂ ਦੀ ਕਿਰਨ ਰਹੇ ਔਰ ਇਸ ਪਵਿੱਤਰ ਸਦਨ ਦੇ ਮੈਂਬਰ ਵੀ ਰਹੇ। ਉਨ੍ਹਾਂ ਨੇ ਆਪਣੇ ਇਲਾਕੇ ਦੀ ਕਾਫ਼ੀ ਸੇਵਾ ਕੀਤੀ। ਉਹ ਬੜੇ ਚੰਗੇ ਇਨਸਾਨ ਸਨ। ਉਨ੍ਹਾਂ ਦੇ ਜਾਣ ਦਾ ਸਾਨੂੰ ਬਹੁਤ ਦੁੱਖ ਹੈ।

ਸਰਦਾਰ ਗਿਰਧਾਰਾ ਸਿੰਘ ਜੀ ਜਿਹੜੇ ਪੰਜਾਬ ਦੀ ਸਮੁੱਚੀ ਸਿਆਸਤ ਨੂੰ ਪ੍ਰਭਾਵਿਤ ਕਰਦੇ ਸਨ ਔਰ ਜਿਨ੍ਹਾਂ ਦਾ ਹੁਸ਼ਿਆਰਪੁਰ ਅਤੇ ਫਿਰੋਜ਼ਪੁਰ ਵਿੱਚ ਆਪਣਾ ਬੜਾ ਵੱਡਾ ਆਧਾਰ ਸੀ, ਉਨ੍ਹਾਂ ਦਾ ਬੜਾ ਲੰਬਾ ਤਜਰਬਾ ਸੀ। ਬਹੁਤ ਘੱਟ ਲੋਕ ਅੱਜ ਸਰਦਾਰ ਗਿਰਧਾਰਾ ਸਿੰਘ ਦੇ ਪਾਏ ਦੇ ਹਨ, ਜਿਨ੍ਹਾਂ ਨੇ ਲੰਬਾ ਸਮਾਂ ਲੋਕਾਂ ਦੀ ਸੇਵਾ ਕਰਦਿਆਂ ਆਪਣੀ ਚਾਦਰ ਚਿੱਟੀ ਰੱਖੀ, ਉਸ ਨੂੰ ਦਾਗ ਨਹੀਂ ਲੱਗਣ ਦਿੱਤਾ। ਐਸੇ ਨੇਕ ਬੰਦੇ ਦੇ ਜਾਣ ਦਾ ਸਾਨੂੰ ਸਭ ਨੂੰ ਬਹੁਤ ਦੁੱਖ ਹੈ।

ਸ਼੍ਰੀਮਤੀ ਗੁਰਦੇਵ ਕੌਰ ਗਿੱਲ, ਜਿਨ੍ਹਾਂ ਨੇ ਉਸ ਵੇਲੇ ਲੋਕ ਸੇਵਾ ਵਿੱਚ ਹਿੱਸਾ ਲਿਆ ਜਦੋਂ ਬੀਬੀਆਂ ਸਿਆਸਤ ਵਿੱਚ ਬਹੁਤ ਘੱਟ ਆਉਂਦੀਆਂ ਸਨ। ਉਸ ਸਮੇਂ ਬਹੁਤ ਘੱਟ ਪਰਿਵਾਰ ਸਨ, ਜਿਹੜੇ ਬੀਬੀਆਂ ਨੂੰ ਲੋਕ ਸੇਵਾ ਵਿੱਚ ਤੋਰਦੇ ਸਨ। ਉਨ੍ਹਾਂ ਬੀਬੀਆਂ ਵਿੱਚੋਂ ਇੱਕ ਇਹ ਬੀਬੀ ਸੀ, ਜਿਨ੍ਹਾਂ ਨੇ ਸਮਾਜ ਦੀ ਸੇਵਾ ਕੀਤੀ ਹੈ, ਉਨ੍ਹਾਂ ਦੇ ਜਾਣ ਦਾ ਸਾਨੂੰ ਬਹੁਤ ਦੁੱਖ ਹੈ।

ਸਰਦਾਰ ਸਾਧੂ ਸਿੰਘ ਘੁਡਾਣੀ ਜੀ ਕੁਝ ਦਿਨ ਪਹਿਲਾਂ ਹੀ ਇਸ ਸੰਸਾਰ ਨੂੰ ਸਦੀਵੀ ਵਿਛੋੜਾ ਦੇ ਕੇ ਗਏ ਹਨ। ਉਹ ਬੜੇ ਸਾਦੇ ਸੁਭਾਅ ਅਤੇ ਧਾਰਮਿਕ ਬਿਰਤੀ ਦੇ ਚੰਗੇ ਇਨਸਾਨ ਸਨ। ਉਨ੍ਹਾਂ ਦੇ ਜਾਣ ਦਾ ਸਾਨੂੰ ਸਭ ਨੂੰ ਬਹੁਤ ਦੁੱਖ ਹੈ।

ਚੌਧਰੀ ਦਸੌਂਦੀ ਰਾਮ ਜੀ, ਜਿਨ੍ਹਾਂ ਨੂੰ ਸਾਂਝੇ ਪੰਜਾਬ ਦੇ ਸਮੇਂ ਸੇਵਾ ਕਰਨ ਦਾ ਮੌਕਾ ਮਿਲਿਆ, ਉਹ ਬੜੇ ਤਜਰਬੇਕਾਰ ਇਨਸਾਨ ਸਨ। ਇਸ ਸਮੇਂ ਉਨ੍ਹਾਂ ਦੇ ਸਾਡੇ ਤੋਂ ਜੁਦਾ ਹੋਣ ਨਾਲ ਅਸੀਂ ਉਨ੍ਹਾਂ ਦੀ ਸੇਵਾ ਤੋਂ ਮਹਿਰੂਮ ਹੋਏ ਹਾਂ, ਇਸ ਦਾ ਬੜਾ ਦੁੱਖ ਹੈ।

ਸਰਦਾਰ ਬੱਗਾ ਸਿੰਘ ਜੀ ਕੋਟੀਆ ਸੁਤੰਤਰਤਾ ਸੰਗਰਾਮੀ ਸਨ, ਜਿਨ੍ਹਾਂ ਦੀ ਬਦੌਲਤ ਅੱਜ ਅਸੀਂ ਇਸ ਪਵਿੱਤਰ ਸਦਨ ਵਿੱਚ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ। ਉਨ੍ਹਾਂ ਨੇ ਬਹੁਤ ਦੁੱਖ ਤਕਲੀਫ਼ਾਂ ਝੱਲ ਕੇ ਇਸ ਮੁਲਕ ਨੂੰ ਆਜ਼ਾਦ ਕਰਵਾਇਆ ਹੈ। ਉਨ੍ਹਾਂ ਦੇ ਵਿਛੋੜੇ ਨਾਲ ਸਾਰੇ ਦੇਸ਼ ਵਾਸੀਆਂ ਨੂੰ ਬਹੁਤ ਵੱਡਾ ਘਾਟਾ ਪਿਆ ਹੈ।

Original with;
Punjab Vidhan Sabha
Digitized by;

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਮਹਾਸ਼ਾ ਲਕਸ਼ਮੀ ਨਰਾਇਣ ਜੀ ਨੇ ਅੰਗਰੇਜ਼ਾਂ ਦੇ ਸਮੇਂ ਵਿੱਚ ਜੇਲ੍ਹਾਂ ਕੱਟੀਆਂ, ਉਨ੍ਹਾਂ ਨੂੰ ਅਸੀਂ ਜਿੰਨਾ ਯਾਦ ਕਰੀਏ ਥੋੜ੍ਹਾ ਹੈ। ਉਨ੍ਹਾਂ ਦੇ ਜਾਣ ਦਾ ਵੀ ਬਹੁਤ ਦੁੱਖ ਹੈ।

ਸਰਦਾਰ ਰਣਜੀਤ ਸਿੰਘ ਜੀ ਗਿੱਲ, ਜਿਨ੍ਹਾਂ ਨੇ ਫੌਜ ਦੀ ਸਰਵਿਸ ਵੀ ਕੀਤੀ ਅਤੇ ਨਾਲ-ਨਾਲ ਮੁਲਕ ਪ੍ਰਤੀ ਆਪਣੇ ਫਰਜ਼ਾਂ ਦੀ ਪੂਰਤੀ ਕਰਦੇ ਹੋਏ ਕਈ ਵਾਰ ਜੇਲ੍ਹ ਵਿੱਚ ਗਏ। ਉਨ੍ਹਾਂ ਦੇ ਜਾਣ ਦਾ ਸਾਨੂੰ ਬਹੁਤ ਅਫ਼ਸੋਸ ਹੈ।

ਸਰਦਾਰ ਜੋਗਿੰਦਰ ਸਿੰਘ ਜੀ ਨੇ ਆਜ਼ਾਦ ਹਿੰਦ ਫੌਜ ਵਿੱਚ ਵੀ ਸੁਭਾਸ਼ ਚੰਦਰ ਬੋਸ ਜੀ ਦੀ ਅਗਵਾਈ ਵਿੱਚ ਦੇਸ਼ ਦੀ ਆਜ਼ਾਦੀ ਵਿੱਚ ਹਿੱਸਾ ਲਿਆ। ਉਹ ਕਈ ਵਾਰ ਜੇਲ੍ਹ ਵਿੱਚ ਗਏ। ਉਨ੍ਹਾਂ ਮਹਾਨ ਲੋਕਾਂ ਦੀ ਅਸੀਂ ਦੇਣ ਨਹੀਂ ਦੇ ਸਕਦੇ, ਜਿਨ੍ਹਾਂ ਨੇ ਇਸ ਹਿੰਦੁਸਤਾਨ ਨੂੰ ਸੰਵਾਰਨ ਵਾਸਤੇ, ਤਰੱਕੀ ਦੀਆਂ ਲੀਹਾਂ ਤੇ ਲਿਜਾਣ ਵਾਸਤੇ ਆਪਣਾ ਘਰ ਬਾਰ ਗੁਆ ਕੇ ਦੇਸ਼ ਨੂੰ ਆਜ਼ਾਦ ਕਰਵਾਇਆ। ਉਨ੍ਹਾਂ ਨੂੰ ਅਸੀਂ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ।

ਸਰਦਾਰ ਦਲਬਾਰਾ ਸਿੰਘ ਸੋਢੀਵਾਲ ਨੇ ਮੁਲਕ ਦੀ ਆਜ਼ਾਦੀ ਵਿੱਚ ਬਹੁਤ ਵੱਡਾ ਹਿੱਸਾ ਲਿਆ। ਉਨ੍ਹਾਂ ਦੇ ਜਾਣ ਦਾ ਸਾਨੂੰ ਸਭ ਨੂੰ ਦੁੱਖ ਹੈ।

ਡਾਕਟਰ ਹਰੀਭਜਨ ਸਿੰਘ ਜੀ ਉਘੇ ਕਵੀ ਅਤੇ ਸਾਹਿਤਕਾਰ ਸਨ। ਸਾਹਿਤਕਾਰ ਅਤੇ ਕਵੀ ਦਾ ਸਮਾਜ ਨੂੰ ਬਿਲਡ ਕਰਨ ਵਿੱਚ ਬਹੁਤ ਵੱਡਾ ਹਿੱਸਾ ਹੁੰਦਾ ਹੈ। ਉਨ੍ਹਾਂ ਦੀ ਨਿਵੇਕਲੀ ਥਾਂ ਸੀ। ਸੋ, ਐਸੇ ਇਨਸਾਨ ਦੇ ਜਾਣ ਦਾ ਸਾਨੂੰ ਸਭ ਨੂੰ ਦੁੱਖ ਹੈ। ਸਾਰੇ ਸਮਾਜ ਨੂੰ ਅਜਿਹੀਆਂ ਸ਼ਖਸੀਅਤਾਂ ਦੇ ਜਾਣ ਨਾਲ ਬਹੁਤ ਵੱਡਾ ਘਾਟਾ ਪੈਂਦਾ ਹੈ।

ਸ਼੍ਰੀ ਦਵਿੰਦਰ ਸਤਿਆਰਥੀ ਜੀ ਨੂੰ ਪੰਜਾਬ ਦਾ ਬੱਚਾ-ਬੱਚਾ ਜਾਣਦਾ ਹੈ। ਉਨ੍ਹਾਂ ਨੂੰ ਵੱਖ-ਵੱਖ ਸਰਕਾਰਾਂ ਨੇ ਸਨਮਾਨਿਤ ਕੀਤਾ ਹੈ। ਐਸੀਆਂ ਸ਼ਖਸੀਅਤਾਂ ਦੇ ਚਲੇ ਜਾਣ ਨਾਲ ਸਾਰੇ ਸਮਾਜ ਨੂੰ ਬਹੁਤ ਵੱਡਾ ਘਾਟਾ ਪੈਂਦਾ ਹੈ। ਮੈਂ ਦਿਲ ਦੀਆਂ ਗਹਿਰਾਈਆਂ ਤੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸ਼੍ਰੀਮਤੀ ਕਲਪਨਾ ਚਾਵਲਾ ਜਿਨ੍ਹਾਂ ਨੇ ਦੇਸ਼ ਦਾ ਮਾਣ ਰੱਖਿਆ ਹੈ, ਉਹ ਭਾਰਤ ਵਰਸ਼ ਦੀ ਮਹਾਨ ਸਪੁੱਤਰੀ ਸੀ ਔਰ ਉਹ ਹਿੰਦੁਸਤਾਨ ਦੀ ਪਹਿਲੀ ਮਹਿਲਾ ਸੀ ਜਿਹੜੀ ਕਿ ਪੁਲਾੜ ਦੇ ਵਿੱਚ ਗਈ। ਉਨ੍ਹਾਂ ਨੂੰ ਬਹੁਤ ਜ਼ਿਆਦਾ ਤਜਰਬਾ ਸੀ ਔਰ ਇਸ ਦਾ ਸਾਰੇ ਸੰਸਾਰ ਨੇ ਫਾਇਦਾ ਉਠਾਉਣਾ ਸੀ ਪਰ ਕੁਦਰਤ ਦਾ ਭਾਣਾ ਸੀ ਕਿ ਉਨ੍ਹਾਂ ਨੂੰ ਜਾਣਾ ਪਿਆ। ਉਸ ਦਿਨ ਹਿੰਦੁਸਤਾਨ ਹੀ ਨਹੀਂ ਬਲਕਿ ਸਾਰਾ ਸੰਸਾਰ ਸ਼ੋਕ ਦੇ ਵਿੱਚ ਡੁੱਬਾ ਪਿਆ ਸੀ। ਇਨ੍ਹਾਂ ਮਹਾਨ ਸ਼ਖਸੀਅਤਾਂ ਦੇ ਜਾਣ ਦਾ ਬਹੁਤ ਵੱਡਾ ਘਾਟਾ ਪਿਆ ਹੈ। ਮੈਂ ਸਾਰੀਆਂ ਸ਼ਖਸੀਅਤਾਂ ਨੂੰ ਆਪਣੇ ਆਜ਼ਾਦ ਗਰੁੱਪ ਦੇ ਸਾਥੀਆਂ ਵੱਲੋਂ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਔਰ ਸਾਰੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਦਾ ਇਜ਼ਹਾਰ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਮਾਨਯੋਗ ਸੀ.ਐਮ. ਸਾਹਿਬ ਵਲੋਂ ਰੱਖੇ ਹੋਏ ਸ਼ੋਕ ਪ੍ਰਸਤਾਵ ਤੇ ਸਦਨ ਦੇ ਸਾਰੇ ਮੈਂਬਰਾਂ ਨੇ, ਆਪੋਜ਼ੀਸ਼ਨ ਦੇ ਲੀਡਰ ਸਾਹਿਬਾਨ ਨੇ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਮੈਂ ਵੀ ਆਪਣੇ ਆਪ ਨੂੰ ਉਸ ਦੁੱਖ ਦੀ ਘੜੀ ਵਿਚ ਸ਼ਾਮਲ ਕਰਦਾ ਹਾਂ। ਸੱਚਮੁੱਚ ਹੀ ਇਸ ਵਾਰ ਇਉਂ ਲੱਗਦਾ ਹੈ ਤੇ ਜਿਸ ਤਰ੍ਹਾਂ ਪੰਜ ਸਾਬਕਾ ਐਮ.ਐਲ.ਏ., ਸਾਹਿਬਾਨ ਸਾਡੇ ਵਿਚੋਂ ਚਲੇ ਗਏ ਹਨ ਔਰ ਇਸੇ ਤਰ੍ਹਾਂ ਹੀ ਪੰਜ ਸੁਤੰਤਰਤਾ ਸੰਗਰਾਮੀ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਾਸਤੇ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ ਹੈ ਔਰ ਦੇਸ਼ ਦੀ ਆਜ਼ਾਦੀ ਲਿਆਂਦੀ, ਉਹ ਸਾਡੇ ਕੋਲੋਂ ਜੁਦਾ ਹੋ ਗਏ ਹਨ ਔਰ ਸੁਤੰਤਰਤਾ ਸੈਨਾਨੀਆਂ ਦੀ ਆਤਮਾ ਦੀ ਆਵਾਜ਼ ਸਬੰਧੀ ਜਿਵੇਂ-

"ਲਿਖੋ ਤਰੀਕ ਗੁਲਸ਼ਨ ਕੀ ਯਾਦ ਹਮੇਂ ਕਰ ਲੈਣਾ
ਕਭੀ ਹਮ ਨੇ ਵੀ ਲਗਾਇਆ ਥਾ ਆਸ਼ੀਆਂ।"

ਇਸੇ ਤਰ੍ਹਾਂ ਸਚਮੁੱਚ ਹੀ ਸ਼੍ਰੀਮਤੀ ਕਲਪਨਾ ਚਾਵਲਾ ਮਹਿਲਾ ਨੇ, ਜਿਹੜੀ ਕਿ ਹਰਿਆਣਾ ਸਟੇਟ ਵਿੱਚ ਪੈਦਾ ਹੋਈ ਸੀ ਔਰ ਉਸ ਦੇ ਬਾਰੇ ਸਾਡੇ ਸੀ.ਐਮ. ਸਾਹਿਬ ਨੇ ਉਸ ਨੂੰ "ਪੰਜਾਬ ਦੀ ਬੇਟੀ" ਕਿਹਾ ਹੈ। ਉਹ ਭਾਰਤ ਦੀ ਬੇਟੀ ਸੀ ਜਿਸ ਦੀ ਮੌਤ ਤੇ ਸਾਰੀ ਦੁਨੀਆਂ ਨੇ ਅਫਸੋਸ ਕੀਤਾ ਹੈ, ਗਹਿਰਾ ਅਫ਼ਸੋਸ ਕੀਤਾ ਹੈ ਔਰ ਉਸ ਮਹਿਲਾ ਨੇ ਮਹਿਲਾਵਾਂ ਦੀ ਸ਼ਾਨ ਨੂੰ ਵੀ ਵਧਾਇਆ ਹੈ। ਇੱਕ ਮਹਿਲਾ ਹੁੰਦੇ ਹੋਏ ਉਨ੍ਹਾਂ ਨੇ ਇੰਨੇ ਵੱਡੇ ਕੰਮ ਨੂੰ ਸਰਅੰਜਾਮ ਦਿੱਤਾ ਹੈ ਜਿਸ ਨੂੰ ਸਾਰੀ ਦੁਨੀਆਂ ਯਾਦ ਕਰਦੀ ਹੈ-

"ਮੌਤ ਉਸਕੀ ਜਿਸ ਕਾ ਜ਼ਮਾਨਾ ਕਰੇ ਅਫ਼ਸੋਸ
ਯੂੰ ਤੋਂ ਬਹੁਤ ਆਤੇ ਹੈ ਮਰਨੇ ਵਾਲੇ।"

ਸੋ, ਸਚਮੁੱਚ ਹੀ ਇਹ ਸ਼ੋਕ ਪ੍ਰਸਤਾਵ ਗਹਿਰੇ ਰੰਗ ਦੇ ਨਾਲ ਸਦਨ ਦੇ ਵਿੱਚ ਰੱਖਿਆ ਗਿਆ ਹੈ ਔਰ ਇਸ ਦੇ ਉਤੇ ਸਾਰਿਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਅਸੀਂ ਇਹ ਸ਼ੋਕ ਪ੍ਰਸਤਾਵ ਉਨ੍ਹਾਂ ਦੁਖੀ ਪਰਿਵਾਰਾਂ ਤੱਕ ਪਹੁੰਚਾਵਾਂਗੇ ਔਰ ਹੁਣ ਮੈਂ ਬੇਨਤੀ ਕਰਦਾ ਹਾਂ ਕਿ ਸਾਰੇ ਮਾਨਯੋਗ ਮੈਂਬਰ ਦੋ ਮਿੰਟ ਦੀ ਖਾਮੋਸ਼ੀ ਲਈ ਆਪਣੇ ਸਥਾਨ ਤੇ ਖੜ੍ਹੇ ਹੋਣ ਦਾ ਕਸ਼ਟ ਕਰਨ।

(ਇਸ ਵੇਲੇ ਸਮੁੱਚੇ ਹਾਊਸ ਵਿੱਚ ਹਾਜ਼ਰ ਮਾਨਯੋਗ ਮੈਂਬਰਾਂ ਵਲੋਂ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਖੜ੍ਹੇ ਹੋ ਕੇ ਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ।)

ਹਾਂ ਜੀ ਕੁਐਸਚਨਜ਼।

---

## STARRED QUESTIONS AND ANSWERS

### ਰਾਜ ਵਿਚ ਦਹੇਜ ਨਾਲ ਸਬੰਧਤ ਕੇਸਾਂ ਦੀ ਗਿਣਤੀ

*278. **ਕੈਪਟਨ ਬਲਬੀਰ ਸਿੰਘ ਬਾਠ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 2001 ਅਤੇ 2002 ਦੌਰਾਨ ਰਾਜ ਵਿਚ ਦਹੇਜ ਸਬੰਧੀ ਦਰਜ ਕੀਤੇ ਗਏ ਕੇਸਾਂ ਦੀ ਸਾਲ-ਵਾਰ ਅਤੇ ਜ਼ਿਲ੍ਹਾ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਅਤੇ ਅਜਿਹੇ ਕੇਸਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਦੀ ਤਫ਼ਤੀਸ਼ ਨਹੀਂ ਕੀਤੀ ਜਾ ਸਕੀ?

Original with;
Punjab Vidhan Sabha
Digitized by;
Panjab Digital Library

**ਕੈਪਟਨ ਅਮਰਿੰਦਰ ਸਿੰਘ :** ਲੋੜੀਂਦੀ ਸੂਚਨਾ (ਅਨੁਲੱਗ-ੳ ਅਤੇ ਅ) ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

**ਅਨੁਲੱਗ - ੳ**

**2001 ਅਤੇ 2002 ਦੌਰਾਨ ਰਾਜ ਵਿਚ ਦਹੇਜ ਸਬੰਧੀ ਦਰਜ ਕੀਤੇ ਕੇਸਾਂ ਦੀ ਸਾਲ-ਵਾਰ ਅਤੇ ਜ਼ਿਲ੍ਹੇ-ਵਾਰ ਗਿਣਤੀ**

| | ਜ਼ਿਲ੍ਹਾ | ਸਾਲ 2001 ਦੌਰਾਨ ਦਰਜ ਕੇਸ | ਸਾਲ 2002 ਦੌਰਾਨ ਦਰਜ ਕੇਸ |
|---|---|---|---|
| 1. | ਰੂਪ-ਨਗਰ | 34 | 36 |
| 2. | ਲੁਧਿਆਣਾ | 289 | 171 |
| 3. | ਪਟਿਆਲਾ | 229 | 118 |
| 4. | ਫਤਹਿਗੜ੍ਹ ਸਾਹਿਬ | 15 | 10 |
| 5. | ਸੰਗਰੂਰ | 58 | 77 |
| 6. | ਫਰੀਦਕੋਟ | 19 | 24 |
| 7. | ਬਠਿੰਡਾ | 57 | 36 |
| 8. | ਮਾਨਸਾ | 4 | 11 |
| 9. | ਫਿਰੋਜ਼ਪੁਰ | 22 | 41 |
| 10. | ਮੋਗਾ | 25 | 14 |
| 11. | ਮੁਕਤਸਰ | 22 | 16 |
| 12. | ਜਲੰਧਰ | 103 | 82 |
| 13. | ਨਵਾਂਸ਼ਹਿਰ | 21 | 42 |
| 14. | ਹੁਸ਼ਿਆਰਪੁਰ | 45 | 52 |
| 15. | ਕਪੂਰਥਲਾ | 34 | 47 |
| 16. | ਅੰਮ੍ਰਿਤਸਰ | 124 | 116 |
| 17. | ਗੁਰਦਾਸਪੁਰ | 41 | 59 |
| | ਜੋੜ : | 1142 | 952 |

Original with;
Punjab Vidhan Sabha
Digitized by;
Panjab Digital Library

## ਅਨੁਲੱਗ - ਅ

### ਦਹੇਜ ਸਬੰਧੀ ਕੇਸ ਸਾਲ 2001 ਅਤੇ 2002 ਵਿਚ ਜਿਨ੍ਹਾਂ ਕੇਸਾਂ ਵਿਚ ਚਲਾਨ ਪੇਸ਼ ਨਹੀਂ ਕੀਤਾ ਜਾ ਸਕਿਆ ।

ਸਾਲ 2001 ਦੌਰਾਨ, ਕੁੱਲ 434 ਦਹੇਜ ਸਬੰਧੀ ਕੇਸਾਂ ਦਾ ਚਲਾਨ ਪੇਸ਼ ਅਦਾਲਤ ਨਹੀਂ ਕੀਤਾ ਜਾ ਸਕਿਆ। ਇਨ੍ਹਾਂ ਵਿਚੋਂ 139 ਕੇਸ ਤਫਤੀਸ਼ ਦੌਰਾਨ ਅਖਰਾਜ ਹੋਏ ਅਤੇ 295 ਕੇਸਾਂ ਵਿਚ ਸਬੰਧਤ ਅਦਾਲਤਾਂ ਵਿੱਚ ਅਦਮਪਤਾ ਰਿਪੋਰਟ ਭਰੀ ਗਈ। ਸਾਲ 2002 ਦੌਰਾਨ ਕੁਲ 177 ਦਹੇਜ ਸਬੰਧੀ ਕੇਸਾਂ ਦਾ ਚਲਾਨ ਪੇਸ਼ ਅਦਾਲਤ ਨਹੀਂ ਕੀਤਾ ਜਾ ਸਕਿਆ। ਇਨ੍ਹਾਂ ਵਿਚੋਂ 60 ਕੇਸ ਤਫਤੀਸ਼ ਦੌਰਾਨ ਅਖਰਾਜ ਹੋਏ ਅਤੇ 117 ਕੇਸਾਂ ਵਿੱਚ ਅਦਮਪਤਾ ਰਿਪੋਰਟ ਸਬੰਧਤ ਅਦਾਲਤਾਂ ਵਿੱਚ ਭੇਜੀ ਗਈ। ਜ਼ਿਲ੍ਹਾ-ਵਾਈਜ਼ ਅਤੇ ਸਾਲ-ਵਾਈਜ਼ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| ਜ਼ਿਲ੍ਹੇ | | ਸਾਲ 2001 | | ਸਾਲ 2002 | |
|---|---|---|---|---|---|
| | | ਅਖਰਾਜ | ਅਦਮਪਤਾ | ਅਖਰਾਜ | ਅਦਮਪਤਾ |
| 1. | ਰੂਪ-ਨਗਰ | 5 | 2 | – | 1 |
| 2. | ਲੁਧਿਆਣਾ | 21 | 116 | 14 | 32 |
| 3. | ਪਟਿਆਲਾ | 22 | 123 | 8 | 38 |
| 4. | ਫਤਹਿਗੜ੍ਹ ਸਾਹਿਬ | – | 1 | 2 | – |
| 5. | ਸੰਗਰੂਰ | 9 | 14 | 4 | 17 |
| 6. | ਫਰੀਦਕੋਟ | 8 | – | 4 | – |
| 7. | ਬਠਿੰਡਾ | 4 | 10 | 1 | 4 |
| 8. | ਮਾਨਸਾ | – | 2 | 1 | – |
| 9. | ਫਿਰੋਜ਼ਪੁਰ | 4 | – | 8 | 2 |
| 10. | ਮੋਗਾ | 12 | 1 | – | – |
| 11. | ਮੁਕਤਸਰ | 2 | 5 | 1 | 3 |
| 12. | ਜਲੰਧਰ | 17 | 11 | 5 | 5 |
| 13. | ਨਵਾਂ ਸ਼ਹਿਰ | 3 | 3 | – | 7 |
| 14. | ਹੁਸ਼ਿਆਰਪੁਰ | 6 | 2 | 4 | – |
| 15. | ਕਪੂਰਥਲਾ | 8 | 2 | 3 | 4 |
| 16. | ਅੰਮ੍ਰਿਤਸਰ | 18 | 3 | 5 | 3 |
| 17. | ਗੁਰਦਾਸਪੁਰ | – | – | – | 1 |
| | ਕੁੱਲ : | 139 | 295 | 60 | 117 |

Original with;
Punjab Vidhan Sabha
Digitized by;
Panjab Digital Library

**ਕੈਪਟਨ ਬਲਬੀਰ ਸਿੰਘ ਬਾਠ** : ਸਪਲੀਮੈਂਟਰੀ ਸਰ, ਸਪੀਕਰ ਸਾਹਿਬ ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਅਤੇ ਹਾਊਸ ਦੇ ਧਿਆਨ ਵਿਚ ਵੀ ਲਿਆਉਣਾ ਚਾਹੁੰਦਾ ਹਾਂ ਕਿ ਦਾਜ ਇਕ ਬਹੁਤ ਵੱਡੀ ਲਾਹਨਤ ਹੈ। ਕੀ ਸਰਕਾਰ, ਜੋ ਅੱਜ ਕੱਲ੍ਹ ਵਿਆਹ-ਸ਼ਾਦੀਆਂ ਤੇ ਖਰਚ ਹੋ ਰਿਹਾ ਹੈ, ਇਸ ਦਾਜ ਦੀ ਕੋਈ ਹੱਦ ਸੀਮਾ ਲਾਉਣ ਬਾਰੇ ਵਿਚਾਰ ਕਰੇਗੀ ? ਕੀ ਵਿਆਹ-ਸ਼ਾਦੀਆਂ ਤੇ ਹੋ ਰਹੇ ਖਰਚ ਬਾਰੇ ਕੋਈ ਹੱਦਬੰਦੀ ਤੇ ਦਾਜ ਦੀ ਕੋਈ ਸੀਮਾ ਨਿਰਧਾਰਤ ਕਰਨ ਬਾਰੇ ਵਿਚਾਰ ਕਰ ਰਹੀ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਕੋਈ ਇਹੋ ਜਿਹੀ ਗੱਲ ਤਾਂ ਸਰਕਾਰ ਦੇ ਕੋਲ ਨਹੀਂ ਆਈ ਕਿ ਦਾਜ ਆਦਿ ਤੇ ਕੋਈ ਪਾਬੰਦੀ ਲਗਾਈ ਜਾਵੇ ਜਾਂ ਕੋਈ ਲਿਮਟ ਫਿਕਸ ਕੀਤੀ ਜਾਵੇ। ਅਗਰ ਮੈਂਬਰ ਸਾਹਿਬਾਨ ਕੋਲ ਕੋਈ ਅਜਿਹੀ ਗੱਲ ਆਈ ਹੈ, ਤਾਂ ਉਹ ਕੇਸ ਸਾਨੂੰ ਭੇਜ ਦੇਣ, ਸਰਕਾਰ ਉਸ ਤੇ ਵਿਚਾਰ ਕਰ ਸਕਦੀ ਹੈ।

**ਕੈਪਟਨ ਬਲਬੀਰ ਸਿੰਘ ਬਾਠ** : ਸਰ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਜੋ ਦਾਜ ਸਬੰਧੀ ਕਾਨੂੰਨ ਹੈ, ਇਸ ਦੀ ਬਹੁਤ ਦੁਰਵਰਤੋਂ ਹੋ ਰਹੀ ਹੈ। ਇਸ ਨੂੰ ਦੋਨੋਂ ਪੱਖੀਂ ਵਰਤਿਆ ਜਾ ਰਿਹਾ ਹੈ। ਲੜਕੀ ਤਾਂ ਇੱਕ ਮਰਦੀ ਹੈ, ਔਰਤ ਇੱਕ ਮਰਦੀ ਹੈ ਜਦੋਂ ਕਿ ਉਸ ਦੇ ਨਾਲ ਸਾਰੇ ਪਰਿਵਾਰ ਨੂੰ ਫਾਹੇ ਲਾ ਦਿੱਤਾ ਜਾਂਦਾ ਹੈ। ਇਸ ਕਾਨੂੰਨ ਦੀ ਦੁਰਵਰਤੋਂ ਨਾ ਹੋਵੇ, ਇਸ ਦੇ ਬਾਰੇ ਕੀ ਸਰਕਾਰ ਕੋਈ ਵਿਚਾਰ ਕਰ ਰਹੀ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਜਿਹੜਾ ਸਪੈਸੇਫਿਕ ਕੁਐਸਚਨ ਹੈ, ਇਸ ਦੇ ਬਾਰੇ ਅਸੀਂ ਸਾਰੇ ਹੀ ਸਮਝਦੇ ਹਾਂ। ਇਸ ਦੇ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਇਸ ਤਰ੍ਹਾਂ ਕਾਨੂੰਨ ਦੀ ਦੁਰਵਰਤੋਂ ਕਰਨ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਅਗਰ ਇਹ ਚਾਹੁੰਦੇ ਹਨ ਕਿ ਸਰਕਾਰ ਕਿਸੇ ਖਾਸ ਗੱਲ ਤੇ ਵਿਚਾਰ ਕਰੇ ਤਾਂ ਇਹ ਸਾਨੂੰ ਕੇਸ ਭੇਜ ਦੇਣ, ਅਸੀਂ ਉਸ ਤੇ ਵਿਚਾਰ ਕਰਾਂਗੇ। ਜੇ ਕੋਈ ਸਪੈਸੇਫਿਕ ਜਾਂ ਵਿਸ਼ੇਸ਼ ਇਸੂਜ਼ ਇਨ੍ਹਾਂ ਦੇ ਕੋਲ ਹਨ, ਜਿਨ੍ਹਾਂ ਦੇ ਨਾਲ ਪੰਜਾਬ ਦੀ ਬਿਹਤਰੀ ਹੋ ਸਕਦੀ ਹੈ ਔਰ ਇਹ ਦਹੇਜ (ਡੌਅਰੀ) ਦੇ ਜੋ ਮਸਲੇ ਹਨ, ਇਨ੍ਹਾਂ ਤੇ ਦਬਾਅ ਪੈ ਸਕਦਾ ਹੈ, ਜਾਂ ਇਸ ਪ੍ਰਾਬਲਮ ਨੂੰ ਖਤਮ ਕਰ ਸਕਦੇ ਹਾਂ ਤਾ ਇਸ ਬਾਰੇ ਸੁਝਾਅ ਇਹ ਸਾਨੂੰ ਜ਼ਰੂਰ ਸ਼ੌਕ ਨਾਲ ਭੇਜਣ, ਅਸੀਂ ਇਸ ਗੱਲ ਤੇ ਵਿਚਾਰ ਕਰਾਂਗੇ।

**ਕੈਪਟਨ ਬਲਬੀਰ ਸਿੰਘ ਬਾਠ** : Thank you, Sir.

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਦਾਜ ਦਹੇਜ ਦੇ ਕੇਸਾਂ ਦੀ ਗੱਲਬਾਤ ਕਰਨ ਲਈ ਮਹਿਲਾਵਾਂ ਨੂੰ ਥਾਣੇ ਵੀ ਜਾਣਾ ਪੈਂਦਾ ਹੈ। ਉਥੇ ਕੇਸ ਰਜਿਸਟਰਡ ਵੀ ਹੁੰਦੇ ਹਨ ਅਤੇ ਕੈਂਸਲ ਵੀ ਹੁੰਦੇ ਹਨ। ਜੋ ਦਾਜ ਦਹੇਜ ਬਾਰੇ ਅੰਕੜੇ ਆਏ ਹਨ, ਉਹ ਦਿਲ ਹਿਲਾਉਣ ਵਾਲੇ ਹਨ। ਦਾਜ ਦੇ ਕੇਸ ਬਹੁਤ ਵੱਡੀ ਗਿਣਤੀ ਵਿਚ ਦਰਜ ਹੁੰਦੇ ਹਨ ਅਤੇ ਕੈਂਸਲ ਵੀ ਹੋ ਜਾਂਦੇ ਹਨ। ਆਮ ਤੌਰ ਤੇ ਬਹੁਤ ਮੁਸ਼ਕਿਲ ਪੇਸ਼ ਆਉਂਦੀ ਹੈ ਜਿਵੇਂ ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਜੇ ਕੋਈ ਗੱਲ ਆ ਜਾਵੇ ਤਾਂ ਵਿਚਾਰ ਕਰਾਂਗੇ। ਉਥੇ ਦੋਹਾਂ ਧਿਰਾਂ ਨੂੰ ਅਫ਼ਸਰ ਬੁਲਾ ਲੈਂਦੇ ਹਨ, ਉਥੇ ਸੋਸ਼ਲ ਵਰਕਰ ਹੁੰਦੇ ਹਨ, ਉਹ ਵੀ ਥਾਣਿਆਂ ਵਿਚ ਜਾਂਦੇ ਹਨ। ਕੀ ਇਹ ਗੱਲ ਐਨਸ਼ਿਓਰ ਕਰਵਾਈ ਜਾ ਸਕਦੀ ਹੈ ਕਿ ਇਹੋ ਜਿਹੇ ਕੇਸ ਜਲਦੀ ਤੋਂ ਜਲਦੀ ਨਿਪਟਾਏ ਜਾਣਗੇ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਇਹ ਤਾਂ ਜ਼ਰੂਰ ਐਸ਼ਿਓਰੈਂਸ ਦੇ ਸਕਦੇ ਹਾਂ ਕਿ ਜਿਹੜੇ ਵੀ ਇਹੋ ਜਿਹੇ ਮਸਲੇ ਹਨ, ਇਨ੍ਹਾਂ ਕੇਸਾਂ ਨੂੰ ਹੱਲ ਕਰਨ ਲਈ ਪੁਲਿਸ ਵਾਲੇ ਹਮਦਰਦੀ ਨਾਲ ਤੇ ਅਰਜੈਂਟ ਤੌਰ ਤੇ ਵਿਚਾਰ ਕਰਨ ਅਤੇ ਕੇਸ ਦੀ ਇਨਵੈਸਟੀਗੇਸ਼ਨ ਕਰਨ। ਇਸ ਬਾਰੇ ਅਸੀਂ ਪੂਰੀ ਐਸ਼ਿਓਰੈਂਸ ਦੇ ਸਕਦੇ ਹਾਂ।

---

## ਬਿਜਲੀ ਦੇ ਬਿਲਾਂ ਦੀ ਵਸੂਲੀ

*265. **ਸ਼੍ਰੀ ਤਿਕਸ਼ਨ ਸੂਦ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਪੰਜਾਬ ਰਾਜ ਬਿਜਲੀ ਬੋਰਡ ਨੇ ਬਿਜਲੀ ਦੀ ਮੁਫ਼ਤ ਸਪਲਾਈ ਬੰਦ ਕਰ ਦੇਣ ਵਜੋਂ ਕਿਸਾਨਾਂ ਤੋਂ ਬਿਜਲੀ ਦੇ ਬਿਲਾਂ ਦੀ ਵਸੂਲੀ ਕਰਨੀ ਸ਼ੁਰੂ ਕਰ ਦਿੱਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਤੋਂ ਮਹੀਨਾਵਾਰ ਕਿੰਨੀ ਰਕਮ ਦੀ ਵਸੂਲੀ ਕੀਤੀ ਜਾ ਰਹੀ ਹੈ ?

**ਕੈਪਟਨ ਅਮਰਿੰਦਰ ਸਿੰਘ** : ਜੀ ਹਾਂ, ਪੰਜਾਬ ਰਾਜ ਬਿਜਲੀ ਬੋਰਡ ਨੇ ਰਾਜ ਵਿੱਚ ਕਿਸਾਨਾਂ ਨੂੰ ਮੁਫ਼ਤ ਬਿਜਲੀ ਬੰਦ ਕਰਨ ਕਾਰਣ ਬਿਲਾਂ ਦੀ ਵਸੂਲੀ ਸ਼ੁਰੂ ਕਰ ਦਿੱਤੀ ਹੈ। ਮਹੀਨੇਵਾਰ ਜਾਰੀ ਕੀਤੇ ਬਿਲ ਅਤੇ ਉਨ੍ਹਾਂ ਦੇ ਵਿਰੁੱਧ ਮਿਤੀ 24 ਜਨਵਰੀ, 2003 ਤੱਕ ਮਹੀਨੇਵਾਰ ਵਸੂਲੀ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ :—

| ਮਹੀਨਾ ਅਤੇ ਸਾਲ | ਜਾਰੀ ਕੀਤੇ ਬਿਲਾਂ ਦੀ ਰਕਮ (ਰੁਪਏ ਕਰੋੜਾਂ ਵਿੱਚ) | ਜਾਰੀ ਕੀਤੇ ਬਿਲਾਂ ਦੀ ਵਸੂਲੀ ਰਕਮ (ਰੁਪਏ ਕਰੋੜਾਂ ਵਿੱਚ) |
|---|---|---|
| 10/2002 | 25.53 | 22.60 |
| 11/2002 | 26.35 | 23.05 |
| 12/2002 | 26.44 | 20.27 |

ਇਸ ਤੋਂ ਇਲਾਵਾ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਜਨਵਰੀ ਮਹੀਨੇ ਵਿਚ 26 ਕਰੋੜ 37 ਲੱਖ ਰੁਪਏ ਬਿਲਾਂ ਦੀ ਰਕਮ ਜਾਰੀ ਕੀਤੀ ਹੈ ਅਤੇ 24 ਕਰੋੜ 55 ਲੱਖ ਰੁਪਏ ਦੀ ਰਿਕਵਰੀ ਹੋਈ ਹੈ। ਤਕਰੀਬਨ 92-93% ਦੀ ਰਿਕਵਰੀ ਹੋ ਰਹੀ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਸਰਕਾਰ ਨੇ ਕਿਸਾਨਾਂ ਉਤੇ ਤਕਰੀਬਨ 325 ਕਰੋੜ ਰੁਪਏ ਦਾ ਨਵਾਂ ਬੋਝ ਪਾਇਆ ਹੈ ਜਿਸ ਨੂੰ ਅਸੀਂ ਸਾਰੇ ਇੱਥੇ ਜਾਣਦੇ ਹਾਂ ਜਦ ਕਿ ਇਲੈਕਸ਼ਨਾਂ ਦੇ ਵਿੱਚ ਦੋਹਾਂ ਪਾਰਟੀਆਂ ਨੇ ਕਿਸਾਨਾਂ ਨੂੰ ਬਿਜਲੀ ਮੁਫਤ ਦੇਣ ਦਾ ਚੋਗਾ ਪਾਇਆ ਸੀ। ਪਿਛਲੀ ਸਰਕਾਰ ਨੇ ਕਿਸਾਨਾਂ ਨੂੰ ਪੰਜ ਸਾਲ ਬਿਜਲੀ ਮੁਫਤ ਦਿੱਤੀ। ਰੂਲਿੰਗ ਪਾਰਟੀ ਨੇ ਵੀ ਬਿਜਲੀ ਮੁਫਤ ਦੇਣ ਦਾ ਐਲਾਨ ਕੀਤਾ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਇਸ ਦੇ ਬਦਲੇ ਕਿਸਾਨਾਂ ਨੂੰ ਕੀ ਕੰਪਨਸੇਸ਼ਨ ਦੇਣ ਦਾ ਵਿਚਾਰ ਰੱਖਦੀ ਹੈ ? ਜੇਕਰ ਕੋਈ ਤਜਵੀਜ਼ ਹੈ ਤਾਂ ਦੱਸੀ ਜਾਵੇ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿੱਥੋਂ ਤੱਕ ਇਨ੍ਹਾਂ ਨੇ ਕਿਹਾ ਹੈ ਕਿ 325 ਕਰੋੜ ਰੁਪਏ ਦਾ ਬੋਝ ਕਿਸਾਨਾਂ 'ਤੇ ਪਿਆ ਹੈ, ਮੈਂ ਦੱਸਦਾ ਹਾਂ ਕਿ 1300 ਕਰੋੜ ਰੁਪਿਆ ਐਗਰੀਕਲਚਰ ਸੈਕਟਰ ਦਾ ਲੋਡ ਬਿਜਲੀ ਬੋਰਡ ਤੇ ਹੈ। ਇਸ ਵਿੱਚੋਂ 1000 ਕਰੋੜ ਰੁਪਏ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਦੀ ਸਬਸਿਡੀ ਕਿਸਾਨਾਂ ਨੂੰ ਦੇ ਰਹੇ ਹਾਂ ਅਤੇ 300 ਕਰੋੜ ਰੁਪਿਆ ਰਿਕਵਰ ਕਰ ਰਹੇ ਹਾਂ। ਅਸੀਂ ਤਾਂ ਹੁਣ ਓਪਨ ਕਰ ਦਿੱਤਾ ਹੈ ਕਿ ਮਲਟੀਨੈਸ਼ਨਲ ਬੈਂਕਾਂ ਜਿਵੇਂ ਵਰਲਡ ਬੈਂਕ, ਏਸ਼ੀਅਨ ਬੈਂਕ ਤੇ ਨਬਾਰਡ ਤੋਂ ਦਿਹਾਤੀ ਇਲਾਕੇ ਦੇ ਵਿਕਾਸ ਲਈ ਪਰਪੋਜ਼ਲਾਂ ਮਨਜ਼ੂਰ ਕਰਵਾ ਰਹੇ ਹਾਂ। ਇਹ ਸਾਰਾ ਕੁਝ ਸਾਨੂੰ ਕਰਨਾ ਪੈ ਰਿਹਾ ਹੈ। ਇਹ ਜ਼ਰੂਰ ਹੈ ਕਿ ਅਸੀਂ ਕੁਮਿਟਮੈਂਟ ਕੀਤੀ ਸੀ ਕਿ ਅਸੀਂ ਬਿਜਲੀ ਮੁਫਤ ਦੇਵਾਂਗੇ ਪਰ ਜਿਸ ਵਕਤ ਸੋਕਾ ਪਿਆ ਸੀ, ਉਸ ਵਕਤ ਵੀ ਅਸੀਂ ਕਿਸਾਨਾਂ ਨੂੰ 10-10, 12-12 ਘੰਟੇ ਬਿਜਲੀ ਲਗਾਤਾਰ ਦਿੰਦੇ ਰਹੇ ਹਾਂ ਔਰ ਕਿਸਾਨਾਂ ਨੇ ਅੱਛੀ ਪੈਦਾਵਾਰ ਕੀਤੀ ਔਰ ਕਾਫੀ ਫਾਇਦਾ ਵੀ ਹੋਇਆ ਹੈ। ਪਿਛਲੇ ਸਾਲ 10 ਲੱਖ ਟਨ ਝੋਨੇ ਦੀ ਜ਼ਿਆਦਾ ਪੈਦਾਵਾਰ ਹੋਈ ਹੈ। ਪਿਛਲੀ ਸਰਕਾਰ ਸਿਰਫ 3-4 ਘੰਟੇ ਹੀ ਬਿਜਲੀ ਕਿਸਾਨਾਂ ਨੂੰ ਦਿੰਦੀ ਸੀ। ਸੋਕੇ ਦੇ ਲਈ ਸਾਨੂੰ ਸਾਰਾ ਕੁਝ ਕਰਨਾ ਪਿਆ। ਬਿਜਲੀ ਦੇਣੀ ਪਈ ਔਰ ਬਿਜਲੀ ਦੇ ਬਿਲ ਪੰਜਾਬ ਸਰਕਾਰ ਨੂੰ ਪੇਅ ਕਰਨੇ ਪਏ। ਆਪਣੇ ਆਪ ਨੂੰ ਫੰਡਿੰਗ ਕਰਨਾ ਜ਼ਰੂਰੀ ਸੀ। ਪਿਛਲੀ ਸਰਕਾਰ 52,000 ਕਰੋੜ ਰੁਪਏ ਦਾ ਬੋਝ ਪਾ ਗਈ ਹੈ। ਇਕਾਨਮੀ ਦੀ ਗੱਡੀ ਚਲਾਉਣ ਲਈ ਇਹ ਕਦਮ ਚੁੱਕਣਾ ਜ਼ਰੂਰੀ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਜਿਹੜਾ ਮੁੱਖ ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਬਿਜਲੀ ਬੋਰਡ ਦੇ ਬੋਝ ਨੂੰ ਦੇਖਦੇ ਹੋਏ ਇਹ ਕਰਨਾ ਪਿਆ ਹੈ ਲੇਕਿਨ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬਿਲ ਲਗਾਏ ਹਨ, ਇਸ ਦੇ ਬਦਲੇ ਕਿਸਾਨਾਂ ਨੂੰ ਇਹ ਕੀ ਕੰਪਨਸੇਸ਼ਨ ਦੇ ਰਹੇ ਹਨ ? ਪੰਜ ਸਾਲ ਤਾਂ ਪਿਛਲੀ ਸਰਕਾਰ ਨੇ ਵੀ ਕਿਸਾਨਾਂ ਨੂੰ ਬਿਜਲੀ ਮੁਫਤ ਦਿੱਤੀ ਸੀ। ਪਿਛਲੀ ਆਪੋਜ਼ੀਸ਼ਨ ਵਿੱਚ ਕਾਂਗਰਸ ਪਾਰਟੀ ਲੋਕਾਂ ਨੂੰ ਇਹ ਸੰਦੇਸ਼ ਦਿੰਦੀ ਸੀ ਕਿ ਕਿਸਾਨਾਂ ਨੂੰ ਬਿਜਲੀ ਮੁਫਤ ਦੇਣੀ ਚਾਹੀਦੀ ਹੈ।

**ਮਾਨਯੋਗ ਸਪੀਕਰ** : ਸਪੈਸਫਿਕ ਕੁਐਸਚਨ ਪੁੱਛੋ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਖਪਤਕਾਰਾਂ ਤੇ ਬੋਝ ਪਾਇਆ ਹੈ ਤੇ ਕਿਸਾਨਾਂ ਨੂੰ ਬਿਜਲੀ ਦੇ ਬਿਲ ਦੇਣੇ ਪੈ ਰਹੇ ਹਨ, ਕੀ ਸਰਕਾਰ ਨੇ ਘਰੇਲੂ ਬਿਜਲੀ ਅਤੇ ਸ਼ਹਿਰੀ ਬਿਜਲੀ ਦੇ ਖਪਤਕਾਰਾਂ ਨੂੰ ਕੋਈ ਰਿਲੀਫ ਦਿੱਤਾ ਹੈ ?

**ਮੁੱਖ ਮੰਤਰੀ** : ਕਿਸਾਨਾਂ ਨੂੰ ਬਿਜਲੀ ਦੇ ਬਿਲ ਲਗਾਉਣ ਦਾ ਫੈਸਲਾ ਮਜਬੂਰੀ ਵਿੱਚ ਕਰਨਾ ਪਿਆ ਹੈ। ਸਪੀਕਰ ਸਾਹਿਬ, ਅਗਲਾ ਸਵਾਲ ਇਸ ਦੇ ਨਾਲ ਹੀ ਸੰਬੰਧਿਤ ਹੈ, ਮੈਂ ਜਵਾਬ ਦੇ ਦੇਵਾਂਗਾ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸੋਕੇ ਕਾਰਣ ਬਿਜਲੀ ਅਸੀਂ ਵੀ ਦਿੱਤੀ ਸੀ ਪਰ ਇਹ ਆਪਣਾ ਰਿਕਾਰਡ ਦੇਖ ਕੇ ਦੱਸਣ ਕਿ ਕਿੰਨੇ ਯੂਨਿਟ ਬਿਜਲੀ ਦਿੱਤੀ ਹੈ ? ਅਸੀਂ ਬਿਜਲੀ ਮੁਫ਼ਤ ਵੀ ਦਿੱਤੀ ਤੇ ਇਨ੍ਹਾਂ ਨਾਲੋਂ ਵੱਧ ਵੀ ਦਿੱਤੀ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੇਰੇ ਕੋਲ ਇਸ ਟਾਈਮ ਰਿਕਾਰਡ ਨਹੀਂ ਹੈ ਪਰ ਮੈਂ ਇਸ ਗੱਲ ਦਾ ਜਵਾਬ ਜ਼ਰੂਰ ਦੇ ਦਿੰਦਾ ਹਾਂ। ਇਨ੍ਹਾਂ ਦੇ ਸਮੇਂ ਤਾਂ 3-4 ਘੰਟੇ ਬਿਜਲੀ ਮਿਲਦੀ ਸੀ ਤੇ ਰੂਰਲ ਫੀਡਰ ਵੀ ਨਹੀਂ ਸੀ ਭਰਦੇ। ਇਹੋ ਇਨ੍ਹਾਂ ਦਾ ਸਿਸਟਮ ਰਿਹਾ ਹੈ ਤੇ ਕਿਸਾਨ ਇਨ੍ਹਾਂ ਤੋਂ ਕਾਫੀ ਔਖੇ ਰਹੇ। ਰਿਕਾਰਡ ਅਸੀਂ ਇਨ੍ਹਾਂ ਨੂੰ ਦੇ ਦਿੰਦੇ ਹਾਂ। ਅਸੀਂ ਬਿਜਲੀ

Original with;
Punjab Vidhan Sabha
Digitized by;

ਦੀ ਸਪਲਾਈ 10-12 ਘੰਟੇ ਤੋਂ ਘੱਟ ਹੋਣ ਨਹੀਂ ਦਿੱਤੀ। ਅਸੀਂ ਸਾਉਣੀ ਪੂਰੀ ਕਰਾਈ ਹੈ ਤੇ ਝੋਨੇ ਦੀ ਹਾਰਵੈਸਟ ਵੀ ਪੂਰੀ ਹੋਈ ਹੈ। (ਥੰਪਿੰਗ)

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜ਼ਿੰਮੇਂਵਾਰ ਸਰਕਾਰ ਹੈ ਤੇ ਹਰ ਗੱਲ ਜ਼ਿੰਮੇਂਵਾਰੀ ਨਾਲ ਤੇ ਯਕੀਨ ਨਾਲ ਕਰਦੀ ਹੈ। ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁੱਛਣਾ ਇਹ ਚਾਹੁੰਦਾ ਹਾਂ ਕਿ ਮੈਨੀਫੈਸਟੋ ਵਿਚ ਵੀ ਸੋਚ ਕੇ ਤੇ ਸਮਝ ਕੇ ਇਨ੍ਹਾਂ ਨੇ ਲੋਕਾਂ ਨੂੰ ਭਰੋਸਾ ਦਿੱਤਾ ਸੀ ਕਿ ਬਿਜਲੀ ਮੁਫ਼ਤ ਦਿੱਤੀ ਜਾਵੇਗੀ। ਜਿਹੜਾ ਇਨ੍ਹਾਂ ਨੇ ਉਦੋਂ ਮੈਨੀਫੈਸਟੋ ਵਿਚ ਲੋਕਾਂ ਨੂੰ ਬਿਜਲੀ ਮੁਫ਼ਤ ਦੇਣ ਦਾ ਭਰੋਸਾ ਦਿੱਤਾ ਸੀ, ਕੀ ਉਹ ਝੂਠ ਲਿਖਿਆ ਸੀ ਜਾਂ ਇਹ ਅੱਜ ਸੱਚ ਤੋਂ ਮੁੱਕਰ ਕੇ ਬਿਜਲੀ ਤੇ ਚਾਰਜ ਕਰ ਰਹੇ ਹਨ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਭੁੱਲ ਗਏ ਹਨ ਕਿ ਮੈਨੀਫੈਸਟੋ ਫੁੱਲ ਟਰਮ ਵਾਸਤੇ ਹੁੰਦਾ ਹੈ ਤੇ ਸਾਡੇ ਤਾਂ ਹਾਲੇ 4 ਸਾਲ ਹੋਰ ਪਏ ਹਨ। ਜਿਹੜਾ ਅਸੀਂ ਮੈਨੀਫੈਸਟੋ ਵਿਚ ਕੁਝ ਵੀ ਲਿਖਿਆ ਹੈ, ਉਹ ਜ਼ਰੂਰ ਲਾਗੂ ਹੋਵੇਗਾ ਕਿਉਂਕਿ ਉਹ ਪੂਰੀ ਟਰਮ ਵਾਸਤੇ ਹੁੰਦਾ ਹੈ। ਅੱਜ ਅਸੀਂ ਸੁਧਾਰ ਲਿਆ ਰਹੇ ਹਾਂ। ਕਈ ਚੀਜ਼ਾਂ ਦੀ ਇੰਪਲੀਮੈਂਟੇਸ਼ਨ ਕਰ ਦਿੱਤੀ ਹੈ, ਕਈ ਇਸ ਸਾਲ ਤੇ ਕਈ ਅਗਲੇ ਸਾਲ ਕਰਾਂਗੇ। ਇਨ੍ਹਾਂ ਨੂੰ ਕਾਹਲੀ ਕਾਹਦੀ ਹੈ ?

---

## ਪਿੰਡ ਸੁਧਾਰ ਰਾਜਪੂਤਾਂ, ਜ਼ਿਲ੍ਹਾ ਅੰਮ੍ਰਿਤਸਰ ਦੀ ਸ਼ਾਮਲਾਤ ਜ਼ਮੀਨ ਦੀ ਵਿਕਰੀ

*333. **ਸਰਦਾਰ ਜਸਬੀਰ ਸਿੰਘ ਗਿੱਲ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਪਿੰਡ ਸੁਧਾਰ ਰਾਜਪੂਤਾਂ, ਬਲਾਕ ਰਈਆ, ਜ਼ਿਲ੍ਹਾ ਅੰਮ੍ਰਿਤਸਰ ਦੀ ਸ਼ਾਮਲਾਤ ਜ਼ਮੀਨ ਨੂੰ ਉਕਤ ਪਿੰਡ ਦੇ ਸਰਪੰਚ ਦੁਆਰਾ ਬੀ.ਡੀ.ਪੀ.ਓ. ਦੀ ਮਿਲੀ ਭੁਗਤ ਨਾਲ ਕਥਿਤ ਤੌਰ ਤੇ ਵੇਚਣ ਸਬੰਧੀ ਸਾਲ 2000-2001 ਦੇ ਦੌਰਾਨ ਕੋਈ ਸ਼ਿਕਾਇਤ ਪ੍ਰਾਪਤ ਹੋਈ ਸੀ; ਜੇਕਰ ਅਜਿਹਾ ਹੋਵੇ, ਤਾਂ ਉਕਤ ਸ਼ਿਕਾਇਤ ਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

**ਸਰਦਾਰਨੀ ਰਾਜਿੰਦਰ ਕੌਰ ਭੱਠਲ** : ਜੀ ਨਹੀਂ, ਸ਼੍ਰੀ ਮਾਨ ਜੀ।

**ਸਰਦਾਰ ਜਸਬੀਰ ਸਿੰਘ ਗਿੱਲ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਸ਼ਾਮਲਾਤ ਜ਼ਮੀਨ ਹੈ, ਉਹ ਪਿੰਡ ਦੀ ਸੀ। ਇਨ੍ਹਾਂ ਦੇ ਰਿਪਲਾਈ ਦੇ ਮੁਤਾਬਿਕ ਜੇ ਉਹ ਜ਼ਮੀਨ ਕਿਸੇ ਨੂੰ ਵੇਚੀ ਨਹੀਂ ਗਈ, ਤਾਂ ਕੀ ਜਿਹੜੀ ਮੁਸ਼ਤਰਕਾ ਮਾਲਕਾਨਾਂ ਦੀ ਜ਼ਮੀਨ ਦਾ ਟੋਟਾ ਸੀ, ਕੀ ਉਹ ਵੀ ਕਿਸੇ ਨੂੰ ਨਹੀਂ ਵੇਚਿਆ ਗਿਆਂ ?

**ਮੰਤਰੀ** : ਸਪੀਕਰ ਸਾਹਿਬ, ਸਵਾਲ ਸੀ ਕਿ ਕੀ ਸ਼ਾਮਲਾਤ ਦੀ ਜ਼ਮੀਨ ਵੇਚੀ ਗਈ ਹੈ ? ਜ਼ਮੀਨ ਦੋ ਤਰ੍ਹਾਂ ਦੀ ਹੁੰਦੀ ਹੈ, ਇਕ ਮੁਸ਼ਤਰਕਾ ਮਾਲਕਾਨਾਂ ਤੇ ਇਕ ਸ਼ਾਮਲਾਤ। ਇਸ ਜ਼ਮੀਨ ਦੇ ਬਾਰੇ ਕਨਫਿਊਸਜ਼ਨ ਰਿਹਾ ਹੈ, ਕੁਝ ਡਿਸਪਿਊਟ ਰਿਹਾ ਹੈ। ਜਿਹੜੀ ਮੁਸ਼ਤਰਕਾ ਮਾਲਕਾਨਾ ਜ਼ਮੀਨ ਸੀ, ਉਹ ਜ਼ਮੀਨ ਇਕ ਅਥਾਰਟੀ ਨੇ ਡਿਕਲੇਅਰ ਕਰ ਦਿੱਤੀ ਤੇ ਦੂਜੇ ਪਾਸੇ ਦੂਜੀ ਅਥਾਰਟੀ ਨੇ ਸ਼ਾਮਲਾਤ ਡਿਕਲੇਅਰ ਕਰ ਦਿੱਤੀ। ਇਸ ਡਿਸਪਿਊਟ ਦੇ ਤਹਿਤ ਇਸ ਸਮੇਂ ਇਹ ਕੇਸ ਸਬ ਜੱਜ ਦੀ ਕੋਰਟ ਵਿਚ ਚਲਾ ਗਿਆ ਹੈ ਤੇ ਉਥੋਂ ਫੈਸਲਾ ਆਉਣ ਤੋਂ ਬਾਅਦ ਹੀ ਕੁਝ ਕਿਹਾ ਜਾ ਸਕਦਾ ਹੈ।

Original with;
Punjab Vidhan Sabha
Digitized by;
Panjab Digital Library

**Mr. Speaker :** The matter is sub judice. Next Question, Shri Des Raj Dhugga.

---

**ਮੋਚੀ ਬਜ਼ਾਰ, ਅੰਮ੍ਰਿਤਸਰ ਦੇ ਬੇਦਖਲ ਕੀਤੇ ਗਏ ਵਿਅਕਤੀਆਂ ਨੂੰ ਮੁੜ ਵਸਾਉਣਾ**

*289. **ਸ਼੍ਰੀ ਦੇਸ ਰਾਜ ਧੁੱਗਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਹਰਿਮੰਦਰ ਸਾਹਿਬ ਨੂੰ ਸੁੰਦਰ ਬਣਾਉਣ ਲਈ ਗਲਿਆਰਾ ਸਕੀਮ ਅਧੀਨ ਦਰਬਾਰ ਸਾਹਿਬ ਕੰਪਲੈਕਸ ਦੇ ਅਹਾਤੇ ਅੰਦਰ ਮੋਚੀ ਬਜ਼ਾਰ, ਅੰਮ੍ਰਿਤਸਰ ਦੇ ਨਿਵਾਸੀਆਂ ਨੂੰ ਬੇਦਖਲ ਕੀਤਾ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ, ਤਾਂ ਬੇਦਖਲ ਕੀਤੇ ਗਏ ਵਿਅਕਤੀਆਂ ਨੂੰ ਨਵੇਂ ਮਕਾਨ/ਦੁਕਾਨਾਂ ਦੀ ਉਸਾਰੀ ਲਈ ਅਲਾਟ ਕੀਤੀਆਂ ਜਾ ਰਹੀਆਂ/ਕੀਤੀਆਂ ਜਾਣ ਵਾਲੀਆਂ ਥਾਵਾਂ ਦੇ ਵਰੇਵੇ ਕੀ ਹਨ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਗਰੀਬ ਪਰਿਵਾਰਾਂ ਨੂੰ ਬਦਲਵੀਆਂ ਥਾਵਾਂ ਅਲਾਟ ਨਾ ਕਰਨ ਦੇ ਬਦਲੇ ਉਨ੍ਹਾਂ ਨੂੰ ਨਵੇਂ ਮਕਾਨ ਬਣਾਉਣ ਅਤੇ ਆਪਣਾ ਕਾਰੋਬਾਰ ਦੁਬਾਰਾ ਸ਼ੁਰੂ ਕਰਨ ਲਈ ਕੋਈ ਮੁਆਵਜ਼ਾ ਦੇਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਕਿੰਨੀ ਰਕਮ;

(ੲ) ਉਪਰੋਕਤ ਵਰਣਿਤ ਬੇਦਖਲ ਕੀਤੇ ਗਏ ਵਿਅਕਤੀਆਂ ਨੂੰ ਉਪਰੋਕਤ ਵਰਣਿਤ ਸਕੀਮ ਅਧੀਨ ਕਦੋਂ ਤਕ ਬਦਲਵੀਆਂ ਥਾਵਾ ਅਲਾਟ ਕਰਨ ਜਾਂ ਮੁਆਵਜ਼ਾ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਚੌਧਰੀ ਜਗਜੀਤ ਸਿੰਘ :** (ੳ) ਜੀ ਹਾਂ। ਦਰਬਾਰ ਸਾਹਿਬ ਨੇੜੇ ਮੋਚੀ ਬਜ਼ਾਰ ਵਿੱਚ 21 ਦੁਕਾਨਦਾਰ ਸਰਕਾਰੀ ਥਾਂ ਉਤੇ ਅਣਅਧਿਕਾਰਤ ਤੌਰ ਤੇ ਕਾਬਜ਼ ਹਨ ਅਤੇ ਉਨ੍ਹਾਂ ਵਿੱਚੋਂ 6 ਨੇ ਆਪਣੀ ਰਿਹਾਇਸ਼ ਵੀ ਦੁਕਾਨਾਂ ਉਤੇ ਰੱਖੀ ਹੋਈ ਹੈ।

ਦੁਕਾਨਾਂ ਦੇ ਬਦਲੇ ਨਵੀਆਂ ਦੁਕਾਨਾਂ ਦੁਕਾਨਦਾਰਾਂ ਦੀ ਸਹਿਮਤੀ ਨਾਲ ਕਿਸ਼ਤਾਂ ਉਤੇ ਅਲਾਟ ਕਰ ਦਿੱਤੀਆਂ ਗਈਆਂ ਹਨ।

(ਅ) ਅਣਅਧਿਕਾਰਤ ਤੌਰ ਤੇ ਕਾਬਜ਼ ਹੋਣ ਕਾਰਨ ਇਨ੍ਹਾਂ ਵਿਅਕਤੀਆਂ ਨੂੰ ਮਕਾਨਾਂ ਲਈ ਕੋਈ ਮੁਆਵਜ਼ਾ ਦੇਣ ਦੀ ਤਜਵੀਜ਼ ਨਹੀਂ ਹੈ।

(ੲ) (ੳ) ਅਤੇ (ਅ) ਅਨੁਸਾਰ।

**ਸ਼੍ਰੀ ਦੇਸ ਰਾਜ ਧੁੱਗਾ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 21 ਦੁਕਾਨਦਾਰ ਹਨ, ਉਨ੍ਹਾਂ ਸਾਰਿਆਂ ਨੂੰ ਦੁਕਾਨਾਂ ਦੇ ਦਿੱਤੀਆਂ ਗਈਆਂ ਹਨ ਜਾਂ ਨਹੀਂ ?

**ਮੰਤਰੀ :** ਸਪੀਕਰ ਸਾਹਿਬ, ਸਾਰਿਆਂ ਨੂੰ ਦੁਕਾਨਾਂ ਅਲਾਟ ਕਰ ਦਿੱਤੀਆਂ ਹਨ ਜੀ।

**ਮਾਨਯੋਗ ਸਪੀਕਰ :** ਅਗਲਾ ਸਵਾਲ। ਸਰਦਾਰ ਬੀਰ ਦਵਿੰਦਰ ਸਿੰਘ ਜੀ।

---

Original with;
Punjab Vidhan Sabha
Digitized by;
Panjab Digital Library

## ਵਿੱਤੀ ਮਾਮਲਿਆਂ ਤੇ ਕਮੇਟੀ

***274. ਸਰਦਾਰ ਬੀਰ ਦਵਿੰਦਰ ਸਿੰਘ :** ਕੀ ਵਿੱਤ ਅਤੇ ਯੋਜਨਾਬੰਦੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਸਰਕਾਰ ਨੇ ਰਾਜ ਦੇ ਵਿੱਤੀ ਮਾਮਲਿਆਂ ਤੇ ਵਿਚਾਰ ਕਰਨ ਲਈ ਇਕ ਉਚ ਪੱਧਰੀ ਕਮੇਟੀ ਦਾ ਗਠਨ ਕੀਤਾ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੀ ਬਣਤਰ ਕੀ ਹੈ ਅਤੇ ਉਸ ਦੇ ਵਿਚਾਰ-ਗੋਚਰੇ ਵਿਸ਼ਿਆਂ ਦਾ ਵੇਰਵਾ ਕੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕਮੇਟੀ ਦੀ ਮਿਆਦ ਕਿੰਨੀ ਹੈ ਅਤੇ ਮਿਤੀ ਅੰਤ ਤਕ ਇਸ ਦੀਆਂ ਕਿੰਨੀਆਂ ਬੈਠਕਾਂ ਹੋਈਆਂ ਹਨ ਅਤੇ ਇਸ ਕਮੇਟੀ ਦੁਆਰਾ ਪੇਸ਼ ਕੀਤੀ ਗਈ ਅੰਤ੍ਰਿਮ ਰਿਪੋਰਟ, ਜੇਕਰ ਕੋਈ ਹੋਵੇ, ਦੇ ਵੇਰਵੇ ਕੀ ਹਨ?

**ਸਰਦਾਰ ਲਾਲ ਸਿੰਘ :** (ੳ) ਹਾਂ ਜੀ। ਇਸ ਦੀ ਬਣਤਰ ਅਤੇ ਵਿਚਾਰ-ਗੋਚਰੇ ਵਿਸ਼ਿਆਂ ਦਾ ਵੇਰਵਾ ਨੱਥੀ ਅਧਿਸੂਚਨਾ ਵਿੱਚ ਦਿੱਤਾ ਹੈ।

(ਅ) ਇਸਦੀ ਕੋਈ ਨਿਸ਼ਚਿਤ ਮਿਆਦ ਨਹੀਂ ਹੈ। ਹੁਣ ਤੱਕ ਇਸ ਦੀਆਂ ਚਾਰ ਬੈਠਕਾਂ ਹੋਈਆਂ ਹਨ। ਇਸ ਨੇ ਕੋਈ ਰਿਪੋਰਟ ਪੇਸ਼ ਨਹੀਂ ਕਰਨੀ।

**GOVERNMENT OF PUNJAB**

DEPARTMENT OF GENERAL ADMINISTRATION
(CABINET AFFAIRS BRANCH)

**Notification**

The 18th March, 2002

**No. 1/11/Cabinet-2002/431.**—The Governor of Punjab is pleased to constitute a Cabinet Sub-Committee on Fiscal Management to improve the financial resources of the State and to reduce the Government expenditure. The Committee will consist of the following members :—

| | | |
|---|---|---|
| (1) | Capt. Amarinder Singh, Chief Minister, Punjab | .. Chairman |
| (2) | Mrs. Rajinder Kaur Bhattal, Rural Development and Panchayats Minister, Punjab | .. Member |
| (3) | S. Lal Singh, Finance Minister, Punjab | .. Member |
| (4) | Ch. Jagjit Singh, Local Government Minister, Punjab | .. Member |
| (5) | S. Partap Singh Bajwa, PWD (B&R) Minister, Punjab | .. Member |
| (6) | Sh. Surinder Singla, M.L.A. | .. Special Invitee |

Original with;
Punjab Vidhan Sabha
Digitized by;

**[ Finance and Planning Minister ]**

2. The Finance Department will serve as the Secretariat for the Committee. Finance Department will draw up proposals on the basis of recommendations of a Committee of Secretaries, to be chaired by the Chief Secretary, and put up to the Committee for its consideration. The Committee has been empowered by the Council of Ministers to take final decisions on issues presented before it.

3. While discussing various measures and at the time of final decision on proposals, this Sub-Committee in its discretion can include any Member of the Council of Ministers, especially the Minister-in-charge of the concerned Department.

This Committee will start its functioning immediately and will take the final decision on each issue as early as possible.

Principal Secretary Finance will be the Convener of this Committee.

Chandigarh : Y. S. RATRA,

The 18th March, 2002. Chief Secretary to Government of Punjab.

No. 1/11/Cabinet-2002/ Dated, Chandigarh, the

A copy is forwarded to the following :—

1. Chief Minister, Punjab;
2. Rural Development and Panchayats Minister, Punjab;
3. Finance Minister, Punjab;
4. Local Government Minister, Punjab;
5. PWD (B&R) Minister, Punjab; and
6. Sh. Surinder Singla, M.L.A. for information.

(Sd.) . . .,

Superintendent.

No. 1/11/Cabinet-2002/438 Dated, Chandigarh, the 18th March, 2002.

A copy is forwarded to the Principal Secretary to Government, Punjab, Department of Finance for information and necessary action with reference to this Department Endorsement No. 1/11/Cabinet-2002/262, dated 13th March, 2002.

(Sd.) . . .,

Superintendent.

No. 1/11/Cabinet-2002/ Dated, Chandigarh, the

A copy is forwarded to the Principal Secretary/Governor, Punjab for the kind information of the Hon'ble Governor, Punjab, Chandigarh.

(Sd.) . . .,

Superintendent.

Original with;
Punjab Vidhan Sabha
Digitized by;
Punjab Digital Library

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਸ਼ਾਇਦ ਮੇਰੇ ਸਵਾਲ ਬਾਰੇ ਕੁਝ ਕਨਫਿਊਜ਼ਨ ਹੈ ਕਿਉਂਕਿ ਜੋ ਮੰਤਰੀ ਜੀ ਨੇ ਜਵਾਬ ਦਿੱਤਾ ਹੈ, ਉਹ ਕੈਬਿਨਟ ਸਬ-ਕਮੇਟੀ ਬਾਰੇ ਦਿੱਤਾ ਹੈ। ਮੇਰਾ ਸਵਾਲ ਕੈਬਿਨਟ ਸਬ-ਕਮੇਟੀ ਬਾਰੇ ਨਹੀਂ ਸੀ। ਮੇਰਾ ਸਵਾਲ ਸੀ ਕਿ ਕੀ ਕੋਈ ਹਾਈ ਪਾਵਰਡ ਕਮੇਟੀ ਬਣਾਈ ਗਈ ਹੈ ? ਮੈਂ ਚਾਹੁੰਦਾ ਹਾਂ ਕਿ ਉਸ ਕਮੇਟੀ ਬਾਰੇ ਜਵਾਬ ਦਿੱਤਾ ਜਾਵੇ ਕਿਉਂਕਿ ਇਹ ਜਿਹੜਾ ਜਵਾਬ ਦਿੱਤਾ ਗਿਆ ਹੈ, ਇਹ ਕੈਬਨਿਟ ਸਬ-ਕਮੇਟੀ ਬਾਰੇ ਹੈ। ਇਸ ਦੇ ਵਿਚ ਸੈਕਟਰੀਜ਼ ਦਾ ਜ਼ਿਕਰ ਵੀ ਕੀਤਾ ਗਿਆ ਹੈ। ਕੀ ਮੰਤਰੀ ਜੀ ਦੱਸਣਗੇ ਕਿ ਫਿਸਕਲ ਮੈਟਰਜ਼ ਤੇ ਡੈਲੀਬਰੇਟ ਕਰਨ ਲਈ ਇਸ ਕੈਬਨਿਟ ਸਬ-ਕਮੇਟੀ ਤੋਂ ਇਲਾਵਾ ਹੋਰ ਕਿਹੜੀਆਂ-ਕਿਹੜੀਆਂ ਉੱਚ-ਪੱਧਰੀ ਕਮੇਟੀਆਂ ਹਨ ਜਿਹੜੀਆਂ ਇਸ ਮਾਮਲੇ ਤੇ ਡੈਲੀਬਰੇਟ ਕਰ ਰਹੀਆਂ ਹਨ। ਉਨ੍ਹਾਂ ਦੀਆਂ ਟਰਮਜ਼ ਆਫ ਰੈਫਰੈਂਸਜ਼ ਕੀ ਹਨ ਅਤੇ ਕੀ ਉਨ੍ਹਾਂ ਨੇ ਸਰਕਾਰ ਨੂੰ ਕੋਈ ਰਿਪੋਰਟ ਹੁਣ ਤੱਕ ਪੇਸ਼ ਕੀਤੀ ਹੈ ? ਨੋਟੀਫਿਕੇਸ਼ਨ ਵਿਚ ਇਹ ਵੀ ਜ਼ਿਕਰ ਆਇਆ ਹੈ ... Finance Department will draw up proposals on the basis of recommendations of a Committee of Secretaries, to be chaired by the Chief Secretary. ਇਹ ਇਕ ਕਮੇਟੀ ਵੀ ਹੈ ਜਿਹੜੀ ਇਸ ਮਾਮਲੇ ਤੇ ਡੇਲੀਬਰੇਟ ਕਰ ਰਹੀ ਹੈ ਪਰ ਇਸ ਨੇ ਆਪਣੀ ਰਿਪੋਰਟ ਕੈਬਨਿਟ ਸਬ-ਕਮੇਟੀ ਨੂੰ ਦੇਣੀ ਹੈ। ਮੈਂ ਜਾਨਣਾ ਚਾਹੁੰਦਾ ਹਾਂ ਕਿ ਕੀ ਇਸ ਕਮੇਟੀ ਨੇ ਆਪਣੀ ਕੋਈ ਰਿਪੋਰਟ ਹੁਣ ਤੱਕ ਦਿੱਤੀ ਹੈ ਅਤੇ ਇਸ ਤੋਂ ਇਲਾਵਾ ਹੋਰ ਕਿਹੜੀਆਂ-ਕਿਹੜੀਆਂ ਕਮੇਟੀਆਂ ਹਨ ?

**ਮੰਤਰੀ** : ਜਿਹੜੀ ਕਮੇਟੀ ਦਾ ਮੈਂ ਜ਼ਿਕਰ ਕੀਤਾ ਹੈ, ਉਹ ਕੈਬਨਿਟ ਸਬ-ਕਮੇਟੀ ਹੈ ਜਿਸ ਦੇ ਚੇਅਰਮੈਨ ਮੁੱਖ ਮੰਤਰੀ ਜੀ ਹਨ। ਇਹੋ ਹਾਈ ਪਾਵਰਡ ਕਮੇਟੀ ਹੈ। ਇਹ ਜਿਹੜੀ ਕਮੇਟੀ ਦਾ ਜ਼ਿਕਰ ਕਰਦੇ ਹਨ, ਉਹ ਹੋਰ ਐਡਵਾਈਜ਼ਰੀ ਕਮੇਟੀ ਹੈ ਜਿਸ ਦਾ ਗਠਨ ਵਿੱਤੀ ਸੁਧਾਰ ਕਰਨ ਅਤੇ ਮਾਲੀ ਸਾਧਨ ਜੁਟਾਉਣ ਵਾਸਤੇ ਸ਼੍ਰੀ ਸੁਰਿੰਦਰ ਸਿੰਗਲਾ, ਐਮ.ਐਲ.ਏ., ਦੀ ਪ੍ਰਧਾਨਗੀ ਹੇਠ ਕੀਤਾ ਗਿਆ ਹੈ। ਇਹ ਵੱਖਰੀ ਕਮੇਟੀ ਹੈ।

**ਸਰਦਾਰ ਬੀਰ ਦਵਿੰਦਰ ਸਿੰਘ** : ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਵੱਖਰੀ ਐਡਵਾਈਜ਼ਰੀ ਕਮੇਟੀ ਇਨ੍ਹਾਂ ਨੇ ਦੱਸੀ ਹੈ, ਇਸ ਦੀ ਬਣਤਰ ਕੀ ਹੈ ? ਇਸ ਦੇ ਹੋਰ ਕਿਹੜੇ-ਕਿਹੜੇ ਮੈਂਬਰ ਹਨ ਅਤੇ ਇਸ ਦੀਆਂ ਹੁਣ ਤੱਕ ਕਿੰਨੀਆਂ ਮੀਟਿੰਗਾਂ ਹੋਈਆਂ ਹਨ ?

**ਮੰਤਰੀ** : ਇਸ ਦੀ ਬਣਤਰ ਇਸ ਤਰ੍ਹਾਂ ਹੈ ਕਿ ਸ਼੍ਰੀ ਸੁਰਿੰਦਰ ਸਿੰਗਲਾ, ਐਮ.ਐਲ.ਏ. ਇਸ ਦੇ ਚੇਅਰਮੈਨ ਹਨ। ਸ਼੍ਰੀ ਓ.ਪੀ. ਓਸਵਾਲ, ਸ਼੍ਰੀ ਚੰਦਰ ਮੋਹਨ, ਡਾਕਟਰ ਓਮ ਪ੍ਰਕਾਸ਼ ਗੋਸਵਾਮੀ, ਸ਼੍ਰੀ ਅੰਮ੍ਰਿਤ ਲਾਲ ਜੈਨ ਅਤੇ ਪ੍ਰਮੁੱਖ ਸਕੱਤਰ (ਵਿੱਤ) ਇਸ ਦੇ ਮੈਂਬਰ ਹਨ। ਸੈਕਟਰੀ ਐਕਸਪੈਂਡੀਚਰ ਇਸ ਦੇ ਮੈਂਬਰ ਸੈਕਟਰੀ ਹਨ। ਸ਼੍ਰੀ ਟੀ.ਕੇ.ਈ. ਨਾਇਰ ਨੂੰ ਖਾਸ ਮਹਿਮਾਨ ਦੇ ਤੌਰ ਤੇ ਲਿਆ ਗਿਆ ਹੈ। ਇਸ ਕਮੇਟੀ ਦੀਆਂ ਹੁਣ ਤੱਕ 3 ਮੀਟਿੰਗਾਂ ਹੋ ਚੁੱਕੀਆਂ ਹਨ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਦੋ ਕਮੇਟੀਆਂ ਇਕ ਹੀ ਮਾਮਲੇ ਤੇ ਡੈਲੀਬਰੇਟ ਕਰ ਰਹੀਆਂ ਹਨ। ਕੀ ਇਸ ਤਰ੍ਹਾਂ ਕਰਨ ਨਾਲ ਓਵਰਲੈਪਿੰਗ ਤਾਂ ਨਹੀਂ ਹੋ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰ ਦਵਿੰਦਰ ਸਿੰਘ]

ਰਹੀ ਅਤੇ ਜਿਥੇ ਫੋਕਸ ਹੋਣਾ ਚਾਹੀਦਾ ਹੈ, ਉਥੇ ਫੋਕਸ ਨਹੀਂ ਹੋ ਰਿਹਾ ਹੈ ? ਦੋ ਕਮੇਟੀਆਂ ਬਣਾਉਣ ਦੀ ਜ਼ਰੂਰਤ ਕਿਉਂ ਮਹਿਸੂਸ ਕੀਤੀ ਗਈ ? First, there is Cabinet Sub-Committee headed by Hon'ble Chief Minister and its members are Hon'ble members of the Council of Ministers and then, there is a committee of Secretaries to put forward their deliberations also.

**ਮਾਨਯੋਗ ਸਪੀਕਰ** : ਤੁਹਾਡਾ ਸਵਾਲ ਆ ਗਿਆ ਹੈ।

**ਮੰਤਰੀ** : ਸਪੀਕਰ ਸਾਹਿਬ, ਪੰਜਾਬ ਦੀ ਮਾਲੀ ਹਾਲਤ ਬਾਰੇ ਸਾਰੇ ਹਾਊਸ ਨੂੰ ਪਤਾ ਹੈ। ਪੰਜਾਬ ਦੀ ਮਾਲੀ ਹਾਲਤ ਬਹੁਤ ਮਾੜੀ ਸੀ। ਇਸ ਦੇ ਸੁਧਾਰ ਲਈ ਇਕ ਐਡਵਾਈਜ਼ਰੀ ਕਮੇਟੀ ਸ਼੍ਰੀ ਸੁਰਿੰਦਰ ਸਿੰਗਲਾ ਦੀ ਪ੍ਰਧਾਨਗੀ ਹੇਠ ਬਣਾਈ ਗਈ ਸੀ ਜੋ ਅਰਥ ਸ਼ਾਸਤਰ ਦੇ ਮਾਮਲੇ ਵਿਚ ਬੜੇ ਸੂਝਵਾਨ ਹਨ। ਜਿਨ੍ਹਾਂ ਬਾਕੀ ਮੈਂਬਰਾਂ ਦਾ ਜ਼ਿਕਰ ਮੈਂ ਕੀਤਾ ਹੈ, ਉਹ ਵੀ ਬੜੇ ਸੂਝਵਾਨ ਹਨ। ਪੰਜਾਬ ਦੀ ਮਾਲੀ ਹਾਲਤ ਨੂੰ ਸੁਧਾਰਨ ਵਾਸਤੇ ਉਹ ਕਮੇਟੀ ਬਣਾਈ ਗਈ ਹੈ ਅਤੇ ਇਕ ਹਾਈ ਪਾਵਰਡ ਕਮੇਟੀ ਮੁੱਖ ਮੰਤਰੀ ਜੀ ਦੀ ਰਹਿਨੁਮਾਈ ਥੱਲੇ ਬਣਾਈ ਗਈ ਹੈ।

**ਸ਼੍ਰੀ ਤਿਕਸ਼ਨ ਸੂਦ** : ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਐਡਵਾਈਜ਼ਰੀ ਕਮੇਟੀ ਬਣਾਈ ਗਈ ਹੈ, ਇਹ ਆਨਰੇਰੀ ਤਰੀਕੇ ਨਾਲ ਕੰਮ ਕਰੇਗੀ ਜਾਂ ਕਿ ਇਸ ਦੇ ਨਾਲ ਕੋਈ ਫਾਈਨਾਂਸ਼ੀਅਲ ਬਰਡਨ ਵੀ ਪਵੇਗਾ ?

**ਮੰਤਰੀ** : ਫਾਈਨਾਂਸ਼ੀਅਲ ਬਰਡਨ ਬਾਰੇ ਇਨ੍ਹਾਂ ਨੂੰ ਗਲਤ ਫਹਿਮੀ ਹੈ। ਇਸ ਕਮੇਟੀ ਦਾ ਕੋਈ ਫਾਈਨਾਂਸ਼ੀਅਲ ਬੋਝ ਨਹੀਂ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਜਿਸ ਕਿਸੇ ਮੈਂਬਰ ਨੂੰ ਕੋਈ ਮਨਿਸਟਰ ਦਾ ਅਹੁਦਾ ਦਿੱਤਾ ਜਾਂਦਾ ਹੈ, ਉਸ ਦੇ ਨਾਲ ਉਸ ਦੇ ਪਰਕਸ ਵਧਦੇ ਹਨ। ਇਕ ਐਮ.ਐਲ.ਏ. ਤੋਂ ਇਕ ਮਨਿਸਟਰ ਦਾ ਅਹੁਦਾ ਦੇਣ ਨਾਲ ਉਸ ਦੇ ਪਰਕਸ ਵਧਦੇ ਹਨ। ਇਸ ਕਮੇਟੀ ਦੇ ਮੈਂਬਰ ਨੂੰ ਸਟੇਟ ਮਨਿਸਟਰ ਦਾ ਅਹੁਦਾ ਦਿੱਤਾ ਗਿਆ ਹੈ। ਫਿਰ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਇਸ ਨਾਲ ਫਾਈਨਾਂਸ਼ੀਅਲ ਬਰਡਨ ਨਹੀਂ ਪਵੇਗਾ ?

**ਮੰਤਰੀ** : ਇਸ ਦੇ ਨਾਲ ਕੋਈ ਖਾਸ ਫਰਕ ਪੈਣ ਵਾਲਾ ਨਹੀਂ ਹੈ। ਜਿਸ ਤਰ੍ਹਾਂ ਦੇ ਮਾਲੀ ਹਾਲਾਤ ਪੰਜਾਬ ਦੇ ਸਨ .........

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਜੇ ਇਸ ਦੇ ਨਾਲ ਫਰਕ ਨਹੀਂ ਪੈਂਦਾ ਤਾਂ ਫਿਰ ਸਾਰੇ ਐਮ.ਐਲ.ਏਜ਼. ਨੂੰ ਹੀ ਮਨਿਸਟਰ ਬਣਾ ਦਿਓ। (ਹਾਸਾ)

**ਮੰਤਰੀ** : ਜੇ ਤੁਹਾਡੀ ਇੱਛਾ ਹੈ ਤਾਂ ਤੁਸੀਂ ਵੀ ਆ ਜਾਓ, ਤੁਹਾਨੂੰ ਵੀ ਬਣਾ ਦਿਆਂਗੇ। (ਹਾਸਾ)

Original with;
Punjab Vidhan Sabha
Digitized by;
Panjab Digital Library

## ਯੂ.ਟੀ., ਚੰਡੀਗੜ੍ਹ ਵਿਚ ਡੈਪੂਟੇਸ਼ਨ ਤੇ ਕੰਮ ਕਰ ਰਹੇ ਅਧਿਆਪਕਾਂ ਦੀਆਂ ਜੀ.ਪੀ.ਐਫ. ਸਟੇਟਮੈਂਟਾਂ

*287. **ਸਰਦਾਰ ਮਨਤਾਰ ਸਿੰਘ ਬਰਾੜ** : ਕੀ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਿੱਖਿਆ ਵਿਭਾਗ, ਚੰਡੀਗੜ੍ਹ (ਸੰਘ ਖੇਤਰ) ਵਿਚ ਇਸ ਸਮੇਂ ਡੈਪੂਟੇਸ਼ਨ ਤੇ ਕੰਮ ਕਰ ਰਹੇ ਅਧਿਆਪਕਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ;

(ਅ) ਕੀ ਡੈਪੂਟੇਸ਼ਨ ਤੇ ਕੰਮ ਕਰ ਰਹੇ ਉਕਤ ਅਧਿਆਪਕਾਂ ਨੂੰ ਜੀ.ਪੀ. ਫੰਡ ਦੀਆਂ ਸਟੇਟਮੈਂਟਾਂ ਨਿਯਮਿਤ ਤੌਰ ਤੇ ਜਾਰੀ ਕੀਤੀਆਂ ਜਾ ਰਹੀਆਂ ਹਨ; ਜੇਕਰ ਨਹੀਂ, ਤਾਂ ਇਸਦੇ ਕੀ ਕਾਰਣ ਹਨ; ਅਤੇ

(ੲ) ਡੈਪੂਟੇਸ਼ਨ ਤੇ ਕੰਮ ਕਰ ਰਹੇ ਅਧਿਆਪਕਾਂ ਨੂੰ ਨਿਯਮਿਤ ਤੌਰ ਤੇ ਇਹ ਸਟੇਟਮੈਂਟਾਂ ਜਾਰੀ ਕਰਨ ਨੂੰ ਯਕੀਨੀ ਬਣਾਉਣ ਲਈ ਕੀ ਕਦਮ ਚੁੱਕੇ ਜਾਣ ਦੀ ਤਜਵੀਜ਼ ਹੈ ?

**ਸ਼੍ਰੀ ਖੁਸ਼ਹਾਲ ਬਹਿਲ** : (ੳ) ਸਿੱਖਿਆ ਵਿਭਾਗ ਸਕੂਲ ਅਤੇ ਪ੍ਰਾਇਮਰੀ ਕੇਡਰ ਦੇ ਅਧਿਆਪਕਾਂ/ਅਧਿਆਪਕਾਵਾਂ ਜੋ ਇਸ ਸਮੇਂ ਸਿੱਖਿਆ ਵਿਭਾਗ, ਚੰਡੀਗੜ੍ਹ (ਕੇਂਦਰ ਸ਼ਾਸਤ ਪ੍ਰਦੇਸ਼) ਵਿਚ ਡੈਪੂਟੇਸ਼ਨ ਤੇ ਹਨ, ਦੀ ਜ਼ਿਲ੍ਹੇ-ਵਾਰ ਗਿਣਤੀ ਅਨੁਲੱਗ-ੳ ਤੇ ਨੱਥੀ ਕੀਤੀ ਜਾਂਦੀ ਹੈ।

(ਅ) ਹਾਂ ਜੀ। ਕੇਵਲ 6 ਜੇ.ਬੀ.ਟੀ. ਟੀਚਰਾਂ ਦੀਆਂ ਜੀ.ਪੀ. ਫੰਡ ਦੀਆਂ ਸਾਰਣੀਆਂ ਜਾਰੀ ਨਹੀਂ ਹੋਈਆਂ ਕਿਉਂ ਜੋ ਚੰਡੀਗੜ੍ਹ ਪ੍ਰਸਾਸ਼ਨ ਵੱਲੋਂ ਇਨ੍ਹਾਂ ਕਰਮਚਾਰੀਆਂ ਦੇ ਜੀ.ਪੀ. ਫੰਡ ਦੇ ਚਲਾਨ/ਸ਼ਡਿਊਲ ਸਮੇਂ-ਸਿਰ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਐ.) ਨੂੰ ਨਹੀਂ ਭੇਜੇ ਗਏ।

(ੲ) ਇਸ ਸਬੰਧੀ ਡਾਇਰੈਕਟਰ, ਸਿੱਖਿਆ ਵਿਭਾਗ (ਯੂ.ਟੀ.), ਚੰਡੀਗੜ੍ਹ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਗਈ ਹੈ ਕਿ ਪੰਜਾਬ ਰਾਜ ਦੇ ਚੰਡੀਗੜ੍ਹ ਪ੍ਰਸ਼ਾਸਨ ਵਿਖੇ ਕੰਮ ਕਰ ਰਹੇ ਟੀਚਰਾਂ ਦੇ ਜੀ.ਪੀ. ਫੰਡਜ਼ ਦੇ ਚਲਾਨ/ਸ਼ਡਿਊਲ ਸਮੇਂ-ਸਿਰ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਐ.) ਨੂੰ ਭੇਜਣ ਤਾਂ ਜੋ ਸਬੰਧਤ ਕਰਮਚਾਰੀਆਂ ਦੀਆਂ ਜੀ.ਪੀ. ਫੰਡ ਦੀਆਂ ਸਾਰਣੀਆਂ ਸਮੇਂ-ਸਿਰ ਜਾਰੀ ਕੀਤੀਆਂ ਜਾ ਸਕਣ ਜੋ ਇਸ ਸਬੰਧੀ ਉਚਿੱਤ ਕਾਰਵਾਈ ਕਰ ਰਹੇ ਹਨ।

### ਅਨੁਲੱਗ 'ੳ'

ਚੰਡੀਗੜ੍ਹ ਪ੍ਰਸ਼ਾਸਨ ਵਿਚ ਡੈਪੂਟੇਸ਼ਨ ਤੇ ਅਧਿਆਪਕਾਂ ਦੀ ਜ਼ਿਲ੍ਹਾਵਾਰ ਗਿਣਤੀ

| ਲੜੀ ਨੰ: | ਜ਼ਿਲ੍ਹਾ | ਅਧਿਆਪਕਾਂ ਦੀ ਗਿਣਤੀ |
|---|---|---|
| 1 | ਅੰਮ੍ਰਿਤਸਰ | 10 |
| 2 | ਬਠਿੰਡਾ | 1 |
| 3 | ਫਰੀਦਕੋਟ | 1 |

Original with;
Punjab Vidhan Sabha
Digitized by;

[ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

| ਲੜੀ ਨੰ: | ਜ਼ਿਲ੍ਹਾ | ਅਧਿਆਪਕਾਂ ਦੀ ਗਿਣਤੀ |
|---|---|---|
| 4 | ਫਿਰੋਜ਼ਪੁਰ | 5 |
| 5 | ਫਤਹਿਗੜ੍ਹ ਸਾਹਿਬ | 23 |
| 6 | ਗੁਰਦਾਸਪੁਰ | 7 |
| 7 | ਹੁਸ਼ਿਆਰਪੁਰ | 13 |
| 8 | ਜਲੰਧਰ | 9 |
| 9 | ਕਪੂਰਥਲਾ | 1 |
| 10 | ਲੁਧਿਆਣਾ | 9 |
| 11 | ਮਾਨਸਾ | 2 |
| 12 | ਮੁਕਤਸਰ | 1 |
| 13 | ਮੋਗਾ | 2 |
| 14 | ਨਵਾਂ ਸ਼ਹਿਰ | 3 |
| 15 | ਪਟਿਆਲਾ | 115 |
| 16 | ਰੋਪੜ | 208 |
| 17 | ਸੰਗਰੂਰ | 9 |
| | ਕੁੱਲ : | 419 |

**ਸਰਦਾਰ ਮਨਤਾਰ ਸਿੰਘ ਬਰਾੜ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਕਾਫੀ ਅਜਿਹੇ ਸਕੂਲ ਹਨ ਜਿੱਥੇ ਟੀਚਰਾਂ ਦੀ ਘਾਟ ਹੈ ਲੇਕਿਨ ਦੋ ਜ਼ਿਲ੍ਹੇ ਪਟਿਆਲਾ ਅਤੇ ਰੋਪੜ ਅਜਿਹੇ ਹਨ ਜਿੱਥੋਂ ਬਹੁਤ ਵੱਡੀ ਗਿਣਤੀ ਵਿੱਚ ਟੀਚਰ ਡੈਪੂਟੇਸ਼ਨ ਤੇ ਚੰਡੀਗੜ੍ਹ ਲਗਾਏ ਗਏ ਹਨ। ਕੀ ਉਨ੍ਹਾਂ ਟੀਚਰਜ਼ ਨੂੰ ਵਾਪਸ ਬੁਲਾਉਣ ਦਾ ਕੋਈ ਪ੍ਰੋਗਰਾਮ ਹੈ ਤਾਂ ਜੋ ਜਿਨ੍ਹਾਂ ਸਕੂਲਾਂ ਵਿੱਚ ਟੀਚਰ ਨਾ ਹੋਣ ਕਾਰਨ ਬੱਚਿਆਂ ਦੀ ਪੜ੍ਹਾਈ ਖਰਾਬ ਹੋ ਰਹੀ ਹੈ, ਉਹ ਠੀਕ ਹੋ ਸਕੇ ?

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਟੀਚਰ ਇਥੇ ਡੈਪੂਟੇਸ਼ਨ ਤੇ ਲਗਾਏ ਗਏ ਹਨ ਵੈਸੇ ਉਨ੍ਹਾਂ ਦੀ ਗਿਣਤੀ ਦੱਸ ਦਿੱਤੀ ਹੈ। ਜਿਹੜੇ ਕੁਆਲੀਫਾਈਡ ਟੀਚਰ ਹਨ, ਉਨ੍ਹਾਂ ਦੀ ਗਿਣਤੀ ਕਾਫੀ ਹੈ। ਇਸ ਲਈ ਜੇਕਰ ਕੋਈ ਬਾਹਰ ਇਨ੍ਹਾਂ ਨੂੰ ਡੈਪੂਟੇਸ਼ਨ ਤੇ ਮੰਗ ਲਏ ਤਾਂ ਅਸੀਂ ਦੇ ਸਕਦੇ ਹਾਂ। ਕੋਈ ਐਸੀ ਗੱਲ ਨਹੀਂ ਹੈ।

**ਸਰਦਾਰ ਮਨਤਾਰ ਸਿੰਘ ਬਰਾੜ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਟੀਚਰ ਡੈਪੂਟੇਸ਼ਨ ਤੇ ਦੇ ਸਕਦੇ ਹਾਂ। ਇਸ ਤਰ੍ਹਾਂ ਕਰਨ ਨਾਲ ਸਾਡੇ ਆਪਣੇ ਸਕੂਲਾਂ ਵਿੱਚ ਟੀਚਰਾਂ ਦੀ ਘਾਟ ਹੋ ਜਾਂਦੀ ਹੈ। ਸਾਡੇ ਕੋਲ ਡੀਮਾਂਡ ਆ ਰਹੀ ਹੈ ਕਿ ਸਾਡੇ ਸਕੂਲਾਂ ਵਿੱਚ ਟੀਚਰਜ਼ ਭੇਜੋ। ਟੀਚਰਜ਼ ਨਾ ਹੋਣ ਕਾਰਨ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ। ਕੀ ਕੋਈ ਅਜਿਹਾ ਨਹੀਂ ਹੋ ਸਕਦਾ ਕਿ ਟੀਚਰਜ਼ ਡੈਪੂਟੇਸ਼ਨ ਤੇ ਨਾ ਭੇਜੇ ਜਾਇਆ ਕਰਨ ?

Original with;
Punjab Vidhan Sabha
Digitized by;

**ਮੰਤਰੀ :** ਸਪੀਕਰ ਸਾਹਿਬ, ਟੀਚਰਜ਼ ਡੈਪੂਟੇਸ਼ਨ ਤੇ ਨਾ ਭੇਜੇ ਜਾਣ ਦੀ ਕੋਈ ਵਜ੍ਹਾ ਨਹੀਂ ਹੈ। ਇਕ ਗੱਲ ਬੜੀ ਠੀਕ ਹੈ ਕਿ ਉਨ੍ਹਾਂ ਨੇ ਟੀਚਰ ਡੈਪੂਟੇਸ਼ਨ ਤੇ ਮੰਗੇ ਔਰ ਅਸੀਂ ਸਮਝਦੇ ਹਾਂ ਕਿ ਚੰਡੀਗੜ੍ਹ ਵਿੱਚ ਸਾਡਾ ਹਿੱਸਾ ਹੈ ਅਸੀਂ ਇਸ ਲਈ ਇਹ ਭੇਜ ਦਿੱਤੇ ਹਨ।

---

**ਰਾਜ ਵਿਚ ਸਕੂਲਾਂ ਅਤੇ ਅਧਿਆਪਕਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਗਿਣਤੀ**

*331. (1) **ਸਰਦਾਰ ਸ਼ੇਰ ਸਿੰਘ ਗਾਗੋਵਾਲ**
(2) **ਸਰਦਾਰ ਮਲਕੀਅਤ ਸਿੰਘ ਦਾਖਾ**
(3) **ਸ਼੍ਰੀ ਤਰਲੋਚਨ ਸਿੰਘ** : ਕੀ ਸਕੈਂਡਰੀ ਅਤੇ

ਪ੍ਰਾਇਮਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਉਪਰਕੋਤ ਭਾਗ (ੳ) ਵਿਚ ਵਰਣਿਤ ਸਕੂਲਾਂ ਵਿਚ ਇਸ ਸਮੇਂ ਖਾਲੀ ਪਈਆਂ ਅਧਿਆਪਕਾਂ ਦੀਆਂ ਆਸਾਮੀਆਂ ਦੀ ਜ਼ਿਲ੍ਹਾਵਾਰ ਅਤੇ ਵਿਸ਼ਾਵਾਰ ਵੱਖ-ਵੱਖ ਗਿਣਤੀ ਅਤੇ ਵੇਰਵੇ ਕੀ ਕੀ ਹਨ;

(ੲ) ਇਨ੍ਹਾਂ ਆਸਾਮੀਆਂ ਨੂੰ ਭਰਨ ਲਈ ਕੀਤੀ ਜਾ ਰਹੀ/ਕੀਤੀ ਜਾਣ ਵਾਲੀ ਤਜਵੀਜ਼ਤ ਕਾਰਵਾਈ ਕੀ ਹੈ ਅਤੇ ਇਸ ਮੰਤਵ ਲਈ ਕਿੰਨਾ ਸਮਾਂ ਲਏ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਖੁਸ਼ਹਾਲ ਬਹਿਲ :** (ੳ) ਐਲੀਮੈਂਟਰੀ ਸਕੂਲਾਂ ਦੀ ਗਿਣਤੀ - 15,325

ਸੈਕੰਡਰੀ ਸਕੂਲਾਂ ਦੀ ਗਿਣਤੀ - 3,121

(ਅ) ਲੋੜੀਂਦੀ ਸੂਚਨਾਂ ਅਨੁਲੱਗ* ਤੇ ਰੱਖੀ ਜਾਂਦੀ ਹੈ।

(ੲ) ਸਾਰੀਆਂ ਖਾਲੀ ਆਸਾਮੀਆਂ ਵਿੱਤ ਵਿਭਾਗ ਦੇ ਪੱਤਰ ਨੰ: ਐਫ.ਡੀ.ਡੀ.ਐਫ.ਆਰ.ਈ.-1-02/658, ਮਿਤੀ 13 ਮਈ, 2002 ਰਾਹੀਂ ਖਤਮ ਕਰ ਦਿੱਤੀਆਂ ਗਈਆਂ ਹਨ। ਰਿਟਾਇਰਮੈਂਟ ਅਤੇ ਹੋਰ ਕਾਰਨਾਂ ਕਰਕੇ ਖਾਲੀ ਹੋਈਆਂ/ਹੋਣ ਵਾਲੀਆਂ ਆਸਾਮੀਆਂ ਵਿਰੁੱਧ ਭਰਤੀ ਕਰਨ ਤੇ ਵੀ ਮੁਕੰਮਲ ਰੋਕ ਲਗਾਈ ਹੋਈ ਹੈ।

ਇਨ੍ਹਾਂ ਆਸਾਮੀਆਂ ਨੂੰ ਭਰਨ ਲਈ ਵਿੱਤ ਵਿਭਾਗ ਵਲੋਂ ਰੋਕ ਹਟਾਏ ਜਾਣ ਅਤੇ ਖਤਮ ਕੀਤੀਆਂ ਆਸਾਮੀਆਂ ਨੂੰ ਰਿਵਾਈਜ਼ ਕਰਨ ਤੋਂ ਬਾਅਦ ਉਪਰਾਲੇ ਕੀਤੇ ਜਾਣਗੇ।

ਤਰੱਕੀ ਰਾਹੀਂ ਆਸਾਮੀਆਂ ਭਰਨ ਲਈ ਪ੍ਰੀਕ੍ਰਿਆ ਸ਼ੁਰੂ ਕਰ ਦਿੱਤੀ ਹੈ।

---

*Placed in the Publication Branch.

Original with;
Punjab Vidhan Sabha
Digitized by;
Panjab Digital Library

**ਸਰਦਾਰ ਸ਼ੇਰ ਸਿੰਘ ਗਾਗੋਵਾਲ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਐਲੀਮੈਂਟਰੀ ਸਕੂਲ ਹਨ, ਮਾਨਸਾ ਜ਼ਿਲ੍ਹੇ ਵਿੱਚ ਕਈ ਅਜਿਹੇ ਸਕੂਲ ਹਨ ਜਿੱਥੇ ਇਕ ਇਕ ਟੀਚਰ ਹੈ। ਪੋਸਟਾਂ ਬਾਰੇ ਇਹ ਕਹਿੰਦੇ ਹਨ ਕਿ ਅਸੀਂ ਖਤਮ ਕਰ ਦਿੱਤੀਆਂ ਹਨ। ਫਿਰ ਨਾਲ ਇਨ੍ਹਾਂ ਸਕੂਲਾਂ ਨੂੰ ਵੀ ਖਤਮ ਕਰ ਦਿੰਦੇ ਤਾਂ ਜੋ ਬੱਚੇ ਕਿਤੇ ਹੋਰ ਜਾ ਕੇ ਤਾਂ ਪੜ੍ਹਦੇ। ਇਹ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਬੱਚਿਆਂ ਦੇ ਭਵਿੱਖ ਨੂੰ ਦੇਖਦੇ ਹੋਏ ........

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ।

**ਸਰਦਾਰ ਸ਼ੇਰ ਸਿੰਘ ਗਾਗੋਵਾਲ** : ਸਪੀਕਰ ਸਾਹਿਬ, ਬੱਚਿਆਂ ਦੇ ਭਵਿੱਖ ਨੂੰ ਦੇਖਦੇ ਹੋਏ ਸਰਕਾਰ ਕੋਈ ਹਾਲ ਦੀ ਘੜੀ ਆਰਜ਼ੀ ਪ੍ਰਬੰਧ ਕਰੇ ਤਾਂ ਕਿ ਜਿਹੜਾ ਬੱਚਿਆਂ ਦਾ ਭਵਿੱਖ ਹੈ ਉਹ ਉਜਵਲ ਹੋ ਸਕੇ। ਬਾਕੀ ਸਾਡਾ ਜਿਹੜਾ ਇਲਾਕਾ ਹੈ ਉਹ ਤਾਂ ਪਹਿਲਾਂ ਹੀ ਬੈਕਵਰਡ ਇਲਾਕਾ ਹੈ। ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਜਿੱਥੇ ਇਕ ਇਕ ਟੀਚਰ ਹੈ ਉਥੇ ਫੌਰੀ ਤੌਰ ਤੇ ਕੋਈ ਆਰਜ਼ੀ ਪ੍ਰਬੰਧ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੀਆਂ ਪੋਸਟਾਂ ਖਾਲੀ ਹਨ, ਇਨ੍ਹਾਂ ਬਾਰੇ ਹਾਊਸ ਵਿਚ ਇਕ ਬਿਆਨ ਦਿੱਤਾ ਗਿਆ ਸੀ ਕਿ ਜਿਸ ਵੇਲੇ ਲੋੜ ਸਮਝਾਂਗੇ ਉਸ ਵੇਲੇ ਅਸੀਂ ਇਹ ਪੋਸਟਾਂ ਭਰ ਲਵਾਂਗੇ। ਇਹ ਸਰਕਾਰ ਦੇ ਬਿਲਕੁਲ ਵਿਊ ਵਿਚ ਹੈ ਕਿ ਖਾਲੀ ਪੋਸਟਾਂ ਭਰਨੀਆਂ ਹਨ। ਇਸ ਲਈ ਰੈਸ਼ਨੈਲਾਈਜੇਸ਼ਨ ਪ੍ਰੋਗਰਾਮ ਚਲਾਇਆ ਹੋਇਆ ਹੈ। ਜਿਥੇ ਪੋਸਟਾਂ ਜ਼ਿਆਦਾ ਹਨ, ਉਥੋਂ ਜਾਣੀਆਂ ਹਨ। ਇਸੇ ਤਰ੍ਹਾਂ ਜਿਥੇ ਟੀਚਰ ਜ਼ਿਆਦਾ ਹਨ ਉਹ ਵੀ ਇਸੇ ਢੰਗ ਨਾਲ ਜਾਣੇ ਹਨ। ਇਹ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਇਸ ਬਾਰੇ ਅਸੀਂ ਕਦਮ ਉਠਾ ਰਹੇ ਹਾਂ।

**ਸਰਦਾਰ ਸ਼ੇਰ ਸਿੰਘ ਗਾਗੋਵਾਲ** : ਸਪੀਕਰ ਸਾਹਿਬ, ਕੀ ਮੰਤਰੀ ਜੀ ਕੋਈ ਸਮਾਂ ਨਿਸ਼ਚਿਤ ਕਰਨਗੇ। ਕੋਸ਼ਿਸ਼ ਵਿਚ ਤਾਂ ਸਾਲ ਵੀ ਲਗ ਸਕਦਾ ਹੈ। ਇਹ ਕਦੋਂ ਤੱਕ ਪੋਸਟਾਂ ਭਰ ਦੇਣਗੇ ਖਾਸ ਕਰਕੇ ਉਥੇ ਜਿਥੇ ਇਕ-ਇਕ ਅਧਿਆਪਕ ਹੈ।

**ਮੰਤਰੀ** : ਬਹੁਤ ਛੇਤੀ। ਅੰਗਰੇਜ਼ੀ ਵਿਚ ਮੈਂ ਕਹਾਂਗਾ ਕਿ shortly ਨਵਾਂ ਸੈਸ਼ਨ ਸ਼ੁਰੂ ਹੋਣ ਵਾਲਾ ਹੈ। ਉਸ ਤੋਂ ਪਹਿਲਾਂ ਇਹ ਕਦਮ ਜ਼ਰੂਰ ਚੁੱਕਿਆ ਜਾਵੇਗਾ।

---

## ਤਹਿਸੀਲ ਗੜ੍ਹਸ਼ੰਕਰ ਵਿਚ ਲਿੰਕ ਸੜਕਾਂ ਦੀ ਮੁਰੰਮਤ

*256. **ਸ੍ਰੀ ਅਵਿਨਾਸ਼ ਰਾਏ ਖੰਨਾ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਂਦੀਆਂ ਨਿਮਨਲਿਖਤ ਲਿੰਕ ਸੜਕਾਂ ਬਹੁਤ ਖਸਤਾ ਹਾਲਤ ਵਿਚ ਹਨ :—

(1) ਜੇਜੋਂ ਤੋਂ ਰਾਮਪੁਰ ਬਿਰਲੋਂ; ਅਤੇ

(2) ਡਡਿਆਲ ਤੋਂ ਕੁੱਕੜਾ; ਅਤੇ

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤੱਰ 'ਹਾਂ' ਵਿਚ ਹੋਵੇ, ਤਾਂ ਇਨ੍ਹਾਂ ਸੜਕਾਂ ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;

**ਸਰਦਾਰਨੀ ਰਾਜਿੰਦਰ ਕੌਰ ਭੱਠਲ** : (ੳ) ਹਾਂ ਜੀ,

(ਅ) ਅਗਲੇ ਵਿੱਤੀ ਸਾਲ ਵਿੱਚ ਇਨ੍ਹਾਂ ਸੜ੍ਹਕਾਂ ਦੀ ਮੁਰੰਮਤ ਕਰਨ ਦੇ ਯਤਨ ਕੀਤੇ ਜਾਣਗੇ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਸਵਾਲ ਨੂੰ ਪੂਰੀ ਗੰਭੀਰਤਾ ਨਾਲ ਨਹੀਂ ਲਿਆ ਗਿਆ। ਮੇਰਾ ਸਵਾਲ ਸੀ ਕਿ ਜੇ ਉਤੱਰ 'ਹਾਂ' ਵਿਚ ਹੋਵੇ ਤਾਂ ਇਹ ਮੁਰੰਮਤ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ। ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਇਨ੍ਹਾਂ ਸੜਕਾਂ ਦੀ ਮੁਰੰਮਤ ਲਈ ਯਤਨ ਕੀਤੇ ਜਾਣਗੇ। ਇਸ ਦਾ ਮਤਲਬ ਮੇਰੇ ਸਵਾਲ ਦਾ ਸਪੈਸੀਫਿਕ ਜਵਾਬ ਨਹੀਂ ਮਿਲਿਆ। ਸੜਕਾਂ ਦਾ ਬਹੁਤ ਬੁਰਾ ਹਾਲ ਹੈ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ ਕਿ ਉਹ ਬਣਾਉਣਾ ਚਾਹੁੰਦੇ ਹਨ ਜਾਂ ਨਹੀਂ ?

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੇਰਾ ਸਵਾਲ ਇਹੋ ਹੈ ਕਿ ਇਨ੍ਹਾਂ ਸੜਕਾਂ ਦੀ ਕਦੋਂ ਤੱਕ ਮੁਰਮੰਤ ਕਰਾਉਣਗੇ।

**ਮੰਤਰੀ** : ਸਪੀਕਰ ਸਾਹਿਬ, ਸਾਡੇ ਕੋਲ ਕਰਾਈਟੇਰੀਏ ਦੇ ਮੁਤਾਬਿਕ 6 ਸਾਲ ਬਾਅਦ ਰਿਪੇਅਰ ਹੋਣ ਵਾਲੀਆਂ ਸੜਕਾਂ ਦੀ ਕੁੱਲ ਲੰਬਾਈ 12970.79 ਕਿਲੋਮੀਟਰ ਹੈ। ਇਹ 1994-95, 1995-96 ਅਤੇ 1996-97 ਦੀਆਂ ਹਨ। ਇਨ੍ਹਾਂ ਦੀ ਰਿਪੇਅਰ ਵਾਸਤੇ 575 ਕਰੋੜ 73 ਲੱਖ ਰੁਪਏ ਚਾਹੀਦੇ ਹਨ। ਪ੍ਰੰਤੂ ਸਾਡੇ ਕੋਲ ਰਿਪੇਅਰ ਵਾਸਤੇ ਕੇਵਲ 230 ਕਰੋੜ ਰੁਪਏ ਹਨ। ਸਰਕਾਰ ਬਣੀ ਨੂੰ ਅਜੇ ਇਕ ਸਾਲ ਹੀ ਹੋਇਆ ਹੈ। ਸਰਕਾਰ ਫਾਈਨੈਂਸ਼ੀਅਲ ਪੁਜੀਸ਼ਨ ਠੀਕ ਕਰ ਰਹੀ ਹੈ। ਮੁੱਖ ਮੰਤਰੀ ਸਾਹਿਬ ਦੇ ਹੈਡ ਥੱਲੇ ਰੂਰਲ ਡਿਵੈਲਪਮੈਂਟ ਕਮੇਟੀ ਬਣੀ ਹੋਈ ਹੈ। ਉਸ ਨੇ ਦੇਖਣਾ ਹੈ ਕਿ ਕਰਾਈਟੇਰੀਏ ਮੁਤਾਬਿਕ ਰਿਪੇਅਰ ਵਾਸਤੇ ਪੈਸਾ ਕਿਥੋਂ ਲੈਣਾ ਹੈ ਅਤੇ ਕਿੰਨਾ ਲੈਣਾ ਹੈ। ਇਨ੍ਹਾਂ ਦੀ ਰਿਪੇਅਰ ਜਲਦੀ ਹੀ ਕੀਤੀ ਜਾਵੇਗੀ ਲੇਕਿਨ ਸਮਾਂ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ। ਅੱਜ ਤਾਂ ਮੈਂ ਸਿਰਫ ਇਤਨਾ ਹੀ ਕਹਿ ਸਕਦੀ ਹਾਂ ਕਿ ਆਉਣ ਵਾਲੇ ਸਾਲ ਵਿਚ ਅਸੀਂ ਇਸ ਦੇ ਉਪਰਾਲੇ ਕਰਾਂਗੇ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਅਜੇ ਵੀ ਵੇਗ ਜਿਹਾ ਰਿਪਲਾਈ ਦਿੱਤਾ ਗਿਆ ਹੈ। ਉਥੇ ਲੋਕ ਪੱਕੇ ਰਸਤੇ ਦੀ ਥਾਂ ਤੇ ਕੱਚੇ ਰਸਤੇ ਤੇ ਚਲਣ ਲਗ ਪਏ ਹਨ। ਬੱਸਾਂ ਵਾਲਿਆਂ ਨੇ ਆਪਣੇ ਰੂਟ ਬੰਦ ਕਰ ਦਿੱਤੇ ਹਨ। ਟੈਂਪੂਆਂ ਵਾਲਿਆਂ ਨੇ ਆਪਣੇ ਟੈਂਪੂ ਬੰਦ ਕਰ ਦਿੱਤੇ ਹਨ। ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹਾਂਗਾ ਕਿ ਕੀ ਉਹ ਇਨ੍ਹਾਂ ਸੜਕਾਂ ਦੀ ਮੁਰੰਮਤ ਪਹਿਲ ਦੇ ਆਧਾਰ ਤੇ ਕਰਾਉਣ ਦੀ ਕੋਸ਼ਿਸ਼ ਕਰਨਗੇ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਕਈ ਸੜਕਾਂ ਐਸੀਆਂ ਵੀ ਹਨ ਜਿਨ੍ਹਾਂ ਦੀ ਰਿਪੇਅਰ 6 ਸਾਲ ਤੋਂ ਪਹਿਲਾਂ ਵੀ ਕਰਵਾਈ ਜਾਂਦੀ ਹੈ। ਸਾਰਿਆਂ ਨੂੰ ਇਕੋ ਰੱਸੇ ਨਹੀਂ ਬੰਨਣਾ ਚਾਹੀਦਾ। ਇਨ੍ਹਾਂ ਸੜਕਾਂ ਦੀ ਵੀ ਮੁਰੰਮਤ 6 ਸਾਲ ਤੋਂ ਪਹਿਲਾਂ ਕਰਾਉਣੀ ਚਾਹੀਦੀ ਹੈ। ਜਿਵੇਂ ਕਿ ਕੁਝ ਹੋਰ ਸੜਕਾਂ ਦੀ ਮੁਰੰਮਤ 6 ਸਾਲ ਤੋਂ ਪਹਿਲਾਂ ਹੋ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਜੇਕਰ ਪਿਛਲੀ ਸਰਕਾਰ ਵੱਲੋਂ ਪੂਰੇ ਪੰਜ ਸਾਲ ਆਪਣੀ ਜਿਮੇਂਵਾਰੀ ਨਾਲ ਡਿਊਟੀ ਨਿਭਾਈ ਹੁੰਦੀ ਤਾਂ ਸ਼ਾਇਦ ਇਹ ਨੌਬਤ ਨਾ ਆਉਂਦੀ। ਅਸੀਂ ਫਿਰ ਵੀ ਪਰੀਓਰਟੀ ਦੇਵਾਂਗੇ।

---

## ਸ੍ਰੀ ਹਰਗੋਬਿੰਦਪੁਰ ਵਿਧਾਨ ਸਭਾ ਚੋਣ ਹਲਕੇ ਵਿਚ ਸੜਕਾਂ ਦੀ ਉਸਾਰੀ

*277. **ਕੈਪਟਨ ਬਲਬੀਰ ਸਿੰਘ ਬਾਠ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸ੍ਰੀ ਹਰਗੋਬਿੰਦਪੁਰ ਵਿਧਾਨ ਸਭਾ ਚੋਣ ਹਲਕੇ, ਜ਼ਿਲ੍ਹਾ ਗੁਰਦਾਸਪੁਰ ਵਿਚ ਸਾਲ 2002 ਦੇ ਦੌਰਾਨ ਪ੍ਰਧਾਨ ਮੰਤਰੀ ਗ੍ਰਾਮੀਣ ਲਿੰਕ ਰੋਡਜ਼ ਸਕੀਮ ਅਧੀਨ ਬਣਾਈਆਂ ਗਈਆਂ/ਮੁਕੰਮਲ ਕੀਤੀਆਂ ਗਈਆਂ ਲਿੰਕ ਸੜਕਾਂ ਦੀ ਗਿਣਤੀ ਕਿੰਨੀ ਹੈ; ਅਤੇ

(ਅ) ਉਨ੍ਹਾਂ ਉੱਘੀਆਂ ਸਖਸ਼ੀਅਤਾਂ ਦੇ ਨਾਂ ਅਤੇ ਅਹੁੱਦੇ ਕੀ-ਕੀ ਹਨ ਜਿਨ੍ਹਾਂ ਨੇ ਉਕਤ ਲਿੰਕ ਸੜ੍ਹਕਾਂ ਦਾ ਉਦਘਾਟਨ ਕੀਤਾ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : (ੳ) ਦੋ ਲਿੰਕ ਸੜਕਾਂ ਪ੍ਰਵਾਨ ਹੋਈਆਂ ਹਨ। ਇਨ੍ਹਾਂ ਲਿੰਕ ਸੜਕਾਂ ਦੀ ਉਸਾਰੀ ਦਾ ਕੰਮ ਪ੍ਰਗਤੀ ਵਿੱਚ ਹੈ।

(ਅ) ਨਹੀਂ ਜੀ, ਕਿਉਂਕਿ ਸੜ੍ਹਕਾਂ ਅਜੇ ਮੁਕੰਮਲ ਨਹੀਂ ਹੋਈਆਂ।

**ਕੈਪਟਨ ਬਲਬੀਰ ਸਿੰਘ ਬਾਠ** : ਮਾਨਯੋਗ ਸਪੀਕਰ ਸਾਹਿਬ, ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਮੇਰੇ ਸਵਾਲ ਦਾ ਜਵਾਬ ਜਾਣਬੁੱਝ ਕੇ ਗਲਤ ਦਿੱਤਾ ਗਿਆ ਹੈ। ਅਗਲੀ ਲਾਈਨ ਪੜ੍ਹੀਏ ਕਿ ਉਦਘਾਟਨ ਨਹੀਂ ਕੀਤਾ, ਜਦੋਂ ਸੜਕ ਮੁਕੰਮਲ ਹੀ ਨਹੀਂ ਹੋਈ ਤਾਂ ਉਦਘਾਟਨ ਨਹੀਂ ਕੀਤਾ?

**ਮਾਨਯੋਗ ਸਪੀਕਰ** : ਹਾਂ ਜੀ ਮੰਤਰੀ ਜੀ ਉਦਘਾਟਨ ਹੋਇਆ ਹੈ ਜਾਂ ਨਹੀਂ ਹੋਇਆ? ਜੇ ਕੀਤਾ ਹੈ ਤਾਂ ਕਦੋਂ ਕੀਤਾ ਹੈ?

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਕੰਮ ਅੰਡਰ-ਪ੍ਰੋਗਰੈਸ ਹੈ ਅਤੇ ਇਨਆਗੁਰੇਸ਼ਨ ਤਾਂ ਕੰਮ ਮੁਕੰਮਲ ਹੋਣ ਤੋਂ ਬਾਅਦ ਹੀ ਕੀਤੀ ਜਾ ਸਕਦੀ ਹੈ। ਜੋ ਇਨ੍ਹਾਂ ਦਾ ਸਵਾਲ ਸੀ, ਉਸਦੇ ਮੁਤਾਬਿਕ ਜਵਾਬ ਦੇ ਦਿਤਾ ਗਿਆ ਹੈ ਜੀ।

**ਮਾਨਯੋਗ ਸਪੀਕਰ** : ਹਾਂ ਜੀ ਬਾਠ ਸਾਹਿਬ, ਤੁਹਾਡੀ ਤਸੱਲੀ ਹੋ ਗਈ ਹੈ ਜਾਂ ਨਹੀਂ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ ਉਦਘਾਟਨ ਕਰ ਦਿੱਤਾ ਗਿਆ ਹੈ, ਉਦਘਾਟਨ ਪੱਥਰ ਕਹਿ ਲਵੋ ਉਥੇ ਲੱਗਾ ਹੋਇਆ ਹੈ।

**ਮਾਨਯੋਗ ਸਪੀਕਰ** : ਬਾਠ ਸਾਹਿਬ, ਉਦਘਾਟਨ ਨਹੀਂ ਕੀਤਾ ਨੀਂਹ ਪੱਥਰ ਰੱਖਿਆ ਹੋਣਾ ਹੈ। ਹਾਂ ਜੀ ਅਗਲਾ ਸਵਾਲ ਖੰਨਾ ਜੀ।

Original with;
Punjab Vidhan Sabha
Digitized by;
Panjab Digital Library

**ਨਵਾਂ ਸ਼ਹਿਰ ਤੋਂ ਜੇਜੋਂ ਤੱਕ ਬੱਸ ਰੂਟ**

*257. **ਸ਼੍ਰੀ ਅਵਿਨਾਸ਼ ਰਾਏ ਖੰਨਾ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਨਵਾਂ ਸ਼ਹਿਰ ਤੋਂ ਜੇਜੋਂ ਰੂਟ ਤੇ ਪੰਜਾਬ ਰੋਡਵੇਜ਼, ਨਵਾਂ ਸ਼ਹਿਰ ਡਿਪੂ ਦੀ ਕੋਈ ਰੈਗੂਲਰ ਬੱਸ ਸੇਵਾ ਉਪਲਬੱਧ ਹੈ; ਜੇਕਰ ਅਜਿਹਾ ਹੈ, ਤਾਂ ਉਹ ਇਸ ਰੂਟ ਤੇ ਰੋਜ਼ਾਨਾ ਕਿੰਨੇ ਗੇੜੇ ਲਾਉਂਦੀ ਹੈ; ਜੇਕਰ ਕੋਈ ਅਜਿਹੀ ਸਰਵਿਸ ਨਹੀਂ ਹੈ, ਤਾਂ ਉਸ ਦੇ ਕਾਰਨ ਕੀ ਹਨ ?

**ਸਰਦਾਰ ਤੇਜ ਪ੍ਰਕਾਸ਼ ਸਿੰਘ** : ਹਾਂ ਜੀ, ਦੋ ਵਾਪਸੀ ਫੇਰੇ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਬੱਸ ਸੇਵਾ ਰੈਗੂਲਰ ਚਲ ਰਹੀ ਹੈ ? ਜੋ ਮੇਰੇ ਨੋਟਿਸ ਵਿੱਚ ਆਇਆ ਹੈ, ਉਸ ਦੇ ਮੁਤਾਬਿਕ ਜੇ ਤਾਂ ਡਰਾਈਵਰ ਉਸ ਇਲਾਕੇ ਦਾ ਹੁੰਦਾ ਹੈ ਤਾਂ ਉਹ ਬੱਸ ਚਲੀ ਜਾਂਦੀ ਹੈ ਜੇ ਇਲਾਕੇ ਦਾ ਨਾ ਹੋਵੇ ਤਾਂ ਬੱਸ ਨਹੀਂ ਜਾਂਦੀ।

**ਮੰਤਰੀ** : ਸਪੀਕਰ ਸਾਹਿਬ, ਬੱਸ ਰੈਗੂਲਰ ਚਲ ਰਹੀ ਹੈ, ਜੇ ਕੋਈ ਇਨ੍ਹਾਂ ਨੂੰ ਕਿਸੇ ਡਰਾਈਵਰ ਬਾਰੇ ਸ਼ਿਕਾਇਤ ਹੈ ਤਾਂ ਇਹ ਮੇਰੇ ਨੋਟਿਸ ਵਿੱਚ ਲਿਆ ਦੇਣ ਅਸੀਂ ਚੈਕ ਕਰਕੇ ਉਸ ਨੂੰ ਸਜ਼ਾ ਦੇਵਾਂਗੇ।

**ਮਾਨਯੋਗ ਸਪੀਕਰ** : ਜਵਾਬ ਆ ਗਿਆ ਹੈ। ਅਗਲਾ ਸਵਾਲ ਸ਼੍ਰੀ ਤਿਕਸ਼ਨ ਸੂਦ।

---

**ਪਾਣੀ ਦੇ ਬਿਲਾਂ ਦੀ ਵਸੂਲੀ**

*266. (1) **ਸ਼੍ਰੀ ਤਿਕਸ਼ਨ ਸੂਦ**
(2) **ਸ਼੍ਰੀ ਅਵਿਨਾਸ਼ ਰਾਏ ਖੰਨਾ** } : ਕੀ ਸਿੰਜਾਈ ਮੰਤਰੀ ਕਿਰਪਾ

ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਨੇ ਪੰਜਾਬ ਰਾਜ ਟਿਊਬਵੈਲ ਕਾਰਪੋਰੇਸ਼ਨ ਦੁਆਰਾ ਚਲਾਏ ਜਾਂਦੇ ਟਿਊਬਵੈਲਾਂ, ਨਹਿਰਾਂ/ਡੈਮਾਂ ਰਾਹੀਂ ਸਿੰਜਾਈ ਦੇ ਪਾਣੀ ਦੀ ਕੀਤੀ ਜਾਂਦੀ ਮੁਫ਼ਤ ਸਪਲਾਈ ਵਾਪਸ ਲੈਣ ਵਜੋਂ ਰਾਜ ਵਿਚ ਕਿਸਾਨਾਂ ਤੋਂ ਪਾਣੀ ਦੇ ਬਿਲਾਂ ਦੀ ਵਸੂਲੀ ਮੁੜ ਸ਼ੁਰੂ ਕਰ ਦਿੱਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਕਿਸਾਨਾਂ ਤੋਂ ਮਹੀਨਾਵਾਰ ਕਿੰਨੀ ਰਕਮ ਵਸੂਲ ਕੀਤੀ ਜਾ ਰਹੀ ਹੈ ?

**ਸਰਦਾਰ ਗੁਰਚੇਤ ਸਿੰਘ ਭੁੱਲਰ** : ਹਾਂ ਜੀ, ਨਹਿਰੀ ਮੋਘੇ ਦੇ ਚੱਕ ਵਿਚੋਂ ਸਿੰਚਾਈ ਅਧੀਨ ਆਉਂਦੇ ਕਾਸ਼ਤ ਯੋਗ ਰਕਬੇ (ਸੀ.ਸੀ.ਏ.) ਤੇ 80 ਰੁਪਏ ਪ੍ਰਤੀ ਏਕੜ ਪ੍ਰਤੀ ਸਾਲ ਦੇ ਹਿਸਾਬ ਨਾਲ ਰੇਟ ਲਗਾਇਆ ਗਿਆ ਹੈ ਜੋ ਕਿ ਦੋ ਬਰਾਬਰ ਛਿਮਾਹੀ ਕਿਸ਼ਤਾਂ ਵਿੱਚ ਹਰ ਸਾਲ 31 ਮਈ ਅਤੇ 30 ਨਵੰਬਰ ਤੱਕ ਵਸੂਲਿਆ ਜਾਵੇਗਾ। ਪ੍ਰੰਤੂ ਪੰਜਾਬ ਰਾਜ ਟਿਊਬਵੈਲ ਕਾਰਪੋਰੇਸ਼ਨ ਵੱਲੋਂ ਲਗਾਏ ਗਏ ਟਿਊਬਵੈਲਾਂ ਰਾਹੀਂ ਸਿੰਚਾਈ ਲਈ ਪਾਣੀ ਦੇਣ ਦੇ ਸਬੰਧ ਵਿੱਚ ਅਧਿਸੂਚਨਾਂ ਤਿਆਰ ਕੀਤੀ ਜਾ ਰਹੀ ਹੈ ਜੋ ਕਿ ਮੁਨਾਸਿਬ ਸਮੇਂ ਅੰਦਰ ਜਾਰੀ ਕਰ ਦਿੱਤੀ ਜਾਵੇਗੀ।

**ਸ਼੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਦੋ ਤਰ੍ਹਾਂ ਦੀ ਸਿੰਚਾਈ ਦੇ ਸਾਧਨ ਸੀ। ਇੱਕ ਤਾਂ ਨਹਿਰੀ ਮੋਘਿਆਂ ਰਾਹੀਂ ਅਤੇ ਦੂਜਾ ਪੀ.ਐਸ.ਟੀ.ਸੀ. ਦੇ ਟਿਊਬਵੈਲਾਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਤਿਕਸ਼ਨ ਸੂਦ]

ਰਾਹੀਂ। ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਦੋਵੇਂ ਹੈਡਜ਼ ਹੇਠ ਕਿੰਨਾ-ਕਿੰਨਾ ਰਕਬਾ ਆਉਂਦਾ ਹੈ ਅਤੇ ਕਿਸਾਨਾਂ ਦੀ ਜੇਬਾਂ ਵਿਚੋਂ ਹੋਰ ਕਿੰਨਾ ਪੈਸਾ ਇੰਨਾ ਹੈਡਜ਼ ਹੇਠ ਕਢਵਾਇਆ ਜਾਣਾ ਹੈ ?

**ਮੰਤਰੀ** : ਸਪੀਕਰ ਸਾਹਿਬ ਇਹ ਵੱਖਰਾ ਸਵਾਲ ਕਰ ਦੇਣ, ਜਵਾਬ ਦੇ ਦੇਵਾਂਗੇ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਹ ਇਸ ਸਵਾਲ ਦੇ ਨਾਲ ਲਗਦਾ ਹੀ ਸਵਾਲ ਹੈ। ਟਿਊਬਵੈਲ ਕਾਰਪੋਰੇਸ਼ਨ ਦੇ ਟਿਊਬਵੈਲਾਂ ਹੇਠ ਜੋ ਸਿੰਚਾਈ ਕੀਤੀ ਜਾਣੀ ਹੈ, ਉਸ ਲਈ ਕਿੰਨਾ ਪੈਸਾ ਲੈਣਾ ਹੈ ?

**Mr. Speaker :** I postpone* the supplementaries on this question for the next day.

### ਮਾਨਸਾ ਵਿਖੇ ਸਿੰਚਾਈ ਵਿਭਾਗ ਦਾ ਮੰਡਲ ਦਫ਼ਤਰ

*332. **ਸਰਦਾਰ ਸ਼ੇਰ ਸਿੰਘ ਗਾਗੋਵਾਲ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਮਾਨਸਾ ਵਿਖੇ ਸਿੰਚਾਈ ਵਿਭਾਗ ਦਾ ਮੰਡਲ ਦਫ਼ਤਰ ਜਵਾਹਰਕਾ (ਮਾਨਸਾ ਨੇੜੇ) ਵਿਖੇ ਰੈਸਟ ਹਾਊਸ ਵਿਚ ਸਥਿਤ ਹੈ; ਜੇਕਰ ਅਜਿਹਾ ਹੋਵੇ, ਤਾਂ ਕਦੋਂ ਤੋਂ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰੈਸਟ ਹਾਊਸ ਦੀ ਇਮਾਰਤ ਖਸਤਾ ਹਾਲਤ ਵਿਚ ਹੈ; ਜੇਕਰ ਅਜਿਹਾ ਹੋਵੇ, ਤਾਂ ਸਰਕਾਰ ਦੁਆਰਾ ਉਕਤ ਦਫ਼ਤਰ ਨੂੰ ਕਿਸੇ ਸੁਰਖਿਅਤ ਇਮਾਰਤ ਵਿਚ ਕਦੋਂ ਤੱਕ ਬਦਲੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਗੁਰਚੇਤ ਸਿੰਘ ਭੁੱਲਰ** : (ੳ) ਨਹੀਂ ਜੀ, ਮੰਡਲ ਦਫ਼ਤਰ, ਮਾਨਸਾ ਇਸ ਸਮੇਂ ਭੈਣੀ ਸਬ-ਡੀਵਜ਼ਨ, ਜਵਾਹਰਕੇ ਦੇ ਦਫ਼ਤਰ ਦੀ ਇਮਾਰਤ ਵਿੱਚ ਸਥਿਤ ਹੈ।

(ਅ) ਜਵਾਹਰਕੇ (ਨੇੜੇ ਮਾਨਸਾ) ਵਿਖੇ ਨਹਿਰੀ ਵਿਸ਼ਰਾਮਘਰ 2001 ਦੌਰਾਨ ਢਹਿ ਗਿਆ ਸੀ। ਨਹਿਰੀ ਮੰਡਲ ਦਫ਼ਤਰ ਉਸ ਸਮੇਂ ਤੋਂ ਪਹਿਲਾਂ ਹੀ ਸ਼ਿਫਟ ਕੀਤਾ ਜਾ ਚੁੱਕਾ ਹੈ।

**ਸਰਦਾਰ ਸ਼ੇਰ ਸਿੰਘ ਗਾਗੋਵਾਲ** : ਸਪੀਕਰ ਸਾਹਿਬ, ਇਹ ਮੰਡਲ ਦਫ਼ਤਰ ਜਦੋਂ ਸ਼ਿਫਟ ਹੋਇਆ ਹੈ ਤਾਂ ਮਾਨਸਾ ਦੇ ਨਾਮ ਤੇ ਹੋਇਆ ਸੀ। ਉਸ ਵੇਲੇ ਇਮਾਰਤ ਨਾ ਹੋਣ ਕਰਕੇ, ਕੋਈ ਦਫ਼ਤਰ ਨਾ ਹੋਣ ਕਰਕੇ ਰੈਸਟ ਹਾਊਸ ਵਿੱਚ ਮੰਡਲ ਅਫਸਰ ਨੂੰ ਬੈਠਣਾ ਪਿਆ। ਹੁਣ ਰੈਸਟ ਹਾਊਸ ਜਿਹੜਾ ਸੀ ਉਹ ਨਾਕਾਰਾ ਹੋ ਗਿਆ ਅਤੇ ਡਿੱਗ ਗਿਆ, ਜਿਸ ਤਰ੍ਹਾਂ ਮੰਤਰੀ ਸਾਹਿਬ ਨੇ ਖੁਦ ਮੰਨਿਆ ਹੈ। ਹੁਣ ਐਸ.ਡੀ.ਓ. ਦੇ ਦਫ਼ਤਰ ਵਿੱਚ ਸ਼ਿਫਟ ਹੋ ਗਿਆ, ਹੁਣ ਐਸ.ਡੀ.ਓ. ਕਿੱਥੇ ਜਾਵੇ। ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਦਾ ਹਾਂ ਕਿ ਕੀ ਇਹ ਨਵਾਂ ਦਫ਼ਤਰ ਬਣਾਉਣ ਦਾ ਉਪਰਾਲਾ ਕਰਨਗੇ ਕਿਉਂਕਿ ਉਥੋਂ ਬੱਸ ਸਟੈਂਡ 8 ਕਿਲੋਮੀਟਰ ਦੀ ਦੂਰੀ ਤੇ ਹੈ ?

*For Supplementaries to Starred Question No. 266, please see P.V.S. Debates dated 20th March, 2003.

Original with;
Punjab Vidhan Sabha
Digitized by;

**ਮੰਤਰੀ** : ਭੈਣੀ , ਉਪ ਮੰਡਲ ਦਫ਼ਤਰ ਜਵਾਹਰਕਾ ਵਿਖੇ ਸ਼ਿਫਟ ਕਰ ਦਿੱਤਾ ਗਿਆ ਹੈ ਔਰ ਇਹ ਦਫਤਰ ਸਾਲ, 2001 ਤੋਂ ਕੰਮ ਕਰ ਰਿਹਾ ਹੈ।

**ਸਰਦਾਰ ਸ਼ੇਰ ਸਿੰਘ ਗਾਗੋਵਾਲ** : ਸਪੀਕਰ ਸਾਹਿਬ, ਇਹ ਕੋਈ ਜਵਾਬ ਨਹੀਂ ਹੈ। ਕੰਮ ਤਾਂ ਹੋ ਰਿਹਾ ਹੈ ਪਰ ਮੈਂ ਪੁੱਛਦਾ ਹਾਂ ਕਿ ਉਪ ਮੰਡਲ ਦਫ਼ਤਰ ਕਿਹੜੀ ਬਿਲਡਿੰਗ ਵਿੱਚ ਜਾਵੇ ? ਇਸ ਲਈ ਇਹ ਜਵਾਬ ਠੀਕ ਨਹੀਂ ਹੈ। ਇਸ ਲਈ ਕੀ ਸਰਕਾਰ ਦੀ ਕੋਈ ਨਵੀਂ ਬਿਲਡਿੰਗ ਬਣਾਉਣ ਦੀ ਤਜਵੀਜ਼ ਹੈ ?

**ਮੰਤਰੀ** : ਇਹ ਵਿਚਾਰ ਅਧੀਨ ਹੈ।

---

### ਰਾਜ ਵਿਚ ਪਾਲੀਟੈਕਨਿਕਸ/ਆਈ.ਟੀ.ਆਈਜ਼. ਲਈ ਇਮਾਰਤਾਂ ਬਣਾਉਣਾ

*345. **ਸ਼੍ਰੀਮਤੀ ਅਰੁਨਾ ਚੌਧਰੀ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪਿਛਲੇ 5 ਸਾਲਾਂ ਦੌਰਾਨ ਰਾਜ ਵਿਚ ਪਾਲੀਟੈਕਨਿਕਸ ਅਤੇ ਆਈ.ਟੀ.ਆਈਜ਼., ਲਈ ਕਿੰਨੀਆਂ ਸਰਕਾਰੀ ਇਮਾਰਤਾਂ ਦੀ ਉਸਾਰੀ ਕੀਤੀ ਗਈ;

(ਅ) ਕੇਂਦਰੀ ਸਰਕਾਰ ਵਲੋਂ ਕੁੱਲ ਕਿੰਨੀ ਰਾਸ਼ੀ ਪ੍ਰਾਪਤ ਹੋਈ ਅਤੇ ਹੁਣ ਤੱਕ ਇਸ ਵਿਚੋਂ ਕਿੰਨੀ ਰਾਸ਼ੀ ਖਰਚ ਕੀਤੀ ਗਈ ਅਤੇ ਉੱਕਤ ਵਰਣਿਤ ਮੰਤਵ ਲਈ ਰਾਜ ਸਰਕਾਰ ਦੁਆਰਾ ਕਿੰਨੀ ਰਾਸ਼ੀ ਜਾਰੀ ਕੀਤੀ ਗਈ;

(ੲ) ਕੀ ਉਕਤ ਭਾਗ (ੳ) ਵਿਚ ਵਰਣਿਤ ਇਮਾਰਤਾਂ ਵਿਚ ਕੰਮ-ਕਾਜ ਸ਼ੁਰੂ ਹੋ ਗਿਆ ਹੈ; ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ਅਤੇ ਇਨ੍ਹਾਂ ਨੂੰ ਕਦੋਂ ਤੱਕ ਇਨ੍ਹਾਂ ਵਿੱਚ ਕੰਮ-ਕਾਜ ਸ਼ੁਰੂ ਕਰਨ ਦੇ ਯੋਗ ਬਣਾਉਣ ਦੀ ਸੰਭਾਵਨਾ ਹੈ ?

**ਸ਼੍ਰੀ ਮਹਿੰਦਰ ਸਿੰਘ ਕੇ.ਪੀ.** : (ੳ) 8ਵੇਂ ਪੰਜ ਸਾਲਾ ਯੋਜਨਾ ਦੌਰਾਨ 2 ਨਵੀਆਂ ਬਹੁਤਕਨੀਕੀਆਂ ਅਤੇ 15 ਨਵੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਦੀ ਇਮਾਰਤਾਂ ਦੀ ਉਸਾਰੀ ਸ਼ੁਰੂ ਕੀਤੀ ਗਈ ਹੈ। ਇਕ ਬਹੁਤਕਨੀਕੀ ਦੀ ਉਸਾਰੀ 9ਵੀਂ ਪੰਜ ਸਾਲਾ ਯੋਜਨਾ ਦੌਰਾਨ ਸ਼ੁਰੂ ਕੀਤੀ ਗਈ ਸੀ। ਇਹਨਾਂ 15 ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚੋਂ ਕੇਵਲ 4 ਸੰਸਥਾਵਾਂ ਦੀ ਇਮਾਰਤਾਂ ਹੀ 9ਵੀਂ ਪੰਜ ਸਾਲਾ ਪਲਾਨ ਦੇ ਪਹਿਲੇ ਸਾਲ 1997-98 ਦੌਰਾਨ ਮੁਕੰਮਲ ਹੋਈਆਂ ਸਨ। ਬਾਕੀ ਦੀਆਂ 11 ਉਦਯੋਗਿਕ ਸਿਖਲਾਈ ਸੰਸਥਾਵਾਂ ਅਤੇ 3 ਬਹੁਤਕਨੀਕੀਆਂ ਦੀਆਂ ਇਮਾਰਤਾਂ ਫੰਡਾਂ ਦੀ ਘਾਟ ਕਰਕੇ 9ਵੀਂ ਪੰਜ ਸਾਲਾ ਯੋਜਨਾ ਦੌਰਾਨ ਮੁਕਮਲ ਨਹੀਂ ਹੋ ਸਕੀਆਂ।

(ਅ) ਰਾਜ ਸਰਕਾਰ ਨੂੰ ਕੇਂਦਰ ਸਰਕਾਰ ਦੁਆਰਾ ਬਹੁਤਕਨੀਕੀ ਇਮਾਰਤਾਂ ਦੀ ਉਸਾਰੀ ਲਈ 667.00 ਲੱਖ ਰੁਪਏ ਪ੍ਰਾਪਤ ਹੋ ਚੁੱਕੇ ਹਨ, ਪਰੰਤੂ ਉਦਯੋਗਿਕ ਸਿਖਲਾਈ ਸੰਸਥਾਵਾਂ ਦੀ ਇਮਾਰਤਾਂ ਲਈ ਕੇਂਦਰੀ ਸਹਾਇਤਾ ਪ੍ਰਾਪਤ ਨਹੀਂ ਹੋਈ ਸੀ। ਇਹਨਾਂ ਉਦਯੋਗਿਕ ਸਿਖਲਾਈ ਸੰਸਥਾਵਾਂ ਨੂੰ ਸਟੇਟ ਪਲਾਨ ਸਕੀਮਾਂ ਤਹਿਤ ਸਥਾਪਿਤ ਕਰਨ ਦੀ ਯੋਜਨਾ ਸੀ। ਹੁਣ ਤੱਕ ਪੰਜਾਬ ਸਰਕਾਰ ਵਲੋਂ ਉਦਯੋਗਿਕ ਸਿਖਲਾਈ ਸੰਸਥਾਵਾਂ ਦੀ

Original with;
Punjab Vidhan Sabha
Digitized by;

[ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ]

ਉਸਾਰੀ ਤੇ 1488.36 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਅਤੇ ਐਨ.ਬੀ.ਸੀ.ਸੀ. ਨੂੰ ਬਹੁਤਕਨੀਕੀ ਇਮਾਰਤਾਂ ਦੀ ਉਸਾਰੀ ਲਈ ਸਮੇਤ ਮੋਬੇਲਾਈਜ਼ੇਸ਼ਨ ਅਡਵਾਂਸ 462.14 ਲੱਖ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ।

(ੲ) ਜੀ ਨਹੀਂ। ਉਸਾਰੀ ਏਜੰਸੀ ਨਾਲ ਵਿਵਾਦ ਹੋਣ ਕਰਕੇ ਸਰਕਾਰੀ ਬਹੁਤਕਨੀਕੀ ਇਸਤ੍ਰੀਆਂ, ਦੀਨਾ ਨਗਰ ਦੀ ਉਸਾਰੀ ਦਾ ਕੰਮ ਮੁਕੰਮਲ ਨਹੀਂ ਹੋ ਸਕਿਆ। ਇਹ ਵਿਵਾਦ ਉੱਚ ਪੱਧਰੀ ਮਾਹਿਰ ਕਮੇਟੀ ਨੂੰ ਪੇਸ਼ ਕੀਤਾ ਗਿਆ ਹੈ। ਕਮੇਟੀ ਦੀ ਰਿਪੋਰਟ ਪ੍ਰਾਪਤ ਹੋਣ ਤੇ ਉਸਾਰੀ ਦਾ ਕੰਮ ਮੁਕੰਮਲ ਕਰਨ ਦਾ ਫੈਸਲਾ ਲਿਆ ਜਾਵੇਗਾ। ਫੰਡਾਂ ਦੀ ਘਾਟ ਕਰਕੇ ਸਰਕਾਰੀ ਬਹੁਤਕਨੀਕੀ, ਅਨੰਦਪੁਰ ਸਾਹਿਬ ਅਤੇ ਸੁਲਤਾਨਪੁਰ ਲੋਧੀ ਦੀ ਉਸਾਰੀ ਦਾ ਕੰਮ 1996-97 ਤੋਂ ਲੰਬਿਤ ਪਿਆ ਹੈ। ਫੰਡ ਉਪਲਬੱਧ ਹੋਣ ਤੇ ਉਸਾਰੀ ਦਾ ਕੰਮ ਮੁਕੰਮਲ ਕੀਤਾ ਜਾਵੇਗਾ। ਚਾਰ ਉਦਯੋਗਿਕ ਸਿਖਲਾਈ ਸੰਸਥਾਵਾਂ (ਗੁਜਰਵਾਲ, ਜੈਤੋਂ, ਸੁੰਢ ਅਤੇ ਜਲਾਲਾਬਾਦ) ਵਿਚ ਪੇਸ਼ਾਵਰਾਨਾ ਸਿਖਲਾਈ ਸ਼ੁਰੂ ਕੀਤੀ ਸੀ। ਇਸ ਸਮੇਂ ਤਿੰਨ ਉਦਯੋਗਿਕ ਸਿਖਲਾਈ ਸੰਸਥਾਵਾਂ ਗੁਜਰਵਾਲ, ਜੈਤੋਂ ਅਤੇ ਸੁੰਢ ਵਿਖੇ ਸਿਖਲਾਈ ਲਗਾਤਾਰ ਚਲ ਰਹੀ ਹੈ। ਫੰਡ ਉਪਲਬੱਧ ਉਪਰੰਤ ਦਰਸਾਈਆਂ ਸੰਸਥਾਵਾਂ ਚਲਾਈਆਂ ਜਾ ਸਕਣਗੀਆਂ।

**ਸ਼੍ਰੀਮਤੀ ਅਰੁਨਾ ਚੌਧਰੀ** : ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਗੌਰਮਿੰਟ ਪਾਲੀਟੈਕਨਿਕ, ਦੀਨਾ ਨਗਰ ਦਾ ਕੰਸਟਰਕਸ਼ਨ ਵਰਕ ਕੰਪਲੀਟ ਨਹੀਂ ਹੋ ਸਕਿਆ due to dispute with Construction Agency. The dispute has been referred to the High Powered Committee. ਸਪੀਕਰ ਸਾਹਿਬ, ਮੇਰੇ ਕੋਲ ਪ੍ਰਿੰਸੀਪਲ, ਗੌਰਮਿੰਟ ਪਾਲੀਟੈਕਨਿਕ, ਬਟਾਲਾ ਦੀ ਇੱਕ ਡਿਟੇਲਡ ਲੈਟਰ ਹੈ। ਇਹ ਡਾਇਰੈਕਟਰ, ਟੈਕਨੀਕਲ ਐਜੂਕੇਸ਼ਨ ਦੇ ਨਾਂ ਤੇ ਹੈ। ਉਨ੍ਹਾਂ ਨੇ ਫਰਨੀਚਰ, ਕੰਪਿਊਟਰ ਤੇ ਫੋਟੋ ਕਾਪੀਅਰ ਖਰੀਦਿਆ ਹੈ ਜਿਸ ਦੀ ਟੋਟਲ ਲਾਗਤ ਤਕਰੀਬਨ 48,06,381 ਰੁਪਏ ਬਣਦੀ ਹੈ। 1998 ਤੋਂ ਡਿਸਪਿਊਟ ਕੰਸਟਰਕਸ਼ਨ ਕੰਪਨੀ ਨਾਲ ਸਟੈਂਡ ਸਟਿਲ ਹੈ। ਮੈਂ ਪੁੱਛਣਾ ਚਾਹੁੰਦੀ ਹਾਂ ਕਿ ਜਦ ਕੰਸਟਰਕਸ਼ਨ ਕੰਪਲੀਟ ਨਹੀਂ ਹੋਈ ਤਾਂ ਫਿਰ ਇਹ ਸਮਾਨ, ਚੀਜ਼ਾਂ ਕਿਉਂ ਖਰੀਦੀਆਂ ਗਈਆਂ ਔਰ ਇਹ ਸਮਾਨ ਕਿੱਥੇ ਗਿਆ ?

**ਮਾਨਯੋਗ ਸਪੀਕਰ** : ਕੰਸਟਰੱਕਸ਼ਨ ਤੋਂ ਬਗੈਰ ਸਮਾਨ ਖਰੀਦਣ ਦਾ ਕੀ ਫਾਇਦਾ ਹੈ ?

**ਮੰਤਰੀ** : ਸਪੀਕਰ ਸਾਹਿਬ, ਦੀਨਾ ਨਗਰ ਬਿਲਡਿੰਗ ਦੀਆਂ ਗੈਸਟ ਕਲਾਸਾਂ ਅੰਮ੍ਰਿਤਸਰ ਵਿਖੇ ਚੱਲ ਰਹੀਆਂ ਹਨ ਅਤੇ ਜਦ ਤੱਕ ਇਹ ਬਿਲਡਿੰਗ ਨਹੀਂ ਬਣਦੀ, ਇਹ ਗੈਸਟ ਕਲਾਸਾਂ ਉਥੇ ਹੀ ਰਹਿਣਗੀਆਂ।

**ਮਾਨਯੋਗ ਸਪੀਕਰ** : ਸਮਾਨ ਕਿੱਥੇ ਗਿਆ ?

**ਮੰਤਰੀ** : ਸਮਾਨ ਤਾਂ ਖਰੀਦਿਆ ਨਹੀਂ ਗਿਆ। ਕੰਸਟਰਕਸ਼ਨ ਕੰਪਲੀਟ ਨਹੀਂ ਹੋਈ ਔਰ ਇਸ ਦਾ ਡਿਸਪਿਊਟ ਚੱਲ ਰਿਹਾ ਹੈ। ਹਾਈ ਪਾਵਰਡ ਕਮੇਟੀ ਇਸ ਵਾਸਤੇ ਬਣਦੀ ਹੈ ਤੇ ਉਸ ਉਪਰੰਤ ਹੀ ਦੁਬਾਰਾ ਕੰਮ ਸ਼ੁਰੂ ਹੋ ਸਕੇਗਾ।

**ਸ਼੍ਰੀਮਤੀ ਅਰੁਨਾ ਚੌਧਰੀ** : ਸਪੀਕਰ ਸਾਹਿਬ, ਮੇਰੇ ਕੁਐਸਚਨ ਦਾ ਉੱਤਰ ਠੀਕ ਨਹੀਂ ਆਇਆ। ਮੈਂ ਪੁੱਛਿਆ ਸੀ ਕਿ ਇਹ ਸਮਾਨ ਕਿੱਥੇ ਹੈ ਜਦ ਕਿ ਬਿਲਡਿੰਗ ਕੰਪਲੀਟ ਨਹੀਂ ਹੋਈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਜਿਹੜੀਆਂ ਗੈਸਟ ਕਲਾਸਾਂ ਉਥੇ ਚੱਲ ਰਹੀਆਂ ਹਨ, ਸਮਾਨ ਉਥੇ ਹੀ ਇਸਤੇਮਾਲ ਹੋ ਰਿਹਾ ਹੈ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੰਤਰੀ ਸਾਹਿਬ ਕਹਿ ਰਹੇ ਹਨ ਕਿ ਬਿਲਡਿੰਗ ਨਹੀਂ ਪਰ ਉਥੇ ਤਾਂ ਬਿਲਡਿੰਗ ਵਾਧੂ ਹੈ।

**ਮਾਨਯੋਗ ਸਪੀਕਰ** : ਤੁਸੀਂ ਦੀਨਾ ਨਗਰ ਦੀ ਗੱਲ ਕਰਦੇ ਹੋ ?

**ਕੈਪਟਨ ਬਲਬੀਰ ਸਿੰਘ ਬਾਠ** : ਇਹ ਕਾਮਨ ਪੁਆਇੰਟ ਹੈ, ਸਰ।

**ਸ਼੍ਰੀਮਤੀ ਅਰੁਨਾ ਚੌਧਰੀ** : ਸਰ, ਮੈਨੂੰ ਮਨਿਸਟਰ ਸਾਹਿਬ ਤੋਂ ਪਰਾਪਰਲੀ ਸੈਟਿਸਫ਼ੈਕਟਰੀ ਜਵਾਬ ਨਹੀਂ ਮਿਲਿਆ। ਮੈਂ ਇੱਕ ਹੋਰ ਪੁਆਇੰਟ ਰੇਜ਼ ਕਰਨਾ ਚਾਹੁੰਦੀ ਹਾਂ। ਕੰਸਟ੍ਰਕਸ਼ਨ ਕੰਪਨੀ ਨਾਲ ਡਿਸਪਿਊਟ ਹੈ, ਉਹ 1998 ਦਾ ਹੈ। ਇਨ੍ਹਾਂ ਨੇ ਹਾਈ ਪਾਵਰਡ ਐਕਸਪਰਟ ਕਮੇਟੀ ਨੂੰ ਡਿਸਪਿਊਟ ਰੈਫ਼ਰ ਕੀਤਾ ਹੈ। ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦੀ ਹਾਂ ਕਿ ਅੱਜ ਤੱਕ ਇਸ ਕਮੇਟੀ ਦੀ ਰਿਪੋਰਟ ਕਿਉਂ ਨਹੀਂ ਮੰਗੀ ਗਈ, ਇਸ ਕਮੇਟੀ ਦੀ ਵਰਕਿੰਗ ਬਾਰੇ ਕਿਉਂ ਨਹੀਂ ਪੁੱਛਿਆ ਗਿਆ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਜਿਹੜੀ ਦੀਨਾ ਨਗਰ ਦੀ ਬਿਲਡਿੰਗ ਹੈ, ਇਹ ਹਾਲੇ ਇਨਕੰਪਲੀਟ ਹੈ ਔਰ ਉਸ ਦੇ ਵਿੱਚ ਬਹੁਤ ਸਾਰੇ ਕੁਰੱਪਸ਼ਨ ਦੇ ਕੇਸਿਜ਼ ਸਾਮਹਣੇ ਆਏ ਸਨ। ਇਸੇ ਕਰਕੇ ਕਮੇਟੀ ਬਣਾਈ ਗਈ ਸੀ ਕਿ ਕੰਸਟ੍ਰੱਕਸ਼ਨ ਕੰਪਨੀ ਦਾ ਕਿੰਨਾ ਕੰਮ ਹੋਇਆ ਹੈ ਅਤੇ ਕਿੰਨਾ ਕੰਮ ਅਧੂਰਾ ਹੈ ਕਿਉਂਕਿ ਪੈਸੇ ਜ਼ਿਆਦਾ ਚਲੇ ਗਏ ਸਨ। ਇਸੇ ਕਰਕੇ ਕਮੇਟੀ ਬਣਾਈ ਹੈ। ਜੇਕਰ ਕਹੋ ਤਾਂ ਮੈਂ ਕਮੇਟੀ ਦੀ ਬਣਤਰ ਬਾਰੇ ਦੱਸ ਦਿੰਦਾ ਹਾਂ.....

**ਮਾਨਯੋਗ ਸਪੀਕਰ** : ਉਸ ਦੀ ਲੋੜ ਨਹੀਂ।

The dispute has not been settled till now. Why ?

**ਮੰਤਰੀ** : ਕਮੇਟੀ ਦੀ ਮੀਟਿੰਗ 10/3 ਨੂੰ ਹੋਈ ਹੈ। ਪਹਿਲਾਂ ਮੀਟਿੰਗ ਕਿਉਂ ਨਹੀਂ ਹੋਈ, ਇਹ ਤਾਂ ਉਹੀ ਦੱਸ ਸਕਦੇ ਹਨ, ਜਿਹੜੇ ਸਾਹਮਣੇ ਬੈਠੇ ਹਨ। ਜਦ ਤੋਂ ਸਾਡੀ ਸਰਕਾਰ ਬਣੀ ਹੈ, ਅਸੀਂ ਇਸ ਨੂੰ ਸੀਰੀਅਸਲੀ ਲੈ ਰਹੇ ਹਾਂ। ਜੋ ਵੀ ਪੇਮੈਂਟ ਹੋਈ ਹੈ ਅਤੇ ਜਿਸ ਕੰਸਟ੍ਰੱਕਸ਼ਨ ਕੰਪਨੀ ਨੇ ਗਲਤ ਕੰਸਟ੍ਰੱਕਸ਼ਨ ਕੀਤੀ ਹੈ, ਉਸ ਦੀ ਇਨਕੁਆਇਰੀ ਹੋਵੇ। ਇਸ ਇਨਕੁਆਇਰੀ ਤੋਂ ਬਾਅਦ ਹੀ ਤੱਥ ਸਾਹਮਣੇ ਆਉਣਗੇ।

**ਕੈਪਟਨ ਬਲਬੀਰ ਸਿੰਘ ਬਾਠ** : ਕਾਂਈਡਲੀ ਮੇਰੇ ਪ੍ਰਸ਼ਨ ਦਾ ਜਵਾਬ... ਦਿਲਵਾਓ ਜੀ।

**ਮਾਨਯੋਗ ਸਪੀਕਰ** : ਉਹ ਹੋ ਗਿਆ। ਨੈਕਸਟ ਕੁਐਸ਼ਚਨ।

Original with;
Punjab Vidhan Sabha
Digitized by;

## ਮੁਹਾਲੀ ਅਤੇ ਖਰੜ ਤਹਿਸੀਲਾਂ ਵਿਖੇ ਜੋਤਾਂ ਦੀ ਚੱਕਬੰਦੀ

***269. ਸਰਦਾਰ ਬੀਰ ਦਵਿੰਦਰ ਸਿੰਘ** : ਕੀ ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਸਰਕਾਰ ਨੇ ਜ਼ਿਲ੍ਹਾ ਰੋਪੜ ਵਿਚ ਮੁਹਾਲੀ ਅਤੇ ਖਰੜ ਤਹਿਸੀਲਾਂ ਦੇ ਕੁੱਝ ਪਿੰਡਾਂ ਵਿਚ ਜੋਤਾਂ ਦੀ ਚੱਕਬੰਦੀ ਅਜੇ ਤੱਕ ਨਹੀਂ ਕੀਤੀ; ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਪਿੰਡਾਂ ਦੀ ਤਹਿਸੀਲ-ਵਾਰ ਗਿਣਤੀ ਕਿੰਨੀ ਹੈ ਅਤੇ ਅਜਿਹਾ ਨਾ ਕੀਤੇ ਜਾਣ ਦੇ ਕੀ ਕਾਰਣ ਹਨ; ਅਤੇ

(ਅ) ਕੀ ਸਰਕਾਰ ਦੀ ਉਪਰੋਕਤ ਭਾਗ (ੳ) ਵਿਚ ਵਰਣਿਤ ਪਿੰਡਾਂ ਵਿਚ ਚੱਕਬੰਦੀ ਕਰਾਉਣ ਦੀ ਤਜਵੀਜ਼ ਹੈ ?

**ਸਰਦਾਰ ਅਮਰਜੀਤ ਸਿੰਘ ਸਮਰਾ** : (ੳ) ਹਾਂ ਜੀ।

ਤਹਿਸੀਲ ਖਰੜ, ਜ਼ਿਲ੍ਹਾ ਰੋਪੜ ਦੇ ਇੱਕ ਪਿੰਡ ਵਿਚ ਚੱਕਬੰਦੀ ਨਹੀਂ ਕੀਤੀ ਗਈ ਸੀ ਕਿਉਂਕਿ ਇਸ ਵਿਚ ਚੱਕਬੰਦੀ ਦਾ ਕੰਮ ਹੱਥ ਵਿਚ ਨਹੀਂ ਲਿਆ ਗਿਆ ਸੀ। ਤਹਿਸੀਲ ਮੋਹਾਲੀ, ਜ਼ਿਲ੍ਹਾ ਰੋਪੜ ਵਿਚ ਅਜਿਹਾ ਕੋਈ ਪਿੰਡ ਨਹੀਂ ਹੈ ਜਿਸ ਵਿਚ ਚੱਕਬੰਦੀ ਨਹੀਂ ਹੋਈ ਹੈ।

(ਅ) ਉਕਤ ਵਰਣਿਤ ਪਿੰਡ ਦੀ ਚੱਕਬੰਦੀ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੇਰਾ ਸਵਾਲ ਸੀ ਕਿ ਪਹਿਲਾਂ ਤਾਂ ਇਹ ਦੱਸਣ ਕਿ ਕੀ ਖਰੜ ਅਤੇ ਮੋਹਾਲੀ ਤਹਿਸੀਲ ਵਿੱਚ ਕੁਝ ਅਜਿਹੇ ਪਿੰਡ ਹਨ ਜਿਨ੍ਹਾਂ ਦੀ ਚੱਕਬੰਦੀ ਨਹੀਂ ਹੋਈ ? ਜੇਕਰ ਨਹੀਂ ਹੋਈ ਤਾਂ ਉਸ ਦਾ ਕੀ ਕਾਰਨ ਹੈ। ਆਪਣੇ ਜਵਾਬ ਦੇ ਵਿੱਚ ਮਨਿਸਟਰ ਸਾਹਿਬ ਨੇ ਸਿਰਫ ਇੱਕ ਪਿੰਡ ਦਾ ਜਿਕਰ ਕੀਤਾ ਹੈ ਪਰ ਉਸ ਦੇ ਨਾਮ ਦਾ ਵਿਵਰਣ ਨਹੀਂ ਦਿੱਤਾ। ਦੂਸਰਾ ਇਨ੍ਹਾਂ ਨੇ ਮੋਹਾਲੀ ਬਾਰੇ ਕਿਹਾ ਹੈ ਕਿ ਮੋਹਾਲੀ ਵਿੱਚ ਚੱਕਬੰਦੀ ਕਿਸੇ ਪਿੰਡ ਦੀ ਹੋਣੀ ਬਾਕੀ ਨਹੀਂ ਲੇਕਿਨ ਮੇਰੀ ਇਤਲਾਹ ਦੇ ਮੁਤਾਬਿਕ....

**ਮਾਨਯੋਗ ਸਪੀਕਰ** : ਸਵਾਲ ਕਰੋ, ਇਤਲਾਹ ਨਾ ਦੱਸੋ।

**ਸਰਦਾਰ ਬੀਰ ਦਵਿੰਦਰ ਸਿੰਘ** : ਕੀ ਇਹ ਸੱਚ ਹੈ ਕਿ 14 ਪਿੰਡ ਅਜਿਹੇ ਹਨ, ਜਿਨ੍ਹਾਂ ਵਿੱਚ ਹਾਲੇ ਤੱਕ ਚੱਕਬੰਦੀ ਨਹੀਂ ਹੋਈ ਔਰ ਲਾਲ ਡੋਰੇ ਜਿਹੜੇ ਹਨ, ਇਨ੍ਹਾਂ ਪਿੰਡਾਂ ਵਿੱਚ ਲਾਲ ਡੋਰੇ ਦੀ ਹੱਦ ਵਧਾਉਣ ਦੇ ਵਾਸਤੇ ਕੀ ਪਰੋਪੋਜ਼ਲ ਹੈ ? ਜੇਕਰ ਪਿੰਡ ਦੀ ਚੱਕਬੰਦੀ ਨਹੀਂ ਹੋਈ ਤਾਂ ਲਾਲ ਡੋਰੇ ਦੀ ਹੱਦ ਕਿਸ ਤਰ੍ਹਾਂ ਵਧਾਈ ਜਾਵੇਗੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਤਹਿਸੀਲ ਖਰੜ ਵਿੱਚ 200 ਪਿੰਡ ਹਨ ਅਤੇ ਤਹਿਸੀਲ ਮੋਹਾਲੀ ਵਿੱਚ 82 ਪਿੰਡ ਹਨ। ਤਹਿਸੀਲ ਖਰੜ ਵਿੱਚ ਇੱਕ ਪਿੰਡ ਦੀ ਮੁਰੱਬਾਬੰਦੀ ਨਹੀਂ ਹੋਈ। ਉਸ ਪਿੰਡ ਦਾ ਨਾਮ ਤਾਰਾ ਪੁਰ ਅਤੇ ਹੱਦ ਬਸਤ ਨੰ: 325 ਹੈ। ਬਾਕੀ ਸਾਰੇ ਪਿੰਡਾਂ ਦੀ ਹੋਈ ਹੋਈ ਹੈ। ਪਿੰਡ ਤਾਰਾ ਪੁਰ ਦੀ ਇਸ ਕਰਕੇ ਨਹੀਂ ਹੋਈ ਕਿਉਂਕਿ ਇਹ ਨੀਮ ਪਹਾੜੀ ਇਲਾਕਾ ਹੈ। ਇਸ ਦਾ ਰਕਬਾ 2899 ਏਕੜ ਹੈ, ਜਿਸ ਵਿੱਚੋਂ 2474 ਏਕੜ ਗੈਰ ਕਾਸ਼ਤ ਹੈ, 377 ਏਕੜ ਰਕਬਾ ਬਰਾਨੀ ਕਿਸਮ ਦਾ ਹੈ। ਪਿੰਡ ਦੇ ਲੋਕ ਚੱਕਬੰਦੀ ਨਹੀਂ

Original with;
Punjab Vidhan Sabha
Digitized by;

ਕਰਵਾਉਣਾ ਚਾਹੁੰਦੇ ਕਿਉਂਕਿ ਉਹ ਆਪਣੇ ਮੌਜੂਦਾ ਟੱਕਾਂ ਨੂੰ ਛੱਡਣਾ ਨਹੀਂ ਚਾਹੁੰਦੇ, ਇਸ ਲਈ ਉਨ੍ਹਾਂ ਨੇ ਚੱਕਬੰਦੀ ਵਿੱਚ ਸਹਿਯੋਗ ਨਹੀਂ ਦਿੱਤਾ, ਜਿਸ ਕਰਕੇ ਚੱਕਬੰਦੀ ਦਾ ਕੰਮ ਹੱਥ ਵਿੱਚ ਨਹੀਂ ਲਿਆ ਗਿਆ।

ਬਾਕੀ ਜਿਹੜਾ ਮੋਹਾਲੀ ਬਾਰੇ ਕਹਿੰਦੇ ਹਨ, ਉਥੇ ਸਾਰੇ ਪਿੰਡਾਂ ਵਿੱਚ ਚੱਕਬੰਦੀ ਹੋ ਗਈ ਹੈ। ਮੇਰੇ ਕੋਲ ਲਿਸਟ ਹੈ, ਜੇਕਰ ਕਹਿੰਦੇ ਹਨ ਤਾਂ ਦੇ ਦਿੰਦਾ ਹਾਂ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਹ ਹੈ ਕਿ ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਮੋਹਾਲੀ ਦੇ ਪਿੰਡਾਂ ਵਿੱਚ ਕੰਸੋਲੀਡੇਸ਼ਨ ਦਾ ਕੰਮ ਕਦੋਂ ਸ਼ੁਰੂ ਹੋਇਆ ਹੈ ਤੇ ਕਦੋਂ ਮੁਕੰਮਲ ਹੋਇਆ ਹੈ ? ਸਪੀਕਰ ਸਾਹਿਬ, ਵੈਸੇ ਮੇਰੇ ਕੋਲ ਇਨ੍ਹਾਂ ਪਿੰਡਾਂ ਦੇ ਨਾਮ ਵੀ ਹਨ ਮੈਂ ਉਨ੍ਹਾਂ ਪਿੰਡਾਂ ਦੇ ਨਾਮ ਬਾਰੇ ਬੋਲਣਾ ਵੀ ਚਾਹੁੰਦਾ ਹਾਂ...

**ਮਾਨਯੋਗ ਸਪੀਕਰ** : ਪਹਿਲਾਂ ਤੁਸੀਂ ਮੰਤਰੀ ਜੀ ਤੋਂ ਜਵਾਬ ਲੈ ਲਵੋ। ਪਿੰਡਾਂ ਦੇ ਨਾਮ ਬਾਅਦ ਵਿਚ ਕਹਿ ਲੈਣਾ।

**ਰਾਜ ਮੰਤਰੀ** : ਕੋਆਪਰੇਟਿਵ ਐਕਟ, 1912 ਦੇ ਅਧੀਨ ਔਰ ਪੰਜਾਬ ਕੰਸੋਲੀਡੇਸ਼ਨ ਆਫ਼ ਪੈਰੀਫੇਰੀ ਐਕਟ, 1936 ਦੇ ਅਧੀਨ ਇਨ੍ਹਾਂ ਪਿੰਡਾਂ ਦੀ ਚੱਕਬੰਦੀ ਹੋਈ ਹੈ ਔਰ ਇਹ ਕੁੱਲ 14 ਪਿੰਡ ਹਨ ਤੇ ਇਨ੍ਹਾਂ ਦੇ ਹੱਦ ਬਸਤ ਨੰਬਰ ਵੀ ਮੇਰੇ ਕੋਲ ਹਨ। ਇਨ੍ਹਾਂ ਸਾਰਿਆਂ ਪਿੰਡਾਂ ਦੀ 1922 ਦੇ ਐਕਟ ਔਰ 1936 ਦੇ ਐਕਟ ਦੇ ਅਧੀਨ ਚੱਕਬੰਦੀ ਹੋ ਚੁੱਕੀ ਹੈ।

**ਮਾਨਯੋਗ ਸਪੀਕਰ** : ਮੰਤਰੀ ਜੀ ਤੁਸੀਂ ਇਹ ਨਹੀਂ ਦੱਸਿਆ ਕਿ ਇਹ ਕੰਮ ਕਦੋਂ ਸ਼ੁਰੂ ਹੋਇਆ ਹੈ ਔਰ ਕਦੋਂ ਮੁਕੰਮਲ ਹੋਇਆ ਹੈ ?

**ਰਾਜ ਮੰਤਰੀ** : ਇਸ ਦੀ ਡੇਟ ਤਾਂ ਮੇਰੇ ਕੋਲ ਨਹੀਂ ਹੈ। ਜੋ 1948 ਦਾ ਐਕਟ ਚੱਕਬੰਦੀ ਦਾ ਬਣਿਆ ਹੈ ਉਸ ਤੋਂ ਪਹਿਲਾਂ ਇਹ ਚੱਕਬੰਦੀ ਹੋਈ ਹੈ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਆਪਣੀ ਗੱਲ ਦੇ ਉਤੇ ਆ ਹੀ ਗਏ ਹਨ। ਇਹ ਕੋਆਰਪਰੇਟਿਵ ਐਕਟ, 1922 ਦੀ ਗੱਲ ਕਰ ਰਹੇ ਹਨ। ਮੁਲਕ ਆਜ਼ਾਦ ਹੋਣ ਤੋਂ ਬਾਅਦ ਤਾਂ ਕਿਤੇ ਵੀ ਕੋਆਪਰੇਟਿਵ ਐਕਟ ਦੇ ਮੁਤਾਬਿਕ ਚੱਕਬੰਦੀ ਹੋਈ ਹੀ ਨਹੀਂ ਹੈ ਉਦੋਂ ਸਿਰਫ਼ ਪਲਾਟਬੰਦੀ ਹੋਈ ਸੀ। ਮੇਰੇ ਪਾਸ ਹੁਣ ਵੀ 1938 ਦਾ ਲੱਠਾ ਹੈ। ਉਨ੍ਹਾਂ ਪਿੰਡਾਂ ਦਾ ਉਸ ਤੋਂ ਬਾਅਦ ਕੁਝ ਵੀ ਨਹੀਂ ਹੋਇਆ ਹੈ, ਚੱਕਬੰਦੀ ਨਹੀਂ ਹੋਈ ਸਿਰਫ਼ ਪਲਾਟਬੰਦੀ ਹੀ ਹੋਈ ਹੈ ਜਿਥੇ 1922 ਦਾ ਕੋਆਪਰੇਟਿਵ ਐਕਟ ਹੈ ਉਥੇ 1938 ਦਾ ਐਕਟ ਕਿਵੇਂ ਲਾਗੂ ਹੋਇਆ ਹੈ। ਸਪੀਕਰ ਸਾਹਿਬ, ਮੰਤਰੀ ਸਾਹਿਬ ਇਹ ਦੱਸਣਗੇ ਕਿ ਜਿਹੜਾ 1922 ਦਾ ਕੋਆਰਪਰੇਟਿਵ ਐਕਟ ਹੈ ਔਰ ਜਿਹੜਾ ਇਹ 1948 ਦਾ ਚੱਕਬੰਦੀ ਐਕਟ ਹੈ ਇਨ੍ਹਾਂ ਦੋਨਾਂ ਦੇ ਵਿਚ ਕੀ ਫਰਕ ਹੈ ? 1948 ਦਾ ਜੋ ਚੱਕਬੰਦੀ ਐਕਟ ਹੈ ਕੀ ਉਸ ਦੇ ਮੁਤਾਬਿਕ ਮੁਰੱਬੇਬੰਦੀ ਕੀਤੀ ਹੈ ? ਉਸਦੇ ਮੁਤਾਬਿਕ ਕੰਸੋਲੀਡੇਸ਼ਨ ਕਿਵੇਂ ਹੋਈ ਔਰ 1922 ਦਾ ਜੋ ਕੋਆਪਰੇਟਿਵ ਐਕਟ ਹੈ ਉਹ ਕੀ ਹੈ ? ਇਨ੍ਹਾਂ ਦੋਨਾਂ ਐਕਟਾਂ ਦੇ ਵਿੱਚ ਕੀ ਵਖਰੇਵਾਂ ਹੈ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਸਤਿਕਾਰਯੋਗ ਐਮ.ਐਲ.ਏ. ਸਾਹਿਬ ਜੋ 1922 ਦੇ ਐਕਟ ਦੀ ਗੱਲ ਕਰਦੇ ਹਨ ਉਹ 1912 ਦਾ ਔਰ 1936 ਦਾ ਐਕਟ ਹੈ। ਬਹੁਤ ਸਾਰੇ ਅਜਿਹੇ ਪਿੰਡ ਹਨ ਜਿਨ੍ਹਾਂ ਦੀ ਕੋਆਪਰੇਟਿਵ ਐਕਟ ਦੇ ਅਧੀਨ ਚੱਕਬੰਦੀ ਹੋਈ ਹੈ, ਇਨ੍ਹਾਂ ਦੀ ਸੂਚੀ ਮੇਰੇ ਕੋਲ ਹੈ। ਇਹ ਸਾਰਾ ਕੰਮ ਕੋਆਪਰੇਟਿਵ ਐਕਟ ਦੇ ਅਧੀਨ ਹੋ ਗਿਆ ਹੈ। 1948 ਤੋਂ ਪਹਿਲਾਂ ਦੀ ਚੱਕਬੰਦੀ ਹੋ ਚੁੱਕੀ ਹੈ। ਪਿਛਲੇ ਪੰਜ ਸਾਲਾਂ ਦੇ ਵਿਚ ਕਿਸੇ ਵੀ ਪਿੰਡ ਦੀ ਚੱਕਬੰਦੀ ਕਰਵਾਉਣ ਦਾ ਉਪਰਾਲਾ ਹੀ ਨਹੀਂ ਕੀਤਾ ਹੈ ਇਸ ਕਰਕੇ ਇਹ ਮਹਿਕਮਾ ਬੰਦ ਕਰ ਦਿੱਤਾ ਗਿਆ ਹੈ ਔਰ ਇਸ ਮਹਿਕਮੇ ਦੇ ਜੋ ਮੁਲਾਜ਼ਮ ਹਨ ਉਨ੍ਹਾਂ ਨੂੰ ਅਸੀਂ ਰੇਵੇਨਿਊ ਡਿਪਾਰਟਮੈਂਟ ਦੇ ਵਿੱਚ ਮਰਜ਼ ਕਰ ਦਿੱਤਾ ਹੈ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਇਸ ਦੇ ਵਿੱਚ ਜੋ ਸਮੱਸਿਆ ਹੈ ਉਸ ਦਾ ਮੈਂ ਜ਼ਿਕਰ ਕਰ ਰਿਹਾ ਹਾਂ ਕਿ ਇਹ ਪੰਜਾਬ ਕੈਪੀਟਲ ਕੰਟਰੋਲ ਪੈਰੀਫੇਰੀ ਐਕਟ ਜੋ ਹੈ ਉਸ ਦੇ ਅਧੀਨ ਇਹ ਪਿੰਡ ਪੈਂਦੇ ਹਨ। ਜਦੋਂ ਤੱਕ ਕਿਸੇ ਵੀ ਪਿੰਡ ਦੇ ਲਾਲ ਡੋਰੇ ਦੀ ਹੱਦ ਨੂੰ ਵਧਾਇਆ ਨਹੀਂ ਜਾਵੇਗਾ ਉਦੋਂ ਤੱਕ ਉਥੇ ਕੋਈ ਵੀ ਕੰਸਟ੍ਰਕੱਸ਼ਨ ਨਹੀਂ ਹੋ ਸਕਦੀ, ਕੋਈ ਵੀ ਬਿਜਲੀ ਦਾ ਕੁਨੈਕਸ਼ਨ ਨਹੀਂ ਮਿਲ ਸਕਦਾ, ਪਾਣੀ ਦਾ ਕੁਨੈਕਸ਼ਨ ਨਹੀਂ ਮਿਲ ਸਕਦਾ ਔਰ ਪੁੱਡਾ ਦੇ ਕੋਲੋਂ ਇਨ੍ਹਾਂ ਕੁਨੈਕਸ਼ਨਾਂ ਸਬੰਧੀ ਨੋ-ਆਬਜੈਕਸ਼ਨ ਸਰਟੀਫਿਕੇਟ ਨਹੀਂ ਮਿਲਦਾ ਹੈ। ਇਸ ਦੇ ਵਿੱਚ ਸਮੱਸਿਆ ਇਹ ਹੀ ਹੈ ਕਿ ਜਦੋਂ ਤੱਕ ਲਾਲ ਡੋਰੇ ਦੀ ਹੱਦ ਨਹੀਂ ਵਧਾਈ ਜਾਵੇਗੀ ਉਦੋਂ ਤੱਕ ਇਨ੍ਹਾਂ ਪਿੰਡਾਂ ਦਾ ਵਿਕਾਸ ਕਿਵੇਂ ਹੋਵੇਗਾ। ਸਪੀਕਰ ਸਾਹਿਬ, ਜਦੋਂ ਕੰਸੋਲੀਡੇਸ਼ਨ ਹੋਵੇਗੀ ਤਾਂ ਹੀ ਫਿਰਨੀ ਬਣੇਗੀ ਤੇ ਜੇਕਰ ਫਿਰਨੀ ਬਣੇਗੀ ਤਾਂ ਲਾਲ ਡੋਰੇ ਦੀ ਹੱਦ ਵਧੇਗੀ ਤੇ ਪਿੰਡ ਦਾ ਵਿਕਾਸ ਹੋ ਸਕੇਗਾ। ਜੋ 1912 ਦਾ ਐਕਟ ਇਹ ਹੈ, ਇਹ ਤਾਂ ਪੁਰਾਣਾ ਹੈ ਤੇ 1938 ਦੇ ਐਕਟ ਅਧੀਨ ਸਿਰਫ ਪਲਾਟਬੰਦੀ ਹੀ ਹੋਈ ਹੈ ਤੇ ਕੰਸੋਲੀਡੇਸ਼ਨ ਐਕਟ, 1948 ਜੋ ਆਇਆ ਹੈ ਉਸ ਤੋਂ ਬਾਅਦ ਕੁਝ ਨਹੀਂ ਹੋਇਆ।

**ਮਾਨਯੋਗ ਸਪੀਕਰ** : ਕੀ ਤੁਸੀਂ ਇਸ ਦੀ ਫਿਰ ਕੰਸੋਲੀਡੇਸ਼ਨ ਕਰ ਸਕਦੇ ਹੋ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਪੈਰੀਫੇਰੀ ਐਕਟ ਦੀ ਗੱਲ ਕੀਤੀ ਹੈ ਉਸ ਦਾ ਸਾਡੇ ਮਹਿਕਮੇ ਦੇ ਨਾਲ ਕੋਈ ਸਬੰਧ ਨਹੀਂ ਹੈ ਔਰ ਇਹ ਚੰਡੀਗੜ੍ਹ ਦੇ ਨਾਲ ਲਗਦਾ ਹੈ। ਜੇਕਰ ਇਹ ਪੈਰੀਫੇਰੀ ਐਕਟ ਦੇ ਬਾਰੇ ਪੁੱਛਣਾ ਚਾਹੁੰਦੇ ਹਨ ਤਾਂ ਇਹ ਵੱਖਰਾ ਕੁਐਸਚਨ ਦੇ ਦੇਣ ਉਸ ਦਾ ਜਵਾਬ ਦੇ ਦੇਵਾਂਗੇ।

**ਮਾਨਯੋਗ ਸਪੀਕਰ** : ਅਗਲਾ ਸਵਾਲ।

---

**ਬਾਰੂਦੀ ਸੁਰੰਗਾਂ ਵਿਛਾਉਣ ਕਾਰਣ ਹੋਏ ਨੁਕਸਾਨ ਲਈ ਮੁਆਵਜ਼ਾ**

*304. **ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਕੀ ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਸਾਲ ਦੌਰਾਨ ਸਰਹੱਦੀ ਜ਼ਿਲ੍ਹਿਆਂ ਵਿਚ ਫੌਜ ਦੁਆਰਾ ਵਿਛਾਈਆਂ ਗਈਆਂ ਬਾਰੂਦੀ ਸੁਰੰਗਾਂ ਦੇ ਕਾਰਣ ਹੋਏ ਨੁਕਸਾਨ ਦੇ ਬਦਲੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਹੁਣ ਤਕ ਦਿੱਤੇ ਗਏ ਮੁਆਵਜ਼ੇ ਦੇ ਵੇਰਵੇ ਕੀ ਹਨ ?

**ਸਰਦਾਰ ਅਮਰਜੀਤ ਸਿੰਘ ਸਮਰਾ** : ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਗੁਰਦਾਸਪੁਰ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿੱਚ ਫੌਜ ਦੁਆਰਾ ਵਿਛਾਈਆਂ ਗਈਆਂ ਬਾਰੂਦੀ ਸੁਰੰਗਾਂ ਦੇ

Original with;
Punjab Vidhan Sabha
Digitized by;

ਕਾਰਨ ਹੋਏ ਨੁਕਸਾਨ ਦੇ ਬਦਲੇ ਕਿਸਾਨਾਂ ਨੂੰ ਹੁਣ ਤੱਕ ਦਿੱਤੇ ਗਏ ਮੁਆਵਜ਼ੇ ਦੇ ਵੇਰਵੇ ਹੇਠ ਅਨੁਸਾਰ ਦਰਸਾਏ ਜਾਂਦੇ ਹਨ :—

(ਰਕਮ ਰੁਪਇਆਂ ਵਿਚ)

| ਲੜੀ ਨੰ: | ਜ਼ਿਲ੍ਹਾ | ਮਿਲਟਰੀ ਅਥਾਰਟੀਜ਼ ਵਲੋਂ ਜਾਰੀ ਕੀਤੀ ਗਈ ਰਕਮ | ਪ੍ਰਭਾਵਿਤ ਕਿਸਾਨਾਂ ਨੂੰ ਵੰਡੀ ਗਈ ਰਕਮ | ਡੀ.ਸੀਜ਼, ਕੋਲ ਵੰਡਣਯੋਗ ਬਕਾਇਆ ਰਕਮ |
|---|---|---|---|---|
| 1 | ਅੰਮ੍ਰਿਤਸਰ | 20,00,00,000 | 19,90,35,000 | 9,65,000 |
| 2 | ਫਿਰੋਜ਼ਪੁਰ | 27,00,00,000 | 24,43,10,918 | 2,56,89,082 |
| 3 | ਗੁਰਦਾਸਪੁਰ | 4,00,00,000 | 3,47,33,257 | 52,66,743 |
| | ਕੁੱਲ ਰਕਮ | 51,00,00,000 | 47,80,79,175 | 3,19,20,825 |

2. ਖੇਤ ਮਜ਼ਦੂਰਾਂ ਲਈ 10,08,51,600 ਰੁਪਏ ਮੁਆਵਜ਼ੇ ਦੀ ਮੰਗ ਭਾਰਤ ਸਰਕਾਰ ਨੂੰ ਭੇਜੇ ਮੈਮੋਰੰਡਮ ਵਿਚ ਕੀਤੀ ਗਈ ਸੀ, ਜੋ ਭਾਰਤ ਸਰਕਾਰ ਵਲੋਂ ਅਜੇ ਤੱਕ ਮੰਨਜ਼ੂਰ ਨਹੀਂ ਕੀਤੀ ਗਈ ਹੈ। ਇਸ ਲਈ ਖੇਤ ਮਜ਼ਦੂਰਾਂ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ ਹੈ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 3, 19, 26, 825 ਰੁਪਏ ਬਕਾਇਆ ਹਨ, ਇਹ ਕਾਫ਼ੀ ਸਮੇਂ ਤੋਂ ਰਕਮ ਬਕਾਇਆ ਪਈ ਹੈ, ਇਹ ਕਿਉਂ ਨਹੀਂ ਦਿੱਤੀ ਜਾ ਰਹੀ ? ਇਸ ਦੇ ਕੀ ਕਾਰਨ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਜੋ ਰਕਮ ਹੈ, ਇਹ ਸਬੰਧਤ ਜ਼ਿਲ੍ਹਿਆਂ ਦੇ ਡੀ.ਸੀਜ਼ ਦੇ ਕੋਲ ਪਈ ਹੈ। ਕੋਈ ਕਲੇਮਮੈਂਟ ਨਹੀਂ ਆਉਂਦਾ ਜਾਂ ਫਿਰ ਲੋਕਾਂ ਦੇ ਆਪਸ ਵਿਚ ਝਗੜੇ ਹਨ। ਇਸ ਤੋਂ ਇਲਾਵਾ ਬਹੁਤ ਸਾਰੀ ਜ਼ਮੀਨ ਸਰਕਾਰ ਦੀ ਹੈ। ਇਸ ਬਾਰੇ ਜਾਣਬੁੱਝ ਕੇ ਕਲੇਮ ਨਹੀਂ ਕਰਦੇ। ਇਸੇ ਕਰਕੇ ਇਹ ਰਕਮ ਪਈ ਹੈ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਮੈਂ ਪੁਛੱਣਾ ਚਾਹੁੰਦਾ ਹਾਂ ਕਿ ਕਾਰਨ ਜੋ ਵੀ ਹਨ, ਕੀ ਇਸ ਦੇ ਲਈ ਕੋਈ ਉਪਰਾਲੇ ਕਰ ਰਹੇ ਹਨ ਕਿ ਕੋਈ ਕਮੇਟੀ ਬਣਾ ਕੇ ਇਹ ਰਕਮ ਦਿੱਤੀ ਜਾਵੇ ?

**ਰਾਜ ਮੰਤਰੀ** : ਅਸੀਂ ਤਾਂ ਬੜੀ ਕੋਸ਼ਿਸ਼ ਕਰ ਰਹੇ ਹਾਂ ਕਿ ਜਿਹੜੇ ਲੋੜਵੰਦ ਕਿਸਾਨ ਹਨ, ਜਿਨ੍ਹਾਂ ਦੀ ਰਕਮ ਪਈ ਹੈ, ਉਨ੍ਹਾਂ ਨੂੰ ਮਿਲੇ। ਅਸੀਂ ਕਈ ਵਾਰੀ ਤਹਿਸੀਲਦਾਰ, ਕਾਨੂੰਗੋ ਅਤੇ ਪਟਵਾਰੀਆਂ ਨਾਲ ਵੀ ਗੱਲ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਪਰ ਲੋਕ ਆਪਸ ਦੇ ਝਗੜਿਆਂ ਕਾਰਨ ਰਕਮ ਲੈਣ ਨਹੀਂ ਆਉਂਦੇ ਜਾਂ ਵਿਚੋਂ ਬਹੁਤ ਸਾਰੀ ਰਕਮ ਸਰਕਾਰ ਦੀ ਆਪਣੀ ਹੈ।

*Original with;*
Punjab Vidhan Sabha
*Digitized by;*
Panjab Digital Library

## ਬਿਜਲੀ ਦਰਾਂ ਵਿਚ ਵਾਧਾ

*320. **ਸ਼੍ਰੀ ਤਰਲੋਚਨ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ 1 ਮਾਰਚ, 1997 ਤੋਂ 28 ਅਪ੍ਰੈਲ, 2002 ਦੇ ਸਮੇਂ ਦੌਰਾਨ ਸਮੇਂ-ਸਮੇਂ ਤੇ ਖਪਤਕਾਰਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਬਿਜਲੀ ਦੀਆਂ ਦਰਾਂ ਵਿਚ ਕੀਤੇ ਗਏ ਵਾਧੇ ਦੇ ਵੇਰਵੇ ਕੀ ਹਨ ?

**ਕੈਪਟਨ ਅਮਰਿੰਦਰ ਸਿੰਘ** : ਲੋੜੀਂਦੇ ਵੇਰਵੇ ਬਤੌਰ ਅਨੁਲੱਗ 'ੳ' ਸਦਨ ਦੀ ਟੇਬਲ ਤੇ ਰੱਖੇ ਜਾਂਦੇ ਹਨ।

---

### ਅਨੁਲੱਗ 'ੳ'

| 11-7-1996 ਨੂੰ ਮੌਜੂਦਾ ਟੈਰਿਫ (ਪੈਸੇ ਪ੍ਰਤੀ ਯੂਨਿਟ) | | 29-7-1998 ਨੂੰ ਟੈਰਿਫ ਦੀ ਸੋਧ (ਪੈਸੇ ਪ੍ਰਤੀ ਯੂਨਿਟ) | | 1-7-2000 ਨੂੰ ਟੈਰਿਫ ਸੋਧ (ਪੈਸੇ ਪ੍ਰਤੀ ਯੂਨਿਟ) | |
|---|---|---|---|---|---|
| **ਘਰੇਲੂ** | | | | | |
| ਪਹਿਲੇ 25 ਯੂਨਿਟ | 92 | ਪਹਿਲੇ 30 ਯੂਨਿਟ | 120 | ਪਹਿਲੇ 100 ਯੂਨਿਟ | 150 |
| ਅਗਲੇ 75 ਯੂਨਿਟ | 127 | ਅਗਲੇ 70 ਯੂਨਿਟ | 173 | ਅਗਲੇ 200 ਯੂਨਿਟ | 260 |
| ਅਗਲੇ 400 ਯੂਨਿਟ | 162 | ਅਗਲੇ 400 ਯੂਨਿਟ | 216 | ਅਗਲੇ 300 ਤੋਂ ਵੱਧ | 290 |
| 500 ਤੋਂ ਉਪਰ | 202 | 500 ਤੋਂ ਉਪਰ ਯੂਨਿਟ | 263 | *ਸਾਰੀਆਂ ਯੂਨਿਟਾਂ ਲਈ | 350 |
| **ਐਨ.ਆਰ.ਐਸ.** | 250 | | 319 | | 250 |
| **ਸਮਾਲ ਪਾਵਰ** | | | | | |
| ਜਨਰਲ | 176 | | 225 | | |
| ਆਫ ਸੀਜ਼ਨਲ | 226 | | 275 | | 300 |
| **ਮੀਡੀਅਮ ਸਪਲਾਈ** | | | | | |
| ਜਨਰਲ | 191 | | 243 | | 285 |
| ਆਫ ਸੀਜ਼ਨਲ | 241 | | 293 | | 335 |
| **ਲਾਰਜ਼ ਸਪਲਾਈ** | | | | | |
| ਜਨਰਲ | 214 | | 275 | | 306 |
| ਪਾਵਰ ਇਨਟੈਨਸਿਵ | 229 | | 285 | | 306 |
| ਆਫ ਸੀਜ਼ਨਲ | 264 | | 325 | | 355 |

Original with;
Punjab Vidhan Sabha
Digitized by:
Panjab Digi

| | 11-7-1996 ਨੂੰ ਮੌਜੂਦਾ ਟੈਰਿਫ (ਪੈਸੇ ਪ੍ਰਤੀ ਯੂਨਿਟ) | 29-7-1998 ਨੂੰ ਟੈਰਿਫ ਦੀ ਸੋਧ (ਪੈਸੇ ਪ੍ਰਤੀ ਯੂਨਿਟ) | 1-7-2000 ਨੂੰ ਟੈਰਿਫ ਸੋਧ (ਪੈਸੇ ਪ੍ਰਤੀ ਯੂਨਿਟ) |
|---|---|---|---|
| **ਖੇਤੀਬਾੜੀ** | | | |
| ਫਲੈਟ ਰੇਟ | 50 ਰੁਪਏ ਪ੍ਰਤੀ ਬੀ.ਐਚ.ਪੀ | 14.2.97 ਤੋਂ ਮੁਫਤ ਸਪਲਾਈ | ਮੁਫਤ ਸਪਲਾਈ |
| **ਬਲਕ ਸਪਲਾਈ** | | | |
| ਐਚ.ਟੀ. | 220 | 286 | 315 |
| ਐਲ.ਈ. | 240 | 306 | 335 |
| **ਸਟਰੀਟ ਲਾਈਟ** | 250 | 319 | 350 |
| **ਰੇਲਵੇ** | 267 | 385 | 400 |

* ਮਿਤੀ 16 ਅਗਸਤ, 2001 ਤੋਂ 300 ਯੂਨਿਟਾਂ ਦੇ ਹੇਠਾਂ ਅੰਕਿਤ "ਸਾਰੀਆਂ ਯੂਨਿਟਾਂ ਲਈ" ਖਤਮ ਕਰ ਦਿੱਤਾ ਗਿਆ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਸਰਕਾਰ ਆਉਣ ਵਾਲੇ ਸਮੇਂ ਵਿਚ ਬਿਜਲੀ ਦੀਆਂ ਵੱਖ-ਵੱਖ ਦਰਾਂ ਦੇ ਵਿਚ ਵਾਧਾ ਕਰਨ ਜਾ ਰਹੀ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਵੇਂ ਆਪ ਜੀ ਨੂੰ ਪਤਾ ਹੈ ਕਿ ਇੱਕ ਟੈਰਿਫ ਰੈਗੂਲੇਟਰੀ ਕਮਿਸ਼ਨ ਬਿਠਾਇਆ ਗਿਆ ਹੈ। ਇਹ ਇੱਕ ਸਟੈਚੂਟਰੀ ਬਾਡੀ ਹੈ। ਇਹ ਵੇਖ ਲੈਂਦੇ ਹਨ ਕਿ ਕਿਸ ਕਿਸਮ ਦੇ ਟੈਰਿਫ ਨੂੰ ਵਧਾਉਣ ਦੀ ਲੋੜ ਹੈ ਜਾਂ ਨਹੀਂ। ਟੈਰਿਫ ਕਮਿਸ਼ਨ ਨੂੰ ਬਿਜਲੀ ਬੋਰਡ ਨੇ ਆਪਣੀ ਡਿਮਾਂਡ ਲਿਖੀ ਹੈ, ਇਹ ਉਨ੍ਹਾਂ ਨੇ ਵੇਖੀ ਹੋਣੀ ਹੈ। ਇਸ ਦੇ ਬਾਰੇ ਅਖਬਾਰਾਂ ਦੇ ਵਿਚ ਵੀ ਖਬਰ ਆ ਚੁੱਕੀ ਹੈ। ਇਸ ਤੋਂ ਬਾਅਦ ਗੌਰਮਿੰਟ ਵੀ ਆਪਣਾ ਪੱਖ ਵੇਖੇਗੀ। ਇਹ ਵੇਖਿਆ ਜਾਵੇਗਾ ਕਿ ਟੈਰਿਫ ਰਿਵੀਜ਼ਨ ਕਿੰਨੀ ਮੰਗੀ ਹੈ। ਇਸ ਦੇ ਬਾਰੇ ਕਦੋਂ ਗੱਲਬਾਤ ਹੋਵੇਗੀ ਅਤੇ ਕਿਸ ਤਰੀਕੇ ਨਾਲ ਹੋਵੇਗੀ, ਇਸ ਦੇ ਬਾਰੇ ਟੈਰਿਫ ਕਮਿਸ਼ਨ ਨਾਲ ਗੱਲਬਾਤ ਕਰਕੇ ਹੀ ਪਤਾ ਲਗੇਗਾ। ਗੌਰਮਿੰਟ ਟੈਰਿਫ ਕਮਿਸ਼ਨ ਨਾਲ ਗੱਲਬਾਤ ਕਰੇਗੀ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਜਾਣਨਾ ਚਾਹੁੰਦਾ ਹਾਂ ਕਿ ਕੀ ਆਉਣ ਵਾਲੇ ਸਮੇਂ ਵਿਚ ਜੇ ਸਰਕਾਰ ਇਨ੍ਹਾਂ ਦਰਾਂ ਵਿੱਚ ਵਾਧਾ ਕਰਨ ਜਾ ਰਹੀ ਹੈ ਤਾਂ ਜਿਹੜੇ ਗਰੀਬ ਕਿਸਾਨ ਅਤੇ ਸ਼ੈਡਿਊਲਡ ਕਾਸਟ ਵਰਗ ਦੇ ਭਰਾ ਹਨ, ਕੀ ਉਨ੍ਹਾਂ ਦਾ ਖਾਸ ਧਿਆਨ ਰੱਖਿਆ ਜਾਵੇਗਾ ? ਜਾਂ ਕੀ ਕੋਈ ਰਿਆਇਤਾਂ ਦਿੱਤੀਆਂ ਜਾ ਸਕਦੀਆਂ ਹਨ ?

**ਮੁੱਖ ਮੰਤਰੀ** : ਮੈਂ ਮੈਂਬਰ ਸਾਹਿਬ ਨਾਲ ਬਿਲਕੁਲ ਸਹਿਮਤ ਹਾਂ ਕਿ ਜਿਹੜੇ ਗਰੀਬ ਕਿਸਾਨ ਹਨ ਅਤੇ ਸ਼ੈਡਿਊਲਡ ਕਾਸਟ ਲੋਕ ਹਨ, ਉਨ੍ਹਾਂ ਦਾ ਅਸੀਂ ਹਮੇਸ਼ਾ ਧਿਆਨ ਰੱਖਦੇ ਹਾਂ। ਜੇ ਇਹੋ ਜਿਹੀ ਕੋਈ ਗੱਲ ਆਵੇਗੀ ਤਾਂ ਜਦੋਂ ਡਿਸਕਸ਼ਨ ਹੋਵੇਗੀ, ਅਸੀਂ ਇਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖਾਂਗੇ। (ਥੰਪਿੰਗ)।

Original with;
Punjab Vidhan Sabha
Digitized by;
Panjab Digital Library

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਜਿਵੇਂ ਮੁੱਖ ਮੰਤਰੀ ਸਾਹਿਬ ਨੇ ਆਖਿਆ ਹੈ ਕਿ ਇਹ ਮਸਲਾ ਟੈਰਿਫ ਰੈਗੂਲੇਟਰੀ ਕਮਿਸ਼ਨ ਦੇ ਸਾਹਮਣੇ ਹੈ। ਬਿਜਲੀ ਬੋਰਡ ਨੇ ਆਪਣੀ ਮੰਗ ਕਰ ਦਿੱਤੀ ਹੈ। ਲੇਕਿਨ ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਬਿਜਲੀ ਦੇ ਰੇਟਾਂ ਨੂੰ, ਟੈਰਿਫ ਨੂੰ ਵਧਾਉਣ ਵਾਸਤੇ ਪੰਜਾਬ ਸਰਕਾਰ ਦਾ ਕੀ ਫੈਸਲਾ ਹੈ ? ਕੀ ਪੰਜਾਬ ਸਰਕਾਰ ਹਾਮੀ ਹੈ ਕਿ ਇਹ ਬਿਲ ਵਧਣੇ ਚਾਹੀਦੇ ਹਨ ? ਜਾਂ ਪੰਜਾਬ ਸਰਕਾਰ ਬਿਜਲੀ ਬੋਰਡ ਨੂੰ ਇਹ ਗੱਲ ਆਖ ਸਕਦੀ ਹੈ ਕਿ ਸਮਾਂ ਮੰਗ ਨਹੀਂ ਕਰਦਾ ਕਿ ਬਿਜਲੀ ਦੀਆਂ ਦਰਾਂ ਵਿਚ ਵਾਧਾ ਕੀਤਾ ਜਾਵੇ ਕਿਉਂਕਿ ਤਿੰਨ-ਚਾਰ ਮਹੀਨੇ ਪਹਿਲਾਂ ਹੀ ਵਾਧਾ ਕੀਤਾ ਗਿਆ ਹੈ। ਕੀ ਮੁੱਖ ਮੰਤਰੀ ਸਾਹਿਬ ਹਾਊਸ ਨੂੰ ਵਿਸ਼ਵਾਸ਼ ਦਿਵਾਉਣਗੇ ਕਿ ਬਿਜਲੀ ਬੋਰਡ ਦੀ ਇਸ ਤਜਵੀਜ਼ ਨੂੰ ਵਾਪਸ ਕਰਵਾਉਣਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਮੈਂਬਰ ਸਾਹਿਬ ਨੇ ਜੋ ਸਵਾਲ ਕੀਤਾ ਹੈ, ਇਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿਉਂਕਿ ਇਹ ਵੀ ਇੱਥੇ ਵਿੱਤ ਮੰਤਰੀ ਰਹੇ ਹਨ। ਅੱਜ ਬਿਜਲੀ ਬੋਰਡ ਦੇ ਰੇਵੇਨਿਊ ਤੇ ਐਕਸਪੈਂਡੀਚਰ ਵਿਚ ਜੋ ਗੈਪ ਚਲ ਰਿਹਾ ਹੈ, ਇਹ ਤਕਰੀਬਨ 18 ਸੌ ਕਰੋੜ ਰੁਪਏ ਦਾ ਹੈ। ਅਗਰ ਬਿਜਲੀ ਬੋਰਡ ਨੂੰ ਚਲਾਉਣਾ ਹੈ ਤਾਂ ਇਹ ਦਰਾਂ ਇਨਕਰੀਜ ਹੋਣਗੀਆਂ। ਕਿੰਨੀਆਂ ਕੁ ਇਨਕਰੀਜ ਹੋਣਗੀਆਂ, ਇਸ ਬਾਰੇ ਜ਼ਰੂਰੀ ਨਹੀਂ ਕਿ ਬਿਜਲੀ ਬੋਰਡ ਜਿੰਨੀ ਮੰਗ ਕਰੇ, ਉਨੀਆਂ ਹੀ ਇਨਕਰੀਜ ਕਰਨ ਲਈ ਅਸੀਂ ਸਹਿਮਤ ਹੋਵਾਂਗੇ। ਅਸੀਂ ਬਜ਼ਟਰੀ ਤੌਰ ਤੇ ਜਿੰਨੀ ਕੁ ਹੈਲਪ ਬਿਜਲੀ ਬੋਰਡ ਦੀ ਕਰ ਸਕਦੇ ਹਾਂ, ਇਸ ਬਾਰੇ ਜਦੋਂ ਟੈਰਿਫ ਰੈਗੂਲੇਟਰੀ ਕਮਿਸ਼ਨ ਨਾਲ ਡਿਸਕਸ਼ਨ ਹੋਵੇਗੀ, ਉਸ ਵੇਲੇ ਹੀ ਦੱਸ ਦੇਵਾਂਗੇ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਸਦਨ ਵਿੱਚ ਇਹ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਦਿਨਾਂ ਵਿੱਚ ਸਰਕਾਰ ਘਰੇਲੂ, ਸਨਅਤੀ, ਕਮਰਸ਼ੀਅਲ ਅਤੇ ਖੇਤੀਬਾੜੀ ਦੇ ਬਿਜਲੀ ਦੇ ਬਿਲਾਂ ਵਿੱਚ ਕੋਈ ਵਾਧਾ ਕਰੇਗੀ ਜਾਂ ਨਹੀਂ ? ਇਸ ਬਾਰੇ ਕਲੀਅਰ ਪੁਜ਼ੀਸ਼ਨ ਸਰਕਾਰ ਦੱਸੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸਿਆ ਹੈ ਕਿ ਇਲੈਕਟ੍ਰੀਸਿਟੀ ਟੈਰਿਫ ਰੈਗੂਲੇਟਰੀ ਕਮਿਸ਼ਨ ਨਾਲ ਗੱਲਬਾਤ ਹੋਣੀ ਹੈ। ਉਸ ਤੋਂ ਬਾਅਦ ਹੀ ਫੀਗਰ ਦੱਸ ਸਕਦਾ ਹਾਂ। ਇਸ ਲਈ ਮੈਂ ਇਸ ਦੀ ਕੋਈ ਐਸ਼ਿਓਰੈਂਸ ਨਹੀਂ ਦੇ ਸਕਦਾ।

---

**ਛੇਹਰਟਾ-ਗੁਰਦੁਆਰਾ ਬਾਬਾ ਬੁੱਢਾ ਸਾਹਿਬ ਸੜਕ ਦੀ ਮੁਰੰਮਤ**

*308. **ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਛੇਹਰਟਾ ਤੋਂ ਪਿੰਡ ਢੰਡ ਅਤੇ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਤੱਕ ਸੜਕ ਦੀ ਮੁਰੰਮਤ ਕੀਤੀ ਜਾਣੀ ਬਣਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਸੜਕ ਦੀ ਮੁਰੰਮਤ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਹਾਂ ਜੀ, ਇਸ ਦੀ ਮੁਰੰਮਤ 31 ਮਾਰਚ, 2004 ਤੱਕ ਮੁਕੰਮਲ ਹੋ ਜਾਵੇਗੀ।

Original with;
Punjab Vidhan Sabha
Digitized by;

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਸੜਕ ਦੀ ਸ਼ੁਰੂਆਤ ਕਿਸ ਡੇਟ ਤੋਂ ਕਰਨਗੇ ?

**ਮੰਤਰੀ** : ਸਾਰੀਆਂ ਫਾਰਮੈਲਟੀਜ਼ ਅਸੀਂ ਟੈਂਡਰ ਕਰ ਲਈਆਂ ਹਨ ਅਤੇ 1-½ ਮਹੀਨਿਆਂ ਵਿੱਚ ਕਾਰਵਾਈ ਪੂਰੀ ਹੋ ਜਾਵੇਗੀ। ਇਹ ਸੜਕ ਬਹੁਤ ਹੀ ਅਹਿਮੀਅਤ ਰੱਖਦੀ ਹੈ, ਇਸ ਨੂੰ ਹਰ ਹਾਲਤ ਵਿੱਚ 31 ਮਾਰਚ, 2004 ਤੱਕ ਕੰਪਲੀਟ ਕਰ ਲਵਾਂਗੇ। ਇਹ ਪ੍ਰੋਗਰਾਮ ਨਬਾਰਡ ਸਕੀਮ ਨਾਲ ਟੇਕ-ਅੱਪ ਕੀਤਾ ਹੈ। ਜੇਕਰ ਅਪਰੂਵਲ ਹੋ ਗਈ, ਫੰਡ ਮਿਲ ਗਏ ਤਾਂ ਨਵੰਬਰ ਵਿਚ ਕੰਮ ਖਤਮ ਕਰ ਦੇਵਾਂਗੇ।

———

## ਬਿਆਸ-ਬਟਾਲਾ ਸੜਕ ਦੀ ਮੁਰੰਮਤ

*334. **ਸਰਦਾਰ ਜਸਬੀਰ ਸਿੰਘ ਗਿੱਲ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਿਆਸ ਤੋਂ ਬਟਾਲਾ ਤੱਕ ਸੜਕ, ਬਰਾਸਤਾ ਬਾਬਾ ਬਕਾਲਾ ਅਤੇ ਮਹਿਤਾ, ਦੀ ਹਾਲਤ ਖਸਤਾ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਸੜਕ ਦੀ ਮੁਰੰਮਤ ਕਦੋਂ ਤੱਕ ਕਰਵਾਏ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਹਾਂ ਜੀ। ਫੰਡਾਂ ਦੀ ਘਾਟ ਕਾਰਣ ਕੋਈ ਪੱਕੀ ਤਾਰੀਖ ਨਿਸਚਿਤ ਨਹੀਂ ਕੀਤੀ ਜਾ ਸਕਦੀ।

**ਸਰਦਾਰ ਜਸਬੀਰ ਸਿੰਘ ਗਿੱਲ** : ਸਪੀਕਰ ਸਾਹਿਬ, ਸਰਕਾਰ ਕੋਲ ਇਸ ਸਾਲ ਦੇ ਬਜਟ ਵਿੱਚ 20 ਕਰੋੜ ਰੁਪਿਆ ਸੜਕਾਂ ਲਈ ਅਨ-ਯੂਟੇਲਾਈਜ਼ ਪਿਆ ਹੈ। ਕੀ ਇਸ ਪੈਸੇ ਵਿੱਚੋਂ ਇਹ ਰਿਪੇਅਰ ਕਰਵਾ ਦਿੱਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਸਾਡੇ ਕੋਲ 20 ਕਰੋੜ ਰੁਪਿਆ ਨਹੀਂ ਹੈ। ਇਹ ਇਨਫਰਮੇਸ਼ਨ ਗਲਤ ਹੈ। ਇਹ ਸੜਕ ਡਿਫੈਂਸ ਪੁਆਇੰਟ ਆਫ ਵਿਊ ਨਾਲ ਕਾਫੀ ਅਹਿਮੀਅਤ ਰੱਖਦੀ ਹੈ। ਇਸ ਨੂੰ ਜਲਦੀ ਤੋਂ ਜਲਦੀ ਬਣਾ ਦੇਵਾਂਗੇ। ਅਸੀਂ ਇਸ ਸੜਕ ਦਾ ਕੰਮ ਵਰਲਡ ਬੈਂਕ ਨਾਲ ਟੇਕ-ਅੱਪ ਕੀਤਾ ਹੋਇਆ ਹੈ ਅਤੇ ਇਸ ਦੀ ਅਪਗਰੇਡੇਸ਼ਨ ਲਈ 33.38 ਕਰੋੜ ਰੁਪਿਆ ਮੰਗ ਰਹੇ ਹਾਂ ਪਰ ਚੂੰਕਿ ਇਹ ਪੈਸਾ ਕਦੋਂ ਆਵੇਗਾ, ਟਾਈਮ ਵੀ ਲੱਗ ਸਕਦਾ ਹੈ, ਇਸ ਲਈ ਅਸੀਂ ਇਸ ਸਾਲ ਹੀ ਸੀ.ਆਰ.ਐਫ. ਅੰਡਰ ਇਸ ਨੂੰ ਬਣਾ ਦੇਵਾਂਗੇ ਕਿਉਂਕਿ ਇਹ ਅਹਿਮ ਸੜਕ ਹੈ।

———

## ਰਾਜ ਵਿਚ ਨਵੀਆਂ ਤਹਿਸੀਲਾਂ/ਸਬ-ਤਹਿਸੀਲਾਂ

*319. **ਸ਼੍ਰੀ ਤਰਲੋਚਨ ਸਿੰਘ** : ਕੀ ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ— —

(ੳ) ਸਾਲ 1997 ਤੋਂ ਫਰਵਰੀ, 2002 ਤੱਕ ਦੇ ਸਮੇਂ ਦੌਰਾਨ ਰਾਜ ਵਿਚ ਬਣਾਈਆਂ ਗਈਆਂ ਨਵੀਆਂ ਤਹਿਸੀਲਾਂ/ਸਬ-ਤਹਿਸੀਲਾਂ ਦੀ ਗਿਣਤੀ ਅਤੇ ਨਾਂ ਕੀ-ਕੀ ਹਨ;

Original with;
Punjab Vidhan Sabha
Digitized by;

[ਸ਼੍ਰੀ ਤਰਲੋਚਨ ਸਿੰਘ]

(ਅ) ਕੀ ਉਕਤ ਤਹਿਸੀਲਾਂ/ਸਬ-ਤਹਿਸੀਲਾਂ ਅਮਰੀਕ ਸਿੰਘ ਪੂੰਨੀ ਕਮੇਟੀ ਦੀ ਰਿਪੋਰਟ ਦੇ ਆਧਾਰ ਤੇ ਬਣਾਈਆਂ ਗਈਆਂ ਸਨ; ਜੇਕਰ ਨਹੀਂ, ਤਾਂ ਇਸਦੇ ਕਾਰਨ ਕੀ ਹਨ ?

**ਸਰਦਾਰ ਅਮਰਜੀਤ ਸਿੰਘ ਸਮਰਾ** : (ੳ) ਸਾਲ 1997 ਤੋਂ ਫਰਵਰੀ, 2002 ਤੱਕ ਰਾਜ ਵਿੱਚ 2 ਤਹਿਸੀਲਾਂ ਅਤੇ 26 ਸਬ-ਤਹਿਸੀਲਾਂ ਬਣਾਈਆਂ ਗਈਆਂ ਸਨ। ਇਨਾ ਦੇ ਨਾਵਾਂ ਦੀ ਸੂਚੀ ਅਨੁਲੱਗ-1 ਤੇ ਹੈ।

(ਅ) ਇਹ ਤਹਿਸੀਲਾਂ/ਸਬ-ਤਹਿਸੀਲਾਂ ਕੇਵਲ ਸ਼੍ਰੀ ਅਮਰੀਕ ਸਿੰਘ ਪੂੰਨੀ ਕਮੇਟੀ ਦੀ ਰਿਪੋਰਟ ਵਿੱਚ ਦਿੱਤੀਆਂ ਅਗਵਾਈ ਲੀਹਾਂ ਅਨੁਸਾਰ ਨਹੀਂ ਬਣਾਈਆਂ ਗਈਆਂ ਸਨ। ਇਨ੍ਹਾਂ ਤਹਿਸੀਲਾਂ/ਸਬ-ਤਹਿਸੀਲਾਂ ਦੀ ਰਚਨਾ ਦਾ ਹੋਰ ਕਾਰਣ ਇਹ ਵੀ ਸੀ ਕਿ ਮੰਤਰੀ ਮੰਡਲ ਨੇ ਆਪਣੀ ਮੀਟਿੰਗ ਮਿਤੀ 23 ਜੂਨ, 2001 ਵਿੱਚ ਫੈਸਲਾ ਲਿਆ ਸੀ ਕਿ ਆਬਾਦੀ ਦੇ ਵਾਧੇ ਅਤੇ ਭੌਂ ਅਤੇ ਪਰਿਵਾਰਾਂ ਦੀਆਂ ਜਾਇਦਾਦਾਂ ਦੀ ਵੰਡ ਕਾਰਣ ਮੌਜੂਦਾ ਤਹਿਸੀਲਾਂ ਵਿੱਚ ਰਜਿਸਟਰੇਸ਼ਨ ਦਾ ਕੰਮ ਵੱਧ ਗਿਆ ਸੀ। ਇਸ ਲਈ ਮੰਤਰੀ ਮੰਡਲ ਦੇ ਫੈਸਲੇ ਅਨੁਸਾਰ ਕੰਮ-ਕਾਜ ਵਿੱਚ ਹੋਰ ਕੁਸ਼ਲਤਾ ਲਿਆਉਣ ਲਈ ਹੋਰ ਸਬ-ਤਹਿਸੀਲਾਂ ਦੀ ਰਚਨਾ ਕਰਨ ਦੀ ਬਹੁਤ ਲੋੜ ਸੀ। ਮੰਡਲ ਕਮਿਸ਼ਨਰਾਂ/ਡਿਪਟੀ ਕਮਿਸ਼ਨਰਾਂ ਦੀਆਂ ਸਿਫਾਰਸ਼ਾਂ ਪ੍ਰਾਪਤ ਕਰਨ ਉਪਰੰਤ, ਦੋ ਤਹਿਸੀਲਾਂ ਅਤੇ 26 ਸਬ-ਤਹਿਸੀਲਾਂ ਦੀ ਰਚਨਾ ਕੀਤੀ ਗਈ ਸੀ।

**ਅਨੁਲੱਗ 1**

ਸਾਲ 1997 ਤੋਂ ਫਰਵਰੀ, 2002 ਦੌਰਾਨ ਨਵੀਆਂ ਬਣੀਆਂ ਤਹਿਸੀਲਾਂ ਅਤੇ ਸਬ-ਤਹਿਸੀਲਾਂ ਦੀ ਸੂਚੀ

**ਤਹਿਸੀਲਾਂ**

| ਲੜੀ ਨੰ: | ਤਹਿਸੀਲ ਦਾ ਨਾਂ |
|---|---|
| 1 | ਬਾਘਾ ਪੁਰਾਣਾ |
| 2 | ਡੇਰਾ ਬੱਸ਼ੀ |

**ਸਬ-ਤਹਿਸੀਲਾਂ**

| ਲੜੀ ਨੰ: | ਸਬ-ਤਹਿਸੀਲ ਦਾ ਨਾਂ |
|---|---|
| 1 | ਲੋਪੋਕੇ |
| 2 | ਰਾਮਦਾਸ |
| 3 | ਭਿੱਖੀਵਿੰਡ |
| 4 | ਚੋਹਲਾ ਸਾਹਿਬ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਸਬ-ਤਹਿਸੀਲ ਦਾ ਨਾਂ |
|---|---|
| 5 | ਮਜੀਠਾ |
| 6 | ਅਟਾਰੀ |
| 7 | ਤਰਸਿੱਕਾ |
| 8 | ਦੀਨਾ ਨਗਰ |
| 9 | ਨੌਸ਼ਹਿਰਾ ਮੱਝਾ ਸਿੰਘ |
| 10 | ਧਾਰੀਵਾਲ |
| 11 | ਫਤਿਹਗੜ੍ਹ ਚੂੜੀਆਂ |
| 12 | ਮਾਹਿਲਪੁਰ |
| 13 | ਗੌਰਾਇਆ |
| 14 | ਸਾਦਿਕ |
| 15 | ਭਗਤਾ ਭਾਈਕਾ |
| 16 | ਸੰਗਤ |
| 17 | ਭਿੱਖੀ |
| 18 | ਝੂਨੀਰ |
| 19 | ਖੂਹੀਆਂ ਸਰਵਰ |
| 20 | ਸੀਤੋ ਗੁਨੋ |
| 21 | ਅਰਨੀਵਾਲਾ ਸ਼ੇਖ ਸੁਭਾਨ |
| 22 | ਲੱਖੇਵਾਲੀ |
| 23 | ਬਰੀਵਾਲਾ |
| 24 | ਬੱਧਨੀ ਕਲਾਂ |
| 25 | ਕੂਮ ਕਲਾਂ |
| 26 | ਸਿੱਧਵਾ ਬੇਟ |

**Mr. Speaker :** Question Hour is over. The remaining Question shall be deemed to have been answered under Rule 38 of the Rules of Procedure and Conduct of Business in the Punjab Vidhan Sabha.

*Original with;*
Punjab Vidhan Sabha
*Digitized by;*

## WRITTEN ANSWER TO STARRED QUESTION LAID ON THE TABLE OF THE HOUSE UNDER RULE 38

### ਪਿੰਡ ਮਕੌੜਾ/ਤੂੜ, ਜ਼ਿਲ੍ਹਾ ਗੁਰਦਾਸਪੁਰ ਵਿਖੇ ਰਾਵੀ ਦਰਿਆ ਉਪਰ ਬੇੜੀਆਂ ਦਾ ਪੁੱਲ ਬਣਾਉਣਾ

*427. **ਸ਼੍ਰੀਮਤੀ ਅਰੁਨਾ ਚੌਧਰੀ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜ਼ਿਲ੍ਹਾ ਗੁਰਦਾਸਪੁਰ ਵਿਚ ਪਿੰਡਾਂ ਮਕੌੜਾ ਅਤੇ ਤੂੜ ਦੇ ਵਿਚਕਾਰ ਸੜਕ ਤੇ ਰਾਵੀ ਦਰਿਆ ਉਪਰ ਬੇੜੀਆਂ ਦਾ/ਆਰਜ਼ੀ ਪੁੱਲ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਕਦੋਂ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਨਹੀਂ ਜੀ।

---

## UNSTARRED QUESTIONS AND ANSWERS

### ਜ਼ਿਲ੍ਹਾ ਸਦਰਮੁਕਾਮਾਂ ਤੇ ਜੇਲ੍ਹਾਂ ਸਥਾਪਿਤ ਕਰਨਾ

57. **ਸ਼੍ਰੀ ਅਵਿਨਾਸ਼ ਰਾਏ ਖੰਨਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਦੇ ਹਰ ਇਕ ਜ਼ਿਲ੍ਹਾ ਸਦਰਮੁਕਾਮ ਵਿਖੇ ਜੇਲ੍ਹ ਹੈ; ਜੇਕਰ ਨਹੀਂ, ਤਾਂ ਹਰ ਇਕ ਜ਼ਿਲ੍ਹੇ ਦੇ ਸਦਰਮੁਕਾਮ ਤੇ ਕਦੋਂ ਤੱਕ ਜੇਲ੍ਹ ਸਥਾਪਿਤ ਕੀਤੇ ਜਾਣ ਦੀ ਸੰਭਾਵਨਾ ਹੈ; ਅਤੇ

(ਅ) ਕੈਦੀਆਂ ਨੂੰ ਇਕ ਜੇਲ੍ਹ ਵਿਚੋਂ ਦੂਜੀਆਂ ਜੇਲ੍ਹਾਂ ਵਿਚ ਲਿਜਾਣ ਲਈ ਸਰਕਾਰ ਵੱਲੋਂ ਸਾਲਾਨਾ ਕੁੱਲ ਕਿੰਨਾ ਖਰਚ ਕੀਤਾ ਜਾ ਰਿਹਾ ਹੈ ?

**ਕੈਪਟਨ ਅਮਰਿੰਦਰ ਸਿੰਘ** : (ੳ) ਨਹੀਂ ਜੀ। ਲੋੜੀਂਦੇ ਫੰਡ ਉਪਲੱਬਧ ਹੋਣ ਤੇ ਉਚਿਤ ਸਮੇਂ ਤੇ ਕਾਰਵਾਈ ਕੀਤੀ ਜਾਵੇਗੀ।

(ਅ) ਲਗਭਗ 25 ਲੱਖ ਰੁਪਏ ਪ੍ਰਤੀ ਸਾਲ।

---

### ਗੜ੍ਹਸ਼ੰਕਰ ਵਿਖੇ ਇਕ ਸਰਕਾਰੀ ਕਾਲਜ ਖੋਲ੍ਹਣਾ

58. **ਸ਼੍ਰੀ ਅਵਿਨਾਸ਼ ਰਾਏ ਖੰਨਾ** : ਕੀ ਉਚੇਰੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਕੋਈ ਸਰਕਾਰੀ ਕਾਲਜ ਹੈ; ਜੇਕਰ ਨਹੀਂ, ਤਾਂ ਕੀ ਉਥੇ ਕੋਈ ਕਾਲਜ ਖੋਲ੍ਹੇ ਜਾਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਨਹੀਂ ਤਾਂ ਇਸ ਦੇ ਕਾਰਨ ਕੀ ਹਨ ?

**ਸ਼੍ਰੀ ਖੁਸ਼ਹਾਲ ਬਹਿਲ** : ਨਹੀਂ ਜੀ। ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਕੋਈ ਸਰਕਾਰੀ ਕਾਲਜ ਨਹੀਂ ਹੈ ਅਤੇ ਨਾ ਹੀ ਗੜ੍ਹਸ਼ੰਕਰ ਵਿਖੇ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਸਾਲ 2002-2003 ਦੇ ਯੋਜਨਾ ਬਜਟ ਵਿਚ ਰਾਜ ਵਿਚ ਨਵਾਂ ਕਾਲਜ ਖੋਲ੍ਹਣ ਲਈ ਕੋਈ ਉਪਬੰਧ ਨਹੀਂ ਹੈ ਜੀ।

Original with;
Punjab Vidhan Sabha
Digitized by;
Panjab Digital Library

## ਸਿਵਲ ਹਸਪਤਾਲ, ਗੜ੍ਹਸ਼ੰਕਰ ਵਿਚ ਪੋਸਟ ਮਾਰਟਮ ਹਾਊਸ ਦੀ ਉਸਾਰੀ

59. **ਸ਼੍ਰੀ ਅਵਿਨਾਸ਼ ਰਾਏ ਖੰਨਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਗੜ੍ਹਸ਼ੰਕਰ ਵਿਖੇ ਸਿਵਲ ਹਸਪਤਾਲ ਦੇ ਅੰਦਰ ਪੋਸਟ ਮਾਰਟਮ ਹਾਊਸ ਦੀ ਉਸਾਰੀ ਕਰਨ ਦੀ ਤਜਵੀਜ਼ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਅਮਲੀ ਰੂਪ ਕਦੋਂ ਤੱਕ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਰਮੇਸ਼ ਚੰਦਰ ਡੋਗਰਾ** : ਮਾਮਲਾ ਵਿਚਾਰ ਅਧੀਨ ਹੈ।

---

## ਜ਼ਿਲ੍ਹਾ ਹੁਸ਼ਿਆਰਪੁਰ ਵਿਚ ਦਰਜ਼ ਕੀਤੇ ਗਏ ਗੈਰ-ਜ਼ਮਾਨਤੀ ਕੇਸਾਂ ਦੀ ਗਿਣਤੀ

60. **ਸ਼੍ਰੀ ਅਵਿਨਾਸ਼ ਰਾਏ ਖੰਨਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜਨਵਰੀ, 2001 ਤੋਂ ਬਾਅਦ ਮਿਤੀ ਅੰਤ ਤੱਕ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਦਰਜ਼ ਕੀਤੇ ਗਏ ਗੈਰ-ਜ਼ਮਾਨਤੀ ਕੇਸਾਂ ਦੀ ਕੁੱਲ ਗਿਣਤੀ ਕਿੰਨੀ ਹੈ; ਅਤੇ

(ਅ) ਅਜਿਹੇ ਕੇਸਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਦੋਸ਼ੀਆਂ ਨੂੰ ਪੁਲਿਸ ਦੁਆਰਾ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਅਜਿਹੇ ਦੋਸ਼ੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੇ ਅਗੇਤੀ ਜਮਾਨਤ ਕਰਵਾ ਲਈ ਹੈ ?

**ਕੈਪਟਨ ਅਮਰਿੰਦਰ ਸਿੰਘ** : ਲੋੜੀਂਦੀ ਸੂਚਨਾ ਹੇਠ ਅਨੁਸਾਰ ਹੈ :—

| | ਸਾਲ 2001 | ਸਾਲ 2002 | ਸਾਲ 2003 28-2-03 ਤੱਕ | ਕੁੱਲ |
|---|---|---|---|---|
| (ੳ) ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਦਰਜ਼ ਗੈਰ-ਜ਼ਮਾਨਤੀ ਕੇਸਾਂ ਦੀ ਗਿਣਤੀ | 896 | 963 | 184 | 2043 |
| (ਅ) (i) ਮੁਕੱਦਮਿਆਂ ਦੀ ਗਿਣਤੀ ਜਿਨ੍ਹਾਂ ਵਿੱਚ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ | 693 | 727 | 149 | 1569 |
| (ii) ਦੋਸ਼ੀ ਜੋ ਅਗੇਤੀ ਜ਼ਮਾਨਤ ਲੈਣ ਵਿੱਚ ਕਾਮਯਾਬ ਹੋ ਗਏ, ਦੀ ਗਿਣਤੀ | 192 | 191 | 54 | 437 |

---

## ਕਣਕ ਅਤੇ ਝੋਨੇ ਦਾ ਘੱਟੋ-ਘੱਟ ਸਮਰਥਨ ਮੁੱਲ

67. **ਸ਼੍ਰੀ ਤਿਕਸ਼ਨ ਸੂਦ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕਿਸਾਨਾਂ ਨੂੰ ਸਰਕਾਰੀ ਏਜੰਸੀਆਂ ਦੁਆਰਾ ਕਣਕ ਅਤੇ ਝੋਨੇ ਦੀ ਖਰੀਦ ਤੇ ਸਾਲ 1982 ਤੋਂ 2002 ਤੱਕ ਦਿੱਤੇ ਗਏ ਘੱਟੋ-ਘੱਟ ਸਮਰਥਨ ਮੁੱਲ ਦਾ ਸਾਲ-ਵਾਰ ਵੇਰਵਾ ਕੀ ਹੈ; ਅਤੇ

Original with;
Punjab Vidhan Sabha
Digitized by;

[ਸ਼੍ਰੀ ਤਿਕਸ਼ਨ ਸੂਦ]

(ਅ)ਕੀ ਕੇਂਦਰ ਜਾਂ ਰਾਜ ਸਰਕਾਰ ਦੁਆਰਾ ਉਪਰੋਕਤ ਭਾਗ (ੳ) ਵਿਚ ਵਰਣਿਤ ਸਾਲਾਂ ਵਿਚ ਘੱਟੋ-ਘੱਟ ਸਮਰਥਨ ਮੁੱਲ ਤੋਂ ਇਲਾਵਾ ਕੋਈ ਬੋਨਸ ਦਿੱਤਾ ਗਿਆ ਸੀ; ਜੇਕਰ ਦਿੱਤਾ ਗਿਆ ਸੀ, ਤਾਂ ਉਸ ਦੇ ਵੇਰਵੇ ਕੀ ਹਨ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : (ੳ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਅਨੁਲੱਗ 'ੳ' ਅਨੁਸਾਰ ਰੱਖੀ ਜਾਂਦੀ ਹੈ।

(ਅ) ਲੋੜੀਂਦੀ ਸੂਚਨਾ ਵੀ ਅਨੁਲੱਗ 'ੳ' ਤੇ ਹੀ ਵੇਖ ਲਈ ਜਾਵੇ।

---

**ਅਨੁਲੱਗ 'ੳ'**

ਸ਼੍ਰੀ ਤਿਕਸ਼ਨ ਸੂਦ, ਐਮ.ਐਲ.ਏ. ਦੇ ਪ੍ਰਸ਼ਨ ਦੇ ਸਬੰਧ ਵਿੱਚ ਜਵਾਬ।

| | **ਘੱਟੋ -ਘੱਟ ਕੀਮਤ (ਰੁਪਏ/ਕੁਇੰਟਲ)** | | | | |
|---|---|---|---|---|---|
| (ੳ) ਸਰਕਾਰੀ ਏਜੰਸੀਆਂ ਵੱਲੋਂ ਕਣਕ ਅਤੇ ਝੋਨੇ ਦੀ ਘੱਟੋ-ਘੱਟ ਕੀਮਤ ਜਿਹੜੀ ਕਿ ਕਿਸਾਨਾਂ ਨੂੰ ਸਾਲ 1982 ਤੋਂ 2002 ਦੌਰਾਨ ਦੇ ਦਿੱਤੀ ਗਈ। | **ਸਾਲ** | **ਕਣਕ** | | **ਝੋਨਾ** | |
| | 1981-82 | 142 | | 115 | |
| | 1982-83 | 151 | | 122 | |
| | 1983-84 | 152 | | 132 | |
| | 1984-85 | 157 | | 137 | |
| | 1985-86 | 162 | | 142 | |
| | 1986-87 | 166 | | 146 | |
| | | | **ਕਾਮਨ** | **ਫਾਈਨ** | **ਸੁਪਰ ਫਾਈਨ** |
| | 1987-88 | 173 | 150 | 152 | 154 |
| | 1988-89 | 183 | 160 | 170 | 180 |
| | 1989-90 | 215 | 185 | 195 | 205 |
| | 1990-91 | 225 | 205 | 215 | 225 |
| | 1991-92 | 250 | 230 | 240 | 250 |
| | 1992-93 | 305 | 270 | 280 | 290 |
| | 1993-94 | 350 | 310 | 330 | 350 |
| | 1994-95 | 360 | 340 | 360 | 380 |
| | 1995-96 | 380 | 360 | 375 | 395 |
| | 1996-97 | 415 | 380 | 395 | 415 |
| | | | **ਕਾਮਨ** | | **ਗਰੇਡ-ਏ** |
| | 1997-98 | 455 | 415 | | 445 |
| | 1998-99 | 550 | 440 | | 470 |
| | 1999-2000 | 580 | 490 | | 520 |
| | 2000-01 | 610 | 510 | | 540 |
| | 2001-02 | 620 | 530 | | 560 |
| | 2002-03 | 620 | 530 | | 560 |

riginal with;
unjab Vidhan Sabha
igitized by:

| | | | | |
|---|---|---|---|---|
| (ਅ) ਭਾਰਤ ਸਰਕਾਰ ਜਾਂ ਰਾਜ | 1984-85 | 157+5* | 137+3* | |
| ਸਰਕਾਰ ਵੱਲੋਂ 1982 ਤੋਂ | | **ਕਾਮਨ** | **ਫਾਈਨ** | **ਸੁਪਰ ਫਾਈਨ** |
| 2002 ਦੇ 20 ਸਾਲਾਂ ਦੌਰਾਨ | 1987-88 | 150+17* | 152+17* | 154+17* |
| ਘੱਟੋ-ਘੱਟ ਕੀਮਤ ਤੋਂ ਇਲਾਵਾ | 1991-92 | 250+25**+5* | | |
| ਕੋਈ ਬੋਨਸ ਦਿੱਤਾ ਗਿਆ ? | 1992-93 | 305+25* | | |
| ਜੇਕਰ ਦਿੱਤਾ ਗਿਆ ਤਾਂ | 1996-97 | 415+60** | | |
| ਉਸਦਾ ਵੇਰਵਾ ਦੱਸਿਆ ਜਾਵੇ। | 1997-98 | 455+55* | | |
| | | | **ਕਾਮਨ** | **ਗਰੇਡ-ਏ** |
| | 2002-03 | 620+10** | 530+20** | 560+20** |

*ਰਾਜ ਸਰਕਾਰ ਵੱਲੋਂ ਘੋਸ਼ਿਤ ਕੀਤਾ ਗਿਆ ਬੋਨਸ।

**ਭਾਰਤ ਸਰਕਾਰ ਵੱਲੋਂ ਘੋਸ਼ਿਤ ਕੀਤਾ ਗਿਆ ਬੋਨਸ।

ਨੋਟ :

(1) ਝੋਨੇ ਦੀ ਫਸਲ ਦੀ ਕਾਮਨ, ਫਾਈਨ ਅਤੇ ਸੁਪਰ ਫਾਈਨ/ਗਰੇਡ-ਏ ਕਿਸਮ ਲਈ ਬੋਨਸ ਕੇਂਦਰੀ ਸਰਕਾਰ ਅਤੇ ਰਾਜ ਸਰਕਾਰ ਵਲੋਂ ਦੇਣਾ ਬਣਦਾ ਹੈ।

(2) ਰਾਜ ਸਰਕਾਰ ਵਲੋਂ ਝੋਨਾ ਖਰੀਦ, 2001 ਦੀ ਫਸਲ ਲਈ 30 ਰੁਪਏ ਪ੍ਰਤੀ ਕੁਇੰਟਲ ਬੋਨਸ ਵੀ ਘੋਸ਼ਿਤ ਕੀਤਾ ਗਿਆ ਹੈ ਜੋ ਕਿ ਤਿੰਨ ਬਰਾਬਰ ਕਿਸ਼ਤਾਂ ਵਿੱਚ ਵੰਡਿਆ ਜਾਣਾ ਹੈ।

(3) ਸਾਲ 1981-82 ਤੋਂ 1983-84 ਤੱਕ ਕੇਂਦਰੀ ਸਰਕਾਰ/ਰਾਜ ਸਰਕਾਰ ਵਲੋਂ ਕੋਈ ਬੋਨਸ ਨਹੀਂ ਦਿੱਤਾ ਗਿਆ।

---

## ਮੰਤਰੀਆਂ ਦੇ ਬੰਗਲਿਆਂ ਨੂੰ ਸਜਾਉਣ ਤੇ ਖਰਚ

68. **ਸ਼੍ਰੀ ਤਿਕਸ਼ਨ ਸੂਦ** : ਕੀ ਲੋਕ ਕਾਰਜ, (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਤੀ 1 ਮਾਰਚ, 2002 ਤੋਂ ਲੈ ਕੇ ਹੁਣ ਤੱਕ ਹਰ ਇਕ ਮੰਤਰੀ ਅਤੇ ਸੰਸਦੀ ਸਕੱਤਰਾਂ ਦੇ ਬੰਗਲਿਆਂ ਨੂੰ ਸਜਾਉਣ ਤੇ ਕਿੰਨਾ ਖਰਚ ਹੋਇਆ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ।

Original with;
Punjab Vidhan Sabha
Digitized by;

[ਲੋਕ ਨਿਰਮਾਣ (ਭ: ਤੇ ਮ:) ਮੰਤਰੀ]

## ANNEXURE "A"

The number of bunglows allotted to Ministers and Parliamentary Secretaries is 23. Total amount spent on the furnishing of these Bunglows is Rs. 47.39 lacs. Average expenditure of each Bunglow is Rs. 2.06 lacs approximately.

| Sr. No. | Name of the Hon'ble Minister and Parliamentary Secretary | Kothi No./Sector | Department |
|---|---|---|---|
| 1 | Smt. Rajinder Kaur Bhattal | 46, Sector 2, Chandigarh | Rural Dev. & Panchayat, Dev. of Women & Children, Agriculture |
| 2 | Ch. Jagjit Singh | 43, Sector 2, Chandigarh | Local Govt., Parli. Affairs & Labour & Employment |
| 3 | Sh. Lal Singh | 44, Sector 2, Chandigarh | Finance, Planning, Food & Civil Supplies |
| 4 | Sh. Khushhal Behl | 951, Sector 39, Chandigarh | Higher Education & Languages, Secondary & Primary Education |
| 5 | Sh. Partap Singh Bajwa | 42, Sector 2, Chandigarh | Public Works Department (B&R), Elections |
| 6 | Sh. Tej Parkash Singh | 33, Sector 5, Chandigarh | Transport |
| 7 | Sh. R.C. Dogra | 962, Sector 39, Chandigarh | Medical Education & Research, Health & Family Welfare |
| 8 | Sh. Ragunath Sahay Puri | 958, Sector 39, Chandigarh | Housing & Urban Dev. |
| 9 | Sh. Gurchet Singh Bhuller | 960, Sector 39, Chandigarh | Irrigation |
| 10 | Sh. Santokh Singh | 952, Sector 39, Chandigarh | Social Security, Welfare of S.C.s/B.C.s |
| 11 | Sh. Jagmohan Singh Kang | 964, Sector 39, Chandigarh | Animal Husbandary, Dairy Development & Fisheries |

riginal with;
unjab Vidhan Sabha
igitized by;
njab Digital Library

| Sr. No. | Name of the Hon'ble Minister and Parliamentary Secretary | Kothi No./Sector | Department |
|---|---|---|---|
| 12 | Sh. Sardool Singh | 954, Sector 39, Chandigarh | Excise & Taxation |
| 13 | Sh. Mohinder Singh Kaypee | 957, Sector 39, Chandigarh | Technical Education & Industrial Training |
| 14 | Sh. Avtar Henry | 956, Sector 39, Chandigarh | Sci. & Tech., Civil Aviation |
| 15 | S. Parkash Singh Badal | 50, Sector 2, Chandigarh | Leader of Opposition |
| 16 | Sh. Jasjit Singh Randhawa | 961, Sector 39, Chandigarh | Public Health (Ind. Charge), Rural Dev. & Panchayat |
| 17 | Sh. Amarjit Singh Samra | 7, Sector 3, Chandigarh | Revenue & Rehabilitation (Ind. Charge), Agriculture, Cooperation |
| 18 | Dr. Harbans Lal | 963, Sector 39, Chandigarh | Forest (Ind. Charge), Food & Civil Supplies |
| 19 | Sh. Rakesh Pandey | 924, Sector 39, Chandigarh | Printing & Stationery (Ind. Charge) |
| 20 | Dr. Ramesh Dutt Sharma | 925, Sector 39, Chandigarh | Removal of Grie. (Ind. Charge), Family Welfare, Medical Education & Research |
| 21 | Sh. Ashwani Sekhri | 953, Sector 39, Chandigarh | Culture Affairs & Tourism, Arch. & Museums |
| 22 | Sh. Gurbinder Singh Atwal | 928, Sector 39, Chandigarh | Cooperation |
| 23 | Dr. Mohinder Kumar Rinwa | 959, Sector 39, Chandigarh | Horticulture Science & Tech. & Environment |

Original with;
Punjab Vidhan Sabha
Digitized by;

## ਮੰਤਰੀਆਂ ਦੇ ਟੈਲੀਫੋਨ ਬਿਲਾਂ ਤੇ ਖਰਚਾ

**69. ਸ਼੍ਰੀ ਤਿਕਸ਼ਨ ਸੂਦ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੁਆਰਾ ਮੰਤਰੀਆਂ ਅਤੇ ਸੰਸਦੀ ਸਕੱਤਰਾਂ ਦੇ ਟੈਲੀਫੋਨ ਬਿਲਾਂ ਲਈ 1 ਮਾਰਚ, 2002 ਤੋਂ ਮਿਤੀ ਅੰਤ ਤੱਕ ਕਿੰਨੀ ਰਕਮ ਅਦਾ ਕੀਤੀ ਗਈ ?

**ਕੈਪਟਨ ਅਮਰਿੰਦਰ ਸਿੰਘ** : ਲੋੜੀਂਦੀ ਸੂਚਨਾ ਅਨੁਲੱਗ-'ੳ' ਤੇ ਰੱਖੀ ਜਾਂਦੀ ਹੈ।

### ਅਨੁਲੱਗ-'ੳ'

ਮਿਤੀ 01-03-2002 ਤੋਂ 28-02-2003 ਤੱਕ ਮੰਤਰੀਆਂ/ਸੰਸਦੀ ਸਕੱਤਰਾਂ ਦੇ ਟੈਲੀਫੋਨ ਬਿਲਾਂ ਤੇ ਹੋਏ ਖਰਚੇ ਦਾ ਵੇਰਵਾ :-

| ਲੜੀ ਨੰ: | ਮੰਤਰੀ/ਸੰਸਦੀ ਸਕੱਤਰ ਦਾ ਨਾਂ | ਰਕਮ |
|---|---|---|
| | ਸ੍ਰਵਸ਼੍ਰੀ/ਸ੍ਰੀਮਤੀ | ਰੁਪਏ |
| 1 | ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ | 4,18,848.00 |
| 2 | ਰਾਜਿੰਦਰ ਕੌਰ ਭੱਠਲ, ਪੇਂਡੂ ਵਿਕਾਸ ਤੇ ਪੰਚਾਇਤਾਂ ਅਤੇ ਖੇਤੀਬਾੜੀ ਮੰਤਰੀ | 1,74,245.00 |
| 3 | ਚੌਧਰੀ ਜਗਜੀਤ ਸਿੰਘ, ਸਥਾਨਕ ਸਰਕਾਰ ਮੰਤਰੀ | 82,589.00 |
| 4 | ਲਾਲ ਸਿੰਘ, ਵਿੱਤ ਮੰਤਰੀ | 88,524.00 |
| 5 | ਖੁਸ਼ਹਾਲ ਬਹਿਲ, ਸਿੱਖਿਆ ਮੰਤਰੀ | 1,49,609.00 |
| 6 | ਪ੍ਰਤਾਪ ਸਿੰਘ ਬਾਜਵਾ, ਲੋਕ ਨਿਰਮਾਣ ਮੰਤਰੀ | 2,10,527.00 |
| 7 | ਤੇਜ਼ ਪ੍ਰਕਾਸ਼ ਸਿੰਘ, ਟਰਾਂਸਪੋਰਟ ਮੰਤਰੀ | 85,315.00 |
| 8 | ਰਮੇਸ਼ ਚੰਦਰ ਡੋਗਰਾ, ਸਿਹਤ ਅਤੇ ਪਰਿਵਾਰ ਭਲਾਈ ਮੰਤਰੀ | 1,54,586.00 |
| 9 | ਰਘੂਨਾਥ ਸਹਾਏਪੁਰੀ, ਮਕਾਨ ਉਸਾਰੀ ਮੰਤਰੀ | 1,85,442.00 |
| 10 | ਗੁਰਚੇਤ ਸਿੰਘ ਭੁੱਲਰ, ਸਿੰਚਾਈ ਮੰਤਰੀ | 2,13,142.00 |
| 11 | ਚੌ: ਸੰਤੋਖ ਸਿੰਘ, ਸਮਾਜਿਕ ਸੁਰੱਖਿਆ ਭਲਾਈ ਮੰਤਰੀ | 1,51,658.00 |
| 12 | ਜਗਮੋਹਣ ਸਿੰਘ ਕੰਗ, ਪਸ਼ੂ ਪਾਲਣ ਮੰਤਰੀ | 1,07,569.00 |
| 13 | ਸਰਦੂਲ ਸਿੰਘ, ਕਰ ਤੇ ਆਬਕਾਰੀ ਮੰਤਰੀ | 1,18,577.00 |
| 14 | ਮਹਿੰਦਰ ਸਿੰਘ ਕੇ. ਪੀ, ਤਕਨੀਕੀ ਸਿੱਖਿਆ ਮੰਤਰੀ | 1,43,244.00 |
| 15 | ਅਵਤਾਰ ਹੈਨਰੀ, ਉਦਯੋਗ ਅਤੇ ਵਣਜ ਮੰਤਰੀ | 1,10,229.00 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਮੰਤਰੀ/ਸੰਸਦੀ ਸਕੱਤਰ ਦਾ ਨਾਂ | ਰਕਮ |
|---|---|---|
| | ਸ੍ਰੀ/ਸ੍ਰੀਮਤੀ | ਰੁਪਏ |
| 16 | ਜਸਜੀਤ ਸਿੰਘ ਰੰਧਾਵਾ, ਮੰਤਰੀ ਜਨ ਸਿਹਤ | 1,32,756.00 |
| 17 | ਅਮਰਜੀਤ ਸਿੰਘ ਸਮਰਾ, ਮੰਤਰੀ ਮਾਲ ਤੇ ਪੁਨਰਵਾਸ | 1,17,908.00 |
| 18 | ਡਾ: ਹਰਬੰਸ ਲਾਲ, ਮੰਤਰੀ ਜੰਗਲਾਤ | 63,340.00 |
| 19 | ਡਾ: ਰਾਕੇਸ਼ ਪਾਂਡੇ, ਮੰਤਰੀ ਪ੍ਰਿੰਟਿੰਗ ਅਤੇ ਸਟੇਸ਼ਨਰੀ | 1,09,035.00 |
| 20 | ਡਾ: ਰਮੇਸ਼ ਦੱਤ ਸ਼ਰਮਾ, ਮੰਤਰੀ ਸ਼ਿਕਾਇਤ ਨਿਵਾਰਨ | 73,797.00 |
| 21 | ਅਸ਼ਵਨੀ ਸੇਖੜੀ, ਮੰਤਰੀ ਯਾਤਰਾ ਅਤੇ ਸਭਿਆਚਾਰਕ ਮਾਮਲੇ | 95,897.00 |
| 22 | ਗੁਰਬਿੰਦਰ ਸਿੰਘ ਅਟਵਾਲ, ਸੰਸਦੀ ਸਕੱਤਰ ਸਹਿਕਾਰਤਾ | 1,26,669.00 |
| 23 | ਡਾ: ਮਹਿੰਦਰ ਕੁਮਾਰ ਰਿਣਵਾਂ, ਸੰਸਦੀ ਸਕੱਤਰ ਬਾਗਬਾਨੀ, ਸਾਇੰਸ ਅਤੇ ਟੈਕਨਾਲੋਜੀ | 1,48,794.00 |
| | ਕੁੱਲ ਜੋੜ | 32,62,300.00 |

## ਰਾਜ ਵਿਚ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ

70. **ਸ੍ਰੀ ਤਿਕਸ਼ਨ ਸੂਦ** : ਕੀ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਵਿਚ ਅਧਿਆਪਕਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ?

**ਸ੍ਰੀ ਖੁਸ਼ਹਾਲ ਬਹਿਲ** : ਇਸ ਸਮੇਂ ਪੰਜਾਬ ਰਾਜ ਵਿਚ ਟੀਚਰਾਂ ਦੀਆਂ 15710 ਪੋਸਟਾਂ ਖਾਲੀ ਹਨ। ਇਨ੍ਹਾਂ ਵਿਚੋਂ ਐਲੀਮੈਂਟਰੀ ਸਕੂਲਾਂ ਵਿਚ 11083 ਅਤੇ ਸੈਕੰਡਰੀ ਸਕੂਲਾਂ ਵਿਚ 4627 ਪੋਸਟਾਂ ਖਾਲੀ ਹਨ, ਜਿਨ੍ਹਾਂ ਦਾ ਜਿਲ੍ਹਾਵਾਰ ਵੇਰਵਾ ਨਾਲ ਨੱਥੀ ਹੈ।

### ਸਿੱਖਿਆ ਵਿਭਾਗ ਵਿਚ ਜ਼ਿਲ੍ਹਾਵਾਰ ਖਾਲੀ ਪੋਸਟਾਂ ਦੀ ਗਿਣਤੀ

| ਜ਼ਿਲ੍ਹਾ | ਐਲੀਮੈਂਟਰੀ ਸਕੂਲਾਂ ਵਿਚ ਖਾਲੀ ਪੋਸਟਾਂ ਦੀ ਗਿਣਤੀ | ਸੈਕੰਡਰੀ ਸਕੂਲਾਂ ਵਿਚ ਖਾਲੀ ਪੋਸਟਾਂ ਦੀ ਗਿਣਤੀ |
|---|---|---|
| ਅੰਮ੍ਰਿਤਸਰ | 1400 | 832 |
| ਬਠਿੰਡਾ | 198 | 157 |
| ਫਰੀਦਕੋਟ | 147 | 48 |
| ਫਤਹਿਗੜ੍ਹ ਸਾਹਿਬ | 340 | 107 |

Original with;
Punjab Vidhan Sabha
Digitized by;
Panjab Digital Library

[ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

| ਜ਼ਿਲ੍ਹਾ | ਐਲੀਮੈਂਟਰੀ ਸਕੂਲਾਂ ਵਿਚ ਖਾਲੀ ਪੋਸਟਾਂ ਦੀ ਗਿਣਤੀ | ਸੈਕੰਡਰੀ ਸਕੂਲਾਂ ਵਿਚ ਖਾਲੀ ਪੋਸਟਾਂ ਦੀ ਗਿਣਤੀ |
|---|---|---|
| ਫਿਰੋਜ਼ਪੁਰ | 827 | 432 |
| ਗੁਰਦਾਸਪੁਰ | 975 | 221 |
| ਹੁਸ਼ਿਆਰਪੁਰ | 938 | 319 |
| ਜਲੰਧਰ | 1065 | 560 |
| ਕਪੂਰਥਲਾ | 373 | 260 |
| ਲੁਧਿਆਣਾ | 1192 | 327 |
| ਮਾਨਸਾ | 254 | 307 |
| ਮੁਕਤਸਰ | 323 | 202 |
| ਮੋਗਾ | 462 | 247 |
| ਨਵਾਂ ਸ਼ਹਿਰ | 382 | 204 |
| ਪਟਿਆਲਾ | 898 | 178 |
| ਰੋਪੜ | 497 | 71 |
| ਸੰਗਰੂਰ | 812 | 155 |
| | 11083 | 4627 |

## ਅੱਤਵਾਦ ਦੇ ਸ਼ਿਕਾਰ ਹੋਏ ਵਿਅਕਤੀਆਂ ਨੂੰ ਨੌਕਰੀਆਂ ਦੇਣਾ

74. **ਸ਼੍ਰੀ ਤਰਲੋਚਨ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਅੱਤਵਾਦ ਦੇ ਸ਼ਿਕਾਰ ਹੋਏ ਉਨ੍ਹਾਂ ਵਿਅਕਤੀਆਂ ਦੀ ਜ਼ਿਲ੍ਹੇ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਜਿਨ੍ਹਾਂ ਨੂੰ ਹੁਣ ਤੱਕ ਰੁਜ਼ਗਾਰ ਅਤੇ ਪੁਨਰ-ਵਾਸ ਲਈ ਹੋਰ ਲਾਭ ਮੁਹੱਈਆ ਨਹੀਂ ਕਰਵਾਏ ਗਏ ਹਨ ਅਤੇ ਅਜਿਹੇ ਵਿਅਕਤੀਆਂ ਨੂੰ ਰੁਜ਼ਗਾਰ ਅਤੇ ਹੋਰ ਲਾਭ ਕਦੋਂ ਤੱਕ ਮੁਹੱਈਆ ਕਰਵਾਏ ਜਾਣ ਦੀ ਸੰਭਾਵਨਾ ਹੈ ?

**ਕੈਪਟਨ ਅਮਰਿੰਦਰ ਸਿੰਘ** : (ੳ) ਰੁਜ਼ਗਾਰ ਦੇਣ ਲਈ ਮੌਜੂਦਾ ਪੈਂਡਿੰਗ ਕੇਸਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :

| ਲੜੀ ਨੰ: | ਜਿਲ੍ਹੇ ਦਾ ਨਾਂ | ਗਿਣਤੀ |
|---|---|---|
| 1 | ਅੰਮ੍ਰਿਤਸਰ | 214 |
| 2 | ਬਠਿੰਡਾ | 11 |
| 3 | ਫਰੀਦਕੋਟ | ਨਿਲ |

Original with;
Punjab Vidhan Sabha
Digitized by;

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਗਿਣਤੀ |
|---|---|---|
| 4 | ਫਤਹਿਗੜ੍ਹ ਸਾਹਿਬ | 9 |
| 5 | ਫਿਰੋਜ਼ਪੁਰ | 11 |
| 6 | ਗੁਰਦਾਸਪੁਰ | 83 |
| 7 | ਹੁਸ਼ਿਆਰਪੁਰ | 17 |
| 8 | ਜਲੰਧਰ | 14 |
| 9 | ਕਪੂਰਥਲਾ | 9 |
| 10 | ਲੁਧਿਆਣਾ | 34 |
| 11 | ਮਾਨਸਾ | 1 |
| 12 | ਮੋਗਾ | 1 |
| 13 | ਮੁਕਤਸਰ | 15 |
| 14 | ਨਵਾਂ ਸ਼ਹਿਰ | ਨਿਲ |
| 15 | ਪਟਿਆਲਾ | 18 |
| 16 | ਰੂਪਨਗਰ | 5 |
| 17 | ਸੰਗਰੂਰ | 7 |
| | ਕੁਲ | 449 |

(ਅ) ਯੋਗ ਉਮੀਦਵਾਰਾਂ ਨੂੰ ਛੇ ਮਹੀਨੇ ਅੰਦਰ ਨੌਕਰੀ ਦੇਣ ਦਾ ਉਪਰਾਲਾ ਕੀਤਾ ਜਾਵੇਗਾ।

(ੲ) ਹੋਰ ਸਹੂਲਤਾਂ ਸਰਕਾਰ ਦੀ ਪਾਲਿਸੀ ਅਨੁਸਾਰ ਦਿੱਤੀਆਂ ਗਈਆਂ ਹਨ।

**ਡੈਪੂਟੇਸ਼ਨ ਤੇ ਆਈ.ਏ.ਐਸ. ਅਤੇ ਆਈ.ਪੀ.ਐਸ. ਅਫ਼ਸਰਾਂ ਦੀ ਗਿਣਤੀ**

76. (1) **ਸ਼੍ਰੀ ਤਰਲੋਚਨ ਸਿੰਘ**
(2) **ਸਰਦਾਰ ਗੁਰਜੰਟ ਸਿੰਘ** } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਦੂਜੇ ਰਾਜਾਂ ਤੋਂ ਇਸ ਸਮੇਂ ਪੰਜਾਬ ਸਰਕਾਰ ਪਾਸ ਡੈਪੂਟੇਸ਼ਨ ਤੇ ਵੱਖ-ਵੱਖ ਕੁੱਲ ਕਿੰਨੇ ਆਈ.ਏ.ਐਸ. ਅਤੇ ਆਈ.ਪੀ.ਐਸ. ਅਫ਼ਸਰ ਕੰਮ ਕਰ ਰਹੇ ਹਨ;

(ਅ) ਕੀ ਸਰਕਾਰ ਭਵਿੱਖ ਵਿਚ ਉਕਤ ਅਫ਼ਸਰਾਂ ਨੂੰ ਆਪਣੇ-ਆਪਣੇ ਮੂਲ ਰਾਜ ਵਿਚ ਭੇਜਣ ਦੀ ਕੋਈ ਤਜਵੀਜ਼ ਰੱਖਦੀ ਹੈ, ਜੇਕਰ ਅਜਿਹਾ ਹੈ; ਤਾਂ ਇਸਦੇ ਵੇਰਵੇ ਕੀ ਹਨ?

Original with;
Punjab Vidhan Sabha
Digitized by;

**ਕੈਪਟਨ ਅਮਰਿੰਦਰ ਸਿੰਘ —**

(ੳ) ਇਸ ਸਮੇਂ ਇੱਕ ਆਈ.ਏ.ਐਸ. ਅਧਿਕਾਰੀ ਅਤੇ ਇੱਕ ਆਈ.ਪੀ.ਐਸ. ਅਧਿਕਾਰੀ ਦੂਜੇ ਰਾਜਾਂ ਤੋਂ ਪੰਜਾਬ ਸਰਕਾਰ ਵਿੱਚ ਡੈਪੂਟੇਸ਼ਨ ਉੱਤੇ ਕੰਮ ਕਰ ਰਹੇ ਹਨ।

(ਅ) ਇਨ੍ਹਾਂ ਅਧਿਕਾਰੀਆਂ ਦੇ ਤਰਸਯੋਗ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਦੇ ਡੈਪੂਟੇਸ਼ਨ ਸਮੇਂ ਵਿੱਚ ਇੱਕ ਹੋਰ ਸਾਲ ਦਾ ਵਾਧਾ ਕਰਨ ਸਬੰਧੀ ਭਾਰਤ ਸਰਕਾਰ ਨੂੰ ਤਜਵੀਜ਼ ਭੇਜੀ ਗਈ ਹੈ।

---

## ਪੁਲਿਸ ਥਾਨਾ ਲੋਪੋਕੇ ਅਤੇ ਝੰਡਰ ਵਿਖੇ ਕੇਸ ਦਰਜ਼ ਕਰਨੇ

80. (1) **ਸਰਦਾਰ ਵੀਰ ਸਿੰਘ ਲੋਪੋਕੇ**
(2) **ਡਾਕਟਰ ਰਤਨ ਸਿੰਘ** } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੁਲਿਸ ਜ਼ਿਲ੍ਹਾ ਅੰਮ੍ਰਿਤਸਰ ਵਿਚ ਥਾਨਾ ਲੋਪੋਕੇ ਅਤੇ ਝੰਡਰ ਵਿਖੇ ਜਨਵਰੀ, 2002 ਤੋਂ ਲੈ ਕੇ ਹੁਣ ਤੱਕ ਦੇ ਸਮੇਂ ਦੌਰਾਨ ਆਈ.ਪੀ.ਸੀ. ਦੀਆਂ ਧਾਰਾਵਾਂ 302, 307, 326 ਅਤੇ 107-151 ਅਧੀਨ ਅਲੱਗ-ਅਲੱਗ ਕਿੰਨੇ ਕੇਸ ਦਰਜ ਕੀਤੇ ਗਏ; ਅਤੇ

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿਚੋਂ ਕਿੰਨੇ ਕੇਸ ਇਕ ਤਰਫ਼ਾ ਦਰਜ ਕੀਤੇ ਗਏ ਅਤੇ ਇਸ ਦੇ ਕਾਰਣ ਕੀ ਹਨ ?

**ਕੈਪਟਨ ਅਮਰਿੰਦਰ ਸਿੰਘ** : ਮਿਤੀ 1 ਜਨਵਰੀ, 2002 ਤੋਂ 9 ਮਾਰਚ, 2003 ਤੱਕ ਦਾ ਪੈਰਾ ਵਾਇਜ਼ ਜਵਾਬ ਹੇਠ ਲਿਖੇ ਅਨੁਸਾਰ ਹੈ ਜੀ :—

| (ੳ) | | ਲੋਪੋਕੇ | ਝੰਡੇਰ | ਕੁੱਲ |
|---|---|---|---|---|
| 1. | ਦਰਜ਼ ਹੋਏ ਕੇਸ ਅ/ਧ 302 ਹਿੰ:ਦੰ: | 9 | 4 | 13 |
| 2. | ਦਰਜ਼ ਹੋਏ ਕੇਸ ਅ/ਧ 307 ਹਿੰ:ਦੰ | 3 | 5 | 8 |
| 3. | ਦਰਜ਼ ਹੋਏ ਕੇਸ ਅ/ਧ 326 ਹਿੰ:ਦੰ | 21 | 6 | 27 |
| 4. | 107/151 ਸੀ.ਆਰ.ਪੀ.ਸੀ. | 84 | 35 | 119 |
| (ਅ) | | | | |
| 1. | 302 ਭ:ਦ: ਵਿੱਚ ਇੱਕ ਤਰਫਾ | — | — | — |
| 2. | 307 ਭ:ਦ: ਵਿੱਚ ਇੱਕ ਤਰਫਾ | — | — | — |
| 3. | 326 ਭ:ਦ: ਵਿੱਚ ਇੱਕ ਤਰਫਾ | — | — | — |
| 4. | ਕਰਾਸ ਕੇਸ 326 ਭ:ਦ: | 2 | 2 | 4 |
| 5. | 107/151 ਇੱਕ ਤਰਫਾ | 60 | 23 | 83 |
| 6. | ਕਰਾਸ ਕੇਸ 107/151 ਸੀ.ਆਰ. ਪੀ.ਸੀ. | 24 | 12 | 36 |

Original with;
Punjab Vidhan Sabha
Digitized by;

**ਇੱਕ ਤਰਫਾ ਕਾਰਵਾਈ ਦੇ ਕਾਰਨ :**

ਅਧੀਨ ਧਾਰਾ 107/151 ਸੀ.ਆਰ.ਪੀ.ਸੀ. ਦੀ ਕਾਰਵਾਈ ਵਿੱਚ ਕੇਸ ਦਰਜ ਨਹੀਂ ਕੀਤਾ ਜਾਂਦਾ, ਪਰ ਇਹ ਰੋਕੂ ਕਾਰਵਾਈ ਹੁੰਦੀ ਹੈ। ਕਈ ਕੇਸਾਂ ਵਿੱਚ ਹਾਲਾਤਾਂ ਦੇ ਮੁਤਾਬਿਕ ਅ/ਧ 107/151 ਦੀ ਕਾਰਵਾਈ ਕੇਵਲ ਇੱਕ ਪਾਰਟੀ ਦੇ ਖਿਲਾਫ ਹੀ ਕੀਤੀ ਜਾਂਦੀ ਹੈ।

---

**ਕੇਂਦਰੀ ਸਰਕਾਰ ਪਾਸ ਡੈਪੂਟੇਸ਼ਨ ਤੇ ਪੰਜਾਬ ਕਾਡਰ ਦੇ ਆਈ.ਏ.ਐਸ. ਅਫ਼ਸਰ**

81. **ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਕਾਡਰ ਦੇ ਕੁੱਲ ਕਿੰਨੇ ਆਈ.ਏ.ਐਸ. ਅਫ਼ਸਰਾਂ ਨੂੰ ਮਾਰਚ, 2002 ਤੋਂ ਹੁਣ ਤੱਕ ਦੇ ਦੌਰਾਨ ਕੇਂਦਰੀ ਸਰਕਾਰ ਪਾਸ ਡੈਪੂਟੇਸ਼ਨ ਤੇ ਭੇਜਿਆ ਗਿਆ; ਅਤੇ

(ਅ) ਕੇਂਦਰੀ ਸਰਕਾਰ ਵਿਚ ਪੰਜਾਬ ਕਾਡਰ ਦੇ ਆਈ.ਏ.ਐਸ. ਅਫ਼ਸਰਾਂ ਵਿਚੋਂ ਡੈਪੂਟੇਸ਼ਨ ਤੇ ਭਰੀਆਂ ਜਾਣ ਵਾਲੀਆਂ ਖਾਲੀ ਪਈਆਂ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

**ਕੈਪਟਨ ਅਮਰਿੰਦਰ ਸਿੰਘ** : (ੳ) ਮਾਰਚ 2002 ਤੋਂ ਹੁਣ ਤੱਕ 6(ਛੇ) ਆਈ.ਏ.ਐਸ. ਅਧਿਕਾਰੀਆਂ ਨੂੰ ਭਾਰਤ ਸਰਕਾਰ ਵਿਚ ਡੈਪੂਟੇਸ਼ਨ ਤੇ ਭੇਜਿਆ ਗਿਆ ਹੈ।

(ਅ) ਇਸ ਵੇਲੇ ਕੇਂਦਰੀ ਸਰਕਾਰ ਵਿਚ ਡੈਪੂਟੇਸ਼ਨ ਦੀਆਂ 19 ਅਸਾਮੀਆਂ ਖਾਲੀ ਹਨ ਜਿਨ੍ਹਾਂ ਨੂੰ ਪੰਜਾਬ ਸਰਕਾਰ ਦੇ ਆਈ.ਏ.ਐਸ. ਕਾਡਰ ਦੇ ਅਧਿਕਾਰੀਆਂ ਵਿਚੋਂ ਭਰਿਆ ਜਾਣਾ ਹੈ। ਇਨ੍ਹਾਂ ਖਾਲੀ ਅਸਾਮੀਆਂ ਨੂੰ ਨਿਕਟ ਭਵਿੱਖ ਵਿੱਚ ਭਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ।

---

**ਬਿਨ੍ਹਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 82**

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)*

---

**ਰਾਜ ਦਾ ਦਿਹਾਤੀ ਵਿਕਾਸ ਫੰਡ**

83. **ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਕੀ ਵਿੱਤ ਅਤੇ ਯੋਜਨਾਬੰਦੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਮਾਰਚ, 2002 ਤੱਕ ਦਿਹਾਤੀ ਵਿਕਾਸ ਫੰਡ ਵਿੱਚ ਕੁੱਲ ਕਿੰਨੀ ਰਕਮ ਦੇ ਫੰਡ ਪਏ ਸਨ ਅਤੇ ਇਸ ਸਮੇਂ ਉਕਤ ਫੰਡ ਵਿਚ ਕਿੰਨੀ ਰਕਮ ਦੇ ਫੰਡ ਪਏ ਹਨ; ਅਤੇ

---

है, किस बेसिन में पंजाब फाल करता है। इंडस बेसिन के अंदर पंजाब फाल करता है जिस बेसिज़ पर पंजाब की डिवीज़न हुई थी। Indus basin is a deficit basin जिसका पंजाब हिस्सा है Haryana forms a part of Yamuna basin which is a surplus basin. मैं कहता हूँ कि आम आदमी के नज़रिये इस सारी बात को एक तरफ छोड़ दीजिये। जब पंजाब और हरियाणा का डिवीज़न हुआ था। मैं सारे साथियों के सामने यह बात लानी चाहूँगा कि इम्पार्टेंट फैक्टर जो न इस रिट्ट पटीशन में लाया गया है और ना किसी साथी ने आज तक उठाया है वह यह है कि Indus basin डिसकस हो लिया है, यमुना बेसिन डिसकस हो गया है पर किसी ने Delhi बेसिन जो है उसको डिसकस नहीं किया है मैं उस Delhi बेसिन की बात करता हूँ जिस के अंदर हरियाणा फाल करता है, जिस के अंदर फरीदाबाद फाल करता है। जिस में बहादुरगढ़ फाल करता है। जिस के अन्दर सोनीपत फाल करता है Because of the very proximity to the national capital, Haryana has been enjoying the benefits which should have accrued to Punjab, which were part of Punjab. आज हमारे यहाँ बात हो रही है, consolidation of land की। हमारे जहां जब consolidation हुई थी, इस बारे में Simple किसान, एक अनपढ़ किसान भी जानता है कि जमीन की कीमत एक रुपये डाल के अगर वह बीरानी थी तो आठ आने डाली गई एक रुपए डल गई। जो सड़क जमीन के पास है उस की पानी की availability से जमीन की कीमत आंकी जाती है। पानी के कारण जमीन की कीमत होती है। अब पंजाब के लिए इंडस्टरी भी नाम मात्र है क्योंकि हर कोई Industrialist गुड़गांव में, सोनीपत में या फरीदाबाद में अपनी इंडस्टरी लगाना चाहता है। पंजाब को इंडस्ट्रीयल (Industrial) रैवेनयू से वंचित होना पड़ रहा है क्योंकि वह पोरशन अब हरियाणा में चला गया है। That issue should also be evaluated while distributing these waters of Punjab. आज पंजाब एक बूंद पानी की देने के लिए सक्षम नहीं है। आज पंजाब खून तो दे सकता है, आप खून ले लीजिये। पंजाबी खून बहाने के लिए हमेशा तैयार रहते हैं। हमारे बार्डर एरिया में स्पीकर साहिब न सिर्फ चक्रवात ही आये बल्कि हमने पिछले एक साल से जो हमारे एरिया में आरमी मूवमैंट के कारण माईनेज़ लगी हुई है, उनको भी झेला है। उसके बावजूद भी पंजाब का किसान आज अपनी जगह डटा हुआ खड़ा है। आज प्रोडक्शन को आगे से भी बंपर करने की कोशिश कर रहा है। आगे किसान को कुछ नहीं दिख रहा था क्योंकि पानी की फिक्र थी कि पानी कहां से आयेगा। हम सभी साथी चिल्ला-चिल्ला कर मर गये कि आप बिजाई इस किस्म की कीजिये जिस में पानी की मात्रा कम लगती हो क्योंकि पानी हम कनक (गेहूं) के लिए नहीं दे पायेंगे। क्योंकि थीन डैम में पानी नहीं है। ब्यास में पानी नहीं है। हम पानी कहां से देंगे। लेकिन आप आज जाकर देखिये आज फसलें लह-लहाती हुई मिलेंगी। क्योंकि किसान को अपने आप पर पूरा भरोसा था। भगवान भी धोखा कर सकता है पर किसान अपने आप को धोखा नहीं दे सकता। किसान आज भी जुटा हुआ है। क्या आप उन लोगों से expect कर सकते हैं कि हम सारे का सारा पानी उठाकर हरियाणा को दे दें। स्पीकर साहिब, इस बात के लिए whatever the reservation may be with Opposition, we have to get together and fight this issue tooth and nail. इस बात के बाद स्पीकर साहिब मैं एग्रीकल्चर से रिलेटिड मसले की तरफ आता हूँ। किसानों की मुश्किलें सिर्फ पानी से ही नहीं जुड़ी हुई बल्कि आज किसान को और भी बहुत सारी समस्याओं से जूझना पड़ता है। पिछले बजट से पहले एक कलैक्टर साहब की रिपोर्ट

Original with;
Punjab Vidhan Sabha
Digitized by;

[ श्री सुनील कुमार जाखड़ ]

आई थी। अभी कुछ दिन पहले ही मुझे पंजाब एग्रीकल्चर युनिवर्सिटी, लुधियाना जाने का मौका मिला। क्योंकि पिछले सैशन में मैंने कुछ बातें उठाई थी। मैंने कहा था कि एग्रीकल्चर युनिवर्सिटी के ऊपर तकरीबन 100 (सौ) करोड़ रुपया सैलरी के लिए हम यहां पे करते हैं। इसके इवेज में हमें क्या मिलता है ? स्पीकर साहिब, कुछ नहीं मिलता। सिर्फ यह मिलता है कि B.T. टैकनालोजी Simply Passed by this पिछले पांच साल से हमारा किसान अमरीकन सुंडी के खिलाफ लड़ रहा है। अमरीकन सुंडी से लड़ते हुये आज किसान की यहां तक नौबत आ गई कि उसको suicide भी करनी पड़ रही थी। पंजाब एग्रीकल्चर युनिवर्सिटी के पास सिर्फ यही बात थी कि ग्रीन रैवोल्यूशन लेकर आयें। मैंने हो सकता है कि इस सदन में भावनात्मक बातें कहीं हों। हो सकता है यह भी कहा हो कि ऐसी युनिवर्सिटी जो सालाना सौ करोड़ रुपए खाये जा रही है, अगर वो रिज़ल्ट नहीं दे सकती तो इससे तो बेहतर है कि उसको बन्द कर दिया जाये। उसमें वहां एग्रीकल्चर युनिवर्सिटी में बात उठी कि हमारे पास सैलरी देने के लिए तो बिल है लेकिन रिसर्च और डिवैलपमैंट के लिए हमें सिर्फ कुछ लाख रुपये ही मिलते हैं। स्पीकर साहिब, मैं कहना चाहता हूँ कि अगर हमने एग्रीकल्चर को sustain करना है तो We need a corpse fund not only for diversification but also for research and development. जिस तरह हम B.T. तकनालोजी के ऊपर समय रहते हुये रिसर्च नहीं कर पाये। उन बातों के लिए भी मैं कहना चाहता हूँ कि जो पैसा पिछले बजट सैशन में मुहैया नहीं करवाया गया, वह इस बजट सैशन में जरूर मुहैया करवाया जाये। स्पीकर साहिब, पंजाब की 80 प्रतिशत पापूलेशन गावों में रहती है। वो गावों से इस लिए उठकर शहर जा रहे हैं क्योंकि गावों की इकनामिक कंडीशन इतनी बदतर हो गई है कि सारे लोग शहर की तरफ भाग रहे हैं। शहर में Slum एरीयाज़ इनकरीज हो रहे हैं। 20—30 प्रतिशत स्लम एरीयाज़ और बढ़ गये हैं। इसको समय रहते हुये रोकना बहुत ज़रुरी है। मैं समझता हूँ कि पूरे सिस्टम की डिवैलपमैंट करने की जरूरत है। पूरे system की डिवैलपमैंट के लिए पलानिंग की जरूरत है। आज सड़कें बाद में बनती हैं, उनके उखाड़ने वाले पहले आ जाते है। कभी टैलीफोन वाले सड़क को तोड़ने आ जायेंगे। गांवों की development के लिये सरकार के पास कोई Long term Planning नहीं है। सरकार की ओर से जो पैसा Rural Development के लिये रखा जाता है वह ठीक तरीके से लगता नहीं है और Funds इतने available नहीं होते हैं क्योंकि हमारी सरकार की Financial Position काफी खराब थी उसको कुछ Improve किया है। Governor Address में बताया गया है कि Rural Development के लिये सरकार हर ब्लाक के दो गांवों को Identify कर रही है ताकि उन गांवों में Sewerage Line डाली जा सके और उन गांवों को यह Model Village बना सके हर ब्लाक के दो गांवों को develop किया जायेगा। No doubt, there are not enough funds available with the Govt. देखने वाली बात यह है कि जो lending Institutions है Urban Area, Municipal Committee Area, Sewerage & Water Supply Board पर जिन को State Govt. अपनी Guarantee Loan Advances करवा रही है। वह सरकार की तरफ से गांवों को development के लिये कुछ नहीं कर रही। गांवों को आपने आप ही खूबसूरत गांव

Original with;
Punjab Vidhan Sabha
Digitized by;
Panjab Digital Library

बनना है। गांव में सरकार की और से Sewerage System लागू करना चाहिये। Banks are lying surplus with the funds for the development. Rural Development के लिये सरकार Funds देने के लिये Creditability की Provision करे, पर सरकार नहीं कर रही जो सरकार को गांवों की development के लिये करना चाहिये। सरकार को गांवों में Housing Loans की Provision करवानी चाहिये, पंचायतों को Loan की Provision करनी चाहिये तब ही Rural Areas develop हो सकते हैं। Rural Roads develop कर सकती हैं। अब सरकार ने Crop diversification की बात कही है।

**Mr. Speaker :** How much more time you will take.

**Mr. Sunil Kumar Jakhar (Abohar) :** Sir I will take another 15 minutes. Rural development के लिये Crop diversification of Produce की बात की जा रही है। यह एक अहम बात गवर्नर साहिब के address में कही गई है कि सरकार Oil seeds की Production और Marketing of Wheat and Paddy Pattern को adopt कर रही है, सरकार को Rural development के लिये Long term base पर काम करना पड़ेगा। Agro Industries has also to be based in the Rural areas which is viable size of Agriculture holdings जब कि Agro-based Industries शहरों की तरफ भाग रही है। सरकार को Agro-based Industires in rural area को बनाने के लिये Funds की Provision करनी पड़ेगी। Agro-based Industries को एक ऐसा Cluster बनाया जाये। हर ब्लाक में Agro based Industries को अपने आप ही कायम करना बड़ा जरूरी है। मैं एक Controversial issue को touch करना चाहता हूँ। इस issue को मैं अपने साथियों के साथ कई बार discuss करता रहा हूँ पर इस Controversial issue को सरकार के साथ कोई भी उठाने के लिये तैयार नहीं है। Which is viable unit in the Agriculture Holdings यह एक बहुत ही अहम मसला है। श्री बलराम जाखड़ जो मेरे पिता जी हैं और वह Union Agriculture Minister भी रहे हैं और जिन को किसानों का Champion कहा जाता है उन्होंने भी बड़े touchy और Fancy issues को takeup नहीं किया था। इसमें आपको बदनामी मिलेगी। लोग कहेंगे कि big farmer's lobby की बात कर रहे हैं। स्पीकर साहिब, मैं सीलिंग घटाने बढ़ाने की बात नहीं कर रहा If they want to phrase like that we have to work out as to what is the viable size of agricultural holding. When are we going on to scuttle this issue? मैं कहना यह चाहता हूँ कि आज तक जो वायबल साईज़ की एग्रीकल्चरल होल्डिंग का 18 एकड़ का मैजिकल फार्मूला निकाल रखा है, क्या आज के हालात में वह वायबल है या नहीं? मैं यह नहीं कहता कि इतनी हो। चाहे 5 एकड़ हो या 18 एकड़ हो। बात यह है, स्पीकर साहिब, इस बात के लिए एक अहम बहस होनी बहुत जरूरी है। आज जो मंडीयां लग रही हैं, स्पीकर साहिब, वे यूज़ड ट्रैक्टरज़ की मंडीयां हैं। पहले यूज़ड कारों की मंडीयां, जब वे पुरानी हो जाती थी, शहरों में लगती थी लेकिन अब जिन ट्रैक्टरज़ की मार्टगेज कर के लोन मिलता था, वह भी बंद हो गया है। किसान नया ट्रैक्टर लेना नहीं चाहता, क्योंकि कारों की कीमतें दिन-ब-दिन घटती जा रही हैं

Original with;
Punjab Vidhan Sabha
Digitized by;
Panjab Digital Library

[ श्री सुनील कुमार जाखड़ ]

और ट्रैक्टरज़ की बढ़ती जा रही है जिस कारण उसे खरीदना किसान के लिए वायबल नहीं रहा। एक तो आज किसान को WTO के Competitive methods में झोंक दिया है, दूसरा उस पर 18 एकड़ की लैंड होल्डिंग की सीलिंग का पिट्ठू लगा दिया गया है। मैं 18 एकड़ से बढ़ाने की बात नहीं कर रहा, मैं यह कह रहा हूँ कि इस मुद्धे पर बहस होनी बहुत जरुरी है।

**ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਮੈਂ ਪੁੱਛਣਾ ਚਾਹੁੰਦਾ ਹਾਂ ਕਿ WTO ਦੇ ਇਸ਼ੂ ਦੀ ਇਹ ਸਪੋਰਟ ਕਰਦੇ ਹਨ ਜਾਂ ਉਸਨੂੰ ਅਪੋਜ਼ ਕਰਦੇ ਹਨ ?**

**श्री सुनील कुमार जाखड़ ( अबोहर ) :** स्पीकर साहिब, आज के competitive युग में हम WTO के methods में झोंक दिए गये हैं This is not a question, whether we like it or not. आज जो रियैलिटी है, उसे फेस करना पड़ेगा। भूंदड़ साहिब, आज जिस हालत में, जिन हालात में किसान जूझ रहा है, We have to equip our shoulders, who are going to fight that battle. We have to provide that level playing field.

**Mr. Speaker :** He is opposing.

**श्री सुनील कुमार जाखड़ ( अबोहर ) :** जो गवर्नर साहिब के भाषण में वेसिक मैसेज है, वह यह है कि आज हमारी कांग्रेस सरकार ने corruption के विरुद्ध जो crusade चालू किया है, उसे आगे तक लेजाया जाएगा। स्पीकर साहिब, आम आदमी को बैनिफिट (benefit) पहुंचाने के लिए सरकार कार्यरत है। बहुत सारे बड़े-बड़े मगरमच्छ पकड़े गए हैं और जो बहुत सारे बड़े बड़े आदमी corruption के अंदर involve हैं, उन पर केसिज़ चलाए जा रहे हैं। मैं सदन के नोटिस में यह बात भी लाना चाहता हूँ कि कई ऐसे issues हैं जिनके benefits से जनता आज भी वंचित है। (विध्न)

**Mr. Speaker :** No interruption, please.

**श्री सुनील कुमार जाखड़ :** मैं चोर की दाड़ी में तिनके वाली बात नहीं कर रहा.......

**ਮਾਨਯੋਗ ਸਪੀਕਰ :** ਕੋਈ ਤਿਨਕਾ ਨਹੀਂ। ਤੁਸੀਂ ਬੋਲੋ।

**श्री सुनील कुमार जाखड़ ( अबोहर ) :** स्पीकर साहिब, मैं किसान की बात कर रहा था। उधर बादल बन रहे थे, इधर आज के हालात बता रहा हूँ, जो अनाज के स्टाक्स लगे हुए थे, FCI वाले उस पर से तरपाल हटा रहे थे। यह काम वे या तो moisture gain करने के लिए कर रहे थे या उसे cattle food में convert करने के लिए कर रहे थे। स्पीकर साहिब, corruption आज भी है। पंप पर 200 लिटर तेल भराने चले जाओ, बिल में 210 लिटर या 215 लिटर लगेगा। corruption is very much prevalent मेरा यह कहना है कि कांग्रेस को इस crusade को जारी रखते हुए उस सिरे तक लिजाना पड़ेगा यहां आम आदमी को भी इसका फायदा पहुंच सके।

Original with;
Punjab Vidhan Sabha
Digitized by;
Panjab Digital Library

स्पीकर साहिब, एक बहुत अहम मसला SYL के साथ related मसला है। उसे मैं overlook नहीं करना चाहूंगा, जिसे गवर्नर साहिब ने उठाया है। यहां चंडीगढ़ का मुद्दा raise करने की बात नहीं है। हमारे पंजाब के revenue की बात है।

मेरे पास कुछ फिगर्ज़ हैं जो मैंने कुलैक्ट किए हैं। 1992-93 से 2002 तक जो चंडीगढ़ से रैवेनियू कुलैक्ट हुआ, वह 4816 करोड़ रुपये है। इस के विपरीत चंडीगढ़ के अन्दर जो सैंट्रल गवर्नमैंट ने खर्च किया, वह केवल 1195 करोड़ रुपये है। तकरीबन 3600 करोड़ रुपया सैंट्रल गवर्नमैंट ने चंडीगढ़ से कमाया है। कहने का मतलब यह है कि दो बिल्लियों की लड़ाई में बंदर रोटी खा के चला गया और हमें यह कहा जाता है कि चंडीगढ़ सिवाय खर्चे के घर के और कुछ नहीं है। इस साल के जो फिगरज़ हैं, वह हैं 716 करोड़ रुपये के जो सैंट्रल गवर्नमैंट ने चंडीगढ़ से सेलज़ टैक्स, ऐक्साईज़ टैक्स, रजिस्ट्रेशन फीस और लीज़ मनी के रूप में कमाये हैं। जो रैवेनियु ऐकसपैंडीचर है, वह सिर्फ 160 करोड़ रुपये है। इस तरह से 500 करोड़ रुपये अकेले इसी साल के अंदर चंडीगढ़ से सैंट्रल गवर्नमैंट को जायेगा। पंजाब के तकरीबन एक लाख इंपलाईज़ यहां से अपनी इनकम टैक्स रिटर्न भरते हैं। इस से जो कमाई होती है, वह इन फिगरज़ में इनक्लूडिड नहीं है। इस तरह से अगर पिछले 40 साल का हिसाब लगा कर देखें तो मैं समझता हूँ कि यह 40000 करोड़ रुपया बनता है जो सैंट्रल गवर्नमैंट चंडीगढ़ से कमा कर ले गई है। सैंट्रल गवर्नमैंट से हमें इस बात के लिए लड़ना पड़ेगा। चंडीगढ़ हमारा था। ज्योग्राफीकली इस के अन्दर हमारा हक है। आज हरियाणा के गुड़गांव और सोनीपत से रैवेनियू आ रहा है और उस से सड़कें बन रही हैं। हरियाणा का रैवेनियू जैनरेट हो रहा है गुड़गांव और दारूहेड़ा से। जो पैसा हमें चंडीगढ़ से मिलना चाहिए था, वह सैंट्रल गवर्नमैंट यहां से लिए जा रही है। हमारे इंपलाईज़ की रिटर्न भरने से जो आमदन सैंट्रल गवर्नमैंट ले जाती है, वह हमें मिलनी चाहिए। इस से हमारा तकरीबन 100 करोड़ रुपये का सालाना फायदा हो सकता है।

एक बात जिस के बारे में सभी साथियों का ध्यान दिलाना चाहता हूँ, वह बठिंडा रिफाईनरी के बारे में है। We are now running against time. जो पानीपत की रिफाईनरी हैं, आज उस की कपैसिटी इन्हांस करने की बात की जा रही है। आज के इस युग में जब डिसइन्वैस्टमैंट और प्राईवेटाईजेशन की बात हो रही है, अगर हम प्राफिट मोटिव को ध्यान में नहीं रखेंगे तो हमारा फायदा नहीं होगा। इस लिए हमारे सामने प्राफिट मोटिव होना चाहिए। इस के लिए यहां पैसा लाने का साधन सोचना चाहिए। अगर पानीपत की रिफाईनरी की कपैसिटी इन्हांस हो जाती है तो बठिंडा रिफाईनरी नैगेटिव में चली जायेगी। इस लिए सारे हाऊस को बठिंडा रिफाईनरी को जल्दी से जल्दी कंपलीट करने के लिए दवाव डालना चाहिए। इस से हमारा रैवेनियू तो बढ़ेगा ही, साथ ही रोजगार के साधन भी हम बहुत लोगों को मुहईया करवा सकेंगे। इस के लिए सभी पुलीटीकल पार्टियों को एक कनसैंसिस बनानी बहुत जरूरी है। इस के साथ ही मैं आपका धन्यवाद करता हूँ जो मुझे यहां बोलने का टाईम दिया और गर्वनर साहिब का भी कि उन्होंने यहां आकर अपना भाषण दिया।

**ਰਾਣਾ ਕੰਵਲਪਾਲ ਸਿੰਘ (ਨੰਗਲ)** : ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ.......

**Mr. Speaker :** How much time you will take?

Original with;
Punjab Vidhan Sabha
Digitized by;
Panjab Digital Library

**ਰਾਣਾ ਕੰਵਲਪਾਲ ਸਿੰਘ** : 15 ਮਿੰਟ ਸਰ। ਸਪੀਕਰ ਸਾਹਿਬ, ਤੁਸੀਂ ਮਿਹਰਬਾਨੀ ਕਰਕੇ ਮੈਨੂੰ ਅੱਜ ਇਸ ਸਦਨ ਵਿੱਚ ਸ਼੍ਰੀ ਸੁਨੀਲ ਕੁਮਾਰ ਜਾਖੜ ਹੁੱਰਾਂ ਵੱਲੋਂ ਪੇਸ਼ ਕੀਤੇ ਗਏ ਮਤੇ ਤੇ ਬੋਲਣ ਦੀ ਇਜਾਜ਼ਤ ਦਿੱਤੀ ਹੈ ਮੈਂ ਇਸ ਵਾਸਤੇ ਤੁਹਾਡਾ ਧੰਨਵਾਦੀ ਹਾਂ। ਪਿਛਲੇ ਦਿਨੀਂ ਜਿਸ ਦਿਨ ਗਵਰਨਰ ਸਾਹਿਬ ਨੇ...........

**ਮਾਨਯੋਗ ਸਪੀਕਰ** : ਪਹਿਲਾਂ ਤੁਸੀਂ ਉਸ ਮੋਸ਼ਨ ਨੂੰ ਸੈਕੰਡ ਕਰੋ।

**ਰਾਣਾ ਕੰਵਲਪਾਲ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿਉਂਕਿ ਤੁਸੀਂ ਮੈਨੂੰ ਮੌਕਾ ਦਿੱਤਾ ਹੈ ਅਤੇ ਮੈਂ ਉਨ੍ਹਾਂ ਵੱਲੋਂ ਪੇਸ਼ ਕੀਤੇ ਮਤੇ ਨੂੰ ਸੈਕੰਡ ਕਰਦਾ ਹਾਂ।

**Mr. Speaker :** It is alright.

**ਰਾਣਾ ਕੰਵਲਪਾਲ ਸਿੰਘ** : ਮੈਂ ਇਨ੍ਹਾਂ ਵੱਲੋਂ (ਸ਼੍ਰੀ ਸੁਨੀਲ ਕੁਮਾਰ ਜਾਖੜ ਜੀ ਵੱਲ ਇਸ਼ਾਰਾ) ਕੀਤੀ ਹੋਈ ਗੱਲ ਨੂੰ ਅੱਗੇ ਵਧਾਉਂਦਾ ਹੋਇਆ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੇ ਦਿਨੀ ਜਦੋਂ ਗਵਰਨਰ ਸਾਹਿਬ ਇਸ ਹਾਊਸ ਨੂੰ ਐਡਰੈਸ ਕਰ ਰਹੇ ਸੀ ਤੇ ਜਿੱਥੇ ਇਕ ਪਾਸੇ ਬੈਂਚ ਥੱਪ-ਥਪਾਏ ਜਾ ਰਹੇ ਸੀ, ਉਥੇ ਦੂਜੇ ਪਾਸੇ ਬੜਾ ਅਣਸੁਖਾਵਾਂ ਮਾਹੌਲ ਸੀ ਜਿਸ ਵਿੱਚ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਕੁਝ ਪੜ੍ਹ ਰਹੇ ਸੀ ਜਿਹੜਾ ਕਿ ਉਸ ਵੇਲੇ ਇਥੇ ਸੁਣਾਈ ਨਹੀਂ ਦਿੱਤਾ ਪਰ,ਬਾਅਦ ਵਿੱਚ ਹਾਊਸ ਤੋਂ ਬਾਹਰ ਜਾ ਕੇ ਇਨ੍ਹਾਂ ਨੇ ਉਨ੍ਹਾਂ ਚੀਜ਼ਾਂ ਜਿਨ੍ਹਾਂ ਬਾਰੇ ਇਨ੍ਹਾਂ ਨੇ ਇਥੇ ਸਟੇਟਮੈਂਟ ਦਿੱਤੀ, ਉਸ ਬਾਰੇ ਜ਼ਿਕਰ ਕੀਤਾ ਅਤੇ ਉਹ ਅਗਲੇ ਦਿਨ ਅਖਬਾਰਾਂ ਦੇ ਵਿੱਚ ਛਪਿਆ, ਅਸੀਂ ਉਸ ਨੂੰ ਪੜ੍ਹਿਆ। ਜੋ ਇਨ੍ਹਾਂ ਨੇ ਸਟੇਟਮੈਂਟ ਦਿੱਤੀ ਉਸ ਨੂੰ ਪੜ੍ਹ ਕੇ ਮਨ ਨੂੰ ਬਹੁਤ ਠੇਸ ਲੱਗੀ ਕਿ ਇਹ ਇਕ ਬੜਾ ਚੰਗਾ ਅਤੇ ਬਹੁਤ ਹੀ ਅੱਛਾ ਮਾਹੌਲ ਸੀ ਜਿਸ ਵਿੱਚ ਗਵਰਨਰ ਸਾਹਿਬ ਨੇ ਪਿਛਲੇ ਇਕ ਸਾਲ ਦਾ ਲੇਖਾ ਜੋਖਾ/ਸਰਕਾਰ ਦੀ ਇਕ ਸਾਲ ਦੀ ਕਾਰਗੁਜ਼ਾਰੀ ਇਸ ਪਵਿੱਤਰ ਸਦਨ ਵਿੱਚ ਰੱਖੀ। ਜਿਸ ਨੂੰ ਲੈ ਕੇ ਵਿਚਾਰਾਂ ਦੇ ਮਤਭੇਦ ਹੋ ਸਕਦੇ ਹਨ, ਓਪੀਨੀਅਨ ਆਪਣੀ ਆਪਣੀ ਹੋ ਸਕਦੀ ਹੈ, ਪਰ ਚੰਗਾ ਹੁੰਦਾ ਜੇਕਰ ਉਹ ਸਾਰੀ ਗੱਲ ਇਥੇ ਕੀਤੀ ਜਾਂਦੀ। ਮੈਂ ਤੁਹਾਡੇ ਰਾਹੀਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਪਿਛਲੇ ਸਾਲ ਦਾ, ਇਕ ਸਾਲ ਦਾ ਜਿਹੜਾ ਸਮਾਂ ਸੀ, ਇਸਦਾ ਲੇਖਾ ਜੋਖਾ ਗਵਰਨਰ ਸਾਹਿਬ ਨੇ ਆਪਣੀ ਸਪੀਚ ਵਿੱਚ ਕੀਤਾ। ਉਸ ਵਿੱਚ ਉਨ੍ਹਾਂ ਨੇ ਬਹੁਤ ਚੀਜ਼ਾਂ ਦਾ ਜ਼ਿਕਰ ਕੀਤਾ ਸੀ, ਉਹ ਵੀ ਸਪੀਚ ਸੁਣੀ ਔਰ ਅੱਜ ਤੋਂ ਸਹੀ ਇਕ ਸਾਲ ਪਹਿਲਾਂ 22 ਮਾਰਚ, 2002 ਨੂੰ ਗਵਰਨਰ ਸਾਹਿਬ ਨੇ ਜੋ ਐਡਰੈਸ ਇਸ ਪਵਿੱਤਰ ਸਦਨ ਵਿੱਚ ਕੀਤਾ ਸੀ, ਉਹ ਚੀਜ਼ਾਂ ਵੀ ਸੁਣੀਆਂ ਸਨ। ਇਕ ਸਾਲ ਵਿੱਚ ਸਮੂਹ ਪੰਜਾਬੀਆਂ ਦੇ ਖੱਟੇ ਮਿੱਠੇ ਤਜਰਬਿਆਂ ਤੋਂ ਇਲਾਵਾ ਕੀ ਖੋਇਆ, ਕੀ ਪਾਇਆ, ਇਨ੍ਹਾਂ ਸਾਰੀਆਂ ਚੀਜ਼ਾਂ ਦਾ ਜ਼ਿਕਰ ਗਵਰਨਰ ਸਾਹਿਬ ਨੇ ਕੀਤਾ। ਹੋਰਨਾ ਚੀਜ਼ਾਂ ਤੋਂ ਇਲਾਵਾ ਮੈਂ ਇਸ ਸਦਨ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਅੱਜ ਤੋਂ ਠੀਕ ਇਕ ਸਾਲ ਪਹਿਲਾਂ ਜਦੋਂ ਕੈਪਟਨ ਅਮਰਿੰਦਰ ਸਿੰਘ ਜੀ ਦੀ ਅਗਵਾਈ ਵਿੱਚ ਪੰਜਾਬ ਵਿੱਚ ਕਾਂਗਰਸ ਪਾਰਟੀ ਨੇ ਸੱਤਾ ਸੰਭਾਲੀ, ਉਦੋਂ ਇਕ ਸਮਾਂ ਸੀ ਜਦੋਂ ਪੰਜਾਬ ਦਾ ਸਾਰਾ ਮਾਹੌਲ ਚਾਹੇ ਰਾਜਸੀ, ਚਾਹੇ ਪ੍ਰਬੰਧਕੀ ਅਤੇ ਚਾਹੇ ਕੋਈ ਹੋਰ ਸੀ, ਉਹ ਸਾਰਾ ਭ੍ਰਿਸ਼ਟਾਚਾਰ ਵਿੱਚ ਲਿਬੜਿਆ ਹੋਇਆ ਸੀ। ਸੂਬੇ ਦਾ ਅਰਥਚਾਰਾ ਬਿਲਕੁਲ ਤਬਾਹ ਹੋਇਆ ਪਿਆ ਸੀ। ਸੂਬੇ ਦੀ ਇੰਡਸਟਰੀ ਦਾ ਦਮ ਘੁੱਟਿਆ ਹੋਇਆ ਸੀ। ਸੂਬੇ ਦੀ ਕਿਸਾਨੀ ਦਾ ਬੜਾ ਮੰਦਾ ਹਾਲ,ਸੀ ਔਰ ਸਾਡਾ ਸੂਬਾ ਹਰ ਪੱਖੋਂ ਨਿਘਾਰ ਵਾਲੇ ਪਾਸੇ ਜਾ ਰਿਹਾ ਸੀ ਉਸ ਸਮੇਂ

Original with;
Punjab Vidhan Sabha
Digitized by;
Panjab Digital Library

ਕਾਂਗਰਸ ਪਾਰਟੀ ਨੇ ਪੰਜਾਬ ਦੇ ਅੰਦਰ-ਸੱਤਾ ਸੰਭਾਲੀ। ਪੰਜਾਬ ਦੇ ਲੋਕਾਂ ਨੇ ਉਸ ਵੇਲੇ ਕੈਪਟਨ ਸਾਹਿਬ ਨੂੰ ਪੰਜਾਬ ਦੀ ਅਗਵਾਈ ਕਰਨ ਦਾ ਮੌਕਾ ਦਿੱਤਾ। ਕਾਂਗਰਸ ਪਾਰਟੀ ਦੀ ਸਰਕਾਰ ਨੇ ਬੜੀ ਮੁਸ਼ਕਲ ਦੇ ਨਾਲ ਇਕ ਸਾਲ ਦੇ ਥੋੜ੍ਹੇ ਜਿਹੇ ਸਮੇਂ ਦੇ ਅੰਦਰ ਜਿਵੇਂ ਪੰਜਾਬ ਨੂੰ ਕਈ ਪ੍ਰਕਾਰ ਦੀਆਂ ਮੁਸ਼ਕਲਾਂ ਵਿੱਚੋਂ ਬਾਹਰ ਕੱਢਿਆ ਅਤੇ ਇਨ੍ਹਾਂ ਮੁਸ਼ਕਲਾਂ ਨੂੰ ਦੂਰ ਕੀਤਾ ਉਹ ਅੱਜ ਜੱਗ ਜ਼ਾਹਿਰ ਹਨ। ਅਸੈਂਬਲੀ ਵਿੱਚ ਚਾਹੇ ਕੋਈ ਕੁਝ ਕਹੇ ਪਰ ਬਾਹਰ ਜਾ ਕੇ ਸਾਰੇ ਇਹ ਕਹਿੰਦੇ ਹਨ ਕਿ ਇਸ ਥੋੜ੍ਹੇ ਜਿਹੇ ਸਮੇਂ ਵਿੱਚ ਸਰਕਾਰ ਨੇ ਬਹੁਤ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਸਪੀਕਰ ਸਾਹਿਬ, ਇਹ ਕਿਸੇ ਤੋਂ ਲੁਕੀਆਂ ਨਹੀਂ। ਸਭ ਤੋਂ ਪਹਿਲਾਂ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿੱਥੋਂ ਤੱਕ ਭ੍ਰਿਸ਼ਟਾਚਾਰ ਦਾ ਮੁੱਦਾ ਹੈ, ਸਾਰੇ ਦੇਸ਼ ਅੰਦਰ ਸਮੇਂ ਸਮੇਂ ਤੇ ਵੱਖ-ਵੱਖ ਸਿਆਸੀ ਪਾਰਟੀਆਂ ਨੇ ਭ੍ਰਿਸ਼ਟਾਚਾਰ ਦੀ ਗੱਲ ਕੀਤੀ ਹੈ ਔਰ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੀ ਗੱਲ ਕੀਤੀ ਹੈ, ਸਮੇਂ-ਸਮੇਂ ਤੇ ਭ੍ਰਿਸ਼ਟਾਚਾਰ ਦੇ ਖਿਲਾਫ ਹਜ਼ਾਰਾਂ ਲੋਕਾਂ ਨੇ ਅਵਾਜ਼ ਉਠਾਈ ਹੈ, ਅਜਿਹਾ ਕਰਕੇ ਉਨ੍ਹਾਂ ਨੇ ਲੋਕਾਂ ਨਾਲ ਕੇਵਲ ਰਾਜਨੀਤੀ ਹੀ ਕੀਤੀ ਹੈ। ਉਹ ਭ੍ਰਿਸ਼ਟਾਚਾਰ ਦੇ ਨਾਂ ਤੇ ਵੋਟਾਂ ਲੈ ਕੇ ਸਾਡੇ ਵਿੱਚ ਆਏ ਅਤੇ ਜਿੱਤਣ ਤੋਂ ਬਾਅਦ ਉਨ੍ਹਾਂ ਨੇ ਸਾਰੀਆਂ ਗੱਲਾਂ ਨੂੰ ਛੱਡ ਦਿੱਤਾ। ਭ੍ਰਿਸ਼ਟਾਚਾਰ ਜਿਹੜਾ ਸਾਰੇ ਢਾਂਚੇ ਨੂੰ ਤਬਾਹ ਕਰ ਰਿਹਾ ਹੈ ਅਤੇ ਇਕ ਬਹੁਤ ਵੱਡਾ ਖਤਰਾ ਬਣਿਆ ਹੋਇਆ ਹੈ ਉਸ ਨੂੰ ਠੀਕ ਕਰਨ ਲਈ, ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਇਹੋ ਜਿਹੀ ਕੋਈ ਮਿਸਾਲ ਹਾਲੇ ਤੱਕ ਨਹੀਂ ਮਿਲਦੀ। ਜਿਸ ਤਰ੍ਹਾਂ ਕਿ ਕੈਪਟਨ ਅਮਰਿੰਦਰ ਸਿੰਘ ਜੀ ਦੀ ਅਗਵਾਈ ਵਿੱਚ ਇਨ੍ਹਾਂ ਦੀ ਸਰਕਾਰ ਨੇ ਕੀਤੀ। ਇਹ ਪਹਿਲੀ ਦਫਾ ਹੋਇਆ ਹੈ ਕਿ ਭ੍ਰਿਸ਼ਟਾਚਾਰ ਦੇ ਵਿਰੁੱਧ ਛੇੜੀ ਜੰਗ ਵਿਚ ਪੀ.ਸੀ.ਐਸ. ਜੁਡੀਸ਼ੀਅਲ, ਕਾਰਜਕਾਰੀ ਅਫਸਰ ਜਿਨ੍ਹਾਂ ਲੋਕਾਂ ਨੇ ਬਾਅਦ ਵਿਚ ਤਰੱਕੀਆਂ ਲੈ ਕੇ ਆਈ.ਏ.ਐਸ. ਬਣਨਾ ਸੀ ਜਾਂ ਕਚਹਿਰੀਆਂ ਵਿਚ ਸੈਸ਼ਨ ਜੱਜ ਬਣ ਕੇ ਫੈਸਲੇ ਕਰਨੇ ਸੀ, ਜਿਹੜੇ ਲੋਕਾਂ ਨੇ ਰਿਸ਼ਵਤ ਦਾ ਸਹਾਰਾ ਲੈ ਕੇ, ਜਿਹੜੇ ਧੰਨੇ ਸੇਠ ਦੇ ਪੁੱਤਰਾਂ ਨੇ ਨੋਟਾਂ ਦੀਆਂ ਬੋਰੀਆਂ ਦੇ ਮੂੰਹ ਖੋਲ੍ਹ ਕੇ ਨੌਕਰੀਆਂ ਹਥਿਆਈਆਂ, ਉਸ ਸੂਬੇ ਦਾ ਭੱਵਿਖ ਕੀ ਹੋ ਸਕਦਾ ਹੈ, ਇਸ ਦਾ ਭਲੀ-ਭਾਂਤ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਹ ਪਹਿਲੀ ਦਫਾ ਹੋਇਆ ਹੈ ਕਿ ਜਿਨ੍ਹਾਂ ਦੇ ਖਿਲਾਫ ਕੁਰੱਪਸ਼ਨ ਦੇ ਕੇਸ ਰਜਿਸਟਰਡ ਕੀਤੇ ਗਏ। ਇਹ ਕੇਵਲ ਕੇਸ ਹੀ ਰਜਿਸਟਰਡ ਨਹੀਂ ਕੀਤੇ ਗਏ ਬਲਕਿ ਉਨ੍ਹਾਂ ਦੇ ਖਿਲਾਫ ਇਨਵੈਸਟੀਗੇਸ਼ਨ ਵੀ ਕੀਤੀ ਗਈ। ਬਹੁਤਿਆਂ ਦੇ ਖਿਲਾਫ ਅਦਾਲਤ ਵਿਚ ਚਲਾਨ ਵੀ ਪੇਸ਼ ਕੀਤੇ ਗਏ। ਸਾਨੂੰ ਯਾਦ ਹੈ ਕਿ ਪਹਿਲਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜਦੋਂ ਮੁੱਖ ਮੰਤਰੀ ਸਨ, ਉਨ੍ਹਾਂ ਨੇ ਵੀ ਭ੍ਰਿਸ਼ਟਾਚਾਰ ਦੇ ਖਿਲਾਫ ਗੱਲ ਕੀਤੀ ਸੀ। ਕੁਝ ਦੇ ਖਿਲਾਫ ਕੇਸ ਵੀ ਦਰਜ ਕੀਤੇ ਗਏ। ਕੁਝ ਇਨਾਮ ਵੀ ਰੱਖੇ ਗਏ ਕਿ ਜਿਹੜਾ ਭ੍ਰਿਸ਼ਟਾਚਾਰ ਕਰਨ ਵਾਲਿਆਂ ਨੂੰ ਫੜਾਉਣ ਦੀ ਗੱਲ ਕਰੇਗਾ, ਸੂਚਨਾ ਦੇਵੇਗਾ, ਉਸ ਨੂੰ ਅਸੀਂ ਇਨਾਮ ਦੇਵਾਂਗੇ। ਪਰ ਹੋਇਆ ਕੀ। ਕੁਝ ਕੁ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਕੇਸ ਤਾਂ ਦਰਜ ਕੀਤੇ ਗਏ ਪਰ ਬਾਅਦ ਵਿਚ ਪਤਾ ਨਹੀਂ ਇਨ੍ਹਾਂ ਦੀ ਕੀ ਮਜਬੂਰੀ ਸੀ, ਜਾਂ ਕੀ ਕਾਰਨ ਸਨ ਕਿ ਬਹੁਤ ਸਾਰੇ ਕੇਸ ਮਹਿਕਮੇ ਨੇ ਅਦਾਲਤ ਵਿਚ ਪੇਸ਼ ਨਹੀਂ ਕੀਤੇ। ਅੱਜ ਵੀ ਉਹ ਫਾਈਲਾਂ ਸਰਕਾਰੀ ਦਫਤਰਾਂ ਵਿਚ ਗਰਦੇ ਦਾ ਸ਼ਿਕਾਰ ਹਨ। ਮੈਂ ਬੜੇ ਹੀ ਮਾਣ ਨਾਲ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਥੇ ਮਹਿਕਮੇ ਨੇ ਕੇਸ ਦਰਜ ਕੀਤੇ, ਉਥੇ ਕਾਰਵਾਈ ਵੀ ਕੀਤੀ ਅਤੇ ਉਨ੍ਹਾਂ ਦੇ ਚਲਾਨ ਵੀ ਕੋਰਟ ਵਿਚ ਪੇਸ਼ ਕੀਤੇ। ਇਸ ਗੱਲ ਦਾ ਸਿਹਰਾ ਪੰਜਾਬ ਸਰਕਾਰ ਨੂੰ ਜਾਂਦਾ ਹੈ ਜਿਸ ਨੇ ਕਿ ਅਫਸਰਾਂ, ਰਾਜਸੀ ਨੇਤਾਵਾਂ ਦੇ ਖਿਲਾਫ ਹੀ ਲੜਾਈ ਨਹੀਂ ਲੜੀ ਬਲਕਿ ਹਾਈ ਕੋਰਟ ਦੇ ਜੱਜਾਂ ਨੂੰ ਵੀ ਇਸ ਸ਼ਿਕੰਜੇ ਵਿਚ ਲਿਆਂਦਾ। ਜਿਹੜੇ ਸਮਝਦੇ ਸਨ ਕਿ ਉਹ ਤਾਂ ਕਾਨੂੰਨ ਤੋਂ ਉਪਰ ਹਨ

Original with;
Punjab Vidhan Sabha
Digitized by;
Panjab Digital Library

[ਰਾਣਾ ਕੰਵਲਪਾਲ ਸਿੰਘ]

ਅਤੇ ਉਨ੍ਹਾਂ ਦਾ ਕੋਈ ਕੀ ਵਿਗਾੜ ਸਕਦਾ ਹੈ। ਉਨ੍ਹਾਂ ਦੇ ਖਿਲਾਫ ਵੀ ਕਾਰਵਾਈ ਕੀਤੀ ਗਈ ਅਤੇ ਚੀਫ ਜਸਟਿਸ ਵੱਲੋਂ ਉਨ੍ਹਾਂ ਕੋਲੋਂ ਕੰਮ ਵਾਪਸ ਲੈ ਲਿਆ ਗਿਆ। ਇਸ ਤੋਂ ਵੱਡੀ ਪ੍ਰਾਪਤੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀ ਹੋਰ ਕੀ ਹੋ ਸਕਦੀ ਹੈ। ਮੈਂ ਇਸ ਵਾਸਤੇ ਸਮੁੱਚੀ ਸਰਕਾਰ ਨੂੰ ਅਤੇ ਖਾਸ ਕਰਕੇ ਕੈਪਟਨ ਅਮਰਿੰਦਰ ਸਿੰਘ ਨੂੰ ਵਧਾਈ ਦਿੰਦਾ ਹਾਂ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਉਹ ਬਿਆਨ ਜਿਹੜਾ ਉਨ੍ਹਾਂ ਨੇ ਇਥੇ ਪੜ੍ਹਿਆ ਅਤੇ ਬਾਹਰ ਜਾ ਕੇ ਅਖਬਾਰਾਂ ਨੂੰ ਦਿੱਤਾ ਕਿ ਪੰਜਾਬ ਵਿਚ ਜਮਹੂਰੀਅਤ ਦਾ ਘਾਣ ਹੋਇਆ ਹੈ, ਇਹ ਉਨ੍ਹਾਂ ਦੀ ਸੋਚ ਹੋ ਸਕਦੀ ਹੈ। ਪਰ ਮੈਂ ਇਸ ਪਵਿੱਤਰ ਸਦਨ ਵਿਚ ਕਹਿਣਾ ਚਾਹੁੰਦਾ ਹਾਂ ਕਿ ਜਮਹੂਰੀਅਤ ਦਾ ਘਾਣ ਕਾਂਗਰਸ ਨੇ ਨਹੀਂ ਕੀਤਾ। ਕਾਂਗਰਸ ਦੀ ਸਰਕਾਰ ਨੇ ਤਾਂ ਜਦੋਂ ਪੰਜਾਬ ਵਿਚ ਬਲਾਕ ਸੰਮਤੀਆਂ ਦੀਆਂ ਇਲੈਕਸ਼ਨਾਂ ਆਈਆਂ, ਫਿਰ ਮਿਊਂਸਿਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਆਈਆਂ ਅਤੇ ਸਮੇਂ ਦੀ ਹਕੂਮਤ ਸਮੇਂ ਸਮੇਂ ਤੇ ਉਹ ਇਲੈਕਸ਼ਨਾਂ ਕਰਾਉਂਦੀ ਰਹੀ। ਜਿਹੜੇ ਲੋਕ ਰੌਲਾ ਪਾਉਂਦੇ ਸਨ ਕਿ ਕਾਂਗਰਸ ਪਾਰਟੀ ਦੇ ਗਰਾਫ ਵਿਚ ਕਮੀ ਆਈ ਹੈ ਪ੍ਰੰਤੂ ਪੰਜਾਬ ਦੇ ਲੋਕਾਂ ਨੇ ਸਾਰੀਆਂ ਇਲੈਕਸ਼ਨਾਂ ਵਿਚ ਭਾਵੇਂ ਉਹ ਬਲਾਕ ਸੰਮਤੀਆਂ ਦੀਆਂ ਸਨ, ਭਾਵੇਂ ਜ਼ਿਲ੍ਹਾ ਪ੍ਰੀਸ਼ਦ ਦੀਆਂ ਸਨ ਅਤੇ ਭਾਵੇਂ ਮਿਊਂਸਿਪਲ ਕਮੇਟੀਆਂ ਦੀਆਂ ਸਨ, ਉਨ੍ਹਾਂ ਨੇ ਕਾਂਗਰਸ ਦਾ ਸਾਥ ਦੇ ਕੇ ਸਾਬਤ ਕਰ ਦਿੱਤਾ ਕਿ ਸਮੁੱਚਾ ਪੰਜਾਬ ਕੁਰੱਪਸ਼ਨ ਦੇ ਖਿਲਾਫ ਹੈ ਅਤੇ ਉਹ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਪਿੱਠ ਤੇ ਖੜ੍ਹੇ ਹਨ ਅਤੇ ਪੰਜਾਬ ਦਾ ਵਿਕਾਸ ਇਮਾਨਦਾਰੀ ਦੀਆਂ ਲੀਹਾਂ ਤੇ ਹੋਣਾ ਚਾਹੀਦਾ ਹੈ। ਗੁਰੂ ਰਾਮਦਾਸ ਜੀ ਦੀ ਨਗਰੀ, ਜਿਸ ਦੇ ਪਵਿੱਤਰ ਸਰੋਵਰ ਵਿਚ ਕੋਹੜੀ ਤੇ ਕਲੰਕੀ ਇਸ਼ਨਾਨ ਕਰਕੇ ਅਰੋਗ ਹੋ ਜਾਂਦੇ ਹਨ, ਉਸ ਨਗਰੀ ਵਿਚ ਕਰੋੜਾਂ ਰੁਪਏ ਦਾ ਕਿਡਨੀ ਸਕੈਂਡਲ ਹੋਇਆ। ਪਤਾ ਨਹੀਂ ਇਹ ਉਨ੍ਹਾਂ ਦੇ ਨਾਲ ਸਨ। ਜੇਕਰ ਨਾਲ ਨਹੀਂ ਸਨ ਤਾਂ ਫਿਰ ਇਹ ਦੇਖ ਕਿਉਂ ਨਹੀਂ ਸਕੇ। ਪੰਜਾਬ ਦੇ ਲੋਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਨੂੰ ਸਰਕਾਰ ਬਣਾਉਣ ਦਾ ਮੌਕਾ ਨਹੀਂ ਸੀ ਦੇਣਾ ਚਾਹੀਦਾ ਕਿਉਂਕਿ ਇਸ ਤੋਂ ਵੱਡਾ ਹੋਰ ਕੋਈ ਪਾਪ ਹੋ ਨਹੀਂ ਸਕਦਾ ਕਿ ਕਰੋੜਾਂ ਰੁਪਏ ਦਾ ਕਿਡਨੀ ਸਕੈਂਡਲ ਹੋਇਆ ਹੋਵੇ। ਵਿਚਾਰੇ ਗਰੀਬ ਮਜ਼ਦੂਰਾਂ ਨੂੰ ਕਿਡਨੀਆਂ ਦੇ ਕੇ ਆਪਣੀਆਂ ਜਾਨਾਂ ਤੋਂ ਹੱਥ ਧੋਣਾ ਪਿਆ ਅਤੇ ਉਹ ਇਸ ਸੰਸਾਰ ਵਿਚੋਂ ਰੁਖਸਤ ਹੋ ਗਏ। ਉਨ੍ਹਾਂ ਦੇ ਜਾਨੀ ਨੁਕਸਾਨ ਦਾ ਕੌਣ ਜ਼ਿੰਮੇਵਾਰ ਹੈ। ਉਨ੍ਹਾਂ ਦੀ ਭਰਪਾਈ ਕਿਥੋਂ ਹੋਵੇਗੀ। ਇਸ ਤੋਂ ਵੱਡਾ ਪਾਪ ਕੋਈ ਹੋਰ ਹੋ ਨਹੀਂ ਸਕਦਾ। ਗੁਰੂ ਮਹਾਰਾਜ ਹੀ ਕਿਰਪਾ ਕਰਨ। ਇਕ ਗੱਲ ਮੈਂ ਹੋਰ ਕਹਿਣਾ ਚਾਹੁੰਦਾ ਹਾਂ ਕਿ ਕੁਰੱਪਸ਼ਨ ਠੀਕ ਹੈ ਕਿ ਕੁਝ ਲੋਕਾਂ ਨੇ ਪੈਸਾ ਲਿਆ। ਉਨ੍ਹਾਂ ਦੇ ਖਿਲਾਫ ਕੇਸ਼ ਦਰਜ ਹੋਏ। ਕੁਝ ਦੇ ਕੇਸ ਕਚਹਿਰੀਆਂ ਵਿਚ ਚਲੇ ਗਏ। ਕਚਹਿਰੀਆਂ ਆਪਣਾ ਕੰਮ ਕਰਨਗੀਆਂ। ਕੁਝ ਲੋਕਾਂ ਨੂੰ ਸਜ਼ਾਵਾਂ ਵੀ ਹੋਣਗੀਆਂ। ਜਿੱਥੇ ਗਵਾਹ ਨਹੀਂ ਹੋਵੇਗਾ, ਕੁਝ ਲੋਕ ਬਰੀ ਹੋ ਜਾਣਗੇ, ਪਰ ਇਕ ਗੱਲ ਤਾਂ ਆਪਾਂ ਝੁਠਲਾ ਨਹੀਂ ਸਕਦੇ ਕਿ ਪੰਜਾਬ ਦੇ ਲੋਕਾਂ ਦੇ ਦਿਲਾਂ ਵਿੱਚ ਸ਼ੱਕ ਪੈਦਾ ਹੋ ਗਿਆ ਸੀ ਅਤੇ ਉਹ ਚੁਣੇ ਹੋਏ ਨੁਮਾਇੰਦਿਆਂ ਦੀ ਨੀਅਤ ਤੇ ਸ਼ੱਕ ਕਰਨ ਲੱਗ ਪਏ ਸੀ ਅਤੇ ਇਸ ਸਾਰੇ ਸਿਸਟਮ ਨੂੰ ਢਾਹ ਲੱਗੀ ਸੀ ਅਤੇ ਜੇ ਇਹ ਸਿਸਟਮ ਨਹੀਂ ਤਾਂ ਅਸੀਂ ਸਾਰੇ ਹੀ, ਚਾਹੇ ਕੋਈ ਵਿਧਾਇਕ ਹੈ, ਮਨਿਸਟਰ ਹੈ ਜਾਂ ਆਪ ਜੀ ਹੋ, ਜੇ ਸਿਸਟਮ ਨੂੰ ਢਾਹ ਲਗਦੀ ਹੈ ਤਾਂ ਇਸਦੇ ਨਾਲ ਸਾਨੂੰ ਸਭ ਨੂੰ ਨੁਕਸਾਨ ਹੋਵੇਗਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਦੇ ਸਮੇਂ, ਸਪੀਕਰ, ਸਾਹਿਬ ਪਿਛਲੀ ਸਰਕਾਰ ਨੇ ਜੋ ਢਾਹ ਲਗਾਈ ਸੀ, ਜੋ ਖੋਰਾ ਲੱਗਿਆ ਸੀ ਅਤੇ ਲੋਕਾਂ ਦਾ

Original with;
Punjab Vidhan Sabha
Digitized by;
Panjab Digital Library

ਵਿਸ਼ਵਾਸ ਸਰਕਾਰ ਵਿਚੋਂ ਉਠ ਗਿਆ ਸੀ ਅਤੇ ਲੋਕ ਕਹਿਣ ਲੱਗ ਪਏ ਸਨ ਕਿ ਜੇ ਨੌਕਰੀ ਲੈਣੀ ਹੈ ਤਾਂ ਪੈਸਾ ਦਿਓ ਅਤੇ ਨੌਕਰੀ ਲੈ ਲਓ ਅਤੇ ਜੇ ਕੋਈ ਕੰਮ ਕਰਵਾਉਣਾ ਹੈ ਤਾਂ ਪੈਸਾ ਦਿਓ ਅਤੇ ਕੰਮ ਕਰਵਾ ਲਓ। ਲੋਕਾਂ ਦੇ ਬੱਚਿਆਂ ਨੇ ਪੜ੍ਹਾਈ ਕਰਨੀ ਛੱਡ ਦਿਤੀ ਸੀ ਅਤੇ ਮਿਹਨਤ ਕਰਨੀ ਵੀ ਛੱਡ ਦਿਤੀ ਸੀ। ਪਰ ਸਾਡੇ ਕੈਪਟਨ ਸਾਹਿਬ ਦੀ ਸਰਕਾਰ ਨੇ ਬੜੀ ਮਿਹਨਤ ਕਰਕੇ ਲੋਕਾਂ ਵਿੱਚ ਉਹ ਵਿਸ਼ਵਾਸ ਮੁੜ ਕੇ ਬਹਾਲ ਕੀਤਾ ਹੈ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਸ ਕੰਮ ਲਈ ਵਧਾਈ ਦਿੰਦਾ ਹਾਂ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਥੇ ਅਰਥਚਾਰੇ ਦੀ ਗੱਲ ਕੀਤੀ ਗਈ ਹੈ। ਸੁਨੀਲ ਕੁਮਾਰ ਜਾਖੜ ਨੇ ਬੜਾ ਕੁਝ ਕਿਹਾ ਹੈ। ਅਸੀਂ ਸਾਰੇ ਇਸ ਗੱਲ ਤੇ ਮੁਤਫਕ ਹਾਂ ਕਿ ਪੰਜਾਬ ਦਾ ਅਰਥਚਾਰਾ ਵਿਗੜਿਆ ਹੈ ਅਤੇ ਇੰਨਾ ਵਿਗੜਿਆ ਹੈ ਕਿ ਇਸ ਦੇ ਸੁਧਾਰ ਲਈ ਹੰਭਲਾ ਮਾਰਨ ਦੀ ਲੋੜ ਹੈ। ਕੀ ਕਾਰਨ ਸੀ ਕਿ ਇਹ ਇੱਥੋਂ ਤੱਕ ਵਿਗੜ ਗਿਆ? ਕੀ ਕਾਰਨ ਹੈ ਕਿ 50,000 ਕਰੋੜ ਰੁਪਏ ਦਾ ਕਰਜ਼ਾ ਪੰਜਾਬ ਸਰਕਾਰ ਦੇ ਸਿਰ ਚੜ੍ਹ ਗਿਆ ਅਤੇ ਪੰਜਾਬੀਆਂ ਦੇ ਸਿਰ ਹੋ ਗਿਆ। ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਕੈਪਟਨ ਸਾਹਿਬ ਦੀ ਸਰਕਾਰ ਨੇ ਬੜੇ ਠੋਸ ਉਪਾਅ ਕੀਤੇ ਹਨ ਕਿ ਕਿਸ-ਕਿਸ ਤਰੀਕੇ ਨਾਲ ਇਸ ਵਿਗੜੀ ਹੋਈ ਅਰਥ ਵਿਵਸਥਾ ਨੂੰ ਠੀਕ ਕੀਤਾ ਜਾਵੇ, ਵਿਗੜੀ ਹੋਈ ਸਥਿਤੀ ਨੂੰ ਕਾਬੂ ਹੇਠ ਲਿਆਂਦਾ ਜਾਵੇ। ਪਾਰਦਰਸ਼ਤਾ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਠੇਕਿਆਂ ਦੀ ਨਿਲਾਮੀ ਵੀ ਪਿਛਲੇ ਸਾਲ ਹੋਈ, ਕਿਧਰੇ ਕੋਈ ਰੌਲਾ ਨਹੀਂ ਪਿਆ ਅਤੇ 100 ਕਰੋੜ ਰੁਪਏ ਦਾ ਪਿਛਲੇ ਸਾਲ ਰੈਵਨਿਊ ਵਿੱਚ ਵਾਧਾ ਹੋਇਆ। ਇਹ ਅੰਕੜੇ ਦੱਸਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਜਦੋਂ ਕੈਪਟਨ ਕੰਵਲਜੀਤ ਸਿੰਘ ਜੋ ਕਿ ਬੜੇ ਸੁਲਝੇ ਹੋਏ, ਸਮਝਦਾਰ, ਸਿਆਣੇ ਅਤੇ ਸੀਨੀਅਰ ਅਕਾਲੀ ਆਗੂ ਹਨ, ਉਨ੍ਹਾਂ ਨੇ ਸਾਲ 2001-2002 ਦਾ ਬਜਟ ਪੇਸ਼ ਕੀਤਾ ਤਾਂ ਉਨ੍ਹਾਂ ਨੇ ਉਸ ਵਿੱਚ ਆਪ ਫਰਮਾਇਆ ਸੀ ਕਿ ਰਾਜ ਦੀ ਅਰਥ ਵਿਵਸਥਾ ਕਾਫੀ ਖਰਾਬ ਹੈ ਅਤੇ ਇਸ ਵਿਚ ਸੁਧਾਰ ਉਦੋਂ ਹੀ ਹੋ ਸਕਦਾ ਹੈ ਜਦੋਂ ਕੇਂਦਰ ਅਤੇ ਰਾਜ ਸਰਕਾਰਾਂ ਆਪਸ ਵਿੱਚ ਫੈਸਲਾ ਕਰਨ ਕਿ ਰਾਜਾਂ ਨੂੰ ਹੋਰ ਅਟਾਨਮੀ ਦਿਤੀ ਜਾਵੇ। ਉਸ ਸਮੇਂ ਦੀ ਸਰਕਾਰ ਨੇ ਇਸ ਪ੍ਰਾਬਲਮ ਨੂੰ ਹੱਲ ਕਰਨ ਦੀ ਬਜਾਏ ਉਕਾ ਹੀ ਪੱਲਾ ਝਾੜ ਦਿਤਾ ਕਿ ਪੰਜਾਬ ਦੀ ਮਾਲੀ ਹਾਲਤ ਨੂੰ ਠੀਕ ਕਰਨਾ ਮੁਸ਼ਕਲ ਹੈ। ਮੈਂ ਤੁਹਾਡੇ ਰਾਹੀਂ ਕਾਂਗਰਸ ਪਾਰਟੀ ਦੀ ਸਰਕਾਰ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਜਿਸ ਨੇ ਇਕ ਸਾਲ ਦੇ ਵਿੱਚ ਹੀ ਇਸ ਵਿਗੜੀ ਹੋਈ ਹਾਲਤ ਨੂੰ ਕਾਬੂ ਵਿਚ ਲਿਆਉਣ ਲਈ ਠੋਸ ਕਦਮ ਉਠਾਏ ਹਨ ਅਤੇ ਰੈਵੇਨਿਊ ਵਿੱਚ ਵਾਧਾ ਕੀਤਾ ਹੈ ਅਤੇ ਜੋ ਕਰਜ਼ਾ ਸਟੇਟ ਦੇ ਸਿਰ ਤੇ ਚੜ੍ਹਿਆ ਹੋਇਆ ਹੈ, ਉਸਦੀ ਵਾਪਸੀ ਲਈ ਵੀ ਕਾਂਗਰਸ ਨੇ ਹੱਲ ਕੱਢਣ ਦੇ ਉਪਾਅ ਕੀਤੇ ਹਨ। ਇਕ ਗੱਲ ਮੇਰੇ ਤੋਂ ਪਹਿਲਾਂ, ਸਪੀਕਰ ਸਾਹਿਬ, ਐਸ.ਵਾਈ.ਐਲ. ਦੇ ਮੁੱਦੇ ਦੇ ਬਾਰੇ ਜਾਖੜ ਸਾਹਿਬ ਨੇ ਕਹੀ ਹੈ ਅਤੇ ਇਸ ਦਾ ਜ਼ਿਕਰ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿੱਚ ਕੀਤਾ ਹੈ। ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜੇ ਪੰਜਾਬ ਦੇ ਮਸਲੇ ਉਦੋਂ ਉਠਾਏ ਹੁੰਦੇ, ਜਦੋਂ ਸੰਨ 1966 ਵਿੱਚ ਰੀ-ਆਰਗੇਨਾਈਜੇਸ਼ਨ ਹੋਈ ਹੈ। ਰੀ-ਆਰਗੇਨਾਈਜੇਸ਼ਨ ਨੂੰ ਲੈ ਕੇ ਪੰਜਾਬ ਵਿਚੋਂ ਨਵੀਂ ਬਣੀ ਸਟੇਟ ਹਰਿਆਣਾ ਨੇ ਪੰਜਾਬ ਦੇ ਪਾਣੀਆਂ ਤੇ ਕਲੇਮ ਪਾਇਆ। ਬੜਾ ਕੁਝ ਪਾਣੀਆਂ ਬਾਰੇ ਹੋਇਆ। ਕਾਂਗਰਸ ਨੇ ਆਪਣੇ ਤਰੀਕੇ ਨਾਲ ਪਾਣੀਆਂ ਦੀ ਲੜਾਈ ਲੜੀ, ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਤਰੀਕੇ ਨਾਲ ਪਾਣੀਆਂ ਦੇ ਮਸਲੇ ਨੂੰ ਲੈ ਕੇ, ਐਸ.ਵਾਈ.ਐਲ. ਦੇ ਮਸਲੇ ਨੂੰ ਲੈ ਕੇ ਆਪਣੇ ਤਰੀਕੇ ਨਾਲ ਲੜਾਈ ਲੜੀ। ਮੈਂ ਕਹਿਣਾ

Original with;
Punjab Vidhan Sabha
Digitized by;
Panjab Digital Library

[ਰਾਣਾ ਕੰਵਲਪਾਲ ਸਿੰਘ]

ਚਾਹੁੰਦਾ ਹਾਂ ਕਿ ਅਕਾਲੀ ਦਲ ਦੀ ਕਾਰਗੁਜ਼ਾਰੀ ਪਾਣੀਆਂ ਦੇ ਮਸਲੇ ਨੂੰ ਲੈ ਕੇ ਅਤੇ ਖਾਸ ਤੌਰ ਤੇ ਐਸ.ਵਾਈ.ਐਲ. ਦੇ ਮਸਲੇ ਨੂੰ ਲੈ ਕੇ ਹਮੇਸ਼ਾਂ ਸ਼ੱਕ ਦੇ ਘੇਰੇ ਵਿੱਚ ਰਹੀ ਹੈ। ਕਾਂਗਰਸ ਦੀ ਸਰਕਾਰ ਵਾਸਤੇ ਇਹ ਬਹੁਤ ਵੱਡੀ ਸਮੱਸਿਆ ਖੜ੍ਹੀ ਹੋ ਗਈ ਸੀ ਕਿ ਦੇਸ਼ ਦੀ ਸਰਬ-ਉਚ ਅਦਾਲਤ ਨੇ ਹੁਕਮ ਦਿਤਾ ਹੈ ਕਿ ਐਸ.ਵਾਈ.ਐਲ. ਨਹਿਰ ਨੂੰ ਕੰਪਲੀਟ ਕੀਤਾ ਜਾਵੇ। ਪੰਜਾਬ ਸਰਕਾਰ ਨੂੰ ਹੁਕਮ ਦਿੱਤਾ ਕਿ ਤੁਸੀਂ ਐਸ.ਵਾਈ.ਐਲ. ਨਹਿਰ ਕੰਪਲੀਟ ਕਰੋ। ਉਸ ਤੋਂ ਬਾਅਦ ਪੈਦਾ ਹੋਈ ਸਮੱਸਿਆ ਨੂੰ ਨਿਪਟਾਉਣ ਦਾ ਉਪਾਅ ਕੀਤਾ ਗਿਆ। ਮੈਂ 5-4 ਸ਼ਬਦਾਂ ਵਿੱਚ ਗੱਲ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ । ਐਸ.ਵਾਈ.ਐਲ. ਨਹਿਰ ਦੀ ਖੁਦਾਈ ਕਪੂਰੀ ਦੇ ਮੋਰਚੇ ਤੋਂ ਸ਼ੁਰੂ ਕਰਨ ਵੇਲੇ ਸ਼੍ਰੋਮਣੀ ਅਕਾਲੀ ਦਲ ਨੇ ਮੋਰਚਾ ਲਗਾਇਆ। ਇਨ੍ਹਾਂ ਦੇ ਨਾਲ ਭਾਈਵਾਲ ਪਾਰਟੀ ਸੀ, ਸੀ.ਪੀ.ਐਮ.। ਨਹਿਰ ਦੀ ਖੁਦਾਈ ਦਾ ਕੰਮ ਬੰਦ ਕਰਵਾਇਆ ਗਿਆ। ਉਸ ਮੋਰਚੇ ਨੂੰ ਚੁੱਕ ਕੇ ਅੰਮ੍ਰਿਤਸਰ ਲਿਜਾਇਆ ਗਿਆ। ਫਿਰ ਇਹ ਮੋਰਚਾ ਸ਼੍ਰੋਮਣੀ ਅਕਾਲੀ ਦਲ ਦੇ ਹੱਥ ਵਿੱਚੋਂ ਨਿਕਲ ਗਿਆ। ਇਸ ਮੋਰਚੇ ਨੂੰ ਲੈ ਕੇ ਪੰਜਾਬ ਦੇ ਲੋਕਾਂ ਨੇ ਕਿੰਨਾ ਸੰਤਾਪ ਹੰਢਾਇਆ। ਸਾਰਾ ਜੱਗ ਜਾਣਦਾ ਹੈ ਕਿ ਤਕਰੀਬਨ 25,000 ਪੰਜਾਬੀਆਂ ਦੀਆਂ ਜਾਨਾਂ ਇਸ ਅੱਗ ਦੇ ਸੇਕ ਵਿੱਚ ਚਲੀਆਂ ਗਈਆਂ। ਅਖੀਰ ਇਸ ਮੋਰਚੇ ਦਾ ਅੰਤ ਹੋਇਆ। ਰਾਜੀਵ-ਲੌਂਗੋਂਵਾਲ ਸਮਝੌਤਾ ਹੋਇਆ। ਮੋਰਚਾ ਇਸ ਕਰਕੇ ਲਗਾਇਆ ਗਿਆ ਸੀ ਕਿ ਇਹ ਐਸ.ਵਾਈ.ਐਲ. ਨਹਿਰ ਨਾ ਪੁੱਟੀ ਜਾਵੇ। ਸ਼੍ਰੋਮਣੀ ਅਕਾਲੀ ਦਲ ਤੇ ਸੀ.ਪੀ.ਐਮ. ਪਾਰਟੀ ਨਹਿਰ ਦਾ ਵਿਰੋਧ ਕਰਦੀ ਹੈ ਪਰ ਰਾਜੀਵ-ਲੌਂਗੋਂਵਾਲ ਸਮਝੌਤੇ ਦੇ ਤਹਿਤ ਸ਼੍ਰੋਮਣੀ ਅਕਾਲੀ ਦਲ ਤੇ ਕੇਂਦਰ ਸਰਕਾਰ ਵਿੱਚ ਇਹ ਸਮਝੌਤਾ ਹੋਇਆ ਜਿਸ ਸਮਝੌਤੇ ਦੇ ਪੈਰ੍ਹਾ 9 ਦੀ ਮੰਗ 3 ਵਿੱਚ ਇਹ ਸ਼੍ਰੋਮਣੀ ਅਕਾਲੀ ਦਲ ਮੰਨ ਕੇ ਆਈ ਕਿ ਅਸੀਂ ਇਹ ਨਹਿਰ ਚੰਦ ਮਹੀਨਿਆਂ ਵਿੱਚ ਮੁਕੰਮਲ ਕਰ ਦੇਵਾਂਗੇ। ਮੈਂ, ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਸਾਹਿਬਾਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਐਸ.ਵਾਈ.ਐਲ. ਨਹਿਰ ਅਤੇ ਪੰਜਾਬ ਦੇ ਪਾਣੀਆਂ ਦੇ ਮਸਲੇ ਤੇ ਬਹੁਤ ਕੁਝ ਕਿਹਾ ਹੈ। ਅੱਜ ਲੋਕੀਂ ਪੁੱਛਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਦਾ ਸਹੀ ਸਟੈਂਡ ਕੀ ਹੈ ? ਕੀ ਹੈ ਉਨ੍ਹਾਂ ਦਾ ਸਟੈਂਡ ? ਜਿਸ ਦਿਨ ਕਪੂਰੀ ਦਾ ਮੋਰਚਾ ਲੱਗਿਆ, ਇਹ ਐਸ.ਵਾਈ.ਐਲ. ਨਹਿਰ ਦਾ ਵਿਰੋਧ ਕਰਦੇ ਸੀ, ਕੀ ਇਨ੍ਹਾਂ ਦਾ ਇਹ ਸਟੈਂਡ ਹੈ ਜਾਂ ਜਦੋਂ ਰਾਜੀਵ-ਲੌਂਗੋਂਵਾਲ ਸਮਝੌਤਾ ਹੋਇਆ, ਉਸ ਵਿੱਚ ਐਸ.ਵਾਈ.ਐਲ. ਨਹਿਰ ਚੰਦ ਮਹੀਨਿਆਂ ਵਿੱਚ ਬਣਾਉਣ ਦਾ ਵਾਅਦਾ ਕੀਤਾ, ਕੀ ਇਨ੍ਹਾਂ ਦਾ ਇਹ ਸਟੈਂਡ ਹੈ। ਸੋ, ਮੇਰਾ ਤੁਹਾਨੂੰ ਸਨਿਮਰ ਨਿਵੇਦਨ ਹੈ ਕਿ ਇਸ ਨੂੰ ਨਿਖੇੜਿਆ ਜਾਵੇ। ਇਸ ਦਾ ਪੰਜਾਬੀ ਜਵਾਬ ਮੰਗਦੇ ਹਨ। ਪੰਜਾਬ ਦੇ ਲੋਕ ਪੁੱਛਦੇ ਹਨ ਕਿ ਕਿਹੜੀ ਸਿਆਸੀ ਪਾਰਟੀ ਦਾ ਕੀ ਸਟੈਂਡ ਹੈ ? ਜਿੱਥੋਂ ਤੱਕ ਕਾਂਗਰਸ ਪਾਰਟੀ ਦਾ ਸਬੰਧ ਹੈ, ਕਾਂਗਰਸ ਪਾਰਟੀ ਨੇ ਸੁਪਰੀਮ ਕੋਰਟ ਦੇ ਫੈਸਲੇ ਵਿਰੁੱਧ ਰਿਵੀਊ ਪਟੀਸ਼ਨ ਪਾਈ ਹੈ। ਕਾਂਗਰਸ ਪਾਰਟੀ ਨੇ ਕਿਹਾ ਹੈ ਕਿ ਹਰਿਆਣਾ ਨੂੰ ਇਹ ਪਾਰਟੀ ਰਿਪੇਰੀਅਨ ਸਟੇਟ ਨਹੀਂ ਮੰਨਦੀ ਔਰ ਨਾ ਹੀ ਹਰਿਆਣੇ ਦਾ ਪੰਜਾਬ ਦੇ ਪਾਣੀਆਂ ਵਿੱਚ ਹਿੱਸਾ ਹੈ। ਇਸ ਗੱਲ ਨੂੰ ਲੈ ਕੇ ਸੈਂਟਰਲ ਵਾਟਰ ਡਿਸਪਿਊਟ ਟ੍ਰਿਬਿਊਨਲ ਕੋਲ ਵੀ ਪੰਜਾਬ ਦੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਗਏ ਹਨ। ਉਨ੍ਹਾਂ ਨੂੰ ਇਹ ਮਾਮਲਾ ਰੈਫਰ ਕੀਤਾ ਹੈ। ਸੋ, ਮੈਂ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਸੈਂਸਟਿਵ ਇਸ਼ੂ ਜਿਹੜੇ ਹਨ, ਭਾਵੇਂ ਪਾਣੀਆਂ ਦਾ ਮਸਲਾ ਹੈ, ਭਾਵੇਂ ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ ਹੈ, ਭਾਵੇਂ ਧਰਮ ਦੇ ਮਸਲੇ ਹਨ, ਇਨ੍ਹਾਂ ਸੈਂਸਟਿਵ ਇਸ਼ੂਆਂ ਬਾਰੇ ਸਿਆਸੀ ਪਾਰਟੀਆਂ ਨੂੰ ਆਪਣੀ ਪਹੁੰਚ ਸਪੱਸ਼ਟ ਕਰਨੀ ਚਾਹੀਦੀ ਹੈ ਔਰ ਇਹ ਲੋਕ ਹਿੱਤ

Original with;
Punjab Vidhan Sabha
Digitized by:
Punjab Digital Library

ਹੋਣੀ ਚਾਹੀਦੀ ਹੈ। ਇਸ ਵਿਚ ਰਾਜਨੀਤੀ ਦੀ ਕੋਈ ਗੁੰਜਾਇਸ਼ ਨਹੀਂ ਹੋਣੀ ਚਾਹੀਦੀ। ਅਸੀਂ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਦੇ ਇਸ ਗੱਲ ਲਈ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਸ ਵਿਗੜੀ ਹੋਈ ਸਥਿਤੀ ਨੂੰ ਕਾਬੂ ਹੇਠ ਲਿਆਉਣ ਲਈ ਦਿੱਲੀ ਵਿਖੇ ਚੰਗੇ ਵਕੀਲਾਂ ਦਾ ਇੰਤਜ਼ਾਮ ਕੀਤਾ ਹੈ ਔਰ ਕੇਸ ਸੁਪਰੀਮ ਕੋਰਟ ਲੈ ਕੇ ਗਏ ਹਨ। ਟ੍ਰਿਬਿਊਨਲ ਵਿੱਚ ਵੀ ਉਨ੍ਹਾਂ ਨੇ ਆਪਣਾ ਪੱਖ ਪੇਸ਼ ਕੀਤਾ ਹੈ ਤਾਂ ਕਿ ਪੰਜਾਬੀਆਂ ਦੀ ਗੱਲ ਸੁਣੀ ਜਾਵੇ। ਪੰਜਾਬ ਨੂੰ ਪਾਣੀਆਂ ਦੇ ਮਸਲੇ ਤੇ ਇਨਸਾਫ ਮਿਲ ਸਕੇ।

**Mr. Speaker :** Alright. Do you want to say anything. I think you have completed.

**ਰਾਣਾ ਕੰਵਲਪਾਲ ਸਿੰਘ :** ਸਪੀਕਰ ਸਾਹਿਬ, ਇੱਕ ਵਾਰੀ ਫਿਰ ਮੈਂ ਪੰਜਾਬ ਵਿੱਚ ਪਿਛਲੇ ਸਾਲਾਂ ਦੌਰਾਨ ਵਿਗੜੇ ਹੋਏ ਅਰਥਚਾਰੇ ਨੂੰ ਠੀਕ ਕਰਨ ਲਈ ਸਦਨ ਨੂੰ ਕਹਿਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਕਾਂਗਰਸ ਪਾਰਟੀ ਨੂੰ, ਕਾਂਗਰਸ ਸਰਕਾਰ ਨੂੰ ਇਸ ਗੱਲ ਦਾ ਫਖਰ ਰਿਹਾ ਹੈ ਕਿ ਜਦੋਂ ਵੀ ਪੰਜਾਬ ਵਿਚ ਇਸ ਪਾਰਟੀ ਦੀ ਸਰਕਾਰ ਬਣੀ, ਇਸ ਨੇ ਲੋਕਲ ਬਾਡੀਜ਼ ਦੀਆਂ ਚੋਣਾਂ ਕਰਵਾਈਆਂ। ਅਗਰ ਸਾਡੀ ਯਾਦਦਾਸ਼ਤ ਠੀਕ ਹੈ ਤਾਂ ਸੰਨ 1966 ਤੋਂ ਲੈ ਕੇ ਪੰਜਾਬ ਵਿੱਚ ਸਰਕਾਰਾਂ ਬਦਲਦੀਆਂ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਹੇਠ 1978 ਵਿੱਚ ਪੰਚਾਇਤ ਚੋਣਾਂ ਹੋਈਆਂ, ਫਿਰ 1998 ਵਿੱਚ ਚੋਣਾਂ ਹੋਈਆਂ, ਪਰ ਜਦ-ਜਦ ਵੀ ਬਲਾਕ ਸੰਮਤੀਆਂ ਦੀਆਂ ਚੋਣਾਂ ਹੋਈਆਂ, ਇਹ ਕਾਂਗਰਸ ਪਾਰਟੀ ਦੀ ਸਰਕਾਰ ਨੇ ਹੀ ਕਰਵਾਈਆਂ। (ਥੰਪਿੰਗ) ਇਨ੍ਹਾਂ ਚੋਣਾਂ ਦੇ ਨਤੀਜਿਆਂ ਤੋਂ ਸਾਬਤ ਹੁੰਦਾ ਹੈ ਕਿ ਇਨ੍ਹਾਂ ਚੋਣਾਂ ਵਿੱਚ ਲੋਕਾਂ ਨੇ ਵੋਟਾਂ ਪਾ ਕੇ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਤੇ ਮੋਹਰ ਲਗਾਈ ਹੈ ਅਤੇ ਜੋ ਕੁਝ ਪਿਛਲੇ ਸਰਕਾਰ ਦੀਆਂ ਪ੍ਰਾਪਤੀਆਂ ਹਨ, ਉਸ ਨੂੰ ਸਿਰਫ ਪੰਜਾਬ ਵਿੱਚ ਨਹੀਂ, ਹਿਮਾਚਲ ਦੀਆਂ ਇਲੈਕਸ਼ਨਾਂ ਵਿੱਚ ਵੀ ਸਾਡੇ ਗਵਾਂਢੀ ਰਾਜ ਹਿਮਾਚਲ ਦੇ ਲੋਕਾਂ ਨੇ ਕੁਰੱਪਸ਼ਨ ਦੀ ਇਸ ਜੰਗ ਤੇ ਪੰਜਾਬ ਵਿੱਚ ਕੀਤੇ ਸੁਧਾਰਾਂ ਤੇ ਮੋਹਰ ਲਗਾਈ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੀ ਕਾਰਗੁਜ਼ਾਰੀ ਨੂੰ ਕਬੂਲ ਕੀਤਾ ਹੈ ਅਤੇ ਉਸ ਤੇ ਆਪਣੀ ਮੋਹਰ ਲਗਾਈ ਹੈ, ਉਸ ਨੂੰ ਪ੍ਰਵਾਨਗੀ ਦਿੱਤੀ ਹੈ। ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਸ਼੍ਰੀ ਸੁਨੀਲ ਜਾਖੜ ਜੀ ਹੁਰਾਂ ਵੱਲੋਂ ਪੇਸ਼ ਕੀਤੇ ਮਤੇ ਨੂੰ ਸੈਕੰਡ ਕਰਦਾ ਹਾਂ ਅਤੇ ਉਸ ਦੀ ਪ੍ਰੋੜਤਾ ਕਰਦਾ ਹਾਂ ਅਤੇ ਸਾਰੇ ਹਾਊਸ ਨੂੰ ਅਪੀਲ ਕਰਦਾ ਹਾਂ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਇਸ ਤੋਂ ਪਹਿਲਾਂ ਕਿ ਮੈਂ ਅਗਲੇ ਬੋਲਣ ਵਾਲੇ ਨੂੰ ਬੁਲਾਵਾਂ, ਮੈਂ ਰੂਲਜ਼ ਆਫ ਪ੍ਰੋਸੀਜਰ ਐਂਡ ਕੰਡਕਟ ਆਫ ਬਿਜ਼ਨਿਸ ਦੇ 63 ਸਫ਼ੇ ਵਾਲੇ ਰੂਲ 90 ਦੀ ਕਲਾਜ਼ (iii) ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ —

> '(iii) Whilst *** *** the House in sitting, a member shall bow to the Chair while entering or leaving the House, and also when taking or leaving his seat.

ਕਾਂਈਡਲੀ, ਬਹੁਤ ਸਾਰੇ ਸਾਡੇ ਆਨਰੇਬਲ ਮੈਂਬਰ ਇਹ ਆਬਜ਼ਰਵ ਨਹੀਂ ਕਰਦੇ। ਰੂਲਜ਼ ਆਫ ਪ੍ਰੋਸੀਜਰ ਦੇ ਮੁਤਾਬਿਕ ਚੇਅਰ ਲਈ ਜ਼ਰੂਰੀ ਹੈ ਕਿ ਮੈਂ ਨੋਟਿਸ ਵਿੱਚ ਲਿਆਵਾਂ। ਮਨਪ੍ਰੀਤ ਸਿੰਘ ਜੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਮਨਪ੍ਰੀਤ ਸਿੰਘ ਬਾਦਲ (ਗਿੱਦੜਬਾਹਾ)** : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਗਵਰਨਰ ਐਡਰੈਸ ਤੇ ਆਪਣੀ ਪਾਰਟੀ ਦਾ ਨੁਕਤਾ ਨਜ਼ਰ ਮੈਨੂੰ ਪੇਸ਼ ਕਰਨ ਦੀ ਤੁਸੀਂ ਇਜਾਜ਼ਤ ਦਿੱਤੀ ਹੈ। ਤਕਰੀਬਨ 80 ਸਫਿਆਂ ਦੇ ਵਿੱਚ ਗਵਰਨਰ ਸਾਹਿਬ ਦਾ ਇਹ ਐਡਰੈਸ ਹੈ। ਮੈਂ ਇਸ ਨੂੰ ਬੜੀ ਗੌਰ ਨਾਲ ਪੜ੍ਹਿਆ ਹੈ ਅਤੇ ਅੱਜ ਮੇਰੇ ਬੜੇ ਹੀ ਲਾਇਕ ਅਤੇ ਕਾਬਲ ਸਾਥੀ ਜਾਖੜ ਸਾਹਿਬ ਜੋ ਧੰਨਵਾਦ ਦਾ ਮਤਾ ਲੈ ਕੇ ਆਏ ਹਨ, ਬੜੀ ਆਲ੍ਹਾ ਕਿਸਮ ਦੀ ਇਸ ਹਾਊਸ ਵਿੱਚ ਬਹਿਸ ਚੱਲ ਰਹੀ ਹੈ ਲੇਕਿਨ ਮੈਨੂੰ ਅਫਸੋਸ ਹੈ ਕਿ ਮੈਂ ਇਸ ਧੰਨਵਾਦ ਦੇ ਮਤੇ ਵਿੱਚ ਸ਼ਾਮਿਲ ਨਹੀਂ ਹੋ ਸਕਦਾ। ਮੈਂ ਇਸ ਮਤੇ ਦੀ ਮੁਖਾਲਫ਼ਤ ਕਰਨ ਲਈ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਇਹ ਜੋ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਦੇ ਵਿੱਚ ਲਾਅ ਐਂਡ ਆਰਡਰ ਬਾਰੇ ਇਕਾਨਮੀ ਬਾਰੇ, ਜਨਰਲ ਐਡਮਨਿਸਟ੍ਰੇਸ਼ਨ ਬਾਰੇ ਫੁਰਮਾਇਆ ਹੈ . . . . . . . .

**ਮਾਨਯੋਗ ਸਪੀਕਰ** : ਕਾਂਈਡਲੀ ਤੁਸੀਂ ਦੱਸ ਸਕਦੇ ਹੋ ਕਿ ਕਿੰਨਾ ਟਾਈਮ ਲਵੋਗੇ ?

**ਸਰਦਾਰ ਮਨਪ੍ਰੀਤ ਸਿੰਘ ਬਾਦਲ** : 20—25 ਮਿੰਟ।

**Mr. Speaker:** Alright.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਦਰਅਸਲ ਇਹ ਇੰਨਾਂ ਰੰਗੀਨ ਅਤੇ ਦਿਲਚਸਪ ਨਹੀਂ ਹੈ। ਜਿਥੇ-ਜਿਥੇ ਸਰਕਾਰ ਦੀਆਂ ਕਮਜ਼ੋਰੀਆਂ ਹਨ, ਜਿਥੇ ਸਰਕਾਰ ਫੇਲ੍ਹ ਹੋਈ ਹੈ, ਉਸ ਦਾ ਅਵੱਲ ਤਾਂ ਜ਼ਿਕਰ ਹੀ ਨਹੀਂ, ਇਸ ਗਵਰਨਰ ਐਡਰੈਸ ਵਿਚ । ਜਿਹੜੀ ਹਾਊਸ ਦੇ ਵਿੱਚ ਆਪੋਜ਼ੀਸ਼ਨ ਹੁੰਦੀ ਹੈ, ਇਹ ਸਰਕਾਰ ਦੇ ਲਈ ਇੱਕ ਆਇਨਾ ਹੁੰਦੀ ਹੈ, ਸ਼ੀਸ਼ਾ ਹੁੰਦੀ ਹੈ। ਟਰੈਜ਼ਰੀ ਬੈਂਚਿਜ਼ ਦੇ ਜਿਹੜੇ ਸਪੀਕਰ ਹੁੰਦੇ ਹਨ, ਉਹ ਭਾਵੇਂ ਸਰਕਾਰ ਦੀ ਸ਼ਲਾਘਾ ਕਰਨ, ਪਰ ਮੈਂ ਸਮਝਦਾ ਹਾਂ ਕਿ ਸਰਕਾਰ ਦਾ ਅਸਲੀ ਚਿਹਰਾ ਸਾਡੇ ਵਿੱਚੋਂ ਦੇਖਿਆ ਜਾ ਸਕਦਾ ਹੈ। ਇਸ ਕਰਕੇ, ਸਪੀਕਰ ਸਾਹਿਬ, ਇਹ ਜਿਹੜੀ ਬਹਿਸ ਹੈ ਇਹ ਮੇਰੇ ਵਾਸਤੇ ਕੋਈ ਤੁਕੱਲਫ਼ ਤਕਾਜ਼ੀ ਨਹੀਂ ਬਲਕਿ ਮੈਂ ਆਪਣੇ ਫਰਜ਼ ਦੀ ਅਦਾਇਗੀ ਸਮਝਦਾ ਹਾਂ ਕਿ ਇਸ ਬਹਿਸ ਦੇ ਰਾਹੀਂ ਮੈਂ ਸਰਕਾਰ ਨੂੰ ਟਰੈਜ਼ਰੀ ਬੈਂਚਿਜ਼ ਨੂੰ ਕੋਈ ਤਾਮੀਰੀ ਸੁਝਾਅ, ਕੰਸਟਰਕਟਿਵ ਸੁਝਾਅ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਦੇ ਸਕਾਂ। ਸਪੀਕਰ ਸਾਹਿਬ, ਮੈਂ ਇਸ ਐਡਰੈਸ ਨੂੰ ਇਸ ਨੁਕਤਾ ਨਜ਼ਰ ਨਾਲ ਦੇਖਣਾ ਚਾਹੁੰਦਾ ਹਾਂ ਕਿ ਇਨਸਾਨ ਨੂੰ ਅੱਛਾ ਖਾਣ ਨੂੰ ਦਿੱਤਾ ਜਾਵੇ, ਅੱਛਾ ਪਹਿਨਣ ਨੂੰ ਦਿੱਤਾ ਜਾਵੇ, ਜੇਕਰ ਸਾਰੇ ਸੁੱਖ ਆਰਾਮ ਉਸ ਇਨਸਾਨ ਕੋਲ ਹੋਣ ਅਤੇ ਉਸ ਇਨਸਾਨ ਤੋਂ ਉਸ ਦੀ ਜਿਹੜੀ ਜਮਹੂਰੀਅਤ ਦੇ ਹੱਕ, ਫੰਡਾਮੈਂਟਲ ਰਾਈਟਸ ਖੋਹ ਲਏ ਜਾਣ ਤਾਂ ਮੈਂ ਸਮਝਦਾ ਹਾਂ ਕਿ ਉਸ ਇਨਸਾਨ ਦੀ ਜ਼ਿੰਦਗੀ, ਇਨਸਾਨੀ ਜ਼ਿੰਦਗੀ ਨਹੀਂ ਬਲਕਿ ਹੈਵਾਨ ਦੀ ਜ਼ਿੰਦਗੀ, ਜਾਨਵਰ ਦੀ ਜ਼ਿੰਦਗੀ ਹੁੰਦੀ ਹੈ। ਪਿਛਲੇ ਇੱਕ ਸਾਲ ਤੋਂ ਜਦੋਂ ਤੋਂ ਇਹ ਮੌਜੂਦਾ ਸਰਕਾਰ ਪੰਜਾਬ ਦੇ ਵਿੱਚ ਕਾਇਮ ਹੋਈ ਹੈ, ਜਿੰਨੇ ਵੀ ਇਲੈਕਸ਼ਨ ਪੰਜਾਬ ਦੇ ਵਿੱਚ ਹੋਏ ਹਨ, ਹਾਲਾਂ ਕਿ ਇਨ੍ਹਾਂ ਨੇ ਪ੍ਰਮਾਤਮਾ ਦੀ ਹਲਫ ਚੁੱਕੀ ਸੀ ਕਿ ਹਿੰਦੁਸਤਾਨ ਦੀ ਹਿਫਾਜ਼ਤ ਕਰਨਗੇ ਪਰ ਜਿੰਨੇ ਵੀ ਇਲੈਕਸ਼ਨ ਹੋਏ, ਮਲੋਟ ਬਾਇ ਇਲੈਕਸ਼ਨ ਹੋਇਆ, ਜ਼ਿਲ੍ਹਾ ਪ੍ਰੀਸ਼ਦ ਦੇ ਇਲੈਕਸ਼ਨ ਹੋਏ, ਬਲਾਕ ਸੰਮਤੀਆਂ ਦੇ ਇਲੈਕਸ਼ਨ ਹੋਏ, ਕਾਰਪੋਰੇਸ਼ਨਾਂ ਦੇ ਇਲੈਕਸ਼ਨ ਹੋਏ, ਐਸ.ਜੀ.ਪੀ.ਸੀ. ਦੇ ਇਲੈਕਸ਼ਨ ਹੋਏ, ਮਿਉਂਸਪਲ ਕਮੇਟੀਆਂ ਦੇ ਇਲੈਕਸ਼ਨ ਹੋਏ, ਇਨ੍ਹਾਂ ਨੇ ਪੰਜਾਬ ਦਾ ਜੋ ਇਲੈਕਸ਼ਨ ਪ੍ਰੋਸੈਸ ਹੈ, ਉਸ ਦਾ ਮਜ਼ਾਕ ਬਣਾ ਕੇ ਰੱਖ ਦਿੱਤਾ ਹੈ। ਸਪੀਕਰ ਸਾਹਿਬ, ਇਥੋਂ ਤੱਕ ਕਿ ਵਿਰੋਧੀ ਪਾਰਟੀਆਂ ਦੇ ਜਿਹੜੇ ਮੈਂਬਰ ਆਪਣੀਆਂ ਨਾਮਜ਼ਦਗੀਆਂ ਭਰ ਕੇ ਆਏ ਸਨ ਉਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

ਥਾਣਿਆਂ ਦੇ ਅੰਦਰ ਲਿਜਾ ਕੇ ਮਜਬੂਰ ਕੀਤਾ ਗਿਆ ਕਿ ਤੁਸੀਂ ਆਪਣੇ ਨਾਮਜ਼ਦਗੀਆਂ ਦੇ ਕਾਗਜ਼ ਵਾਪਸ ਲਵੋ ਤੇ ਜਿਸ ਦਿਨ ਵੋਟਾਂ ਬਣਨੀਆਂ ਸਨ ਤਾਂ ਇਨ੍ਹਾਂ ਨੇ ਉਥੇ ਜਾ ਕੇ ਜਾਅਲੀ ਵੋਟਾਂ ਬਣਵਾਈਆਂ। ਸਪੀਕਰ ਸਾਹਿਬ, ਇਸ ਤੋਂ ਇਲਾਵਾ ਉਥੇ ਗੁੰਡਾ ਗਰਦੀ ਹੋਈ ਅਤੇ ਬਾਵਜੂਦ ਇਨ੍ਹਾਂ ਸਾਰੀਆਂ ਗੱਲਾਂ ਦੇ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਕੈਂਡੀਡੇਟ ਇਨ੍ਹਾਂ ਚੋਣਾਂ ਦੇ ਵਿੱਚ ਕਾਮਯਾਬ ਹੋਏ। ਸਪੀਕਰ ਸਾਹਿਬ , ਇੰਡੀਅਨ ਐਕਸਪਰੈਸ ਅਖਬਾਰ ਦੀ ਹੈਡ ਲਾਈਨ ਦੇ ਵਿੱਚ ਲਿਖਿਆ ਹੋਇਆ ਸੀ ਕਿ ਬਿਹਾਰ ਇਨ ਪੰਜਾਬ। ਸਪੀਕਰ ਸਾਹਿਬ, ਇਹ ਕਿੰਨੀ ਸ਼ਰਮਿੰਦਗੀ ਦੀ ਗੱਲ ਹੈ ਕਿ ਪੰਜਾਬ ਨੂੰ ਉਨ੍ਹਾਂ ਸੂਬਿਆਂ ਦੇ ਨਾਲ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਜਿਨ੍ਹਾਂ ਸੂਬਿਆਂ ਦੇ ਵਿੱਚ ਕਿਸੇ ਵੇਲੇ ਬਿਹਾਰ ਤੇ ਯੂ.ਪੀ. ਦਾ ਨਾਮ ਆਉਂਦਾ ਸੀ.........

**ਸਥਾਨਕ ਸਰਕਾਰਾਂ ਤੇ ਪਾਰਲੀਮਾਨੀ ਬਾਰੇ ਮੰਤਰੀ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ........ਵਿਘਨ...

**ਮਾਨਯੋਗ ਸਪੀਕਰ** : ਕੋਈ ਇੰਟਰਪਸ਼ਨ ਨਾ ਕੀਤੀ ਜਾਵੇ। ਚੌਧਰੀ ਸਾਹਿਬ ਤੁਸੀਂ ਇਨ੍ਹਾਂ ਦੀ ਗੱਲ ਸੁਨਣ ਦਾ ਹੌਂਸਲਾ ਰੱਖੋ। (ਵਿਘਨ) ..........

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਜਿਸ ਤਰ੍ਹਾਂ ਚੌਧਰੀ ਸਾਹਿਬ ਬੋਲਣ ਲਈ ਖੜ੍ਹੇ ਹੋਏ ਸਨ, ਇੱਕ ਸ਼ਾਇਰ ਨੇ ਕਿਹਾ ਹੈ ਕਿ :

ਔਰੋਂ ਕਾ ਪਿਆਮ ਔਰ ਹੈ ਮੇਰਾ ਔਰ
ਇਸ਼ਕ ਕਰਦੇ..................(ਵਿਘਨ)

(ਇਸ ਵੇਲੇ ਸਥਾਨਕ ਸਰਕਾਰਾਂ ਦੇ ਪਾਰਲੀਮਾਨੀ ਬਾਰੇ ਮੰਤਰੀ ਆਪਣੀ ਸੀਟ ਤੇ ਖੜ੍ਹੇ ਸਨ।) ਵਿਘਨ

**ਮਾਨਯੋਗ ਸਪੀਕਰ** : ਚੌਧਰੀ ਸਾਹਿਬ, ਤੁਸੀਂ ਬੈਠੋ। ਕੋਈ ਇੰਟਰਪਸ਼ਨ ਨਾ ਕੀਤੀ ਜਾਵ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਇਨ੍ਹਾਂ ਨੇ ਡੈਮੋਕਰੇਸੀ ਦਾ ਕਤਲ ਕੀਤਾ ਹੈ, ਪੰਜਾਬ ਦੇ ਅੰਦਰ 55 ਸਾਲਾਂ ਤੋਂ ਬਾਅਦ ਇਹ ਜੋ ਜਮਹੂਰੀਅਤ ਦਾ ਕਤਲ ਹੋਇਆ ਹੈ, ਜਮਹੂਰੀਅਤ ਦੇ ਨਾਲ ਖਿਲਵਾੜ ਕੀਤਾ ਗਿਆ ਹੈ। ਅੱਜ ਬੀਬੀ ਜੀ ਬੈਠੇ ਨਹੀਂ ਹਨ ਜੇਕਰ ਉਹ ਬੈਠੇ ਹੁੰਦੇ ਤਾਂ ਮੈਂ ਉਨ੍ਹਾਂ ਤੋਂ ਇਹ ਪੁੱਛਣਾ ਸੀ ਕਿ ਫਿਰ ਇੰਨੀਆਂ ਕੀਮਤੀ ਜਾਨਾਂ ਗਵਾਉਣ ਦੀ ਕੀ ਲੋੜ ਸੀ, ਅੰਗਰੇਜ਼ਾਂ ਦੇ ਖਿਲਾਫ ਲੜਾਈ ਲੜਨ ਦੀ ਕੀ ਲੋੜ ਸੀ ? ਅੱਜ ਇਨ੍ਹਾਂ ਨੇ ਲੋਕਾਂ ਦੇ ਜੋ ਜਮਹੂਰੀ ਹੱਕ-ਹਕੂਕ ਸਨ ਉਨ੍ਹਾਂ ਦੇ ਨਾਲ ਖਿਲਵਾੜ ਕੀਤਾ ਹੈ। ਸਪੀਕਰ ਸਾਹਿਬ, ਕਿਸੇ ਵੇਲੇ ਇੱਕ ਬਾਦਸ਼ਾਹ ਜਿਸ ਦਾ ਨਾਮ ਔਰੰਗਜੇਬ ਸੀ, ਉਹ ਕਿਹਾ ਕਰਦਾ ਸੀ ਕਿ ਨਾ ਹਿੰਦੂ ਰਹੇਗਾ ਤੇ ਨਾ ਹੀ ਹਿੰਦੁਸਤਾਨ ਦੇ ਵਿਚ ਕੋਈ ਹਿੰਦੂ ਹੋਵੇਗਾ। ਗੁਰੂ ਸਾਹਿਬ ਨੇ ਜੋ ਲੜਾਈ ਲੜੀ ਸੀ ਉਹ ਹੱਕ ਤੇ ਸੱਚਾਈ ਦੇ ਉਤੇ ਲੜੀ ਸੀ ਕਿਉਂਕਿ ਜਿਹੜੀ ਔਰੰਗਜੇਬ ਦੀ ਗੱਲ ਸੀ ਉਹ ਬੇਅਸੂਲੀ ਸੀ। ਅੱਜ ਕਾਂਗਰਸ ਪਾਰਟੀ ਦੀ ਜੋ ਆਲਾ ਕਮਾਨ ਕਹਿੰਦੀ ਹੈ ਕਿ ਅਕਾਲੀ ਨਹੀਂ ਰਹਿਣਗੇ ਤਾਂ, ਸਪੀਕਰ ਸਾਹਿਬ, ਇਹ ਬੇਅਸੂਲੀ ਗੱਲ ਹੈ। ਮੈਂ ਅੱਜ ਇਸ ਪਵਿੱਤਰ ਸਦਨ ਦੇ ਵਿੱਚ ਇਹ ਗੱਲ ਰਿਕਾਰਡ ਦੇ ਵਿੱਚ ਦਰਜ ਕਰਵਾਉਣੀ ਚਾਹੁੰਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਅੱਜ ਹਰ ਮੁਸੀਬਤ ਦਾ ਸਾਹਮਣਾ ਕਰਨ ਨੂੰ ਤਿਆਰ ਹੈ, ਹਰ ਮੁਸ਼ਕਲ ਦੇ ਨਾਲ ਲੜਾਈ

Original with;
Punjab Vidhan Sabha
Digitized by;

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਕਰਨ ਨੂੰ ਤਿਆਰ ਹੈ, ਦੁਸ਼ਮਣ ਦੇ ਨਾਲ ਲੋਹਾ ਲੈਣ ਲਈ ਤਿਆਰ ਹੈ, ਹਰ ਤਸ਼ੱਦਦ ਦਾ ਵਿਰੋਧ ਕਰਨ ਲਈ ਤਿਆਰ ਹੈ। ਜਮਹੂਰੀਅਤ ਦੀ ਮੁੜ ਬਹਾਲੀ ਵਾਸਤੇ ਇਸ ਪਾਰਟੀ ਨੇ ਜਬਰ ਤੇ ਤਸ਼ੱਦਦ ਨਾਲ ਲੜਨ ਦੀਆਂ ਪੰਜਾਬ ਵਿੱਚ ਨਵੀਆਂ ਮਿਸਾਲਾਂ ਕਾਇਮ ਕੀਤੀਆਂ ਹਨ ਤੇ ਦੂਸਰੇ ਪਾਸੇ ਕੌਮੀ ਵਫਾਦਾਰੀ ਤੇ ਬਹਾਦਰੀ ਦੇ ਅਫ਼ਸਾਨੇ ਇਸ ਸ਼੍ਰੋਮਣੀ ਅਕਾਲੀ ਦੇ ਇਤਿਹਾਸ ਵਿਚ ਦਰਜ ਹੋਏ ਹਨ। ਸਪੀਕਰ ਸਾਹਿਬ, ਅੱਜ ਦੇਸ਼ ਦੀ ਜਿਹੜੀ ਬੁਨਿਆਦ ਹੈ ਉਹ ਜਮਹੂਰੀਅਤ ਤੇ ਟਿਕੀ ਹੋਈ ਹੈ ਤੇ ਅੱਜ ਜੇਕਰ ਜਮਹੂਰੀਅਤ ਨੂੰ ਜੋ ਘੁਣ ਲੱਗਿਆ ਹੈ, ਦੁਖ ਹੈ ਕਿ ਕਾਂਗਰਸ ਪਾਰਟੀ ਨੇ ਇਨ੍ਹਾਂ ਇਲੈਕਸ਼ਨਾਂ ਦੇ ਵਿੱਚ ਕੀ ਕੁਝ ਕੀਤਾ ਹੈ। ਸਪੀਕਰ ਸਾਹਿਬ, ਜੋ ਇਸ ਪਾਰਟੀ ਨੇ ਜਮਹੂਰੀਅਤ ਦਾ ਕਤਲ ਕੀਤਾ ਹੈ ਉਸ ਦੇ ਲਈ ਮੈਂ ਧੰਨਵਾਦ ਕਰਦਾ ਹਾਂ ਕਿ ਪੰਜਾਬ ਦੇ ਕੋਨੇ-ਕੋਨੇ ਤੋਂ, ਜਿਨ੍ਹਾਂ ਨੇ ਇਸ ਜਮਹੂਰੀਅਤ ਦਾ ਕਤਲ ਕੀਤਾ ਹੈ ਔਰ ਇਸ ਜਮਹੂਰੀਅਤ ਦੇ ਨਾਲ ਮਜ਼ਾਕ ਕੀਤਾ ਹੈ, ਉਸ ਦੇ ਬਾਰੇ ਸਾਡੇ ਦਫਤਰ ਵਿੱਚ, ਹਿੰਦੁਸਤਾਨ ਦੇ ਕੋਨੇ ਕੋਨੇ ਵਿਚੋਂ ਸਾਨੂੰ ਬਹੁਤ ਸਾਰੀਆਂ ਚਿੱਠੀਆਂ ਮਿਲੀਆਂ ਹਨ ਔਰ ਈ-ਮੇਲ ਵੀ ਮਿਲੇ ਹਨ, ਉਸ ਦੇ ਲਈ ਮੈਂ ਪ੍ਰੈਸ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਮੌਕੇ ਦੇ ਉਤੇ ਸਾਡਾ ਸਾਥ ਦਿੱਤਾ ਹੈ ਜਿਵੇਂ ਕਿ ਕਿਸੇ ਨੇ ਕਿਹਾ ਹੈ ਕਿ :

"ਹਮ ਨੇ ਮਾਨਾ ਤਵਾਕੁਲ ਨਾ ਕਰੋ, ਨਹੀਂ ਤੋਂ ਖਾਕ ਹੋ ਜਾਏਂਗੇ ਖਾਕ ਹੋਣ ਤੱਕ"।

ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਸਾਡਾ ਸਾਥ ਦਿੱਤਾ ਹੈ। ਜ਼ੋਰ ਅਜ਼ਮਾਇਸ਼ੀ ਦੀ ਗੱਲ ਆਉਂਦੀ ਹੈ। ਸਪੀਕਰ ਸਾਹਿਬ, ਇੱਥੇ ਦੇਸ਼ ਦੀ ਗੱਲ ਆਉਂਦੀ ਹੈ। ਮੈਂ ਇਸ ਪਵਿੱਤਰ ਸਦਨ ਦੇ ਵਿਚ ਕਹਿਣਾ ਚਾਹੁੰਦਾ ਹਾਂ ਕਿ ਮੈਂ ਕਿਸੇ ਤੇ ਜਾਤੀ ਹਮਲੇ ਕਰਨ ਦਾ ਕਾਇਲ ਨਹੀਂ ਹਾਂ। ਪਰ ਜਿੰਨੀ ਮੇਰੀ ਬੋਲਣ ਦੀ ਹਿੰਮਤ ਹੈ, ਮੈਂ ਇਸ ਗੱਲ ਦੀ ਨਿੰਦਿਆ ਕਰ ਸਕਦਾ ਹਾਂ, ਇਸ ਮੁਕੱਦਸ ਸਦਨ ਦੇ ਵਿਚ ਇਹ ਨਿੰਦਿਆ ਕਰਨੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੈਂ ਜਿਸ ਤਰ੍ਹਾਂ ਅਰਜ਼ ਕੀਤੀ ਸੀ ਕਿ ਮੈਂ ਬੜੇ ਗੌਰ ਨਾਲ ਇਹ ਗਵਰਨਰ ਐਡਰੈਸ ਪੜ੍ਹਿਆ ਹੈ ਅਤੇ ਸਪੀਕਰ ਸਾਹਿਬ, ਮੈਨੂੰ ਅਫਸੋਸ ਹੈ ਕਿ ਪਿਛਲੇ ਇੱਕ ਸਾਲ ਦੇ ਵਿਚ ਪੰਜਾਬ ਦਾ ਜਿਹੜਾ ਇਲੈਕਟਰੀਸਿਟੀ ਬੋਰਡ ਹੈ, ਇਸ ਦੀ ਜੈਨਰੇਸ਼ਨ ਦੇ ਵਿਚ ਇੱਕ ਵੀ ਮੈਗਾਵਾਟ ਨਹੀਂ ਵਧਾਇਆ ਗਿਆ, ਬਿਜਲੀ ਪੈਦਾ ਕਰਨ ਦਾ ਜਿਹੜਾ ਕਾਰਖਾਨਾ ਹੈ, ਇਸ ਦੇ ਵਿਚ ਇੱਕ ਵੀ ਮੈਗਾਵਾਟ ਦਾ ਇਜ਼ਾਫਾ ਨਹੀਂ ਹੋਇਆ। ਇੱਕ ਵੀ ਨਵਾਂ ਸਕੂਲ ਪੰਜਾਬ ਦੇ ਵਿਚ ਪਿਛਲੇ ਇੱਕ ਸਾਲ ਦੇ ਵਿਚ ਨਹੀਂ ਖੁਲ੍ਹਿਆ। ਇੱਕ ਵੀ ਨਵਾਂ ਕਾਲਜ ਪੰਜਾਬ ਦੇ ਵਿਚ ਪਿਛਲੇ ਇੱਕ ਸਾਲ ਦੇ ਵਿਚ ਨਹੀਂ ਖੁਲ੍ਹਿਆਂ। ਇੱਕ ਵੀ ਨਵੀਂ ਡਿਸਪੈਂਸਰੀ ਪੰਜਾਬ ਵਿਚ ਪਿਛਲੇ ਇੱਕ ਸਾਲ ਵਿਚ ਨਹੀਂ ਖੁਲ੍ਹੀ। ਇਕ ਵੀ ਪ੍ਰਾਇਮਰੀ ਹੈਲਥ ਸੈਂਟਰ ਪਿਛਲੇ ਇੱਕ ਸਾਲ ਵਿਚ ਨਹੀਂ ਖੁਲ੍ਹਿਆ। ਇੱਕ ਵੀ ਨਵਾਂ ਵੈਟਰਨਰੀ ਹਸਪਤਾਲ, ਪੰਜਾਬ ਵਿੱਚ ਪਿਛਲੇ ਇਕ ਸਾਲ ਵਿਚ ਨਹੀਂ ਖੁਲ੍ਹਿਆ। ਇੱਕ ਵੀ ਨਵੀਂ ਆਈ.ਟੀ.ਆਈ., ਇੱਕ ਵੀ ਨਵਾਂ ਇੰਜੀਨੀਅਰਿੰਗ ਕਾਲਜ, ਇੱਕ ਵੀ ਨਵਾਂ ਮੈਡੀਕਲ ਕਾਲਜ ਜਾਂ ਇੱਕ ਵੀ ਨਵੀਂ ਪੋਲੀਟੈਕਨਿਕ ਪਿਛਲੇ ਇੱਕ ਸਾਲ ਦੇ ਵਿਚ ਪੰਜਾਬ ਦੇ ਵਿਚ ਨਹੀਂ ਖੁਲ੍ਹੀ। (ਆਪੋਜ਼ੀਸ਼ਨ ਵਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਜਿਹੜੇ ਲੋਕ ਇਹ ਕਹਿੰਦੇ ਸੀ ਕਿ ਅਸੀਂ ਪੰਜਾਬ ਦੀ ਨੁਹਾਰ ਨੂੰ ਬਦਲ ਦੇਣਾ ਹੈ, ਪੰਜਾਬ ਨੂੰ ਇੰਡਸਟਰੀਲਾਈਜ਼ ਕਰ ਦੇਣਾ ਹੈ। ਸਪੀਕਰ ਸਾਹਿਬ, ਇੱਕ ਸਾਲ ਬਾਅਦ ਪੰਜਾਬ ਦੇ ਵਿਚ ਇੱਕ ਵੀ ਨਵੀਂ ਇੰਡਸਟਰੀਅਲ ਪਾਲਿਸੀ ਕਾਇਮ ਕਰਨ ਦੇ ਵਿਚ ਜਾਂ ਲਿਆਉਣ ਦੇ ਵਿਚ ਇਹ ਕਾਮਯਾਬ ਨਹੀਂ ਹੋਏ। ਸਪੀਕਰ ਸਾਹਿਬ, ਇੱਕ ਸਾਲ ਹੋ ਗਿਆ ਹੈ ਅਤੇ ਚਾਰ

Original with;
Punjab Vidhan Sabha
Digitized by;
Punjab Digital Library

ਸਾਲ ਬਾਕੀ ਰਹਿ ਗਏ ਹਨ। ਸਪੀਕਰ ਸਾਹਿਬ, ਦੂਸਰੀ ਗੱਲ ਇਹ ਹੈ ਕਿ ਸੁਣਿਆ ਕਰਦੇ ਸੀ ਕਿ ਨਵੀਂ ਪਾਲਿਸੀ ਤਿਆਰ ਹੋ ਰਹੀ ਹੈ। ਅੱਜ ਮੈਂ, ਸਰਕਾਰ ਬਾਰੇ ਹੋਰ ਕੀ ਕਹਿ ਸਕਦਾ ਹਾਂ ਕਿ ਜੇ ਇੱਕ ਸਾਲ ਦੇ ਵਿਚ ਇੰਡਸਟਰੀਅਲ ਪਾਲਿਸੀ ਤਿਆਰ ਨਹੀਂ ਹੁੰਦੀ ਹੈ, ਜੇ ਇਕ ਸਾਲ ਦੇ ਵਿਚ ਮੌਜੂਦਾ ਸਰਕਾਰ ਦੀ ਪਾਲਿਸੀ ਵੀ ਤਿਆਰ ਨਹੀਂ ਹੋਈ ਤਾਂ, ਸਪੀਕਰ ਸਾਹਿਬ, ਗਵਰਨਰ ਐਡਰੈਸ ਦੇ ਵਿਚ ਲਿਖਿਆ ਹੈ ਕਿ ਕੁਆਰਕ ਕੰਪਨੀ ਜੋ ਹੈ, ਉਸ ਦੇ ਨਾਲ ਐਮ.ਓ.ਯੂ. ਸਾਈਨ ਕੀਤਾ ਹੈ। (ਵਿਘਨ, ਸ਼ੋਰ)। ਸਪੀਕਰ ਸਾਹਿਬ, ਇਹ ਕੁਆਰਕ ਕੰਪਨੀ ਜੋ ਹੈ, ਉਸ ਦੇ ਨਾਲ ਇਨ੍ਹਾਂ ਨੇ..... (ਵਿਘਨ)।

**Food and Supplies Minister :** Point of Order, Sir.

**Mr. Speaker :** Minister Sahib, do not interrupt, Please ਇਸ ਦੇ ਨਾਲ ਸਮਾਂ ਵੀ ਖਰਾਬ ਹੁੰਦਾ ਹੈ।

**ਖੁਰਾਕ ਤੇ ਸਪਲਾਈ ਮੰਤਰੀ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ........

**ਮਾਨਯੋਗ ਸਪੀਕਰ :** ਮਨਿਸਟਰ ਸਾਹਿਬ ਬਾਅਦ ਵਿਚ ਬੋਲ ਲੈਣਾ। ਆਪਣੀ ਸੀਟ ਤੇ ਬੈਠ ਜਾਓ। Please take your seat. I will give you time. Interruption not allowed, please.

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਇਸ ਕੰਪਨੀ ਦੇ ਨਾਲ ਐਮ.ਓ.ਯੂ. ਇਨ੍ਹਾਂ ਨੇ ਸਾਈਨ ਕੀਤਾ ਹੈ। ਇਨ੍ਹਾਂ ਨੇ ਕਿਹਾ ਕਿ ਇਸ ਦੇ ਨਾਲ ਅਸੀਂ ਪੰਜਾਬ ਦੀ ਇੰਡਸਟਰੀਅਲ ਨੁਹਾਰ ਨੂੰ ਬਦਲ ਦੇਵਾਂਗੇ। ਸਪੀਕਰ ਸਾਹਿਬ, ਐਮ.ਓ.ਯੂ. ਸਾਈਨ ਕੀਤੇ ਨੂੰ ਛੇ ਮਹੀਨੇ ਦਾ ਸਮਾਂ ਹੋ ਗਿਆ ਹੈ। ਜਿਹੜੀ ਕੰਪਨੀ ਨੇ ਐਮ.ਓ.ਯੂ. ਸਾਈਨ ਕੀਤਾ ਹੈ, ਛੇ ਮਹੀਨੇ ਬਾਅਦ ਵੀ ਇੱਕ ਵੀ ਇੱਟ ਇਸ ਦੇ ਵਿੱਚ ਨਹੀਂ ਲੱਗੀ। ਕਹਿੰਦੇ ਹਨ : "ਹਜ਼ਾਰ ਸੁਕਰ ਕਿ ਮਾਯੂਸ ਕਰ ਦੀਆਂ ਤੂਨੇ, ਯਹ ਅਲਗ ਬਾਤ ਥੀ ਕਿ ਤੁਝ ਸੇ ਬੜੀ ਉਮੀਦੇਂ ਥੀ।" (ਆਪੋਜ਼ੀਸ਼ਨ ਵਲੋਂ ਥੰਪਿੰਗ) ਐਮ.ਐਸ.ਪੀ. ਦੇ ਵਿਚ ਇੱਕ ਵੀ ਰੁਪਿਆ ਵਧ ਕਰਵਾ ਕੇ ਨਹੀਂ ਲਿਆ ਸਕੇ। ਪੰਜਾਬ ਦਾ ਮੁਕੱਦਮਾ ਪੇਸ਼ ਕਰਨ ਦੀ ਇਨ੍ਹਾਂ ਦੇ ਵਿਚ ਹਿੰਮਤ ਨਹੀਂ। ਗਵਰਨਰ ਐਡਰੈਸ ਦੇ 80 ਸਫ਼ਿਆਂ ਦੇ ਵਿਚ ਇਹ ਲਿਖਦੇ ਹਨ ਕਿ ਅਸੀਂ ਤਹਿਸੀਲ ਅਤੇ ਜ਼ਿਲ੍ਹਾ ਹੈਡਕੁਆਰਟਰ ਜੋ ਹਨ, ਉਹ ਉਸਾਰੀ ਤਾਮੀਰ ਹਨ। ਸਪੀਕਰ ਸਾਹਿਬ, ਇਹ ਤਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਦੇ ਵੇਲੇ ਦੇ ਹਨ, ਜਿਹੜੀਆਂ ਇਸ ਵੇਲੇ ਤਹਿਸੀਲ ਅਤੇ ਜ਼ਿਲ੍ਹਾ ਹੈਡਕੁਆਰਟਰ ਦੀਆਂ ਇਮਾਰਤਾਂ ਬਣ ਰਹੀਆਂ ਹਨ, ਇਹ ਉਸ ਵੇਲੇ ਦੀ ਸੈਂਕਸ਼ਨਡ ਹਨ। ਇਨ੍ਹਾਂ ਨੇ ਪੁਲਾਂ ਦਾ ਜ਼ਿਕਰ ਕੀਤਾ ਹੈ ਕਿ ਸਤਲੁਜ ਦਰਿਆ ਤੇ ਪੁਲ ਬਣ ਰਿਹਾ ਹੈ, ਫਲਾਣੇ ਦਰਿਆ ਤੇ ਪੁਲ ਬਣ ਗਿਆ ਹੈ। ਇਹ ਸਾਰੇ ਪ੍ਰੋਜੈਕਟ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਵੇਲੇ ਦੇ ਸੈਂਕਸਨਡ ਹਨ। ਨੈਸ਼ਨਲ ਹਾਈਵੇ ਤੇ ਇਹ ਕਹਿੰਦੇ ਹਨ ਕਿ 37 ਕਰੋੜ ਰੁਪਏ ਖਰਚ ਕਰ ਰਹੇ ਹਨ, ਇਹ ਪ੍ਰੋਜੈਕਟ ਤਾਂ ਸੈਂਟਰ ਗੌਰਮਿੰਟ ਦਾ ਹੈ। ਇਹ ਵੀ ਸ਼੍ਰੋਮਣੀ ਅਕਾਲੀ ਦਲ ਦੇ ਵੇਲੇ ਦਾ ਸੈਂਕਸ਼ਨਡ ਹੈ। ਇਹ ਵੀ ਲਿਖਿਆ ਹੈ ਕਿ ਚੰਡੀਗੜ੍ਹ ਤੋਂ ਪਟਿਆਲਾ ਅਤੇ ਰੋਪੜ ਤੋਂ ਫਗਵਾੜਾ ਤੱਕ ਸੜਕਾਂ ਚੌੜੀਆਂ ਹੋ ਰਹੀਆਂ ਹਨ। ਇਹ ਸ਼੍ਰੋਮਣੀ ਅਕਾਲੀ ਦਲ ਦੇ ਵੇਲੇ ਦੇ ਪ੍ਰੋਜੈਕਟ ਹਨ। ਅਸੀਂ ਕਿਸੇ ਵੇਲੇ ਮਾਡਲ ਬੱਸ ਸਟੈਂਡ ਬਣਾਉਣ ਦੀ ਗੱਲ ਕੀਤੀ ਸੀ ਪਰ ਕਿਉਂਕਿ ਹਾਲਾਤ ਬਦਲ ਗਏ ਅਤੇ ਇਨ੍ਹਾਂ ਨੇ ਕਿਹਾ ਕਿ ਮਾਡਲ ਬੱਸ ਸਟੈਂਡ ਬੀ.ਓ.ਟੀ. ਬੇਸ ਤੇ ਪ੍ਰਾਈਵੇਟ ਹੱਥਾਂ ਵਿੱਚ ਦੇਣ ਦੀ ਗੱਲ ਕੀਤੀ ਹੈ। ਇਸ ਤਰ੍ਹਾਂ ਸਰਮਾਇਆ ਪ੍ਰਾਈਵੇਟ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਲੋਕਾਂ ਨੂੰ ਦੇਣ ਦੀ ਗੱਲ ਕੀਤੀ ਗਈ ਹੈ ਜਦ ਕਿ ਗਵਰਨਰ ਐਡਰੈਸ ਵਿੱਚ ਗਵਰਨਰ ਸਾਹਿਬ ਨੇ ਕਿਹਾ ਹੈ My Government attaches highest improtance, attaches utmost importance, great significance. ਸਰਕਾਰ ਨੇ ਇੱਕ ਸਾਲ ਵਿੱਚ ਪੰਜਾਬ ਦੇ ਲੋਕਾਂ ਨੂੰ ਉਹ ਫਾਇਦਿਆਂ ਤੋਂ ਮਹਿਰੂਮ ਕਰ ਦਿੱਤਾ ਹੈ ਜੋ ਪਿਛਲੀ ਸਰਕਾਰ ਦੇ ਕੇ ਗਈ ਸੀ। ਕੋਆਪ੍ਰੇਟਿਵ ਸੈਕਟਰ ਵਿੱਚ ਕਿਸਾਨਾਂ ਦਾ ਇੱਕ ਪਰਸੈਂਟ ਵਿਆਜ ਵੀ ਨਹੀਂ ਘੱਟ ਕਰ ਸਕੀ। ਹਾਇਰ ਐਜੂਕੇਸ਼ਨ ਲਈ ਪਹਿਲਾਂ 15 ਰੁਪਏ ਫੀਸ ਪਰ ਸਟੂਡੈਂਟਸ ਸੀ, ਜਿਸ ਨੂੰ ਕੈਬਨਿਟ ਸਬ-ਕਮੇਟੀ ਨੇ 10 ਗੁਣਾਂ ਨਹੀਂ, 50 ਗੁਣਾਂ ਨਹੀਂ, ਸਗੋਂ 350 ਗੁਣਾਂ ਵਧਾ ਦਿੱਤਾ ਹੈ ਅਤੇ ਨਾਲ ਹੀ ਕਿਹਾ ਹੈ ਕਿ ਇਸ ਨਾਲ ਐਜੂਕੇਸ਼ਨ ਵਿੱਚ ਸੈਂਟਰ ਆਫ ਐਕਸੀਲੈਂਸ ਬਣੇਗੀ। ਇੱਥੇ ਮੇਰੇ ਸਾਥੀਆਂ ਨੇ ਐਸ.ਵਾਈ.ਐਲ. ਦੀ ਗੱਲ ਕੀਤੀ ਹੈ। ਤੁਸੀਂ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿਚ ਕਿਹਾ ਸੀ ਕਿ ਐਸ.ਵਾਈ.ਐਲ. ਤੇ ਸਾਰਾ ਦਿਨ ਬਹਿਸ ਰੱਖੀ ਜਾਵੇਗੀ। ਇਸ ਲਈ ਮੈਂ ਉਸ ਮੌਕੇ ਨੂੰ ਵੀ ਨਹੀਂ ਗੁਆਉਣਾ ਚਾਹੁੰਦਾ। ਮੈਂ ਹਾਊਸ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਕਿ ਅਕਾਲੀ ਦਲ ਦਾ ਰੋਲ ਪੰਜਾਬ ਦੇ ਲੋਕਾਂ ਲਈ ਸ਼ੱਕ ਦੇ ਘੇਰੇ ਵਿੱਚ ਹੈ। ਮੈਂ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜਾ ਅਕਾਲੀ ਦਲ ਹੈ, ਉਸ ਨੇ ਹਮੇਸ਼ਾਂ ਹੀ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਗੱਲ ਕੀਤੀ ਹੈ ਜਦ ਕਿ ਕਾਂਗਰਸ ਸਰਕਾਰ ਨੇ ਪੰਜਾਬ ਦਾ ਪਾਣੀ 1976 ਵਿੱਚ ਹਰਿਆਣੇ ਨੂੰ ਦਿੱਤਾ। ਉਸ ਵਕਤ ਕਿਸ ਪਾਰਟੀ ਦਾ ਪ੍ਰਧਾਨ ਮੰਤਰੀ ਸੀ? ਫਿਰ 1980 ਵਿੱਚ ਕੋਰਟ ਵਿੱਚੋਂ ਕੇਸ ਵਾਪਸ ਲਿਆ ਗਿਆ ਤਾਂ ਉਸ ਸਮੇਂ ਪੰਜਾਬ ਦੇ ਕਿਸ ਮੁੱਖ ਮੰਤਰੀ ਦਾ ਤਾਅਲੁੱਕ ਸੀ। 1981 ਵਿੱਚ ਨਹਿਰ ਦਾ ਉਦਘਾਟਨ ਕੀਤਾ ਗਿਆ, ਉਹ ਕਾਂਗਰਸ ਪਾਰਟੀ ਦੇ ਪ੍ਰਧਾਨ ਮੰਤਰੀ ਨੇ ਉਦਘਾਟਨ ਕੀਤਾ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸਾਰਾ ਕੁਝ ਇਨ੍ਹਾਂ ਦੀ ਸਰਕਾਰ ਵੇਲੇ ਹੁੰਦਾ ਰਿਹਾ ਹੈ। ਪੰਜਾਬ ਦੇ ਹਿੱਤਾਂ ਲਈ, ਪਾਣੀ ਦੇ ਹਿਤਾਂ ਲਈ, ਸਾਡੀ ਪਾਰਟੀ ਪੰਜਾਬ ਦੇ ਲੋਕਾਂ ਨਾਲ ਖੜ੍ਹੀ ਹੈ ਤੇ ਅਸੀਂ ਪਿੱਛੇ ਨਹੀਂ ਹੱਟ ਸਕਦੇ। ਇਨ੍ਹਾਂ ਨੇ ਰਾਜਸਥਾਨ ਨੂੰ ਪਾਣੀ ਦੇਣਾ ਹੋਵੇਗਾ, ਹਰਿਆਣੇ ਨੂੰ ਪਾਣੀ ਦੇਣਾ ਹੋਵੇਗਾ ਕਿਉਂਕਿ ਇਨ੍ਹਾਂ ਦੀ ਆਲ ਇੰਡੀਆ ਕਾਂਗਰਸ ਪਾਰਟੀ ਹੈ, ਇਨ੍ਹਾਂ ਦੀ ਮਜਬੂਰੀ ਹੋ ਸਕਦੀ ਹੈ ਪਰ ਸ਼੍ਰੋਮਣੀ ਅਕਾਲੀ ਦਲ ਦਾ ਦਿੱਲੀ ਵਿਚ ਕੋਈ ਮਾਈ ਬਾਪ ਨਹੀਂ ਹੈ ਤੇ ਕਿਸੇ ਦਾ ਕਰਜ਼ਾ ਨਹੀਂ ਦੇਣਾ। ਇਸ ਲਈ ਅਸੀਂ ਕਿਸੇ ਦੇ ਮੁਹਤਾਜ ਨਹੀਂ ਹਾਂ। ਪੰਜਾਬ ਦੇ ਲੋਕਾਂ ਦੀ ਵਕਾਲਤ ਸਾਡੀ ਪਾਰਟੀ ਹੀ ਕਰਦੀ ਹੈ। ਇੱਥੇ ਗਵਰਨਰ ਐਡਰੈਸ ਵਿੱਚ ਡਿਸਇਨਵੈਸਟਮੈਂਟ ਦੀ ਗੱਲ ਕੀਤੀ ਗਈ ਹੈ। ਪਿਛਲੇ ਸਾਲ ਜਿਹੜੀਆਂ ਸਰਕਾਰੀ ਕੰਪਨੀਆਂ ਬਿਮਾਰ ਪਈਆਂ ਸਨ, ਉਨ੍ਹਾਂ ਨੂੰ ਵੇਚਣ ਦਾ ਫੈਸਲਾ ਕੀਤਾ ਗਿਆ, ਕੁਝ ਹੱਦ ਤੱਕ ਅਸੀਂ ਵੀ ਇਸ ਨਾਲ ਸਹਿਮਤ ਹਾਂ ਪਰ ਜਿਹੜੇ ਪੰਜਾਬ ਦੀਆਂ 90% ਬਲਿਊ ਚਿਪਸ ਕੰਪਨੀਆਂ ਸਨ, ਉਨ੍ਹਾਂ ਤੇ ਕੁਹਾੜਾ ਮਾਰਿਆ ਗਿਆ ਹੈ। ਪਨਕਾਮ ਦੇ ਮੁਲਾਜ਼ਮਾਂ ਨੂੰ ਵੀ ਵੀ.ਆਰ.ਐਸ. ਰਾਹੀਂ ਰਿਟਾਇਰ ਕੀਤਾ ਜਾ ਰਿਹਾ ਹੈ ਤੇ ਅਖਬਾਰਾਂ ਵਿਚ ਇਹ ਆਉਣ ਲਗ ਪਿਆ ਹੈ ਕਿ ਇਸਨੂੰ ਟਾਟਾ, ਰਿਲਾਇੰਸ ਖਰੀਦਣ ਲਈ ਆਉਣਗੇ। ਜਦੋਂ ਟੈਂਡਰ ਪਾਉਣ ਦਾ ਸਮਾਂ ਆਇਆ ਤਾਂ ਕਿਸੇ ਨੇ ਪਨਕੌਮ ਨੂੰ ਖਰੀਦਣ ਲਈ ਟੈਂਡਰ ਨਹੀਂ ਪਾਇਆ। ਇਕ ਕੰਪਨੀ ਸੀ ਜਿਸਨੇ ਇੰਨੇ ਥੋੜ੍ਹੇ ਰੇਟ ਵਿਚ ਬੋਲੀ ਲਾਈ। ਅੱਜ ਇਸ ਪ੍ਰਾਫਿਟੇਬਲ ਕੰਪਨੀ

Original with;
Punjab Vidhan Sabha
Digitized by;
Panjab Digital Library

ਦਾ ਹਾਲ ਇਹ ਹੈ ਕਿ ਇਸ ਵਿਚ ਕੋਈ ਮੁਲਾਜ਼ਮ ਕੰਮ ਕਰਨਾ ਵਾਲਾ ਨਹੀਂ ਤੇ ਜਿਹੜੀ ਇੰਨੀ ਨਫ਼ੇ ਵਾਲੀ ਕੰਪਨੀ ਸੀ, ਉਸਨੂੰ ਜਿੰਦਰਾ ਲਗਾਉਣਾ ਪੈਣਾ ਹੈ। ਸਪੀਕਰ ਸਾਹਿਬ, ਜਿਵੇਂ ਕਹਿੰਦੇ ਹਨ :

"ਮਰਜ਼ ਬੜ੍ਹਤਾ ਗਿਆ ਜਿਉਂ ਜਿਉਂ ਦਵਾ ਕੀ।"

ਇਹ ਜਿਵੇਂ ਜਿਵੇਂ ਦਵਾਈ ਦਿੰਦੇ ਹਨ, ਬੀਮਾਰੀਆਂ ਵਧਦੀਆਂ ਜਾਂਦੀਆਂ ਹਨ। ਕਿਸੇ ਸ਼ਾਇਰ ਨੇ ਠੀਕ ਹੀ ਕਿਹਾ ਹੈ

"ਮੁਸੀਬਤ ਹੈ ਤੁਝੇ ਇਸ ਬੁਤ ਸੇ ਉਲਫਤ ਹੋ ਗਈ ਅਕਬਰ<br>ਜਿਸ ਕੋ ਇਸ ਬੁਤਕਦੇ ਮੇਂ ਕੋਈ ਅੱਛਾ ਨਹੀਂ ਕਹਿਤਾ।"

ਇਹ ਅੱਜ ਲੋਕਾਂ ਦੇ, ਤੁਹਾਡੇ ਬਾਰੇ ਵਿਚਾਰ ਹਨ। ਕੋਈ ਇਨ੍ਹਾਂ ਨੂੰ ਪਸੰਦ ਨਹੀਂ ਕਰ ਰਿਹਾ। ਜਿਵੇਂ ਕਿਹਾ ਹੈ—

"ਬਹੁਤ ਸ਼ੋਰ ਸੁਨਤੇ ਥੇ ਪਹਿਲੂ ਮੇਂ ਦਿਲ ਕਾ<br>ਕਾਟਾ ਤੋਂ ਕਤਰਾਏ ਖ਼ੂਨ ਨਿਕਲਾ।"

ਸਪੀਕਰ ਸਾਹਿਬ, ਸ਼ੋਰ ਸੁਣਦੇ ਸੀ ਕਿ ਅਕਾਲੀ ਪਾਰਟੀ ਸਰਕਾਰ ਨਹੀਂ ਚਲਾ ਸਕਦੀ। ਇਸਦੀ ਐਡਮਨਿਸਟ੍ਰੇਸ਼ਨ ਤੇ ਕੋਈ ਗ੍ਰਿਪ ਨਹੀਂ, ਬਿਊਰੋਕਰੇਸੀ ਤੇ ਇਹ ਹਾਵੀ ਨਹੀਂ ਹੋ ਸਕਦੀ। ਸਪੀਕਰ ਸਾਹਿਬ, ਹੋਇਆ ਇਹ ਕਿ ਇਨ੍ਹਾਂ ਦੀ ਪਾਰਟੀ ਦੀ ਐਡਮਨਿਸਟ੍ਰੇਸ਼ਨ ਬਾਰੇ ਜੇ ਮੈਂ ਥੋੜ੍ਹਾ ਹੀ ਕਹਾਂ ਤਾਂ ਠੀਕ ਹੈ। ਅਖਬਾਰਾਂ ਵਿਚ ਰੋਜ਼ ਹੀ ਪੜ੍ਹਦੇ ਹਾਂ ਕਿ ਇਕ ਡੀ.ਆਈ.ਜੀ. ਤੇ ਇਕ ਐਸ.ਐਸ.ਪੀ. ਲੜ ਪਏ ਤੇ ਡੀ.ਸੀ. ਸਾਹਿਬ ਸਮਝੌਤਾ ਕਰਾਉਣ ਚਲੇ ਗਏ। ਐਸ.ਐਸ.ਪੀ. ਸਾਹਿਬ ਕਹਿੰਦੇ ਹਨ ਕਿ ਮੇਰੀ ਜਾਨ ਨੂੰ ਖਤਰਾ ਹੈ। ਜੇ ਉਨ੍ਹਾਂ ਦਾ ਇਹ ਹਾਲ ਹੈ ਤਾਂ ਇਕ ਆਮ ਇਨਸਾਨ ਦਾ ਕੀ ਹਸ਼ਰ ਹੈ। (ਵਿਰੋਧੀ ਧਿਰ ਵਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਡੀ.ਸੀ., ਫਿਰੋਜ਼ਪੁਰ ਨੂੰ ਇਨ੍ਹਾਂ ਨੇ ਸਸਪੈਂਡ ਕਰ ਦਿੱਤਾ। ਇਹ ਜੇ ਇਕ ਧੜੇ ਦੀ ਗੱਲ ਸੁਣਦੇ ਹਨ ਤਾਂ ਦੂਜਾ ਆ ਜਾਂਦਾ ਹੈ। ਸਪੀਕਰ ਸਾਹਿਬ, ਇਹ ਇਕ ਤਲਖ ਹਕੀਕਤ ਹੈ ਕਿ ਸਾਰੀ ਐਡਮਨਿਸਟ੍ਰੇਸ਼ਨ ਜਿਹੜੀ ਹੈ, ਉਹ ਅੱਜ ਦੋ ਧੜਿਆਂ ਵਿਚ ਵੰਡੀ ਹੋਈ ਹੈ। ਇਹ ਜੇ ਇਕ ਧੜੇ ਦੀ ਗੱਲ ਸੁਣਦੇ ਹਨ, ਬਦਲੀ ਕਰਵਾ ਦਿੰਦੇ ਹਨ ਤਾਂ ਦੂਜੇ ਧੜੇ ਵਾਲੇ ਸਸਪੈਂਡ ਕਰਵਾ ਦਿੰਦੇ ਹਨ। ਅੱਜ ਇਸ ਕਿਸਮ ਦੇ ਪੰਜਾਬ ਦੇ ਹਾਲਾਤ ਹਨ। ਇਥੋਂ ਤੱਕ ਕਿ ਪੰਜਾਬ ਦੇ ਜਿਹੜੇ ਭੰਡ ਹਨ, ਕਾਮੇਡੀਅਨ ਹਨ, ਉਹ ਵੀ ਇਸ ਬਿਊਰੋਕਰੇਸੀ ਤੋਂ ਨਹੀਂ ਬਚ ਸਕੇ। ਕਿਸੇ ਦਿਨ ਦੀ ਵੀ ਅਖਬਾਰ ਪੜ੍ਹ ਲਓ। ਕੋਈ ਮੰਤਰੀ ਜੀ ਦਾ ਬੱਚਾ ਇੰਸਪੈਕਟਰ ਭਰਤੀ ਹੋ ਗਿਆ। ਕੋਈ ਡੀ.ਐਸ.ਪੀ. 30 ਬੰਦਿਆਂ ਨੂੰ ਸੁਪਰਸੀਡ ਕਰਕੇ ਐਸ.ਪੀ. ਬਣ ਗਿਆ। ਪਿਛਲੇ ਇਕ ਸਾਲ ਵਿਚ ਇਹ ਇਨ੍ਹਾਂ ਦੀ ਐਡਮਨਿਸਟ੍ਰੇਸ਼ਨ ਹੈ। ਸਪੀਕਰ ਸਾਹਿਬ, ਵਾਕਿਆਤ ਬੜੇ ਹੋਏ ਹਨ ਤੇ ਕਈ ਐਸੇ ਵਾਕਿਆਤ ਵੀ ਹੋਏ ਹਨ, ਜਿਨ੍ਹਾਂ ਬਾਰੇ ਮੈਂ ਸਮਝਦਾ ਹਾਂ ਕਿ if I mention that in the House. I will be lowering the dignity of the House. ਮੈਨੂੰ ਸ਼ਰਮ ਆਉਂਦੀ ਹੈ ਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਪਿਛਲੇ ਇਕ ਸਾਲ ਦੋ ਵਿਚ ਕਿਸ ਕਿਸਮ ਦੇ ਵਾਕਿਆਤ ਇਸ ਸਰਕਾਰ ਦੀ ਕਾਰਗੁਜ਼ਾਰੀ ਥੱਲੇ ਹੋਏ ਹਨ। ਸਪੀਕਰ ਸਾਹਿਬ, ਇਸ ਲਈ ਮੈਂ ਇਸ ਨੂੰ ਇਕ ਸ਼ੇਅਰ ਕਹਿ ਕੇ ਬੰਦ ਕਰਦਾ ਹਾਂ :

"ਅਬ ਇਸ ਸੇ ਜ਼ਿਆਦਾ ਔਰ ਭਲਾ ਵੀਰਾਨ ਬਾਗਬਾਂ ਕਿਆ ਹੋਗਾ
ਹਰ ਸ਼ਾਖ ਪੇ ਉਲੂ ਬੈਠਾ ਹੈ, ਅੰਜ਼ਾਮੇਂ ਗੁਲਿਸਤਾਂ ਕਿਆ ਹੋਗਾ।"

ਸਪੀਕਰ ਸਾਹਿਬ, ਜਾਖੜ ਸਾਹਿਬ ਨੇ ਪੰਜਾਬ ਸਟੇਟ ਇਲੈਕਟ੍ਰੀਸਿਟੀ ਬੋਰਡ ਵੱਲ ਇਸ਼ਾਰਾ ਕੀਤਾ ਸੀ। ਇਹ ਪੰਜਾਬ ਦਾ ਗਹਿਣਾ ਹੈ। ਜਿੰਨੇ ਵੀ ਪੰਜਾਬ ਦੇ ਬਿਜਲੀ ਘਰ ਬਣੇ ਹਨ, ਭਾਖੜਾ ਬਣਿਆ ਹੈ, ਗੰਗੂਵਾਲ ਬਣਿਆ ਹੈ, ਪੌਂਗ, ਮੁਕੇਰੀਆਂ, ਅਨੰਦਪੁਰ ਸਾਹਿਬ, ਯੂ.ਬੀ.ਡੀ.ਸੀ., ਸ਼ਾਨਨ, ਰੋਪੜ, ਬਠਿੰਡਾ ਲਹਿਰਾ ਮੁਹੱਬਤ ਬਣਿਆ, ਇਹ ਸਭ ਇਲੈਕਟ੍ਰੀਸਿਟੀ ਬੋਰਡ ਦੇ ਇੰਜੀਨੀਅਰਾਂ ਦੀ ਮਿਹਨਤ ਸਦਕਾ ਹੀ ਬਣਿਆ ਹੈ। ਪੰਜਾਬ ਦੀ ਬੜੀ ਲੇਬਰ ਇਨ੍ਹਾਂ ਨੂੰ ਸਿਰੇ ਚੜਾਉਣ ਵੇਲੇ ਸ਼ਹੀਦ ਹੋਈ ਹੈ। ਜੇ ਅੱਜ ਜਿਹੜੀ ਪੰਜਾਬ ਦੀ ਕਜ਼ੰਪਸ਼ਨ ਹੈ (ਘੰਟੀ) ਉਹ 800 ਯੂਨਿਟ ਪਰ ਕੈਪੀਟਾ ਹੈ, 350 ਯੂਨਿਟ ਪਰ ਕੈਪੀਟਾ ਹਿੰਦੁਸਤਾਨ ਦੇ ਮੁਕਾਬਲੇ ਤਾਂ ਇਹ ਇਨ੍ਹਾਂ ਇੰਜੀਨੀਅਰਾਂ ਦੀ ਮਿਹਨਤ ਸਦਕਾ ਹੀ ਹੈ। ਇਹ ਗੱਲ ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਪਿਛਲੇ 5 ਸਾਲਾਂ ਵਿਚ ਹਜ਼ਾਰ ਮੈਗਾਵਾਟ ਅਸੀਂ ਰਣਜੀਤ ਸਾਗਰ ਡੈਮ ਤੇ ਲਹਿਰਾ ਮੁਹੱਬਤ ਤੋਂ ਪੈਦਾ ਕਰਕੇ ਪੰਜਾਬ ਦੇ ਲੋਕਾਂ ਨੂੰ ਤੋਹਫਾ ਦਿੱਤਾ ਸੀ। ਜਿਸ ਵੇਲੇ ਰਣਜੀਤ ਸਾਗਰ ਡੈਮ ਦੇ ਉਦਘਾਟਨ ਤੇ ਸਾਡੇ ਪ੍ਰਧਾਨ ਮੰਤਰੀ ਵਾਜਪਾਈ ਸਾਹਿਬ ਉਥੇ ਆਏ ਸੀ, ਮੈਨੂੰ ਮੌਕਾ ਮਿਲਿਆ ਤੇ ਮੈਂ ਉਥੇ ਹਾਜ਼ਰ ਸੀ। ਸਪੀਕਰ ਸਾਹਿਬ, ਮੈਂ ਕਸਮ ਖਾ ਕੇ ਕਹਿੰਦਾ ਹਾਂ ਕਿ ਉਸ ਡੈਮ ਦੀਆਂ ਜਿਹੜੀਆਂ ਦੀਵਾਰਾਂ ਹਨ......

*5.25 ਵਜੇ ਸ਼ਾਮ (*ਇਸ ਸਮੇਂ ਸਭਾਪਤੀ ਨਾਮਾਵਲੀ ਦੇ ਮੈਂਬਰ ਰਾਣਾ ਕੰਵਰਪਾਲ ਸਿੰਘ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਉਹ ਕਾਬਲੇ-ਤਾਰੀਫ ਹਨ। ਉਸ ਵੇਲੇ ਇਹ ਕਿਹਾ ਗਿਆ ਸੀ ਕਿ "ਇਸ ਮੇਂ ਮੁਝੇ ਪੰਜਾਬ ਕੀ ਤਕਦੀਰ ਨਜ਼ਰ ਆਤੀ ਹੈ।" ਲੇਕਿਨ ਮੈਨੂੰ ਅਫਸੋਸ ਹੈ ਕਿ ਅੱਜ ਪੰਜਾਬ ਰਾਜ ਬਿਜਲੀ ਬੋਰਡ ਦਾ ਕਾਰਪੋਰੇਟਾਈਜ਼ੇਸ਼ਨ ਕਰਨ ਦਾ ਫੈਸਲਾ ਸਰਕਾਰ ਲੈ ਰਹੀ ਹੈ। ਟ੍ਰਾਂਸਮਿਸ਼ਨ ਅਤੇ ਡਿਸਟਰੀਬਿਊਸ਼ਨ ਲਾਸਿਜ਼ ਕਿਸੇ ਬਿਜਲੀ ਬੋਰਡ ਦੀ ਆਮਦਨੀ ਨੂੰ ਨਾਪਣ ਦੇ ਪੈਮਾਨੇ ਹੁੰਦੇ ਹਨ। ਅੱਜ ਵੀ ਪੰਜਾਬ ਰਾਜ ਬਿਜਲੀ ਬੋਰਡ ਦੇ ਇਹ ਲਾਸਿਜ਼ ਸਿਰਫ਼ 25 ਫੀਸਦੀ ਹਨ ਜਦ ਕਿ ਹਰਿਆਣੇ ਵਿਚ ਇਹ 33 ਫੀਸਦੀ ਹਨ, ਦਿੱਲੀ ਵਿਚ 48 ਫੀਸਦੀ ਅਤੇ ਉੜੀਸਾ ਵਿਚ 50 ਫੀਸਦੀ ਹਨ। ਦੂਸਰੇ ਪਾਸੇ ਜਿਹੜੇ ਪੰਜਾਬ ਦੇ ਥਰਮਲ ਪਲਾਂਟ ਹਨ, ਉਨ੍ਹਾਂ ਦਾ 80 ਫੀਸਦੀ ਤੋਂ ਵੀ ਜ਼ਿਆਦਾ ਪਲਾਂਟ ਲੋਡ ਫੈਕਟਰ ਹੈ ਅਤੇ ਇਨ੍ਹਾਂ ਪਲਾਂਟਸ ਦੀ ਪ੍ਰੋਡਕਸ਼ਨ ਹਿੰਦੁਸਤਾਨ ਵਿਚ ਹਮੇਸ਼ਾਂ ਅੱਵਲ ਨੰਬਰ ਦੀ ਰਹੀ ਹੈ। ਅੱਜ ਵੀ ਪੰਜਾਬ ਵਿਚ ਬਿਜਲੀ ਦੀ ਦਰ ਸਾਰੇ ਸੂਬਿਆਂ ਨਾਲੋਂ ਘੱਟ ਹੈ। ਇਥੇ ਜਿਹੜੀ ਰੈਵੇਨਿਊ ਕੁਲੈਕਸ਼ਨ ਹੈ, ਇਹ 99 ਪਲੱਸ ਹੈ। ਬਿਜਲੀ ਬੋਰਡ ਦੇ ਦਫਤਰ ਤੋਂ ਜਿਹੜਾ ਬਿੱਲ ਜਾਂਦਾ ਹੈ, ਉਸ ਦੀ 99 ਫੀਸਦੀ ਕੁਲੈਕਸ਼ਨ ਹੁੰਦੀ ਹੈ। ਅੱਜ ਬਿਜਲੀ ਬੋਰਡ ਦੀਆਂ ਜਿਹੜੀਆਂ ਪ੍ਰਾਬਲਮਜ਼ ਹਨ, ਇਹ ਮਾਈਕਰੋ ਪ੍ਰਾਬਲਮਜ਼ ਹਨ ਅਤੇ ਇਹ ਸਾਲਵ ਹੋ ਸਕਦੀਆਂ ਹਲ, ਰੈਗੂਲੇਟਰੀ ਕਮਿਸ਼ਨ ਬਣ

Original with;
Punjab Vidhan Sabha
Digitized by;
Panjab Digital Library

ਗਿਆ ਹੋਇਆ ਹੈ। ਜੇ ਇਥੇ ਕੋਈ ਪ੍ਰਾਈਵੇਟ ਪਾਰਟੀਆਂ ਆ ਗਈਆਂ ਤਾਂ ਉਨ੍ਹਾਂ ਨੇ ਬਿਜਲੀ ਬੋਰਡ ਦਾ ਜਾਂ ਪੰਜਾਬ ਦਾ ਫਾਇਦਾ ਨਹੀਂ ਕਰਨਾ। ਉਨ੍ਹਾਂ ਨੇ ਤਾਂ ਪੰਜਾਬ ਦੇ ਲੋਕਾਂ ਤੋਂ ਪ੍ਰਾਫਿਟ ਕਮਾਉਣਾ ਹੈ। ਹਲਦੀਆ ਕਮੇਟੀ ਆਪਣੀ ਰਿਪੋਰਟ ਤਿਆਰ ਕਰਕੇ ਆ ਰਹੀ ਹੈ ਲੇਕਿਨ ਇਸ ਕਮੇਟੀ ਦੇ ਮੈਂਬਰਾਂ ਵਿਚ ਪੰਜਾਬ ਦੀਆਂ ਰਗਾਂ ਦਾ ਖੂਨ ਨਹੀਂ ਵਗ ਰਿਹਾ। ਇਸ ਕਮੇਟੀ ਨੂੰ ਪੰਜਾਬ ਦੇ ਲੋਕਾਂ ਨਾਲ ਕੋਈ ਹਮਦਰਦੀ ਨਹੀਂ ਹੋਣੀ। ਵੈਸੇ ਵੀ ਇਸ ਦੀ ਰਿਪੋਰਟ ਕੋਈ ਖੁਦਾ ਦੀ ਰਿਪੋਰਟ ਨਹੀਂ ਹੈ। ਇਸ ਰਿਪੋਰਟ ਤੇ ਇਸ ਸਦਨ ਵਿਚ ਡਿਸਕਸ਼ਨ ਹੋਣੀ ਚਾਹੀਦੀ ਹੈ, ਲੋਕਾਂ ਵਿਚ ਡਿਸਕਸ਼ਨ ਹੋਣੀ ਚਾਹੀਦੀ ਹੈ। ਮੈਂ ਖਾਸ ਕਰਕੇ ਜਿਹੜੇ ਮੇਰੇ ਦੂਸਰੇ ਪਾਸੇ ਮੈਂਬਰ ਬੈਠੇ ਹਨ, ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਦੇ ਮੁਸਤਿਕਵਲ ਦਾ ਸਵਾਲ ਹੈ। ਇਹ ਜੋ ਕਾਰਪੋਰੇਟਾਈਜੇਸ਼ਨ ਜਾਂ ਪ੍ਰਾਈਵੇਟਾਈਜੇਸ਼ਨ ਦੀ ਗੱਲ ਹੈ, ਇਹ ਅੱਜ ਤੱਕ ਉੜੀਸਾ, ਹਰਿਆਣਾ ਜਾਂ ਦਿੱਲੀ ਵਿਚ ਕਿਤੇ ਵੀ ਕਾਮਯਾਬ ਨਹੀਂ ਹੋਇਆ। ਇਸ ਕਰਕੇ ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਆਪਣੀ ਸਰਕਾਰ ਦੇ ਵਿਚ ਰਹਿ ਕੇ ਕੋਸ਼ਿਸ਼ ਇਹ ਕਰੋ ਕਿ ਪੰਜਾਬ ਰਾਜ ਬਿਜਲੀ ਬੋਰਡ ਜਿੰਦਾ ਰਹੇ, ਆਬਾਦ ਰਹੇ। ਪੰਜਾਬ ਦੇ ਕਾਰਖਾਨਿਆਂ ਦਾ ਜਿਹੜਾ ਦਿਲ ਧੜਕਦਾ ਹੈ, ਇਹ ਬਿਜਲੀ ਬੋਰਡ ਕਰਕੇ ਹੀ ਹੈ। ਸਾਡੇ ਖੇਤਾਂ ਵਿਚਲੀ ਹਰਿਆਲੀ ਬਿਜਲੀ ਬੋਰਡ ਕਰਕੇ ਹੀ ਹੈ। ਇਸ ਨੂੰ ਕਾਰਪੋਰੇਟਾਈਜ਼ ਕਰਨਾ ਜਾਂ ਪ੍ਰਾਈਵੇਟਾਈਜ਼ ਕਰਨਾ ਉਨਾ ਹੀ ਵੱਡਾ ਪਾਪ ਹੈ ਜਿੰਨਾ ਵੱਡਾ ਪਾਪ ਅਮਰੀਕਾ ਇਰਾਕ ਨਾਲ ਜੰਗ ਛੇੜ ਕੇ ਕਮਾ ਰਿਹਾ ਹੈ।

ਮੈਂ ਤਾਂ ਸਿਰਫ ਪੰਜ ਕੁ ਮਿੰਟ ਹੀ ਹੋਰ ਲੈਣੇ ਚਾਹੁੰਦਾ ਹਾਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਪੰਜਾਬੀਆਂ ਦੀ ਹਮਾਗੀਰ ਜ਼ੁਬਾਨ ਪੰਜਾਬੀ ਹੈ ਲੇਕਿਨ ਇਸ ਦੇ ਬਾਰੇ ਗਵਰਨਰ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਪੰਜਾਬੀ ਯੂਨੀਵਰਸਿਟੀ ਇਸੇ ਮਕਸਦ ਵਾਸਤੇ ਬਣਾਈ ਗਈ ਸੀ ਕਿ ਪੰਜਾਬੀ ਜ਼ੁਬਾਨ ਵਧੇ ਤੇ ਫੁੱਲੇ। ਸਿਆਣੇ ਲੋਕ ਜ਼ਬਾਨ ਨੂੰ ਮਾਂ ਦਾ ਦਰਜਾ ਦਿੰਦੇ ਹਨ ਕਿ ਇਹ ਸਾਡੀ ਮਾਂ ਹੁੰਦੀ ਹੈ। ਲੇਕਿਨ ਇਨ੍ਹਾਂ ਨੇ ਪਿਛਲੇ ਸਾਲ ਕੀ ਕੀਤਾ ਕਿ ਪੰਜਾਬੀ ਯੂਨੀਵਰਸਿਟੀ ਵਿਚ ਜੋ ਕੋਈ ਪੜ੍ਹਾਉਣਾ ਚਾਹੁੰਦਾ ਹੈ ਅਤੇ ਜੇ ਉਸ ਨੇ ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਨਹੀਂ ਵੀ ਕੀਤੀ, ਤਾਂ ਵੀ ਉਹ ਟੀਚ ਕਰ ਸਕਦਾ ਹੈ। ਜੇ ਪੰਜਾਬੀ ਵਿਚ ਪੋਸਟ ਗ੍ਰੈਜੂਏਸ਼ਨ ਕਰਨੀ ਹੈ ਤਾਂ ਤੁਸੀਂ ਗੁਰਮੁਖੀ ਲਿਪੀ ਦੀ ਬਜਾਏ ਦੇਵ-ਨਾਗਰੀ ਲਿਪੀ ਵਿਚ ਵੀ ਕਰ ਸਕਦੇ ਹੋ। ਜਿਹੜੇ ਸਟੂਡੈਂਟ ਅੰਡਰ ਗ੍ਰੈਜੂਏਟ ਹਨ, ਉਨ੍ਹਾਂ ਨੂੰ 3 ਸਾਲ ਪੰਜਾਬੀ ਦੇ ਪੇਪਰ ਦੇਣ ਦੀ ਲੋੜ ਨਹੀਂ, ਸਿਰਫ ਇਕ ਸਾਲ ਲਈ ਹੀ ਮੈਨਡੇਟਰੀ ਹੈ। ਇਹ ਆਫੀਸ਼ੀਅਲ ਲੈਂਗੂਏਜ਼ ਐਕਟ ਦੀ, ਯੂਨੀਵਰਸਿਟੀ ਐਕਟ ਦੀ ਅਤੇ ਗੌਰਮਿੰਟ ਲੈਂਗੂਏਜ਼ ਪਾਲਿਸੀ ਦੀ ਉਲੰਘਣਾ ਹੈ। ਇਸ ਐਡਰੈੱਸ ਵਿਚ ਗਵਰਨਰ ਸਾਹਿਬ ਨੇ ਵੀ ਕਿਹਾ ਹੈ ਕਿ ਪੰਜਾਬ ਦੇ ਜਿਹੜੇ ਹਾਲਾਤ ਹਨ, ਉਹ ਇਸ ਕਿਸਮ ਦੇ ਹਨ ਕਿ ਸਾਰੀਆਂ ਪੁਲੀਟੀਕਲ ਪਾਰਟੀਆਂ ਵਿਚ ਕਨਸੈਂਸਿਸ ਹੋਣੀ ਚਾਹੀਦੀ ਹੈ।

ਚੇਅਰਮੈਨ ਸਾਹਿਬ, ਜਿਸ ਤਰ੍ਹਾਂ ਦੇ ਹਾਲਾਤ ਗੁਜ਼ਰੇ ਹਨ ਜਿਸ ਕਿਸਮ ਦੀ ਕੁੜੱਤਣ ਪੰਜਾਬ ਦੇ ਪਾਣੀਆਂ ਵਿੱਚ ਪੈਦਾ ਹੋਈ ਹੈ, ਜੋ ਪਿਛਲੇ ਹਾਲਾਤ ਮੈਂ ਉਸ ਵੇਲੇ ਵਿੱਚ ਦੇਖੇ ਹਨ ਚੇਅਰਮੈਨ ਸਾਹਿਬ ਤੁਸੀਂ ਤਾਂ ਸ਼ਾਇਦ ਉਸ ਵੇਲੇ ਇੱਥੇ ਹਾਊਸ ਦੇ ਮੈਂਬਰ ਨਹੀਂ ਸੀ, ਉਦੋਂ ਕੋਈ ਵੀ ਮੈਂਬਰ ਉਠ ਕੇ ਪੰਜਾਬ ਦੇ ਮੁੱਖ ਮੰਤਰੀ ਕੋਲ ਆਪਣੇ ਹਲਕੇ ਦੇ ਕੰਮਾਂ ਕਾਰਾਂ ਬਾਰੇ ਜਾਂ ਕਿਸੇ ਹੋਰ ਤਰ੍ਹਾਂ ਦੇ ਕੰਮਾਂ ਵਾਸਤੇ ਮੁੱਖ ਮੰਤਰੀ ਨੂੰ ਮਿਲ ਸਕਦਾ ਸੀ। ਅੱਜ ਪੰਜਾਬ ਵਿੱਚ ਉਹ ਹਾਲਾਤ ਨਹੀਂ ਹਨ। ਅੱਜ ਪੰਜਾਬ ਵਿੱਚ ਹਾਲਾਤ ਉਹ ਹਨ ਕਿ ਜਿਹੜਾ ਗਵਰਨਰ ਸਾਹਿਬ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਵਲੋਂ ਦਿਤੀ ਚਾਹ ਪਾਰਟੀ ਵੇਲੇ ਫੋਟੋ ਹੁੰਦੀ ਹੈ, ਉਸ ਫੋਟੋ ਤੇ ਵੀ ਆਪੋਜ਼ੀਸ਼ਨ ਅਤੇ ਟਰੇਜ਼ਰੀ ਬੈਂਚਿਜ਼ ਵਾਲੇ ਇਕੱਠੇ ਹੋ ਕੇ ਨਹੀਂ ਬੈਠ ਸਕਦੇ। ਹਾਲਾਂ ਕਿ ਸਾਡੀ ਮੰਜ਼ਲੇ ਮਕਸੂਦ, ਪੰਜਾਬ ਦੀ ਖੁਸ਼ਹਾਲੀ, ਤਰੱਕੀ ਅਤੇ ਮੰਜ਼ਲੇ ਮਕਸੂਦ ਇਕੱਠੀ ਹੈ, ਸੋ, ਚੇਅਰਮੈਨ ਸਾਹਿਬ, ਅਸੀਂ ਤਾਂ ਇੰਨਾ ਹੀ ਕਹਾਂਗੇ ਕਿ ਜਿਹੜੀ ਆਪੋਜ਼ੀਸ਼ਨ ਹੈ, ਆਪੋਜ਼ੀਸ਼ਨ ਦਾ ਇੱਕ ਰੋਲ ਹੁੰਦਾ ਹੈ, ਕਾਂਸਟੀਚਿਊਸ਼ਨਲ ਰੋਲ, ਜੇਕਰ ਉਸ ਕਾਂਸਟੀਚਿਊਸ਼ਨਲ ਰੋਲ ਨੂੰ ਨਜ਼ਰ ਅੰਦਾਜ਼ ਕਰੋਗੇ ਤਾਂ ਪੰਜਾਬ ਤਰੱਕੀ ਤੇ ਖੁਸ਼ਹਾਲੀ ਦੇ ਰਸਤੇ ਤੇ ਜਾਂ ਜਿਹੜੇ ਰਸਤੇ ਤੇ ਇਹ ਲਿਜਾਣਾ ਚਾਹੁੰਦੇ ਹਨ ਉਥੇ ਕਦੇ ਨਹੀਂ ਪੁੱਜ ਸਕਦਾ। ਚੇਅਰਮੈਨ ਸਾਹਿਬ, ਮੈਂ ਕੱਲ੍ਹ ਪਰਸੋਂ ਹੀ ਇਕਬਾਲ ਦਾ ਇਕ ਕਲਾਮ ਪੜ੍ਹ ਰਿਹਾ ਸੀ। ਉਹ ਕਲਾਮ ਤੁਹਾਨੂੰ ਸੁਣਾ ਕੇ ਮੈਂ ਬੈਠਦਾ ਹਾਂ, ਉਹ ਕਲਾਮ ਇਸ ਤਰ੍ਹਾਂ ਹੈ :

"ਐ ਸੁਰਖ ਸੂਰਜ ਸੇ ਕਹਿ ਕੇ ਕੋਈ ਆਪਣੀ ਕਿਰਨੋਂ ਕੋ ਗਿਣ ਗਿਣ ਕੇ ਰੱਖ ਲੈ
ਮੈਂ ਆਪਣੇ ਸਹਿਰਾ ਕੋ ਜਰੋਂ ਜਰੋਂ ਕੋ ਖੁਦ ਚਮਕਣਾ ਸਿਖਾ ਰਹਾ ਹੂੰ
ਮੇਰੇ ਇਰਾਦੇ ਕਰੇਂਗੇ ਫਿਤਰਤ ਪੇ ਹੁਕਮਰਾਣੀ
ਜਹਾਂ ਫਰਿਸ਼ਤੋਂ ਕੇ ਪਰ ਹੈ ਲਰਜ਼
ਮੈਂ ਉਸ ਬੁਲੰਦੀ ਪੇ ਜਾ ਰਹਾਂ ਹੂੰ।"

ਚੇਅਰਮੈਨ ਸਾਹਿਬ, ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਲੋਕਾਂ ਨਾਲ ਵਚਨਬੱਧ ਹੈ। ਜੋ ਕੁਝ ਕੰਮ ਹਮਸਫ਼ਰ ਬਣ ਕੇ ਅਸੀਂ ਕਰ ਸਕੀਏ ਤਾਂ ਵੀ ਅਸੀਂ ਤਿਆਰ ਹਾਂ ਵਰਨਾ ਅਸੀਂ ਤਾਂ ਪੰਜਾਬ ਦੇ ਲੋਕਾਂ ਦੀ ਬਾਂਹ ਫੜੀ ਹੈ, ਪੰਜਾਬ ਨੂੰ ਉਤਾਂਹ ਲੈ ਕੇ ਜਾਣਾ ਹੈ। ਮੈਂ ਇਸ ਗੱਲ ਦਾ ਵਿਸ਼ਵਾਸ ਦਿਵਾਉਂਦਾ ਹੋਇਆ ਇਸ ਗਵਰਨਰ ਸਾਹਿਬ ਦੇ ਐਡਰੈਸ ਦੀ ਮੁਖਾਲਫਤ ਕਰਦਾ ਹੋਇਆ ਆਪਣਾ ਸਥਾਨ ਗ੍ਰਹਿਣ ਕਰਦਾ ਹਾਂ।

**ਸਰਦਾਰ ਜਸਬੀਰ ਸਿੰਘ ਗਿੱਲ (ਡਿੰਪਾ) (ਬਿਆਸ)** : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਆਪਣੀ ਪਾਰਟੀ ਵੱਲੋਂ, ਆਪਣੇ ਵੱਲੋਂ ਅਤੇ ਪੰਜਾਬ ਦੇ ਲੋਕਾਂ ਵੱਲੋਂ ਇਸ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ ਜੋ ਕਿ ਮੇਰੇ ਸਾਥੀ ਸ਼੍ਰੀ ਸੁਨੀਲ ਕੁਮਾਰ ਜਾਖੜ ਜੀ ਨੇ ਇਸ ਸਦਨ ਵਿੱਚ ਪੇਸ਼ ਕੀਤਾ ਹੈ। ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਇਸ ਮਤੇ ਦਾ ਸਮਰਥਨ ਕਰਦਾ ਹਾਂ। ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਹ ਇਕ ਸਾਲ ਦਾ ਸਮਾਂ ਜੋ ਕਿ ਕੈਪਟਨ ਅਮਰਿੰਦਰ ਸਿੰਘ ਜੀ ਹੋਰਾਂ ਦੀ ਸਰਕਾਰ ਦਾ ਸਮਾਂ ਹੈ ਜਿਸ ਦੇ ਵਿੱਚ ਬਹੁਤ ਵੱਡੀ ਮਿਹਨਤ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਕਰਨੀ ਪਈ ਹੈ। ਪਿਛਲੇ ਕਈ ਸਾਲਾਂ ਤੋਂ ਗੜਬੜਾਈ ਲੋਕ ਪ੍ਰਥਾ, ਗੜਬੜਾਇਆ ਸਿਸਟਮ ਜੋ ਕਿ ਇਕ ਤਰ੍ਹਾਂ ਨਾਲ ਨਕਾਰਾ ਹੋ ਚੁੱਕਾ ਸੀ, ਇਸ ਸਾਰੇ ਸਿਸਟਮ ਨੂੰ ਠੀਕ ਕਰਨ ਲਈ ਇਨ੍ਹਾਂ ਸਾਰਿਆਂ ਨੂੰ ਬਹੁਤ ਮਿਹਨਤ ਕਰਨੀ ਪਈ ਹੈ। ਮੇਰੇ ਤੋਂ ਪਹਿਲਾਂ ਮੇਰੇ ਕੁਝ ਮੈਂਬਰਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਸਮੇਂ ਜੋ ਸੁਰੱਖਿਆ ਵਿਵਸਥਾ ਸਰਕਾਰ ਵੱਲੋਂ ਕੀਤੀ ਗਈ ਸੀ, ਉਸਦੇ ਬਾਰੇ ਕਿਹਾ ਕਿ ਉਹ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖਲਅੰਦਾਜ਼ੀ ਹੈ ਪਰ ਜਿਸ ਦਿਨ ਖਾਲਸਾ ਪੰਚਾਇਤ ਦਾ ਧਰਨਾ ਹੋਇਆ ਉਥੇ ਗੁਰੂ ਘਰ ਦੇ ਵਿੱਚ, ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਕ੍ਰਿਪਾਨਾਂ ਚੱਲੀਆਂ, ਬੇਦੋਸ਼ਿਆਂ ਦਾ ਲਹੂ ਡੁੱਲ੍ਹਿਆ, ਕਈਆਂ ਦੇ ਸਿਰ ਪਾਟੇ, ਉਸ ਦਿਨ ਇਹ ਆਪ ਅਵਾਜ਼ਾਂ ਮਾਰ ਮਾਰ ਕੇ ਪੁਲਿਸ ਨੂੰ ਬਲਾਉਂਦੇ

Original with;
Punjab Vidhan Sabha
Digitized by;
Panjab Digital Library

ਸੀ । ਸਰਕਾਰ ਵੱਲੋਂ ਜੋ ਪ੍ਰਬੰਧ ਕੀਤਾ ਗਿਆ ਸੀ ਉਹ ਠੀਕ ਕੀਤਾ ਗਿਆ ਸੀ ਕਿਉਂਕਿ ਅਸੀਂ ਹਰ ਧਰਮ ਦਾ ਆਦਰ ਕਰਦੇ ਹਾਂ ਅਤੇ ਅਸੀਂ ਗੁਰੂ ਘਰ ਦਾ ਆਦਰ ਕਰਦੇ ਹਾਂ। ਅਸੀਂ ਗੁਰੂ ਘਰ ਦੇ ਬਹੁਤ ਵੱਡੇ ਉਪਾਸ਼ਕ ਹਾਂ। ਪੰਜਾਬ ਦੇ ਮੁੱਖ ਮੰਤਰੀ ਜਿਨ੍ਹਾਂ ਨੇ ਕਿਸੇ ਵੇਲੇ ਇਸ ਗੱਲ ਉਤੇ ਆਪਣੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਉਤੇ ਇਹੋ ਜਿਹੀ ਤੁਹਮਤ ਲਾਉਣੀ ਸੂਰਜ ਨੂੰ ਦੀਵਾ ਦਿਖਾਉਣ ਦੇ ਬਰਾਬਰ ਹੈ। ਅੱਜ ਗੱਲ ਕੀਤੀ ਗਈ ਕਿਸਾਨਾਂ ਦੀ, ਕਿ ਕਿਸਾਨਾਂ ਨੂੰ ਚੈੱਕ ਦਿੱਤੇ ਗਏ ਪਰ ਉਸ ਤੋਂ ਬਾਅਦ ਉਨ੍ਹਾਂ ਉਤੇ ਲਾਠੀਆਂ ਚਲਾਈਆਂ ਗਈਆਂ। ਚੇਅਰਮੈਨ ਸਾਹਿਬ, ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪਿਛਲੀ ਸਰਕਾਰ ਦਾ ਬਣਦਾ ਕਿਸਾਨਾਂ ਦਾ ਗੰਨੇ ਦਾ ਬਕਾਇਆ ਸੀ, ਉਹ ਪੈਸਾ ਆਪਣੀ ਵਿਵਸਥਾ ਤੋਂ ਇਕੱਠਾ ਕਰਕੇ ਕਿਸਾਨਾਂ ਨੂੰ ਦਿੱਤਾ। ਜੇਕਰ ਉਸ ਦੇ ਚੈਕ ਮੰਤਰੀ ਜੀ ਨੇ ਆਪ ਜਾ ਕੇ ਵੰਡੇ ਹਨ ਤਾਂ ਇਸ ਵਿਚ ਕੋਈ ਕੁਤਾਹੀ ਨਹੀਂ ਕੀਤੀ। ਇਹ ਆਪਣਾ ਹੱਕ ਬਣਦਾ ਸੀ ਜੋ ਕਿ ਮੰਤਰੀ ਜੀ ਨੇ ਅਦਾ ਕੀਤਾ। ਸ਼੍ਰੀ ਕੇ.ਐਸ. ਪਨੂੰ ਨਾਂ ਦਾ ਇਕ ਵਿਅਕਤੀ ਜੋ ਆਪਣੇ ਆਪ ਨੂੰ ਕਿਸਾਨ ਸੰਘਰਸ਼ ਕਮੇਟੀ ਦਾ ਨੁਮਾਇੰਦਾ ਦੱਸਦਾ ਹੈ। ਮੈਂ ਉਸ ਬਾਰੇ ਗੱਲ ਕਰਨੀ ਚਾਹੁੰਦਾ ਹਾਂ ਕਿ ਲੀਡਰ ਆਫ ਦਿ ਅਪੋਜ਼ੀਸ਼ਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੀ ਇਥੇ ਹਾਜ਼ਰ ਹਨ। ਜਦੋਂ ਉਹ ਮੁੱਖ ਮੰਤਰੀ ਸਨ ਤਾਂ ਉਹ ਸਾਲ 2001 ਵਿਚ ਰਈਏ ਸੰਗਤ ਦਰਸ਼ਨ ਤੇ ਗਏ ਸਨ ਤਾਂ ਉਦੋਂ ਇਹੀ ਸ਼੍ਰੀ ਕੇ.ਐਸ. ਪਨੂੰ ਜਿਹੜਾ ਕਿ ਕਿਸਾਨ ਸੰਘਰਸ਼ ਕਮੇਟੀ ਦਾ ਨੁਮਾਇੰਦਾ ਸੀ, ਉਸ ਨੇ ਬਾਦਲ ਸਾਹਿਬ ਨੂੰ ਕਾਲੀਆਂ ਝੰਡੀਆਂ ਵਿਖਾਈਆਂ ਅਤੇ ਪ੍ਰੋਗਰਾਮ ਵਿਚ ਗੜਬੜ ਕਰਨ ਦੀ ਕੋਸ਼ਿਸ਼ ਕੀਤੀ। ਉਸ ਮੌਕੇ ਤੇ ਐਸ.ਐਸ.ਪੀ. ਨੇ ਆਪਣੀ ਫੋਰਸ ਲੈ ਕੇ, ਡਾਂਗਾਂ ਨਾਲ ਉਥੇ ਕਿਸਾਨਾਂ ਨੂੰ ਕੁੱਟਿਆ। ਉਸ ਐਕਸ਼ਨ ਨੂੰ ਬਾਦਲ ਸਾਹਿਬ ਨੇ ਜਸਟੀਫਾਈ ਕੀਤਾ ਸੀ। ਅੱਜ ਇਹ ਵਖਰੇਵਾਂ ਕਿਉਂ ਕਰਦੇ ਹਨ। ਇਥੇ ਲੋਕਤੰਤਰ ਦੇ ਕਤਲ ਦੀ ਗੱਲ ਦੁਬਾਰਾ-ਦੁਬਾਰਾ ਕੀਤੀ ਗਈ ਹੈ। ਸਦਨ ਵਿਚ ਬਹੁਤ ਸਾਰੇ ਸਤਿਕਾਰਤ ਅਤੇ ਸਿਆਣੇ ਮੈਂਬਰ ਬੈਠੇ ਹਨ। ਬੜੇ ਜ਼ੋਰ ਸ਼ੋਰ ਨਾਲ ਇਸ ਗੱਲ ਨੂੰ ਉਛਾਲਿਆ ਗਿਆ ਹੈ। ਚੇਅਰਮੈਨ ਸਾਹਿਬ, ਮੈਂ ਇਸ ਪਵਿੱਤਰ ਸਦਨ ਵਿਚ ਇਸ ਦੀ ਇਕ ਐਗਜ਼ਾਂਪਲ ਦੇਣੀ ਚਾਹੁੰਦਾ ਹਾਂ। ਇਕ ਬਲਾਕ ਹੈ ਤਰਸਿੱਕਾ। ਉਸ ਵਿਚ 86 ਪਿੰਡ ਪੈਂਦੇ ਹਨ ਜਦੋਂ ਇਨ੍ਹਾਂ ਵੇਲੇ ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿਚ ਕਾਗਜ਼ ਦਾਖਲ ਕਰਵਾਏ ਗਏ ਤਾਂ 86 ਪਿੰਡਾਂ ਵਿਚੋਂ 70 ਪਿੰਡਾਂ ਦੇ ਸਰਪੰਚਾਂ ਦੇ ਕਾਗਜ਼ ਰਿਜੈਕਟ ਕਰ ਦਿੱਤੇ ਗਏ। ਉਦੋਂ ਇਹ ਲੋਕਤੰਤਰ ਦੇ ਰਖਵਾਲੇ ਕਿਥੇ ਸਨ ? (ਟਰੈਜ਼ਰੀ ਬੈਂਚਾਂ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਇਹ ਮਲੋਟ ਬਾਇ-ਇਲੈਕਸ਼ਨ ਦੀ ਗੱਲ ਕਰਦੇ ਹਨ ਕਿ ਉਥੇ ਪੁਲਿਸ ਨੇ ਦਖਲ-ਅੰਦਾਜ਼ੀ ਕੀਤੀ। ਇਥੇ ਕੱਥੂਨੰਗਲ ਸਾਹਿਬ ਬੈਠੇ ਹੋਣਗੇ। ਭੂੰਦੜ ਸਾਹਿਬ ਵੀ ਮਜੀਠੇ ਦੀ ਇਲੈਕਸ਼ਨ ਲੜਨ ਵਾਸਤੇ ਗਏ ਸਨ। ਉਸ ਵੇਲੇ ਬਾਦਲ ਸਾਹਿਬ ਨੇ ਕਰੀਬੀ ਵਿਅਕਤੀ ਜਿਹੜਾ ਕਿ ਸਕਿਓਰਿਟੀ ਦਾ ਇੰਚਾਰਜ ਸੀ, ਉਹ ਬਟਾਲੇ ਦਾ ਐਸ.ਐਸ.ਪੀ. ਸੀ। ਉਥੇ ਪੁਲਿਸ ਸਿਵਲ ਕਪੜਿਆਂ ਵਿਚ ਅਕਾਲੀ ਦਲ ਦੇ ਝੰਡੇ ਲਗਾਉਂਦੀ ਸੀ ਅਤੇ ਬੈਨਰ ਉਥੇ ਲਗਾਉਂਦੀ ਸੀ। ਉਦੋਂ ਇਹ ਲੋਕਤੰਤਰ ਦੇ ਰਖਵਾਲੇ ਕਿਥੇ ਸਨ ? ਇਥੇ ਬਹੁਤ ਕਿਹਾ ਗਿਆ ਕਿ ਪਰਮੋਸ਼ਨਾਂ ਦੇ ਦਿੱਤੀਆਂ ਗਈਆਂ। 18 ਬੰਦਿਆਂ ਨੂੰ ਟਪਾ ਦਿੱਤਾ ਗਿਆ। ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਕਿ ਜਿਹੜੀ ਪਰਮੋਸ਼ਨ ਦਿੱਤੀ ਗਈ ਹੈ ਉਹ ਉਸ ਅਫਸਰ ਦੀ ਕਾਬਲੀਅਤ ਨੂੰ ਦੇਖ ਕੇ ਹੀ ਦਿਤੀ ਗਈ ਹੈ, ਕੋਈ ਪੈਸੇ ਲੈ ਕੇ ਨਹੀਂ ਦਿੱਤੀ ਗਈ। ਅੱਜ ਮੈਂ ਇਹ ਗੱਲ ਦਾਅਵੇ ਨਾਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਬੀਰ ਸਿੰਘ ਗਿੱਲ (ਡਿੰਪਾ)]

ਕਹਿ ਸਕਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਇਮਾਨਦਾਰ ਐਮ.ਐਲ.ਏ. ਇਸ ਹਾਊਸ ਵਿਚ ਬੈਠੇ ਹਨ, ਉਨ੍ਹਾਂ ਵਿਚੋਂ ਕਿਸੇ ਦੇ ਪੀ.ਏ. ਦੀ ਘਰਵਾਲੀ ਨੂੰ ਅੰਦਰ ਨਹੀਂ ਕੀਤਾ ਜਿਸ ਨੇ ਜਾਅਲੀ ਡਿਗਰੀ ਪੇਸ਼ ਕਰਕੇ ਨੌਕਰੀ ਲਈ ਸੀ। ਮੈਂ ਇਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ.........

(ਅਵਾਜ਼ਾਂ : ਗੁਜਰਾਤ ਵਾਲੀ ਗੱਲ ਵੀ ਕਰ ਲਓ।)

ਜੇਕਰ ਗੁਜਰਾਤ ਵਾਲੀ ਗੱਲ ਕੀਤੀ ਤਾਂ ਫਿਰ ਸੁਭਾਸ਼ ਸ਼ਰਮਾ, ਅੰਮ੍ਰਿਤਸਰ ਦੇ ਮੇਅਰ ਦੀ ਗੱਲ ਵੀ ਕਰਨੀ ਪਵੇਗੀ। (ਹਾਸਾ) ਅੱਜ ਇਹ ਹਾਇਰ ਐਜੂਕੇਸ਼ਨ ਦੀ ਗੱਲ ਕਰਦੇ ਹਨ। ਇਸ ਦੇ ਵਿਚ ਮੋਹਾਲੀ ਦੀ ਸੈਮੀ-ਕੰਡਕਟਰ ਨੇ 4-5 ਪਿੰਡਾਂ ਪਿਛੇ ਇਕ ਬੜਾ ਵੱਡਾ ਕੰਪਿਊਟਰ ਸੈਂਟਰ ਖੋਲ੍ਹਣ ਵਾਸਤੇ ਸਰਵੇ ਕਰਨਾ ਸ਼ੁਰੂ ਕਰ ਦਿਤਾ ਹੈ। ਜਗ੍ਹਾ ਦੀ ਚੋਣ ਕੀਤੀ ਜਾਵੇਗੀ। ਇਕ ਇਨ੍ਹਾਂ ਦੇ ਵੇਲੇ ਦੀ ਹਾਇਰ ਐਜੂਕੇਸ਼ਨ ਸੀ ਜਿਥੇ ਕਿ ਸਾਰੂ ਰਾਣਾ ਵਰਗੇ ਕੇਸ ਹੁੰਦੇ ਸਨ ਅਤੇ ਜਸਬੀਰ ਸਿੰਘ ਆਹਲੂਵਾਲੀਆ ਨੂੰ ਉਸ ਵੇਲੇ ਦੀ ਹਕੂਮਤ ਦੇ ਬਰਾਬਰ ਬਿਠਾਇਆ ਜਾਂਦਾ ਸੀ। ਅੱਜ ਕਰੋੜਾਂ ਰੁਪਏ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਸਿੱਖਿਆ ਵਾਸਤੇ ਖਰਚਿਆ ਜਾ ਰਿਹਾ ਹੈ। ਇੱਥੇ ਤੱਕ ਕਿ ਪਿੰਡਾਂ ਦੇ ਪ੍ਰਾਇਮਰੀ ਸਕੂਲਾਂ ਵਿੱਚ ਜਿੱਥੇ ਗਰੀਬ ਘਰਾਂ ਦੇ ਬੱਚੇ ਪੜ੍ਹਦੇ ਹਨ, ਉਥੇ ਸਰਕਾਰ ਵਲੋਂ ਐਜੂਕੇਸ਼ਨ ਸਿਸਟਮ ਲਾਗੂ ਕੀਤਾ ਜਾ ਚੁਕਿਆ ਹੈ। ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਦਾ ਇਕ ਸਲੋਗਨ ਹੈ ਕਿ ਅਸੀਂ ਹਰ ਇਕ ਬੱਚੇ ਨੂੰ ਬਿਨ੍ਹਾਂ ਪੜ੍ਹਾਈ ਤੋਂ ਰਹਿਣ ਨਹੀਂ ਦੇਣਾ। ਜਿਵੇਂ ਇਕ ਕਹਾਵਤ ਹੈ 'ਕਾਲਾ ਅੱਖਰ ਭੈਂਸ ਬਰਾਬਰ' ਅਸੀਂ ਕਿਸੇ ਨੂੰ ਅਨਪੜ੍ਹ ਨਹੀਂ ਰਹਿਣ ਦੇਣਾ ਅਤੇ ਜਦੋਂ ਅਸੀਂ ਪੰਜ ਸਾਲ ਪਿੱਛੋਂ ਇਲੈਕਸ਼ਨਾਂ ਲਈ ਜਾਵਾਂਗੇ ਤਾਂ ਉਥੇ ਸਾਰੇ ਪੜ੍ਹੇ ਲਿਖੇ ਮਿਲਣਗੇ। ਅੱਜ ਬੜੇ ਜ਼ੋਰ ਸ਼ੋਰ ਨਾਲ ਇੱਥੇ ਗੱਲ ਕੀਤੀ ਗਈ ਹੈ ਕਿ ਕਾਂਗਰਸ ਪਾਰਟੀ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਐਮ.ਐਸ.ਪੀ. ਇਕ ਰੁਪਿਆ ਨਹੀਂ ਵਧਵਾ ਸਕੀ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਵਾਜਪਾਈ ਜੀ ਨਾਲ ਜੱਫੀਆਂ ਤਾਂ ਤੁਸੀਂ ਪਾਓ ਅਤੇ ਆਨੰਦ ਤੁਸੀਂ ਮਾਣੋ, ਤੁਸੀਂ ਐਮ.ਐਸ.ਪੀ. ਕਿੱਥੇ ਵਧਣ ਦੇਵੋਗੇ। ਮੈਂ ਸਾਹਮਣੇ ਬੈਠੇ ਵੀਰਾਂ ਨੂੰ (ਅਕਾਲੀ ਪਾਰਟੀ ਵੱਲ ਇਸ਼ਾਰਾ) ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਦਾ ਸਾਥ ਦਿਓ ਤਾਂ ਕਿ ਪੰਜਾਬ ਨੂੰ ਉੱਚਾ ਚੁੱਕਣ ਵਿੱਚ ਆਪਾਂ ਸੈਂਟਰ ਤੇ ਦਬਾਅ ਪਾ ਸਕੀਏ। ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਸੰਜੀਦਾ ਹੈ ਕਿ ਪਿਛਲੀ ਸਰਕਾਰ ਵਲੋਂ ਐਸ.ਵਾਈ.ਐਲ. ਬਾਰੇ ਜੇ ਵਧੇਰੇ ਧਿਆਨ ਦਿਤਾ ਜਾਂਦਾ ਅਤੇ ਚੰਗੇ ਵਕੀਲ ਖੜ੍ਹੇ ਕੀਤੇ ਹੁੰਦੇ ਤਾਂ ਸੁਪਰੀਮ ਕੋਰਟ ਵਿੱਚ ਸਾਡੇ ਖਿਲਾਫ ਫੈਸਲਾ ਨਹੀਂ ਸੀ ਹੋਣਾ ਪਰ ਮੈਂ ਧੰਨਵਾਦੀ ਹਾਂ ਕੈਪਟਨ ਅਮਰਿੰਦਰ ਸਿੰਘ ਜੀ ਦਾ ਜਿਨ੍ਹਾਂ ਨੇ ਬੜੀ ਮਿਹਨਤ, ਇਮਾਨਦਾਰੀ ਅਤੇ ਹਿੰਮਤ ਨਾਲ ਬੜੇ ਵੱਡੇ ਵੱਡੇ ਵਕੀਲ ਖੜ੍ਹੇ ਕੀਤੇ, ਇਕ ਪਾਸੇ ਇਹ ਜਿਹੜੇ ਚਾਹੁੰਦੇ ਸਨ ਕਿ ਸੁਪਰੀਮ ਕੋਰਟ ਪੰਜਾਬ ਨੂੰ ਕੋਈ ਰਿਆਇਤ ਨਾ ਦੇਵੇ ਅਤੇ ਅਸੀਂ ਸਿਆਸੀ ਰੋਟੀਆਂ ਸੇਕੀਏ ਅਤੇ ਇਨ੍ਹਾਂ ਨੇ ਬਿਆਨ ਦੇਣੇ ਸ਼ੁਰੂ ਕਰ ਦਿਤੇ ਕਿ ਜਾਣਬੁਝ ਕੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਲੇਟ ਕਰ ਰਹੀ ਹੈ। ਜੇ ਅਸੀਂ ਦੋ ਚਾਰ ਦਿਨ ਰਿੱਟ ਲੇਟ ਦਾਇਰ ਕੀਤੀ ਹੈ ਤਾਂ ਉਸ ਦਾ ਫਾਇਦਾ ਇਹ ਹੋਇਆ ਹੈ ਕਿ ਸਾਡੀ ਰਿੱਟ ਐਡਮਿੱਟ ਹੋ ਗਈ ਹੈ ਅਤੇ ਹੁਣ ਇਹ ਕੇਸ ਪੰਜਾਬ ਸਰਕਾਰ ਜਿੱਤੇਗੀ ਅਤੇ ਅਸੀਂ ਪਾਣੀ ਹਰਿਆਣਾ ਅਤੇ ਰਾਜਸਥਾਨ ਨੂੰ ਬਿਲਕੁਲ ਨਹੀਂ ਦੇਣਾ। ਇੱਥੇ ਜਿੰਨੇ ਮੇਰੇ ਵੀਰ ਬੈਠੇ ਹਨ, ਸਾਡੀ ਸਭ ਦੀ ਹਾਈ-ਕਮਾਂਡ ਦਿੱਲੀ ਵਿਖੇ ਹੈ। ਜੇ ਮੇਰੇ ਅਕਾਲੀ ਦਲ ਦੇ ਭਰਾਵਾਂ ਨੇ ਸੈਂਟਰ ਵਿੱਚ ਕੋਈ ਮੰਤਰੀ ਬਣਵਾਉਣਾ

Original with;
Punjab Vidhan Sabha
Digitized by;
Panjab Digital Library

ਹੁੰਦਾ ਹੈ ਤਾਂ ਇਹ ਸਾਰੇ ਜਣੇ ਦਿੱਲੀ ਜਾ ਕੇ ਮੱਥੇ ਟੇਕਦੇ ਹਨ। ਜੇ ਕੈਪਟਨ ਅਮਰਿੰਦਰ ਸਿੰਘ ਜੀ ਵਲੋਂ ਕੁਰੱਪਸ਼ਨ ਦੇ ਖਿਲਾਫ ਮੁਹਿੰਮ ਚਲਾਈ ਜਾਂਦੀ ਹੈ ਤਾਂ ਇਹ ਫਿਰ ਭੱਜ ਕੇ ਕੇਂਦਰ ਕੋਲ ਜਾਂਦੇ ਹਨ ਕਿ ਐਮ.ਪੀਜ਼ ਦੀ ਇਕ ਕਮੇਟੀ ਪੰਜਾਬ ਵਿੱਚ ਭੇਜੋ, ਸਾਨੂੰ ਫੜ੍ਹ ਫੜ੍ਹ ਕੇ ਅੰਦਰ ਕੀਤਾ ਜਾ ਰਿਹਾ ਹੈ। ਤੁਸੀਂ ਇਹ ਨਾ ਕਹੋ ਕਿ ਦਿੱਲੀ ਜਾਣਾ ਹੈ, ਆਪਣੀ ਦੋਹਾਂ ਦੀ ਹੀ ਹਾਈ ਕਮਾਂਡ ਦਿੱਲੀ ਵਿੱਖੇ ਹੀ ਹੈ।

ਮੈਂ ਬੇਨਤੀ ਕਰਦਾ ਹਾਂ ਕਿ ਇਹ ਮੇਰੇ ਵੀਰ ਬੜੇ ਪੜ੍ਹੇ-ਲਿਖੇ ਅਤੇ ਸਤਿਕਾਰਯੋਗ ਹਨ। ਇਨ੍ਹਾਂ ਨੇ ਕਿਹਾ ਕਿ ਕੈਪਟਨ ਸਾਹਿਬ ਦੀ ਸਰਕਾਰ ਆਪਣੀ ਇੰਡਸਟਰੀਅਲ ਅਤੇ ਟੂਰਿਜ਼ਮ ਪਾਲਿਸੀ ਇਕ ਸਾਲ ਬਾਅਦ ਹੀ ਲੈ ਕੇ ਆਈ ਹੈ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ 5 ਸਾਲ ਤੱਕ ਇਨ੍ਹਾਂ ਦੀ ਸਰਕਾਰ ਰਹੀ ਪਰ ਇਹ ਆਪ ਤਾਂ ਲੈ ਕੇ ਨਹੀਂ ਆ ਸਕੇ ਅਸੀਂ ਤਾਂ ਇਕ ਸਾਲ ਵਿੱਚ ਹੀ ਲੈ ਕੇ ਆਏ ਹਾਂ। ਇਨ੍ਹਾਂ ਨੇ ਬੀ.ਓ.ਟੀ. (ਬਿਲਟ ਅਪਰੇਟ ਅਤੇ ਟਰਾਂਸਫਰ) ਦੇ ਤਹਿਤ ਬੱਸ ਅੱਡੇ ਬਣਾਉਣੇ ਸਨ, ਤੁਸੀਂ ਵੀ ਅਖਬਾਰਾਂ ਵਿੱਚ ਪੜ੍ਹਿਆ ਹੋਵੇਗਾ। ਇਨ੍ਹਾਂ ਨੇ ਤਿੰਨ ਬੱਸ ਸਟੈਂਡ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਇਸ ਸਕੀਮ ਤਹਿਤ ਬਣਾਉਣੇ ਸਨ ਪਰ, ਚੇਅਰਮੈਨ ਸਾਹਿਬ, ਇਨ੍ਹਾਂ ਨੇ ਉਹ ਅੱਡੇ ਤਾਂ ਕੀ ਬਣਾਉਣੇ ਸੀ, ਉਨ੍ਹਾਂ ਦੀ ਫਾਈਲ 5 ਸਾਲ ਨਹੀਂ ਕੱਢੀ, ਕਿਸੇ ਨਾਲ ਹਿੱਸੇ ਪਤੀ ਦਾ ਕੰਮ ਸੈੱਟ ਨਹੀਂ ਹੋਇਆ ਹੋਣਾ, ਇਸ ਲਈ ਉਹ ਫਾਈਲ ਹੀ ਦਬਾ ਕੇ ਰੱਖ ਦਿਤੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਕੈਪਟਨ ਅਮਰਿੰਦਰ ਸਿੰਘ ਜੀ ਨੇ ਇਕ ਸਾਲ ਦੇ ਵਿੱਚ ਹੀ ਵੱਡੀਆਂ-ਵੱਡੀਆਂ ਫਰਮਾਂ ਨਾਲ ਟਰਮਜ਼ ਐਂਡ ਕੰਡੀਸ਼ਨਜ਼ ਤਹਿ ਕਰਕੇ ਟੈਂਡਰ ਵੀ ਮੰਗ ਲਏ ਹਨ ਅਤੇ ਉਹ ਲੋਕ ਜਿਹੜੇ ਪਿਛਲੇ 5 ਸਾਲਾਂ ਵਿੱਚ ਗੋਡੇ ਗੋਡੇ ਪਾਣੀ ਵਿਚੋਂ ਲੰਘ ਕੇ ਬੱਸਾਂ ਫੜਦੇ ਸ਼ਨ ਹੁਣ ਉਹ ਉਨ੍ਹਾਂ ਨੂੰ ਉਚੇ ਮਿਆਰ ਦੇ ਅੱਡੇ ਪੰਜਾਬ ਵਿੱਚ ਦੇਖਣ ਨੂੰ ਮਿਲਣਗੇ। ਚੇਅਰਮੈਨ ਸਾਹਿਬ, ਬੜੇ ਜ਼ੋਰ ਨਾਲ ਡਿਸਇਨਵੈਸਟਮੈਂਟ ਦੀ ਗੱਲ ਇੱਥੇ ਕੀਤੀ ਗਈ। ਡਿਸਇਨਵੈਸਟਮੈਂਟ ਅੱਜ ਦੇ ਯੁੱਗ ਦੀ ਲੋੜ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇੱਕ ਵਾਰ ਫੈਸਲਾ ਕਰਕੇ ਭੱਜਣਾ ਚੰਗੇ ਬੰਦਿਆਂ ਦੀ ਗੱਲ ਨਹੀਂ ਹੈ। ਮੈਨੂੰ ਅਫਸੋਸ ਹੈ ਕਿ ਪਿਛਲੀ ਸਰਕਾਰ ਨੇ ਡਿਸਇਨਵੈਸਟਮੈਂਟ ਕਮਿਸ਼ਨ ਬਿਠਾਇਆ ਸੀ। ਉਸ ਕਮੇਟੀ ਨੇ 16 ਅਦਾਰੇ ਘੋਸ਼ਿਤ ਕੀਤੇ ਪਰ ਅਸੀਂ ਉਨ੍ਹਾਂ ਵਿੱਚੋਂ ਹੀ ਸਿਰਫ ਪੰਜ ਹੀ ਲਏ ਹਨ। ਤੁਸੀਂ ਵੇਖਿਆ ਹੈ ਕਿ ਜਦੋਂ 1997 ਵਿੱਚ ਇਲੈਕਸ਼ਨ ਹੋਏ ਤਾਂ ਪਨਵਾਇਰ ਬਹੁਤ ਵਧੀਆ ਕੰਪਨੀ ਸੀ। 1998 ਤੱਕ ਪਨਵਾਇਰ ਇੱਕ ਬਹੁਤ ਹੀ ਮੁਨਾਫੇ ਵਾਲਾ ਅਦਾਰਾ ਸੀ। ਚੇਅਰਮੈਨ ਸਾਹਿਬ, ਜਿਸ ਦਿਨ ਉਹ ਅਦਾਰਾ ਬੰਦ ਹੋਇਆ, 150 ਕਰੋੜ ਦੇ ਉਸ ਅਦਾਰੇ ਕੋਲ ਆਰਡਰ ਸਨ ਪਰ ਦੋ ਸਾਲਾਂ ਵਿੱਚ ਪਤਾ ਨਹੀਂ, ਕਿਹੜੀ ਬਿੱਲੀ ਸੁੰਘ ਗਈ ਜਾਂ ਕਿਹੜੇ ਚੂਹੇ ਖਜ਼ਾਨੇ ਨੂੰ ਟੋਟੇ-ਟੋਟੇ ਕਰ ਗਏ ਕਿ ਅੱਜ ਮੁਹਾਲੀ ਚੌਕ ਵਿੱਚ ਉਸ ਪਨਵਾਇਰ ਕੰਪਨੀ ਦੇ ਮੁਲਾਜ਼ਮ, ਉਸ ਸਮੇਂ ਦੇ ਹਾਕਮਾਂ ਨੂੰ ਕੋਸ ਰਹੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਡਿਸਇਨਵੈਸਟਮੈਂਟ ਦੀ ਗੱਲ ਕੀਤੀ ਗਈ ਹੈ, ਉਹ ਤੁਸੀਂ ਕੀਤੀ ਸੀ ਅਤੇ ਤੁਹਾਨੂੰ ਇਸ ਤੇ ਖੜ੍ਹਾ ਹੋਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਇੱਥੇ ਕਿਹਾ ਗਿਆ ਕਿ ਐਸ.ਐਸ.ਪੀ. ਤੇ ਡੀ.ਸੀਜ਼ ਦੀ ਨਹੀਂ ਬਣਦੀ ਜਾਂ ਐਸ.ਐਸ.ਪੀ. ਨੂੰ ਡੀ.ਆਈ.ਜੀ. ਕਹਿੰਦਾ ਹੈ ਕਿ ਤੈਨੂੰ ਮਰਵਾ ਦੇਣਾ ਹੈ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਬਠਿੰਡਾ ਕਾਂਡ ਲਿਆਉਣਾ ਚਾਹੁੰਦਾ ਹਾਂ। ਉਸ ਸਮੇਂ ਦੇ ਤਕੜੇ ਕੈਬਨਿਟ ਮਨਿਸਟਰ ਨੂੰ ਡੀ.ਸੀ. ਨੇ ਕੁਰਸੀ ਨਹੀਂ ਸੀ ਦਿੱਤੀ ਔਰ ਧੱਕੇ ਮਾਰੇ ਸਨ। ਇਹ ਆਪਣੀਆਂ ਗੱਲਾਂ ਵੀ ਯਾਦ ਰੱਖਣ। ਇਹ ਦੂਜੇ ਦੀ ਕਮੀ ਯਾਦ ਰੱਖਦੇ ਹਨ ਤੇ ਆਪਣੀ ਭੁੱਲ ਜਾਂਦੇ ਹਨ।

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਬੀਰ ਸਿੰਘ ਗਿੱਲ (ਡਿੰਪਾ)]

ਸੋ, ਇਨ੍ਹਾਂ ਸ਼ਬਦਾਂ ਨਾਲ, ਚੇਅਰਮੈਨ ਸਾਹਿਬ, ਮੈਂ ਇੱਕ ਵਾਰੀ ਫਿਰ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਮੇਰੇ ਭਾਈ ਸੁਨੀਲ ਜਾਖੜ ਜੀ ਨੇ ਜੋ ਗਵਰਨਰ ਐਡਰੈਸ ਤੇ ਧੰਨਵਾਦ ਦਾ ਮਤਾ ਪੇਸ਼ ਕੀਤਾ ਹੈ, ਉਸ ਦਾ ਪੁਰਜ਼ੋਰ ਸਮਰਥਨ ਕਰਦਾ ਹਾਂ। ਮੈਂ ਹਾਊਸ ਨੂੰ ਅਪੀਲ ਕਰਦਾ ਹਾਂ ਕਿ ਸਾਰੇ ਯੂਨਾਨੀਮਸਲੀ ਇਕਸੁਰ ਤੇ ਇੱਕਜੁੱਟ ਹੋ ਕੇ ਇਸ ਨੂੰ ਪਾਸ ਕਰਨ। ਧੰਨਵਾਦ। ਜੈ ਹਿੰਦ

**ਸ਼੍ਰੀ ਦੇਸ ਰਾਜ ਧੁੱਗਾ (ਗੜ੍ਹਦੀਵਾਲਾ, ਐਸ.ਸੀ.)** : ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਬਹੁਤ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਸ ਮਹਾਨ ਸਦਨ ਵਿੱਚ ਬੋਲਣ ਦਾ ਸਮਾਂ ਦਿੱਤਾ ਹੈ। ਗਵਰਨਰ ਸਾਹਿਬ ਦੇ ਭਾਸ਼ਣ ਤੇ ਜਿਹੜਾ ਮਤਾ ਲਿਆਂਦਾ ਗਿਆ ਹੈ, ਮੈਂ ਉਸ ਦਾ ਵਿਰੋਧ ਕਰਦਾ ਹਾਂ ਕਿਉਂਕਿ ਇਹ ਮਤਾ ਪੰਜਾਬੀਆਂ ਦੀ ਕਹਾਵਤ ਅਨੁਸਾਰ "ਆਪੇ ਮੈਂ ਰੱਜੀ ਪੁੱਜੀ, ਆਪੇ ਮੇਰੇ ਬੱਚੇ ਜਿਊਣ" ਵਾਲਾ ਹੈ। ਇਸ ਵਿਚ ਸਿਰਫ ਆਪਣੇ ਹੀ ਗੁਣ ਗਾਇਨ ਕੀਤੇ ਗਏ ਹਨ। ਮੇਰੇ ਸਾਹਮਣੇ ਸਰਕਾਰੀ ਬੈਂਚਾਂ ਵੱਲੋਂ ਵਾਰ-ਵਾਰ ਕੈਪਟਨ ਸਾਹਿਬ ਦੀ ਤਾਰੀਫ ਕੀਤੀ ਗਈ ਹੈ। ਮੈਂ ਇੱਕ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਕੈਪਟਨ ਸਾਹਿਬ ਪਹਿਲਾਂ ਕਾਂਗਰਸ ਵਿਚ ਸੀ, ਫਿਰ ਅਕਾਲੀ ਦਲ ਵਿੱਚ ਆਏ ਤੇ ਫਿਰ ਕਾਂਗਰਸ ਵਿਚ ਚਲੇ ਗਏ। ਕੀ ਇਨ੍ਹਾਂ ਨੂੰ ਆਪਣੇ ਵਿੱਚੋਂ ਕੋਈ ਹੋਰ ਲਾਇਕ ਨਹੀਂ ਮਿਲਿਆ। ਮੈਂ ਇੱਕ ਗੱਲ ਕਹਾਂਗਾ। (ਵਿਘਨ)

**ਸਥਾਨਕ ਸਰਕਾਰ, ਕਿਰਤ ਤੇ ਰੁਜ਼ਗਾਰ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ** : ਬਾਦਲ ਸਾਹਿਬ ਵੀ ਪਹਿਲਾਂ ਕਾਂਗਰਸ ਪਾਰਟੀ ਵਿੱਚ ਸਨ। (ਵਿਘਨ)

**ਸ਼੍ਰੀ ਦੇਸ ਰਾਜ ਧੁੱਗਾ** : ਚੇਅਰਮੈਨ ਸਾਹਿਬ, ਮੈਨੂੰ ਗੱਲ ਕਰ ਲੈਣ ਦਿਓ। ਇਹ ਸਬਰ ਨਾਲ ਮੇਰੀ ਗੱਲ ਸੁਣਨ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਚੇਅਰਮੈਨ ਸਾਹਿਬ, ਮਨਿਸਟਰ ਸਾਹਿਬਾਨ ਨੂੰ ਸਮਝਾਓ ਕਿ ਪਹਿਲੀ ਵਾਰ ਕੋਈ ਮੈਂਬਰ ਬੋਲ ਰਿਹਾ ਹੈ ਅਤੇ ਉਸ ਨੂੰ ਡਿਸਟਰਬ ਨਾ ਕੀਤਾ ਜਾਵੇ। ਜਦੋਂ ਇਹ ਬੋਲ ਰਹੇ ਸੀ, ਅਸੀਂ ਕੁਝ ਨਹੀਂ ਕਿਹਾ। ਇਨ੍ਹਾਂ ਨੂੰ ਬੋਲਣ ਦਿਓ।

**ਸ਼੍ਰੀ ਦੇਸ ਰਾਜ ਧੁੱਗਾ** : ਚੇਅਰਮੈਨ ਸਾਹਿਬ, ਜਦੋਂ ਇਹ ਸੋਹਲੇ ਗਾਉਂਦੇ ਸੀ ਤਾਂ ਅਸੀਂ ਚੁੱਪ ਕਰਕੇ ਬੈਠੇ ਸੀ। ਹੁਣ ਇਨ੍ਹਾਂ ਨੂੰ ਚੁੱਪ ਕਰਕੇ ਸੁਣਨਾ ਚਾਹੀਦਾ ਹੈ। ਮੈਂ ਗੱਲ ਕਰਦਾ ਹਾਂ ਕਿ ਸਭ ਤੋਂ ਵੱਧ ਤੜਫਾਹਟ ਚੌਧਰੀ ਜਗਜੀਤ ਸਿੰਘ ਨੂੰ ਹੋ ਰਹੀ ਹੈ। ਮੈਂ ਉਨ੍ਹਾਂ ਨੂੰ ਇੱਕ ਬੇਨਤੀ ਕਰਾਂਗਾ ਕਿ ਜਿਹੜਾ ਕਾਂਡ ਬਿਹਾਰ ਵਿੱਚ ਦਲਿਤਾਂ ਨਾਲ ਹੁੰਦਾ ਹੈ, ਯੂ.ਪੀ. ਵਿੱਚ ਹੁੰਦਾ ਹੈ, ਰਾਜਸਥਾਨ ਵਿੱਚ ਹੁੰਦਾ ਹੈ, ਹਿਮਾਚਲ ਪ੍ਰਦੇਸ਼ ਵਿੱਚ ਹੁੰਦਾ ਹੈ, ਉਸੇ ਤਰ੍ਹਾਂ ਚੌਧਰੀ ਸਾਹਿਬ, ਜਲੰਧਰ ਜ਼ਿਲ੍ਹੇ ਦੇ ਤੱਲ੍ਹਣ ਪਿੰਡ ਵਿੱਚ ਵੀ ਧੱਕਾ ਹੋਇਆ ਹੈ। ਉਥੇ ਗੁਰੂ ਰਵਿਦਾਸ ਜੀ ਦੀ ਬੀੜ ਪਾੜੀ ਗਈ ਅਤੇ 84 ਦਲਿਤਾਂ ਤੇ 307 ਦਾ ਪਰਚਾ ਦਰਜ ਹੋਇਆ ਹੈ। ਚੌਧਰੀ ਸੰਤੋਖ ਸਿੰਘ ਹੁਰਾਂ ਨੇ ਐਡੀਸ਼ਨਲ ਡਾਇਰੈਕਟਰ, ਲੱਖਾ ਸਿੰਘ ਭੇਜਿਆ, ਜਿਸ ਨੇ ਰਿਪੋਰਟ ਵਿੱਚ ਲਿਖਿਆ ਕਿ ਦਲਿਤਾਂ ਨਾਲ ਧੱਕਾ ਹੋਇਆ ਹੈ। ਉਥੇ ਦਲਿਤਾਂ ਨਾਲ ਅਜੇ ਵੀ ਬਾਈਕਾਟ ਚਾਲੂ ਹੈ। ਇਥੇ ਹੀ ਬੱਸ ਨਹੀਂ, ਉਸ ਜ਼ਿਲ੍ਹੇ ਦੇ ਤਿੰਨ ਦਲਿਤ ਮਨਿਸਟਰ ਹਨ—ਚੌਧਰੀ ਸੰਤੋਖ ਸਿੰਘ, ਚੌਧਰੀ ਜਗਜੀਤ ਸਿੰਘ ਅਤੇ ਮਹਿੰਦਰ ਸਿੰਘ ਕੇ.ਪੀ.। ਜ਼ਿਲ੍ਹਾ ਜਲੰਧਰ ਦੇ ਪਿੰਡ ਪਰਜੀਆਂ ਕਲਾਂ, ਸ਼ਾਹਕੋਟ ਬਲਾਕ, ਜ਼ਿਲ੍ਹਾ ਜਲੰਧਰ ਵਿੱਚ 45 ਸਾਲਾਂ ਤੋਂ ਰਹਿ ਰਹੇ ਦਲਿਤਾਂ

Original with;
Punjab Vidhan Sabha
Digitized by;
Panjab Digital Library

ਦੇ ਘਰਾਂ ਨੂੰ ਸਾੜਿਆ ਗਿਆ। ਸਰਦਾਰ ਬਾਦਲ ਘਰ ਬਣਾ ਕੇ ਚਾਬੀਆਂ ਦੇਵੇ ਪਰ ਕੈਪਟਨ ਸਰਕਾਰ ਉਨ੍ਹਾਂ ਨੂੰ ਅੱਗ ਲਗਾਵੇ। 45 ਸਾਲਾਂ ਤੋਂ ਉਹ ਉਥੇ ਰਹਿ ਰਹੇ ਸਨ। ਗੁੱਸਾ 35 ਦਲਿਤਾਂ ਨੂੰ ਬਣਾਇਆ ਗਿਆ, ਜਿਨ੍ਹਾਂ ਨੇ ਪਛਾਣ ਕਰਕੇ ਦੱਸਿਆ ਕਿ ਇਨ੍ਹਾਂ ਨੇ ਸਾਡੇ ਘਰ ਸਾੜੇ ਹਨ ਲੇਕਿਨ ਉਸ ਦੇ ਉਲਟ ਬ੍ਰਿਜ ਭੁਪਿੰਦਰ ਸਿੰਘ ਲਾਲੀ ਦੇ ਕਹਿਣ ਤੇ ਪਰਚਾ ਅਣਪਛਾਤੇ ਲੋਕਾਂ ਤੇ ਦਰਜ ਕੀਤਾ ਗਿਆ। ਪੰਜਾਬ ਸਰਕਾਰ, ਜਿਹੜੀ ਦਲਿਤਾਂ ਦੀਆਂ ਬਹੁਤ ਜ਼ਿਆਦਾ ਵੋਟਾਂ ਲੈ ਕੇ ਬਣੀ ਹੈ ਔਰ ਇਨ੍ਹਾਂ ਨੇ ਜਲੰਧਰ ਵਿੱਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਰੈਲੀ ਕੀਤੀ ਸੀ ਔਰ ਉਥੇ ਕਿਹਾ ਸੀ ਕਿ ਇਨ੍ਹਾਂ ਦਾ ਬੈਕਲਾਗ ਪੂਰਾ ਕਰਾਂਗੇ, ਨੌਕਰੀਆਂ ਵਿੱਚ ਕੋਟਾ ਵਧਾਵਾਂਗੇ, ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿੱਚ 17 ਜ਼ਿਲ੍ਹੇ ਹਨ ਔਰ ਹੱਥ ਛਾਤੀ ਤੇ ਰੱਖ ਕੇ ਦੱਸਣ ਕਿ ਉਨ੍ਹਾਂ ਵਿੱਚੋਂ ਕਿੰਨੇ ਸ਼ਡਿਊਲਡ ਕਾਸਟ ਡਿਪਟੀ ਕਮਿਸ਼ਨਰ ਹਨ। 21 ਪੁਲਿਸ ਜ਼ਿਲ੍ਹੇ ਹਨ ਅਤੇ ਇਹ ਹੱਥ ਛਾਤੀ ਤੇ ਰੱਖ ਕੇ ਦੱਸਣ ਕਿ ਕਿੰਨੇ ਸ਼ਡਿਊਲਡ ਕਾਸਟ ਐਸ.ਐਸ.ਪੀ. ਲਗਾਏ ਹਨ ? ਇਥੇ ਹੀ ਬੱਸ ਨਹੀਂ। ਸ਼ਗਨ ਸਕੀਮ ਸਰਕਾਰ ਬਾਦਲ ਨੇ ਚਾਲੂ ਕੀਤੀ, ਇਨ੍ਹਾਂ ਨੇ ਆਉਂਦਿਆਂ ਹੀ ਬੰਦ ਕਰ ਦਿੱਤੀ। ਇਥੇ ਹੀ ਬੱਸ ਨਹੀਂ ਜਿਹੜੀ ਬੁਢਾਪਾ ਪੈਨਸ਼ਨ ਮਨਜ਼ੂਰ ਕੀਤੀ ਸੀ ਜਦੋਂ ਉਹ ਬੈਂਕਾਂ ਵਿੱਚ ਲੈਣ ਜਾਂਦੇ ਹਨ ਤਾਂ ਅੱਗੋਂ ਮੈਨੇਜਰ ਕਹਿੰਦੇ ਮਾਤਾ ਜੀ ਮੁੜ ਕੇ ਬੈਂਕ ਵਿਚ ਮੂੰਹ ਨਾ ਦਿਖਾਇਓ। ਅੱਗੋਂ ਕਹਿੰਦੇ ਪੁੱਤ ਕੀ ਹੋਇਆ ਤਾਂ ਅੱਗੇ ਬੈਂਕ ਵਾਲੇ ਕਹਿੰਦੇ ਹਨ ਕਿ ਕੈਪਟਨ ਦੀ ਚਿੱਠੀ ਆਉਣ ਵਾਲੀ ਹੈ, ਉਹ ਬੰਦ ਕਰਨ ਵਾਲਾ ਹੈ, ਪਿਛਲੀਆਂ ਰਿਕਵਰੀਆਂ ਵੀ ਕਰਨ ਵਾਲਾ ਹੈ। ਇਹੋ ਜਿਹੇ ਹਾਲਾਤ ਅੱਜ ਪੰਜਾਬ ਵਿੱਚ ਹੋ ਰਹੇ ਹਨ। ਇਥੇ ਹੀ ਬੱਸ ਨਹੀਂ ਉਸ ਤੋਂ ਬਾਅਦ ਇਨ੍ਹਾਂ ਨੇ ਵਾਅਦਾ ਕੀਤਾ ਕਿ ਬਿਜਲੀ ਦੇ 150 ਯੂਨਿਟ ਮੁਫ਼ਤ ਕਰਾਂਗੇ ਲੇਕਿਨ ਸਾਰਿਆਂ ਤੋਂ ਵੱਧ ਬਿਜਲੀ ਦੇ ਬਿੱਲ ਦਲਿਤ ਦੇ ਰਹੇ ਹਨ। ਇੱਕ ਨਾਅਰੇ ਨਾਲ ਲੋਕਾਂ ਨੂੰ ਗੁੰਮਰਾਹ ਕੀਤਾ ਸੀ ਕਿ ਬਾਦਲ ਸਾਹਿਬ ਨੇ ਕਿਸਾਨਾਂ ਨੂੰ ਬਿਜਲੀ ਮੁਫ਼ਤ ਦਿੱਤੀ ਹੈ, ਦਲਿਤਾਂ ਨੂੰ ਨਹੀਂ ਦਿੱਤੀ। ਕਿਸਾਨਾਂ ਨੂੰ ਲੁਟਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਦਲਿਤਾਂ ਤੇ ਦੁੱਗਣੇ ਲਗਾ ਦਿੱਤੇ ਹਨ। ਮੂਹਰਲੇ ਨੂੰ ਹੋਰ ਕੋਈ ਮੂਹਰੇ ਚੁੱਕ ਕੇ ਲੈ ਗਿਆ ਅਤੇ ਪਿਛਲੇ ਨੂੰ ਪਿਛਲੇ ਪਾਸੇ ਲੈ ਗਿਆ। ਅੱਜ ਪੰਜਾਬ ਸਰਕਾਰ ਦੇ ਇਹ ਹਾਲਾਤ ਹਨ। ਪੰਜਾਬ ਸਰਕਾਰ ਦੇ ਅੱਜ ਤੱਕ ਦੇ ਸਮੁੱਚੇ ਹਾਲਾਤ ਤੇ ਚਾਨਣਾ ਪਾਈਏ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਕਾਰਪੋਰੇਸ਼ਨ ਜਿਹੜੀ ਬਣੀ ਹੈ, ਮੈਂ ਚੌਧਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਨੇ ਕਿਹਾ ਕਿ ਬੜਾ ਲੋਨ ਦਿੱਤਾ ਲੇਕਿਨ ਇੱਕ ਸਾਲ ਵਿੱਚ ਇੱਕ ਵੀ ਪੈਸਾ ਨਹੀਂ ਦਿਤਾ ਗਿਆ ਉਸ ਤੋਂ ਬਾਅਦ ਉਸ ਦੀ ਹਾਲਤ ਕੀ ਹੈ ਕਿ ਜਿਹੜਾ ਡਾਇਰੈਕਟ ਕਰਜ਼ਾ ਮਿਲਦਾ ਹੈ, ਉਸ ਤੇ ਸਾਰਿਆਂ ਨਾਲੋਂ ਜ਼ਿਆਦਾ ਵਿਆਜ ਹੁੰਦਾ ਹੈ। ਉਸ ਦਾ ਨਾ ਤਾਂ ਬਲਾਕ ਪੱਧਰ ਤੇ ਰਿਕਾਰਡ ਮਿਲਦਾ ਹੈ ਔਰ ਨਾ ਹੀ ਜ਼ਿਲ੍ਹਾ ਪੱਧਰ ਤੇ ਰਿਕਾਰਡ ਮਿਲਦਾ ਹੈ। ਇਸ ਦਾ ਹੈਡ ਕੁਆਰਟਰ ਚੰਡੀਗੜ੍ਹ ਹੈ। ਚੰਡੀਗੜ੍ਹ ਵਿੱਚ ਪਾਸ ਹੁੰਦਾ ਹੈ ਅਤੇ ਚੰਡੀਗੜ੍ਹ ਵਿੱਚ ਹੀ ਵਾਪਸ ਕੀਤਾ ਜਾਂਦਾ ਹੈ। ਨਾ ਕੋਈ ਪਾਸ ਬੁੱਕ ਹੈ ਜਦੋਂ ਕੋਈ ਲੋਨ ਮੋੜਨ ਆਉਂਦਾ ਹੈ, ਉਸ ਨੂੰ ਦੱਸਿਆ ਨਹੀਂ ਜਾਂਦਾ ਕਿ ਕਿੰਨਾ ਆ ਗਿਆ ਅਤੇ ਕਿੰਨਾ ਰਹਿ ਗਿਆ। ਉਸ ਨੂੰ ਸਿੰਪਲ ਵਿਆਜ ਨਹੀਂ ਮਿਸ਼ਰਤ ਵਿਆਜ਼ ਲਗਦਾ ਹੈ। ਤਹਿਸੀਲਦਾਰ ਅਤੇ ਐਸ.ਡੀ.ਓ. ਜਦੋਂ ਰਿਕਵਰੀ ਨਹੀਂ ਹੁੰਦੀ ਤਾਂ ਬਕਾਇਦਾ ਵਾਰੰਟ ਕੱਢ ਕੇ ਦਲਿਤਾਂ ਨੂੰ ਜੇਲ੍ਹਾਂ ਵਿੱਚ ਠੋਕਿਆ ਜਾਂਦਾ ਹੈ। ਆਹ ਦਾਸਤਾਨ ਸਾਡੇ ਦਲਿਤ ਸਮਾਜ ਦੀ ਹੈ। ਕਾਂਗਰਸ ਨੇ ਆਜ਼ਾਦੀ ਤੋਂ ਬਾਅਦ ਅੱਜ ਤੱਕ ਰਾਜ ਕੀਤਾ ਹੈ। ਮੈਂ ਇੱਕ ਗੱਲ ਕਹਿੰਦਾ ਹਾਂ ਕਿ ਪੰਜਾਬ ਦੀ ਖੁਸ਼ਹਾਲੀ, ਪੰਜਾਬੀ ਦਾ ਜਿਹੜਾ ਭਾਈਚਾਰਾ ਹੈ, ਇਹ ਉਨੇ ਚਿਰ ਕਾਇਮ ਨਹੀਂ ਰਹਿ ਸਕਦਾ, ਦੁਨੀਆਂ ਦੇ ਤਿੰਨ ਵੱਡੇ ਸ਼ਹਿਰ ਹਨ ਪਿੰਨਸਲਵਾਨੀਆਂ,

Original with;
Punjab Vidhan Sabha
Digitized by;

[ਸ਼੍ਰੀ ਦੇਸ ਰਾਜ ਧੁੱਗਾ]

ਮੋਘਾਨੀਆ ਅਤੇ ਓਹੀਯੋ, ਜਿਨ੍ਹਾਂ ਵਿੱਚ ਸਭ ਤੋਂ ਵੱਧ ਇੰਡਸਟਰੀ ਹੈ, ਉਹ ਵੀ ਪੰਜਾਬ ਵਿੱਚ ਲਗਾ ਲਈ ਜਾਵੇ ਫਿਰ ਵੀ 50 ਸਾਲ ਤਰੱਕੀ ਨਹੀਂ ਕਰ ਸਕਦਾ। ਜਿੰਨਾ ਚਿਰ ਪੰਜਾਬ ਵਿੱਚ ਕਾਂਗਰਸ ਭਾਈਚਾਰ ਖਤਮ ਨਹੀਂ ਹੁੰਦਾ, ਉਨ੍ਹਾਂ ਚਿਰ ਪੰਜਾਬ ਤਰੱਕੀ ਨਹੀ ਕਰ ਸਕਦਾ। ਸੋ, ਇਸ ਕਰਕੇ ਅੱਜ ਵੀ ਅੱਗੇ ਦੇਖੀਏ ਕਿ ਜਿਹੜੀ ਪਾਰਲੀਮੈਂਟ ਵਾਜਪਾਈ ਪ੍ਰਧਾਨ ਮੰਤਰੀ ਦੇ ਅੰਡਰ ਹੈ 85ਵੀਂ ਸੋਧ ਕੀਤੀ ਹੈ। ਜਿਹੜੀਆਂ ਸੁਪਰੀਮ ਕੋਰਟ ਨੇ ਡਾਇਰੈਕਸ਼ਨਾਂ ਦਿੱਤੀਆਂ ਸਨ ਕਿ ਰਿਜ਼ਰਵੇਸ਼ਨ ਤੇ ਠੱਪਾ ਲਗਾਓ, ਰਿਜ਼ਰਵੇਸ਼ਨ ਬੰਦ ਕੀਤੀ ਸੀ, ਸੈਂਟਰ ਗੌਰਮਿੰਟ ਨੇ ਪਾਰਲੀਮੈਂਟ ਵਿੱਚ 85ਵੀਂ ਸੋਧ ਪਾਰਲੀਮੈਂਟ ਵਿੱਚ ਲਿਆ ਕੇ ਪਾਸ ਕਰ ਦਿੱਤੀ। ਮੈਂ ਇਨ੍ਹਾਂ ਹਿਤੈਸ਼ੀਆਂ ਨੂੰ ਪੁੱਛਣਾ ਚਾਹੁੰਦਾ ਹਾਂ, ਕੈਪਟਨ ਸਾਹਿਬ ਨੂੰ ਘੱਟ ਤੜਫਾਹਟ ਹੁੰਦੀ ਹੈ ਲੇਕਿਨ ਸਾਡੇ ਦਲਿਤ ਮੰਤਰੀਆਂ ਨੂੰ ਜ਼ਿਆਦਾ ਹੁੰਦੀ ਹੈ। ਇਸ ਬਾਰੇ ਵਿਚਾਰ ਕਰਕੇ ਸਦਨ ਵਿੱਚ ਜਵਾਬ ਦਿੱਤਾ ਜਾਵੇ ਕਿ ਦਿਲ ਦੀ ਗੱਲ ਕੀ ਹੈ। ਉਸ ਤੋਂ ਬਾਅਦ ਅਗਲੀ ਗੱਲ ਦੇਖਦਾ ਹਾਂ ਕਿ ਪੰਜਾਬ ਦੇ ਵਿੱਚ ਕਿੰਨੀਆਂ ਸੜਕਾਂ ਹਨ....... ਚੇਅਰਮੈਨ ਸਾਹਿਬ, ਸਾਰੀ ਦੁਨੀਆਂ ਦੇ ਵਿੱਚ ਕੱਚੀਆਂ ਸੜਕਾਂ ਨੂੰ ਪੱਕੀਆਂ ਸੜਕਾਂ ਕਰਦਿਆਂ ਤਾਂ ਦੇਖਿਆ ਗਿਆ ਹੈ ਪਰ ਪੱਕੀ ਸੜਕਾਂ ਨੂੰ ਕੱਚਾ ਕਰਦਿਆਂ ਨਹੀਂ ਦੇਖਿਆ ਗਿਆ। ਚੇਅਰਮੈਨ ਸਾਹਿਬ, ਅੱਜ ਸੜਕਾਂ ਦੇ ਉਤੇ ਟੋਏ ਪਏ ਹੋਏ ਹਨ ਔਰ ਪੀ.ਡਬਲਯੂ.ਡੀ. ਦੇ ਵਰਕਰਾਂ ਨੂੰ ਕਿਹਾ ਗਿਆ ਹੈ ਕਿ ਇਨ੍ਹਾਂ ਟੋਇਆਂ ਦੇ ਵਿੱਚ ਮਿੱਟੀ ਪਾ ਦਿੱਤੀ ਜਾਵੇ। ਜਦੋਂ ਇਨ੍ਹਾਂ ਟੋਇਆਂ ਦੇ ਵਿਚ ਮਿੱਟੀ ਭਰ ਦਿੱਤੀ ਜਾਂਦੀ ਹੈ ਤਾਂ ਫਿਰ ਜਦੋਂ ਬਾਅਦ ਦੇ ਵਿਚ ਇਨ੍ਹਾਂ ਦੇ ਉਤੋਂ ਦੀਆਂ ਗੱਡੀਆਂ ਨਿਕਲਦੀਆਂ ਹਨ ਤਾਂ ਫਿਰ ਸਾਨੂੰ ਲੋਕੀ ਇਹ ਪੁੱਛਦੇ ਹਨ ਕਿ ਐਮ.ਐਲ.ਏ. ਸਾਹਿਬ ਇਹ ਦੱਸੋ ਕਿ ਜੋ ਕੈਪਟਨ ਅਮਰਿੰਦਰ ਸਿੰਘ ਪੰਜ ਹਜ਼ਾਰ ਕਰੋੜ ਰੁਪਿਆ ਬਾਹਰੋਂ ਲੈ ਕੇ ਆਏ ਸਨ, ਉਹ ਕਿੱਥੇ ਗਿਆ ਹੈ, ਉਸ ਦੇ ਨਾਲ ਸੜਕਾਂ ਦੇ ਉਤੇ ਪੀ.ਸੀ. ਕਿਉਂ ਨਹੀਂ ਪੁਆਈ ਗਈ। ਚੇਅਰਮੈਨ ਸਾਹਿਬ, ਨਾ ਪੰਜਾਬ ਦੇ ਵਿਚ ਕੋਈ ਸੜਕਾਂ ਬਣਾਈਆਂ ਗਈਆਂ ਹਨ, ਨਾ ਹੀ ਹਸਪਤਾਲ ਬਣਾਇਆ ਗਿਆ ਹੈ ਔਰ ਨਾ ਹੀ ਕੋਈ ਕਾਰੋਬਾਰ ਖੋਲ੍ਹਿਆ ਗਿਆ ਹੈ। ਮੈਨੂੰ ਇੱਕ ਗੱਲ ਸਮਝ ਨਹੀਂ ਆਉਂਦੀ ਕਿ ਤੁਸੀਂ ਪਿਛਲੇ ਇੱਕ ਸਾਲ ਦੇ ਵਿੱਚ ਕੀ ਕੀਤਾ ਹੈ, ਤੁਹਾਡਾ ਗਵਾਂਢੀਆਂ ਨੂੰ ਗਾਲਾਂ ਕੱਢ ਕੇ ਨਹੀਂ ਸਰਨਾ, ਵਿਰੋਧੀਆਂ ਨੂੰ ਗਾਲਾਂ ਕੱਢ ਕੇ ਨਹੀਂ ਸਰਨਾ। ਤੁਹਾਨੂੰ ਦੁਸ਼ਮਣ ਦੀ ਲਕੀਰ ਨਾਲੋਂ ਪਹਿਲਾਂ ਆਪਣੀ ਲਕੀਰ ਵੱਡੀ ਕਰਨੀ ਚਾਹੀਦੀ ਹੈ। ਚੇਅਰਮੈਨ ਸਾਹਿਬ, ਅੱਜ ਪੰਜਾਬ ਦੇ ਅੰਦਰ ਬਹੁਤ ਜ਼ਿਆਦਾ ਪੀੜਤ ਪਰਿਵਾਰ ਹਨ ਤੇ ਇਨ੍ਹਾਂ ਨੇ ਪੰਜਾਬ ਦੇ ਅੰਦਰ ਦਲਿਤਾਂ ਦੇ ਲਈ ਇੱਕ ਬਹੁਤ ਵੱਡਾ ਨਾਅਰਾ ਦਿੱਤਾ ਸੀ ਕਿ ਅਸੀਂ ਉਨ੍ਹਾਂ ਦੇ ਪਰਿਵਾਰਾਂ ਦੇ ਵਿਚੋਂ ਇੱਕ ਮੈਂਬਰ ਨੂੰ ਨੌਕਰੀ ਦਿਆਂਗੇ। ਪਰ ਅੱਜ ਜਿੰਨੇ ਵੀ ਲੋਕਾਂ ਨੂੰ ਇਨ੍ਹਾਂ ਨੇ ਪੰਜਾਬ ਦੇ ਵਿਚੋਂ ਨੌਕਰੀਆ ਦੇ ਵਿਚੋਂ ਕੱਢਿਆ ਹੈ ਉਹ ਸਾਰੇ ਦਲਿਤ ਪਰਿਵਾਰਾਂ ਦੇ ਨਾਲ ਹੀ ਸਬੰਧਿਤ ਸਨ ਤੇ ਜਦੋਂ ਉਨ੍ਹਾਂ ਵਲੋਂ ਨੌਕਰੀ ਤੋਂ ਕੱਢਣ ਦਾ ਕਾਰਨ ਪੁੱਛਿਆ ਜਾਂਦਾ ਸੀ ਤਾਂ ਕਿਹਾ ਜਾਂਦਾ ਸੀ ਕਿ ਇਹ ਹਾਈ ਕੋਰਟ ਦੇ ਆਦੇਸ਼ਾਂ ਮੁਤਾਬਿਕ ਕੀਤਾ ਗਿਆ ਹੈ। ਮੈਨੂੰ ਇੱਕ ਗੱਲ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਨੇ ਠੇਕਿਆਂ ਦੀ ਨਿਲਾਮੀ ਤੋਂ ਪੈਸਾ ਵਧਾਇਆ ਹੈ, ਬਿਜਲੀ ਦਾ ਪੈਸਾ ਵਧਾਇਆ ਹੈ ਤੇ ਫਿਰ ਉਹ ਪੈਸਾ ਕੌਕੋ ਲੈ ਗਈ ਜਾਂ ਫਿਰ ਭੂਆ ਲੈ ਗਈ ਤੇ ਫਿਰ ਇਹ ਕਹਿੰਦੇ ਹਨ ਕਿ ਪੰਜਾਬ ਦਾ ਖਜ਼ਾਨਾ ਖਾਲੀ ਹੈ। ਇਕ ਗੱਲ ਮੈਂ ਇਹ ਕਹਾਂਗਾ ਕਿ ਇਧਰਲੇ ਪਾਸੇ ਤੋਂ ਬੜੀ ਉਚੀ-ਉਚੀ ਆਵਾਜ਼ਾਂ ਦੇ ਵਿਚ ਕਿਹਾ ਗਿਆ ਹੈ ਉਹ ਇਸ ਕਰਕੇ ਉਚੀ-ਉਚੀ ਬੋਲਦੇ ਹਨ ਕਿਉਂਕਿ ਉਨ੍ਹਾਂ ਨੂੰ ਇਸ ਕਰਕੇ ਹੀ ਇਧਰਲੇ ਪਾਸੇ ਲਿਆਂਦਾ ਜਾਂਦਾ ਹੈ। ਇਸ ਕਰਕੇ ਮੈਂ ਇਹ ਗੱਲ ਕਹਾਂਗਾ ਕਿ ਹਾਲੇ ਵੀ ਕੁਝ ਬੰਦੇ ਰਹਿੰਦੇ ਹਨ ਜਿਨ੍ਹਾਂ ਨੂੰ ਮੰਤਰੀ ਨਹੀਂ ਬਣਾਇਆ ਗਿਆ। ਮੇਰੇ ਇਲਾਕੇ ਦਾ

Original with;
Punjab Vidhan Sabha
Digitized by;

ਇੱਕ ਐਮ.ਐਲ.ਏ. ਕੈਪਟਨ ਅਮਰਿੰਦਰ ਸਿੰਘ ਨੂੰ ਕਹਿੰਦਾ ਕਿ ਮੈਨੂੰ ਤੁਸੀਂ ਮੰਤਰੀ ਬਣਾ ਦਿਉ ਤਾਂ ਕੈਪਟਨ ਸਾਹਿਬ ਨੇ ਉਸ ਐਮ.ਐਲ.ਏ. ਨੂੰ ਕਿਹਾ ਕਿ ਤੈਨੂੰ ਦੋ ਕੁਆਲਿਸ਼ ਗੱਡੀਆਂ ਦੇ ਦਿੱਤੀਆਂ ਹਨ ਤੇ ਤੂੰ ਇਸ ਦੇ ਨਾਲ ਹੀ ਕੰਮ ਚਲਾਈ ਚਲ।

*5.57 ਵਜੇ ਸ਼ਾਮ (ਇਸ *ਸਮੇਂ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸਪੀਕਰ ਸਾਹਿਬ, ਇਹ ਪਹਿਲੀ ਵਾਰੀ ਹੋਇਆ ਹੈ ਕਿ ਜਦੋਂ ਪੂਰੇ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੀ ਮੁੱਖ ਮੰਤਰੀ ਦੇ ਨਾਲ ਫੋਟੋ ਨਹੀਂ ਖਿਚਵਾਈ ਗਈ। ਇਥੋਂ ਹੀ ਪਤਾ ਲਗਦਾ ਹੈ ਕਿ ਮੁੱਖ ਮੰਤਰੀ ਪੰਜਾਬ ਦਾ ਕਿੰਨਾ ਕੁ ਭਲਾ ਚਾਹੁੰਦੇ ਹਨ। ਸਪੀਕਰ ਸਾਹਿਬ, ਵਿਰੋਧੀ ਪਾਰਟੀ ਦੇ ਮੈਂਬਰਾਂ ਦਾ ਕੀ, ਪਰ ਕੈਪਟਨ ਅਮਰਿੰਦਰ ਸਿੰਘ ਆਪਣੀ ਪਾਰਟੀ ਦੇ ਮੈਂਬਰਾਂ ਨੂੰ ਵੀ ਨਹੀਂ ਮਿਲਦੇ। ਜਦੋਂ ਵੀ ਕਹਿੰਦੇ ਹਨ ਤਾਂ ਪਤਾ ਲਗਦਾ ਹੈ ਕਿ ਕੈਪਟਨ ਸਾਹਿਬ ਦਿੱਲੀ ਗਏ ਹੋਏ ਹਨ, ਹਰ ਵਾਰੀ ਇਹ ਕਿਹਾ ਜਾਂਦਾ ਹੈ ਕਿ ਕੈਪਟਨ ਸਾਹਿਬ ਦਿੱਲੀ ਗਏ ਹੋਏ ਹਨ। ਇਹ ਗੱਲ ਤਾਂ ਠੀਕ ਲਗਦੀ ਹੈ ਪਰ ਮੈਨੂੰ ਇੱਕ ਗੱਲ ਸਮਝ ਨਹੀਂ ਆਉਂਦੀ ਕਿ ਕੈਪਟਨ ਸਾਹਿਬ ਕੰਮ ਦੇ ਨਾਲ ਰਾਜ ਪਲਟਾ ਹੁੰਦਾ ਤਾਂ ਬਾਦਲ ਸਾਹਿਬ ਨੂੰ ਕੋਈ ਨਹੀਂ ਸੀ ਲਾਹ ਸਕਦਾ। ਮੈਂ ਇੱਕ ਗੱਲ ਕਹਾਂਗਾ ਔਰ ਇਹ ਗੱਲ ਵਾਰ-ਵਾਰ ਕਹੀ ਜਾਂਦੀ ਹੈ ਕਿ ਇਨ੍ਹਾਂ ਨੂੰ ਹਰਾ ਦਿੱਤਾ ਹੈ ਤੇ ਸਾਨੂੰ ਜਿਤਾ ਦਿੱਤਾ ਗਿਆ ਹੈ। ਸਪੀਕਰ ਸਾਹਿਬ, ਸਾਲ 1992 ਤੋਂ 1997 ਤੱਕ ਕਾਂਗਰਸ ਪਾਰਟੀ ਦੀ ਸਰਕਾਰ ਨੇ ਰਾਜ ਕੀਤਾ ਹੈ ਤੇ ਸਾਲ 1997 ਦੇ ਵਿੱਚ ਜਦੋਂ ਇਲੈਕਸ਼ਨਾਂ ਹੋਈਆਂ ਸਨ ਤਾਂ ਇਨ੍ਹਾਂ ਦੀ ਕਾਂਗਰਸ ਪਾਰਟੀ ਦੇ ਸਿਰਫ਼ 14 ਮੈਂਬਰ ਹੀ ਜਿੱਤ ਕੇ ਆਏ ਸਨ ਤੇ ਹੁਣ ਸਾਡੀ ਪਾਰਟੀ ਦੇ 44 ਮੈਂਬਰ ਜਿੱਤ ਕੇ ਆਏ ਹਨ। ਇਸ ਦਾ ਮਤਲਬ ਤਾਂ ਇਹੀ ਹੈ ਕਿ ਲੋਕਾਂ ਨੇ ਸਾਡੇ ਉਤੇ ਜ਼ਿਆਦਾ ਵਿਸ਼ਵਾਸ ਕੀਤਾ ਹੈ। ਸੋ, ਅੰਤ ਵਿਚ ਮੈਂ ਇਹ ਕਹਿੰਦਾ ਹਾਂ ਕਿ ਜੋ ਗਵਰਨਰ ਸਾਹਿਬ ਦਾ ਭਾਸ਼ਣ ਇਥੇ ਲਿਆਂਦਾ ਗਿਆ ਹੈ ਉਸ ਦਾ ਮੈਂ ਡੱਟ ਕੇ ਵਿਰੋਧ ਕਰਦਾ ਹਾਂ ਔਰ ਇਹ ਭਾਸ਼ਣ ਸਿਰਫ਼ ਸਿੱਠਣੀਆਂ ਦੇਣ ਵਾਸਤੇ ਤੇ ਆਪਣੇ ਗੁਣ ਗਾਉਣ ਵਾਸਤੇ ਕੀਤਾ ਗਿਆ ਹੈ। ਇੰਨਾ ਕਹਿੰਦਾ ਹੋਇਆ ਮੈਂ ਸਥਾਨ ਲੈਂਦਾ ਹਾਂ।

**ਸ਼੍ਰੀ ਰਾਜ ਕੁਮਾਰ (ਵੇਰਕਾ, ਐਸ.ਸੀ.)** : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਗਵਰਨਰ ਸਾਹਿਬ ਦੇ ਭਾਸ਼ਣ ਦੇ ਜੋ ਸ਼੍ਰੀ ਸੁਨੀਲ ਕੁਮਾਰ ਜਾਖੜ ਜੀ ਵਲੋਂ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ ਹੈ, ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਵਿਰੋਧੀ ਧਿਰ ਦੇ ਮੈਂਬਰਾਂ ਵਲੋਂ ਵੱਖ-ਵੱਖ ਤਰ੍ਹਾਂ ਗਲਤ ਗੱਲਾਂ ਕੀਤੀਆਂ ਗਈਆਂ ਹਨ ਤੇ ਇਨ੍ਹਾਂ ਵਲੋਂ ਕਿਹਾ ਗਿਆ ਹੈ ਕਿ ਕਾਂਗਰਸ ਪਾਰਟੀ ਦੀ ਸਰਕਾਰ ਨੇ ਪਿਛਲੇ ਇੱਕ ਸਾਲ ਦੇ ਅੰਦਰ ਕੁਝ ਵੀ ਨਹੀਂ ਕੀਤਾ ਹੈ। ਮੈਂ ਇਨ੍ਹਾਂ ਆਪਣੇ ਸਾਥੀਆਂ ਨੂੰ ਇਹ ਗੱਲ ਜ਼ਰੂਰ ਕਹਾਂਗਾ ਕਿ "ਔਰੋਂ ਪੇ ਅਗਰ ਤੱਪਸਰਾ ਕੀਜਿਯੇ ਤੋ ਸਾਹਮਣੇ ਆਇਨਾ ਰੱਖ ਲੀਜੀਏ।' ਸਪੀਕਰ ਸਾਹਿਬ, ਇਨ੍ਹਾਂ ਨੂੰ ਆਪਣੇ ਪਿਛਲੇ ਪੰਜਾਂ ਸਾਲਾਂ ਦੀ ਕਾਰਗੁਜ਼ਾਰੀ ਵੱਲ ਵੀ ਝਾਤੀ ਮਾਰਨੀ ਚਾਹੀਦੀ ਹੈ ਔਰ ਉਨ੍ਹਾਂ ਨੂੰ ਯਾਦ ਕਰਕੇ ਇਨ੍ਹਾਂ ਦੇ ਪਾਪ ਕੰਬਣੇ ਚਾਹੀਦੇ ਹਨ। ਸਪੀਕਰ ਸਾਹਿਬ, ਪਿਛਲੇ ਇਕ ਸਾਲ ਦੇ ਵਿੱਚ ਕੈਪਟਨ ਅਮਰਿੰਦਰ ਸਿੰਘ ਜੀ ਨੇ ਜੋ ਕੀਤਾ ਹੈ ਉਹ ਸਾਰੀ ਦੁਨੀਆਂ ਦੇ ਵਿੱਚ ਮਸ਼ਹੂਰ ਹੈ। ਉਨ੍ਹਾਂ ਨੇ ਅਜਿਹੇ ਲੋਕਾਂ ਨੂੰ ਨੱਥ ਪਾਈ ਹੈ, ਅਜਿਹੇ ਲੋਕਾਂ ਨੂੰ ਸਬਕ ਦਿੱਤਾ ਹੈ ਜੋ ਲੋਕ ਇਸ ਸਮਾਜ ਨੂੰ ਕਲੰਕਿਤ ਕਰ ਰਹੇ ਸਨ ਔਰ ਜਿਨ੍ਹਾਂ ਲੋਕਾਂ ਨੇ ਇਸ ਸਮਾਜ ਦੇ ਅੰਦਰ ਕੁਰੱਪਸ਼ਨ ਦਾ ਬੀਜ ਬੀ ਕੇ ਪੰਜਾਬ ਦੇ ਜ਼ਰੇ-ਜ਼ਰੇ ਨੂੰ ਖੋਖਲਾ ਕਰ ਕੇ ਰੱਖ ਦਿੱਤਾ ਸੀ। ਅੱਜ ਪ੍ਰਕਾਸ਼ ਸਿੰਘ ਬਾਦਲ ਔਰ ਉਨ੍ਹਾਂ ਦੇ ਸਾਥੀਆਂ ਨੇ ਗਵਰਨਰ ਸਾਹਿਬ ਦੇ ਭਾਸ਼ਣ ਦਾ ਵਿਰੋਧ ਕਰਨ ਦਾ ਮਨ ਬਣਾਇਆ ਹੈ ਲੇਕਿਨ ਮੈਂ ਇੱਕ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਾਜ ਕੁਮਾਰ]

ਗੱਲ ਜ਼ਰੂਰ ਕਹਿਣੀ ਚਾਹਾਂਗਾ ਕਿ ਇਕ ਸੱਚੇ ਪੰਜਾਬੀ ਹੋਣ ਦੇ ਨਾਤੇ ਉਨ੍ਹਾਂ ਨੂੰ ਇਹ ਗੱਲ ਸ਼ੋਭਾ ਨਹੀਂ ਦਿੰਦੀ ਕਿ ਉਹ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦਾ ਵਿਰੋਧ ਕਰਨ। ਉਹ ਆਪਣੇ ਪਾਪਾਂ ਵੱਲ ਝਾਤ ਮਾਰ ਕੇ ਵੇਖ ਲੈਣ। ਇਨ੍ਹਾਂ ਨੇ ਪਿਛਲੇ ਪੰਜ ਸਾਲਾਂ ਦੇ ਵਿਚ ਕੀ ਕਾਰਨਾਮੇ ਕੀਤੇ ਹਨ ? ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਇਸ ਗੱਲ ਦਾ ਫੈਸਲਾ ਕੀਤਾ ਹੈ, ਤੁਸੀਂ ਵੇਖਿਆ ਹੋਵੇਗਾ ਅਤੇ ਇਸ ਗੱਲ ਨੂੰ ਸਾਰੇ ਜਾਣਦੇ ਹਨ ਕਿ ਜਿਸ ਵਕਤ ਕਾਂਗਰਸ ਦੀ ਸਰਕਾਰ ਸੱਤਾ ਵਿਚ ਆਈ, ਉਸ ਵਕਤ ਪੰਜਾਬ ਦਾ ਬੁਰਾ ਹਾਲ ਸੀ। ਫਾਈਨਾਂਸ਼ੀਅਲ ਹਾਲਾਤ ਬੜੇ ਡਾਊਨ ਸਨ। ਪੰਜਾਬ ਦੇ ਮੁਲਾਜ਼ਮਾਂ ਨੂੰ ਇਹ ਤਨਖਾਹਾਂ ਨਹੀਂ ਦੇ ਸਕਦੇ ਸਨ। ਪੰਜਾਬ ਸਰਕਾਰ ਕਰਜ਼ੇ ਹੇਠ ਦੱਬੀ ਹੋਈ ਸੀ। ਪੂਰਾ ਪੰਜਾਬ ਕਰਜ਼ੇ ਹੇਠ ਦੱਬਿਆ ਹੋਇਆ ਸੀ, ਜਦੋਂ ਇਨ੍ਹਾਂ ਨੇ ਪੰਜਾਬ ਸਾਨੂੰ ਸੌਂਪਿਆ। ਇਨ੍ਹਾਂ ਨੇ ਪੰਜਾਬ ਜ਼ਖਮੀ ਕਰਕੇ ਕਾਂਗਰਸ ਸਰਕਾਰ ਨੂੰ ਸੌਂਪਿਆ ਸੀ। ਅੱਜ ਇਹ ਪੰਜਾਬ, ਕੈਪਟਨ ਅਮਰਿੰਦਰ ਸਿੰਘ ਜੀ, ਇਨ੍ਹਾਂ ਨੇ ਮੰਤਰੀਆਂ ਅਤੇ ਐਮ.ਐਲ.ਏਜ਼. ਦੀ ਮਿਹਨਤ ਦੇ ਸਦਕਾ ਫਿਰ ਮੁਸ਼ਕਲਾਂ ਵਿਚੋਂ ਉਭਰ ਕੇ ਸਾਹਮਣੇ ਆ ਰਿਹਾ ਹੈ। ਪੰਜਾਬ ਦੇ ਜਿਹੜੇ ਬੁਰੇ ਹਾਲਾਤ ਸਨ, ਇਹ ਫਿਰ ਸੁਧਰਨ ਜਾ ਰਹੇ ਹਨ। ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਆਈ ਤਾਂ ਬਹੁਤ ਸਾਰੇ ਕਰਜ਼ਿਆਂ ਦਾ ਬੋਝ ਸੀ, ਇਹ ਉਤਾਰਨ ਅਸੀਂ ਜਾ ਰਹੇ ਹਾਂ। ਇਹ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਹੋਰ ਨਵੇਂ ਕਰਜ਼ੇ ਨਾ ਲਏ ਜਾਣ। ਮੈਂ ਇਹ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਦਲਿਤਾਂ ਦੇ ਬਾਰੇ ਇਸ ਸਾਲ ਦੇ ਵਿਚ ਬਹੁਤ ਕੁਝ ਕੀਤਾ ਜਾ ਰਿਹਾ ਹੈ। ਪਿਛਲੇ ਪੰਜ ਸਾਲਾਂ ਦੇ ਵਿਚ ਦਲਿਤਾਂ ਵਾਸਤੇ ਕੁਝ ਨਹੀਂ ਕੀਤਾ ਗਿਆ। ਅੱਜ ਜਿੰਨੇ ਵੀ ਸਰਕਾਰੀ ਅਧਿਕਾਰੀ ਜਾਂ ਸਰਕਾਰੀ ਅਫ਼ਸਰ ਤੇ ਸਰਕਾਰੀ ਕਰਮਚਾਰੀ ਹਨ, ਜੋ ਸਰਕਾਰ ਦੇ ਵਿਚ ਨੌਕਰੀ ਕਰ ਰਹੇ ਹਨ, ਉਨ੍ਹਾਂ ਵਿਚ ਬਹੁ-ਗਿਣਤੀ ਦਲਿਤਾਂ ਦੀ ਹੈ। ਇਨ੍ਹਾਂ ਨੂੰ ਭਰਤੀ ਕਰਨ ਦਾ ਸਿਹਰਾ ਸਿਰਫ਼ ਕਾਂਗਰਸ ਪਾਰਟੀ ਨੂੰ ਜਾਂਦਾ ਹੈ। (ਥੰਪਿੰਗ) ਕਾਂਗਰਸ ਪਾਰਟੀ ਜਦੋਂ ਵੀ ਸੱਤਾ ਵਿਚ ਆਈ ਹੈ ਇਸ ਨੇ ਦਲਿਤਾਂ ਦੀ ਭਰਤੀ ਕੀਤੀ ਹੈ। ਮੈਂ ਬਾਦਲ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜ ਸਾਲਾਂ ਦੇ ਵਿਚ ਉਨ੍ਹਾਂ ਦੀ ਸਰਕਾਰ ਰਹੀ। ਉਨ੍ਹਾਂ ਨੇ ਆਪਣੇ ਸਮੇਂ ਵਿਚ ਦਲਿਤਾਂ ਦੀਆਂ ਕਿੰਨੀਆਂ ਕੁ ਭਰਤੀਆਂ ਕੀਤੀਆਂ ? ਚਾਹੇ ਚਪੜਾਸੀ ਦੀ ਨੌਕਰੀ ਹੋਵੇ, ਇਨ੍ਹਾਂ ਦੇ ਸਮੇਂ ਵਿਚ ਸਵੀਪਰ ਦੀ ਨੌਕਰੀ ਲਈ ਵੀ ਰਿਸ਼ਵਤ ਚੱਲੀ। ਤਿੰਨ-ਤਿੰਨ ਲੱਖ ਰੁਪਏ ਰਿਸ਼ਵਤ ਆਮ ਚੱਲੀ। (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਇਹ ਕਿੰਨੀ ਮੰਦਭਾਗੀ ਗੱਲ ਹੋਈ। ਮੈਂ ਗਵਰਨਰ ਐਡਰੈਸ ਦਾ ਪੁਰਜ਼ੋਰ ਸਮਰਥਨ ਕਰਦਾ ਹਾਂ। ਮੈਂ ਪੁਰਜ਼ੋਰ ਬੇਨਤੀ ਕਰਦਾ ਹਾਂ ਕਿ ਪਿਛਲੇ ਪੰਜ ਸਾਲਾਂ ਦੇ ਵਿਚ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਤੇ ਬੈਕਵਰਡ ਕਲਾਸਿਜ਼ ਕਾਰਪੋਰੇਸ਼ਨ ਨੂੰ ਇੱਕ ਵੀ ਪੈਸਾ ਨਹੀਂ ਆਇਆ। ਇਨ੍ਹਾਂ ਨੇ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਅਤੇ ਬੈਕਵਰਡ ਕਲਾਸਿਜ਼ ਕਾਰਪੋਰੇਸ਼ਨ ਨੂੰ ਕਿੰਨੀ ਰਾਸ਼ੀ ਦਿੱਤੀ ਹੈ ? ਸਿਵਾਏ ਨੁਕਤਾਚੀਨੀ ਕਰਨ ਦੇ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਜੀ ਨੇ ਸਚਮੁੱਚ ਲੋਕਾਂ ਦੀ ਨਬਜ਼ ਨੂੰ ਪਹਿਚਾਣਿਆ ਹੈ ਇਸ ਲਈ ਮੈਂ ਇਨ੍ਹਾਂ ਦਾ ਬਹੁਤ ਧੰਨਵਾਦ ਕਰਦਾ ਹਾਂ। ਜਮਹੂਰੀਅਤ ਦਾ ਗਲਾ ਘੋਟਣ ਵਾਲਿਆਂ ਦਾ ਮੂੰਹ ਤੋੜ ਜਵਾਬ ਦਿੱਤਾ ਹੈ। ਕਾਂਗਰਸ ਪਾਰਟੀ ਦੀ ਸਰਕਾਰ ਜਮਹੂਰੀਅਤ ਦੇ ਹੱਕ ਵਿਚ ਹੈ। ਇਨ੍ਹਾਂ ਨੇ ਹਰ ਵਰਗ ਨੂੰ ਨੁਮਾਇੰਦਗੀ ਦਿੱਤੀ ਹੈ। ਚਾਹੇ ਮਿਊਂਸਿਪਲ ਕਾਰਪੋਰੇਸ਼ਨ ਦੀਆਂ ਚੋਣਾਂ ਹਨ, ਚਾਹੇ ਪੰਚਾਇਤ ਸੰਮਤੀਆਂ ਦੀਆਂ ਚੋਣਾਂ ਹਨ ਜਾਂ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਹਨ। ਗਰਾਊਂਡ ਰੂਟ ਲੈਵਲ ਤੇ ਜਮਹੂਰੀਅਤ ਕਾਂਗਰਸ ਪਾਰਟੀ ਦੇ ਸਮੇਂ ਵਿਚ ਲੋਕਾਂ ਦਾ ਸਹੀ ਮਾਅਨਿਆਂ ਵਿਚ ਰਾਜ ਰਿਹਾ ਹੈ। ਲੋਕਾਂ ਦੀ ਚੁਣੀ ਹੋਈ ਇਹ ਸਰਕਾਰ ਹੈ। ਹਰ ਵਰਗ ਦੀਆਂ ਮੁਸ਼ਕਿਲਾਂ ਵੱਲ ਪੂਰਾ

Original with;
Punjab Vidhan Sabha
Digitized by;
Panjab Digital Library

ਧਿਆਨ ਦਿੱਤਾ ਜਾਂਦਾ ਹੈ। ਜਿੱਥੇ ਮੈਂ ਸੁਨੀਲ ਜੀ ਵਲੋਂ ਜਿਹੜਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ, ਉਸ ਦਾ ਪੂਰਾ ਸਮਰਥਨ ਕਰਦਾ ਹਾਂ, ਉਥੇ ਮੈਂ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਵੀ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇੱਕ ਸਾਲ ਦਾ ਲੇਖਾ ਜੋਖਾ ਜੋ ਕੀਤਾ ਹੈ, ਸਚਮੁੱਚ ਹੀ ਵਧੀਆ ਕੀਤਾ ਹੈ, ਵਧੀਆ ਕੰਮ ਚਲਾਇਆ ਹੈ। ਹਜ਼ਾਰਾਂ ਦੀ ਤਾਦਾਦ ਦੇ ਵਿਚ ਲੋਕ ਕੁਰੱਪਸ਼ਨ ਦੇ ਰੰਗ ਵਿਚ ਰੰਗੇ ਹੋਏ ਸਨ। ਇਨ੍ਹਾਂ ਨੇ ਕੁਰਪਸ਼ਨ ਨੂੰ ਨੱਥ ਪਾਈ ਹੈ। ਚਾਰ ਸਾਲ ਹਾਲੇ ਵੀ ਬਕਾਇਆ ਹਨ। ਪੰਜਾਬ ਦੀ ਡਿਵੈਲਪਮੈਂਟ ਦਾ ਟੀਚਾ ਜੋ ਕਾਂਗਰਸ ਸਰਕਾਰ ਨੇ ਰੱਖਿਆ ਹੈ, ਉਹ ਆਉਣ ਵਾਲੇ ਸਮੇਂ ਵਿਚ ਜ਼ਰੂਰ ਪੂਰਾ ਹੋਵੇਗਾ। ਇਨ੍ਹਾਂ ਵਲੋਂ ਪਿਛਲੇ ਪੰਜ ਸਾਲ ਦੇ ਵਿਚ ਸੜਕਾਂ ਬਣਾਈਆਂ ਗਈਆਂ ਹਨ, ਅੱਜ ਇਹ ਕਹਿੰਦੇ ਹਨ ਕਿ ਖੱਡੇ ਪੈ ਗਏ ਹਨ। ਸਪੀਕਰ ਸਾਹਿਬ, ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਜੋ ਸੜਕਾਂ ਪਿਛਲੀ ਬਾਦਲ ਸਰਕਾਰ ਨੇ ਬਣਾਈਆਂ ਸਨ। ਉਥੇ ਖੱਡੇ ਪੈ ਗਏ ਹਨ ਜਿਨ੍ਹਾਂ ਉਤੇ ਹਜ਼ਾਰਾਂ ਕਰੋੜ ਰੁਪਿਆ ਪਾਣੀ ਦੀ ਤਰ੍ਹਾਂ ਵਹਾਅ ਦਿੱਤਾ ਗਿਆ ਤੇ ਛੇ ਮਹੀਨਿਆਂ ਦੇ ਵਿੱਚ ਹੀ ਇਹ ਸੜਕਾਂ ਟੁੱਟ ਗਈਆਂ ਹਨ। ਇਸ ਦੀ ਸਰਕਾਰ ਨੂੰ ਕਮੇਟੀ ਬਣਾ ਕੇ ਇਨਕੁਆਰੀ ਕਰਵਾਉਣੀ ਚਾਹੀਦੀ ਹੈ ਤਾਂ ਕਿ ਪਤਾ ਲੱਗ ਸਕੇ ਕਿ ਕਿਸ ਨੇ ਕਿੱਥੇ ਦਲਾਲੀ ਖਾਧੀ ਹੈ, ਕਿਸ ਨੇ ਕਿੱਥੇ ਰਿਸ਼ਵਤ ਲਈ ਹੈ ਤੇ ਇਸ ਦਾ ਸਾਰਾ ਹਿਸਾਬ ਕਿਤਾਬ ਲੋਕਾਂ ਦੇ ਸਾਹਮਣੇ ਆਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਜੋ ਪ੍ਰਸਤਾਵ ਸੁਨੀਲ ਜੀ ਨੇ ਪੇਸ਼ ਕੀਤਾ ਹੈ, ਮੈਂ ਉਸ ਦਾ ਸਮਰਥਨ ਕਰਦਾ ਹਾਂ।

**ਸਰਦਾਰ ਨਿਰਮਲ ਸਿੰਘ (ਸ਼ੁਤਰਾਣਾ, ਐਸ.ਸੀ.)** : ਸਪੀਕਰ ਸਾਹਿਬ, ਜੋ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਦਾ ਪ੍ਰਸਤਾਵ ਇੱਥੇ ਰੱਖਿਆ ਗਿਆ ਹੈ, ਮੈਂ ਉਸ ਨਾਲ ਬਿਲਕੁਲ ਸਹਿਮਤ ਨਹੀਂ ਹਾਂ। ਬਹੁਤ ਸਾਰੇ ਸੱਜਣਾਂ ਨੇ ਆਪਣੀਆਂ-ਆਪਣੀਆਂ ਗੱਲਾਂ ਕਹਿ ਕੇ ਦਲੀਲਾਂ ਦਿੱਤੀਆਂ ਹਨ ਅਤੇ ਇੱਕ ਦੂਜੇ ਤੇ ਦੂਸ਼ਣ ਲਗਾਉਣ ਦੀ ਕਸਰ ਨਹੀਂ ਛੱਡੀ। ਜਿਸ ਵੇਲੇ ਪੰਜਾਬ ਵਿਚ ਇਲੈਕਸ਼ਨਾਂ ਹੋਈਆਂ ਸਨ, ਉਸ ਵਕਤ ਪੰਜਾਬ ਦੇ ਲੋਕਾਂ ਨਾਲ ਇਸ ਪਾਰਟੀ ਦੀ ਸਰਕਾਰ ਨੇ ਕਾਫੀ ਫਾਇਦੇ ਕੀਤੇ ਸਨ। ਕੀ ਇਹ ਪੰਜਾਬ ਦੇ ਲੋਕਾਂ ਨਾਲ ਧੋਖਾ ਨਹੀਂ ਕਰ ਰਹੇ? ਕਾਂਗਰਸ ਪਾਰਟੀ ਨੇ ਉਦੋਂ ਪੰਜਾਬ ਦੇ ਲੋਕਾਂ ਨਾਲ ਵਾਇਦਾ ਕੀਤਾ ਸੀ ਕਿ ਅਸੀਂ ਬਿਜਲੀ ਪਾਣੀ ਮੁਫਤ ਦੇਣ ਤੋਂ ਇਲਾਵਾ, ਕਿਸਾਨਾਂ ਨੂੰ ਹੋਰ ਸਹੂਲਤਾਂ ਦੇਵਾਂਗੇ ਲੇਕਿਨ ਇਨ੍ਹਾਂ ਨੇ ਜੋ ਸਹੂਲਤਾਂ ਦਿੱਤੀਆਂ ਸਨ, ਉਹ ਵੀ ਖੋਹ ਲਈਆਂ। ਸੜਕਾਂ ਵਿੱਚ ਸੁਧਾਰ ਕੋਈ ਨਹੀਂ ਹੋਇਆ ਅਤੇ ਹੁਣ ਕਿਸਾਨ ਇਨ੍ਹਾਂ ਦੇ ਸੜਕਾਂ 'ਤੇ ਪੁਤਲੇ ਸਾੜ ਰਹੇ ਹਨ। ਉਹ ਹਰ ਰੋਜ਼ ਇਨ੍ਹਾਂ ਦੀ ਜਾਨ ਨੂੰ ਰੋ ਰਹੇ ਹਨ। ਇਨ੍ਹਾਂ ਨੇ ਪੰਜਾਬ ਦੇ ਲੋਕਾਂ ਨਾਲ ਕਾਫੀ ਵੱਡਾ ਧੱਕਾ ਕੀਤਾ ਹੈ ਅਤੇ ਇਹ ਹੁਣ ਵੀ ਕੀਤਾ ਜਾ ਰਿਹਾ ਹੈ। ਮੈਂ ਪਟਿਆਲੇ ਜ਼ਿਲ੍ਹੇ ਦੀ ਸ਼ੁਤਰਾਣਾ ਰਿਜ਼ਰਵ ਕਾਂਸਟੀਚੂਐਂਸੀ ਨੂੰ ਬਿਲਾਂਗ ਕਰਦਾ ਹਾਂ। ਮੁੱਖ ਮੰਤਰੀ ਸਾਹਿਬ ਸਾਡੇ ਜ਼ਿਲ੍ਹੇ ਦੇ ਹਨ ਅਤੇ ਉਨ੍ਹਾਂ ਦੀ ਧਰਮ ਪਤਨੀ ਪਰਨੀਤ ਕੌਰ, ਇਸ ਪਾਰਲੀਮੈਂਟਰੀ ਕਾਂਸਟੀਚੂਐਂਸੀ ਦੇ ਮੈਂਬਰ ਹਨ। ਮੈਨੂੰ ਦੁੱਖ ਹੈ ਕਿ ਇਨ੍ਹਾਂ ਨੇ ਪਟਿਆਲੇ ਜ਼ਿਲ੍ਹੇ ਵਿੱਚ ਆਪਣੇ ਘਰ ਵਿੱਚ ਕੋਈ ਸੁਧਾਰ ਨਹੀਂ ਕੀਤਾ। ਸ਼ੁਤਰਾਣਾ ਇਲਾਕਾ ਪਰਨੀਤ ਕੌਰ ਦੇ ਹਲਕੇ ਵਿੱਚ ਪੈਂਦਾ ਹੈ ਜਿੱਥੇ ਕੋਈ ਡਿਵੈਲਪਮੈਂਟ ਨਹੀਂ ਹੋ ਰਹੀ। ਪਟਿਆਲੇ ਜ਼ਿਲ੍ਹੇ ਵਿਚ ਇਨ੍ਹਾਂ ਦਾ ਰਾਜ-ਭਾਗ ਸੀ। ** ** **.

**ਸਥਾਨਕ ਸਰਕਾਰ, ਕਿਰਤ ਤੇ ਰੁਜ਼ਗਾਰ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ** : ਜੋ ਇਨ੍ਹਾਂ ਨੇ ਪਰਨੀਤ ਕੌਰ ਬਾਰੇ ਕਿਹਾ ਹੈ, ਉਹ ਗਲਤ ਕਿਹਾ ਹੈ ਕਿਉਂਕਿ ਉਹ ਇਸ ਹਾਊਸ ਦੇ ਮੈਂਬਰ ਨਹੀਂ ਹਨ। ਇਨ੍ਹਾਂ ਨੇ ** ** ਦੀ ਗੱਲ ਕੀਤੀ ਹੈ। ਇਹ ਐਕਸਪੰਜ ਕੀਤਾ ਜਾਣਾ ਚਾਹੀਦਾ ਹੈ ਜੀ।

Original with;
Punjab Vidhan Sabha
Digitized by;

**ਮਾਨਯੋਗ ਸਪੀਕਰ :** **ਜਿਹੜਾ ਫਿਕਰਾ ਕਿਹਾ ਗਿਆ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਨਿਰਮਲ ਸਿੰਘ :** ਜੇ ਕੋਈ ਮੇਰੇ ਵਲੋਂ ਕਿਸੇ ਦੀ ਸ਼ਾਨ ਦੇ ਖਿਲਾਫ਼ ਇਸ ਹਾਊਸ ਵਿਚ ਕੋਈ ਲਫਜ਼ ਕਹੇ ਗਏ ਹਨ, ਮੈਂ ਉਨ੍ਹਾਂ ਲਫਜ਼ਾਂ ਨੂੰ ਵਾਪਸ ਲੈਂਦਾ ਹਾਂ। ਇਨ੍ਹਾਂ ਨੇ ਇਲੈਕਸ਼ਨਾਂ ਦੇ ਦੌਰਾਨ ਮੇਰੇ ਹਲਕੇ ਵਿਚ ਜਿਹੜੇ ਵਾਅਦੇ ਕੀਤੇ, ਉਹ ਪੂਰੇ ਨਹੀਂ ਹੋਏ। ਮੇਰੇ ਹਲਕੇ ਵਿਚੋਂ ਘੱਗਰ ਦਰਿਆ ਲੰਘਦਾ ਹੈ। ਉਦੋਂ ਤਾਂ ਬੜਾ ਕਹਿੰਦੇ ਰਹੇ ਕਿ ਸਾਨੂੰ ਵੋਟਾਂ ਪਾਉ, ਅਸੀਂ ਘੱਗਰ ਚੁੱਕ ਦਿਆਂਗੇ। ਹਰ ਸਾਲ ਘੱਗਰ ਦਰਿਆ ਦੀ ਮਾਰ ਨਾਲ ਕਿਸਾਨਾਂ ਦਾ ਬੁਰਾ ਹਾਲ ਹੁੰਦਾ ਹੈ। ਅੱਜ ਉਥੇ ਮੇਰੇ ਹਲਕੇ ਵਿਚ ਪਾਣੀ ਇੰਨਾ ਡੂੰਘਾ ਚਲਾ ਗਿਆ ਹੈ ਕਿ ਉਥੇ 5 ਹਾਰਸ ਪਾਵਰ ਦੀ ਮੋਟਰ ਪਹਿਲਾਂ ਜਿਥੇ ਲਗਦੀ ਸੀ, ਉਥੇ ਅੱਜ 20 ਹਾਰਸ ਪਾਵਰ ਦੀ ਮੋਟਰ ਲਗ ਰਹੀ ਹੈ। ਸਪੀਕਰ ਸਾਹਿਬ, ਇਸ ਤਰ੍ਹਾਂ ਕਿਸਾਨ ਕਿਸ ਤਰ੍ਹਾਂ ਬਚੇਗਾ? ਜੇ ਕਿਸਾਨ ਨਹੀਂ ਬਚੇਗਾ ਤਾਂ ਮਜ਼ਦੂਰ ਨਹੀਂ ਬਚ ਸਕੇਗਾ। ਅੱਜ ਕਿਸਾਨ ਦੀ ਜੋ ਦੁਰਦਸ਼ਾ ਹੈ, ਹਾਲਤ ਇੰਨੀ ਮਾੜੀ ਹੈ ਕਿ ਮੈਂ ਬਿਆਨ ਨਹੀਂ ਕਰ ਸਕਦਾ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਇਲੈਕਸ਼ਨਾਂ ਵਿਚ ਇਨ੍ਹਾਂ ਵਲੋਂ ਕੀ ਗੁੰਡਾਗਰਦੀ ਕੀਤੀ ਗਈ, ਕਿੰਨਾ ਜਾਤਪਾਤ ਨੂੰ ਬੜ੍ਹਾਵਾ ਦਿੱਤਾ ਗਿਆ। ਸਾਡੇ ਸਮਾਣਾ ਮਿਊਂਸਪੈਲਿਟੀ ਦੀ ਇਲੈਕਸ਼ਨ ਹੋਈ। ਜਾਤਪਾਤ ਮਿਟਾਉਣ ਲਈ ਜਿਥੇ ਦਸਵੇਂ ਪਾਤਸ਼ਾਹ, ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਪਰਿਵਾਰ ਵਾਰ ਦਿੱਤਾ ਤੇ ਉਸ ਜਾਤਪਾਤ ਨੂੰ ਖਤਮ ਕਰਕੇ ਇਕ ਖਾਲਸਾ, ਇਕ ਪੰਥ ਸਾਜਿਆ ਤੇ ਕਿਹਾ ਕਿ ਸਾਰੇ ਮਨੁੱਖ ਇਕ ਹਨ, ਉਸ ਜਾਤਪਾਤ ਨੂੰ ਇਨ੍ਹਾਂ ਵਲੋਂ ਬੜ੍ਹਾਵਾ ਦਿੱਤਾ ਜਾ ਰਿਹਾ ਹੈ। ਸਾਡੇ ਉਥੇ ਸਮਾਣੇ ਅੰਦਰ 17 ਨੰਬਰ ਵਾਰਡ ਹੈ। ਉਥੇ ਢੇਹਾਂ ਬਰਾਦਰੀ ਦਾ ਗਰੀਬ ਆਦਮੀ ਇਨ੍ਹਾਂ ਦੀ ਆਪਣੀ ਹੀ ਪਾਰਟੀ ਦਾ ਨੁਮਾਇੰਦਾ ਸੀ। ਉਹ ਹੁਣ ਜਰਨਲ ਹਲਕਾ ਡਿਕਲੇਅਰ ਹੋ ਚੁਕਾ ਸੀ। ਇਨ੍ਹਾਂ ਨੇ ਉਸਨੂੰ ਕਿਹਾ ਕਿ ਦੇਖ, ਚੋਣਾਂ ਤਾਂ ਧਨਾਢ ਆਦਮੀ ਹੀ ਲੜ ਸਕਦੇ ਹਨ। ਇਸ ਲਈ ਢਿਹਿਆ, ਤੈਨੂੰ ਟਿਕਟ ਨਹੀਂ ਦੇਣੀ। ਹਜ਼ਾਰ ਦੇ ਕਰੀਬ ਵੋਟਾਂ ਉਸ ਦੀਆਂ ਸਨ। ਉਹ ਆਪ ਖੜ੍ਹ ਗਿਆ ਪਰ ਇਸ ਸਰਕਾਰ ਦੀ ਪੁਲਿਸ ਨੇ ਡਾਂਗਾਂ ਮਾਰ-ਮਾਰ ਕੇ ਕੁੱਟਿਆ ਤੇ ਕਿਹਾ ਕਿ ਢਿਹਿਉ, ਤੁਸੀਂ ਇਥੋਂ ਨਿਕਲ ਜਾਓ, ਤੁਹਾਡਾ ਇਸ ਵਾਰਡ ਤੇ ਕੋਈ ਹੱਕ ਨਹੀਂ। ਕੀ ਇਹ ਸਰਕਾਰ ਜਾਤਪਾਤ ਨੂੰ ਬੜ੍ਹਾਵਾ ਨਹੀਂ ਦੇ ਰਹੀ।

ਇਸ ਕਰਕੇ, ਸਪੀਕਰ ਸਾਹਿਬ, ਮੈਂ ਇਸ ਮਤੇ ਨੂੰ ਮੂਲੋਂ ਕੰਡੈਮ ਕਰਦਾ ਹਾਂ। ਇਹ ਸਰਕਾਰ ਨਿਕੰਮੀ ਹੈ। ਇਸ ਨੇ ਹੁਣ ਤੱਕ ਕੋਈ ਵੀ ਵਿਕਾਸ ਦਾ ਕੰਮ ਨਹੀਂ ਕੀਤਾ, ਭਲੇ ਦਾ ਕੰਮ ਨਹੀਂ ਕੀਤਾ। ਪੰਜਾਬ ਦਾ ਹਰ ਬੰਦਾ ਅੱਜ ਇਸ ਸਰਕਾਰ ਤੋਂ ਦੁਖੀ ਹੈ। ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਸੀ, ਉਦੋਂ ਬਾਦਲ ਸਾਹਿਬ ਨੇ ਪੰਜਾਬ ਦੇ ਕਿਸਾਨਾਂ ਨੂੰ ਬਿਜਲੀ ਪਾਣੀ ਮੁਫਤ ਦਿੱਤਾ ਸੀ। ਉਦੋਂ ਵੀ ਇਨ੍ਹਾਂ ਨੇ ਪੰਜਾਬੀਆਂ ਅੰਦਰ ਫੁੱਟ ਪਾਉਣ ਦਾ ਯਤਨ ਕੀਤਾ ਕਿ ਬਾਦਲ ਸਾਹਿਬ ਨੇ ਦਲਿਤਾਂ ਨੂੰ ਕੀ ਦਿੱਤਾ ਹੈ। ਜੇ ਇਹ ਦਲਿਤਾਂ ਦੇ ਇੰਨੇ ਹਿਤੈਸ਼ੀ ਹਨ, ਤਾਂ ਜਿਹੜਾ ਇਲੈਕਸ਼ਨ ਵੇਲੇ 11,000 ਰੁਪਿਆ ਸ਼ਗਨ ਸਕੀਮ ਦਾ ਡਿਕਲੇਅਰ ਕੀਤਾ ਸੀ, ਉਹੀ ਹੁਣ ਦੇ ਦੇਣ। ਬਾਦਲ ਸਾਹਿਬ ਨੇ ਸਾਡੀ 50 ਯੂਨਿਟ ਬਿਜਲੀ ਜਿਹੜੀ ਮੁਆਫ ਕੀਤੀ ਹੋਈ ਸੀ, ਉਸਨੂੰ ਵਧਾ ਕੇ ਇਹ 200 ਯੂਨਿਟ ਹੀ ਕਰ ਦੇਣ। ਅਸੀਂ ਇਨ੍ਹਾਂ ਦਾ ਬਹੁਤ ਧੰਨਵਾਦ ਕਰਾਂਗੇ, ਅਸੀਂ ਇਨ੍ਹਾਂ ਦਾ ਸਾਥ ਦਿਆਂਗੇ। ਸਪੀਕਰ ਸਾਹਿਬ, ਇਸ ਸਰਕਾਰ ਨੇ ਲੋਕਾਂ ਦੇ ਨੱਕ ਵਿਚ ਦਮ ਲਿਆ ਛੱਡਿਆ ਹੈ। ਮੈਂ ਇਸ ਮਤੇ ਨੂੰ ਮੂਲੋਂ ਰੱਦ ਕਰਦਾ ਹਾਂ। ਮੈਂ ਇਸ ਨਾਲ ਬਿਲਕੁਲ ਵੀ ਸਹਿਮਤ ਨਹੀਂ। ਧੰਨਵਾਦ।

---

**Expunged as ordered by the Chair.

riginal with;
unjab Vidhan Sabha
igitized by;
anjab Digital Library

**ਸਰਦਾਰ ਰਣਦੀਪ ਸਿੰਘ (ਨਾਭਾ)** : ਸਪੀਕਰ ਸਾਹਿਬ, ਮੈਂ ਤੁਹਾਡਾ ਸੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਦੇ ਪ੍ਰਸਤਾਵ ਤੇ ਜੋ ਸਾਡੇ ਅਜ਼ੀਜ਼, ਸ਼੍ਰੀ ਸੁਨੀਲ ਜਾਖੜ ਜੀ ਨੇ ਪੇਸ਼ ਕੀਤਾ ਹੈ, ਆਪਣੀ ਪਾਰਟੀ ਵਲੋਂ ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ।

**ਮਾਨਯੋਗ ਸਪੀਕਰ** : ਤੁਸੀਂ 15 ਮਿੰਟ ਵਿਚ ਆਪਣੀ ਸਪੀਚ ਖਤਮ ਕਰ ਲੈਣਾ।

**ਸਰਦਾਰ ਰਣਦੀਪ ਸਿੰਘ** : ਸਰ, ਮੈਨੂੰ 10-15 ਮਿੰਟ ਹੀ ਲੱਗਣਗੇ। ਸਪੀਕਰ ਸਾਹਿਬ, ਅੱਜ ਮੈਨੂੰ ਇੱਥੇ ਸੁਣ ਕੇ ਅਫਸੋਸ ਹੋਇਆ ਹੈ ਕਿ ਸਾਡੇ ਆਪੋਜ਼ੀਸ਼ਨ ਬੈਂਚਿਜ਼ ਤੇ ਜੋ ਸਾਰੇ ਮੇਰੇ ਵੀਰ ਇੰਨੇ ਜ਼ਿੰਮੇਵਾਰ ਸਥਾਨ ਤੇ ਬੈਠੇ ਹਨ ਤੇ ਇਨ੍ਹਾਂ ਦੇ ਹਲਕਿਆਂ ਦੇ ਲੋਕਾਂ ਨੇ ਇਨ੍ਹਾਂ ਨੂੰ ਵੋਟਾਂ ਦੇ ਕੇ ਆਪਣੇ ਹਲਕਿਆਂ ਦੀ ਨੁਮਾਇੰਦਗੀ ਦਿੱਤੀ ਹੈ ਤੇ ਇੱਥੇ ਸਾਰਿਆਂ ਨੂੰ ਆਪਣੇ ਹਲਕਿਆਂ ਦੀਆਂ ਦੁਖ ਤਕਲੀਫਾਂ ਹਲ ਕਰਨ ਲਈ ਭੇਜਿਆ ਹੈ, ਮੈਂ ਸਮਝਦਾ ਹਾਂ ਕਿ ਜੋ ਪਾਲਿਸੀਆਂ ਪਿਛਲੇ 6-7 ਸਾਲ ਦੇ ਦਰਮਿਆਨ ਇਹ ਨਹੀਂ ਬਣਾ ਸਕੇ। ਅੱਜ ਸਾਡੀ ਵਜ਼ਾਰਤ ਨੇ, ਸਾਡੇ ਮੁੱਖ ਮੰਤਰੀ, ਸਰਦਾਰ ਅਮਰਿੰਦਰ ਸਿੰਘ ਨੇ ਜੋ ਪਾਲਿਸੀਆਂ ਪੇਸ਼ ਕੀਤੀਆਂ ਹਨ, ਉਨ੍ਹਾਂ ਨੂੰ ਸੁਣ ਕੇ ਇਨ੍ਹਾਂ ਨੂੰ ਦੁੱਖ ਹੋਇਆ ਹੈ। ਇਥੇ ਖੇਤੀਬਾੜੀ ਦਾ ਖਾਸ ਤੌਰ ਤੇ ਜ਼ਿਕਰ ਕੀਤਾ ਗਿਆ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਕ ਸਮਾਂ ਸੀ ਜਦੋਂ ਸਾਡੀ ਇਕਾਨਮੀ ਖੇਤੀਬਾੜੀ ਤੇ ਜ਼ਿਆਦਾ ਡਿਪੈਂਡੈਂਟ ਹੁੰਦੀ ਸੀ। ਸਾਡੇ ਹਿੰਦੁਸਤਾਨ ਨੂੰ ਜਿਹੜਾ ਅੰਨ ਜਾਂਦਾ ਸੀ, ਉਸ ਦਾ 70-80 ਫੀਸਦੀ ਹਿੱਸਾ ਸਾਡੇ ਪੰਜਾਬ ਵਿਚੋਂ ਜਾਂਦਾ ਸੀ। ਇਥੇ ਜ਼ਿਕਰ ਕੀਤਾ ਗਿਆ ਕਿ ਅੱਜ ਸਾਡਾ ਜ਼ਿਮੀਂਦਾਰ ਬੜਾ ਦੁਖੀ ਹੈ ਕਿਉਂਕਿ ਇਥੇ ਬਿਜਲੀ ਦੇ ਬਿਲ ਲਾਗੂ ਕਰ ਦਿੱਤੇ ਗਏ ਹਨ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਫਰੀ ਬਿਜਲੀ ਦਾ ਕਿਸੇ ਨੂੰ ਕੀ ਫਾਇਦਾ ਹੈ ਜਿਹੜੀ ਉਸ ਨੂੰ ਮਿਲਣੀ ਹੀ ਨਹੀਂ ਹੈ। ਜੇ ਬਿਜਲੀ ਬਿਲ ਨਹੀਂ ਵਸੂਲੇ ਜਾਣਗੇ ਤਾਂ ਬਿਜਲੀ ਪੈਦਾ ਕਰਨ ਵਾਸਤੇ ਕੋਇਲਾ ਕਿਥੋਂ ਆਵੇਗਾ ? ਜੇ ਅਸੀਂ ਕੋਇਲਾ ਹੀ ਨਹੀਂ ਖਰੀਦ ਸਕਦੇ ਤਾਂ ਬਿਜਲੀ ਕਿਥੋਂ ਪੈਦਾ ਕਰਾਂਗੇ ? ਇਸ ਕਰਕੇ ਮੈਂ ਸਮਝਦਾ ਹਾਂ ਕਿ ਇਹ ਫੈਸਲਾ ਬਹੁਤ ਬੋਲਡ ਹੈ ਜੋ ਸਾਡੇ ਮੁੱਖ ਮੰਤਰੀ ਜੀ ਨੇ ਕੀਤਾ ਹੈ। ਜਿਹੜੀ ਬਿਜਲੀ ਇਨ੍ਹਾਂ ਦੇ ਰਾਜ ਵਿਚ ਸਾਡੇ ਜ਼ਿਮੀਂਦਾਰ ਭਰਾਵਾਂ ਨੂੰ ਅੱਧਾ ਘੰਟਾ ਜਾਂ ਇਕ ਘੰਟਾ ਮਿਲਦੀ ਸੀ, ਅੱਜ ਉਹ ਬਿਜਲੀ ਉਨ੍ਹਾਂ ਨੂੰ 10-10 ਘੰਟੇ ਮਿਲਦੀ ਹੈ। (ਵਿਘਨ) ਵੈਸੇ ਤਾਂ ਸਾਰੇ ਮੈਂਬਰ ਸੂਝਵਾਨ ਹਨ ਅਤੇ ਮੈਂ ਉਮਰ ਦੇ ਹਿਸਾਬ ਨਾਲ ਇਨ੍ਹਾਂ ਤੋਂ ਕਾਫੀ ਛੋਟਾ ਹਾਂ ਲੇਕਿਨ ਇਕ ਗੱਲ ਮੈਂ ਇਨ੍ਹਾਂ ਨੂੰ ਯਾਦ ਕਰਾਉਣੀ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਰਾਜ ਵਿਚ ਪਿਛਲੇ 5 ਸਾਲਾਂ ਵਿਚ ਲੋਕਾਂ ਨੇ ਜਿੰਨੀਆਂ ਆਤਮ-ਹੱਤਿਆਵਾਂ ਕੀਤੀਆਂ ਹਨ, ਉਨੀਆਂ ਪਹਿਲਾਂ ਕਦੇ ਨਹੀਂ ਸੀ ਹੋਈਆਂ। ਅਸੀਂ ਤਾਂ ਕੋਸ਼ਿਸ਼ ਕਰ ਰਹੇ ਹਾਂ ਕਿ ਹਰੇਕ ਵਰਗ ਦੇ ਲੋਕਾਂ ਨੂੰ ਆਪਣੇ ਨਾਲ ਲੈ ਕੇ ਚੱਲਿਆ ਜਾਵੇ ਤਾਂ ਜੋ ਅਸੀਂ ਆਪਣੀ ਸਟੇਟ ਨੂੰ ਉਚੇ ਪੱਧਰ ਤੇ ਲਿਜਾ ਸਕੀਏ। ਇਸ ਮਾਮਲੇ ਵਿਚ ਲੋਕ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਉਦਾਹਰਣ ਅੱਜ ਵੀ ਦਿੰਦੇ ਹਨ। ਜਿਸ ਮੁਕਾਮ ਤੇ ਤੁਸੀਂ ਅੱਜ ਬੈਠੇ ਹੋ, ਉਸ ਮੁਕਾਮ ਤੇ ਉਨ੍ਹਾਂ ਨੇ ਹੀ ਤੁਹਾਨੂੰ ਭੇਜਿਆ ਹੈ। ਮੈਂ ਬੇਨਤੀ ਕਰਾਂਗਾ ਕਿ ਆਪਣੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਆਪਾਂ ਸਾਰੇ ਰਲ ਮਿਲ ਕੇ ਸਰਕਾਰ ਚਲਾਈਏ ਅਤੇ ਸਾਂਝੇ ਤੌਰ ਤੇ ਰਲ ਮਿਲ ਕੇ ਪੰਜਾਬ ਦੇ ਮਸਲਿਆਂ ਦਾ ਹਲ ਕੱਢੀਏ, ਬਜਾਏ ਇਸ ਗੱਲ ਦੇ ਕਿ ਕੇਵਲ ਆਪੋਜ਼ੀਸ਼ਨ ਦਾ ਹੀ ਰੋਲ ਅਦਾ ਕਰਨਾ ਹੈ ਜਾਂ ਕੇਵਲ ਕ੍ਰਿਟੀਸਿਜ਼ਮ ਹੀ ਕਰਨੀ ਹੈ। ਇਸ ਤਰ੍ਹਾਂ ਦੀ ਸਾਡੀ ਰਾਜਨੀਤੀ ਨਹੀਂ ਹੋਣੀ ਚਾਹੀਦੀ ਬਲਕਿ ਸਾਡੀ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਅਸੀਂ ** ** ਵਿਚੋਂ ਨਿਕਲੀਏ ਅਤੇ ਪੰਜਾਬ ਨੂੰ ਤਰੱਕੀ ਤੇ ਲਿਜਾਈਏ।

Original with;
Punjab Vidhan Sabha
Digitized by;
Panjab Digital Library

[ਸਰਦਾਰ ਰਣਦੀਪ ਸਿੰਘ]

ਇਥੇ ਐਜੂਕੇਸ਼ਨ ਪਾਲਿਸੀ ਦਾ ਜ਼ਿਕਰ ਕੀਤਾ ਗਿਆ ਕਿ ਐਜੂਕੇਸ਼ਨ ਪਾਲਿਸੀ ਵਧੀਆ ਨਹੀਂ ਬਣਾਈ ਗਈ। ਮੈਂ ਯਾਦ ਕਰਾਉਣਾ ਚਾਹੁੰਦਾ ਹਾਂ ਮੈਂਬਰ ਸਾਹਿਬਾਨ ਨੂੰ ਕਿ ਵਾਰ-ਵਾਰ..........

**ਮਾਨਯੋਗ ਸਪੀਕਰ** : ਇਥੇ ਤਾਂ ਸਾਰੇ ਰਾਜਨੀਤੀ ਵਾਲੇ ਹੀ ਬੈਠੇ ਹਨ। ਇਸ ਕਰਕੇ ਜੋ ** ** ਵਾਲਾ ਲਫਜ਼ ਕਿਹਾ ਗਿਆ ਹੈ, ਇਸ ਨੂੰ ਕੱਟ ਦਿੱਤਾ ਜਾਵੇ।

**ਸਰਦਾਰ ਰਣਦੀਪ ਸਿੰਘ** : ਇਥੇ ਐਜੂਕੇਸ਼ਨ ਪਾਲਿਸੀ ਦਾ ਜ਼ਿਕਰ ਕੀਤਾ ਗਿਆ। ਮੈਨੂੰ ਇਹ ਸੁਣ ਕੇ ਅਫਸੋਸ ਹੋਇਆ ਹੈ। ਬਾਦਲ ਸਾਹਿਬ ਵੱਲੋਂ ਵਾਰ ਵਾਰ ਕਿਹਾ ਜਾਂਦਾ ਸੀ ਕਿ ਅਸੀਂ ਪੰਜਾਬ ਨੂੰ ਕੈਲੀਫੋਰਨੀਆ ਬਣਾ ਦੇਣਾ ਹੈ ਲੇਕਿਨ ਇਹ ਕਿਸ ਤਰ੍ਹਾਂ ਦਾ ਕੈਲੀਫੋਰਨੀਆ ਬਣਾਉਣ ਜਾ ਰਹੇ ਹੋ। ਤੁਸੀਂ ਤਾਂ ਇਸ ਪਵਿੱਤਰ ਸਦਨ ਵਿਚੋਂ ਵਾਕ-ਆਊਟ ਕਰ ਜਾਂਦੇ ਹੋ ਕਿ ਇਥੇ ਅੰਗਰੇਜ਼ੀ ਕਿਉਂ ਬੋਲੀ ਜਾਂਦੀ ਹੈ। ਦੂਜੇ ਪਾਸੇ ਤੁਸੀਂ ਇਹ ਕਹਿੰਦੇ ਹੋ ਕਿ ਅੰਗਰੇਜ਼ੀ ਪਹਿਲੀ ਜਮਾਤ ਤੋਂ ਲਾਗੂ ਹੋਣੀ ਚਾਹੀਦੀ ਹੈ। ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਜ਼ਿੰਮੇਵਾਰੀ ਸੰਭਾਲੀਏ।

ਜੋ ਸਮੱਸਿਆਵਾਂ ਸਾਡੇ ਸੂਬੇ ਵਿੱਚ ਹਨ ਚਾਹੇ ਉਹ ਫਾਇਨੈਂਸ਼ੀਅਲ ਮੁਸ਼ਕਲ ਹੈ, ਚਾਹੇ ਸਾਡੀ ਐਜੂਕੇਸ਼ਨਲ ਪਾਲਿਸੀ ਨਾਲ ਸਬੰਧਤ ਮੁਸ਼ਕਲ ਹੈ, ਚਾਹੇ ਉਹ ਐਗਰੀਕਲਚਰਲ ਪਾਲਿਸੀ ਮੁਤਲਿਕ ਹੈ ਅਤੇ ਚਾਹੇ ਇੰਡਸਟਰੀਅਲ ਪਾਲਿਸੀ ਮੁਤਲਿਕ ਹੈ, ਆਪਾਂ ਇਕੱਠੇ ਹੋ ਕੇ ਆਪਣੇ ਜ਼ਿੰਮੇਵਾਰ ਸਥਾਨਾਂ ਤੇ, ਜਿਨ੍ਹਾਂ ਤੇ ਅਸੀਂ ਪਹੁੰਚੇ ਹਾਂ, ਆਪਣੀ ਜ਼ਿੰਮੇਵਾਰੀ ਸਮਝ ਕੇ, ਮੁੱਖ ਮੰਤਰੀ ਸਾਹਿਬ ਨਾਲ ਰਲ ਮਿਲ ਕੇ, ਆਪੋਜ਼ੀਸ਼ਨ ਦਾ ਰੋਲ ਜੇਕਰ ਤੁਸੀਂ ਅਦਾ ਕਰਨਾ ਹੈ ਤਾਂ ਭਾਵੇਂ ਕਰੋ, ਲੇਕਿਨ ਸਾਂਝੇ ਤੌਰ ਤੇ ਜਿਹੜੀਆਂ ਥੋੜ੍ਹੀਆਂ ਬਹੁਤ ਦੁੱਖ ਤਕਲੀਫਾਂ ਹਨ ਉਨ੍ਹਾਂ ਦਾ ਇਕੱਠੇ ਹੋ ਕੇ ਹੱਲ ਕਰੀਏ। ਆਪੋਜ਼ੀਸ਼ਨ ਦਾ ਰੋਲ ਅਦਾ ਕਰਦੇ ਹੋਏ ਕੇਵਲ ਕ੍ਰਿਟੀਸੀਜ਼ਮ ਹੀ ਕਰਨਾ ਠੀਕ ਨਹੀਂ ਹੈ। ਇਸੇ ਤਰ੍ਹਾਂ ਹੀ ਇਥੇ ਜ਼ਿਕਰ ਕੀਤਾ ਜਾ ਰਿਹਾ ਸੀ, ਮੇਰੇ ਵੀਰ ਨੇ ਕਿਹਾ ਕਿ ਸਾਡੀ ਕੋਈ ਸਾਂਝ ਬਾਂਝ ਨਹੀਂ ਹੈ। ਕਾਂਗਰਸ ਪਾਰਟੀ ਦੀ ਜਿਹੜੀ ਰਾਜਨੀਤੀ ਹੈ ਉਹ ਦਿੱਲੀ ਤੋਂ ਚਲਦੀ ਹੈ। ਠੀਕ ਹੈ, ਇਹ ਜ਼ਰੂਰ ਦਿੱਲੀ ਤੋਂ ਚਲਦੀ ਹੈ ਲੇਕਿਨ ਜਿਹੜੇ ਜ਼ਿੰਮੇਵਾਰ ਸਥਾਨ ਹਨ, ਸਾਨੂੰ ਆਪਾਂ ਸਾਰਿਆਂ ਨੂੰ ਪੰਜਾਬ ਦੇ ਲੋਕਾਂ ਨੇ ਇਥੇ ਚੁਣ ਕੇ ਭੇਜਿਆ ਹੈ। ਇਕ ਪਾਸੇ ਤੁਸੀਂ ਵਾਜਪਾਈ ਸਾਹਿਬ ਨੂੰ ਰਸੀਵ ਕਰਨ ਜਾਂਦੇ ਹੋ, ਦੂਜੇ ਪਾਸੇ ਇਤਰਾਜ਼ ਕਰਦੇ ਹਾਂ ਕਿ ਪੰਜਾਬ ਦਾ ਪਾਣੀ ਹਰਿਆਣੇ ਨੂੰ ਨਹੀਂ ਜਾਣ ਦੇਣਾ ਅਤੇ ਤੁਸੀਂ ਸਾਡੇ ਨਾਲ ਕਾਂਗਰਸ ਪਾਰਟੀ ਨਾਲ ਸਹਿਮਤ ਹੁੰਦੇ ਹੋ। ਸਾਡੇ ਮੁੱਖ ਮੰਤਰੀ ਸਾਹਿਬ ਨੇ ਕੋਰਟ ਦੇ ਵਿੱਚ ਦਾਅਵਾ ਕੀਤਾ ਹੈ ਔਰ ਅਸੀਂ ਇਹ ਕੇਸ ਜ਼ਰੂਰ ਜਿੱਤਾਂਗੇ। ਅਸੀਂ ਹਰਿਆਣੇ ਨੂੰ ਪਾਣੀ ਬਿਲਕੁਲ ਨਹੀਂ ਦੇਣਾ ਕਿਉਂਕਿ ਪੰਜਾਬ ਵਿੱਚ ਕੋਈ ਸਰਪੱਲਸ ਪਾਣੀ ਨਹੀਂ ਹੈ। ਇਸ ਲਈ ਆਪਣਾ ਫਰਜ਼ ਬਣਦਾ ਹੈ ਕਿ ਜਿਹੜੇ ਪੰਜਾਬ ਦੇ ਦੁਖ ਤਕਲੀਫ਼ ਹਨ, ਚਾਹੇ ਕੋਈ ਗਲਤ ਪਾਲਿਸੀ ਬਣਨ ਕਾਰਨ ਤੁਹਾਡੀ ਸਰਕਾਰ ਤੋਂ ਗਲਤੀ ਹੋ ਗਈ, ਜਿਸ ਕਾਰਨ ਹੁਣ ਸਾਨੂੰ ਵੀ ਨੁਕਸਾਨ ਹੋਇਆ ਸੀ ਜਿਸ ਕਾਰਨ 53,000 ਕਰੋੜ ਰੁਪਏ ਦਾ ਕਰਜ਼ਾ ਚੜ੍ਹਿਆ ਹੋਇਆ ਹੈ, ਇਸ ਦਾ ਹੱਲ ਸਾਂਝੇ ਤੌਰ ਤੇ ਆਲ ਪਾਰਟੀ ਮੀਟਿੰਗ ਬੁਲਾ ਕੇ ਇਨ੍ਹਾਂ ਮੁਸ਼ਕਲਾਂ, ਦੁੱਖ ਤਕਲੀਫਾਂ ਦਾ ਹੱਲ ਕੱਢੀਏ। ਇਸ ਦੀ ਬਦੌਲਤ ਅੱਜ ਆਪਾਂ ਸਾਰੇ ਇਸ ਸਥਾਨ ਤੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਪਹੁੰਚ ਗਏ ਹਾਂ, ਅੱਜ ਸਾਡੀ ਇਹ ਜ਼ਿੰਮੇਵਾਰੀ ਬਣਦੀ ਹੈ। ਮੈਂ ਸ਼ੁਕਰਗੁਜ਼ਾਰ ਹਾਂ ਕਿ ਸਾਡੇ ਮੁੱਖ ਮੰਤਰੀ ਜੀ, ਕੈਪਟਨ ਅਮਰਿੰਦਰ ਸਿੰਘ ਜੀ ਨੇ ਜਿਹੜੀ ਇਕ ਬਹੁਤ ਸਖਤ ਲੋੜ ਸੀ ਕਿ ਕੁਰੱਪਸ਼ਨ ਦਾ ਉਜਾੜਾ ਕੀਤਾ ਜਾਵੇ, ਮੈਂ ਸਮਝਦਾ ਹਾਂ ਕਿ ਕੁਰੱਪਸ਼ਨ ਇਕ ਅਜਿਹੀ ਚੀਜ਼ ਹੈ, ਇਕ ਐਸੀ ਡੀਸੀਜ਼ ਹੈ ਜਿਹੜੀ ਸਾਨੂੰ ਸਮਾਜਿਕ ਤੌਰ ਤੇ, ਸਾਡੇ ਬੱਚਿਆਂ ਦੇ ਭਵਿੱਖ ਨੂੰ, ਸਾਡੇ ਸੂਬੇ ਨੂੰ, ਸਾਡੀ ਸਟੇਟ ਨੂੰ ਅਤੇ ਸਾਡੀਆਂ ਇਕਨਾਮਿਕ ਪਾਲਿਸੀਆਂ ਲਈ ਨੁਕਸਾਨਦਾਇਕ ਹੈ। ਜੇ ਇਸ ਕੁਰੱਪਸ਼ਨ ਦਾ ਆਪਣੇ ਸੂਬੇ ਵਿੱਚੋਂ ਅਸੀਂ ਉਜਾੜਾ ਨਹੀਂ ਕਰਦੇ ਤਾਂ ਇਹ ਸਾਡੇ ਸਮਾਜ ਨੂੰ ਉਜਾੜ ਕੇ ਰੱਖ ਦੇਵੇਗੀ ਅਤੇ ਸੂਬੇ ਦੀ ਤਰੱਕੀ ਨੂੰ ਰੋਕ ਦੇਵੇਗੀ। ਮੈਂ ਇਨ੍ਹਾਂ ਨੂੰ (ਕੈਪਟਨ ਅਮਰਿੰਦਰ ਸਿੰਘ ਜੀ ਵੱਲ ਇਸ਼ਾਰਾ) ਮੁਬਾਰਿਕਬਾਦ ਦਿੰਦਾ ਹਾਂ ਕਿ ਇੰਨ੍ਹਾ ਨੇ ਇਸ ਕੁਰੱਪਸ਼ਨ ਨੂੰ ਨੱਥ ਪਾਈ ਹੈ। ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੇ ਸਾਡੇ ਸੂਬੇ ਨੂੰ ਕੁਰੱਪਸ਼ਨ ਕਰਕੇ ਨੁਕਸਾਨ ਪਹੁੰਚਾਣ ਦੀ ਕੋਸ਼ਿਸ਼ ਕੀਤੀ ਹੈ, ਸਾਡੇ ਸਮਾਜ ਨੂੰ ਨੁਕਸਾਨ ਪਹੁੰਚਾਇਆ ਹੈ ਅਤੇ ਸਾਨੂੰ ਸਮਾਜਿਕ ਤੌਰ ਤੇ ਵੀ ਬਹੁਤ ਪਿੱਛੇ ਪਾਇਆ ਹੈ, ਇਨ੍ਹਾਂ ਨੂੰ ਨੱਥ ਪਾਈ ਹੈ। ਇੰਨ੍ਹਾ ਕਹਿੰਦਾ ਹੋਇਆ, ਮੈਂ ਜਿਹੜਾ ਰਾਜਪਾਲ ਜੀ ਨੇ ਇਸ ਹਾਊਸ ਵਿੱਚ ਭਾਸ਼ਣ ਦਿੱਤਾ ਹੈ ਅਤੇ ਜਿਸ ਤੇ ਮੇਰੇ ਛੋਟੇ ਵੀਰ ਸ਼੍ਰੀ ਸੁਨੀਲ ਕੁਮਾਰ ਜਾਖੜ ਜੀ ਨੇ ਧੰਨਵਾਦ ਦਾ ਮਤਾ ਆਪਣੇ ਵੱਲੋਂ ਅਤੇ ਕਾਂਗਰਸ ਪਾਰਟੀ ਵੱਲੋਂ ਪੇਸ਼ ਕੀਤਾ ਹੈ, ਮੈਂ ਇਸ ਨਾਲ ਸਹਿਮਤ ਹਾਂ। ਇਸ ਵਾਸਤੇ ਮੈਂ ਇਨ੍ਹਾਂ ਦਾ ਕਾਂਗਰਸ ਪਾਰਟੀ ਵੱਲੋਂ ਧੰਨਵਾਦ ਕਰਦਾ ਹਾਂ ਅਤੇ ਆਪਣਾ ਸਥਾਨ ਗ੍ਰਹਿਣ ਕਰਦਾ ਹਾਂ।

**ਸਰਦਾਰ ਹਰਬੰਤ ਸਿੰਘ ਦਾਤੇਵਾਸ (ਬੁਢਲਾਡਾ) :** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਆਪਣੇ ਵੱਲੋਂ ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਜੀ ਨੇ ਜੋ ਲਫਜ਼ ਕਹੇ ਹਨ ਕਿ ਅਸੀਂ ਗਵਰਨਰ ਸਾਹਿਬ ਦੇ ਐਡਰੈਸ ਵਿੱਚ ਵਿਰੋਧੀ ਹੋ ਕੇ ਸ਼ਾਮਲ ਨਹੀਂ ਹੋ ਸਕੇ। ਮੈਂ ਇਨ੍ਹਾਂ ਦੇ ਮਤੇ ਦੀ ਤਾਈਦ ਕਰਦਾ ਹਾਂ। ਨਾਲ ਹੀ ਜੋ ਅੱਜ ਮੇਰੇ ਸਤਿਕਾਰਯੋਗ ਸਾਥੀਆਂ ਨੇ ਵਿਧਾਨ ਸਭਾ ਵਿੱਚ ਬੈਠ ਕੇ, ਖਾਸ ਕਰਕੇ ਸਰਕਾਰ ਦੇ ਬੈਂਚਾਂ ਤੋਂ ਜੋ ਗੱਲਾਂ ਇਨ੍ਹਾਂ ਮੈਂਬਰਾਂ ਵੱਲੋਂ ਬੇਸ਼ੱਕ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਗੱਲ ਕੀਤੀ ਹੈ, ਬੇਸ਼ੱਕ ਉਹ ਮਾਯੂਬ ਹੋ ਕੇ ਸਰਕਾਰ ਦੇ ਬੈਂਚਾਂ ਤੇ ਬੈਠ ਕੇ, ਜਿੱਥੇ ਉਨ੍ਹਾਂ ਨੂੰ ਲੋਕਾਂ ਦੀ ਤਰਜ਼ਮਾਨੀ ਕਰਨੀ ਚਾਹੀਦੀ ਸੀ ਉਹ ਆਪਣੀ ਸਰਕਾਰ ਦੇ ਪੱਖ ਤੋਂ ਦੇਖਦੇ ਹਨ ਅਤੇ ਲੋਕਾਂ ਦੀ ਸਹੀ ਤਰਜਮਾਨੀ ਨਹੀਂ ਕਰ ਰਹੇ। ਜਿਥੇ ਪ੍ਰਮਾਤਮਾ ਨੇ, ਕੁਦਰਤ ਨੇ ਪੰਜਾਬ ਨੂੰ ਪਾਣੀ ਦਿੱਤਾ, ਇਨ੍ਹਾਂ ਪਾਣੀਆਂ ਦੇ ਮੁੱਦੇ ਤੇ, ਸਰਕਾਰ ਦੇ ਸਾਥੀ ਸ਼੍ਰੀ ਸੁਨੀਲ ਜਾਖੜ ਜੀ ਨੇ ਸਭ ਤੋਂ ਪਹਿਲਾਂ ਪਾਣੀਆਂ ਦੇ ਮੁੱਦੇ ਉਤੇ ਗੱਲ ਕੀਤੀ। ਮੈਂ ਉਨ੍ਹਾਂ ਦਾ ਸਤਿਕਾਰ ਵੀ ਕਰਦਾ ਹਾਂ। ਸਰਕਾਰੀ ਬੈਂਚਾਂ ਉਤੇ ਬੈਠੇ ਹੋਏ ਮੇਰੇ ਵੀਰ ਸਹੀ ਗੱਲ ਕਰਨਾ ਚਾਹੁੰਦੇ ਹਨ ਪ੍ਰੰਤੂ ਝਿਜਕ ਮੰਨਦੇ ਹਨ। 1947 ਤੋਂ ਲੈ ਕੇ ਜਦੋਂ ਤੋਂ ਦੇਸ਼ ਅਜ਼ਾਦ ਹੋਇਆ ਹੈ, ਉਦੋਂ ਤੋਂ ਲੈ ਕੇ ਹੁਣ ਤੱਕ ਜ਼ਿਆਦਾ ਕਰਕੇ ਲੰਮਾ ਸਮਾਂ ਪੰਜਾਬ ਵਿਚ ਕਾਂਗਰਸ ਦਾ ਰਾਜ ਰਿਹਾ ਹੈ। ਜਦੋਂ-ਜਦੋਂ ਇਨ੍ਹਾਂ ਦਾ ਰਾਜ ਰਿਹਾ ਹੈ ਉਦੋਂ ਹੀ ਪੰਜਾਬ ਦੇ ਨਾਲ ਧੱਕਾ ਹੁੰਦਾ ਰਿਹਾ ਹੈ, ਵਧੀਕੀਆਂ ਹੋਈਆਂ ਹਨ, ਵਿਤਕਰਾ ਹੁੰਦਾ ਰਿਹਾ ਹੈ ਖਾਸ ਕਰਕੇ ਪਾਣੀਆਂ ਦੇ ਮੁੱਦੇ ਉਤੇ। ਸਪੀਕਰ ਸਾਹਿਬ, ਬੇਸ਼ਕ ਸਾਨੂੰ ਕੁਦਰਤ ਨੇ ਪਾਣੀ ਦਾ ਸੋਮਾ ਦਿਤਾ ਹੋਇਆ ਹੈ। ਪ੍ਰੰਤੂ ਇਸ ਸਰਕਾਰ ਵੱਲੋਂ ਹਰੇਕ ਸਮੇਂ ਤੇ ਹਮੇਸ਼ਾ ਹੀ ਪੰਜਾਬ ਨਾਲ ਵਧੀਕੀ ਹੁੰਦੀ ਰਹੀ ਹੈ। ਕਿਉਂਕਿ 1947 ਤੋਂ ਲੈ ਕੇ ਜਦੋਂ ਦਾ ਦੇਸ਼ ਅਜ਼ਾਦ ਹੋਇਆ ਹੈ ਉਦੋਂ ਤੋਂ ਹੀ ਪੰਜਾਬ ਨਾਲ, ਪੰਜਾਬ ਦੀਆਂ ਮੰਗਾਂ ਨਾਲ ਵਿਤਕਰਾ ਹੁੰਦਾ ਰਿਹਾ ਹੈ। ਜਦੋਂ ਵੀ ਪੰਜਾਬ ਦੇ ਪਾਣੀਆਂ ਦੀ ਵੰਡ ਦਾ ਮਸਲਾ ਉਠਦਾ ਰਿਹਾ ਹੈ ਇਹ ਉਸ ਨੂੰ ਕਮਿਸ਼ਨਾਂ ਦੇ ਰੂਪ ਵਿਚ ਲੈਂਦੇ ਰਹੇ ਅਤੇ ਪੰਜਾਬ ਦਾ ਪਾਣੀ ਕਦੀ ਰਾਜਸਥਾਨ ਨੂੰ ਅਤੇ ਕਦੀ ਹਰਿਆਣਾ ਨੂੰ ਦਿੰਦੇ ਰਹੇ। ਜਦੋਂ ਕਪੂਰੀ ਵਿਖੇ ਨਹਿਰ ਦਾ ਮੋਰਚਾ ਲਗਿਆ ਤਾਂ ਉਸ ਵੇਲੇ ਅਕਾਲੀਆਂ ਨੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਬੰਤ ਸਿੰਘ ਦਾਤੇਵਾਸ]

ਗ੍ਰਿਫਤਾਰੀਆਂ ਦਿੱਤੀਆਂ। ਉਸ ਸਮੇਂ ਦੇਸ਼ ਦੇ ਪ੍ਰਧਾਨ ਮੰਤਰੀ ਜਿਹੜੇ ਕਾਂਗਰਸ ਜਮਾਤ ਦੇ ਸਭ ਤੋਂ ਵੱਡੇ ਲੀਡਰ ਸਨ, ਉਥੇ ਉਦਘਾਟਨ ਕਰਨ ਵਾਸਤੇ ਪਹੁੰਚੇ ਤਾਂ ਮੇਰੇ ਸਾਹਮਣੇ ਬੈਠੇ ਵੀਰ ਜਿਹੜੇ ਹੁਣ ਸਰਕਾਰ ਦਾ ਆਨੰਦ ਮਾਣ ਰਹੇ ਹਨ, ਉਸ ਵੇਲੇ ਪੰਜਾਬ ਦੇ ਚਾਂਦੀ ਰੰਗੇ ਪਾਣੀ ਨੂੰ ਚਾਂਦੀ ਦੀਆਂ ਕਹੀਆਂ ਨਾਲ ਹਰਿਆਣੇ ਨੂੰ ਦੇਣ ਵਾਸਤੇ ਨਹਿਰ ਖੋਦਣ ਦਾ ਟੱਕ ਲਗਵਾ ਰਹੇ ਸਨ। ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਜਮਾਤ ਨੇ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਅਗਵਾਈ ਵਿਚ ਉਥੇ ਮੋਰਚਾ ਲਗਾ ਕੇ ਜਿਥੇ ਪੰਜਾਬ ਦੇ ਹਿੱਤਾਂ ਦੀ ਰਾਖੀ ਕੀਤੀ ਉਥੇ ਸ਼੍ਰੋਮਣੀ ਅਕਾਲੀ ਦਲ ਜਮਾਤ ਨੇ ਆਪਣੇ ਫਰਜ਼ ਦੀ ਵੀ ਪੂਰਤੀ ਕੀਤੀ। ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਹੀ ਪੰਜਾਬ ਦੇ ਹੱਕਾਂ ਵਾਸਤੇ ਲੜਾਈ ਲੜੀ, ਇਤਿਹਾਸ ਇਸ ਗੱਲ ਦਾ ਗਵਾਹ ਹੈ। ਇਕ ਸਮਾਂ ਅਜਿਹਾ ਵੀ ਆਇਆ ਜਦੋਂ ਦੇਸ਼ ਦੀ ਇਲਾਹਾਬਾਦ ਹਾਈ ਕੋਰਟ ਨੇ ਉਸ ਵੇਲੇ ਦੇਸ਼ ਦੇ ਪ੍ਰਧਾਨ ਮੰਤਰੀ ਦੇ ਵਿਰੁੱਧ ਇਕ ਫੈਸਲਾ ਦਿੱਤਾ ਕਿ ਉਨ੍ਹਾਂ ਦੀ ਇਲੈਕਸ਼ਨ set aside ਕੀਤੀ ਜਾਂਦੀ ਹੈ। ਉਸ ਸਮੇਂ ਉਨ੍ਹਾਂ ਵੱਲੋਂ ਸਾਰੇ ਦੇਸ਼ ਵਿਚ ਲਾ ਕਾਨੂੰਨੀ ਦਾ ਰਾਜ ਲਾਗੂ ਕਰ ਦਿੱਤਾ ਗਿਆ। ਉਸ ਵੇਲੇ ਸਾਰੀ ਆਪੋਜ਼ੀਸ਼ਨ ਦੇ ਲੀਡਰਾਂ ਨੂੰ ਫੜ੍ਹ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਜਮਾਤ ਨੇ ਦੇਸ਼ ਦੀ ਅਜ਼ਾਦੀ ਦਾ ਮਾਣ ਬਹਾਲ ਕਰਨ ਲਈ ਲੜਾਈ ਲੜੀ ਅਤੇ ਗ੍ਰਿਫਤਾਰੀਆਂ ਦਿੱਤੀਆਂ। ਉਸ ਦਿਨ ਤੋਂ ਲੈ ਕੇ ਮੁੜ ਕੇ ਕਾਂਗਰਸ ਦੇਸ਼ ਉਤੇ ਰਾਜ ਨਹੀਂ ਕਰ ਸਕੀ। ਮੁਰਾਰ ਜੀ ਦਿਸਾਈ ਤੋਂ ਬਾਅਦ ਕਾਂਗਰਸ ਰਾਜ ਨਹੀਂ ਕਰ ਸਕੀ।

(ਅਵਾਜ਼ਾਂ : ਬਾਅਦ ਵਿਚ ਨਰਸਿਮਹਾ ਰਾਓ ਨੇ ਵੀ ਰਾਜ ਕੀਤਾ ਹੈ।)

ਸਪੀਕਰ ਸਾਹਿਬ, ਮੈਂ ਮਾਣ ਨਾਲ ਗੱਲ ਕਹਿ ਸਕਦਾ ਹਾਂ ਕਿ ਜਿਸ ਦਿਨ ਤੋਂ ਦੇਸ਼ ਅਜ਼ਾਦ ਹੋਇਆ ਹੈ, ਉਸ ਦਿਨ ਤੋਂ ਲੈ ਕੇ ਜੋ ਕੁਝ ਵੀ ਹੋਇਆ, ਚਾਹੇ ਕੁਰੱਪਸ਼ਨ ਦੀ ਗੱਲ ਹੋਈ, ਇਹ ਸਭ ਕਾਂਗਰਸ ਦੀ ਹੀ ਦੇਣ ਹੈ। ਦੇਸ਼ ਦਾ ਇਕ ਪ੍ਰਧਾਨ ਮੰਤਰੀ ਅੱਜ ਵੀ ਸੁਪਰੀਮ ਕੋਰਟ ਵਿਚ ਕੇਸ ਭੁਗਤ ਰਿਹਾ ਹੈ। ਹੋਰ ਵੀ ਇਨ੍ਹਾਂ ਦੇ ਲੀਡਰ ਅਦਾਲਤਾਂ ਵਿਚ ਕੇਸ ਭੁਗਤ ਰਹੇ ਹਨ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਵਿਚ ਰਾਜ ਕਰਨ ਦਾ ਮੌਕਾ ਮਿਲਿਆ। ਲੰਮਾ ਸਮਾਂ ਕਾਂਗਰਸ ਦਾ ਹੀ ਰਾਜ ਰਿਹਾ ਹੈ। ਕੁਰੱਪਸ਼ਨ ਲੋਕਾਂ ਵਿਚ ਇਸੇ ਜਮਾਤ ਨੇ ਹੀ ਪੈਦਾ ਕੀਤੀ ਹੈ . . . . .

**Mr. Speaker :** Please take your seat.

The House stands adjourned till 10.00 A.M. on Thursday, the 20th March, 2003.

*6.30 P.M. (The Sabha then* adjourned till 10.00 A.M. on Thursday, the 20th March, 2003.)

Original with;
Punjab Vidhan Sabha
Digitized by;
Panjab Digital Library

# *APPENDIX*

# *TO*

# *PUNJAB VIDHAN SABHA*

# DEBATES

Dated 17th March, 2003

*Vol. IV - No. 1*

## UNSTARRED QUESTION AND ANSWER

**ਪੰਚਾਇਤੀ ਰਾਜ ਸੰਸਥਾਵਾਂ ਅਤੇ ਨਗਰਪਾਲਿਕਾਵਾਂ ਨੂੰ ਜਾਰੀ ਕੀਤੇ ਫੰਡ**

82 : **ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਕੀ ਵਿੱਤ ਅਤੇ ਯੋਜਨਾ ਮੰਤਰੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਦੂਜੇ ਪੰਜਾਬ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ ਰਾਜ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਅਤੇ ਨਗਰਪਾਲਿਕਾਵਾਂ ਨੂੰ ਕੁੱਲ ਕਿੰਨੇ ਫੰਡ ਜਾਰੀ ਕੀਤੇ ਗਏ ਅਤੇ ਉਨ੍ਹਾਂ ਦੀ ਜ਼ਿਲ੍ਹਾ-ਵਾਰ ਵੰਡ ਦਾ ਵੇਰਵਾ ਵੀ ਦਿੱਤਾ ਜਾਵੇ ?

**ਸਰਦਾਰ ਲਾਲ ਸਿੰਘ** : ਰਾਜ ਸਰਕਾਰ ਨੇ ਦੂਸਰੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਾਲ 2001-2002 ਵਿਚ ਪਲਾਨ ਸਕੀਮ ਯੂ. ਡੀ. 8(ਸੀ) ਅਧੀਨ ਗਰਾਂਟ-ਇਨ-ਏਡ ਕਰਾਂ ਅਤੇ ਡਿਊਟੀਆਂ ਵਿਚੋਂ ਹਿੱਸੇ ਵਜੋਂ ਨਗਰ ਪਾਲਿਕਾਵਾਂ ਨੂੰ 5349.15 ਲੱਖ ਰੁਪਏ ਮਨਜ਼ੂਰ ਕੀਤੇ ਸਨ ਪਰ ਵਿਭਾਗ ਵਲੋਂ 366.11 ਲੱਖ ਰੁਪਏ ਕਢਵਾਏ ਗਏ ਸਨ। ਜ਼ਿਲ੍ਹੇ-ਵਾਰ ਵੇਰਵਾ ਅਨੁਲੱਗ-1 ਵਿੱਚ ਦਿੱਤਾ ਗਿਆ ਹੈ। ਇਸੇ ਤਰ੍ਹਾਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਪਲਾਨ ਸਕੀਮ ਸੀ. ਡੀ. 2.25 (ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਲਈ ਰਾਜ ਵਿੱਤ ਕਮਿਸ਼ਨ ਦੀਆਂ ਗਰਾਂਟਾਂ ਸਕੀਮ ਅਧੀਨ 1155.75 ਲੱਖ ਰੁਪਏ ਮਨਜ਼ੂਰ ਕੀਤੇ ਸਨ ਪਰ ਵਿਭਾਗ ਵਲੋਂ 370.44 ਲੱਖ ਰੁਪਏ ਕਢਵਾਏ ਗਏ ਸਨ। ਜਿਨ੍ਹਾਂ ਦਾ ਜ਼ਿਲ੍ਹੇ-ਵਾਰ ਵੇਰਵਾ ਅਨੁਲੱਗ-2 ਵਿੱਚ ਦਿੱਤਾ ਗਿਆ ਹੈ।

ਸਾਲ 2002-03 ਦੌਰਾਨ ਰਾਜ ਸਰਕਾਰ ਨੇ ਪੰਚਾਇਤੀ ਰਾਜ ਸੰਸਥਾਵਾਂ ਨੂੰ 107118.21 ਲੱਖ ਰੁਪਏ ਮਨਜ਼ੂਰ ਕੀਤੇ ਸਨ ਪਰ ਵਿਭਾਗ ਵਲੋਂ 5750.38 ਲੱਖ ਰੁਪਏ ਕਢਵਾਏ ਗਏ ਹਨ। ਜ਼ਿਲ੍ਹੇ-ਵਾਰ ਵੇਰਵਾ ਅਨੁਲੱਗ-2 ਵਿੱਚ ਦਿੱਤਾ ਗਿਆ ਹੈ । ਵਿੱਤ ਵਿਭਾਗ ਵਲੋਂ ਨਗਰ ਪਾਲਿਕਾਵਾਂ ਨੂੰ ਸਾਲ 2002-03 ਵਿਚ ਪਲਾਨ ਸਕੀਮ ਯੂ. ਡੀ.8(ਸੀ) ਅਧੀਨ 4500.00 ਲੱਖ ਰੁਪਏ ਮਨਜ਼ੂਰ ਕੀਤੇ ਗਏ ਸਨ ਪਰ ਵਿਭਾਗ ਨੇ ਹੁਣ ਤੱਕ ਇਹ ਫੰਡ ਨਹੀਂ ਕਢਵਾਏ ਹਨ (ਅਨੁਲੱਗ-1)।

*Original with;*
Punjab Vidhan Sabha
*Digitized by;*
Panjab Digital Library

## ANNEXURE-I

The di ict-wise break up of the amount actually released to Urban local Bodies u r Scheme U.D.8(c) for the year 2001-02 is as under :—

(i)

| Sr. No. | Name of the Office | Amount released (Rs. in Lac) |
|---|---|---|
| 1. | Regional Deputy Director, Amritsar Mpl. Corpn. Amritsar | 105.50 |
| 2. | Regional Deputy Director, Ludhiana | Nil |
| 3. | Regional Deputy Director, Ferozepur (M.C. Moga) | 200.00 |
| 4. | Regional Deputy Director, Patiala (M.C. Banur) | 25.00 |
| 5. | Regional Deputy Director, Jalandhar | Nil |
| 6. | Regional Deputy Director, Bhatinda (M.C. Mansa) | 10.00 |
| 7. | District Mukatsar (M.C. Malaut) | 25.61 |
| | Total: | 366.11 |

(ii) So far as year 2002-03 is concerned, no amount has been released under Scheme U.D.8(c).

riginal with;
unjab Vidhan Sabha
igitized by;
njab Digital Library

## ANNEXURE-II

### Second Punjab State Finance Commission

**District-wise breakup of the amount actually released to the Panchayati Raj Institutions for the year 2001-02 and 2002-03.**

| Sr.No. | Name of District | Year 2001-2002 (Rs. in lac) | Year 2002-2003 (Rs. in lac) |
|---|---|---|---|
| 1. | Amritsar | Nil | 560.00 |
| 2. | Ferozepur | 51.27 | 700.00 |
| 3. | Gurdaspur | 66.74 | 1050.00 |
| 4. | Jalandhar | 54.22 | 350.00 |
| 5. | Kapurthala | 5.71 | 350.00 |
| 6. | Ludhiana | 52.18 | 210.00 |
| 7. | Fatehgarh Sahib | 4.35 | 350.00 |
| 8. | Hoshiarpur | 44.06 | 175.00 |
| 9. | Sangrur | 9.70 | 1040.38 |
| 10. | Bathinda | Nil | 140.00 |
| 11. | Mansa | 7.43 | 87.50 |
| 12. | patiala | 13.60 | 203.64 |
| 13. | Ropar | 33.00 | 122.50 |
| 14. | Faridkot | Nil | 35.00 |
| 15. | Nawanshehar | 28.13 | 96.36 |
| 16. | Mukatsar | Nil | 70.00 |
| 17. | Moga | Nil | 210.00 |
| | Total: | 370.44 | 5750.38 |

*3993/PVS—Govt. Press, U.T., Chd.*

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;

Original with;
Punjab Vidhan Sabha
Digitized by;
Panjab Digital Library

©2003

Published under the authority of the Punjab Vidhan Sa
and printed by the Controller, Printing & Stationery, U.T.,Chandig

riginal with;
unjab Vidhan Sabha
gitized by:

Postponed dt. 17.3.03

## ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ

ਬਿਨਾ ਨਿਸ਼ਾਨ ਪ੍ਰਸ਼ਨ ਨੰ : 85

1. ਸਰਦਾਰ ਬਲਵਿੰਦਰ ਸਿੰਘ ਭੂੰਦੜ, ਐਮ. ਐਲ. ਏ.
2. ਸਰਦਾਰ ਗਗਨਜੀਤ ਸਿੰਘ ਬਰਨਾਲਾ, ਐਮ. ਐਲ. ਏ. : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਫਰਵਰੀ, 2002 ਤੋਂ ਫਰਵਰੀ, 2003 ਤੱਕ ਦੇ ਸਮੇਂ ਦੌਰਾਨ ਵੱਖ - ਵੱਖ ਸਰਕਾਰੀ ਵਿਭਾਗਾਂ ਦੁਆਰਾ ਸਿੱਧੇ ਹੀ ਜਾਂ ਲੋਕ ਸੰਪਰਕ ਵਿਭਾਗ ਰਾਂਹੀ ਅਖਬਾਰਾਂ ਨੂੰ ਦਿੱਤੇ ਗਏ ਇਸ਼ਤਿਹਾਰਾਂ ਤੇ ਕੁੱਲ ਕਿੰਨਾ ਖਰਚ ਕੀਤਾ ਗਿਆ ਅਤੇ ਅਜਿਹੀਆਂ ਅਖਬਾਰਾਂ ਦੇ ਨਾਂ ਕੀ-ਕੀ ਹਨ ਜਿਨ੍ਹਾਂ ਵਿਚ ਅਜਿਹੇ ਇਸ਼ਤਿਹਾਰ ਦਿੱਤੇ ਗਏ ਸਨ ; ਅਤੇ

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਜਾਣਕਾਰੀ ਮਿਊਂਸਪਲ ਕਾਰਪੋਰੇਸ਼ਨਾਂ ਅਤੇ ਸਰਕਾਰੀ ਅਦਾਰਿਆਂ ਅਤੇ ਰਾਜ ਸਰਕਾਰ ਦੀਆਂ ਸਹਿਕਾਰੀ ਸੰਸਥਾਵਾਂ ਦੇ ਸਬੰਧ ਵਿਚ ਵੀ ਦਿੱਤੀ ਜਾਵੇ ?

ਉੱਤਰ : ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ, ਪੰਜਾਬ :-

(ੳ) ਫਰਵਰੀ 2002 ਤੋਂ ਫਰਵਰੀ 2003 ਤਕ ਦੇ ਸਮੇ ਦੌਰਾਨ ਵਿਭਾਗ ਦੇ ਰਿਕਾਰਡ ਅਨੁਸਾਰ ਵੱਖ-ਵੱਖ ਵਿਭਾਗਾਂ, ਕਾਰਪੋਰੇਸ਼ਨਾ ਤੇ ਬੋਰਡਾਂ ਵਲੋਂ ਸੂਚਨਾ ਤੇ ਲੋਕ ਸੰਪਰਕ ਵਿਭਾਗ ਰਾਂਹੀ ਅਤੇ ਸਿੱਧੇ ਆਪਣੀ ਪੱਧਰ ਤੇ ਵੱਖ-ਵੱਖ ਅਖਬਾਰਾਂ ਵਿਚ ਇਸ਼ਤਿਹਾਰ ਪ੍ਰਕਾਸ਼ਿਤ ਕਰਨ ਤੇ ਕੁੱਲ 15,93,28,184-00 ਰੁਪਏ ਖਰਚ ਕੀਤੇ ਗਏ। ਅਖਬਾਰਾਂ ਦਾ ਵੇਰਵਾ ਅਨੁਲਗ I, II ਅਤੇ III 'ਤੇ ਨੱਥੀ ਹੈ।

(ਅ) ਫਰਵਰੀ 2002 ਤੋਂ ਫਰਵਰੀ 2003 ਤਕ ਦੇ ਸਮੇਂ ਦੌਰਾਨ ਵਿਭਾਗ ਦੇ ਰਿਕਾਰਡ ਅਨੁਸਾਰ ਸਥਾਨਕ ਸਰਕਾਰ ਵਿਭਾਗ, ਪੰਜਾਬ, ਨਗਰ ਨਿਗਮਾਂ ਤੇ ਸਹਿਕਾਰੀ ਸੰਸਥਾਵਾਂ ਵਲੋਂ ਵੱਖ-ਵੱਖ ਅਖਬਾਰਾਂ ਵਿਚ ਇਸ਼ਤਿਹਾਰ ਪ੍ਰਕਾਸ਼ਿਤ ਕਰਾਉਣ ਤੇ ਕੁੱਲ 4,08,87,580-00 ਰੁਪਏ ਖ਼ਰਚ ਕੀਤੇ ਗਏ। ਅਖਬਾਰਾਂ ਦਾ ਵੇਰਵਾ ਅਨੁਲੱਗ - III'ਤੇ ਨੱਥੀ ਹੈ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha

ਅਨੁਲੱਗ - I

## ਫਰਵਰੀ 2002 ਤੋਂ ਫਰਵਰੀ 2003 ਤੱਕ ਦੇ ਸਮੇਂ ਦੌਰਾਨ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਵਲੋਂ ਵੱਖ-ਵੱਖ ਵਿਭਾਗਾਂ, ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਵੱਖ-ਵੱਖ ਪ੍ਰਵਾਨਿਤ ਅਖਬਾਰਾਂ ਨੂੰ ਜਾਰੀ ਕੀਤੇ ਗਏ ਇਸ਼ਤਿਹਾਰਾਂ ਦਾ ਵੇਰਵਾ।

| ਲੜੀ ਨੰ : | ਅਖਬਾਰ ਦਾ ਨਾਮ |
|---|---|
| 1. | ਟ੍ਰਿਬਿਊਨ, ਚੰਡੀਗੜ |
| 2. | ਇੰਡੀਅਨ ਐਕਸਪ੍ਰੈਸ, ਚੰਡੀਗੜ |
| 3. | ਇੰਡੀਅਨ ਐਕਸਪ੍ਰੈਸ, ਦਿੱਲੀ |
| 4. | ਇੰਡੀਅਨ ਐਕਸਪ੍ਰੈਸ, ਮੁਬੰਈ |
| 5. | ਨੈਸਨਲ ਹੈਰਲਡ, ਦਿੱਲੀ |
| 6. | ਟਾਈਮਜ ਆਫ ਇੰਡੀਆ, ਦਿੱਲੀ |
| 7. | ਟਾਈਮਜ ਆਫ ਇੰਡੀਆ, ਮੁਬੰਈ |
| 8. | ਹਿੰਦੁਸਤਾਨ ਟਾਈਮਜ਼, ਦਿੱਲੀ |
| 9. | ਪਾਈਨੀਅਰ, ਦਿੱਲੀ |
| 10. | ਯੁੱਗ ਮਾਰਗ, ਚੰਡੀਗੜ੍ਹ |
| 11. | ਹਿੰਦੁਸਤਾਨ ਟਾਈਮਜ, ਚੰਡੀਗੜ੍ਹ |
| 12. | ਟਾਈਮਜ ਆਫ ਇੰਡੀਆ, ਚੰਡੀਗੜ੍ਹ |
| 13. | ਇਕਨਾਮਿਕ ਟਾਈਮਜ ਚਿੰਨਈ |
| 14. | ਹਿੰਦੂ, ਦਿੱਲੀ |
| 15. | ਟਾਈਮਜ ਆਫ ਇੰਡੀਆ, ਕਲਕੱਤਾ |
| 16. | ਇਕਨਾਮਿਕ ਟਾਈਮਜ, ਦਿੱਲੀ/ ਮੁੰਬਈ |
| 17. | ਇੰਡੀਅਨ ਐਕਸਪ੍ਰੈਸ (ਨਿਊਜਲਾਈਨ) |
| 18. | ਫਾਈਨੈਂਸ਼ੀਅਲ ਐਕਸਪ੍ਰੈਸ, ਦਿੱਲੀ |
| 19. | ਇੰਡੀਅਨ ਐਕਸਪ੍ਰੈਸ (ਸਾਊਥ ਅਡੀਸਨਜ਼) |
| 20. | ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ |
| 21. | ਅਜੀਤ, ਜਲੰਧਰ |
| 22. | ਜੱਗਬਾਣੀ, ਜਲੰਧਰ |
| 23. | ਅਕਾਲੀ ਪੱਤਰਕਾ, ਜਲੰਧਰ |
| 24. | ਨਵਾਂ ਜ਼ਮਾਨਾ, ਜਲੰਧਰ |
| 25. | ਅੱਜ ਦੀ ਆਵਾਜ, ਜਲੰਧਰ |
| 26. | ਸੂਰਜ, ਲੁਧਿਆਣਾ |
| 27. | ਰੋਵਰ, ਲੁਧਿਆਣਾ |
| 28. | ਪੰਜਾਬ ਬੁਲੇਟਿਨ, ਲੁਧਿਆਣਾ |
| 29. | ਜੱਗ ਜੋਤ, ਲੁਧਿਆਣਾ |
| 30. | ਚੜ੍ਹਦੀ ਕਲਾ, ਪਟਿਆਲਾ |
| 31. | ਸਮਸ਼ੀਰ ਹਿੰਦ, ਪਟਿਆਲਾ |
| 32. | ਰਣਜੀਤ, ਪਟਿਆਲਾ |
| 33. | ਨਵੀਂ ਸਵੇਰ, ਪਟਿਆਲਾ |
| 34. | ਪਹੁ ਫੁੱਟੀ, ਪਟਿਆਲਾ |
| 35. | ਧੜਲੇਦਾਰ, ਪਟਿਆਲਾ |
| 36. | ਗਿਆਨਵਾਨ, ਪਟਿਆਲਾ |
| 37. | ਤੀਰਕੁਮਾਨ, ਪਟਿਆਲਾ |
| 38. | ਕੌਮੀ ਦੇਣ, ਸੰਗਰੂਰ |
| 39. | ਆਸ਼ੀਆਨਾ, ਪਟਿਆਲਾ |
| 40. | ਮਿਹਨਤ, ਜਲੰਧਰ |
| 41. | ਦੇਸ਼ ਸੇਵਕ, ਚੰਡੀਗੜ੍ਹ |
| 42. | ਨੂਰੀ ਕਿਰਨ, ਪਟਿਆਲਾ |
| 43. | ਅਜ਼ਾਦ ਸੋਚ, ਭਵਾਨੀਗੜ੍ਹ |
| 44. | ਚੜ੍ਹਦੀ ਕਲਾ, ਦਿੱਲੀ |

| ਲੜੀ ਨੰ : | ਅਖਬਾਰ ਦਾ ਨਾਮ |
|---|---|
| 45. | ਗਰਜ਼ਦੀ ਸਵੇਰ, ਪਟਿਆਲਾ |
| 46. | ਪੰਜਾਬ ਕੇਸਰੀ, ਜਲੰਧਰ |
| 47. | ਵੀਰ ਪ੍ਰਤਾਪ, ਜਲੰਧਰ |
| 48. | ਉੱਤਮ ਹਿੰਦੂ, ਜਲੰਧਰ |
| 49. | ਦੈਨਿਕ ਟ੍ਰਿਬਿਊਨ, ਚੰਡੀਗੜ੍ਹ |
| 50. | ਅਰਥ ਪ੍ਰਕਾਸ਼, ਚੰਡੀਗੜ੍ਹ |
| 51. | ਭਾਰਤ ਦੇਸ਼ ਹਮਾਰਾ, ਪਟਿਆਲਾ |
| 52. | ਹਿੰਦੁਸਤਾਨ ਟਾਈਮਜ, ਦਿੱਲੀ |
| 53. | ਅਜੀਤ ਸਮਾਚਾਰ, ਜਲੰਧਰ |
| 54. | ਨਯਾ ਲੋਕ ਯੁੱਗ, ਚੰਡੀਗੜ੍ਹ |
| 55. | ਦਿਵਿਆ ਹਿਮਾਚਲ, ਪੰਚਕੂਲਾ |
| 56. | ਦੈਨਿਕ ਜਾਗਰਣ, ਜਲੰਧਰ |
| 57. | ਅਮਰ ਉਜ਼ਾਲਾ, ਚੰਡੀਗੜ੍ਹ |
| 58. | ਦੈਨਿਕ ਭਾਸਕਰ, ਚੰਡੀਗੜ੍ਹ |
| 59. | ਪੰਜਾਬ ਕੇਸਰੀ, ਦਿੱਲੀ |
| 60. | ਹਿੰਦੀ ਮਿਲਾਪ, ਜਲੰਧਰ |
| 61. | ਟੈਂਡਰ ਆਕਸ਼ਨ ਸਮਾਚਾਰ, ਦਿੱਲੀ |
| 62. | ਦੈਨਿਕ ਪਾਈਲਟ, ਬਠਿੰਡਾ |
| 63. | ਹਿੰਦ ਸਮਾਚਾਰ, ਜਲੰਧਰ |
| 64. | ਕੌਮੀ ਆਵਾਜ਼, ਦਿੱਲੀ |
| 65. | ਪ੍ਰਤਾਪ, ਦਿੱਲੀ |

**ਪ੍ਰਵਾਨਿਤ ਹਫਤਾਵਾਰੀ ਅਖਬਾਰ**

1. ਨਾਰਦਰਨ ਨਿਊਜ, ਚੰਡੀਗੜ੍ਹ
2. ਇੰਪਲਾਈਮੈਂਟ ਨਿਊਜ਼, ਦਿੱਲੀ
3. ਗੈਰਤ, ਪਟਿਆਲਾ
4. ਸੁਖਰਾਜ, ਪਟਿਆਲਾ
5. ਪੰਥ ਪ੍ਰਕਾਸ਼, ਦਿੱਲੀ
6. ਜਾਂਚ ਚਕੋਟੀ, ਖੰਨਾ
7. ਪੰਚਾਇਤ ਆਵਾਜ, ਪਟਿਆਲਾ
8. ਸਮਰਾਲਾ ਟਾਈਮਜ, ਸਮਰਾਲਾ

**ਅਣ-ਪ੍ਰਵਾਨਿਤ ਮੈਗਜ਼ੀਨ**

1. ਇੰਟੇਗਰੇਸ਼ਨਿਸਟ, ਚੰਡੀਗੜ੍ਹ
2. ਇੰਡੀਅਨ ਰਿਪੋਰਟਰ ਤੇ ਵਰਲਡ ਨਿਊਜ,
3. ਐਗਰੋ-ਇੰਡਸਟਰੀਅਲਿਸਟ, ਚੰਡੀਗੜ੍ਹ
4. ਸ਼ਹਾਦਤ, ਚੰਡੀਗੜ੍ਹ
5. ਸੁਰਖੀਆਂ, ਰਾਜਪੁਰਾ
6. ਏਸ਼ੀਅਨ ਏਜ਼, ਦਿੱਲੀ
7. ਬੇਰੀਕੇਡ, ਲੁਧਿਆਣਾ
8. ਫੈਡਰਲ, ਇੰਡੀਆ, ਚੰਡੀਗੜ੍ਹ
9. ਦਿੱਗਵਿਜੇ, ਦਿੱਲੀ
10. ਪ੍ਰੀਤ ਲੜੀ, ਅੰਮ੍ਰਿਤਸਰ
11. ਪ੍ਰੈਸ ਕਲੱਬ ਮੈਗਜ਼ੀਨ, ਚੰਡੀਗੜ੍ਹ
12. ਆਉਟ ਲੁਕ, ਦਿੱਲੀ
13. ਇੰਡੀਆ ਟੁਡੇ ਦਿੱਲੀ

**ਕੁੱਲ ਖ਼ਰਚਾ ਰੁਪਏ 4,79,36,691/-**

Original with;
Punjab Vidhan Sabha
Digitized by;
Panjab Digital Library

Punjab Vidha

ਅਨੁਲਗ-॥

## ਵੱਖ-ਵੱਖ ਵਿਭਾਗਾਂ ਬੋਰਡਾਂ ਤੇ ਕਾਰਪੋਰੇਸ਼ਨਾਂ ਵਲੋਂ ਫਰਵਰੀ, 2002 ਤੋਂ ਫਰਵਰੀ, 2003 ਤੱਕ ਸਮੇਂ ਦੌਰਾਨ ਸਿੱਧੇ ਦਿੱਤੇ ਗਏ ਇਸ਼ਤਿਹਾਰਾਂ ਤੇ ਕੀਤਾ ਗਿਆ ਖਰਚਾ

| ਲੜੀ ਨੰ: | ਵਿਭਾਗ ਦਾ ਨਾਮ | ਰਕਮ | ਅਖਬਾਰਾਂ ਦੇ ਨਾਮ |
|---|---|---|---|
| 1. | ਡਾਇਰੈਕਟਰ, ਪਬਲਿਕ ਰਿਲੇਸ਼ਨਜ਼, ਪੰਜਾਬ ਰਾਜ ਬਿਜਲੀ ਬੋਰਡ, ਪਟਿਆਲਾ। | ਰੁਪਏ 1,32,66,886/- | ਦੀ ਟ੍ਰਿਬਿਊਨ, ਪੰਜਾਬੀ ਟ੍ਰਿਬਿਊਨ, ਦੈਨਿਕ ਟ੍ਰਿਬਿਊਨ, ਇੰਡੀਅਨ ਐਕਸਪ੍ਰੈਸ, ਫਾਈਨੈਸ਼ੀਅਲ ਐਕਸਪ੍ਰੈਸ ਬੰਬਈ, ਹਿੰਦੂਸਤਾਨ ਟਾਈਮਜ, ਟਾਈਮਜ ਆਫ ਇੰਡੀਆ, ਨੈਸ਼ਨਲ ਹੈਰਲਡ, ਇੰਡੀਅਨ ਟੈਂਡਰ ਜਰਨਲ, ਪਾਈਨੀਅਰ, ਪੇਜ਼ ਟੈਂਡਰ ਜਰਨਲ, ਹਿੰਦੂ, ਨਿਊ ਇੰਡੀਅਨ ਐਕਸਪ੍ਰੈਸ, ਬਿਜਨੈਸ ਸਟੈਂਡਰਡ, ਪੰਜਾਬ ਕੇਸਰੀ, ਜੱਗਬਾਣੀ, ਹਿੰਦ ਸਮਾਚਾਰ (ਉਰਦੂ) ਅਜੀਤ, ਅਜੀਤ ਸਮਾਚਾਰ ਨਵਾਂ ਜਮਾਨਾ, ਅੱਜ ਦੀ ਆਵਾਜ਼, ਅਕਾਲੀ ਪੱਤਰਕਾ, ਮਿਲਾਪ, ਵੀਰ ਪ੍ਰਤਾਪ, ਦੇਸ਼ ਸੇਵਕ, ਦੈਨਿਕ ਜਾਗਰਣ, ਅਮਰ ਉਜਾਲਾ, ਦੈਨਿਕ ਪਾਈਲਟ, ਚੜ੍ਹਦੀ ਕਲਾ, ਭਾਰਤ ਦੇਸ਼ ਹਮਾਰਾ, ਧੜੱਲੇਦਾਰ, ਗਿਆਨਵਾਨ, ਤੀਰਕਮਾਨ, ਆਸ਼ਿਆਨਾ, ਗੈਰਤ, ਰਣਜੀਤ, ਸਟੇਟਸਮੈਨ। |
| 2. | ਪੰਜਾਬ ਅਰਬਨ ਡਿਵੈਲਪਮੈਂਟ ਅਥਾਰਟੀ | ਰੁਪਏ 1,44,59,538/- | ਦੀ ਟ੍ਰਿਬਿਊਨ, ਪੰਜਾਬੀ ਟ੍ਰਿਬਿਊਨ, ਪੰਜਾਬ ਕੇਸਰੀ, ਜੱਗਬਾਣੀ, ਇੰਡੀਅਨ ਐਕਸਪ੍ਰੈਸ, ਹਿੰਦੂਸਤਾਨ ਟਾਈਮਜ, ਟਾਈਮਜ ਆਫ ਇੰਡੀਆ, ਦੈਨਿਕ ਭਾਸਕਰ, ਦੈਨਿਕ ਜਾਗਰਣ, ਅਮਰ ਉਜਾਲਾ, ਅਜੀਤ, ਇਕਨਾਮਿਕ ਟਾਈਮਜ਼ ਅਤੇ ਚੜ੍ਹਦੀ ਕਲਾ |
| 3. | ਪੰਜਾਬ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ | ਰੁਪਏ 1,33,749/- | ਇੰਡੀਅਨ ਐਕਸਪ੍ਰੈਸ, ਅਜੀਤ, ਦੀ ਟ੍ਰਿਬਿਊਨ, ਪੰਜਾਬ ਕੇਸਰੀ, ਟਾਈਮਜ ਆਫ ਇੰਡੀਆ, ਜੱਗਬਾਣੀ, |
| 4. | ਪੰਜਾਬ ਰਾਜ ਬੋਰਡ ਆਫ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ | ਰੁਪਏ 9,66,768/- | ਦੀ ਟ੍ਰਿਬਿਊਨ, ਅਜੀਤ, ਇੰਡੀਅਨ ਐਕਸਪ੍ਰੈਸ, ਟਾਈਮਜ ਆਫ ਇੰਡੀਆ, ਹਿੰਦੂਸਤਾਨ ਟਾਈਮਜ, ਪੰਜਾਬੀ ਟ੍ਰਿਬਿਊਨ, ਪੰਜਾਬ ਕੇਸਰੀ, |
| 5. | ਸਪੈਸਲ ਸਕੱਤਰ, ਪੰਜਾਬ ਸਰਕਾਰ ਅਤੇ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ | ਰੁਪਏ 710/- | ਦੈਨਿਕ ਜਾਗਰਣ |
| 6. | ਪੰਜਾਬ ਇਨਫਰਮੇਸ਼ਨ ਤੇ ਕੰਮਊਨੀਕੇਸ਼ਨ ਤਕਨੌਲੋਜੀ ਕਾਰਪੋਰੇਸ਼ਨ | ਰੁਪਏ 7,63,469/- | ਟ੍ਰਿਬਿਊਨ, ਅਜੀਤ, ਜੱਗਬਾਣੀ, ਪੰਜਾਬ ਕੇਸਰੀ, |

ਚਲਦਾ......2

riginal with;
unjab Vidhan Sabha
igitized by;

*Original with;*
Punjab Vidhan Sabha
*Digitized by;*
Panjab Digital Library

| | | | |
|---|---|---|---|
| 7. | ਪੰਜਾਬ ਸਟੇਟ ਸਿਵਲ ਸਪਲਾਈ ਕਾਰਪੋਰੇਸ਼ਨ (ਪਨਸਪ) | ਰੁਪਏ 5,96,112/- | ਪੰਜਾਬੀ ਟ੍ਰਿਬਿਊਨ, ਹਿੰਦੁਸਤਾਨ ਟਾਈਮਜ਼, ਇੰਡੀਅਨ ਐਕਸਪ੍ਰੈਸ, ਦੈਨਿਕ ਜਾਗਰਣ, ਪੰਜਾਬ ਕੇਸਰੀ, ਅਜੀਤ, ਟ੍ਰਿਬਿਊਨ, ਚੜ੍ਹਦੀ ਕਲਾ, ਵਿਉਪਾਰ ਭਾਰਤੀ, ਜੱਗਬਾਣੀ |
| 8. | ਪੰਜਾਬ ਰਾਜ ਗੁਦਾਮ ਨਿਗਮ | ਰੁਪਏ 9,95,364/- | ਟ੍ਰਿਬਿਊਨ, ਟਾਈਮਜ਼ ਆਫ ਇੰਡੀਆ, ਹਿੰਦੁਸਤਾਨ ਟਾਈਮਜ, ਇਕਨਾਮਿਕ ਟਾਈਮਜ਼, ਪੰਜਾਬੀ ਟ੍ਰਿਬਿਊਨ, ਦੈਨਿਕ ਭਾਸਕਰ, ਪੰਜਾਬ ਕੇਸਰੀ, ਜੱਗਬਾਣੀ, ਅਜੀਤ, ਪੰਜਾਬੀ ਟ੍ਰਿਬਿਊਨ, |
| 9. | ਪੰਜਾਬ ਲੋਕ ਸੇਵਾ ਕਮਿਸ਼ਨ | ਰੁਪਏ 1826/- | ਦੀ ਟ੍ਰਿਬਿਊਨ, ਅਜੀਤ |
| 10. | ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ | ਰੁਪਏ 2,09,694/- | ਦੀ ਟ੍ਰਿਬਿਊਨ, ਇੰਡੀਅਨ ਐਕਸਪ੍ਰੈਸ, ਪੰਜਾਬੀ ਟ੍ਰਿਬਿਊਨ, ਪੰਜਾਬ ਕੇਸਰੀ, ਜੱਗਬਾਣੀ, ਅਜੀਤ, ਚੜ੍ਹਦੀ ਕਲਾ, ਟਾਇਮਜ਼ ਆਫ ਇੰਡੀਆ |
| 11. | ਪੰਜਾਬ ਲਾਟਰੀਜ਼ ਵਿਭਾਗ | ਰੁਪਏ 2,02,17,601/- | ਦੀ ਟ੍ਰਿਬਿਊਨ, ਪੰਜਾਬੀ ਟ੍ਰਿਬਿਊਨ, ਇੰਡੀਅਨ ਐਕਸਪ੍ਰੈਸ, ਇੰਡੀਅਨ ਐਕਸਪ੍ਰੈਸ ਸਾਊਥ (ਆਲ), ਟਾਇਮਜ਼ ਆਫ ਇੰਡੀਆ, ਹਿੰਦੁਸਤਾਨ ਟਾਈਮਜ਼, ਹਿੰਦੁਸਤਾਨ ਹਿੰਦੀ, ਪੰਜਾਬ ਕੇਸਰੀ, ਅਜੀਤ ਸਮਾਚਾਰ, ਅਜੀਤ, ਜੱਗਬਾਣੀ, ਦੇਸ਼ ਸੇਵਕ, ਬਿਜ਼ਨੈਸ ਸਟੈਂਡਰਡ, ਦੈਨਿਕ ਭਾਸਕਰ, ਨਵਾਂ ਜ਼ਮਾਨਾ, ਅਮਰ ਉਜਾਲਾ, ਦੈਨਿਕ ਜਾਗਰਣ, ਰਣਜੀਤ, ਸਪਤਾਹਿਕ ਪੰਚਾਇਤ ਅਵਾਜ਼, ਪੰਥ ਖਾਲਸਾ, ਗਰਜ਼ਦੀ ਸਵੇਰ, ਅਰਥ ਪ੍ਰਕਾਸ਼, ਸੁਰਖੀਆਂ, ਚਿੱਟਾ ਲਹੂ, ਲੋਕ ਰਣ, ਭਾਰਤ ਦੇਸ਼ ਹਮਾਰਾ, ਨਾਰਦਰਨ ਨਿਊਜ਼, ਨਵਾਂ ਲੋਕ ਯੁੱਗ, ਜਿਆਲਿਅਸ ਟਾਈਮ,ਧੜੱਲੇਦਾਰ, ਚੜ੍ਹਦੀ ਕਲਾ, ਜਾਂਚ ਚਕੌਟ ਇਕਨਾਮਿਕ ਟਾਈਮਜ਼, ਟੈਲੀਗ੍ਰਾਫ, ਨੈਸ਼ਨਲ ਹਰਾਲਡ, ਜਨਤਾ ਲਹਿਰ, ਵੀਰ ਪ੍ਰਤਾਪ, ਦਿਵਿਆ ਹਿਮਾਚਲ, ਵੇਦ ਸਤੁਤੀ, ਇੰਟੇਗ੍ਰੇਸਨਿਸਟ, ਯੁੱਗ ਮਾਰਗ, ਘਰ ਸਿੰਗਾਰ, ਮਹਿਰਮ, ਯੂਥ ਇੰਟਰਨੈਸ਼ਨਲ, ਸੁਰ ਸਾਂਝ, ਨੂਪਰ ਟਾਈਮਜ਼, ਸੁਖਰਾਜ ਵੀਕਲੀ, ਪੰਜਾਬ ਟੂਡੇ, ਭਾਰਤ ਵਿਕਾਸ ਪ੍ਰੀਸ਼ਦ ਪੱਤ੍ਰਕਾ, ਆਧੁਨਿਕ ਖੇਤੀ, ਤੀਰਕਮਾਨ, ਦੀ ਹਿੰਦੂ, ਪੰਜਾਬ ਇੰਟਰਨੈਸ਼ਨਲ, ਫਾਈਨਾਸਿਅਲ ਐਕਸਪ੍ਰੈਸ, ਡੇਲੀ ਸੂਰਜ। |
| 12. | ਡਾਇਰੈਕਟਰ, ਛੋਟੀਆਂ ਬੱਚਤਾਂ | ਰੁਪਏ 63,97,504/- | ਇੰਡੀਅਨ ਐਕਸਪ੍ਰੈਸ, ਪੰਜਾਬੀ ਟ੍ਰਿਬਿਊਨ, ਜੱਗਬਾਣੀ, ਨਵਾਂ ਜ਼ਮਾਨਾ, ਰਣਜੀਤ, ਜਾਂਚ ਚਕੌਟ, ਜਨਤਾ ਲਹਿਰ, ਦੀ ਟ੍ਰਿਬਿਊਨ, ਦੈਨਿਕ ਭਾਸਕਰ, ਦੇਸ਼ ਸੇਵਕ, ਦੈਨਿਕ ਜਾਗਰਣ, ਹਿੰਦੁਸਤਾਨ ਟਾਈਮਜ਼, ਟਾਈਮਜ਼ ਆਫ ਇੰਡੀਆ, ਨੈਸ਼ਨਲ ਹੈਰਾਲਡ, ਪੰਜਾਬ ਕੇਸਰੀ, ਡੇਲੀ ਅਜੀਤ, ਚੜ੍ਹਦੀ ਕਲਾ, ਅਮਰ ਉਜਾਲਾ, ਤੀਰ ਕਮਾਨ, ਸੁਖਰਾਜ ਵੀਕਲੀ, ਇੰਡੀਅਨ ਰਿਪੋਰਟਰ ਤੇ ਵਰਲਡ ਨਿਊਜ਼, ਯੁੱਗ ਮਾਰਗ, ਸਮਰਾਲਾ ਟਾਈਮਜ਼ ਨੈਸ਼ਨਲ। |

ਚਲਦਾ......3

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

| | | | |
|---|---|---|---|
| | | | ਇੰਡੋ ਕਨੇਡੀਅਨ ਟਾਈਮਜ਼ ਇੰਟਰਨੈਸ਼ਨਲ ਐਡੀਸ਼ਨ, ਭਾਰਤ ਦੇਸ਼ ਹਮਾਰਾ, ਚਿੱਟਾ ਲਹੂ, ਨਾਰਦਨ ਨਿਊਜ਼, ਸੁਰਖੀਆਂ ਵੀਕਲੀ, ਫਾਈਨਾਂਸੀਅਲ ਐਕਸਪ੍ਰੈਸ, ਨੂਪਰ ਟਾਈਮਜ਼, ਦਿਵਿਆ ਹਿਮਾਚਲ, ਤੀਰਕਮਾਨ, ਪੰਚਾਇਤ ਅਵਾਜ਼, ਧਾਰਾ ਲੀਡਰ, ਵੀਰ ਪ੍ਰਤਾਪ, ਜੇਲਮ ਟਾਈਮਜ਼, ਹਿੰਦੀ ਮਿਲਾਪ। |
| 13. | ਡਾਇਰੈਕਟੋਰੇਟ ਆਫ ਡਿਸਇਨਵੈਸਟਮੈਂਟ | ਰੁਪਏ 2,27,834/- | ਦੀ ਇਕੋਨੋਮਿਸਟ ਵੀਕਲੀ । |
| 14. | ਪੰਜਾਬ ਐਗਰੋ ਇੰਡਸਟਰੀਜ ਕਾਰਪੋਰੇਸ਼ਨ | ਰੁਪਏ 3,27,563/- | ਦੀ ਟ੍ਰਿਬਿਊਨ, ਪੰਜਾਬ ਕੇਸਰੀ, ਜੱਗਬਾਣੀ, ਹਿੰਦੂਸਤਾਨ ਟਾਈਮਜ, ਪੰਜਾਬੀ ਟ੍ਰਿਬਿਊਨ, ਇੰਡੀਅਨ ਐਕਸਪ੍ਰੈਸ |
| 15. | ਪੰਜਾਬ ਐਗਰੋ ਫੂਡਗਰੇਨ ਕਾਰਪੋਰੇਸਨ | ਰੁਪਏ 48,25,372/- | ਦੀ ਟ੍ਰਿਬਿਊਨ, ਇੰਡੀਅਨ ਐਕਸਪ੍ਰੈਸ, ਇਕਨਾਮਿਕ ਟਾਈਮਜ, ਜੱਗਬਾਣੀ, ਪੰਜਾਬੀ ਟ੍ਰਿਬਿਊਨ, ਪੰਜਾਬ ਕੇਸਰੀ, ਵੀਰ ਪ੍ਰਤਾਪ, ਰੁਪਾਣਾ ਟਾਈਮਜ, ਸਮਰਾਲਾ ਟਾਈਮਜ਼, ਜਾਂਚ ਚਕੌਟ, ਅਜੀਤ, ਟਾਈਮਜ਼ ਆਫ ਇੰਡੀਆ, ਹਿੰਦੂਸਤਾਨ ਟਾਈਮਜ਼, ਅਕਾਲੀ ਪੱਤਰਕਾ, ਰਾਜਸਥਾਨ ਪਤਰਿਕਾ, ਦੇਸ਼ ਸੇਵਕ, ਅਮਰ ਉਜ਼ਾਲਾ, ਦੈਨਿਕ ਜਾਗਰਣ, ਦੈਨਿਕ ਭਾਸਕਰ, ਚੜਦੀ ਕਲਾ, ਦੈਨਿਕ ਟ੍ਰਿਬਿਊਨ, ਆਸ਼ਿਆਨਾ, ਧੜੱਲੇਦਾਰ, ਦਿਵਿਯਾ ਹਿਮਾਚਲ, ਰਣਜੀਤ, ਗਿਆਨਵਾਨ, ਭਾਰਤ ਦੇਸ਼ ਹਮਾਰਾ, ਅੱਜ ਦੀ ਆਵਾਜ, ਸੁਖਰਾਜ ਵੀਕਲੀ |
| 16. | ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਤੇ ਤਕਨੋਲੋਜੀ | ਰੁਪਏ 1487/- | ਪੰਜਾਬੀ ਟ੍ਰਿਬਿਊਨ, ਅਜੀਤ । |
| 17. | ਪੁਸ਼ਪਾ ਗੁਜਰਾਲ ਸਾਇੰਸ ਸਿਟੀ | ਰੁਪਏ 54,254/- | ਟ੍ਰਿਬਿਊਨ, ਹਿੰਦੁਸਤਾਨ ਟਾਈਮਜ, ਦਿੱਲੀ, ਟਾਈਮਜ ਆਫ ਇੰਡੀਆ, ਬੰਬਈ, ਡੈਕਨ ਹੈਰਲਡ, ਬੰਗਲੋਰ |
| 18. | ਜਨ ਸਿਹਤ ਵਿਭਾਗ (ਇਮਾਰਤਾਂ ਤੇ ਸੜਕਾਂ ) | ਰੁਪਏ 46,380/- | ਪੰਜਾਬੀ ਟ੍ਰਿਬਿਊਨ, ਅਜੀਤ, ਜੱਗਬਾਣੀ । |
| 19. | ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ | ਰੁਪਏ 6,05,460/- | ਦੀ ਟ੍ਰਿਬਿਊਨ, ਦੈਨਿਕ ਭਾਸਕਰ, ਹਿੰਦੂਸਤਾਨ ਟਾਈਮਜ਼, ਰੋਜ਼ਾਨਾ ਅਜ਼ੀਤ, ਦੈਨਿਕ ਜਾਗਰਣ, ਰੋਜਾਨਾ ਜੱਗਬਾਣੀ, ਇੰਡੀਅਨ ਐਕਸਪ੍ਰੈਸ । |
| 20. | ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ | ਰੁਪਏ 5,71,710/- | ਇੰਡੀਅਨ ਐਕਸਪ੍ਰੈਸ, ਪੰਜਾਬੀ ਟ੍ਰਿਬਿਊਨ, ਟ੍ਰਿਬਿਊਨ, ਇਕਨਾਮਿਕ ਟਾਈਮਜ ਅਤੇ ਨਵਾਂ ਜ਼ਮਾਨਾਂ । |

Original with;
Punjab Vidhan Sabha
Panjab Digital Library

*Original with;*
Punjab Vidhan Sabha
*Digitized by;*
Panjab Digital Library

| | | | |
|---|---|---|---|
| 21. | ਡਾਇਰੈਕਟਰ, ਸੈਨਿਕ ਭਲਾਈ ਵਿਭਾਗ | ਰੁਪਏ 15433/- | ਦੀ ਟ੍ਰਿਬਿਊਨ, ਅਜੀਤ, ਪੰਜਾਬੀ ਟ੍ਰਿਬਿਊਨ |
| 22. | ਸਕੱਤਰ, ਪੰਜਾਬ ਮੰਡੀ ਬੋਰਡ | ਰੁਪਏ 537172/- | ਤੀਰਕੁਮਾਨ, ਜਾਂਚ ਚਕੋਟ, ਪੰਜਾਬੀ ਟ੍ਰਿਬਿਊਨ, ਅਜੀਤ, ਜਗਬਾਣੀ, ਚੜ੍ਹਦੀਕਲਾ, ਨਵਾਂ ਜਮਾਨਾ, ਦੇਸ਼ ਸੇਵਕ, ਅਕਾਲੀ ਪੱਤਰਕਾ, ਦੈਨਿਕ ਪਾਇਲਟ ਬਠਿੰਡਾ, ਪੰਜਾਬ ਕੇਸਰੀ, ਰਣਜੀਤ ਪਟਿਆਲਾ, ਕੌਮੀ ਦੇਣ, ਦੈਨਿਕ ਜਾਗਰਣ |
| 23. | ਪੰਜਾਬ ਅਲਕਲੀਜ ਅਤੇ ਕੈਮੀਕਲਜ਼ | ਰੁਪਏ 357930/- | ਟ੍ਰਿਬਿਊਨ, ਇੰਡੀਅਨ ਐਕਸਪ੍ਰੈਸ, ਪੰਜਾਬੀ ਟ੍ਰਿਬਿਊਨ, ਦੈਨਿਕ ਟ੍ਰਿਬਿਊਨ, ਹਿੰਦੁਸਤਾਨ ਟਾਈਮਜ, ਪਾਈਨੀਅਰ, ਹਿੰਦੂ, ਡੇਲੀ ਢਾਂਡੀ, ਗੁਜਰਾਤ ਸਮਾਚਾਰ |
| 24. | ਪੰਜਾਬ ਰਾਜ ਟਿਉਬਵੈਲ ਕਾਰਪੋਰੇਸ਼ਨ | ਰੁਪਏ 215309/- | ਟ੍ਰਿਬਿਊਨ, ਦੈਨਿਕ ਭਾਸਕਰ, ਜੱਗਬਾਣੀ, ਪੰਜਾਬੀ ਟ੍ਰਿਬਿਊਨ, ਪੰਜਾਬ ਕੇਸਰੀ, ਅਜੀਤ, ਇੰਡੀਅਨ ਐਕਸਪ੍ਰੈਸ, ਅਮਰ ਉਜ਼ਾਲਾ, ਟਾਈਮਜ ਆਫ ਇੰਡੀਆ, ਦੈਨਿਕ ਟ੍ਰਿਬਿਊਨ, ਹਿੰਦੁਸਤਾਨ ਟਾਈਮਜ |
| 25. | ਮੁੱਖ ਇੰਜੀਨੀਅਰ, ਪੰਜਾਬ ਪੀ. ਡਬਲਯੂ.ਡੀ. (ਬੀ ਐਂਡ ਆਰ) | ਰੁਪਏ 172124/- | ਜੱਗਬਾਣੀ, ਅਜੀਤ, ਟ੍ਰਿਬਿਊਨ, ਇੰਡੀਅਨ ਐਕਸਪ੍ਰੈਸ, ਦੈਨਿਕ ਟ੍ਰਿਬਿਊਨ, ਪੰਜਾਬ ਕੇਸਰੀ, ਹਿੰਦ ਸਮਾਚਾਰ |
| 26. | ਸਟੇਟ ਟਰਾਂਸਪੋਰਟ ਕਮਿਸ਼ਨਰ | ਰੁਪਏ 315540/- | ਮੋਟਰ ਟਰਾਂਸਪੋਰਟ ਗਜ਼ਟ |
| 27. | ਰੈਵੀਨੀਓ ਤੇ ਰਿਹੈਬਲੀਟੈਸ਼ਨ ਵਿਭਾਗ | ਰੁਪਏ 105894/- | ਅਜੀਤ, ਜੱਗਬਾਣੀ, ਟ੍ਰਿਬਿਊਨ, ਹਿੰਦੁਸਤਾਨ ਟਾਈਮਜ |
| 28. | ਪੰਜਾਬ ਸਮਾਲ ਇੰਡਸਟਰੀਜ ਤੇ ਐਕਸਪੋਰਟ ਕਾਰਪੋਰੇਸ਼ਨ | ਰੁਪਏ 3146000/- | ਟ੍ਰਿਬਿਊਨ, ਇੰਡੀਅਨ ਐਕਸਪ੍ਰੈਸ, ਹਿੰਦੁਸਤਾਨ ਟਾਈਮਜ, ਟਾਈਮਜ ਆਫ ਇੰਡੀਆ, ਇਕਨੋਮਿਕ ਟਾਈਮਜ, ਬਿਜਨਸ ਸਟੈਡਰਡ, ਹਿੰਦੂ, ਡੈਕਨ ਕਰੋਨੀਕਲ, ਇੰਡੀਅਨ ਰਿਪੋਰਟਰ ਅਤੇ ਵਰਲਡ ਨਿਊਜ, ਪੰਜਾਬੀ ਟ੍ਰਿਬਿਊਨ, ਜੱਗਬਾਣੀ, ਦੇਸ਼ ਸੇਵਕ, ਅਜੀਤ, ਚੜ੍ਹਦੀਕਲਾ, ਪੰਜਾਬ ਕੇਸਰੀ, ਦੈਨਿਕ ਭਾਸਕਰ, ਅਮਰ ਉਜ਼ਾਲਾ, ਆਨੰਦ ਬਜਾਰ ਪੱਤਰਕਾ |
| 29. | ਪੰਜਾਬ ਐਗਰੀਕਲਚਰ ਐਕਸਪੋਰਟ ਕਾਰਪੋਰੇਸ਼ਨ | ਰੁਪਏ 439918/- | ਟ੍ਰਿਬਿਊਨ, ਟਾਈਮਜ ਆਫ ਇੰਡੀਆ, ਹਿੰਦੁਸਤਾਨ ਟਾਈਮਜ, ਅਜੀਤ, ਇੰਡੀਅਨ ਐਕਸਪ੍ਰੈਸ, ਫਾਈਨੈਸ਼ੀਅਲ ਐਕਸਪੈਸ, ਨਵ-ਭਾਰਤ ਟਾਈਮਜ, ਦੈਨਿਕ ਜਾਗਰਣ |
| 30. | ਪੰਜਾਬ ਸਟੇਟ ਕੰਨਟੇਨਰ ਤੇ ਵੇਅਰਹਾਊਸਿੰਗ ਕਾਰਪੋਰੇਸ਼ਨ | ਰੁਪਏ 520312- | ਐਗਜ਼ਿਮ ਮਲਟੀਮੀਡੀਆ ਪਾਈਵੇਟ ਲਿਮ:, ਇੰਡੀਅਨ ਐਕਸਪ੍ਰੈਸ, ਟਾਈਮਜ ਆਫ ਇੰਡੀਆ, ਡੇਲੀ ਸਿਪਿੰਗ ਟਾਈਮਜ |

Original with;
Punjab Vidhan Sabha
Panjab Digital Library

*Original with;*
Punjab Vidhan Sabha
*Digitized by;*
Panjab Digital Library

## ਡਾਇਰੈਕਟਰ ਸਥਾਨਕ ਸਰਕਾਰ, ਮਿਉਂਸਪਲ ਕਾਰਪੋਰੇਸ਼ਨਾਂ ਅਤੇ ਰਜਿਸਟਰਾਰ ਸਹਿਕਾਰੀ ਸਭਾਵਾਂ ਵਲੋਂ ਫਰਵਰੀ 2002 ਤੋਂ ਫਰਵਰੀ 2003 ਤੱਕ ਦੇ ਸਮੇਂ ਦੌਰਾਨ ਸਿੱਧੇ ਦਿੱਤੇ ਗਏ ਇਸ਼ਤਿਹਾਰਾਂ ਤੇ ਕੀਤਾ ਗਿਆ ਖ਼ਰਚਾ।

| ਲੜੀ ਨੰ : | ਵਿਭਾਗ ਦਾ ਨਾਮ | ਰਕਮ | ਅਖਬਾਰਾਂ ਦੇ ਨਾਮ |
|---|---|---|---|
| 1. | ਡਾਇਰੈਕਟਰ, ਸਥਾਨਕ ਸਰਕਾਰ | ਰੁਪਏ 4194/- | ਪੰਜਾਬੀ ਟ੍ਰਿਬਿਊਨ |
| 2. | ਮਿਉਂਸਪਲ ਕਾਰਪੋਰੇਸ਼ਨ, ਜਲੰਧਰ | ਰੁਪਏ 30,04,302/- | ਨਵਾਂ ਜਮਾਨਾ, ਦੈਨਿਕ ਜਾਗਰਣ, ਦੈਨਿਕ ਭਾਸਕਰ, ਚੜਦੀ ਕਲਾ, ਹਿੰਦੀ ਮਿਲਾਪ, ਇੰਡੀਅਨ ਐਕਸਪ੍ਰੈਸ, ਅਮਰ ਉਜਾਲਾ, ਅਕਾਲੀ ਪੱਤਰਕਾ ਅਸਤ ਪ੍ਰਕਾਸ਼ਨ, ਉੱਤਮ ਹਿੰਦੂ, ਪ੍ਰਤਾਪ ਪਬਲੀਕੇਸ਼ਨ, ਪੰਜਾਬ ਕੇਸਰੀ, ਹਿੰਦ ਸਮਾਚਾਰ, ਟ੍ਰਿਬਿਊਨ ਟਰਸਟ, ਐਨਕਾਊਂਟਰ, ਅਜੀਤ, ਆਜ ਕਾ ਜਲੰਧਰ, ਹਿੰਦੂਸਤਾਨ ਟਾਈਮਜ, ਦੇਸ਼ ਦੀਪਕ |
| 3. | ਮਿਉਂਸਪਲ ਕਾਰਪੋਰੇਸ਼ਨ, ਪਟਿਆਲਾ | ਰੁਪਏ 4,02,998/- | ਚੜਦੀ ਕਲਾ, ਰਣਜੀਤ, ਦੀ ਟ੍ਰਿਬਿਊਨ, ਇੰਡੀਅਨ ਐਕਸਪ੍ਰੈਸ, ਅਜੀਤ, ਦੈਨਿਕ ਜਾਗਰਣ, ਤੀਰਕਮਾਨ, ਸੁਰਖੀਆਂ, ਹਿੰਦੂਸਤਾਨ ਟਾਈਮਜ, ਹਿੰਦ ਸਮਾਚਾਰ, ਅਮਰ ਉਜਾਲਾ, ਦੈਨਿਕ ਭਾਸਕਰ, ਜੱਗਬਾਣੀ |
| 4. | ਮਿਉਂਸਪਲ ਕਾਰਪੋਰੇਸ਼ਨ, ਅੰਮ੍ਰਿਤਸਰ | ਰੁਪਏ 1,15,000/- | ਟ੍ਰਿਬਿਊਨ, ਟਾਈਮਜ ਆਫ ਇੰਡੀਆ ਹਿੰਦੂਸਤਾਨ ਟਾਈਮਜ, ਇੰਡੀਅਨ ਐਕਸਪ੍ਰੈਸ, ਦੈਨਿਕ ਜਾਗਰਣ, ਪੰਜਾਬ ਕੇਸਰੀ, ਅਮਰ ਉਜਾਲਾ, ਜੱਗਬਾਣੀ |
| 5. | ਮਿਉਂਸਪਲ ਕਾਰਪੋਰੇਸ਼ਨ, ਲੁਧਿਆਣਾ | ਰੁਪਏ 48,64,505/- | ਪੰਜਾਬ ਕੇਸਰੀ, ਟ੍ਰਿਬਿਊਨ, ਦੈਨਿਕ ਜਾਗਰਣ, ਟਾਈਮਜ ਆਫ ਇੰਡੀਆ, ਹਿੰਦੂਸਤਾਨ ਟਾਈਮਜ, ਇੰਡੀਅਨ ਐਕਸਪ੍ਰੈਸ, ਅਜੀਤ, ਅਮਰ ਉਜਾਲਾ, ਦੈਨਿਕ ਭਾਸਕਰ |
| 6. | ਨਗਰ ਕੌਂਸਲ, ਪਟਿਆਲਾ ਰਿਜਨ | ਰੁਪਏ 25,82,000/- | ਟ੍ਰਿਬਿਊਨ, ਇੰਡੀਅਨ ਐਕਸਪ੍ਰੈਸ, ਹਿੰਦੂਸਤਾਨ ਟਾਈਮਜ, ਟਾਈਮਜ ਆਫ ਇੰਡੀਆ, ਅਜੀਤ, ਜਗਬਾਣੀ, ਦੇਸ਼ ਸੇਵਕ, ਪੰਜਾਬੀ ਟਿਬ੍ਰਿਊਨ, ਨਵਾਂ ਜਮਾਨਾ, ਅਕਾਲੀ ਪੱਤਰਕਾ, ਅੱਜ ਦੀ ਆਵਾਜ, ਚੜ੍ਹਦੀਕਲਾ, ਰਣਜੀਤ, ਮਿਹਨਤ, ਆਸ਼ਿਆਨਾ, ਕੌਮੀ ਦੇਣ, ਆਜ਼ਾਦ ਸੋਚ, ਧੜੱਲੇਦਾਰ, ਲੋਕ ਰਣ, ਕਾਮਸ਼ਾਸਤਰ, ਸੱਚ ਪਰ ਕੌੜਾ, ਵੇਦ ਸਤੂਤੀ, ਸੁਰਖੀਆਂ, ਪੰਜਾਬ ਕੇਸਰੀ, ਅਮਰ ਉਜਾਲਾ, ਦੈਨਿਕ ਜਾਗਰਣ, ਹਿੰਦ ਸਮਾਚਾਰ, ਵੀਰ ਪ੍ਰਤਾਪ, ਬਸੰਤ ਸਮਾਚਾਰ, ਅਜੀਤ ਸਮਾਚਾਰ, ਸਵੇਰ ਦੀ ਕੋਇਲ, ਉਤਮ ਹਿੰਦੂ, ਦੈਨਿਕ ਭਾ[illegible], [illegible] ਪ੍ਰਕਾਸ਼ਨ, ਭੂਮਬੁਕਾ ਮਲੇਰਕੋਟਲਾ, ਸ਼ਮਸੀਰੇ ਦਾਤ ਮਲੇਰਕੋਟਲਾ, ਜੇਲਸ ਟਾਈਮਜ਼, ਹਿਦੀ ਮਿਲਾਪ, ਗਗਨ ਸਵੇਰਾ, ਨਾਭਾ ਦੀ ਪ੍ਰਕਾਸ਼ |

Original with;
Punjab Vidhan Sabha
Digitized by;

*Original with;*
Punjab Vidhan Sabha
*Digitized by;*
Panjab Digital Library

| | | | |
|---|---|---|---|
| 7. | ਨਗਰ ਕੌਂਸਲ, ਲੁਧਿਆਣਾ ਰਿਜਨ | ਰੁਪਏ 12,74,629/- | ਟ੍ਰਿਬਿਊਨ, ਇੰਡੀਅਨ ਐਕਸਪ੍ਰੈਸ, ਅਜੀਤ, ਜਗਬਾਣੀ, ਨਵਾਂ ਜਮਾਨਾ, ਦੇਸ਼ ਸੇਵਕ, ਪੰਜਾਬੀ ਟ੍ਰਿਬਿਊਨ, ਹਿੰਦੁਸਤਾਨ ਟਾਈਮਜ, ਟਾਈਮਜ ਆਫ ਇੰਡੀਆ, ਅਕਾਲੀ ਪੱਤਰਕਾ, ਸਮਰਾਲਾ ਟਾਈਮਜ਼, ਅੱਜ ਦੀ ਆਵਾਜ, ਮਿਹਨਤ, ਚੜ੍ਹਦੀਕਲਾ, ਜਾਂਚ ਚਕੋਟ, ਪੰਜਾਬ ਕੇਸਰੀ, ਅਮਰ ਉਜਾਲਾ, ਦੈਨਿਕ ਜਾਗਰਣ, ਹਿੰਦੀ ਮਿਲਾਪ, ਪੰਜਾਬ ਓਪੀਨੀਅਨ, ਹਿੰਦ ਸੇਵਕ, ਵੀਰ ਪ੍ਰਤਾਪ, ਉਤਮ ਹਿੰਦੂ, ਦੈਨਿਕ ਟ੍ਰਿਬਿਊਨ, ਹਿੰਦ ਸਮਾਚਾਰ, ਸਕਾਈ ਹਾਕ, ਹਿੰਦੂਸਤਾਨ ਟਾਈਮਜ, ਕੌਮੀ ਦੇਣ |
| 8. | ਨਗਰ ਕੌਂਸਲ, ਬਠਿੰਡਾ ਰਿਜਨ | ਰੁਪਏ 14,05,092/- | ਟ੍ਰਿਬਿਊਨ, ਇੰਡੀਅਨ ਐਕਸਪ੍ਰੈਸ, ਹਿੰਦੂਸਤਾਨ ਟਾਈਮਜ, ਅਜੀਤ, ਜਗਬਾਣੀ, ਪੰਜਾਬੀ ਟ੍ਰਿਬਿਊਨ, ਦੇਸ਼ ਸੇਵਕ, ਨਵਾਂ ਜਮਾਨਾ, ਅੱਜ ਦੀ ਆਵਾਜ, ਅਕਾਲੀ ਪੱਤਰਕਾ, ਚੜ੍ਹਦੀਕਲਾ, ਆਸ਼ਿਆਨਾ, ਤੀਰਕਮਾਨ, ਵੀਕਲੀ ਤਾਜਦ, ਦਮਦਮਾ ਟਾਈਮਜ, ਭਾਰਤ ਸ਼ਾਨ, ਅਜੀਤ ਸਮਾਚਾਰ, ਪੰਜਾਬ ਕੇਸਰੀ, ਅਮਰ ਉਜਾਲਾ, ਦੈਨਿਕ ਜਾਗਰਣ, ਹਿੰਦ ਸਮਾਚਾਰ, ਅਬੋਹਰ ਤਸਵੀਰ, ਐਕਸਪ੍ਰੈਸ, ਯੂਥ ਲਾਈਟ, ਕਾਂਟੇ ਮੇ ਫੂਲ, ਮਾਲਵਾ ਵਿਗਿਆਪਨ (ਹਫਤਾਵਾਰ) |
| 9. | ਨਗਰ ਕੌਂਸਲ, ਫਿਰੋਜਪੁਰ ਰਿਜਨ | ਰੁਪਏ 8,69,419/- | ਟ੍ਰਿਬਿਊਨ, ਇੰਡੀਅਨ ਐਕਸਪ੍ਰੈਸ, ਹਿੰਦੂਸਤਾਨ ਟਾਈਮਜ, ਅਜੀਤ, ਜਗਬਾਣੀ, ਪੰਜਾਬੀ ਟ੍ਰਿਬਿਊਨ, ਦੇਸ਼ ਸੇਵਕ, ਨਵਾਂ ਜਮਾਨਾ, ਅਕਾਲੀ ਪੱਤਰਕਾ, ਅੱਜ ਦੀ ਆਵਾਜ, ਪੰਜਾਬ ਕੇਸਰੀ, ਦੈਨਿਕ ਜਾਗਰਣ, ਹਿੰਦ ਸਮਾਚਾਰ, ਅਮਰ ਉਜਾਲਾ, ਪ੍ਰਤਾਪ ਕੇਸ਼ਰੀ, ਉਤਮ ਹਿੰਦੁ, ਕੋਰਟ ਟਾਈਮਜ, ਜਨਤਾ ਕੇਸ਼ਰੀ, ਹਿੰਦੀ ਮਿਲਾਪ, ਏਕਤਾ ਦੀ ਤਸਵੀਰ |
| 10. | ਨਗਰ ਕੌਂਸਲ, ਅੰਮ੍ਰਿਤਸਰ ਰਿਜਨ | ਰੁਪਏ 7,90,943/- | ਟ੍ਰਿਬਿਊਨ, ਇੰਡੀਅਨ ਐਕਸਪ੍ਰੈਸ, ਹਿੰਦੂਸਤਾਨ ਟਾਈਮਜ, ਅਜੀਤ, ਜਗਬਾਣੀ, ਪੰਜਾਬੀ ਟਿਬ੍ਰਿਉਨ, ਦੇਸ਼ ਸੇਵਕ, ਨਵਾਂ ਜਮਾਨਾ, ਅਕਾਲੀ ਪੱਤਰਕਾ, ਅੱਜ ਦੀ ਆਵਾਜ, ਚੜ੍ਹਦੀਕਲਾ, ਚਿੰਗਾਰੀ ਚਮਕੇਗੀ, ਪੰਜਾਬੀ ਨੌਜਵਾਨ, ਸੱਚ ਦੀ ਪਟਾਰੀ, ਸੱਚ ਦਾ ਰਾਸਤਾ, ਪੰਜਾਬ ਕੇਸਰੀ, ਅਮਰ ਉਜਾਲਾ, ਦੈਨਿਕ ਜਾਗਰਣ, ਅਜੀਤ ਸਮਾਚਾਰ, ਦੈਨਿਕ ਟ੍ਰਿਬਿਊਨ, ਵੀਰ ਪ੍ਰਤਾਪ, ਹਿੰਦ ਸਮਾਚਾਰ, ਉਤਮ ਹਿੰਦੂ, ਹਿੰਦੀ ਮਿਲਾਪ, ਸਮੇਂ ਦੀ ਮੰਗ (ਹਫਤਾਵਾਰ) ਸਰ ਰੱਸਤਾ (ਹਫਤਾਵਾਰ) ਅੰਮ੍ਰਿਤ ਸਰੋਵਰ |
| 11. | ਨਗਰ ਕੌਂਸਲ, ਜਲੰਧਰ ਰਿਜਨ | ਰੁਪਏ 11,45,195/- | ਅਮਰ ਉਜਾਲਾ, ਹਿੰਦ ਸਮਾਚਾਰ, ਦੇਸ਼ ਸੇਵਕ, ਮਿਲਾਪ, ਪੰਜਾਬ ਕੇਸਰੀ, ਦੀ ਟ੍ਰਿਬਿਊਨ, ਅਜੀਤ, ਨਵਾਂ ਜਮਾਨਾ, ਵੀਰ ਪ੍ਰਤਾਪ, ਦੈਨਿਕ ਜਾਗਰਣ, ਅਕਾਲੀ ਪੱਤਰਕਾ, ਚੜ੍ਹਦੀਕਲਾ, ਅੱਜ ਦੀ ਆਵਾਜ ਪੰਜਾਬੀ ਟ੍ਰਿਬਿਊਨ, ਉਤਮ ਹਿੰਦੂ, ਅਜੀਤ ਸਮਾਚਾਰ, ਇੰਡੀਅਨ ਐਕਸਪ੍ਰੈਸ, ਸਮਰਾਲਾ ਟਾਈਮਜ |
| 12. | ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ (ਸਹਿਕਾਰੀ ਸੰਸਥਾਵਾਂ) | ਰੁਪਏ 2,44,29,303/- | ਟ੍ਰਿਬਿਊਨ ਗਰੁੱਪ, ਇੰਡੀਅਨ ਐਕਸਪ੍ਰੈਸ ਗਰੁੱਪ, ਟਾਈਮਜ ਆਫ ਇੰਡੀਆ ਗਰੁੱਪ,ਹਿੰਦੂਸਤਾਨ ਟਾਈਮਜ, ਦੈਨਿਕ ਭਾਸਕਰ, ਪੰਜਾਬ ਕੇਸਰੀ, ਜੱਗਬਾਣੀ, ਅਜੀਤ, ਨਵਾਂ ਜਮਾਨਾ, ਵਿਉਪਾਰ ਭਾਰਤੀ, ਅਮਰ ਉਜਾਲਾ, ਦੈਨਿਕ ਜਾਗਰਣ, ਸਟੇਟਸਮੈਨ ਕਲਕੱਤਾ, ਟੈਲੀਗ੍ਰਾਫ, ਬਿਜਨਸ ਸਟੈਂਡਰਡ, ਦੇਸ਼ ਸੇਵਕ, ਚੜਦੀ ਕਲਾ, ਗਲਫ ਨਿਊਜ ਦਿਵਿਆ ਹਿਮਾਚਲ, ਇੰਡੀਆ ਅਬਰੋਡ, ਦਾ ਹਿੰਦੂ, ਕਸ਼ਮੀਰ ਟਾਈਮਜ, ਰਾਜਸਥਾਨ ਪੱਤ੍ਰਿਕਾ, ਡੈਕਨ ਕਰੋਨੀਕਲ, ਦੇਵ ਸਮਾਜ, ਅਕਾਲੀ ਪੱਤ੍ਰਿਕਾ, ਦਮਦਮਾ ਟਾਈਮਜ, ਜੰਗ ਏ ਸਮਾਚਾਰ, ਲੋਕਲ ਸਮਾਚਾਰ, ਹਿੰਦੀ ਮਿਲਾਪ, ਦਿਵਾਕਰ ਉਜਾਲਾ, ਰੋਜ਼ਾਨਾ ਮਿਹਨਤ, ਹਿੰਦ ਸਮਾਚਾਰ, ਉੱਤਮ ਹਿੰਦੂ |

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

# PUNJAB VIDHAN SABHA

## DEBATES

*20th March, 2003*
*(Morning Sitting)*

Vol. IV—No. 2

OFFICIAL REPORT

CONTENTS

*Thursday, the 20th March, 2003*
*(Morning Sitting)*


| | Page |
|---|---|
| Starred Questions and Answers | (2) 1 |
| Unstarred Questions and Answers | (2) 34 |
| Call Attention Notice under Rule 66 | (2) 41 |
| Papers laid on the Table | (2) 46 |
| Resolution Reg. Taking effective Steps for imparting technical education and giving loans on comparatively lower rates of interest to generate alternative jobs to eradicate unemployment. | (2) 48 |
| Appendix | (i) |



**Punjab Vidhan Sabha Secretariat, Chandigarh.**

**Price : Rs. ....................**



Original with;
Punjab Vidhan Sabha
Digitized by;

Original with;
Punjab Vidhan Sabha
Digitized by;
Panjab Digital Library

PUNJAB VIDHAN SABHA

*Thursday, the 20th March, 2003*
**(Morning Sitting)**

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Kewal Krishan) in the Chair.*

---

## STARRED QUESTIONS AND ANSWERS

**Supplementaries to Starred Question No. *266**

**MR. SPEAKER** : Starred Question No. 266 ਦੀਆਂ ਸਪਲੀਮੈਂਟਰੀਜ਼ । ਹਾਂ ਜੀ, ਸ਼੍ਰੀ ਤ੍ਰਿਕਸ਼ਨ ਸੂਦ ਜੀ ।

**ਸ਼੍ਰੀ ਤ੍ਰਿਕਸ਼ਨ ਸੂਦ** : ਸਤਿਕਾਰਯੋਗ ਸਪੀਕਰ ਸਾਹਿਬ, ਮੇਰਾ ਅਨੁਪੂਰਕ ਸਵਾਲ ਇਹ ਹੈ ਕਿ ਨਹਿਰਾਂ ਅਤੇ ਮੋਘਿਆਂ ਤੋਂ ਕਿੰਨੇ ਕਮਾਂਡ ਏਰੀਏ ਦੀ ਸਿੰਚਾਈ ਹੋਣੀ ਹੈ ਅਤੇ ਕਿੰਨੀ ਅਮਾਉਂਟ ਇਕੱਠੀ ਹੋਣੀ ਹੈ ਭਾਵ ਕਿੰਨੇ ਪੈਸੇ ਇਕੱਠੇ ਹੋਣੇ ਹਨ ? ਇਸੇ ਤਰ੍ਹਾਂ ਟਿਊਬਵੈੱਲ ਕਾਰਪੋਰੇਸ਼ਨ ਦੇ ਰਾਹੀਂ ਕਿੰਨਾ ਰਕਬਾ ਸਿੰਚਾਈ ਅਧੀਨ ਆਉਂਦਾ ਹੈ ਅਤੇ ਕਿੰਨੇ ਪੈਸੇ ਇਕੱਠੇ ਹੋਣਗੇ ?

**ਮੰਤਰੀ** : ਨਹਿਰੀ ਪਾਣੀ ਦੀ ਸਿੰਚਾਈ ਅਧੀਨ 75 ਲੱਖ ਏਕੜ ਰਕਬਾ ਆਉਂਦਾ ਹੈ ਅਤੇ ਇਸ ਤੋਂ ਤਕਰੀਬਨ 60 ਕਰੋੜ ਰੁਪਏ ਅਤੇ ਪੰਜਾਬ ਰਾਜ ਟਿਊਬਵੈੱਲ ਕਾਰਪੋਰੇਸ਼ਨ ਰਾਹੀਂ ਤਕਰੀਬਨ 6 ਕਰੋੜ ਰੁਪਏ ਆਉਣਗੇ ।

**ਸ਼੍ਰੀ ਤ੍ਰਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਕਿਹਾ ਕਿ 31 ਮਈ ਤੋਂ ਵਸੂਲੀ ਕਰਨੀ ਹੈ, ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨ ਕਿ ਕਿਹੜੇ ਸਾਲ ਦੀ ਮਈ ਤੋਂ ਵਸੂਲੀ ਸ਼ੁਰੂ ਕਰਨੀ ਹੈ ਅਤੇ ਟਿਊਬਵੈੱਲ ਕਾਰਪੋਰੇਸ਼ਨ ਦੀ ਕਦੋਂ ਤੋਂ ਕਰਨੀ ਹੈ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਵਸੂਲੀ ਇਸੇ ਸਾਲ ਤੋਂ ਇਸੇ ਫਸਲ ਤੋਂ ਸ਼ੁਰੂ ਹੋ ਗਈ ਹੈ ਅਤੇ ਟਿਊਬਵੈੱਲਾਂ ਦੀ ਵੀ ਸ਼ੁਰੂ ਕਰ ਰਹੇ ਹਾਂ । ਉਸ ਬਾਰੇ ਮਾਮਲਾ ਕੈਬਨਿਟ ਦੇ ਵਿਚਾਰ ਅਧੀਨ ਹੈ ।

---

*For Starred Question No. 266 and reply thereto, please see P.V.S. Debates dated 17.3.2003

Original with;
Punjab Vidhan Sabha
Digitized by;
Panjab Digital Library

**ਡਾਕਟਰ ਰਤਨ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਖੇਤਾਂ ਨੂੰ ਨਹਿਰੀ ਪਾਣੀ ਨਹੀਂ ਲਗਦਾ ਇਹ ਉਨ੍ਹਾਂ ਤੇ ਵੀ ਮਾਮਲਾ ਲਾਉਣਾ ਚਾਹੁੰਦੇ ਹਨ । ਕੀ ਇਹ ਉਨ੍ਹਾਂ ਬਾਰੇ ਵਿਚਾਰ ਕਰਨਗੇ ?

**ਮੰਤਰੀ** : ਜਿਹੜਾ ਵੀ ਸਿੰਚਾਈ ਵਾਲਾ ਕਮਾਂਡ ਏਰੀਆ ਹੈ, ਉਸ ਤੇ ਮਾਮਲਾ ਲਗਾ ਰਹੇ ਹਾਂ ਅਤੇ ਜਿਨ੍ਹਾਂ ਨੇ ਨਹੀਂ ਲਗਵਾਉਣਾ ਜਿਹੜਾ ਵੀ ਆਪਣੇ ਚੱਕ ਵਿਚੋਂ ਬਾਹਰ ਕੱਢਵਾਉਣਾ ਚਾਹੁੰਦੇ ਹਨ ਉਹ ਕਢਵਾ ਸਕਦੇ ਹਨ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ, ਮੇਰਾ ਖਿਆਲ ਹੈ ਕਿ ਦੁਨੀਆਂ ਵਿੱਚ ਇਹ ਪਹਿਲੀ ਮਿਸਾਲ ਹੈ ਕਿ ਜਿਥੇ ਕਿਸਾਨਾਂ ਨਾਲ ਏਡਾ ਵੱਡਾ ਧੱਕਾ ਹੋ ਰਿਹਾ ਹੈ । ਕਮਾਂਡ ਏਰੀਏ ਅਤੇ ਐਕਚੂਅਲ ਜਿਹੜੀ ਇਰੀਗੇਸ਼ਨ ਹੈ, ਉਸ ਵਿੱਚ ਕਾਫੀ ਡਿਫਰੈਂਸ ਹੁੰਦਾ ਹੈ, ਤਕਰੀਬਨ 50% ਤੋਂ ਵੀ ਜ਼ਿਆਦਾ ਹੁੰਦਾ ਹੈ । ਇਕ ਕਿਊਸਿਕ ਤੇ ਹੁਣ ਤਿੰਨ ਕਿਊਸਿਕ ਹੋ ਗਿਆ । ਤਿੰਨ ਕਿਊਸਿਕ ਤੇ ਇਕ ਹਜ਼ਾਰ ਏਕੜ ਕਮਾਂਡ ਏਰੀਆ ਹੋ ਗਿਆ । ਉਸ ਵਿਚੋਂ ਤਿੰਨ ਜਾਂ ਚਾਰ ਏਕੜ ਨੂੰ ਪਾਣੀ ਲਗਦਾ ਹੈ । ਇਹ ਮਾਮਲਾ ਟੋਟਲ ਏਰੀਏ ਤੇ ਲਗਾ ਰਹੇ ਹਨ । ਕੀ ਇਹ ਮਾਮਲਾ ਸਿਰਫ ਜਿਹੜੀ ਐਕਚੂਅਲ ਇਰੀਗੇਸ਼ਨ ਹੁੰਦੀ ਹੈ, ਉਸ ਤੇ ਲਗਾਉਣ ਬਾਰੇ ਸੋਚਣਗੇ ਅਤੇ ਜਿਹੜਾ ਇੰਨਾ ਵੱਡਾ ਬੋਝ ਕਿਸਾਨ ਤੇ ਪੈ ਰਿਹਾ ਹੈ । ਇਸਨੂੰ ਵਾਪਸ ਲੈਣ ਬਾਰੇ ਸੋਚਣਗੇ ? ਵਾਇਦਾ ਤਾਂ ਇਨ੍ਹਾਂ ਦਾ ਇਹ ਸੀ ਕਿ ਵਾਪਸ ਲਵਾਂਗੇ, ਇਹ ਆਪਣਾ ਵਾਇਦਾ ਵੀ ਮੁਕਰ ਗਏ ਹਨ । ਇਸ ਦੇ ਬਾਰੇ ਕੀ ਇਹ ਸੋਚਣਗੇ ?

**ਮੰਤਰੀ** : ਇਸ ਤੇ ਕੋਈ ਵਿਚਾਰ ਨਹੀਂ ਕੀਤਾ ਜਾ ਰਿਹਾ ।

**ਮਾਨਯੋਗ ਸਪੀਕਰ** : ਹੁਣ ਕੁਐਸਚਨਜ਼ ਦੀ ਰੈਗੂਲਰ ਲਿਸਟ ਟੇਕ ਅੱਪ ਕੀਤੀ ਜਾਵੇਗੀ । ਸਰਦਾਰ ਵੀਰ ਸਿੰਘ ਲੋਪੋਕੇ ।

---

## ਘਰਿੰਡਾ-ਲਾਵੇ ਲਿੰਕ ਸੜਕ ਦੀ ਮੁਰੰਮਤ

*455 1. **ਸਰਦਾਰ ਵੀਰ ਸਿੰਘ ਲੋਪੋਕੇ**
2. **ਡਾਕਟਰ ਰਤਨ ਸਿੰਘ** } : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਘਰਿੰਡਾ-ਲਾਵੇ ਲਿੰਕ ਸੜਕ ਦੀ ਮੁਰੰਮਤ ਪਿੱਛੇ ਕਿਸ ਸਾਲ ਵਿਚ ਕੀਤੀ ਗਈ ਸੀ ਅਤੇ ਇਸ ਸਮੇਂ ਇਸ ਦੀ ਸਥਿਤੀ ਕੀ ਹੈ ਅਤੇ ਇਸ ਦੀ ਦੁਬਾਰਾ ਮੁਰੰਮਤ ਕਦੋਂ ਤੱਕ ਕਰਵਾਏ ਜਾਣ ਦੀ ਸੰਭਾਵਨਾ ਹੈ ?

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** : ਘਰਿੰਡਾ-ਲਾਵੇ ਲਿੰਕ ਸੜਕ ਦਾ ਪੂਰਾ ਨਾਂ ਜੀ.ਟੀ. ਰੋਡ ਤੋਂ ਕੱਲੇਵਾਲ ਵਾਇਆ ਪੱਧਰੀ ਨੂਰਪੁਰ ਹੈ । ਇਸ ਸੜਕ ਦੀ ਪਿਛਲੀ ਵਾਰ

Original with;
Punjab Vidhan Sabha
Digitized by;

ਮੁਰੰਮਤ 6/1995 ਦੌਰਾਨ ਕੀਤੀ ਗਈ ਸੀ ਅਤੇ ਇਹ ਸੜਕ ਹੁਣ ਮੁਰੰਮਤ ਲਈ ਡਿਊ ਹੈ । ਇਸ ਸੜਕ ਦੀ ਹਾਲਤ ਮਾੜੀ ਹੈ । ਲਿੰਕ ਸੜਕਾਂ ਦੀ ਮੁਰੰਮਤ ਸਬੰਧੀ ਪਾਲਿਸੀ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਜੋ ਪਾਲਿਸੀ ਨਿਸ਼ਚਿਤ ਹੋਵੇਗੀ ਉਸ ਅਨੁਸਾਰ ਮੁਰੰਮਤ ਸਬੰਧੀ ਕਾਰਵਾਈ ਕਰ ਲਈ ਜਾਵੇਗੀ ।

**ਸਰਦਾਰ ਵੀਰ ਸਿੰਘ ਲੋਪੋਕੇ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ 1995 ਵਿੱਚ ਇਸ ਸੜਕ ਦੀ ਮੁਰੰਮਤ ਹੋਈ ਸੀ ਅਤੇ ਹੁਣ 2003 ਆ ਗਿਆ ਹੈ, ਭਾਵ 8 ਸਾਲ ਹੋ ਗਏ ਹਨ । ਮੰਤਰੀ ਜੀ ਨੇ ਖੁਦ ਵੀ ਮੰਨਿਆ ਹੈ ਕਿ ਇਸ ਦੀ ਹਾਲਤ ਬੜੀ ਖਰਾਬ ਹੈ । ਇਸ ਲਈ ਕੀ ਮੰਤਰੀ ਜੀ ਇਸ ਨੂੰ ਪਹਿਲ ਦੇ ਆਧਾਰ ਤੇ ਬਣਾਉਣ ਦਾ ਉਪਰਾਲਾ ਕਰਨਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸਿਆ ਹੈ ਕਿ ਇਹ ਸੜਕ ਸਾਡੇ ਵਿਚਾਰ ਅਧੀਨ ਹੈ । ਇਸ ਵੇਲੇ 2605.7 ਕਿਲੋਮੀਟਰ ਸੜਕਾਂ ਸਾਲ 1994-95 ਤੋਂ ਮੁਰੰਮਤ ਕਰਨ ਵਾਸਤੇ ਡਿਊ ਹਨ । ਇਨ੍ਹਾਂ ਪਿਛਲੇ ਅੱਠ ਸਾਲਾਂ ਵਿਚੋਂ ਪੰਜ ਸਾਲ ਸਾਡੇ ਸਾਹਮਣੇ ਬੈਠੀ ਪਾਰਟੀ ਦਾ ਰਾਜ ਰਿਹਾ ਹੈ ਪਰ ਇਨ੍ਹਾਂ ਨੇ ਕੁਝ ਨਹੀਂ ਕੀਤਾ । ਹੁਣ ਇਹ ਕਾਹਲੀ ਨਾ ਕਰਨ । ਅਸੀਂ ਸਾਲ 1994-95, 1995-96, 1996-97 ਦੀਆਂ ਜਿਹੜੀਆਂ ਸੜਕਾਂ ਮੁਰੰਮਤ ਕਰਨ ਵਾਸਤੇ ਡਿਊ ਹਨ, ਉਨ੍ਹਾਂ ਵਾਸਤੇ ਪੈਸਿਆਂ ਦਾ ਜਲਦੀ ਇੰਤਜ਼ਾਮ ਕਰ ਰਹੇ ਹਾਂ । ਸਾਡੀ ਕਮੇਟੀ ਬਣੀ ਹੋਈ ਹੈ । ਮੁੱਖ ਮੰਤਰੀ ਸਾਹਿਬ ਉਸ ਕਮੇਟੀ ਦੇ ਚੇਅਰਮੈਨ ਹਨ । ਅਸੀਂ ਛੇਤੀ ਹੀ ਇਸ ਕਮੇਟੀ ਦੀ ਮੀਟਿੰਗ ਬੁਲਾ ਕੇ ਇੰਤਜ਼ਾਮ ਕਰਾਂਗੇ ਔਰ ਇਹ ਸੜਕਾਂ ਠੀਕ ਕਰਾਂਗੇ ।

**ਸਰਦਾਰ ਵੀਰ ਸਿੰਘ ਲੋਪੋਕੇ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਆਪ ਮੰਨਿਆ ਹੈ ਕਿ ਇਹ ਸੜਕ ਬਹੁਤ ਖਰਾਬ ਹੈ । ਇਸ ਸੜਕ ਦੀ ਹਾਲਤ ਇੰਨੀ ਖਰਾਬ ਹੈ ਕਿ ਛੇ ਮਹੀਨੇ ਵੀ ਹੋਰ ਨਹੀਂ ਲੰਘ ਸਕਦੇ । ਇਸ ਲਈ ਕੀ ਮੰਤਰੀ ਜੀ ਟਾਈਮ ਬਾਊਂਡ ਕਰਨਗੇ ਕਿ ਇੰਨੇ ਚਿਰ ਵਿੱਚ ਇਹ ਸੜਕ ਬਣਾ ਦਿੱਤੀ ਜਾਵੇਗੀ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਬੜਾ ਕਲੀਅਰਲੀ ਕਿਹਾ ਹੈ ਕਿ ਇਸ ਸੜਕ ਤੋਂ ਇਲਾਵਾ ਹੋਰ ਵੀ ਮਾੜੀ ਹਾਲਤ ਵਾਲੀਆਂ ਸੜਕਾਂ ਦੀ ਮੁਰੰਮਤ ਕਰਨ ਲਈ ਅਸੀਂ ਛੇਤੀ ਮੀਟਿੰਗ ਕਰ ਰਹੇ ਹਾਂ । ਅਸੀਂ ਐਤਕੀਂ ਬਜਟ ਵਿੱਚ ਪੈਸਾ ਪਲਾਨ ਕੀਤਾ ਹੈ । ਅਸੀਂ ਇੰਤਜ਼ਾਮ ਕਰਕੇ ਛੇਤੀ ਹੀ ਕੰਮ ਸ਼ੁਰੂ ਕਰ ਦਿਆਂਗੇ ।

**ਡਾਕਟਰ ਰਤਨ ਸਿੰਘ** : ਮਾਨਯੋਗ ਸਪੀਕਰ ਸਾਹਿਬ, ਇੱਕ ਸਾਲ ਇਨ੍ਹਾਂ ਦਾ ਲੰਘ ਗਿਆ ਹੈ, ਹਾਲੇ ਤੱਕ ਇਨ੍ਹਾਂ ਨੇ ਕੋਈ ਪਾਲਿਸੀ ਨਹੀਂ ਬਣਾਈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪਾਲਿਸੀ ਹੋਰ ਕਿੰਨੇ ਸਾਲਾਂ ਵਿੱਚ ਬਣ ਜਾਵੇਗੀ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਸਾਡੀ ਪਾਲਿਸੀ ਤਾਂ ਬਹੁਤ ਕਲੀਅਰ ਸੀ ਪਰ ਇਨ੍ਹਾਂ ਨੇ ਪਿਛਲੇ ਪੰਜ ਸਾਲਾਂ ਵਿੱਚ ਖਰਾਬ ਕਰ ਦਿੱਤੀ ਹੈ । 20-20 ਕਿਲੋਮੀਟਰ ਸੜਕਾਂ ਖੇਤਾਂ ਵਿੱਚ ਹੀ ਬਣਾਈ ਗਏ ਜਿੱਥੇ ਨਹੀਂ ਵੀ ਲੋੜ ਸੀ । ਹੁਣ ਅਸੀਂ ਗੱਡੀ ਲਾਈਨ ਤੇ ਲਿਆਉਣ ਲੱਗੇ ਹਾਂ । ਤੁਸੀਂ ਬੇਫਿਕਰ ਰਹੋ । ਇਹ ਸਾਲ ਸਾਡਾ ਵਿਕਾਸ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ]

ਦਾ ਵਰ੍ਹਾ ਹੈ । ਖਰਾਬ ਹਾਲਤ ਸੜਕਾਂ ਵਾਸਤੇ ਅਸੀਂ ਇੰਤਜ਼ਾਮ ਕਰ ਰਹ ਹਾਂ, ਪੈਸਾ ਲਿਆਵਾਂਗੇ ਔਰ ਇਹ ਸਾਰਾ ਕੁਝ ਠੀਕ ਕਰਨਾ ਸਾਡੀ ਜ਼ੁੰਮੇਵਾਰੀ ਹੈ ।

ਡਾਕਟਰ ਰਤਨ ਸਿੰਘ : ਮਾਨਯੋਗ ਸਪੀਕਰ ਸਾਹਿਬ, ਜਿਹੜੀ ਇਹ ਪਾਲਿਸੀ ਬਣਨੀ ਹੈ, ਕੀ ਇਹ ਉਸ ਵਿੱਚ ਬਾਰਡਰ ਏਰੀਆ, ਬੇਟ ਏਰੀਆ ਅਤੇ ਕੰਡੀ ਏਰੀਆ ਨੂੰ ਸਪੈਸ਼ਲ ਪਰੈਫਰੈਂਸ ਦੇਣਗੇ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਅਸੀਂ ਆਪਣੀ ਪਾਲਿਸੀ ਵਿੱਚ ਸਾਰੀਆਂ ਗੱਲਾਂ ਨੂੰ ਮੱਦੇ ਨਜ਼ਰ ਰੱਖਾਂਗੇ । ਜਿਹੜੀਆਂ ਟੁੱਟੀਆਂ ਸੜਕਾਂ ਹਨ ਜਾਂ ਇਹ ਜਿਹੜੇ ਖਾਸ ਏਰੀਏ ਹਨ, ਇਨ੍ਹਾਂ ਨੂੰ ਪਾਲਿਸੀ ਦੀ ਵੰਡ ਵੇਲੇ ਧਿਆਨ ਵਿੱਚ ਰੱਖਿਆ ਜਾਵੇਗਾ ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 460*

ਮਾਨਯੋਗ ਸਪੀਕਰ : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ ਪਰ ਮੈਂ ਸਰਕਾਰ ਨੂੰ ਇਹ ਬੇਨਤੀ ਕਰਦਾ ਹਾਂ ਕਿ ਇਸੇ ਬਜਟ ਸੈਸ਼ਨ ਵਿੱਚ ਇਸ ਸਵਾਲ ਦਾ ਜਵਾਬ ਦਿੱਤਾ ਜਾਵੇ ਔਰ ਲੰਬੀ ਐਕਸਟੈਨਸ਼ਨ ਨਾ ਮੰਗੀ ਜਾਵੇ ।

D.O. No. Spl. I, S/PWM-2002/2003

PARTAP SINGH BAJWA

Public Works (B&R) and Elections Minister, Punjab, Chandigarh.
Ph. : (Off.) 740105 (Res.) 740988

Dated : 20-3-2003

**Sub :- Extension for replying starred Assembly question No. 460 transferred from Agriculture Minister**

Respected sir,

Kindly grant extension for replying Starred Question No. 460, which was transferred from Agriculture Minister to Public Works Deptt. The reply to the question is to be collected from the field. It could not be collected due to Hola Mohalla holidays. **Kindly grant extension for 15 days for replying the question to the Punjab Vidhan Sabha.**

With kind regards,

Yours Sincerely,

Sd/-

(Partap Singh Bajwa)

Dr. Kewal Krishan,
Speaker, Punjab Vidhan Sabha,
Chandigarh.

---

*For Starred Question No. 460 and Reply thereto, please see Appendix to this debate.

Original with;
Punjab Vidhan Sabha
Digitized by;

## ਅੰਮ੍ਰਿਤਸਰ ਸ਼ਹਿਰ ਵਿਚ ਮਿਉਂਸਿਪਲ ਸੜਕਾਂ ਦੀ ਮੁਰੰਮਤ

*468. **ਸ੍ਰੀ ਜੁਗਲ ਕਿਸ਼ੋਰ ਸ਼ਰਮਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅੰਮ੍ਰਿਤਸਰ ਸ਼ਹਿਰ ਵਿਚ ਮਿਉਂਸਿਪਲ ਸੜਕਾਂ ਦੀ ਹਾਲਤ ਖਸਤਾ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਸੜਕਾਂ ਦੀ ਮੁਰੰਮਤ ਕਰਵਾਉਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਚੌਧਰੀ ਜਗਜੀਤ ਸਿੰਘ :** ਇਹ ਠੀਕ ਹੈ ਕਿ ਅੰਮ੍ਰਿਤਸਰ ਸ਼ਹਿਰ ਵਿੱਚ ਕੁਝ ਮਿਉਂਸਿਪਲ ਸੜਕਾਂ ਮੁਰੰਮਤਯੋਗ ਹਨ ਪ੍ਰੰਤੂ ਫਿਰ ਵੀ ਕਾਫੀ ਸੜਕਾਂ ਆਵਾਜਾਈ ਦੇ ਯੋਗ ਹਨ । ਇਸ ਵੇਲੇ ਨਗਰ ਨਿਗਮ, ਅੰਮ੍ਰਿਤਸਰ ਦੀ ਮਾਲੀ ਹਾਲਤ ਠੀਕ ਨਾ ਹੋਣ ਕਰਕੇ ਸੜਕਾਂ ਦੀ ਮੁਰੰਮਤ ਨਹੀਂ ਕੀਤੀ ਜਾ ਰਹੀ ਹੈ । ਇਹਨਾਂ ਸੜਕਾਂ ਦੀ ਮੁਰੰਮਤ ਲਈ ਫੰਡਜ਼ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ।

**ਸ੍ਰੀ ਜੁਗਲ ਕਿਸ਼ੋਰ ਸ਼ਰਮਾ :** ਮਾਨਯੋਗ ਸਪੀਕਰ ਸਾਹਿਬ, ਅੰਮ੍ਰਿਤਸਰ ਬਹੁਤ ਪਵਿੱਤਰ ਸ਼ਹਿਰ ਹੈ । ਦੁਨੀਆਂ ਭਰ ਦੇ ਲੋਕ ਇੱਥੇ ਸ਼ਰਧਾ ਨਾਲ ਦਰਸ਼ਨ ਕਰਨ ਵਾਸਤੇ ਆਉਂਦੇ ਹਨ । ਪਿਛਲੀ ਸਰਕਾਰ ਨੇ ਪੰਜ ਸਾਲ ਕੁਝ ਨਹੀਂ ਕੀਤਾ ਇਸ ਲਈ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਪਹਿਲ ਦੇ ਆਧਾਰ ਤੇ ਕੋਈ ਐਸਾ ਫੰਡ ਮੁਹੱਈਆ ਕਰਨਗੇ ਜਿਸ ਨਾਲ ਇਨ੍ਹਾਂ ਸੜਕਾਂ ਦੀ ਮੁਰੰਮਤ ਕੀਤੀ ਜਾ ਸਕੇ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਅਮ੍ਰਿਤਸਰ ਸ਼ਹਿਰ ਪਵਿੱਤਰ ਸ਼ਹਿਰ ਹੈ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਅੰਮ੍ਰਿਤਸਰ ਪਵਿੱਤਰ ਸ਼ਹਿਰ ਹੈ, ਇਸ ਲਈ ਇਸ ਦੀ ਤਰੱਕੀ ਵਾਸਤੇ ਯੋਗ ਪ੍ਰਬੰਧ ਕੀਤੇ ਜਾਣ । ਅਸੀਂ ਸੜਕਾਂ ਵਾਸਤੇ ਫੰਡਜ਼ ਉਪਲਬਧ ਕਰਵਾ ਰਹੇ ਹਾਂ । ਸਾਡਾ ਭਰਪੂਰ ਯਤਨ ਹੈ ਕਿ ਜਿੰਨੀ ਜਲਦੀ ਹੋ ਸਕੇ, ਅਸੀਂ ਪ੍ਰਬੰਧ ਕਰਾਂਗੇ ਔਰ ਇਨ੍ਹਾਂ ਸੜਕਾਂ ਦੀ ਮੁਰੰਮਤ ਕਰਵਾਵਾਂਗੇ ।

**ਸ੍ਰੀ ਜੁਗਲ ਕਿਸ਼ੋਰ ਸ਼ਰਮਾ :** ਧੰਨਵਾਦ ਜੀ ।

**ਕੈਪਟਨ ਕੰਵਲਜੀਤ ਸਿੰਘ :** ਮਾਨਯੋਗ ਸਪੀਕਰ ਸਾਹਿਬ, ਕੀ ਮੰਤਰੀ ਜੀ ਇਸ ਮਹਾਨ ਸਦਨ ਨੂੰ ਦੱਸਣਗੇ ਕਿ ਪਿਛਲੇ ਸਾਲ ਦੌਰਾਨ ਕੋਈ ਇੱਕ ਵੀ ਐਸੀ ਸੜਕ ਹੈ, ਜਿਸ ਦੀ ਇਨ੍ਹਾਂ ਨੇ ਮੁਰੰਮਤ ਕੀਤੀ ਹੋਵੇ ?

**ਮਾਨਯੋਗ ਸਪੀਕਰ :** ਇਹ ਸਪਲੀਮੈਂਟਰੀ ਇਸ ਸਵਾਲ ਵਿੱਚ ਨਹੀਂ ਬਣਦੀ । ਅੰਮ੍ਰਿਤਸਰ ਸ਼ਹਿਰ ਬਾਰੇ ਤੁਸੀਂ ਪੁੱਛ ਸਕਦੇ ਹੋ ।

**ਕੈਪਟਨ ਕੰਵਲਜੀਤ ਸਿੰਘ :** ਇਹ ਅੰਮ੍ਰਿਤਸਰ ਸ਼ਹਿਰ ਦਾ ਹੀ ਦੱਸ ਦੇਣ ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਹ ਸਵਾਲ ਪੁੱਛਿਆ ਨਹੀਂ ਗਿਆ ਸੀ ਕਿ ਪਿਛਲੇ ਸਾਲ ਦੌਰਾਨ ਕਿੰਨੀਆਂ ਸੜਕਾਂ ਮੁਰੰਮਤ ਹੋਈਆਂ ਹਨ ।

Original with;
Punjab Vidhan Sabha
Digitized by:

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੇਰਾ ਸਵਾਲ ਬੜਾ ਰੈਲੇਵੈਂਟ ਹੈ। ਇਹ ਦੱਸ ਦੇਣ ਕਿ ਕੋਈ ਇੱਕ ਕਿਲੋਮੀਟਰ ਸੜਕ ਵੀ ਠੀਕ ਕੀਤੀ ਹੋਵੇ, ਚਲੋ ਅੰਮ੍ਰਿਤਸਰ ਵਿੱਚ ਹੀ ਦੱਸ ਦੇਣ ।

**ਮਾਨਯੋਗ ਸਪੀਕਰ** : ਸਵਾਲ ਬੜਾ ਕਲੀਅਰ ਹੈ ਕਿ ਕੀ ਅੰਮ੍ਰਿਤਸਰ ਵਿੱਚ ਪਿਛਲੇ ਇੱਕ ਸਾਲ ਦੌਰਾਨ ਕੋਈ ਇੱਕ ਸੜਕ ਵੀ ਰਿਪੇਅਰ ਹੋਈ ਹੈ ? ਉਸਦਾ ਇਨ੍ਹਾਂ ਨੇ ਜਵਾਬ ਦੇ ਦਿੱਤਾ ਹੈ ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਨੂੰ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਜਿਹੜੀ ਪਿਛਲੀ ਸਰਕਾਰ ਇਸ ਜਗ੍ਹਾ ਬੈਠੀ ਸੀ, ਉਨ੍ਹਾਂ ਨੇ ਖਜ਼ਾਨੇ ਦਾ ਉਹ ਹਾਲ ਕੀਤਾ ਹੈ ਔਰ ਜਿਹੜੀ ਅੰਮ੍ਰਿਤਸਰ ਦੀ ਕੌਂਸਲ ਸੀ, ਉਸ ਦੇ ਵਿੱਚ ਉਸ ਵੇਲੇ ਇਨ੍ਹਾਂ ਨੇ ਏਨੀ ਲੁੱਟ ਮਚਾਈ ਸੀ ਕਿ ਉਸ ਲੁੱਟ ਕਾਰਨ ਕਾਰਪੋਰੇਸ਼ਨ ਦਾ ਬੁਰਾ ਹਾਲ ਹੋਇਆ । ਉਸ ਨੂੰ ਪੈਰਾਂ ਤੇ ਖੜ੍ਹਾ ਕਰਨ ਵਾਸਤੇ ਅਸੀਂ ਭਰਪੂਰ ਯਤਨ ਕਰ ਰਹੇ ਹਾਂ । ਡੇਢ ਕਰੋੜ ਰੁਪਿਆ ਅਸੀਂ ਦਿੱਤਾ ਵੀ ਹੈ, ਹੁਣ ਅਸੀਂ ਪ੍ਰਬੰਧ ਕਰ ਰਹੇ ਹਾਂ ਔਰ ਪ੍ਰਬੰਧ ਕਰਕੇ ਸੜਕਾਂ ਦੀ ਮੁਰੰਮਤ ਕਰਵਾਵਾਂਗੇ ।

**MR. SPEAKER** : ਉਨ੍ਹਾਂ ਨੇ ਪੁੱਛਿਆ ਹੈ ਕਿ ਕੀ ਕਿਸੇ ਸੜਕ ਦੀ ਰਿਪੇਅਰ ਕੀਤੀ ਹੈ, ਤੁਸੀਂ ਕਹੋ ਕਿ ਨਹੀਂ ਕੀਤੀ ।

**ਮੰਤਰੀ** : ਮੈਂ ਤਾਂ ਤੁਹਾਨੂੰ ਦੱਸਿਆ ਹੈ ਕਿ ਨਗਰ ਨਿਗਮ ਦੀ ਕੀ ਪੁਜ਼ੀਸ਼ਨ ਹੈ । ਉਸ ਦੇ ਸਿਰ 19 ਕਰੋੜ ਰੁਪਏ ਦੀਆਂ ਦੇਣਦਾਰੀਆਂ ਹਨ । ਉਸ ਦੀ ਪੁਜ਼ੀਸ਼ਨ ਨਹੀਂ ਸੀ ਕਿ ਉਹ ਕਿਸੇ ਸੜਕ ਦੀ ਰਿਪੇਅਰ ਕਰ ਸਕਦੀ । ਹੁਣ ਆਉਣ ਵਾਲੇ ਸਮੇਂ ਵਿੱਚ ਅਸੀਂ ਰਿਪੇਅਰ ਕਰਾਂਗੇ ।

**MR. SPEAKER** : Answer is clear. No repair.

**ਕੈਪਟਨ ਕੰਵਲਜੀਤ ਸਿੰਘ** : ਕੀ ਕੋਈ ਸੜਕ ਰਿਪੇਅਰ ਨਹੀਂ ਕੀਤੀ ?

**ਮਾਨਯੋਗ ਸਪੀਕਰ** : ਹਾਂ ਜੀ । ਕੈਪਟਨ ਸਾਹਿਬ, ਤੁਹਾਡੇ ਸਵਾਲ ਦਾ ਜਵਾਬ ਆ ਗਿਆ ਹੈ ਕਿ ਕੋਈ ਸੜਕ ਰਿਪੇਅਰ ਨਹੀਂ ਕੀਤੀ । ਨੈਕਸਟ ਕੁਐਸਚਨ ।

---

### ਅੰਮ੍ਰਿਤਸਰ ਵਿੱਚ ਸਫਾਈ ਸਿਸਟਮ ਫੇਲ੍ਹ ਹੋਣਾ

*469. **ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅੰਮ੍ਰਿਤਸਰ ਸ਼ਹਿਰ ਵਿਖੇ ਸਫਾਈ ਦੀ ਹਾਲਤ ਬਹੁਤ ਜ਼ਿਆਦਾ ਵਿਗੜ ਗਈ ਹੈ । ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਸੁਧਾਰਨ ਲਈ ਸਰਕਾਰ ਕੀ ਕਾਰਵਾਈ ਕਰਨ ਦਾ ਵਿਚਾਰ ਰੱਖਦੀ ਹੈ ?

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਜੀਤ ਸਿੰਘ** : ਨਹੀਂ ਜੀ ।

**ਸ੍ਰੀ ਜੁਗਲ ਕਿਸ਼ੋਰ ਸ਼ਰਮਾ** : ਮਾਨਯੋਗ ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਤੁਹਾਡੇ ਰਾਹੀਂ ਆਪਣੇ ਲੋਕਲ ਬਾਡੀਜ਼ ਮਨਿਸਟਰ ਦਾ ਧੰਨਵਾਦ ਕਰਾਂਗਾ ਕਿ ਉਨ੍ਹਾਂ ਨੇ ਯਕੀਨ ਦਿਵਾਇਆ ਹੈ ਕਿ ਸੜਕਾਂ ਰਿਪੇਅਰ ਕੀਤੀਆਂ ਜਾਣਗੀਆਂ, ਬਣਾਈਆਂ ਜਾਣਗੀਆਂ ਕਿਉਂਕਿ ਪਹਿਲੀ ਸਰਕਾਰ ਤਾਂ ਪੰਜ ਸਾਲ ਦੇਖਦੀ ਹੀ ਰਹੀ ਹੈ । ਦੂਸਰਾ ਜਿਹੜਾ ਮੇਰਾ ਕੁਐਸਚਨ ਨੰਬਰ 4੍9 ਹੈ, ਇਸ ਦੇ ਵਿੱਚ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਅੰਮ੍ਰਿਤਸਰ ਬਾਰੇ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਿੱਚ ਪਿਛਲੀ ਸਰਕਾਰ ਜਿਹੜੀ ਲੋਕਲ ਬਾਡੀਜ਼ ਦੀ ਸੀ, ਉਹ ਬੀ.ਜੇ.ਪੀ. ਦੀ ਸੀ । ਪਿਛਲੀ ਸਰਕਾਰ ਦੇ ਸਮੇਂ ਵਿੱਚ ਵੀ ਕੋਈ ਟਰਾਲੀ ਟਰੈਕਟਰ ਜਾਂ ਦੂਸਰੇ ਸਫਾਈ ਕਰਨ ਵਾਸਤੇ

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਟ ਕਰੋ ।

**ਸ੍ਰੀ ਜੁਗਲ ਕਿਸ਼ੋਰ ਸ਼ਰਮਾ** : ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਦਸ ਸਾਲ ਪਹਿਲਾਂ ਦੇ ਪੁਰਾਣੇ ਟਰੈਕਟਰ ਸਫਾਈ ਕਰਨ ਵਾਸਤੇ ਸਨ ਜਾਂ ਕੂੜਾ ਲਿਫਟ ਕਰਨ ਵਾਸਤੇ ਸਨ, ਕੀ ਪੰਜਾਬ ਸਰਕਾਰ ਵੱਲੋਂ ਉਸ ਦੀ ਕੋਈ ਤਜਵੀਜ਼ ਬਣਾਈ ਗਈ ਹੈ ਕਿ ਨਵੇਂ ਮੁਹੱਈਆ ਕਰਵਾਏ ਜਾਣਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਪਿਛਲੇ ਸਮੇਂ ਵਿੱਚ, ਇਨ੍ਹਾਂ ਦੇ (ਆਪੋਜੀਸ਼ਨ ਵੱਲ ਇਸ਼ਾਰਾ) ਵੇਲੇ ਟਰੈਕਟਰ ਟਰਾਲੀਆਂ ਦੀ ਬੜੀ ਟੁੱਟ-ਭੱਜ ਹੋਈ ਹੈ ਲੇਕਿਨ ਹੁਣ ਅਸੀਂ ਫੈਸਲਾ ਕੀਤਾ ਕਿ 16 ਨਵੀਆਂ ਟਰਾਲੀਆਂ ਲਈਆਂ ਜਾਣਗੀਆਂ ਅਤੇ ਜਿਹੜੇ ਰਕਸ਼ੇ ਗੰਦ ਢੋਣ ਵਾਲੇ ਹੁੰਦੇ ਹਨ, ਉਹ ਵੀ ਨਵੇਂ ਲਏ ਜਾਣਗੇ ਤਾਂ ਕਿ ਸਫਾਈ ਵਿੱਚ ਸੁਧਾਰ ਲਿਆਂਦਾ ਜਾ ਸਕੇ ।

**ਸ੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਇਹ ਆਪਣੀ ਇੱਕ ਸਾਲ ਦੀ ਕਾਰਗੁਜ਼ਾਰੀ ਤਾਂ ਦੱਸ ਦੇਣ ਕਿ ਪਿਛਲੇ ਇੱਕ ਸਾਲ ਵਿੱਚ ਸਫਾਈ ਲਈ ਕਿੰਨਾ ਪੈਸਾ ਖਰਚ ਕੀਤਾ ਗਿਆ ਹੈ, ਕਿੰਨੇ ਉਪਕਰਣ ਖਰੀਦੇ ਗਏ ਹਨ ? ਪਿਛਲੀ ਸਰਕਾਰ ਦੇ ਅਖੀਰਲੇ ਦੋ ਸਾਲਾਂ ਬਾਰੇ ਵੀ ਦੱਸ ਦੇਣ ਕਿ ਕਿੰਨੇ ਪੈਸੇ ਖਰਚੇ ਗਏ ਸਨ ?

**ਮਾਨਯੋਗ ਸਪੀਕਰ** : ਇਹ ਸਵਾਲ ਨਹੀਂ ਬਣਦਾ ਜੀ । ਨੈਕਸਟ ਕੁਐਸਚਨ, ਨੰਦ ਲਾਲ ਜੀ ।

---

### ਰਹਿਮ ਦੇ ਆਧਾਰ ਤੇ ਨੌਕਰੀਆਂ

*428. **ਚੌਧਰੀ ਨੰਦ ਲਾਲ** : ਕੀ ਸਕੂਲ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਨਵਾਂ ਸ਼ਹਿਰ ਵਿਖੇ ਸਿੱਖਿਆ ਵਿਭਾਗ ਦੇ ਹਰ ਇਕ ਕਾਡਰ ਦੇ ਉਨ੍ਹਾਂ ਕਰਮਚਾਰੀਆਂ, ਜਿਨ੍ਹਾਂ ਦੀ ਨੌਕਰੀ ਦੌਰਾਨ ਮੌਤ ਹੋਈ, ਦੇ ਆਸ਼ਰਿਤਾਂ ਨੂੰ ਰਹਿਮ ਦੇ ਆਧਾਰ ਤੇ ਨੌਕਰੀਆਂ ਦੇਣ ਲਈ ਪੈਂਡਿੰਗ ਪਏ ਕੇਸਾਂ ਦੀ ਗਿਣਤੀ ਕਿੰਨੀ-ਕਿੰਨੀ ਹੈ ?

Original with;
Punjab Vidhan Sabha
Digitized by;

**ਸ੍ਰੀ ਖੁਸ਼ਹਾਲ ਬਹਿਲ** : 1. ਬਤੌਰ ਕਲਰਕ ਨਿਯੁਕਤੀ ਦੇਣ ਸਬੰਧੀ ਪੈਂਡਿੰਗ ਕੇਸਾਂ ਦੀ ਗਿਣਤੀ 22

2. ਬਤੌਰ ਦਰਜਾ ਚਾਰ ਨਿਯੁਕਤੀ ਦੇਣ ਸਬੰਧੀ ਪੈਡਿੰਗ ਕੇਸਾਂ ਦੀ ਗਿਣਤੀ 06

**ਚੌਧਰੀ ਨੰਦ ਲਾਲ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਦੱਸਿਆ ਹੈ ਕਿ 22 ਨਿਯੁਕਤੀ ਦੇ ਕੇਸ ਪੈਂਡਿੰਗ ਹਨ, ਮੰਤਰੀ ਜੀ ਕ੍ਰਿਪਾ ਕਰਕੇ ਦਸ ਦੇਣ ਕਿ ਉਨ੍ਹਾਂ ਨੂੰ ਨਿਯੁਕਤੀ ਕਦੋਂ ਤੱਕ ਦੇ ਦੇਣਗੇ ?

**ਮੰਤਰੀ** : ਇਨ੍ਹਾਂ ਨੂੰ ਐਪੁਆਇੰਟਮੈਂਟ ਦੇਣ ਦਾ ਪ੍ਰੋਸੈਸ ਜਾਰੀ ਹੈ, ਜਿਸ ਵੇਲੇ ਪੂਰਾ ਹੋ ਗਿਆ ਨਿਯੁਕਤੀ ਦੇ ਦਿੱਤੀ ਜਾਵੇਗੀ ।

**ਚੌਧਰੀ ਨੰਦ ਲਾਲ** : ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਇਹ ਪ੍ਰੋਸੈਸ ਪੂਰਾ ਹੋ ਜਾਵੇਗਾ ?

**ਮਾਨਯੋਗ ਸਪੀਕਰ** : ਪ੍ਰੋਸੈਸ ਕਿੰਨੀ ਦੇਰ ਵਿੱਚ ਮੁਕੰਮਲ ਹੋ ਜਾਵੇਗਾ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਜੋ ਹਾਲਾਤ ਸਨ, ਉਸ ਵਿੱਚ ਵਿੱਤੀ ਸੰਕਟ ਕਰਕੇ ਸਾਨੂੰ ਪੋਸਟਾਂ ਅਬਾਲਿਸ਼ ਕਰਨੀਆਂ ਪਈਆਂ ਸਨ । ਹੁਣ ਉਸ ਨੂੰ ਫਿਰ ਰਿਵਾਈਵ ਕੀਤਾ ਹੈ । ਜਿਸ ਵੇਲੇ ਬਦਕਿਸਮਤੀ ਕਰਕੇ ਕਿਸੇ ਟੀਚਰ ਦੀ ਡੈਥ ਹੋ ਜਾਂਦੀ ਹੈ ਤਾਂ ਉਸ ਦੇ ਡਿਪੈਂਡੈਂਟ ਨੂੰ ਨੌਕਰੀ ਦਿੰਦੇ ਹਾਂ । ਇਸ ਹਾਲਾਤ ਵਿੱਚ ਸਾਨੂੰ ਕੁਝ ਟਾਈਮ ਤਾਂ ਲੱਗੇਗਾ ਹੀ । ਹੁਣ ਨਵੇਂ ਰੂਲਜ਼ ਬਣਾਏ ਹਨ, ਉਨ੍ਹਾਂ ਦੇ ਮੁਤਾਬਿਕ ਸਾਰਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ । ਹੁਣ ਬੈਨ ਵੀ ਉਠਾ ਲਿਆ ਗਿਆ ਹੈ ਔਰ ਇਹ ਪ੍ਰੋਸੈਸ ਹੋ ਰਿਹਾ ਹੈ ਔਰ ਬਹੁਤ ਜਲਦੀ ਪੂਰਾ ਹੋ ਜਾਵੇਗਾ ।

**ਮਾਨਯੋਗ ਸਪੀਕਰ** : ਜਲਦੀ ਹੋ ਜਾਵੇਗਾ ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਿਛਲੇ ਇੱਕ ਸਾਲ ਦੇ ਵਿੱਚ ਕੰਪੈਸ਼ਨੇਟ ਗਰਾਊਂਡ ਦੇ ਉਤੇ ਜਿਸ ਨੂੰ ਕਿ ਤਰਸਯੋਗ ਹਾਲਾਤ ਦੇ ਆਧਾਰ ਤੇ ਕਹਿੰਦੇ ਹਨ, ਦੇ ਤਹਿਤ ਕੀ ਕਿਸੇ ਕੈਂਡੀਡੇਟ ਨੂੰ ਨੌਕਰੀ ਦਿੱਤੀ ਹੈ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੈਂਬਰ ਇਸ ਦੇ ਬਾਰੇ ਸੈਪਰੇਟ ਕੁਐਸਚਨ ਦੇ ਦੇਣ ਤਾਂ ਅਸੀਂ ਇਸ ਦੀ ਬਕਾਇਦਾ ਲਿਸਟ ਦੇ ਦੇਵਾਂਗੇ ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਇਹ ਇਸੇ ਸਵਾਲ ਦੇ ਨਾਲ ਰੇਲੇਵੈਂਟ ਹੈ ਔਰ ਮੰਤਰੀ ਜੀ ਨੂੰ ਇਸ ਦੇ ਬਾਰੇ ਜਾਣਕਾਰੀ ਦੇ ਦੇਣੀ ਚਾਹੀਦੀ ਹੈ ਕਿ ਕਿੰਨੇ ਵਿਅਕਤੀਆਂ ਨੂੰ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਹੈ ?

Original with;
Punjab Vidhan Sabha
Digitized by;
Punjab Digital Library

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਇਹ ਲਿਖ ਕੇ ਦੇ ਦੇਣ ਤਾਂ ਅਸੀਂ ਜਿੰਨੇ ਵੀ ਕੈਂਡੀਡੇਟਾਂ ਨੂੰ ਨੌਕਰੀ ਦਿੱਤੀ ਹੈ, ਉਨ੍ਹਾਂ ਦੇ ਬਾਰੇ ਜਾਣਕਾਰੀ ਦੇ ਦੇਵਾਂਗੇ ।

ਕੈਪਟਨ ਕੰਵਲਜੀਤ ਸਿੰਘ : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨਵਾਂ ਸ਼ਹਿਰ ਦੇ ਬਾਰੇ ਹੀ ਜਾਣਕਾਰੀ ਦੇ ਦੇਣ ਕਿ ਕਿੰਨਿਆਂ ਨੂੰ ਨੌਕਰੀ ਦਿੱਤੀ ਗਈ ਹੈ? ਮੇਰਾ ਖਿਆਲ ਹੈ ਕਿ ਇਨ੍ਹਾਂ ਨੇ ਕੋਈ ਵੀ ਕੈਂਡੀਡੇਟ ਨੌਕਰੀ ਤੇ ਨਹੀਂ ਰੱਖਿਆ ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ।)

ਮਾਨਯੋਗ ਸਪੀਕਰ : ਅਗਲਾ ਸਵਾਲ ।

---

### ਬਲਾਕ ਚੋਗਾਵਾਂ I ਅਤੇ II ਵਿਚ ਪ੍ਰਾਇਮਰੀ ਸਕੂਲਾਂ ਦੀ ਗਿਣਤੀ

*454 1. ਸਰਦਾਰ ਵੀਰ ਸਿੰਘ ਲੋਪੋਕੇ
2. ਡਾਕਟਰ ਰਤਨ ਸਿੰਘ
} : ਕੀ ਸਕੂਲ ਸਿੱਖਿਆ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

ੳ) ਜ਼ਿਲ੍ਹਾ ਅੰਮ੍ਰਿਤਸਰ ਵਿਚ ਸਿੱਖਿਆ ਬਲਾਕਾਂ ਚੋਗਾਵਾਂ I ਅਤੇ ਚੋਗਾਵਾਂ II ਵਿਚ ਪ੍ਰਾਇਮਰੀ ਸਕੂਲਾਂ ਦੀ ਗਿਣਤੀ ਕਿੰਨੀ ਹੈ ਅਤੇ ਜਨਵਰੀ, 2001 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਉਥੇ ਲਗਾਏ ਗਏ ਅਧਿਆਪਕਾਂ ਦੀ ਵੱਖ-ਵੱਖ ਗਿਣਤੀ ਕਿੰਨੀ ਕਿੰਨੀ ਹੈ; ਅਤੇ

ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਚੋਂ ਉਨ੍ਹਾਂ ਅਧਿਆਪਕਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਸਾਲਾਂ 2001 ਤੋਂ ਲੈ ਕੇ ਮਿਤੀ ਅੰਤ ਤੱਕ ਦੇ ਦੌਰਾਨ ਅੰਮ੍ਰਿਤਸਰ ਸ਼ਹਿਰ ਦੇ ਨੇੜੇ ਤਬਦੀਲ ਕੀਤੇ ਗਏ/ਐਡਜਸਟ ਕੀਤੇ ਗਏ ?

ਸ੍ਰੀ ਖੁਸ਼ਹਾਲ ਬਹਿਲ : (ੳ)

| | ਸਕੂਲਾਂ ਦੀ ਗਿਣਤੀ | ਟੀਚਰਾਂ ਦੀ ਗਿਣਤੀ |
|---|---|---|
| ਚੋਗਾਵਾਂ-I | 57 | 46 |
| ਚੋਗਾਵਾਂ-II | —74 | 42 |

(ਅ)

| | |
|---|---|
| ਚੋਗਾਵਾਂ-I | 03 |
| ਚੋਗਾਵਾਂ-II | 04 |

ਸਰਦਾਰ ਵੀਰ ਸਿੰਘ ਲੋਪੋਕੇ : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਬਾਰਡਰ ਦਾ ਇਲਾਕਾ ਹੈ । ਮੰਤਰੀ

Original with;
Punjab Vidhan Sabha
Digitized by;

[ਸਰਦਾਰ ਵੀਰ ਸਿੰਘ ਲੋਪੋਕੇ]

ਸਾਹਿਬ ਨੇ ਚੋਗਾਵਾਂ-1 ਦੇ ਵਿੱਚ ਸਕੂਲਾਂ ਦੀ ਗਿਣਤੀ 57 ਦੱਸੀ ਹੈ ਔਰ ਉਥੇ ਟੀਚਰਾਂ ਦੀ ਗਿਣਤੀ 46 ਹੈ, ਜੇਕਰ ਇੱਕ ਇੱਕ ਸਕੂਲ ਦੇ ਬਾਰੇ ਦੇਖੀਏ ਤਾਂ ਇਸ ਤਰ੍ਹਾਂ 11 ਪੋਸਟਾਂ ਖਾਲੀ ਹਨ, ਇਸੇ ਤਰ੍ਹਾਂ ਚੋਗਾਵਾਂ-2 ਦੇ ਵਿੱਚ ਇਨ੍ਹਾਂ ਨੇ ਸਕੂਲਾਂ ਦੀ ਗਿਣਤੀ 74 ਦੱਸੀ ਹੈ ਔਰ ਉਥੇ ਟੀਚਰ 42 ਹਨ ਤੇ ਇੱਕ ਇੱਕ ਸਕੂਲ ਦੇ ਮੁਤਾਬਿਕ ਦੇਖੀਏ ਤਾਂ 32 ਸਕੂਲਾਂ ਦੇ ਵਿੱਚ ਟੀਚਰਾਂ ਦੀਆਂ ਪੋਸਟਾਂ ਖਾਲੀ ਪਈਆਂ ਹਨ। ਮਾਨਯੋਗ ਸਪੀਕਰ ਸਾਹਿਬ, ਇਹ ਬਾਰਡਰ ਦਾ ਇਲਾਕਾ ਹੈ ਤੇ ਕੀ ਮੰਤਰੀ ਜੀ ਇਹ ਦੱਸਣਗੇ ਕਿ ਉਥੇ ਟੀਚਰਾਂ ਦਾ ਇੰਨਾ ਗੈਪ ਕਿਉਂ ਰੱਖਿਆ ਗਿਆ ਹੈ ਤੇ ਟੀਚਰਾਂ ਦੀ ਗਿਣਤੀ ਪੂਰੀ ਕਰਨਗੇ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਗੱਲ ਇਹ ਹੈ ਕਿ ਅਸੀਂ ਕੋਈ ਸਕੂਲ ਖਾਲੀ ਨਹੀਂ ਰੱਖਿਆ। ਇਸ ਦਾ ਟੈਂਪਰੇਰੀ ਅਰੇਂਜਮੈਂਟ ਹੁੰਦਾ ਹੈ ਔਰ ਬਾਇ-ਰੋਟੇਸ਼ਨ ਸਕੂਲਾਂ ਵਿਚ ਪੜ੍ਹਾਉਂਦੇ ਹਨ ਤੇ ਇਸ ਤਰ੍ਹਾਂ ਦੇ ਨਾਲ ਪੜ੍ਹਾਈ ਦਾ ਸਿਲਸਿਲਾ ਜਾਰੀ ਰਹਿੰਦਾ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਇਨਫਰਮੇਸ਼ਨ ਦੇ ਵਿੱਚ ਥੋੜ੍ਹੀ ਜਿਹੀ ਐਡੀਸ਼ਨ ਕਰਨੀ ਚਾਹੁੰਦਾ ਹਾਂ ਤੇ ਜਿਸ ਨੂੰ ਦੇਖਦੇ ਹੋਏ ਕਿ ਸਾਡੇ ਕੋਲ ਟੀਚਰਾਂ ਦੀ ਪ੍ਰਾਇਮਰੀ ਦੇ ਵਿੱਚ ਘਾਟ ਹੈ। ਅਸੀਂ ਇਸ ਦੇ ਬੁਨਿਆਦੀ ਸਟਰਕਚਰ ਵਿੱਚ ਚੇਂਜ ਲਿਆਂਦੀ ਹੈ, ਐਲੀਮੈਂਟਰੀ ਸਿਸਟਮ ਇੰਟਰੋਡਿਊਸ ਕੀਤਾ ਹੈ। ਇਸ ਦਾ ਪ੍ਰਾਇਮਰੀ ਪਾਰਟ ਅੱਠਵੀਂ ਤੱਕ ਬਣ ਗਿਆ ਹੈ ਔਰ ਜਿਹੜੇ ਅੱਠਵੀਂ ਤੱਕ ਦੇ ਉਪਰਲੇ ਕਾਡਰ ਦੇ ਟੀਚਰ ਹਨ ਉਹ ਥੱਲੇ ਆ ਕੇ ਪੜ੍ਹਾਉਂਦੇ ਹਨ। ਬਕਾਇਦਾ ਰੇਸ਼ਨੇਲਾਈਜ਼ੇਸ਼ਨ ਹੋ ਰਹੀ ਹੈ।

**ਸਰਦਾਰ ਵੀਰ ਸਿੰਘ ਲੋਪੋਕੇ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਸਕੂਲਾਂ ਦੇ ਵਿੱਚ ਇਨ੍ਹਾਂ ਨੇ ਟੈਂਪਰੇਰੀ ਅਰੇਂਜਮੈਂਟ ਕੀਤਾ ਹੈ ਉਨ੍ਹਾਂ ਸਕੂਲਾਂ ਦੀ ਗਿਣਤੀ ਕਿੰਨੀ ਹੈ ਔਰ ਉਨ੍ਹਾਂ ਦੀਆਂ ਜਿਹੜੀਆਂ ਇਨ੍ਹਾਂ ਨੇ ਬਦਲੀਆਂ ਕੀਤੀਆਂ ਹਨ ਕਿਉਂਕਿ ਇਹ ਬਾਰਡਰ ਦਾ ਇਲਾਕਾ ਹੈ, ਉਥੇ ਰਹਿਣ ਨੂੰ ਕੁਝ ਨਹੀਂ ਹੈ, ਇਨ੍ਹਾਂ ਨੇ ਬਦਲੀਆਂ ਜ਼ਿਆਦਾ ਕੀਤੀਆਂ ਹਨ ਪਰ ਗਿਣਤੀ ਸਿਰਫ ਤਿੰਨ ਚਾਰ ਹੀ ਦੱਸੀ ਹੈ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਟੀਚਰਾਂ ਦੀ ਬਦਲੀ ਕੀਤੀ ਗਈ ਹੈ ਕੀ ਉਨ੍ਹਾਂ ਮਾਸਟਰਾਂ ਨੂੰ ਦੁਬਾਰਾ ਲਿਆਉਣਗੇ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਬਦਲੀਆਂ ਜਿਹੜੀਆਂ ਕੀਤੀਆਂ ਹਨ ਉਹ 2001 ਤੋਂ ਲੈ ਕੇ ਹੁਣ ਤੱਕ ਚੋਗਾਵਾਂ-1 ਦੇ ਵਿੱਚ ਤਿੰਨ ਕੀਤੀਆਂ ਹਨ ਔਰ ਚੋਗਾਵਾਂ-2 ਦੇ ਵਿੱਚ ਕੀਤੀਆਂ ਹਨ। ਜਿਥੋਂ ਤੱਕ ਪੜ੍ਹਾਈ ਦਾ ਤੁਅੱਲਕ ਹੈ, ਮੈਂ ਕਹਿੰਦਾ ਹਾਂ ਕਿ ਰੋਟੇਸ਼ਨ ਸਿਸਟਮ ਦੇ ਨਾਲ ਉਥੇ ਟੀਚਰ ਪੜ੍ਹਾਈ ਕਰਵਾਉਣ ਜਾਂਦੇ ਹਨ ਅਤੇ ਕੋਈ ਵੀ ਸਕੂਲ ਟੀਚਰਾਂ ਤੋਂ ਵਾਂਝਾ ਨਹੀਂ ਹੈ।

**ਸਰਦਾਰ ਵੀਰ ਸਿੰਘ ਲੋਪੋਕੇ :** ਮਾਨਯੋਗ ਸਪੀਕਰ ਸਾਹਿਬ, ਕੀ ਮੰਤਰੀ ਜੀ ਇਹ ਦੱਸਣਗੇ ਕਿ ਇਨ੍ਹਾਂ ਸਕੂਲਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਦੇ ਵਿੱਚ ਬਾਇ-ਰੋਟੇਸ਼ਨ ਟੀਚਰ ਪੜ੍ਹਾਉਣ ਲਈ ਜਾਂਦੇ ਹਨ ?

Original with;
Punjab Vidhan Sabha
Digitized by;

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜੇਕਰ ਇਹ ਕੋਈ ਸਪੈਸੇਫਿਕ ਪੁੱਛਣਾ ਚਾਹੁੰਦੇ ਹਨ ਤਾਂ ਮੈਂ ਦੱਸ ਸਕਦਾ ਹਾਂ, ਮੇਰੇ ਕੋਲ ਸਾਰੀ ਫਿਗਰ ਹੈ ।

ਡਾਕਟਰ ਰਤਨ ਸਿੰਘ : ਮਾਨਯੋਗ ਸਪੀਕਰ ਸਾਹਿਬ, ਜੋ ਮੰਤਰੀ ਜੀ ਜਵਾਬ ਦੇ ਰਹੇ ਹਨ ਇਹ ਬਿਲਕੁਲ ਗਲਤ ਜਵਾਬ ਦੇ ਰਹੇ ਹਨ । 50 ਸਕੂਲ ਬਾਰਡਰ ਦੇ ਇਲਾਕੇ ਵਿਚ ਖਾਲੀ ਪਏ ਹਨ......

ਮਾਨਯੋਗ ਸਪੀਕਰ : ਇਸ ਸਵਾਲ ਦਾ ਜਵਾਬ ਆ ਚੁੱਕਾ ਹੈ, ਤੁਸੀਂ ਬੈਠੋ । ਹਾਂ ਜੀ, ਅਗਲਾ ਸਵਾਲ ।

---

## ਰਾਏਕੋਟ ਵਿਖੇ ਸਿਵਲ ਹਸਪਤਾਲ

*430. ਸਰਦਾਰ ਰਣਜੀਤ ਸਿੰਘ ਤਲਵੰਡੀ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਇੰਡਸਟਰੀਅਲ ਫੋਕਲ ਪੁਆਇੰਟ ਰਾਏਕੋਟ, ਜ਼ਿਲ੍ਹਾ ਲੁਧਿਆਣਾ ਵਿਖੇ 50 ਬਿਸਤਰਿਆਂ ਵਾਲੇ ਹਸਪਤਾਲ ਦੀ ਇਮਾਰਤ ਮੁਕੰਮਲ ਹੋ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਕਿੰਨੇ ਸਮੇਂ ਦੇ ਅੰਦਰ-ਅੰਦਰ ਉਕਤ ਹਸਪਤਾਲ ਨੂੰ ਚਾਲੂ ਕਰਨ ਲਈ ਲੋੜੀਂਦਾ ਸਟਾਫ ਅਤੇ ਸਾਜ਼-ਸਮਾਨ ਮੁਹੱਈਆ ਕਰਵਾ ਦਿੱਤਾ ਜਾਵੇਗਾ ?

ਸ਼੍ਰੀ ਰਮੇਸ਼ ਚੰਦਰ ਡੋਗਰਾ : ਹਾਂ ਜੀ, ਇੰਡਸਟਰੀਅਲ ਫੋਕਲ ਪੁਆਇੰਟ ਰਾਏਕੋਟ, ਜ਼ਿਲ੍ਹਾ ਲੁਧਿਆਣਾ ਵਿਖੇ 50 ਬਿਸਤਰਿਆਂ ਵਾਲੇ ਹਸਪਤਾਲ ਦੀ ਇਮਾਰਤ ਮੁਕੰਮਲ ਹੋ ਗਈ ਹੈ ।

ਇਸ ਹਸਪਤਾਲ ਵਿੱਚ 2 ਡਾਕਟਰ ਅਤੇ 9 ਪੈਰਾ ਮੈਡੀਕਲ ਸਟਾਫ ਪੋਸਟ ਕੀਤੇ ਜਾ ਚੁੱਕੇ ਹਨ । ਮੁਕੰਮਲ ਸਾਜ਼ੋ ਸਮਾਨ ਵੀ ਮੁਹੱਈਆ ਕਰਵਾ ਦਿੱਤਾ ਗਿਆ ਹੈ । ਬਾਕੀ ਲੋੜੀਂਦਾ ਸਟਾਫ ਜ਼ਿਲ੍ਹੇ ਵਿਚੋਂ ਅੰਦਰੂਨੀ ਪ੍ਰਬੰਧ ਰਾਹੀਂ ਐਡਜਸਟ ਕਰਵਾਇਆ ਜਾ ਰਿਹਾ ਹੈ । ਇਸ ਹਸਪਤਾਲ ਨੂੰ ਅਪ੍ਰੈਲ, 2003 ਤੱਕ ਚਾਲੂ ਕਰਨ ਲਈ ਪੁਰਜ਼ੋਰ ਯਤਨ ਕੀਤੇ ਜਾ ਰਹੇ ਹਨ ।

ਸਰਦਾਰ ਰਣਜੀਤ ਸਿੰਘ ਤਲਵੰਡੀ : ਮਾਨਯੋਗ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਆਪਣੇ ਆਪ ਨੂੰ ਬੜੀ ਸਾਫ ਸੁਥਰੀ ਦੱਸਦੀ ਹੈ ਲੇਕਿਨ ਇਹ ਸਚਾਈ ਤੋਂ ਬਹੁਤ ਕੋਹਾਂ ਦੂਰ ਹੈ । ਗੱਲ ਇਹ ਹੈ ਕਿ ਰਾਏਕੋਟ ਹਸਪਤਾਲ ਦੇ ਵਿੱਚ ਅੱਜ ਤਾਈਂ ਨਾ ਕੋਈ ਡਾਕਟਰ ਸਾਹਿਬਾਨ ਅਤੇ ਨਾ ਹੀ ਕੋਈ ਇਕਵਿਪਮੈਂਟ ਭੇਜਿਆ ਗਿਆ ਹੈ ਔਰ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਤੇ ਰਾਏਕੋਟ ਦੀ ਬਜਾਏ ਰਾਜਕੋਟ ਬਾਰੇ ਤਾਂ ਇਨਫਰਮੇਸ਼ਨ ਨਹੀਂ ਭੇਜ ਦਿੱਤੀ ?

ਮੰਤਰੀ : ਜਿੰਨਾ ਇਹ ਪੜ੍ਹ ਸਕਦੇ ਹਨ ਇਨ੍ਹਾਂ ਨੇ ਉਵੇਂ ਹੀ ਗੱਲ ਕਰਨੀ ਹੈ । ਪਰ ਮੈਂ ਤਾਂ ਰਾਏਕੋਟ ਦੀ ਗੱਲ ਹੀ ਕਰ ਰਿਹਾ ਹਾਂ । ਰਾਏਕੋਟ ਸਿਵਲ ਡਿਸਪੈਂਸਰੀ ਸੀ, ਜਿਥੇ ਕਿ ਦੋ ਡਾਕਟਰ ਸਨ ਅਤੇ ਚਾਰ ਬੈੱਡ ਸਟੈਂਡ ਸਨ । 23.91 ਲੱਖ ਰੁਪਿਆ

Original with;
Punjab Vidhan Sabha

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਖਰਚ ਕਰਕੇ ਬਿਲਡਿੰਗ ਬਣਾਈ ਗਈ ਸੀ । ਤਕਰੀਬਨ ਮਹੀਨਾ ਪਹਿਲਾਂ ਹੀ ਬਿਲਡਿੰਗ ਤਿਆਰ ਹੋ ਚੁੱਕੀ ਹੈ । ਪਰ ਉਥੇ ਬਿਜਲੀ ਦੀ ਸਮੱਸਿਆ ਸੀ, ਇਸ ਸਮੱਸਿਆ ਨੂੰ ਹੱਲ ਕਰਨ ਵਾਸਤੇ ਟਾਈਮ ਲੱਗਿਆ ਹੈ । ਕਿਉਂਕਿ ਇਹ ਬਿਲਡਿੰਗ ਸ਼ਹਿਰ ਤੋਂ ਬਾਹਰ ਸੀ, ਇਸੇ ਲਈ ਸਮਾਂ ਲੱਗਿਆ ਹੈ । ਇਹ ਬਿਲਡਿੰਗ ਮਿਤੀ 12 ਮਾਰਚ ਨੂੰ ਇੰਜੀਨੀਅਰਿੰਗ ਡਿਪਾਰਟਮੈਂਟ ਨੂੰ ਹੈਂਡ ਓਵਰ ਕਰ ਦਿੱਤੀ ਹੈ । ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਇਨਫਰਾਸਟਰਕਚਰ ਨਾਲ ਸਬੰਧਤ 43 ਆਈਟਮਾ ਰੀਸੈਂਟਲੀ ਹੀ ਸ਼ਿਫਟ ਕੀਤੀਆਂ ਹਨ । ਇੱਕ ਅਲਟਰਾਸਾਊਂਡ ਮਸ਼ੀਨ ਲੁਧਿਆਣਾ ਵਿਖੇ ਪਈ ਹੈ, ਅਸੀਂ ਉਸ ਨੂੰ ਵੀ ਸ਼ਿਫਟ ਕਰਨ ਜਾ ਰਹੇ ਹਾਂ । ਜਿਥੋਂ ਤੱਕ ਡਾਕਟਰਜ਼ ਦੀ ਗੱਲ ਹੈ, ਡਾਕਟਰਜ਼ ਦੀ ਸਟਰੈਂਥ ਹੀ ਘੱਟ ਹੈ । ਇਹ ਘਾਟ ਵੀ ਅਸੀਂ ਇੰਟਰਨਲ ਐਡਜਸਟਮੈਂਟ ਨਾਲ ਪੂਰੀ ਕਰ ਦੇਵਾਂਗੇ । ਅਪ੍ਰੈਲ, 30 ਤੱਕ ਇਸ ਹਸਪਤਾਲ ਨੂੰ ਫੁਲੀ ਚਾਲੂ ਕਰ ਦਿੱਤਾ ਜਾਵੇਗਾ ।

**ਸਰਦਾਰ ਰਣਜੀਤ ਸਿੰਘ ਤਲਵੰਡੀ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਬੇਨਤੀ ਕਰਾਂਗਾ ਕਿ ਸਦਨ ਦੀ ਇੱਕ ਕਮੇਟੀ ਬਣਾਈ ਜਾਵੇ ਜਿਹੜੀ ਕਿ ਮੌਕੇ ਤੇ ਜਾ ਕੇ ਅਧਿਐਨ ਕਰਿਆ ਕਰੇ......

**ਮਾਨਯੋਗ ਸਪੀਕਰ** : ਇਹ ਸਵਾਲ ਤਾਂ ਨਹੀਂ ਹੈ ।

**ਸਰਦਾਰ ਰਣਜੀਤ ਸਿੰਘ ਤਲਵੰਡੀ** : ਮਾਨਯੋਗ ਸਪੀਕਰ ਸਾਹਿਬ, ਕੀ ਇਹ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਕੰਮ 30 ਅਪ੍ਰੈਲ ਤੱਕ ਪੂਰੀ ਤਰ੍ਹਾਂ ਕੰਪਲੀਟ ਹੋ ਜਾਵੇਗਾ ?

**MINISTER** : There should be no doubt when I am committing in the House. ਇਹ ਹਸਪਤਾਲ ਬਿਲਕੁਲ 30 ਅਪ੍ਰੈਲ ਤੱਕ ਚਾਲੂ ਕਰ ਦਿੱਤਾ ਜਾਵੇਗਾ ।

---

**ਰਾਜ ਵਿਚ ਬੇਘਰੇ ਅਨੁਸੂਚਿਤ ਜਾਤੀਆਂ ਲਈ ਪਲਾਟ**

*417. 1. **ਸ਼੍ਰੀ ਨੱਥੂ ਰਾਮ**
2. **ਸਰਦਾਰ ਗੁਰਜੰਟ ਸਿੰਘ** : ਕੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਦਿਹਾਤੀ ਖੇਤਰਾਂ ਵਿਚ ਬੇਘਰੇ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਪਲਾਟ ਦੇਣ ਲਈ, ਕ੍ਰਮਵਾਰ ਸਾਲ 2000-01, 2001-02 ਅਤੇ 2002-03 ਲਈ ਬਜਟ ਵਿਚ ਸਾਲ-ਵਾਰ ਕਿੰਨੀ ਕਿੰਨੀ ਰਕਮ ਮਖਸੂਸ ਕੀਤੀ ਗਈ ਅਤੇ ਇਸ ਉਦੇਸ਼ ਲਈ ਅਸਲ ਵਿਚ ਸਾਲ-ਵਾਰ ਕਿੰਨੀ ਰਕਮ ਖਰਚ ਕੀਤੀ ਗਈ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਸਦਨ ਦੀ ਮੇਜ਼ ਤੇ ਸਟੇਟਮੈਂਟ ਰੱਖੀ ਜਾਂਦੀ ਹੈ ।

riginal with;
unjab Vidhan Sabha
igitized by;

'ਸਟੇਟਮੈਂਟ'

ਪੇਂਡੂ ਖੇਤਰਾਂ ਵਿਚ ਰਹਿ ਰਹੇ ਬੇ-ਘਰੇ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਨੂੰ ਮਕਾਨ ਬਨਾਉਣ ਲਈ ਪਲਾਟ ਦੇਣ ਦੀ ਸਕੀਮ ਤਹਿਤ ਸਾਲ 2000-01, 2001-02, 2002-03 ਲਈ ਮਖਸੂਸ ਕੀਤੀ ਗਈ ਰਾਸ਼ੀ ਅਤੇ ਖਰਚੀ ਗਈ ਰਾਸ਼ੀ ਦਾ ਵੇਰਵਾ ਹੇਠ ਅਨੁਸਾਰ ਹੈ :—

| ਸਾਲ | ਮਖਸੂਸ ਕੀਤੀ ਰਾਸ਼ੀ | ਖਰਚ ਕੀਤੀ ਰਾਸ਼ੀ | ਵਿਸ਼ੇਸ਼ ਕਥਨ |
|---|---|---|---|
| 1 | 2 | 3 | 4 |
| 2000-01 | ਨਿੱਲ | ਨਿੱਲ | — |
| 2001-02 | 10.00 ਕਰੋੜ ਰੁਪਏ | ਨਿੱਲ | ਸਕੀਮ ਦੇ ਨਾਰਮਜ਼ ਪ੍ਰਵਾਨ ਨਾ ਹੋਣ ਕਾਰਨ ਰਾਸ਼ੀ ਖਰਚ ਨਹੀਂ ਹੋਈ। |
| 2002-03 | 18.00 ਕਰੋੜ ਰੁਪਏ | — | ਇਸ ਸਾਲ ਲਈ ਰੱਖੇ ਗਏ 18.00 ਕਰੋੜ ਵਿੱਚੋਂ 10.00 ਕਰੋੜ ਰੁਪਏ ਯੋਜਨਾਬੰਦੀ ਵਿਭਾਗ ਵੱਲੋਂ ਆਪਣੇ ਪੱਤਰ ਮਿਤੀ 31-1-2003 ਅਨੁਸਾਰ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡਜ਼ ਨੂੰ ਸਕੀਮ ਦੇ ਪ੍ਰਵਾਨਤ ਨਾਰਮਜ਼ ਅਨੁਸਾਰ ਰਲੀਜ਼ ਕਰ ਦਿੱਤੇ ਗਏ ਹਨ। ਇਸ ਸਕੀਮ ਅਧੀਨ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡਜ਼ ਵਲੋਂ ਜਾਰੀ ਕੀਤੀਆਂ ਜਾਣ ਵਾਲੀਆਂ ਪ੍ਰਵਾਨਗੀਆਂ ਅਨੁਸਾਰ ਰਾਸ਼ੀ ਖਜ਼ਾਨਿਆਂ ਵਿਚੋਂ ਡਰਾਅ ਕਰਨ ਉਪਰੰਤ, ਮਿਤੀ 31-3-03 ਤੱਕ ਖਰਚ ਕਰ ਲਈ ਜਾਵੇਗੀ। |

Original with;
Punjab Vidhan Sabha
Digitized by;
Panjab Digital Library

**ਸ਼੍ਰੀ ਨੱਥੂ ਰਾਮ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਲ 2000-2001 ਦੇ ਵਿਚ ਕੋਈ ਰਾਸ਼ੀ ਨਹੀਂ ਰੱਖੀ ਗਈ। ਸਾਲ 2001 ਦੇ ਵਿਚ 10 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਪਰ ਇਹ ਖਰਚ ਨਹੀਂ ਕੀਤੀ ਗਈ। ਮੈਂ ਆਪ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸਕੀਮ ਗਰੀਬਾਂ ਨੂੰ ਪਲਾਟ ਦੇਣ ਲਈ ਬਣਾਈ ਗਈ ਸੀ, ਇਸ ਸਕੀਮ ਨੂੰ ਨੇਪਰੇ ਚਾੜ੍ਹਨ ਲਈ ਕੀ ਇਹ ਉਪਰਾਲੇ ਕਰਨਗੇ ? ਕੀ ਜਿਸ ਅਫ਼ਸਰ ਨੇ ਕੁਤਾਹੀ ਵਰਤੀ ਹੈ, ਉਸ ਅਫ਼ਸਰ ਦੇ ਖਿਲਾਫ ਕੋਈ ਕਾਰਵਾਈ ਕਰਨਗੇ ਅਤੇ ਕਦੋਂ ਕਰਨਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਸਾਲ 2000-2001 ਦੇ ਵਿਚ ਪਹਿਲੀ ਸਰਕਾਰ ਸਰਦਾਰ ਬਾਦਲ ਸਾਹਿਬ ਦੀ ਸਰਕਾਰ ਨੇ ਪੈਸੇ ਹੀ ਸੈਂਕਸ਼ਨ ਨਹੀਂ ਕੀਤੇ ਸਨ। ਇਸ ਬਾਰੇ ਤਾਂ ਇਹੀ ਜਾਣਦੇ ਹਨ। ਸਾਲ 2001-2002 ਦੇ ਵਿਚ 10 ਕਰੋੜ ਰੁਪਿਆ ਕੈਪਟਨ ਸਾਹਿਬ ਦੀ ਸਰਕਾਰ ਨੇ ਰੱਖਿਆ ਸੀ। ਮੈਂ ਹੋਰ ਅੱਗੇ ਦੱਸਦਾ ਹਾਂ ਕਿ ਸਾਲ 2002-2003 ਦੇ ਵਿਚ ਅੱਠ ਕਰੋੜ ਰੁਪਿਆ ਸਰਕਾਰ ਨੇ ਰੱਖਿਆ ਹੈ। ਇਹ ਸਾਰੇ ਪੈਸੇ ਬਕਾਇਦਾ 31 ਮਾਰਚ ਤੱਕ ਕਢਵਾ ਕੇ ਖਰਚ ਲਏ ਜਾਣਗੇ।

---

### ਅਨੁਸੂਚਿਤ ਜਾਤੀਆਂ ਦੇ ਬੇਘਰੇ ਪਰਿਵਾਰਾਂ ਲਈ ਮਕਾਨ

*418. 1. **ਸ਼੍ਰੀ ਨੱਥੂ ਰਾਮ**
2. **ਸਰਦਾਰ ਗੁਰਜੰਟ ਸਿੰਘ** } : ਕੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਦੇ ਦਿਹਾਤੀ ਖੇਤਰਾਂ ਵਿਚ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਬੇਘਰੇ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਨੂੰ ਮਕਾਨ ਦੇਣ ਲਈ ਕ੍ਰਮਵਾਰ ਸਾਲ 2000-01, 2001-02 ਅਤੇ 2002-03 ਲਈ ਬਜਟ ਵਿਚ ਸਾਲ-ਵਾਰ ਕਿੰਨੀ ਕਿੰਨੀ ਰਕਮ ਮਖਸੂਸ ਕੀਤੀ ਗਈ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਕੀਮ ਲਈ ਮਖਸੂਸ ਕੀਤੀ ਗਈ ਕੁੱਲ ਰਕਮ ਉਕਤ ਸਮੇਂ ਦੇ ਦੌਰਾਨ ਇਸ ਉਦੇਸ਼ ਲਈ ਅਸਲ ਵਿਚ ਖਰਚ ਕੀਤੀ ਗਈ ਹੈ; ਜੇਕਰ ਨਹੀਂ, ਤਾਂ ਇਸਦੇ ਕੀ ਕਾਰਣ ਹਨ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਸਦਨ ਦੀ ਮੇਜ਼ ਤੇ ਸਟੇਟਮੈਂਟ ਰੱਖੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

'ਸਟੇਟਮੈਂਟ'

(ੳ) ਰਾਜ ਦੇ ਦਿਹਾਤੀ ਖੇਤਰਾਂ ਵਿਚ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਅਨੁਸੂਚਿਤ ਜਾਤੀਆਂ ਦੇ ਬੇ-ਘਰੇ ਪਰਿਵਾਰਾਂ ਨੂੰ ਮਕਾਨ ਬਣਾਉਣ ਲਈ ਸਾਲ 2000-01, 2001-02 ਅਤੇ 2002-03 ਵਿਚ ਕੀਤੇ ਬਜ਼ਟ ਉਪਬੰਧ ਦਾ ਵੇਰਵਾ ਇਸ ਪ੍ਰਕਾਰ ਹੈ :—

| ਸਾਲ | ਮਖਸੂਸ ਕੀਤੀ ਰਾਸ਼ੀ |
|---|---|
| 2000-01 | ਨਿੱਲ |
| 2001-02 | 10.00 ਕਰੋੜ ਰੁਪਏ |
| 2002-03 | 18.00 ਕਰੋੜ ਰੁਪਏ |

(ਅ) ਉਕਤ ਭਾਗ (ੳ) ਵਿਚ ਦਰਜ ਮਖਸੂਸ ਕੀਤੀ ਗਈ ਰਾਸ਼ੀ ਵਿੱਚੋਂ ਸਾਲ-ਵਾਰ ਖਰਚ ਕੀਤੀ ਗਈ ਰਾਸ਼ੀ ਦਾ ਵੇਰਵਾ ਇਸ ਪ੍ਰਕਾਰ ਹੈ :—

| ਸਾਲ | ਖਰਚ ਕੀਤੀ ਗਈ ਰਾਸ਼ੀ | ਵਿਸ਼ੇਸ਼ ਕਥਨ |
|---|---|---|
| 1 | 2 | 3 |
| 2000-01 | ਨਿੱਲ | — |
| 2001-02 | ਨਿੱਲ | ਸਕੀਮ ਦੇ ਨਾਰਮਜ਼ ਪ੍ਰਵਾਨ ਨਾ ਹੋਣ ਕਾਰਨ ਰਾਸ਼ੀ ਖਰਚ ਨਹੀਂ ਹੋਈ। |
| 2002-03 | — | ਇਸ ਸਾਲ ਲਈ ਰੱਖੀ 18.00 ਕਰੋੜ ਰੁਪਏ ਦੀ ਰਾਸ਼ੀ ਵਿਚੋਂ 10.00 ਕਰੋੜ ਰੁਪਏ ਯੋਜਨਾ-ਬੰਦੀ ਵਿਭਾਗ ਵੱਲੋਂ ਆਪਣੇ ਪੱਤਰ ਮਿਤੀ 31-1-2003 ਅਨੁਸਾਰ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡਜ਼ ਨੂੰ ਸਮੇਤ |

Original with;
Punjab Vidhan Sabha
Digitized by;
Panjab Digital Library

[ਸਰਦਾਰ ਜੋਗਿੰਦਰ ਸਿੰਘ ਮਾਨ]

| 1 | 2 | 3 |
|---|---|---|
| | | ਸਕੀਮ ਦੇ ਪਰਵਾਨਤ ਨਾਰਮਜ਼ ਦੇ, ਰਲੀਜ਼ ਕਰ ਦਿੱਤੇ ਗਏ ਹਨ । ਇਸ ਸਕੀਮ ਅਧੀਨ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡਜ਼ ਵਲੋਂ ਜਾਰੀ ਕੀਤੀਆਂ ਜਾਣ ਵਾਲੀਆਂ ਪ੍ਰਵਾਨਗੀਆਂ ਅਨੁਸਾਰ ਰਾਸ਼ੀ ਖਜ਼ਾਨਿਆਂ ਵਿਚੋਂ ਡਰਾਅ ਕਰਨ ਉਪਰੰਤ 31-3-03 ਤੱਕ ਖਰਚ ਕਰ ਲਈ ਜਾਵੇਗੀ । |

**ਸ਼੍ਰੀ ਨੱਥੂ ਰਾਮ** : ਮਾਨਯੋਗ ਸਪੀਕਰ ਸਾਹਿਬ, ਇਹ ਸਵਾਲ ਵੀ ਸਵਾਲ ਨੰ: 417 ਦੇ ਨਾਲ ਮਿਲਦਾ ਜੁਲਦਾ ਹੀ ਹੈ । ਸਾਲ 2001-2002 ਦੇ ਵਿਚ 10 ਕਰੋੜ ਰੁਪਿਆ ਰੱਖਿਆ ਗਿਆ ਸੀ, ਪਰ ਉਹ ਰਾਸ਼ੀ ਖਰਚ ਨਹੀਂ ਹੋਈ । ਜਿਨ੍ਹਾਂ ਅਫ਼ਸਰਾਂ ਨੇ ਇਸ ਰਾਸ਼ੀ ਨੂੰ ਖਰਚ ਨਾ ਕਰਨ ਦੀ ਕੁਤਾਹੀ ਵਰਤੀ ਹੈ, ਕੀ ਉਨ੍ਹਾਂ ਦੇ ਖਿਲਾਫ਼ ਕੋਈ ਕਾਰਵਾਈ ਕਰਨ ਦਾ ਮੰਤਰੀ ਜੀ ਭਰੋਸਾ ਦਿਵਾਉਣਗੇ ? ਇਸ ਤਰ੍ਹਾਂ ਗਰੀਬ ਲੋਕ ਘਰਾਂ ਤੋਂ ਵਾਂਝੇ ਰਹਿ ਗਏ ਹਨ ।

**ਮੰਤਰੀ** : ਇਹ ਪੈਸਾ ਜੋ ਖਰਚ ਹੋਣਾ ਸੀ, ਇਹ ਸਕੀਮ ਪਹਿਲਾਂ ਰੂਰਲ ਡਿਵੈਲਪਮੈਂਟ ਅਤੇ ਪੰਚਾਇਤ ਪਾਸ ਹੋਣ ਕਰਕੇ ਉਨ੍ਹਾਂ ਵਲੋਂ ਖਰਚ ਹੋਣਾ ਸੀ । ਇਹ ਪੈਸੇ ਹੁਣ ਪਲਾਨਿੰਗ ਡਿਪਾਰਟਮੈਂਟ ਦੇ ਥਰੂ ਆਏ ਹਨ । ਹੁਣ ਵੈਲਫੇਅਰ ਡਿਪਾਰਟਮੈਂਟ ਨੇ ਨਾਰਮਜ਼ ਫਿਕਸ ਕਰ ਲਏ ਹਨ ਅਤੇ ਇਹ ਰੁਪਿਆ ਖਰਚ ਕਰ ਲਿਆ ਜਾਵੇਗਾ ।

**ਸਰਦਾਰ ਗੁਰਜੰਟ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ 31 ਮਾਰਚ, 2003 ਤੱਕ ਕੀ ਇਹ ਸਾਰਾ ਪੈਸਾ ਖਰਚ ਕਰ ਲੈਣਗੇ ਔਰ ਸਾਰਾ ਕੰਮ ਠੀਕ ਤਰੀਕੇ ਨਾਲ ਹੋ ਜਾਵੇਗਾ ? ਕਿਉਂਕਿ ਅੱਜ ਸਿਰਫ ਦਸ ਦਿਨ ਹੀ ਰਹਿ ਗਏ ਹਨ ?

**ਮੰਤਰੀ** : ਇਹ ਆਨ ਗੋਇੰਗ ਪ੍ਰਾਸੈਸ ਹੈ । ਡਿਸਟ੍ਰਿਕਟ ਅਫ਼ਸਰਾਂ ਨੂੰ ਪੈਸੇ ਕਢਵਾ ਕੇ ਵੰਡ ਦਿੱਤੇ ਜਾਣਗੇ ।

**ਮਾਨਯੋਗ ਸਪੀਕਰ** : ਮੈਂਬਰ ਸਾਹਿਬ ਪੁੱਛ ਰਹੇ ਹਨ ਕਿ ਕੀ ਇਹ 31 ਮਾਰਚ ਤੱਕ ਸਾਰੇ ਪੈਸੇ ਖਰਚ ਕਰ ਲਵੋਗੇ ?

**ਮੰਤਰੀ** : ਟਰੇਜ਼ਰੀ ਵਿੱਚੋਂ ਪੈਸੇ ਕਢਵਾ ਕੇ ਵੰਡ ਦਿੱਤੇ ਜਾਣਗੇ । ਇਹ ਪ੍ਰਾਸੈਸ ਚਲਦਾ ਰਹੇਗਾ ।

---

Original with;
Punjab Vidhan Sabha
Digitized by;
Panjab Digital Library

ਨਥਾਣਾ ਵਿਖੇ ਆਈ.ਟੀ.ਆਈ.

*424. **ਸਰਦਾਰ ਗੁਰਾ ਸਿੰਘ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ——

(ੳ) ਕੀ ਸਾਲ, 1996 ਵਿਚ ਮਨਜ਼ੂਰ ਕੀਤੀ ਗਈ ਲੜਕੇ ਅਤੇ ਲੜਕੀਆਂ ਲਈ ਉਦਯੋਗਿਕ ਸਿਖਲਾਈ ਸੰਸਥਾ, ਨਥਾਣਾ, ਜ਼ਿਲ੍ਹਾ ਬਠਿੰਡਾ ਵਿਚ ਕੰਮ ਸ਼ੁਰੂ ਹੋ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਵਿਚ ਕਿਹੜੇ ਕਿਹੜੇ ਕਿੱਤਿਆਂ ਲਈ ਟ੍ਰੇਨਿੰਗ ਦਿੱਤੀ ਜਾ ਰਹੀ ਹੈ; ਅਤੇ

(ਅ) ਕੀ ਉਕਤ ਸੰਸਥਾ ਲਈ ਇਮਾਰਤ ਦੀ ਉਸਾਰੀ ਮੁਕੰਮਲ ਕਰ ਲਈ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਤੇ ਕੁੱਲ ਕਿੰਨਾ ਖਰਚਾ ਕੀਤਾ ਗਿਆ ?

**ਸ਼੍ਰੀ ਮਹਿੰਦਰ ਸਿੰਘ ਕੇ.ਪੀ.** : (ੳ) ਹਾਂ ਜੀ । ਨਥਾਣਾ, ਜ਼ਿਲ੍ਹਾ ਬਠਿੰਡਾ ਵਿਖੇ ਮਨਜ਼ੂਰ ਕੀਤੀ ਗਈ ਲੜਕੇ ਅਤੇ ਲੜਕੀਆਂ ਦੀ ਉਦਯੋਗਿਕ ਸਿਖਲਾਈ ਸੰਸਥਾ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਇਮਾਰਤ ਲਗਭਗ ਪੂਰੀ ਹੋ ਚੁੱਕੀ ਹੈ । ਪ੍ਰੰਤੂ ਇਸ ਸੰਸਥਾ ਵਿੱਚ ਸਿਖਲਾਈ ਦੇਣ ਦਾ ਕੰਮ ਸ਼ੁਰੂ ਨਹੀਂ ਹੋਇਆ ਹੈ ਜੀ ।

(ਅ) ਹਾਂ ਜੀ । ਉਕਤ ਸੰਸਥਾ ਲਈ ਇਮਾਰਤ ਦੀ ਉਸਾਰੀ ਲਗਭਗ ਮੁਕੰਮਲ ਕਰ ਲਈ ਗਈ ਹੈ । ਮਿਤੀ 31-3-2002 ਤੱਕ ਕੁੱਲ 159.85 ਲੱਖ ਰੁਪਏ ਖਰਚੇ ਗਏ ਹਨ । ਬਿਲਡਿੰਗ ਨੂੰ ਮੌਜੂਦਾ ਹਾਲਤ ਵਿਚ ਵਰਤੋਂ ਯੋਗ ਕਰਨ ਲਈ ਘੱਟੋ-ਘੱਟ 12.00 ਲੱਖ ਰੁਪਏ ਹੋਰ ਲੋੜੀਂਦੇ ਹਨ ।

**ਸਰਦਾਰ ਗੁਰਜੰਟ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਇਨ੍ਹਾਂ ਕੋਲੋਂ ਸਪਸ਼ਟ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਆਈ.ਟੀ.ਆਈ. ਵਿਚ ਇਸ ਸਾਲ ਦੇ ਸ਼ੁਰੂ ਵਿੱਚ ਕਲਾਸਾਂ ਸ਼ੁਰੂ ਕਰਵਾ ਦੇਣਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਹਾਲੇ 12 ਲੱਖ ਰੁਪਏ ਦੀ ਹੋਰ ਜ਼ਰੂਰਤ ਹੈ । ਇਸ ਲਈ 12 ਲੱਖ ਰੁਪਿਆ ਖਰਚ ਕਰਕੇ ਬਿਲਡਿੰਗ ਦੀ ਉਸਾਰੀ ਹੋਣੀ ਹੈ । ਬਾਕੀ ਇਕਵਿਪਮੈਂਟ ਦੀ ਲੋੜ ਹੈ ਤੇ 132 ਲੱਖ ਰੁਪਏ ਦੀ ਹਾਲੇ ਹੋਰ ਵੀ ਲੋੜ ਪਵੇਗੀ ।

**ਸਰਦਾਰ ਗੁਰਜੰਟ ਸਿੰਘ** : ਮਾਨਯੋਗ ਸਪੀਕਰ ਸਾਹਿਬ, ਇਸ ਆਈ.ਟੀ.ਆਈ. ਦੀ ਬਿਲਡਿੰਗ ਸਾਲ 2002 ਵਿੱਚ ਕੰਪਲੀਟ ਹੋ ਗਈ ਹੈ । ਉਥੇ ਸ਼ੀਸ਼ੇ-ਬਾਰੀਆਂ ਵੀ ਟੁੱਟ ਗਈਆਂ ਹਨ । ਕੀ ਇਹ 12 ਲੱਖ ਰੁਪਿਆ ਸ਼ੀਸ਼ੇ, ਬਾਰੀਆਂ ਨੂੰ ਨਵਾਂ ਲਗਾਉਣ ਲਈ ਚਾਹੀਦਾ ਹੈ ?

**ਮੰਤਰੀ** : ਇਹ 12 ਲੱਖ ਰੁਪਏ ਬਿਲਡਿੰਗ ਦੀ ਕੰਪਲੀਸ਼ਨ ਵਾਸਤੇ ਚਾਹੀਦੇ ਹਨ । ਇਸ ਪੈਸੇ ਨਾਲ ਸੈਨੇਟਰੀ ਦਾ ਸਮਾਨ, ਸ਼ੀਸ਼ਿਆਂ ਦੀ ਰਿਪਲੇਸਮੈਂਟ ਅਤੇ ਬਿਜਲੀ ਦਾ ਸਮਾਨ ਲਗਾਇਆ ਜਾਵੇਗਾ । ਇਸ ਤੋਂ ਇਲਾਵਾ 132 ਲੱਖ ਰੁਪਏ ਦੀ ਹੋਰ ਲੋੜ ਹੈ ।

———

Original with;
Punjab Vidhan Sabha
Digitized by;

### ਖੰਨਾ ਵਿਖੇ ਲੜਕੀਆਂ ਲਈ ਆਈ.ਟੀ.ਆਈ. ਨੂੰ ਕਿਸੇ ਹੋਰ ਥਾਂ ਬਦਲਣਾ

*426. **ਸ਼੍ਰੀਮਤੀ ਹਰਬੰਸ ਕੌਰ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਖੰਨਾ ਵਿਖੇ ਲੜਕੀਆਂ ਲਈ ਆਈ.ਟੀ.ਆਈ. ਨੂੰ ਕਿਸੇ ਹੋਰ ਥਾਂ ਤੇ ਤਬਦੀਲ ਕੀਤਾ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਣ ਕੀ ਹਨ ?

**ਸ਼੍ਰੀ ਮਹਿੰਦਰ ਸਿੰਘ ਕੇ. ਪੀ.** : ਹਾਂ ਜੀ, ਆਈ.ਟੀ.ਆਈ. (ਇ:), ਖੰਨਾ, ਆਈ.ਟੀ.ਆਈ., ਉਟਾਲਾਂ ਦੀ ਇਮਾਰਤ ਵਿਖੇ ਪਹਿਲਾਂ ਹੀ ਸ਼ਿਫਟ ਕਰ ਦਿੱਤੀ ਗਈ ਹੈ ।

19-10-2000 ਨੂੰ ਮੰਤਰੀ ਪ੍ਰੀਸ਼ਦ ਦੀ ਹੋਈ ਮੀਟਿੰਗ ਅਨੁਸਾਰ ਆਈ.ਟੀ.ਆਈ., ਖੰਨਾ ਦੀ ਇਮਾਰਤ ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ ਨੂੰ ਰੀਜ਼ਨਲ ਸੈਂਟਰ ਖੋਲ੍ਹਣ ਲਈ ਲੀਜ਼ ਤੇ ਦਿੱਤੀ ਗਈ ਸੀ, ਇਸ ਕਰਕੇ ਸਾਲ 2002 ਵਿੱਚ ਆਈ.ਟੀ.ਆਈ. (ਇ:), ਖੰਨਾ ਨੂੰ ਉਟਾਲਾਂ ਵਿਖੇ ਤਬਦੀਲ ਕਰਨਾ ਪਿਆ ।

**ਸ਼੍ਰੀਮਤੀ ਹਰਬੰਸ ਕੌਰ** : ਮਾਨਯੋਗ ਸਪੀਕਰ ਸਾਹਿਬ, ਇਸ ਤਰ੍ਹਾਂ ਕਰਨ ਨਾਲ ਲੜਕੀਆਂ ਲਈ ਬੜੀ ਮੁਸ਼ਕਲ ਖੜ੍ਹੀ ਹੋ ਗਈ ਹੈ ਕਿਉਂਕਿ ਇਹ ਬਿਲਡਿੰਗ ਬਾਹਰ ਚਲੀ ਗਈ ਹੈ । ਇਸ ਲਈ ਲੜਕੀਆਂ ਦੇ ਭਵਿੱਖ ਨੂੰ ਸਾਹਮਣੇ ਰੱਖਦੇ ਹੋਏ ਕੀ ਇਹ ਇਸ ਇੰਸਟੀਚਿਊਟ ਨੂੰ ਵਾਪਸ ਲਿਆਉਣਗੇ ਔਰ ਇਸ ਦੀ ਕਦੋਂ ਤੱਕ ਸੰਭਾਵਨਾ ਹੈ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਠੀਕ ਹੈ ਕਿ ਲੜਕੀਆਂ ਨੂੰ ਹੁਣ ਕਾਫੀ ਦੂਰ ਜਾਣਾ ਪੈਂਦਾ ਹੈ । ਖੰਨੇ ਤੋਂ ਬਾਹਰ ਇਹ ਇਮਾਰਤ ਚਲੀ ਗਈ ਹੈ । ਇਹ ਫੈਸਲਾ ਉਸ ਵੇਲੇ ਦੀ ਸਰਕਾਰ ਦਾ ਸੀ ਕਿ ਇਹ ਆਈ.ਟੀ.ਆਈ. ਇੰਦਰਾ ਗਾਂਧੀ ਓਪਨ ਯੂਨੀਵਰਸਿਟੀ ਨੂੰ ਐਕਸਟੈਨਸ਼ਨ ਸੈਂਟਰ ਲਈ ਦੇ ਦਿੱਤੀ ਜਾਵੇ । ਸਾਡੀ ਸਰਕਾਰ ਹੋਰ ਆਈ.ਟੀ.ਆਈਜ਼ ਵੀ ਚਲਾਉਣ ਦੀ ਕੋਸ਼ਿਸ਼ ਕਰ ਰਹੀ ਹੈ । ਜਿਸ ਤਰ੍ਹਾਂ ਮੁਕੇਰੀਆਂ ਵਿੱਚ ਬੰਦ ਪਿਆ ਸੀ, ਉਸ ਨੂੰ ਵੀ ਚਾਲੂ ਕਰਵਾਇਆ ਹੈ । ਕਾਹਨੂੰਵਾਨ ਦੇ ਸੈਂਟਰ ਦੀ ਬਿਲਡਿੰਗ ਵੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਐਕਸਟੈਨਸ਼ਨ ਸੈਂਟਰ ਬਣਾਉਣ ਲਈ ਦੇ ਦਿੱਤੀ ਸੀ । ਇਹ ਉਨ੍ਹਾਂ ਨੇ ਆਪਣੇ ਗਲੋਂ ਲਾਹੁਣ ਦੀ ਕੋਸ਼ਿਸ਼ ਕੀਤੀ ਸੀ । ਅਸੀਂ ਕੋਸ਼ਿਸ਼ ਕਰਾਂਗੇ ਕਿ ਇਸ ਸਾਲ ਲੜਕੀਆਂ ਵਾਸਤੇ ਸੈਂਟਰ ਖੰਨੇ ਸ਼ਿਫਟ ਕਰ ਦਿੱਤਾ ਜਾਵੇ ।

---

### ਤਹਿਸੀਲ ਬੁਢਲਾਡਾ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ

*473 **ਸਰਦਾਰ ਹਰਬੰਤ ਸਿੰਘ ਦਾਤੇਵਾਸ** : ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਤਹਿਸੀਲ ਬੁਢਲਾਡਾ ਵਿਚ ਪਿੰਡਾਂ ਮੰਡੇਰਨੀ, ਰੱਲੀ ਅਤੇ ਅਲਾਮਪੁਰ ਮੰਡੂਰ ਨੂੰ ਪੀਣ ਵਾਲਾ ਪਾਣੀ ਸਪਲਾਈ ਕਰਨ ਲਈ ਵਾਟਰ ਵਰਕਸ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ, ਤਾਂ ਇਸ ਦੇ ਕਦੋਂ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by:

**ਸਰਦਾਰ ਜਸਜੀਤ ਸਿੰਘ ਰੰਧਾਵਾ** : ਹਾਂ ਜੀ, ਇਨ੍ਹਾਂ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਕਰਨ ਲਈ ਵੱਖਰੇ ਵਾਟਰ ਵਰਕਸ ਉਸਾਰੀ ਅਧੀਨ ਹਨ । ਇਨ੍ਹਾਂ ਸਕੀਮਾਂ ਦੀ ਉਸਾਰੀ 30.9 2003 ਤੱਕ ਮੁਕੰਮਲ ਕੀਤੀ ਜਾਵੇਗੀ ।

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਨਵੇਂ ਵਾਟਰ ਵਰਕਸ ਲਾਉਣੇ ਹਨ ਜਾਂ ਜਿਹੜੇ ਪਿਛਲੀ ਸਰਕਾਰ ਵੇਲੇ ਦੇ ਚਾਲੂ ਕੀਤੇ ਹੋਏ ਹਨ, ਉਹ ਟੋਟਲ ਗਿਣਤੀ ਵਿਚ ਕਿੰਨੇ ਹਨ ? ਜਿਹੜੇ ਇਸ ਵੇਲੇ ਸ਼ੁਰੂ ਕੀਤੇ ਹਨ, ਉਨ੍ਹਾਂ ਦੀ ਸਪਲਾਈ ਕਦੋਂ ਤੱਕ ਚਾਲੂ ਕਰਨੀ ਹੈ ? ਮਾਨਯੋਗ ਸਪੀਕਰ ਸਾਹਿਬ, ਜਿਹੜੇ ਇਸ ਸਮੇਂ ਤੱਕ ਵਾਟਰ ਵਰਕਸ ਚਲ ਰਹੇ ਸਨ, ਇਨ੍ਹਾਂ ਵਲੋਂ ਉਨ੍ਹਾਂ ਦੇ ਕੁਨੈਕਸ਼ਨ ਪੁੱਟਣੇ ਸ਼ੁਰੂ ਕੀਤੇ ਹੋਏ ਹਨ ਜਿਨ੍ਹਾਂ ਦੀਆਂ ਜ਼ਮੀਨਾਂ ਗ੍ਰਾਮ ਪੰਚਾਇਤਾਂ ਨੇ ਆਪਣੇ ਵਲੋਂ ਦਿੱਤੀਆਂ ਹੋਈਆਂ ਹਨ । ਇਨ੍ਹਾਂ ਵਲੋਂ ਹੁਣ 100/- ਰੁਪਿਆ ਪ੍ਰਤੀ ਟੂਟੀ ਦੇ ਹਿਸਾਬ ਨਾਲ ਪੈਸੇ ਲੈਣੇ ਸ਼ੁਰੂ ਕੀਤੇ ਗਏ ਹਨ । ਮਾਨਯੋਗ ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਪੈਸੇ ਇਨ੍ਹਾਂ ਵਲੋਂ ਕਿੰਨੇ ਚਿਰ ਤੱਕ ਵਸੂਲੇ ਜਾਣਗੇ ਤੇ ਇਹ ਜਿਹੜੇ ਪੈਸੇ ਲਏ ਜਾ ਰਹੇ ਹਨ, ਇਹ ਇਨ੍ਹਾਂ ਵਲੋਂ ਲੈਣੇ ਬੰਦ ਕੀਤੇ ਜਾਣਗੇ ਜਾਂ ਨਹੀਂ ?

**ਮਾਨਯੋਗ ਸਪੀਕਰ** : ਤੁਸੀਂ ਇਕੋ ਸਮੇਂ ਕਿੰਨੇ ਸਵਾਲ ਕਰ ਲਏ ਹਨ ? ਇਕ ਸਪਲੀਮੈਂਟਰੀ ਵਿਚ ਇਕ ਹੀ ਸਵਾਲ ਕਰੋ ।

**ਰਾਜ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਮਾਨਸਾ ਜ਼ਿਲ੍ਹੇ ਵਿਚ 12.20 ਕਰੋੜ ਰੁਪਏ ਦੀ ਲਾਗਤ ਨਾਲ ਵਾਟਰ ਦੀ ਸਪਲਾਈ ਲਈ ਵਾਟਰ ਵਰਕਸ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ । ਇਨ੍ਹਾਂ ਸਕੀਮਾਂ ਅਧੀਨ 43 ਪਿੰਡ ਕਵਰ ਹੁੰਦੇ ਹਨ । ਇਨ੍ਹਾਂ ਵਿਚੋਂ ਪਿੰਡ ਮੰਡੇਰਨੀ, ਅਲਾਮਪੁਰ ਮੰਡੂਰ ਤੇ ਰੱਲੀ ਪਿੰਡ ਦੀ ਵਾਟਰ ਸਪਲਾਈ ਵੀ ਕਵਰ ਹੁੰਦੀ ਹੈ ਤੇ ਇਨ੍ਹਾਂ ਵਿਚ ਪਾਣੀ ਦੀ ਸਪਲਾਈ ਲਈ ਵਾਟਰ ਵਰਕਸ ਦਾ ਕੰਮ 30 ਸਤੰਬਰ ਤੱਕ ਕਵਰ ਹੋ ਜਾਵੇਗਾ । ਪਿੰਡ ਰਾਮਪੁਰ ਮੰਡੂਰ ਵਿਚ ਪਹਿਲਾਂ ਪਾਣੀ ਪਿੰਡ ਕਲੀਪੁਰ ਤੋਂ ਦਿੱਤਾ ਜਾਂਦਾ ਸੀ । ਉਥੇ ਹੁਣ 38.20 ਲੱਖ ਰੁਪਏ ਦੀ ਲਾਗਤ ਨਾਲ ਵਾਟਰ ਵਰਕਸ ਬਣ ਰਿਹਾ ਹੈ ਜਿਸ ਤੇ ਦੂਜੇ ਮਹੀਨੇ ਯਾਨੀ ਫਰਵਰੀ ਤੱਕ 20 ਲੱਖ ਰੁਪਏ ਖਰਚੇ ਜਾ ਚੁੱਕੇ ਸਨ । ਪਿੰਡ ਰੱਲੀ ਵਿਚ 56.35 ਲੱਖ ਰੁਪਏ ਵਿਚੋਂ ਫਰਵਰੀ-2003 ਤੱਕ 21.27 ਲੱਖ ਰੁਪਏ ਖਰਚੇ ਜਾ ਚੁੱਕੇ ਸਨ ਤੇ ਇਥੇ 30 ਸਤੰਬਰ ਤੱਕ ਵਾਟਰ ਵਰਕਸ ਤੋਂ ਪਾਣੀ ਦੀ ਸਪਲਾਈ ਚਾਲੂ ਕਰ ਦਿੱਤੀ ਜਾਵੇਗੀ । ਪਿੰਡ ਅਲਾਮਪੁਰ ਮੰਡੂਰ ਵਿਖੇ ਵਾਟਰ ਵਰਕਸ 63.34 ਲੱਖ ਰੁਪਏ ਦੀ ਲਾਗਤ ਨਾਲ ਬਣ ਰਿਹਾ ਹੈ ਤੇ ਇਥੇ ਮਿਤੀ 31.4.2003 ਤੱਕ ਉਚੀ ਟੈਂਕੀ ਬਣਨ ਤੋਂ ਬਿਨਾਂ ਪਾਣੀ ਚਾਲੂ ਕਰ ਦਿੱਤਾ ਜਾਵੇਗਾ ।

ਦੂਜੀ, ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ 100/- ਰੁਪਿਆ ਵਾਟਰ ਟੈਰਿਫ ਦੀ ਗੱਲ ਕੀਤੀ ਹੈ । ਮੈਂ ਯਕੀਨ ਦਿਵਾਉਂਦਾ ਹਾਂ ਕਿ ਇਹੋ ਜਿਹੀ ਕੋਈ ਗੱਲ ਨਹੀਂ ਹੈ । ਇਨ੍ਹਾਂ ਨੂੰ ਕੋਈ ਗਲਤਫਹਿਮੀ ਹੋ ਗਈ ਹੈ ।

Original with;
Punjab Vidhan Sabha
Digitized by;

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਮਾਨਯੋਗ ਸਪੀਕਰ ਸਾਹਿਬ, ਮੇਰੀ ਭਰਜਾਈ ਪਿੰਡ ਦੀ ਸਰਪੰਚ ਹੈ । ਕੱਲ੍ਹ ਉਨ੍ਹਾਂ ਦਾ ਲਿਖਤੀ ਨੋਟਿਸ ਗਿਆ ਹੈ, ਸਾਡੇ ਘਰ ਵੀ ਗਿਆ ਹੈ ਜਿਸ ਵਿਚ ਉਨ੍ਹਾਂ ਨੇ ਕਿਹਾ ਹੈ ਕਿ 30 ਤਰੀਕ ਤੱਕ ਪੈਸੇ ਜਮ੍ਹਾਂ ਕਰਾਉ, ਨਹੀਂ ਤਾਂ ਕੁਨੈਕਸ਼ਨ ਪੁੱਟ ਦਿੱਤੇ ਜਾਣਗੇ । ਜੇ ਪਾਣੀ ਦੀ ਸਪਲਾਈ ਜਾਰੀ ਰੱਖਣੀ ਹੈ ਤਾਂ ਆਪਣੇ ਵਲੋਂ ਐਫੀਡੇਵਿਟ ਦਿਉ ਕਿ ਇਹ ਟੈਰਿਫ ਜਮ੍ਹਾਂ ਕਰਵਾਇਆ ਜਾਵੇਗਾ। ਮਾਨਯੋਗ ਸਪੀਕਰ ਸਾਹਿਬ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਟੈਰਿਫ ਨੂੰ ਇਹ ਵਾਪਸ ਲੈਣਗੇ ਜਾਂ ਨਹੀਂ ?

**ਰਾਜ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਗੱਲ ਬਿਲਕੁਲ ਵੀ ਤੱਥਾਂ ਤੇ ਅਧਾਰਤ ਨਹੀਂ ਹੈ । ਅਸੀਂ ਤਾਂ ਫੈਸਲਾ ਕੀਤਾ ਹੈ ਕਿ 40 ਲਿਟਰ ਰੋਜ਼ਾਨਾ ਪਰ ਹੈਡ ਦੀ ਜਿਹੜੀ ਪਹਿਲਾਂ ਸਪਲਾਈ ਦਿੱਤੀ ਜਾਂਦੀ ਸੀ, ਹੁਣ ਉਹ ਵਧਾ ਕੇ 70 ਲਿਟਰ ਰੋਜ਼ਾਨਾ ਪਰ ਹੈਡ ਕਰ ਦਿੱਤੀ ਹੈ । ਪਹਿਲਾਂ 40/- ਰੁਪਏ ਜਿਹੜਾ ਟੈਰਿਫ ਹੁੰਦਾ ਸੀ, ਉਹ ਹੁਣ 50/- ਰੁਪਏ ਕਰਨ ਦਾ ਫੈਸਲਾ ਕੀਤਾ ਹੈ । 100/- ਰੁਪਏ ਬਾਰੇ ਇਨ੍ਹਾਂ ਨੂੰ ਗਲਤਫਹਿਮੀ ਹੋ ਗਈ ਹੈ ।

**ਮਾਨਯੋਗ ਸਪੀਕਰ** : ਤੁਸੀਂ ਇਸ ਟੈਰਿਫ ਨੂੰ ਵਾਪਸ ਲਓਗੇ ਜਾਂ ਨਹੀਂ ? ਮੈਂਬਰ ਸਾਹਿਬ ਇਹ ਪੁੱਛਣਾ ਚਾਹੁੰਦੇ ਹਨ ।

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਮਾਨਯੋਗ ਸਪੀਕਰ ਸਾਹਿਬ, ਜੇਕਰ ਤੁਸੀਂ ਇਜ਼ਾਜ਼ਤ ਦਿਉ ਤਾਂ ਕੱਲ੍ਹ ਮੈਂ ਲਿਖਤੀ ਜਿਹੜਾ ਨੋਟਿਸ ਸਾਨੂੰ ਦਿੱਤਾ ਗਿਆ ਹੈ, ਉਹ ਸਦਨ ਵਿਚ ਪੇਸ਼ ਕਰ ਦਿੰਦਾ ਹਾਂ ।

**ਰਾਜ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਜੇਕਰ 100/- ਰੁਪਿਆ ਵਸੂਲਣ ਵਾਲੀ ਕੋਈ ਗੱਲ ਹੋਈ, ਇਹ ਸਾਡੇ ਨੋਟਿਸ ਵਿਚ ਲਿਆ ਦੇਣ, ਅਸੀਂ ਦੇਖ ਲੈਂਦੇ ਹਾਂ। ਵੈਸੇ ਇਹੋ ਜਿਹੀ ਕੋਈ ਗੱਲ ਨਹੀਂ । ਮੈਂ ਵਾਰ ਵਾਰ ਇਥੇ ਐਸ਼ਿਓਰ ਕਰਦਾ ਹਾਂ ।

**ਮਾਨਯੋਗ ਸਪੀਕਰ** : ਅਗਲਾ ਸਵਾਲ, ਭੂੰਦੜ ਸਾਹਿਬ ।

---

### ਸਰਦੂਲਗੜ੍ਹ ਵਿਖੇ ਐਸ.ਡੀ.ਐਮ./ਤਹਿਸੀਲਦਾਰ ਆਦਿ ਨੂੰ ਰਿਹਾਇਸ਼ੀ ਮਕਾਨ ਅਲਾਟ ਕਰਨਾ

*429. **ਸਰਦਾਰ ਬਲਵਿੰਦਰ ਸਿੰਘ ਭੂੰਦੜ** : ਕੀ ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਸਬ-ਡਿਵੀਜ਼ਨ, ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ ਵਿਖੇ ਐਸ.ਡੀ.ਐਮ., ਤਹਿਸੀਲਦਾਰ ਅਤੇ ਹੋਰ ਅਫਸਰਾਂ ਲਈ ਰਿਹਾਇਸ਼ੀ ਮਕਾਨ ਪਿਛਲੇ ਦੋ ਸਾਲਾਂ ਤੋਂ ਬਣ ਕੇ ਤਿਆਰ ਹੋ ਚੁੱਕੇ ਹਨ ਅਤੇ ਪਾਣੀ ਅਤੇ

Original with;
Punjab Vidhan Sabha
Digitized by;
Panjab Digital Library

ਬਿਜਲੀ ਦੀ ਸਪਲਾਈ ਨਾ ਮਿਲਣ ਕਾਰਣ ਅਜੇ ਤੱਕ ਅਲਾਟ ਨਹੀਂ ਕੀਤੇ ਗਏ ਹਨ; ਅਤੇ

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਉਕਤ ਮਕਾਨਾਂ ਨੂੰ ਕਦੋਂ ਤੱਕ ਉਪਰੋਕਤ ਵਰਣਿਤ ਅਫ਼ਸਰਾਂ ਨੂੰ ਅਲਾਟ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ।

**ਸਰਦਾਰ ਅਮਰਜੀਤ ਸਿੰਘ ਸਮਰਾ** : (ੳ) ਹਾਂ ਜੀ ।

(ਅ) ਸਾਲ 2003-2004 ਵਿੱਚ ਇਸ ਮੰਤਵ ਲਈ ਵਿੱਤ ਵਿਭਾਗ ਵੱਲੋਂ ਫੰਡ ਉਪਲੱਬਧ ਕਰਵਾਉਣ ਉਪਰੰਤ 6 ਮਹੀਨੇ ਦੇ ਅੰਦਰ-ਅੰਦਰ ਅਫਸਰਾਂ ਨੂੰ ਮਕਾਨ ਅਲਾਟ ਕਰ ਦਿੱਤੇ ਜਾਣਗੇ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਪਾਸੋਂ ਇਹ ਐਸ਼ਿਓਰੈਂਸ ਲੈਣੀ ਚਾਹੁੰਦਾ ਹਾਂ ਕਿ ਉਥੇ ਪਹਿਲਾਂ ਤੋਂ 2 ਕਰੋੜ ਰੁਪਿਆ ਲਗ ਚੁੱਕਾ ਹੈ, 2 ਸਾਲ ਦਾ ਸਮਾਂ ਬੀਤ ਗਿਆ ਹੈ । ਦਫ਼ਤਰ ਵੀ ਚਲ ਪਿਆ ਹੈ ਪਰ ਕੋਠੀਆਂ ਵਿਹਲੀਆਂ ਪਈਆਂ ਹਨ । ਸਿਰਫ 10-15 ਲੱਖ ਰੁਪਿਆ ਬਿਜਲੀ ਤੇ ਪਾਣੀ ਵਾਸਤੇ ਲੋੜੀਂਦਾ ਹੈ । ਕੰਮ ਕੰਪਲੀਟ ਨਾ ਹੋਣ ਕਰਕੇ ਪਹਿਲਾਂ ਲੱਗਿਆ ਪੈਸਾ ਵੀ ਬਰਬਾਦ ਹੋ ਰਿਹਾ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਫੰਡ ਮਿਲਣ ਉਪਰੰਤ 6 ਮਹੀਨੇ ਦੇ ਅੰਦਰ ਅੰਦਰ ਇਹ ਕੰਮ ਕੰਪਲੀਟ ਕਰਵਾ ਦਿੱਤਾ ਜਾਵੇਗਾ ਤਾਂ ਕਿ ਪਹਿਲਾਂ ਲੱਗਿਆ ਰੁਪਿਆ ਜ਼ਾਇਆ ਨਾ ਜਾਵੇ ।

**ਰਾਜ ਮੰਤਰੀ** : ਜਿਨਾ ਕੁ ਤਹਿਸੀਲ ਕੰਪਲੈਕਸ ਕੰਪਲੀਟ ਹੋ ਚੁੱਕਾ ਹੈ, ਉਹ ਚਾਲੂ ਹੋ ਗਿਆ ਹੋਇਆ ਹੈ । ਸਿਰਫ 10 ਰਿਹਾਇਸ਼ੀ ਮਕਾਨਾਂ ਵਿਚ ਪੈਸਾ ਨਾ ਮਿਲਣ ਕਰਕੇ ਪਾਣੀ ਅਤੇ ਸੀਵਰੇਜ਼ ਦੀ ਸਹੂਲਤ ਪ੍ਰੋਵਾਈਡ ਨਹੀਂ ਕੀਤੀ ਜਾ ਸਕੀ ਅਤੇ ਉਹ ਚਾਲੂ ਨਹੀਂ ਹੋ ਸਕੇ । ਇਨ੍ਹਾਂ ਉਪਰ 22 ਲੱਖ ਰੁਪਿਆ ਲੱਗਣਾ ਹੈ । ਪੈਸਾ ਮਿਲਣ ਦੇ 6 ਮਹੀਨੇ ਦੇ ਅੰਦਰ-ਅੰਦਰ ਇਹ ਬਾਕੀ ਰਹਿੰਦਾ ਕੰਮ ਵੀ ਕੰਪਲੀਟ ਕਰ ਦਿੱਤਾ ਜਾਵੇਗਾ ।

---

## ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰਾਂ ਦੀ ਨਿਯੁਕਤੀ

*421. 1. **ਸਰਦਾਰ ਰਣਜੀਤ ਸਿੰਘ ਤਲਵੰਡੀ**
2. **ਕੈਪਟਨ ਬਲਬੀਰ ਸਿੰਘ ਬਾਠ** } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ 5-ਮੈਂਬਰੀ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਲਈ ਇਸ ਸਮੇਂ ਕੇਵਲ ਦੋ ਮੈਂਬਰ ਹੀ ਨਿਯੁਕਤ ਕੀਤੇ ਗਏ ਹਨ: ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਣ ਕੀ ਹਨ ਅਤੇ ਬਾਕੀ ਤਿੰਨ ਮੈਂਬਰਾਂ ਦੀ ਨਿਯੁਕਤੀ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;

**ਕੈਪਟਨ ਅਮਰਿੰਦਰ ਸਿੰਘ** : ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ 5 ਮੈਂਬਰ ਹੁੰਦੇ ਹਨ । ਇਨ੍ਹਾਂ ਵਿਚੋਂ ਹਾਲੇ ਤੱਕ 2 ਮੈਂਬਰ ਐਪਾਇੰਟ ਕੀਤੇ ਗਏ ਹਨ । ਜਿਥੋਂ ਤੱਕ ਬਾਕੀ ਦੇ 3 ਮੈਂਬਰ ਐਪੁਾਇੰਟ ਕਰਨ ਦਾ ਸਵਾਲ ਹੈ, ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਉਨ੍ਹਾਂ ਨੂੰ 30 ਅਪ੍ਰੈਲ ਤੋਂ ਪਹਿਲਾਂ ਪਹਿਲਾਂ ਐਪਾਇੰਟ ਕਰ ਦਿੱਤਾ ਜਾਵੇਗਾ । ਇਸ ਬਾਰੇ ਅਸੀਂ ਹਾਈ ਕੋਰਟ ਦੇ ਵਿਚ ਵੀ ਐਸ਼ੋਰੇਂਸ ਦਿੱਤੀ ਹੋਈ ਹੈ ।

**ਸਰਦਾਰ ਰਣਜੀਤ ਸਿੰਘ ਤਲਵੰਡੀ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਕੋਲ ਅੰਕੜੇ ਹਨ ਕਿ ਪਿਛਲੇ ਸਾਲ ਇਸ ਕਮਿਸ਼ਨ ਕੋਲ ਕਿੰਨੇ ਕੇਸ ਆਏ ਅਤੇ ਉਨ੍ਹਾਂ ਵਿਚੋਂ ਕਿੰਨਿਆਂ ਦਾ ਨਿਪਟਾਰਾ ਕੀਤਾ ਗਿਆ ? ਇਸ ਤੋਂ ਇਲਾਵਾ ਮੁੱਖ ਮੰਤਰੀ ਜੀ ਇਹ ਵੀ ਦੱਸਣ ਕਿ ਇਸ ਕਮਿਸ਼ਨ ਦੇ ਕੰਮ ਦੀ ਅਹਿਮੀਅਤ ਨੂੰ ਵੇਖਦੇ ਹੋਏ ਬਾਕੀ ਦੇ ਮੈਂਬਰ ਕਦੋਂ ਤੱਕ ਐਪਾਇੰਟ ਕਰ ਦਿੱਤੇ ਜਾਣਗੇ ?

**ਮੁੱਖ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਇਹ ਸੀ ਕਿ ਬਾਕੀ ਰਹਿੰਦੇ ਮੈਂਬਰ ਕਦੋਂ ਤੱਕ ਐਪਾਇੰਟ ਕਰ ਦਿੱਤੇ ਜਾਣਗੇ ਅਤੇ ਉਸ ਦਾ ਜਵਾਬ ਮੈਂ ਦੇ ਚੁੱਕਿਆ ਹਾਂ ਕਿ ਉਹ 30 ਅਪ੍ਰੈਲ ਤੋਂ ਪਹਿਲਾਂ ਪਹਿਲਾਂ ਐਪਾਇੰਟ ਕਰ ਦਿੱਤੇ ਜਾਣਗੇ । ਜਿਥੋਂ ਤੱਕ ਕੇਸਾਂ ਦੇ ਅੰਕੜਿਆਂ ਦਾ ਸਬੰਧ ਹੈ, ਇਹ ਸਵਾਲ ਤਾਂ ਇਨ੍ਹਾਂ ਨੇ ਪੁੱਛਿਆ ਹੀ ਨਹੀਂ ਸੀ । ਇਹ ਵੱਖਰਾ ਸਵਾਲ ਕਰ ਦੇਣ, ਇਨ੍ਹਾਂ ਨੂੰ ਇਹ ਅੰਕੜੇ ਵੀ ਦੇ ਦਿੱਤੇ ਜਾਣਗੇ ।

———

### ਫੈਕਟਰੀਆਂ ਦਾ ਗੰਦਾ ਪਾਣੀ

*442. **ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਜਿਹੇ ਮੌਸਮੀ ਨਾਲਿਆਂ ਦੀ ਗਿਣਤੀ ਅਤੇ ਵੇਰਵੇ ਕੀ ਹਨ ਜਿਨ੍ਹਾਂ ਵਿਚ ਇਸ ਸਮੇਂ ਫੈਕਟਰੀਆਂ ਦਾ ਗੰਦਾ ਪਾਣੀ ਛੱਡਿਆ ਜਾ ਰਿਹਾ ਹੈ; ਅਤੇ

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਨਾਲਿਆਂ ਵਿਚ ਗੰਦੇ ਪਾਣੀ ਦੇ ਨਿਕਾਸ ਨੂੰ ਰੋਕਣ ਲਈ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

**ਕੈਪਟਨ ਅਮਰਿੰਦਰ ਸਿੰਘ** : (ੳ) ਰਾਜ ਵਿਚ 23 ਮੌਸਮੀ ਨਾਲੇ ਹਨ ਜਿਨ੍ਹਾਂ ਵਿਚ ਇਸ ਸਮੇਂ ਉਦਯੋਗ ਅਪਣਾ ਗੰਦਾ ਪਾਣੀ ਸੁੱਟ ਰਹੇ ਹਨ । ਇਨ੍ਹਾਂ 23 ਨਾਲਿਆਂ ਦਾ ਵੇਰਵਾ ਅਨੁਲੱਗ-'ੲ' ਤੇ ਹੈ ।

Original with;
Punjab Vidhan Sabha
Digitized by;

(ਅ) ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੇ 135 ਉਦਯੋਗਿਕ ਇਕਾਈਆਂ ਦੀ ਪਹਿਚਾਣ ਕੀਤੀ ਹੈ ਜਿਹੜੀਆਂ ਕਿ ਸਿੱਧੇ ਤੌਰ ਤੇ ਇਹਨਾਂ ਨਾਲਿਆਂ ਵਿਚ ਪਾਣੀ ਸੁੱਟ ਰਹੀਆਂ ਹਨ। ਇਨ੍ਹਾਂ ਵਿਚੋਂ 57 ਉਦਯੋਗਿਕ ਇਕਾਈਆਂ ਅਪਣੇ ਗੰਦੇ ਪਾਣੀ ਨੂੰ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਨਿਰਧਾਰਤ ਨਾਰਮਾਂ ਮੁਤਾਬਕ ਸਾਫ ਕਰਕੇ ਪਾਣੀ ਸੁੱਟ ਰਹੀਆਂ ਹਨ। ਇਸ ਤੋਂ ਇਲਾਵਾ 66 ਉਦਯੋਗਿਕ ਇਕਾਈਆਂ ਜਿਨ੍ਹਾਂ ਨੇ ਜਲ ਸੋਧਕ ਪਲਾਂਟ ਲਗਾਏ ਹਨ ਉਹ ਵੀ ਨੇੜੇ ਭਵਿੱਖ ਵਿਚ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਨਾਰਮਾਂ ਮੁਤਾਬਕ ਗੰਦੇ ਪਾਣੀ ਨੂੰ ਸਾਫ ਕਰ ਲੈਣਗੀਆਂ। ਜਲ (ਪ੍ਰਦੂਸ਼ਣ ਰੋਕਥਾਮ ਅਤੇ ਕੰਟਰੋਲ) ਐਕਟ, 1974 ਦੀ ਧਾਰਾ 33-ਏ ਦੇ ਤਹਿਤ ਬਾਕੀ ਰਹਿੰਦੀਆਂ 12 ਉਦਯੋਗਿਕ ਇਕਾਈਆਂ ਵਿਰੁੱਧ ਕਾਰਵਾਈ ਆਰੰਭੀ ਜਾ ਚੁੱਕੀ ਹੈ।

ਇਸ ਤੋਂ ਇਲਾਵਾ ਸਰਕਾਰ ਵਲੋਂ ਇਨ੍ਹਾਂ ਨਾਲਿਆਂ ਵਿਚ ਗੰਦਾ ਪਾਣੀ ਸੁੱਟਣ ਨੂੰ ਚੈਕ ਕਰਨ ਸਬੰਧੀ, ਉਪਰ ਦਰਸਾਏ, ਜਿਹੜੇ ਕਦਮ ਚੁੱਕੇ ਹਨ ਉਹਨਾਂ ਵਿਚ ਰਾਜ ਵਿਚ ਨਵੇਂ ਉਦਯੋਗਿਕ ਫੋਕਲ ਪੁਆਇੰਟਾਂ ਵਿੱਚ ਸਾਂਝੇ ਜਲ ਸੋਧਕ ਪਲਾਂਟਾਂ ਨੂੰ ਲਗਾਉਣਾ ਸ਼ਾਮਿਲ ਕੀਤਾ ਗਿਆ ਹੈ।

ਪੰਜਾਬ ਸਟੇਟ ਕਾਉਂਸਲ ਸਾਇੰਸ ਅਤੇ ਤਕਨੀਕੀ ਅਦਾਰੇ ਵਲੋਂ ਇੱਕ ਕਨਸੈਲਟੈਂਸੀ ਸੈਲ ਬਣਾਇਆ ਗਿਆ ਹੈ ਜੋ ਕਿ ਚਾਹਵਾਨ ਉਦਯੋਗਿਕ ਇਕਾਈਆਂ ਨੂੰ ਯੋਗ ਸਲਾਹ ਕਾਰ ਸੇਵਾਵਾਂ ਪ੍ਰਦਾਨ ਕਰੇਗਾ ਤਾਂ ਕਿ ਅਗਰ ਕੋਈ ਐਡਵਾਈਸ ਲੈਣੀ ਚਾਹੇ ਤਾਂ ਉਹ ਲੈ ਸਕੇ।

## Annexure-A

## DISTRICT WISE DETAIL OF NALLAHS

| Sr.No. | Name of District | Name of Nallah/Drain | Total No. of Drains |
|---|---|---|---|
| 1. | Amritsar | i) Tung Dhab Drain. leading to Hudira Drain | 4 |
| | | ii) Kassar Nallah. | |
| | | iii) Chabha Drain | |
| 2. | Jalandhar | i) Kala Singhian Drain | 1 |

Original with;
Punjab Vidhan Sabha

[ਮੁੱਖ ਮੰਤਰੀ]

| | | | |
|---|---|---|---|
| 3. | Kapurthala | Phagwara Drain leading to East Bein | 1 |
| 4. | Ludhiana | i) Iraq Drain | 2 |
| | | ii) Budha Nallah | |
| 5. | Hoshiarpur | i) Tanda Ram Sahai Drain | 2 |
| | | ii) East Bein Drain | |
| 6. | Nawanshahar | Balachaur Choe | 1 |
| 7. | Patiala | i) Dhakansu Drain | 4 |
| | | ii) Storm Drain on Chandigarh-Ambala near Bhankarpur. | |
| | | iii) Jharmal Drain. | |
| | | iv) Patiala Ki Roe | |
| 8. | Sangrur | i) Tallewal Drain | 2 |
| | | ii) Dhanaula Drain | |
| 9. | Faridkot | Langeana Drain | 1 |
| 10. | Ferozepur | Local Drain | 1 |
| 11. | Moga | Local Drain | 1 |
| 12. | Bathinda | Lissara Drain | 1 |
| 13. | Mukatsar | Sem Nallah | 1 |
| 14. | Ropar | Sirsa Nadi/Dhanauli Drain | 1 |
| 15. | Gurdaspur | Hansli Drain | 1 |
| | | Total | 23 |

Original with;
Punjab Vidhan Sabha
Digitized by;
Panjab Digital Library

**ਸਰਦਾਰ ਇੰਦਰਇਕਬਾਲ ਸਿੰਘ ਅਟਵਾਲ** : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੇ 135 ਉਦਯੋਗਿਕ ਇਕਾਈਆਂ ਦੀ ਪਹਿਚਾਨ ਕੀਤੀ ਹੈ ਲੇਕਿਨ ਅਸਲ ਵਿਚ ਕੋਈ 19 ਹਜ਼ਾਰ ਦੇ ਕਰੀਬ ਫੈਕਟਰੀਆਂ ਹਨ ਜਿਹੜੀਆਂ ਕਿ ਸਾਡੇ ਵਾਤਾਵਰਣ/ਪਾਣੀ ਨੂੰ ਇਫੈਕਟ ਕਰ ਰਹੀਆਂ ਹਨ । ਪਿਛਲੀ ਸਰਕਾਰ ਵੇਲੇ ਸਤਲੁਜ ਐਕਸ਼ਨ ਪਲੈਨ ਦੇ ਤਹਿਤ ਫਿਰੋਜ਼ਪੁਰ, ਕਪੂਰਥਲਾ, ਫਗਵਾੜਾ, ਲੁਧਿਆਣਾ ਅਤੇ ਜਲੰਧਰ ਵਿਖੇ ਐਫਲੂਐਂਟ ਟਰੀਟਮੈਂਟ ਪਲਾਂਟ ਲਗਾਉਣ ਵਾਸਤੇ ਗੌਰਮਿੰਟ ਆਫ ਇੰਡੀਆ ਨੇ ਪੈਸਾ ਮੁਹੱਈਆ ਕਰਵਾਇਆ ਸੀ । ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਪੈਸਾ ਹਾਲੇ ਤੱਕ ਅਵੇਲੇਬਲ ਹੈ ਅਤੇ ਹੁਣ ਤੱਕ ਇਨ੍ਹਾਂ ਥਾਵਾਂ ਤੇ ਟਰੀਟਮੈਂਟ ਪਲਾਂਟ ਕਿਉਂ ਨਹੀਂ ਲੱਗ ਸਕੇ ?

**ਮੁੱਖ ਮੰਤਰੀ** : ਇਹ ਟਰੀਟਮੈਂਟ ਪਲਾਂਟ ਲਾਉਣ ਵਾਸਤੇ ਪੈਸਾ ਸਾਡੇ ਕੋਲ ਆ ਚੁੱਕਾ ਹੈ । ਬੇਸੀਕਲੀ ਪੇਪਰ, ਲੈਦਰ ਅਤੇ ਡਾਇੰਗ ਇੰਡਸਟਰੀ ਹੈ ਜਿਹੜੀ ਕਿ ਟੌਕਸਿਕ ਵੇਸਟ ਸੁੱਟਦੀ ਹੈ । ਲੁਧਿਆਣਾ ਸਾਡਾ ਪ੍ਰਾਇਮਰੀ ਸੈਂਟਰ ਹੈ ਜਿੱਥੇ ਇਹ ਲੱਗ ਰਹੀਆਂ ਹਨ । ਇਨ੍ਹਾਂ ਦਾ ਵੇਰਵਾ ਮੈਂ ਪਹਿਲਾਂ ਹੀ ਦੇ ਚੁੱਕਿਆ ਹਾਂ । ਇਹੋ ਜਿਹੀਆਂ ਟੋਟਲ ਫੈਕਟਰੀਆਂ ਤਾਂ ਭਾਵੇਂ 19 ਹਜ਼ਾਰ ਹੀ ਹੋਣਗੀਆਂ ਲੇਕਿਨ ਉਨ੍ਹਾਂ ਵਿਚੋਂ ਕਈਆਂ ਨੇ ਟਰੀਟਮੈਂਟ ਪਲਾਂਟ ਲਾ ਲਏ ਹੋਏ ਹਨ । ਜਿਹੜੀਆਂ ਜ਼ਿਆਦਾ ਟੌਕਸਿਕ ਵੇਸਟ ਸੁੱਟਦੀਆਂ ਹਨ ਅਤੇ ਜਿਨ੍ਹਾਂ ਨੇ ਟਰੀਟਮੈਂਟ ਪਲਾਂਟ ਨਹੀਂ ਲਗਾਏ, ਉਨ੍ਹਾਂ 135 ਫੈਕਟਰੀਆਂ ਦੀ ਪਹਿਚਾਨ ਕੀਤੀ ਗਈ ਹੈ ਜਿਹੜੀਆਂ ਜ਼ਿਆਦਾ ਟੌਕਸਿਕ ਫੈਲਾ ਰਹੀਆਂ ਹਨ ਅਤੇ ਕੂੜਾ ਸਿੱਟਦੀਆਂ ਹਨ । ਜਿੱਥੋਂ ਤੱਕ ਸਤਲੁਜ ਐਕਸ਼ਨ ਪਲਾਨ ਦਾ ਸਬੰਧ ਹੈ, ਅਸੀਂ ਵੀ ਆਪਣੇ ਤੌਰ ਤੇ ਯਤਨ ਕਰ ਰਹੇ ਹਾਂ ਅਤੇ ਨਾਲ ਦੀ ਨਾਲ ਸੈਂਟਰ ਤੋਂ ਜੋ ਵੀ ਅਸੀਂ ਚਾਹੁੰਦੇ ਹਾਂ ਕਿ ਜਿਵੇਂ ਯਮਨਾ ਐਕਸ਼ਨ ਪਲਾਨ ਔਰ ਸਤਲੁਜ ਐਕਸ਼ਨ ਪਲਾਨ ਤੇ ਕਾਰਵਾਈ ਹੁੰਦੀ ਹੈ ਕੋਈ ਵੀ ਟੌਕਸਿਕ ਜਾਂ ਹੋਰ ਐਫ-ਲੈਅੰਟ ਸਿੱਟਣ ਵਾਲਿਆਂ ਨੂੰ ਅਸੀਂ ਦੇਖ ਸਕਾਂਗੇ ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਮਾਨਯੋਗ ਸਪੀਕਰ ਸਾਹਿਬ, ਕੀ ਮੁੱਖ ਮੰਤਰੀ ਸਾਹਿਬ ਇਸ ਗੱਲ ਦਾ ਵਿਸ਼ਵਾਸ਼ ਦਿਵਾਉਣਗੇ ਕਿ ਜਿਹੜੇ ਪੈਸੇ ਅਵੇਲੇਬਲ ਹਨ, ਉਹਦੇ ਨਾਲ ਇਹ ਸਾਰੇ ਜਿਹੜੇ ਇਸ ਵੇਲੇ ਪੁਆਇੰਟ ਬਣਾਏ ਗਏ ਹਨ, ਕਦੋਂ ਤੱਕ ਮੁਕੰਮਲ ਕਰ ਦਿੱਤੇ ਜਾਣਗੇ ?

**ਮੁੱਖ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਲੁਧਿਆਣਾ ਦਾ ਮੈਂ ਜ਼ਿਕਰ ਕੀਤਾ ਹੈ । 80 ਕਰੋੜ ਰੁਪਿਆ ਸਾਨੂੰ ਸੋਲਿਡ ਔਰ ਲੀਕੁਅਡ ਵੇਸਟ ਡਿਸਪੋਜ਼ਲ ਬਾਰੇ ਸੈਂਟਰ ਤੋਂ ਮਿਲ ਚੁੱਕਾ ਹੈ ਅਸੀਂ ਇਹ 2 ਸਾਲ ਵਿੱਚ ਕੰਪਲੀਟ ਕਰ ਦਿਆਂਗੇ ਅਤੇ ਅਸੀਂ ਜਲੰਧਰ ਵਾਸਤੇ ਹੁਣ ਸ਼ੁਰੂਆਤ ਕਰ ਰਹੇ ਹਾਂ ।

———

Original with;
Punjab Vidhan Sabha
Digitized by;

## ਅਨਾਜ ਮੰਡੀ, ਬੁਢਲਾਡਾ ਵਿਚੋਂ ਪਾਣੀ ਦੇ ਨਿਕਾਸ ਲਈ ਪ੍ਰਾਜੈਕਟ

*472. **ਸਰਦਾਰ ਹਰਬੰਤ ਸਿੰਘ ਦਾਤੇਵਾਸ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਨਾਜ ਮੰਡੀ, ਬੁਢਲਾਡਾ, ਜ਼ਿਲ੍ਹਾ ਮਾਨਸਾ ਵਿਚੋਂ ਪਾਣੀ ਦੇ ਨਿਕਾਸ ਲਈ ਕੋਈ 86 ਲੱਖ ਰੁਪਏ ਦਾ ਪ੍ਰਾਜੈਕਟ ਮੰਜ਼ੂਰ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ, ਤਾਂ ਉਸ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਉਸ ਤੇ ਹੁਣ ਤਕ ਕਿੰਨਾ ਖਰਚ ਕੀਤਾ ਗਿਆ ਹੈ ਅਤੇ ਇਸ ਦੇ ਕਦੋਂ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ?

**ਚੌਧਰੀ ਜਗਜੀਤ ਸਿੰਘ (ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ)** : ਹਾਂ ਜੀ । ਜ਼ਿਲ੍ਹਾ ਮਾਨਸਾ ਦੇ ਬੁਢਲਾਡਾ ਸ਼ਹਿਰ ਅਤੇ ਅਨਾਜ ਮੰਡੀ ਬੁਢਲਾਡਾ ਵਿਖੇ ਗੰਦੇ ਪਾਣੀ ਦੀ ਨਿਕਾਸੀ ਲਈ ਸ਼ੁਰੂ ਵਿੱਚ 90.98 ਲੱਖ ਰੁਪਏ ਦੀ ਲਾਗਤ ਦਾ ਪ੍ਰੋਜੈਕਟ ਤਿਆਰ ਕੀਤਾ ਸੀ । ਜਿਸ ਦੀ ਲਾਗਤ ਬਾਅਦ ਵਿੱਚ 75.00 ਲੱਖ ਰੁਪਏ ਕਰ ਦਿੱਤੀ ਗਈ ਸੀ । ਇਸ ਪ੍ਰੋਜੈਕਟ ਤੇ ਹੁਣ ਤੱਕ 30.05 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ । ਬਾਕੀ ਦੇ ਕੰਮ ਨੂੰ ਮੁਕੰਮਲ ਕਰਨ ਲਈ 45.00 ਲੱਖ ਰੁਪਏ ਦੀ ਜਰੂਰਤ ਹੈ, ਜਦੋਂ ਵੀ ਫੰਡਜ਼ ਉਪਲੱਬਧ ਹੋਣਗੇ ਤਾਂ ਇਸ ਕੰਮ ਨੂੰ ਮੁਕੰਮਲ ਕਰ ਲਿਆ ਜਾਵੇਗਾ ।

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਮਾਨਯੋਗ ਸਪੀਕਰ ਸਾਹਿਬ, ਇਹ ਗੰਦੇ ਪਾਣੀ ਦੇ ਨਿਕਾਸ ਲਈ ਪ੍ਰਸ਼ਨ ਨਹੀਂ । ਇਹ ਬਾਰਸ਼ਾਂ ਦਾ ਪਾਣੀ ਜਿਹੜਾ ਦਾਣਾ ਮੰਡੀ ਵਿੱਚ ਖੜ੍ਹ ਜਾਂਦਾ ਹੈ ਅਤੇ ਜਿਸ ਨਾਲ ਕਿਸਾਨਾਂ ਦੀ ਫਸਲ ਬਰਬਾਦ ਹੋ ਰਹੀ ਹੈ ਉਸ ਬਾਰੇ ਪ੍ਰਸ਼ਨ ਹੈ । ਪਿਛਲੇ ਮਹੀਨੇ ਜਦੋਂ ਬਾਰਸ਼ਾਂ ਹੋਈਆਂ, ਉਸ ਵੇਲੇ ਨਰਮੇ ਦੀ ਫਸਲ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ । 30 ਲੱਖ ਰੁਪਏ ਦੀ ਲਾਗਤ ਨਾਲ ਜਿਹੜਾ ਇਨ੍ਹਾਂ ਨੇ ਦੱਸਿਆ ਹੈ ਕਿ ਖਰਚ ਕੀਤਾ ਹੈ ਇਸ ਚੀਜ਼ ਤੇ, ਇਸ ਨਾਲ ਕਈ ਕਿਲੋਮੀਟਰ ਪਾਈਪ ਲਾਈਨ ਪਾਈ ਜਾ ਚੁੱਕੀ ਹੈ । ਸਿਰਫ ਮੋਟਰ ਤੇ ਬਿਜਲੀ ਦਾ ਕੁਨੈਕਸ਼ਨ ਲੱਗਣ ਵਾਲਾ ਰਹਿੰਦਾ ਹੈ ।ਰਕਮ ਦਾ ਪ੍ਰਬੰਧ ਇਨ੍ਹਾਂ ਕੋਲ ਹੈ । ਇਹ ਕਦੋਂ ਤੱਕ ਮੋਟਰਾਂ ਲਾ ਕੇ ਪਾਣੀ ਦੀ ਜਿਹੜੀ ਸਪਲਾਈ ਹੈ, ਦਾਣਾ ਮੰਡੀ ਵਿੱਚੋਂ ਚੁੱਕ ਕੇ ਡ੍ਰੇਨੇਜ਼ ਵਿੱਚ ਸੁੱਟ ਦੇਣਗੇ । ਇਸ ਗੱਲ ਦਾ ਇਹ ਵਿਸ਼ਵਾਸ ਦਿਵਾ ਦੇਣ ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਬਾਕੀ ਫੰਡਜ਼ ਵਾਸਤੇ ਮੰਡੀਬੋਰਡ ਨੂੰ ਲਿਖਿਆ ਗਿਆ ਹੈ । ਜਦੋਂ ਫੰਡਜ਼ ਮਿਲਣਗੇ, ਕੰਮ ਕੰਪਲੀਟ ਕਰ ਦਿੱਤਾ ਜਾਵੇਗਾ । 75 ਹਾਰਸ ਪਾਵਰ ਦੀ ਮਸ਼ੀਨਰੀ ਲੱਗ ਚੁੱਕੀ ਹੈ ਬਿਜਲੀ ਦੇ ਕੁਨੈਕਸ਼ਨ ਵਾਸਤੇ ਮਿਉਂਸਪਲ ਕਾਂਉਂਸਿਲ ਨੇ ਅਪਲਾਈ ਕੀਤਾ ਹੋਇਆ ਹੈ । ਕੁਨੈਕਸ਼ਨ ਮਿਲਣ ਤੇ ਇਸ ਨੂੰ ਚਾਲੂ ਕਰ ਦਿੱਤਾ ਜਾਵੇਗਾ ।

---

Original with;
Punjab Vidhan Sabha
Digitized by;

## ਕੰਮਕਾਜੀ ਔਰਤਾਂ ਦੇ ਬੱਚਿਆਂ ਲਈ ਕਰੈਚਿਜ਼

*448 1. ਸਰਦਾਰ ਗੁਰਜੰਟ ਸਿੰਘ
2. ਸ਼੍ਰੀ ਨੱਥੂ ਰਾਮ
: ਕੀ ਸਮਾਜਿਕ ਸੁਰੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਕੰਮ-ਕਾਜੀ ਮਾਵਾਂ, ਸਫਾਈ ਸੇਵਕਾਂ (ਸਵੀਪਰਾਂ) ਦੇ ਬੱਚਿਆਂ ਲਈ ਕਰੈਚਿਜ਼ ਵਾਸਤੇ ਸਾਲਾਂ 2000-01, 2001–02 ਅਤੇ 2002-03 ਲਈ ਬਜਟ ਅਨੁਮਾਨਾਂ ਵਿਚ ਕਿੰਨੀ ਕਿੰਨੀ ਰਕਮ ਮਖਸੂਸ ਕੀਤੀ ਗਈ: ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਇਸ ਉਦੇਸ਼ ਲਈ ਵਰਤੀ ਗਈ ਹੈ: ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਵਿਵਰਣ ਸਦਨ ਦੀ ਟੇਬਲ ਤੇ ਰੱਖਿਆ ਜਾਂਦਾ ਹੈ ।

### ਵਿਵਰਣ

(ਰਕਮ ਲੱਖਾਂ ਵਿਚ)

| (ੳ) ਸਾਲ | ਬਜਟ ਉਪਬੰਧ |
|---|---|
| 2000–01 | 4.19 |
| 2001-02 | 2.88 |
| 2002–03 | 2.88 |

| (ਅ) ਸਾਲ | ਖਰਚਾ | ਬਾਕੀ | ਵਿਸ਼ੇਸ਼ ਕਥਨ |
|---|---|---|---|
| 2000–01 | 3.85 | 0 34 | ਖਜ਼ਾਨੇ ਵਿਚੋਂ ਬਿਲ ਪਾਸ ਨਾ ਹੋਣ ਕਾਰਣ ਇਹ ਰਕਮ ਖਰਚ ਨਹੀਂ ਕੀਤੀ ਜਾ ਸਕੀ । |
| 20001–02 | 1 51 | 1.37 | —ਉਕਤ— |
| 2002-03 | 1.96 | 0.92 | ਬਕਾਇਆ ਰਕਮ 31–3-03 ਤੱਕ ਖਰਚ ਕੀਤੀ ਜਾਵੇਗੀ । |

Original with;
Punjab Vidhan Sabha
Panjab Digital Library

**ਸਰਦਾਰ ਗੁਰਜੰਟ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਡਾਈਟ ਮਨੀ ਸਕੀਮ ਹੈ। ਇਹ ਸਿਰਫ ਸਾਡੇ ਜ਼ਿਲ੍ਹੇ ਬਠਿੰਡਾ ਵਿੱਚ ਹੀ ਚੱਲ ਰਹੀ ਹੈ। ਬਾਕੀ ਸ਼ਹਿਰਾਂ ਵਿੱਚ ਵੀ ਇਸ ਦੀ ਲੋੜ ਹੈ। ਕੀ ਮੰਤਰੀ ਸਾਹਿਬ ਬਾਕੀ ਸ਼ਹਿਰਾਂ ਵਿੱਚ ਵੀ ਇਸ ਨੂੰ ਲਾਗੂ ਕਰ ਰਹੇ ਹਨ ? ਇਹ ਜਿਹੜੀ ਸਕੀਮ ਹੈ, ਇਹ 20 ਸਾਲ ਪੁਰਾਣੀ ਸਕੀਮ ਹੈ। ਕੀ ਮੰਤਰੀ ਸਾਹਿਬ ਇਹ ਦੱਸਣਗੇ ਕਿ ਪ੍ਰਤੀ ਬੱਚਾ ਇਹ ਕਿੰਨੀ ਡਾਈਟ ਦੇ ਰਹੇ ਹਨ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਹ ਜਿਹੜੀ ਸਕੀਮ ਹੈ ਇਸ ਅਧੀਨ ਜ਼ਿਲ੍ਹਾਵਾਰ ਸਾਡੇ ਪਾਸ 12 ਕਰੈਸ਼ ਸੈਂਟਰ ਹਨ, ਜੋ ਬੱਚਿਆਂ ਵਾਸਤੇ ਹਨ। ਦੂਸਰਾ ਕੁਐਸਚਨ ਹੈ ਡਾਈਟ ਮਨੀ ਬਾਰੇ। ਇਹ ਡਿਪਾਰਟਮੈਂਟ ਵੀ ਮਹਿਸੂਸ ਕਰਦਾ ਹੈ ਕਿ ਦੋ ਰੁਪਏ ਕਾਫੀ ਘੱਟ ਹਨ। ਇਸ ਬਾਰੇ ਵੈਲਫ਼ੇਅਰ ਡਿਪਾਰਟਮੈਂਟ ਦੀ ਐਫ.ਡੀ. ਨਾਲ ਗੱਲ ਚਲ ਰਹੀ ਹੈ। ਹੋ ਸਕਦਾ ਹੈ ਅਸੀਂ ਇਸ ਵਾਸਤੇ ਜਲਦੀ ਫੈਸਲਾ ਲੈ ਲਈਏ ਔਰ ਇਸ ਨੂੰ ਇਨਕਰੀਜ਼ ਕਰਵਾ ਦੇਈਏ।

**ਸਰਦਾਰ ਗੁਰਜੰਟ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਸ ਬਾਰੇ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸਕੀਮ ਹੈ ਇਹ ਕਦੋਂ ਤੱਕ ਨੇਪਰੇ ਚੜ੍ਹਾ ਦੇਣਗੇ ਅਤੇ ਕਦੋਂ ਤੱਕ ਇਹ ਪੈਸੇ ਵਧਾਏ ਜਾਣਗੇ ? ਹੁਣ ਤਾਂ ਬੱਚਿਆਂ ਵਾਸਤੇ ਦੋ ਰੁਪਇਆਂ ਦੀ ਕੁਲਫੀ ਵੀ ਨਹੀਂ ਆਉਂਦੀ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਐਫ.ਡੀ. ਨਾਲ ਇਹ ਗੱਲ ਚੱਲ ਰਹੀ ਹੈ। ਮੇਰਾ ਖ਼ਿਆਲ ਹੈ ਕਿ ਫੈਸਲਾ ਜਲਦੀ ਹੋ ਜਾਵੇਗਾ।

**ਸਰਦਾਰ ਗੁਰਜੰਟ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਡੇਟ ਨਹੀਂ ਦੱਸੀ ਕੀ ਕਦੋਂ ਤੱਕ ਕਰਵਾ ਦੇਣਗੇ ? ਜਲਦੀ ਤਾਂ ਚਾਰ ਸਾਲ ਵੀ ਲੱਗ ਸਕਦੇ ਹਨ।

**ਮਾਨਯੋਗ ਸਪੀਕਰ :** ਹਾਂ ਜੀ, ਮੰਤਰੀ ਜੀ ਇਹ ਡੈਫੀਨੇਟ ਡੇਟ ਜਾਣਨਾ ਚਾਹੁੰਦੇ ਹਨ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਐਸੀ ਕੋਈ ਗੱਲ ਨਹੀਂ ਹੈ। ਜਲਦੀ ਹੋ ਜਾਵੇਗਾ।

---

**ਅਨੁਸੂਚਿਤ ਜਾਤੀਆਂ ਦੇ ਬੇਰੁਜ਼ਗਾਰ ਵਿਅਕਤੀਆਂ ਲਈ ਡਰਾਈਵਿੰਗ ਟ੍ਰੇਨਿੰਗ**

*447. 1. **ਸਰਦਾਰ ਗੁਰਜੰਟ ਸਿੰਘ**
2. **ਸ਼੍ਰੀ ਨੱਥੂ ਰਾਮ**
: ਕੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

Original with;
Punjab Vidhan Sabha
Punjab Digital Library

(ੳ) ਬੇਰੁਜ਼ਗਾਰ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਡਰਾਈਵਿੰਗ ਟ੍ਰੇਨਿੰਗ ਦੇਣ ਲਈ ਸਾਲਾਂ 2000-01, 2001-02 ਅਤੇ 2002-03 ਲਈ ਬਜਟ ਅਨੁਮਾਨਾਂ ਵਿਚ ਕਿੰਨੀ ਕਿੰਨੀ ਰਕਮ ਮਖਸੂਸ ਕੀਤੀ ਗਈ ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਇਸ ਉਦੇਸ਼ ਲਈ ਵਰਤੀ ਗਈ ਹੈ ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ੍ਰੀਮਾਨ ਜੀ, ਵਿਵਰਣ ਸਦਨ ਦੇ ਟੇਬਲ ਤੇ ਰੱਖਿਆ ਜਾਂਦਾ ਹੈ ।

ਵਿਵਰਣ

(ੳ) ਸਾਲ 2000-01, 2001-02 ਅਤੇ 2002-03 ਤੱਕ ਦੇ ਬਜਟ ਉਪਬੰਧ ਅਤੇ ਖਰਚੇ ਦਾ ਵਿਵਰਣ

ਬਜਟ ਉਪਬੰਧ

| ਸਾਲ | ਬਜਟ ਅਨੁਮਾਨ (ਰੁ: ਲੱਖਾਂ ਵਿੱਚ) |
|---|---|
| 2000-01 | 24.00 |
| 2001-02 | 24.00 |
| 2002-03 | 34.00 |

(ਅ) ਬਜਟ ਖਰਚਾ

| ਸਾਲ | ਬਜਟ ਅਨੁਮਾਨ (ਰੁ: ਲੱਖਾਂ ਵਿੱਚ) | ਖਰਚਾ (ਰੁ: ਲੱਖਾਂ ਵਿੱਚ) | ਰਕਮ ਖਰਚ ਨਾ ਕਰਨ ਦੇ ਕਾਰਨ |
|---|---|---|---|
| 2000-01 | 24.00 | 22.95 | ਖੇਤਰੀ ਦਫਤਰਾਂ ਵਲੋਂ ਸਿਫਾਰਸ਼ਾਂ ਨਾ ਪ੍ਰਾਪਤ ਹੋਣ ਕਾਰਨ । |
| 2001-02 | 24.00 | 16.51 | ਖੇਤਰੀ ਦਫਤਰਾਂ ਵਲੋਂ ਸਿਫਾਰਸ਼ਾਂ ਨਾ ਪ੍ਰਾਪਤ ਹੋਣ ਕਾਰਨ । |
| 2002-03 | 34.00 | — | ਮਿਤੀ 29.1.2003 ਨੂੰ ਇਸ ਸਕੀਮ ਤਹਿਤ ਫੰਡਜ਼ ਰਲੀਜ਼ ਕੀਤੇ ਗਏ ਹਨ । |

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਜੰਟ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਨ੍ਹਾਂ ਨੇ ਚੇਅਰਮੈਨ ਲਾਏ ਹਨ ਉਹ ਏ.ਡੀ.ਸੀ.(ਡੀ) ਲਾਏ ਹਨ । ਜਦੋਂ ਕਿ ਡਿਪਾਰਟਮੈਂਟ ਦਾ ਕੋਈ ਨੁਮਾਇੰਦਾ ਹੀ ਨਹੀਂ ਰੱਖਿਆ । ਕੀ ਮੰਤਰੀ ਜੀ ਇਹ ਯਕੀਨ ਦਿਵਾਉਣਗੇ ਕਿ ਇਹ ਵੈਲਫੇਅਰ ਡਿਪਾਰਟਮੈਂਟ ਤੋਂ ਜਾਂ ਕੋਈ ਚੁਣੇ ਹੋਏ ਨੁਮਾਇੰਦਿਆਂ ਵਿੱਚੋਂ ਚੇਅਰਮੈਨ ਲਗਾਉਣਗੇ ?

**ਮੰਤਰੀ** : ਮੈਂਬਰ ਸਾਹਿਬ ਜ਼ਰਾ ਆਪਣੀ ਸਪਲੀਮੈਂਟਰੀ ਦੁਬਾਰਾ ਕਲੀਅਰ ਕਰ ਦੇਣ ।

**ਸਰਦਾਰ ਗੁਰਜੰਟ ਸਿੰਘ** : ਮਾਨਯੋਗ ਸਪੀਕਰ ਸਾਹਿਬ, ਜਿਹੜਾ ਚੇਅਰਮੈਨ ਲਗਾਇਆ ਗਿਆ ਹੈ ਉਹ ਏ.ਡੀ.ਸੀ.(ਡੀ.) ਨੂੰ ਲਗਾਇਆ ਗਿਆ ਹੈ ਜਦੋਂ ਕਿ ਵੈਲਫੇਅਰ ਡਿਪਾਰਟਮੈਂਟ ਦਾ ਜਾਂ ਚੁਣੇ ਹੋਏ ਨੁਮਾਇੰਦਿਆਂ ਵਿਚੋਂ ਕੋਈ ਵੀ ਵਿਅਕਤੀ ਨਹੀਂ ਲਿਆ । ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਕ ਤਾਂ ਕੀ ਕਮੇਟੀ ਵਿਚ ਚੁਣੇ ਹੋਏ ਨੁਮਾਇੰਦੇ ਲਏ ਜਾਣਗੇ ? ਦੂਸਰਾ ਕੀ ਰਾਸ਼ੀ ਵਧਾਈ ਜਾ ਰਹੀ ਹੈ ?

**ਮੰਤਰੀ** : ਇਹ ਐਸ.ਸੀ. ਨੌਜਵਾਨਾਂ ਨੂੰ ਡਰਾਈਵਿੰਗ ਦੀ ਟ੍ਰੇਨਿੰਗ ਦੇਣ ਦੇ ਪ੍ਰੋਗਰਾਮ ਬਾਰੇ ਸਵਾਲ ਹੈ । ਇਸ ਵਿਚ ਜ਼ਿਲ੍ਹਾ ਭਲਾਈ ਅਫਸਰ ਨੂੰ ਪਹਿਲਾਂ ਹੀ ਮੈਂਬਰ ਪਾਇਆ ਹੋਇਆ ਹੈ ।

---

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ *443

**ਮਾਨਯੋਗ ਸਪੀਕਰ** : ਇਸ ਸਵਾਲ ਦੀ ਐਕਸਟੈਂਸ਼ਨ ਮੰਗੀ ਗਈ ਹੈ । ਜਿਹੜੀ ਕਿ ਮੈਂ ਅਲਾਓ ਕਰ ਦਿੱਤੀ ਹੈ । ਇਸ ਸਵਾਲ ਦਾ ਜਵਾਬ ਬਜਟ ਸੈਸ਼ਨ ਵਿਚ ਆ ਜਾਣਾ ਚਾਹੀਦਾ ਹੈ ।

---

## ਪਾਣੀ ਅਤੇ ਬਿਜਲੀ ਦੀ ਮੁਫਤ ਸਪਲਾਈ ਵਾਪਸ ਲੈਣਾ

*491. **ਸਰਦਾਰ ਸੁਰਜੀਤ ਸਿੰਘ ਰੱਖੜਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਮੌਜੂਦਾ ਸਰਕਾਰ ਨੇ ਰਾਜ ਵਿਚ ਕਿਸਾਨਾਂ ਨੂੰ ਪਿਛਲੀ ਸਰਕਾਰ ਦੁਆਰਾ ਦਿਤੀ ਗਈ ਪਾਣੀ ਅਤੇ ਬਿਜਲੀ ਦੀ ਮੁਫਤ ਸਪਲਾਈ

---

*For Starred Question No. 443 and reply thereto, please see Punjab Vidhan Sabha Debates dated 1.4.2003.

Original with;
Punjab Vidhan Sabha
Digitized by;
Punjab Digital Library

ਦੀ ਸਹੂਲਤ ਬੰਦ ਕਰ ਦਿੱਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਕੀ ਕਿਸਾਨਾਂ ਦੀ ਤਰਸਯੋਗ ਮਾਲੀ ਹਾਲਤ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਸਹੂਲਤ ਨੂੰ ਮੁੜ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਅਤੇ

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ, ਤਾਂ ਉਕਤ ਸਹੂਲਤ ਨੂੰ ਕਦੋਂ ਤਕ ਮੁੜ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ, ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

**ਕੈਪਟਨ ਅਮਰਿੰਦਰ ਸਿੰਘ** : (ੳ) ਪੰਜਾਬ ਸਟੇਟ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ ਨੇ ਆਪਣੇ ਹੁਕਮ ਮਿਤੀ 6.9.2002 ਰਾਹੀਂ ਟਿਊਬਵੈਲਾਂ ਨੂੰ ਮੁਫਤ ਬਿਜਲੀ ਦੀ ਸੁਵਿਧਾ ਮਿਤੀ 1.10.2002 ਤੋਂ ਵਾਪਸ ਲੈ ਲਈ ਹੈ। ਫਿਰ ਵੀ, ਰਾਜ ਸਰਕਾਰ ਕਿਸਾਨਾਂ ਅਤੇ ਸ਼ਹਿਰੀ ਤੇ ਦਿਹਾਤੀ ਇਲਾਕਿਆਂ ਵਿੱਚ ਰਹਿ ਰਹੇ ਗਰੀਬ ਵਰਗ ਦੇ ਲੋਕਾਂ ਨੂੰ ਰਿਆਇਤੀ ਦਰਾਂ ਤੇ ਬਿਜਲੀ ਦੇ ਰਹੀ ਹੈ। ਜਿਥੋਂ ਤੱਕ ਮੁਫਤ ਨਹਿਰੀ ਪਾਣੀ ਦੀ ਸਹੂਲਤ ਦੇਣ ਦਾ ਸਬੰਧ ਹੈ, ਇਹ ਸਰਕਾਰ ਵੱਲੋਂ ਵਾਪਸ ਲੈ ਲਈ ਗਈ ਹੈ। ਇਸ ਸਮੇਂ ਮੁਫਤ ਬਿਜਲੀ ਅਤੇ ਮੁਫਤ ਨਹਿਰੀ ਪਾਣੀ ਦੀ ਸਹੂਲਤ ਨੂੰ ਮੁੜ ਬਹਾਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

(ਅ) ਪੰਜਾਬ ਸਟੇਟ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ, ਜੋ ਕਿ ਇਕ ਕਾਨੂੰਨੀ ਅਥਾਰਟੀ ਹੈ, ਨੇ ਬਿਜਲੀ ਦੀਆਂ ਦਰਾਂ ਨੂੰ ਨਿਰਧਾਰਤ ਕਰਕੇ ਲਗਾਉਣਾ ਅਤੇ ਨਿਯਮਤ ਕਰਨਾ ਹੈ। ਇਸ ਮਾਮਲੇ ਬਾਰੇ ਕੋਈ ਵੀ ਫੈਸਲਾ ਲੈਣਾ ਰਾਜ ਸਰਕਾਰ ਦੇ ਅਧਿਕਾਰ-ਖੇਤਰ ਤੋਂ ਬਾਹਰ ਹੈ। ਫਿਰ ਵੀ ਰਾਜ ਸਰਕਾਰ ਕਿਸਾਨਾਂ ਅਤੇ ਸ਼ਹਿਰੀ ਤੇ ਦਿਹਾਤੀ ਇਲਾਕਿਆਂ ਵਿੱਚ ਰਹਿ ਰਹੇ ਗਰੀਬ ਵਰਗ ਦੇ ਲੋਕਾਂ ਨੂੰ ਰਿਆਇਤੀ ਦਰਾਂ ਤੇ ਬਿਜਲੀ ਦਿੰਦੀ ਰਹੇਗੀ। ਸਿੰਚਾਈ ਦੇ ਮੰਤਵ ਲਈ ਮੁਫਤ ਨਹਿਰੀ ਪਾਣੀ ਦੇਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਨਹਿਰੀ ਪਾਣੀ ਦੀ ਸਪਲਾਈ ਤੋਂ ਪ੍ਰਾਪਤ ਹੋਣ ਵਾਲੇ ਆਬਿਆਨੇ ਦੀ ਸਾਰੀ ਰਾਸ਼ੀ ਨੂੰ ਕੇਵਲ ਨਹਿਰੀ ਸਿਸਟਮ ਦੇ ਸੰਚਾਲਨ ਅਤੇ ਦੇਖ-ਰੇਖ ਤੇ ਹੋਣ ਵਾਲੇ ਖਰਚੇ ਨੂੰ ਪੂਰਾ ਕਰਨ ਲਈ ਹੀ ਵਰਤਿਆ ਜਾਵੇਗਾ। ਇਸ ਤਰ੍ਹਾਂ ਆਬਿਆਨੇ ਦੀ ਰਾਸ਼ੀ ਨੂੰ, ਕਿਸਾਨਾਂ ਨੂੰ ਬਿਹਤਰ ਸਿੰਚਾਈ ਸਹੂਲਤਾਂ ਪ੍ਰਦਾਨ ਕਰਨ ਲਈ ਹੀ ਵਰਤਿਆ ਜਾਵੇਗਾ।

ਮਾਨਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਸਵਾਲ ਹੈ ਕਿ ਮੁਫਤ ਬਿਜਲੀ ਅਤੇ ਪਾਣੀ ਜਿਹੜਾ ਕਿਸਾਨਾਂ ਕੋਲੋਂ ਵਾਪਸ ਲਿਆ ਗਿਆ ਹੈ, ਕੀ ਉਹ ਸਰਕਾਰ ਦੇ ਕੋਈ ਵਿਚਾਰ ਅਧੀਨ ਹੈ ਕਿ ਉਸ ਨੂੰ ਦੁਬਾਰਾ ਸ਼ੁਰੂ ਕੀਤਾ ਜਾਵੇ ? ਉਨ੍ਹਾਂ ਨੂੰ ਪਤਾ ਹੈ ਕਿ ਬਾਰ ਬਾਰ ਇਹ ਗੱਲ ਆਈ ਹੈ। ਮੈਂ ਪਿਛਲੇ ਦਿਨੀਂ ਵੀ ਇਹ ਗੱਲ ਕਹੀ ਸੀ ਕਿ ਬਿਜਲੀ ਬੋਰਡ ਦੇ ਹਾਲਾਤ ਬੜੇ ਮਾੜੇ ਹਨ। ਉਸ ਦਾ ਰੈਵਨਿਊ ਐਕਸਪੈਂਡੀਚਰ ਦਾ

Original with;
Punjab Vidhan Sabha
Digitized by;

[ਮੁੱਖ ਮੰਤਰੀ]

1800 ਕਰੋੜ ਰੁਪਏ ਦਾ ਗੈਪ ਹੈ । ਅਸੀਂ ਹਰ ਹਾਲਤ ਵਿਚ ਬਿਜਲੀ ਬੋਰਡ ਨੂੰ ਸਹੀ ਰਾਹ ਤੇ ਲਿਆਉਣਾ ਹੈ । ਇਸ ਵੇਲੇ ਤਾਂ ਅਸੀਂ ਪਾਵਰ ਮੁਫਤ ਨਹੀਂ ਦੇ ਸਕਦੇ । ਇਸ ਫਰੀ ਪਾਵਰ ਨੂੰ ਵਿਦਡਰਾਅ ਕਰਕੇ ਅਸੀਂ ਆਪਣੇ ਆਪ ਨੂੰ multilateral & bilateral funding ਵਾਸਤੇ open ਕਰ ਦਿਤਾ ਹੈ ਜਿਸ ਦੀ ਕਿ ਪੰਜਾਬ ਨੂੰ ਅੱਜ ਲੋੜ ਹੈ । ਜਿਥੋਂ ਤੱਕ ਫਰੀ ਪਾਵਰ ਦੇਣ ਦਾ ਸਵਾਲ ਹੈ, ਅਸੀਂ ਆਪਣੇ ਚੋਣ ਮੈਨੀਫੈਸਟੋ ਵਿਚ ਵੀ ਕਿਹਾ ਹੈ ਕਿ ਜਦੋਂ ਅਸੀਂ ਸਮਝਾਂਗੇ ਕਿ ਬਿਜਲੀ ਬੋਰਡ ਦੇ ਆਰਥਿਕ ਹਾਲਾਤ ਸੁਧਰ ਗਏ ਹਨ ਅਤੇ ਪੰਜਾਬ ਦੇ ਆਰਥਿਕ ਹਾਲਾਤ ਵੀ ਸੁਧਰ ਗਏ ਹਨ, ਉਦੋਂ ਅਸੀਂ ਇਸ ਤੇ ਪੂਰੀ ਤਰ੍ਹਾਂ ਵਿਚਾਰ ਕਰਾਂਗੇ ।

**ਸਰਦਾਰ ਸੁਰਜੀਤ ਸਿੰਘ ਰੱਖੜਾ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੱਲ੍ਹ ਅਖਬਾਰਾਂ ਵਿਚ ਜਿਹੜਾ ਬਿਆਨ ਆਇਆ ਹੈ ਕਿ ਕਿਸਾਨ ਯੂਨੀਅਨਾਂ ਨਾਲ ਸਮਝੌਤਾ ਹੋਇਆ ਹੈ, ਉਸ ਵਿਚ ਕਿਹਾ ਗਿਆ ਹੈ ਕਿ ਬਿਜਲੀ ਮੁਫਤ ਕੀਤੀ ਜਾਵੇਗੀ, ਬੋਨਸ ਦੀ ਗੱਲ ਵੀ ਕੀਤੀ ਗਈ ਹੈ ਅਤੇ ਗੰਨੇ ਦੇ ਰੇਟ ਦੀ ਗੱਲ ਵੀ ਕੀਤੀ ਗਈ ਹੈ । ਕੀ ਇਹ ਗੱਲ ਠੀਕ ਹੈ ਜਾਂ ਨਹੀਂ ?

**ਮੁੱਖ ਮੰਤਰੀ** : ਕੋਈ ਇਹੋ ਜਿਹੀ ਗੱਲ ਨਹੀਂ ਹੋਈ । ਪਤਾ ਨਹੀਂ ਇਨ੍ਹਾਂ ਨੇ ਕਿਹੜੀ ਅਖਬਾਰ ਪੜ੍ਹੀ ਹੈ । ਜਿਹੜੀ ਅਸੀਂ ਪੜ੍ਹੀ ਹੈ ਉਸ ਦੇ ਵਿਚ ਤਾਂ ਕੋਈ ਅਜਿਹੀ ਗੱਲ ਨਹੀਂ ਹੈ । ਫਰੀ ਬਿਜਲੀ ਵਾਪਸ ਦੇਣ ਬਾਰੇ ਕਿਸੇ ਵੀ ਆਰਗੇਨਾਈਜੇਸ਼ਨ ਨਾਲ ਕੋਈ ਗੱਲ ਨਹੀਂ ਹੋਈ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਮਾਨਯੋਗ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸੀ.ਐਮ. ਸਾਹਿਬ ਨੇ ਜਿਹੜਾ ਆਰਥਿਕ ਹਾਲਾਤ ਬਾਰੇ ਕਿਹਾ ਹੈ, ਉਹ ਤਾਂ ਠੀਕ ਹੈ ਇਹ ਹਾਲਾਤ ਅੱਜ ਤੋਂ ਨਹੀਂ ਹਨ ਬਲਕਿ 15 ਸਾਲ ਤੋਂ ਚਲੇ ਆ ਰਹੇ ਹਨ। ਪਰ ਮੈਂ ਸੀ.ਐਮ. ਸਾਹਿਬ ਕੋਲੋਂ ਸਪਸ਼ਟ ਤੇ ਸਿੱਧਾ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਸੀ.ਐਮ. ਸਾਹਿਬ ਇਹ ਵੀ ਕਹਿ ਰਹੇ ਹਨ ਤੇ ਜਦੋਂ ਹਾਲਾਤ ਠੀਕ ਹੋਏ ਤਾਂ ਇਸ ਨੂੰ ਫਿਰ ਫਰੀ ਕਰਨ ਦਾ ਵਾਅਦਾ ਕਰ ਰਹੇ ਹਨ । ਇਨ੍ਹਾਂ ਦੋਨਾਂ ਵਿਚੋਂ ਸੱਚ ਕਿਹੜਾ ਹੈ ?

**ਮੁੱਖ ਮੰਤਰੀ** : ਦੋਨੋਂ ਗੱਲਾਂ ਹੀ ਸੱਚ ਹਨ । (ਥੰਪਿੰਗ) ਇਸ ਵੇਲੇ ਹਾਲਾਤ ਠੀਕ ਨਹੀਂ ਹਨ । ਜਦੋਂ ਹਾਲਾਤ ਠੀਕ ਹੋਏ ਤਾਂ ਫਿਰ ਵਿਚਾਰ ਕਰ ਲਵਾਂਗੇ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਕੀ ਸਤਿਕਾਰਯੋਗ ਮੁੱਖ ਮੰਤਰੀ ਜੀ ਦੱਸਣਗੇ ਕਿ ਇਕ ਪਾਸੇ ਤਾਂ ਉਹ ਕਹਿ ਰਹੇ ਹਨ ਕਿ ਜਦੋਂ ਹਾਲਾਤ ਠੀਕ ਹੋਏ ਤਾਂ ਵਿਚਾਰ ਕਰਾਂਗੇ । ਦੂਸਰੇ ਪਾਸੇ ਜਵਾਬ ਵਿਚ ਕਹਿ ਰਹੇ ਹਨ ਕਿ ਰੇਗੂਲੇਟਰੀ ਕਮਿਸ਼ਨ ਨੇ ਬਿਜਲੀ ਦੀਆਂ ਦਰਾਂ ਨੂੰ ਨਿਰਧਾਰਤ ਕਰਕੇ ਲਗਾਉਣਾ ਅਤੇ ਨਿਯਮਤ ਕਰਨਾ ਹੈ ।

Original with;
Punjab Vidhan Sabha
Digitized by;

**ਮਾਨਯੋਗ ਸਪੀਕਰ :** ਤੁਸੀਂ ਆਪਣਾ ਕੁਐਸਚਨ ਦੱਸੋ ਕਿ ਕੀ ਹੈ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਮਾਨਯੋਗ ਸਪੀਕਰ ਸਾਹਿਬ ਮੈਂ ਤਾਂ ਟੂ ਦੀ ਪੁਆਇੰਟ ਗੱਲ ਕਰਦਾ ਹਾਂ । ਸੋ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਨਵਾਂ ਟੈਰਿਫ ਰੇਟ ਸੈਂਕਸ਼ਨ ਵਾਸਤੇ ਬਿਜਲੀ ਬੋਰਡ ਅਥਾਰਟੀ ਨੂੰ ਭੇਜਿਆ ਗਿਆ ਸੀ ਉਹ 212/- ਰੁਪਏ ਪ੍ਰਤੀ ਹਾਰਸ ਪਾਵਰ ਟਿਊਬਵੈੱਲ ਕੁਨੈਕਸ਼ਨ ਲਈ ਸੀ ਅਤੇ ਹੁਣ ਜੋ ਰਿਪੋਰਟ ਆਈ ਹੈ ਉਸਦੇ ਮੁਤਾਬਿਕ 330/- ਰੁਪਏ ਪ੍ਰਤੀ ਹਾਰਸ ਪਾਵਰ ਕਰਨ ਲਈ ਵਿਚਾਰ ਕੀਤੀ ਜਾ ਰਹੀ ਹੈ ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਮਾਨਯੋਗ ਸਪੀਕਰ ਸਾਹਿਬ, ਪਹਿਲਾਂ ਮੇਰਾ ਪੁਆਇੰਟ ਕਲੀਅਰ ਹੋ ਜਾਵੇ ਤਾਂ ਹੀ ਮੈਂ ਸਵਾਲ ਪੁੱਛ ਸਕਦਾ ਹਾਂ ।

**MR. SPEAKER :** Please put question. I won't allow a lecture.

**ਸਰਦਾਰ ਬਲਵਿੰਦਰ ਸਿੰਘ ਭੂੰਦੜ :** Sorry sir. ਮਾਨਯੋਗ ਸਪੀਕਰ ਸਾਹਿਬ ਮੈਂ ਦੱਸਣਾ ਚਾਹੁੰਦਾ ਹਾਂ ਕਿ ਬਿਜਲੀ ਬੋਰਡ ਦੁਆਰਾ ਹੋਰ ਟੈਰਿਫ ਵਧਾਏ ਜਾਣ ਬਾਰੇ ਵਿਚਾਰ ਕੀਤੀ ਜਾ ਰਹੀ ਹੈ । ਇਨ੍ਹਾਂ ਦਾ ਇਹ ਕਹਿਣਾ ਕਿ ਘਾਟੇ ਕਰਕੇ ਬਿਜਲੀ ਬੋਰਡ ਨੂੰ ਪ੍ਰਾਈਵੇਟਾਈਜ਼ ਕਰਾਂਗੇ, ਇਹ ਬਿਜਲੀ ਬੋਰਡ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣ ਬਾਰੇ ਕਿਉਂ ਸੋਚ ਰਹੇ ਹਨ ?

**MR. SPEAKER :** No question. No need of answering. Yes, Jathedar Tota Singh ji. ਤੁਸੀਂ ਆਪਣੀ ਸਪਲੀਮੈਂਟਰੀ ਪੁੱਛੋ ।

**ਸਰਦਾਰ ਤੋਤਾ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸ਼ਾਇਦ ਇਨ੍ਹਾਂ ਨੇ ਤਾਂ ਪੰਜਾਬੀ ਟ੍ਰਿਬਿਊਨ ਕੱਲ੍ਹ ਦਾ ਨਾ ਪੜ੍ਹਿਆ ਹੋਵੇ ਪਰ ਸਰਦਾਰ ਲਾਲ ਸਿੰਘ ਜੀ ਨੇ ਜ਼ਰੂਰ ਪੜ੍ਹਿਆ ਹੋਵੇਗਾ । ਉਸ ਵਿੱਚ ਲਿਖਿਆ ਗਿਆ ਹੈ ਕਿ ਭਾਰਤੀ ਕਿਸਾਨ ਯੂਨੀਅਨ ਨਾਲ ਜਿਹੜੀ ਗੱਲ ਹੋਈ ਹੈ ਉਸਦੇ ਵਿੱਚ ਭਰੋਸੇਯੋਗ ਵਸੀਲਿਆਂ ਤੋਂ ਪਤਾ ਲੱਗਿਆ ਹੈ ਕਿ ਬਿਜਲੀ ਦੇ ਜਿਹੜੇ ਬਿਲ ਭੇਜੇ ਗਏ ਹਨ ਉਹ ਵਾਪਸ ਲਏ ਜਾਣਗੇ । ਗੰਨੇ ਦਾ ਰੇਟ 130/- ਰੁਪਏ ਕੀਤਾ ਜਾਵੇਗਾ । ਇਹ ਪੰਜਾਬੀ ਟ੍ਰਿਬਿਊਨ ਅਖਬਾਰ ਵਿੱਚ ਲਿਖਿਆ ਹੈ ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਦੇ ਭਰੋਸੇਯੋਗ ਵਸੀਲੇ ਹੀ ਗਲਤ ਲਗਦੇ ਹਨ । ਮੈਂ ਕੋਈ ਅਜਿਹੀ ਗੱਲ ਨਹੀਂ ਕਹੀ ।

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜੇ ਬਿਜਲੀ ਦੇ ਬਿਲ ਲਗਾਏ ਹਨ, ਇਹ

Original with;
Punjab Vidhan Sabha
Digitized by;

[ਸ੍ਰੀ ਅਵਿਨਾਸ਼ ਰਾਏ ਖੰਨਾ]

ਕਿਹੜੇ ਮਹੀਨੇ ਤੋਂ ਲਗਾਏ ਹਨ ? ਜਿਹੜੀ ਇਨ੍ਹਾਂ ਨੇ ਡੇਟ ਫਿਕਸ ਕੀਤੀ ਹੈ, ਕੀ ਉਸ ਤੋਂ ਪਹਿਲਾਂ ਦੇ ਸਮੇਂ ਦੇ ਬਿਲ ਵੀ ਲਏ ਜਾਣਗੇ ?

**ਮੁੱਖ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਕੱਲ੍ਹ ਵੀ ਮੈਂਬਰ ਸਾਹਿਬ ਨੂੰ ਦੱਸਿਆ ਸੀ ਕਿ ਇਹ ਬਿਲ ਅਕਤੂਬਰ, 2002 ਤੋਂ ਲਾਗੂ ਕੀਤੇ ਗਏ ਹਨ । ਅਕਤੂਬਰ, ਨਵੰਬਰ ਅਤੇ ਦਸੰਬਰ ਦੀ ਰਿਕਵਰੀ ਵੀ ਸ਼ੁਰੂ ਹੋ ਗਈ ਹੈ ਅਤੇ ਤਕਰੀਬਨ 93% ਰਿਕਵਰੀ ਆ ਵੀ ਗਈ ਹੈ । ਮੈਂ ਸਾਰਾ ਕੁਝ ਮੈਂਬਰ ਸਾਹਿਬ ਨੂੰ ਪਹਿਲਾਂ ਹੀ ਦੱਸ ਚੁੱਕਿਆ ਹਾਂ ।

**ਸ੍ਰੀ ਅਵਿਨਾਸ਼ ਰਾਏ ਖੰਨਾ :** ਮਾਨਯੋਗ ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ ਅਕਤੂਬਰ ਤੋਂ ਡੇਟ ਫਿਕਸ ਕੀਤੀ ਗਈ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਅਕਤੂਬਰ ਤੋਂ ਪਹਿਲਾਂ ਦੇ ਵੀ ਅਗਸਤ ਅਤੇ ਸਤੰਬਰ ਦੇ ਮਹੀਨੇ ਦੇ ਵੀ ਬਿਲ ਭੇਜੇ ਗਏ ਹਨ । ਉਨ੍ਹਾਂ ਬਾਰੇ ਮੁੱਖ ਮੰਤਰੀ ਜੀ ਦੱਸਣ ਕਿ ਕੀ ਬਣੇਗਾ ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ)

**MR. SPEAKER :** Questions are over. Now we will take up the next item of the agenda.

---

## UNSTARRED QUESTIONS AND ANSWERS

### ਜ਼ਿਲ੍ਹਾ ਅਤੇ ਸੈਸ਼ਨ ਜੱਜਾਂ ਲਈ ਸਰਕਾਰੀ ਰਿਹਾਇਸ਼ ਦਾ ਪ੍ਰਬੰਧ

61. **ਸ੍ਰੀ ਅਵਿਨਾਸ਼ ਰਾਏ ਖੰਨਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਸਾਰੇ ਜ਼ਿਲ੍ਹਾ ਸਦਰ ਮੁਕਾਮਾਂ ਤੇ ਜ਼ਿਲ੍ਹਾ ਅਤੇ ਸੈਸ਼ਨ ਜੱਜਾਂ ਨੂੰ ਸਰਕਾਰੀ ਰਿਹਾਇਸ਼ ਮੁਹੱਈਆ ਕਰਵਾ ਦਿੱਤੀ ਗਈ ਹੈ; ਜੇਕਰ ਨਹੀਂ, ਤਾਂ ਰਾਜ ਵਿਚ ਸਾਰੇ ਜ਼ਿਲ੍ਹਾ ਅਤੇ ਸੈਸ਼ਨ ਜੱਜਾਂ ਨੂੰ ਸਰਕਾਰੀ ਰਿਹਾਇਸ਼ ਕਦੋਂ ਤੱਕ ਮੁਹੱਈਆ ਕਰਵਾਏ ਜਾਣ ਦੀ ਸੰਭਾਵਨਾ ਹੈ ?

**ਕੈਪਟਨ ਅਮਰਿੰਦਰ ਸਿੰਘ :** ਹਾਂ ਜੀ । ਰਾਜ ਵਿੱਚ ਸਾਰੇ ਜ਼ਿਲ੍ਹਾ ਸਦਰ ਮੁਕਾਮਾਂ ਤੇ ਜਿਥੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਤੈਨਾਤ ਹਨ, ਉਹਨਾਂ ਲਈ ਸਰਕਾਰੀ ਰਿਹਾਇਸ਼ ਮੁਹੱਈਆ ਕੀਤੀ ਹੋਈ ਹੈ । ਮੋਗਾ, ਮੁਕਤਸਰ ਅਤੇ ਨਵਾਂ ਸ਼ਹਿਰ ਵਿਖੇ ਜ਼ਿਲ੍ਹਾ ਅਤੇ ਸੈਸ਼ਨ ਜੱਜਾਂ ਲਈ ਰਿਹਾਇਸ਼ਾਂ ਦਾ ਪ੍ਰਬੰਧ ਨਹੀਂ ਹੈ ਅਤੇ ਇਹਨਾਂ ਥਾਵਾਂ ਤੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਜੇ ਤੱਕ ਤੈਨਾਤ ਵੀ ਨਹੀਂ ਕੀਤੇ ਗਏ ਹਨ । ਲਗਭਗ ਦੋ ਸਾਲਾਂ ਦੇ ਸਮੇਂ ਵਿੱਚ ਇਹਨਾਂ ਥਾਵਾਂ ਤੇ ਰਿਹਾਇਸ਼ ਦੀ ਉਸਾਰੀ ਕੀਤੇ ਜਾਣ ਦੀ ਸੰਭਾਵਨਾ ਹੈ ।

---

Original with;
Punjab Vidhan Sabha
Digitized by;
Panjab Digital Library

## ਮੁੱਢਲੇ ਸਿਹਤ ਕੇਂਦਰ ਬੀਨੇਵਾਲ, ਤਹਿਸੀਲ ਗੜ੍ਹਸ਼ੰਕਰ ਵਿਖੇ 24-ਘੰਟੇ ਡਾਕਟਰੀ ਸੇਵਾਵਾਂ ਮੁਹੱਈਆ ਕਰਨਾ

62. **ਸ੍ਰੀ ਅਵਿਨਾਸ਼ ਰਾਏ ਖੰਨਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪਿੰਡ ਬੀਨੇਵਾਲ, ਤਹਿਸੀਲ ਗੜ੍ਹਸ਼ੰਕਰ ਵਿਖੇ ਮੁੱਢਲੇ ਸਿਹਤ ਕੇਂਦਰ ਵਿਚ ਕੰਮ ਕਰ ਰਹੇ ਡਾਕਟਰਾਂ ਦੀ ਗਿਣਤੀ ਕਿੰਨੀ ਹੈ ਅਤੇ ਉਕਤ ਸਿਹਤ ਕੇਂਦਰ ਤੋਂ ਕਿੰਨੇ ਪਿੰਡਾਂ ਨੂੰ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ; ਅਤੇ

(ਅ) ਕੀ ਉਕਤ ਮੁੱਢਲੇ ਸਿਹਤ ਕੇਂਦਰ ਵਿਚ 24 ਘੰਟੇ ਡਾਕਟਰੀ ਸੇਵਾਵਾਂ ਮੁਹੱਈਆ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਸ੍ਰੀ ਰਮੇਸ਼ ਚੰਦਰ ਡੋਗਰਾ** :

(ੳ) ਪਿੰਡ ਬੀਨੇਵਾਲ, ਤਹਿਸੀਲ ਗੜ੍ਹਸ਼ੰਕਰ ਵਿਚ ਮੁੱਢਲੇ ਸਿਹਤ ਕੇਂਦਰ ਵਿਚ ਕੇਵਲ ਇਕ ਅਸਾਮੀ ਤੇ ਡਾ: ਅਸ਼ੋਕ ਕੁਮਾਰ ਕੰਮ ਕਰ ਰਹੇ ਹਨ । ਇਸ ਕੇਂਦਰ ਤੋਂ 4 ਪਿੰਡ ਸੇਵਾਵਾਂ ਪ੍ਰਾਪਤ ਕਰ ਰਹੇ ਹਨ ।

(ਅ) ਨਹੀਂ ਜੀ ।

---

## ਬਲਾਕ ਗੜ੍ਹਸ਼ੰਕਰ ਵਿਖੇ ਪਟਵਾਰੀਆਂ ਦੁਆਰਾ ਰਿਕਾਰਡ ਰੱਖਣਾ

63. **ਸ੍ਰੀ ਅਵਿਨਾਸ਼ ਰਾਏ ਖੰਨਾ** : ਕੀ ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਭਵਾਨੀਪੁਰ, ਤਹਿਸੀਲ ਗੜ੍ਹਸ਼ੰਕਰ ਸਮੇਤ ਹੋਰ ਕਈ ਪਿੰਡਾਂ ਦੇ ਮਾਲ ਪਟਵਾਰੀਆਂ ਦੇ ਰਿਕਾਰਡ ਅਧੂਰੇ, ਅਵੈਧ ਜਾਂ ਖਰਾਬ ਹੋ ਚੁੱਕੇ ਹਨ ਅਤੇ ਜਾਂ ਉਹ ਅੱਗ ਵਿਚ ਸੜ ਚੁੱਕੇ ਹਨ; ਜੇਕਰ ਅਜਿਹਾ ਹੋਵੇ, ਤਾਂ ਉਕਤ ਰਿਕਾਰਡਾਂ ਨੂੰ ਦੁਬਾਰਾ ਤਿਆਰ ਕਰਨ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ ?

**ਸਰਦਾਰ ਅਮਰਜੀਤ ਸਿੰਘ ਸਮਰਾ** : ਬਲਾਕ ਗੜ੍ਹ ਸ਼ੰਕਰ ਵਿਚ 145 ਪਿੰਡ ਪੈਂਦੇ ਹਨ, ਜਿਨ੍ਹਾਂ ਵਿਚੋਂ 2 ਪਿੰਡਾਂ ਭਵਾਨੀਪੁਰ ਹੱਦ ਬਸਤ ਨੰ: 488 ਅਤੇ ਪਿੰਡ ਮਲਕੋਵਾਲ ਹੱਦ ਬਸਤ ਨੰ: 486 ਦਾ ਮਾਲ ਰਿਕਾਰਡ ਸਾਲ 1959-60 ਤੋਂ ਚੱਕਬੰਦੀ ਵਿਭਾਗ ਦੇ ਅਧੀਨ ਸੀ, ਜੋ ਮਿਤੀ 7 ਅਤੇ 8-5-2000 ਦੀ ਰਾਤ ਨੂੰ ਪਿੰਡ ਮਲਕੋਵਾਲ ਵਿਖੇ ਕੁੱਝ ਸ਼ਰਾਰਤੀ ਵਿਅਕਤੀਆਂ ਵੱਲੋਂ ਸਾੜ ਦਿੱਤਾ ਗਿਆ ਸੀ । ਪਿੰਡ ਮਲਕੋਵਾਲ ਦਾ ਮਾਲ ਰਿਕਾਰਡ ਦੁਬਾਰਾ ਤਿਆਰ ਕੀਤਾ ਜਾ ਚੁੱਕਾ ਹੈ ਅਤੇ ਪਿੰਡ ਭਵਾਨੀਪੁਰ ਦਾ ਮਾਲ ਰਿਕਾਰਡ ਤਿਆਰ ਕਰਨ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ।

---

Original with;
Punjab Vidhan Sabha

## ਅੱਗ ਲੱਗਣ ਕਾਰਣ ਸੜ ਗਏ ਜੁਡੀਸ਼ੀਅਲ ਰਿਕਾਰਡ ਨੂੰ ਦੁਬਾਰਾ ਤਿਆਰ ਕਰਨਾ

64. **ਸ੍ਰੀ ਅਵਿਨਾਸ਼ ਰਾਏ ਖੰਨਾ :** ਕੀ ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮਾਲ ਅਤੇ ਜੁਡੀਸ਼ੀਅਲ ਰਿਕਾਰਡ ਰੂਮ ਵਿਚ ਅੱਗ ਲੱਗ ਗਈ ਸੀ; ਜੇਕਰ ਅਜਿਹਾ ਹੋਵੇ, ਤਾਂ ਉਕਤ ਅੱਗ ਵਿਚ ਕਿੰਨੇ ਸਮੇਂ ਦਾ ਰਿਕਾਰਡ ਸੜ ਗਿਆ ਸੀ ਅਤੇ ਉਕਤ ਰਿਕਾਰਡ ਨੂੰ ਦੁਬਾਰਾ ਤਿਆਰ ਕਰਵਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ਅਤੇ ਉਕਤ ਰਿਕਾਰਡਾਂ ਨੂੰ ਦੁਬਾਰਾ ਕਦੋਂ ਤੱਕ ਤਿਆਰ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਅਮਰਜੀਤ ਸਿੰਘ ਸਮਰਾ :** ਹਾਂ ਜੀ ।

ਇਹ ਠੀਕ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਮਾਲ ਅਤੇ ਜੁਡੀਸ਼ੀਅਲ ਰਿਕਾਰਡ ਰੂਮ ਨੂੰ ਮਿਤੀ 16.6.1998 ਨੂੰ ਅੱਗ ਲੱਗੀ ਸੀ । ਇਸ ਅੱਗ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਹੋਂਦ ਵਿਚ ਆਉਣ ਤੋਂ ਭਾਵ 1846, ਤੋਂ ਅੱਗ ਲੱਗਣ ਦੀ ਮਿਤੀ ਭਾਵ 16.6.1998 ਤੱਕ ਦਾ ਕੇਵਲ ਅਦਾਲਤੀ ਫੈਸਲਿਆਂ ਦਾ ਰਿਕਾਰਡ ਸੜ ਗਿਆ ਸੀ । ਸੜੇ ਹੋਏ ਰਿਕਾਰਡ ਵਿਚੋਂ ਜੁਡੀਸ਼ੀਅਲ ਅਦਾਲਤਾਂ ਦੇ ਫ਼ੈਸਲਿਆਂ ਦੇ ਰਿਕਾਰਡ ਦਾ ਪ੍ਰਬੰਧ ਹਾਈ ਕੋਰਟ ਅਧੀਨ ਹੁੰਦਾ ਹੈ । ਇਸ ਬਾਰੇ ਮਾਲ ਵਿਭਾਗ ਵੱਲੋਂ ਕੁਝ ਕਿਹਾ ਜਾਣਾ ਸੰਭਵ ਨਹੀਂ ਹੈ । ਮਾਲ ਦੀਆਂ ਅਦਾਲਤਾਂ ਦੇ ਫੈਸਲਿਆਂ ਨਾਲ ਸਬੰਧਤ ਮਿਸਲਾ ਨੂੰ ਦੁਬਾਰਾ ਤਿਆਰ ਕਰਨਾ ਸੰਭਵ ਨਹੀਂ ਹੈ ਜੀ ।

---

## ਦਰਜਾ-4 ਕਰਮਚਾਰੀਆਂ ਦੀਆਂ ਖਾਲੀ ਪਈਆਂ ਆਸਾਮੀਆਂ

71. **ਸ੍ਰੀ ਤਿਕਸ਼ਨ ਸੂਦ :** ਕੀ ਸਕੂਲ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਸਮੇਂ ਰਾਜ ਵਿਚ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਵਿਚ ਅਲੱਗ ਅਲੱਗ ਦਰਜਾ 4 ਦੀਆਂ ਜ਼ਿਲ੍ਹਾ-ਵਾਰ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ?

**ਸ੍ਰੀ ਖੁਸ਼ਹਾਲ ਬਹਿਲ :** ਇਸ ਸਮੇਂ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਜ਼ਿਲ੍ਹੇ ਅਨੁਸਾਰ ਦਰਜਾ-4 ਦੀਆਂ ਖਾਲੀ ਅਸਾਮੀਆਂ ਹੇਠ ਲਿਖੇ ਅਨੁਸਾਰ ਹਨ :—

| ਲੜੀ ਨੰ: | ਜ਼ਿਲ੍ਹਾ | ਐਲੀਮੈਂਟਰੀ ਸਕੂਲ | ਸੈਕੰਡਰੀ ਸਕੂਲ | ਜੋੜ |
|---|---|---|---|---|
| 1. | ਅੰਮ੍ਰਿਤਸਰ | 43 | 251 | 294 |
| 2. | ਬਠਿੰਡਾ | 04 | 86 | 90 |

Original with;
Punjab Vidhan Sabha
Digitized by;

| | | | | |
|---|---|---|---|---|
| 3. | ਫਰੀਦਕੋਟ | 24 | 55 | 79 |
| 4. | ਫਤਹਿਗੜ੍ਹ ਸਾਹਿਬ | 05 | 73 | 78 |
| 5. | ਫਿਰੋਜ਼ਪੁਰ | 67 | 151 | 218 |
| 6. | ਗੁਰਦਾਸਪੁਰ | 06 | 39 | 45 |
| 7. | ਹੁਸ਼ਿਆਰਪੁਰ | 08 | 120 | 128 |
| 8. | ਜਲੰਧਰ | 59 | 278 | 337 |
| 9. | ਕਪੂਰਥਲਾ | 38 | 110 | 148 |
| 10. | ਲੁਧਿਆਣਾ | 20 | 170 | 190 |
| 11. | ਮਾਨਸਾ | 34 | 99 | 153 |
| 12. | ਮੋਗਾ | 27 | 129 | 156 |
| 13. | ਮੁਕਤਸਰ | 29 | 101 | 130 |
| 14. | ਨਵਾਂ ਸ਼ਹਿਰ | 09 | 48 | 57 |
| 15. | ਪਟਿਆਲਾ | 80 | 213 | 293 |
| 16. | ਰੋਪੜ | 13 | 102 | 115 |
| 17. | ਸੰਗਰੂਰ | 27 | 127 | 154 |
| | | 493 | 2152 | 2645 |

### ਕਲਰਕਾਂ ਦੀਆਂ ਖਾਲੀ ਪਈਆਂ ਆਸਾਮੀਆਂ

72. **ਸ੍ਰੀ ਤਿਕਸ਼ਨ ਸੂਦ** : ਕੀ ਸਕੂਲ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਸਮੇਂ ਰਾਜ ਵਿਚ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਵਿਚ ਅਲੱਗ ਅਲੱਗ ਜ਼ਿਲ੍ਹਾ-ਵਾਰ ਕਲਰਕਾਂ ਦੀਆਂ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ?

Original with;
Punjab Vidhan Sabha
Digitized by;

**ਸ੍ਰੀ ਖੁਸ਼ਹਾਲ ਬਹਿਲ :** ਇਸ ਸਮੇਂ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਜ਼ਿਲ੍ਹੇ ਅਨੁਸਾਰ ਕਲਰਕਾਂ ਦੀਆਂ ਖਾਲੀ ਅਸਾਮੀਆਂ ਹੇਠ ਲਿਖੇ ਅਨੁਸਾਰ ਹਨ :—

| ਲੜੀ ਨੰ: | ਜ਼ਿਲ੍ਹਾ | ਐਲੀਮੈਂਟਰੀ ਸਕੂਲ | ਸੈਕੰਡਰੀ ਸਕੂਲ | ਜੋੜ |
|---|---|---|---|---|
| 1. | ਅੰਮ੍ਰਿਤਸਰ | — | 05 | 05 |
| 2. | ਬਠਿੰਡਾ | — | 21 | 21 |
| 3. | ਫਰੀਦਕੋਟ | — | 08 | 08 |
| 4. | ਫ਼ਤਹਿਗੜ੍ਹ ਸਾਹਿਬ | — | 05 | 05 |
| 5. | ਫਿਰੋਜ਼ਪੁਰ | 02 | 35 | 37 |
| 6. | ਗੁਰਦਾਸਪੁਰ | — | 03 | 03 |
| 7. | ਹੁਸ਼ਿਆਰਪੁਰ | — | 22 | 22 |
| 8. | ਜਲੰਧਰ | 03 | 49 | 52 |
| 9. | ਕਪੂਰਥਲਾ | — | 08 | 08 |
| 10. | ਲੁਧਿਆਣਾ | 03 | 31 | 34 |
| 11. | ਮਾਨਸਾ | — | 25 | 25 |
| 12. | ਮੋਗਾ | — | 01 | 01 |
| 13. | ਮੁਕਤਸਰ | 01 | 21 | 22 |
| 14. | ਨਵਾਂ ਸ਼ਹਿਰ | — | 26 | 26 |
| 15. | ਪਟਿਆਲਾ | — | 17 | 17 |
| 16. | ਰੋਪੜ | 01 | 13 | 14 |
| 17. | ਸੰਗਰੂਰ | — | 55 | 55 |
| | | 10 | 345 | 355 |

Original with;
Punjab Vidhan Sabha
Digitized by;

**ਮਿਉਂਸਿਪਲ ਕੌਂਸਲ ਹੁਸ਼ਿਆਰਪੁਰ ਦੀਆਂ ਜਾਇਦਾਦਾਂ**

75 **ਸ਼੍ਰੀ ਤਿਕਸ਼ਨ ਸੂਦ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਮਿਉਂਸਿਪਲ ਕੌਂਸਲ, ਹੁਸ਼ਿਆਰਪੁਰ ਦੀਆਂ ਜਾਇਦਾਦਾਂ ਦੇ ਵਾਰਡ-ਵਾਰ ਨਾਮ (ਵੇਰਵੇ) ਕੀ ਹਨ; ਅਤੇ

(ਅ) ਉਕਤ ਭਾਗ (ੳ) ਵਿਚ ਵਰਣਿਤ ਜਾਇਦਾਦਾਂ ਦੇ ਕਾਬਜ਼ਦਾਰਾਂ ਦੇ ਨਾਂ ਕੀ ਹਨ ਅਤੇ ਹਰੇਕ ਕੇਸ ਵਿਚ ਕਬਜ਼ੇ ਅਧੀਨ ਜਾਇਦਾਦ ਕਿਸ ਕਿਸ ਕਿਸਮ ਦੀ ਹੈ ?

**ਚੌਧਰੀ ਜਗਜੀਤ ਸਿੰਘ** : (ੳ) ਮਿਉਂਸਿਪਲ ਕੌਂਸਲ, ਹੁਸ਼ਿਆਰਪੁਰ ਦੀਆਂ ਜਾਇਦਾਦਾਂ ਦੇ ਵਾਰਡ-ਵਾਰ ਨਾਮ (ਵੇਰਵੇ) ਨੱਥੀ *ਅਨੁਲੱਗ 'ਅ' ਵਿਚ ਦੱਸੇ ਗਏ ਹਨ ।

(ਅ) ਉਕਤ ਭਾਗ 'ੳ' ਵਿਚ ਵਰਣਿਤ ਜਾਇਦਾਦਾਂ ਦੇ ਕਾਬਜ਼ਕਾਰਾਂ ਦੇ ਨਾਂ ਅਤੇ ਹਰੇਕ ਕੇਸ ਵਿਚ ਜਾਇਦਾਦ ਕਿਸ ਕਿਸਮ ਦੀ ਹੈ, ਬਾਰੇ ਵੀ ਅਨੁਲੱਗ* 'ਅ' ਵਿਚ ਦੱਸਿਆ ਗਿਆ ਹੈ ।

---

**ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜਨ ਸਿਹਤ ਵਿਭਾਗ ਦੇ ਟਿਊਬਵੈਲਾਂ ਦੀ ਗਿਣਤੀ**

79. **ਸ਼੍ਰੀ ਤਿਕਸ਼ਨ ਸੂਦ** : ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜਨ ਸਿਹਤ ਵਿਭਾਗ ਦੁਆਰਾ ਲਗਾਏ ਗਏ ਟਿਊਬਵੈਲਾਂ ਦੀ ਬਲਾਕ-ਵਾਰ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਵਿਚੋਂ ਕਿੰਨੇ ਟਿਊਬਵੈਲ ਚੱਲ ਰਹੇ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਟਿਊਬਵੈਲਾਂ ਦੇ ਪਾਣੀ ਦੇ ਨਮੂਨਿਆਂ ਦਾ ਨਿਰੀਖਣ ਕਦੋਂ ਕਰਵਾਇਆ ਗਿਆ ਸੀ ਅਤੇ ਕਿੰਨੇ ਟਿਊਬਵੈਲਾਂ ਦਾ ਪਾਣੀ ਪੀਣ-ਯੋਗ ਨਹੀਂ ਪਾਇਆ ਗਿਆ ਸੀ ?

**ਸਰਦਾਰ ਜਸਜੀਤ ਸਿੰਘ ਰੰਧਾਵਾ** : (ੳ) ਜ਼ਿਲ੍ਹਾ ਹੁਸ਼ਿਆਰਪੁਰ ਵਿੱਚ 189 ਟਿਊਬਵੈਲ ਹਨ ਜਿਨ੍ਹਾਂ ਦੀ ਗਿਣਤੀ ਅਨੁਲੱਗ ਵਿੱਚ ਦਿੱਤੀ ਗਈ ਹੈ।

(ਅ) ਇਨ੍ਹਾਂ ਟਿਊਬਵੈਲਾਂ ਦੇ ਪਾਣੀ ਦੇ ਨਮੂਨਿਆਂ ਦਾ ਨਰੀਖਣ ਦਾ ਸਮਾਂ ਅਨੁਲੱਗ ਵਿੱਚ ਦਿੱਤਾ ਗਿਆ ਹੈ ।

ਸਾਰੇ ਟਿਊਬਵੈਲ ਨਮੂਨਿਆਂ ਮੁਤਾਬਿਕ ਚਾਲੂ ਹਾਲਤ ਵਿੱਚ ਹਨ । ਇਨ੍ਹਾਂ ਟਿਊਬਵੈਲਾਂ ਵਿਚੋਂ ਕਿਸੇ ਵੀ ਟਿਊਬਵੈਲ ਦੀ ਰਿਪੋਰਟ ਨਾ ਪੀਣਯੋਗ ਪਾਣੀ ਦੀ ਨਹੀਂ ਹੈ ।

---

*Placed in the Office Copy.

Original with;
Punjab Vidhan Sabha

[ਰਾਜ ਮੰਤਰੀ, ਜਨ ਸਿਹਤ]

ਅਨੁਲੱਗ 'ਅ'

| ਲੜੀ ਨੰ : | ਬਲਾਕ ਦਾ ਨਾਂ | ਟਿਊਬਵੈਲਾਂ ਦੀ ਗਿਣਤੀ | ਪਾਣੀ ਦੇ ਨਮੂਨੇ ਟੈਸਟ ਕਰਵਾਉਣ ਦਾ ਸਮਾਂ |
|---|---|---|---|
| 1 | 2 | 3 | 4 |
| 1. | ਹੁਸ਼ਿਆਰਪੁਰ-1 | 21 | 11/97 ਤੋਂ 1/99 |
| 2. | ਹੁਸ਼ਿਆਰਪੁਰ-2 | 27 | 2/98 ਤੋਂ 2/99, 3/2001, 6/2002 ਅਤੇ 2/2003 |
| 3. | ਟਾਂਡਾ | 11 | 10/97 ਤੋਂ 12/99 |
| 4. | ਭੂੰਗਾਂ | 26 | 9/97 ਤੋਂ 12/99 |
| 5. | ਦਸੂਹਾ | 22 | 10/2002 |
| 6. | ਮੁਕੇਰੀਆਂ | 7 | 10/2002 |
| 7. | ਹਾਜੀਪੁਰ | 17 | 10/2002 |
| 8. | ਤਲਵਾੜਾ | 6 | 10/2002 |
| 9. | ਮਾਹਿਲਪੁਰ | 27 | 2/99, 3/01, 6/02 ਅਤੇ 3/2003 |
| 10. | ਗੜ੍ਹਸ਼ੰਕਰ | 25 | 2/99, 3/01, 6/02 ਅਤੇ 2/03 |
| | ਕੁੱਲ ਜੋੜ | 189 | |

Original with;
Punjab Vidhan Sabha
Digitized by;

## CALL ATTENTION NOTICE UNDER RULE 66

(ਕ੍ਰਮ ਨੰ: 6)

1. **ਸਰਦਾਰ ਬਲਵਿੰਦਰ ਸਿੰਘ ਭੂੰਦੜ**
2. **ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ**
3. **ਸਰਦਾਰ ਗੋਬਿੰਦ ਸਿੰਘ ਲੌਂਗੋਵਾਲ**
4. **ਸਰਦਾਰ ਸੁਰਜੀਤ ਸਿੰਘ ਰੱਖੜਾ**

: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਹਿਮ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਕਿ ਪੰਜਾਬ ਦਾ ਸਮੂਹ ਕਿਸਾਨ ਵਰਗ ਪਟਿਆਲਾ ਵਿਖੇ ਅਤੇ ਚੰਡੀਗੜ੍ਹ ਦੇ ਮਟਕਾ ਚੌਕ ਤੇ ਧਰਨੇ ਤੇ ਬੈਠਾ ਹੈ । ਉਨ੍ਹਾਂ ਦੀਆਂ ਮੰਗਾਂ ਹਨ ਕਿ ਪਿਛਲੀ ਅਕਾਲੀ ਭਾਜਪਾ ਸਰਕਾਰ ਨੇ ਜੋ ਸਹੂਲਤਾਂ ਉਨ੍ਹਾਂ ਨੂੰ ਦਿੱਤੀਆਂ ਸਨ ਤੇ ਕਾਂਗਰਸ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਜਾਰੀ ਰੱਖਣ ਦਾ ਵਾਅਦਾ ਕੀਤਾ ਸੀ ਤੇ ਬਾਅਦ ਵਿੱਚ ਉਸ ਤੋਂ ਮੌਜੂਦਾ ਪੰਜਾਬ ਸਰਕਾਰ ਮੁੱਕਰ ਗਈ ਹੈ, ਉਹ ਬਹਾਲ ਕੀਤੀਆਂ ਜਾਣ । ਉਨ੍ਹਾਂ ਦੀਆਂ ਹੋਰ ਵੀ ਮੰਗਾਂ ਹਨ ਕਿ ਗੰਨੇ ਦੀ ਕੀਮਤ ਦੀ ਪੂਰੀ ਪੇਮੈਂਟ, ਜਿਣਸਾਂ ਦੇ ਵਾਜਬ ਭਾਅ ਦਿੱਤੇ ਜਾਣ । ਇਸ ਤੋਂ ਇਲਾਵਾ ਉਹ ਮੰਗ ਕਰ ਰਹੇ ਹਨ ਕਿ ਮੋਟਰਾਂ ਦਾ ਲੋਡ ਵਧਾਉਣ ਦੀ 5200/- ਰੁਪਏ ਦੀ ਫੀਸ ਖਤਮ ਕੀਤੀ ਜਾਵੇ, ਚਾਰ ਫੀਸਦੀ ਵਿਆਜ ਤੇ ਕਰਜ਼ੇ ਦੀ ਮੁਆਫੀ ਝੋਨੇ ਤੇ 30/- ਰੁਪਏ ਬੋਨਸ ਦੀ ਅਦਾਇਗੀ ਲਈ ਉਹ ਲੰਮਾ ਸੰਘਰਸ਼ ਕਰ ਰਹੇ ਹਨ । ਕਿਸਾਨ ਬਾਹਰ ਸੜਕਾਂ ਤੇ ਖੁਲ੍ਹੇ ਆਮ ਸਰਕਾਰ ਦੀਆਂ ਨੀਤੀਆਂ ਦੇ ਵਿਰੁੱਧ ਠੰਡ ਵਿੱਚ ਤੇ ਭਾਰੀ ਮੁਸ਼ਕਲਾਂ ਦੇ ਬਾਵਜੂਦ ਬੈਠੇ ਰੋਸ ਪ੍ਰਗਟ ਕਰ ਰਹੇ ਹਨ । ਅਸੀਂ ਮੰਗ ਕਰਦੇ ਹਾਂ ਕਿ ਸਰਕਾਰ ਫੌਰੀ ਉਨ੍ਹਾਂ ਗਰੀਬ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਦੇਵੇ ਤੇ ਉਨ੍ਹਾਂ ਦੇ ਲੀਡਰਾਂ ਨਾਲ ਗੱਲ-ਬਾਤ ਕਰਕੇ ਉਨ੍ਹਾਂ ਦੀਆਂ ਮੰਗਾਂ ਤੇ ਹਮਦਰਦੀ ਨਾਲ ਵਿਚਾਰ ਕਰੇ ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

**ਖੇਤੀਬਾੜੀ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸ਼੍ਰੀਮਤੀ ਰਜਿੰਦਰ ਕੌਰ ਭੱਠਲ) :** ਮਾਨਯੋਗ ਸਪੀਕਰ ਸਾਹਿਬ, ਵੈਸੇ ਤਾਂ ਜਿਹੜੀ ਕਾਲ ਅਟੈਨਸ਼ਨ ਇਨ੍ਹਾਂ ਨੇ ਪੜ੍ਹੀ ਹੈ, ਉਸ ਬਾਰੇ ਮੈਂ ਦੱਸਣਾ ਚਾਹੁੰਦੀ ਹਾਂ ਕਿ ਕਿਸਾਨ ਅੱਜ ਕੋਈ ਵੀ ਧਰਨੇ ਤੇ ਨਹੀਂ ਬੈਠਾ, ਉਹ ਆਪਣੇ ਘਰਾਂ ਨੂੰ ਚਲੇ ਗਏ ਹਨ । ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਠੰਢ ਵਿੱਚ ਕਿਸਾਨ ਬੈਠੇ ਹਨ, ਹੁਣ ਠੰਢ ਵੀ ਨਹੀਂ ਹੈ । ਸਾਨੂੰ ਕਿਸਾਨਾਂ ਨਾਲ ਹਮਦਰਦੀ ਹੈ ਔਰ ਪੂਰਨ ਹਮਦਰਦੀ ਨਾਲ ਵਾਰ ਵਾਰ ਮੀਟਿੰਗਾਂ ਹੋਈਆਂ ਹਨ, ਕਿਸਾਨ ਭਰਾਵਾਂ ਨਾਲ, ਕਿਸਾਨ ਜਥੇਬੰਦੀਆਂ ਨਾਲ । ਉਹ ਸਾਡੀ ਗੱਲਬਾਤ ਤੋਂ ਸੰਤੁਸ਼ਟ ਹਨ । ਅੱਜ ਕੋਈ ਧਰਨਾ ਨਹੀਂ ਹੈ । ਅਗਰ ਤੁਸੀਂ ਫਿਰ ਵੀ ਚਾਹੁੰਦੇ ਹਨ ਕਿ ਮੈਂ ਜਵਾਬ ਪੜ੍ਹਾਂ, ਤਾਂ ਮੈਂ ਜਵਾਬ ਪੜ੍ਹ ਦਿੰਦੀ ਹਾਂ । ਜਵਾਬ 3-4 ਮਹਿਕਮਿਆਂ ਨਾਲ ਤਾਅਲੁੱਕ ਹੈ । ਮੈਂ ਪੜ੍ਹ ਦਿੰਦੀ ਹਾਂ । ਵੈਸੇ ਉਨ੍ਹਾਂ ਦੇ ਤੌਖਲੇ ਖਤਮ ਹੋ ਗਏ ਹਨ ਅਤੇ ਕਿਸਾਨ ਸੈਟਿਸਫਾਈਡ ਹੋ ਕੇ ਚਲੇ ਗਏ ਹਨ ।

Original with;
Punjab Vidhan Sabha
Digitized by;

**ਮਾਨਯੋਗ ਸਪੀਕਰ :** ਇਨ੍ਹਾਂ ਦੀ ਤਸੱਲੀ ਨਹੀਂ ਹੋਈ। ਤੁਸੀਂ ਜਵਾਬ ਪੜ੍ਹ ਹੀ ਦਿਓ।

**ਮੰਤਰੀ :** ਠੀਕ ਹੈ ਜੀ।

**ਖੇਤੀਬਾੜੀ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸ਼੍ਰੀਮਤੀ ਰਜਿੰਦਰ ਕੌਰ ਭੱਠਲ) :** ਪੰਜਾਬ ਸਰਕਾਰ ਕਿਸਾਨਾਂ ਦੇ ਚਲ ਰਹੇ ਸੰਘਰਸ਼ ਬਾਰੇ ਪੂਰੀ ਤਰ੍ਹਾਂ ਜਾਣੂ ਹੈ ਅਤੇ ਸਰਕਾਰ ਕਿਸਾਨਾਂ ਦੀ ਭਲਾਈ ਦਾ ਪੂਰਾ ਪੂਰਾ ਧਿਆਨ ਰਖਦੀ ਹੈ। ਕਿਸਾਨਾਂ ਦੀਆਂ ਮੰਗਾਂ ਸਬੰਧੀ ਸਥਿਤੀ ਨਿਮਨ ਅਨੁਸਾਰ ਹੈ :—

ਮਾਲੀ ਸਾਲ 2001-02 ਲਈ ਗੰਨੇ ਦੀ ਕੀਮਤ ਉਨ੍ਹਾਂ ਕਿਸਾਨਾਂ ਨੂੰ ਪੂਰੀ ਦੇ ਦਿੱਤੀ ਹੈ ਜਿਨ੍ਹਾਂ ਨੇ ਰਾਜ ਦੇ ਸਹਿਕਾਰੀ ਅਤੇ ਪ੍ਰਾਈਵੇਟ ਸ਼ੂਗਰ ਮਿਲਾਂ ਨੂੰ ਗੰਨਾ ਸਪਲਾਈ ਕੀਤਾ ਹੈ ਸਿਵਾਏ ਧੂਰੀ ਸ਼ੂਗਰ ਮਿਲ ਦੇ, ਜਿਸ ਨੇ 12.18 ਲੱਖ ਰੁਪਏ ਦੀ ਅਦਾਇਗੀ ਕਰਨੀ ਹੈ। ਮਾਲੀ ਸਾਲ 2002-03 ਲਈ ਮਿਤੀ 28-2-2003 ਤਕ ਸਹਿਕਾਰੀ ਮਿਲਾਂ ਵਲੋਂ ਅੰਦਾਜ਼ਨ 174 ਕਰੋੜ ਰੁਪਏ ਅਤੇ ਪ੍ਰਾਈਵੇਟ ਮਿਲਾਂ ਵਲੋਂ 32 ਕਰੋੜ ਰੁਪਏ ਅਦਾ ਕਰਨ ਤੋਂ ਰਹਿੰਦੇ ਹਨ।

ਰਾਜ ਦੇ ਸਾਰੇ ਸਹਿਕਾਰੀ ਸ਼ੂਗਰ ਮਿਲ 70 ਰੁਪਏ ਪ੍ਰਤੀ ਕੁਇੰਟਲ ਦੀ ਦਰ ਨਾਲ ਕਿਸਾਨਾਂ ਨੂੰ ਗੰਨੇ ਦੀ ਸਪਲਾਈ ਦੀ ਕੀਮਤ ਦੇ ਰਹੇ ਹਨ। 15 ਸਹਿਕਾਰੀ ਸ਼ੂਗਰ ਮਿਲ (14 ਸ਼ੂਗਰਫੈਡ ਦੇ ਕੰਟਰੋਲ ਅਧੀਨ ਅਤੇ 1 ਮਾਰਕਫੈਡ ਦੇ ਕੰਟਰੋਲ ਅਧੀਨ) ਵਿਚੋਂ 2 ਸ਼ੂਗਰ ਮਿਲਾਂ ਜਿਨ੍ਹਾਂ ਦੇ ਨਾਂ ਬੁਡੇਵਾਲ ਅਤੇ ਨਵਾਂਸ਼ਹਿਰ ਸ਼ੂਗਰ ਮਿਲ ਹਨ, ਗੰਨੇ ਦੀ ਸਪਲਾਈ ਲਈ 100 ਰੁਪਏ ਪ੍ਰਤੀ ਕੁਇੰਟਲ ਦੀ ਦਰ ਨਾਲ ਕੀਮਤ ਅਦਾ ਕਰਨ ਦੀ ਸਥਿਤੀ ਵਿਚ ਹੋਣਗੇ। ਬਾਕੀ ਰਹਿੰਦੇ ਸ਼ੂਗਰ ਮਿਲਾਂ ਕੋਲ ਫੰਡ ਉਪਲਬੱਧ ਹੋਣ ਦੀ ਸੂਰਤ ਵਿਚ ਪਿੜਾਈ ਸੀਜ਼ਨ ਦੇ ਖਤਮ ਹੋਣ ਤੋਂ ਬਾਅਦ ਬਾਕੀ ਰਹਿੰਦੀ ਅਦਾਇਗੀ ਇਨ੍ਹਾਂ ਸ਼ੂਗਰ ਮਿਲਾਂ ਵਲੋਂ ਕਰ ਦਿਤੀ ਜਾਵੇਗੀ। ਪ੍ਰਾਈਵੇਟ ਖੇਤਰ ਦੀਆਂ ਖੰਡ ਮਿਲਾਂ ਸਿਵਾਏ ਧੂਰੀ ਦੇ ਗੰਨੇ ਦੀ ਕੀਮਤ 80 ਰੁਪਏ ਪ੍ਰਤੀ ਕੁਇੰਟਲ ਪਹਿਲੀ ਕਿਸ਼ਤ ਵਜੋਂ ਦੇ ਰਹੀਆਂ ਹਨ ਅਤੇ ਬਾਕੀ 20 ਰੁਪਏ ਪ੍ਰਤੀ ਕੁਇੰਟਲ ਪਿੜਾਈ ਸੀਜ਼ਨ ਖਤਮ ਹੋਣ ਤੋਂ ਬਾਅਦ ਵਿਚ ਦੇਣਗੀਆਂ। ਧੂਰੀ ਖੰਡ ਮਿਲ ਨੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵਿਚ ਸਾਲ 2002-03 ਦੌਰਾਨ ਪੰਜਾਬ ਸਰਕਾਰ ਵਲੋਂ ਨਿਸ਼ਚਿਤ ਕੀਤੀ ਗੰਨੇ ਦੀ ਕੀਮਤ ਦੇ ਖਿਲਾਫ ਸਿਵਲ ਰਿਟ ਪਟੀਸ਼ਨ ਦਾਇਰ ਕੀਤੀ ਹੋਈ ਹੈ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੰਤਰਮ ਹੁਕਮ ਕੀਤਾ ਸੀ ਕਿ ਅੰਤਮ ਫੈਸਲਾ ਹੋਣ ਤਕ ਖੰਡ ਮਿਲ, ਧੂਰੀ ਭਾਰਤ ਸਰਕਾਰ ਦੁਆਰਾ ਨਿਸ਼ਚਿਤ ਕੀਤੀ ਗੰਨੇ ਦੀ ਕੀਮਤ 71-02 ਰੁਪਏ ਪ੍ਰਤੀ ਕੁਇੰਟਲ ਦੀ ਦਰ ਨਾਲ ਕਿਸਾਨਾਂ ਨੂੰ ਦੇਵੇ ਪਰ 100 ਰੁਪਏ ਦੀ ਦਰ ਨਾਲ ਵੀ ਰਿਕਾਰਡ ਰਖਿਆ ਜਾਵੇ। ਅਮਲੋਹ ਖੰਡ ਮਿਲ ਨੇ ਵੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪੰਜਾਬ ਸਰਕਾਰ ਵਲੋਂ ਗੰਨੇ ਦੀ

Original with;
Punjab Vidhan Sabha
Digitized by;
Panjab Digital Library

ਨਿਸ਼ਚਿਤ ਕੀਤੀ ਕੀਮਤ ਦੇ ਖਿਲਾਫ ਸਿਵਲ ਰਿਟ ਪਟੀਸ਼ਨ ਦਾਇਰ ਕਰ ਦਿੱਤੀ ਹੈ ।

ਗੰਨੇ ਦੀ ਸਪਲਾਈ ਲਈ ਕੀਮਤ ਦੀ ਅੰਸ਼ਿਕ ਅਦਾਇਗੀ ਦੇਣ ਅਤੇ ਪੂਰੀ ਅਦਾਇਗੀ ਨਾ ਕਰਨ ਦੇ ਕਾਰਣ ਨਿਮਨ ਅਨੁਸਾਰ ਹਨ :—

1. ਮਾਰਕੀਟ ਵਿਚ ਖੰਡ ਦੀ ਕੀਮਤ ਵਿਚ ਗਿਰਾਵਟ ।

2. ਮਾਨਯੋਗ ਮੁੱਖ ਮੰਤਰੀ ਅਤੇ ਵਿੱਤ ਮੰਤਰੀ, ਪੰਜਾਬ ਵਲੋਂ ਭਾਰਤ ਸਰਕਾਰ ਦੇ ਖੁਰਾਕ ਮੰਤਰੀ ਨਾਲ ਮੀਟਿੰਗਾਂ ਕਰਨ ਦੇ ਬਾਵਜੂਦ ਵੀ ਭਾਰਤ ਸਰਕਾਰ ਦੁਆਰਾ ਮੁਨਾਸਿਬ ਸ਼ੂਗਰ ਕੋਟਾ ਨਾ ਰਲੀਜ਼ ਕਰਨਾ ।

3. ਮਿਤੀ 15.3.2003 ਤੱਕ ਸਹਿਕਾਰੀ ਖੰਡ ਮਿਲਾਂ ਪਾਸ ਅੰਦਾਜ਼ਨ 47 ਲੱਖ ਕੁਇੰਟਲ ਸ਼ੂਗਰ ਜਿਸ ਦੀ ਕੀਮਤ 530 ਕਰੋੜ ਰੁਪਏ ਹੈ, ਦਾ ਭੰਡਾਰ ਪਿਆ ਰਹਿਣਾ । ਇਸੇ ਤਰ੍ਹਾਂ ਪ੍ਰਾਇਵੇਟ ਸ਼ੂਗਰ ਮਿਲਾਂ ਪਾਸ ਵੀ ਕਰੋੜਾਂ ਰੁਪਏ ਦੇ ਮੁਲ ਦੇ ਭਾਰੀ ਸ਼ੂਗਰ ਸਟਾਕ ਪਏ ਰਹਿਣਾ ।

ਜਿਥੋਂ ਤਕ ਘਟੋ ਘੱਟ ਸਮਰਥਨ ਮੁੱਲ ਦਾ ਸਬੰਧ ਹੈ ਜਿਣਸਾਂ ਦੀ ਕੀਮਤਾਂ ਦੀਆਂ ਸਿਫਾਰਸ਼ਾਂ ਕਰਨ ਸਮੇਂ ਕਿਸਾਨਾਂ ਵਲੋਂ ਫਸਲਾਂ ਦੀ ਕੁਲ ਕਾਸ਼ਤਕਾਰੀ ਲਾਗਤ ਥੋਕ ਮੁੱਲ ਸੂਚਕ ਅੰਕ ਨੂੰ ਮੱਦੇ ਨਜ਼ਰ ਰਖਿਆ ਜਾਂਦਾ ਹੈ । ਇਸ ਤੋਂ ਇਲਾਵਾ ਮੌਸਮੀ ਜੋਖਮ, ਪ੍ਰਬੰਧਕੀ ਕੀਮਤ ਅਤੇ ਮੰਡੀਕਰਨ ਕੀਮਤ ਕਿਸਾਨਾਂ ਦੀ ਐਗਰੀਕਲਚਰ ਕੀਮਤ ਵਿਚ ਸ਼ਾਮਿਲ ਕੀਤਾ ਜਾਂਦਾ ਹੈ । ਇਨ੍ਹਾਂ ਫਸਲਾਂ ਦੀਆਂ ਕੀਮਤਾਂ ਦੀਆਂ ਸਿਫਾਰਸ਼ਾਂ ਪੰਜਾਬ ਸਰਕਾਰ ਵਲੋਂ ਭਾਰਤ ਸਰਕਾਰ ਦੇ ਮੂਲ ਅਤੇ ਲਾਗਤ ਕਮਿਸ਼ਨ ਨੂੰ ਭੇਜੀਆਂ ਜਾਂਦੀਆਂ ਹਨ । ਜਿਣਸਾਂ ਦੇ ਘਟੋ ਘਟ ਸਮਰਥਨ ਮੁੱਲ ਨਿਸ਼ਚਿਤ ਕਰਨ ਲਈ ਭਾਰਤ ਸਰਕਾਰ ਹੀ ਸਮਰਥ ਹੈ । ਪੰਜਾਬ ਸਰਕਾਰ ਫਸਲਾਂ ਦੇ ਵਾਜਬ ਭਾਅ ਨਿਸ਼ਚਿਤ ਕਰਾਉਣ ਲਈ ਹਮੇਸ਼ਾਂ ਭਾਰਤ ਸਰਕਾਰ ਤੇ ਜ਼ੋਰ ਪਾਉਂਦੀ ਹੈ ।

ਪੰਜਾਬ ਰਾਜ ਬਿਜਲੀ ਬੋਰਡ ਕਿਸਾਨਾਂ ਨੂੰ ਨਵੇਂ ਕੁਨੈਕਸ਼ਨ ਦੇਣ ਜਾਂ ਮੌਜੂਦਾ ਟਿਊਬਵੈਲ ਦੇ ਲੋਡ ਨੂੰ ਵਧਾਉਣ ਸਮੇਂ ਸਰਵਿਸ ਕੇਬਲ, ਵੰਡ ਲਾਇਨਾਂ ਅਤੇ ਟਰਾਂਸਫਾਰਮਰ ਲਗਾਉਣ ਲਈ ਸਰਵਿਸ ਚਾਰਜਿਜ਼ ਲੈਂਦਾ ਹੈ । ਸਾਲ 2001-02 ਲਈ 7500 ਰੁਪਏ ਪ੍ਰਤੀ ਹਾਰਸ ਪਾਵਰ ਦੀ ਦਰ ਨਾਲ ਖਰਚਾ ਆਉਂਦਾ ਸੀ । ਸਾਲ 1996-97 ਤੋਂ ਸਰਵਿਸ ਚਾਰਜਿਜ ਕੁਨੈਕਸ਼ਨ 3000 ਰੁਪਏ ਪ੍ਰਤੀ ਹਾਰਸ ਪਾਵਰ ਦੀ ਦਰ ਨਾਲ ਲਏ ਜਾਂਦੇ ਸਨ । ਪਿਛਲੀ ਸਵੈ ਇਛਕ ਡਿਸਕਲੋਜ਼ਰ ਸਕੀਮ ਜੋ ਕਿ ਦਸੰਬਰ, 2002 ਤੱਕ ਲਾਗੂ ਸੀ, ਤਹਿਤ ਸਰਵਿਸ ਚਾਰਜਿਜ਼ 3000 ਰੁਪਏ ਪ੍ਰਤੀ ਹਾਰਸ ਪਾਵਰ ਸੀ ਪਰ ਜਿਥੇ ਬਿਜਲੀ ਦੀ ਵੰਡ ਦਾ ਵਾਧਾ ਅਤੇ ਟਰਾਂਸਫਾਰਮਰ ਦੀ ਲੋੜ ਸੀ ਉਥੇ ਕਿਸਾਨਾਂ ਤੋਂ ਇਸ ਦੀ ਅਸਲ ਵੱਧ ਕੀਮਤ ਜਮ੍ਹਾਂ 3000 ਰੁਪਏ ਪ੍ਰਤੀ ਹਾਰਸ ਪਾਵਰ ਤੋਂ ਇਲਾਵਾ ਲਿਆ ਜਾਂਦਾ ਸੀ । ਪੰਜਾਬ ਰਾਜ ਬਿਜਲੀ ਬੋਰਡ ਦੇ ਧਿਆਨ ਵਿਚ ਕਾਫੀ ਅਜਿਹੇ ਕੇਸ ਵੀ ਆਏ ਜਿਨ੍ਹਾਂ ਵਿਚ ਕਿਸਾਨਾਂ ਨੂੰ ਤੰਗ ਕਰਨ ਲਈ ਇਹ ਕੀਮਤ ਵਧਾ ਦਿਤੀ ਗਈ ਸੀ । ਇਸ ਲਈ ਸਵੈ ਇਛੱਕ ਡਿਸਕਲੋਜ਼ਰ ਸਕੀਮ ਜਿਹੜੀ ਕਿ ਜਨਵਰੀ, 2003 ਤੋਂ ਲਾਗੂ ਹੈ, ਟਿਊਬਵੈਲ ਲਈ ਵਾਧੂ

Original with;
Punjab Vidhan Sabha
Digitized by;

[ਖੇਤੀਬਾੜੀ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ]

ਲੋੜ ਰੀਲੀਜ਼ ਕਰਨ ਲਈ ਇਕੋ ਸਾਰ ਸਰਵਿਸ ਕੁਨੈਕਸ਼ਨ ਚਾਰਜਿਜ਼ 5000 ਰੁਪਏ ਦੇ ਹਿਸਾਬ ਨਾਲ ਸੋਧਿਆ ਗਿਆ ਹੈ ਅਤੇ ਇਨ੍ਹਾਂ ਕਿਸਾਨਾਂ ਤੋਂ ਬਿਜਲੀ ਦੀ ਵੰਡ ਦਾ ਹੋਰ ਵਾਧੂ ਖਰਚਾ ਨਹੀਂ ਲਿਆ ਜਾਂਦਾ। ਉਪਰੋਕਤ ਤੋਂ ਇਲਾਵਾ ਅਡਵਾਂਸ ਕੰਜਪਸ਼ਨ ਚਾਰਜਿਜ਼ (ਸਕਿਉਰਿਟੀ ਵਜੋਂ) 200 ਰੁਪਏ ਪ੍ਰਤੀ ਹਾਰਸ ਪਾਵਰ ਦੇ ਹਿਸਾਬ ਨਾਲ ਜਮ੍ਹਾਂ ਕਰਾਉਣਾ ਬਣਦਾ ਹੈ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੁਆਰਾ ਨਿਰਧਾਰਤ ਟੈਰਿਫ ਰੇਟ ਉਪਭੋਗਤਾਵਾਂ ਪਾਸੋਂ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਕਾਨੂੰਨੀ ਤੌਰ ਤੇ ਲੈਣਾ ਬਣਦਾ ਹੈ। ਮਿਤੀ 1-10-2002 ਤੋਂ ਇਸ ਕਮਿਸ਼ਨ ਨੇ ਆਪਣੇ ਹੁਕਮ ਮਿਤੀ 6-9-2002 ਰਾਹੀਂ ਖੇਤੀਬਾੜੀ ਦੇ ਪੰਪ ਸੈਟਸ ਲਈ ਮੁਫਤ ਬਿਜਲੀ ਦੇਣਾ ਵਾਪਸ ਲੈ ਲਿਆ ਹੈ। ਟੈਰਿਫ ਰੇਟ ਉਪਭੋਗਤਾਵਾਂ ਪਾਸੋਂ ਲੈਣਾ ਇਸ ਗਲ ਤੇ ਨਿਰਭਰ ਕਰਦਾ ਹੈ ਕਿ ਸਰਕਾਰ ਪੰਜਾਬ ਰਾਜ ਬਿਜਲੀ ਬੋਰਡ ਨੂੰ ਕਿਸ ਹੱਦ ਤਕ ਕਿਸਾਨਾਂ ਨੂੰ ਸਪਲਾਈ ਕੀਤੀ ਬਿਜਲੀ ਲਈ ਸਬਸਿਡੀ ਦਿੰਦੀ ਹੈ। ਪੰਜਾਬ ਸਰਕਾਰ ਕਿਸਾਨਾਂ ਨੂੰ ਸਬਸੀਡਾਈਜ਼ ਬਿਜਲੀ ਸਪਲਾਈ ਕਰਦੀ ਹੈ। ਜਿਥੋਂ ਤਕ ਨਹਿਰੀ ਪਾਣੀ ਦੀ ਮੁਫਤ ਸਪਲਾਈ ਦਾ ਸਬੰਧ ਹੈ ਇਹ ਸਰਕਾਰ ਦੁਆਰਾ ਵਾਪਿਸ ਲੈ ਲਿਆ ਗਿਆ ਹੈ। ਮੁਫਤ ਬਿਜਲੀ ਅਤੇ ਸਿੰਚਾਈ ਲਈ ਪਾਣੀ ਸਪਲਾਈ ਕਰਨ ਦੀ ਸਹੂਲਤ ਨੂੰ ਬਹਾਲ ਕਰਨ ਲਈ ਸਰਕਾਰ ਪਾਸ ਕੋਈ ਤਜਵੀਜ਼ ਨਹੀਂ ਹੈ।

ਜਿਥੋਂ ਤੱਕ ਸਹਿਕਾਰੀ ਸੰਸਥਾਵਾਂ ਦੁਆਰਾ ਕਿਸਾਨਾਂ ਨੂੰ ਦਿੱਤੇ ਗਏ ਕਰਜ਼ਿਆਂ ਤੇ ਵਿਆਜ ਦਾ ਸਬੰਧ ਹੈ ਇਸ ਬਾਰੇ ਦੱਸਿਆ ਜਾਂਦਾ ਹੈ ਕਿ ਕਿਸਾਨਾਂ ਨੂੰ ਇਹ ਕਰਜ਼ੇ ਉਸ ਧਨ ਵਿਚੋਂ ਦਿੱਤੇ ਜਾਂਦੇ ਹਨ ਜਿਹੜਾ ਕਿ ਸਹਿਕਾਰੀ ਸੰਸਥਾਵਾਂ 4% ਦੀ ਦਰ ਤੋਂ ਵੱਧ ਦਰ ਤੇ ਕਰਜ਼ਾ ਲੈਂਦੀਆਂ ਹਨ ਇਸ ਲਈ ਕਿਸਾਨਾਂ ਨੂੰ 4% ਦੀ ਦਰ ਨਾਲ ਕਰਜ਼ਾ ਨਹੀਂ ਦਿੱਤਾ ਜਾ ਸਕਦਾ। ਇਹਨਾਂ ਕਰਜ਼ਿਆਂ ਦੀ ਮੁਆਫੀ ਇਸ ਲਈ ਸੰਭਵ ਨਹੀਂ ਕਿਉਂਕਿ ਕਰਜ਼ਿਆਂ ਦੀ ਵਸੂਲੀ ਉਪਰੰਤ ਨਾਬਾਰਡ ਨੂੰ ਕਰਜ਼ਾ ਸਮੇਤ ਵਿਆਜ ਮੋੜਨਾ ਹੁੰਦਾ ਹੈ ਅਤੇ ਇਸੇ ਤਰ੍ਹਾਂ ਆਮ ਪਬਲਿਕ ਨੂੰ ਵੀ ਉਹਨਾਂ ਦੀਆਂ ਅਮਾਨਤਾਂ ਸਮੇਤ ਵਿਆਜ, ਮੋੜਨੀਆਂ ਹੁੰਦੀਆਂ ਹਨ।

ਰਾਜ ਸਰਕਾਰ ਵਲੋਂ ਖਰੀਫ 2001-2002 (21.9.2001 ਤੋਂ 30.11.2001) ਦੌਰਾਨ ਪ੍ਰਾਪਤ ਕੀਤੇ ਗਏ ਝੋਨੇ ਤੇ 30 ਰੁਪਏ ਪ੍ਰਤੀ ਕੁਇੰਟਲ ਨਾਲ ਬੋਨਸ ਦੀ ਅਦਾਇਗੀ ਘੋਸ਼ਿਤ ਕੀਤੀ ਗਈ। ਕੁੱਲ ਮੰਗ 330 ਕਰੋੜ ਰੁਪਏ ਦੀ ਬਣਦੀ ਹੈ। ਸਾਰੀ ਅਦਾਇਗੀ 110 ਕਰੋੜ ਰੁਪਏ ਦੀਆਂ 3 ਕਿਸ਼ਤਾਂ ਵਿੱਚ ਕਰਨੀ ਹੈ। ਪਹਿਲੀ ਕਿਸ਼ਤ ਮਾਰਚ-ਅਪ੍ਰੈਲ 2003, ਦੂਸਰੀ ਕਿਸ਼ਤ ਅਕਤੂਬਰ-ਨਵੰਬਰ 2003 ਅਤੇ ਤੀਜੀ ਕਿਸ਼ਤ ਮਾਰਚ-ਅਪ੍ਰੈਲ 2004 ਵਿੱਚ ਕੀਤੀ ਜਾਵੇਗੀ। ਇਹ ਸਰਕਾਰੀ ਏਜੰਸੀਆਂ, ਐਫ.ਸੀ.ਆਈ. ਅਤੇ ਪ੍ਰਾਈਵੇਟ ਵਪਾਰੀਆਂ ਦੁਆਰਾ ਖਰੀਦੇ ਗਏ ਸਾਰੇ ਝੋਨੇ ਤੇ ਅਦਾਇਗੀ ਯੋਗ ਹੋਵੇਗੀ। ਮਿਤੀ 12.3.2003 ਨੂੰ 55 ਕਰੋੜ ਰੁਪਏ, ਪਹਿਲੀ ਕਿਸ਼ਤ ਦਾ 50% ਸਰਕਾਰ ਵਲੋਂ ਮਨਜ਼ੂਰ ਕੀਤਾ ਗਿਆ ਹੈ ਅਤੇ ਇਹ ਰਕਮ ਰਾਜ ਦੇ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰਜ਼ ਨੂੰ ਰਲੀਜ਼ ਕਰ ਦਿੱਤੀ ਗਈ ਹੈ। ਇਸ ਦਾ ਵਿਤਰਣ ਸ਼ੁਰੂ ਹੋ ਚੁੱਕਾ ਹੈ ਅਤੇ ਆੜਤੀਆਂ ਦੇ ਰਾਹੀਂ 10 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕਿਸਾਨਾਂ ਨੂੰ

Original with;
Punjab Vidhan Sabha
Digitized by;

ਅਦਾਇਗੀ ਕੀਤੀ ਜਾ ਰਹੀ ਹੈ। ਪਹਿਲੀ ਕਿਸ਼ਤ ਦੀ ਬਕਾਇਆ ਰਕਮ 55 ਕਰੋੜ ਰੁਪਏ ਅਗਲੇ ਵਿਤੀ ਸਾਲ ਦੇ ਬਜਟ ਵਿਚੋਂ ਅਪ੍ਰੈਲ 2003 ਵਿੱਚ ਰਲੀਜ਼ ਕਰ ਦਿੱਤੀ ਜਾਵੇਗੀ। ਪਹਿਲੀ ਕਿਸ਼ਤ ਦੀ ਸਾਰੀ ਅਦਾਇਗੀ 30.4.2003 ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਨਯੋਗ ਖੇਤੀਬਾੜੀ ਮੰਤਰੀ ਸਾਹਿਬਾ ਨੂੰ ਇਹ ਸਵਾਲ ਕਰਨਾ ਚਾਹੁੰਦਾ ਹਾਂ ਕਿ ਪੁਆਇੰਟ ਇਥੇ ਫਿਰ ਆ ਗਿਆ ਕਿ ਜ਼ਿਮੀਂਦਾਰ ਤਾਂ ਉਠ ਕੇ ਚਲੇ ਗਏ ਪਰ ਸੀ.ਐਮ. ਸਾਹਿਬ ਨੇ ਕਹਿ ਦਿੱਤਾ ਕਿ ਅਸੀਂ ਕੋਈ ਵਾਅਦਾ ਨਹੀਂ ਕੀਤਾ ਅਤੇ ਸ਼੍ਰੀ ਲਾਲ ਸਿੰਘ, ਵਿੱਤ ਮੰਤਰੀ ਨੇ ਵੀ ਕਹਿ ਦਿੱਤਾ ਹੈ ਕਿ ਅਸੀਂ ਕੋਈ ਵਾਅਦਾ ਨਹੀਂ ਕੀਤਾ। ਆਹ ਮੇਰੇ ਕੋਲ ਇੰਡੀਅਨ ਐਕਸਪ੍ਰੈਸ ਹੈ, ਜਿਸ ਵਿੱਚ ਇਹ ਸਾਰੀਆਂ ਖਬਰਾਂ ਆਈਆਂ ਹਨ। ਇਸ ਵਿੱਚ ਸਾਰਾ ਕੁਝ ਲਿਖਿਆ ਹੈ.....

**ਮਾਨਯੋਗ ਸਪੀਕਰ** : ਪਲੀਜ਼ ਤੁਸੀਂ ਸਵਾਲ ਕਰੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮੈਂ ਸਵਾਲ ਕਰਦਾ ਹਾਂ। ਜਿਸ ਤਰ੍ਹਾਂ ਪਹਿਲਾਂ ਵਾਅਦਾ ਕੀਤਾ ਸੀ ਪਰ ਉਹ ਪੂਰਾ ਨਹੀਂ ਹੋਇਆ। ਉਹ ਵਾਅਦਾ ਉਦੋਂ ਕੀਤਾ ਸੀ ਜਦੋਂ ਕਿਸਾਨ ਚੰਡੀਗੜ੍ਹ ਅਤੇ ਪਟਿਆਲੇ ਪਹਿਲਾਂ ਬੈਠੇ ਸੀ। ਦੂਸਰੀ ਵਾਰ ਹੁਣ ਫਿਰ ਉਠ ਗਏ ਜਦੋਂ ਤੁਸੀਂ ਵਾਅਦਾ ਕੀਤਾ ਪਰ ਨਾਲ ਹੀ ਕਹਿ ਦਿੱਤਾ ਕਿ ਨਹੀਂ ਕੀਤਾ। ਮੈਂ ਖੇਤੀਬਾੜੀ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਲਿਖਿਆ ਹੈ ਕਿ ਬਿਲ ਘਟਾਉਣੇ ਹਨ, ਜਿਨ੍ਹਾਂ ਨੇ ਬਿਲ ਨਹੀਂ ਭਰੇ ਉਨ੍ਹਾਂ ਤੋਂ ਨਹੀਂ ਲਵਾਂਗੇ, ਇਹ ਵੀ ਅਨਾਊਂਸ ਕੀਤਾ ਸੀ ਕਿ ਜਿਨ੍ਹਾਂ ਨੇ ਬਿਲ ਨਹੀਂ ਭਰੇ ਔਰ ਉਨ੍ਹਾਂ ਦੇ ਕੁਨੈਕਸ਼ਨ ਕੱਟੇ ਗਏ, ਉਹ ਬਗੈਰ ਪੈਸਿਆਂ ਤੋਂ ਬਹਾਲ ਕਰਾਂਗੇ। ਪੈਡੀ ਦਾ ਬੋਨਸ ਮਾਰਚ ਵਿੱਚ ਦੇਵਾਂਗੇ। ਪੈਸਟੀ-ਸਾਈਡਜ਼ ਅਤੇ ਫਰਟੇਲਾਈਜ਼ਰਜ ਤੋਂ ਸੇਲ ਟੈਕਸ ਵਾਪਸ ਲੈਣਾ ਹੈ ਅਤੇ ਡੀਜ਼ਲ ਤੇ 12 ਪ੍ਰਤੀਸ਼ਤ ਲਗਾਇਆ ਟੈਕਸ ਵਾਪਸ ਲਵਾਂਗੇ ਅਤੇ 25 ਹਜ਼ਾਰ ਟਿਊਬਵੈਲਾਂ ਨੂੰ ਨਵੇਂ ਕੁਨੈਕਸ਼ਨ ਦੇਣੇ ਹਨ। ਇਹ ਵਾਅਦੇ ਕਰਕੇ ਫਿਰ ਉਹ ਉਠਾਏ ਹਨ। ਜਿਹੜਾ ਵਾਅਦਾ ਕੱਲ੍ਹ ਕੀਤਾ ਹੈ, ਤੁਸੀਂ ਬਤੌਰ ਖੇਤੀਬਾੜੀ ਮੰਤਰੀ ਦੱਸੋ ਕਿ ਕੀ ਉਹ ਨਿਭਾਉਗੇ ? ਜੇਕਰ ਨਹੀਂ ਨਿਭਾਉਗੇ ਤਾਂ ਫਿਰ ਇਸੇ ਤਰ੍ਹਾਂ ਲਾਰਿਆਂ ਵਿੱਚ......

**ਮਾਨਯੋਗ ਸਪੀਕਰ** : ਜੋ ਵਾਲੀ ਗੱਲ ਛੱਡ ਦਿਓ। ਸਵਾਲ ਇਹ ਹੈ ਕਿ ਜੋ ਵਾਅਦਾ ਕੀਤਾ ਹੈ, ਉਹ ਪੂਰਾ ਕਰੋਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਇੱਕ ਗੱਲ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਇਨ੍ਹਾਂ ਭਰਾਵਾਂ ਨੂੰ ਉਨ੍ਹਾਂ ਕਿਸਾਨਾਂ ਦੀ ਜਿਹੜੇ ਕਿ ਠੰਡ ਦੇ ਵਿਚੋਂ ਇਥੋਂ ਉਠ ਕੇ ਚਲੇ ਗਏ ਹਨ ਉਨ੍ਹਾਂ ਦੀ ਚਿੰਤਾ ਹੈ ਜਾਂ ਫਿਰ ਇਨ੍ਹਾਂ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਸਰਕਾਰ ਉਨ੍ਹਾਂ ਦੇ ਵਾਸਤੇ ਪੈਸੇ ਕਿਥੋਂ ਲੈ ਕੇ ਆਵੇਗੀ। ਮਾਨਯੋਗ ਸਪੀਕਰ ਸਾਹਿਬ, ਮੈਂ ਪੂਰੀ ਜ਼ਿੰਮੇਵਾਰੀ ਦੇ ਨਾਲ ਕਹਿਣਾ ਚਾਹੁੰਦੀ ਹਾਂ ਕਿ ਪੰਜਾਬ ਦੀ ਕਾਂਗਰਸ ਨੇ ਉਨ੍ਹਾਂ ਕਿਸਾਨਾਂ ਦੇ ਨਾਲ ਤੇ ਸਾਰੇ ਵਰਗਾਂ ਦੇ ਨਾਲ ਜੋ ਕੁਮਿੱਟਮੈਂਟਾਂ ਕੀਤੀਆਂ ਹਨ ਉਨ੍ਹਾਂ ਤੇ

Original with;
Punjab Vidhan Sabha
Digitized by;

[ਖੇਤੀਬਾੜੀ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ]

ਪੂਰੀ ਤਰ੍ਹਾਂ ਕਾਇਮ ਹੈ । ਜੋ ਵੀ ਉਨ੍ਹਾਂ ਕਿਸਾਨਾਂ ਦੇ ਨਾਲ ਗੱਲਾਂਬਾਤਾਂ ਕੀਤੀਆਂ ਗਈਆਂ ਹਨ ਤੇ ਜੋ ਡੈਮੋਕਰੇਟਿਕ ਢੰਗ ਦੇ ਨਾਲ ਉਹ ਯੂਨੀਅਨਾਂ ਸਾਨੂੰ ਮਿਲੀਆਂ ਹਨ ਤੇ ਉਨ੍ਹਾਂ ਦੇ ਨਾਲ ਜੋ ਵੀ ਗੱਲਾਂਬਾਤਾਂ ਹੋਈਆਂ ਹਨ, ਅਸੀਂ ਪੂਰੀ ਸੁਹਿਰਦਤਾ ਦੇ ਨਾਲ ਉਹ ਜ਼ਿੰਮੇਵਾਰੀ ਨਿਭਾਵਾਂਗੇ ਤੇ ਉਨ੍ਹਾਂ ਦੇ ਨਾਲ ਅਸੀਂ ਜੋ ਵਾਅਦੇ ਕੀਤੇ ਹਨ, ਉਸ ਤੋਂ ਕਦੇ ਵੀ ਆਪਣੀ ਪਿੱਠ ਨਹੀਂ ਮੋੜਾਂਗੇ । ਉਨ੍ਹਾਂ ਤੇ ਕਾਇਮ ਰਹਾਂਗੇ ਤੇ ਉਹ ਵਾਅਦੇ ਪੂਰੇ ਕਰਾਂਗੇ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ... ..

**ਮਾਨਯੋਗ ਸਪੀਕਰ** : ਭੂੰਦੜ ਸਾਹਿਬ, ਤੁਸੀਂ ਹੋਰ ਸਪਲੀਮੈਂਟਰੀ ਨਹੀਂ ਕਰ ਸਕਦੇ । ਇਸ ਤੋਂ ਅਗੇ ਸਪਲੀਮੈਂਟਰੀ ਸਰਦਾਰ ਰਣਜੀਤ ਸਿੰਘ ਤੇ ਜਾਂ ਫਿਰ ਸਰਦਾਰ ਗੋਬਿੰਦ ਸਿੰਘ ਲੌਂਗੋਵਾਲ ਹੀ ਕਰ ਸਕਦੇ ਹਨ । ਇਸ ਕਰਕੇ ਤੁਸੀਂ ਬੈਠੋ । ਤੁਸੀਂ ਹੋਰ ਸਪਲੀਮੈਂਟਰੀ ਨਹੀਂ ਕਰ ਸਕਦੇ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਉਹ ਮੈਂਬਰ ਬੈਠੇ ਨਹੀਂ ਹਨ, ਇਸ ਤਰ੍ਹਾਂ ਤੁਸੀਂ ਧੱਕਾ ਨਾ ਕਰੋ । ਇਹ ਪਬਲਿਕ ਇੰਪਾਰਟੈਂਸ ਦਾ ਮਾਮਲਾ ਹੈ ਤੇ ਹੋਰ ਸਪਲੀਮੈਂਟਰੀ ਕਰਨ ਸਬੰਧੀ ਤੁਹਾਡੇ ਕੋਲ ਅਧਿਕਾਰ ਹਨ ।

**ਮਾਨਯੋਗ ਸਪੀਕਰ** : ਉਹ ਦੋਨੋਂ ਮੈਂਬਰ ਗੈਰ ਹਾਜ਼ਰ ਹਨ । ਹਾਂ, ਜੇਕਰ ਉਹ ਹੁੰਦੇ ਤਾਂ ਉਹ ਸਵਾਲ ਕਰ ਸਕਦੇ ਸੀ । ਜੇਕਰ ਤੁਹਾਡੇ ਕੋਲ ਉਨ੍ਹਾਂ ਨੇ ਅਥਾਰਿਟੀ ਦਿੱਤੀ ਹੈ ਤਾਂ ਤੁਸੀਂ ਪੁੱਛ ਸਕਦੇ ਹੋ, ਨਹੀਂ ਤਾਂ ਤੁਸੀਂ ਹੋਰ ਸਪਲੀਮੈਂਟਰੀ ਨਹੀਂ ਕਰ ਸਕਦੇ ।

---

## PAPERS LAID ON THE TABLE

**Minister for Local Government, Parliamentary Affairs and Labour & Employment (Chaudhary Jagjit Singh) :** Sir, I beg to lay on the Table—

1. The Annual Report and Accounts of the Punjab Dairy Development Corporation Ltd. for the year 2000-2001, as required under Section 619-A of the Companies Act, 1956.

2. The Annual Statement of Accounts of the Punjab State Electricity Board for the 2000-2001, as required under Section 69 (5) of the Electricity (Supply) Act, 1948.

3. The Annual Statement of Accounts of the Punjab Urban Planning and Development Authority for the year 2000-

Original with;
Punjab Vidhan Sabha
Digitized by;
Panjab Digital Library

2001, as required under Section 53(1) of the Punjab Regional and Town Planning and Development Act, 1995.

4. The Annual Report of the Punjab Health Systems Corporation for the year 2000-2001, as required under Section 21(4) of the Punjab Health Systems Corporation Act, 1996.

5. The 29th Annual Report of the Punjab Land Development and Reclamation Corporation Ltd. for the year 1993-94, as required under Section 619-A of the Companies Act, 1956.

6. The 3rd and 4th Annual Reports of the Punjab State Container and Warehousing Corporation Ltd. (CONWARE) for the year 1997-98 and 1998-99, as required under Section 217 of the Companies Act, 1956.

7. The 31st Annual Report of the Punjab State Warehousing Corporation for the year 1997-98, as required under Section 31(11) of the Warehousing Corporation Act, 1962.

8. The 27th Annual Report of the Punjab State Tubewell Corporation Ltd. for the year 1997-98, as required under Section 619-A of the Companies Act, 1956.

9. The Administrative Report of the PEPSU Road Transport Coporation for the year 1999-2000, alongwith Review as required under Section 35(3) of the Road-Transport Corporation Act, 1950.

10. The 34th Annual Report and Accounts of the Punjab Agro Industries Corporation Ltd. for the year 1999-2000, as required under Section 619-A of the Companies Act, 1956.

11. The Balance Sheet and Profit and Loss Account of the Punjab Scheduled Castes Land Development and Finance Corporation for the year 1998-99, as required under Section 27(5) of the Punjab Scheduled Castes Land Development and Finance Corporation Act, 1970.

12. The Annual Report and Accounts of the Punjab Pollution Control Board for the year 1999-2000, as required under

Original with;
Punjab Vidhan Sabha

[ਸੰਸਦੀ ਮਾਮਲੇ, ਸਥਾਨਕ ਸਰਕਾਰਾਂ ਅਤੇ ਕਿਰਤ ਤੇ ਰੋਜ਼ਗਾਰ ਮੰਤਰੀ]

Section 39 of the Water (Prevention and Control of Pollution) Act, 1974.

13. The 20th Annual Report and Accounts of the Punjab Tourism Development Corporation Ltd. for the year 1998-99, as required under Section 619-A of the Companies Act, 1956.

---

RESOLUTION Reg. TAKING EFFECTIVE STEPS FOR IMPARTING TECHNICAL EDUCATION AND GIVING LOANS ON COMPARATIVELY LOWER RATES OF INTEREST TO GENERATE ALTERNATIVE JOBS TO ERADICATE UNEMPLOYMENT.

**ਸਰਦਾਰ ਸੁਰਜੀਤ ਸਿੰਘ ਰੱਖੜਾ** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ—

"ਇਹ ਸਦਨ ਰਾਜ ਵਿੱਚ ਬੇਰੁਜ਼ਗਾਰੀ ਦੂਰੀ ਕਰਨ ਲਈ ਸਰਕਾਰੀ ਨੌਕਰੀਆਂ ਦੀ ਥਾਂ ਤੇ ਰੁਜ਼ਗਾਰ ਲਈ ਬਦਲਵੀਆਂ ਨੌਕਰੀਆਂ ਅਤੇ ਵਸੀਲੇ ਪੈਦਾ ਕਰਨ ਦੇ ਉਦੇਸ਼ ਨਾਲ ਤਕਨੀਕੀ ਸਿੱਖਿਆ ਦੇਣ ਅਤੇ ਵਿਆਜ ਦੀਆਂ ਘੱਟ ਦਰਾਂ ਤੇ ਕਰਜ਼ੇ ਦੇਣ ਲਈ ਰਾਜ ਸਰਕਾਰ ਨੂੰ ਪ੍ਰਭਾਵਸ਼ਾਲੀ ਕਦਮ ਚੁੱਕਣ ਲਈ ਸਿਫ਼ਾਰਸ਼ ਕਰਦਾ ਹੈ ।"

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ—

"ਇਹ ਸਦਨ ਰਾਜ ਵਿੱਚ ਬੇਰੁਜ਼ਗਾਰੀ ਦੂਰ ਕਰਨ ਲਈ ਸਰਕਾਰੀ ਨੌਕਰੀਆਂ ਦੀ ਥਾਂ ਤੇ ਰੁਜ਼ਗਾਰ ਲਈ ਬਦਲਵੀਆਂ ਨੌਕਰੀਆਂ ਅਤੇ ਵਸੀਲੇ ਪੈਦਾ ਕਰਨ ਦੇ ਉਦੇਸ਼ ਨਾਲ ਤਕਨੀਕੀ ਸਿੱਖਿਆ ਦੇਣ ਅਤੇ ਵਿਆਜ ਦੀਆਂ ਘੱਟ ਦਰਾਂ ਤੇ ਕਰਜ਼ੇ ਦੇਣ ਲਈ ਰਾਜ ਸਰਕਾਰ ਨੂੰ ਪ੍ਰਭਾਵਸ਼ਾਲੀ ਕਦਮ ਚੁੱਕਣ ਲਈ ਸਿਫ਼ਾਰਸ਼ ਕਰਦਾ ਹੈ ।"

**ਸਰਦਾਰ ਸੁਰਜੀਤ ਸਿੰਘ ਰੱਖੜਾ (ਸਮਾਣਾ)** : ਮਾਨਯੋਗ ਸਪੀਕਰ ਸਾਹਿਬ, ਜੇਕਰ ਅਸੀਂ ਸਮੱਸਿਆ ਦੀ ਗੱਲ ਕਰੀਏ ਤਾਂ ਅੱਜ ਪੰਜਾਬ ਅੰਦਰ ਅਨੇਕਾਂ ਸਮੱਸਿਆਵਾਂ ਹਨ ਪਰ ਜੇ ਬੇਰੁਜ਼ਗਾਰੀ ਦੀ ਗੱਲ ਕਰੀਏ ਤਾਂ ਇਹ ਪੰਜਾਬ ਦੇ ਲਈ ਬਹੁਤ ਵੱਡੀ ਸਮੱਸਿਆ ਬਣਦੀ ਜਾ ਰਹੀ ਹੈ ।

**ਮਾਨਯੋਗ ਸਪੀਕਰ** : ਇੱਕ ਮਿੰਟ ਜੀ । ਜੇਕਰ ਸਦਨ ਦੀ ਮਨਜ਼ੂਰੀ ਹੋਵੇ ਤਾਂ ਅੱਜ ਜੋ ਹਾਊਸ ਦਾ ਸਮਾਂ 2.30 ਵਜੇ ਬਾਅਦ ਦੁਪਹਿਰ ਤੱਕ ਸੀ ਉਸ ਨੂੰ 2.00 ਵਜੇ ਤੱਕ ਕਰ ਦਿੱਤਾ ਜਾਵੇ ।

Original with;
Punjab Vidhan Sabha
Digitized by;

**ਆਵਾਜ਼ਾਂ** : ਹਾਂ ਜੀ, ਹਾਂ ਜੀ ।

**ਮਾਨਯੋਗ ਸਪੀਕਰ** : ਅੱਜ ਸਦਨ ਦੀ ਕਾਰਵਾਈ 2.30 ਵਜੇ ਬਾਅਦ ਦੁਪਹਿਰ ਦੀ ਬਜਾਏ 2.00 ਵਜੇ ਬਾਅਦ ਦੁਪਹਿਰ ਕੀਤੀ ਜਾਂਦੀ ਹੈ ।

**ਸਰਦਾਰ ਸੁਰਜੀਤ ਸਿੰਘ ਰੱਖੜਾ** : ਮਾਨਯੋਗ ਸਪੀਕਰ ਸਾਹਿਬ, ਬੇਰੁਜ਼ਗਾਰਾਂ ਦੀ ਗਿਣਤੀ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ ਜਿਹੜਾ ਕਿ ਸਾਰੇ ਪੰਜਾਬ ਦੇ ਲਈ ਔਰ ਬੱਚਿਆਂ ਦੇ ਮਾਂ-ਬਾਪ ਦੇ ਲਈ ਇੱਕ ਬੜੀ ਵੱਡੀ ਚਿੰਤਾ ਦਾ ਵਿਸ਼ਾ ਹੈ । ਅੱਜ ਜੇ ਅਸੀਂ ਪੜ੍ਹੇ ਲਿਖੇ ਨੌਜਵਾਨਾਂ ਦੀ ਗਿਣਤੀ ਦੇਖੀਏ ਤਾਂ ਇਹ 5 ਲੱਖ 32 ਹਜ਼ਾਰ ਬਣਦੀ ਹੈ । ਪਰ ਇਸ ਗੱਲ ਵਾਸਤੇ ਜੇਕਰ ਅਸੀਂ ਰਾਜਨੀਤੀ ਤੋਂ ਉਪਰ ਉਠ ਕੇ ਪੰਜਾਬ ਦੇ ਹਿੱਤਾਂ ਦੇ ਲਈ ਸਾਰੇ ਜਣੇ ਰਲ ਮਿਲ ਕੇ ਕੰਮ ਕਰੀਏ ਤਾਂ ਇਸ ਦੇ ਉਤੇ ਕਾਬੂ ਪਾਇਆ ਜਾ ਸਕਦਾ ਹੈ । ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਮੁੱਢਲੇ ਫਰਜ਼ਾਂ ਵਿਚ ਇਸ ਨੂੰ ਅਤਿ ਜ਼ਰੂਰੀ ਮਸਲਾ ਸਮਝ ਕੇ ਇਸ ਤੇ ਕੰਮ ਕਰੀਏ । ਪਿਛਲੀ ਬਾਦਲ ਸਾਹਿਬ ਦੀ ਸਰਕਾਰ ਨੇ ਇਸ ਚਿੰਤਾ ਜਨਕ ਬੇਰੁਜ਼ਗਾਰੀ ਦੀ ਸਮੱਸਿਆ ਲਈ ਯੋਗ ਉਪਰਾਲਾ ਕਰਕੇ ਇਨ੍ਹਾਂ ਬੇਰੁਜ਼ਗਾਰਾਂ ਦੀ ਗਿਣਤੀ ਨੂੰ ਵਧਣ ਤੋਂ ਰੋਕਿਆ ਹੈ । ਅੱਜ ਵੀ ਦਫਤਰਾਂ ਦੇ ਅੰਕੜੇ ਜੋ ਹਨ ਉਨ੍ਹਾਂ ਨੂੰ ਦੇਖੀਏ ਤਾਂ ਸਾਲ 1990 ਦੇ ਵਿੱਚ 6 ਲੱਖ 22 ਹਜ਼ਾਰ 262, ਸਾਲ 1998 ਦੇ ਵਿਚ 5 ਲੱਖ 76 ਹਜ਼ਾਰ 657, 1999 ਦੇ ਵਿੱਚ 5 ਲੱਖ 66 ਹਜ਼ਾਰ 909, ਸਾਲ 2000 ਦੇ ਵਿੱਚ 5 ਲੱਖ 38 ਹਜ਼ਾਰ 391 ਅਤੇ ਮਿਤੀ 30.9.2001 ਤੱਕ 5 ਲੱਖ 31 ਹਜ਼ਾਰ 812 ਨੌਜਵਾਨ ਬੇਰੁਜ਼ਗਾਰ ਸਨ । ਇਸ ਦੇ ਮੁਤਾਬਿਕ ਪਿਛਲੇ ਪੰਜ ਸਾਲ ਦੇ ਸਮੇਂ ਦੌਰਾਨ ਥੋੜ੍ਹੀ ਜਿਹੀ ਬੇਰੋਜ਼ਗਾਰੀ ਦੇ ਵਿਚ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ । ਇਨ੍ਹਾਂ ਵਿਚੋਂ 77.63% ਅਤੇ 22.73% ਨਾਨ ਟੈਕਨੀਕਲ ਅਤੇ ਟੈਕਨੀਕਲ ਪ੍ਰੋਫੈਸ਼ਨਲ ਬੇਰੋਜ਼ਗਾਰੀ ਜੋ ਹੈ, ਉਹ ਇਸ ਤਰ੍ਹਾਂ ਹੈ: ਪੜ੍ਹੇ ਲਿਖੇ ਬੇਰੁਜ਼ਗਾਰ ਹਨ 4,17,223, ਟੈਕਨੀਕਲ ਵਿਚ 93,329 ਹਨ, ਗ੍ਰੈਜੂਏਟ ਇੰਜੀਨੀ-ਅਰਿੰਗ ਵਿਚ 1,174 ਹਨ, ਉਦਯੋਗਿਕ ਸਿਖਲਾਈ ਕੇਂਦਰਾਂ ਦੁਆਰਾ ਸਿਖਲਾਈ ਪ੍ਰਾਪਤ ਦਸਤਕਾਰ 34.045 ਹਨ ਅਤੇ ਹੋਰ ਦਸਤਕਾਰ 2,559 ਹਨ ।

ਨੌਜਵਾਨ ਇੰਜੀਨੀਅਰਿੰਗ ਕੋਰਸਾਂ ਲਈ ਬਾਹਰਲੇ ਸੂਬਿਆਂ ਵੱਲ ਭੱਜਦੇ ਸਨ ਅਤੇ ਵੱਧ ਪੈਸੇ ਦੇ ਕੇ ਖਜਲ ਖੁਆਰ ਹੁੰਦੇ ਸਨ । ਉਨ੍ਹਾਂ ਨੂੰ ਦਾਖਲੇ ਲਈ ਜ਼ਿਆਦਾ ਮੌਕੇ ਦੇਣ ਲਈ ਬਾਦਲ ਸਰਕਾਰ ਨੇ ਤਕਨੀਕੀ ਕਾਲਜਾਂ ਵਿਚ ਸੀਟਾਂ ਵਧਾਈਆਂ ਹਨ ਅਤੇ ਕਾਫ਼ੀ ਵੱਡੇ ਕਦਮ ਚੁੱਕੇ ਹਨ । ਇਹ ਕਾਫ਼ੀ ਸ਼ਲਾਘਾਯੋਗ ਕੰਮ ਕੀਤਾ ਹੈ । ਇਨ੍ਹਾਂ ਨੌਜਵਾਨਾਂ ਨੂੰ ਘੱਟ ਵਿਆਜ ਤੇ ਸਰਮਾਏ ਦੇ ਕੇ ਕੰਮ ਸ਼ੁਰੂ ਕਰਵਾਇਆ ਜਾ ਸਕਦਾ ਹੈ । ਇਨ੍ਹਾਂ ਦੇ ਵੇਰਵੇ ਇਸ ਤਰ੍ਹਾਂ ਹਨ :

Original with;
Punjab Vidhan Sabha
Digitized by;

[ਸਰਦਾਰ ਸੁਰਜੀਤ ਸਿੰਘ ਰੱਖੜਾ]

| ਟੈਕਨੀਕਲ ਅਦਾਰੇ ਦਾ ਨਾਂ | 1998 ਦੇ ਅੰਕੜੇ | 2000 ਦੇ ਅੰਤ ਦੇ ਅੰਕੜੇ |
|---|---|---|
| 1. ਇੰਜੀਨੀਅਰਿੰਗ ਕਾਲਜਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ | 9,609 | 13,873 |
| 2. ਵੈਟਰਨਰੀ ਕਾਲਜਾਂ ਵਿਚ ਵਿਦਿਆਰਥੀਆਂ ਦੇ ਦਾਖਲੇ | 540 | 653 |
| 3. ਅਧਿਆਪਕ ਟ੍ਰੇਨਿੰਗ ਕਾਲਜਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ | 3,448 | 3,905 |
| 4. ਮੈਡੀਕਲ ਕਾਲਜਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ | 1,338 | 7,664 |
| 5. ਫਿਜੀਕਲ ਐਜੂਕੇਸ਼ਨ ਵਿੱਚ ਵਿਦਿਆਰਥੀਆਂ ਦੇ ਦਾਖਲੇ | 583 | 720 |

ਚੇਅਰਮੈਨ ਸਾਹਿਬ; ਜੇ ਵੇਖਿਆ ਜਾਵੇ ਤਾਂ ਇਹ ਅੰਕੜੇ ਕਾਫ਼ੀ ਉਪਰ ਆਏ ਹਨ ।

**MR. SPEAKER** : You are addressing the Chairman, when I am sitting here.

**ਸਰਦਾਰ ਸੁਰਜੀਤ ਸਿੰਘ ਰੱਖੜਾ** : Sorry, Sir, ਮਾਨਯੋਗ ਸਪੀਕਰ ਸਾਹਿਬ, ਇਸ ਗੱਲ ਦੇ ਨਾਲ ਸਾਡੀ ਸਟੇਟ ਨੂੰ ਬੜਾ ਫਾਇਦਾ ਹੋਇਆ ਹੈ । ਇਹ ਤਾਂ ਸਾਡੀ ਡਿਊਟੀ ਬਣਦੀ ਹੈ ਕਿ ਟੈਕਨੀਕਲ ਐਜੂਕੇਸ਼ਨ ਅਸੀਂ ਆਪਣੇ ਬੱਚਿਆਂ ਨੂੰ, ਨੌਜਵਾਨਾਂ ਨੂੰ ਲਿਆ ਕੇ ਦੇਈਏ । ਉਨ੍ਹਾਂ ਦੇ ਲਈ ਵੱਧ ਤੋਂ ਵੱਧ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਈਏ ।

ਸਾਲ 2001-2002 ਦੇ ਲਈ 1,48,685 ਰੋਜ਼ਗਾਰ ਦੇਣ ਦੇ ਟੀਚੇ ਮਿੱਥੇ ਗਏ ਸਨ ਤੇ ਇਸ ਆਸ਼ੇ ਦੀ ਪੂਰਤੀ ਲਈ 518.17 ਕਰੋੜ ਦੀ ਰਾਸ਼ੀ ਪ੍ਰਵਾਨ ਕੀਤੀ ਗਈ ਸੀ । ਇਸੇ ਤਰ੍ਹਾਂ ਸਾਲ 2001-2002 ਵਿਚ 9000 ਨੌਜਵਾਨਾਂ ਨੂੰ ਪ੍ਰਾਈਮ ਮਨਿਸਟਰ ਰੋਜ਼ਗਾਰ ਯੋਜਨਾ ਤਹਿਤ ਨੌਕਰੀਆਂ ਜਾਂ ਸਵੈ-ਰੋਜ਼ਗਾਰ ਲਈ ਕੇਸ ਤਿਆਰ ਕਰਨ ਦੀ ਵਚਨ-ਬੱਧਤਾ ਕੀਤੀ ਗਈ ਸੀ । ਪ੍ਰੰਤੂ ਬਾਦਲ ਸਰਕਾਰ ਨੇ ਨਾ ਕੇਵਲ ਇਹ ਟੀਚੇ ਪੂਰੇ ਕੀਤੇ ਬਲਕਿ ਇਸ ਤੋਂ ਵੀ ਵੱਧ 10,114 ਕੇਸ ਮੁਕੰਮਲ ਕੀਤੇ ਅਤੇ 9,031 ਕੇਸਾਂ ਵਿਚ ਕਰਜ਼ੇ ਅਤੇ 10,713 ਨੂੰ ਨੌਕਰੀਆਂ ਦਿੱਤੀਆਂ । ਪਿੰਡਾਂ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਅਤੇ ਕੰਮ ਤੇ ਲਾਉਣ ਲਈ ਫੋਕਲ ਪੁਆਇੰਟਾਂ ਵਿਖੇ ਰੋਜ਼ਗਾਰ ਮੇਲੇ ਵੀ ਲਗਾਏ ਗਏ । ਦਸਵੀਂ ਪਾਸ ਜਾਂ ਇਸ ਤੋਂ ਵੱਧ ਵਿਦਿਅਕ ਯੋਗਤਾ ਵਾਲੇ ਬੇਰੋਜ਼ਗਾਰ ਨੌਜਵਾਨਾਂ ਨੂੰ 65.70 ਲੱਖ ਬੇਰੋਜ਼ਗਾਰੀ ਭੱਤਾ ਸਤੰਬਰ, 2001 ਤੱਕ ਦੇ ਦਿੱਤਾ ਗਿਆ ।

Original with;
Punjab Vidhan Sabha
Digitized by;

ਮਿਤੀ 30 9.2001 ਤੱਕ ਪੰਜਾਬ ਦੀ ਕੁੱਲ ਆਬਾਦੀ 2.43 ਕਰੋੜ ਸੀ ਅਤੇ ਬੇਰੋਜ਼ਗਾਰ 5.32 ਲੱਖ ਸਨ । ਵੱਖਰੇ ਵੱਖਰੇ ਅਦਾਰਿਆਂ ਵਿਚ ਨੌਕਰੀ ਕਰਦੇ ਹੋਏ ਕਰਮਚਾਰੀ ਇਸ ਤਰ੍ਹਾਂ ਵੰਡੇ ਹੋਏ ਹਨ ।

| | | |
|---|---|---|
| 1. | ਪਬਲਿਕ ਖੇਤਰ ਵਿਚ | 5,86,164 |
| 2. | ਕੇਂਦਰੀ ਸਰਕਾਰ | 79,198 |
| 3. | ਰਾਜ ਸਰਕਾਰ | 3,02,142 |
| 4. | ਨੀਮ ਸਰਕਾਰ | 1,73,548 |
| 5. | ਸਥਾਨਕ ਸਰਕਾਰ | 31,276 |
| 6. | ਨਿੱਜੀ ਖੇਤਰ ਪ੍ਰਾਈਵੇਟ ਸੈਕਟਰ | 2,61,083 |

ਇਹ ਅੰਕੜੇ ਆਰਥਿਕ ਸਰਵੇਖਣ ਪੰਜਾਬ 2001-2002 ਦੇ ਵਿਚੋਂ ਲਏ ਗਏ ਹਨ । ਬੇਰੋਜ਼ਗਾਰੀ ਦੀ ਸਮੱਸਿਆ ਨੂੰ ਹੱਲ ਕਰਨ ਵਾਸਤੇ ਮੈਂ ਸੁਝਾਓ ਦਿੰਦਾ ਹਾਂ ਕਿ ਰਾਜ ਦੀ ਆਰਥਿਕਤਾ ਦੇ ਵਿਚ ਨਵੇਂ ਧੰਦੇ ਪੈਦਾ ਕੀਤੇ ਜਾ ਸਕਦੇ ਹਨ । ਇਸ ਵੇਲੇ ਪੰਜਾਬ ਖੇਤੀ ਤੇ ਨਿਰਭਰ ਸੂਬਾ ਹੈ । ਰੋਜ਼ਗਾਰ ਦੇ ਮੌਕੇ ਸਬੰਧਤ ਰਾਜ ਦੀ ਆਰਥਿਕਤਾ ਮੁਤਾਬਕ ਹੀ ਪੈਦਾ ਕੀਤੇ ਜਾ ਸਕਦੇ ਹਨ । ਇਸ ਵੇਲੇ ਪੰਜਾਬ ਵਿਚ ਖੇਤੀ ਆਧਾਰਤ ਉਦਯੋਗਾਂ ਨੂੰ ਉਤਸ਼ਾਹਤ ਕਰਕੇ ਅਸੀਂ ਰੋਜ਼ਗਾਰ ਦੇ ਮੌਕੇ ਮੁਹੱਈਆ ਕਰ ਸਕਦੇ ਹਾਂ ।

**ਮਾਨਯੋਗ ਸਪੀਕਰ** : ਤੁਸੀਂ ਜੋ ਲਿਖਿਆ ਹੋਇਆ ਹੈ, ਉਹੀ ਪੜ੍ਹ ਰਹੇ ਹੋ ਜਾਂ ਨੋਟ ਵੀ ਲੈਂਦੇ ਹੋ ?

**ਸਰਦਾਰ ਸੁਰਜੀਤ ਸਿੰਘ ਰੱਖੜਾ** : ਪੰਜਾਬ ਨੂੰ ਜ਼ੋਨਾਂ ਵਿਚ ਵੰਡ ਕੇ ਐਗਰੋ ਕਲਾਈ-ਮੈਟਿਕ ਜ਼ੋਨ ਦੀ ਬਣਤਰ ਮੁਤਾਬਕ ਰੋਜ਼ਗਾਰ ਦਿੱਤੇ ਜਾ ਸਕਦੇ ਹਨ । ਜ਼ਮੀਨ ਦੀ ਭਿੰਨ-ਭਿੰਨ ਕਿਸਮਾਂ ਮੁਤਾਬਿਕ ਵੰਡ ਕਰਕੇ ਮੌਸਮ ਦੇ ਹਿਸਾਬ ਨਾਲ ਫਸਲਾਂ ਪੈਦਾ ਕੀਤੀਆਂ ਜਾਣ ਅਤੇ ਕਲਾਈਮੈਟਿਕ ਜਲਵਾਯੂ ਦੇ ਅਨੁਸਾਰ ਇਸ ਦੀ ਵੰਡ ਕੀਤੀ ਜਾਵੇ । ਇਸ ਬਾਰੇ ਸਰਵੇਖਣ ਕੀਤਾ ਜਾਵੇ । ਇਨ੍ਹਾਂ ਜ਼ਮੀਨਾਂ ਦੇ ਜ਼ੋਨਾਂ ਦਾ ਪਹਿਲਾਂ ਖੇਤੀ ਮਾਹਿਰਾਂ ਰਾਹੀਂ ਸਰਵੇਖਣ ਕਰਵਾਇਆ ਜਾਵੇ ਤੇ ਫਿਰ ਉਸਦੇ ਆਧਾਰ ਤੇ ਹੀ ਸਬੰਧਤ ਫਸਲ ਬੀਜੀ ਜਾਵੇ ਅਤੇ ਉਥੇ ਉਸ ਸਬੰਧਤ ਫਸਲ ਲਈ ਪ੍ਰੋਸੈਸਿੰਗ ਯੂਨਿਟ ਉਸੇ ਜ਼ੋਨ ਵਿਚ ਲਗਾਏ ਜਾਣ ਅਤੇ ਇਨ੍ਹਾਂ ਵਿੱਚ ਵੱਧ ਤੋਂ ਵੱਧ ਨੌਜਵਾਨਾਂ ਨੂੰ ਰੋਜ਼ਗਾਰ ਦਿੱਤਾ ਜਾਵੇ । ਪਿੰਡਾਂ ਦੇ ਕਿਸਾਨ ਤੇ ਨੌਜਵਾਨ ਸ਼ਹਿਰਾਂ ਵਿਚ ਰੋਜ਼ਗਾਰ ਲਈ ਜਾ ਰਹੇ ਹਨ ਕਿਉਂਕਿ ਪਿੰਡਾਂ ਵਿਚ ਬੇਰੋਜ਼ਗਾਰੀ ਪੈਦਾ ਹੋ ਗਈ ਹੈ । ਨੌਜਵਾਨਾਂ ਵਿਚ ਇਹ ਬੇਰੋਜ਼ਗਾਰੀ ਦਿਨੋਂ-ਦਿਨ ਵਧਦੀ ਜਾ ਰਹੀ ਹੈ । ਇਸ ਤੇ ਕਾਬੂ ਪਾਉਣ ਦੀ ਲੋੜ ਹੈ । ਸਰਕਾਰ ਇਨ੍ਹਾਂ

Original with;
Punjab Vidhan Sabha
Digitized by;

[ਸਰਦਾਰ ਸਰਜੀਤ ਸਿੰਘ ਰੱਖੜਾ]

ਵਾਸਤੇ ਸਰਕਾਰੀ ਏਜੰਸੀਆਂ ਰਾਹੀਂ ਮਾਰਕੀਟਿੰਗ ਵਿਚ ਸਮੇਂ-ਸਮੇਂ ਸਹਾਇਤਾ ਦੇਵੇ ਅਤੇ ਉਥੇ ਖੇਤੀ ਮਾਹਿਰ ਰੱਖ ਕੇ ਕਿਸਾਨਾਂ ਨੂੰ ਫਸਲ ਬਾਰੇ ਜਾਣੂ ਕਰਵਾਇਆ ਜਾਵੇ । ਜਿਥੇ ਇਸ ਨਾਲ ਖੇਤੀ ਦੀ ਉਪਜ ਵਧੇਗੀ ਉਥੇ ਭਿੰਨ ਭਿੰਨ ਖੇਤੀਆਂ ਵਿਚੋਂ ਸੂਬੇ ਨੂੰ ਲਾਭ ਪ੍ਰਾਪਤ ਹੋਵੇਗਾ ਅਤੇ ਕਣਕ ਅਤੇ ਝੋਨੇ ਦੀ ਖੇਤੀ ਤੇ ਵੀ ਜ਼ੋਰ ਘਟੇਗਾ ਤੇ ਰੋਜ਼ਗਾਰ ਦੇ ਹੋਰ ਮੌਕੇ ਮੁਹੱਈਆ ਹੋਣਗੇ । ਇਸ ਨਾਲ ਉਸ ਉਪਜ ਦੀ ਕੁਆਲਟੀ ਵੀ ਵਧੇਗੀ, ਜਿਸ ਨਾਲ ਮਾਰਕੀਟਿੰਗ ਵਿਚ ਉਸਦੀ ਮੰਗ ਵਧ ਜਾਵੇਗੀ ਤੇ ਉਸਨੂੰ ਜਾਇਜ਼ ਕੀਮਤ ਵੀ ਪ੍ਰਾਪਤ ਹੋਵੇਗੀ । ਇਹੋ ਜਿਹੇ ਪਲਾਂਟ ਜਦੋਂ ਹੋਂਦ ਵਿਚ ਆਉਣਗੇ ਤਾਂ ਉਨ੍ਹਾਂ ਨੂੰ ਦੋ ਚੀਜ਼ਾਂ ਦੀ ਪਹਿਲੀ ਲੋੜ ਹੋਵੇਗੀ ਜਿਵੇਂ ਕੱਚਾ ਮਾਲ ਅਤੇ ਦੂਜਾ ਮੰਡੀਕਰਨ । ਇਹ ਦੋਵੇਂ ਚੀਜਾਂ ਉਸ ਨੂੰ ਭਲੀਭਾਂਤ ਮਿਲ ਸਕਣਗੀਆਂ ਜੇਕਰ ਜ਼ੋਨਾਂ ਵਿਚ ਸੈਨਟੇਫਿਕ ਤਰੀਕੇ ਦੇ ਨਾਲ ਇਨ੍ਹਾਂ ਦਾ ਉਤਪਾਦਨ ਕਰਵਾਇਆ ਜਾਵੇ ।

ਅੱਜ ਦੇ ਸਮੇਂ ਅਨੁਸਾਰ ਜਿਸ ਤਰ੍ਹਾਂ ਇਥਨੌਲ ਨੂੰ ਪੈਟਰੋਲ ਵਿਚ ਮਿਕਸ ਕੀਤਾ ਜਾ ਰਿਹਾ ਹੈ, ਇਸ ਨਾਲ 85 ਪ੍ਰਤੀਸ਼ਤ ਪਲਿਊਸ਼ਨ ਵੀ ਖਤਮ ਹੋ ਰਹੀ ਹੈ ਤੇ ਰੋਜ਼ਗਾਰ ਦੇ ਸਾਧਨ ਵੀ ਪੈਦਾ ਹੋ ਰਹੇ ਹਨ ਅਤੇ ਕਿਸਾਨਾਂ ਨੂੰ ਅੱਛੇ ਭਾਅ ਵੀ ਮਿਲ ਰਹੇ ਹਨ । ਇਸ ਆਰਗੇਨਾਈਜ਼ੇਸ਼ਨ ਦੇ ਹੈੱਡ ਅਮਰੀਕਾ ਦੇ ਹਿਊਮਨ ਰਿਸੋਰਸਿਜ਼ ਦਾ ਮਨਿਸਟਰ ਵੀ ਹੈ, ਉਹ ਪਿਛਲੇ 14 ਸਾਲ ਗਵਰਨਰ ਵੀ ਰਹੇ ਹਨ ਤੇ ਮੇਰੇ ਉਨ੍ਹਾਂ ਨਾਲ ਅੱਛੇ ਸਬੰਧ ਹਨ । ਉਹ ਸਾਲ 2000 ਵਿਚ ਪੰਜਾਬ ਵਿਚ ਆਏ ਸਨ ਔਰ ਉਨ੍ਹਾਂ ਨੂੰ ਪੰਜਾਬ ਦੇ ਨਾਲ ਬੜਾ ਲਗਾਵ ਹੈ । ਉਨ੍ਹਾਂ ਰਾਹੀਂ ਅਸੀਂ ਪੰਜਾਬ ਵਾਸਤੇ ਲੋਨ ਤੇ ਸਬਸਿਡੀ ਅਤੇ ਇਸ ਟੈਕਨਾਲੋਜੀ ਦੀ ਨੋ-ਹਾਉ ਵੀ ਲੈ ਸਕਦੇ ਹਾਂ ਤਾਂਕਿ ਇਸ ਨਾਲ ਪਲਿਊਸ਼ਨ ਵੀ ਖਤਮ ਹੋ ਸਕੇ । ਇਸ ਆਰਗੇਨਾਈਜ਼ੇਸ਼ਨ ਦਾ ਕੰਮ ਹੀ ਦੁਨੀਆ ਵਿਚੋਂ ਪਲਿਊਸ਼ਨ ਨੂੰ ਖਤਮ ਕਰਨਾ ਹੈ । ਇਸ ਤਰ੍ਹਾਂ ਦੇ ਇਕ-ਦੋ ਪ੍ਰਾਜੈਕਟਸ ਪੰਜਾਬ ਵਿਚ ਲਗਾਏ ਜਾ ਸਕਦੇ ਹਨ । ਇਸ ਤਰ੍ਹਾਂ ਨਾਲ ਗੰਨੇ ਦੇ ਮੋਲੈਸਿਜ਼ ਦਾ ਮਸਲਾ, ਆਲੂ ਅਤੇ ਸ਼ੂਗਰਕੇਨ ਦੇ ਮਸਲੇ ਵੀ ਹੱਲ ਹੋ ਸਕਦੇ ਹਨ ।

ਇਹ ਕਿਸਾਨੀ ਜ਼ੋਨ ਬਣਾਉਣ ਨਾਲ ਪਲਾਂਟ ਵਗੈਰਾ ਅਤੇ ਮਾਰਕੀਟਿੰਗ ਦੇ ਸਿਸਟਮ ਵਿਚ ਸੁਧਾਰ ਲਿਆ ਕੇ ਸਭ ਤੋਂ ਵੱਡਾ ਲਾਭ ਸਰਕਾਰ ਨੂੰ ਇਹ ਪ੍ਰਾਪਤ ਹੋਵੇਗਾ ਕਿ ਪੇਂਡੂ ਨੌਜਵਾਨ ਜੋ ਹੁਣ ਸ਼ਹਿਰਾਂ ਵੱਲ ਰੋਜ਼ਗਾਰ ਦੀ ਭਾਲ ਵਿਚ ਭੱਜਦੇ ਹਨ, ਉਹ ਇਸ ਨਵੀਂ ਤਕਨੀਕ ਨਾਲ ਪੇਂਡੂ ਖੇਤਰ ਵਿਚ ਹੀ ਕੰਮ ਕਰਨ ਦਾ ਯਤਨ ਕਰਨਗੇ ਅਤੇ ਸ਼ਹਿਰਾਂ ਤੇ ਪੈ ਰਿਹਾ ਆਬਾਦੀ ਦਾ ਬੋਝ ਬਹੁਤ ਹੱਦ ਤੱਕ ਘਟ ਜਾਵੇਗਾ । ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਜ਼ੋਨ ਬਣਾ ਕੇ ਜੋ ਪਲਾਂਟ ਮਸ਼ੀਨਰੀ, ਮਾਰਕੀਟਿੰਗ ਦੇਖ ਰੇਖ ਅਤੇ ਉਸਦੇ ਕੰਟਰੋਲ ਤੇ ਜੋ ਖਰਚ ਆਵੇਗਾ, ਸਰਕਾਰ ਪਾਸ ਸਹਾਇਤਾ ਦੇਣ ਲਈ ਬਹੁਤ ਅਦਾਰੇ ਹਨ ਜੋ ਕਿ ਕੇਂਦਰ ਸਰਕਾਰ ਨਾਲ ਸਬੰਧਤ ਹਨ । ਉਨ੍ਹਾਂ ਨੂੰ ਪ੍ਰਾਜੈਕਟਾਂ ਲਈ ਉਚੇਚੇ ਤੌਰ ਤੇ ਸਹਾਇਤਾ ਦੇਣ ਲਈ ਪ੍ਰੇਰਿਆ ਜਾ ਸਕਦਾ ਹੈ ਜਿਵੇਂ ਕਿ ਨੈਸ਼ਨਲ ਬੈਂਕ ਆਫ ਐਗਰੀਕਲਚਰ ਅਤੇ ਰੂਰਲ ਡਿਵੈਲਪਮੈਂਟ, ਨੈਸ਼ਨਲ ਹਾਰਟੀਕਲਚਰ ਬੋਰਡ ਜੋ ਕਿ ਫੁੱਲ ਤੇ ਬਾਗਬਾਨੀ ਨੂੰ ਉਤਸ਼ਾਹਿਤ ਕਰਦਾ ਹੈ ਤੇ ਖਾਦੀ ਅਤੇ ਪੇਂਡੂ ਉਦਯੋਗ ਕਮਿਸ਼ਨ ।

ਪੰਜਾਬ ਵਿਚ ਛੋਟੇ ਵੱਡੇ ਕਈ ਉਦਯੋਗ ਸਰਕਾਰੀ ਤੇ ਗੈਰ ਸਰਕਾਰੀ ਤੌਰ ਤੇ ਲੱਗੇ ਹੋਏ ਹਨ । ਇਨ੍ਹਾਂ ਅਦਾਰਿਆਂ ਵਿਚ ਬਹੁਤ ਕਰਮਚਾਰੀ ਬਾਹਰਲੇ ਰਾਜਾਂ ਦੇ ਵਾਸੀ ਕੰਮ

Original with;
Punjab Vidhan Sabha
Digitized by;
Panjab Digital Library

ਕਰ ਰਹੇ ਹਨ । ਉਸ ਨਾਲ ਸਾਡੇ ਰਾਜ ਦਾ ਨੌਜਵਾਨ ਬਰੋਜ਼ਗਾਰ ਰਹਿੰਦਾ ਹੈ ਤੇ ਉਹ ਕੰਮ ਦੀ ਭਾਲ ਵਿਚ ਜਾਂ ਤਾਂ ਦਰ ਦਰ ਠੋਕਰਾਂ ਖਾਂਦਾ ਰਹਿੰਦਾ ਹੈ ਜਾਂ ਬਾਹਰ ਭੇਜਣ ਵਾਲੇ ਏਜੰਟਾਂ ਦੇ ਹੱਥੋਂ ਠੱਗਿਆ ਜਾਂਦਾ ਹੈ ਜਾਂ ਨਸ਼ਿਆ ਦਾ ਆਦੀ ਹੋ ਜਾਂਦਾ ਹੈ । ਮੈਂ ਇਸ ਮਤੇ ਰਾਹੀਂ ਮੰਗ ਕਰਦਾ ਹਾਂ ਅਤੇ ਮੇਰਾ ਸੁਝਾਓ ਹੈ ਕਿ ਇਹ ਸਦਨ ਇਹ ਬਿਲ ਪਾਸ ਕਰੇ ਕਿ ਪੰਜਾਬ ਵਿਚ ਜਿੰਨੇ ਵੀ ਉਦਯੋਗਿਕ ਅਦਾਰੇ ਹਨ, ਉਨ੍ਹਾਂ ਵਿਚ 80 ਪ੍ਰਤੀਸ਼ਤ ਕਾਮੇ ਪੰਜਾਬ ਦੇ ਜੰਮਪਲ ਹੋਣੇ ਚਾਹੀਦੇ ਹਨ । ਸਰਕਾਰ ਵਰਕਰਜ਼ ਲਈ ਸਰਵਿਸ ਦੌਰਾਨ ਟ੍ਰੇਨਿੰਗ ਦਾ ਪ੍ਰਬੰਧ ਕਰੇ ਤਾਂ ਕਿ ਉਦਯੋਗ ਨੂੰ ਵੀ ਸੁਚੱਜੇ ਕਾਮੇ ਮਿਲ ਸਕਣ । ਉਦਯੋਗਿਕ ਅਤੇ ਵਪਾਰਿਕ ਸੰਸਥਾਵਾਂ ਨਾਲ ਬੈਠ ਕੇ ਟ੍ਰੇਨਿੰਗ ਦੇ ਨਵੇਂ ਢੰਗ ਤੇ ਨਵੇਂ ਕੋਰਸ ਲੱਭੇ ਜਾਣ ਅਤੇ ਖਤਮ ਹੋ ਚੁੱਕੇ ਜਾਂ ਖਤਮ ਹੋ ਰਹੇ ਟ੍ਰੇਡ ਬੰਦ ਕਰ ਦਿੱਤੇ ਜਾਣ ।

ਪੰਜਾਬ ਵਿਚ ਸਵੈ ਰੋਜ਼ਗਾਰ ਸਕੀਮਾਂ ਦਾ ਮੁਲਾਂਕਣ ਕਰਕੇ ਸਰਕਾਰ ਨੂੰ ਚਾਹੀਦਾ ਹੈ ਕਿ ਉੱਦਮੀਆਂ ਲਈ ਨਾ ਸਿਰਫ ਲੋੜੀਂਦੀ ਮਾਇਕ ਸਹਾਇਤਾ ਦਿੱਤੀ ਜਾਵੇ ਸਗੋਂ ਸਰਕਾਰ ਵੱਖ ਵੱਖ ਧੰਦਿਆਂ ਲਈ ਮੰਡੀਕਰਨ ਦਾ ਵੀ ਪ੍ਰਬੰਧ ਕਰੇ ਅਤੇ ਨੌਜਵਾਨਾਂ ਨੂੰ ਸਮੇਂ ਸਮੇਂ ਮੰਡੀ ਦੀ ਮੰਗ ਬਾਰੇ ਜਾਣਕਾਰੀ ਦੇਣ ਅਤੇ ਕੁਆਲਟੀ ਵਿਚ ਸੁਧਾਰ ਲਿਆਉਣ ਲਈ ਸਰਕਾਰ ਯੋਗ ਅਗਵਾਈ ਦੇਵੇ ਤਾਂ ਕਿ ਦੁਨੀਆਂ ਭਰ ਵਿਚ ਪੰਜਾਬ ਵਿਚ ਬਣਦੀਆਂ ਚੀਜ਼ਾਂ ਦਾ ਨਿਰਯਾਤ ਕੀਤਾ ਜਾਵੇ । ਸਰਕਾਰ ਸਵੈ-ਰੋਜ਼ਗਾਰ ਸਕੀਮਾਂ ਨੂੰ ਉਤਸ਼ਾਹਿਤ ਕਰਨ ਲਈ ਘੱਟ ਵਿਆਜ ਦਰਾਂ ਤੇ ਕਰਜ਼ੇ ਦੇਵੇ । ਪੰਜਾਬ ਸਰਕਾਰ ਬੰਦ ਹੋ ਚੁੱਕੇ ਉਦਯੋਗਾਂ ਨੂੰ ਮੁੜ ਸੁਰਜੀਤ ਕਰਨ ਲਈ ਕਾਰਗਰ ਢੰਗ ਅਪਣਾਏ । ਵੱਖ-ਵੱਖ ਜ਼ਿਲ੍ਹਿਆਂ ਦਾ ਸਰਵੇਖਣ ਕਰਕੇ ਵੱਖ-ਵੱਖ ਖੇਤਰਾਂ ਵਿਚ ਉਦਯੋਗਾਂ ਨੂੰ ਉਤਸ਼ਾਹਿਤ ਕਰੇ ਤਾਂ ਕਿ ਨੌਜਵਾਨਾਂ ਨੂੰ ਰੋਜ਼ਗਾਰ ਮਿਲ ਸਕੇ ।

ਜੇ ਅਸੀਂ ਆਈ.ਟੀ. ਦੀ ਗੱਲ ਕਰੀਏ ਤਾਂ ਅੱਜ ਦਾ ਯੁੱਗ ਕੰਪਿਊਟਰ ਅਤੇ ਇਨਫਰਮੇਸ਼ਨ ਟੈਕਨਾਲੋਜੀ ਦਾ ਯੁੱਗ ਹੈ । ਆਂਧਰਾ ਪ੍ਰਦੇਸ਼, ਹਰਿਆਣਾ, ਮਹਾਂਰਾਸ਼ਟਰਾ ਅਤੇ ਕਰਨਾਟਕਾ ਵਰਗੇ ਰਾਜ ਇਨਫਰਮੇਸ਼ਨ ਟੈਕਨਾਲੋਜੀ ਤੇ ਇਨਫਰਮੇਸ਼ਨ ਟੈਕਨਾਲੋਜੀ ਐਨੇਬਲਡ ਸਰਵਿਸਿਜ਼ ਦੇ ਆਧਾਰ ਤੇ ਉਚੀਆਂ ਪੁਲਾਂਘਾਂ ਪੁੱਟ ਚੁੱਕੇ ਹਨ । ਅਸੀਂ ਇਸ ਖਿਤੇ ਵਿਚ ਮਸ਼ਹੂਰ ਪੰਜਾਬੀ ਉੱਦਮਤਾ ਦੇ ਬਾਵਜੂਦ ਵੀ ਪਛੜ ਗਏ ਹਾਂ । ਆਂਧਰਾ ਪ੍ਰਦੇਸ਼, ਹੈਦਰਾਬਾਦ ਨੇ 3000 ਕਰੋੜ, ਕਰਨਾਟਕ ਬੰਗਲੌਰ ਨੇ 8000 ਕਰੋੜ ਅਤੇ ਹਰਿਆਣਾ ਨੇ 4000 ਕਰੋੜ ਰੁਪਏ ਕਮਾਏ ਹਨ ਜਦ ਕਿ ਪੰਜਾਬ ਨੇ ਸਿਰਫ 50 ਕਰੋੜ ਰੁਪਏ ਹੀ ਕਮਾਏ ਹਨ । ਇਨ੍ਹਾਂ ਰਾਜਾਂ ਨੇ ਇਸ ਖੇਤਰ ਵਿਚ ਤਾਂ ਹੀ ਤਰੱਕੀ ਕੀਤੀ ਹੈ ਕਿ ਇਥੋਂ ਦੀਆਂ ਸਰਕਾਰਾਂ ਨੇ ਇਨਫਰਮੇਸ਼ਨ ਟੈਕਨਾਲੋਜੀ ਕੰਪਿਊਟਰ ਅਤੇ ਐਨੇਬਲਡ ਸਰਵਿਸ ਸੌਫਟਵੇਅਰ ਖੇਤਰ ਵਿਚ ਖਾਸ ਰਿਆਇਤਾਂ ਦਿੱਤੀਆਂ ਹਨ ਅਤੇ ਉੱਦਮੀਆਂ ਨੂੰ ਉਤਸ਼ਾਹਿਤ ਕੀਤਾ ਹੈ ।

Original with;
Punjab Vidhan Sabha
Digitized by:

[ਸਰਦਾਰ ਸੁਰਜੀਤ ਸਿੰਘ ਰੱਖੜਾ]

ਇਨ੍ਹਾਂ ਆਈ.ਟੀ. ਯੂਨਿਟਾਂ ਰਾਹੀਂ ਪੰਜਾਬ ਦੇ ਉਦਯੋਗ ਨੂੰ ਬਹੁਤ ਲਾਭ ਪ੍ਰਾਪਤ ਹੋ ਸਕਦਾ ਹੈ। ਸਾਲ 2002-2003 ਵਿਚ 160 ਆਈ.ਟੀ. ਯੂਨਿਟਾਂ ਸੌਫਟਵੇਅਰ ਟੈਕਨਾਲੋਜੀ ਪਾਰਕ ਵਿਚ ਰਜਿਸਟਰ ਹੋਈਆਂ। ਆਈ.ਟੀ. ਯੂਨਿਟਾਂ ਰਾਹੀਂ ਰੋਜ਼ਗਾਰ ਦੇ ਬਹੁਤ ਵੱਡੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਇਸ ਵੇਲੇ ਸੰਸਾਰ ਦੀਆਂ 125 ਵੱਡੀਆਂ ਕੰਪਨੀਆਂ ਬਾਹਰਲੇ ਮੁਲਕਾਂ ਦੇ ਕਾਲ ਸੈਂਟਰਾਂ ਤੋਂ ਆਪਣਾ ਕੰਮ ਕਰਵਾਉਣ ਦੀਆਂ ਇੱਛੁਕ ਹਨ ਜਿਸ ਨਾਲ ਆਈ.ਟੀ. ਇੰਡਸਟਰੀ ਵਿਚ ਉਨ੍ਹਾਂ ਅਸਥਾਨਾਂ ਤੇ ਲਗਭਗ 33 ਲੱਖ ਰੋਜ਼ਗਾਰ ਦੇ ਨਵੇਂ ਮੌਕੇ ਉਪਲਬਧ ਹੋ ਸਕਦੇ ਹਨ। ਪੰਜਾਬੀ ਇਨ੍ਹਾਂ ਕੰਮਾਂ ਵਿਚ ਬਹੁਤ ਇੰਟੈਲੀਜੈਂਟ ਹਨ। ਜੇਕਰ ਅਸੀਂ ਦੂਜੇ ਮੁਲਕਾਂ ਵਿਚ ਪੰਜਾਬੀਆਂ ਦੀਆਂ ਮੱਲਾਂ ਨੂੰ ਦੇਖੀਏ ਤਾਂ ਉਨ੍ਹਾਂ ਦੁਨੀਆਂ ਭਰ ਵਿਚ ਉਚੇ ਮੁਕਾਮ ਹਾਸਲ ਕੀਤੇ ਹਨ। ਉਨ੍ਹਾਂ ਨੂੰ ਕਾਮਯਾਬੀ ਇਸ ਕਰਕੇ ਮਿਲੀ ਕਿਉਂਕਿ ਜ਼ਿੰਦਗੀ ਵਿਚ ਕੰਮ ਕਰਨ ਲਈ ਉਨ੍ਹਾਂ ਨੂੰ ਮੌਕੇ ਮਿਲੇ। ਅੱਜ ਸਾਡਾ ਇਹ ਫਰਜ਼ ਬਣਦਾ ਹੈ ਕਿ ਨੌਜਵਾਨਾਂ ਨੂੰ ਮੌਕੇ ਲੈ ਕੇ ਦਈਏ।

ਮੈਂ ਇਸ ਮਤੇ ਨੂੰ ਸਦਨ ਵਿਚ ਲੈ ਕੇ ਆਉਣ ਤੋਂ ਪਹਿਲਾਂ ਕਈ ਕੰਪਨੀਆਂ ਨਾਲ ਇਸ ਬਾਰੇ ਗੱਲਬਾਤ ਕੀਤੀ ਹੈ ਕਿਉਂਕਿ ਸਾਡੀ ਸਾਰਿਆਂ ਦੀ ਇਹ ਡਿਊਟੀ ਹੈ ਕਿ ਬੇਰੋਜ਼ਗਾਰੀ ਦੀ ਭਿਆਨਕ ਸਮੱਸਿਆ ਤੇ ਕਾਬੂ ਪਾਈਏ। ਇਸ ਕੰਮ ਵਿਚ ਜੇਕਰ ਸਰਕਾਰ ਪੂਰਾ ਸਹਿਯੋਗ ਦੇਵੇ ਤਾਂ ਮੈਂ ਉਨ੍ਹਾਂ ਕੰਪਨੀਆਂ ਨੂੰ ਪੰਜਾਬ ਵਿਚ ਲਿਆ ਕੇ ਇਕ ਸਾਲ ਵਿਚ 1000 ਨੌਜਵਾਨਾਂ ਨੂੰ ਆਈ.ਟੀ. ਐਨੇਬਲਡ ਸਰਵਿਸ ਅਤੇ ਐਕਸਪੋਰਟ ਮੁੱਖੀ ਯੂਨਿਟਾਂ ਵਿਚ ਨੌਕਰੀਆਂ ਦਿਵਾ ਸਕਦਾ ਹਾਂ ਜਿਸ ਨਾਲ ਪੰਜਾਬ ਵਿਚ ਹਰ ਸਾਲ 200 ਕਰੋੜ ਰੁਪਏ ਦੀ ਵਿਦੇਸ਼ੀ ਮੁਦਰਾ ਆ ਸਕਦੀ ਹੈ। ਜੇਕਰ ਅਸੀਂ ਸਾਰੇ ਮਿਲ ਕੇ ਇਸ ਤਰ੍ਹਾਂ ਹੰਭਲਾ ਮਾਰੀਏ ਤਾਂ ਇਕ ਲੱਖ ਬੰਦੇ ਨੂੰ ਇਕ ਸਾਲ ਵਿਚ ਹੀ ਰੋਜ਼ਗਾਰ ਦਿੱਤਾ ਜਾ ਸਕਦਾ ਹੈ। ਇਸ ਤਰ੍ਹਾਂ ਬਾਕੀ ਸੰਸਥਾਵਾਂ, ਸਰਕਾਰੀ ਅਦਾਰਿਆਂ ਵਿਚ ਵੀ ਰੋਜ਼ਗਾਰ ਮਿਲ ਸਕਦਾ ਹੈ ਅਤੇ ਅੱਧੀ ਸਮੱਸਿਆ ਤੇ ਅਸੀਂ ਕਾਬੂ ਪਾ ਸਕਦੇ ਹਾਂ। ਨਾਲ ਹੀ ਘੱਟੋ ਘੱਟ 5000 ਕਰੋੜ ਰੁਪਏ ਦੀ ਸਲਾਨਾ ਆਮਦਨ ਵੀ ਕੀਤੀ ਜਾ ਸਕਦੀ ਹੈ ਜਿਸ ਨਾਲ ਪੰਜਾਬ ਦੀ ਕਾਇਆ ਕਲਪ ਹੋ ਸਕਦੀ ਹੈ ਕਿਉਂਕਿ ਇਸ ਪੈਸੇ ਨਾਲ ਇੰਨੇ ਹੀ ਹੋਰ ਲੋਕਾਂ ਨੂੰ, ਨੌਜਵਾਨਾਂ ਨੂੰ ਰੋਜ਼ਗਾਰ ਮਿਲ ਸਕਦਾ ਹੈ।

ਇਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਪੰਜਾਬੀ ਐਨ.ਆਰ.ਆਈਜ਼ ਨੂੰ ਵੱਧ ਤੋਂ ਵੱਧ ਮਾਣ ਸਤਿਕਾਰ ਦੇਈਏ ਨਾ ਕਿ ਉਨ੍ਹਾਂ ਨੂੰ ਇਥੇ ਆ ਕੇ ਖੱਜਲ ਖੁਆਰ ਹੋਣਾ ਪਵੇ। ਪਿਛਲੀ ਸਰਕਾਰ ਨੇ ਇੱਕ ਸੀ.ਡੀ. 235 ਸਕੀਮ ਤਹਿਤ ਪ੍ਰਵਾਸੀਆਂ ਨੂੰ ਪੰਜਾਹ ਪ੍ਰਤੀਸ਼ਤ ਰਕਮ ਇਸ ਸਕੀਮ ਵਿਚ ਪਾਉਣ ਲਈ ਤਿਆਰ ਕੀਤਾ ਸੀ। ਇਸ ਸਕੀਮ ਦੇ ਤਹਿਤ ਹਸਪਤਾਲ, ਸਕੂਲ, ਸੜਕਾਂ, ਪੀਣ ਵਾਲੇ ਪਾਣੀ, ਕਮਿਊਨਿਟੀ ਸੈਂਟਰਜ਼ ਅਤੇ ਸੀਨੀਅਰ ਸਿਟੀਜ਼ਨਾਂ ਲਈ ਬਿਲਡਿੰਗਾਂ, ਧਰਮਸ਼ਾਲਾਂ, ਗਰੀਬ ਵਰਗ ਦੇ ਲੋਕਾਂ ਲਈ ਲੈਟਰਿਨਜ਼ ਬਣਾਈਆਂ ਗਈਆਂ। ਪਰ ਅੱਜ ਸਾਡੇ ਅਫਸਰ ਸਾਹਿਬਾਨ ਇਸ ਸਕੀਮ ਵਿਚ ਅੜਿਕੇ ਖੜ੍ਹੇ ਕਰ ਰਹੇ ਹਨ। ਜੇਕਰ ਅਸੀਂ ਇਸ ਸਕੀਮ ਨੂੰ ਪੂਰੀ ਸੁਹਿਰਦਤਾ ਨਾਲ ਲਾਗੂ ਕਰੀਏ ਤਾਂ ਵਿਦੇਸ਼ਾਂ ਵਿਚ ਵਸੇ ਸਾਡੇ ਪ੍ਰਵਾਸੀਆਂ ਪਾਸੋਂ ਕਰੋੜਾਂ ਰੁਪਏ ਲਏ ਜਾ ਸਕਦੇ

Original with;
Punjab Vidhan Sabha
Digitized by;
Panjab Digital Library

ਹਨ । ਇਸ ਨਾਲ ਜਿਥੇ ਪੰਜਾਬ ਦਾ ਵਿਕਾਸ ਹੋਵੇਗਾ, ਉਥੇ ਲੋਕਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਰੋਜ਼ਗਾਰ ਵੀ ਮਿਲੇਗਾ । ਭਾਰਤ ਵਿਚ ਪਿਛਲੇ ਸਾਲ 2001-2002 ਦ ਮੁਕਾਬਲੇ 2002-2003 ਵਿਚ ਆਈ.ਟੀ. ਸਰਵਿਸਿਜ਼ ਦੀ ਐਕਸਪੋਰਟ 36 ਹਜ਼ਾਰ 500 ਕਰੋੜ ਤੋਂ ਵਧ ਕੇ 47 ਹਜ਼ਾਰ 500 ਕਰੋੜ ਰੁਪਏ ਹੋਣ ਦੀ ਆਸ ਹੈ । ਮੁਹਾਲੀ ਵਿਖੇ ਕੋਈ 160 ਆਈ.ਟੀ. ਕੰਪਨੀਆਂ ਨੇ ਆਪਣੇ ਨਾਂ ਰਜਿਸਟਰ ਕਰਵਾਏ ਜਿਨ੍ਹਾਂ ਵਿਚ ਕੁਝ ਮਸ਼ਹੂਰ ਅਤੇ ਉਚ ਪੱਧਰ ਦੀਆਂ ਕੰਪਨੀਆਂ ਹਨ :-

1) ਕੋਆਰਕ ਮੀਡੀਆ ਹਾਊਸ

2) ਇਨਫੋਸਿਸ ਟੈਕਨਾਲੋਜੀਜ

3) ਸੈਮੀ ਕੰਡਕਟਰ ਕੰਪਲੈਕਸ ਲਿਮਟਿਡ

4) ਟਾਟਾ ਇੰਟਰਾ ਐਕਟਿਵ

5) ਟਾਟਾ ਕੰਨਸਲਟੇਨਸੀ ਸਰਵਿਸਿਜ਼

6) ਸਿਗਮਾ ਇੰਟਰਐਕਟਿਵ

7) ਅਮਰੀਕਨ ਸੋਫਟਵੇਅਰ ਗਲੋਬਲ ਟੈਕਨਾਲੋਜੀਜ਼

8) ਐਸ.ਐਫ.ਸੀ.ਐਲ.

9) ਰਿਲਾਇੰਸ ਇਨਫੋਟੈਕ

10) ਮੈਕਸ ਇੰਡੀਆ

11) ਆਈ.ਡੀ.ਐਸ. ਇਨਫੋਟੈਕ

ਕੁਝ ਕੰਪਨੀਆਂ ਨੇ ਇਸ ਤਰ੍ਹਾਂ ਐਸਟੀਮੇਟਿਡ ਇਨਵੈਸਟਮੈਂਟ ਕਰਨੀ ਸੀ :-

| | |
|---|---|
| ਵੀ.ਡੀ. ਕੰਲ | 1600 ਮਿਲੀਅਨ |
| ਜੀ.ਟੀ. ਕੈਪੀਟਲ | 1000 ਮਿਲੀਅਨ |
| ਐਫ.ਸੀ.ਐਲ. ਪੀਰੋ | 500 ਮਿਲੀਅਨ |
| ਟੀ.ਸੀ.ਐਸ. | 1000 ਮਿਲੀਅਨ |
| ਵਿਪਰੋ | 100 ਮਿਲੀਅਨ |

Original with;
Punjab Vidhan Sabha
Digitized by;

[ਸਰਦਾਰ ਸੁਰਜੀਤ ਸਿੰਘ ਰੱਖੜਾ]

| | |
|---|---|
| ਹੀਰੋ ਮਿੰਡਮਾਈਨ | 100 ਮਿਲੀਅਨ |
| ਸੀ.ਐਮ.ਈ.ਐਸ.ਆਈ.ਟੀ. | 200 ਮਿਲੀਅਨ |
| ਟੋਟਲ | 5000 ਮਿਲੀਅਨ |

ਮੈਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਕੰਪਨੀਆਂ ਨੇ ਇਸ ਬਾਰੇ ਕੀ ਕੀਤਾ ਹੈ ? ਇਨ੍ਹਾਂ ਵਿਚੋਂ ਕਿਹੜੀਆਂ ਕੰਪਨੀਆਂ ਹਨ, ਜਿਨ੍ਹਾਂ ਪੈਸਾ ਲਾ ਕੇ ਮੁਹਾਲੀ ਵਿਖੇ ਆਪਣੀਆਂ ਫੈਕਟਰੀਆਂ ਸੈਟ-ਅਪ ਕੀਤੀਆਂ ਹਨ ? ਕੀ ਇਸ 5000 ਮਿਲੀਅਨ ਦੇ ਐਸਟੀਮੇਟਿਡ ਯੋਗਦਾਨ ਵਿਚ ਕੋਈ ਕੰਪਨੀ ਸ਼ੁਰੂਆਤ ਲਈ ਅੱਗੇ ਆਈ ਹੈ ਜਾਂ ਨਹੀਂ ?

ਇਸ ਲਈ ਮੇਰਾ ਸੁਝਾਓ ਹੈ ਕਿ ਪੰਜਾਬ ਸਰਕਾਰ ਨੂੰ ਇਸ ਆਈ.ਟੀ. ਇੰਡਸਟਰੀ ਨੂੰ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ ਤਾਂ ਕਿ ਅਸੀਂ ਆਪਣੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਦੇ ਸਕੀਏ । ਇਹ ਤਾਂ ਹੀ ਹੋ ਸਕਦਾ ਹੈ ਜੇਕਰ ਹੁਣ ਦਿੱਤੀਆਂ ਜਾ ਰਹੀਆਂ ਸਹੂਲਤਾਂ ਵਿਚ ਹੋਰ ਵਾਧਾ ਅਤੇ ਸੁਧਾਰ ਕੀਤਾ ਜਾਵੇ ਅਤੇ ਵਿਸ਼ੇਸ਼ ਤੌਰ ਤੇ ਇਹ ਸਹੂਲਤਾਂ ਦਿੱਤੀਆਂ ਜਾਣ ।

1) 16 ਆਈ.ਪੀ.ਐਲ.ਸੀ. (ਲੀਜ਼ ਸਰਕਟ ਜਿਹੜਾ ਕਿ ਬੀ.ਐਸ.ਐਨ.ਐਲ. ਦੁਆਰਾ ਦਿੱਤਾ ਜਾਂਦਾ ਹੈ) ਦਾ ਸਾਲਾਨਾ ਕਿਰਾਇਆ ਪੰਜਾਬ ਵਿਚ 3 ਕਰੋੜ 32 ਲੱਖ ਬਣਦਾ ਹੈ ਜਦੋਂ ਕਿ ਉਹੀ ਕਿਰਾਇਆ ਮਹਾਂਰਾਸ਼ਟਰ ਵਿਚ 1 ਕਰੋੜ 88 ਲੱਖ ਹੈ । ਸਾਡੀ ਸਰਕਾਰ ਨੂੰ ਅਜਿਹੇ ਖਰਚੇ ਕੰਪਨਸੇਟ ਕਰਨੇ ਚਾਹੀਦੇ ਹਨ ਤਾਂ ਕਿ ਇੰਡਸਟਰੀ ਪੰਜਾਬ ਵਿਚ ਉਤਸ਼ਾਹਿਤ ਹੋ ਸਕੇ ।

2) ਪੰਜਾਬ ਸਰਕਾਰ ਨੂੰ ਆਈ.ਟੀ. ਸੈਕਟਰ ਲਈ ਬਿਲਡਿੰਗ ਬਣਾਉਣ ਵਾਸਤੇ ਬਹੁਤ ਹੀ ਘੱਟ ਤੋਂ ਘੱਟ ਕੀਮਤ ਤੇ ਜ਼ਮੀਨ ਅਲਾਟ ਕਰਨੀ ਚਾਹੀਦੀ ਹੈ ।

3) ਬਿਲਡਿੰਗ ਉਸਾਰਨ ਦੇ ਕਾਨੂੰਨ ਨੂੰ ਵੀ ਸੌਖਾ ਕਰ ਦੇਣਾ ਚਾਹੀਦਾ ਹੈ ।

4) ਸੇਲ ਟੈਕਸ ਵਿਚ ਛੋਟ ਦੇਣੀ ਚਾਹੀਦੀ ਹੈ ।

5) ਲੇਬਰ ਲਾਅ ਵਿਚ ਲੋੜੀਂਦੀਆਂ ਸੋਧਾਂ ਛੇਤੀ ਤੋਂ ਛੇਤੀ ਕਰ ਦਿੱਤੀਆਂ ਜਾਣ ।

6) ਅੰਤਰਰਾਸ਼ਟਰੀ ਪੱਧਰ ਦਾ ਪੰਜਾਬ ਵਿਚ ਹਵਾਈ ਅੱਡਾ ਤੁਰੰਤ ਹੋਂਦ ਵਿਚ ਵਿਚ ਆਉਣਾ ਚਾਹੀਦਾ ਹੈ । ਭਾਵੇਂ ਅੰਮ੍ਰਿਤਸਰ ਹਵਾਈ ਅੱਡੇ ਨੂੰ ਇਸ ਦਾ ਦਰਜਾ ਪ੍ਰਾਪਤ ਹੋ ਗਿਆ ਹੈ ਪ੍ਰੰਤੂ ਲੋੜੀਂਦੀਆਂ ਸਹੂਲਤਾਂ ਪ੍ਰਾਪਤ ਨਹੀਂ ਹੋਈਆਂ ਜਿਸ ਦੀ ਆਈ.ਟੀ. ਇੰਡਸਟਰੀ ਨੂੰ ਠੇਸ ਪਹੁੰਚ ਰਹੀ ਹੈ ।

7) ਬਿਨਾਂ ਰੁਕਾਵਟ ਬਿਜਲੀ ਸਪਲਾਈ ਦੀ ਸਹੂਲਤ ਹੋਣੀ ਚਾਹੀਦੀ ਹੈ ।

Original with;
Punjab Vidhan Sabha
Digitized by;

8) ਬਹੁਤ ਸਾਰੇ ਮਹਿਕਮਿਆਂ ਤੋਂ ਆਈ.ਟੀ. ਇੰਡਸਟਰੀ ਲਾਉਣ ਲਈ ਲੋੜੀਂਦੀਆਂ ਪ੍ਰਵਾਨਗੀਆਂ ਨੂੰ ਖਤਮ ਕਰ ਦੇਣਾ ਚਾਹੀਦਾ ਹੈ ।

ਇਸ ਵੇਲੇ ਆਈ.ਟੀ. ਐਨੇਬਲਡ ਸਰਵਿਸਜ਼ ਹੀ ਮੌਕੇ ਦੀ ਜ਼ਰੂਰਤ ਹੈ ਅਤੇ ਇਸ ਨੂੰ ਅੱਗੇ ਵਧਾਉਣ ਲਈ ਪੰਜਾਬ ਨੂੰ ਬਹੁਤ ਕੁਝ ਕਰਨ ਦੀ ਲੋੜ ਹੈ । ਕਿਉਂਕਿ ਸਾਡੇ ਪੰਜਾਬ ਵਿਚ ਇਕ ਵਿੰਡੋ ਸਿਸਟਮ ਨਹੀਂ ਜਿਥੇ ਕਿਸੇ ਆਈ.ਟੀ. ਸੈਟ ਅੱਪ ਲਈ ਮਲਟੀ ਮਿਲੀਅਨ ਕੰਪਨੀ ਸਾਰੀਆਂ ਫਾਰਮੇਲਟੀਆਂ ਇਕ ਥਾਂ ਤੇ ਕਰਵਾ ਸਕੇ । ਭਾਵੇਂ ਇਸ ਬਾਰੇ ਗੱਲ ਹੋ ਰਹੀ ਹੈ ਜਾਂ ਇਸ ਬਾਰੇ ਭਰੋਸਾ ਦਿੱਤਾ ਗਿਆ ਹੈ ਪਰ ਪਰੈਕਟੀਕਲ ਤੌਰ ਤੇ ਇਸ ਬਾਰੇ ਕੋਈ ਠੋਸ ਪਾਲਿਸੀ ਹੋਂਦ ਵਿਚ ਨਹੀਂ ਆਈ ਜਿਸ ਕਾਰਨ ਕੰਪਨੀਆਂ ਪੰਜਾਬ ਵਿਚ ਆਉਣ ਤੋਂ ਗੁਰੇਜ਼ ਕਰ ਰਹੀਆਂ ਹਨ । ਪਰ ਮੇਰਾ ਯਕੀਨ ਹੈ ਕਿ ਆਈ.ਟੀ. ਐਨੇਬਲਡ ਸਰਵਿਸ ਰਾਹੀਂ ਰੋਜ਼ਗਾਰ ਦੇ ਲੱਖਾਂ ਸਾਧਨ ਪ੍ਰਾਪਤ ਕੀਤੇ ਜਾ ਸਕਦੇ ਹਨ । ਇਕੱਲੇ ਯੂ.ਐਸ. ਤੋਂ 1.2 ਟਰਿਲੀਅਨ 2006 ਤੱਕ ਰੈਵੇਨਿਊ ਕਮਾਇਆ ਜਾ ਸਕਦਾ ਹੈ । 11 ਪ੍ਰਤੀਸ਼ਤ ਸਾਲਾਨਾ ਵਾਧੇ ਨਾਲ ਆਈ.ਟੀ. ਅਤੇ ਬੀ.ਪੀ.ਓ. (ਬੈਂਕ ਪ੍ਰੋਸੈਸਿੰਗ ਆਫਿਸ) ਸਭ ਤੋਂ ਵੱਧ ਅਕਰਸ਼ਕ ਵਿਉਪਾਰ ਹੋਵੇਗਾ । ਪੰਜਾਬ ਇਕ ਅਜਿਹਾ ਸੂਬਾ ਹੈ ਜਿਥੋਂ ਦੇ ਬਹੁਤ ਸਾਰੇ ਲੋਕ ਅੰਗਰੇਜ਼ੀ ਬੋਲ ਲੈਂਦੇ ਹਨ । ਚਾਈਨਾ ਦੀ ਗੱਲ ਲੈ ਲਵੋ, ਉਥੋਂ ਦੇ ਲੋਕਾਂ ਵਿਚ ਅੰਗਰੇਜ਼ੀ ਬੋਲਣ ਦੀ ਬੜੀ ਪ੍ਰਾਬਲਮ ਹੈ । ਆਸਟਰੇਲੀਆ ਦੇ ਇਕੱਲੇ ਸਿਡਨੀ ਸ਼ਹਿਰ ਵਿਚ ਹੀ ਘੱਟੋ ਘੱਟ 50 ਹਜ਼ਾਰ ਚੀਨੀ ਅੰਗਰੇਜ਼ੀ ਸਿੱਖਣ ਲਈ ਜਾਂਦੇ ਹਨ ਤਾਂ ਕਿ ਉਹ ਆਈ.ਟੀ. ਇੰਡਸਟਰੀ ਵਿਚ ਕੰਮ ਕਰ ਸਕਣ । ਇਸ ਦੇ ਨਾਲ ਹੀ ਅਮਰੀਕਾ ਸਰਕਾਰ ਨੇ 15 ਬਿਲੀਅਨ ਡਾਲਰ, 75,000 ਕਰੋੜ ਰੁਪਇਆ ਏਡਜ਼ ਦੀ ਬਿਮਾਰੀ ਦੀ ਰੋਕਥਾਮ ਲਈ ਰੱਖਿਆ ਹੈ । ਜੇਕਰ ਸਾਡੀ ਸਰਕਾਰ ਕੇਂਦਰ ਦੀ ਸਰਕਾਰ ਤੇ ਫੋਰਸ ਕਰੇ ਤਾਂ ਪੰਜਾਬ ਲਈ 200 ਮਿਲੀਅਨ ਡਾਲਰ ਇਸ ਰੀਜ਼ਰਵ ਭੰਡਾਰ ਵਿੱਚੋਂ ਲਿਆਂਦਾ ਜਾ ਸਕਦਾ ਹੈ । ਇਹ ਪੈਸਾ ਟੌਮੀ ਥਾਮਸਨ ਨੇ ਦੇਣਾ ਹੈ ਜੋ ਕਿ ਹੈਲਥ ਸੈਕਟਰੀ ਹਨ । ਇਹ ਪੈਸਾ ਏਡਜ਼ ਦੀ ਖੋਜ ਤੇ ਖਰਚ ਕੀਤਾ ਜਾਣਾ ਹੈ ਜਿਸ ਨਾਲ ਹੋਰ ਰੋਜ਼ਗਾਰ ਦੇ ਮੌਕੇ ਮੁਹੱਈਆ ਹੋ ਸਕਦੇ ਹਨ । ਅਮਰੀਕਾ ਦੀ ਸਟੇਟ ਨੂੰ ਇੱਕ ਲੱਖ ਤੋਂ ਵੱਧ ਨਰਸਾਂ ਦੀ ਲੋੜ ਹੈ ਅਤੇ ਸਾਡੇ ਉੜੀਸਾ ਵਿੱਚੋਂ ਕਈ ਹਜ਼ਾਰ ਨਰਸਾਂ ਅਮਰੀਕਾ ਵਿੱਚ ਗਈਆਂ ਹਨ । ਸਾਡੇ ਪੰਜਾਬ ਦੇ ਵਿੱਚ ਨਰਸਾਂ ਦੀ ਟ੍ਰੇਨਿੰਗ ਦੇ ਲਈ ਸਕੂਲ ਖੋਲ੍ਹਣ ਦੇ ਲਈ ਅਤੇ ਤਕਨੀਸ਼ੀਅਨਾਂ ਨੂੰ ਲੋੜੀਂਦੀ ਟ੍ਰੇਨਿੰਗ ਦੇਣ ਲਈ ਸਕੂਲ ਖੋਲ੍ਹਣ ਦੀ ਲੋੜ ਹੈ ਅਤੇ ਜੇ ਪੰਜਾਬ ਸਰਕਾਰ ਫੋਰਸ ਕਰੇ ਤਾਂ ਇਸ ਦੀ ਮਨਜ਼ੂਰੀ ਵੀ ਅਮਰੀਕਾ ਦੇ ਸਿਹਤ ਅਤੇ ਹਿਊਮੈਨ ਰੀਸੋਰਸਿਜ਼ ਸੈਕਟਰੀ ਟੌਮੀ ਥਾਮਸਨ ਤੋਂ ਲਿਆਂਦੀ ਜਾ ਸਕਦੀ ਹੈ ਕਿਉਂਕਿ ਉਨ੍ਹਾਂ ਦੇ ਨਾਲ ਮੇਰੇ ਵੀ ਥੋੜ੍ਹੇ ਬਹੁਤ ਰਿਲੇਸ਼ਨਜ਼ ਹਨ । ਮੈਂ ਤਾਂ ਪੰਜਾਬ ਸਰਕਾਰ ਨੂੰ ਇਹੀ ਕਹਾਂਗਾ ਕਿ ਜੇ ਆਪਾਂ ਸਾਰੇ ਰਲ ਕੇ ਇਸ ਪਾਸੇ ਹਿੱਸਾ ਪਾਈਏ ਤਾਂ ਪੰਜਾਬ ਇਕ ਇਹੋ ਜਿਹਾ ਸੂਬਾ ਹੈ ਪੰਜਾਬ ਦੇ ਲੋਕ ਏਨੇ ਹਿੰਮਤੀ ਅਤੇ ਮਿਹਨਤੀ ਹਨ ਕਿ ਇਹ ਸਾਰੀ ਬੇਰੋਜ਼ਗਾਰੀ ਨੂੰ ਖਤਮ ਕਰ ਸਕਦੇ ਹਨ ।

Original with;
Punjab Vidhan Sabha
Digitized by;

[ਸਰਦਾਰ ਸੁਰਜੀਤ ਸਿੰਘ ਰੱਖੜਾ]

ਏਨਾ ਕਹਿੰਦਾ ਹੋਇਆ, ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਬਹੁਤ ਧੰਨਵਾਦੀ ਹਾਂ ।

**ਸਰਦਾਰ ਤੋਤਾ ਸਿੰਘ (ਮੋਗਾ)** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਸ ਮਤੇ ਤੇ ਬੋਲਣ ਦੀ ਆਗਿਆ ਦਿੱਤੀ ਹੈ ਔਰ ਮੈਂ ਤੁਹਾਡੇ ਰਾਹੀਂ, ਇਸ ਸਦਨ ਰਾਹੀਂ ਪੰਜਾਬ ਸਰਕਾਰ ਨੂੰ ਸਿਫਾਰਸ਼ ਕਰਨਾ ਚਾਹੁੰਦਾ ਹਾਂ ਕਿ ਸਾਰਾ ਸਦਨ ਪੰਜਾਬ ਸਰਕਾਰ ਨੂੰ ਸਿਫਾਰਸ਼ ਕਰੇ ਕਿ ਬੇਰੋਜ਼ਗਾਰੀ ਦੇ ਮਸਲੇ ਨੂੰ ਹੱਲ ਕਰਨ ਲਈ ਆਪਾਂ ਸਾਰੇ ਰਲ ਮਿਲ ਕੇ ਪਾਰਟੀ ਹਿਤਾਂ ਤੋਂ ਉਪਰ ਉਠ ਕੇ ਸਮੁੱਚੇ ਤੌਰ ਤੇ ਇਸ ਨੂੰ ਖਤਮ ਕਰਨ ਦਾ ਯਤਨ ਕਰੀਏ । ਇਸ ਦੇ ਕੁਝ ਕਾਰਨ ਹਨ ਜਿਸ ਕਰਕੇ ਪੰਜਾਬ ਦੇ ਵਿੱਚ ਬੇਰੋਜ਼ਗਾਰੀ ਦਿਨੋ ਦਿਨ ਵਧ ਰਹੀ ਹੈ । ਇਸ ਦਾ ਇਕ ਵੱਡਾ ਕਾਰਨ ਇਹ ਹੈ ਕਿ ਬੜੇ ਦੁੱਖ ਦੀ ਗੱਲ ਹੈ ਕਿ ਸਾਡੀ ਸਟੇਟ ਇਕ ਐਸੀ ਥਾਂ ਤੇ ਸੰਥਿਤ ਹੈ ਜਿਸ ਥਾਂ ਤੇ ਕੁਦਰਤੀ ਸਾਧਨ ਬਹੁਤੇ ਨਹੀਂ ਹਨ । ਜਿਵੇਂ ਕੁਝ ਥਾਵਾਂ ਤੇ ਇਸ ਹਿੰਦੁਸਤਾਨ ਦੇ ਵਿੱਚ ਕਿਤੇ ਕੋਲਾ ਨਿਕਲਦਾ ਹੈ ਉਥੇ ਰੋਜ਼ਗਾਰ ਦੇ ਵੀ ਬਹੁਤ ਮੌਕੇ ਮਿਲਦੇ ਹਨ । ਕੁਝ ਥਾਵਾਂ ਤੇ ਤੇਲ ਨਿਕਲਦਾ ਹੈ ਔਰ ਕੁਝ ਥਾਵਾਂ ਤੇ ਲੋਹਾ ਨਿਕਲਦਾ ਹੈ । ਕਈ ਥਾਵਾਂ ਤੇ ਬੰਦਰਗਾਹਾਂ ਹਨ । ਪਰ ਸਾਡੀ ਬਦਕਿਸਮਤੀ ਇਹ ਹੈ ਕਿ ਇਥੇ ਨਾ ਕੋਈ ਬੰਦਰਗਾਹ ਹੈ ਅਤੇ ਨਾ ਹੀ ਏਥੇ ਕੋਲਾ ਜਾਂ ਲੋਹਾ ਨਿਕਲਦਾ ਹੈ ਜਿਸ ਕਾਰਨ ਏਥੇ ਰੋਜ਼ਗਾਰ ਦੇ ਸਾਧਨ ਬਹੁਤੇ ਪੈਦਾ ਨਹੀਂ ਕੀਤੇ ਜਾ ਸਕਦੇ । ਸਾਡਾ ਸੂਬਾ ਖੇਤੀਬਾੜੀ ਪ੍ਰਧਾਨ ਸੂਬਾ ਹੈ ਅਤੇ ਖੇਤੀਬਾੜੀ ਤੋਂ ਬਹੁਤੇ ਰੋਜ਼ਗਾਰ ਦੇ ਮੌਕੇ ਪੈਦਾ ਨਹੀਂ ਕੀਤੇ ਜਾ ਸਕਦੇ । ਸਿਰਫ ਐਗਰੋ ਇੰਡਸਟਰੀ ਰਾਹੀਂ ਅਜਿਹੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ । ਮਾਨਯੋਗ ਸਪੀਕਰ ਸਾਹਿਬ, ਜਿਹੜਾ ਸਰਵਿਸਿਜ਼ ਦਾ ਮਸਲਾ ਹੈ ਇਸ ਵਿੱਚ ਬਹੁਤ ਸੀਮਤ ਮੌਕੇ ਹਨ । ਭਾਵੇਂ ਸਾਰੀਆਂ ਰਾਜਸੀ ਪਾਰਟੀਆਂ ਚੋਣਾਂ ਸਮੇਂ ਆਪਣੇ ਚੋਣ ਮੈਨੀਫੈਸਟੋ ਵਿੱਚ ਲੋਕਾਂ ਨੂੰ ਗੁੰਮਰਾਹ ਕਰਦੀਆਂ ਹਨ ਅਤੇ ਕਹਿੰਦੀਆਂ ਹਨ ਕਿ ਜਦੋਂ ਸਾਡੀ ਸਰਕਾਰ ਆਈ ਤਾਂ ਅਸੀਂ ਲੋਕਾਂ ਨੂੰ ਸਰਵਿਸਿਜ਼ ਦੇਵਾਂਗੇ । ਪਰ ਇਸ ਵਾਸਤੇ ਮੈਂ ਏਥੇ ਇਹ ਕਹਿਣਾ ਚਾਹੁੰਦਾ ਹਾਂ ਕਿ ਹੁਣ ਸਰਵਿਸਿਜ਼ ਵਿੱਚ ਮੌਕੇ ਬਹੁਤੇ ਨਹੀਂ ਰਹਿ ਗਏ ਹਨ । ਇਹ ਗੱਲ ਸਾਰੀਆਂ ਪੁਲੀਟੀਕਲ ਪਾਰਟੀਆਂ ਨੂੰ ਮੰਨ ਲੈਣੀ ਚਾਹੀਦੀ ਹੈ । ਇਸ ਲਈ ਇਸ ਵਾਸਤੇ ਕੋਈ ਬਦਲਵੇਂ ਪ੍ਰਬੰਧ ਕਰਨੇ ਚਾਹੀਦੇ ਹਨ । ਪਿਛਲੀ ਵਾਰੀ ਸਾਡੀ ਸਰਕਾਰ ਨੇ ਇਸ ਪਾਸੇ ਕਾਫੀ ਅੱਛਾ ਉਦਮ ਕੀਤਾ ਸੀ ਪਰ ਸਾਡੇ ਬੱਚੇ ਚਾਹੇ ਡਿਪਲੋਮਾ ਕਰਨ ਜਾਂ ਇੰਜੀਨੀਅਰਿੰਗ ਕਰਨ, ਉਨ੍ਹਾਂ ਨੂੰ ਬਾਹਰਲੇ ਸੂਬਿਆਂ ਵਿੱਚ ਜਾਣਾ ਪੈਂਦਾ ਸੀ । ਇਸ ਤਰ੍ਹਾਂ ਪੜ੍ਹਾਈ ਕਰਨ ਲਈ ਦੂਸਰੇ ਸੂਬਿਆਂ ਵਿੱਚ ਜਾਣਾ ਪੈਂਦਾ ਸੀ ਜਿਸ ਕਾਰਨ ਉਥੇ ਰਹਿਣ ਸਹਿਣ ਅਤੇ ਆਉਣ ਜਾਣ ਤੇ ਵੀ ਕਾਫੀ ਖਰਚਾ ਆਉਂਦਾ ਸੀ ਅਤੇ ਪੇਰੈਂਟਸ ਨੂੰ ਏਨਾ ਖਰਚਾ ਕਰਕੇ ਵੀ ਲਗਾਤਾਰ ਫਿਕਰ ਲੱਗਾ ਰਹਿੰਦਾ ਸੀ ਕਿਉਂਕਿ ਸਾਊਥ ਵਿੱਚ ਜਾ ਕੇ ਬੱਚਿਆਂ ਨੂੰ ਡਿਪਲੋਮਾ ਕਰਨਾ ਪੈਂਦਾ ਸੀ । ਇਸ ਲਈ ਸਾਡੀ ਸਰਕਾਰ ਨੇ ਪਿਛਲੀ ਵਾਰੀ ਉਦਮ ਕੀਤਾ, ਜਿਵੇਂ ਏਥੇ ਮੇਰੇ ਤੋਂ ਪਹਿਲਾਂ ਬੋਲਦੇ ਹੋਏ ਸਰਦਾਰ ਰੱਖੜਾ ਜੀ ਨੇ ਅੰਕੜੇ ਦੱਸ ਕੇ ਕਿਹਾ ਹੈ, ਹੁਣ ਮੈਂ ਦੁਬਾਰਾ ਉਹ ਅੰਕੜੇ ਤਾਂ ਨਹੀ ਦੇਵਾਂਗਾ ਪਰ ਮੈਂ

Original with;
Punjab Vidhan Sabha
Digitized by;
Panjab Digital Library

ਇਹ ਜ਼ਰੂਰ ਕਹਾਂਗਾ ਕਿ ਸਾਡੀ ਸਰਕਾਰ ਨੇ ਆਪਣੇ ਵੇਲੇ ਬੱਚਿਆਂ ਦੀ ਪੜ੍ਹਾਈ ਵਾਸਤੇ ਡਿਪਲੋਮਾ ਅਤੇ ਇੰਜੀਨੀਰਿੰਗ ਕਰਨ ਵਾਸਤੇ ਬਹੁਤ ਸੀਟਾਂ ਰੱਖੀਆਂ ।

ਦੂਸਰਾ ਪੱਖ ਆਈ.ਟੀ.ਆਈਜ਼ ਰਾਹੀਂ ਰੋਜ਼ਗਾਰ ਦੇਣਾ ਹੈ । ਇਸ ਰਾਹੀਂ ਬਹੁਤ ਬੱਚੇ ਰੋਜ਼ਗਾਰ ਵਾਸਤੇ ਫਿਟ ਹੋ ਸਕਦੇ ਹਨ । ਸਾਡੇ ਬੱਚੇ ਹਾਇਰ ਐਜੂਕੇਸ਼ਨ ਵਾਲੇ ਪਾਸੇ ਘੱਟ ਜਾਂਦੇ ਹਨ । ਬਹੁਤ ਗਿਣਤੀ ਵਿੱਚ ਪਿੰਡਾਂ ਦੇ ਬੱਚੇ ਹਨ ਜਿਹੜੇ ਕਿ ਮੈਟ੍ਰਿਕ ਜਾਂ ਪਲੱਸ ਟੂ ਤੱਕ ਹੀ ਪੜ੍ਹਾਈ ਕਰਦੇ ਹਨ । ਇਸ ਤੋਂ ਮਗਰੋਂ ਉਨ੍ਹਾਂ ਪਾਸ ਉਚੀ ਵਿਦਿਆ ਪ੍ਰਾਪਤ ਕਰਨ ਲਈ ਬਹੁਤ ਘੱਟ ਸਾਧਨ ਹਨ ਇਸ ਲਈ ਉਨ੍ਹਾਂ ਬੱਚਿਆਂ ਦੀ ਹਾਲਤ ਅੱਜ ਅਜਿਹੀ ਹੈ ਕਿ ਮੈਟ੍ਰਿਕ ਜਾਂ ਪਲੱਸ ਟੂ ਕਰਨ ਤੋਂ ਬਾਅਦ ਉਹ ਕੋਈ ਸਰੀਰਕ ਕੰਮ ਜਿਵੇਂ ਦਿਹਾੜੀ ਦਾ ਕੰਮ ਕਰਨ ਲਈ ਤਿਆਰ ਨਹੀਂ ਹਨ ਅਤੇ ਜਿਹੜੇ ਸੌਖੇ ਕਿਸਾਨ ਹਨ ਉਨ੍ਹਾਂ ਦੇ ਬੱਚੇ ਕਿਸੇ ਸ਼ਰੀਕ ਦੇ ਟਰੈਕਟਰ ਤੇ ਡਰਾਈਵਰ ਲਗਣਾ ਨਹੀਂ ਚਾਹੁੰਦੇ । ਉਹ ਬਾਹਰ ਜਾ ਕੇ ਤਾਂ ਭਾਵੇਂ ਡਰਾਈਵਰੀ ਦੇ ਕੰਮ ਕਰ ਲਵੇ ਪ੍ਰੰਤੂ ਆਪਣੇ ਪਿੰਡ ਵਿਚ ਉਹ ਟਰੈਕਟਰ ਡਰਾਈਵਰੀ ਕਰਨ ਨੂੰ ਸ਼ਰਮ ਮੰਨਦਾ ਹੈ । ਉਹ ਸਮਝਦਾ ਹੈ ਕਿ ਉਹ ਮੈਟ੍ਰਿਕ ਪਾਸ ਕਰ ਗਿਆ ਹੈ ਜਾਂ ਪਲੱਸ ਟੂ ਪਾਸ ਕਰ ਗਿਆ ਹੈ ਉਹ ਡਰਾਈਵਰੀ ਕਿਉਂ ਕਰੇ । ਉਸ ਨੂੰ ਆਈ.ਟੀ.ਆਈ. ਦੀ ਟ੍ਰੇਨਿੰਗ ਦਿੱਤੀ ਜਾਵੇ ਜਿਸ ਦੀ ਅੱਜ ਬੜੀ ਲੋੜ ਹੈ । ਅੱਜ ਜਿਵੇਂ ਕਿਸੇ ਨੇ ਘਰ ਬਣਾਉਣਾ ਹੈ, ਉਸ ਦੀ ਟ੍ਰੇਨਿੰਗ ਦਿੱਤੀ ਜਾਵੇ । ਜਿਸ ਤਰ੍ਹਾਂ ਰਾਮਗੜ੍ਹੀਆ ਬਰਾਦਰੀ ਬਹੁਤ ਸਾਰੀ ਡੁਬਈ ਗਈ ਹੋਈ ਹੈ ਅਤੇ ਹੋਰ ਦੇਸ਼ਾਂ ਵਿਚ ਵੀ ਗਈ ਹੋਈ ਹੈ । ਉਥੇ ਹੱਥੀਂ ਕੰਮ ਕਰਨ ਵਾਲਿਆਂ ਨੂੰ ਬੜਾ ਰੁਜ਼ਗਾਰ ਮਿਲਦਾ ਹੈ । ਇਸੇ ਤਰ੍ਹਾਂ ਆਈ.ਟੀ.ਆਈ. ਵਿਚ ਪਲੰਬਰ ਬਣਨ ਦੀ ਟ੍ਰੇਨਿੰਗ ਦਿੱਤੀ ਜਾ ਸਕਦੀ ਹੈ । ਇਸ ਤਰ੍ਹਾਂ ਨਾਲ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦਿਤਾ ਜਾ ਸਕਦਾ ਹੈ ।

ਇਸ ਤੋਂ ਅੱਗੇ ਐਗਰੋ ਇੰਡਸਟਰੀ ਰਾਹੀਂ ਵੀ ਰੁਜ਼ਗਾਰ ਦਿੱਤਾ ਜਾ ਸਕਦਾ ਹੈ । ਸਾਨੂੰ ਐਗਰੋ ਬੇਸਡ ਇੰਡਸਟਰੀ ਨੂੰ ਵਧਾਉਣਾ ਚਾਹੀਦਾ ਹੈ । ਪਹਿਲਾਂ ਪੰਜਾਬ ਵਿਚ 4-5 ਰਾਈਸ ਮਿੱਲਾਂ ਹੀ ਹੁੰਦੀਆਂ ਸਨ । ਬਾਅਦ ਵਿਚ ਕਈ ਸਾਲ ਰਾਈਸ ਦੀ ਪੈਦਾਵਾਰ ਵਿਚ ਹਰੇਕ ਸਾਲ 10 ਤੋਂ 15 ਫੀਸਦੀ ਦਾ ਵਾਧਾ ਹੁੰਦਾ ਚਲਾ ਗਿਆ । ਪਹਿਲਾਂ ਐਫ.ਸੀ.ਆਈ. ਹਰਿਆਣੇ ਵਿਚ ਪੰਜਾਬ ਦਾ ਝੋਨਾ ਮਿਲਿੰਗ ਵਾਸਤੇ ਭੇਜਦੀ ਹੁੰਦੀ ਸੀ । ਫਿਰ ਪੰਜਾਬ ਵਿਚ ਵੀ ਬਹੁਤ ਸਾਰੀਆਂ ਰਾਈਸ ਮਿੱਲਾਂ ਲਗ ਗਈਆਂ । ਇਕ ਰਾਈਸ ਮਿੱਲ ਵਿਚ 300-400 ਬੰਦਿਆਂ ਨੂੰ ਰੁਜ਼ਗਾਰ ਮਿਲ ਜਾਂਦਾ ਹੈ । ਇਸੇ ਤਰ੍ਹਾਂ ਫੋਕਲ ਪੁਆਇੰਟ ਬਣਾਏ ਗਏ ਹਨ । ਉਥੇ ਨੌਜਵਾਨਾਂ ਨੂੰ ਲੇਬਰ ਦਾ ਕੰਮ ਮਿਲ ਸਕਦਾ ਹੈ । ਸਾਡੇ ਦਸਵੀਂ ਪਾਸ ਮੁੰਡੇ ਉਥੇ ਕਮਿਸ਼ਨ ਏਜੰਟ ਅਤੇ ਆੜ੍ਹਤ ਦਾ ਕੰਮ ਕਰਦੇ ਹਨ ।

| | |
|---|---|
| *11-37 ਵਜੇ ਪੂਰਵ ਦੁਪਹਿਰ | (ਇਸ *ਸਮੇਂ ਰਾਣਾ ਕੰਵਰਪਾਲ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।) |

Original with;
Punjab Vidhan Sabha
Digitized by;

[ਸਰਦਾਰ ਤੋਤਾ ਸਿੰਘ]

ਇਸੇ ਤਰ੍ਹਾਂ ਰਾਈਸ ਦੇ ਤੂਤੜ ਵਿਚੋਂ ਜਿਹੜਾ ਤੇਲ ਨਿਕਲਦਾ ਹੈ, ਉਹ ਬੜਾ ਸਾਫ ਹੁੰਦਾ ਹੈ। ਅਖਬਾਰਾਂ ਵਿਚ ਵੀ ਆ ਰਿਹਾ ਹੈ ਕਿ ਉਹ ਤੇਲ ਦਿਲ ਦੀਆਂ ਬਿਮਾਰੀਆਂ ਵਾਸਤੇ ਬੜਾ ਲਾਹੇਵੰਦ ਹੈ। ਰਾਈਸ ਬਰਾਨ ਦੀ ਪਾਲਿਸ਼ ਵਿਚੋਂ ਵੀ ਤੇਲ ਕੱਢਿਆ ਜਾਂਦਾ ਹੈ। ਉਹ ਤੇਲ ਵੀ ਲਾਹੇਵੰਦ ਹੋ ਸਕਦਾ ਹੈ। ਉਸ ਦੀਆਂ ਫੈਕਟਰੀਆਂ ਲਗਾਈਆਂ ਜਾ ਸਕਦੀਆਂ ਹਨ। ਇਸ ਵਾਸਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਸਬਸਿਡੀ ਦੇ ਕੇ ਛੋਟੀਆਂ ਛੋਟੀਆਂ ਇੰਡਸਟਰੀਆਂ ਲਗਾਈਆਂ ਜਾ ਸਕਦੀਆਂ ਹਨ। ਅਜਿਹੇ ਕੰਮਾਂ ਵਾਸਤੇ ਆਈ.ਟੀ. ਆਈਜ਼ ਵਿਚ ਟ੍ਰੇਨਿੰਗ ਦਿੱਤੀ ਜਾਵੇ। ਇਸ ਪਾਸੇ ਵੱਲ ਸਾਨੂੰ ਵੱਧ ਤੋਂ ਵੱਧ ਧਿਆਨ ਦੇਣਾ ਪਵੇਗਾ। ਸਰਕਾਰ ਸਾਰਿਆ ਨੂੰ ਕਲਰਕਾਂ ਵਗੈਰਾ ਦੀਆਂ ਨੌਕਰੀਆਂ ਮੁਹੱਈਆ ਨਹੀਂ ਕਰਵਾ ਸਕਦੀ, ਕਿਉਂਜੋ ਸਾਧਨ ਸੀਮਤ ਹਨ। ਪਿਛੇ ਜਿਹੇ ਆਲੂਆਂ ਦੀ ਪੈਦਾਵਾਰ ਬੜੀ ਹੋਈ। ਪਰ ਜਦੋਂ ਮੀਂਹ ਪੈ ਗਏ ਤਾਂ ਆਲੂਆਂ ਦੀ ਫਸਲ ਦਾ ਬੜਾ ਨੁਕਸਾਨ ਹੋਇਆ ਅਤੇ ਉਹ ਜ਼ਮੀਨ ਦੇ ਅੰਦਰ ਹੀ ਫੁੱਟ ਗਏ ਅਤੇ ਕਿਸਾਨ ਬਰਬਾਦ ਹੋ ਗਏ। ਆਲੂਆਂ ਦਾ ਭਾਅ ਚਾਰ ਰੁਪਏ ਕਿਲੋ ਤੱਕ ਚੜ੍ਹ ਗਿਆ। ਅਸੀਂ ਐਗਰੋ ਬੇਸਡ ਇੰਡਸਟਰੀ ਲਗਾ ਕੇ, ਨੌਜਵਾਨਾਂ ਨੂੰ ਟ੍ਰੇਨਿੰਗ ਦੇ ਕੇ ਰੁਜ਼ਗਾਰ ਦੇ ਸਕਦੇ ਹਾਂ। ਉਨ੍ਹਾਂ ਨੂੰ ਛੋਟੇ ਛੋਟੇ ਟ੍ਰੇਨਿੰਗ ਸੈਂਟਰ ਖੋਲ੍ਹ ਕੇ, ਛੋਟੀਆਂ ਛੋਟੀਆਂ ਇੰਡਸਟਰੀਆ ਵੱਲ ਲਗਾਇਆ ਜਾ ਸਕਦਾ ਹੈ। ਉਨ੍ਹਾਂ ਨੂੰ ਦੱਸਿਆ ਜਾਵੇ ਕਿ ਇਹ ਧੰਦਾ ਉਨ੍ਹਾਂ ਲਈ ਲਾਹੇਵੰਦ ਹੈ। ਸਬਸਿਡੀ ਦੇ ਕੇ, ਸਮਾਲ ਸਕੇਲ ਇੰਡਸਟਰੀ ਨੂੰ ਵਧਾਇਆ ਜਾਵੇ। ਇਸੇ ਤਰ੍ਹਾਂ ਕਣਕ ਦੀ ਪੈਦਾਵਾਰ ਪੰਜਾਬ ਵਿਚ ਬਹੁਤ ਹੁੰਦੀ ਹੈ। ਇਕ ਸਮਾਂ ਸੀ ਜਦੋਂ ਪੰਜਾਬ ਵਿਚ ਸਭ ਤੋਂ ਵੱਧ ਫਲੋਰ ਮਿੱਲਾਂ (ਆਟਾ ਮਿੱਲਾਂ) ਚਲਦੀਆਂ ਸਨ। ਪ੍ਰੰਤੂ ਹੁਣ ਜਿਹੜੀਆਂ ਫਲੋਰ ਮਿੱਲਾਂ ਚਲਦੀਆਂ ਹਨ, ਉਹ ਸਾਰੀਆਂ ਘਾਟੇ ਵਿਚ ਚਲ ਰਹੀਆਂ ਹਨ। ਇਸ ਦਾ ਕਾਰਨ ਕੀ ਹੈ ? ਜੋ ਕਣਕ ਦਾ ਰੇਟ ਪੰਜਾਬ ਵਿਚ ਹੈ, ਉਹੀ ਰੇਟ ਸਾਊਥ ਵਿਚ ਹੈ। ਸਾਊਥ ਵਿਚ ਪਹਿਲਾਂ ਕੋਈ ਵੀ ਫਲੋਰ ਮਿੱਲ ਲਾਉਣ ਨੂੰ ਤਿਆਰ ਨਹੀਂ ਸੀ ਹੁੰਦਾ ਕਿਉਂਕਿ ਉਨ੍ਹਾਂ ਨੂੰ ਪੰਜਾਬ ਵਿਚੋਂ ਕਣਕ ਖਰੀਦ ਕੇ ਲਿਜਾਣ ਵਿਚ ਬੜਾ ਖਰਚ ਕਰਨਾ ਪੈਂਦਾ ਸੀ। ਪੰਜਾਬ ਵਿੱਚ ਰਾਈਸ ਮਿੱਲਾਂ ਦੀ ਵੀ ਕਮੀ ਹੈ। ਇਸ ਦੇ ਵੀ ਹੋਰ ਪ੍ਰਬੰਧ ਕਰਨੇ ਚਾਹੀਦੇ ਹਨ। ਹੋਰ ਫਲੋਰ ਮਿੱਲਾਂ ਲਗਾਈਆਂ ਜਾਣੀਆਂ ਚਾਹੀਦੀਆਂ ਹਨ। ਇਕ ਫਲੋਰ ਮਿੱਲ ਵਿਚ 200–300 ਬੰਦਿਆਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਤਕਨੀਕੀ ਤੌਰ ਤੇ ਵੀ ਕੁਝ ਬੰਦਿਆਂ ਨੂੰ ਰੁਜ਼ਗਾਰ ਮਿਲ ਜਾਂਦਾ ਹੈ। ਇਸ ਤਰੀਕੇ ਨਾਲ ਖੇਤੀਬਾੜੀ ਤੇ ਅਧਾਰਤ ਅਤੇ ਐਗਰੋ ਤੇ ਅਧਾਰਤ ਇੰਡਸਟਰੀ ਲਗਾ ਕੇ ਅਸੀਂ ਬੇਰੁਜ਼ਗਾਰੀ ਨੂੰ ਦੂਰ ਕਰ ਸਕਦੇ ਹਾਂ। ਪਹਿਲਾਂ ਮਿਲਟਰੀ ਵਾਲੇ ਸਾਰਾ ਆਟਾ ਪੰਜਾਬ ਦੀਆਂ ਫਲੋਰ ਮਿੱਲਾਂ ਤੋਂ ਲੈਂਦੇ ਸਨ। ਹੁਣ ਉਹ ਦੂਸਰੇ ਪਾਸੇ ਤੋਂ ਲੈਣ ਲੱਗ ਪਏ ਹਨ। ਇਸੇ ਤਰ੍ਹਾਂ ਪੰਜਾਬ ਦੇ ਜਵਾਨ ਮਿਲਟਰੀ ਵਿਚ ਵੀ ਬਹੁਤ ਘੱਟ ਭਰਤੀ ਹੁੰਦੇ ਹਨ। ਪਹਿਲਾਂ ਇਕ ਸਮਾਂ ਹੁੰਦਾ ਸੀ ਜਦੋਂ ਪੰਜਾਬ ਦੇ ਕਾਫੀ ਜਵਾਨ ਮਿਲਟਰੀ ਵਿਚ ਭਰਤੀ ਹੁੰਦੇ ਸਨ ਅਤੇ ਬੇਰੁਜ਼ਗਾਰੀ ਨੂੰ ਹੱਲ ਕਰਨ ਵਿਚ ਸਹਾਇਤਾ ਮਿਲਦੀ ਰਹਿੰਦੀ ਸੀ। ਪਰ ਹੁਣ ਤਾਂ 10000 ਮੁੰਡੇ ਭਰਤੀ ਹੋਣ ਜਾਂਦੇ ਹਨ ਪਰ ਮਸਾਂ ਹੀ 300–400 ਫਿੱਟ ਹੁੰਦੇ ਹਨ। ਇਸ ਲਈ, ਚੇਅਰਮੈਨ ਸਾਹਿਬ, ਮੇਰੇ ਕਹਿਣ ਦਾ ਭਾਵ ਹੈ ਕਿ ਇਸ ਸਦਨ ਦੇ ਰਾਹੀਂ ਪੰਜਾਬ ਸਰਕਾਰ ਨੂੰ ਸਿਫਾਰਸ਼ ਕੀਤੀ ਜਾਵੇ ਕਿ

Original with;
Punjab Vidhan Sabha
Digitized by;
Panjab Digital Library

ਹਰ ਖੇਤਰ ਵਿੱਚ ਵਿਚਾਰ ਕੀਤੀ ਜਾਵੇ । ਫਰੂਟ ਦਾ ਖੇਤਰ ਲੈ ਲਵੋ । ਬਹੁਤ ਸਾਰੇ ਜ਼ਿਲ੍ਹਿਆਂ ਵਿੱਚ ਪਾਣੀ ਨੀਵਾਂ ਚਲਿਆ ਗਿਆ ਹੈ ਅਤੇ ਉਥੇ ਫਰੂਟ ਦੀ ਖੇਤੀ ਹੋ ਸਕਦੀ ਹੈ । ਜਿੱਥੇ ਪਾਣੀ ਨੀਵਾਂ ਚਲਿਆ ਗਿਆ ਹੈ, ਉਥੇ ਅੰਗੂਰ ਦੀ ਫਸਲ ਲਗ ਸਕਦੀ ਹੈ, ਕਿਨੂੰ ਦੀ ਲਗ ਸਕਦੀ ਹੈ । ਇਨ੍ਹਾਂ ਫਸਲਾਂ ਵੱਲ ਵੀ ਧਿਆਨ ਦਿਤਾ ਜਾ ਸਕਦਾ ਹੈ । ਜੇ ਸਾਡੇ ਕਿਨੂੰ ਵੱਧ ਹੋਵੇਗਾ, ਅੰਗੂਰ ਵੱਧ ਹੋਵੇਗਾ ਤਾਂ ਇੱਥੇ ਐਗਰੋ ਇੰਡਸਟਰੀ ਲੱਗੇਗੀ ਅਤੇ ਸਾਡੇ ਬੇਰੋਜ਼ਗਾਰ ਬੱਚਿਆਂ ਨੂੰ ਰੋਜ਼ਗਾਰ ਮਿਲਗਾ ਅਤੇ ਰੋਜ਼ਗਾਰ ਦੇ ਸਾਧਨ ਪੈਦਾ ਹੋਣਗੇ । ਜਿਵੇਂ ਇੱਥੇ ਸਰਦਾਰ ਸੁਰਜੀਤ ਸਿੰਘ ਰੱਖੜਾ ਨੇ ਦੱਸਿਆ ਹੈ ਕਿ ਸਾਨੂੰ ਆਈ.ਟੀ.ਆਈਜ਼ ਵਿੱਚ ਬੱਚਿਆਂ ਨੂੰ ਸਿਖਲਾਈ ਦੇ ਕੇ ਟਰੇਂਡ ਕਰਨਾ ਚਾਹੀਦਾ ਹੈ ਕਿਉਂਕਿ ਜਿਹੜੇ ਦੂਸਰੇ ਮੁਲਕ ਹਨ, ਉਨ੍ਹਾਂ ਵਿੱਚ ਕਈਆਂ ਵਿੱਚ ਮੈਨ ਪਾਵਰ ਘੱਟ ਹੈ, ਜਿਵੇਂ ਕਨੈਡਾ ਵਿੱਚ ਮੈਨ-ਪਾਵਰ ਘੱਟ ਹੈ, ਯੂ.ਕੇ. ਵਿੱਚ ਘੱਟ ਹੈ, ਅਮਰੀਕਾ ਵਿੱਚ ਘੱਟ ਹੈ । ਉਹ ਬਹੁਤ ਸਾਰੀਆਂ ਚੀਜ਼ਾਂ ਦੂਸਰੇ ਦੇਸਾਂ ਵਿਚੋਂ ਮੰਗਵਾਉਂਦੇ ਹਨ ਕਿਉਂਕਿ ਜੇ ਉਹ ਆਪਣੇ ਦੇਸ਼ ਵਿੱਚ ਤਿਆਰ ਕਰਾਉਣ ਤਾਂ ਕਾਫੀ ਮਹਿੰਗੀ ਪੈਂਦੀ ਹੈ ਅਤੇ ਜਿੱਥੇ ਮੈਨ-ਪਾਵਰ ਹੈ, ਉਥੇ ਸਸਤੀ ਪੈਂਦੀ ਹੈ । ਜਲੰਧਰ ਵਿੱਚ ਖੇਡਾਂ ਦਾ ਸਮਾਨ ਬਣਦਾ ਹੈ ਅਤੇ ਉਥੋਂ ਯੂ.ਕੇ. ਅਤੇ ਇੰਗਲੈਂਡ ਤੱਕ ਜਾਂਦਾ ਹੈ, ਹੋਰ ਦੇਸ਼ਾਂ ਵਿੱਚ ਵੀ ਜਾਂਦਾ ਹੈ । ਜੇ ਅਸੀਂ ਸਾਰੀ ਸਟੇਟ ਵਿੱਚ ਇਸ ਤਰ੍ਹਾਂ ਦੇ ਹਾਲਾਤ ਪੈਦਾ ਕਰਾਂਗੇ ਤਾਂ ਜਿਹੜੇ ਸਾਡੇ ਬੇਰੋਜ਼ਗਾਰ ਨੌਜਵਾਨ ਹਨ, ਉਨ੍ਹਾਂ ਨੂੰ ਜਰੂਰ ਰੋਜ਼ਗਾਰ ਮਿਲੇਗਾ ਅਤੇ ਇਥੇ ਸਮਾਨ ਤਿਆਰ ਕਰਕੇ ਆਪਾਂ ਦੂਜੇ ਦੇਸ਼ਾਂ ਨੂੰ ਭੇਜਾਂਗੇ ਤਾਂ ਸਟੇਟ ਦੀ ਮਾਲੀ ਹਾਲਤ ਵੀ ਸੁਧਰੇਗੀ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਸਦਨ ਪੰਜਾਬ ਸਰਕਾਰ ਨੂੰ ਇਸ ਸਬੰਧੀ ਸਿਫਾਰਸ਼ ਕਰਕੇ ਭੇਜੇ । ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦੀ ਹਾਂ ।

**ਸ੍ਰੀ ਰਾਜ ਕੁਮਾਰ (ਵੇਰਕਾ, ਐਸ. ਸੀ.)** : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਤਕਨੀਕੀ ਸਿਖਿਆ ਦੇ ਮਸਲੇ ਤੇ ਬੋਲਣ ਦੀ ਇਜ਼ਾਜ਼ਤ ਦਿਤੀ ਹੈ । ਚੇਅਰਮੈਨ ਸਾਹਿਬ, ਦੇਸ਼ ਅੰਦਰ ਤਿੰਨ ਰੈਵੋਲਿਊਸ਼ਨ ਆਏ ਹਨ । ਇਨ੍ਹਾਂ ਰੈਵੋਲਿਊਸ਼ਨਾਂ ਨੇ ਦੁਨੀਆਂ ਦੇ ਹਰ ਵਿਅਕਤੀ ਦੇ ਰਹਿਣ ਦੇ ਅਤੇ ਕੰਮ ਕਰਨ ਦੇ ਢੰਗ ਬਦਲ ਕੇ ਰੱਖ ਦਿੱਤੇ ਹਨ । ਸਾਇੰਸ ਅਤੇ ਟੈਕਨਾਲੋਜੀ, ਇਨਫਰਮੇਸ਼ਨ ਟੈਕਨਾਲੋਜੀ ਅਤੇ ਤੀਸਰਾ ਗਲੋਬੇਲਾਈਜੇਸ਼ਨ । ਇਨ੍ਹਾਂ ਤਿੰਨ ਤਰੀਕਿਆਂ ਨੇ ਭਾਰਤ ਦੇ ਲੋਕਾਂ ਨੂੰ ਵੱਖ ਵੱਖ ਕਿੱਤਿਆਂ ਦੇ ਵਿੱਚ ਸੁਚੇਤ ਅਤੇ ਮਜ਼ਬੂਤ ਕੀਤਾ ਹੈ । ਇਹ ਅਜਿਹੇ ਰੈਵੋਲਿਊਸ਼ਨ ਦੁਨੀਆਂ ਵਿੱਚ ਆਏ ਹਨ, ਜ਼ਿਨ੍ਹਾਂ ਨੇ ਕਾਫੀ ਨਵੀਨਤਾ ਲੈ ਆਂਦੀ ਹੈ । ਕਮਿਊਨੀਕੇਸ਼ਨ ਟੈਕਨਾਲੋਜ਼ੀ ਹੈ, ਇਸਦੇ ਤਹਿਤ ਪਹਿਲਾਂ ਇਹ ਹੁੰਦਾ ਸੀ ਕਿ ਜੇ ਕਿਸੇ ਨੇ ਦੂਸਰੇ ਮੁਲਕ ਵਿੱਚ ਕੋਈ ਖਤੋ ਖਿਤਾਬਤ ਕਰਨੀ ਹੁੰਦੀ ਸੀ ਤਾਂ ਮਹੀਨਾ-ਮਹੀਨਾ ਲਗ ਜਾਂਦਾ ਸੀ ਅਤੇ ਲੋਕ ਉੱਤਰ ਦੀ ਉਡੀਕ ਕਰਦੇ ਰਹਿੰਦੇ ਸਨ ਪਰ ਅੱਜ ਇਸ ਰੈਵੋਲਿਊਸ਼ਨ ਦੇ ਨਾਲ ਦੁਨੀਆਂ ਦੇ ਕਿਸੇ ਕੋਨੇ ਤੋਂ ਵੀ ਤੁਸੀਂ ਇੰਟਰਨੈਟ ਰਾਹੀਂ ਗੱਲ ਕਰ ਸਕਦੇ ਹੋ । ਦੂਸਰਾ ਗਲੋਬੇਲਾਈਜੇਸ਼ਨ ਟੈਕਨਾਲੋਜੀ ਦੇ ਤਹਿਤ ਦੁਨੀਆਂ ਦੇ

Original with;
Punjab Vidhan Sabha
Digitized by:

[ਸ਼੍ਰੀ ਰਾਜ ਕੁਮਾਰ]

ਅੰਦਰ ਕੀ ਵਾਪਰ ਰਿਹਾ ਹੈ ਇਸ ਦਾ ਪਤਾ ਲਗਦਾ ਹੈ। ਪਹਿਲਾਂ ਨਾਲ ਦੇ ਪਿੰਡ ਵਿੱਚ ਕੀ ਵਾਪਰਿਆ ਹੈ, ਉਸਦਾ ਪਤਾ ਨਹੀਂ ਲਗਦਾ ਸੀ ਅਤੇ ਦੋ-ਚਾਰ ਦਿਨ ਪਿੱਛੋਂ ਪਤਾ ਲਗਦਾ ਸੀ ਕਿ ਇਹ ਭਾਣਾ ਵਰਤਿਆ ਹੈ ਪਰ ਹੁਣ ਟੈਲੀਵੀਜ਼ਨ ਦੇ ਨਾਲ ਤੁਸੀਂ ਦੁਨੀਆਂ ਦੇ ਵਿੱਚ ਕੀ ਹਾਲਾਤ ਵਾਪਰ ਰਹੇ ਹਨ ਇਨ੍ਹਾਂ ਬਾਰੇ ਜਾਣ ਸਕਦੇ ਹੋ। ਅੱਜ ਦੁਨੀਆਂ ਦੇ ਵਿੱਚ ਗਲੋਬੇਲਾਈਜੇਸ਼ਨ ਦੀ ਮਹੱਤਤਾ ਸਮਝ ਆ ਗਈ ਹੈ। ਡਬਲਯੂ.ਟੀ.ਓ. ਦੇ ਆਉਣ ਨਾਲ ਫਲੋ-ਆਫ-ਵਰਕ ਅਤੇ ਫਲੋ ਆਫ-ਗੁੱਡਜ਼ ਵਿੱਚ ਵੀ ਵਾਧਾ ਹੋਇਆ ਹੈ। ਇਸਦੇ ਨਾਲ ਸਾਰੀ ਦੁਨੀਆਂ ਵਿੱਚ ਟਰੇਡ ਨੂੰ ਬਹੁਤ ਬੜ੍ਹਾਵਾ ਮਿਲਿਆ ਹੈ। ਤੀਸਰਾ, ਮੈਂ ਸਾਇੰਸ ਅਤੇ ਟੈਕਨਾਲੋਜੀ ਬਾਰੇ ਜ਼ਿਕਰ ਕਰਾਂਗਾ।... ਸਾਡੇ ਸਵਰਗੀ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਜੀ ਨੇ ਕੰਪਿਊਟਰ ਟੈਕਨਾਲੋਜੀ ਹਿੰਦੁਸਤਾਨ ਵਿੱਚ ਇੰਟਰੋਡਿਊਸ ਕਰਵਾਈ ਔਰ ਇੰਟਰੋਡਿਊਸ ਕਰਵਾਉਣ ਦੇ ਨਾਲ ਅੱਜ ਕੰਪਿਊਟਰ ਸਾਫਟਵੇਅਰ ਵਿੱਚ ਸਾਰੀ ਦੁਨੀਆਂ ਵਿੱਚੋਂ ਭਾਰਤ ਪਹਿਲੀ ਕਤਾਰ ਵਿੱਚ ਸਾਹਮਣੇ ਖੜ੍ਹਾ ਹੋਇਆ ਹੈ। ਅੱਜ ਇਸ ਗੱਲ ਦੀ ਜਰੂਰਤ ਹੈ ਕਿ ਜਿੱਥੇ ਆਂਧਰਾ ਪ੍ਰਦੇਸ਼ ਔਰ ਕਰਨਾਟਕ ਵਿੱਚ ਇਸ ਟੈਕਨਾਲੋਜੀ ਨੇ ਬੜੇ ਪੈਰ ਫੈਲਾਏ ਹਨ, ਬੜਾ ਵਾਧਾ ਕੀਤਾ ਹੈ ਉਥੇ ਪੰਜਾਬ ਵਿੱਚ ਵੀ ਅਜਿਹਾ ਕੀਤਾ ਜਾਵੇ। ਮੈਂ ਤਜਵੀਜ਼ ਕਰਦਾ ਹਾਂ ਕਿ ਜਿਸ ਤਰ੍ਹਾਂ ਹਰਿਆਣੇ ਵਿੱਚ ਟੈਕਨਾਲੋਜੀ ਪਾਰਕ ਬਣਾਏ ਗਏ ਹਨ, ਕਰਨਾਟਕ ਵਿੱਚ ਟੈਕਨਾਲੋਜੀ ਪਾਰਕ ਬਣਾਏ ਗਏ ਹਨ, ਆਂਧਰਾ ਪ੍ਰਦੇਸ਼ ਵਿੱਚ ਟੈਕਨਾਲੋਜੀ ਪਾਰਕ ਬਣਾਏ ਗਏ ਹਨ, ਉਸੇ ਤਰ੍ਹਾਂ ਪੰਜਾਬ ਵਿੱਚ ਵੀ ਟੈਕਨਾਲੋਜੀ ਪਾਰਕ ਸਥਾਪਿਤ ਕਰਨ ਦੀ ਜ਼ਰੂਰਤ ਹੈ ਤਾਂ ਕਿ ਪੰਜਾਬ ਦੇ ਜਿਹੜੇ ਸਨਅਤਕਾਰ ਹਨ, ਪੰਜਾਬ ਦੇ ਵੱਖ ਵੱਖ ਕਿੱਤਿਆਂ ਨਾਲ ਜੁੜੇ ਲੋਕ ਹਨ ਉਹ ਬਾਹਰ ਦੇ ਟਰੇਡਰਜ਼ ਦਾ ਧਿਆਨ ਪੰਜਾਬ ਵੱਲ ਖਿੱਚ ਸਕਣ। ਬਾਹਰ ਦੇ ਟਰੇਡਰਜ਼ ਦੇਖਣ ਕਿ ਪੰਜਾਬ ਵਿੱਚ ਕਿਸ ਤਰ੍ਹਾਂ ਦੀ ਟਰੇਡ ਹੈ, ਕਿਸ ਤਰ੍ਹਾਂ ਦੀ ਮੈਨੂਫੈਕਚਰਿੰਗ ਹੈ। ਇਸ ਲਈ ਬਜਟ ਵਿੱਚ ਇਸ ਚੀਜ਼ ਦੀ ਵਿਵਸਥਾ ਕਰਨ ਦੀ ਬਹੁਤ ਜ਼ਰੂਰਤ ਹੈ। ਮੈਂ ਆਪਣੇ ਮਨਿਸਟਰ ਸਾਹਿਬ, ਕੇ.ਪੀ. ਸਾਹਿਬ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਮਿਹਨਤ ਸਦਕਾ ਉਦਯੋਗਿਕ ਕਿੱਤਿਆਂ ਵਿਚ, ਉਦਯੋਗਿਕ ਸਿਖਲਾਈ ਵਿਭਾਗ ਦੁਆਰਾ ਵੱਖ ਵੱਖ ਇਕਾਈਆਂ ਨਾਲ ਸਬੰਧਿਤ 362 ਦੇ ਕਰੀਬ ਸਮਝੌਤੇ, ਮੈਮੋਰੰਡਮ ਸਾਈਨ ਕੀਤੇ ਗਏ ਹਨ। ਮੈਂ ਸਰਕਾਰ ਦਾ ਇਸ ਪੱਖ ਤੋਂ ਵੀ ਧੰਨਵਾਦ ਕਰਦਾ ਹਾਂ ਕਿ ਉਦਯੋਗਿਕ ਸਿਖਲਾਈ ਵਿਭਾਗ ਲਈ ਸਾਲ 2003-04 ਵਿੱਚ 16.40 ਕਰੋੜ ਰੁਪਏ ਰੱਖੇ ਗਏ ਹਨ। ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ 145 ਵੱਖ ਵੱਖ ਟਰੇਡ ਨਾਲ ਸਬੰਧਿਤ ਸੰਸਥਾਵਾਂ ਪੰਜਾਬ ਵਿੱਚ ਸੁਚੱਜੇ ਢੰਗ ਨਾਲ ਕੰਮ ਕਰ ਰਹੀਆਂ ਹਨ ਔਰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੂੰ ਹੋਰ ਅੱਗੇ ਲਿਜਾਣ ਦੀ ਜ਼ਰੂਰਤ ਹੈ। ਮੈਂ ਇੱਕ ਗੱਲ ਜਰੂਰ ਕਹਾਂਗਾ ਕਿ ਸਾਨੂੰ ਸਾਰਿਆਂ ਨੂੰ ਰਾਜਨੀਤੀ ਤੋਂ ਉਪਰ ਉਠ ਕੇ, ਬਜਾਏ ਇਸ ਦੇ ਅਸੀਂ ਮੌਜੂਦਾ ਸਰਕਾਰ ਜਾਂ ਪਿਛਲੀ ਸਰਕਾਰ ਤੇ ਨੁਕਤਾਚੀਨੀ ਕਰੀਏ, ਸਾਨੂੰ ਸਾਰਿਆਂ ਨੂੰ ਰਲ ਕੇ ਇਹ ਗੱਲ ਸੋਚਣੀ ਪਵੇਗੀ ਕਿਉਂਕਿ ਨੌਜਵਾਨਾਂ ਦੇ ਭਵਿੱਖ ਦਾ ਸਵਾਲ ਹੈ, ਇਸ ਲਈ ਇਸ ਪਾਸੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਜਰੂਰਤ ਹੈ। ਮੈਨੂੰ ਸਰਕਾਰ ਦੀ ਨੀਅਤ ਤੇ ਕਿਸੇ ਤਰ੍ਹਾਂ ਦਾ ਵੀ ਕੋਈ ਸ਼ੱਕ ਨਹੀਂ ਲੱਗਦਾ। ਮੈਂ ਕੈਪਟਨ ਅਮਰਿੰਦਰ ਸਿੰਘ

Original with;
Punjab Vidhan Sabha
Digitized by;
Panjab Digital Library

ਜੀ ਦੀ ਸਰਕਾਰ ਦੀ ਹਿੰਮਤ ਦੀ ਦਾਦ ਦਿੰਦਾ ਹਾਂ ਕਿ ਇਨ੍ਹਾਂ ਨੇ ਇਸ ਪਾਸੇ ਬਹੁਤ ਕੋਸ਼ਿਸ਼ਾਂ ਕੀਤੀਆਂ ਹਨ । ਉਨ੍ਹਾਂ ਨੇ ਕੰਪਿਊਟਰ ਟੈਕਨਾਲੋਜੀ ਨੂੰ ਅੱਗੇ ਵਧਾਉਣ ਵਾਸਤੇ ਵੱਖ-ਵੱਖ ਇੰਜੀਨੀਅਰਿੰਗ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਨਵੇਂ ਕੋਰਸਾਂ ਨੂੰ ਆਰੰਭ ਕਰਵਾਇਆ ਹੈ । ਮੈਂ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਕੰਪਿਊਟਰ ਟੈਕਨਾਲੋਜੀ ਹੋਰ ਅੱਗੇ ਵਧੇ । ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਸਾਡੇ ਮੁੱਖ ਮੰਤਰੀ ਸਾਹਿਬ ਆਉਣ ਵਾਲੇ ਸਮੇਂ ਵਿੱਚ ਇਸ ਪਾਸੇ ਹੋਰ ਜ਼ਿਆਦਾ ਫੰਡ ਮੁਹੱਈਆ ਕਰਵਾਉਣਗੇ ਤਾਂ ਕਿ ਇਸ ਟੈਕਨਾਲੋਜੀ ਨੂੰ ਹੋਰ ਅੱਗੇ ਵਧਾਇਆ ਜਾ ਸਕੇ । ਦੂਸਰੀ ਬੇਨਤੀ ਮੈਂ ਕਰਾਂਗਾ ਕਿ ਕੰਪਿਊਟਰ ਟੈਕਨਾਲੋਜੀ ਕਾਫੀ ਫਾਸਟ ਹੋ ਗਈ ਹੈ । ਅੱਜ ਕਲ੍ਹ ਇਨਫਰਮੇਸ਼ਨ ਟੈਕਨਾਲੋਜੀ ਦਾ ਜ਼ਮਾਨਾ ਹੈ ਪਰ ਜਿਹੜੇ ਸਾਡੇ ਟੀਚਰ ਇਸ ਟਰੇਡ ਨਾਲ ਸਬੰਧਿਤ ਹਨ, ਉਹ ਕਾਫੀ ਪਹਿਲਾਂ ਦੇ ਪੜ੍ਹੇ ਹੋਏ ਹਨ, ਉਹ ਸਿਰਫ ਪਹਿਲੇ ਫਾਰਮੂਲੇ ਹੀ ਜਾਣਦੇ ਹਨ । ਇਸ ਲਈ ਅੱਜ ਜ਼ਰੂਰਤ ਹੈ ਕਿ ਉਨ੍ਹਾਂ ਨੂੰ ਵੀ ਨਵੀਂ ਟ੍ਰੇਨਿੰਗ ਦਿੱਤੀ ਜਾਵੇ ਔਰ ਉਨ੍ਹਾਂ ਦੀ ਹੋਰ ਤਿਆਰੀ ਕਰਵਾਈ ਜਾਵੇ । ਇਸ ਪਾਸੇ ਵੀ ਧਿਆਨ ਰੱਖਣਾ ਜ਼ਰੂਰੀ ਹੈ । ਮੈਂ ਬੇਨਤੀ ਕਰਦਾ ਹਾਂ ਮੰਤਰੀ ਸਾਹਿਬ ਨੂੰ ਕਿ ਉਹ ਇਸ ਪਾਸੇ ਜ਼ਰੂਰ ਉਪਰਾਲੇ ਕਰਨ । ਇਸ ਵਾਸਤੇ ਮੈਂ ਉਨ੍ਹਾਂ ਦਾ ਧੰਨਵਾਦੀ ਹੋਵਾਂਗਾ । ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਨੌਜਵਾਨਾਂ ਦੇ ਮਸਲਿਆਂ ਪ੍ਰਤੀ ਗੰਭੀਰਤਾ ਦਿਖਾਈ ਹੈ ਔਰ ਖਾਸ ਕਰਕੇ ਲੜਕੀਆਂ ਵਾਸਤੇ ਸਪੈਸ਼ਲ ਟ੍ਰੇਨਿੰਗ ਸੰਸਥਾਵਾਂ ਅਰੰਭ ਕੀਤੀਆਂ ਹਨ । ਟ੍ਰੇਨਿੰਗ ਇੰਸਟੀਚਿਊਟ ਸਥਾਪਿਤ ਕੀਤੇ ਹਨ । ਇਹ ਵੀ ਸ਼ਲਾਘਾਯੋਗ ਕਦਮ ਹੈ । ਸੋ, ਮੇਰੀ ਬੇਨਤੀ ਹੈ ਕਿ ਕੰਪਿਊਟਰ ਸਿੱਖਿਆ ਵੱਲ ਸਾਰਾ ਹਾਊਸ ਵਿਚਾਰ ਕਰੇ ਔਰ ਵਿਚਾਰ ਕਰਨ ਤੋਂ ਬਾਅਦ ਬਿਨਾਂ ਭੇਦ-ਭਾਵ ਤੇ ਇਸ ਮਤੇ ਨੂੰ ਪਾਸ ਕਰੇ । ਟੈਕਨਾਲੋਜੀ ਨੂੰ ਅੱਗੇ ਲਿਆਉਣ ਵਾਸਤੇ ਸਾਡੀ ਸਰਕਾਰ ਨੇ 14 ਕਮੇਟੀਆਂ ਸਥਾਪਿਤ ਕੀਤੀਆਂ ਹਨ ਔਰ ਜੇ ਹੋਰ ਕਮੇਟੀਆਂ ਸਥਾਪਿਤ ਕਰਨ ਦੀ ਜ਼ਰੂਰਤ ਹੈ ਤਾਂ ਹੋਰ ਵੀ ਸਥਾਪਿਤ ਕੀਤੀਆਂ ਜਾਣ ਤਾਂ ਕਿ ਟੈਕਨਾਲੋਜੀ ਨੂੰ ਅੱਗੇ ਵਧਾਇਆ ਜਾ ਸਕੇ । ਅਜਿਹਾ ਹੋਣ ਨਾਲ ਸਾਡੇ ਨੌਜਵਾਨ ਵੱਖ-ਵੱਖ ਕਮ-ਅਜ਼-ਕਮ ਪ੍ਰਾਈਵੇਟ ਕਾਰਖਾਨਿਆਂ ਵਿੱਚ ਨੌਕਰੀ ਜ਼ਰੂਰ ਕਰ ਸਕਣਗੇ । ਮੈਂ ਸਰਕਾਰ ਦਾ ਧੰਨਵਾਦੀ ਹਾਂ ਕਿਉਂਕਿ ਇਨ੍ਹਾਂ ਨੇ ਨੈਕਸਟ ਯੀਅਰ ਵਿੱਚ ਇਸ ਵਾਸਤੇ ਪ੍ਰਾਵਧਾਨ ਰੱਖਿਆ ਹੈ । ਜਿਹੜੇ ਨਵੇਂ ਇੰਸਟੀਚਿਊਟ ਚਾਲੂ ਕੀਤੇ ਗਏ ਹਨ, ਉਸ ਵਿੱਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਵਾਸਤੇ ਵੀ ਸਾਡੀ ਸਰਕਾਰ ਨੇ ਪ੍ਰਾਵਧਾਨ ਰੱਖਿਆ ਹੈ । ਉਨ੍ਹਾਂ ਨੂੰ ਕਮਰਸ਼ੀਅਲ ਇੰਸਟੀਚਿਊਟਸ ਵਿੱਚ ਮੁਫਤ ਵਿੱਦਿਆ ਮੁਹੱਈਆ ਕਰਵਾਉਣ ਦਾ ਪ੍ਰਾਵਧਾਨ ਸਾਡੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਕੀਤਾ ਹੈ, ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ । ਬਜਟ ਦੇ ਵਿੱਚ ਔਰ ਆਪਣੇ ਫੈਸਲੇ ਦੇ ਵਿੱਚ ਜਿਹੜੇ ਪ੍ਰਾਵਧਾਨ ਇਹ ਲੈ ਕੇ ਆਏ ਹਨ, ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਔਰ ਮੈਂ ਉਮੀਦ ਕਰਦਾ ਹਾਂ ਕਿ ਇਹ ਜਿਹੜੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਹੈ, ਇਹ ਰੁਜ਼ਗਾਰ ਮੁਹੱਈਆ ਕਰਵਾਉਣ

Original with;
Punjab Vidhan Sabha

[ਸ੍ਰੀ ਰਾਜ ਕੁਮਾਰ]

ਵਾਸਤੇ ਅਤੇ ਇਸ ਟੈਕਨਾਲੋਜੀ ਨੂੰ ਵਧਾਉਣ ਵਾਸਤੇ ਕਾਮਯਾਬ ਰਹੇਗੀ। ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਦਾ ਹਾਂ। ਜੈ ਹਿੰਦ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** (ਕੁੰਮ ਕਲਾਂ. ਐਸ.ਸੀ.) : ਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਸਰਦਾਰ ਸੁਰਜੀਤ ਸਿੰਘ ਰੱਖੜਾ ਵੱਲੋਂ ਪੇਸ਼ ਕੀਤੇ ਗਏ ਰੈਜ਼ੋਲਿਊਸ਼ਨ ਉਪਰ ਇਸ ਪਵਿੱਤਰ ਸਦਨ ਵਿੱਚ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਬਹੁਤ ਹੀ ਧੰਨਵਾਦੀ ਹਾਂ ਆਪਣੇ ਸਤਿਕਾਰਯੋਗ ਸਾਰੇ ਮੈਂਬਰ ਸਾਹਿਬਾਨ ਦਾ, ਜਿਨ੍ਹਾਂ ਨੇ ਸਾਡੇ ਪੰਜਾਬ ਦੇ ਵਿੱਚ ਨੌਜਵਾਨ ਪੀੜ੍ਹੀ ਨਾਲ ਸਬੰਧਤ ਜੋ ਇਹ ਰੈਜ਼ੋਲਿਊਸ਼ਨ ਹੈ, ਉਸ ਦੇ ਉਪਰ ਆਪਣੀ ਬਹੁਤ ਹੀ ਸੰਜੀਦਗੀ ਦਿਖਾਈ ਹੈ ਅਤੇ ਪਾਰਟੀ ਪੱਧਰ ਤੋਂ ਉਪਰ ਉਠ ਕੇ ਨੌਜਵਾਨਾਂ ਦੀ ਸਭ ਤੋਂ ਵੱਡੀ ਜੋ ਬਿਮਾਰੀ, ਜੋ ਲਾਹਣਤ ਬੇਰੁਜ਼ਗਾਰੀ ਦੀ ਸਾਨੂੰ ਚਿੰਬੜੀ ਹੈ, ਉਸ ਨੂੰ ਲਾਹੁਣ ਵਾਸਤੇ ਇੱਕ ਮੁੱਠ ਹੋ ਕੇ ਅੱਜ ਇਸ ਪਵਿੱਤਰ ਸਦਨ ਵਿੱਚ ਗੱਲ ਕੀਤੀ ਜਾ ਰਹੀ ਹੈ। ਸਤਿਕਾਰਯੋਗ ਚੇਅਰਮੈਨ ਸਾਹਿਬ, ਅੱਜ ਇਹ ਜੋ ਰੈਜ਼ੋਲਿਊਸ਼ਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਪਵਿੱਤਰ ਸਦਨ ਵਿੱਚ ਲਿਆਂਦਾ ਗਿਆ ਹੈ, ਉਸ ਦੇ ਪਿੱਛੇ ਕਿਸੇ ਕਿਸਮ ਦਾ ਕੋਈ ਸਿਆਸੀ ਮਕਸਦ ਨਹੀਂ ਹੈ। ਬਹੁਤ ਗਹਿਰਾਈ ਤੱਕ ਸੋਚਣ ਦੀ ਲੋੜ ਹੈ ਕਿ ਇਸ ਦੀ ਲੋੜ ਕਿਉਂ ਪਈ ? ਕਿਉਂਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਹੀ ਡੈਮੋਕਰੇਸੀ ਵਿੱਚ, ਜਮਹੂਰੀਅਤ ਵਿੱਚ ਵਿਸ਼ਵਾਸ ਰੱਖਦਾ ਹੈ ਤਾਂ ਕਿ ਆਪੋਜੀਸ਼ਨ ਦੇ ਵਿੱਚ ਚੰਗੇ ਤਰੀਕੇ ਦੇ ਨਾਲ ਹਰ ਪੱਖ ਤੋਂ ਰੋਲ ਅਦਾ ਕੀਤਾ ਜਾ ਸਕੇ। ਆਪਣੀ ਜ਼ਿੰਮੇਵਾਰੀ ਸਮਝਦਿਆਂ ਹੋਇਆਂ, ਇਸ ਮਹਿਕਮੇ ਨਾਲ ਸਬੰਧਤ ਮਾਨਯੋਗ ਮੰਤਰੀ ਸਾਹਿਬ ਵੀ ਇਸ ਹਾਊਸ ਵਿੱਚ ਬਿਰਾਜਮਾਨ ਹਨ, ਸਾਰੇ ਮੈਂਬਰ ਸਾਹਿਬਾਨ ਇਸ ਗੱਲ ਨੂੰ ਮੰਨਣ ਨੂੰ ਤਿਆਰ ਹਨ ਕਿ ਬੇਰੁਜ਼ਗਾਰੀ ਬਹੁਤ ਬੁਰੀ ਤਰ੍ਹਾਂ ਨਾਲ ਸਾਡੇ ਨੌਜਵਾਨਾਂ ਨੂੰ ਚਿੰਬੜੀ ਹੋਈ ਹੈ। ਭਵਿੱਖ ਵਿੱਚ ਇਸ ਦੀ ਹੋਰ ਵੀ ਮਾੜੀ ਹਾਲਤ ਹੁੰਦੀ ਜਾਵੇਗੀ। ਟੈਕਨੀਕਲ ਐਜੂਕੇਸ਼ਨ ਦੇ ਮੁੱਦੇ ਉਪਰ ਅੱਜ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ, ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਤਾਂ ਕਿ ਉਹ ਟੈਕਨੀਕਲ ਐਜੂਕੇਸ਼ਨ ਨਾਲ ਸਬੰਧਤ ਪੜ੍ਹਾਈ ਲਿਖਾਈ ਵੱਧ ਤੋਂ ਵੱਧ ਅਤੇ ਚੰਗੇ ਤਰੀਕੇ ਨਾਲ ਕਰਨ, ਤਾਂ ਕਿ ਉਨ੍ਹਾਂ ਨੂੰ ਸਵੈ-ਰੁਜ਼ਗਾਰ ਦੇ ਮੌਕੇ ਆਉਣ ਵਾਲੇ ਸਮੇਂ ਵਿੱਚ ਹੋਰ ਮੁਹੱਈਆ ਹੋ ਸਕਣ। ਸਰਕਾਰ ਕੋਈ ਹੋਵੇ ਪਰ ਜਿੰਨੀ ਵੱਡੀ ਤਾਦਾਦ ਵਿੱਚ ਇਸ ਵੇਲੇ ਬੇਰੁਜ਼ਗਾਰਾਂ ਦੀ ਗਿਣਤੀ ਹੈ, ਉਨ੍ਹਾਂ ਨੂੰ ਨੌਕਰੀ ਦੇਣ ਦਾ ਸਵਾਲ ਬਹੁਤ ਵੱਡਾ ਪਹਾੜ ਬਣਿਆ ਹੋਇਆ ਹੈ, ਚਾਹੇ ਕੋਈ ਸਿਆਸੀ ਪਾਰਟੀ ਹੋਵੇ। ਇਥੇ ਲੋਨ ਦੇਣ ਵਾਸਤੇ ਇਸ ਰੈਜ਼ੋਲਿਊਸ਼ਨ ਵਿੱਚ ਕਿਉਂ ਗੱਲ ਕੀਤੀ ਗਈ ? ਇਸ ਦਾ ਸਭ ਤੋਂ ਵੱਡਾ ਕਾਰਨ, ਮਾਨਯੋਗ ਚੇਅਰਮੈਨ ਸਾਹਿਬ, ਇਹ ਹੈ ਕਿ, ਹੋ ਸਕਦਾ ਹੈ ਕਿ ਮੈਂ ਗਲਤ ਹੋਵਾਂ, ਲੇਕਿਨ ਜੋ ਪਿਛਲੇ ਅੰਕੜੇ ਸਾਨੂੰ ਦੱਸਦੇ ਹਨ, ਪਿਛਲੇ ਸਮੇਂ ਦੇ ਆਈ.ਟੀ.ਆਈ. ਡਿਪਲੋਮਾ ਅਤੇ ਡਿਗਰੀ ਇੰਜੀਨੀਅਰਿੰਗ ਕਾਲਜਾਂ ਵਿੱਚ 1000 ਤੋਂ ਵੱਧ ਸੀਟਾਂ ਖਾਲੀ ਗਈਆਂ ਹਨ। ਇਸ ਦਾ ਕੀ ਕਾਰਨ ਹੈ, ਇਹ ਕਿਉਂ ਖਾਲੀ ਗਈਆਂ ਹਨ ? ਇਹ ਨਹੀਂ ਕਿ ਇਹ ਰਿਜ਼ਰਵ ਕੋਟੇ ਦੀਆਂ ਸੀਟਾਂ ਖਾਲੀ ਗਈਆਂ ਹਨ, ਕਈ ਸਪੋਰਟਸਮੈਨ, ਕਈ ਐਕਸ-ਸਰਵਿਸਮੈਨ ਦੀਆਂ ਤੇ ਕਈ ਸ਼ਡਿਊਲਡ ਕਾਸਟਸ ਔਰ ਬੈਕਵਰਡ ਕਲਾਸਿਜ਼ ਦੀਆਂ ਹੀ ਸੀਟਾਂ ਖਾਲੀ ਗਈਆਂ

Original with;
Punjab Vidhan Sabha
Digitized by;

ਹਨ ਸਗੋਂ ਕਈ ਜਨਰਲ ਸੀਟਾਂ ਵੀ ਵੱਡੀ ਮਾਤਰਾ ਦੇ ਵਿੱਚ ਖਾਲੀ ਗਈਆਂ ਹਨ। ਟੈਕਨੀਕਲ ਐਜੂਕੇਸ਼ਨ ਅਜਿਹੀ ਐਜੂਕੇਸ਼ਨ ਹੈ ਜਿਸ ਦੇ ਤਹਿਤ ਆਉਣ ਵਾਲੇ ਨੌਜਵਾਨ ਬੱਚੇ ਬਚੀਆਂ ਨੂੰ ਅਸੀਂ ਨੌਕਰੀ ਦਿਵਾ ਸਕਦੇ ਹਾਂ, ਉਹ ਨੌਕਰੀ ਲੈ ਸਕਦੇ ਹਨ, ਆਪਣੇ ਕੰਮ ਕਾਰ ਕਰ ਸਕਦੇ ਹਨ। ਕੀ ਕਾਰਨ ਹੈ ਕਿ ਉਹ ਇਹ ਪੜ੍ਹਾਈ ਨਹੀਂ ਲੈ ਸਕਦੇ ? ਇਹ ਤਾਂ ਨਹੀਂ ਹੋ ਸਕਦਾ ਕਿ ਸਾਡੇ ਪੰਜਾਬ ਦੇ ਵਿੱਚ ਕਾਬਲ ਬੱਚੇ ਹੀ ਖਤਮ ਹੋ ਗਏ ਹਨ ਜਿਨ੍ਹਾਂ ਦੇ ਕੋਲੋਂ ਇਹ ਟੈਸਟ ਕੁਆਲੀਫਾਈ ਨਹੀਂ ਹੁੰਦੇ ਤੇ ਕਾਲਜਾਂ ਦੇ ਵਿੱਚ ਐਡਮਿਸ਼ਨ ਨਹੀਂ ਲੈ ਸਕਦੇ। ਅਸਲੀਅਤ ਇਹ ਹੈ ਕਿ ਅੱਜ ਇਹ ਪੜ੍ਹਾਈ ਇੰਨੀ ਮਹਿੰਗੀ ਹੋ ਚੁੱਕੀ ਹੈ ਕਿ ਕੋਈ ਵੀ ਮਾਂ ਪਿਉ ਚਾਹੇ ਉਹ ਕਿਸ ਵੀ ਵਰਗ ਦੇ ਨਾਲ ਸਬੰਧ ਰੱਖਦਾ ਹੋਵੇ, ਉਹ ਅੱਜ ਇੰਨੀ ਮਹਿੰਗੀ ਟੈਕਨੀਕਲ ਐਜੂਕੇਸ਼ਨ ਦੇ ਨਹੀਂ ਸਕਦਾ। ਚਾਹੇ ਪੰਜਾਬ ਦੇ ਵਿੱਚ ਆਈ.ਟੀ.ਆਈ ਦੀ ਗੱਲ ਹੈ, ਚਾਹੇ ਡਿਪਲੋਮੇ ਦੀ ਗੱਲ ਹੈ, ਚਾਹੇ ਇੰਜੀਨੀਅਰਿੰਗ ਦੀ ਜਾਂ ਫਿਰ ਫਾਰਮੇਸੀ ਦੀ ਗੱਲ ਹੈ, ਜਾਂ ਡੈਂਟਲ ਪੜ੍ਹਾਈ ਦੀ ਗੱਲ ਹੋਵੇ ਅੱਜ ਉਹ ਇਹ ਮਹਿੰਗੀ ਪੜ੍ਹਾਈ ਨਹੀਂ ਕਰਵਾ ਸਕਦੇ, ਇਸ ਦਾ ਖਰਚਾ ਨਹੀਂ ਚੁੱਕ ਸਕਦੇ। ਇਸ ਕਰਕੇ ਇਹ ਜਿਹੜਾ ਇਜ਼ੀ ਲੋਨ ਵਾਲਾ ਮੁੱਦਾ ਹੈ, ਇਸ ਦੇ ਉਤੇ ਬੜੇ ਹੀ ਧਿਆਨ ਦੇ ਨਾਲ ਵਿਚਾਰ ਕਰਨ ਦੀ ਲੋੜ ਹੈ ਤੇ ਇਸ ਤੇ ਫੈਸਲਾ ਕਰਨ ਦੀ ਲੋੜ ਹੈ। ਮੈਂ ਪੰਜਾਬ ਸਰਕਾਰ ਨੂੰ ਗੁਜ਼ਾਰਿਸ਼ ਕਰਾਂਗਾ ਕਿ ਉਹ ਕ੍ਰਿਪਾ ਕਰਕੇ ਨੌਜਵਾਨ ਪੀੜ੍ਹੀ ਦੇ ਲਈ ਕਿਸੇ ਨਾ ਕਿਸੇ ਤਰੀਕੇ ਦੇ ਨਾਲ ਹੱਲ ਲੱਭੇ। ਇੰਜੀਨੀਅਰਿੰਗ ਕਾਲਜ ਬਣਾ ਦਿੱਤੇ ਹਨ, ਟੈਕਨੀਕਲ ਯੂਨੀਵਰਸਿਟੀ ਬਣਾ ਦਿੱਤੀ ਹੈ, ਡਿਪਲੋਮਾ ਕਾਲਜ ਵੀ ਬਹੁਤ ਖੋਲ੍ਹੇ ਗਏ ਹਨ ਇਹ ਹੋਰ ਵੀ ਖੋਲ੍ਹਣੇ ਚਾਹੀਦੇ ਹਨ ਪਰ ਇਸ ਦੇ ਨਾਲ ਨਾਲ ਇਹ ਵੀ ਸੋਚਣ ਦੀ ਲੋੜ ਹੈ ਕਿ ਇਹ ਸੀਟਾਂ ਕਿਉਂ ਖਾਲੀ ਪਈਆਂ ਹਨ ? ਮਾਨਯੋਗ ਚੇਅਰਮੈਨ ਸਾਹਿਬ, ਤੁਸੀਂ ਇੱਕ ਤੱਥ ਨੂੰ ਸੁਣ ਕੇ ਹੈਰਾਨ ਰਹਿ ਜਾਵੋਂਗੇ ਕਿ ਸਾਰੀਆਂ ਸੀਟਾਂ ਜਿਹੜੀਆਂ ਖਾਲੀ ਗਈਆਂ ਹਨ ਉਹ ਸਾਰੀਆਂ ਪੇਡ ਸੀਟਾਂ ਹੀ ਖਾਲੀ ਗਈਆਂ ਹਨ ਤੇ ਜਿਹੜੀਆਂ ਫਰੀ ਸੀਟਾਂ ਹਨ ਉਹ ਸਾਰੀਆਂ ਦੀਆਂ ਸਾਰੀਆਂ ਮੁਕੰਮਲ ਤੌਰ ਤੇ ਭਰੀਆਂ ਗਈਆਂ ਹਨ। ਲੇਕਿਨ ਜਿੰਨੀਆਂ ਵੀ ਪੇਮੈਂਟ ਵਾਲੀਆਂ ਸੀਟਾਂ ਸਨ ਉਹ ਵਖ ਵਖ ਅਦਾਰਿਆਂ ਦੇ ਵਿਚ 1000 ਤੋਂ ਲੈ ਕੇ 1500 ਤੱਕ ਖਾਲੀ ਗਈਆਂ ਹਨ ਕਿਉਂਕਿ ਨੌਜਵਾਨ ਏਨਾ ਜ਼ਿਆਦਾ ਪੈਸਾ ਨਹੀਂ ਦੇ ਸਕਦੇ, ਚਾਹੇ ਉਹ ਕਿਸੇ ਵੀ ਵਰਗ ਦੇ ਨਾਲ ਸਬੰਧ ਰੱਖਦੇ ਹੋਣ। ਇਸ ਲਈ ਇਹ ਜ਼ਰੂਰੀ ਹੈ, ਜਿਸ ਤਰ੍ਹਾਂ ਪ੍ਰਾਈਵੇਟ ਕਾਲਜਾਂ ਵਾਲੇ ਕਰਦੇ ਹਨ ਕਿ ਉਹ ਬਕਾਇਦਾ ਤੌਰ ਤੇ ਉਤੇ ਜਾਬ ਐਸ਼ੋਰੈਂਸ ਦਿੰਦੇ ਹਨ ਕਿ ਤੁਸੀਂ ਜੇਕਰ ਇਹ ਕੋਰਸ ਕਰੋਗੇ ਤਾਂ ਤੁਹਾਨੂੰ ਬੈਂਕ ਤੋਂ ਲੋਨ ਵੀ ਲੈ ਕੇ ਦੇਵਾਂਗੇ ਤੇ ਤੁਹਾਡੀ ਨੌਕਰੀ ਵੀ ਪੱਕੀ ਹੋਵੇਗੀ, ਇਸ ਨੂੰ ਜਾਬ ਐਂਸ਼ੋਰੈਂਸ ਕਹਿੰਦੇ ਹਨ। ਜਿਥੇ ਇਸ ਵੇਲੇ ਪ੍ਰਾਈਵੇਟ ਇੰਜੀਨੀਅਰਿੰਗ ਕਾਲਜ ਜਾਂ ਡਿਪਲੋਮਾ ਕਾਲਜ ਜਿਹੜੇ ਕਿ ਪੰਜਾਬ ਯੂਨੀਵਰਸਿਟੀ ਦੇ ਨਾਲ ਐਫੀਲੀਏਟਿਡ ਹਨ ਉਨ੍ਹਾਂ ਨੇ ਆਪਣੇ ਦੋ ਦੋ, ਤਿੰਨ ਤਿੰਨ, ਚਾਰ ਚਾਰ ਫੈਕਲਟੀ ਮੈਂਬਰ, ਸਟਾਫ਼ ਦੇ ਮੈਂਬਰ ਇਸ ਕੰਮ ਦੇ ਲਈ ਲਗਾਏ ਹੋਏ ਹਨ ਕਿ ਜਿਹੜੇ ਬੱਚੇ ਡਿਗਰੀਆਂ ਕਰ ਰਹੇ

Original with;
Punjab Vidhan Sabha
Digitized by;

[ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ]

ਹਨ ਜਾਂ ਡਿਪਲੋਮਾ ਕਰ ਰਹੇ ਹਨ ਉਨ੍ਹਾਂ ਦੇ ਇਹ ਕੋਰਸ ਖਤਮ ਹੋਣ ਤੋਂ ਪਹਿਲਾਂ ਪਹਿਲਾਂ ਉਨ੍ਹਾਂ ਦੀ ਨੌਕਰੀ ਦਾ ਪ੍ਰਬੰਧ ਕਰਕੇ ਬੱਚਿਆਂ ਨੂੰ ਨੌਕਰੀ ਦਿਵਾਈ ਜਾਵੇ ਕਿਉਂਕਿ ਉਨ੍ਹਾਂ ਨੇ ਆਉਣ ਵਾਲੇ ਸਮੇਂ ਦੇ ਵਿੱਚ ਆਪਣੇ ਕਾਲਜਾਂ ਦੇ ਵਿੱਚ ਵਧ ਬੱਚਿਆਂ ਦੀ ਭਰਤੀ ਕਰਨੀ ਹੁੰਦੀ ਹੈ। ਸੋ, ਇਸ ਕਰਕੇ ਇਹ ਜ਼ਰੂਰੀ ਹੈ ਕਿ ਸਾਡੇ ਸਰਕਾਰੀ ਡਿਪਲੋਮਾ ਕਾਲਜ, ਆਈ.ਟੀ.ਆਈ. ਜਾਂ ਡਿਗਰੀ ਕਾਲਜ ਜੋ ਚਲ ਰਹੇ ਹਨ ਉਨ੍ਹਾਂ ਵਲੋਂ ਵੀ ਕੋਈ ਇਸ ਤਰ੍ਹਾਂ ਦਾ ਸਿਸਟਮ ਤਿਆਰ ਕੀਤਾ ਜਾਵੇ ਤੇ ਇਸ ਦੇ ਨਾਲ ਕੋਈ ਖਾਸ ਫਾਈਨਾਂਸ਼ੀਅਲ ਬਰਡਨ ਵੀ ਨਹੀਂ ਪੈਣੀ ਹੈ। ਸਾਡੇ ਕੋਲ ਸਟਾਫ ਵੀ ਹੈ, ਸਾਡੇ ਕੋਲ ਇਨਫਰਾਸਟ੍ਰਕਚਰ ਵੀ ਹੈ, ਸਾਡੇ ਕੋਲ ਮੁੱਢਲੇ ਸੋਰਸਿਜ਼ ਵੀ ਹਨ ਜਿਸ ਦੇ ਨਾਲ ਅਸੀਂ ਬਾਹਰਲੀਆਂ ਕੰਪਨੀਆਂ ਦੇ ਨਾਲ ਜਾ ਕੇ ਗੱਲਬਾਤ ਵੀ ਕਰ ਸਕਦੇ ਹਾਂ ਤਾਂਕਿ ਸਾਡੇ ਜੋ ਸਰਕਾਰੀ ਕਾਲਜ ਹਨ ਉਨ੍ਹਾਂ ਦੇ ਵਿਚ ਜੋ ਬੱਚੇ ਪੜ੍ਹ ਰਹੇ ਹਨ ਤੇ ਦੂਜੇ ਪਾਸੇ ਜੋ ਪ੍ਰਾਈਵੇਟ ਕਾਲਜਾਂ ਦੇ ਵਿਚ ਬੱਚੇ ਪੜ੍ਹ ਰਹੇ ਹਨ, ਜੇਕਰ ਸਰਕਾਰੀ ਕਾਲਜਾਂ ਦੇ ਬੱਚਿਆਂ ਲਈ ਚੰਗਾ ਤਰੀਕਾ ਤਿਆਰ ਕਰ ਲਿਆ ਜਾਵੇ ਤਾਂ ਉਹ ਬੱਚੇ ਵੀ ਪ੍ਰਾਈਵੇਟ ਕਾਲਜਾਂ ਦੇ ਬੱਚਿਆਂ ਵਾਂਗ ਨੌਕਰੀ ਪ੍ਰਾਪਤ ਕਰ ਸਕਦੇ ਹਨ। ਇਸ ਤਰ੍ਹਾਂ ਜਾਬ ਐਸ਼ੋਰੈਂਸ ਵੀ ਪੰਜਾਬ ਸਰਕਾਰ ਨੂੰ ਦਿੱਤੀ ਜਾਣੀ ਚਾਹੀਦੀ ਹੈ ਔਰ ਮੈਨੂੰ ਆਸ ਹੈ ਕਿ ਸਰਕਾਰ ਇਸ ਦੇ ਉਤੇ ਜ਼ਰੂਰ ਵਿਚਾਰ ਕਰੇਗੀ।

ਗੱਲ ਕੀਤੀ ਗਈ ਇਨਫਰਮੇਸ਼ਨ ਟੈਕਨਾਲੋਜੀ ਦੀ। ਚੇਅਰਮੈਨ ਸਾਹਿਬ, ਇਹ ਨਾ ਸਮਝ ਲਿਆ ਜਾਵੇ ਕਿ ਮੈਂ ਕੋਈ ਸਿਆਸੀ ਗੱਲ ਕਰਨ ਲੱਗਾ ਹਾਂ। ਪਰ ਅਸਲੀਅਤ ਇਹ ਹੈ ਕਿ ਕੋਈ ਵੀ ਸਰਕਾਰ ਚਾਹੇ ਕਿਸੇ ਪਾਰਟੀ ਦੀ ਹੋਵੇ ਲੇਕਿਨ ਜੋ ਕੰਮਾਂ ਦੀ ਸ਼ੁਰੂਆਤ ਕੀਤੀ ਜਾਂਦੀ ਹੈ, ਜੋ ਚੰਗੇ ਕੰਮ ਕੀਤੇ ਜਾਣ, ਜਿਨ੍ਹਾਂ ਦਾ ਫਾਇਦਾ ਸਮੁਚੇ ਪੰਜਾਬ ਨੂੰ ਹੋਣਾ ਹੈ, ਉਨ੍ਹਾਂ ਕੰਮਾਂ ਨੂੰ ਅੱਗੇ ਵਧਾਉਣਾ ਅਗਲੀ ਸਰਕਾਰ ਦਾ ਜ਼ਿੰਮਾ ਹੁੰਦਾ ਹੈ। ਮੇਰੇ ਸਤਿਕਾਰਯੋਗ ਐਮ.ਐਲ.ਏ. ਸਾਹਿਬਾਨ ਨੇ ਗੱਲ ਕੀਤੀ ਹੈ ਸਾਫਟਵੇਅਰ ਟੈਕਨਾਲੋਜੀ ਪਾਰਕ ਦੀ। ਮੈਨੂੰ ਉਹ ਵੇਲਾ ਯਾਦ ਹੈ ਜਦੋਂ ਪਿਛਲੀ ਸਰਕਾਰ ਵਲੋਂ ਇਸ ਪੰਜਾਬ ਦੇ ਵਿਚ ਬੜੀ ਜਦੋ ਜਹਿਦ ਦੇ ਨਾਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਬੜੀਆਂ ਲੜਾਈਆਂ ਲੜ ਕੇ ਸਾਫਟਵੇਅਰ ਟੈਕਨਾਲੋਜੀ ਪਾਰਕ ਇਥੇ ਲਿਆਂਦਾ। ਜਦੋਂ ਇਹ ਸਾਫਟਵੇਅਰ ਟੈਕਨਾਲੋਜੀ ਪਾਰਕ ਯੂ.ਪੀ., ਹਰਿਆਣਾ ਰਾਜਸਥਾਨ ਅਤੇ ਚੰਡੀਗੜ੍ਹ ਐਡਮਨਿਸਟਰੇਸ਼ਨ ਦੇ ਵਿਚ ਜਾ ਰਿਹਾ ਸੀ, ਲੇਕਿਨ ਉੱਤਰੀ ਭਾਰਤ ਦੇ ਵਿਚ ਪਹਿਲਾ ਸਾਫਟਵੇਅਰ ਟੈਕਨਾਲੋਜੀ ਪਾਰਕ ਜੋ ਲੱਗਿਆ ਸੀ, ਉਹ ਮੋਹਾਲੀ ਦੇ ਵਿਚ ਲੱਗਿਆ ਹੈ। ਇਹ ਸਾਫਟਵੇਅਰ ਟੈਕਨਾਲੋਜੀ ਪਾਰਕ ਹੈਦਰਾਬਾਦ, ਚੇਨਈ ਅਤੇ ਮੱਧ ਪ੍ਰਦੇਸ਼ ਨਾਲੋਂ ਕਿਤੇ ਵਧੀਆ ਇੱਥੇ ਲਿਆਂਦਾ ਗਿਆ। ਇਸ ਗੱਲ ਦੀ ਖੁਸ਼ੀ ਸਮੁੱਚਾ ਸਦਨ ਮਹਿਸੂਸ ਕਰੇਗਾ ਕਿ ਇੱਥੇ ਬਹੁਤ ਵੱਡੀਆਂ ਕੰਪਨੀਆਂ ਲਿਆਂਦੀਆਂ ਗਈਆਂ ਸਨ। ਬਹੁਤ ਵੱਡੇ ਕੰਮ ਇੱਥੇ ਸ਼ੁਰੂ ਕੀਤੇ ਗਏ ਸਨ। ਮੈਨੂੰ ਪੂਰਨ ਆਸ ਹੈ ਕਿ ਇੱਥੇ ਪੰਜਾਬ ਸਰਕਾਰ ਬੈਠੀ ਹੈ, ਸਤਿਕਾਰਯੋਗ ਮਨਿਸਟਰ ਸਾਹਿਬਾਨ ਤੇ ਐਮ.ਐਲ.ਏ. ਸਾਹਿਬਾਨ ਬੈਠੇ ਹਨ, ਉਨ੍ਹਾਂ ਵਲੋਂ ਇਸ ਗੱਲ ਨੂੰ ਹੋਰ ਚੰਗੇ ਤਰੀਕੇ ਨਾਲ ਤਵੱਜੋਂ ਦੇ ਕੇ ਹੋਰ ਅੱਗੇ ਲਿਆਂਦਾ ਜਾਵੇਗਾ। ਅਸੀਂ ਹੋਰ ਮੁਲਕਾਂ ਜਿਵੇਂ ਅਮਰੀਕਾ, ਕੈਨੇਡਾ ਤੇ ਇੰਗਲੈਂਡ

Original with;
Punjab Vidhan Sabha
Digitized by;

ਆਦਿ ਵਿਚ ਜਾ ਕੇ ਵੇਖਿਆ ਹੈ ਕਿ ਜੇ ਉਥੇ ਟੈਕਨਾਲੋਜੀ ਦੇ ਫੀਲਡ ਦੇ ਵਿਚ ਕੋਈ ਵਾਈਸ ਪ੍ਰੈਜ਼ੀਡੈਂਟ, ਚੇਅਰਮੈਨ ਜਾਂ ਹੈਡ ਆਫ ਦਿ ਡਿਪਾਰਟਮੈਂਟ ਲੱਭਦਾ ਹੈ, ਤਾਂ ਉਹ ਪੰਜਾਬ ਦੇ ਨਾਲ ਸਬੰਧਤ ਹੀ ਮਿਲਦਾ ਹੈ। ਉਥੇ ਕੰਮ ਕਰਨ ਵਾਲਾ ਮੱਧ ਪ੍ਰਦੇਸ਼ ਦਾ ਹੋਵੇਗਾ ਲੇਕਿਨ ਉਸ ਡਿਪਾਰਟਮੈਂਟ ਦਾ ਹੈੱਡ ਪੰਜਾਬੀ ਹੀ ਮਿਲਦਾ ਹੈ। ਇਸ ਕਰਕੇ ਮੈਂ ਇਸ ਰੈਜ਼ੋਲਿਊਸ਼ਨ ਦੇ ਤਹਿਤ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਸਾਡੇ ਕੋਲ ਇਨਫਰਮੇਸ਼ਨ ਟੈਕਨਾਲੋਜੀ ਦੀਆਂ ਸਾਰੀਆਂ ਸਹੂਲਤਾਂ ਅਵੇਲੇਬਲ ਹਨ। ਪਿਛਲੀ ਸਰਕਾਰ ਨੇ ਇਨਫਰਮੇਸ਼ਨ ਟੈਕਨਾਲੋਜੀ ਦੇ ਤਹਿਤ ਪੰਜਾਬ ਦੇ ਨੌਜਵਾਨਾਂ ਨੂੰ ਐਜੂਕੇਸ਼ਨ ਹੀ ਨਹੀਂ ਬਲਕਿ ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀ ਦੇਣ ਵਾਸਤੇ, ਨਿੱਜੀ ਪੱਧਰ ਤੇ ਆਪਣੇ ਬਿਜ਼ਨਸ ਸ਼ੁਰੂ ਕਰਨ ਵਾਸਤੇ ਵੀ ਯੋਗ ਬਣਾਇਆ ਸੀ ਅਤੇ ਪੰਜਾਬ ਐਡਵੈਂਚਰ ਕੈਪੀਟਲ ਵੀ ਬਣਾਇਆ ਗਿਆ ਸੀ ਤਾਂ ਕਿ ਸਕੂਲ, ਕਾਲਜ ਤੇ ਆਈ.ਟੀ. ਆਈਜ਼ ਖੁੱਲ੍ਹ ਸਕਣ। ਘਰਾਂ ਦੇ ਵਿਚ ਛੋਟੀਆਂ-ਛੋਟੀਆਂ ਇੰਡਸਟਰੀਜ਼ ਵੀ ਖੁਲ੍ਹ ਸਕਣ। ਪਰ ਅੱਜ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬ ਦੀ ਇੰਡਸਟਰੀ ਦਾ ਪਤਾ ਨਹੀਂ ਕੀ ਹਾਲ ਹੋਵੇਗਾ। ਇਸ ਨੂੰ ਸੰਭਾਲਣ ਦੀ ਲੋੜ ਹੈ ਤੇ ਅੱਗੇ ਲਿਜਾਣ ਦੀ ਲੋੜ ਹੈ। 50% ਤਾਂ ਗੌਰਮਿੰਟ ਆਫ ਇੰਡੀਆਂ ਦੇ ਪੈਸੇ ਵੀ ਪਾਏ ਹੋਏ ਹਨ ਅਤੇ ਪੰਜਾਬ ਸਰਕਾਰ ਨੇ ਵੀ ਪੈਸੇ ਪਾਏ ਹੋਏ ਹਨ। ਇਹੋ ਜਿਹੇ ਫਾਈਨਾਂਸ਼ੀਅਲ ਰਿਸੋਰਸਿਜ਼ ਜੋ ਪਹਿਲਾਂ ਹੀ ਮੌਜੂਦ ਹਨ, ਉਨ੍ਹਾਂ ਵਿਚ ਨਵਾਂ ਫਾਈਨਾਂਸ਼ੀਅਲ ਬਰਡਨ ਪਾ ਕੇ ਪੰਜਾਬ ਸਰਕਾਰ ਕਰਜ਼ੇ ਲੈ ਸਕਦੀ ਹੈ ਜਿਸ ਦੇ ਨਾਲ ਪੰਜਾਬ ਦੇ ਵਿਚ ਰਹਿਣ ਵਾਲਾ ਨੌਜਵਾਨ, ਹਰ ਵਰਗ ਦਾ ਬੱਚਾ ਚੰਗੀ ਪੜ੍ਹਾਈ ਅਤੇ ਨੌਕਰੀ ਬਾਹਰ ਜਾ ਕੇ ਲੈ ਸਕਦਾ ਹੈ ਅੋਰ ਉਥੇ ਰਹਿ ਕੇ ਵੀ ਆਪਣੇ ਇੱਥੇ ਚੰਗੇ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾ ਸਕਦੇ ਹਨ। ਮੈਂ ਉਮੀਦ ਕਰਦਾ ਹੀ ਕਿ ਅੱਜ ਸਮੁੱਚਾ ਸਦਨ ਇਸ ਰੈਜ਼ੋਲਿਊਸ਼ਨ ਦੇ ਤਹਿਤ ਬੋਲ ਕੇ ਇਸ ਰੈਜ਼ੋਲਿਊਸ਼ਨ ਨੂੰ ਪਾਸ ਕਰੇਗਾ ਅਤੇ ਪੰਜਾਬ ਸਰਕਾਰ ਇਸ ਗੱਲ ਨੂੰ ਬਹੁਤ ਵਧੀਆ ਤਰੀਕੇ ਨਾਲ ਸੋਚੇਗੀ। ਮੈਨੂੰ ਆਸ ਹੈ ਕਿ ਆਪੋਜ਼ੀਸ਼ਨ ਵਲੋਂ ਵਧਾਏ ਹੋਏ ਚੰਗੇ ਕਦਮ ਨੂੰ ਚੰਗਾ ਕਰਾਰ ਦੇ ਕੇ ਉਸ ਹਰ ਮੁੱਦੇ ਦਾ, ਉਸ ਹਰ ਗੱਲ ਦਾ ਜਿਸ ਦਾ ਸਬੰਧ ਪੰਜਾਬ ਦੇ ਲੋਕਾਂ ਨਾਲ ਹੋਵੇ, ਕਿਸੇ ਵੀ ਵਰਗ ਦੇ ਲੋਕਾਂ ਨਾਲ ਹੋਵੇ, ਕਿਸੇ ਵੀ ਐਸੇ ਸੰਜੀਦਾ ਮਸਲੇ ਨਾਲ ਹੋਵੇ, ਪੰਜਾਬ ਸਰਕਾਰ ਇਸ ਗੱਲ ਨੂੰ ਚੰਗੇ ਤਰੀਕੇ ਨਾਲ ਸੋਚੇਗੀ। ਆਪੋਜ਼ੀਸ਼ਨ ਪੰਜਾਬ ਦੀ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਅੱਗੇ ਲੱਗੇ ਭਾਵੇਂ ਪਿੱਛੇ ਲੱਗੇ, ਅਸੀਂ ਹਰ ਤਰੀਕੇ ਨਾਲ ਸਹਿਯੋਗ ਕਰਨ ਨੂੰ ਤਿਆਰ ਹਾਂ, ਜਿਸ ਤਰੀਕੇ ਨਾਲ ਵੀ ਸਰਕਾਰ ਸਹਿਯੋਗ ਲੈਣਾ ਚਾਹਵੇ। ਉਨ੍ਹਾਂ ਨੂੰ ਆਪਣਾ ਹੱਥ ਅੱਗੇ ਵਧਾਉਣ ਦੀ ਲੋੜ ਹੈ। ਅਸੀਂ ਰੈਜ਼ੋਲਿਊਸ਼ਨ ਦੇ ਤਹਿਤ ਕੋਸ਼ਿਸ਼ ਕੀਤੀ ਹੈ ਕਿ ਪੰਜਾਬ ਸਰਕਾਰ ਨੂੰ ਜੋ ਆਪਣੀਆਂ ਚੰਗੀਆਂ ਗੱਲਾਂ ਤੇ ਚੰਗੀਆਂ ਕਾਰਗੁਜ਼ਾਰੀਆਂ ਆਪਣੇ ਵਲੋਂ ਅਸੀਂ ਪੇਸ਼ ਕਰ ਸਕਦੇ ਹਾਂ, ਅੱਜ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਪਵਿੱਤਰ ਸਦਨ ਦੇ ਵਿਚ ਸਤਿਕਾਰਯੋਗ ਮਨਿਸਟਰ ਸਾਹਿਬਾਨ ਵੀ ਬੈਠੇ ਹਨ, ਅਸੀਂ ਜਿਹੜੀ ਇਹ ਕੋਸ਼ਿਸ਼ ਕੀਤੀ ਹੈ, ਉਹ ਵੀ ਇਸ ਗੱਲ ਨੂੰ ਸਮਝਦੇ ਹਨ ਕਿ ਇਸ

Original with;
Punjab Vidhan Sabha
Digitized by;

[ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ]

ਰੈਜ਼ੋਲਿਊਸ਼ਨ ਦਾ ਸਬੰਧ ਸਾਡੀ ਨੌਜਵਾਨ ਪੀੜ੍ਹੀ ਦੇ ਨਾਲ ਹੈ। ਪੰਜਾਬ ਦੇ ਆਉਣ ਵਾਲੇ ਭਵਿੱਖ ਦੇ ਨਾਲ ਹੈ। ਇਹ ਸਮੁੱਚਾ ਸਦਨ ਮੈਨੂੰ ਆਸ ਹੈ ਕਿ ਸਾਡੇ ਸਤਿਕਾਰਯੋਗ ਸਾਥੀ, ਸਤਿਕਾਰਯੋਗ ਮੈਂਬਰ ਸਾਹਿਬਾਨ ਪੂਰੀ ਤਵੱਜੋਂ ਦੇ ਕੇ, ਏਕਤਾ ਦਾ ਸਬੂਤ ਦੇ ਕੇ ਇਸ ਨੌਜਵਾਨ ਪੀੜ੍ਹੀ ਨੂੰ ਆਪਣਾ ਆਸ਼ੀਰਵਾਦ ਦੇਣਗੇ ਅਤੇ ਆਪਣੀ ਅਸੀਸ ਦੇਣਗੇ ਤਾਂ ਕਿ ਆਉਣ ਵਾਲੇ ਸਮੇਂ ਵਿਚ ਇਸ ਪਵਿੱਤਰ ਸਦਨ ਤੋਂ ਹੋਰ ਚੰਗੇ ਫੈਸਲੇ ਲੈਣ ਦੀ ਆਸ ਕੀਤੀ ਜਾ ਸਕੇ। ਮੈਂ ਚੇਅਰਮੈਨ ਸਾਹਿਬ ਦਾ ਇੱਕ ਵਾਰੀ ਫਿਰ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਇਸ ਨਾਜ਼ੁਕ ਮਸਲੇ ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਬਹੁਤ-ਬਹੁਤ ਧੰਨਵਾਦ।

**ਕੈਪਟਨ ਬਲਬੀਰ ਸਿੰਘ ਬਾਠ (ਸ਼੍ਰੀ ਹਰਿਗੋਬਿੰਦਪੁਰ)** : ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅੱਜ ਅਹਿਮ ਮੁੱਦੇ ਤੇ ਬੋਲਣ ਲਈ ਸਮਾਂ ਦਿੱਤਾ ਹੈ। ਸਹੀ ਮਾਅਨਿਆਂ ਵਿੱਚ ਇਹ ਮੁੱਦਾ ਪੰਜਾਬ ਦੇ ਭਵਿੱਖ ਦਾ ਹੈ, ਪੰਜਾਬ ਦੀ ਜਵਾਨੀ ਦਾ ਹੈ ਅਤੇ ਪੰਜਾਬ ਦੇ ਆਉਣ ਵਾਲੇ ਸਮੇਂ ਨਾਲ ਜੁੜਦਾ ਹੈ। ਮੈਨੂੰ ਮਾਣ ਹੈ ਕਿ ਤੁਸੀਂ ਇਸ ਮਤੇ ਤੇ ਮੈਨੂੰ ਕੁਝ ਕਹਿਣ ਦਾ ਸਮਾਂ ਦਿੱਤਾ ਹੈ। ਪੰਜਾਬ ਵਿੱਚ ਬੜੀ ਬੇਰੁਜ਼ਗਾਰੀ ਹੈ, ਨੌਕਰੀਆਂ ਬੜੀਆਂ ਸੀਮਿਤ ਰਹਿ ਗਈਆਂ ਹਨ। ਪੰਜਾਬ ਵਿੱਚ ਕਾਰਖਾਨੇ ਬੰਦ ਹੋਈ ਜਾ ਰਹੇ ਹਨ ਅਤੇ ਛੋਟੀ ਇੰਡਸਟਰੀ ਰਵਾਇਤੀ ਤੌਰ ਤੇ ਬੰਦ ਹੋ ਰਹੀ ਹੈ। ਇਸ ਤੋਂ ਇਲਾਵਾ ਖੇਤੀਬਾੜੀ ਘੱਟ ਗਈ ਹੈ, ਰੁਜ਼ਗਾਰ ਦੇ ਸਾਧਨ ਘਟਦੇ ਜਾ ਰਹੇ ਹਨ, ਔਰ ਸੱਭ ਤੋਂ ਵੱਡੀ ਗੱਲ ਇਹ ਹੈ ਕਿ ਪੰਜਾਬ ਦਾ ਹਿਸਟੋਰੀਕਲ ਪਿਛੋਕੜ ਹੈ, ਪੰਜਾਬ ਦੇ ਲੋਕਾਂ ਵਿੱਚ ਹਉਮੈ ਹੈ, ਹੈਂਕੜਬਾਜ਼ੀ ਹੈ ਕਿ ਮੈਂ ਕੌਣ ਹਾਂ, ਤੂੰ ਕੌਣ ਹੈ। ਇਹ ਜਿਹੜਾ ਪਿਛੋਕੜ ਹੈ, ਇਹ ਬੇਰੁਜ਼ਗਾਰੀ ਨਾਲ ਜੁੜਿਆ ਹੋਇਆ ਹੈ। ਬਦਕਿਸਮਤੀ ਨਾਲ ਪੰਜਾਬ ਦੀ ਜੋ ਹਿਸਟੋਰੀਕਲ ਬੈਕਗਰਾਊਂਡ ਹੈ, ਉਹ ਇਹ ਹੈ ਕਿ ਕੋਈ ਪੰਜਾਬੀ ਛੋਟਾ ਧੰਦਾ ਕਰਨ ਨੂੰ ਤਿਆਰ ਹੀ ਨਹੀਂ ਹੈ। ਪੰਜਾਬ ਸੂਬਾ ਇਕ ਬਾਰਡਰ ਸਟੇਟ ਹੈ। ਪਹਿਲੇ ਪੰਜਾਬੀ ਕਾਫ਼ੀ ਫੌਜ ਵਿੱਚ ਭਰਤੀ ਹੋ ਜਾਂਦੇ ਸਨ ਪਰ ਜਦੋਂ ਦਾ ਫੌਜ ਵਿੱਚ ਪੰਜਾਬੀਆਂ ਦਾ ਕੋਟਾ ਨਿਸਚਿਤ ਹੋ ਗਿਆ ਹੈ, ਇਸ ਦੇ ਨਾਲ ਰੁਜ਼ਗਾਰ ਦੇ ਸਾਧਨ ਵੀ ਬੰਦ ਹੋ ਗਏ ਹਨ। ਜਿਹੜਾ ਨੌਜਵਾਨ ਵਿਹਲਾ ਸੀ, ਉਹ ਨਸ਼ਿਆਂ ਦੇ ਰੁਝਾਨ ਵੱਲ ਵਧ ਗਿਆ ਹੈ, ਇਹ ਬੜਾ ਵੱਡਾ ਰੋਗ ਬਣ ਰਿਹਾ ਹੈ ਔਰ ਅੱਜ ਇਹ ਬੜਾ ਚਿੰਤਾ ਦਾ ਵਿਸ਼ਾ ਹੈ। ਸਾਡੇ ਨੌਜਵਾਨ ਵਿਹਲੇ ਫਿਰ ਰਹੇ ਹਨ ਅਤੇ ਉਨ੍ਹਾਂ ਦੀ ਸ਼ਕਤੀ ਬਰਬਾਦ ਹੋ ਰਹੀ ਹੈ। ਇਹ ਜਿਹੜੀ ਸ਼ਕਤੀ ਹੈ, ਇਸ ਨੂੰ ਤਲਵਾਰ ਕਹਿ ਲਓ, ਬੰਦੂਕ ਕਹਿ ਲਓ, ਉਨ੍ਹਾਂ ਦੇ ਹੱਥ ਵਿੱਚ ਚਲੀ ਜਾਣੀ ਹੈ। ਜਿਸ ਤਰ੍ਹਾਂ ਪੰਜਾਬ ਵਿਚ ਪਿਛਲੇ ਦਹਾਕਿਆਂ ਵਿਚ ਪੰਜਾਬ ਦੇ ਨੌਜਵਾਨਾਂ ਵਿੱਚ ਬੇਕਾਰੀ ਹੋਣ ਕਰਕੇ ਉਨ੍ਹਾਂ ਨੇ ਆਪਣੇ ਹੱਥਾਂ ਵਿੱਚ ਬੰਦੂਕਾਂ ਚੁੱਕ ਲਈਆਂ ਸਨ ਅਤੇ ਨਸ਼ਿਆਂ ਦੇ ਕੁਰਾਹੇ ਪੈ ਗਏ ਸਨ। ਇਸ ਨੂੰ ਰੋਕਣ ਲਈ ਸਾਨੂੰ ਯਤਨ ਕਰਨੇ ਚਾਹੀਦੇ ਹਨ। ਮੁੱਦਾ ਤਾਂ ਇਹ ਹੈ ਕਿ ਪੰਜਾਬ ਦਾ ਨੌਜਵਾਨ ਵਿਹਲਾ ਹੈ ਅਤੇ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ। ਜੇਕਰ ਪੰਜਾਬ ਦੇ ਨੌਜਵਾਨ ਨੇ ਆਪਣੇ ਬਰੇਨ ਤੋਂ ਕੰਮ ਨਾ ਲਿਆ ਤਾਂ ਬਰੇਨ ਵੀ ਡੈਡ ਹੋ ਜਾਵੇਗਾ। ਜਿਸ ਤਰ੍ਹਾਂ ਜ਼ਮੀਨ ਵਿੱਚ ਅਗਰ ਕੁਝ ਨਾ ਬੀਜਿਆ ਜਾਵੇ ਤਾਂ ਬੰਜਰ ਹੋ ਜਾਂਦੀ ਹੈ। ਜੇਕਰ ਖੇਤੀ ਕੀਤੀ ਜਾਵੇ

Original with;
Punjab Vidhan Sabha
Digitized by;

ਤਾਂ ਉਪਜ ਪੈਦਾ ਕੀਤੀ ਜਾ ਸਕਦੀ ਹੈ। ਇਸ ਲਈ ਪੰਜਾਬ ਦੇ ਨੌਜਵਾਨਾਂ ਦੀ ਸ਼ਕਤੀ ਨੂੰ ਚੈਨੈਲਾਈਜ਼ ਕਰਨ ਦੀ ਲੋੜ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਗਵਰਨਰ ਸਾਹਿਬ ਨੇ ਵੀ ਆਪਣੇ ਭਾਸ਼ਣ ਵਿੱਚ ਇਹ ਵਿਚਾਰ ਰੱਖੇ ਸਨ ਕਿ ਸਰਕਾਰ ਡਿਸਇਨਵੈਸਟਮੈਂਟ ਕਰ ਰਹੀ ਹੈ। ਮੈਂ ਸਮਝਦਾ ਹਾਂ ਕਿ ਜਿਹੜਾ ਡਿਸਇਨਵੈਸਟਮੈਂਟ ਦਾ ਜ਼ਿਕਰ ਆਇਆ ਹੈ, ਇਸ ਵਿਚ ਪੰਜਾਬ ਸਰਕਾਰ ਦੀ ਆਪਣੀ ਕੋਈ ਮਜ਼ਬੂਰੀ ਹੈ। ਜੇਕਰ ਸਰਕਾਰੀ ਕਾਰਖਾਨੇ, ਸ਼ੂਗਰ ਮਿੱਲਾਂ, ਬੰਦ ਹੋ ਜਾਣਗੀਆਂ ਤਾਂ ਇਸ ਦੇ ਨਾਲ ਬੇਰੁਜ਼ਗਾਰ ਲੋਕ ਕਿੱਥੇ ਜਾਣਗੇ ? ਇਹ ਚਿੰਤਾ ਦਾ ਵਿਸ਼ਾ ਹੈ। ਇਸ ਨਾਲ ਬੇਰੁਜ਼ਗਾਰੀ ਵਧੇਗੀ। ਇਸ ਲਈ ਜੇ ਸਰਕਾਰ ਡਿਸਇਨਵੈਸਟਮੈਂਟ ਨੂੰ ਕੰਟੀਨਿਊ ਕਰੇਗੀ ਤਾਂ ਦੇਸ਼ ਵਿੱਚ ਅਰਾਜਕਤਾ ਫੈਲੇਗੀ ! ਨੌਜਵਾਨਾਂ ਦੀ ਸ਼ਕਤੀ ਲਾਮਵੰਦ ਕਰਨ ਦੀ ਲੋੜ ਹੈ ਔਰ ਉਨ੍ਹਾਂ ਨੂੰ ਰੋਜ਼ਗਾਰ ਦੇਣ ਲਈ ਚੈਨੇਲਾਈਜ਼ ਕਰਨ ਦੀ ਲੋੜ ਹੈ। ਇਹ ਮੁੱਦਾ ਕਾਫੀ ਦੇਰ ਤੋਂ ਚਲਿਆ ਆ ਰਿਹਾ ਹੈ। ਬਦਕਿਸਮਤੀ ਹੈ ਕਿ ਹਾਲੇ ਤੱਕ ਪੰਜਾਬ ਵਿਚ ਕੋਈ ਸਰਕਾਰ ਆਈ ਹੋਵੇ, ਕਿਸੇ ਨੇ ਵੀ ਨੌਜਵਾਨਾਂ ਦੀ ਸ਼ਕਤੀ ਨੂੰ ਚੈਨੇਲਾਈਜ਼ ਕਰਨ ਵੱਲ ਧਿਆਨ ਨਹੀਂ ਦਿੱਤਾ ਜਿਸ ਕਾਰਨ ਬੇਰੁਜ਼ਗਾਰੀ ਵੱਧ ਰਹੀ ਹੈ। ਮੇਰੀ ਬੇਨਤੀ ਹੈ ਕਿ ਨੌਜਵਾਨਾਂ ਦੀ ਸ਼ਕਤੀ ਨੂੰ ਚੈਨੇਲਾਈਜ਼ ਕੀਤਾ ਜਾਵੇ। ਪਰ ਚੈਨੇਲਾਈਜ਼ ਕਰਨਾ ਤਾਂ ਇਕ ਬੰਨੇ ਰਿਹਾ, ਅਸੀਂ ਇਹੀ ਫੈਸਲਾ ਨਹੀਂ ਕਰ ਸਕੇ, ਕਿੰਨੀ ਨਿੱਕੀ ਜਿਹੀ ਗੱਲ ਹੈ, ਕਿ ਅੰਗਰੇਜ਼ੀ ਪਹਿਲੀ ਜਮਾਤ ਤੋਂ ਪੜ੍ਹਾਉਣੀ ਹੈ ਜਾਂ ਛੇਵੀਂ ਜਮਾਤ ਤੋਂ ਪੜ੍ਹਾਉਣੀ ਹੈ। ਇਹ ਸਭ ਕੁਝ ਚੈਨੇਲਾਈਜ਼ ਕਰਨ ਦੀ ਗੱਲ ਹੈ। ਅੱਜ ਲੋੜ ਹੈ, ਜਿਹੜਾ ਮੇਰਾ ਸੁਝਾਓ ਹੈ, ਜਿਵੇਂ ਬਾਹਰਲੇ ਮੁਲਕਾਂ ਵਿਚ ਮੇਰੇ ਬਹੁਤ ਸਾਰੇ ਮਿੱਤਰ ਗਏ ਹੋਏ ਹਨ, ਅਸੀਂ ਵੀ ਪੜ੍ਹਦੇ ਹਾਂ ਕਿ ਜੇਕਰ ਨੌਜਵਾਨਾਂ ਨੂੰ ਆਹਰੇ ਲਾਉਣਾ ਹੈ, ਉਨ੍ਹਾਂ ਨੂੰ ਕਿੱਤਾ ਦੇਣਾ ਹੈ, ਕੰਮ ਦੇਣਾ ਹੈ, ਉਨ੍ਹਾਂ ਤੋਂ ਕੰਮ ਲੈਣਾ ਹੈ, ਇੰਡਸਟਰੀ ਲਾਉਣੀ ਹੈ, ਕਿੱਤਾ ਮੁਖੀ ਪੜ੍ਹਾਈ ਤਾਂ ਕਰਾਉਣੀ ਹੈ ਪਰ ਜੇ ਅਗੋਂ ਕਰਜ਼ੇ ਤੇ ਪੈਸੇ ਦੇਣੇ ਹਨ ਤਾਂ ਉਸ ਦੇ ਵਿਆਜ ਦੀ ਦਰ ਬਾਰੇ ਵੀ ਕੁਝ ਸੋਚਣਾ ਪਵੇਗਾ। ਸਾਡੇ ਮੁਲਕ ਅੰਦਰ ਰੇਟ ਆਫ ਇੰਟਰੇਸਟ ਏਨਾ ਜ਼ਿਆਦਾ ਹੈ ਕਿ ਪਹਿਲਾਂ ਤਾਂ ਕੋਈ ਕਰਜ਼ਾ ਲੈ ਹੀ ਨਹੀਂ ਸਕਦਾ, ਜੇਕਰ ਕੋਈ ਲੈਂਦਾ ਹੈ ਤਾਂ ਲਾਹ ਨਹੀਂ ਸਕਦਾ। ਅੱਜ ਲੋਕਾਂ ਦੇ ਘਰ ਵਿਕ ਗਏ ਹਨ, ਜਮੀਨਾਂ ਵਿਕ ਗਈਆਂ ਹਨ ਪਰ ਕਰਜ਼ੇ ਨਹੀਂ ਉਤਰੇ। ਅਸੀਂ ਕਿਉਂ ਨਹੀਂ ਬੈਂਕਾਂ ਤੇ ਕੰਟਰੋਲ ਕਰ ਸਕੇ ? ਬੈਂਕ ਲੋਕਾਂ ਤੋਂ 14-15 ਅਤੇ 20 ਪ੍ਰਤੀਸ਼ਤ ਵਿਆਜ ਲੈਂਦੇ ਹਨ ਜਿਹੜਾ ਦਿਨ ਪ੍ਰਤੀ ਦਿਨ ਵਧਦਾ ਜਾਂਦਾ ਹੈ। ਬਾਹਰਲੇ ਮੁਲਕਾਂ ਵਿਚ ਇਸ ਤਰ੍ਹਾਂ ਨਹੀਂ ਹੈ। ਉਥੇ 2-3 ਪ੍ਰਤੀਸ਼ਤ ਵਿਆਜ ਦੀ ਦਰ ਹੈ ਪਰ ਸਾਡੇ ਇਥੇ ਲਿਮਿਟ ਕੋਈ ਨਹੀਂ। ਜੇਕਰ ਅਸੀਂ ਆਪਣੇ ਨੌਜਵਾਨਾਂ ਨੂੰ ਬਚਾਉਣਾ ਹੈ, ਲੋਕਾਂ ਨੂੰ ਬਚਾਉਣਾ ਹੈ ਤਾਂ ਪਹਿਲੀ ਗੱਲ ਇਸ ਵਿਆਜ ਦੀ ਦਰ ਨੂੰ ਘਟਾ ਕੇ, ਬਣੀਆਂ ਪਿਰਤਾਂ ਨੂੰ ਖਤਮ ਕਰਕੇ ਹੀ ਇਸ ਸਮੱਸਿਆ ਤੇ ਕਾਬੂ ਪਾਇਆ ਜਾ ਸਕਦਾ ਹੈ। ਇਸ ਤਰ੍ਹਾਂ ਕਰਕੇ ਹੀ ਮੁਲਕ ਨੂੰ ਬਚਾਇਆ ਜਾ ਸਕਦਾ ਹੈ, ਨੌਜਵਾਨਾਂ ਨੂੰ ਬਚਾਇਆ ਜਾ ਸਕਦਾ ਹੈ।

Original with;
Punjab Vidhan Sabha
Digitized by;

[ਕੈਪਟਨ ਬਲਬੀਰ ਸਿੰਘ ਬਾਠ]

ਇਸ ਦੇ ਨਾਲ ਹੀ ਜੇਕਰ ਅਸੀਂ ਨੌਜਵਾਨਾਂ ਨੂੰ ਕਿਸੇ ਕਿੱਤੇ ਤੇ ਲਾਉਂਦੇ ਹਾਂ, ਤਾਂ ਉਹ ਕੋਈ ਚੀਜ਼ ਪੈਦਾ ਕਰਦੇ ਹਨ, ਇਹ ਸਾਡੇ ਚੰਗੇ ਭਾਗ ਹਨ ਪਰ ਅਗੋਂ ਉਸ ਵਸਤੂ ਦੀ ਮਾਰਕੀਟਿੰਗ ਕਿਥੇ ਹੋਵੇ, ਇਹ ਸੰਭਾਵਨਾਵਾਂ ਉਹ ਵੀ ਲੱਭਣ ਪਰ ਸਰਕਾਰ ਦੀ ਵੀ ਇਹ ਪਹਿਲੀ ਜ਼ਿੰਮੇਂਵਾਰੀ ਬਣਦੀ ਹੈ ਕਿ ਉਨ੍ਹਾਂ ਦੀਆਂ ਬਣਾਈਆਂ ਵਸਤਾਂ ਦੀ ਮਾਰ-ਕੀਟਿੰਗ ਦਾ ਪ੍ਰਬੰਧ ਕਰੇ । ਅੱਜ ਪੰਜਾਬ ਦੀ ਕਿਸਾਨੀ, ਪੰਜਾਬ ਦੇ ਦੁੱਧ ਉਤਪਾਦਕ ਇਸ ਗੱਲ ਤੋਂ ਹੀ ਮਾਰ ਖਾ ਰਹੇ ਹਨ । ਇਸ ਗੱਲ ਦਾ ਵੀ ਸਰਕਾਰ ਨੂੰ ਪ੍ਰਬੰਧ ਕਰਨਾ ਚਾਹੀਦਾ ਹੈ, ਇਹ ਬਹੁਤ ਜਰੂਰੀ ਹੈ ।

ਸੋ, ਚੇਅਰਮੈਨ ਸਾਹਿਬ, ਮੈਂ ਬਹੁਤਾ ਸਮਾਂ ਨਾ ਲੈਂਦਾ ਹੋਇਆ, ਮਹਿਸੂਸ ਕਰਦਾ ਹਾਂ, ਮੇਰੇ ਤੋਂ ਪਹਿਲਾਂ ਵੀ ਮਾਨਯੋਗ ਮੈਂਬਰ ਸਾਹਿਬਾਨ ਨੇ ਕਈ ਗੱਲਾਂ ਕੀਤੀਆਂ ਹਨ, ਮੈਂ ਅੰਤ ਵਿਚ ਆਪਣੇ ਢੰਗ ਨਾਲ ਫਿਰ ਕਹਿੰਦਾ ਹਾਂ ਕਿ ਪੜ੍ਹਾਈ ਨੂੰ ਕਿੱਤਾ ਮੁਖੀ ਬਣਾਇਆ ਜਾਵੇ, ਮਾਰਕੀਟਿੰਗ ਵਿਚ ਸੁਧਾਰ ਲਿਆਂਦਾ ਜਾਵੇ, ਜੋ ਵੀ ਇੰਡਸਟਰੀਅਲ ਪ੍ਰਾਡਕਟ ਨੌਜਵਾਨ ਸਾਥੀ ਬਣਾਉਂਦੇ ਹਨ, ਉਨ੍ਹਾਂ ਨੂੰ ਖਰੀਦਣ ਦੀ, ਵੇਚਣ ਦੀ ਜ਼ਿੰਮੇਂਵਾਰੀ ਸਰਕਾਰ ਲਵੇ । ਵਿਆਜ ਦੀਆਂ ਦਰਾਂ ਵਿਚ ਕਟੌਤੀ ਕੀਤੀ ਜਾਵੇ ਤੇ ਵਿਦਿਅਕ ਅਦਾ-ਰਿਆਂ ਦੀਆਂ ਫੀਸ਼ਾਂ ਘੱਟ ਕੀਤੀਆਂ ਜਾਣ । ਇਹ ਇਕ ਵਧੀਆ ਮਤਾ ਹੈ, ਪੰਜਾਬ ਦੇ ਨੌਜਵਾਨਾਂ ਨੂੰ ਆਹਰੇ ਲਾਉਣ ਲਈ, ਪੰਜਾਬ ਦੇ ਨੌਜਵਾਨਾਂ ਨੂੰ ਕੋਈ ਦਿਸ਼ਾ ਦੇਣ ਲਈ ਤਾਂਕਿ ਉਹ ਫੇਰ ਕਿਸੇ ਹਨੇਰੇ ਖੂਹ ਵਿਚ, ਹਨੇਰੇ ਖਾਤੇ ਵਿਚ ਨਾ ਚਲੇ ਜਾਣ, ਇਹ ਕਦਮ ਚੁਕਣੇ ਚਾਹੀਦੇ ਹਨ । ਚੇਅਰਮੈਨ ਸਾਹਿਬ, ਆਪਣੀ ਗੱਲ ਨੂੰ ਸਿਰੇ ਚੜ੍ਹਾਉਣ ਲਈ ਬਹੁਤ ਜ਼ਰੂਰੀ ਹੈ ਕਿ ਨੌਜਵਾਨਾਂ ਨੂੰ ਚੰਗੇ ਪਾਸੇ ਲਿਜਾਇਆ ਜਾਵੇ । ਉਨ੍ਹਾਂ ਨੂੰ ਕਿੱਤਾ ਮੁਖੀ ਪੜ੍ਹਾਈ ਕਰਾਈ ਜਾਵੇ ਤੇ ਛੋਟੀਆਂ ਵਿਆਜ ਦਰਾਂ ਤੇ ਕਰਜ਼ਾ ਦਿੱਤਾ ਜਾਵੇ ਅਤੇ ਕੰਮ ਮੁਹੱਈਆ ਕਰਾਇਆ ਜਾਵੇ । ਇਨ੍ਹਾਂ ਸ਼ਬਦਾਂ ਨਾਲ ਹੀ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਸੰਸਦੀ ਸਕੱਤਰ, ਉਦਯੋਗ (ਸਰਦਾਰ ਗੁਰਬਿੰਦਰ ਸਿੰਘ ਅਟਵਾਲ)** : ਮਾਨਯੋਗ, ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਬਹੁਤ ਜ਼ਿਆਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਰੱਖੜਾ ਸਾਹਿਬ ਦੇ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ ਜਿਸ ਤੇ ਮੈਂਬਰ ਸਾਹਿਬਾਨ ਨੇ ਬਹੁਤ ਹੀ ਵਧੀਆ ਵਿਚਾਰ ਰੱਖੇ ਹਨ । ਚੇਅਰਮੈਨ ਸਾਹਿਬ, ਟੈਕਨੀਕਲ ਐਜੂਕੇਸ਼ਨ ਦੀ ਤਰੱਕੀ ਲਈ, ਨਵੇਂ ਯੁੱਗ ਦੇ ਨਾਲ ਚਲਣ ਲਈ, ਨਵੇਂ ਯੁੱਗ ਦੇ ਹੁਲਾਰੇ ਔਰ ਹੁਲਾਰੀਆਂ ਮਾਰਨ ਦੀਆਂ ਗੱਲਾਂ ਸਾਰੇ ਮੈਂਬਰ ਸਾਹਿਬਾਨ ਨੇ ਕੀਤੀਆਂ ਤੇ ਮੈਂ ਵੀ ਇਹੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਵਾਕਿਆ ਹੀ ਇਹ ਬਹੁਤ ਮਹੱਤਵਪੂਰਨ ਗੱਲ ਹੈ । ਅੱਜ ਜ਼ਮਾਨਾ ਬਹੁਤ ਅੱਗੇ ਚਲਾ ਗਿਆ ਹੈ ਤੇ ਇਨਫਰਮੇਸ਼ਨ ਟੈਕਨਾਲੋਜੀ, ਜੇ ਇਹ ਕਹਿ ਲਈਏ ਕਿ ਜਦੋਂ ਦਾ ਕੰਪਿਊਟਰ ਆਇਆ ਹੈ, ਉਸਨੇ ਜਿਹੜੇ ਸਾਡੇ ਵਰਗੇ ਪੁਰਾਣੇ ਪੜ੍ਹੇ ਲਿਖੇ ਸੀ, ਉਨ੍ਹਾਂ ਨੂੰ ਅਨਪੜ੍ਹ ਕਰਾਰ ਦੇ ਦਿੱਤਾ ਹੈ । ਜਿਹੜੀਆਂ ਕੱਲ੍ਹ ਸਾਡੇ ਵਲੋਂ ਚਿੱਠੀਆਂ ਲਿਖੀਆਂ ਜਾਂਦੀਆਂ ਸਨ, ਉਹ ਅੱਜ ਈ-ਮੇਲ ਦੇ ਰਾਹੀਂ ਜਾਂਦੀਆਂ ਹਨ ਤੇ ਨਾਲ ਦੀ ਨਾਲ ਉਨ੍ਹਾਂ ਦਾ ਜਵਾਬ ਆ ਜਾਂਦਾ ਹੈ । ਇਨਫਰਮੇਸ਼ਨ ਟੈਕਨਾਲੋਜੀ ਇਸ ਹੱਦ ਤੱਕ ਵੱਧ ਚੁੱਕੀ ਹੈ ਕਿ ਵਰਲਡ ਟਰੇਡ ਸੈਂਟਰ ਤੇ ਜਦੋਂ ਹਮਲਾ ਹੋਇਆ ਤਾਂ ਸਾਰੀ

Original with;
Punjab Vidhan Sabha
Digitized by;

ਦੁਨੀਆਂ ਦੇ ਲੋਕਾਂ ਨੇ ਅਪਣੇ ਆਪਣੇ ਟੈਲੀਵੀਜ਼ਨਾਂ ਤੇ ਉਸਤੇ ਹੋਇਆ ਦੂਜਾ ਹਮਲਾ ਦੇਖਿਆ । ਇਹ ਅੱਜ ਦੀ ਟੈਕਨਾਲੋਜੀ ਹੈ ਤੇ ਇਸ ਤੋਂ ਪਤਾ ਲਗ ਰਿਹਾ ਹੈ ਕਿ ਦੁਨੀਆਂ ਕਿਹੜੇ ਪਾਸੇ ਜਾ ਰਹੀ ਹੈ । ਚੇਅਰਮੈਨ ਸਾਹਿਬ, ਆਪਣੇ ਸੂਬੇ ਵਿਚ ਵੀ ਕੈਪਟਨ ਮਹਾਰਾਜਾ ਅਮਰਿੰਦਰ ਸਿੰਘ ਜੀ ਦੀ ਅਗਵਾਈ ਹੇਠ ਸਾਡੀ ਸਰਕਾਰ ਨੇ ਟੈਕਨਾ-ਲੋਜੀ ਨੂੰ, ਟੈਕਨੀਕਲ ਐਜੂਕੇਸ਼ਨ ਨੂੰ ਤਰਜੀਹ ਦੇਣ ਲਈ ਆਪਣੇ ਵਲੋਂ ਬੜੇ ਉਪਰਾਲੇ ਕੀਤੇ ਹਨ । ਮੈਨੂੰ ਇਹ ਗੱਲ ਦੱਸਣ ਵਿੱਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਪੰਜਾਬ ਵਿਚ 94 ਆਈ.ਟੀ.ਆਈਜ਼ ਚੱਲ ਰਹੀਆਂ ਹਨ ਜਿਨ੍ਹਾਂ ਵਿਚੋਂ 49 ਪ੍ਰਾਈਵੇਟ ਪੱਧਰ ਤੇ ਚੱਲ ਰਹੀਆਂ ਹਨ । ਇਸ ਤੋਂ ਇਲਾਵਾ 17 ਪਾਲੀਟੈਕਨਿਕਸ ਸਰਕਾਰ ਵੱਲੋਂ ਅਤੇ 19 ਪ੍ਰਾਈਵੇਟ ਕੰਪਨੀਆਂ ਵੱਲੋਂ ਚਲਾਏ ਜਾ ਰਹੇ ਹਨ । ਦੋ ਪਾਲੀਟੈਕਨਿਕਸ ਗ੍ਰਾਂਟ-ਇਨ-ਏਡ ਵਾਲੇ ਐਸ.ਜੀ.ਪੀ.ਸੀ. ਵੱਲੋਂ ਚਲਾਏ ਜਾ ਰਹੇ ਹਨ । 4 ਇੰਜਨੀਅਰਿੰਗ ਕਾਲਜ ਗੁਰਦਾਸਪੁਰ, ਫਿਰੋਜ਼ਪੁਰ, ਬਠਿੰਡਾ ਅਤੇ ਮਲੋਟ ਵਿਚ ਸਰਕਾਰ ਵੱਲੋਂ ਚਲਾਏ ਜਾ ਰਹੇ ਹਨ । ਇਕ ਇੰਜਨੀਅਰਿੰਗ ਕਾਲਜ ਕੇਂਦਰ ਸਰਕਾਰ ਦੀ ਭਾਈਵਾਲੀ ਨਾਲ ਮਹਾਨ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਯਾਦ ਵਿਚ ਲੌਂਗੋਵਾਲ ਵਿਖੇ ਚਲਾਇਆ ਜਾ ਰਿਹਾ ਹੈ । ਮਹਾਰਾਜਾ ਅਮਰਿੰਦਰ ਸਿੰਘ ਦੀ ਸਰਕਾਰ ਨੇ ਦੋ ਇੰਜਨੀਅਰਿੰਗ ਕਾਲਜਾਂ ਜਾਂ ਇਹ ਕਹਿ ਲਈਏ ਕਿ ਦੋ ਰੀਜਨਲ ਇੰਜਨੀਅਰਿੰਗ ਕਾਲਜਾਂ ਦਾ ਦਰਜਾ ਵਧਾ ਕੇ ਯੂਨੀਵਰਸਿਟੀ ਦਾ ਦਰਜਾ ਕਰ ਦਿੱਤਾ ਹੈ । ਇਕ ਰੀਜਨਲ ਇੰਜਨੀਅਰਿੰਗ ਕਾਲਜ ਜਲੰਧਰ ਦਾ ਅਤੇ ਦੂਜਾ ਥਾਪਰ ਇੰਸਟੀਚਿਊਟ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ ਦਾ ਦਰਜਾ ਵਧਾ ਕੇ ਉਨ੍ਹਾਂ ਨੂੰ ਯੂਨੀਵਰਸਿਟੀ ਦੇ ਬਰਾਬਰ ਦਾ ਦਰਜਾ ਦੇ ਦਿੱਤਾ ਗਿਆ ਹੈ । ਮੈਂ ਸਮਝਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਜਿਥੇ ਆਪਣੇ ਤੌਰ ਤੇ ਟੈਕਨੀਕਲ ਐਜੂਕੇਸ਼ਨ ਔਰ ਨੌਜਵਾਨਾਂ ਨੂੰ ਕਿੱਤਾ ਮੁਖੀ ਪੜ੍ਹਾਈ ਦੇਣ ਦੇ ਲਈ ਉਪਰਾਲੇ ਕਰ ਰਹੀ ਹੈ, ਉਥੇ ਪ੍ਰਾਈਵੇਟ ਇੰਸਟੀਚਿਊਟਸ ਨੂੰ ਵੀ ਇਸ ਖਿੱਤੇ ਵੱਲ ਖਿੱਚਣ ਲਈ ਉਪਰਾਲੇ ਕਰ ਰਹੀ ਹੈ ਤਾਂ ਕਿ ਨੌਜਵਾਨਾਂ ਨੂੰ ਇਸ ਪਾਸੇ ਵੱਲ ਲਾਇਆ ਜਾ ਸਕੇ ਅਤੇ ਉਨ੍ਹਾਂ ਵਿਚ ਬਾਕੀ ਦੁਨੀਆਂ ਦੇ ਬਰਾਬਰ ਚੱਲਣ ਦੀ ਸਮਰਥਾ ਪੈਦਾ ਕੀਤੀ ਜਾ ਸਕੇ । ਮੈਨੂੰ ਇਹ ਗੱਲ ਦੱਸਣ ਵਿਚ ਬਹੁਤ ਖੁਸ਼ੀ ਹੋ ਰਹੀ ਹੈ ਕਿ ਅੱਜ ਪੰਜਾਬੀ ਸਾਰੀ ਦੁਨੀਆਂ ਵਿਚ ਬੜੀ ਸ਼ਾਨੋ-ਸ਼ੌਕਤ ਨਾਲ ਜੀ ਰਹੇ ਹਨ । ਜਿਹੜੇ ਵੀ ਦੇਸ਼ ਵਿਚ ਸਾਡੇ ਪ੍ਰਵਾਸੀ ਪੰਜਾਬੀ ਗਏ ਹਨ, ਉਥੋਂ ਦੇ ਸਮਾਜ ਵਿਚ ਉਨ੍ਹਾਂ ਨੇ ਆਪਣੀ ਵਿਸ਼ੇਸ਼ ਥਾਂ ਬਣਾਈ ਹੈ । ਇਕੱਲੀ ਸਿਲੀਕਾਨ ਵੈਲੀ ਦੀ ਗੱਲ ਕਰੀਏ ਤਾਂ ਹਜ਼ਾਰਾਂ ਦੀ ਤਾਦਾਦ ਵਿਚ ਉਥੇ ਭਾਰਤੀ ਪਿਛੋਕੜ ਵਾਲੇ ਨੌਜਵਾਨ ਕੰਪਿਊਟਰ ਦੇ ਉਦਯੋਗ ਵਿਚ ਕੰਮ ਕਰ ਰਹੇ ਹਨ, ਬਲਕਿ ਕੰਪਿਊਟਰ ਉਦਯੋਗ ਦੀ ਅਗਵਾਈ ਕਰ ਰਹੇ ਹਨ ਔਰ ਘੱਟੋ ਘੱਟ 50 ਅਮਰੀਕਨ ਅਤੇ ਕੈਨੇਡੀਅਨ ਕੰਪਨੀਆਂ ਦੇ ਕਰਮਚਾਰੀਆਂ ਦੇ ਪੇ ਰੋਲ ਇੰਡੀਆ ਵਿਚੋਂ ਬਣ ਕੇ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਇਧਰੋਂ ਕੰਮ ਕਰਾਉਣਾ ਸਸਤਾ ਪੈਂਦਾ ਹੈ । ਅੱਜ ਸਾਡੇ ਦੇਸ਼ ਵਿਚ ਕੰਪਿਊਟਰ ਐਜੂਕੇਸ਼ਨ ਦੇਣ ਦੀ ਸਖਤ ਜ਼ਰੂਰਤ ਹੈ । ਅੱਜ ਆਪਾਂ ਸਾਰੇ ਵੇਖ ਸਕਦੇ ਹਾਂ ਕਿ ਬੇਰੋਜ਼ਗਾਰ ਨੌਜਵਾਨਾਂ ਦੀ ਇਕ ਤਕੜੀ ਫੌਜ਼ ਸਾਡੇ ਦੇਸ਼ ਵਿਚ ਤੁਰੀ

Original with;
Punjab Vidhan Sabha
Digitized by;

[ਸੰਸਦੀ ਸਕੱਤਰ, ਉਦਯੋਗ]

ਫਿਰਦੀ ਹੈ । ਆਰਟਸ ਦੀ ਪੜ੍ਹਾਈ ਨਾਲ ਰੋਜ਼ਗਾਰ ਦੇ ਜ਼ਿਆਦਾ ਮੌਕੇ ਪੈਦਾ ਨਹੀਂ ਕੀਤੇ ਜਾ ਸਕਦੇ । ਜਿੰਨੀ ਦੇਰ ਤੱਕ ਅਸੀਂ ਆਪਣੀ ਪੜ੍ਹਾਈ ਨੂੰ ਕਿੱਤਾ ਮੁਖੀ ਨਹੀਂ ਬਣਾਉਂਦੇ ਅਤੇ ਆਪਣੀ ਖੇਤੀਬਾੜੀ ਦੀ ਉਪਜ ਦੀ ਮਾਰਕੀਟ ਤਲਾਸ਼ ਨਹੀਂ ਕਰਦੇ, ਉਨੀਂ ਦੇਰ ਤੱਕ ਸਾਡੀ ਆਰਥਿਕਤਾ ਆਪਣੇ ਪੈਰਾਂ ਤੇ ਖੜ੍ਹੀ ਨਹੀਂ ਹੋ ਸਕਦੀ । ਇਸ ਕਰਕੇ ਇਸ ਪਾਸੇ ਉਪਰਾਲੇ ਕਰਨ ਦੀ ਲੋੜ ਹੈ । ਮੈਨੂੰ ਇਸ ਗੱਲ ਦੀ ਵੀ ਖੁਸ਼ੀ ਹੈ ਜਿਸ ਤਰ੍ਹਾਂ ਕਿ ਗਵਰਨਰ ਐਡਰੈਸ ਵਿਚ ਵੀ ਕਿਹਾ ਗਿਆ ਹੈ ਕਿ ਪੁਰਾਣੇ ਕਿੱਤਿਆਂ ਨੂੰ ਛੱਡ ਕੇ ਨਵੇਂ ਕਿੱਤਾ ਮੁਖੀ ਕੋਰਸ ਪੰਜਾਬ ਟੈਕਨੀਕਲ ਯੂਨੀਵਰਸਿਟੀ ਅਤੇ ਟੈਕਨੀਕਲ ਡਿਪਾਰਟਮੈਂਟ ਲੈ ਕੇ ਆ ਰਹੇ ਹਨ । ਇਹ ਆਪਣੇ ਆਪ ਵਿਚ ਇਕ ਸ਼ਲਾਘਾਯੋਗ ਕਦਮ ਹੈ ਅਤੇ ਸਦਨ ਨੂੰ ਇਸਦੀ ਸ਼ਲਾਘਾ ਕਰਨੀ ਚਾਹੀਦੀ ਹੈ ਕਿ 108.83 ਕਰੋੜ ਰੁਪਿਆ ਪੰਜਾਬ ਵਿਚ 30 ਸੈਂਟਰ ਆਫ ਐਕਸੀਲੈਂਸ ਪੈਦਾ ਕਰਨ ਵਾਸਤੇ ਕੇਂਦਰ ਸਰਕਾਰ ਤੋਂ ਆਇਆ ਹੈ । ਮੈਂ ਸਦਨ ਵਿਚ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਹੜੀ ਗੱਲ ਕਰਨ ਵਾਲੀ ਹੈ, ਉਹ ਹੀ ਕਰੀਏ । ਇਹ ਨਹੀਂ ਰੈਜ਼ੋਲਿਊਸ਼ਨ ਲੈ-ਆਂਦਾ ਅਤੇ ਉਪਰ ਬੋਲ ਲਿਆ । ਮੈਂ ਰੱਖੜਾ ਸਾਹਿਬ ਨੂੰ ਕਹਾਂਗਾ ਜਿਨ੍ਹਾਂ ਨੇ ਇਹ ਰੈਜ਼ੋਲਿਊਸ਼ਨ ਲਿਆਂਦਾ ਹੈ ਕਿ ਤੁਹਾਡੀ ਦਿੱਲੀ ਦੀ ਸਰਕਾਰ ਵਿਚ ਭਾਈਵਾਲੀ ਹੈ । ਸਰਦਾਰ ਸੁਖਦੇਵ ਸਿੰਘ ਢੀਂਡਸਾ ਸੈਂਟਰ ਵਿਚ ਵਜ਼ੀਰ ਹੈ । ਕਰਨ ਵਾਲੀ ਗੱਲ ਇਹ ਹੈ ਕਿ 30 ਸੈਂਟਰ ਆਫ ਐਕਸੀਲੈਂਸ ਦੀ ਜਿਹੜੀ ਸਕੀਮ ਹੈ ਇਹ ਉਨ੍ਹਾਂ ਤੇ ਉਥੇ ਜ਼ੋਰ ਪਾ ਕੇ, ਇਸ ਦੀ ਮਨਜ਼ੂਰੀ ਕਰਵਾ ਕੇ ਏਥੇ ਸਾਨੂੰ ਭਿਜਵਾਉਣ ਤਾਂ ਕਿ ਅਸੀਂ ਇਹ ਸੈਂਟਰ ਖੋਲ੍ਹਣ ਵਿੱਚ ਕਾਮਯਾਬ ਹੋਈਏ । ਨਾਲ ਦੀ ਨਾਲ ਸਰਕਾਰ ਕੋਲ ਵੀ ਕਈ ਗੱਲਾਂ ਕਰਨ ਵਾਲੀਆਂ ਹਨ ਜਿਸ ਤਰ੍ਹਾਂ ਸ਼ੈਡਿਊਲਡ ਕਾਸਟਸ ਬੱਚਿਆਂ ਦੀ ਫੀਸ ਮੁਆਫੀ ਦਾ ਮਸਲਾ ਹੈ । ਜਿਹੜੀ ਅੱਜ ਇੰਜੀਨੀਅਰਿੰਗ ਕਾਲਜਾਂ ਦੇ ਵਿੱਚ ਬੱਚਿਆਂ ਤੋਂ ਫੀਸ ਲਈ ਜਾਂਦੀ ਹੈ ਉਹ ਹਜ਼ਾਰਾਂ ਅਤੇ ਲੱਖਾਂ ਰੁਪਏ ਵਿੱਚ ਬਣਦੀ ਹੈ । ਜੇਕਰ ਅਸੀਂ ਇਸ ਪਾਸੇ ਸੁਹਿਰਦ ਹਾਂ ਤਾਂ ਸਾਨੂੰ ਇਸ ਫੀਸ ਤੇ ਜ਼ਰੂਰ ਗੌਰ ਕਰਨੀ ਚਾਹੀਦੀ ਹੈ ਔਰ ਖਾਸ ਤੌਰ ਤੇ ਸ਼ੈਡਿਊਲਡ ਕਾਸਟਸ ਬੱਚਿਆਂ ਨੂੰ ਇਸ ਬਾਰੇ ਜ਼ਰੂਰ ਸਰਕਾਰ ਵੱਲੋਂ ਕੋਈ ਅਜਿਹੀ ਸਕੀਮ ਬਣਾਉਣੀ ਚਾਹੀਦੀ ਹੈ ਕਿ ਉਨ੍ਹਾਂ ਦੇ ਬੱਚਿਆਂ ਦੀ ਫੀਸ ਦਾ ਬੋਝ ਘਟਾਇਆ ਜਾਵੇ । ਮੇਰਾ ਖਿਆਲ ਹੈ ਕਿ ਸਾਰੇ ਸਾਥੀ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਾਹਿਬ ਨੇ ਜਿਹੜਾ ਇਹ ਮਤਾ ਲਿਆਂਦਾ ਹੈ ਲੇਕਿਨ ਸਾਡੇ ਬੋਲਣ ਵਾਲੇ ਸਾਥੀਆਂ ਵਿੱਚੋਂ ਬਾਠ ਸਾਹਿਬ ਪਿਛਲੀ ਵਿਧਾਨ ਸਭਾ ਵਿੱਚ ਮੈਂਬਰ ਸਨ । ਉਦੋਂ ਇਨ੍ਹਾਂ ਨੇ ਇਹ ਗੱਲ ਨਹੀਂ ਕੀਤੀ ਜਦੋਂ ਕਿ ਇਹ ਕਰਨੀ ਚਾਹੀਦੀ ਸੀ । ਜਿਹੜੀ ਅੱਜ ਮੈਂ ਬੇਨਤੀ ਕੀਤੀ ਹੈ, ਮੈਂ ਮੰਤਰੀ ਸਾਹਿਬ ਨੂੰ ਵੀ ਖਾਸ ਤੌਰ ਤੇ ਬੇਨਤੀ ਕਰਦਾ ਹਾਂ ਕਿ ਫੀਸ ਵਧਾਉਣ ਦਾ ਕੰਮ ਪਿਛਲੀ ਸਰਕਾਰ ਨੇ ਕੀਤਾ ਸੀ । ਮੈਂ ਸਮਝਦਾ ਹਾਂ ਕਿ ਇਸ ਬਾਰੇ ਇਹ ਜ਼ਰੂਰ ਗੌਰ ਕਰਨ । ਅਨਪੇਡ ਫੀਸ 40 ਹਜ਼ਾਰ ਰੁਪਿਆ, ਔਰ ਪੇਡ ਫੀਸ ਇੰਜੀਨੀਅਰਿੰਗ ਕਾਲਜ ਲਈ 68,000/- ਰੁਪਏ ਤੱਕ ਹੋ ਚੁੱਕੀ ਹੈ । ਇਸ ਤੇ ਵਿਸ਼ੇਸ਼ ਗੌਰ ਕਰਨ ਦੀ ਲੋੜ ਹੈ । ਜਿਹੜਾ ਗਰੀਬ ਆਦਮੀ 30/- ਰੁਪਏ ਦਿਹਾੜੀ ਦਾ ਕਮਾ ਕੇ ਲਿਆਉਂਦਾ ਹੈ ਉਹ ਕਿਵੇਂ ਆਪਣੇ ਬੱਚਿਆਂ ਨੂੰ ਹਜ਼ਾਰਾਂ ਰੁਪਏ ਫੀਸ ਦੇ ਕੇ ਇੰਜੀਨੀਅਰਿੰਗ ਕਾਲਜਾਂ ਵਿੱਚ ਪੜ੍ਹਾਈ ਕਰਵਾ ਸਕਦਾ ਹੈ ਜਦੋਂ ਕਿ ਨਾਲ ਦੀ ਨਾਲ ਹੀ

Original with;
Punjab Vidhan Sabha
Digitized by;

ਇਹ ਕਿਹਾ ਜਾਂਦਾ ਹੈ ਕਿ ਸਾਰੇ ਬੱਚਿਆਂ ਨੂੰ ਤਕਨੀਕੀ ਵਿਦਿਆ ਦੇਣੀ ਹੈ ? ਇਸ ਗੱਲ ਤੇ ਜ਼ਰੂਰ ਵਿਚਾਰ ਹੋਣੀ ਚਾਹੀਦੀ ਹੈ ਔਰ ਜਿੰਨੇ ਪ੍ਰਾਈਵੇਟ ਇੰਸਟੀਚਿਊਟਸ ਚਲਦੇ ਪਏ ਹਨ ਉਨ੍ਹਾਂ ਵਿੱਚ ਦਲਿਤ ਸ਼ਡਿਊਲਡ ਕਾਸਟਸ ਤੇ ਗਰੀਬਾਂ ਦੀ ਕੋਈ ਗੱਲ ਨਹੀਂ ਹੁੰਦੀ ਕਿਉਂਕਿ ਉਥੇ ਫੀਸਾਂ ਬਹੁਤ ਜ਼ਿਆਦਾ ਹਨ । ਸਰਕਾਰ ਨੂੰ ਗਰੀਬਾਂ ਅਤੇ ਸ਼ਡਿਊਲਡ ਕਾਸਟਸ ਬੱਚਿਆਂ ਦੀਆਂ ਫੀਸਾਂ ਜ਼ਰੂਰ ਸਬਸੇਡਾਈਜ਼ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਦੀ ਆਮਦਨ ਇਸ ਲੈਵਲ ਤੋਂ ਬਹੁਤ ਘੱਟ ਹੈ । ਉਨ੍ਹਾਂ ਲਈ ਜ਼ਰੂਰ ਕੁਝ ਨਾ ਕੁਝ ਉਪ-ਰਾਲਾ ਕਰਨਾ ਚਾਹੀਦਾ ਹੈ । ਮੈਂ ਇਹ ਗੱਲ ਜ਼ਰੂਰ ਕਰਨੀ ਚਾਹੁੰਦਾ ਹਾਂ ਕਿ ਜਦੋਂ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਵਿੱਚ ਅਸੀਂ ਸੀ ਉਦੋਂ 11 ਆਈ.ਟੀ.ਆਈਜ਼ ਕਾਇਮ ਕੀਤੇ ਗਏ ਸਨ ਜਿਨ੍ਹਾਂ ਵਿੱਚੋਂ ਮੇਰੇ ਹਲਕੇ ਵਿੱਚ ਨਥਾਣਾ, ਪ੍ਰਤਾਪਪੜੇ ਆਈ.ਟੀ.ਆਈ. ਸੀ, ਪੰਜਗਰਾਈਂ ਅਤੇ ਕਾਹਨੂੰਵਾਨ ਵੀ ਬਣਾਈ ਗਈ ਸੀ । ਘੱਟੋ ਘੱਟ 10 ਜ਼ਰੂਰ ਬਣਾਈਆਂ ਸੀ । ਲੇਕਿਨ ਪਿਛਲੀ ਸਰਕਾਰ ਨੇ, ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਜਿਸ ਦੇ ਮੁੱਖ ਮੰਤਰੀ ਸਨ, ਉਨ੍ਹਾਂ ਨੇ 9ਵੀਂ ਪੰਜ ਸਾਲਾ ਯੋਜਨਾ ਵਿੱਚ ਖੋਟਾ ਟਕਾ ਵੀ ਇਸ ਮੱਦ ਵਾਸਤੇ ਨਹੀਂ ਲਾਇਆ ਔਰ ਜਿਹੜੀਆਂ ਉਹ ਆਈ.ਟੀ.ਆਈਜ਼ ਦੀਆਂ ਬਿਲਡਿੰਗਾਂ ਬਣੀਆਂ ਸਨ, ਉਥੇ ਵੀ ਝਾੜੀਆਂ ਤੋਂ ਵੱਧ ਹੋਰ ਕੁਝ ਨਹੀਂ ਉਗਿਆ । ਹਾਲਾਂ ਕਿ ਉਨ੍ਹਾਂ ਦੀਆਂ ਛੱਤਾਂ ਸਾਡੇ ਵੇਲੇ ਬਣ ਗਈਆਂ ਸਨ । ਇਕ ਵੀ ਪੈਸਾ ਇਨ੍ਹਾਂ ਨੇ ਹੋਰ ਉਨ੍ਹਾਂ ਬਿਲਡਿੰਗਾਂ ਤੇ ਨਹੀਂ ਖਰਚਣਾ ਸੀ । ਲੇਕਿਨ ਉਨ੍ਹਾਂ ਨੂੰ ਚਾਲੂ ਕਰਨ ਵਿੱਚ ਵੀ ਪਿਛਲੀ ਸਰਕਾਰ ਵੱਲੋਂ ਕੋਈ ਉਪਰਾਲਾ ਨਹੀਂ ਕੀਤਾ ਗਿਆ । ਮੈਂ ਸਮਝਦਾ ਹਾਂ ਕਿ ਇਹ ਨੈਸ਼ਨਲ ਫੰਡਜ਼ ਦੀ ਵੇਸਟੇਜ ਹੋਈ ਹੈ । ਹੁਣ ਮੈਨੂੰ ਇਸ ਗੱਲ ਦੀ ਖੁਸ਼ੀ ਮਹਿਸੂਸ ਹੁੰਦੀ ਹੈ ਕਿ 10ਵੀਂ ਪੰਜ ਸਾਲਾ ਯੋਜਨਾ ਵਿੱਚ ਹੁਣ ਕੈਪਟਨ ਅਮਰਿੰਦਰ ਸਿੰਘ ਜੀ, ਮਹਾਰਾਜ ਸਾਹਿਬ ਦੀ ਸਰਕਾਰ ਨੇ 86.88 ਕਰੋੜ ਰੁਪਏ ਇਸ ਵਾਸਤੇ ਰੱਖੇ ਹਨ ਜਿਹੜੀ ਕਿ ਮੈਂ ਸਮਝਦਾ ਹਾਂ ਕਿ ਆਪਣੇ ਆਪ ਵਿੱਚ ਇਕ ਸ਼ਲਾਘਾਯੋਗ ਗੱਲ ਹੈ ਔਰ ਤਕਨੀਕੀ ਐਜੂਕੇਸ਼ਨ ਡਿਪਾਰਟ-ਮੈਂਟ ਵੱਲੋਂ 16.40 ਕਰੋੜ ਰੁਪਏ ਦਾ ਅੰਸ਼ਦਾਨ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਆਇਆ ਹੈ । ਮੈਂ ਸਮਝਦਾ ਹਾਂ ਕਿ ਇਹ ਇਕ ਸ਼ਲਾਘਾਯੋਗ ਗੱਲ ਹੈ । ਮੈਂ ਮਾਨਯੋਗ ਤਕਨੀਕੀ ਸਿੱਖਿਆ ਮੰਤਰੀ ਜੀ ਨੂੰ ਬੇਨਤੀ ਕਰਨੀ ਹੈ ਕਿ ਇਹ ਜਿਹੜੀਆਂ 11-12 ਬਿਲਡਿੰਗਾਂ ਬਣੀਆਂ ਹਨ ਜਿਨ੍ਹਾਂ ਦੀਆਂ ਪਾਣੀ ਦੀਆਂ ਟੈਂਕੀਆਂ ਵਿੱਚ ਕੁਝ ਹੋਰ ਹੀ ਪੈਦਾ ਹੋ ਰਿਹਾ ਹੈ, ਬਿਲਡਿੰਗਾਂ ਦੇ ਸ਼ੀਸ਼ੇ ਟੁੱਟ ਰਹੇ ਹਨ, ਲਕੜੀ ਦਾ ਕੰਮ ਤਾਂ ਮੇਰਾ ਖਿਆਲ ਹੈ ਕਿ ਖਤਮ ਹੀ ਹੋ ਗਿਆ ਹੈ, ਇਨ੍ਹਾਂ ਨੂੰ ਜ਼ਰੂਰ ਸ਼ੁਰੂ ਕਰਵਾਉਣ ਦਾ ਸਰਕਾਰ ਉਪਰਾਲਾ ਕਰੇ ਕਿਉਂਕਿ ਇਸ ਨਾਲ ਆਪਣੇ ਆਪ ਵਿੱਚ ਇਸ ਗੱਲ ਦਾ ਲੋਕਾਂ ਵਿੱਚ ਮੈਸੇਜ ਜਾਏਗਾ ਕਿ ਸਰਕਾਰ ਇਸ ਕਿੱਤਾ ਮੁੱਖੀ ਉਦਯੋਗ ਲਈ, ਟੈਕਨੀਕਲ ਐਜੂਕੇਸ਼ਨ ਲਈ ਕਿੰਨੀ ਸੁਹਿਰਦ ਹੈ ।

ਇਸ ਦੇ ਨਾਲ ਹੀ, ਸਰਕਾਰ ਨੂੰ ਇਨਫਰਮੇਸ਼ਨ ਟੈਕਨਾਲੋਜੀ ਦੀ ਐਜੂਕੇਸ਼ਨ ਵੱਲ ਧਿਆਨ ਦੇਣ ਦਾ ਜ਼ਰੂਰ ਉਪਰਾਲਾ ਕਰਨਾ ਚਾਹੀਦਾ ਹੈ । ਸਰਕਾਰ ਨੇ ਅਨੁਸੂਚਿਤ

Original with;
Punjab Vidhan Sabha

[ਸੰਸਦੀ ਸਕੱਤਰ, ਉਦਯੋਗ]

ਜਾਤੀਆਂ ਵਾਸਤੇ ਸਵੈ-ਰੁਜ਼ਗਾਰ ਦੇਣ ਲਈ ਦੋ ਨਵੀਆਂ ਸਕੀਮਾਂ ਬਣਾਈਆਂ ਹਨ। ਸਰਕਾਰ ਵੱਲੋਂ ਇਨ੍ਹਾਂ ਸਕੀਮਾਂ ਨੂੰ ਪ੍ਰਵਾਨਗੀ ਵੀ ਦਿੱਤੀ ਜਾ ਚੁੱਕੀ ਹੈ। ਸਰਕਾਰ ਨੇ ਦਸਵੀਂ ਪੰਜ ਸਾਲਾ ਯੋਜਨਾ ਵਿਚ ਇਨ੍ਹਾਂ ਸਕੀਮਾਂ ਨੂੰ ਪ੍ਰਵਾਨ ਕਰਕੇ ਮੈਂ ਸਮਝਦਾ ਹਾਂ ਕਿ ਬਹੁਤ ਸ਼ਲਾਘਾਯੋਗ ਕੰਮ ਕੀਤਾ ਹੈ। ਇਲੈਕਟ੍ਰਾਨਿਕ ਖੇਤਰ ਵਿਚ ਪੰਜ ਇੰਸਟੀਚਿਊਟ ਸ਼ੁਰੂ ਕਰਨ ਦਾ ਵੀ ਸਰਕਾਰ ਦਾ ਪ੍ਰੋਗਰਾਮ ਹੈ। ਮੈਂ ਸਮਝਦਾ ਹਾਂ ਕਿ ਇਹ ਵੀ ਆਪਣੇ ਆਪ ਵਿਚ ਇਕ ਸ਼ਲਾਘਾਯੋਗ ਕਦਮ ਹੈ। ਅਖੀਰ ਵਿਚ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਸਾਰਿਆਂ ਨੂੰ ਇਨਫਰਮੇਸ਼ਨ ਟੈਕਨਾਲੋਜੀ ਵੱਲ ਜ਼ੋਰ ਲਗਾਉਣਾ ਚਾਹੀਦਾ ਹੈ ਅਤੇ ਇਸ ਉਦਯੋਗ ਨੂੰ ਆਪਣੇ ਵੱਲ ਵੱਧ ਤੋਂ ਵੱਧ ਖਿਚਣਾ ਚਾਹੀਦਾ ਹੈ। ਰੱਖੜਾ ਸਾਹਿਬ ਤੁਸੀਂ ਤਾਂ ਆਪ ਬੜੇ ਵੱਡੇ ਵਪਾਰੀ ਹੋ ਅਤੇ ਤੁਹਾਡਾ ਵਾਹ ਅਮਰੀਕਾ ਵਰਗੇ ਦੇਸ਼ਾਂ ਨਾਲ ਕਾਫੀ ਹੈ। ਸਾਨੂੰ ਆਪਣੇ ਮੁਲਕ ਵਿਚ ਕਾਰਖਾਨੇ ਲਗਾਉਣ ਦੀ ਲੋੜ ਨਹੀਂ ਜਿਸ ਤਰ੍ਹਾਂ ਰੈਜ਼ੋਲਿਊਸ਼ਨ ਵਿਚ ਕਿਹਾ ਗਿਆ ਹੈ। ਅਸੀਂ ਸਾਰੇ ਵਿਧਾਨ ਸਭਾ ਵਿਚ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਵਜੋਂ ਆਏ ਹਾਂ। ਸਾਡੇ ਜਿਹੜੇ ਵੀ ਸਾਥੀ ਦੇਸ਼ਾਂ ਵਿਚ ਜਾਂ ਵਿਦੇਸ਼ਾਂ ਵਿਚ ਬੈਠੇ ਹਨ, ਉਨ੍ਹਾਂ ਕੋਲੋਂ ਵੱਧ ਤੋਂ ਵੱਧ ਇਨਫਰਮੇਸ਼ਨ ਟੈਕਨਾਲੋਜੀ ਬਾਰੇ ਸਹਾਇਤਾ ਲਈਏ ਅਤੇ ਪੰਜਾਬ ਵਿਚ ਲੈ ਕੇ ਆਈਏ। ਬਹੁਤ ਬਹੁਤ ਧੰਨਵਾਦ। ਸ਼ੁਕਰੀਆ।

**ਸੰਸਦੀ ਸਕੱਤਰ, ਸ਼ਹਿਰੀ ਹਵਾਬਾਜ਼ੀ (ਸ਼੍ਰੀ ਹੰਸ ਰਾਜ ਜੋਸ਼ਨ)** : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਜੋ ਰੈਜ਼ੋਲਿਊਸ਼ਨ ਰੱਖੜਾ ਸਾਹਿਬ ਨੇ regarding Technical Education and giving loans on comparatively lower rates of interest ਬਾਰੇ ਲਿਆਂਦਾ ਹੈ, ਉਸ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਧਿਆਨ ਵਿਚ ਇਕ ਗੱਲ ਲਿਆਉਣਾ ਚਾਹੁੰਦਾ ਹਾਂ 1984 ਤੋਂ ਲੈ ਕੇ 1992 ਤੱਕ ਪੰਜਾਬ ਵਿਚ ਬੜੇ ਬੁਰੇ ਹਾਲਾਤ ਰਹੇ ਹਨ ਅਤੇ ਪੰਜਾਬ ਕਾਲੇ ਦੌਰ ਵਿਚੋਂ ਲੰਘਿਆ ਹੈ। ਉਹ ਵੀ ਸਮਾਂ ਸੀ ਜਦੋਂ 1992 ਵਿਚ ਇਲੈਕਸ਼ਨ ਹੋਈ ਤਾਂ ਅਸੀਂ ਲੋਕ ਚੋਣਾਂ ਜਿੱਤ ਕੇ ਇਸ ਪਵਿੱਤਰ ਸਦਨ ਵਿਚ ਪਹੁੰਚੇ ਸੀ। ਮੈਂ ਸਮਝਦਾ ਹਾਂ ਕਿ ਪੰਜਾਬ ਦੇ ਵਿਚ ਜਿਹੜਾ ਕਾਲਾ ਦੌਰ ਆਇਆ ਉਸ ਦਾ ਇਕ ਵੱਡਾ ਕਾਰਨ ਅਨਇੰਪਲਾਇਮੈਂਟ ਸੀ ਜਾਂ ਬੱਚਿਆਂ ਨੂੰ ਠੀਕ ਸੇਧ ਨਾ ਦੇਣਾ ਸੀ। ਮੈਂ ਇਸ ਸਬੰਧ ਵਿਚ ਮਰਹੂਮ ਸਰਦਾਰ ਬੇਅੰਤ ਸਿੰਘ ਦਾ ਨਾਂ ਲੈਣਾ ਨਹੀਂ ਭੁੱਲ ਸਕਦਾ ਜਿਨ੍ਹਾਂ ਨੇ 1992 ਵਿਚ ਮੁੱਖ ਮੰਤਰੀ ਬਣਨ ਤੋਂ ਬਾਅਦ ਆਪਣੀ ਸੁੱਧ-ਬੁੱਧ ਨਾਲ ਪੰਜਾਬ ਵਿਚ ਇੰਜੀਨੀਅਰਿੰਗ ਕਾਲਜ ਖੋਲ੍ਹੇ, ਆਈ.ਟੀ.ਆਈਜ਼ ਖੋਲ੍ਹੀਆਂ, ਟੈਕਨੀਕਲ ਯੂਨੀਵਰਸਿਟੀ ਸਥਾਪਤ ਕੀਤੀ ਅਤੇ ਤਕਨੀਕੀ ਵਿੱਦਿਆ ਦਾ ਪੰਜਾਬ ਵਿਚ ਰਸਤਾ ਖੋਲ੍ਹਿਆ। ਇਹ ਕੰਮ 1992 ਤੋਂ 1997 ਤੱਕ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਦੇ ਸਮੇਂ ਹੋਇਆ। ਮੈਨੂੰ ਅੱਜ ਵੀ ਯਾਦ ਹੈ ਕਿ ਜਦੋਂ 1992 ਅਸੀਂ ਐਮ.ਐਲ.ਏ. ਬਣੇ, ਇਸ ਦਾ ਦੂਸਰਾ ਪੱਖ ਹੈ ਕਿ ਲੋਕ ਜਦੋਂ ਆਪਣੀ ਕੰਸਟੀਚਿਊਐਂਸੀ ਵਿਚੋਂ ਚੰਡੀਗੜ੍ਹ ਆਉਂਦੇ ਸਨ ਤਾਂ ਉਨ੍ਹਾਂ ਦੇ ਮਨ ਵਿਚ ਹੁੰਦਾ ਸੀ ਕਿ ਰਸਤੇ ਵਿਚ ਕਿਤੇ ਰੁਕਣਾ ਨਹੀਂ ਅਤੇ ਨਾ ਹੀ ਕਿਧਰੇ ਚਾਹ-ਪਾਣੀ ਪੀਣਾ ਹੈ। ਭਾਵੇਂ ਉਹ 300 ਕਿਲੋਮੀਟਰ ਦਾ ਸਫਰ ਕਰਕੇ ਹੀ ਚੰਡੀਗੜ੍ਹ ਪਹੁੰਚਦੇ ਸਨ ਪੰਜਾਬ ਦੇ ਹਾਲਾਤ ਇਹੋ ਜਿਹੇ ਸਨ। ਪੰਜਾਬ ਨੇ ਉਹੋ ਜਿਹੇ ਹਾਲਾਤ

Original with;
Punjab Vidhan Sabha
Digitized by;

ਵੀ ਫੇਸ ਕੀਤੇ ਹਨ । ਹੁਣ ਮੈਂ ਟੈਕਨੀਕਲ ਐਜੂਕੇਸ਼ਨ ਦੇ ਪਸਾਰ ਬਾਰੇ ਗੱਲ ਕਰਦਾ ਹਾਂ ਤਾਂ ਮੈਂ ਇਹ ਕੋਈ ਗਲਤ ਗੱਲ ਨਹੀਂ ਕਰ ਰਿਹਾ ਹੋਵਾਂਗਾ ਕਿ ਸਰਦਾਰ ਬੇਅੰਤ ਸਿੰਘ ਜੀ ਦੇ ਸਮੇਂ ਪੰਜਾਬ ਵਿਚ 35 ਆਈ.ਟੀ.ਆਈਆਂ. ਨਵੀਆਂ ਖੋਲ੍ਹੀਆਂ ਗਈਆਂ । ਔਰ ਇਸ ਦੇ ਨਾਲ ਸਰਦਾਰ ਬੇਅੰਤ ਸਿੰਘ ਹੋਰਾਂ ਨੇ ਤਕਰੀਬਨ 19 ਪਾਲੀਟੈਕਨਿਕ ਉਸ ਵੇਲੇ ਬਣਾਏ ਸਨ । ਉਨ੍ਹਾਂ ਦੇ ਨਾਲ ਜਿਹੜੇ 4 ਇੰਜੀਨੀਅਰਿੰਗ ਕਾਲਜ ਬਣਾਏ ਸਨ, ਉਹ ਬਾਰਡਰ ਡਿਸਟ੍ਰਿਕਟਸ ਗੁਰਦਾਸਪੁਰ ਅਤੇ ਫਿਰੋਜ਼ਪੁਰ ਵਿੱਚ ਬਣਾਏ ਗਏ ਸਨ ਕਿਉਂਕਿ ਬਾਰਡਰ ਦੇ ਲੋਕਾਂ ਕੋਲ ਇੰਨਾ ਪੈਸਾ ਨਹੀਂ ਹੁੰਦਾ ਕਿ ਉਹ ਆਪਣੇ ਬੱਚਿਆਂ ਨੂੰ ਬਾਹਰ ਭੇਜਕੇ ਇੰਜੀਨੀਅਰਿੰਗ ਦੀ ਪੜ੍ਹਾਈ ਕਰਵਾ ਸਕਣ । ਇਸ ਲਈ ਇਹ ਬਾਰਡਰ ਡਿਸਟ੍ਰਿਕਟ ਵਿੱਚ ਖੋਲ੍ਹੇ ਗਏ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਇਸ ਦਾ ਫਾਇਦਾ ਮਿਲਿਆ । ਮੈਂ ਪਿਛਲੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੀ ਗੱਲ ਕਰਨੀ ਚਾਹੁੰਦਾ ਹਾਂ ਕਿ ਜੋ 35 ਆਈ.ਟੀ.ਆਈ. ਸਰਦਾਰ ਬੇਅੰਤ ਸਿੰਘ ਜੀ ਵੇਲੇ ਚਾਲੂ ਕੀਤੀਆਂ ਗਈਆਂ ਸਨ ਅਤੇ ਜੋ ਕੋਰਸ ਚਾਲੂ ਕੀਤੇ ਗਏ ਸਨ, ਬੱਚਿਆਂ ਨੇ ਆਪਣੀ ਐਜੂਕੇਸ਼ਨ ਕੰਪਲੀਟ ਕੀਤੀ ਲੇਕਿਨ ਜਿਹੜੀਆਂ 11 ਆਈ.ਟੀ.ਆਈ. 1977 ਵਿੱਚ ਕੰਪਲੀਟ ਹੋਣ ਤੋਂ ਰਹਿ ਗਈਆਂ ਸਨ, ਜਿਨ੍ਹਾਂ ਦੀਆਂ ਬਿਲਡਿੰਗਾਂ ਕੁਝ ਬਣੀਆਂ ਸਨ ਅਤੇ ਕੁਝ ਬਣਨੀਆਂ ਰਹਿੰਦੀਆਂ ਸਨ, ਅਧੂਰੀਆਂ ਸਨ, ਇਨ੍ਹਾਂ ਨੇ 2002 ਤੱਕ ਉਨ੍ਹਾਂ ਦਾ ਕੁਝ ਵੀ ਨਹੀਂ ਕੀਤਾ । ਜਿੱਥੇ ਅਸੀਂ ਛੱਡ ਕੇ ਗਏ ਸੀ, ਉਹ ਉਥੇ ਹੀ ਪਈਆਂ ਹਨ । ਅਸੀਂ ਜੇ ਅੱਜ ਪੰਜਾਬ ਦੀ ਗੱਲ ਕਰੀਏ ਤਾਂ 40-50 ਸਾਲ ਪਹਿਲਾਂ ਪੰਜਾਬ ਹਰ ਕੰਮ ਵਿੱਚ ਮੂਹਰੇ ਰਿਹਾ । ਅਸੀਂ ਜਦੋਂ ਛੋਟੇ ਛੋਟੇ ਹੁੰਦੇ ਸੀ, ਮੈਨੂੰ ਯਾਦ ਹੈ ਕਿ ਸ੍ਰੀ ਲਾਲ ਬਹਾਦਰ ਸਾਸ਼ਤਰੀ ਜੀ ਉਸ ਵੇਲੇ ਭਾਰਤ ਦੇ ਪ੍ਰਧਾਨ ਮੰਤਰੀ ਹੁੰਦੇ ਸਨ, ਉਨ੍ਹਾਂ ਨੇ ਐਲਾਨ ਕੀਤਾ ਸੀ, ਉਸ ਵੇਲੇ ਉਨ੍ਹਾਂ ਨੂੰ ਸੁਣਨ ਦਾ ਕੋਈ ਸਾਧਨ ਟੈਲੀਵਿਜ਼ਨ ਵਗੈਰਾ ਨਹੀਂ ਹੁੰਦਾ ਸੀ ਅਤੇ ਅਖਬਾਰਾਂ ਵੀ ਪਿੰਡਾਂ ਵਿੱਚ ਨਹੀਂ ਪੁੱਜਦੀਆਂ ਸਨ । ਉਸ ਵੇਲੇ ਰੇਡੀਓ ਤੇ ਉਨ੍ਹਾਂ ਨੇ ਕਿਹਾ ਸੀ ਕਿ ਜੇ ਭਾਰਤ ਦੇ ਲੋਕ ਮੰਗਲਵਾਰ ਨੂੰ ਵਰਤ ਰੱਖਣ ਤਾਂ ਵਿਦੇਸ਼ਾਂ ਤੋਂ ਜੋ ਅਸੀਂ ਅੰਨ ਮੰਗਵਾਉਂਦੇ ਹਾਂ ਤਾਂ ਉਸ ਤੇ ਰੋਕ ਲਗਾਕੇ ਅਸੀਂ ਆਪਣੇ ਅਨਾਜ ਨਾਲ ਆਪਣਾ ਪੇਟ ਭਰ ਸਕਾਂਗੇ । ਮੈਂ ਪੰਜਾਬ ਦੇ ਲੋਕਾਂ ਦੀ ਤਾਰੀਫ ਕੀਤੇ ਬਗੈਰ ਨਹੀਂ ਰਹਿ ਸਕਦਾ । ਉਸ ਵੇਲੇ ਪੀ.ਪੀ. 18 ਕਣਕ ਜੋ ਵਿਦੇਸ਼ਾ ਤੋਂ ਮੰਗਵਾ ਕੇ ਡਿਪੂਆਂ ਰਾਹੀਂ ਵੰਡੀ ਜਾਂਦੀ ਸੀ । ਉਸ ਵਿੱਚ ਲਾਲ ਕਣਕ ਜਿਹੜੀ ਆਉਂਦੀ ਸੀ ਅਤੇ ਅਮਰੀਕਾ ਤੋਂ ਜਿਹੜੇ ਰੋੜ ਉਸਦੇ ਵਿੱਚ ਆਉਂਦੇ ਸਨ, ਉਹ ਆਟੇ ਵਿੱਚ ਪਿੱਸ ਕੇ ਲੋਕਾਂ ਨੂੰ ਖਾਣੇ ਪੈਂਦੇ ਸਨ । ਪੰਜਾਬ ਦੇ ਲੋਕਾਂ ਨੇ ਉਸ ਵੱਡੇ ਚੈਲੰਜ ਨੂੰ ਕਬੂਲ ਕੀਤਾ ਅਤੇ ਪੰਜਾਬ ਦੇ ਕਿਸਾਨ ਨੇ ਸਿਰਫ ਆਪਣਾ ਪੇਟ ਹੀ ਨਹੀਂ ਭਰਿਆ ਸਗੋਂ ਪੰਜਾਬ ਦੇ ਕਿਸਾਨ ਨੇ ਕੇਂਦਰ ਵਿੱਚ ਅੰਨ ਦੇ ਭੰਡਾਰ ਭਰਕੇ ਹਿੰਦੁਸਤਾਨ ਵਿੱਚ ਸਰਪਲੱਸ ਅਨਾਜ ਪੈਦਾ ਕੀਤਾ । ਹੁਣ ਨੀਲੀ ਕਰਾਂਤੀ ਜੋ ਆਈ ਹੈ, ਉਸਦੇ ਵਿੱਚ ਵੀ ਹਿੰਦੁਸਤਾਨ ਅੱਜ ਦੁਨੀਆਂ ਵਿੱਚ ਮੋਹਰੀ ਬਣਿਆ ਹੈ । ਮੈਂ 1983 ਤੋਂ ਲੈ ਕੇ 1992 ਤੱਕ ਦੀ ਗੱਲ ਕਰਦਾ ਹਾਂ । ਇਸ ਤੋਂ ਪਹਿਲਾਂ ਇੰਡਸਟਰੀ ਦੇ ਖੇਤਰ ਵਿੱਚ ਭਾਵੇਂ ਸਾਡੀ ਗੌਰਮਿੰਟ ਰਹੀ ਜਾਂ ਅਕਾਲੀ ਦਲ ਦੀ ਗੌਰਮਿੰਟ

Original with;
Punjab Vidhan Sabha
Digitized by;
Panjab Digital Library

[ਸੰਸਦੀ ਸਕੱਤਰ, ਸ਼ਹਿਰੀ ਹਵਾਬਾਜ਼ੀ]

ਰਹੀ, ਸਰਕਾਰ ਨੇ ਲੋਕਾਂ ਨੂੰ ਸਬਸਿਡੀਆਂ ਦੇ ਕੇ, ਲੋਕਾਂ ਦੀ ਮਦਦ ਕਰਕੇ ਇਥੇ ਫੈਕਟਰੀਆਂ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ । 1983 ਤੋਂ ਲੈ ਕੇ 1992 ਤੱਕ ਦੀ ਜੇ ਗੱਲ ਕਰੀਏ ਤਾਂ ਪਹਿਲਾਂ ਪੰਜਾਬ ਇੰਡਸਟਰੀ ਦੇ ਖੇਤਰ ਵਿੱਚ ਹਿੰਦੁਸਤਾਨ ਵਿੱਚ ਚੌਥੇ ਨੰਬਰ ਤੇ ਸੀ ਪਰੰਤੂ ਅੱਤਵਾਦ ਕਾਰਨ ਇਹ 17ਵੇਂ ਨੰਬਰ ਤੇ ਚਲਾ ਗਿਆ । ਫਿਰ ਜਦੋਂ 1992 ਤੋਂ 1997 ਤੱਕ ਕਾਂਗਰਸ ਦੀ ਸਰਕਾਰ ਇਥੇ ਬਣੀ ਅਤੇ ਸਰਦਾਰ ਬੇਅੰਤ ਸਿੰਘ ਜੀ ਇਥੇ ਮੁੱਖ ਮੰਤਰੀ ਰਹੇ ਅਤੇ ਸਰਦਾਰ ਹਰਚਰਨ ਸਿੰਘ ਬਰਾੜ ਵੀ ਮੁੱਖ ਮੰਤਰੀ ਰਹੇ, ਉਸ ਵੇਲੇ ਫਿਰ ਇੰਡਸਟਰੀ ਦੇ ਖੇਤਰ ਵਿੱਚ ਪੰਜਾਬ ਮੁਲਕ ਵਿੱਚ ਚੌਥੇ ਨੰਬਰ ਤੇ ਆ ਗਿਆ । ਮਾਨਯੋਗ ਚੇਅਰਮੈਨ ਸਾਹਿਬ ਪਿਛਲੇ ਪੰਜ ਸਾਲ ਵਿੱਚ 1997 ਤੋਂ 2002 ਤੱਕ ਸ਼੍ਰੋਮਣੀ ਅਕਾਲੀ ਦਲ, ਭਾਰਤੀਯ ਜਨਤਾ ਪਾਰਟੀ ਦੀ ਸਰਕਾਰ ਦੇ ਸਮੇਂ ਦੌਰਾਨ ਪੰਜਾਬ ਫਿਰ 10ਵੇਂ ਨੰਬਰ ਤੇ ਚਲਿਆ ਗਿਆ । ਜੇ ਅੱਜ ਅਸੀਂ ਟੈਕਨੀਕਲ ਐਜੂਕੇਸ਼ਨ ਦੀ ਗੱਲ ਕਰੀਏ ਤਾਂ ਅੱਜ ਇਕ ਅਜਿਹਾ ਪੁਆਇੰਟ ਆ ਗਿਆ ਹੈ, ਅੱਜ ਦੇ ਸਰਕਾਰ ਦੀਆਂ ਕਾਰਪੋਰੇਸ਼ਨਾਂ ਦੀਆਂ ਗੱਲਾਂ ਕਰੀਏ, ਡਿਸਇਨਵੈਸਟਮੈਂਟ ਦੀ ਗੱਲ ਕਰੀਏ, ਨੌਕਰੀਆਂ ਦੀ ਗੱਲ ਕਰੀਏ.........

*12.34 ਵਜੇ ਬਾਅਦ ਦੁਪਹਿਰ

*
(ਇਸ ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਅੱਜ ਗੌਰਮਿੰਟ ਜਾਬਜ਼ ਦੀ ਗੱਲ ਕਰੀਏ, ਅੱਜ ਇਹੋ ਜਿਹੇ ਪੁਆਇੰਟ ਆ ਗਏ ਹਨ ਕਿ ਕੋਈ ਵੀ ਗੌਰਮਿੰਟ ਚਾਹੇ ਉਹ ਕਾਂਗਰਸ ਗੌਰਮਿੰਟ ਹੋਵੇ, ਚਾਹੇ ਪਿਛਲੇ ਸਮੇਂ ਵਿੱਚ ਅਕਾਲੀ ਦਲ ਦੀ ਸਰਕਾਰ ਰਹੀ ਹੋਵੇ, ਕੋਈ ਵੀ ਨੌਕਰੀਆਂ ਨੂੰ ਵਧਾ ਨਹੀਂ ਸਕਦਾ । ਇਸ ਵਾਸਤੇ ਸਵੈ-ਰੁਜ਼ਗਾਰ ਯੋਜਨਾ ਵੱਲ ਧਿਆਨ ਦੇਣ ਦੀ ਲੋੜ ਹੈ । ਟੈਕਨੀਕਲ ਐਜੂਕੇਸ਼ਨ ਟ੍ਰੇਨਿੰਗ ਚਾਹੇ ਉਹ ਆਈ.ਟੀ.ਆਈ. ਵਿੱਚ ਦਿੱਤੀ ਜਾਂਦੀ ਹੈ, ਚਾਹੇ ਉਹ ਪਾਲੀਟੈਕਨਿਕ ਵਿੱਚ ਦਿੱਤੀ ਜਾਂਦੀ ਹੈ, ਉਥੋਂ ਟ੍ਰੇਨਿੰਗ ਲੈਣ ਉਪਰੰਤ ਨੌਜਵਾਨ ਪੰਜਾਬ ਔਰ ਹਿੰਦੁਸਤਾਨ ਦੀ ਸੇਵਾ ਕਰ ਸਕਦੇ ਹਨ ਔਰ ਸਾਰੀ ਦੁਨੀਆਂ ਦੀ ਸੇਵਾ ਕਰ ਸਕਦੇ ਹਨ । ਇਸ ਤਰ੍ਹਾਂ ਸਵੈ-ਰੁਜ਼ਗਾਰ ਦੀ ਯੋਜਨਾ ਸਹੀ ਮਾਅਨਿਆਂ ਵਿੱਚ ਲਾਗੂ ਹੋ ਸਕਦੀ ਹੈ ਅਤੇ ਉਹ ਨੌਜਵਾਨ ਆਪਣੇ ਪਰਿਵਾਰ ਦਾ ਫਾਇਦਾ ਕਰ ਸਕਦੇ ਹਨ । ਸਾਡੀ ਸਰਕਾਰ ਨੇ ਇਸ ਵਾਸਤੇ ਉਪਰਾਲੇ ਵੀ ਕੀਤੇ ਹਨ । ਅਟਵਾਲ ਸਾਹਿਬ ਨੇ ਗੱਲ ਕੀਤੀ ਹੈ । ਮੈਂ ਇਸ ਗੱਲ ਦੀ ਤਾਰੀਫ ਕੀਤੇ ਬਿਨਾਂ ਨਹੀਂ ਰਹਿ ਸਕਦਾ, ਟੈਕਨੀਕਲ ਐਜੂਕੇਸ਼ਨ ਦੇ ਮੰਤਰੀ ਕੇ.ਪੀ. ਸਾਹਿਬ ਬੈਠੇ ਹਨ, ਕਿ ਗਵਰਨਰ ਸਾਹਿਬ ਦੇ ਐਡਰੈਸ ਵਿੱਚ ਵੀ ਦਸਵੀਂ ਪੰਜ ਸਾਲਾ ਯੋਜਨਾ ਦੌਰਾਨ ਟੈਕਨੀਕਲ ਐਜੂਕੇਸ਼ਨ ਪੰਜਾਬ ਦੇ ਲੋਕਾਂ ਨੂੰ ਦੇ ਕੇ ਤਕੜੇ ਹੋ ਕੇ ਉਨ੍ਹਾਂ ਨੂੰ ਰੁਜ਼ਗਾਰ ਦੇਣ ਵਾਸਤੇ ਉਪਰਾਲੇ ਕੀਤੇ ਗਏ ਹਨ । ਅੱਜ ਇਸ ਗੱਲ ਦੀ ਲੋੜ ਹੈ । ਮੈਂ ਅੱਜ ਤੋਂ 20 ਸਾਲ ਪੁਰਾਣੀ ਗੱਲ ਕਰਦਾ ਹਾਂ । ਪੰਜਾਬ ਦੇ ਖੇਤ ਅੱਜ ਘਟਦੇ ਜਾ ਰਹੇ ਹਨ । ਜ਼ਮੀਨ ਦੀ ਐਵਰੇਜ ਕੱਢ ਲਓ । ਅੱਜ ਤੋਂ 20 ਸਾਲ ਪਹਿਲਾਂ ਪੰਜਾਬ ਦੇ ਲੋਕਾਂ ਕੋਲ ਐਗਰੀਕਲਚਰ ਅਧੀਨ ਕਾਫੀ ਜ਼ਮੀਨ ਹੁੰਦੀ ਸੀ । ਚਾਹੇ ਮਲੋਟ ਦਾ ਇਲਾਕਾ ਗਿਣ ਲਓ, ਚਾਹੇ ਫਿਰੋਜ਼ਪੁਰ ਦਾ ਇਲਾਕਾ ਗਿਣ ਲਓ ਔਰ ਚਾਹੇ

Original with;
Punjab Vidhan Sabha
Digitized by;
Panjab Digital Library

ਫਰੀਦਕੋਟ, ਬਾਘਾ ਪੁਰਾਣੇ ਨੂੰ ਗਿਣ ਲਓ ਜਿਸ ਵਿੱਚ ਮੁਕਤਸਰ ਦਾ ਥੋੜ੍ਹਾ ਜਿਹਾ ਏਰੀਆ ਆ ਜਾਂਦਾ ਹੈ। ਅੱਜ ਜੇ ਐਵਰੇਜ ਕੱਢ ਕੇ ਦੇਖੀਏ ਤਾਂ ਪੰਜਾਬ ਦੇ ਲੋਕਾਂ ਕੋਲ 2-2 ਏਕੜ ਜ਼ਮੀਨ ਵੀ ਨਹੀਂ ਰਹੀ। ਅੱਜ ਤੋਂ 20 ਸਾਲ ਪਹਿਲਾਂ ਜਿਹੜੇ 20-20 ਕਿੱਲੇ ਜ਼ਮੀਨ ਹੁੰਦੀ ਸੀ, ਜੇ ਕਿਸੇ ਦੇ 4-5 ਬੱਚੇ ਹੋ ਗਏ ਹਨ, ਉਹ ਜ਼ਮੀਨ ਵੰਡੀ ਗਈ ਅਤੇ 4-5 ਕਿੱਲੇ ਹੀ ਰਹਿ ਗਈ। ਇਸ ਕਰਕੇ ਜ਼ਮੀਨ ਜੋਤਾਂ ਵਿੱਚ ਵੰਡਣ ਕਾਰਨ ਰੋਜ਼ੀ ਕਮਾਉਣ ਦੇ ਯੋਗ ਨਹੀਂ ਰਹਿ ਜਾਂਦੀ। ਸੋ, ਇਸ ਪਾਸੇ ਅੱਜ ਧਿਆਨ ਦੇਣ ਦੀ ਲੋੜ ਹੈ। ਅੱਜ ਤੋਂ ਇੱਕ ਸਾਲ ਪਹਿਲਾਂ ਜਦੋਂ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਮੁੱਖ ਮੰਤਰੀ ਬਣੇ ਸਨ ਤਾਂ ਉਸ ਵੇਲੇ ਉਨ੍ਹਾਂ ਅੱਗੇ ਇੱਕ ਬੜਾ ਵੱਡਾ ਚੈਲੰਜ ਸੀ। ਪੰਜਾਬ ਦਾ ਖਜ਼ਾਨਾ ਬਿਲਕੁਲ ਖਾਲੀ ਪਿਆ ਸੀ ਔਰ ਪੰਜਾਬ ਦੀ ਮਾਲੀ ਹਾਲਤ ਕੋਈ ਬਹੁਤੀ ਠੀਕ ਨਹੀਂ ਸੀ। ਮੈਂ ਇਹ ਗੱਲ ਅਸਲੀਅਤ ਦੇ ਤੌਰ ਤੇ ਪੇਸ਼ ਕਰ ਰਿਹਾ ਹਾਂ। ਜਿਸ ਵੇਲੇ ਕੈਪਟਨ ਸਾਹਿਬ ਨੇ ਸਰਕਾਰ ਸੰਭਾਲੀ, ਮੈਨੂੰ ਯਾਦ ਹੈ ਕਿ ਐਫ.ਸੀ.ਆਈ. ਤੋਂ ਚਾਵਲਾਂ ਵਾਸਤੇ ਅਸੀਂ ਪੈਸਾ ਲੈਂਦੇ ਸੀ। ਚਾਵਲਾਂ ਦੀ ਪੇਮੈਂਟ ਜਿਹੜੀ ਲੋਕਾਂ ਨੂੰ ਚਾਵਲ ਖਰੀਦਣ ਸਮੇਂ ਕਰਨੀ ਸੀ, ਉਹ 250 ਕਰੋੜ ਰੁਪਿਆ ਸੰਗਤ ਦਰਸ਼ਨ ਤੇ ਵੰਡ ਦਿੱਤਾ ਗਿਆ। ਕੈਪਟਨ ਸਾਹਿਬ ਨੇ 3-4 ਮਹੀਨਿਆਂ ਦੇ ਅੰਦਰ ਅੰਦਰ ਸਾਰੀ ਡਿਵੈਲਪਮੈਂਟ ਰੋਕ ਕੇ ਪੈਸੇ ਦਾ ਇੰਤਜ਼ਾਮ ਕੀਤਾ ਔਰ ਪੈਸਾ ਅਦਾ ਕੀਤਾ। ਜਿਹੜੇ ਲੋਕਾਂ ਨੇ ਚਾਵਲਾਂ ਵਾਸਤੇ ਬੈਂਕਾਂ ਤੋਂ ਲੋਨ ਲਏ ਸਨ, ਪੈਸਾ ਹਾਈਪੋਥੀਕੇਟ ਕੀਤਾ ਸੀ, ਉਹ ਉਨ੍ਹਾਂ ਨੇ ਅਦਾ ਕੀਤਾ। ਅੱਜ ਮੈਂ ਇਹ ਗੱਲ ਕਹਿ ਰਿਹਾ ਹਾਂ ਔਰ ਸਾਡੇ ਚੀਫ ਮਨਿਸਟਰ ਸਾਹਿਬ ਵੀ ਕਹਿ ਰਹੇ ਹਨ, ਕੋਈ ਸ਼ੱਕ ਵਾਲੀ ਗੱਲ ਨਹੀਂ ਕਿ ਹੁਣ ਸਾਡੀ ਮਾਲੀ ਪੁਜ਼ੀਸ਼ਨ ਸੁਧਰੀ ਹੈ। ਸਾਡੇ ਟੈਕਨੀਕਲ ਐਜੂਕੇਸ਼ਨ ਮੰਤਰੀ ਸਾਹਿਬ ਬੈਠੇ ਹਨ। ਇਥੇ 11 ਆਈ.ਟੀ.ਆਈਜ਼ ਦੀ ਗੱਲ ਕੀਤੀ ਗਈ। ਇਨ੍ਹਾਂ ਆਈ.ਟੀ.ਆਈਜ਼ ਨੂੰ ਪਿਛਲੀ ਸਰਕਾਰ ਚਾਲੂ ਨਹੀਂ ਕਰ ਸਕੀ, ਇਹ 6 ਸਾਲਾਂ ਤੋਂ ਪੈਂਡਿੰਗ ਪਈਆਂ ਸਨ ਔਰ ਨਾ ਹੀ ਸਾਡੀ ਸਰਕਾਰ ਫਾਇਨਾਂਸ਼ੀਅਲ ਕਰਾਈਸਿਜ਼ ਹੋਣ ਕਾਰਨ ਚਾਲੂ ਕਰ ਸਕੀ ਹੈ। ਮੇਰੀ ਬੇਨਤੀ ਹੈ ਕਿ ਇਹ ਆਈ.ਟੀ.ਆਈਜ਼ ਪਹਿਲ ਦੇ ਆਧਾਰ ਤੇ ਚਾਲੂ ਕਰਵਾਈਆਂ ਜਾਣ। ਸ਼੍ਰੋਮਣੀ ਅਕਾਲੀ ਦਲ ਅਤੇ ਸਾਡੇ ਸਾਥੀ ਏਥੇ ਬੈਠੇ ਹਨ। ਦਿੱਲੀ ਵਿੱਚ ਬੀ.ਜੇ.ਪੀ. ਅਤੇ ਸ਼੍ਰੋਮਣੀ ਅਕਾਲੀ ਦਲ ਦੀ ਗੌਰਮਿੰਟ ਹੈ। ਅੱਜ ਟੈਕਨੀਕਲ ਐਜੂਕੇਸ਼ਨ, ਇਨਫਰਮੇਸ਼ਨ ਟੈਕਨਾ-ਲੋਜੀ ਦਾ ਯੁੱਗ ਹੈ। ਜੇ ਅਸੀਂ ਆਈ.ਟੀ.ਆਈਜ਼ ਵਿੱਚ ਪੜ੍ਹਾਵਾਂਗੇ, ਪਾਲੀਟੈਕਨਿਸ ਵਿੱਚ ਪੜ੍ਹਾਵਾਂਗੇ, ਇੰਜੀਨੀਅਰਿੰਗ ਕਾਲਜਾਂ ਵਿੱਚ ਪੜ੍ਹਾਵਾਂਗੇ ਤਾਂ ਸਾਰਿਆਂ ਨੂੰ ਗੌਰਮਿੰਟ ਨੌਕਰੀ ਨਹੀਂ ਦੇ ਸਕਦੀ। ਕੋਈ ਗੌਰਮਿੰਟ ਆ ਜਾਵੇ, ਨਾ ਤਾਂ ਆਈ.ਟੀ.ਆਈ. ਪਾਸ ਨੂੰ ਲਗਾਇਆ ਜਾ ਸਕਦਾ ਹੈ ਔਰ ਨਾ ਹੀ ਸਾਰੇ ਪਾਲੀਟੈਕਨਿਕ ਕਾਲਜਾਂ ਵਿੱਚ ਪਾਸ ਨੂੰ ਐਡਜਸਟ ਕੀਤਾ ਜਾ ਸਕਦਾ ਹੈ। ਇਸ ਲਈ ਸੈਂਟਰ ਸਰਕਾਰ ਨੂੰ ਇਹੋ ਜਿਹੀਆਂ ਸਕੀਮਾਂ ਬਣਾਉਣੀਆਂ ਚਾਹੀਦੀਆਂ ਹਨ ਜਿਨ੍ਹਾਂ ਨਾਲ ਸਾਰਿਆਂ ਨੂੰ ਰੁਜ਼ਗਾਰ ਮਿਲ ਸਕੇ। ਹਿੰਦੁਸਤਾਨ ਦੀਆਂ ਜਿਹੜੀਆਂ ਸਕੀਮਾਂ ਹਨ, ਮੈਂ ਨਹੀਂ ਸਮਝਦਾ ਕਿ ਆਈ.ਟੀ.ਆਈ. ਤੋਂ ਪਾਸ ਹੋ ਕੇ ਜਦੋਂ ਬੱਚਾ ਨਿਕਲਦਾ ਹੈ ਜਾਂ ਪਾਲੀਟੈਕਨਿਕ ਤੋਂ ਪਾਸ ਹੋਏਗਾ ਜਾਂ

Original with;
Punjab Vidhan Sabha

[ਸੰਸਦੀ ਸਕੱਤਰ, ਸ਼ਹਿਰੀ ਹਵਾਬਾਜ਼ੀ]

ਇੰਜੀਨੀਅਰ ਜਿਹੜਾ ਬੱਚਾ ਬਣਦਾ ਹੈ ਤਾਂ ਉਹ ਕਰਜ਼ਾ ਲੈ ਕੇ, ਉਸ ਕਰਜ਼ੇ ਨਾਲ ਕੋਈ ਕੰਮ ਸ਼ੁਰੂ ਕਰ ਸਕੇ, ਇਹੋ ਜਿਹੀਆਂ ਸਕੀਮਾਂ ਸਾਨੂੰ ਲਿਆਉਣੀਆਂ ਪੈਣਗੀਆਂ । ਉਸ ਦੇ ਵਾਸਤੇ ਦਿੱਲੀ ਵਾਲੀ ਗੌਰਮਿੰਟ ਨੂੰ ਸੁਚੇਤ ਕਰਨਾ ਪਵੇਗਾ । ਦਿੱਲੀ ਦੀ ਗੌਰਮਿੰਟ ਦਾ ਜ਼ਿਆਦਾ ਫਰਜ਼ ਬਣਦਾ ਹੈ । ਇੰਨੀਆਂ ਗੱਲਾਂ ਕਰਦਾ ਹੋਇਆ, ਇਸ ਰੈਜ਼ੋਲਿਊਸ਼ਨ ਤੇ ਬੋਲਣ ਦਾ ਜੋ ਮੈਨੂੰ ਮੌਕਾ ਮਿਲਿਆ, ਇਸ ਲਈ, ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਔਰ ਨਾਲ ਹੀ ਬੇਨਤੀ ਕਰਦਾ ਹਾਂ ਕਿ ਇਸ ਸਰਕਾਰ ਨੇ, ਕੈਪਟਨ ਅਮਰਿੰਦਰ ਸਿੰਘ ਹੋਰਾਂ ਦੀ ਸਰਕਾਰ ਨੇ, ਮੈਂ ਪੜ੍ਹ ਰਿਹਾ ਸੀ, ਮੈਨੂੰ ਪੜ੍ਹਨ ਦਾ ਥੋੜ੍ਹਾ ਹੀ ਮੌਕਾ ਮਿਲਿਆ ਹੈ, ਇਸ ਸਾਲ ਇਹ ਚਾਰ ਪਾਲੀਟੈਕਨਿਕਸ ਨੂੰ ਕਾਲਜ ਦਾ ਦਰਜਾ ਦੇਣ ਜਾ ਰਹੇ ਹਨ । ਇਹ ਸਰਕਾਰ ਦੀ ਬੜੀ ਮਹੱਤਵਪੂਰਨ ਗੱਲ ਹੈ । ਚਾਹੇ ਪੰਜਾਬ ਫਾਈ-ਨਾਂਸ਼ਲ ਕਰਾਈਸਜ਼ ਵਿੱਚੋਂ ਨਿਕਲਿਆ ਹੈ ਪਰ ਚਾਰ ਪਾਲੀਟੈਕਨਿਕਸ-ਰੋਪੜ, ਹੁਸ਼ਿਆਰਪੁਰ, ਖੂਨੀ ਮਾਜਰਾ ਅਤੇ ਪਟਿਆਲਾ ਨੂੰ ਇੰਜੀਨੀਅਰਿੰਗ ਕਾਲਜਾਂ ਦਾ ਦਰਜਾ ਦਿੱਤਾ ਜਾ ਰਿਹਾ ਹੈ । ਮੈਂ ਇਸ ਗੱਲ ਲਈ, ਸਾਡੇ ਟੈਕਨੀਕਲ ਮਨਿਸਟਰ ਸਾਹਿਬ ਬੈਠੇ ਹਨ, ਉਨ੍ਹਾਂ ਦਾ ਧੰਨਵਾਦ ਕਰਦਾ ਹਾਂ । ਨਾਲ ਹੀ ਬੇਨਤੀ ਕਰਦਾ ਹਾਂ ਕਿ ਕਿਉਂਕਿ ਅੱਜ ਇਸ ਗੱਲ ਦੀ ਲੋੜ ਹੈ, ਅੱਜ ਆਰਟਸ ਕਾਲਜਾਂ ਦੀ ਬਜਾਏ, ਚਾਹੇ ਸਾਇੰਸ ਕਾਲਜ ਹੋਵੇ, ਇਨ੍ਹਾਂ ਦੀ ਬਜਾਏ ਅੱਜ ਟੈਕਨੀਕਲ ਐਜੂਕੇਸ਼ਨ ਤੇ ਸਰਮਾਇਆ ਲਗਾਇਆ ਜਾਵੇ । ਬੱਚਿਆਂ ਨੂੰ ਇਹੋ ਜਿਹੇ ਕਿੱਤੇ ਦਿੱਤੇ ਜਾਣ ਤਾਂ ਕਿ ਉਹ ਗੌਰਮਿੰਟ ਵਾਲੇ ਪਾਸੇ ਜ਼ਿਆਦਾ ਨਾ ਦੇਖਣ । ਸੈਂਟਰ ਗੌਰਮਿੰਟ ਇਨ੍ਹਾਂ ਨੂੰ ਇਹੋ ਜਿਹੇ ਕਰਜ਼ੇ ਦੇਵੇ ਜਾਂ ਪੰਜਾਬ ਸਰਕਾਰ ਇਨ੍ਹਾਂ ਨੂੰ ਘੱਟ ਰੇਟਾਂ ਤੇ ਦੇਵੇ, ਇਥੋਂ ਤੱਕ ਕੇ ਜੇਕਰ ਇਨ੍ਹਾਂ ਨੂੰ ਬਗੈਰ ਵਿਆਜ ਤੋਂ ਵੀ ਪੈਸਾ ਦੇਣਾ ਪਵੇ ਤਾਂ ਵੀ ਦੇਣਾ ਚਾਹੀਦਾ ਹੈ ਤਾਂ ਕਿ ਉਹ ਬੱਚੇ ਮਾੜੇ ਕੰਮਾਂ ਵਿੱਚ ਨਾ ਪੈਣ, ਬੱਚੇ ਆਪਣਾ ਕੰਮ ਕਰ ਸਕਣ । ਉਹ ਆਪਣੇ ਪਰਿਵਾਰ ਵਾਸਤੇ ਅਤੇ ਪੰਜਾਬ ਦੇ ਭਲੇ ਵਾਸਤੇ ਕੰਮ ਕਰ ਸਕਣ । ਤੁਹਾਡਾ ਬਹੁਤ ਬਹੁਤ ਸ਼ੁਕਰੀਆ, ਮਿਹਰਬਾਨੀ, ਮਾਨਯੋਗ ਸਪੀਕਰ ਸਾਹਿਬ, ਕਿ ਤੁਸੀਂ ਮੈਨੂੰ ਇਸ ਰੈਜ਼ੋਲਿਊਸ਼ਨ ਤੇ ਬੋਲਣ ਦਾ ਮੌਕਾ ਦਿੱਤਾ ਹੈ । ਜੈ ਹਿੰਦ ।

ਰਾਣਾ ਕੰਵਰਪਾਲ ਸਿੰਘ (ਨੰਗਲ) : ਧੰਨਵਾਦ ਮਾਨਯੋਗ ਸਪੀਕਰ ਸਾਹਿਬ ਕਿ ਤੁਸੀਂ ਮੈਨੂੰ ਇਸ ਬੜੇ ਮਹੱਤਵਪੂਰਣ ਮਸਲੇ ਤੇ ਬੋਲਣ ਦੀ ਇਜਾਜ਼ਤ ਦਿੱਤੀ ਹੈ । ਮੈਂ ਤੁਹਾਡੇ ਰਾਹੀਂ ਇਸ ਸਦਨ ਵਿੱਚ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਮਤਾ ਰੱਖੜਾ ਸਾਹਿਬ ਲੈ ਕੇ ਆਏ ਹਨ, ਇਹ ਬਹੁਤ ਹੀ ਭਖਦਾ ਮਸਲਾ ਹੈ । ਜਿਸ ਤਰ੍ਹਾਂ ਚਿੰਤਾ ਦਾ ਇਜ਼ਹਾਰ ਇਨ੍ਹਾਂ ਨੇ ਇਸ ਮਤੇ ਰਾਹੀਂ ਕੀਤਾ ਹੈ, ਇਹ ਸਾਰੇ ਪੰਜਾਬ ਦੀ ਚਿੰਤਾ ਹੈ ਔਰ ਹਰ ਪੰਜਾਬੀ ਇਸ ਗੱਲ ਨੂੰ ਲੈ ਕੇ ਫਿਕਰਮੰਦ ਹੈ । ਇਹ ਉਹ ਪੰਜਾਬ ਹੈ, ਜਿਥੋਂ ਦੇ ਬਹਾਦਰ ਕਿਸਾਨਾਂ ਨੇ ਪੰਜਾਬ ਦੇ ਵਿੱਚ ਬੇਹੱਦ ਮਿਹਨਤ ਕਰਕੇ ਇਸ ਦੇਸ਼ ਦੀਆਂ ਅੰਨ ਦੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ । ਕਿਸਾਨੀ ਨਾਲ ਜੁੜਿਆ ਹੋਇਆ ਸੂਬਾ ਹੋਣ ਕਰਕੇ ਦੇਸ਼ ਦੀ ਕਿਸਾਨੀ ਵਿੱਚ ਬਹੁਤ ਵੱਡੀਆਂ ਮੱਲਾਂ ਮਾਰੀਆਂ ਔਰ ਸੂਬਾ ਤਰੱਕੀ ਦੇ ਰਾਹ ਤੇ ਅੱਗੇ ਵਧਦਾ ਗਿਆ । ਭਾਵੇਂ ਗਰੀਨ ਰੈਵੋਲਿਊਸ਼ਨ ਸੀ, ਭਾਵੇਂ ਉਸ ਤੋਂ ਬਾਅਦ ਚਿੱਟਾ ਇਨਕਲਾਬ ਸੀ, ਪੰਜਾਬ ਹਰ ਖੇਤਰ ਵਿੱਚ ਅੱਗੇ ਰਿਹਾ । ਇਸ ਗੱਲ ਤੇ ਵੀ ਅਸੀਂ ਅੱਜ ਸਾਰੇ ਮੁਤਫ਼ਕ ਹਾਂ ਕਿ ਅੱਜ ਪੰਜਾਬ ਸੂਬਾ ਇਸ ਮੁਕਾਮ ਤੇ ਪਹੁੰਚ ਗਿਆ

Original with;
Punjab Vidhan Sabha
Digitized by;
Panjab Digital Library

ਹੈ, ਜਿਥੇ ਪੰਜਾਬ ਦੀ ਖੇਤੀ ਦਾ ਧੰਦਾ ਸੂਬੇ ਦੀ ਹਰ ਜਵਾਨੀ ਨੂੰ ਆਪਣੇ ਵਿੱਚ ਐਬਜ਼ਾਰਬ ਕਰਨ ਦੇ ਸਮਰੱਥ ਨਹੀਂ ਹੈ। ਖੇਤੀ ਪਹਿਲਾਂ ਹੀ ਸੈਚੂਰੇਸ਼ਨ ਪੁਆਇੰਟ ਤੇ ਪਹੁੰਚ ਚੁੱਕੀ ਹੈ ਔਰ ਇਹੀ ਕਾਰਨ ਹੈ ਕਿ ਅੱਜ ਬੇਰੁਜ਼ਗਾਰੀ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ। ਜਿਵੇਂ ਮੇਰੇ ਤੋਂ ਪਹਿਲਾਂ ਬੋਲਦਿਆਂ ਬਾਠ ਸਾਹਿਬ ਨੇ ਕਿਹਾ ਸੀ ਕਿ ਜਦੋਂ ਜਵਾਨੀ ਬੇਰੁਜ਼ਗਾਰ ਹੁੰਦੀ ਹੈ ਤਾਂ ਉਸ ਵਿੱਚ ਬੇਚੈਨੀ ਵੀ ਆਉਂਦੀ ਹੈ ਔਰ ਬੇਚੈਨੀ ਜਿਹੜੀ ਹੈ, ਉਹ ਕਈ ਵਾਰ ਜਵਾਨੀ ਨੂੰ ਕਿਸੇ ਹੋਰ ਰਸਤੇ ਤੇ ਵੀ ਲੈ ਜਾਂਦੀ ਹੈ। ਇਨ੍ਹਾਂ ਚੀਜ਼ਾਂ ਦਾ ਸੰਤਾਪ ਆਪਾਂ ਸਾਰਿਆਂ ਨੇ ਰਲ ਕੇ ਪਹਿਲਾਂ ਭੋਗਿਆ ਹੈ ਔਰ ਬੜੀ ਮੁਸ਼ਕਲ ਨਾਲ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਨਿਜਾਤ ਮਿਲੀ ਹੈ। ਅੱਜ ਦੇ ਸਮੇਂ ਵਿੱਚ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਇਸ ਗੱਲ ਤੇ ਵਿਚਾਰ ਕਰਨਾ ਪਵੇਗਾ ਕਿ ਅਸੀਂ ਆਉਣ ਵਾਲੀ ਜਵਾਨੀ ਨੂੰ, ਆਉਣ ਵਾਲੀ ਜਿਹੜੀ ਸਾਡੀ ਬੇਰੁਜ਼ਗਾਰ ਪੀੜ੍ਹੀ ਹੈ, ਉਸ ਨੂੰ ਕਿਸ ਤਰੀਕੇ ਨਾਲ ਆਹਰੇ ਲਾਉਣਾ ਹੈ। ਅਸੀਂ ਇਸ ਗੱਲ ਨੂੰ ਮੰਨਦੇ ਹਾਂ ਕਿ ਸਿਰਫ ਪੰਜਾਬ ਹੀ ਨਹੀਂ ਸਾਰੇ ਦੇਸ਼ ਦੇ ਵਿੱਚ ਜਿਹੜਾ ਪਬਲਿਕ ਸੈਕਟਰ ਹੈ ਉਸ ਨੂੰ ਕਾਮਯਾਬੀ ਹਾਸਲ ਨਹੀਂ ਹੋਈ ਜਿਸ ਉਮੀਦ ਦੇ ਨਾਲ ਇਨ੍ਹਾਂ ਪਬਲਿਕ ਸੈਕਟਰਜ਼ ਦੀ ਸਥਾਪਨਾ ਕੀਤੀ ਗਈ ਸੀ ਔਰ ਅੱਜ ਡਿਸਇਨਵੈਸਟਮੈਂਟ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਸਾਡੇ ਆਪਣੇ ਸੂਬੇ ਵਿਚ ਵੀ ਪਿਛਲੀ ਸਰਕਾਰ ਨੇ ਡਿਸਇਨਵੈਸਟਮੈਂਟ ਕਮਿਸ਼ਨ ਬਿਠਾ-ਇਆ ਸੀ, ਉਸ ਦੀਆਂ ਰਿਪੋਰਟਾਂ ਆਈਆਂ ਔਰ ਉਸ ਦੀਆਂ ਰਿਪੋਰਟਾਂ ਦੇ ਮੁਤਾਬਿਕ ਅੱਜ ਦੀ ਕੈਪਟਨ ਅਮਰਿੰਦਰ ਸਿੰਘ ਹੋਰਾਂ ਦੀ ਸਰਕਾਰ ਉਨ੍ਹਾਂ ਰਿਪੋਰਟਾਂ ਤੇ ਕਾਰਵਾਈ ਕਰਦੇ ਹੋਏ ਸੂਬੇ ਦੀ ਆਰਥਿਕਤਾ ਨੂੰ ਬਚਾਉਣ ਲਈ ਕੁਝ ਅੰਡਰਟੇਕਿੰਗਜ਼ ਦੀ ਅੱਜ ਡਿਸਇਨਵੈਸਟਮੈਂਟ ਕਰਨ ਜਾ ਰਹੀ ਹੈ। ਇਹ ਵੀ ਅਸੀਂ ਜਾਣਦੇ ਹਾਂ ਔਰ ਅਸੀਂ ਇਸ ਗੱਲ ਤੇ ਮੁਤਫਿਕ ਵੀ ਹਾਂ। ਜੋ ਰੱਖੜਾ ਸਾਹਿਬ ਨੇ ਇੱਕ ਚਿੰਤਾ ਦਾ ਇਜ਼ਹਾਰ ਆਪਦੇ ਮਤੇ ਰਾਹੀਂ ਕੀਤਾ ਹੈ।

ਪਹਿਲੀ ਗੱਲ ਮੈਂ, ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਕਹਿਣੀ ਚਾਹੁੰਦਾ ਹਾਂ ਕਿ ਇਸ ਮਤੇ ਦੇ ਵਿਚ ਇਹ ਗੱਲ ਕਹੀ ਗਈ ਕਿ ਟੈਕਨੀਕਲ ਐਜੂਕੇਸ਼ਨ ਨੂੰ ਇੰਪਲੀਮੈਂਟ ਕਰਨ ਲਈ ਸਰਕਾਰ ਨੂੰ ਸੁਝਾਅ ਦਿੱਤੇ ਜਾਣ। ਅਸੀਂ ਇਸ ਗੱਲ ਦੇ ਨਾਲ ਸਾਰੇ ਸਹਿਮਤ ਹਾਂ ਪਰ ਇਸ ਮਤੇ ਦੇ ਵਿੱਚ ਜਿਸ ਗੱਲ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ ਕਿ ਉਹ ਕਿਹੜੇ ਕਿਹੜੇ ਕਿਸਮ ਦੇ ਸੁਧਾਰ ਹਨ, ਕਿਹੜੇ ਕਿਸਮ ਦੇ ਕਦਮ ਹਨ ਜਿਨ੍ਹਾਂ ਦੇ ਬਾਰੇ ਮਾਨਯੋਗ ਮੈਂਬਰ ਸਾਹਿਬ ਸਰਕਾਰ ਦੇ ਕੋਲੋਂ ਤਵੱਕੋ ਰੱਖਦੇ ਹਨ, ਸਰਕਾਰ ਨੂੰ ਕੀ ਕਰਨਾ ਚਾਹੀਦਾ ਹੈ, ਇਸ ਗੱਲ ਦੇ ਬਾਰੇ ਕੋਈ ਵੀ ਜ਼ਿਕਰ ਨਹੀਂ ਕੀਤਾ ਗਿਆ। ਇਸ ਮਤੇ ਦੇ ਦੂਜੇ ਹਿੱਸੇ ਵਿੱਚ ਇਹ ਗੱਲ ਜ਼ਰੂਰ ਕਹੀ ਗਈ ਕਿ ਲੋਕਾਂ ਨੂੰ ਘੱਟ ਵਿਆਜ ਦੀਆਂ ਦਰਾਂ ਦੇ ਉਤੇ ਕਰਜ਼ੇ ਮਿਲਣੇ ਚਾਹੀਦੇ ਹਨ ਤਾਂਕਿ ਉਹ ਆਪਣੇ ਯੂਨਿਟ ਲਗਾ ਸਕਣ। ਇਸ ਗੱਲ ਦੇ ਨਾਲ ਅਸੀਂ ਸਾਰੇ ਸਹਿਮਤ ਹਾਂ ਪਰ ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਗੱਲ ਨਹੀਂ ਕਿ ਟੈਕਨੀਕਲ ਐਜੂਕੇਸ਼ਨ ਦੇ ਵਿੱਚ

Original with;
Punjab Vidhan Sabha

[ਸੰਸਦੀ ਸਕੱਤਰ, ਸ਼ਹਿਰੀ ਹਵਾਬਾਜ਼ੀ]

ਕੁਝ ਨਹੀਂ ਕੀਤਾ ਗਿਆ, ਕਾਫ਼ੀ ਕੁਝ ਕੀਤਾ ਗਿਆ ਹੈ ਤੇ ਬਹੁਤ ਕੁਝ ਕਰਨ ਦੀ ਲੋੜ ਹੈ। ਮੇਰੇ ਤੋਂ ਪਹਿਲਾਂ ਬੋਲਣ ਵਾਲੇ ਮੈਂਬਰ ਸਾਹਿਬਾਨ ਨੇ ਕਈ ਹੋਰ ਸੂਬਿਆਂ ਦਾ ਜ਼ਿਕਰ ਕੀਤਾ ਹੈ ਕਿ ਅੱਜ ਪੰਜਾਬ ਸੂਬਾ ਜਿਹੜਾ ਪਹਿਲਾਂ ਹਿੰਦੁਸਤਾਨ ਦਾ ਸਿਰਮੌਰ ਸੂਬਾ ਸੀ ਉਸ ਦੇ ਨਾਲੋਂ ਕਈ ਹੋਰ ਸੂਬੇ ਕਈ ਚੀਜ਼ਾਂ ਦੇ ਵਿਚ ਅੱਗੇ ਨਿਕਲ ਗਏ ਹਨ। ਇਸ ਗੱਲ ਬਾਰੇ ਵੀ ਆਤਮ ਵਿਸ਼ਲੇਸ਼ਣ ਕਰਨ ਦੀ ਲੋੜ ਹੈ, ਇਨ੍ਹਾਂ ਚੀਜ਼ਾਂ ਨੂੰ ਦੇਖਣ ਦੀ ਲੋੜ ਹੈ ਕਿ ਆਖਿਰ ਕੀ ਕਾਰਨ ਹਨ, ਕੀ ਕਮੀਆਂ ਹਨ। ਅੰਕੜਿਆਂ ਦਾ ਜ਼ਿਕਰ ਮੇਰੇ ਤੋਂ ਪਹਿਲਾਂ ਬੋਲਣ ਵਾਲੇ ਸਾਥੀਆਂ ਨੇ ਵੀ ਕੀਤਾ ਹੈ, ਬੜੇ ਵਿਸਥਾਰ ਨਾਲ ਦੱਸਿਆ ਕਿ ਸਾਡੇ ਸੂਬੇ ਵਿਚ ਕਈ ਕਈ ਇੰਜੀਨੀਅਰਿੰਗ ਕਾਲਜ ਹਨ, ਰੀਜਨਲ ਇੰਜੀਨੀਅਰਿੰਗ ਕਾਲਜ, ਜਲੰਧਰ ਹੈ, ਥਾਪਰ ਇੰਸਟੀਚਿਊਟ ਨੂੰ ਅਪਗਰੇਡ ਕੀਤਾ ਗਿਆ ਹੈ, ਟੈਕਨੀਕਲ ਯੂਨੀਵਰਸਿਟੀ ਬਣਾਈ ਗਈ ਹੈ। ਬਹੁਤ ਸਾਰੇ ਪ੍ਰਾਈਵੇਟ ਸੈਕਟਰ ਦੇ ਕਾਲਜ ਬਣਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੀ ਦੋ ਕਾਲਜ ਚਲ ਰਹੇ ਹਨ ਉਨ੍ਹਾਂ ਨੂੰ ਵੀ ਏਡ ਦਿੱਤੀ ਜਾਂਦੀ ਹੈ। ਬਹੁਤ ਸਾਰੀਆਂ ਪ੍ਰਾਈਵੇਟ ਸੈਕਟਰ ਵਿਚ ਚਲ ਰਹੀਆਂ ਆਈ.ਟੀ.ਆਈਜ਼ ਦੇ ਵਿਚੋਂ ਸੱਤ ਦੇ ਕਰੀਬ ਆਈ.ਟੀ.ਆਈਜ਼ ਨੂੰ ਗੌਰਮਿੰਟ ਵਲੋਂ ਏਡ ਦਿੱਤੀ ਜਾਂਦੀ ਹੈ। ਇਸ ਦੇ ਬਾਵਜੂਦ ਵੀ ਮੈਂ ਇਸ ਹਾਊਸ ਦੇ ਵਿੱਚ ਬੜੇ ਦੁੱਖ ਦੇ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ, ਜਿਥੇ ਸਾਰੀ ਦੁਨੀਆਂ ਦਰਸ਼ਨ ਕਰਨ ਜਾਂਦੀ ਹੈ, ਉਸ ਪਵਿੱਤਰ ਧਰਤੀ ਤੇ ਸੰਨ 1995 ਦੇ ਵਿੱਚ ਉਸ ਸਮੇਂ ਦੇ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਜੀ ਨੇ ਇੱਕ ਪੌਲੀਟੈਕਨਿਕ ਕਾਲਜ ਬੱਚੀਆਂ ਲਈ ਤੇ ਇੱਕ ਆਈ.ਟੀ.ਆਈ. ਦਾ ਨੀਂਹ ਪੱਥਰ ਰੱਖਿਆ ਸੀ। ਇਨ੍ਹਾਂ ਦੋਨਾਂ ਬਿਲਡਿੰਗਾਂ ਦਾ ਢਾਂਚਾ ਤਿਆਰ ਕਰਕੇ ਬਿਲਡਿੰਗਾਂ ਵੀ ਖੜ੍ਹੀਆਂ ਹੋ ਗਈਆਂ ਪਰ ਬਾਵਜੂਦ ਇਸ ਦੇ ਉਸ ਆਨੰਦਪੁਰ ਸਾਹਿਬ ਦੇ ਪਵਿੱਤਰ ਮੁਕਾਮ ਦੇ ਉਤੇ, ਤਖਤ ਸ਼੍ਰੀ ਕੇਸਗੜ੍ਹ ਸਾਹਿਬ ਤੋਂ ਦੋ ਕਿਲੋਮੀਟਰ ਦੇ ਫਾਸਲੇ ਤੇ ਸੱਜੇ ਪਾਸੇ ਇਨ੍ਹਾਂ ਦੋਨਾਂ ਇੰਸਟੀਚਿਊਟਸ ਦੇ ਉਤੇ ਪਿਛਲੀ ਸਰਕਾਰ, ਜਿਸ ਨੇ ਪੂਰੇ ਪੰਜ ਸਾਲ ਰਾਜ ਕੀਤਾ ਹੈ, ਗੱਲਬਾਤਾਂ ਵੀ ਕੀਤੀਆਂ ਗਈਆਂ ਪਰ ਪਿਛਲੇ ਪੰਜ ਸਾਲਾਂ ਦੇ ਵਿਚ ਇਨ੍ਹਾਂ ਨੇ ਉਥੇ ਪੰਜ ਰੁਪਏ ਵੀ ਖਰਚ ਨਹੀਂ ਕੀਤੇ। ਉਸ ਆਨੰਦਪੁਰ ਸਾਹਿਬ ਦੇ ਪਵਿੱਤਰ ਮੁਕਾਮ ਦੇ ਉਤੇ, ਬਿਲਡਿੰਗ ਦਾ ਢਾਂਚਾ ਬਣ ਕੇ ਖੜ੍ਹਾ ਹੋ ਗਿਆ ਹੈ। ਜਿਸ ਬਿਲਡਿੰਗ ਦੀ ਤਾਮੀਰ ਹੋ ਗਈ ਹੈ ਪਰ ਉਸ ਦੇ ਉਤੇ ਪਿਛਲੇ ਪੰਜ ਸਾਲਾਂ ਦੇ ਵਿੱਚ ਕਿਸੇ ਨੇ ਵੀ ਵੇਖਿਆ ਨਹੀਂ, ਕੋਈ ਵੀ ਕੰਮ ਨਹੀਂ ਕੀਤਾ ਗਿਆ। ਕਈ ਮਾਨਯੋਗ ਮੈਂਬਰਾਂ ਵਲੋਂ ਇੱਕ ਗੱਲ ਬਾਰੇ ਚਿੰਤਾ ਦਾ ਇਜ਼ਹਾਰ ਕੀਤਾ ਗਿਆ ਅਸੀਂ ਉਸ ਦੇ ਉਤੇ ਸਾਰੇ ਸਹਿਮਤ ਹਾਂ ਤੇ ਸਾਨੂੰ ਇਸ ਗੰਭੀਰ ਮਸਲੇ ਦੇ ਉਤੇ ਕੰਮ ਕਰਨਾ ਚਾਹੀਦਾ ਹੈ, ਸੰਜੀਦਗੀ ਦੇ ਨਾਲ ਕੰਮ ਕਰਨਾ ਚਾਹੀਦਾ ਹੈ ਤੇ ਆਉਣ ਵਾਲੀ ਪੀੜ੍ਹੀ ਨੂੰ ਇਸ ਤੋਂ ਬਚਾਉਣਾ ਚਾਹੀਦਾ ਹੈ। ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਆਉਣ ਵਾਲਾ ਸਮਾਂ ਦੁਸ਼ਵਾਰੀਆਂ ਭਰਿਆ ਹੋਵੇਗਾ, ਤੇ ਸਾਨੂੰ ਉਨ੍ਹਾਂ ਦਾ ਸਾਹਮਣਾ ਕਰਨਾ ਬੜਾ ਮੁਸ਼ਕਲ ਹੋ ਜਾਵੇਗਾ। ਸਾਨੂੰ ਆਪਣੀ ਕਾਰਗੁਜ਼ਾਰੀ ਤੇ ਵੀ ਨਜ਼ਰ ਮਾਰਨੀ ਪਵੇਗੀ ਕਿ ਅਸੀਂ ਕੀ ਕੁਝ ਕੀਤਾ ਹੈ, ਕੀ ਕੁਝ ਕਰਨ ਦੀ ਲੋੜ ਹੈ ਅਤੇ ਇਨ੍ਹਾਂ ਵਿਚ ਕਿਸ ਤਰੀਕੇ ਨਾਲ ਸੁਧਾਰ ਕੀਤਾ ਜਾ ਸਕਦਾ ਹੈ। ਮੈਂ ਪਵਿੱਤਰ ਸਦਨ ਦੇ ਸਾਰੇ ਮੈਂਬਰ ਸਾਹਿਬਾਨ ਨੂੰ

Original with;
Punjab Vidhan Sabha
Digitized by;

ਬੇਨਤੀ ਕਰਦਾ ਹਾਂ ਕਿ ਇਹ ਜੋ ਕੁਝ ਹੋਇਆ ਇਸ ਬਾਰੇ ਮੇਰੀ ਤੁਹਾਨੂੰ ਬੇਨਤੀ ਹੈ ਕਿ ਬਜਾਏ ਹੋਰ ਨਵੀਆਂ ਇੰਸਟੀਚਿਊਸ਼ਨ ਖੋਲ੍ਹਣ ਦੇ, ਜਿਵੇਂ ਕਿ ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ ਜੀ ਨੇ ਵੀ ਜ਼ਿਕਰ ਕੀਤਾ ਹੈ ਕਿ ਪਿਛਲੇ ਸਾਲ ਦੇ ਵਿਚ ਬਹੁਤ ਸਾਰੀਆਂ ਇੰਸਟੀਚਿਊਸ਼ਨਜ਼ ਦੇ ਵਿਚ ਬਹੁਤ ਸਾਰੀਆਂ ਸੀਟਾਂ ਖਾਲੀ ਹੀ ਰਹੀਆਂ ਹਨ। ਬਹੁਤ ਸਾਰੇ ਵਿਦਿਅਕ ਅਦਾਰੇ ਲੱਗਭੱਗ ਸਾਰੀਆਂ ਸੀਟਾਂ ਭਰ ਨਹੀਂ ਸਕੇ। ਜੇ ਇਨ੍ਹਾਂ ਅਦਾ-ਰਿਆਂ ਵਿਚ ਸਾਰੀਆਂ ਸੀਟਾਂ ਨਹੀਂ ਭਰੀਆਂ ਜਾਂਦੀਆਂ ਤਾਂ ਫਿਰ ਪੂਰਾ ਲਾਭ ਨਹੀਂ ਉਠਾਇਆ ਜਾ ਸਕਦਾ। ਇਸ ਦੇ ਲਈ ਮੇਰੀ ਬੇਨਤੀ ਹੈ ਕਿ ਪਹਿਲਾਂ ਉਹ ਆਈ.ਟੀ.ਆਈਜ਼ ਤੇ ਪੌਲੀਟੈਕਨਿਕਸ ਜਿਨ੍ਹਾਂ ਦੀਆਂ ਬਿਲਡਿੰਗਜ਼ ਬਣ ਚੁੱਕੀਆਂ ਹਨ, ਜਿਨ੍ਹਾਂ ਤੇ ਸੂਬੇ ਦਾ ਕਰੋੜਾਂ ਰੁਪਿਆ ਲਗਾ ਕੇ ਬਿਲਡਿੰਗਜ਼ ਖੜ੍ਹੀਆਂ ਕਰ ਲਈਆਂ ਹਨ, ਪਹਿਲਾਂ ਉਨ੍ਹਾਂ ਨੂੰ ਮੁਕੰਮਲ ਕਰ ਲੈਣਾ ਚਾਹੀਦਾ ਹੈ। ਉਨ੍ਹਾਂ ਢਾਂਚਿਆਂ ਦੇ ਵਿਚ ਜਿਸ ਕਿਸਮ ਦੇ ਇਨਫਰਾਸਟਰਕਚਰ ਦੀ ਲੋੜ ਹੈ, ਉਹ ਇਨਫਰਾਸਟਰਕਚਰ ਪੂਰਾ ਕਰ ਲੈਣਾ ਚਾਹੀਦਾ ਹੈ। ਇਸ ਦੇ ਲਈ ਕਦਮ ਪੁੱਟਣੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਜਿਹੜੀਆਂ ਅਧੂ-ਰੀਆਂ ਆਈ.ਟੀ.ਆਈਜ਼ ਤੇ ਪੌਲੀਟੈਕਨਿਕਸ ਹਨ, ਇਨ੍ਹਾਂ ਦੇ ਲਈ ਮੈਂ, ਮਾਨਯੋਗ ਸਪੀਕਰ ਸਾਹਿਬ, ਮਨਿਸਟਰ ਸਾਹਿਬਾਨ ਤੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੂੰ ਵੀ ਪੂਰਾ ਕੀਤਾ ਜਾਵੇ। ਨਵੀਆਂ ਤਾਂ ਬਾਅਦ ਵਿਚ ਵੀ ਬਣਾਉਂਦੇ ਰਹਾਂਗੇ। ਪਿਛਲੇ ਦਿਨੀਂ ਮੁੱਖ ਮੰਤਰੀ ਸਾਹਿਬ ਆਨੰਦਪੁਰ ਸਾਹਿਬ ਗਏ ਸੀ। ਉਨ੍ਹਾਂ ਨੇ ਮੌਕੇ ਤੇ ਜਾ ਕੇ ਉਥੇ ਐਲਾਨ ਵੀ ਕੀਤਾ ਸੀ ਕਿ ਤੁਹਾਡੀ ਇਹ ਬਿਲਡਿੰਗ ਤੇ ਲੜਕੀਆਂ ਦੀ ਆਈ.ਟੀ.ਆਈ. ਜੋ ਹਨ, ਇਨ੍ਹਾਂ ਦੇ ਲਈ ਮੁਨਾਸਿਬ ਫੰਡਜ਼ ਦਿੱਤੇ ਜਾਣਗੇ। ਮੇਰੀ ਤੁਹਾਨੂੰ ਬੇਨਤੀ ਹੈ ਕਿ ਤੁਸੀਂ ਪੈਰਵੀ ਕਰਕੇ ਉਹ ਫੰਡਜ਼ ਦਾ ਵਾਅਦਾ ਜੋ ਸੀ.ਐਮ. ਸਾਹਿਬ ਨੇ ਕੀਤਾ ਹੈ, ਉਸ ਵਾਅਦੇ ਨੂੰ ਪੂਰਾ ਕਰਕੇ ਘੱਟੋ ਘੱਟ ਆਨੰਦਪੁਰ ਸਾਹਿਬ ਦੀ ਪੌਲੀਟੈਕਨਿਕ ਤੇ ਆਈ.ਟੀ.ਆਈ. ਨੂੰ ਨੇਪਰੇ ਜ਼ਰੂਰ ਚਾੜ੍ਹਿਆ ਜਾਵੇ। ਮੈਂ ਹੋਰ ਬੇਨਤੀ ਕਰਦਾ ਹਾਂ ਕਿ ਬਹੁਤ ਸਾਰੀਆਂ ਸਕੀਮਾਂ ਪਹਿਲਾਂ ਵੀ ਚਲ ਰਹੀਆਂ ਹਨ। ਸਾਡੇ ਇੰਡਸਟਰੀ ਡਿਪਾਰਟਮੈਂਟ ਚਲਾ ਰਹੇ ਹਨ ਅਤੇ ਹੋਰ ਕਈ ਡਿਪਾਰਟਮੈਂਟ ਕੰਮ ਕਰ ਰਹੇ ਹਨ, ਇਨ੍ਹਾਂ ਸਕੀਮਾਂ ਲਈ ਲੋਕਾਂ ਨੂੰ ਪੈਸੇ ਦਿੱਤੇ ਜਾਂਦੇ ਹਨ, ਅਨਇੰਪਲਾਇਡ ਬੱਚਿਆਂ ਨੂੰ ਪੈਸਾ ਦਿੱਤਾ ਜਾਂਦਾ ਹੈ ਤਾਂ ਕਿ ਉਹ ਆਪਣੇ ਛੋਟੇ ਉਦਯੋਗ ਲਗਾ ਸਕਣ, ਆਪਣੇ ਕੰਮ ਕਾਰ ਆਪ ਚਲਾ ਸਕਣ। ਇਹ ਗੱਲ ਤਾਂ ਅਸੀਂ ਸਾਰੇ ਮੰਨਦੇ ਹਾਂ ਕਿ ਆਉਣ ਵਾਲੇ ਸਮੇਂ ਵਿਚ ਸਰਕਾਰਾਂ ਨੂੰ ਨੌਕਰੀਆਂ ਦੇਣੀਆਂ ਮੁਸ਼ਕਿਲ ਹੋਣਗੀਆਂ। ਜੇ ਸਰਕਾਰ ਨੌਕਰੀਆਂ ਨਹੀਂ ਦੇ ਸਕਦੀ ਤਾਂ ਉਨ੍ਹਾਂ ਬੱਚੇ-ਬੱਚੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਜੋ ਆਪਾਂ ਮੱਦਦ ਕਰ ਸਕਦੇ ਹਾਂ, ਉਹ ਜਰੂਰ ਕਰਨੀ ਚਾਹੀਦੀ ਹੈ। ਇਸ ਦੇ ਵਿਚ ਸਭ ਤੋਂ ਵੱਡਾ ਰੋਲ ਕੇਂਦਰ ਸਰਕਾਰ ਦਾ ਹੈ ਕਿਉਂਕਿ ਜਿੰਨੇ ਵੀ ਛੋਟੇ ਉਦਯੋਗ ਲਗਦੇ ਹਨ, ਅਨਇੰਪਲਾਇਡ ਬੱਚੇ ਬੱਚੀਆਂ ਲਈ, ਫੰਡਜ਼ ਦਾ ਇੰਤਜ਼ਾਮ ਜੋ ਕਰਵਾਇਆ ਜਾਂਦਾ ਹੈ, ਉਹ ਸਾਰਾ ਬੈਂਕਾਂ ਰਾਹੀਂ ਕਰਵਾਇਆ ਜਾਂਦਾ ਹੈ। ਨੈਸ਼ਨਲ ਬੈਂਕਾਂ ਦੇ ਰਾਹੀਂ ਇੰਤਜ਼ਾਮ ਹੁੰਦਾ ਹੈ। ਨੈਸ਼ਨਲ ਬੈਂਕ ਜੋ ਹਨ, ਉਨ੍ਹਾਂ ਦਾ ਰੇਟ ਆਫ

Original with;
Punjab Vidhan Sabha

[ਸੰਸਦੀ ਸਕੱਤਰ, ਸ਼ਹਿਰੀ ਹਵਾਬਾਜ਼ੀ]

**ਮੰਤਰੀ** : ਸਪੀਕਰ ਸਾਹਿਬ, ਟਿਊਬਵੈਲ ਕਮਿਸ਼ਨ ਹੋ ਚੁੱਕਾ ਹੈ ਔਰ ਵਾਟਰ ਟੈਂਕ ਜਿਸ ਦੀ ਕਿ ਇੱਕ ਲੱਖ ਗੈਲਨ ਦੀ ਕੈਪੇਸਿਟੀ ਹੈ, ਉਹ ਵੀ ਕਮਿਸ਼ਨ ਹੋ ਚੁੱਕਾ ਹੈ । ਜੇਕਰ ਕਿਸੇ ਨੇ ਇਸ ਕੰਮ ਵਿੱਚ ਅਣਗਹਿਲੀ ਕੀਤੀ ਹੈ ਤਾਂ ਉਸਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ ।

Original with;
Punjab Vidhan Sabha
Digitized by;

### ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕਿਆਂ ਲਈ), ਗੜ੍ਹਸ਼ੰਕਰ ਨੂੰ ਸਹਿ-ਸਿੱਖਿਆ (ਕੋ-ਐਜੂਕੇਸ਼ਨ) ਸੰਸਥਾ ਵਿਚ ਤਬਦੀਲ ਕਰਨਾ

*258. **ਸ਼੍ਰੀ ਅਵਿਨਾਸ਼ ਰਾਏ ਖੰਨਾ** : ਕੀ ਸਕੂਲ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੜ੍ਹਸ਼ੰਕਰ ਕੇਵਲ ਲੜਕਿਆਂ ਵਾਸਤੇ ਹੀ ਹੈ ; ਅਤੇ

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਸਰਕਾਰ ਦੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੜ੍ਹਸ਼ੰਕਰ ਨੂੰ ਸਹਿ-ਸਿਖਿਆ ਸਕੂਲ ਵਿਚ ਤਬਦੀਲ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਤਜਵੀਜ਼ ਨੂੰ ਕਦੋਂ ਤਕ ਨੇਪਰੇ ਚਾੜ੍ਹੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਖੁਸ਼ਹਾਲ ਬਹਿਲ** : (ੳ) ਹਾਂ ਜੀ ।

(ਅ) ਹਾਂ ਜੀ । ਵਿਭਾਗ ਨੇ ਪਹਿਲਾਂ ਹੀ ਜ਼ਿਲ੍ਹਾ ਸਿੱਖਿਆ ਅਫਸਰ (ਸ), ਹੁਸ਼ਿਆਰਪੁਰ ਵੱਲੋਂ ਭੇਜੀ ਤਜਵੀਜ਼ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਕਿ ਮੌਜੂਦਾ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਗੜ੍ਹਸ਼ੰਕਰ (ਹੁਸ਼ਿਆਰਪੁਰ) ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੋ-ਐਜੂਕੇਸ਼ਨ), ਗੜ੍ਹਸ਼ੰਕਰ, ਵਿੱਚ ਮਿਤੀ 1 ਅਪ੍ਰੈਲ, 2003 ਤੋਂ ਤਬਦੀਲ ਕੀਤਾ ਜਾਵੇ ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਧੰਨਵਾਦ ਜੀ ।

---

### ਅਧਿਆਪਕਾਂ ਨੂੰ ਤਨਖਾਹਾਂ ਦੀ ਅਦਾਇਗੀ ਨਾ ਕਰਨਾ

*444. **ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਕੀ ਸਕੂਲ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਅਪਰੇਸ਼ਨ ਬਲੈਕ ਬੋਰਡ ਸਕੀਮ ਅਧੀਨ ਕੰਮ ਕਰਦੇ ਅਧਿਆਪਕਾਂ ਨੂੰ ਜੂਨ, 2002 ਤੋਂ ਲੈ ਕੇ ਮਿਤੀ ਅੰਤ ਤਕ ਦੇ ਸਮੇਂ ਲਈ ਤਨਖਾਹਾਂ ਦੀ ਅਦਾਇਗੀ ਨਹੀਂ ਕੀਤੀ ਗਈ ਹੈ ; ਅਤੇ

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਕੀਮ ਅਧੀਨ ਵਿੱਤੀ ਸਾਲ 2002-2003 ਦੇ ਦੌਰਾਨ ਕੇਂਦਰੀ ਸਰਕਾਰ ਪਾਸੋਂ ਰਾਜ ਸਰਕਾਰ ਦੁਆਰਾ ਪ੍ਰਾਪਤ ਕੀਤੇ ਗਏ ਫੰਡਾਂ ਦੀ ਕੁੱਲ ਰਕਮ ਕਿੰਨੀ ਹੈ ?

**ਸ਼੍ਰੀ ਖੁਸ਼ਹਾਲ ਬਹਿਲ** : (ੳ) ਹਾਂ ਜੀ, ਅਪਰੇਸ਼ਨ ਬਲੈਕ ਬੋਰਡ ਸਕੀਮ ਅਧੀਨ ਕੰਮ ਕਰਦੇ ਕੁਝ ਅਧਿਆਪਕਾ ਨੂੰ ਜੂਨ, 2002 ਤੋਂ ਹੁਣ ਤੱਕ ਦੇ ਸਮੇਂ ਦੀ ਬਣਦੀ ਤਨਖਾਹ ਦੀ ਅਦਾਇਗੀ ਨਹੀਂ ਕੀਤੀ ਗਈ ।

(ਅ) ਨਿੱਲ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਜ਼ਰੀਏ ਮਾਨਯੋਗ ਮੰਤਰੀ ਸਾਹਿਬ ਕੋਲੋਂ ਇਸ ਗੱਲ ਦਾ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਇਸ ਸਕੀਮ ਤਹਿਤ ਜਿਹੜੇ ਟੀਚਰ ਇੰਪਲਾਇਡ ਕੀਤੇ ਹੋਏ ਹਨ, ਕਿੰਨੇ ਸਮੇਂ ਤੱਕ ਉਨ੍ਹਾਂ ਨੂੰ ਬਕਾਏ ਸਮੇਂ ਦੀ ਤਨਖਾਹ ਦੇ ਦਿੱਤੀ ਜਾਵੇਗੀ ?

**ਮਾਨਯੋਗ ਸਪੀਕਰ** : ਹਾਂ ਜੀ, ਟਾਈਮ ਦੱਸੋ ਜੀ ।

**ਮੰਤਰੀ** : ਸਪੀਕਰ ਸਾਹਿਬ, ਇਹ ਆਪ੍ਰੇਸ਼ਨ ਬਲੈਕ ਬੋਰਡ ਸਕੀਮ ਸੈਂਟਰ ਗੌਰਮਿੰਟ ਦੀ ਮਦਦ ਨਾਲ ਚੱਲੀ ਸੀ ਔਰ 9ਵੀਂ ਪਲਾਨ ਜਿਹੜੀ ਸੀ, ਸੈਂਟਰ ਨੇ ਉਸ ਵਿੱਚ ਪੈਸਾ ਭੇਜਿਆ ਸੀ । 1353 ਬੱਚੇ ਇਸ ਸਕੀਮ ਤਹਿਤ ਰੱਖੇ ਗਏ ਸਨ ਔਰ ਜਿਸ ਵੇਲੇ 10ਵੀਂ ਪਲਾਨ ਆਈ, ਉਸ ਵੇਲੇ ਸੈਂਟਰ ਨੇ ਪੈਸਾ ਦੇਣਾ ਬੰਦ ਕਰ ਦਿੱਤਾ ਨਤੀਜੇ ਦੇ ਤੌਰ ਤੇ ਅਸੀਂ ਉਨ੍ਹਾਂ ਦੀਆਂ ਤਨਖਾਹਾਂ ਨਹੀਂ ਦੇ ਸਕੇ ਔਰ ਉਸ ਵੇਲੇ, ਦੋ ਫੈਸਲੇ ਅਸੀਂ ਕੀਤੇ । ਇਕ ਫੈਸਲਾ ਇਹ ਕੀਤਾ ਕਿ ਇਹ ਜਿਹੜੇ ਅਧਿਆਪਕ ਇਸ ਸਕੀਮ ਤਹਿਤ ਲੱਗੇ ਹਨ, ਜਿੰਨੀ ਦੇਰ ਅਸੀਂ ਇਨ੍ਹਾਂ ਨੂੰ ਪੈਸੇ ਨਹੀਂ ਦਿੰਦੇ, ਉਨੀ ਦੇਰ ਇਨ੍ਹਾਂ ਨੂੰ ਵੇਕੈਂਟ ਜਗ੍ਹਾ ਤੇ ਐਡਜਸਟ ਕਰ ਲਈਏ ਕਿਉਂਕਿ ਬੈਨ ਲੱਗਾ ਹੋਇਆ ਹੈ ਔਰ ਉਨ੍ਹਾਂ ਦੀ ਜਾਬ ਨੂੰ ਇਸ ਤਰ੍ਹਾਂ ਅਸੀਂ ਰੀਵੈਲੀਡੇਟ ਕੀਤਾ। ਰੀਵੈਲੀਡੇਟ ਕਰਕੇ ਇਸ ਨੂੰ ਅਸੀਂ ਨਾਨ-ਪਲਾਨ ਦਾ ਹਿੱਸਾ ਬਣਾ ਲਿਆ । ਹਾਲਾਂ ਕਿ ਇਹ ਆਦਮੀ ਸੈਂਟਰ ਦੇ ਸੀ, ਫਿਰ ਵੀ ਅਸੀਂ ਸੋਚਿਆ ਕਿ ਇਨ੍ਹਾਂ ਦਾ ਫਿਊਚਰ ਇਫੈਕਟ ਨਾ ਹੋਵੇ। ਹੁਣ ਇਹ ਸਾਡੇ ਇੰਪਲਾਈ ਹਨ । ਇਨ੍ਹਾਂ ਦੀਆਂ ਤਨਖਾਹਾਂ 75% ਤੋਂ ਵੱਧ ਅਸੀਂ ਦੇ ਚੁੱਕੇ ਹਾਂ । ਜਿਹੜੀਆਂ ਬਾਕੀ ਰਹਿੰਦੀਆਂ ਹਨ ਉਹ ਸਪਲੀਮੈਂਟਰੀਜ਼ ਡਿਮਾਂਡਜ਼ ਜਿਸ ਵੇਲੇ ਤੁਹਾਡੇ ਕੋਲ ਆਉਣੀਆਂ ਹਨ, ਉਨ੍ਹਾਂ ਦੀ ਸੈਂਕਸ਼ਨ ਤੋਂ ਬਾਅਦ ਉਹ ਵੀ ਇਨ੍ਹਾਂ ਨੂੰ ਮਿਲ ਜਾਣਗੀਆਂ ।

**ਡਾਕਟਰ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਤਹਾਡੇ ਰਾਹੀਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਪ੍ਰਾਇਮਰੀ ਪੱਧਰ ਦੇ ਬਲੈਕ ਬੋਰਡ ਸਕੂਲ ਬਣੇ ਹਨ ਜਿਹੜੇ ਪਿਛਲੇ ਸਾਲ ਤੋਂ ਬਣੇ ਹਨ । ਕੀ ਉਨ੍ਹਾਂ ਨੂੰ ਵੀ ਖੋਲ੍ਹਣ ਦਾ ਇਹ ਕੋਈ ਉਪਰਾਲਾ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਹ ਗੱਲ ਤੁਹਾਡੇ ਰਾਹੀਂ ਕਹਾਂਗਾ ਕਿ ਇਸ ਸਕੀਮ ਹੇਠ ਆਲਰੇਡੀ ਜਿਹੜੀਆਂ ਵੇਕੈਂਟ ਪੋਸਟਾਂ ਹਨ, ਉਹ ਉਥੇ ਐਡਜਸਟ ਕੀਤੇ ਗਏ ਹਨ ਅਤੇ ਉਹ ਉਥੇ ਆਲਰੈਡੀ ਕੰਮ ਕਰ ਰਹੇ ਹਨ। ਜਿਥੋਂ ਤੱਕ ਸਕੂਲਾਂ ਬਾਰੇ ਗੱਲ ਹੈ, ਮੈਂ ਡਾਕਟਰ ਰਤਨ ਸਿੰਘ ਹੋਰਾਂ ਨੂੰ ਇਹ ਗੱਲ ਕਹਾਂਗਾ ਕਿ ਅਸੀਂ ਐਲੀਮੈਂਟਰੀ ਸਿਸਟਮ ਚਾਲੂ ਕੀਤਾ ਹੈ ਅਤੇ ਇਸ ਦੇ ਵਿਚ ਇਹ ਸਾਰੇ ਸਕੂਲ ਰਿਵਾਈਵ ਹੋ ਗਏ ਹਨ, ਕਲੱਬਿੰਗ ਹੋ ਰਹੀ ਹੈ । ਕਲੱਬਿੰਗ ਵਿਚ ਇਕ ਹੋਰ ਗੱਲ ਵੀ ਮੈਂ ਦੱਸ ਦਿੰਦਾ ਹਾਂ ਅਤੇ ਹਾਊਸ ਨੂੰ ਮੈਂ ਜਾਣਕਾਰੀ ਦੇਣੀ ਚਾਹੁੰਦਾ ਹਾਂ ਕਿ ਪਹਿਲਾਂ ਜਿਸ ਤਰ੍ਹਾਂ ਸਕੂਲ ਅੱਪਗਰੇਡ ਹੁੰਦੇ ਸਨ, ਮੈਂ ਉਹ ਫੈਕਟਸ ਐਂਡ ਫਿਗਰਜ਼ ਵੇਖੇ ਹਨ । ਪਿਛਲੇ ਤਿੰਨ ਸਾਲਾਂ ਵਿਚ ਜਿਹੜੇ ਪ੍ਰਾਇਮਰੀ ਸਕੂਲ ਸਨ, ਉਨ੍ਹਾਂ ਨੂੰ ਅੱਪਗਰੇਡ ਕਰਕੇ ਹਾਇਰ ਸੈਕੰਡਰੀ ਸਕੂਲ ਬਣਾ ਦਿਤਾ ਗਿਆ ਪ੍ਰੰਤੂ ਨਾ ਉਥੇ ਕੋਈ ਟੀਚਰ ਸਨ, ਨਾ ਬਿਲਡਿੰਗ, ਕੁਝ ਵੀ ਨਹੀਂ ਸੀ । ਹੁਣ ਅਸੀਂ ਆਟੋਮੈਟਿਕ ਸਿਸਟਮ ਬਣਾ ਦਿਤਾ ਹੈ ਜਿਸ ਅਨੁਸਾਰ ਪਹਿਲਾਂ ਅਸੀਂ ਬੱਚਿਆਂ ਨੂੰ ਅੱਠਵੀਂ ਤੱਕ ਪੜ੍ਹਾਉਣਾ ਹੈ । 6 ਸਾਲ ਤੋਂ 14 ਸਾਲ ਤੱਕ ਦੇ ਬੱਚਿਆਂ ਨੂੰ ਪੜ੍ਹਾਉਣਾ ਹੈ । ਜਿਥੇ 6ਵੀਂ ਕਲਾਸ ਵਿਚ 20 ਬੱਚੇ ਆ ਜਾਣਗੇ, ਉਹ ਸਕੂਲ ਆਪਣੇ ਆਪ ਹੀ ਅੱਪਗਰੇਡ ਹੋ ਜਾਵੇਗਾ । (ਟਰੈਜ਼ਰੀ ਬੈਂਚਾਂ ਵੱਲੋਂ ਥੰਪਿੰਗ)

Original with;
Punjab Vidhan Sabha
Digitized by;

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਹ ਸੈਂਟਰਲੀ ਸਪੌਂਸਰਡ ਸਕੀਮ ਹੈ। ਡਾਇਟ ਦੇ ਟੀਚਰਾਂ ਨੂੰ ਨਵੰਬਰ ਮਹੀਨੇ ਤੋਂ ਬਾਅਦ ਤਨਖਾਹ ਨਹੀਂ ਮਿਲੀ ਪ੍ਰੰਤੂ ਸੈਂਟਰ ਤੋਂ ਪੈਸਾ ਆਇਆ ਹੋਇਆ ਹੈ ।

**ਮਾਨਯੋਗ ਸਪੀਕਰ** : ਜਵਾਬ ਤਾਂ ਮੰਤਰੀ ਜੀ ਨੇ ਦੇ ਦਿੱਤਾ ਹੈ ।

**ਮੰਤਰੀ** : ਸਪੀਕਰ ਸਾਹਿਬ, ਵੈਸੇ ਤਾਂ ਇਹ ਸਵਾਲ ਸੈਪਰੇਟ ਬਣਦਾ ਹੈ, ਚਲੋ ਮੈਂ ਫਿਰ ਵੀ ਜਵਾਬ ਦੇ ਦਿੰਦਾ ਹਾਂ । ਇਹ ਪੈਸਾ ਸਾਡੇ ਕੋਲ ਆ ਗਿਆ ਹੈ । ਇਸ ਟੋਟਲ ਅਮਾਊਂਟ ਵਿਚੋਂ ਅਸੀਂ ਬਕਾਇਦਾ ਤਨਖਾਹਾਂ ਦੇ ਰਹੇ ਹਾਂ ।

---

### ਬੱਸ ਕਿਰਾਏ ਵਿਚ ਵਾਧਾ

*321. **ਸ਼੍ਰੀ ਤਰਲੋਚਨ ਸਿੰਘ** : ਕੀ ਟ੍ਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1997 ਤੋਂ 2002 ਤੱਕ ਦੇ ਸਮੇਂ ਦੌਰਾਨ ਸਮੇਂ-ਸਮੇਂ ਤੇ ਬੱਸ ਕਿਰਾਏ ਵਿਚ ਕੀਤੇ ਗਏ ਵਾਧੇ ਦੇ ਵੇਰਵੇ ਕੀ ਹਨ ?

**ਸਰਦਾਰ ਤੇਜ ਪ੍ਰਕਾਸ਼ ਸਿੰਘ** : ਹਾਂ ਜੀ । ਸਾਲ 1997 ਤੋਂ 2002 ਦੇ ਸਮੇਂ ਦੌਰਾਨ ਰਾਜ ਸਰਕਾਰ ਵੱਲੋਂ ਬੱਸ ਕਿਰਾਏ ਵਿੱਚ ਹੇਠ ਲਿਖੇ ਅਨੁਸਾਰ ਵਾਧਾ ਕੀਤਾ ਗਿਆ ਸੀ :—

| ਮਿਤੀ | ਕੁੱਲ ਵਾਧਾ ਪੈਸਿਆਂ ਵਿੱਚ (ਪ੍ਰਤੀ ਕਿਲੋਮੀਟਰ) |
|---|---|
| 30-6-1998 | 11 (25 ਪੈਸੇ ਤੋਂ 36 ਪੈਸੇ) |
| 12-11-1999 | 3 (36 ਪੈਸੇ ਤੋਂ 39 ਪੈਸੇ) |
| 23-5-2002 | 2 (39 ਪੈਸੇ ਤੋਂ 41 ਪੈਸੇ) |

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਕਾਂਗਰਸ ਰਾਜ ਵੇਲੇ ਜਿਹੜੀ ਵਿਦਿਆਰਥੀਆਂ ਨੂੰ ਫਰੀ ਪਾਸ, ਪ੍ਰੈਸ ਵਾਲਿਆਂ ਨੂੰ ਫਰੀ ਪਾਸ ਅਤੇ 60 ਜਾਂ 65 ਸਾਲ ਦੀ ਉਮਰ ਵਾਲੇ ਬਜ਼ੁਰਗਾਂ ਨੂੰ ਫਰੀ ਪਾਸ ਦੀ ਸਹੂਲਤ ਦਿੱਤੀ ਗਈ ਸੀ ਕੀ ਉਹ ਮੰਤਰੀ ਜੀ ਜਾਰੀ ਰੱਖਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਐਮ. ਐਲ. ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਸਹੂਲਤਾਂ ਜਾਰੀ ਹਨ, ਉਹ ਅੱਗੇ ਨੂੰ ਵੀ ਜਾਰੀ ਰੱਖੀਆਂ ਜਾਣਗੀਆਂ । (ਥੰਪਿੰਗ)

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਲ 2002 ਤੋਂ 2003 ਦੇ ਸ਼ੁਰੂ ਦੇ ਇਕ ਸਾਲ ਦੌਰਾਨ ਕਿੰਨੀ ਵਾਰੀ ਬੱਸਾਂ ਦਾ ਕਿਰਾਇਆ ਵਧਾਇਆ ਗਿਆ ਹੈ ? ਕੀ ਮੰਤਰੀ ਜੀ ਆਸ਼ਵਾਸਨ ਦਿਵਾਉਣਗੇ ਕਿ ਉਹ ਅੱਗੇ ਨੂੰ ਬੱਸਾਂ ਦਾ ਕਿਰਾਇਆ ਨਹੀਂ ਵਧਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਸਾਲ 2003 ਵਿਚ ਹੁਣ ਤੱਕ ਇਕ ਵਾਰ ਹੀ ਬੱਸਾਂ ਦਾ ਕਿਰਾਇਆ ਵਧਾਇਆ ਗਿਆ ਹੈ । ਸਪੀਕਰ ਸਾਹਿਬ, ਬੱਸਾਂ ਦਾ ਕਿਰਾਇਆ ਉਦੋਂ ਵਧਾਇਆ ਜਾਂਦਾ ਹੈ ਜਦੋਂ ਬੱਸਾਂ ਦੇ ਚਲਣ ਦੀ ਲਾਗਤ ਵਿਚ ਵਾਧਾ ਹੁੰਦਾ ਹੈ ।

Original with;
Punjab Vidhan Sabha
Digitized by;

**ਸ਼੍ਰੀ ਦੇਸ ਰਾਜ ਧੁੱਗਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੂਰੇ ਸਾਲ ਵਿਚ ਇਹ ਸਿਰਫ ਬੱਸਾਂ ਦਾ ਕਿਰਾਇਆ ਹੀ ਵਧਾਉਣਗੇ ਜਾਂ ਕਿ ਬੱਸਾਂ ਦੀ ਗਿਣਤੀ ਵਿਚ ਵੀ ਵਾਧਾ ਕਰਨਗੇ ?

**ਮਾਨਯੋਗ ਸਪੀਕਰ :** ਇਹ ਕੋਈ ਸਵਾਲ ਨਹੀਂ ਬਣਦਾ । ਅਗਲਾ ਸਵਾਲ ।

---

**ਪੰਜਾਬੀ ਨੌਜਵਾਨਾਂ ਦੁਆਰਾ ਨਸ਼ੀਲੀਆਂ ਦਵਾਈਆਂ ਦੀ ਵਰਤੋਂ**

*502. **ਕੈਪਟਨ ਬਲਬੀਰ ਸਿੰਘ ਬਾਠ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਨਸ਼ੀਲੀਆਂ ਦਵਾਈਆਂ ਦੀ ਬਹੁਤ ਜ਼ਿਆਦਾ ਵੱਧ ਰਹੀ ਖਪਤ ਅਤੇ ਨੌਜਵਾਨਾਂ ਤੇ ਇਨ੍ਹਾਂ ਦਾ ਮਾੜਾ ਅਸਰ ਪੈਣ ਬਾਰੇ ਕੋਈ ਸਰਵੇ ਕਰਵਾਇਆ ਗਿਆ ਹੈ ; ਜੇਕਰ ਅਜਿਹਾ ਹੋਵੇ, ਤਾਂ ਉਕਤ ਬੁਰਾਈ ਦਾ ਮੁਕਾਬਲਾ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ ਹਨ ?

**ਸ਼੍ਰੀ ਰਮੇਸ਼ ਚੰਦਰ ਡੋਗਰਾ :** ਹਾਂ ਜੀ । ਸਰਕਾਰ ਵੱਲੋਂ ਨਸ਼ੀਲੀਆਂ ਦਵਾਈਆਂ ਦੀ ਦੁਰਵਰਤੋਂ ਨੂੰ ਰੋਕਣ ਲਈ ਚੁੱਕੇ ਗਏ ਕਦਮਾਂ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

**ਵੇਰਵਾ**

1. ਨਸ਼ੀਲੀਆਂ ਦਵਾਈਆਂ ਦੇ ਇਸਤੇਮਾਲ ਦੇ ਖਤਰੇ ਨੂੰ ਰੋਕਣ ਲਈ ਵਿਭਾਗ ਵਲੋਂ ਨਾਰਕੋਟਿਕਸ ਡਰੱਗਜ਼ ਅਤੇ ਸਾਇਕੋਟਰੋਪਿਕ ਸਬਸਟਾਂਸਿਜ਼ ਐਕਟ, 1985 ਅਤੇ ਡਰੱਗਜ਼ ਐਂਡ ਕਾਸਮੈਟਿਕਸ ਐਕਟ, 1940 ਦੇ ਉਪਬੰਧਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਹਿੱਤ ਯੋਗ ਕਦਮ ਚੁੱਕੇ ਜਾ ਰਹੇ ਹਨ । ਆਦਤ ਪਾਉਣ ਵਾਲੀਆਂ ਨਸ਼ੀਲੀਆਂ ਦਵਾਈਆਂ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਦੀ ਪਰਚੀ ਤੋਂ ਵੇਚਣ ਵਾਲਿਆਂ ਨੂੰ ਚੈਕ ਕਰਨ ਲਈ ਡਰੱਗਜ਼ ਇੰਸਪੈਕਟਰ, ਮੈਡੀਕਲ ਅਫ਼ਸਰ, ਸਵੈ ਸੇਵੀ ਸੰਸਥਾਵਾਂ ਅਤੇ ਪੁਲਿਸ ਵਿਭਾਗ ਦੇ ਅਫ਼ਸਰਾਂ ਦੀਆਂ ਸਾਂਝੀਆਂ ਟੀਮਾਂ ਬਣਾ ਕੇ ਸਾਂਝੇ ਛਾਪੇ ਮਾਰੇ ਜਾਂਦੇ ਹਨ । ਪੁਲਿਸ ਵਿਭਾਗ ਵਲੋਂ ਆਪਣੇ ਪੱਧਰ ਤੇ ਵੀ ਨਸ਼ੀਲੀਆਂ ਦਵਾਈਆਂ ਵੇਚਣ ਵਾਲਿਆਂ ਅਤੇ ਕੈਮਿਸਟਾਂ, ਨੀਮ ਹਕੀਮਾਂ ਵਿਰੁੱਧ ਖਾਸ ਸੂਚਨਾ ਮਿਲਣ ਤੇ ਛਾਪੇ ਮਾਰੇ ਜਾਂਦੇ ਹਨ ।

2. ਰਾਜ ਦੇ ਸਿਵਲ ਸਰਜਨਾਂ ਨੂੰ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਉਹ ਬਿਨਾਂ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਦੀ ਪਰਚੀ ਦੇ ਆਦਤ ਪਾਉਣ ਵਾਲੀਆਂ ਨਸ਼ੀਲੀਆਂ ਦਵਾਈਆਂ ਦੀ ਵਿਕਰੀ ਕਰਨ ਵਾਲੇ ਕੈਮਿਸਟਾਂ ਨੂੰ ਪਹਿਲ ਦੇ ਆਧਾਰ ਤੇ ਚੈਕ ਕਰਨ ।

3. ਕੈਮਿਸਟਾਂ ਦੀਆਂ ਜੱਥੇਬੰਦੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਸਰਕਾਰ ਨੂੰ ਸਹਿਯੋਗ ਦਿੰਦਿਆਂ ਆਪਣੇ ਮੈਂਬਰਾਂ ਨੂੰ ਆਤਮ ਅਨੁਸ਼ਾਸ਼ਨ ਵਰਤਣ ਦੀ ਹਦਾਇਤ ਦੇਣ, ਤਾਂ ਕਿ ਉਹ ਬਿਨਾਂ ਡਾਕਟਰ ਦੀ ਪਰਚੀ ਦੇ ਕਿਸੇ ਨੂੰ ਵੀ ਖਾਸ ਕਰਕੇ ਨੌਜਵਾਨਾਂ ਨੂੰ ਨਸ਼ੀਲੀਆਂ ਵਸਤਾਂ ਨਾ ਵੇਚਣ ।

4. ਗੈਰ-ਸਰਕਾਰੀ ਸੰਸਥਾਵਾਂ ਵਲੋਂ ਵੀ ਮੀਡੀਆ ਜਿਵੇਂ ਕਿ ਅਖਬਾਰ ਰਾਹੀਂ ਨੌਜਵਾਨਾਂ ਤੇ ਨਸ਼ੀਲੀਆਂ ਦਵਾਈਆਂ ਦੇ ਭੈੜੇ ਅਸਰ ਬਾਰੇ ਜਾਗ੍ਰਿਤ ਕਰਵਾਇਆ ਜਾ ਰਿਹਾ ਹੈ ।

5. ਮੈਡੀਕਲ ਕਾਲਜਾਂ, ਸਿਵਲ ਹਸਪਤਾਲਾਂ ਵਿੱਚ ਪੰਜ ਸਰਕਾਰੀ ਨਸ਼ਾ ਛਡਾਊ ਸੈਂਟਰ ਅਤੇ 6 ਰੈਡ ਕਰਾਸ ਸੈਂਟਰ, ਨਸ਼ਾ ਛਡਾਓ ਅਤੇ ਮੁੜ ਵਸੇਵਾ ਸੇਵਾਵਾਂ ਪੰਜਾਬ ਦੇ ਲੋਕਾਂ ਨੂੰ ਮੁਹੱਈਆ ਕਰ ਰਹੇ ਹਨ ।

Original with;
Punjab Vidhan Sabha
Panjab Digital Library

**ਕੈਪਟਨ ਬਲਬੀਰ ਸਿੰਘ ਬਾਠ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਮੇਰੇ ਸਵਾਲ ਦਾ ਜਵਾਬ ਹੀ ਨਹੀਂ ਦਿੱਤਾ, ਜਾਂ ਤਾਂ ਉਨ੍ਹਾਂ ਨੇ ਪੜ੍ਹਿਆ ਹੀ ਨਹੀਂ, ਮੈਂ ਰਪੀਟ ਕਰ ਦਿੰਦਾ ਹਾਂ "Whether any survey was conducted on galloping increase in the use of narcotics and its effects on the youth of the State; if so, the steps taken by the Government to fight the said menace ? ਮੈਂ ਪੰਜਾਬੀ ਵਿੱਚ ਵੀ ਕਹਿ ਦਿੰਦਾ ਹਾਂ : ਕੀ ਕੋਈ ਸਾਡੇ ਨੌਜਵਾਨ ਨਸ਼ੀਲੀਆਂ ਦਵਾਈਆਂ ਵਰਤਦੇ ਹਨ, ਉਨ੍ਹਾਂ ਬਾਰੇ ਪੰਜਾਬ ਸਰਕਾਰ ਵਲੋਂ ਕੋਈ ਸਰਵੇ ਕੀਤਾ ਗਿਆ ਕਿ ਕਿੰਨੀਆਂ ਇਨਕਰੀਜ਼ ਹੋਈਆਂ ਅਤੇ ਉਨ੍ਹਾਂ ਦਾ ਨੌਜਵਾਨਾਂ ਤੇ ਕੀ ਅਸਰ ਹੈ ਅਤੇ ਇਸ ਨੂੰ ਰੋਕਣ ਲਈ ਸਰਕਾਰ ਵਲੋਂ ਕੀ ਕਦਮ ਚੁੱਕੇ ਗਏ ਹਨ ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਦੇ ਸਵਾਲ ਦੇ ਦੋ ਪਾਰਟ ਹਨ "Will the Family Welfare Minister be pleased to state whether any survey was conducted", I said, yes and the next, Sir, is on the increase of narcotics and its effects on the youth. If he wants I can further repeat. What we have told him, Sir, is that there are three provisions in this and the first is effect on youth of the State regarding this narcotics, Sir, this is a very devastating abuse. These addicts are prone to indulging in criminal activities like theft, they face family difficulties, health problems and problems relating to occupation regarding poor performance, absenteeism and loss of job. (noises) (While pointing towards Captain Balbir Singh Bath) You started in English and I think you can understand. ਇਸੇ ਵਾਸਤੇ ਮੈਂ ਕਿਹਾ ਸੀ ਕਿ ਸੂਚਨਾ ਸਦਨ ਦੀ ਟੇਬਲ ਤੇ ਰੱਖ ਦਿੱਤੀ ਹੈ ।

**ਕੈਪਟਨ ਬਲਬੀਰ ਸਿੰਘ ਬਾਠ** : ਤੁਸੀਂ ਪੰਜਾਬੀ ਵਿੱਚ ਜਵਾਬ ਦਿਓ ਜੀ।

**Mr. Speaker :** Please carry on.

**ਮੰਤਰੀ** : ਸਪੀਕਰ ਸਾਹਿਬ, ਇਹ ਅੰਗਰੇਜ਼ੀ ਚੰਗੀ ਤਰ੍ਹਾਂ ਸਮਝਦੇ ਹਨ । ਸਾਲ 2002 ਵਿੱਚ ਟੋਟਲ 554 ਜੁਆਇੰਟ ਰੇਡਜ਼ ਕੀਤੀਆਂ ਗਈਆਂ । This is conducted by joint teams consisting of Drug Inspectors, Medical Officers, Chemists, Drug Peddlers. 129 ਕੈਮਿਸਟ ਸ਼ਾਪਸ ਤੇ ਰੇਡ ਕੀਤੇ ਗਏ, 63 ਦੇ ਲਾਇਸੈਂਸ ਕੈਂਸਲ ਕੀਤੇ ਗਏ । While the action against others is under process and the third is we have got staff which is very less with us at the moment but the Hon'ble C.M. Sahib in the conference held with the DCs and Secretaries, has kindly assured that he will increase and strengthen the Department of Drugs. We can look after more regarding the misuse of this narcotics. In the end, Sir, what I would say, this is not only the problem to be solved by the Govt., but I would request that this is a common problem and problem of the society, entire society in which I request not only our parties but I would invite these people, sitting opposite and I would also invite the religious leaders, the

Original with;
Punjab Vidhan Sabha
Digitized by;
Punjab Digital Library

society at large, the health department, of course, in addition to this social department also, social rehabilitation department, all these will have to come together and only then we can put an end to this narcotic abuse which is going on in Punjab. I think, this is sufficient reply.

**ਮਾਨਯੋਗ ਸਪੀਕਰ** : ਹੁਣ ਤਾਂ ਬਹੁਤ ਕੁਝ ਕਹਿ ਦਿਤਾ, ਤੁਸੀਂ ਜਿੰਨੇ ਮਰਜ਼ੀ ਸਵਾਲ ਪੁੱਛੀ ਜਾਓ ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੇਰਾ ਤਾਂ ਪਬਲਿਕ ਹਿੱਤਾਂ ਨਾਲ ਸਬੰਧਤ ਮਸਲਾ ਹੈ । ਇਹ ਜਵਾਬ ਦੇ ਦੇਣ ਜਾਂ ਮੁੱਖ ਮੰਤਰੀ ਸਾਹਿਬ ਦੇ ਦੇਣ । ਪੰਜਾਬ ਦੇ 17 ਜ਼ਿਲ੍ਹੇ ਹਨ ਅਤੇ 17 ਜ਼ਿਲ੍ਹਿਆਂ ਲਈ ਕੇਵਲ 5 ਜਾਂ 6 ਡਰੱਗ ਇੰਸਪੈਕਟਰ ਹਨ । ਉਨ੍ਹਾਂ ਦੀ ਗਿਣਤੀ ਪੂਰੀ ਕਰਨ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਗਏ ਹਨ ?

**Minister :** Sir, I have already said that our Hon'ble Chief Minister has already ordered to strengthen our department and the staff. This has already been done.

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਕਿਹਾ ਕਿ ਇਹ ਇਕ ਸਮਾਜਿਕ ਸਮੱਸਿਆ ਹੈ ਅਤੇ ਇਨ੍ਹਾਂ ਨੇ ਸਾਨੂੰ ਸਿੱਖਿਆ ਵੀ ਦਿੱਤੀ ਹੈ । ਕੀ ਇਹ ਸਿੱਖਿਆ ਸੁਝਾਵਾਂ ਤੱਕ ਹੀ ਸੀਮਤ ਹੈ ਜਾਂ ਇਹ ਅਤੇ ਇਨ੍ਹਾਂ ਦੀ ਸਰਕਾਰ ਇਸ ਸਮਾਜਿਕ ਬੁਰਾਈ ਨੂੰ ਮਿਟਾਉਣ ਵਾਸਤੇ ਕੋਈ ਠੋਸ ਨੀਤੀ ਜਾਂ ਮੂਵਮੈਂਟ ਖੜ੍ਹੀ ਕਰਨ ਵਾਸਤੇ ਵੀ ਕੋਈ ਸਦਨ ਨੂੰ ਭਰੋਸਾ ਦੇਣਗੇ ?

**ਮਾਨਯੋਗ ਸਪੀਕਰ** : ਇਨ੍ਹਾਂ ਦਾ ਇਰਾਦਾ ਤਾਂ ਪੱਕਾ ਹੈ ਅਤੇ ਜੇਕਰ ਤੁਸੀਂ ਇਨ੍ਹਾਂ ਦਾ ਸਾਥ ਦਿਓ ਤਾਂ ਇਹ ਅੱਗੇ ਵੀ ਚੱਲਣ ਲਈ ਤਿਆਰ ਹੋਣਗੇ ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਠੋਸ ਜਵਾਬ ਦੇਣ ਤੋਂ ਗੁਰੇਜ਼ ਕਰ ਰਹੇ ਹਨ ।

**ਮਾਨਯੋਗ ਸਪੀਕਰ** : ਇਸ ਤੋਂ ਵੱਧ ਹੋਰ ਕੀ ਠੋਸ ਜਵਾਬ ਦੇਣ ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਸ ਸਮਾਜਿਕ ਬੁਰਾਈ ਨੂੰ ਦੂਰ ਕਰਨ ਲਈ ਲੋਕ ਲਹਿਰ ਖੜ੍ਹੀ ਕਰਨ ਦਾ ਕੋਈ ਠੋਸ ਪ੍ਰੋਗਰਾਮ ਵੀ ਹੈ ਜਾਂ ਸਿਰਫ ਸੁਝਾਓ ਹੀ ਹਨ ?

**Mr. Speaker :** No Question.

---

## ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ

***276. ਸਰਦਾਰ ਬੀਰ ਦਵਿੰਦਰ ਸਿੰਘ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਭਾਰਤ ਦੀ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਸਤਲੁਜ ਯਮਨਾ ਲਿੰਕ ਨਹਿਰ ਨੂੰ ਮੁਕੰਮਲ ਕਰਨ ਦੀ ਹਦਾਇਤ ਦਿੰਦੇ ਹੋਏ ਕੋਈ ਫੈਸਲਾ ਦਿੱਤਾ ਹੈ ; ਜੇਕਰ ਅਜਿਹਾ ਹੋਵੇ, ਤਾਂ ਉਕਤ ਫੈਸਲੇ ਦੇ ਮੱਦੇ ਨਜ਼ਰ ਪੰਜਾਬ ਰਾਜ ਦੇ ਹਿੱਤਾਂ ਦੀ ਰੱਖਿਆ ਲਈ ਚੁੱਕੇ ਜਾ ਰਹੇ ਕਦਮਾਂ ਦੇ ਵੇਰਵੇ ਕੀ ਹਨ ?

Original with;
Punjab Vidhan Sabha
Digitized by;

ਸਰਦਾਰ ਗੁਰਚੇਤ ਸਿੰਘ ਭੁੱਲਰ : ਜੀ ਹਾਂ । ਪੰਜਾਬ ਰਾਜ ਦੇ ਹਿੱਤਾਂ ਦੀ ਰੱਖਿਆ ਲਈ ਪੰਜਾਬ ਸਰਕਾਰ ਵੱਲੋਂ ਇਸ ਸਬੰਧ ਵਿੱਚ ਕੇਂਦਰ ਸਰਕਾਰ ਦੇ ਪਾਣੀ ਜਲ ਸੰਸਾਧਣ ਮੰਤਰਾਲੇ ਨੂੰ ਮਿਤੀ 11 ਜਨਵਰੀ, 2003 ਨੂੰ ਅੰਤਰ ਰਾਜੀ ਜਲ ਵਿਵਾਦ ਕਾਨੂੰਨ 1956 ਦੇ ਸੈਕਸ਼ਨ 5(3) ਤਹਿਤ ਇੱਕ ਸ਼ਿਕਾਇਤ ਦਰਜ ਕੀਤੀ ਹੈ ਅਤੇ ਮਿਤੀ 13 ਜਨਵਰੀ, 2003 ਨੂੰ ਮਾਨਯੋਗ ਸੁਪਰੀਮ ਕੋਰਟ ਵਿੱਚ ਇੱਕ ਸੂਟ ਵੀ ਦਾਇਰ ਕੀਤੀ ਗਈ ਹੈ ।

ਸਰਦਾਰ ਬੀਰ ਦਵਿੰਦਰ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਵਿੱਚ ਜ਼ਿਕਰ ਕੀਤਾ ਹੈ ਕਿ ਅੰਡਰ ਸੈਕਸ਼ਨ-5 ਆਫ ਵਾਟਰ ਡਿਸਪਿਊਟ ਐਕਟ, 1956 ਵਿੱਚ ਮਨਿਸਟਰੀ ਆਫ ਵਾਟਰ ਰਿਸੋਰਸਿਜ਼ ਕੋਲ ਕੰਪਲੇਂਟ ਫਾਈਲ ਕੀਤੀ, 11 ਜਨਵਰੀ, 2002 ਨੂੰ। ਦੂਸਰਾ, ਸੁਪਰੀਮ ਕੋਰਟ ਵਿੱਚ ਸੂਟ ਫਾਈਲ ਕੀਤਾ, 13 ਜਨਵਰੀ, 2003 ਨੂੰ। ਜਨਵਰੀ ਦੀ 11 ਔਰ 13 ਤਾਰੀਖ ਨੂੰ ਦੋ ਕੰਪਲੇਂਟ ਫਾਈਲ ਕੀਤੀਆਂ ਗਈਆਂ ਪਰ ਇਨ੍ਹਾਂ ਵਿੱਚ ਇੱਕ ਸਾਲ ਦਾ ਫਰਕ ਹੈ । ਸੋ, ਮੈਂ ਜਾਣਨਾ ਚਾਹੁੰਦਾ ਹਾਂ ਕਿ ਪੰਜਾਬ ਵਾਸਤੇ ਇੰਨਾ ਗੰਭੀਰ ਮਸਲਾ ਹੋਣ ਦੇ ਬਾਵਜੂਦ ਇਸ ਮਾਮਲੇ ਤੇ ਡੈਲੀਬਰੇਟਲੀ ਕਿਉਂ ਇੱਕ ਸਾਲ ਡਿਲੇਅ ਕੀਤੀ ਗਈ ?

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਇੱਕ ਸਾਲ ਦੀ ਡਿਲੇਅ ਹੋਈ ਹੈ, ਉਸ ਵਿੱਚ ਅਸੀਂ ਲੀਗਲ ਮਾਹਿਰਾਂ ਨਾਲ ਵਿਚਾਰ ਵਟਾਂਦਰਾ ਕਰਦੇ ਰਹੇ । ਇਸ ਤੋਂ ਇਲਾਵਾ ਇਸ ਟੈਕਨੀਕਲ ਮਸਲੇ ਨੂੰ ਅਸੀਂ ਰਿਵਿਊ ਵੀ ਕਰਦੇ ਰਹੇ । ਕਿਸਾਨਾਂ ਦੀਆਂ ਐਸੋਸੀਏਸ਼ਨਾਂ ਨਾਲ ਵੀ ਗੱਲਬਾਤ ਕੀਤੀ । ਇੱਕ ਸਾਲ ਦਰਿਆ ਦਾ ਪਾਣੀ ਵੀ ਵਧਦਾ ਘਟਦਾ ਰਿਹਾ ਹੈ । ਇਸ ਕਰਕੇ ਟਾਈਮ ਲੱਗ ਗਿਆ ।

ਸਰਦਾਰ ਬੀਰ ਦਵਿੰਦਰ ਸਿੰਘ : ਸਪੀਕਰ ਸਾਹਿਬ, ਇਹ ਜੋ ਜਵਾਬ ਦਿੱਤਾ ਹੈ, ਇਸ ਵਿੱਚ ਇੱਕ ਰੈਮੇਡੀ ਦੱਸੀ ਗਈ ਹੈ । ਸੁਪਰੀਮ ਕੋਰਟ ਵਿੱਚ 13 ਜਨਵਰੀ, 2003 ਨੂੰ ਸੂਟ ਦਾਇਰ ਕੀਤਾ ਗਿਆ ਔਰ ਦੂਸਰਾ ਮਨਿਸਟਰੀ ਆਫ ਵਾਟਰ ਰਿਸੋਰਸਿਜ਼ ਪਾਸ ਕੰਪਲੇਂਟ ਫਾਈਲ ਕੀਤੀ ਗਈ । ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਦੋਹਾਂ ਆਪਸ਼ਨਾਂ ਵਿੱਚੋਂ ਕਿਹੜੀ ਆਪਸ਼ਨ ਠੀਕ ਹੈ ? You have gone to the Court and also filed the complaint to the Ministry of Water Resources ਇਨ੍ਹਾਂ ਦੋਹਾਂ ਆਪਸ਼ਨਾਂ ਵਿੱਚ ਕਿਹੜੀ ਆਪਸ਼ਨ ਤੁਹਾਡੇ ਵਾਸਤੇ ਠੀਕ ਹੈ in the best interest of Punjab ? ਦੂਸਰਾ, ਇਹ ਹੈ ਕਿ ਜ਼ਮੀਨ ਦੇ ਪਾਣੀ ਦੀ ਜਿਹੜੀ ਸਤ੍ਹਾ ਹੈ, ਇਹ ਬੀ. ਬੀ. ਐਮ. ਬੀ. ਦੇ ਅੰਕੜਿਆਂ ਮੁਤਾਬਕ 17.16 ਤੋਂ ਘੱਟ ਕੇ 14 ਰਹਿ ਗਈ ਹੈ । ਇਸ ਲਗਾਤਾਰ ਘਟ ਰਹੀ ਸਤ੍ਹਾ ਦੇ ਮੱਦੇ-ਨਜ਼ਰ ਮੈਂ ਸਮਝਦਾ ਹਾਂ ਕਿ ਪੰਜਾਬ ਵਿੱਚ ਨਹਿਰਾਂ ਤੋਂ ਬਿਨਾਂ ਸਿੰਜਾਈ ਵਾਸਤੇ ਕੋਈ ਹੋਰ ਸਾਧਨ ਨਹੀਂ ਰਹੇਗਾ । ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਮਨਿਸਟਰੀ ਆਫ ਵਾਟਰ ਰਿਸੋਰਸਿਜ਼ ਨੂੰ ਕੋਰਾ ਜਵਾਬ ਦੇ ਦਿੱਤਾ ਗਿਆ ਹੈ ਕਿ ਸਾਡੇ ਕੋਲ ਸਰਪਲੱਸ ਵਾਟਰ ਨਹੀਂ ਹੈ ਔਰ ਅਸੀਂ ਪਾਣੀ ਦੀ ਵੰਡ ਬਾਰੇ ਕਿਸੇ ਵੀ ਹੋਰ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦੇ ? ਇਸ ਲਈ ਮੰਤਰੀ ਜੀ ਦੱਸਣ ਕਿ ਸਰਕਾਰ ਨੇ ਕੀ ਪੁਜ਼ੀਸ਼ਨ ਅਖਤਿਆਰ ਕੀਤੀ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਸਤਲੁਜ ਯਮੁਨਾ ਲਿੰਕ ਨਹਿਰ ਬਣਾਉਣ ਸਬੰਧੀ ਪੰਜਾਬ ਸਰਕਾਰ ਨੇ ਰਾਜ ਦੇ ਹਿਤਾਂ ਦੀ ਰੱਖਿਆ ਲਈ ਹੇਠ ਲਿਖੇ ਅਨੁਸਾਰ ਕਦਮ ਚੁੱਕੇ ਹਨ :—

(1) ਕੇਂਦਰ ਸਰਕਾਰ ਦੇ ਵਾਟਰ ਰਿਸੋਰਸਿਜ਼ ਮੰਤਰਾਲੇ ਨੂੰ ਅੰਤਰਰਾਜੀ ਜਲ ਵਿਵਾਦ ਕਾਨੂੰਨ ਦੇ ਸੈਕਸ਼ਨ 5 (3) ਤਹਿਤ ਇੱਕ ਸ਼ਿਕਾਇਤ ਦਰਜ ਕੀਤੀ ਹੈ । ਸ਼ਿਕਾਇਤ ਦੇ ਮੁੱਖ ਕਾਰਨ ਹੇਠ ਲਿਖੇ ਅਨੁਸਾਰ ਹਨ :—

(ੳ) ਰਾਵੀ ਬਿਆਸ ਦਰਿਆ ਦਾ ਵਾਧੂ ਪਾਣੀ ਜਿਹੜਾ ਕਿ ਪਹਿਲਾਂ 17.17 ਮਿਲੀਅਨ ਏਕੜ ਫੁੱਟ ਮਿਥਿਆ ਗਿਆ ਸੀ ਹੁਣ ਉਸ ਦੀ ਮਾਤਰਾ ਘਟ ਕੇ 14.37 ਮਿਲੀਅਨ ਏਕੜ ਫੁੱਟ ਰਹਿ ਗਈ ਹੈ ।

(ਅ) ਹਰਿਆਣਾ ਰਾਜ ਨੂੰ ਤਜਵੀਜਤ ਸ਼ਾਰਦਾ-ਯਮੁਨਾ ਲਿੰਕ ਰਾਹੀਂ 1.62 ਮਿਲੀਅਨ ਏਕੜ ਫੁੱਟ ਪਾਣੀ ਦੇਣ ਦੀ ਤਜਵੀਜ਼ ਹੈ, ਜਿਸ ਨੂੰ ਮੁੱਖ ਰਖਦੇ ਰਾਵੀ ਬਿਆਸ ਦਰਿਆ ਦਾ ਪਾਣੀ ਹਰਿਆਣਾ ਨੂੰ ਦੇਣਾ ਵਾਜਬ ਨਹੀਂ ਬਣਦਾ ।

(2) ਮਾਨਯੋਗ ਸੁਪਰੀਮ ਕੋਰਟ ਵਿੱਚ ਇੱਕ ਸਿਵਲ ਸੂਟ ਮਿਤੀ 13 ਜਨਵਰੀ, 2003 ਨੂੰ ਫਾਈਲ ਕੀਤੀ ਗਈ ਹੈ, ਜਿਹੜੀ ਕਿ ਦਰਜ ਹੋ ਚੁੱਕੀ ਹੈ । ਇਸ ਸਬੰਧੀ ਮਾਨਯੋਗ ਸੁਪਰੀਮ ਕੋਰਟ ਵੱਲੋਂ ਹਰਿਆਣਾ, ਭਾਰਤ ਸਰਕਾਰ ਅਤੇ ਹੋਰਾਂ ਨੂੰ 28 ਦਿਨਾਂ ਵਿੱਚ ਜਵਾਬ ਦੇਣ ਦਾ ਸਮਾਂ ਦਿੱਤਾ ਗਿਆ ਹੈ । ਇਹ ਸਿਵਲ ਸੂਟ ਹੇਠ ਲਿਖੇ ਕਾਰਣਾਂ ਕਰਕੇ ਕੀਤੀ ਗਈ ਹੈ :—

(ੳ) ਪੰਜਾਬ ਸਰਕਾਰ ਨੂੰ ਸਤਲੁਜ ਯਮੁਨਾ ਲਿੰਕ ਨਹਿਰ ਨੂੰ ਮੁਕੰਮਲ ਕਰਨ ਦੀ ਜ਼ਿੰਮੇਵਾਰੀ ਤੋਂ ਮੁਕਤ ਕੀਤਾ ਜਾਵੇ ।

(ਅ) ਪੰਜਾਬ ਸਰਕਾਰ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਮੰਨਣ ਤੇ ਪਾਬੰਦ ਨਹੀਂ ਹੈ ਕਿਉਂਕਿ ਪਿਛਲੇ 17 ਸਾਲਾਂ ਤੋਂ ਸਮਝੌਤੇ ਦੇ ਬਾਕੀ ਮੁੱਦਿਆਂ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ ਜਿਵੇਂ ਕਿ ਚੰਡੀਗੜ੍ਹ ਪੰਜਾਬ ਨੂੰ ਸੌਂਪਣਾ ਆਦਿ ।

(ੲ) ਅੰਤਰਰਾਜੀ ਜਲ ਵਿਵਾਦ ਕਾਨੂੰਨ 1956 ਦੇ ਸੈਕਸ਼ਨ 14 ਨੂੰ ਚੈਲੇਂਜ ਕੀਤਾ ਹੈ ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪਲੀਮੈਂਟਰੀ, ਸਰ ।

**ਮਾਨਯੋਗ ਸਪੀਕਰ** : ਅਜੇ ਵੀ ਕੋਈ ਹੈ ?

**ਸਰਦਾਰ ਬੀਰ ਦਵਿੰਦਰ ਸਿੰਘ** : ਹੈ ਜੀ । ਸਪੀਕਰ ਸਾਹਿਬ, ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜਾ ਕੋਰਟ ਵਿੱਚ ਸੂਟ ਦਾਇਰ ਕੀਤਾ ਹੈ, ਆਇਆ ਉਸ ਦੇ ਵਿੱਚ ਜੋ ਸੁਪਰੀਮ ਕੋਰਟ ਦੀ 15 ਜਨਵਰੀ, 2002 ਦੀ ਜੱਜਮੈਂਟ ਹੈ, ਉਸ ਜੱਜਮੈਂਟ ਦਾ ਅਪ੍ਰੇਸ਼ਨ ਸਟੇਅ ਕਰਨ ਦੇ ਲਈ ਵੀ ਅਪੀਲ ਕੀਤੀ ਗਈ ਹੈ ? ਜੇ ਕੀਤੀ ਗਈ ਹੈ ਤਾਂ ਉਸ ਤੇ ਸੁਪਰੀਮ ਕੋਰਟ ਨੇ ਕੀ ਫ਼ੈਸਲਾ ਦਿੱਤਾ ਹੈ ?

Original with;
Punjab Vidhan Sabha
Digitized by;

**ਮੰਤਰੀ** : ਇਹ ਤਾਂ ਮੈਂ ਦੱਸ ਚੁੱਕਿਆ ਹਾਂ । ਜਿਹੜੀ ਇਹ ਸ਼ਿਕਾਇਤ ਕੀਤੀ ਹੈ, ਜੇ ਐਡਮਿਟ ਕਰ ਲਈ ਤਾਂ ਆਪੇ ਸਟੇਅ ਹੋ ਜਾਣਾ ਹੈ ।

**Mr. Bir Devinder Singh :** I want categorical answer. ਕੀ ਸੁਪਰੀਮ ਕੋਰਟ ਨੇ ਆਪਣੀ ਜੱਜਮੈਂਟ ਦਾ ਅਪ੍ਰੇਸ਼ਨ ਸਟੇਅ ਕਰ ਦਿੱਤਾ ਹੈ ?

**ਮੰਤਰੀ** : ਇਹ ਹਾਲੇ ਨਹੀਂ ਕੀਤਾ।

---

## ਛੇਹਰਟਾ-ਅੰਮ੍ਰਿਤਸਰ ਡਿਸਟ੍ਰੀਬਿਊਟਰੀ ਤੋਂ ਪੀਣ ਵਾਲੇ ਪਾਣੀ ਦੀ ਸਪਲਾਈ ਮੁੜ ਸ਼ੁਰੂ ਕਰਨਾ

***310 ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਟਾਰੀ ਨੇੜੇ ਛੇਹਰਟਾ-ਅੰਮ੍ਰਿਤਸਰ ਡਿਸਟ੍ਰੀਬਿਊਟਰੀ ਜਿਸ ਵਿਚੋਂ ਅਟਾਰੀ ਦੇ ਆਲੇ ਦੁਆਲੇ ਸਥਿਤ 25—30 ਪਿੰਡਾਂ ਨੂੰ ਪਾਣੀ ਸਪਲਾਈ ਕੀਤਾ ਜਾਂਦਾ ਸੀ, ਨੂੰ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਗਈ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕੀ ਕਾਰਣ ਹਨ ਅਤੇ ਉਪਰੋਕਤ ਡਿਸਟ੍ਰੀਬਿਊਟਰੀ ਨੂੰ ਪਾਣੀ ਦੀ ਸਪਲਾਈ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਗੁਰਚੇਤ ਸਿੰਘ ਭੁੱਲਰ** : ਛੇਹਰਟਾ-ਅੰਮ੍ਰਿਤਸਰ ਰਾਜਬਾਹੇ ਤੋਂ ਅਟਾਰੀ ਦੇ ਆਸ-ਪਾਸ ਸਥਿਤ 25—30 ਪਿੰਡਾਂ ਨੂੰ ਸਿੰਚਾਈ ਲਈ ਪਾਣੀ ਦਿੱਤਾ ਜਾਂਦਾ ਸੀ, ਪਰ ਛੇਹਰਟਾ ਰਾਜਬਾਹੇ ਦੀ ਬੁਰਜੀ 58500 ਤੇ ਸੰਨ 1980-81 ਤੋਂ ਮਿਊਂਸੀਪਲ ਕਾਰਪੋਰੇਸ਼ਨ ਵੱਲੋਂ ਸੀਵਰੇਜ ਦਾ ਪਾਣੀ ਪਾਉਣ ਨਾਲ ਇਸ ਬੁਰਜੀ ਤੋਂ ਹੇਠਲੇ ਪਾਸੇ ਨਹਿਰੀ ਪਾਣੀ ਨਹੀਂ ਜਾਂਦਾ ਹੈ, ਜਿਸ ਕਰਕੇ ਕੁਝ ਪਿੰਡ ਦਾ ਰਕਬਾ ਨਹਿਰੀ ਪਾਣੀ ਤੋਂ ਵਾਂਝਿਆ ਰਹਿ ਜਾਂਦਾ ਹੈ । ਇਸ ਸੀਵਰ ਦੇ ਪਾਣੀ ਨੂੰ ਨਹਿਰ ਵਿੱਚ ਨਾ ਸੁੱਟਣ ਲਈ ਮਿਊਂਸੀਪਲ ਕਾਰਪੋਰੇਸ਼ਨ ਨਾਲ ਸਰਕਾਰੀ ਪੱਧਰ ਤੇ ਪੱਤਰ ਵਿਹਾਰ ਚੱਲ ਰਿਹਾ ਹੈ । ਜਦੋਂ ਇਸ ਸੀਵਰ ਦੀ ਨਿਕਾਸੀ ਨਹਿਰ ਵਿੱਚ ਮਿਊਂਸੀਪਲ ਕਾਰਪੋਰੇਸ਼ਨ ਵੱਲੋਂ ਬੰਦ ਕਰ ਦਿੱਤੀ ਜਾਵੇਗੀ ਤਾਂ ਨਹਿਰ ਦੀ ਸਫਾਈ ਉਪਰੰਤ ਸਿੰਚਾਈ ਲਈ ਪਾਣੀ ਮੁੜ ਬਹਾਲ ਕਰ ਦਿੱਤਾ ਜਾਵੇਗਾ ।

(ਮੋਬਾਈਲ ਦੀ ਘੰਟੀ ਦੀ ਆਵਾਜ਼)

**ਮਾਨਯੋਗ ਸਪੀਕਰ** : ਮੋਬਾਈਲ ਦੀ ਆਵਾਜ਼ ਆ ਰਹੀ ਹੈ । ਹਾਊਸ ਵਿੱਚ ਜੇ ਕਿਸੇ ਕੋਲ ਮੋਬਾਈਲ ਹੈ ਤਾਂ ਕਿਰਪਾ ਕਰਕੇ ਬਾਹਰ ਦੇ ਦਿਓ ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਜਿਹੜੇ 25—30 ਪਿੰਡ ਹਨ, ਉਹ ਬਿਲਕੁੱਲ ਬਾਰਡਰ ਦੇ ਨਾਲ ਹਨ । ਸਾਡੇ ਬਾਰਡਰ ਤੇ ਹਾਲਤ ਬਹੁਤ ਮਾੜੀ ਹੈ । ਉਥੇ ਪਾਣੀ ਵੀ ਜਿਸ ਤਰ੍ਹਾਂ ਦੱਸਿਆ ਹੈ, ਇਹ ਵੀ ਕਾਫੀ ਸਮੇਂ ਤੋਂ ਬੰਦ ਹੈ । ਕਾਰਪੋਰੇਸ਼ਨ ਦੇ ਗੰਦੇ ਨਾਲੇ ਦਾ ਪਾਣੀ ਜ਼ਮੀਨ ਵਿੱਚ ਪੈ ਰਿਹਾ ਹੈ ਜਿਹੜਾ ਫਸਲਾਂ ਵਿੱਚ ਜਾਂਦਾ ਹੈ ਅਤੇ ਉਸ ਦੇ ਕਾਰਨ ਜ਼ਮੀਨ ਤੇ ਬੁਰਾ ਅਸਰ ਪੈਂਦਾ ਹੈ । ਜੇ ਮੰਤਰੀ ਸਾਹਿਬ ਅੱਜ ਹੀ ਮਹਿਕਮੇ ਨੂੰ ਹੁਕਮ ਕਰਨ ਤਾਂ ਜਿਹੜਾ ਹੋਰ ਗੰਦਾ ਨਾਲਾ ਹੈ, ਇਸ ਗੰਦੇ ਨਾਲੇ ਦਾ ਪਾਣੀ ਉਸ ਗੰਦੇ ਨਾਲੇ ਵਿੱਚ ਪੈ ਸਕਦਾ ਹੈ...

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਤੁਸੀਂ ਸੁਝਾਅ ਨਾ ਦਿਓ, ਸਵਾਲ ਕਰੋ ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਜਿਸ ਤਰ੍ਹਾਂ ਹੋਰ ਵੀ ਪਿੱਛੇ ਗੰਦਾ ਨਾਲ ਜ਼ੂਲ ਰਿਹਾ ਹੈ, ਕਦੋਂ ਤੱਕ ਇਹ ਪਾਣੀ ਉਸ ਗੰਦੇ ਨਾਲੇ ਵਿੱਚ ਪਾ ਦੇਣਗੇ ? ਜਿਹੜਾ ਸਾਡਾ ਪਾਣੀ ਖਾਰਾ ਹੋ ਰਿਹਾ ਹੈ, ਇਹ ਕਿੰਨੀ ਜਲਦੀ ਉਸ ਨੂੰ ਠੀਕ ਕਰਨ ਦੀ ਖੇਚਲ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਬੁਰਜੀ ਨੰਬਰ 58500 ਤੋਂ ਥੱਲੇ ਇੱਕ ਨਾਲਾ ਜਾਂਦਾ ਹੈ, ਉਸ ਵਿੱਚ ਇਹ ਪਾਣੀ ਪਾਉਣ ਵਾਸਤੇ ਤਕਰੀਬਨ 85 ਲੱਖ ਰੁਪਏ ਦਾ ਐਸਟੀਮੇਟ ਬਣਾਇਆ ਹੈ । ਜਦੋਂ ਕਾਰਪੋਰੇਸ਼ਨ ਪੈਸਾ ਜਮ੍ਹਾਂ ਕਰਵਾ ਦੇਵੇਗੀ ਔਰ ਨਾਲਾ ਬਣਾ ਦੇਵੇਗੀ ਤਾਂ ਬੰਦ ਕਰ ਦੇਵਾਂਗੇ ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਹ ਕਿੰਨੇ ਸਮੇਂ ਵਿਚ ਪੂਰਾ ਕਰ ਦੇਣਗੇ ? ਕੀ ਇਹ ਇਸ ਨੂੰ ਟਾਈਮ ਬਾਊਂਡ ਕਰ ਸਕਦੇ ਹਨ ਕਿਉਂਕਿ ਇਸ ਦੇ ਨਾਲ ਕਿਸਾਨਾਂ ਦਾ ਨੁਕਸਾਨ ਹੋ ਰਿਹਾ ਹੈ ?

**ਮੰਤਰੀ** : ਸਪੀਕਰ ਸਾਹਿਬ, ਅਸੀਂ ਕਾਫ਼ੀ ਦੇਰ ਤੋਂ ਪੱਤਰ ਵਿਹਾਰ ਕਰ ਰਹੇ ਹਾਂ । ਇੱਕ ਮਿਤੀ 25 ਜਨਵਰੀ, 2001 ਨੂੰ ਵੀ ਔਰ ਇੱਕ ਮਿਤੀ 17 ਦਸੰਬਰ, 2001 ਨੂੰ ਵੀ ਪੱਤਰ ਲਿਖਿਆ ਹੈ ਔਰ ਉਸ ਤੋਂ ਬਾਅਦ ਵੀ ਕਈ ਵਾਰੀ ਪੱਤਰ ਲਿਖ ਚੁੱਕੇ ਹਾਂ । ਇਨ੍ਹਾਂ ਦੇ ਸਮੇਂ ਵੀ ਇਸ ਬਾਰੇ ਪੱਤਰ ਲਿਖੇ ਜਾਂਦੇ ਰਹੇ ਹਨ ਔਰ ਬਾਦਲ ਸਾਹਿਬ ਵੱਲੋਂ ਵੀ ਪੱਤਰ ਲਿਖੇ ਜਾਂਦੇ ਰਹੇ ਹਨ । ਇਹ ਕਾਰਪੋਰੇਸ਼ਨ ਨੇ ਕਰਨਾ ਹੈ, ਸਰਕਾਰ ਨੇ ਨਹੀਂ ਕਰਨਾ ।

**ਮਾਨਯੋਗ ਸਪੀਕਰ** : ਕਾਰਪੋਰੇਸ਼ਨਾਂ ਤੇ ਸਰਕਾਰਾਂ ਤਾਂ ਇਕੱਠੀਆਂ ਹੀ ਹੁੰਦੀਆਂ ਹਨ। ਅਗਲਾ ਸਵਾਲ ।

---

## ਖਿਡਾਰੀਆਂ ਅਤੇ ਖਿਡਾਰਨਾਂ ਨੂੰ ਸਨਮਾਨਿਤ ਕਰਨਾ

*268. **ਸ਼੍ਰੀ ਤਿਕਸ਼ਨ ਸੂਦ** : ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਰਾਜ ਨਾਲ ਸਬੰਧਤ ਖਿਡਾਰੀਆਂ ਅਤੇ ਖਿਡਾਰਨਾਂ ਦੇ ਨਾਂ ਕੀ-ਕੀ ਹਨ, ਜਿਨ੍ਹਾਂ ਨੇ ਬੋਸਾਨ ਵਿਖੇ ਏਸ਼ੀਅਨ ਖੇਡਾਂ ਵਿਚ ਹਿੱਸਾ ਲਿਆ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਚੋਂ ਉਨ੍ਹਾਂ ਖਿਡਾਰੀਆਂ ਅਤੇ ਖਿਡਾਰਨਾਂ ਦੇ ਨਾਂ ਕੀ-ਕੀ ਹਨ ਜਿਨ੍ਹਾਂ ਨੇ ਬੋਸਾਨ ਏਸ਼ੀਅਨ ਖੇਡਾਂ ਵਿਚ ਮੈਡਲ ਜਿੱਤੇ ; ਅਤੇ

(ੲ) ਹਰ ਇਕ ਖਿਡਾਰੀ ਨੂੰ ਰਾਜ ਸਰਕਾਰ ਦੁਆਰਾ ਕੀ-ਕੀ ਇਨਾਮ ਦਿੱਤਾ ਗਿਆ/ਕਿਵੇਂ ਸਨਮਾਨਿਤ ਕੀਤਾ ਗਿਆ ਅਤੇ ਇਨਾਮ ਦੇਣ ਲਈ ਕੀ ਕਸੌਟੀ ਅਪਣਾਈ ਗਈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਜਗਮੋਹਨ ਸਿੰਘ ਕੰਗ** : (ੳ) ਬੋਸਾਨ ਵਿਖੇ ਏਸ਼ੀਅਨ ਖੇਡਾਂ ਵਿੱਚ ਪੰਜਾਬ ਰਾਜ ਦੇ 34 ਖਿਡਾਰੀ ਵਿਅਕਤੀਆਂ/ਔਰਤਾਂ ਨੇ ਹਿੱਸਾ ਲਿਆ । ਵੇਰਵਾ ਅਨੁਲੱਗ-1 ਤੇ ਹੈ ਜੀ । (ਅ) ਬੋਸਾਨ ਏਸ਼ੀਅਨ ਖੇਡਾਂ ਵਿੱਚ 16 ਮੈਡਲ ਜਿੱਤਣ ਵਾਲੇ ਖਿਡਾਰੀ ਵਿਅਕਤੀਆਂ/ਔਰਤਾਂ ਦੇ ਨਾਮ ਅਨੁੱਲਗ-2 ਤੇ ਹੈ ਜੀ। (ੲ) ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵਲੋਂ 16 ਖਿਡਾਰੀ ਵਿਅਕਤੀਆਂ ਨੂੰ ਸਨਮਾਨਿਤ ਕੀਤਾ ਗਿਆ। ਜਿਨ੍ਹਾਂ ਦਾ ਵੇਰਵਾ ਅਨੁੱਲਗ-2 (ਕਾਲਮ ਨੰ: 7) ਤੇ ਹੈ ਜੀ । ਪੰਜਾਬ ਸਰਕਾਰ ਵੱਲੋਂ ਇਨਾਮ (ਮੈਡਲ) ਦੇਣ ਲਈ ਕਸੌਟੀ ਦਾ ਵੇਰਵਾ ਅਨੁੱਲਗ 3 ਤੇ ਹੈ ਜੀ ।

**ਅਨੁਲੱਗ—I**

ਚੌਧਵੀਆਂ ਏਸ਼ੀਅਨ ਗੇਮਜ਼ ਬੋਸਾਨ (2002) ਪੰਜਾਬ ਦੇ ਭਾਗ ਲੈਣ ਵਾਲੇ ਖਿਡਾਰੀਆਂ ਦੀ ਸੂਚੀ

| ਲੜੀ ਨੰ: | ਖੇਡ | ਨਾਂ | |
|---|---|---|---|
| | | ਮੈਨ | ਵਿਮੈਨ |
| 1 | ਐਥਲੈਟਿਕਸ | ਪਰਮਜੀਤ ਸਿੰਘ | ਮਨਜੀਤ ਕੌਰ |
| | | ਬਹਾਦੁਰ ਸਿੰਘ | ਮਾਧੁਰੀ ਏ. ਸਿੰਘ |
| | | ਹਰਮਿੰਦਰ ਸਿੰਘ | ਸੁਨੀਤਾ ਰਾਣੀ |
| | | | ਹਰਵੰਤ ਕੌਰ |
| | | | ਗੁਰਮੀਤ ਕੌਰ |
| | | | ਹਰਦੀਪ ਕੌਰ |
| 2 | ਬਿਲੀਆਰਡ ਅਤੇ ਸਨੂਕਰਸ | ਅਲੋਕ ਕੁਮਾਰ | |
| 3 | ਕੁਸ਼ਤੀ | ਹਰਪਾਲ ਸਿੰਘ | |
| 4 | ਘੋੜ ਸਵਾਰੀ | ਕੈਪ. ਰਾਜੇਸ਼ ਪੱਟੂ | |
| | | ਐਨ.ਬੀ/ਰਿਸ਼ ਜੇ.ਪੀ.ਮਸੀਹ | |
| 5 | ਫੁੱਟਬਾਲ | ਜੋਪੋਲ ਅਨਛੇਰੀ | |
| | | ਪ੍ਰਵੀਨ ਕੁਮਾਰ | |
| 6 | ਹਾਕੀ | ਜੁਗਰਾਜ ਸਿੰਘ | |
| | | ਗਗਨ ਅਜੀਤ ਸਿੰਘ | |
| | | ਪ੍ਰਭਜੋਤ ਸਿੰਘ | |
| | | ਦਲਜੀਤ ਸਿੰਘ ਢਿੱਲੋਂ | |
| | | ਤੇਜਬੀਰ ਸਿੰਘ | |
| | | ਕਮਲਪ੍ਰੀਤ ਸਿੰਘ | |
| 7 | ਜੂਡੋ | ਭੁਪਿੰਦਰ ਸਿੰਘ | |
| 8 | ਕਬੱਡੀ | ਮਨਪ੍ਰੀਤ ਸਿੰਘ | |
| 9 | ਰੋਇੰਗ | ਰੋਸ਼ਨ ਲਾਲ | ਗੁਰਪ੍ਰੀਤ ਕੌਰ |
| | | ਉਦੇਬੀਰ ਸਿੰਘ | |
| 10 | ਸ਼ੂਟਿੰਗ | ਅਭਿਨਵ ਬਿੰਦਰਾ | |
| | | ਮਾਨਵਜੀਤ ਸਿੰਘ ਸੰਧੂ | |
| | | ਰੋਨਜਨ ਸੋਢੀ | |
| 11 | ਰੈਸਲਿੰਗ | ਪਲਵਿੰਦਰ ਸਿੰਘ ਚੀਮਾ | ਸ਼੍ਰੀਮਤੀ ਗੁਰਸ਼ਰਨਪ੍ਰੀਤ ਕੌਰ |
| | | ਪਵਨ ਕੁਮਾਰ | |
| | | ਗੁਰਬਿੰਦਰ ਸਿੰਘ | |
| | | ਰਣਬੀਰ ਸਿੰਘ | |

ਕੁੱਲ ਭਾਗ ਲੈਣ ਵਾਲੇ ਖਿਡਾਰੀ-34

Original with;
Punjab Vidhan Sabha
Digitized by;
Panjab Digital Library

## ਅਨੁਲੱਗ- II

### ਚੌਧਵੀਆਂ ਏਸ਼ੀਅਨ ਗੇਮਜ਼ ਬੁਸਾਨ (2002) ਦੌਰਾਨ ਪੰਜਾਬ ਦੇ ਮੈਡਲ ਜੇਤੂ ਖਿਡਾਰੀਆਂ ਦੀ ਸੂਚੀ

| ਲੜੀ ਨੰ: | ਖਿਡਾਰੀ ਦਾ ਨਾਂ | ਪਿਤਾ ਦਾ ਨਾਂ | ਐਡਰੈਸ | ਗੇਮ/ਈਵੈਂਟ | ਮੈਡਲ | ਅਵਾਰਡ ਦੀ ਰਾਸ਼ੀ |
|---|---|---|---|---|---|---|
| 1 | 2 | 3 | 4 | 5 | 6 | 7 |
| 1 | ਮਿਸ. ਸੁਨੀਤਾ ਰਾਣੀ | ਸ਼੍ਰੀ ਰਾਮ ਸਰੂਪ | ਨੇੜੇ ਬੱਸ ਸਟੈਂਡ, ਸੰਗਰੂਰ | ਐਥਲੈਟਿਕਸ<br>1500 Mtrs.<br>5000 | <br>ਗੋਲਡ<br>ਬ੍ਰਾਊਂਸ | <br>10,00,000<br>5,00,000 |
| 2 | ਸ਼੍ਰੀ ਬਹਾਦਰ ਸਿੰਘ, ਡੀ.ਐਸ.ਪੀ. | ਸ਼੍ਰੀ ਸੁਰਿੰਦਰ ਸਿੰਘ | 6-ਧੀਮਾਨ ਨਗਰ, ਓਲਡ ਕਪੂਰਥਲਾ ਰੋਡ, ਜਲੰਧਰ | ਐਥਲੈਟਿਕਸ<br>ਸ਼ਾਟ-ਪੁਟ | ਗੋਲਡ | 10,00,000 |
| 3 | ਮਿਸ. ਮਨਜੀਤ ਕੌਰ | ਸ਼੍ਰੀ ਹਰਭਜਨ ਸਿੰਘ | ਪਿੰਡ ਸੋਨਪੁਰ ਐਬਲਖੇਰ, ਜ਼ਿਲ੍ਹਾ ਗੁਰਦਾਸਪੁਰ | ਐਥਲੈਟਿਕਸ<br>4×400 ਮੀ.ਰਿਲੇਅ | ਗੋਲਡ | 5,00,000 |
| 4 | ਸ਼੍ਰੀ ਮਨਪ੍ਰੀਤ ਸਿੰਘ | ਸ਼੍ਰੀ ਹਰਭਜਨ ਸਿੰਘ | ਪਿੰਡ ਮੀਰਪੁਰ, ਡਾਕ: ਜੜੋਤ, ਜ਼ਿਲ੍ਹਾ, ਪੱਟਿਆਲਾ | ਕਬੱਡੀ | ਗੋਲਡ | 4,16,500 |
| 5 | ਸ਼੍ਰੀ ਗਗਨਅਜੀਤ ਸਿੰਘ, ਡੀ.ਐਸ.ਪੀ. | ਸ਼੍ਰੀ ਅਜੀਤ ਸਿੰਘ | 272-ਬੀ, ਬਾਠ ਰੋਡ ਫਿਰੋਜ਼ਪੁਰ ਕੈਂਟ | ਹਾਕੀ | ਸਿਲਵਰ | 2,18,750 |
| 6 | ਸ਼੍ਰੀ ਦਲਜੀਤ ਸਿੰਘ, ਇੰਸਪੈਕਟਰ | ਸ਼੍ਰੀ ਗੁਰਮੁੱਖ ਸਿੰਘ | 376, ਜਸਵੰਤ ਨਗਰ, ਗੜ੍ਹਾ ਰੋਡ, ਜਲੰਧਰ | ਹਾਕੀ | ਸਿਲਵਰ | 2,18,750 |
| 7 | ਸ਼੍ਰੀ ਤੇਜਬੀਰ ਸਿੰਘ, ਇੰਸਪੈਕਟਰ | ਸ਼੍ਰੀ ਗੁਰਮੇਲ ਸਿੰਘ | ਪਿੰਡ ਤੇ ਡਾਕ: ਮਹਿਤਾ ਚੌਕ, ਜ਼ਿਲ੍ਹਾ ਕਪੂਰਥਲਾ | ਹਾਕੀ | ਸਿਲਵਰ | 2,18,750 |

Original with;
Punjab Vidhan Sabha
Digitized by;
Panjab Digital Library

[ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ]

| 1 | 2 | 3 | 4 | 5 | 6 | 7 |
|---|---|---|---|---|---|---|
| 8 | ਸ਼੍ਰੀ ਜੁਗਰਾਜ ਸਿੰਘ, ਇੰਸਪੈਕਟਰ | ਸ਼੍ਰੀ ਹਰਜਿੰਦਰ ਸਿੰਘ | ਜੀ.ਪੀ. ਰੋਡ, ਰਈਆ, ਸਾਹਮਣੇ ਪੰਜਾਬ ਐਂਡ ਸਿੰਧ ਬੈਂਕ, ਅੰਮ੍ਰਿਤਸਰ | ਹਾਕੀ | ਸਿਲਵਰ | 2,18,750 |
| 9 | ਸ਼੍ਰੀ ਕਮਲਪ੍ਰੀਤ ਸਿੰਘ, ਇੰਸਪੈਕਟਰ | ਸ਼੍ਰੀ ਬਖਸ਼ੀਸ਼ ਸਿੰਘ | 33-ਦਸ਼ਮੇਸ਼ ਨਗਰ, ਜਲੰਧਰ | ਹਾਕੀ | ਸਿਲਵਰ | 2,18,750 |
| 10 | ਸ਼੍ਰੀ ਪਰਮਜੀਤ ਸਿੰਘ | — | ਗੁਰਦਾਸਪੁਰ | ਐਥਲੈਟਿਕਸ 4×400 ਮੀ.ਰਿਲੇਅ | ਸਿਲਵਰ | 3,50,000 |
| 11 | ਸ਼੍ਰੀ ਮਾਨਵਜੀਤ ਸਿੰਘ ਸੰਧੂ | ਸ਼੍ਰੀ ਗੁਰਬੀਰ ਸਿੰਘ ਸੰਧੂ | 1108, ਸੈਕਟਰ ਸੀ-1, ਬਸੰਤ ਕੁੰਜ, ਨਵੀਂ ਦਿੱਲੀ | ਰਾਈਫਲ ਸ਼ੂਟਿੰਗ ਟਰੈਪ ਸ਼ੂਟਿੰਗ ਟੀਮ | ਸਿਲਵਰ | 4,66,500 |
| 12 | ਸ਼੍ਰੀ ਅਲੋਕ ਕੁਮਾਰ | ਸ਼੍ਰੀ ਕਰਮਪ੍ਰਕਾਸ਼ ਚੌਧਰੀ | ਮੰਡੀ ਗੋਬਿੰਦਗੜ੍ਹ (ਫਤਿਹਗੜ੍ਹ ਸਾਹਿਬ) | ਬਿਲੀਅਰਡ ਟੀਮ | ਸਿਲਵਰ | 3,75,000 |
| 13 | ਸ਼੍ਰੀਮਤੀ ਮਾਧੁਰੀ ਏ. ਸਿੰਘ | ਪਤਨੀ ਸ਼੍ਰੀ ਏ. ਸਿੰਘ | ਮਾਹਿਲਪੁਰ (ਹੁਸ਼ਿਆਰਪੁਰ) | ਐਥਲੈਟਿਕਸ | | |
| | | | | 800 ਮੀਟਰ | ਸਿਲਵਰ | 7,00,000 |
| | | | | 1500 ਮੀਟਰ | ਬ੍ਰਾਊਂਸ | 5,00,000 |
| 14 | ਸ਼੍ਰੀ ਰਾਜੇਸ਼ ਪਟੂ | ਕਰਨਲ ਆਰ.ਐਲ. ਪਟੂ | ਮਾਰਫਤ ਸ਼੍ਰੀ ਆਰ.ਐਲ. ਪਟੂ, ਗਲੀ ਲੋਹਟੀਆਂ, ਮੁਹੱਲਾ ਚਬੂਤਰਾ, ਡਾਕਖਾਨਾ ਬੰਗਾ, ਜ਼ਿਲ੍ਹਾ ਨਵਾਂ ਸ਼ਹਿਰ ਦੁਆਬਾ, ਪੰਜਾਬ | ਘੋੜ ਸਵਾਰੀ ਟੀਮ | ਬ੍ਰਾਊਂਸ | 3,33,250 |
| 15 | ਸ਼੍ਰੀ ਰੋਸ਼ਨ ਲਾਲ | ਆਲਮਦੀਨ | ਪਿੰਡ ਢੂਡੀਕੇ (ਮੋਗਾ)। | ਰੋਇੰਗ ਟੀਮ | ਬ੍ਰਾਊਂਸ | 3,75,000 |
| 16 | ਸ਼੍ਰੀ ਪਲਵਿੰਦਰ ਸਿੰਘ ਚੀਮਾ, ਇੰਸਪੈਕਟਰ | ਸ਼੍ਰੀ ਸੁਖਚੈਨ ਸਿੰਘ ਚੀਮਾ | ਐਨ.ਆਈ.ਐਸ., ਪਟਿਆਲਾ। | ਕੁਸ਼ਤੀ 120 ਕਿ.ਗ੍ਰਾ. ਫਰੀ-ਸਟਾਈਲ | ਬ੍ਰਾਊਂਸ | 5,00,000 |

Original with;
Punjab Vidhan Sabha
Digitized by;
...b Digital Library

**ਅਨੁਲੱਗ-3**

ਰਾਜ ਸਰਕਾਰ ਦੁਆਰਾ ਅਨੁਲੱਗ-2 ਦੇ ਕਾਲਮ 7 ਵਿੱਚ ਦਰਸਾਏ ਅਨੁਸਾਰ ਨਕਦ ਇਨਾਮ ਦਿੱਤੇ ਗਏ ਅਤੇ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵਲੋਂ 10.00 ਲੱਖ ਸੋਨੇ, 7.00 ਲੱਖ ਚਾਂਦੀ ਅਤੇ 5.00 ਲੱਖ ਰੁਪਏ ਕਾਂਸੀ ਦਾ ਤਮਗਾ ਜਿੱਤਣ ਵਾਲੇ ਖਿਡਾਰੀ ਨੂੰ ਦੇਣ ਦਾ ਐਲਾਨ ਕੀਤਾ ਗਿਆ ਅਤੇ ਸਪੋਰਟਸ ਖਿਡਾਰੀਆਂ ਨੂੰ ਮਾਨਯੋਗ ਮੁੱਖ ਮੰਤਰੀ ਵਲੋਂ ਸਨਮਾਨਿਤ ਕੀਤਾ ਗਿਆ ਅਤੇ ਇਨਾਮ ਦੇਣ ਲਈ ਨਿਮਨ ਕਸੌਟੀ ਅਪਣਾਈ ਗਈ :—

| | |
|---|---|
| 1. ਵਿਅਕਤੀਗਤ ਖਿਡਾਰੀ | ਇਨਾਮ ਦੀ ਪੂਰੀ ਰਾਸ਼ੀ |
| 2. ਟੀਮ ਲਈ— | |
| ੳ. ਦੋ ਮੈਂਬਰਾਂ ਦੀ ਟੀਮ ਲਈ | ਇਨਾਮ ਦੀ ਕੁੱਲ ਰਾਸ਼ੀ ਦਾ ਡੇਢ ਗੁਣਾ । |
| ਅ. ਤਿੰਨ ਤੋਂ ਚਾਰ ਮੈਂਬਰਾਂ ਦੀ ਟੀਮ ਲਈ | ਇਨਾਮ ਦੀ ਕੁੱਲ ਰਾਸ਼ੀ ਦਾ ਦੋ ਗੁਣਾ । |
| ੲ. ਪੰਜ ਤੋਂ ਦੱਸ ਮੈਂਬਰਾਂ ਦੀ ਟੀਮ ਲਈ | ਇਨਾਮ ਦੀ ਕੁੱਲ ਰਾਸ਼ੀ ਦਾ ਤਿੰਨ ਗੁਣਾ । |
| ਸ. 10 ਮੈਂਬਰਾਂ ਦੀ ਟੀਮ ਤੋਂ ਵੱਧ ਲਈ | ਇਨਾਮ ਦੀ ਕੁੱਲ ਰਾਸ਼ੀ ਦਾ ਪੰਜ ਗੁਣਾ । |

**ਨੋਟ.—** ਉਪਰੋਕਤ ਇਨਾਮੀ ਐਵਾਰਡ ਦੇਣ ਲਈ ਪਾਤਰਤਾ ਅਤੇ ਕਸੌਟੀ, ਭਾਰਤ ਸਰਕਾਰ, ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ ਵਲੋਂ ਉਨ੍ਹਾਂ ਦੇ ਪੱਤਰ ਨੰ: ਐਫ-2-16/94-ਐਸ. ਸੀ-4, ਮਿਤੀ 1 ਮਈ 1995 (ਜੋ ਕਿ 1 ਮਈ, 1995 ਤੋਂ ਲਾਗੂ ਹੈ) ਰਾਹੀਂ ਨਿਯਤ ਕੀਤਾ ਗਿਆ ਹੈ ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਇਨ੍ਹਾਂ ਖੇਡਾਂ ਦੇ ਵਿਚ 34 ਖਿਡਾਰੀ ਗਏ ਸਨ ਔਰ ਉਨ੍ਹਾਂ ਦੇ ਵਿੱਚੋਂ 16 ਨੂੰ ਸਰਕਾਰ ਨੇ ਐਵਾਰਡ ਦਿੱਤੇ ਹਨ । ਪਰ, ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਨੀਲਮ ਜਸਵੰਤ ਸਿੰਘ ਨੇ ਡਿਸਕਸ ਥਰੋ ਵਿੱਚ ਗੋਲਡ ਮੈਡਲ ਹੀ ਹਾਸਲ ਨਹੀਂ ਕੀਤਾ ਬਲਕਿ ਉਹ ਹੁਸ਼ਿਆਰਪੁਰ ਦੀ ਬਹੂ ਹੈ ਔਰ ਉਹ ਹਰਿਆਣਾ ਸਟੇਟ ਦੇ ਵਿਚ ਜੰਮੀ ਹੈ । ਉਨ੍ਹਾਂ ਨੇ ਸਾਲ 1987 ਤੋਂ ਲੈ ਕੇ ਪੰਜਾਬ ਦੇ ਵਿਚ ਆ ਕੇ ਖੇਲਣਾ ਸ਼ੁਰੂ ਕਰ ਦਿੱਤਾ ਤੇ ਲਗਾਤਾਰ ਉਹ ਪੰਜਾਬ ਦੇ ਲਈ ਕਈ ਸਾਲ ਖੇਡੀ ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਸਵਾਲ ਤੇ ਹੀ ਆ ਰਿਹਾ ਹਾਂ ਜੀ । ਉਸ ਨੇ ਐਮਚਿਉਰ ਐਥਲੈਟਿਕਸ ਐਸੋਸੀਏਸ਼ਨ ਦੇ ਕੋਲ ਪ੍ਰੋਟੈਸਟ ਕੀਤਾ ਲੇਕਿਨ ਜਦ ਉਸ ਨੂੰ ਪੰਜਾਬ ਐਮਚਿਉਰ ਐਸੋਸੀਏਸ਼ਨ ਨੇ ਪੰਜਾਬ ਵੱਲੋਂ ਖੇਡਣ ਦੀ ਇਜਾਜ਼ਤ ਨਾ ਦਿੱਤੀ ਤਾਂ ਉਹ ਹਰਿਆਣਾ ਵੱਲੋਂ ਬੋਸਾਨ ਵਿਖੇ ਖੇਡਾਂ ਖੇਡ ਆਈ ਔਰ ਗੋਲਡ ਮੈਡਲ ਲੈ ਕੇ ਆਈ । ਉਸ ਨੂੰ ਪੰਜਾਬ ਸਰਕਾਰ ਨੇ ਉਸਦਾ ਬਣਦਾ ਐਵਾਰਡ ਕਿਉਂ ਨਹੀਂ ਦਿੱਤਾ, ਇਸ ਦੇ ਕੀ ਕਾਰਨ ਹਨ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੈਂ ਬੜੇ ਵਿਸਥਾਰ ਦੇ ਨਾਲ ਇਸ ਪਵਿੱਤਰ ਹਾਊਸ ਦੇ ਵਿੱਚ ਇਹ ਦੱਸਣਾ ਚਾਹੁੰਦਾ ਹਾਂ ਕਿੰ ਇਥੇ ਸਾਡੇ ਵਿਰੋਧੀ ਧਿਰ ਦੇ ਸਾਥੀ ਇਨ੍ਹਾਂ ਦੀ ਪਿਛਲੀ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਮੈਨੂੰ ਇੱਕ ਮੁਹਾਵਰਾ ਯਾਦ ਹੈ—ਜਿਵੇਂ ਗੱਲੀਬਾਤੀਂ ਮੈਂ ਚੰਗੀ, ਕਰਤੂਤੀਂ ਵੱਡੀ ਜਠਾਣੀ । ਦੂਜੇ ਪਾਸੇ ਪੰਜਾਬ ਦੇ ਵਿੱਚ ਕਾਂਗਰਸ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਕਹਿਣਾ ਚਾਹੁੰਦਾ ਹਾਂ ਚਾਹੇ ਉਹ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਦਾ ਸਮਾਂ ਸੀ, ਉਨ੍ਹਾਂ ਨੇ ਇਸ ਪਵਿੱਤਰ ਹਾਊਸ ਦੇ ਵਿਚ ਐਲਾਨ ਕੀਤਾ ਕਿ ਅਸੀਂ ਪੰਜਾਬ ਦੇ ਵਿਚ ਅਮਨ ਤੇ ਸ਼ਾਂਤੀ ਲਿਆਵਾਂਗੇ, ਵਿਕਾਸ ਕਰਾਂਗੇ (ਵਿਘਨ) ਇਸੇ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਹੀ ਨਹੀਂ ਕੀਤਾ ਹੈ ਬਲਕਿ ਕਰਕੇ ਵਿਖਾਇਆ ਹੈ । ਇਨ੍ਹਾਂ ਨੇ 6 ਨਵੰਬਰ, 2002 ਨੂੰ ਸਾਰਿਆਂ ਖਿਡਾਰੀਆਂ ਨੂੰ ਗੋਲਡ ਮੈਡਲ ਜਿੱਤਣ ਵਾਲਿਆਂ ਨੂੰ 10 ਲੱਖ ਰੁਪਏ, ਸਿਲਵਰ ਦਾ ਮੈਡਲ ਜਿੱਤਣ ਵਾਲਿਆਂ ਨੂੰ 7 ਲੱਖ ਰੁਪਏ ਤੇ ਬ੍ਰਾਊਨਜ਼ ਦਾ ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ 5 ਲੱਖ ਰੁਪਏ ਦੇ ਇਨਾਮ ਦਿੱਤੇ ਹਨ । ਮੈਂ ਬਾਦਲ ਸਾਹਿਬ ਦੇ ਸਮੇਂ ਦੀ ਕਾਰਗੁਜ਼ਾਰੀ ਦੇ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਏਸ਼ੀਅਨ ਗੇਮਜ਼ ਜੋ ਕਿ ਬੈਂਕਾਂਕ ਵਿਚ ਹੋਈਆਂ ਸਨ, ਉਨ੍ਹਾਂ ਦੇ ਵਿੱਚ ਗੋਲਡ ਮੈਡਲ ਪ੍ਰਾਪਤ ਖਿਡਾਰੀ ਨੂੰ 1 ਲੱਖ ਰੁਪਏ, ਸਿਲਵਰ ਵਾਲੇ ਨੂੰ 50 ਹਜ਼ਾਰ ਰੁਪਏ ਔਰ ਬ੍ਰਾਊਨਜ਼ ਦੇ ਮੈਡਲ ਜਿੱਤਣ ਵਾਲੇ ਖਿਡਾਰੀ ਨੂੰ 25 ਹਜ਼ਾਰ ਰੁਪਏ ਦੇ ਇਨਾਮ ਦਿੱਤੇ ਸਨ । ਜੋ ਅਸੀਂ ਇਨਾਮ ਦਿੱਤੇ ਹਨ, ਉਨ੍ਹਾਂ ਮੁਤਾਬਿਕ ਗੋਲਡ ਮੈਡਲ ਜਿੱਤਣ ਵਾਲਿਆਂ ਨੂੰ 10 ਗੁਣਾ ਬਣਦਾ ਹੈ । ਸਿਲਵਰ ਵਾਲਿਆਂ ਨੂੰ 14 ਗੁਣਾ ਔਰ ਬ੍ਰਾਊਨਜ ਵਾਲਿਆਂ ਨੂੰ ਦਿੱਤਾ ਜਾਣ ਵਾਲਾ ਇਨਾਮ 20 ਗੁਣਾ ਜ਼ਿਆਦਾ ਬਣਦਾ ਹੈ । ਬਾਕੀ ਜੋ ਗੱਲ ਨੀਲਮ ਜਸਵੰਤ ਸਿੰਘ ਖਿਡਾਰੀ ਦੀ ਹੈ ਉਸ ਦਾ ਅਸੀਂ ਬੜਾ ਸਨਮਾਨ ਕਰਦੇ ਹਾਂ ਪਰ ਅਫ਼ਸੋਸ ਇਹ ਹੈ ਕਿ ਇਸ ਖਿਡਾਰੀ ਦਾ ਨਾਮ ਲਿਸਟ ਦੇ ਵਿਚ ਪਾਇਆ ਗਿਆ ਸੀ ਪਰ ਪੀ. ਏ. ਏ. ਜਿਹੜੀ ਕਿ ਅਟਾਨਮਿਸ ਬਾਡੀ ਹੈ, ਉਸ ਨੇ ਇਸ ਬਾਰੇ ਇਤਰਾਜ਼ ਕਰ ਦਿੱਤਾ । ਇਸ ਕਰਕੇ ਇਸ ਨੂੰ ਇਨਾਮ ਨਹੀਂ ਦਿੱਤਾ ਗਿਆ ।

**ਸ਼੍ਰੀ ਤਿਕਸ਼ਨ ਸੂਦ** : ਉਹ ਪੰਜਾਬ ਦੀ ਬਹੂ ਹੈ । ਉਸ ਨੂੰ ਬਾਦਲ ਸਾਹਿਬ ਘਰ ਜਾ ਕੇ ਸਨਮਾਨ ਦੇ ਕੇ ਆਏ ਹਨ । ਉਸ ਨੂੰ ਹਰਿਆਣਾ ਵਿਚੋਂ ਵੀ ਸਨਮਾਨ ਮਿਲਿਆ ਹੈ...........

**Mr. Speaker :** Not allowed, next question.

**ਸ਼੍ਰੀ ਤਿਕਸ਼ਨ ਸੂਦ** : ਮੈਂ ਮੰਤਰੀ ਜੀ ਤੋਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਖਿਡਾਰੀ ਇਸੇ ਤਰ੍ਹਾਂ ਹੀ ਰਾਜਨੀਤੀ ਦਾ ਸ਼ਿਕਾਰ ਬਣਦੇ ਰਹਿਣਗੇ ? ਐਮਚਿਓਰ ਐਸੋਸੀਏਸ਼ਨ ਕਹਿ ਦੇਵੇ ਕਿ.......

**Mr. Speaker :** No need of speeches, please. I would not allow. Next question..... *(Interruption)*.....*(noise)*.....Order, please next question.

---

Original with;
Punjab Vidhan Sabha
Digitized by:
Panjab Digital Library

## ਉਦਯੋਗਿਕ ਸਿਖਲਾਈ ਸੰਸਥਾ, ਬਾਬਾ ਬਕਾਲਾ ਲਈ ਇਮਾਰਤ

*335. **ਸਰਦਾਰ ਜਸਬੀਰ ਸਿੰਘ ਗਿੱਲ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਉਦਯੋਗਿਕ ਸਿਖਲਾਈ ਸੰਸਥਾ, ਬਾਬਾ ਬਕਾਲਾ ਕਿਰਾਏ ਤੇ ਲਈ ਗਈ ਇਮਾਰਤ ਵਿਚ ਕੰਮ ਕਰ ਰਹੀ ਹੈ ; ਜੇਕਰ ਅਜਿਹਾ ਹੋਵੇ, ਤਾਂ ਉਕਤ ਉਦਯੋਗਿਕ ਸਿਖਲਾਈ ਸੰਸਥਾ ਲਈ ਇਮਾਰਤ ਕਦੋਂ ਤੱਕ ਉਪਲਬਧ ਕਰਵਾਏ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਮਹਿੰਦਰ ਸਿੰਘ ਕੇ. ਪੀ.** : ਹਾਂ ਜੀ, ਉਦਯੋਗਿਕ ਸਿਖਲਾਈ ਸੰਸਥਾ, ਬਾਬਾ ਬਕਾਲਾ ਇਸ ਸਮੇਂ ਕਿਰਾਏ ਦੀ ਇਮਾਰਤ ਵਿੱਚ ਚਲ ਰਹੀ ਹੈ ।

ਉਦਯੋਗਿਕ ਸਿਖਲਾਈ ਸੰਸਥਾ, ਬਾਬਾ ਬਕਾਲਾ ਦੀ ਉਸਾਰੀ ਅਧੀਨ ਇਮਾਰਤ ਨੂੰ ਪੂਰਾ ਕਰਨ ਹਿੱਤ ਹਾਲੇ ਵੀ 177.52 ਲੱਖ ਰੁਪਏ (1995-96 ਦੀਆਂ ਕੀਮਤਾਂ ਤੇ) ਵਾਧੂ ਲੋੜੀਂਦੇ ਹਨ ।ਜਦੋਂ ਹੀ ਵਿਭਾਗ ਨੂੰ ਇਹ ਫੰਡਜ਼ ਉਪਲਬਧ ਹੋ ਜਾਣਗੇ, ਜਿਹੜੀ ਇਮਾਰਤ ਉਸਾਰੀ ਅਧੀਨ ਹੈ, ਉਸ ਨੂੰ ਪੂਰਾ ਕੀਤਾ ਜਾਵੇਗਾ ਅਤੇ ਉਦਯੋਗਿਕ ਸਿਖਲਾਈ ਸੰਸਥਾ, ਬਾਬਾ ਬਕਾਲਾ ਨੂੰ ਇਸ ਇਮਾਰਤ ਵਿੱਚ ਸ਼ਿਫਟ ਕਰ ਦਿੱਤਾ ਜਾਵੇਗਾ।

(ਇਸ ਪ੍ਰਸ਼ਨ ਤੇ ਕੋਈ ਸਪਲੀਮੈਂਟਰੀ ਪ੍ਰਸ਼ਨ ਨਹੀਂ ਪੁੱਛਿਆ ਗਿਆ)

---

## ਬੁਢਾਪਾ ਅਤੇ ਵਿਧਵਾ ਪੈਨਸ਼ਨ ਦੀ ਅਦਾਇਗੀ

*492. **ਸਰਦਾਰ ਸੁਰਜੀਤ ਸਿੰਘ ਰੱਖੜਾ** : ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲਾਂ 2001-2002 ਅਤੇ 2002-2003 ਦੇ ਬਜਟ ਅਨੁਮਾਨਾਂ ਵਿਚ ਰਾਜ ਵਿਚ ਬੁਢਾਪਾ ਅਤੇ ਵਿਧਵਾ ਪੈਨਸ਼ਨ ਦੀ ਅਦਾਇਗੀ ਲਈ ਕਿੰਨੀ-ਕਿੰਨੀ ਰਕਮ ਰਾਖਵੀਂ ਰੱਖੀ ਗਈ ਸੀ ; ਅਤੇ

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਵਿਚੋਂ ਲਾਭ-ਪਾਤਰਾਂ ਨੂੰ ਅਦਾ ਕੀਤੀ ਗਈ ਰਕਮ ਦੇ ਵੇਰਵੇ ਕੀ ਹਨ ਅਤੇ ਅਜਿਹੇ ਲਾਭ-ਪਾਤਰਾਂ ਦੀ ਗਿਣਤੀ ਕਿੰਨੀ ਹੈ ?

**ਸਰਦਾਰ ਜੋਗਿੰਦਰ ਸਿੰਘ ਮਾਨ** : (ੳ) ਬੁਢਾਪਾ ਅਤੇ ਵਿਧਵਾ ਪੈਨਸ਼ਨਾਂ ਲਈ ਸਾਲ 2001-2002 ਅਤੇ 2002-2003 ਦੌਰਾਨ ਬਜਟ ਅਨੁਮਾਨਾਂ ਲਈ ਰੱਖੀ ਗਈ ਰਕਮ ਦਾ ਵੇਰਵਾ ਅਨੁਲੱਗ-I ਅਨੁਸਾਰ ਹੈ ਜੀ ।

(ਅ) ਲਾਭਪਾਤਰੀਆਂ ਨੂੰ ਵੰਡੀ ਗਈ ਰਕਮ ਅਤੇ ਲਾਭਪਾਤਰੀਆਂ ਦੀ ਗਿਣਤੀ ਦਾ ਵੇਰਵਾ ਅਨੁਲੱਗ-II ਅਨੁਸਾਰ ਹੈ ਜੀ।

Original with;
Punjab Vidhan Sabha
Digitized by;
Panjab Digital Library

[ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ]

ਅਨੁਲੱਗ-I

ਸਾਲ 2001-2002 ਅਤੇ ਸਾਲ 2002-2003 ਦੇ ਬੱਜਟ ਅਨੁਮਾਨਾਂ ਵਿੱਚ ਰਾਜ ਵਿੱਚ ਬੁਢਾਪਾ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਸਕੀਮ ਅਧੀਨ ਲਾਭਪਾਤਰੀਆਂ ਦੀ ਪੈਨਸ਼ਨ ਦੀ ਵੰਡ ਲਈ ਹੇਠ ਲਿਖੇ ਅਨੁਸਾਰ ਰਾਸ਼ੀ ਰਾਖਵੀਂ ਰੱਖੀ ਗਈ ਹੈ :—

(ਰੁਪਏ ਲੱਖਾਂ ਵਿੱਚ)

| ਸਾਲ | ਸਕੀਮ | ਬਜਟ ਅਲਾਟਮੈਂਟ |
|---|---|---|
| 2001-02 | ਬੁਢਾਪਾ ਪੈਨਸ਼ਨ | 8719.70 |
| 2002-03 | ਉਕਤ | 11362.00 |
| 2001-02 | ਵਿਧਵਾ ਪੈਨਸ਼ਨ | 1195.12 |
| 2002-03 | ਉਕਤ | 2082.00 |

ਅਨੁਲੱਗ-II

ਉਪਰੋਕਤ ਭਾਗ 'ੳ' ਵਿੱਚ ਵਰਣਿਤ ਰਕਮ ਵਿੱਚੋਂ ਲਾਭਪਾਤਰੀਆਂ ਨੂੰ ਵੰਡੀ ਗਈ ਰਾਸ਼ੀ ਦੇ ਵੇਰਵੇ ਅਤੇ ਲਾਭਪਾਤਰੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ ਜੀ :—

(ਰੁਪਏ ਲੱਖਾਂ ਵਿੱਚ)

| ਸਾਲ | ਸਕੀਮ | ਵੰਡੀ ਗਈ ਰਾਸ਼ੀ | ਲਾਭਪਾਤਰੀਆਂ ਦੀ ਗਿਣਤੀ |
|---|---|---|---|
| 2001-02 | ਬੁਢਾਪਾ ਪੈਨਸ਼ਨ | 15314.20 | 795759 |
| 2002-03 | ਉਕਤ | 5674.11 | 734580 |
| 2001-02 | ਵਿਧਵਾ ਪੈਨਸ਼ਨ | 2358.66 | 111479 |
| 2002-03 | ਉਕਤ | 1033.78 | 115948 |

**ਸਰਦਾਰ ਸੁਰਜੀਤ ਸਿੰਘ ਰੱਖੜਾ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਲਾਭਪਾਤਰੀ ਜਾਂ ਪੈਨਸ਼ਨ ਲੈਣ ਦੇ ਹੱਕਦਾਰ ਹਨ, ਕੀ ਉਨ੍ਹਾਂ ਨੂੰ ਪੈਨਸ਼ਨ ਦੇ ਰਹੇ ਹਨ ਜਾਂ ਨਹੀਂ ?

**ਮੰਤਰੀ** : ਹਾਂ ਜੀ, ਜਿਹੜੇ ਹੱਕਦਾਰ ਹਨ ਉਨ੍ਹਾਂ ਨੂੰ ਇਹ ਪੈਨਸ਼ਨ ਦੇ ਰਹੇ ਹਾਂ। ਪਿਛੇ ਜਿਹੇ ਜੋ ਇਨਕੁਆਰੀ ਹੋਈ ਸੀ, ਉਸ ਵਿਚ ਜਿਹੜੇ ਹੱਕਦਾਰ ਨਹੀਂ ਪਾਏ ਗਏ ਸਨ, ਉਨ੍ਹਾਂ ਨੂੰ ਨਹੀਂ ਦੇ ਰਹੇ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਰਜੀਤ ਸਿੰਘ ਰੱਖੜਾ** : ਜੋ ਤੁਸੀਂ ਫਿਗਰਜ਼ ਦਿੱਤੀਆਂ ਹਨ, ਕੀ ਉਨ੍ਹਾਂ ਸਾਰਿਆਂ ਨੂੰ ਇਹ ਪੈਨਸ਼ਨ ਦੇ ਰਹੇ ਹੋ ਜਾਂ ਨਹੀਂ ਦੇ ਰਹੇ ?

**ਮਾਨਯੋਗ ਸਪੀਕਰ** : ਮੰਤਰੀ ਜੀ, ਫਿਗਰਜ਼ ਦੇ ਮੁਤਾਬਿਕ ਦੇ ਰਹੇ ਹੋ ? ਕੀ ਫਿਗਰਜ਼ ਦੇ ਮੁਤਾਬਿਕ ਸਾਰਿਆਂ ਨੂੰ ਪੈਨਸ਼ਨ ਮਿਲ ਰਹੀ ਹੈ ?

**ਮੰਤਰੀ** : ਜੋ ਫਿਗਰਜ਼ ਦਿੱਤੀਆਂ ਹਨ, ਉਨ੍ਹਾਂ ਦੇ ਮੁਤਾਬਿਕ ਸਾਰਿਆਂ ਨੂੰ ਪੈਨਸ਼ਨ ਮਿਲ ਰਹੀ ਹੈ। ਸਾਲ 2001-2002 ਦੇ ਵਿਚ ਬਜਟ ਘਾਟਾ ਜੋ ਸੀ, ਉਹ 36 ਕਰੋੜ ਰੁਪਏ ਦਾ ਸੀ । ਸਾਲ 2002-2003 ਦੇ ਵਿਚ ਇਸ ਮੱਦ ਦਾ ਕੁੱਲ ਬਜਟ 197.18 ਕਰੋੜ ਰੁਪਏ ਦਾ ਹੈ । ਇਸ ਦੇ ਵਿਚੋਂ 113.62 ਕਰੋੜ ਰੁਪਏ ਦੀ ਅਲਾਟਮੈਂਟ ਹੋਈ ਹੈ । 28.16 ਕਰੋੜ ਰੁਪਏ ਦਾ ਘਾਟਾ ਦੋਹਾਂ ਸਾਲਾਂ ਦਾ ਹੈ । ਵਿਧਵਾ ਪੈਨਸ਼ਨ ਦੇ ਵਿਚ ਸਾਲ 2002-2003 ਦਾ ਘਾਟਾ 7 ਕਰੋੜ ਰੁਪਏ ਦਾ ਹੈ। ਕੈਪਟਨ ਸਾਹਿਬ ਦੀ ਸਰਕਾਰ ਇਸ ਦਾ ਸੀਰੀਅਸ ਨੋਟਿਸ ਲੈ ਰਹੀ ਹੈ । ਜੋ ਪੈਨਸ਼ਨਾਂ ਰਹਿ ਗਈਆਂ ਹਨ, ਉਨ੍ਹਾਂ ਨੂੰ ਦੁਬਾਰਾ ਸ਼ੁਰੂ ਕਰਨ ਲਈ ਡਿਪਾਰਟਮੈਂਟ ਨਾਲ ਗੱਲਬਾਤ ਚਲ ਰਹੀ ਹੈ ਕਿ ਇਹ ਦੁਬਾਰਾ ਸ਼ੁਰੂ ਕਰ ਦਿਓ ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਦੀ ਸਰਕਾਰ ਵੱਲੋਂ ਐਲਾਨ ਹੋਇਆ ਸੀ ਕਿ ਪਹਿਲੀ ਜਨਵਰੀ, 2002 ਤੋਂ ਜਿੰਨੇ ਵੀ ਲਾਭਪਾਤਰੀ ਹਨ, ਬੁਢਾਪਾ, ਵਿਧਵਾ ਅਤੇ ਅਪਾਹਜ ਪੈਨਸ਼ਨ ਦੇ, ਉਨ੍ਹਾਂ ਨੂੰ ਅਦਾਇਗੀਆਂ ਸ਼ੁਰੂ ਕਰ ਦੇਵਾਂਗੇ । ਕੀ ਇਨ੍ਹਾਂ ਨੇ ਇਸ ਐਲਾਨ ਨੂੰ ਅਮਲੀ ਜਾਮਾ ਪਹਿਨਾਇਆ ਹੈ ?

**ਮਾਨਯੋਗ ਸਪੀਕਰ** : ਐਲਾਨ ਅਤੇ ਅਮਲੀ ਜਾਮਾ ਬਾਰੇ ਦੱਸੋ ।

**ਮੰਤਰੀ** : ਕੈਪਟਨ ਸਾਹਿਬ ਦੀ ਸਰਕਾਰ ਆਪਣੀ ਵਚਨਬੱਧਤਾ ਤੇ ਦ੍ਰਿੜ੍ਹ ਹੈ। ਇਸ ਵਿਚ ਬੁਢਾਪਾ ਅਤੇ ਵਿਧਵਾ ਪੈਨਸ਼ਨ ਬਾਰੇ ਪੁੱਛਿਆ ਗਿਆ ਹੈ । ਇਸ ਦਾ ਜਵਾਬ ਦੇ ਦਿੱਤਾ ਹੈ । ਇਹ ਸੈਪਰੇਟ ਕੁਐਸਚਨ ਦੇਣ, ਫਿਰ ਮੈਂ ਜਵਾਬ ਦੇ ਦੇਵਾਂਗਾ।

**ਕੈਪਟਨ ਕੰਵਲਜੀਤ ਸਿੰਘ** : ਮੈਂ ਬੁਢਾਪਾ ਪੈਨਸ਼ਨ ਬਾਰੇ ਵੀ ਪੁੱਛਿਆ ਹੈ।

**ਮੰਤਰੀ** : ਜਿਹੜਾ ਬਜਟ ਦੇ ਵਿਚ ਘਾਟਾ ਸੀ, ਅਸੀਂ ਉਸ ਨੂੰ ਫੁਲਫਿਲ ਕਰ ਰਹੇ ਹਾਂ। ਜੋ ਫਾਈਨਾਂਸ਼ੀਅਲ ਕਰਾਈਸਿਸ ਰਹੇ ਹਨ, ਉਨ੍ਹਾਂ ਦਾ ਮੁਕਾਬਲਾ ਕਰਨ ਲਈ ਸਰਕਾਰ ਤਿਆਰ ਹੈ। ਆਹਿਸਤੇ-ਆਹਿਸਤੇ ਇਹ ਸਾਰੇ ਕੰਮ ਪੂਰੇ ਕਰ ਰਹੇ ਹਾਂ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੇ ਸਵਾਲ ਦਾ ਜਵਾਬ ਨਹੀਂ ਦਿੱਤਾ । ਇਹ ਟਾਲਮਟੋਲ ਕਰ ਰਹੇ ਹਨ ।

**ਮਾਨਯੋਗ ਸਪੀਕਰ** : ਇਹ ਕਹਿੰਦੇ ਹਨ ਕਿ ਇਨ੍ਹਾਂ ਨੇ ਵੀ ਤਾਂ ਇਸੇ ਤਰ੍ਹਾਂ ਹੀ ਕੀਤਾ ਸੀ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਆਦੇਸ਼ ਦਿਓ ਕਿ ਇਹ ਸਵਾਲ ਦੇ ਜਵਾਬ ਦੀ ਤਿਆਰੀ ਕਰਕੇ ਆਇਆ ਕਰਨ । ਦੂਸਰਾ, ਇਹ ਦੱਸਣ ਕਿ ਇਨ੍ਹਾਂ ਨੇ ਜਿਹੜੇ ਵਾਅਦੇ ਜਨਤਾ ਨਾਲ ਕੀਤੇ ਸੀ, ਉਨ੍ਹਾਂ ਦੇ ਉਲਟ ਸਾਲ 2002 ਦੇ ਵਿਚ ਇੱਕ ਵੀ ਰੁਪਿਆ ਬੁਢਾਪਾ ਪੈਨਸ਼ਨ ਲਈ ਨਹੀਂ ਦਿੱਤਾ ਗਿਆ। ਕੀ ਪਹਿਲੀ ਜਨਵਰੀ, 2003 ਤੋਂ ਇਹ ਪੈਸਾ ਦਿੱਤਾ ਹੈ ਜਾਂ ਨਹੀਂ ਦਿੱਤਾ ? ਜੇ ਦਿੱਤਾ ਹੈ ਤਾਂ ਕਿੰਨਿਆਂ ਲੋਕਾਂ ਨੂੰ ਦਿੱਤਾ ਹੈ ?

Original with;
Punjab Vidhan Sabha
Digitized by;

**ਮੰਤਰੀ** : ਮੈਂ ਪੂਰੀ ਸ਼ੋਰਿਟੀ ਦਿੰਦਾ ਹਾਂ ਕਿ 36 ਕਰੋੜ ਰੁਪਏ ਦਾ ਘਾਟਾ ਜੋ ਹੈ, ਇਹ ਇਨ੍ਹਾਂ ਦੀ ਅਕਾਲੀ ਦਲ ਵੇਲੇ ਦੀ ਸਰਕਾਰ ਦਾ ਹੈ । ਇਹ ਘਾਟਾ ਅਸੀਂ ਨੋਟਿਸ ਵਿਚ ਲਿਆਂਦਾ ਹੈ । ਮੇਰੀ ਗੌਰਮਿੰਟ ਇਸ ਗੱਲ ਦੀ ਐਸ਼ੋਰੈਂਸ ਦਿੰਦੀ ਹੈ ਕਿ ਜਿੰਨੇ ਲਾਭਪਾਤਰੀ ਹਨ, ਉਨ੍ਹਾਂ ਦੀਆਂ ਪੈਨਸ਼ਨਾਂ ਦਿਆਂਗੇ ।

**ਮਾਨਯੋਗ ਸਪੀਕਰ** : ਇਹ ਜ਼ਰੂਰ ਦੇਣਗੇ । Next question.

---

**ਸ਼ਗਨ ਸਕੀਮ ਤੇ ਕੀਤਾ ਗਿਆ ਖਰਚਾ**

*461. (1) **ਸ਼੍ਰੀ ਨੱਥੂ ਰਾਮ**
(2) **ਸ਼੍ਰੀ ਤਰਲੋਚਨ ਸਿੰਘ** } : ਕੀ ਸਮਾਜਿਕ ਸੁਰੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਸ਼ਗਨ ਸਕੀਮ ਅਧੀਨ ਸਾਲਾਂ 2000-2001, 2001-2002 ਅਤੇ 2002-2003 ਲਈ ਬਜਟ ਅਨੁਮਾਨਾਂ ਵਿਚ ਕਿੰਨੀ-ਕਿੰਨੀ ਰਕਮ ਮਖਸੂਸ ਕੀਤੀ ਗਈ ਸੀ ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਨੂੰ ਉਕਤ ਮੰਤਵ ਲਈ ਵਰਤ ਲਿਆ ਗਿਆ ਹੈ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਵਿਵਰਣ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

(ੳ) ਰਾਜ ਵਿੱਚ ਸ਼ਗਨ ਸਕੀਮ ਅਧੀਨ 2000-01, 2001-02 ਅਤੇ 2002-03 ਲਈ ਬਜਟ ਅਨੁਮਾਨਾਂ ਵਿੱਚ ਸਾਲਵਾਰ ਮਖਸੂਸ ਕੀਤੀ ਗਈ ਰਾਸ਼ੀ ਦਾ ਵੇਰਵਾ—

| ਸਾਲ | ਮਖਸੂਸ ਕੀਤੀ ਰਕਮ (ਰੁਪਏ ਲੱਖਾਂ ਵਿੱਚ) |
|---|---|
| 2000-01 | 3500.00 |
| 2001-02 | 3116.00 |
| 2002-03 | — |

(ਅ) ਉਪਰੋਕਤ ਭਾਗ (ੳ) ਵਿੱਚ ਦਰਸਾਈ ਗਈ ਰਾਸ਼ੀ ਵਿੱਚੋਂ, ਖਰਚ ਕੀਤੀ ਗਈ ਰਾਸ਼ੀ ਦਾ ਵੇਰਵਾ :—

| ਸਾਲ | ਖਰਚ ਕੀਤੀ ਰਕਮ | ਵਿਸ਼ੇਸ਼ ਕਥਨ |
|---|---|---|
| 2000-01 | 3486.34 | ਖਜ਼ਾਨੇ ਵਿਚੋਂ ਡਰਾਅ ਹੋਈ ਰਾਸ਼ੀ ਅਨੁਸਾਰ |
| 2001-02 | 2069.00 | —ਉਕਤ— |
| 2002-03 | — | ਕੋਈ ਬਜਟ ਉਪਬੰਧ ਨਹੀਂ ਕੀਤਾ ਗਿਆ। |

(ਇਸ ਤੇ ਕੋਈ ਸਪਲੀਮੈਂਟਰੀ ਪ੍ਰਸ਼ਨ ਨਹੀਂ ਪੁੱਛਿਆ ਗਿਆ)

Original with;
Punjab Vidhan Sabha
Digitized by;
Panjab Digital Library

## ਭੂਮੀ ਮਾਲੀਏ ਦੀ ਵਸੂਲੀ ਮੁੜ-ਆਰੰਭ ਕਰਨਾ

*267. **ਸ਼੍ਰੀ ਤਿਕਸ਼ਨ ਸੂਦ** : ਕੀ ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਭੂਮੀ ਮਾਲੀਆ ਜੋ ਖਤਮ ਕਰ ਦਿੱਤਾ ਗਿਆ ਸੀ, ਦੀ ਵਸੂਲੀ ਮੁੜ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ?

**ਸਰਦਾਰ ਅਮਰਜੀਤ ਸਿੰਘ ਸਮਰਾ** : ਹਾਂ ਜੀ । ਰਾਜ ਵਿਚ ਭੌਂ ਮਾਲੀਆ/ਵਾਧੂ ਭੌਂ ਮਾਲੀਆ ਜਿਹੜਾ ਕਿ ਸਾਲ 1997 ਦੌਰਾਨ ਖਤਮ ਕਰ ਦਿੱਤਾ ਗਿਆ ਸੀ, ਮੁੜ ਲਗਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ । ਇਸ ਦੇ ਵੇਰਵੇ ਅੰਤਿਮ ਫੈਸਲਾ ਹੋਣ ਉਪਰੰਤ ਹੀ ਦੱਸੇ ਜਾ ਸਕਦੇ ਹਨ ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮਾਲੀਆ ਲੈਣ ਉਪਰੰਤ ਸਰਕਾਰ ਕੋਲ ਕਿੰਨਾ ਪੈਸਾ ਆਵੇਗਾ ਅਤੇ ਉਸ ਨੂੰ ਕੁਲੈਕਟ ਕਰਨ ਲਈ ਕਿੰਨਾ ਖਰਚਾ ਹੋਵੇਗਾ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । ਕਿੰਨਾ ਲੱਗੇਗਾ, ਕਿੰਨਾ ਆਵੇਗਾ, ਇਸ ਬਾਰੇ ਅਸੀਂ ਕੋਈ ਹਾਲੇ ਹਿਸਾਬ ਕਿਤਾਬ ਨਹੀਂ ਕੀਤਾ ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੰਤਰੀ ਜੀ ਨੇ ਮੇਰੇ ਸਵਾਲ ਦਾ ਜਵਾਬ ਨਹੀਂ ਦਿੱਤਾ । ਜੇਕਰ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ਤਾਂ ਮੰਤਰੀ ਜੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿੰਨਾ ਪੈਸਾ ਆਉਣਾ ਹੈ ਤੇ ਕਿੰਨਾ ਖਰਚ ਹੋਣਾ ਹੈ ।

**ਮਾਨਯੋਗ ਸਪੀਕਰ** : ਸੂਦ ਸਾਹਿਬ, ਉਨ੍ਹਾਂ ਨੇ ਸਵਾਲ ਦਾ ਜਵਾਬ ਦੇ ਦਿੱਤਾ ਹੈ ਕਿ ਮਾਮਲਾ ਹਾਲੇ ਸਰਕਾਰ ਦੇ ਵਿਚਾਰ ਅਧੀਨ ਹੈ । ਕਿੰਨਾ ਲੱਗੇਗਾ, ਕਿੰਨਾ ਆਉਣਾ ਹੈ, ਇਹ ਬਾਅਦ ਦੀ ਗੱਲ ਹੈ ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਇਹ ਤਾਂ ਪਤਾ ਹੋਵੇਗਾ ਕਿ ਕਿੰਨਾ ਰੈਵੇਨਿਊ ਆਉਣਾ ਤੇ ਕਿੰਨਾ ਇਕੱਠਾ ਹੋਣਾ ਹੈ । ਇਹ ਇਹੀ ਦੱਸ ਦੇਣ । ਇਹ ਮਾਲੀਆ ਨੰਬਰਦਾਰ ਨੇ ਇਕੱਠਾ ਕਰਕੇ ਸਰਕਾਰ ਨੂੰ ਦੇਣਾ ਹੈ ਔਰ ਸਰਕਾਰ ਇਸ ਦੇ ਬਦਲੇ ਨੰਬਰਦਾਰ ਨੂੰ ਕੀ ਦੇਣ ਲਈ ਤਿਆਰ ਹੈ ?

**ਰਾਜ ਮੰਤਰੀ** : ਇਹ ਤਾਂ ਪ੍ਰੋਸੀਜਰ ਪਹਿਲੇ ਦਾ ਹੀ ਹੈ । ਹਾਲੇ ਅਸੀਂ ਇਹ ਵੇਖਣਾ ਹੈ ਕਿ ਕਿੰਨਾ ਪੈਸਾ ਆਉਣਾ ਹੈ । ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । ਇਸ ਸਬੰਧੀ ਬਜਟ ਵੀ ਹਾਲੇ ਪੇਸ਼ ਹੋਣਾ ਹੈ । ਬਜਟ ਪੇਸ਼ ਹੋਣ ਤੋਂ ਪਹਿਲਾਂ ਮੈਂ ਲੀਕੇਜ ਨਹੀਂ ਕਰ ਸਕਦਾ । ਉਸ ਤੋਂ ਬਾਅਦ ਹੀ ਦੱਸ ਸਕਾਂਗਾ ।

---

## ਲਾਅ (ਕਾਨੂੰਨ) ਅਫਸਰਾਂ ਦੀ ਨਿਯੁਕਤੀ

*259. **ਸ਼੍ਰੀ ਅਵਿਨਾਸ਼ ਰਾਏ ਖੰਨਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਸਰਕਾਰ ਦੁਆਰਾ ਚੰਡੀਗੜ੍ਹ ਵਿਖੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਅਦਾਲਤੀ ਕੇਸਾਂ ਦੀ ਪੈਰਵੀ ਕਰਨ ਲਈ ਕਿੰਨੇ ਲਾਅ ਅਫਸਰ ਨਿਯੁਕਤ ਕੀਤੇ ਗਏ ਹਨ ;

Original with;
Punjab Vidhan Sabha
Digitized by;
Panjab Digital Library

[ਸ਼੍ਰੀ ਅਵਿਨਾਸ਼ ਰਾਏ ਖੰਨਾ]

(ਅ) ਉਪਰੋਕਤ ਵਰਣਿਤ ਕਾਨੂੰਨ (ਲਾਅ) ਅਫ਼ਸਰਾਂ ਨੂੰ ਅਦਾ ਕੀਤੀਆਂ ਜਾਣ ਵਾਲੀਆਂ ਤਨਖਾਹਾਂ ਅਤੇ ਭੱਤਿਆਂ ਦੇ ਸਬੰਧ ਵਿਚ ਕੁੱਲ ਕਿੰਨਾ ਖਰਚਾ ਆਉਣ ਦੀ ਸੰਭਾਵਨਾ ਹੈ ; ਅਤੇ

(ੲ) ਕੀ ਪਹਿਲਾਂ ਵੀ ਕਿਸੇ ਪੱਧਰ ਤੇ ਏਨੀ ਵੱਡੀ ਗਿਣਤੀ ਵਿਚ ਲਾਅ ਅਫਸਰ ਨਿਯੁਕਤ ਕੀਤੇ ਗਏ ਸਨ ; ਜੇਕਰ ਹਾਂ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

**ਕੈਪਟਨ ਅਮਰਿੰਦਰ ਸਿੰਘ** : (ੳ) ਇਸ ਵੇਲੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਕੋਰਟ ਕੇਸਾਂ ਦੀ ਪੈਰਵੀ ਕਰਨ ਲਈ ਰਾਜ ਸਰਕਾਰ ਵਲੋਂ 87 ਲਾਅ ਅਫਸਰ ਨਿਯੁਕਤ ਕੀਤੇ ਗਏ ਹਨ ।

(ਅ) ਇਨ੍ਹਾਂ ਲਾਅ ਅਫਸਰਾਂ ਦੀ ਤਨਖਾਹ ਅਤੇ ਹੋਰ ਭੱਤਿਆਂ ਤੇ 2,41,22,000 ਰੁਪਏ (ਰੁਪਏ ਦੋ ਕਰੋੜ ਇਕਤਾਲੀ ਲੱਖ ਬਾਈ ਹਜ਼ਾਰ) ਖਰਚਾ ਆਉਣ ਦੀ ਸੰਭਾਵਨਾ ਹੈ ।

(ੲ) ਨਹੀਂ ਜੀ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹਾਈ ਕੋਰਟ ਵਿੱਚ ਕਿੰਨੇ ਲਾਅ ਅਫਸਰ ਲੱਗੇ ਹੋਏ ਸਨ ਤੇ ਐਡੀਸ਼ਨਲ ਲਾਅ ਅਫਸਰ ਹੋਰ ਕਿੰਨੇ ਲਗਾਏ ਹਨ ? ਉਸ ਤੇ ਸਰਕਾਰ ਦਾ ਕਿੰਨਾ ਖਰਚਾ ਆ ਰਿਹਾ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਪਹਿਲਾਂ ਸਾਡੇ ਕੋਲ 51 ਲਾਅ ਅਫਸਰ ਲੱਗੇ ਹੋਏ ਸਨ, ਹੁਣ 87 ਲੱਗੇ ਹਨ । ਇਸ ਸਮੇਂ 1 ਲੱਖ 7 ਹਜ਼ਾਰ ਕੇਸ ਹਨ, ਇਹ ਮੈਂ ਹਾਈ ਕੋਰਟ ਦੀ ਗੱਲ ਕਰ ਰਿਹਾ ਹਾਂ, ਸੁਪਰੀਮ ਕੋਰਟ ਦੇ ਅਲੱਗ, ਉਨ੍ਹਾਂ ਦੇ ਵਿਚ ਸਾਡੇ ਤਕਰੀਬਨ ਡੇਲੀ 500 ਕੇਸ ਰਜਿਸਟਰਡ ਹੁੰਦੇ ਹਨ, ਯਾਨੀ 60 ਫੀਸਦੀ ਸਾਡੇ ਕੇਸ ਹਨ । ਡੇਲੀ ਦੇ ਤਕਰੀਬਨ 400 ਕੇਸਾਂ ਦੀ ਪੈਰਵੀ ਕਰਨੀ ਹੁੰਦੀ ਹੈ । ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਵੀ ਬੜੀ ਮੁਸ਼ਕਲ ਨਾਲ ਸਾਡੇ ਲਾਅ ਅਫਸਰ ਹੈਂਡਲ ਕਰ ਰਹੇ ਹਨ । ਅਸੀਂ ਚਾਹੁੰਦੇ ਹਾਂ ਕਿ ਜਲਦੀ ਕੇਸਿਜ਼ ਦੀ ਪੈਰਵੀ ਹੋਵੇ, ਜਲਦੀ ਸਮਾਪਤੀ ਹੋਵੇ । ਜਿਸ ਤਰੀਕੇ ਨਾਲ ਇਹ ਚਲ ਰਿਹਾ ਹੈ, ਸਾਨੂੰ ਲਾਅ ਅਫਸਰ ਫਾਲਤੂ ਰੱਖਣੇ ਪਏ ।

**ਮਾਨਯੋਗ ਸਪੀਕਰ** : ਹਾਂ ਜੀ, ਭੂੰਦੜ ਸਾਹਿਬ ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪਲੀਮੈਂਟਰੀ, ਸਪੀਕਰ ਸਾਹਿਬ.........

**Mr. Speaker :** Now I have named Bhunder Sahib.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਲੋੜ ਮੁਤਾਬਿਕ ਇਨ੍ਹਾਂ ਨੇ 87 ਲਾਅ ਅਫਸਰ ਨਿਯੁਕਤ ਕਰ ਦਿੱਤੇ ਲੇਕਿਨ ਕੀ 51 ਤੋਂ 87 ਕਰਨ ਦੇ ਬਾਵਜੂਦ ਹਾਲੇ ਵੀ ਦਿੱਲੀ ਤੋਂ ਲਿਆ ਕੇ ਸਟੇਟ ਵਿਚ ਵਕੀਲ ਵਰਤੇ ਜਾਂਦੇ ਹਨ ? ਜੇ ਵਰਤੇ ਜਾਂਦੇ ਹਨ ਤਾਂ ਉਨ੍ਹਾਂ ਦੇ ਖਰਚੇ ਦਾ ਵੇਰਵਾ ਦਿੱਤਾ ਜਾਵੇ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਦੋਂ ਕੋਈ ਸਾਨੂੰ ਟਾਪ ਲੀਗਲ ਐਡਵਾਈਸ ਦੀ ਲੋੜ ਪੈਂਦੀ ਹੈ, ਕੋਈ ਮੇਨ ਕੇਸ ਹੁੰਦੇ ਹਨ, ਤਾਂ ਵਕੀਲ ਜ਼ਰੂਰ ਦਿੱਲੀ ਤੋਂ ਵੀ ਲਿਆਉਂਦੇ ਹਾਂ । ਇਹ ਵੀ ਲਿਆਂਦੇ ਸੀ, ਅਸੀਂ ਵੀ ਲਿਆਂਦੇ ਹਾਂ।

riginal with;
unjab Vidhan Sabha
igitized by;
... Digital Library

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਇਸ ਬਾਰੇ ਡੈਫੀਨਿਟ ਇਨਫਰਮੇਸ਼ਨ ਚਾਹੀਦੀ ਹੈ ਕਿ ਕਿੰਨੇ ਕੇਸਾਂ ਵਿਚ ਇਨ੍ਹਾਂ ਵਲੋਂ ਪ੍ਰਾਈਵੇਟ ਵਕੀਲ ਨਿਯੁਕਤ ਕੀਤੇ ਗਏ ਹਨ ਅਤੇ ਉਨ੍ਹਾਂ ਤੇ ਕਿੰਨਾ ਖਰਚਾ ਆਇਆ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਪਹਿਲਾਂ ਵੀ ਇਹੀ ਗੱਲ ਪੁੱਛ ਰਹੇ ਸੀ। ਜਿਵੇਂ ਕੋਈ ਟਾਪ ਲੀਗਲ ਐਡਵਾਈਸ ਦੀ ਜ਼ਰੂਰਤ ਪੈ ਜਾਂਦੀ ਹੈ, ਕਿਸੇ ਕੇਸ ਵਿਚ, ਜਿਵੇਂ ਐਸ. ਵਾਈ. ਐਲ. ਦਾ ਮੁੱਦਾ ਹੈ, ਤਾਂ ਅਸੀਂ ਪ੍ਰਾਈਵੇਟ ਟਾਪ ਲੈਵਲ ਦਾ ਵਕੀਲ ਕਰ ਲੈਂਦੇ ਹਾਂ । ਜਨਰਲੀ ਸਾਰੇ ਕੇਸ ਲਾਅ ਅਫਸਰ ਹੀ ਹੈਂਡਲ ਕਰ ਰਹੇ ਹਨ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਡੈਫੀਨਿਟ ਰਿਪਲਾਈ ਨਹੀਂ ਆ ਰਿਹਾ........

**ਮਾਨਯੋਗ ਸਪੀਕਰ** : ਤੁਹਾਡੇ ਸਵਾਲ ਵਿਚੋਂ ਇਹ ਅਰਾਈਜ਼ ਨਹੀਂ ਹੁੰਦਾ । ਜੋ ਸੀ. ਐਮ. ਸਾਹਿਬ ਨੇ ਜਵਾਬ ਦਿੱਤਾ ਹੈ, ਕੀ ਇਹ ਉਸਦੇ ਵਿਚੋਂ ਅਰਾਈਜ਼ ਹੁੰਦਾ ਹੈ ?

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਰ, ਅਰਾਈਜ਼ ਹੁੰਦਾ ਹੈ । ਇਸ ਕਰਕੇ ਹੁੰਦਾ ਹੈ ਕਿ ਪਹਿਲਾਂ 51 ਲਾਅ ਅਫਸਰ ਸੀ, ਹੁਣ 87 ਲਾਏ ਹੋਏ ਹਨ। ਇਸਦੇ ਬਾਵਜੂਦ ਵੀ ਇਹ ਪ੍ਰਾਈਵੇਟ ਵਕੀਲ ਨਿਯੁਕਤ ਕਰ ਰਹੇ ਹਨ । ਮੈਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਪ੍ਰਾਈਵੇਟ ਵਕੀਲ ਇਨ੍ਹਾਂ ਨੇ ਨਿਯੁਕਤ ਕੀਤੇ ਹਨ ਤੇ ਸਰਕਾਰ ਨੇ ਉਨ੍ਹਾਂ ਤੇ ਕਿੰਨਾ ਖਰਚਾ ਕੀਤਾ ਹੈ ?

**Chief Minister** : Sir, it is not in his question. ਇਨ੍ਹਾਂ ਨੇ 3 ਸਵਾਲ ਕੀਤੇ ਹਨ । ਪਹਿਲਾ ਕਿ ਕਿੰਨੇ ਲਾਅ ਅਫਸਰ ਅਪੁਆਇੰਟ ਕੀਤੇ ਹਨ, ਦੂਜਾ ਉਨ੍ਹਾਂ ਦੀਆਂ ਸੈਲਰੀਜ਼ ਅਤੇ ਅਲਾਊਂਸਿਜ਼ ਤੇ ਕਿੰਨਾ ਖਰਚਾ ਆਵੇਗਾ ਤੇ ਤੀਜਾ ਕਿ whether earlier too such a large number of Law Officers were appointed at any state. ਇਨ੍ਹਾਂ ਸਵਾਲਾਂ ਦੇ ਜਵਾਬ ਮੈਂ ਸਪੈਸਿਫਿਕ ਦੇ ਦਿੱਤੇ ਹਨ । ਹੁਣ ਇਹ ਇਸ ਸਬੰਧੀ ਅਲੱਗ ਸਵਾਲ ਕਰ ਦੇਣ, ਮੈਂ ਜਵਾਬ ਦੇ ਦੇਵਾਂਗਾ । ਬਾਕੀ ਜਿਹੜਾ ਇਨ੍ਹਾਂ ਲਾਅ ਅਫਸਰਾਂ ਤੇ ਹੋਇਆ ਐਕਸਪੈਂਡੀਚਰ ਇਹ ਜਾਣਨਾ ਚਾਹੁੰਦੇ ਸੀ, ਉਹ ਮੈਂ ਦੱਸ ਦਿੱਤਾ ਹੈ । ਇਹ ਸਪੈਸਿਫਿਕ ਸਵਾਲ ਕਰ ਦੇਣ, ਜਵਾਬ ਦੇ ਦੇਵਾਂਗੇ ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ......

**ਮਾਨਯੋਗ ਸਪੀਕਰ** : ਖੰਨਾ ਜੀ, ਇਨ੍ਹਾਂ ਨੇ ਜਵਾਬ ਦੇ ਦਿੱਤਾ ਹੈ । ਅਗਲਾ ਕੁਐਸਚਨ, ਸਰਦਾਰ ਬੀਰ ਦਵਿੰਦਰ ਸਿੰਘ ਜੀ ।

---

## ਈ-ਗਵਰਨੈਂਸ ਪ੍ਰੋਗਰਾਮ

*313. **ਸਰਦਾਰ ਬੀਰ ਦਵਿੰਦਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਸਰਕਾਰ ਈ-ਗਵਰਨੈਂਸ ਪ੍ਰੋਗਰਾਮ ਲਾਗੂ ਕਰਨ ਦਾ ਵਿਚਾਰ ਰੱਖਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਲਾਗੂ ਕਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ।

Original with;
Punjab Vidhan Sabha
Digitized by;
Panjab Digital Library

**ਕੈਪਟਨ ਅਮਰਿੰਦਰ ਸਿੰਘ** : ਹਾਂ ਜੀ, ਪਰੰਤੂ ਦਰਜਾਬੱਧ ਢੰਗ ਨਾਲ । ਸਰਕਾਰ ਵੱਲੋਂ ਚੁਕੇ ਜਾ ਰਹੇ ਕਦਮ ਹਾਊਸ ਦੀ ਟੇਬਲ ਤੇ ਰੱਖੇ ਜਾਂਦੇ ਹਨ ।

ਪੰਜਾਬ ਸਰਕਾਰ ਵੱਲੋਂ ਈ-ਗਵਰਨੈਂਸ ਨੂੰ ਫੇਜ਼ਡ ਮੈਨਰ ਵਿਚ ਲਾਗੂ ਕਰਨ ਲਈ ਨਿਮਨ ਲਿਖਤ ਕਦਮ ਚੁੱਕੇ ਜਾ ਰਹੇ ਹਨ :—

1. ਪੰਜਾਬ ਸਰਕਾਰ ਨੇ ਆਈ. ਟੀ. ਇੰਡਸਟਰੀ ਲਈ 4 ਮੁੱਖ ਖੇਤਰਾਂ ਆਈ. ਟੀ. ਇਨਫਰਾਸਟਰਕਚਰ, ਈ-ਗਵਰਨੈਂਸ, ਮਾਨਵ ਸੰਸਾਧਨ ਦੀ ਉਨਤੀ (ਐਚ.ਆਰ.ਡੀ.) ਅਤੇ ਇਨਸੈਂਟਿਵ ਸਮੇਤ ਸਮੁੱਚੀ ਸੂਚਨਾ ਤਕਨਾਲੋਜੀ ਪਾਲਿਸੀ ਪ੍ਰਵਾਨ ਕੀਤੀ ਹੈ ।

2. ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਆਈ.ਟੀ. ਵਿਜ਼ਨ ਦੀ ਰਚਨਾ ਲਈ ਆਈ.ਟੀ. ਵਿਜ਼ਨ ਗਰੁਪ ਦਾ ਗਠਨ ਕੀਤਾ ਗਿਆ ਹੈ ਅਤੇ ਉਸਨੂੰ ਲਾਗੂ ਕਰਨ ਲਈ ਉਪਾਅ ਅਤੇ ਸਾਧਨ ਦੇ ਸੁਝਾਅ ਦਿਤੇ ਹਨ । ਇਹ ਗਰੁਪ ਛੇਤੀ ਹੀ ਪੁਨਰ ਗਠਿਤ ਅਤੇ ਪੱਕਾ ਹੋ ਰਿਹਾ ਹੈ ।

3. ਸਾਰੇ ਈ. ਗਵਰਨੈਂਸ ਪ੍ਰੋਜੈਕਟਾਂ ਦਾ ਇਕ ਜਗ੍ਹਾ ਨਿਪਟਾਰਾ ਕਰਨ ਲਈ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਇੰਪਾਵਰਡ ਕਮੇਟੀ ਆਨ ਕੰਪਿਊਟਰਾਈਜ਼ੇਸ਼ਨ (ਈ.ਸੀ.ਸੀ.) ਦਾ ਗਠਨ ਕੀਤਾ ਜਾ ਚੁਕਾ ਹੈ ।

4. ਨਿਜੀ ਖੇਤਰ ਨੂੰ ਸਾਰੇ ਰਾਜ ਵਿਚ ਓਪਟੀਕਲ ਫਾਇਬਰ ਕੇਬਲ ਵਿਛਾਉਣ ਦੀ ਆਗਿਆ ਦੇਣ ਲਈ ਰਾਈਟ ਆਫ ਵੇਅ ਪਾਲਿਸੀ ਦੀ ਮਨਜ਼ੂਰੀ ਦੇ ਦਿਤੀ ਹੈ ਅਤੇ ਲਾਗੂ ਕੀਤੀ ਜਾ ਚੁੱਕੀ ਹੈ ।

5. ਪੰਜਾਬ ਵਾਈਡ ਏਰੀਆ ਨੈਟਵਰਕ ਸਥਾਪਤ ਕਰਨ ਲਈ ਭਾਰਤ ਸੰਚਾਰ ਨਿਗਮ ਲਿਮਟਿਡ (ਬੀ.ਐਸ.ਐਨ.ਐਲ.) ਨਾਲ ਐਮ.ਓ.ਯੂ ਸਾਈਨ ਕੀਤਾ ਗਿਆ ਹੈ ।

6. ਸਰਕਾਰ ਨੇ ਪੰਜਾਬ ਸਿਵਲ ਸਕੱਤਰੇਤ ਅਤੇ ਮਿੰਨੀ ਸਕੱਤਰੇਤ ਵਿਚ ਤਕਰੀਬਨ 250 ਕੰਪਿਊਟਰਾਂ ਲਈ ਈ. ਮੇਲ ਅਤੇ ਇੰਟਰਨੈਟ ਕੁਨੈਕਟੀਵੀਟੀ ਸਹਿਤ ਲੋਕਲ ਏਰੀਆ ਨੈਟਵਰਕ ਪਹਿਲਾਂ ਹੀ ਸਥਾਪਤ ਕਰ ਦਿੱਤਾ ਹੈ । ਮੰਤਰੀਆਂ ਅਤੇ ਐਮ.ਐਲ.ਏਜ਼. ਨੂੰ ਕੰਪਿਊਟਿਰ ਦੀ ਸੁਵਿਧਾ ਦੇਣ ਲਈ ਨੀਤੀ ਵਿਚਾਰ ਅਧੀਨ ਹੈ ।

7. ਸੂਚਨਾ ਤਕਨਾਲੋਜੀ ਵਿਭਾਗ ਨੇ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਪਾਲਿਸੀ (ਪੀ.ਪੀ.ਪੀ.) ਬਣਾਈ ਹੈ ਜੋ ਸਾਰੇ ਵਿਭਾਗਾਂ ਵਿਚ ਅਪਣਾਉਣ ਲਈ ਸਰਕੂਲੇਟ ਕੀਤੀ ਗਈ ਹੈ ।

8 ਆਈ.ਟੀ. ਸਾਧਨਾਂ ਦੀ ਪ੍ਰਾਪਤੀ ਲਈ ਖੁਲੀ ਵਿਧੀ ਰਾਹੀਂ ਤੁਲਨਾਤਮਕ ਕੀਮਤਾਂ ਤੇ ਸਰਕਾਰ ਨੇ ਆਈ.ਟੀ. ਸਾਧਨਾਂ ਦੀ ਪ੍ਰਾਪਤੀ ਅਤੇ ਨਿਪਟਾਰੇ ਦੀ ਨੀਤੀ ਨੂੰ ਮਨਜ਼ੂਰ ਕਰ ਦਿੱਤਾ ਹੈ ।

Original with;
Punjab Vidhan Sabha
Digitized by;
Punjab Digital Library

9. ਭਿੰਨ ਭਿੰਨ ਵਿਭਾਗਾਂ ਦੇਰੀ-ਇੰਜੀਨੀਅਰਿੰਗ ਦੇ ਵਿਸਥਾਰਪੂਰਵਕ ਅਮਲ ਲਈ ਇੰਡੀਅਨ ਇੰਸਟੀਚਿਊਟ ਆਫ ਪਬਲਿਕ ਐਡਮਿਨਿਸਟ੍ਰੇਸ਼ਨ, ਨਵੀਂ ਦਿੱਲੀ ਦੁਆਰਾ ਪਹਿਲਾਂ ਹੀ ਸਟੱਡੀ ਕੀਤੀ ਜਾ ਰਹੀ ਹੈ ।

10. ਸਿਟੀਜ਼ਨ ਡਾਟਾਬੇਸ ਦੀ ਰਚਨਾ ਨੂੰ ਸਰਕਾਰ ਅਮਲ ਵਿਚ ਲਿਆਉਣ ਲਈ ਕਾਰਵਾਈ ਕਰ ਰਹੀ ਹੈ ਜਿਸ ਦੇ ਆਧਾਰ ਤੇ ਸਰਕਾਰ ਦੀਆਂ ਕਈ ਸੇਵਾਵਾਂ ਦਿੱਤੀ ਜਾਣਗੀਆਂ।

11. 'ਸੁਖਮਣੀ ਸੈਂਟਰ ਸਕੀਮ' ਨਾਂ ਦੀ ਸਕੀਮ ਦੇ ਰਾਹੀਂ ਇਕ ਜਗ੍ਹਾ ਇੰਟੈਰੋਗੇਟਿਡ ਸਿਟੀਜ਼ਨ ਸਰਵਿਸ ਦੇਣ ਲਈ ਸਰਕਾਰ ਨੇ ਤਜਵੀਜ਼ ਦਿੱਤੀ ਹੈ । ਇਸ ਸਕੀਮ ਅਧੀਨ, ਜ਼ਿਲ੍ਹਾ ਸੁਖਮਣੀ ਸੁਸਾਇਟੀ ਦੁਆਰਾ ਫਰੈਂਚਾਈਜ਼ ਮਾਡਲ ਉਤੇ ਸੂਚਨਾ ਦੇਣ, ਅਦਾਇਗੀ ਸੇਵਾਵਾਂ ਅਤੇ ਸਰਕਾਰ ਨਾਲ ਇਕ ਜਗ੍ਹਾ ਤੇ ਹੋਰ ਸੌਦੇਬਾਜ਼ੀਆਂ ਕਰਨ ਲਈ ਆਧੁਨਿਕ ਸਹੂਲਤਾਂ ਨਾਲ ਇਸ ਸਕੀਮ ਅਧੀਨ ਇੰਟੈਰੋਗੇਟਿਡ ਸਰਵਿਸ ਸੈਂਟਰ ਸਥਾਪਤ ਕੀਤਾ ਜਾਵੇਗਾ । ਇਸ ਤਰ੍ਹਾਂ ਦੇ ਸਾਰੇ ਕੇਂਦਰ ਪੰਜਾਬ ਵਾਈਡ ਏਰੀਆ ਨੈਟਵਰਕ ਰਾਹੀਂ ਜੋੜ ਦਿੱਤੇ ਜਾਣਗੇ ।

12. ਟਰਾਂਸਪੋਰਟ ਵਿਭਾਗ, ਮਿਊਂਸਿਪਲ ਸੇਵਾਵਾਂ ਅਤੇ ਹੋਰ ਪਬਲਿਕ ਡੀਲਿੰਗ ਦੇ ਦਫ਼ਤਰਾਂ ਵਿਚ ਬਿਲਟ, ਓਨ, ਓਪਰੇਟ ਅਤੇ ਟਰਾਂਸਫਰ (ਬੂਟ) ਮਾਡਲ ਆਧਾਰ ਤੇ ਪ੍ਰੋਜੈਕਟਾਂ ਨੂੰ ਲਾਗੂ ਕਰਨ ਲਈ ਪਹਿਚਾਨ ਕਰ ਲਈ ਹੈ ।

13. ਸਰਕਾਰ ਨੇ ਪਹਿਲ ਦੇ ਆਧਾਰ ਤੇ ਹੇਠ ਲਿਖੇ ਵਿਭਾਗਾਂ ਨੂੰ ਕੰਪਿਊਟਰੀਕਰਨ ਕਰਨ ਲਈ ਪਹਿਚਾਣ ਕੀਤੀ ਹੈ :—

(a) ਆਬਕਾਰੀ ਤੇ ਕਰ

(b) ਸਥਾਨਕ ਸਰਕਾਰ (ਮਿਊਂਸਿਪਲ ਕਾਰਪੋਰੇਸ਼ਨ/ਚੂੰਗੀ)

(c) ਦਫਤਰ, ਡਿਪਟੀ ਕਮਿਸ਼ਨਰ, ਫਤਿਹਗੜ੍ਹ ਸਾਹਿਬ

(d) ਸਮਾਜਿਕ ਸੁਰੱਖਿਆ ਅਤੇ ਪਰਿਵਾਰ ਭਲਾਈ ਵਿਭਾਗ

(e) ਖਜ਼ਾਨਾ ਅਤੇ ਲੇਖਾ

(f) ਟਰਾਂਸਪੋਰਟ ਵਿਭਾਗ (ਨਾਨ-ਕਮਰਸ਼ੀਅਲ ਕਾਰਜ-ਵਿਧੀਆਂ)

(g) ਸਕੱਤਰੇਤ ਲੋਕਲ ਏਰੀਆ ਨੈਟਵਰਕ

(h) ਦਫਤਰ, ਮੁੱਖ ਮੰਤਰੀ

(i) ਵਿੱਤ ਤੇ ਲੇਖਾ

(j) ਐਡਵੋਕੇਟ ਜਨਰਲ, ਪੰਜਾਬ

14. ਸਰਕਾਰ ਨੇ ਸਰਕਾਰੀ ਕਰਮਚਾਰੀਆਂ ਨੂੰ ਜਿਥੇ ਕੀਤੇ ਜ਼ਰੂਰੀ ਹੋਵੇ, ਸਿਖਲਾਈ ਦੇਣ ਦਾ ਵੀ ਵਾਅਦਾ ਕੀਤਾ ਹੈ ।

Original with;
Punjab Vidhan Sabha
Digitized by;

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਇਕ ਤਾਂ ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਫੇਜ਼ਡ ਮੈਨਰ ਵਿਚ ਅਸੀਂ ਈ-ਗਵਰਨੈਂਸ ਨੂੰ ਲਾਗੂ ਕਰਨ ਜਾ ਰਹੇ ਹਾਂ। ਮੈਂ ਜਾਣਨਾ ਚਾਹੁੰਦਾ ਹਾਂ, When the Govt. intends to initiate the process of e-governance in the first phase, and the names of Departments which the Govt. has identified for e-governance so far ?

**ਮੁੱਖ ਮੰਤਰੀ** : ਜਿਹੜੇ ਡਿਪਾਰਟਮੈਂਟ ਅਸੀਂ ਆਈਡੈਂਟੀਫਾਈ ਕੀਤੇ ਹਨ, ਕੁਝ ਤਾਂ ਸ਼ੁਰੂਆਤ ਹੋ ਗਈ ਹੈ, ਸਰਹਿੰਦ ਡਿਸਟ੍ਰਿਕਟ ਦਾ ਅਸੀਂ ਪੂਰਾ ਰੈਵੇਨਿਊ ਰਿਕਾਰਡ ਵਗੈਰਾ ਇਸ ਤੇ ਕੀਤਾ ਹੋਇਆ ਹੈ । ਕਿਉਂਕਿ ਮੈਂਬਰ ਸਾਹਿਬ ਇਨਫਰਮੇਸ਼ਨ ਮੰਗਦੇ ਹਨ, ਮੈਂ ਦੱਸ ਦਿੰਦਾ ਹਾਂ । ਉਹ ਡਿਪਾਰਟਮੈਂਟ ਹਨ : Deputy Commissioner's Office, Fatehgarh Sahib, Department of Social Security and Family Welfare, Treasury& Accounts, Department of Transport, Non-Commercial Activities, Secretariat, Local Area Network, Chief Minister's Office, Finance & Accounts and Advocate General's Office.

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਈ-ਗਵਰਨੈਂਸ ਨੂੰ ਲਾਗੂ ਕਰਨ ਦੀ ਵਿਧੀ ਅਤੇ ਵਿਉਂਤ ਕੀ ਹੈ ? ਕੀ ਇਹ ਫੇਜ਼ਡ ਮੈਨਰ ਵਿਚ ਪ੍ਰਾਈਵੇਟ ਕੰਪਨੀਆਂ ਰਾਹੀਂ ਲਾਗੂ ਕੀਤੀ ਜਾ ਰਹੀ ਹੈ ਜਾਂ ਕਿ ਸਰਕਾਰ ਆਪਣੇ ਵਸੀਲਿਆਂ ਰਾਹੀਂ ਇਸ ਨੂੰ ਲਾਗੂ ਕਰ ਰਹੀ ਹੈ ? ਦੂਸਰੀ ਗੱਲ ਇਹ ਹੈ ਕਿ ਰੈਵੇਨਿਊ, ਇੰਡਸਟਰੀ ਅਤੇ ਐਨ.ਆਰ.ਆਈ. ਡਿਪਾਰਟਮੈਂਟਸ ਵਿਚ ਇਸ ਨੂੰ ਲਾਗੂ ਕਰਨਾ ਬਹੁਤ ਜ਼ਰੂਰੀ ਹੈ। ਕੀ ਮੁੱਖ ਮੰਤਰੀ ਜੀ ਇਹ ਐਸ਼ੋਰੈਂਸ ਦੇਣਗੇ ਕਿ ਇਨ੍ਹਾਂ 3 ਮਹਿਕਮਿਆਂ ਨੂੰ ਵੀ ਪਰਮ-ਅਗੇਤ ਦੇ ਕੇ ਲਿਸਟ ਵਿਚ ਸ਼ਾਮਲ ਕੀਤਾ ਜਾਵੇਗਾ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਥੋਂ ਤੱਕ ਕਿੰਨੀ ਦੇਰ ਵਿਚ, ਕਦੋਂ ਅਤੇ ਕਿਵੇਂ ਲਾਗੂ ਕਰਨ ਦਾ ਸਵਾਲ ਹੈ, ਇਹ ਤਾਂ ਫਾਈਨਾਂਸ ਤੇ ਡਿਪੈਂਡ ਕਰਦਾ ਹੈ। ਜਿਸ ਸ਼ਾਰਟਸਾਈਟਡਨੈੱਸ ਨਾਲ ਇਸ ਮਾਮਲੇ ਨੂੰ ਪਿਛਲੇ ਸਮੇਂ ਵਿਚ ਡੀਲ ਕੀਤਾ ਗਿਆ ਹੈ, ਉਸ ਕਰਕੇ ਇਹ ਮਾਮਲਾ ਕਾਫੀ ਪਿੱਛੇ ਪੈ ਗਿਆ ਹੈ। 1999-2000 ਵਿਚ ਇਸ ਵਾਸਤੇ ਬਜਟ ਪ੍ਰੋਵੀਜ਼ਨ ਕੀਤੀ ਗਈ ਸੀ 24 ਕਰੋੜ 74 ਲੱਖ ਰੁਪਏ ਦੀ ਲੇਕਿਨ ਦਿੱਤੇ ਸਿਰਫ 2 ਕਰੋੜ 72 ਲੱਖ ਰੁਪਏ। ਦੂਸਰੇ ਸਾਲ 2000-2001 ਵਿਚ ਰੱਖੇ ਗਏ 18 ਕਰੋੜ 46 ਲੱਖ ਰੁਪਏ ਲੇਕਿਨ ਦਿੱਤੇ ਗਏ ਸਿਰਫ 3 ਕਰੋੜ 59 ਲੱਖ ਰੁਪਏ। ਸਾਲ 2001-2002 ਵਿਚ 7 ਕਰੋੜ 60 ਲੱਖ ਰੁਪਏ ਦੀ ਪ੍ਰੋਵੀਜ਼ਨ ਸੀ ਲੇਕਿਨ ਦਿੱਤੇ ਸਿਰਫ 2 ਕਰੋੜ 14 ਲੱਖ ਰੁਪਏ। ਬੇਸੀਕਲੀ ਇਹ ਮਸਲਾ ਫੰਡਜ਼ ਤੇ ਡਿਪੈਂਡੈਂਟ ਹੈ। ਅਸੀਂ ਫਿਰ ਵੀ ਪਹਿਲਾਂ ਨਾਲੋਂ ਜ਼ਿਆਦਾ ਪ੍ਰੋਵੀਜ਼ਨ ਕੀਤੀ ਸੀ। ਪਿਛਲੇ ਸਾਲ 3 ਕਰੋੜ 17 ਲੱਖ ਰੁਪਏ ਦੀ ਪ੍ਰੋਵੀਜ਼ਨ ਸੀ। ਸਾਨੂੰ ਆਸ ਹੈ ਕਿ ਇਸ ਵਾਰ ਐਫ.ਐਮ. ਸਾਹਿਬ ਇਸ ਦਾ ਹੋਰ ਜ਼ਿਆਦਾ ਧਿਆਨ ਰੱਖਣਗੇ। ਜਿਥੋਂ ਤੱਕ ਐਨ.ਆਰ.ਆਈਜ਼. ਦਾ ਸਵਾਲ ਹੈ, ਇਹ ਬਹੁਤ ਜ਼ਰੂਰੀ ਹੈ ਕਿਉਂਕਿ ਮੈਨੂੰ ਉਨ੍ਹਾਂ ਨੇ ਕਈ ਵਾਰ ਕਿਹਾ ਹੈ ਕਿ ਅਸੀਂ ਕੈਨੇਡਾ ਬੈਠੇ-ਬੈਠੇ ਇੰਟਰਨੈੱਟ ਤੇ ਆਪਣਾ ਰੈਵੇਨਿਊ ਰਿਕਾਰਡ ਵੇਖਣਾ ਚਾਹੁੰਦੇ ਹਾਂ। ਅਸੀਂ ਫਤਹਿਗੜ੍ਹ ਸਾਹਿਬ ਤੋਂ ਇਸ ਦੀ ਸ਼ੁਰੂਆਤ ਕਰ ਦਿੱਤੀ ਹੈ ਅਤੇ ਉਸ ਤੋਂ ਬਾਦ ਦੂਸਰੇ ਰੈਵੇਨਿਊ ਡਿਸਟ੍ਰਿਕਟਸ ਵੱਲ ਜਾਵਾਂਗੇ। ਇੰਡਸਟਰੀ ਦਾ ਵੀ ਇਸ ਦੇ ਵਿਚ ਹੀ ਆ ਗਿਆ ਹੈ। ਉਹ ਲੋਕ ਵੈਨਕੂਵਰ ਅਤੇ ਟੋਰਾਂਟੋ ਤੋਂ ਹੀ ਆਪਣਾ ਰਿਕਾਰਡ ਵੇਖ

Original with;
Punjab Vidhan Sabha
Digitized by;
Panjab Digital Library

ਸਕਣਗੇ। ਬਾਕੀ ਰਹੀ ਗੱਲ ਕਿ ਅਸੀਂ ਆਪਣੇ ਡਿਪਾਰਟਮੈਂਟ ਰਾਹੀਂ ਇਸ ਨੂੰ ਲਾਗੂ ਕਰਾਂਗੇ ਜਾਂ ਕਿ ਬਾਹਰੋਂ ਕਰਵਾਵਾਂਗੇ, ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਕੁਝ ਕੰਮ ਅਸੀਂ ਆਪਣੇ ਡਿਪਾਰਟਮੈਂਟ ਰਾਹੀਂ ਕਰਾਂਗੇ ਅਤੇ ਕੁਝ ਬਾਹਰ ਦੇ ਲੋਕ ਇਨਗੇਜ਼ ਕਰਾਂਗੇ। ਐਕਸਾਈਜ਼ ਅਤੇ ਸੇਲਜ਼ ਟੈਕਸ ਦਾ ਕੰਮ ਕਰਨ ਵਾਸਤੇ ਸ਼ਾਇਦ ਸਾਨੂੰ ਕੁਝ ਬਾਹਰੋਂ ਵੀ ਹੈਲਪ ਲੈਣੀ ਪਵੇ।

---

### ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 322*

**ਮਾਨਯੋਗ ਸਪੀਕਰ** : ਇਸ ਪ੍ਰਸ਼ਨ ਬਾਰੇ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---

### ਹੁਡਿਆਰਾ ਡਰੇਨ ਤੇ ਪੁਲ ਬਣਾਉਣਾ

*311. **ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਪਿੰਡ ਹੁਸ਼ਿਆਰ ਨਗਰ ਨੂੰ ਬਾਗੜੀਆਂ ਮੁਹਾਵਾ ਅਤੇ ਅਟਾਰੀ ਨਾਲ ਜੋੜਨ ਲਈ ਹੁਡਿਆਰਾ ਡਰੇਨ ਤੇ ਪੁਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਪੁਲ ਦੀ ਉਸਾਰੀ ਦਾ ਕੰਮ ਕਦੋਂ ਤੱਕ ਸ਼ੁਰੂ ਅਤੇ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਗੁਰਚੇਤ ਸਿੰਘ ਭੁੱਲਰ** : ਨਹੀਂ ਜੀ। ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪਿੰਡ ਹੁਸ਼ਿਆਰ ਨਗਰ ਬਾਗੜੀਆਂ, ਮੁਹਾਵਾ ਅਤੇ ਅਟਾਰੀ ਨਾਲ ਜੋੜਨ ਲਈ ਹੁਡਿਆਰੇ ਨਾਲੇ ਦੀ ਬੁਰਜੀ 40,000 ਤੇਂ ਵੀ.ਆਰ. ਪੁਲ ਬਨਾਉਣ ਦੀ ਤਜਵੀਜ਼ ਕੀਤੀ ਗਈ ਸੀ। ਇਹ ਪੁਲ ਬਾਰਡਰ ਏਰੀਆ ਦੇ ਵਿੱਚ ਹੋਣ ਕਾਰਣ, ਇਸ ਦੀ ਉਸਾਰੀ ਲਈ ਤਜਵੀਜ਼ ਭਾਰਤ ਸਰਕਾਰ ਦੇ ਰਖਿਆ ਮੰਤਰਾਲੇ ਨੂੰ ਪ੍ਰਵਾਨਗੀ ਲਈ ਭੇਜੀ ਗਈ ਸੀ ਪ੍ਰੰਤੂ ਇਹ ਪੁਲ ਅੰਤਰਰਾਸ਼ਟਰੀ ਸੀਮਾ ਦੇ ਬਹੁਤ ਨਜ਼ਦੀਕ ਹੋਣ ਕਾਰਨ, ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਵੱਲੋਂ ਇਹ ਤਜਵੀਜ਼ ਰੱਦ ਕਰ ਦਿੱਤੀ ਗਈ ਸੀ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਤਜਵੀਜ਼ ਭਾਰਤ ਸਰਕਾਰ ਨੇ ਰੱਦ ਕਰ ਦਿੱਤੀ ਹੈ, ਉਹ ਕਦੋਂ ਕੀਤੀ ਹੈ ਅਤੇ ਕੀ ਇਹ ਤਜਵੀਜ਼ ਦੁਬਾਰਾ ਭਾਰਤ ਸਰਕਾਰ ਨੂੰ ਭੇਜਣ ਬਾਰੇ ਸੋਚ ਸਕਦੇ ਹਨ ਕਿਉਂਕਿ ਇਹ ਬਾਰਡਰ ਦੇ ਬਿਲਕੁਲ ਨਾਲ ਨਹੀਂ ਹੈ ?

**ਮੰਤਰੀ** : ਪਹਿਲੀ ਤਜਵੀਜ਼ ਮਿਤੀ 31 ਮਾਰਚ, 1999 ਨੂੰ ਰੱਦ ਹੋਈ ਸੀ ਅਤੇ ਦੁਬਾਰਾ ਭੇਜ ਤਾਂ ਸਕਦੇ ਹਾਂ ਪਰ ਉਹ ਮੰਨਦੇ ਘੱਟ ਹੀ ਹੁੰਦੇ ਹਨ।

---

*For Starred Question No. 322 and reply thereto, please see Appendix to this Debates.

Original with;
Punjab Vidhan Sabha
Digitized by;

## ਛੂਤ-ਛਾਤ ਨੂੰ ਦੂਰ ਕਰਨ ਤੇ ਕੀਤਾ ਗਿਆ ਖਰਚਾ

*462. (1) ਸ਼੍ਰੀ ਨੱਥੂ ਰਾਮ
(2) ਸ਼੍ਰੀ ਤਰਲੋਚਨ ਸਿੰਘ } : ਕੀ ਸਮਾਜਿਕ ਸੁਰੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਿਵਲ ਰਾਈਟਸ ਐਕਟ, 1955 ਦੀ ਸੁਰੱਖਿਆ ਹੇਠ ਰਾਜ ਵਿਚ ਛੂਤ-ਛਾਤ ਨੂੰ ਦੂਰ ਕਰਨ ਲਈ ਸਾਲ 2000-2001, 2001-2002 ਅਤੇ 2002-2003 ਲਈ ਕੇਂਦਰੀ ਸਰਕਾਰ ਤੋਂ ਸਾਲ-ਵਾਰ ਕਿੰਨੀ ਰਕਮ ਪ੍ਰਾਪਤ ਕੀਤੀ ਗਈ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਨੂੰ ਉਕਤ ਮੰਤਵ ਲਈ ਖਰਚ ਕਰ ਲਿਆ ਗਿਆ ਹੈ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਵਿਵਰਣ ਸਦਨ ਦੀ ਟੇਬਲ ਤੇ ਰੱਖਿਆ ਜਾਂਦਾ ਹੈ।

### ਵਿਵਰਣ

(ੳ) ਸਾਲ 2000-2001, 2001-2002 ਅਤੇ 2002-2003 ਤੱਕ ਕੇਂਦਰ ਦੇ ਹਿੱਸੇ ਵਜੋਂ ਬਜਟ ਉਪਬੰਧ ਅਤੇ ਖਰਚੇ ਦਾ ਵਿਵਰਣ

**ਬਜਟ ਉਪਬੰਧ—**

| ਲੜੀ ਨੰ: | ਸਾਲ | ਕੇਂਦਰੀ ਹਿੱਸਾ |
|---|---|---|
| 1 | 2000-2001 | 33.47 ਲੱਖ |
| 2 | 2001-2002 | 33.85 ਲੱਖ |
| 3 | 2002-2003 | ਸਰਕਾਰ ਤੋਂ ਅਜੇ ਸਕੀਮ ਦੀ ਪ੍ਰਵਾਨਗੀ ਪ੍ਰਾਪਤ ਨਹੀਂ ਹੋਈ ਹੈ। |

(ਅ) **ਬਜਟ ਖਰਚਾ**

| ਲੜੀ ਨੰ: | ਸਾਲ | ਕੇਂਦਰੀ ਹਿੱਸਾ | ਖਰਚ |
|---|---|---|---|
| 1 | 2000-2001 | 33.47 ਲੱਖ | 33.47 ਲੱਖ |
| 2 | 2001-2002 | 33.85 ਲੱਖ | 33.85 ਲੱਖ |
| 3 | 2002-2003 | — | ਸਰਕਾਰ ਤੋਂ ਅਜੇ ਸਕੀਮ ਦੀ ਪ੍ਰਵਾਨਗੀ ਪ੍ਰਾਪਤ ਨਹੀਂ ਹੋਈ ਹੈ। |

Original with;
Punjab Vidhan Sabha
Digitized by;
Panjab Digital Library

**ਸ਼੍ਰੀ ਨੱਥੂ ਰਾਮ** : ਸਪੀਕਰ ਸਾਹਿਬ, ਸਾਲ 2001-2002 ਵਿਚ ਜਿੰਨਾ ਕੇਂਦਰ ਤੋਂ ਹਿੱਸਾ ਆਇਆ ਸੀ, ਉਹ ਵਰਤ ਲਿਆ ਗਿਆ ਲੇਕਿਨ ਸਾਲ 2002-2003 ਵਿਚ ਸਕੀਮ ਦੀ ਪ੍ਰਵਾਨਗੀ ਹਾਲੇ ਤੱਕ ਨਹੀਂ ਆਈ। ਇਸ ਫਾਈਨਾਂਸ਼ੀਅਲ ਈਅਰ ਵਿਚ ਤੁਸੀਂ ਆਪ ਹੀ ਵੇਖੋ ਕਿ ਕਿੰਨੇ ਕੁ ਦਿਨ ਰਹਿ ਗਏ ਹਨ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਪ੍ਰਵਾਨਗੀ ਲੈਣ ਵਾਸਤੇ ਇਸ ਸਾਲ ਕੋਈ ਐਫਰਟਸ ਕੀਤੇ ਗਏ ? ਜੇ ਕੀਤੇ ਗਏ ਤਾਂ ਇਸ ਮਾਮਲੇ ਵਿਚ ਦੇਰੀ ਕਿਉਂ ਹੋਈ ?

**ਮੰਤਰੀ** : ਸਪੀਕਰ ਸਾਹਿਬ, ਸਕੀਮ ਦੀ ਪ੍ਰਵਾਨਗੀ ਮਿਲੀ ਹੋਈ ਹੈ। ਦੋ ਸ਼ੇਅਰ ਸਟੇਟ ਦੇ ਹਨ ਅਤੇ 6 ਸ਼ੇਅਰ ਸੈਂਟਰ ਗੌਰਮਿੰਟ ਦੇ ਹਨ। ਕੇਂਦਰ ਸਰਕਾਰ ਨੇ ਰਾਜ ਸਰਕਾਰ ਲਈ ਹਾਲੇ ਫੰਡਜ਼ ਦੀ ਮਨਜ਼ੂਰੀ ਨਹੀਂ ਦਿੱਤੀ। ਸਕੀਮ ਦੀ ਮਨਜ਼ੂਰੀ ਹੋ ਗਈ ਹੈ। ਫੰਡਜ਼ ਦੀ ਮਨਜ਼ੂਰੀ ਹਾਲੇ ਉਨ੍ਹਾਂ ਨੇ ਦੇਣੀ ਹੈ।

**ਸ਼੍ਰੀ ਨੱਥੂ ਰਾਮ** : ਸਪੀਕਰ ਸਾਹਿਬ, ਇਹ ਜਿਹੜੇ ਫੰਡਜ਼ ਹੁਣ ਰਿਲੀਜ਼ ਹੋਣਗੇ, ਇਨ੍ਹਾਂ ਦੀ ਵਰਤੋਂ ਕਦੋਂ ਤੱਕ ਕੀਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਇਹ ਇਕ ਆਨ-ਗੋਇੰਗ ਪਰਾਸੈਸ ਹੈ। ਜਿਹੜੇ ਸੈਮੀਨਾਰ, ਇੰਟਰ ਕਾਸਟਸ ਵਿਆਹ ਹੁੰਦੇ ਹਨ ਅਤੇ ਸਮਾਜ ਸੇਵੀ ਸੰਸਥਾਵਾਂ ਪਰਟੀਕੂਲਰਲੀ ਵਲੰਟਰਲੀ ਇਹ ਕੰਮ ਕਰ ਰਹੀਆਂ ਹਨ, ਇਹ ਉਨ੍ਹਾਂ ਦੇ ਅਕਾਊਂਟ ਵਿੱਚ ਚਲੇ ਜਾਂਦੇ ਹਨ।

---

**ਨਿਸ਼ਾਨ ਵਾਲੇ ਪ੍ਰਸ਼ਨ ਨੰ: 432 ਅਤੇ 445**

(ਸਬੰਧਿਤ ਮਾਨਯੋਗ ਮੈਂਬਰ ਸਾਹਿਬਾਨ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

---

**ਨੰਗਲ ਨੇੜੇ ਮਰੇ ਪੰਛੀ**

***501. ਕੈਪਟਨ ਬਲਬੀਰ ਸਿੰਘ ਬਾਠ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨੰਗਲ ਨੇੜੇ ਕਿਸੇ ਬੁੱਚੜਖਾਨੇ ਦੇ ਆਲੇ-ਦੁਆਲੇ ਪੰਛੀ ਭਾਰੀ ਗਿਣਤੀ ਵਿਚ ਮਰੇ ਹੋਏ ਪਾਏ ਗਏ ਸਨ; ਜੇਕਰ ਅਜਿਹਾ ਹੋਵੇ, ਤਾਂ ਕੀ ਇਸ ਸਬੰਧੀ ਕੋਈ ਜਾਂਚ-ਪੜਤਾਲ ਕਰਵਾਈ ਗਈ ਹੈ ਅਤੇ ਇਸ ਦੇ ਸਿੱਟੇ ਕੀ ਨਿੱਕਲੇ ਅਤੇ ਅਜਿਹੀ ਦੁਰਘਟਨਾ ਨੂੰ ਮੁੜ ਵਾਪਰਨ ਤੋਂ ਰੋਕਣ ਲਈ ਕੀ ਕਦਮ ਚੁੱਕੇ ਗਏ ?

**ਕੈਪਟਨ ਅਮਰਿੰਦਰ ਸਿੰਘ** : ਹਾਂ ਜੀ, 38 ਕਾਂ ਮਰੇ ਹੋਏ ਪਾਏ ਗਏ। ਹਾਂ ਜੀ, ਇੱਕ ਵਿਭਾਗੀ ਟੀਮ ਵੱਲੋਂ ਪੜਤਾਲ ਕੀਤੀ ਗਈ। ਬੁੱਚੜਖਾਨੇ ਨੇੜੇ ਛੱਪੜ ਦੇ ਪਾਣੀ ਵਿਚ ਆਰਗੈਨੋ ਫਾਸਫੋਰਸ ਪੈਸਟੀਸਾਈਡ ਮਿਲੀ ਹੋਣ ਨਾਲ ਕਾਂਵਾਂ ਦੀ ਮੌਤ ਹੋਈ। ਡਿਪਟੀ ਕਮਿਸ਼ਨਰ, ਰੋਪੜ ਨੇ ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ, ਨੰਗਲ ਨੂੰ ਹਦਾਇਤ ਕੀਤੀ ਹੈ ਕਿ ਗੰਦੇ ਪਾਣੀ ਅਤੇ ਖਰਾਬ ਮਟੀਰੀਅਲ ਦੀ ਸਹੀ ਡਿਸਪੋਜ਼ਲ ਕਰਨ ਨੂੰ ਯਕੀਨੀ ਬਣਾਇਆ ਜਾਵੇ। ਵਣ ਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਵੱਲੋਂ ਜੰਗਲੀ ਜੀਵ ਸੁਰੱਖਿਆ ਐਕਟ, 1972 ਦੀ ਪਾਲਣਾ ਕੀਤੀ ਜਾ ਰਹੀ ਹੈ ਅਤੇ ਆਮ ਲੋਕਾਂ ਨੂੰ ਇਸ ਸਬੰਧ ਵਿਚ ਜਾਣੂ ਕਰਵਾਇਆ ਜਾ ਰਿਹਾ ਹੈ।

Original with;
Punjab Vidhan Sabha
Digitized by;

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਸਵਾਲ ਕੁਝ ਮਰੇ ਹੋਏ ਕਾਵਾਂ ਦਾ ਨਹੀਂ ਜਾਂ ਤੋਤਿਆਂ ਦਾ ਨਹੀਂ, ਗਿਰਝਾਂ ਦਾ ਨਹੀਂ। ਸਵਾਲ ਹੈ ਪੰਛੀਆਂ ਦੀ ਨਸਲਕਸੀ ਦਾ। ਸਾਡੇ ਤੇ ਇਹ ਮਾੜਾ ਪ੍ਰਭਾਵ ਪੈਂਦਾ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਜਿਹੜਾ ਸਾਡੇ ਤੇ ਮਾੜਾ ਪ੍ਰਭਾਵ ਪੈਂਦਾ ਹੈ, ਜਿਹੜੀਆਂ ਅਜਿਹੀਆਂ ਦਵਾਈਆਂ ਹਨ, ਕੀ ਉਨ੍ਹਾਂ ਦੀ ਪਹਿਚਾਨ ਕੀਤੀ ਗਈ ਹੈ ? ਜੇ ਕੀਤੀ ਗਈ ਹੈ ਤਾਂ ਉਸ ਵਾਸਤੇ ਕੀ ਪ੍ਰਬੰਧ ਕੀਤੇ ਗਏ ਹਨ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਆਰਗੈਨੋ ਫਾਸਫੇਟ, ਇਕ ਪ੍ਰੀਵੈਲੈਂਟ ਵਾਈਡ ਸਪਰੈਡ ਕੈਮੀਕਲ ਦਾ ਇਸਤੇਮਾਲ ਹੁੰਦਾ ਹੈ। ਇਸ ਦੇ ਕਈ ਪੇਟੈਂਟ ਨਾਂ ਹਨ ਜਿਹੜੀ ਨਰਮੇ ਦੀ ਬੈਲਟ ਤੋਂ ਲੈ ਕੇ ਹੁਸ਼ਿਆਰਪੁਰ ਤੱਕ ਇਸਤੇਮਾਲ ਹੁੰਦੀ ਹੈ। ਏਥੇ ਹੋਇਆ ਕੀ ਸੀ, ਮੈਂ ਉਹ ਦਸਦਾ ਹਾਂ ਕਿ ਇਥੇ ਕੋਈ ਅੰਬਾਂ ਦਾ ਇਕ ਬਾਗ ਸੀ। ਉਸ ਤੇ ਇਸ ਕੈਮੀਕਲ ਦਾ ਸਪਰੇਅ ਕੀਤਾ ਗਿਆ ਔਰ ਉਥੇ ਇਕ ਸੋਕੇਜ ਪਿੱਟ ਵਿੱਚ ਸਲਾਟਰ ਹਾਊਸ ਵਿੱਚੋਂ ਜਿਹੜਾ ਵੇਸਟ ਪਾਣੀ ਨਿਕਲਦਾ ਹੈ ਜੋ ਕਿ ਉਸ ਸੋਕੇਜ ਪਿੱਟ ਵਿੱਚ ਪੈਂਦਾ ਹੈ। ਜਦੋਂ ਇਹ ਅੱਗੇ ਪਹੁੰਚਦਾ ਹੈ, ਇਸ ਨਾਲ ਕੁਝ ਮੀਟ ਦੇ ਟੁਕੜੇ ਵੀ ਆ ਜਾਂਦੇ ਹਨ ਜੋ ਕਿ ਅੱਗੇ ਜਾ ਕੇ ਉਨ੍ਹਾਂ ਕਾਵਾਂ ਨੇ ਖਾ ਲਏ ਔਰ ਉਨ੍ਹਾਂ ਨੂੰ ਪੌਆਜ਼ਨਿੰਗ ਹੋ ਗਈ। ਤੁਹਾਨੂੰ ਪਤਾ ਹੈ ਕਿ ਪੈਸਟੀਸਾਈਡਜ਼ ਬੜਾ ਡੇਂਜਰਸ ਕੰਮ ਹੈ। ਅਨਫਾਰਚੂਨੇਟਲੀ ਪੂਰੇ ਪੰਜਾਬ ਦਾ ਇਕਲੋਜੀਕਲ ਬੈਲੈਂਸ ਚੇਂਜ਼ ਹੋ ਰਿਹਾ ਹੈ। ਜਿੱਥੇ ਪਹਿਲਾਂ 7-8 ਸਪਰੇਅ ਹੁੰਦੇ ਸੀ ਹੁਣ 17-18-20 ਤੱਕ ਹੁੰਦੇ ਹਨ। ਜਿਸ ਤਰ੍ਹਾਂ ਅੱਜ ਕੱਲ੍ਹ ਇਕਲੋਜੀਕਲ ਬੈਲੈਂਸ ਡਿਸਟਰਬ ਹੋ ਰਿਹਾ ਹੈ ਬਠਿੰਡਾ, ਮਾਨਸਾ ਵਿੱਚ ਤਾਂ ਪਹਿਲਾਂ ਤਿੱਤਰ ਵਗੈਰਾ ਬੋਲਦੇ ਹੁੰਦੇ ਸੀ, ਹੁਣ ਕੋਈ ਨਹੀਂ ਬੋਲਦਾ। ਸਾਰਾ ਵਾਈਲਡ ਲਾਈਫ ਸਪਾਇਲ ਹੋ ਗਿਆ ਹੈ। ਇਸ ਨਾਲ ਹੋਰ ਕਈ ਚੰਗੇ ਕੀੜੇ ਵਗੈਰਾ ਵੀ ਖਤਮ ਹੋ ਰਹੇ ਹਨ। ਆਪਾਂ ਨੂੰ ਇਸ ਦੀ ਰੋਕਥਾਮ ਵਾਸਤੇ ਹਿਮਾਚਲ, ਹਰਿਆਣਾ ਔਰ ਰਾਜਸਥਾਨ ਨੂੰ ਨਾਲ ਰਲਾ ਕੇ, ਇਕੱਠਾ ਕਰਕੇ ਕੋਈ ਪੈਸਟੀਸਾਈਡਜ਼ ਵਾਸਤੇ ਪਾਲਿਸੀ ਕੱਢਣੀ ਪਵੇਗੀ ਜੇਕਰ ਆਪਾਂ ਵਾਈਲਡ ਲਾਈਫ ਨੂੰ ਬਚਾਉਣਾ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਸੀ ਐਮ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਵੈਸੇ ਤਾਂ ਇਨ੍ਹਾਂ ਨੇ ਬੜਾ ਡੀਟੇਲ ਵਿੱਚ ਜਵਾਬ ਦਿੱਤਾ ਹੈ। ਇਹ ਸਾਰੇ ਹੀ ਮਹਿਸੂਸ ਕਰਦੇ ਹਨ, ਪੂਰਾ ਐਨਵਾਇਟਨਮੈਂਟ ਵੀ ਤਬਾਹ ਹੋ ਗਿਆ, ਕਿਸਾਨ ਵੀ ਤਬਾਹ ਹੋ ਗਿਆ, ਸਟੇਟ ਵੀ ਤਬਾਹ ਹੋ ਗਈ ਹੈ। ਮੈਂ ਕਹਿਣਾ ਇਹ ਚਾਹੁੰਦਾ ਹਾਂ ਕਿ ਜਦੋਂ ਇਨ੍ਹਾਂ ਪੈਸਟੀਸਾਈਡਜ਼ ਦਾ ਕਿਸੇ ਤਬਕੇ ਨੂੰ ਕੋਈ ਫਾਇਦਾ ਹੀ ਨਹੀਂ ਮਿਲਦਾ ਤਾਂ ਫਿਰ ਕਿਉਂ ਨਹੀਂ ਸਰਕਾਰ ਸੋਚਦੀ ਕਿ ਜਦੋਂ ਅਮਰੀਕਾ ਵਿੱਚ ਇਹ ਬੰਦ ਕਰ ਦਿੱਤੀਆਂ ਗਈਆਂ ਹਨ, ਏਥੇ ਵੀ ਕਿਉਂ ਨਹੀਂ ਬੰਦ ਕੀਤੀਆਂ ਜਾਂਦੀਆਂ ?

**ਮੁੱਖ ਮੰਤਰੀ** : ਮੈਂ ਇਹੋ ਕੁਝ ਕਿਹਾ ਹੈ ਕਿ ਜਦੋਂ ਤੱਕ ਰੀਜ਼ਨਲ ਬੇਸ ਤੋਂ ਕੋਈ ਹੱਲ ਨਹੀਂ ਹੁੰਦਾ, ਉਦੋਂ ਤੱਕ ਇਹ ਰੀਜ਼ਨਲ ਬੇਸ ਤੇ ਬੰਦ ਨਹੀਂ ਹੁੰਦੀ। ਇਹ ਇੰਪੈਕਟ ਇਕੱਲੇ ਪੰਜਾਬ ਵਿਚ ਹੀ ਨਹੀਂ। ਇਹ ਪੰਜਾਬ ਦੀਆਂ ਹੱਦਾਂ ਵੀ ਕਰਾਸ ਕਰ ਜਾਂਦੀ ਹੈ। ਇਸ ਦੇ ਵਾਸਤੇ ਗੌਰਮਿੰਟ ਆਫ ਇੰਡੀਆ ਨੂੰ ਕੋਈ ਪਾਲਿਸੀ ਬਣਾਉਣੀ ਪਵੇਗੀ। ਇਸ ਦੇ ਵਿਚ ਸਾਨੂੰ ਕੋਈ ਆਬਜ਼ੈਕਸ਼ਨ ਨਹੀਂ ਹੈ। ਇਸ ਪੈਸਟੀਸਾਈਡਜ਼ ਨਾਲ ਜਿਹੜੀ ਡਿਸਟਰੱਕਸ਼ਨ ਹੋ ਰਹੀ ਹੈ, ਇਸ ਦੇ ਨਾਲ ਸਾਡੀ ਮੇਜਰ ਇਕਾਲੋਜੀ ਇੰਬੇਲੰਸ ਹੋ ਰਹੀ ਹੈ। ਹੋਰ ਤਾਂ ਹੋਰ ਸਾਡੀਆਂ ਗਿਰਝਾਂ ਵੀ ਪਤਾ ਨਹੀਂ ਕਿਧਰ ਉਡ ਗਈਆਂ ਹਨ। ਇਹ ਪੂਰੇ ਹਿੰਦੁਸਤਾਨ ਵਿਚੋਂ ਉਡ

Original with;
Punjab Vidhan Sabha
Digitized by;
Panjab Digital Library

ਗਈਆਂ ਹਨ। ਇਸ ਦੇ ਨਾਲ ਸਾਡਾ ਇਕਾਲੋਜੀ ਸਰਕਲ ਪ੍ਰਭਾਵਿਤ ਹੋ ਰਿਹਾ ਹੈ। ਜਾਨਵਰ ਮਰਦੇ ਹਨ, ਪੈਸਟੀਸਾਈਡਜ਼ ਖਾ ਲੈਂਦੇ ਹਨ, ਫਿਰ ਗਿਰਝਾਂ ਆ ਕੇ ਉਨ੍ਹਾਂ ਨੂੰ ਖਾਂਦੀਆਂ ਹਨ ਅਤੇ ਵਾਤਾਵਰਣ ਸਾਫ ਰੱਖਣ ਵਿਚ ਸਹਾਈ ਹੁੰਦੀਆਂ ਹਨ। ਪਰ ਹੁਣ ਤਾਂ ਇਹ ਪੂਰੇ ਦੇਸ਼ ਦੀ ਇਕ ਮੇਜਰ ਪ੍ਰਾਬਲਮ ਬਣ ਗਈ ਹੈ।

**Mr. Speaker** : Questions are over. Now we will take up the next item of the Agenda.

---

## UNSTARRED QUESTIONS AND ANSWERS

### ਪਿੰਡ ਜੇਜੋਂ, ਤਹਿਸੀਲ ਗੜ੍ਹਸ਼ੰਕਰ ਵਿਖੇ ਸਿਵਲ ਹਸਪਤਾਲ ਖੋਲ੍ਹਣਾ

65. **ਸ਼੍ਰੀ ਅਵਿਨਾਸ਼ ਰਾਏ ਖੰਨਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਸਰਕਾਰ ਨੇ ਪਿੰਡ ਜੇਜੋਂ, ਤਹਿਸੀਲ ਗੜ੍ਹਸ਼ੰਕਰ ਵਿਖੇ 25 ਬਿਸਤਰਿਆਂ (ਬੈਡਜ਼) ਵਾਲੇ ਸਿਵਲ ਹਸਪਤਾਲ ਲਈ ਇਮਾਰਤ ਬਣਵਾਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਤੇ ਕਿੰਨੀ ਰਕਮ ਖਰਚ ਕੀਤੀ ਗਈ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਹਸਪਤਾਲ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ; ਜੇਕਰ ਨਹੀਂ, ਤਾਂ ਸਰਕਾਰ ਉਕਤ ਥਾਂ ਤੇ ਹਸਪਤਾਲ ਕਦੋਂ ਤਕ ਖੋਲ੍ਹਣ ਦਾ ਵਿਚਾਰ ਰੱਖਦੀ ਹੈ ?

**ਸ਼੍ਰੀ ਰਮੇਸ਼ ਚੰਦਰ ਡੋਗਰਾ** : (ੳ) ਨਹੀਂ ਜੀ,

(ਅ) ਪਿੰਡ ਜੇਜੋਂ, ਤਹਿਸੀਲ ਗੜ੍ਹਸ਼ੰਕਰ ਵਿਖੇ 8 ਬਿਸਤਰਿਆਂ ਦਾ ਪੀ.ਐਚ.ਸੀ. ਪਹਿਲਾਂ ਹੀ ਕੰਮ ਕਰ ਰਿਹਾ ਹੈ। ਇਸ ਸਮੇਂ 25 ਬਿਸਤਰਿਆਂ ਦਾ ਹਸਪਤਾਲ ਖੋਲ੍ਹਣ ਦੀ ਕੋਈ ਤਜਵੀਜ਼ ਨਹੀਂ ਹੈ।

---

### ਪੀਣ ਵਾਲੇ ਪਾਣੀ ਦੀ ਸਪਲਾਈ ਲਈ ਅਗੇਤਾ ਭੁਗਤਾਨ

66. **ਸ਼੍ਰੀ ਅਵਿਨਾਸ਼ ਰਾਏ ਖੰਨਾ** : ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਤਹਿਸੀਲ ਗੜ੍ਹਸ਼ੰਕਰ ਦੇ ਪਿੰਡਾਂ ਦੇ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਅਗੇਤਾ ਭੁਗਤਾਨ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੀ ਦਰ ਕਿੰਨੀ ਹੈ;

(ਅ) ਕੀ ਖਪਤਕਾਰਾਂ ਦੁਆਰਾਂ ਅਗੇਤੀ ਦਿੱਤੀ ਗਈ ਰਕਮ ਉਨ੍ਹਾਂ ਨੂੰ ਵਾਪਸ ਕਰ ਦਿੱਤੀ ਜਾਂਦੀ ਹੈ ਜਾਂ ਇਹ ਰਕਮ ਉਸ ਸਮੇਂ ਜਿਸ ਦੌਰਾਨ ਕੁੱਝ ਕਾਰਣਾਂ ਕਰਕੇ ਉਨ੍ਹਾਂ ਨੂੰ ਪਾਣੀ ਦੀ ਸਪਲਾਈ ਨਹੀਂ ਕੀਤੀ ਜਾਂਦੀ, ਤੋਂ ਬਾਅਦ ਦੇ ਬਿਲਾਂ ਵਿਚ ਐਡਜਸਟ ਕਰ ਦਿੱਤੀ ਜਾਂਦੀ ਹੈ; ਅਤੇ

Original with;
Punjab Vidhan Sabha
Digitized by;
Panjab Digital Library

**[ਸ਼੍ਰੀ ਅਵਿਨਾਸ਼ ਰਾਏ ਖੰਨਾ]**

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਨਾਂਹ ਵਿਚ ਹੋਵੇ, ਤਾਂ ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਅਗੇਤੀ ਅਦਾ ਕੀਤੀ ਗਈ ਰਕਮ ਨੂੰ ਬਾਅਦ ਵਿਚ ਜਾਰੀ ਕੀਤੇ ਗਏ ਬਿਲਾਂ ਵਿਚ ਐਡਜਸਟ ਕਰਨ ਲਈ ਸਰਕਾਰ ਦੁਆਰਾ ਕੋਈ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਜਸਜੀਤ ਸਿੰਘ ਰੰਧਾਵਾ** : (ੳ) ਨਹੀਂ ਜੀ।

(ਅ) ਤੇ (ੲ) ਤਹਿਸੀਲ ਗੜ੍ਹਸ਼ੰਕਰ ਦੇ ਪਿੰਡਾਂ ਦੇ 3204 ਖਪਤਕਾਰਾਂ ਨੇ ਆਪਣੀ ਸੁਵਿਧਾ ਅਤੇ ਸਵੈ ਇੱਛਾ ਅਨੁਸਾਰ ਮਿਤੀ 1 ਜਨਵਰੀ, 2001 ਤੋਂ 31 ਦਸੰਬਰ, 2001 ਤੱਕ ਅਗੇਤੇ ਪੈਸੇ ਜਮ੍ਹਾਂ ਕਰਵਾਏ ਹਨ। ਟੂਟੋਮਾਜਰਾ ਅਤੇ ਬੱਡੋ ਦਿਹਾਣਾ ਦੇ 455 ਖਪਤਕਾਰਾਂ ਨੂੰ ਪਾਣੀ ਦਾ ਸਰੋਤ ਫੇਲ੍ਹ ਹੋਣ ਕਾਰਨ ਕ੍ਰਮਵਾਰ 12 ਮਹੀਨੇ ਅਤੇ 2 ਮਹੀਨੇ ਪਾਣੀ ਦੀ ਸਪਲਾਈ ਨਹੀਂ ਮਿਲੀ। ਇਨ੍ਹਾਂ ਦਾ ਅਗੇਤਾ ਭੁਗਤਾਨ ਇਨ੍ਹਾਂ ਨੂੰ ਪਾਣੀ ਦੀ ਸਪਲਾਈ ਮੁੜ ਚਾਲੂ ਹੋਣ ਤੋਂ ਬਾਅਦ ਅਗਲੇ ਸਮੇਂ ਵਿੱਚ ਐਡਜਸਟ ਕਰ ਲਿਆ ਗਿਆ। ਬਾਕੀ ਦੇ ਰਹਿੰਦੇ ਖਪਤਕਾਰਾਂ ਦੀ ਅਗੇਤਾ ਭੁਗਤਾਨ ਦੀ ਰਕਮ ਮਿਥੇ ਸਮੇਂ ਵਿਚ ਐਡਜਸਟ ਹੋ ਗਈ ਹੈ।

---

## MATTER RAISED DURING ZERO HOUR

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਅਸੀਂ ਚਾਰ ਮੈਂਬਰਾਂ ਨੇ ਇਕ ਮੋਸ਼ਨ ਦਿੱਤਾ ਸੀ ਕਿ ਪੰਜਾਬ ਦੇ ਵਿਚ...

**ਮਾਨਯੋਗ ਸਪੀਕਰ** : ਐਡਜਰਨਮੈਂਟ ਮੋਸ਼ਨ ਸੀ ਜਾਂ ਕੋਈ ਹੋਰ ਸੀ ?

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਨਹੀਂ ਜੀ, ਸਬਸਟੈਂਸ਼ੀਅਲ ਮੋਸ਼ਨ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਤਹੱਈਆ ਕੀਤਾ ਹੋਇਆ ਹੈ ਕਿ ਕੁਰੱਪਸ਼ਨ ਨੂੰ ਖਤਮ ਕੀਤਾ ਜਾਵੇਗਾ। ਅਸੀਂ ਵੀ ਇਸ ਦੇ ਨਾਲ਼ ਪੂਰੀ ਤਰ੍ਹਾਂ ਸਹਿਮਤ ਹਾਂ ਲੇਕਿਨ ਇਕ ਪਾਸੇ full marks are given with love to the son of Rana Sodhi ਪੀ.ਪੀ.ਐਸ.ਸੀ. ਦੀ ਪ੍ਰੀਖਿਆ ਵਿਚ 75 ਵਿਚੋਂ 75 ਨੰਬਰ ਦਿੱਤੇ ਗਏ ਹਨ। ਇਹ ਗੱਲ ਸਰਕਾਰੀ ਫਾਈਲਾਂ ਦੇ ਰਿਕਾਰਡ ਤੇ ਵੀ ਆ ਗਈ ਹੈ। ਪ੍ਰੰਤੂ ਸਰਕਾਰ ਇਸ ਬਾਰੇ ਬਿਲਕੁਲ ਚੁੱਪ ਹੈ। ਦੂਜਿਆਂ ਦੇ ਖਿਲਾਫ਼ ਤਾਂ ਪਰਚੇ ਦਰਜ ਕਰਾ ਦਿੱਤੇ ਅਤੇ ਉਨ੍ਹਾਂ ਨੂੰ ਨੌਕਰੀ ਤੋਂ ਹਟਾ ਕੇ ਘਰ ਬਿਠਾ ਦਿੱਤਾ....

**ਮਾਨਯੋਗ ਸਪੀਕਰ** : ਗਵਰਨਰ ਐਡਰੈਸ ਉਤੇ ਬਹਿਸ ਹੋਣੀ ਹੈ। ਤੁਸੀਂ ਉਦੋਂ ਬੋਲ ਲੈਣਾ। ਜੇਕਰ ਕੋਈ ਕੁਐਸਚਨ ਹੈ ਤਾਂ ਕਰ ਲਵੋ। As this matter is sub-judice no discussion. ਜੇਕਰ ਹੋਰ ਬੋਲੋਗੇ ਤਾਂ ਮੈਨੂੰ ਪ੍ਰੋਸੀਡਿੰਗ ਵਿਚੋਂ ਕਟਾਉਣਾ ਪਵੇਗਾ। ਕਿਰਪਾ ਕਰਕੇ ਬੈਠ ਜਾਓ। Next Call Attention. No discussion on this point, Bhunder Sahib, as the matter is sub-judice. ਹਾਂ ਜੀ, ਦੇਸ ਰਾਜ ਧੁੱਗਾ ਜੀ।

---

Original with;
Punjab Vidhan Sabha
Digitized by;

## CALL ATTENTION NOTICE UNDER RULE 66

(ਕ੍ਰਮ ਨੰ: 8)

1. **ਸ਼੍ਰੀ ਦੇਸ ਰਾਜ ਧੁੱਗਾ**
2. **ਚੌਧਰੀ ਬਲਬੀਰ ਸਿੰਘ ਮਿਆਣੀ** } : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ

ਲੋਕ ਮਹੱਤਤਾ ਦੇ ਇਕ ਅਹਿਮ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਕਿ ਮੇਰੇ ਹਲਕੇ ਵਿੱਚ ਸ਼ਹਿਰ ਗੜ੍ਹਦੀਵਾਲਾ ਵਿਖੇ ਹੱਡਾ ਰੋੜੀ ਬਿਲਕੁਲ ਅਬਾਦੀ ਦੇ ਨੇੜੇ ਹੋ ਗਈ ਹੈ। ਅਜਿਹਾ ਵੱਸੋਂ ਵਿੱਚ ਵਾਧੇ ਕਾਰਨ ਹੋਇਆ ਹੈ। ਪਰ ਹੁਣ ਸਥਿਤੀ ਬਹੁਤ ਭਿਆਨਕ ਰੂਪ ਧਾਰ ਗਈ ਹੈ। ਮਰੇ ਹੋਏ ਪਸ਼ੂਆਂ ਦੇ ਮਾਸ ਤੇ ਹੱਡੀਆਂ ਵਿੱਚੋਂ ਬਹੁਤ ਹੀ ਅਸਹਿ ਬਦਬੂ ਆਉਂਦੀ ਹੈ। ਕੁੱਤੇ ਉੱਥੇ ਬਹੁਤ ਗਿਣਤੀ ਵਿੱਚ ਜਮ੍ਹਾਂ ਹੋ ਜਾਂਦੇ ਹਨ ਤੇ ਆਉਂਦੇ ਜਾਂਦੇ ਰਾਹਗੀਰਾਂ ਖਾਸ ਕਰਕੇ ਬੱਚਿਆਂ ਨੂੰ ਪੈ ਜਾਂਦੇ ਹਨ। ਭਾਰੀ ਬਦਬੂ ਕਰਕੇ ਨੇੜੇ-ਨੇੜੇ ਦੇ ਵਸਨੀਕਾਂ ਦਾ ਉਥੇ ਰਹਿਣਾ ਅਸੰਭਵ ਹੋਈ ਜਾ ਰਿਹਾ ਹੈ। ਕਿਸੇ ਭਿਆਨਕ ਬਿਮਾਰੀ ਦੇ ਫੈਲਣ ਦਾ ਬਹੁਤ ਭਾਰੀ ਖਤਰਾ ਬਣਿਆ ਹੋਇਆ ਹੈ। ਸ਼ਹਿਰ ਦੇ ਲੋਕਾਂ ਵਿੱਚ ਡਰ ਤੇ ਹਾਹਾਕਾਰ ਮਚੀ ਹੋਈ ਹੈ। ਸਰਕਾਰ ਇਸ ਹੱਡਾ ਰੋੜੀ ਨੂੰ ਇੱਥੋਂ ਤੁਰੰਤ ਕਿਸੇ ਹੋਰ ਦੂਰ ਥਾਂ ਤੇ ਸ਼ਿਫ਼ਟ ਕਰਨ ਦੇ ਪ੍ਰਬੰਧ ਕਰੇ ਤਾਂ ਕਿ ਲੋਕਾਂ ਨੂੰ ਬਿਮਾਰੀ ਫੈਲਣ ਦੇ ਤੇ ਅਸ਼ੁੱਧ ਵਾਤਾਵਰਨ ਤੋਂ ਬਚਾਇਆ ਜਾ ਸਕੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ (ਚੌਧਰੀ ਜਗਜੀਤ ਸਿੰਘ)** : ਗੜ੍ਹਦੀਵਾਲਾ ਸ਼ਹਿਰ ਵਿਖੇ ਹੱਡਾ ਰੋੜੀ ਮੌਜੂਦਾ ਥਾਂ ਤੋਂ ਸ਼ਿਫਟ ਕਰਨ ਵਾਲਾ ਮਾਮਲਾ ਵਿਧਾਨ ਸਭਾ ਦੀ ਪਟੀਸ਼ਨ ਕਮੇਟੀ ਕੋਲ ਵਿਚਾਰ ਅਧੀਨ ਹੈ। ਪਟੀਸ਼ਨ ਕਮੇਟੀ ਵੱਲੋਂ ਡਿਪਟੀ ਕਮਿਸ਼ਨਰ, ਹੁਸਿਆਰਪੁਰ ਨੂੰ ਆਦੇਸ਼ ਦਿੱਤੇ ਸਨ ਕਿ ਹੱਡਾ ਰੋੜ੍ਹੀ ਲਈ ਢੁਕਵੀਂ ਅਤੇ ਯੋਗ ਜਗ੍ਹਾ ਐਕੁਆਇਰ ਕਰਨ ਲਈ ਕਾਰਵਾਈ ਕੀਤੀ ਜਾਵੇ ਅਤੇ ਇਸ ਸਬੰਧ ਵਿਚ ਡਿਪਟੀ ਕਮਿਸ਼ਨਰ ਵਲੋਂ ਪਟੀਸ਼ਨ ਕਮੇਟੀ ਨੂੰ ਰਿਪੋਰਟ ਭੇਜਦੇ ਹੋਏ ਦੱਸਿਆ ਕਿ ਸ਼ਹਿਰ ਤੋਂ ਬਾਹਰ ਹੱਡਾ-ਰੋੜੀ ਲਈ ਜਗ੍ਹਾ ਮੁਹੱਈਆ ਕਰਨ ਦੀ ਕਾਰਵਾਈ ਨਗਰ ਕੌਂਸਲ, ਗੜ੍ਹਦੀਵਾਲਾ ਵੱਲੋਂ ਕੀਤੀ ਜਾਣੀ ਹੈ ਅਤੇ ਜ਼ਮੀਨ ਐਕੁਆਇਰ ਕਰਕੇ ਹੀ ਹੱਡਾ-ਰੋੜੀ ਸ਼ਿਫਟ ਕੀਤੀ ਜਾ ਸਕਦੀ ਹੈ। ਪਟੀਸ਼ਨ ਕਮੇਟੀ ਵੱਲੋਂ ਇਹ ਮਾਮਲਾ ਕਾਰਵਾਈ ਲਈ ਸਥਾਨਕ ਸਰਕਾਰ ਵਿਭਾਗ ਨੂੰ ਭੇਜ ਦਿਤਾ ਗਿਆ। ਇਸ ਸਬੰਧ ਵਿਚ ਰਿਜ਼ਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਜਲੰਧਰ ਵੱਲੋਂ ਗੜ੍ਹਦੀਵਾਲਾ ਵਿਖੇ ਮੌਕੇ ਤੇ ਜਾ ਕੇ ਪੜਤਾਲ ਕੀਤੀ ਗਈ ਹੈ ਅਤੇ ਪੜਤਾਲ ਰਿਪੋਰਟ ਅਨੁਸਾਰ ਇਹ ਹੱਡਾ-ਰੋੜੀ ਪਿਛਲੇ 40 ਸਾਲ ਤੋਂ ਇਸੇ ਜਗ੍ਹਾ ਤੇ ਕਾਇਮ ਹੈ, ਅਬਾਦੀ ਵਧਣ ਕਰਕੇ ਅਬਾਦੀ ਹੱਡਾ-ਰੋੜੀ ਦੇ ਨੇੜੇ ਆ ਗਈ ਹੈ। ਨਗਰ ਕੌਂਸਲ, ਗੜ੍ਹਦੀਵਾਲਾ ਵਲੋਂ ਮਤਾ ਨੰ: 3 ਮਿਤੀ 28 ਫਰਵਰੀ, 2003 ਰਾਹੀਂ ਫੈਸਲਾ ਕੀਤਾ ਹੈ ਕਿ ਮੌਜੂਦਾ ਜਗ੍ਹਾ ਨੂੰ ਹੀ ਹੱਡਾ-ਰੋੜੀ ਲਈ ਮੇਨਟੇਨ ਕੀਤਾ ਜਾਵੇ ਕਿਉਂ ਜੋ ਇਸ ਮੰਤਵ ਲਈ ਕੋਈ ਵਿਅਕਤੀ ਜਗ੍ਹਾ ਦੇਣ ਲਈ ਤਿਆਰ ਨਹੀਂ ਹੈ। ਨਗਰ ਕੌਂਸਲਾਂ ਦੀਆਂ ਚੋਣਾਂ ਮਿਤੀ 9 ਮਾਰਚ, 2003 ਨੂੰ ਹੋ ਚੁੱਕੀਆਂ ਹਨ ਅਤੇ ਲਗਭਗ ਇਕ ਹਫਤਾ ਨਵੀਂ ਕਮੇਟੀ ਬਣਨ ਲਈ ਲਗ ਜਾਏਗਾ। ਨਵੀਂ ਕਮੇਟੀ ਬਣਨ ਉਪ੍ਰੰਤ ਉਸ ਦੀ ਹੋਣ ਵਾਲੀ ਮੀਟਿੰਗ ਵਿਚ ਹੱਡਾ-ਰੋੜੀ ਨੂੰ ਕਿਸੇ ਢੁਕਵੀਂ ਜਗ੍ਹਾ ਤੇ ਸ਼ਿਫਟ ਕਰਨ ਲਈ ਪਹਿਲ ਦੇ ਆਧਾਰ ਤੇ ਵਿਚਾਰ ਕਰਨ ਲਈ ਹਦਾਇਤ ਕੀਤੀ ਜਾਵੇਗੀ।

Original with;
Punjab Vidhan Sabha
Digitized by;

**ਮਾਨਯੋਗ ਸਪੀਕਰ** : ਐਮ.ਐਲ.ਏ. ਸਾਹਿਬ ਜਿਸ ਨੇ ਕਾਲ ਅਟੈਂਸ਼ਨ ਦਿੱਤੀ ਹੈ, ਉਸ ਵੱਲੋਂ ਹੀ ਸਪਲੀਮੈਂਟਰੀ ਕੀਤੀ ਜਾ ਸਕਦੀ ਹੈ। ਹਾਂ ਜੀ, ਮਿਆਣੀ ਸਾਹਿਬ, ਤੁਸੀਂ ਦੱਸੋ।

**ਸਰਦਾਰ ਬਲਬੀਰ ਸਿੰਘ ਮਿਆਣੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਕੋਈ ਸਮਾਂਬੱਧ ਕਰਨ ਕਿ ਕਿੰਨੇ ਚਿਰ ਵਿੱਚ ਇਹ ਹੱਡਾ-ਰੋੜੀ ਸਿਫਟ ਕੀਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਜਦੋਂ ਨਵੀਂ ਕਮੇਟੀ ਬਣ ਜਾਵੇਗੀ ਅਤੇ ਉਸਦੀ ਮੀਟਿੰਗ ਹੋਵੇਗੀ, ਉਸ ਵਿੱਚ ਇਹ ਮਾਮਲਾ ਵਿਚਾਰਿਆ ਜਾਵੇਗਾ। ਫਿਰ ਜ਼ਮੀਨ ਐਕੁਆਇਰ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਹੀ ਹੱਡਾ-ਰੋੜੀ ਨੂੰ ਸ਼ਿਫਟ ਕੀਤਾ ਜਾ ਸਕਦਾ ਹੈ।

---

## PAPERS LAID ON THE TABLE OF THE HOUSE

**Minister for Local Government, Parliamentary Affairs and Labour and Employment (Chaudhary Jagjit Singh)** : Sir, I beg to lay on the Table the statement showing the reasons for not implementing the recommendations of the Committee of the House to enquire into the recruitment of teachers made by the previous Government (1992—1997).

---

## PRESENTATION OF THE REPORT OF THE COMMITTEE

**Chairman, Committee on Public Accounts (Sardar Balwinder Singh Bhunder)** : Sir, I beg to present the 140th Report of the Committee on Public Accounts on the Appropriation Accounts of the Government of Punjab for the year 1991-92 and reports of the Comptroller and Auditor General of India for the year 1991-92 (Civil) relating to Housing and Urban Development Department and the Appropriation Accounts of the Government of Punjab for the years 1996-97 and 1997-98 and the Reports of the Comptroller and Auditor General of India for the years 1996-97 and 1997-98 (Civil) relating to the Health and Family Welfare Department.

**Mr. Speaker** : This is an appreciable work.

---

## RESUMPTION OF DISCUSSION ON GOVERNOR'S ADDRESS

**Mr. Speaker** : Now, discussion on the Motion of Thanks on the Governor's Address moved by Shri Sunil Kumar Jakhar and seconded by Rana Kanwar Pal Singh—

"That an Address be presented to the Governor in the following terms :—

'That the Members of this House assembled in this Session are deeply grateful to the Governor for the Address which he has been pleased to deliver to the House on the 14th March, 2003".

Original with;
Punjab Vidhan Sabha
Digitized by;
Panjab Digital Library

Sardar Harbant Singh was on his legs. Please, carry on. One Minister must be present in the House.

**ਸਰਦਾਰ ਹਰਬੰਤ ਸਿੰਘ ਦਾਤੇਵਾਸ (ਬੁਢਲਾਡਾ)** : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਅੱਗੇ ਬੋਲਣ ਲਈ ਸਮਾਂ ਦਿੱਤਾ ਹੈ। ਅੱਜ ਜਿੱਥੇ ਤੁਸੀਂ ਮੈਨੂੰ ਭਾਸ਼ਣ ਤੇ ਬੋਲਣ ਲਈ ਸਮਾਂ ਦਿਤਾ ਹੈ, ਉਥੇ ਮੈਨੂੰ ਬੜੇ ਅਫਸੋਸ ਨਾਲ ਇਹ ਗੱਲ ਕਹਿਣੀ ਪੈਂਦੀ ਹੈ ਕਿ ਸੱਤਾਧਾਰੀ ਪਾਰਟੀ ਵੱਲੋਂ ਜੋ ਕੁਝ ਪੰਜਾਬ ਦੇ ਅੰਦਰ ਖਾਸ ਕਰਕੇ ਜੋ ਸੱਤਾਧਾਰੀ ਪਾਰਟੀ ਦੇ ਐਮ.ਐਲ.ਏ. ਸਾਹਿਬ ਨੇ ਮਤਾ ਰੱਖਿਆ ਹੈ, ਜਿੱਥੇ ਇਨ੍ਹਾਂ ਨੇ ਪਾਣੀ ਦੀ ਗੱਲ ਕਹੀ ਹੈ, ਉਥੇ ਕਪੂਰੀ ਦੇ ਮੋਰਚੇ ਦੀ ਗੱਲ ਵੀ ਆਈ ਸੀ। ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਹਮੇਸ਼ਾਂ ਜਦੋ-ਜਹਿਦ ਦੀ ਲੜਾਈ ਲੜੀ ਹੈ। ਅੱਜ ਜੇ ਇਸ ਪੁਰਾਣੇ ਇਤਿਹਾਸ ਨੂੰ ਵੇਖੀਏ ਤਾਂ ਸਾਡੇ ਖਾਸ ਕਰਕੇ ਹਲਕਾ ਮਾਨਸਾ ਜਿਹੜਾ ਕਿ ਪਛੜਿਆ ਹੋਇਆ ਹੈ, ਉਥੇ ਪੀਣ ਵਾਲਾ ਪਾਣੀ ਥੱਲੇ ਜਾ ਰਿਹਾ ਹੈ।

**Mr. Speaker** : One Minister should be here.

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਸਪੀਕਰ ਸਾਹਿਬ, ਇਸ ਲਈ ਜਿਥੇ ਨਹਿਰੀ ਪਾਣੀ ਘਟ ਰਿਹਾ ਹੈ, ਉਥੇ ਪੀਣ ਵਾਲੇ ਪਾਣੀ ਲਈ ਵੀ ਵਿਤਕਰਾ ਕੀਤਾ ਜਾ ਰਿਹਾ ਹੈ। 100 ਸਾਲ ਪਹਿਲਾਂ ਅੰਗਰੇਜ਼ੀ ਸਰਕਾਰ ਨੇ ਨਹਿਰਾਂ ਕੱਢੀਆਂ ਸਨ। ਇਸ ਤੋਂ ਇਲਾਵਾ ਅੱਜ ਤੱਕ ਕਿਸੇ ਵੀ ਸਰਕਾਰ ਨੇ ਇੱਕ ਵੀ ਤੋਲਾ ਪਾਣੀ ਨਹੀਂ ਲਿਆਂਦਾ। ਜਿੱਥੇ ਨਹਿਰਾਂ ਦੇ ਪਾਣੀ ਦੀ ਗੱਲ ਹੈ, ਉਥੇ ਪੀਣ ਵਾਲਾ ਪਾਣੀ ਵੀ ਗੰਭੀਰ ਚਿੰਤਾ ਦਾ ਵਿਸ਼ਾ ਹੈ।

**Sardar Bir Devinder Singh** : Sir, Point of Order. Your ruling is that atleast one Minister should be present here but no one is present here.

**Mr. Speaker** : Yes, ਕੈਬਨਿਟ ਮੀਟਿੰਗ ਚੱਲ ਰਹੀ ਹੈ। ਕੋਈ ਨਾ ਕੋਈ ਮਨਿਸਟਰ ਆ ਜਾਵੇਗਾ।

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਸਪੀਕਰ ਸਾਹਿਬ, ਸਰਕਾਰ ਦੇ ਮੌਜੂਦਾ ਐਮ.ਐਲ.ਏ. ਸਾਹਿਬਾਨ, ਸੱਤਾਧਾਰੀ ਪਾਰਟੀ ਦੇ ਐਮ.ਐਲ.ਏ. ਸਾਹਿਬਾਨ ਸਰਕਾਰ ਦੇ ਪ੍ਰਤੀ ਜੋ ਕੁਝ ਕਹਿ ਰਹੇ ਹਨ, ਮੈਂ ਇੱਕ ਦਿਨ ਬੋਲਦੇ ਹੋਏ ਕਿਹਾ ਸੀ ਕਿ ਮਤਾ ਪੇਸ਼ ਕਰਨ ਵਾਲੇ ਮੈਂਬਰ ਸਾਹਿਬਾਨ ਬਹੁਤ ਕੁਝ ਕਹਿਣਾ ਚਾਹੁੰਦੇ ਸਨ ਪਰ ਸਰਕਾਰ ਦੇ ਪ੍ਰਤੀ ਜਦੋਂ ਕੁਝ ਲਫਜ਼ ਮਾੜੇ ਬੋਲਣ ਦੀ ਗੱਲ ਆਉਂਦੀ ਹੈ ਤਾਂ ਸਾਰੇ ਭਰਾ ਚੁੱਪ ਕਰਵਾ ਦਿੱਤੇ ਜਾਂਦੇ ਹਨ। ਇਹੀ ਹਾਲਤ ਅੱਜ ਵੀ ਦੇਖੀ ਜਾ ਸਕਦੀ ਹੈ। ਸਪੀਕਰ ਸਾਹਿਬ, ਖਾਸ ਕਰਕੇ ਪੰਜਾਬੀ ਬੋਲੀ ਦੀ ਗੱਲ ਹੈ। ਪੰਜਾਬ ਵਿੱਚ ਅਕਾਲੀਆਂ ਨੇ ਮੋਰਚੇ ਲਗਾ ਕੇ ਪੰਜਾਬੀ ਸੂਬੇ ਨੂੰ ਹੋਂਦ ਵਿੱਚ ਲਿਆਂਦਾ। ਇਸੇ ਪੰਜਾਬੀ ਨੂੰ ਸਾਡੇ ਅੱਜ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਦੇ ਪਿਤਾ ਮਹਾਰਾਜਾ ਯਾਦਵਿੰਦਰ ਸਿੰਘ ਜੀ ਨੇ ਦੇਸ਼ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਤੋਂ ਪੰਜਾਬੀ ਯੂਨੀਵਰਸਿਟੀ ਦਾ ਨੀਂਹ ਪੱਥਰ ਰਖਵਾਇਆ ਸੀ ਪਰ, ਸਪੀਕਰ ਸਾਹਿਬ, ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਹੜੇ ਬਾਪ ਦਾ ਪੁੱਤ ਆਪਣੇ ਬਾਪ ਦੀਆਂ ** ** ਤੇ ਲੱਗ ਜਾਏ, ਉਥੇ ਫਿਕਰਮੰਦ ਹੋਣ ਦੀ ਲੋੜ ਪੈਂਦੀ ਹੈ।

**ਮਾਨਯੋਗ ਸਪੀਕਰ** : ** ** ਐਕਸਪੰਜ ਕਰ ਦਿੱਤਾ ਜਾਵੇ।

---

**Expunged as ordered by the Chair.

Original with;
Punjab Vidhan Sabha
Digitized by;
Panjab ...

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਸਪੀਕਰ ਸਾਹਿਬ, ਜਿੱਥੇ ਪੰਜਾਬੀ ਦੀ ਗੱਲ ਹੈ, ਉਥੇ ਪੰਜਾਬੀ ਯੂਨੀਵਰਸਿਟੀ ਦੀ ਹਾਲਤ ਤੋਂ ਵੀ ਸਾਰੇ ਵਾਕਫ ਹਨ। ਸਾਡੇ ਚੰਡੀਗੜ੍ਹ ਵਿੱਚ ਵੀ ਇੱਕ ਆਰਟ ਕੌਂਸਲ ਰਾਹੀਂ ਲਲਿਤ ਕਲਾ ਅਕੈਡਮੀ ਹੈ ਜਿਸ ਦੇ ਪ੍ਰਧਾਨ ਤੇ ਸੈਕਟਰੀ ਪੰਜਾਬ ਦੇ ਮੁੱਖ ਮੰਤਰੀ ਹੋਣੇ ਚਾਹੀਦੇ ਹਨ ਪਰ ਇਸ ਵੇਲੇ ਜਿਨ੍ਹਾਂ ਦੀ ਨਾਮਜ਼ਦਗੀ ਕੀਤੀ ਗਈ ਹੈ। ਉਹ ਦਿੱਲੀ ਦੇ ਰਹਿਣ ਵਾਲੇ ਤੇ ਹਰਿਆਣੇ ਦੇ ਰਹਿਣ ਵਾਲੇ ਹਨ। ਸਪੀਕਰ ਸਾਹਿਬ, ਪਿੱਛੇ ਜਿਹੇ ਪੰਚਕੂਲਾ ਕਾਂਡ ਹੋਇਆ। ਇਸ ਪੰਚਕੂਲਾ ਕਾਂਡ ਨਾਲ ਸਬੰਧ ਰੱਖਣ ਵਾਲੇ ਆਈ.ਏ.ਐਸ. ਅਧਿਕਾਰੀ ਦੀ ਪਤਨੀ ਇਸ ਲਲਿਤ ਕਲਾ ਅਕਾਦਮੀ ਦੀ ਪ੍ਰਧਾਨ ਬਣਾਈ ਗਈ ਹੈ। ਉਸ ਨੂੰ ਨਾ ਪੰਜਾਬੀ ਬੋਲਣੀ ਆਉਂਦੀ ਹੈ ਅਤੇ ਨਾ ਹੀ ਪੰਜਾਬੀ ਲਿਖਣੀ ਆਉਂਦੀ ਹੈ। ਉਸ ਦਾ ਪੰਜਾਬੀ ਨਾਲ ਦੂਰ ਦਾ ਵੀ ਸਬੰਧ ਨਹੀਂ ਅਤੇ ਨਾ ਹੀ ਉਸ ਨੇ ਪੰਜਾਬ ਵਿੱਚ ਕਦੇ ਪੈਰ ਪਾਏ ਹਨ। ਇਸੇ ਤਰੀਕੇ ਨਾਲ ਹਰਿਆਣੇ ਦਾ ਅਧਿਕਾਰੀ ਸਾਡੀ ਇਸ ਲਲਿਤ ਕਲਾ ਅਕਾਦਮੀ ਦਾ ਜਨਰਲ ਸਕੱਤਰ ਲਗਾਇਆ ਗਿਆ ਹੈ। ਉਸ ਭਰਾ ਨੂੰ ਵੀ ਨਾ ਪੰਜਾਬੀ ਬੋਲਣੀ ਆਉਂਦੀ ਹੈ ਅਤੇ ਨਾ ਹੀ ਲਿਖਣੀ ਆਉਂਦੀ ਹੈ। ਉਸ ਭਰਾ ਦਾ ਵੀ ਪੰਜਾਬ ਨਾਲ ਕੋਈ ਸਬੰਧ ਨਹੀਂ। ਇਸ ਲਈ ਜਿਹੜੇ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਪੰਜਾਬੀ ਨਾਲ ਇਸ ਤਰ੍ਹਾਂ ਕਰ ਸਕਦੇ ਹਨ ਅਤੇ ਪੰਜਾਬੀ ਬਾਰੇ ਭੁੱਲ ਸਕਦੇ ਹਨ ਤਾਂ ਤੁਸੀਂ ਜਿਹੜੇ ਭਰਾ ਸਰਕਾਰ ਦੀ ਕੁਰਸੀ ਤੇ ਬੈਠਣ ਦਾ ਸੁਪਨਾ ਲੈ ਰਹੇ ਹੋ, ਸ਼ਾਇਦ ਸਮਾਂ ਆਉਣ ਤੇ ਉਹ ਇਸ ਬਾਰੇ ਵੀ ਭੁੱਲ ਜਾਣ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਅੱਜ ਜੋ ਹਾਲਾਤ ਪੰਜਾਬ ਦੇ ਬਣੇ ਹੋਏ ਹਨ, ਪੰਜਾਬ ਨਾਲ ਜੋ ਵਿਤਕਰਾ ਹੋ ਰਿਹਾ ਹੈ, ਪੰਜਾਬ ਦੀ ਮੌਜੂਦਾ ਵਿਧਾਨ ਸਭਾ ਦੇ ਸਦਨ ਵਿੱਚ ਹੋ ਰਿਹਾ ਹੈ, ਇਸ ਬਾਰੇ ਸਾਨੂੰ ਗੰਭੀਰਤਾ ਨਾਲ ਵਿਚਾਰ ਕਰਕੇ ਸੋਚਣਾ ਪੈਣਾ ਹੈ। ਇਸ ਸਦਨ ਵਿੱਚ ਬੈਠ ਕੇ ਵੀ ਉਹ ਝੂਠ ਬੋਲ ਸਕਦੇ ਹਨ। ਅਸੀਂ ਸੰਵਿਧਾਨ ਦੀ ਸਹੁੰ ਚੁੱਕਦੇ ਹਾਂ ਅਤੇ ਜ਼ੁੰਮੇਵਾਰੀ ਨਾਲ ਸਵਾਲਾਂ ਦੇ ਜਵਾਬ ਦਿੰਦੇ ਹਾਂ ਪਰ ਅੱਜ, ਸਪੀਕਰ ਸਾਹਿਬ, ਮੈਨੂੰ ਬੜੀ ਹੈਰਾਨਗੀ ਨਾਲ ਗੱਲ ਕਹਿਣੀ ਪੈਂਦੀ ਹੈ ਕਿ ਠੀਕ ਹੈ ਸਰਕਾਰ ਹੁੰਦਿਆਂ, ਆਪੋਜ਼ੀਸ਼ਨ ਆਪਣਾ ਰੋਲ ਅਦਾ ਕਰਦੀ ਹੈ ਪਰ ਜੋ ਕੁਝ ਵਿਧਾਨ ਸਭਾ ਵਿੱਚ ਹੋ ਰਿਹਾ ਹੈ, ਉਸ ਤੇ ਸਾਨੂੰ ਬਹੁਤ ਅਫ਼ਸੋਸ ਕਰਨਾ ਪੈ ਰਿਹਾ ਹੈ। ਇਥੇ ਅੱਜ ਦੇ ਹਾਲਾਤ ਦੇ ਮੁਤਾਬਿਕ ਪਾਣੀ ਦਾ ਮਸਲਾ ਜਿਥੇ ਪਹਿਲਾਂ ਲਿਆਂਦਾ ਸੀ, ਉਥੇ ਪੀਣ ਦਾ ਪਾਣੀ, ਨਹਿਰੀ ਪਾਣੀ, ਡਰੇਨਾਂ ਦੇ ਪਾਣੀ ਬਾਰੇ ਮੈਂ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ ਪਿਛਲੇ ਸਮੇਂ ਵਿੱਚ ਜਦੋਂ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਆਈਆਂ, ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਖਾਸ ਕਰਕੇ ਸਾਡੇ ਜ਼ਿਲ੍ਹੇ ਮਾਨਸਾ, ਜ਼ਿਲ੍ਹਾ ਮੁਕਤਸਰ, ਜ਼ਿਲ੍ਹਾ ਬਠਿੰਡਾ ਵਿੱਚ ਪਾਣੀ ਦੇ ਮਸਲੇ ਨੂੰ ਹੱਲ ਕਰਨ ਦਾ ਤੁਹੱਈਆ ਕੀਤਾ ਸੀ। ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਜਿਹੜੀਆਂ ਸਾਡੀਆਂ 30-35 ਸਾਲਾਂ ਦੀਆਂ ਜ਼ਮੀਨਾਂ ਖੜ੍ਹੀਆਂ ਸਨ, ਇੱਕ ਸਾਲ ਦੇ ਵਿੱਚ ਸਾਰੀ ਸੇਮ ਦਾ ਪਾਣੀ ਕੱਢ ਕੇ ਅੱਜ ਸਾਨੂੰ ਰੋਟੀ ਖਾਣ ਜੋਗਾ ਕੀਤਾ ਹੈ। ਉਸ ਸਮੇਂ ਦੀ ਸਰਕਾਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਵੱਲੋਂ ਜੋ ਉਪਰਾਲੇ ਕੀਤੇ ਗਏ, ਇਤਿਹਾਸ ਗਵਾਹ ਹੈ ਕਿ ਜਿਥੇ ਸੇਮ ਕੱਢੀ ਗਈ, ਉਥੇ ਪੀਣ ਵਾਲਾ ਪਾਣੀ ਵੀ ਦਿੱਤਾ ਗਿਆ। ਅੱਜ ਸਾਡੇ ਮਾਨਸਾ ਜ਼ਿਲ੍ਹੇ ਵਿੱਚ ਤਕਰੀਬਨ 74 ਵਾਟਰ ਵਰਕਸ ਚੱਲ ਰਹੇ ਹਨ। ਨਵੇਂ ਵਾਟਰ ਵਰਕਸ ਦੀ ਉਸਾਰੀ ਚੱਲ ਰਹੀ ਹੈ। ਇਥੇ ਪੀਣ ਵਾਲੇ ਪਾਣੀ ਲਈ ਮੈਂ ਸਵਾਲ ਕੀਤਾ ਸੀ ਕਿ ਸਾਡੇ ਪਾਣੀ ਦੇ ਕੁਨੈਕਸ਼ਨ ਪੁੱਟ ਕੇ ਸਾਥੋਂ ਪੈਸੇ ਵਸੂਲੇ ਜਾ ਰਹੇ ਹਨ। ਇਥੇ ਮੰਤਰੀ ਜੀ ਨੇ, ਬੜੇ ਅਫ਼ਸੋਸ ਨਾਲ ਗੱਲ ਕਹਿਣੀ ਪੈਂਦੀ ਹੈ ਕਿ ਨਾਂਹ ਵਿੱਚ ਜਵਾਬ ਦਿੱਤਾ ਹੈ। ਸਪੀਕਰ ਸਾਹਿਬ, ਸਾਥੋਂ 100 ਰੁਪਿਆ ਇੱਕ ਕੁਨੈਕਸ਼ਨ ਦੇ ਹਿਸਾਬ ਨਾਲ ਪੈਸੇ ਵਸੂਲੇ ਜਾ ਰਹੇ ਹਨ ਪਰ

Original with;
Punjab Vidhan Sabha
Digitized by;

ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਪੀਣ ਵਾਲੇ ਪਾਣੀ ਦੇ ਕੁਨੈਕਸ਼ਨ ਖਾਸ ਕਰਕੇ ਸ਼ਡਿਊਲਡ ਕਾਸਟ ਬਸਤੀਆਂ ਵਿਚੋਂ, ਸੱਥਾਂ ਵਿੱਚੋਂ ਸਾਰੇ ਕੁਨੈਕਸ਼ਨ ਪੁੱਟ ਦਿੱਤੇ ਗਏ। ਅੱਜ ਲੋਕਾਂ ਨੂੰ ਪੀਣ ਵਾਲਾ ਪਾਣੀ ਬੰਦ ਕਰ ਦਿੱਤਾ ਗਿਆ। ਫਿਰ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਜਦੋਂ ਪੰਜਾਬ ਦੀਆਂ ਮਾਈਆਂ ਆਪਣੇ ਸਿਰਾਂ ਤੇ ਘੜੇ ਰੱਖ ਕੇ ਚੰਡੀਗੜ੍ਹ ਦੇ ਮਟਕਾ ਚੌਂਕ ਵਿੱਚ ਜਦੋਂ ਉਨ੍ਹਾਂ ਘੜਿਆਂ ਨੂੰ ਭੰਨਣ ਵਾਸਤੇ ਮਜਬੂਰ ਹੋਣਗੀਆਂ। ਸਮਾਂ ਦੱਸੇਗਾ ਕਿ ਪੰਜਾਬ ਦੇ ਹਾਲਾਤ ਕੀ ਬਣ ਰਹੇ ਹਨ। ਸੋ, ਇਸ ਲਈ, ਸਪੀਕਰ ਸਾਹਿਬ, ਜਿਥੇ ਤੁਸੀਂ ਅੱਜ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ, ਮੈਂ ਜਿਥੇ ਤੁਹਾਡਾ ਧੰਨਵਾਦ ਕਰਦਾ ਹੈ, ਉਥੇ ਮੈਂ ਆਪਣੇ ਵੱਲੋਂ ਇਸ ਮਤੇ ਦੇ ਲਈ, ਖਾਸ ਕਰਕੇ ਮਤੇ ਵਿੱਚ ਲਿਖੇ ਗਏ ਸ਼ਬਦ, ਸਾਡੇ ਪੰਜਾਬੀਆਂ ਨਾਲ ਜੋ ਵਿਤਕਰੇ ਦੀ ਬੂ ਇਸ ਮਤੇ ਵਿੱਚੋਂ ਆ ਰਹੀ ਹੈ, ਉਸ ਮਤੇ ਨੂੰ ਜਿਥੇ ਮੈਂ ਰੱਦ ਕਰਦਾ ਹਾਂ, ਉਥੇ ਇਸ ਮਤੇ ਦੇ ਨਾਲ ਮੈਂ ਆਪਣੀ ਅਸਹਿਮਤੀ ਪ੍ਰਗਟ ਕਰਦਾ ਹੋਇਆ, ਇਸ ਮਤੇ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਤੇ ਆਪਣੇ ਵੱਲੋਂ ਰੱਦ ਕਰਦਾ ਹਾਂ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

**ਮਾਨਯੋਗ ਸਪੀਕਰ** : ਰਾਣਾ ਗੁਰਜੀਤ ਸਿੰਘ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਕੀ ਇਸ ਤੋਂ ਬਾਅਦ ਸਾਡੀ ਵਾਰੀ ਹੈ ?

**ਮਾਨਯੋਗ ਸਪੀਕਰ** : ਹਾਂ ਜੀ, ਇਸ ਤੋਂ ਬਾਅਦ ਤੁਹਾਡੀ ਵਾਰੀ ਆ ਜਾਂਦੀ ਹੈ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ)** : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਗਵਰਨਰ ਐਡਰੈਸ ਦੇ ਪੱਖ ਵਿੱਚ ਬੋਲਣ ਦਾ ਤੁਸੀਂ ਮੈਨੂੰ ਸਮਾਂ ਦਿੱਤਾ ਹੈ। ਜਦੋਂ ਅੱਜ ਤੋਂ ਕਰੀਬ ਇੱਕ ਸਾਲ ਪਹਿਲਾਂ ਕਾਂਗਰਸ ਦੀ ਸਰਕਾਰ ਆਈ, ਕੈਪਟਨ ਅਮਰਿੰਦਰ ਸਿੰਘ ਸਾਡੇ ਮੁੱਖ ਮੰਤਰੀ ਨੇ ਜਦੋਂ ਵਾਗਡੋਰ ਸੰਭਾਲੀ......

**ਮਾਨਯੋਗ ਸਪੀਕਰ** : ਤੁਸੀਂ 15 ਮਿੰਟਾਂ ਦਾ ਸਮਾਂ ਲਵੋਗੇ ਜਾਂ ਕਿੰਨਾ ?

**ਰਾਣਾ ਗੁਰਜੀਤ ਸਿੰਘ** : 15—20 ਮਿੰਟ ਲਵਾਂਗਾ ਜੀ।

**ਮਾਨਯੋਗ ਸਪੀਕਰ** : ਠੀਕ ਹੈ।

**ਰਾਣਾ ਗੁਰਜੀਤ ਸਿੰਘ** : ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੀ ਵਾਗਡੋਰ ਸੰਭਾਲੀ ਤਾਂ ਖਜ਼ਾਨਾ ਖਾਲੀ ਸੀ। ਨਾਲ ਦੀ ਨਾਲ ਇੱਕ ਸਾਲ ਪਹਿਲਾਂ ਜਿਹੜੀ ਪਿਛਲੀ ਸਰਕਾਰ ਦੇ ਮੇਰੇ ਵੀਰ ਹਨ, ਉਨ੍ਹਾਂ ਮੇਰੇ ਵੀਰਾਂ ਨੂੰ ਬੜੀ ਚਿੰਤਾ ਸੀ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਕੈਮ ਤੇ ਸਕੈਮ ਆਏ। ਚਾਹੇ ਪੀ.ਪੀ.ਐਸ.ਸੀ. ਦਾ ਸਕੈਮ ਹੋਵੇ, ਚਾਹੇ ਪੀ.ਐਸ.ਐਸ.ਐਸ.ਬੀ. ਵਿੱਚੋਂ ਹੋਵੇ, ਚਾਹੇ ਜੋ ਮੇਰੇ ਵੀਰ ਮੰਤਰੀ ਅੰਦਰ ਹਨ, ਉਨ੍ਹਾਂ ਦੀ ਗੱਲ ਕਰ ਲਈਏ, ਚਾਹੇ ਕਿਡਨੀ ਸਕੈਮ ਦੀ ਗੱਲ ਕਰ ਲਈਏ, ਸਾਡੇ ਤੋਂ ਪਹਿਲਾਂ ਜਿਹੜੀ ਸਰਕਾਰ ਸੀ, ਉਸ ਦੌਰਾਨ ਇਨਸਾਨ ਦੇ ਪੁਰਜ਼ੇ ਤਾਈਂ ਵੱਢੇ ਗਏ, ਐਕਸਪੋਰਟ ਕੀਤੇ ਗਏ। ਤੁਸੀਂ ਸੁਣਿਆ ਹੋਵੇਗਾ ਕਿ ਐਗਰੀਕਲਚਰਲ ਗੁਡਜ਼ ਐਕਸਪੋਰਟ ਹੁੰਦੇ ਹਨ, ਇੰਡਸਟਰੀਅਲ ਗੁਡਜ਼ ਐਕਸਪੋਰਟ ਹੁੰਦੇ ਹਨ ਲੇਕਿਨ ਇਥੇ ਇਨਸਾਨੀ ਪੁਰਜ਼ੇ ਕਿਡਨੀਆਂ ਐਕਸਪੋਰਟ ਹੋਈਆਂ ਹਨ। ਬਾਹਰੋਂ ਲੋਕ ਇਥੇ ਆਏ ਔਰ ਪੁਰਜ਼ੇ ਬਦਲਵਾ ਕੇ ਵਾਪਸ ਚਲੇ ਗਏ। ਇਹ ਕੁਝ ਇਥੇ ਹੋਇਆ। ਇਸ ਕਰਕੇ, ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਤਲੁਜ ਯਮੁਨਾ ਲਿੰਕ ਨਹਿਰ ਦਾ ਮੁੱਦਾ ਉਠਿਆ, ਉਸ ਤੇ ਮੈਂ

Original with;
Punjab Vidhan Sabha
Panjab Digital Library

[ਰਾਣਾ ਗੁਰਜੀਤ ਸਿੰਘ]

ਜਿਆਦਾ ਨਹੀਂ ਬੋਲਦਾ ਲੇਕਿਨ ਐਸ.ਵਾਈ.ਐਲ. ਨਹਿਰ ਵਿੱਚ ਵਾਪਸ ਪਾਣੀ ਪਾਉਣਾ ਅਤੇ ਹਰਿਆਣੇ ਨੂੰ ਦੇਣਾ ਤਾਂ ਬਾਅਦ ਦੀ ਗੱਲ ਹੈ,.ਸਾਡੇ ਤਾਂ ਇਥੇ ਪਾਣੀ ਘਟ ਰਿਹਾ ਹੈ। ਹਰਿਆਣਾ ਨੂੰ ਪਾਣੀ ਦੇਣ ਦੀ ਗੱਲ ਹੈ ਪਰ ਸਾਡੇ ਆਪਣੇ ਸੂਬੇ ਦੇ ਵਿਚ ਵਾਟਰ ਦਾ ਲੈਵਲ 23 ਸੈਂਟੀਮੀਟਰ ਪ੍ਰਤੀ ਵਰਸ਼ ਡਾਊਨ ਜਾ ਰਿਹਾ ਹੈ। ਇਸ ਲਈ ਸਾਨੂੰ ਵੀ ਹਾਰਵੈਸਟਿੰਗ ਕਰਨ ਦੀ ਲੋੜ ਹੈ। ਪੰਜਾਬ ਦੇ ਵਿਚ ਜਿੰਨਾ ਵੀ ਖਰਚਾ ਹੋਵੇ, ਉਸ ਲਈ ਕੇਂਦਰ ਸਰਕਾਰ ਵੱਲੋਂ ਸਾਨੂੰ ਏਡ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਪੰਜਾਬ ਦੇ ਕਿਸਾਨ ਨੇ ਕਿਵੇਂ ਪਾਣੀ ਤੇ ਆਪਣੇ ਖੂਨ ਪਸੀਨੇ ਨਾਲ ਹਿੰਦੁਸਤਾਨ ਦਾ ਅਨਾਜ ਭੰਡਾਰ ਭਰਿਆ ਹੈ, ਹਿੰਦੁਸਤਾਨ ਨੂੰ ਰੋਟੀ ਦਿੱਤੀ ਹੈ। ਖਾਸ ਤੌਰ ਤੇ ਜੋ ਪੈਡੀ ਦੇ ਥੱਲੇ ਰਕਬਾ ਹੈ, ਉਸ ਕਾਰਨ ਪਾਣੀ ਦਾ ਲੈਵਲ ਘਟਦਾ ਜਾ ਰਿਹਾ ਹੈ ਤੇ ਇਹ ਨੀਵਾਂ ਹੁੰਦਾ ਜਾ ਰਿਹਾ ਹੈ। ਅੱਜ ਸਾਰਾ ਸੀਨਾਰੀਓ ਬਦਲ ਰਿਹਾ ਹੈ। ਦੇਸ਼ ਦੇ ਵਿੱਚ ਹੋਰ ਸੂਬਿਆਂ ਦੇ ਵਿਚ ਵੀ ਕਣਕ ਤੇ ਝੋਨੇ ਦਾ ਉਤਪਾਦਨ ਵਧ ਰਿਹਾ ਹੈ। ਸਾਲ 1986 ਦੇ ਵਿੱਚ ਜਦੋਂ ਕੈਪਟਨ ਅਮਰਿੰਦਰ ਸਿੰਘ, ਬਾਦਲ ਸਾਹਿਬ ਦੀ ਸਰਕਾਰ ਦੇ ਵਿੱਚ ਐਗਰੀਕਲਚਰਲ ਮਨਿਸਟਰ ਸਨ ਤਾਂ ਉਦੋਂ ਤੋਂ ਹੀ ਡਾਈਵਰਸੀਫਿਕੇਸ਼ਨ ਆਫ਼ ਕਰਾਪਸ ਦੀ ਗੱਲ ਇਨ੍ਹਾਂ ਦੇ ਮਨ ਵਿੱਚ ਸੀ। ਅੱਜ ਸਾਲ 2002 ਦੇ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਪਹਿਲੇ ਕਦਮ ਤੇ ਹੀ ਕਿਸਾਨੀ ਔਰ ਕਿਸਾਨ ਨੂੰ ਬਚਾਉਣ ਦੀ ਗੱਲ ਕੀਤੀ ਹੈ। ਡਾਇਵਰਸੀਫਿਕੇਸ਼ਨ ਇਨ੍ਹਾਂ ਦੀ ਸੋਚ ਹੈ ਜਿਸ ਦੇ ਰਾਹੀਂ ਇਹ ਪੰਜਾਬ ਨੂੰ ਅਤੇ ਪੰਜਾਬ ਦੇ ਕਿਸਾਨ ਨੂੰ ਬਚਾਉਣਾ ਚਾਹੁੰਦੇ ਹਨ। ਜੇਕਰ ਅੱਜ ਆਪਾਂ ਪੰਜਾਬ ਦੇ ਵਿਚ ਡਾਇਵਰਸੀਫਿਕੇਸ਼ਨ ਦੀ ਗੱਲ ਕਰੀਏ ਤਾਂ ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ ਦੇ ਤਹਿਤ ਸਾਡੇ ਮੁੱਖ ਮੰਤਰੀ ਨੇ ਨੀਤੀ ਬਣਾਈ ਹੈ ਜਿਸ ਦੇ ਤਹਿਤ ਡਾਈਵਰਸੀਫਿਕੇਸ਼ਨ ਹੋ ਰਹੀ ਹੈ। ਇਸ ਡਾਇਵਰਸੀਫਿਕੇਸ਼ਨ ਦੀ, ਇਸ ਵਿਜ਼ਨ ਦੀ ਗੱਲ ਕਰੀਏ ਤਾਂ ਮੁੱਖ ਮੰਤਰੀ ਸਾਹਿਬ ਨੇ ਪੰਜਾਬ ਦੇ ਕਿਸਾਨ ਨੂੰ ਬਚਾਉਣ ਵਾਸਤੇ ਸਾਡੇ ਬਾਕੀ ਮੁਲਕ ਤੋਂ ਪਹਿਲਾਂ ਪ੍ਰੋਗਰਾਮ ਤਿਆਰ ਕੀਤੇ ਹਨ। ਇਸ ਦੇ ਲਈ ਮੈਂ ਆਪਣੇ ਮੁੱਖ ਮੰਤਰੀ ਜੀ ਨੂੰ ਵਧਾਈ ਦੇਣੀ ਚਾਹੁੰਦਾ ਹਾਂ। ਕਾਂਟਰੈਕਟ ਫਾਰਮਿੰਗ ਦੇ ਤਹਿਤ 2003 ਦੇ ਵਿੱਚ 4 ਲੱਖ ਏਕੜ ਰਕਬਾ ਲਿਆਂਦਾ ਜਾਵੇਗਾ। ਸਾਲ 2007 ਦੇ ਵਿੱਚ ਇਸ ਸਕੀਮ ਦੇ ਤਹਿਤ 25 ਲੱਖ ਏਕੜ ਜ਼ਮੀਨ ਨੂੰ ਕਲਟੀਵੇਟ ਕੀਤਾ ਜਾਵੇਗਾ। ਇਸ ਗੱਲ ਦਾ ਵੀ ਸਾਰਿਆਂ ਨੂੰ ਫਾਇਦਾ ਹੋਵੇਗਾ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਕਾਂਟਰੈਕਟ ਫਾਰਮਿੰਗ ਸਬੰਧੀ ਮਲਟੀਨੈਸ਼ਨਲ, ਵੱਡੀਆਂ-ਵੱਡੀਆਂ ਕੰਪਨੀਆਂ ਵੀ ਕੈਪਟਨ ਅਮਰਿੰਦਰ ਸਿੰਘ ਦੀ ਸੋਚ ਦੇ ਨਾਲ ਹਨ। ਇਸ ਡਾਇਵਰਸੀਫਿਕੇਸ਼ਨ ਦੀ ਨੀਤੀ ਦੇ ਨਾਲ ਸਹਿਮਤੀ ਵੱਡੀਆਂ ਵੱਡੀਆਂ ਕੰਪਨੀਆਂ ਜਿਨ੍ਹਾਂ ਦੇ ਵਿਚ ਟਾਟਾ, ਗੋਦਰੇਜ਼ ਤੇ ਰੈਲੀਜ਼ ਵਰਗੀਆਂ ਕੰਪਨੀਆਂ ਨੇ ਆਪਣੀ ਸਹਿਮਤੀ ਪ੍ਰਗਟ ਕੀਤੀ ਹੈ। ਜਿਥੋਂ ਤੱਕ ਸਵਾਲ ਹੈ ਟੈਕਨੀਕਲ ਨੋ-ਹਾਓ ਦਾ, ਸੀਡਜ਼ ਦਾ, ਪੈਸਟੀਸਾਈਡਜ਼ ਦਾ ਐਗਰੀਕਲਚਰਲ ਪ੍ਰੈਕਟਿਸਜ਼ ਦਾ ਜਾਂ ਪੋਸਟ ਹਾਰਸਵੈਸਟਿੰਗ ਪ੍ਰੈਕਟਿਸ ਦਾ, ਇਹ ਸਭ ਸਪੋਰਟ ਦੇਣ ਨੂੰ ਉਹ ਤਿਆਰ ਹੋਏ ਹਨ। ਇਥੋਂ ਤੱਕ ਹੀ ਨਹੀਂ, ਅੱਜ ਲੋੜ ਹੈ ? ਅੱਜ ਚਾਹੇ ਆਪਾਂ ਮੱਕੀ ਦੀ ਗੱਲ ਕਰੀਏ, ਤਿਲਹਨ, ਦਲਹਨ ਦੀ ਗੱਲ ਕਰੀਏ, ਕੈਸਟਰ ਸੀਡਸ, ਵੈਜੀਟੇਬਲ ਫਰੂਟਸ ਤੱਕ ਹੀ ਸੀਮਤ ਨਹੀਂ ਸਗੋਂ ਐਰੋਮੈਟਿਕ ਪਲਾਂਟਸ ਕੰਡੀ ਏਰੀਏ ਦੇ ਵਿੱਚ, ਗੁਰਦਾਸਪੁਰ ਇਲਾਕੇ ਦੇ ਵਿੱਚ ਜਿਥੇ ਕਿ ਇਹ ਚੰਗੇ ਢੰਗ ਨਾਲ ਬੀਜਿਆ ਜਾ ਸਕਦਾ ਹੈ, 2010 ਦੇ ਵਿੱਚ ਇਸ ਦਾ ਮੁੱਲ 4.5 ਟ੍ਰਿਲੀਅਨ ਡਾਲਰ ਯੂ.ਐਸ.ਏ. ਦਾ ਹੋਵੇਗਾ। ਜੋ ਡਾਇਵਰਸੀਫਿਕੇਸ਼ਨ ਦੀ ਗੱਲ ਕਰ ਰਹੇ ਹਾਂ, ਇਸ ਦੇ ਨਾਲ ਕਿਸਾਨਾਂ ਦਾ ਬਹੁਤ ਫਾਇਦਾ ਹੋਵੇਗਾ। ਇਹ ਸਾਡੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਦੀ ਸੋਚ ਹੈ। ਪਿਛਲੀ ਸਰਕਾਰ ਨੇ ਤਾਂ ਕਿਸਾਨਾਂ ਨੂੰ ਕਣਕ ਤੇ ਝੋਨੇ

Original with;
Punjab Vidhan Sabha
Digitized by;
Panjab Digital Library

ਤੋਂ ਬਾਹਰ ਹੀ ਨਹੀਂ ਨਿਕਲਣ ਦਿੱਤਾ। ਮੈਂ ਖਾਸ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਨੂੰ ਕੀ ਕਰਨਾ ਚਾਹੀਦਾ ਹੈ। ਪੰਜਾਬ ਨੂੰ ਪ੍ਰੋਡਕਟੀਵਿਟੀ ਦੇ ਵਿੱਚ ਬਰਾਂਡ ਇਮੇਜ ਬਣਾਉਣ ਦੀ ਲੋੜ ਹੈ। ਉਹ ਚਾਹੇ ਬਾਸਮਤੀ ਦੀ ਗੱਲ ਹੈ। ਸਾਰੀ ਦੁਨੀਆਂ ਦੇ ਵਿੱਚ ਪੰਜਾਬ ਦੀ ਬਾਸਮਤੀ ਦੀ ਗੱਲ ਹੋਵੇ, ਲਾਲ ਕੋਹੇਨੂਰ ਦੀ ਗੱਲ ਨਾ ਹੋਵੇ ਬਲਕਿ ਇਸ ਬਾਰੇ ਪੰਜਾਬ ਦਾ ਬਾਹਰ ਪੂਰਾ ਨਾਮ ਹੋਣਾ ਚਾਹੀਦਾ ਹੈ। ਸਪੀਕਰ ਸਾਹਿਬ, ਮੈਂ ਇੱਕ ਹੋਰ ਗੱਲ ਤੁਹਾਡੇ ਰਾਹੀਂ ਕਹਿਣੀ ਚਾਹੁੰਦਾ ਹਾਂ ਕਿ ਇਥੋਂ ਤੱਕ ਹੀ ਨਹੀਂ ਕਿ ਬੀਜ ਦਿੱਤਾ ਤੇ ਕੰਮ ਖਤਮ ਹੋ ਗਿਆ। ਡਾਇਵਰਸੀਫਿਕੇਸ਼ਨ ਪ੍ਰੋਗਰਾਮ ਦੇ ਤਹਿਤ ਜੋ ਜੋ ਫਸਲਾਂ ਬੀਜੀਆਂ ਜਾਣਗੀਆਂ, ਉਹ ਮਾਰਕੀਟੇਬਲ ਤੇ ਪ੍ਰੋਸੈਸਏਬਲ ਹੋਣਗੀਆਂ। ਮੈਂ ਇੱਕ ਹੋਰ ਖੁਸ਼ੀ ਦੀ ਗੱਲ ਦੱਸਣੀ ਚਾਹੁੰਦਾ ਹਾਂ ਕਿ ਅਗਲੇ ਦੋ ਤਿੰਨ ਸਾਲਾਂ ਦੇ ਵਿੱਚ 1000 ਕਰੋੜ ਰੁਪਏ ਦੇ ਐਗਰੋ ਪ੍ਰਾਸੈਸਿੰਗ ਯੂਨਿਟ ਪੰਜਾਬ ਵਿਚ ਲੱਗਣ ਜਾ ਰਹੇ ਹਨ..... ਸਾਡੇ ਸੀ.ਐਮ. ਸਾਹਿਬ ਦੀ ਆਪਣੀ ਸੋਚ ਹੈ। ਇੱਕ ਖੁਸ਼ੀ ਦੀ ਗੱਲ ਹੋਰ ਹੈ ਕਿ ਸਾਰੇ ਹਿੰਦੁਸਤਾਨ ਦੇ ਵਿਚ ਇਸ ਤਰ੍ਹਾਂ ਨਹੀਂ ਹੋਇਆ ਜਿਵੇਂ ਸਾਡੇ ਪੰਜਾਬ ਵਿਚ ਹੋਇਆ ਹੈ। ਸਾਡੇ ਬਜਟ ਦੇ ਵਿਚ 40 ਕਰੋੜ ਰੁਪਏ ਦੀ ਇਨ੍ਹਾਂ ਨੇ ਡਾਈਵਰਸੀਫਿਕੇਸ਼ਨ ਲਈ ਪ੍ਰੋਵੀਜ਼ਨ ਕੀਤੀ ਹੈ (ਥੰਪਿੰਗ) ਸਾਰਾ ਹਿੰਦੁਸਤਾਨ ਇੱਕ ਬੰਨੇ, ਤੇ ਸਾਡੇ ਸੀ.ਐਮ. ਸਾਹਿਬ ਦੀ ਸੋਚ ਇੱਕ ਬੰਨੇ ਹੈ। (ਵਿਘਨ) (ਸ਼ੋਰ)

**ਇੱਕ ਆਵਾਜ਼** : ਹਾਲੇ ਬਜਟ ਤਾਂ ਨਹੀਂ ਆਇਆ।

**ਰਾਣਾ ਗੁਰਜੀਤ ਸਿੰਘ** : ਅੰਦਾਜ਼ਾ ਹੀ ਹੈ। ਪੂਰੀ ਫਿਗਰ ਨਹੀਂ ਹੈ। ਅੱਜ ਮੇਰਾ ਖਿਆਲ ਹੈ ਕਿ ਮੈਂ ਆਪਣੇ ਵੱਲੋਂ ਕਹਾਂਗਾ ਕਿ ਇਸ ਡਾਇਵਰਸੀਫਿਕੇਸ਼ਨ ਨੂੰ ਕਾਮਯਾਬ ਕਰਨ ਲਈ ਸਾਨੂੰ ਘੱਟੋ ਘੱਟ ਸੌ ਕਰੋੜ ਰੁਪਏ ਦੀ ਪ੍ਰੋਵੀਜ਼ਨ ਰੱਖਣੀ ਚਾਹੀਦੀ ਹੈ ਤਾਂਕਿ ਕਿਸਾਨ ਨੂੰ ਫਾਇਦਾ ਹੋਵੇ, ਉਸ ਦੀ ਪ੍ਰਕਿਓਰਮੈਂਟ ਸਹੀ ਹੋਵੇ, ਉਸ ਨੂੰ ਕੋਈ ਪਰੇਸ਼ਾਨੀ ਨਾ ਹੋਵੇ। ਇਸ ਡਾਈਵਰਸੀਫਿਕੇਸ਼ਨ ਦੇ ਨਾਲ ਪੰਜਾਬ ਦੇ ਕਿਸਾਨ ਦਾ ਬੜਾ ਫਾਇਦਾ ਹੋਵੇਗਾ। ਅੱਜ ਇਥੇ ਮੇਰੇ ਵੀਰਾਂ ਨੇ, ਕਈਆਂ ਨੇ ਬੋਲਦੇ ਹੋਏ ਹਮਾਇਤ ਕੀਤੀ ਹੈ ਕਿ ਅਖਬਾਰਾਂ ਦੇ ਵਿਚ ਇਹ ਲਿਖਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ 130/- ਰੁਪਏ ਗੰਨੇ ਦਾ ਰੇਟ ਮੰਗਿਆ ਗਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਇਨ੍ਹਾਂ ਨੂੰ ਇੱਕ-ਇੱਕ ਮਿੱਲ ਸਰਕਾਰ ਵੱਲੋਂ ਦੇ ਦੇਣੀ ਚਾਹੀਦੀ ਹੈ ਕਿ ਚਲਾਓ ਅਤੇ ਲੋਕਾਂ ਦੇ ਪੈਸੇ ਦਿਵਾਓ। ਮੇਰੀ ਸਾਰੇ ਸਦਨ ਨੂੰ ਸਿਫਾਰਸ਼ ਹੈ ਕਿ ਜਿਹੜੇ 130/- ਰੁਪਏ ਗੰਨੇ ਦਾ ਭਾਅ ਮੰਗਦੇ ਹਨ, ਉਨ੍ਹਾਂ ਨੂੰ ਇੱਕ-ਇੱਕ ਮਿੱਲ ਜ਼ਰੂਰ ਦਿਓ ਅਤੇ ਜ਼ਿਮੀਂਦਾਰਾਂ ਦਾ ਪੈਸਾ ਇਹ ਟਾਈਮ ਸਿਰ ਅਦਾ ਕਰਨ। ਅੱਜ 70/- ਰੁਪਏ ਕੋਆਪਰੇਟਿਵ ਅਤੇ 80/- ਰੁਪਏ ਪ੍ਰਾਈਵੇਟ ਭਾਅ ਹੈ, ਮੈਂ ਕਹਿੰਦਾ ਹਾਂ ਕਿ ਸੌ ਰੁਪਏ ਤੋਂ ਘੱਟ ਭਾਅ ਗੰਨੇ ਦਾ ਨਹੀਂ ਦੇਣਾ ਚਾਹੀਦਾ। ਕਿਉਂਕਿ ਮਿੱਲਾਂ ਘਾਟੇ ਵਿਚ ਹਨ। ਇੱਕ ਡਿਸਟਿਲਰੀ ਲਗਾ ਕੇ ਉਸ ਦੇ ਵਿਚੋਂ ਬਾਇਓ ਪੈਟਰੋਲ ਅਤੇ ਬਾਇਓ ਡੀਜ਼ਲ ਜਨਰੇਟ ਕੀਤਾ ਜਾ ਸਕਦਾ ਹੈ। ਫਿਰ ਇਹ ਪੈਟਰੋਲ ਅਤੇ ਡੀਜ਼ਲ ਦੇ ਵਿਚ ਮਿਲਾ ਕੇ ਯੂਜ਼ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਵੀ ਕਿਸਾਨਾਂ ਨੂੰ ਫਾਇਦਾ ਹੋਵੇਗਾ। ਬਾਇਓ ਪੈਟਰੋਲ ਵੀ ਇਸਤੇਮਾਲ ਕੀਤਾ ਜਾਵੇ। ਕਾਟਨ ਦੀ ਗੱਲ ਕਰੀਏ। ਇਸ ਦੇ ਲਈ ਕਿਸਾਨਾਂ ਨੂੰ ਵਧੀਆ ਬੀਜ ਨਹੀਂ ਮਿਲਦਾ। ਪਿਛਲੇ ਇੱਕ ਸਾਲ ਤੋਂ ਜਦੋਂ ਤੋਂ ਸਾਡੀ ਸਰਕਾਰ ਆਈ ਹੈ, ਬੀ.ਟੀ. ਕਾਟਨ ਨੂੰ ਅਸੀਂ ਪ੍ਰਚਲਿਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਇਸ ਦੇ ਲਈ ਹਾਈਬ੍ਰਿਡ ਬੀਜ ਅਸੀਂ ਚਲਾਏ ਹਨ। ਇਸ ਕਰਕੇ ਕਿਸਾਨ ਨੂੰ ਬਹੁਤ ਫਾਇਦਾ ਹੋਵੇਗਾ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਜਦੋਂ ਤੋਂ ਆਈ ਹੈ, ਦਵਾਈਆਂ ਵੀ ਅਸਲੀ ਮਿਲਣ ਲੱਗ ਪਈਆਂ ਹਨ। ਮਾਲਵੇ ਦੇ ਵਿਚ ਲੋਕ ਕਹਿੰਦੇ ਹਨ ਕਿ ਹੁਣ ਸਪਰੇਅ ਘੱਟ ਕਰਾਉਣੀ ਪੈ ਰਹੀ ਹੈ ਕਿਉਂਕਿ ਇਹ ਅਸਲੀ ਹੈ। ਇਸ ਗੱਲ ਦੀ ਵਧਾਈ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੀ ਸਰਕਾਰ ਨੂੰ ਜਾਂਦੀ ਹੈ ਕਿ ਕਿਸਾਨਾਂ ਨੂੰ ਹੁਣ ਸਹੀ ਦਵਾਈਆਂ ਸਹੀ ਰੇਟ ਤੇ ਮਿਲਣ ਲੱਗ

Original with;
Punjab Vidhan Sabha
Digitized by;

[ਰਾਣਾ ਗੁਰਜੀਤ ਸਿੰਘ]

ਪਈਆਂ ਹਨ। ਕਾਟਨ ਦਾ ਸਹੀ ਭਾਅ ਮਿਲਣਾ ਚਾਹੀਦਾ ਹੈ। ਕਾਟਨ ਦੀ ਵਧੀਆ ਸਪਿੰਨਿੰਗ ਹੋਵੇ, ਵਧੀਆ ਮਾਰਕੀਟਿੰਗ ਦੀ ਲੋੜ ਹੈ ਤਾਂ ਕਿ ਅਨਇੰਪਲਾਇਮੈਂਟ ਦੂਰ ਹੋਵੇ। ਲੋਕਾਂ ਨੂੰ ਹੋਰ ਇੰਪਲਾਇਮੈਂਟ ਮਿਲੇ। ਇਸ ਦੇ ਲਈ ਜ਼ਰੂਰੀ ਹੈ ਕਿ ਪੰਜਾਬ ਦੇ ਗਾਰਮੈਂਟਸ ਐਕਸਪੋਰਟ ਹੋਣ। ਪੋਲਟਰੀ ਦੇ ਵਿਚ ਪੰਜਾਬ 20 ਸਾਲ ਪਹਿਲਾਂ ਨੰਬਰ ਇੱਕ ਤੇ ਸੀ। ਅੱਜ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼ ਇਸ ਦੇ ਨਾਲੋਂ ਅੱਗੇ ਜਾ ਰਹੇ ਹਨ ਕਿਉਂਕਿ ਅਸੀਂ ਨਵੀਂ ਟੈਕਨਾਲੋਜੀ ਨਹੀਂ ਅਪਣਾਈ। ਇਸ ਦੇ ਲਈ ਅੱਜ ਇੰਟੈਗਰੇਟਿਡ ਪ੍ਰੋਸੈਸਿੰਗ, ਬਰੀਡਿੰਗ, ਰੀਅਰਿੰਗ ਅਤੇ ਸਹੀ ਮਾਰਕੀਟਿੰਗ ਦੀ ਲੋੜ ਹੈ ਤਾਂ ਕਿ ਕਿਸਾਨ ਜੋ ਪੋਲਟਰੀ ਵਾਲੇ ਹਨ, ਉਨ੍ਹਾਂ ਨੂੰ ਰਾਹਤ ਮਿਲ ਸਕੇ। ਨਵੀਂ ਟੈਕਨਾਲੋਜੀ ਅਵੇਲੇਬਲ ਕਰਾਉਣ ਦੀ ਵੀ ਲੋੜ ਹੈ।

ਮੇਰੇ ਵੀਰਾਂ ਨੂੰ ਪੀ.ਐਸ.ਈ.ਬੀ. ਦੇ ਇੰਪਲਾਈਜ਼ ਅਤੇ ਇੰਜੀਨੀਅਰਜ਼ ਦੀ ਬੜੀ ਚਿੰਤਾ ਸੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਜਿਥੇ ਪੀ.ਐਸ.ਈ.ਬੀ. ਦੇ ਇੰਪਲਾਈਜ਼ ਦੀ ਸਾਨੂੰ ਚਿੰਤਾ ਹੈ, ਉਥੇ ਸਾਨੂੰ ਪੰਜਾਬ ਦੇ ਵਿਚ ਵਸਦੇ ਡੋਮੈਸਟਿਕ ਕੰਜ਼ਿਊਮਰ ਅਤੇ ਇੰਡਸਟਰੀਅਲ ਕੰਜ਼ਿਊਮਰਜ਼ ਭਾਵ ਹਰ ਇੱਕ ਦੀ ਚਿੰਤਾ ਹੈ। ਅਸੀਂ ਚਾਹੁੰਦੇ ਹਾਂ ਕਿ ਹਲਦੀਆ ਕਮੇਟੀ ਦੀ ਰਿਪੋਰਟ ਦੇ ਰਾਹੀਂ ਹਰ ਇੱਕ ਨੂੰ ਲੈਵਲ ਪਲੇਇੰਗ ਮਿਲੇ। ਸਭ ਨੂੰ ਬਰਾਬਰ ਦੀ ਔਪਰਚੂਨਿਟੀ ਮਿਲੇ। ਇੱਕ ਚਿੰਤਾ ਇਹ ਵੀ ਸੀ ਕਿ ਪਿਛਲੇ ਇੱਕ ਸਾਲ ਤੋਂ ਇੱਕ ਮੈਗਾਵਾਟ ਦੀ ਵੀ ਬੜ੍ਹੋਤਰੀ ਨਹੀਂ ਹੋਈ। ਇਸ ਦੀ ਬੜ੍ਹੋਤਰੀ ਦੇ ਲਈ ਕਈ ਸਾਲ ਲੱਗ ਜਾਂਦੇ ਹਨ। ਅਕਾਲੀ ਦਲ ਦੇ ਵੇਲੇ ਮੁਕੰਮਲ ਹੋਏ ਪ੍ਰੋਜੈਕਟ ਸਾਡੇ ਵੇਲੇ ਦੇ ਚਾਲੂ ਕੀਤੇ ਹੋ ਸਕਦੇ ਹਨ। ਇਹ ਠੀਕ ਹੈ ਕਿ ਕਈ ਪ੍ਰਾਜੈਕਟ ਅਕਾਲੀ ਸਰਕਾਰ ਦੇ ਵੇਲੇ ਦੇ ਵੀ ਚਲੇ ਆ ਰਹੇ ਹਨ ਜਿਹੜੇ ਹਾਲੇ ਵੀ ਚੱਲ ਰਹੇ ਹਨ। ਹਲਦੀਆ ਕਮੇਟੀ ਦੀ ਰਿਪੋਰਟ ਆਈ ਹੈ। ਉਸ ਤੇ ਸਰਕਾਰ ਵਿਚਾਰ ਕਰ ਰਹੀ ਹੈ। ਇਸ ਦੇ ਨਾਲ ਪ੍ਰਾਈਵੇਟ ਇਨਵੈਸਟਰ ਵੀ ਆਉਣਗੇ। ਕੈਪਟਨ ਸਾਹਿਬ ਜਿਸ ਪ੍ਰਾਜੈਕਟ ਨੂੰ ਹੱਥ ਵਿੱਚ ਲੈਂਦੇ ਹਨ, ਉਹ ਹਾਫ ਹਰਟਲੀ ਕੰਮ ਨਹੀਂ ਕਰਦੇ ਬਲਕਿ ਨਿਸ਼ਚਿਤ ਅਪਰੋਚ ਨਾਲ ਕੰਮ ਕਰਦੇ ਹਨ ਅਤੇ ਕਾਮਯਾਬ ਵੀ ਹੁੰਦੇ ਹਨ। ਇਸ ਲਈ ਸਰਕਾਰ ਇਨਵੈਸਟਮੈਂਟ ਕਰਵਾਉਣ ਲਈ ਯਤਨ ਕਰ ਰਹੀ ਹੈ। ਕੁਆਲਟੀ ਆਫ ਪਾਵਰ ਇੰਪਰੂਵ ਕਰਨ ਦੀ ਲੋੜ ਹੈ। ਇੰਡਸਟਰੀ ਨੂੰ ਪਾਵਰ ਦੇਣੀ ਚਾਹੀਦੀ ਹੈ। ਕਿਸਾਨ, ਇੰਡਸਟਰੀਲਿਸਟ ਤੇ ਡੋਮੈਸਟਿਕ ਯੂਜ਼ਰ ਨੂੰ ਸਸਤੀ ਬਿਜਲੀ ਦੇਣੀ ਚਾਹੀਦੀ ਹੈ। ਮੇਰੇ ਜ਼ਿਲ੍ਹੇ ਦੇ ਦੋ ਮੈਂਬਰ ਸਾਹਿਬਾਨ ਸੱਜੇ ਪਾਸੇ ਬੈਠੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਕੈਪਟਨ ਸਾਹਿਬ ਨੇ ਸੁਲਤਾਨਪੁਰ ਲੋਧੀ ਵਿੱਚ ਜਿੱਥੇ ਬਾਬਾ ਨਾਨਕ ਜੀ ਗਏ ਸੀ, ਉਥੇ 70 ਤੋਂ ਵਧਾ ਕੇ 100 ਕਿਊਸਿਕ ਪਾਣੀ ਹੋਰ ਦਿਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸੁਆਮੀ ਰਾਮ ਤੀਰਥ ਅੰਮ੍ਰਿਤਸਰ ਵਿਖੇ ਇੱਕ ਕਰੋੜ ਰੁਪਿਆ ਸਰਕਾਰ ਵੱਲੋਂ ਦਿੱਤਾ ਗਿਆ ਹੈ। ਕਪੂਰਥਲੇ ਵਿੱਚ ਸਾਇੰਸ ਸਿਟੀ ਵਿਖੇ ਪ੍ਰੈਜ਼ੀਡੈਂਟ ਆਫ ਇੰਡੀਆ ਆ ਰਹੇ ਹਨ। ਇਹ ਜਗ੍ਹਾ ਪਹਿਲਾਂ ਇੰਟਰਨੈਸ਼ਨਲ ਸਟੈਂਡਰਡ ਦੇ ਏਅਰ ਪੋਰਟ ਦੀ ਸੀ ਪਰ ਹਾਲਾਤ ਦੇ ਮੁਤਾਬਕ ਉਥੇ ਸਾਇੰਸ ਸਿਟੀ ਬਣਾ ਦਿੱਤੀ ਗਈ। ਮੈਂ ਸਾਰੇ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਸਾਇੰਸ ਸਿਟੀ ਨਾਲ ਇਲਾਕੇ ਦੇ ਆਲੇ ਦੁਆਲੇ ਪਿੰਡਾਂ ਦੇ ਲੋਕਾਂ ਨੂੰ ਫਾਇਦਾ ਹੋਵੇਗਾ ਅਤੇ ਅੰਮ੍ਰਿਤਸਰ, ਜਲੰਧਰ ਦੇ ਲੋਕਾਂ ਨੂੰ ਵੀ ਫਾਇਦਾ ਹੋਵੇਗਾ। ਇਹ ਪ੍ਰੀਡਿਕਸ਼ਨ ਕੀਤੀ ਜਾ ਰਹੀ ਹੈ ਕਿ ਉਥੇ ਸਾਇੰਸ ਸਿਟੀ ਨੂੰ ਦੇਖਣ ਲਈ ਵੀਹ ਹਜ਼ਾਰ ਲੋਕ ਡੇਲੀ ਆਉਣਗੇ। ਉਥੇ ਇਨਵਾਇਰਮੈਂਟ ਇਸ ਤਰ੍ਹਾਂ ਦਾ ਮੈਚ ਕੀਤਾ ਜਾ ਰਿਹਾ ਹੈ ਕਿ ਲੋਕ ਉਥੇ ਸਾਇੰਸ ਸਿਟੀ ਦੇਖਣ ਲਈ ਆਉਣਗੇ ਤੇ ਮਾਡਲ ਜ਼ਿਲ੍ਹੇ ਦੀ ਗੱਲ ਕਰਨਗੇ। ਇੱਥੇ ਕਿਹਾ ਗਿਆ ਹੈ ਕਿ ਸਾਡੀ ਸਰਕਾਰ ਨੇ ਪਹਿਲੇ ਇੱਕ ਸਾਲ ਵਿੱਚ ਟੂਰਿਜ਼ਮ ਦੀ ਪਾਲਿਸੀ ਨਹੀਂ ਬਣਾਈ। ਮੈਂ ਦੱਸਣਾ ਚਾਹੁੰਦਾ ਹਾਂ

Original with;
Punjab Vidhan Sabha
Digitized by;
Panjab Digital Library

ਕਿ ਸਾਡੀ ਸਰਕਾਰ ਨੇ ਪਹਿਲੇ ਸਾਲ ਹੀ ਇੰਡਸਟਰੀਅਲ ਪਾਲਿਸੀ ਨੂੰ ਲਾਗੂ ਕੀਤਾ ਹੈ ਜਦ ਕਿ ਪਿਛਲੀ ਸਰਕਾਰ ਨੇ ਪਿਛਲੇ ਪੰਜ ਸਾਲਾਂ ਵਿੱਚ ਕੋਈ ਇੰਡਸਟਰੀਅਲ ਪਾਲਿਸੀ ਵੱਲ ਗੌਰ ਨਹੀਂ ਕੀਤਾ। ਜਿਸ ਤਰ੍ਹਾਂ ਹਰ ਰੋਜ਼ ਸਨੀਰਿਓ ਬਦਲ ਰਿਹਾ ਹੈ, ਪਿਛਲੇ ਪੰਜ ਸਾਲਾਂ ਵਿੱਚ ਇੰਡਸਟਰੀਅਲ ਪਾਲਿਸੀ ਬਣਾਉਣ ਵਿੱਚ ਪਿਛਲੀ ਸਰਕਾਰ ਕੁਝ ਨਹੀਂ ਕਰ ਸਕੀ। ਅਸੀਂ ਹੁਣ ਟੂਰਿਜ਼ਮ ਪਾਲਿਸੀ ਬਣਾ ਰਹੇ ਹਾਂ ਔਰ ਪਾਵਰ ਸੈਕਟਰ ਵਿੱਚ ਵੀ ਇੰਪਰੂਵਮੈਂਟ ਕਰ ਰਹੇ ਹਾਂ। ਪਿਛਲੀ ਸਰਕਾਰ ਨੂੰ ਚਾਹੀਦਾ ਸੀ ਕਿ ਇੰਡਸਟਰੀਅਲ ਪਾਲਿਸੀ ਬਣਾਉਂਦੀ ਅਤੇ ਸਮੇਂ-ਸਮੇਂ ਰਿਵਿਊ ਕਰਦੀ ਔਰ ਸੈਂਟਰ ਸਰਕਾਰ ਨਾਲ ਕੇਸ ਟੇਕ-ਅੱਪ ਕਰਦੀ। ਪੰਜਾਬ ਦਾ ਕੇਸ ਪਲੀਡ ਕਰਦੀ ਜਿਸ ਤਰ੍ਹਾਂ ਹਿਮਾਚਲ ਪ੍ਰਦੇਸ਼ ਔਰ ਉਤਰਾਂਚਲ ਪ੍ਰਦੇਸ਼ ਨੇ ਆਪਣੀਆਂ ਸਟੇਟਾਂ ਲਈ ਇੰਡਸਟਰੀ ਸੈਟ ਅੱਪ ਕਰਨ ਲਈ ਪੈਸਾ ਲਿਆ, ਉਥੇ ਵੀ ਐਨ.ਡੀ.ਏ. ਦੀ ਸਰਕਾਰ ਹੈ। ਸਾਡੀ ਅਕਾਲੀ ਦਲ ਦੀ ਪਿਛਲੀ ਸਰਕਾਰ ਐਨ.ਡੀ.ਏ. ਦੀ ਪਾਰਟਨਰ ਸੀ ਪਰ ਉਸ ਨੇ ਕੋਈ ਫਾਇਦਾ ਨਹੀਂ ਲਿਆ ਜਿਸ ਦਾ ਪੰਜਾਬ ਨੂੰ ਨੁਕਸਾਨ ਹੋਇਆ ਹੈ। ਹੁਣ ਕੈਪਟਨ ਸਾਹਿਬ ਨੇ ਕੇਸ ਨੂੰ ਸੈਂਟਰ ਸਰਕਾਰ ਨਾਲ ਟੇਕ ਅੱਪ ਕੀਤਾ ਹੈ ਤਾਂ ਕਿ ਪੰਜਾਬ ਨੂੰ ਵੀ ਇੰਡਸਟਰੀ ਵਿੱਚ ਇਨੀਸ਼ੀਏਟਿਵ ਮਿਲ ਸਕੇ ਔਰ ਸਟੇਟ ਵਿੱਚੋਂ ਅਨ-ਇੰਪਲਾਇਮੈਂਟ ਦੂਰ ਹੋ ਸਕੇ। ਇਸ ਵਿਚ ਅਕਾਲੀ ਪਾਰਟੀ ਦੇ ਭਰਾ ਦੋਸ਼ੀ ਹਨ ਜਿਨ੍ਹਾਂ ਨੇ ਐਨ.ਡੀ.ਏ. ਸਰਕਾਰ ਨਾਲ ਕੇਸ ਟੇਕ ਅੱਪ ਨਹੀਂ ਕੀਤਾ। ਅੱਜ ਕੈਪਟਨ ਅਮਰਿੰਦਰ ਸਿੰਘ ਭਾਵੇਂ ਕਾਂਗਰਸ ਪਾਰਟੀ ਦੇ ਹਨ, ਉਹ ਐਨ.ਡੀ.ਏ. ਸਰਕਾਰ ਕੋਲ ਗਏ ਅਤੇ ਉਨ੍ਹਾਂ ਨੇ ਇਕ ਉਪਰਾਲਾ ਕੀਤਾ ਕਿ ਜਿਹੜੇ ਇੰਡਸਟਰੀਅਲ ਪਾਲਿਸੀ ਵਿਚ ਪੁਆਇੰਟਸ ਸਾਡੇ ਬਰਾਬਰ ਦੀਆਂ ਸਟੇਟਸ ਨੂੰ ਮਿਲੇ ਹਨ, ਉਹ ਸਾਨੂੰ ਵੀ ਮਿਲਣੇ ਚਾਹੀਦੇ ਹਨ। ਅਸੀਂ ਸੈਂਟਰ ਕੋਲ ਇਹ ਕੇਸ ਲੜ ਰਹੇ ਹਾਂ। ਸਪੀਕਰ ਸਾਹਿਬ, ਮੈਂ ਇਸ ਗੱਲ ਦੀ ਵਧਾਈ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਦੇਣਾ ਚਾਹੁੰਦਾ ਹਾਂ। (ਘੰਟੀ)

**ਮਾਨਯੋਗ ਸਪੀਕਰ** : ਹੁਣ ਕਨਕਲੂਡ ਕਰੋ।

**ਰਾਣਾ ਗੁਰਜੀਤ ਸਿੰਘ** : ਸਪੀਕਰ ਸਾਹਿਬ, ਮੇਰੇ ਵੀਰ ਨੇ ਏਥੇ ਸਾਡੇ ਬਾਰੇ ਇਕ ਸ਼ੇਅਰ ਪੜ੍ਹਿਆ ਸੀ, ਉੱਲੂ ਵਗੈਰਾ ਕਿਹਾ ਸੀ, ਅੰਤ ਵਿਚ ਉਸ ਦੇ ਜਵਾਬ ਵਿਚ ਮੈਂ ਕਹਿਣਾ ਚਾਹੁੰਦਾ ਹਾਂ:

ਐ ਨੂਰੇ-ਚਮਨ ਮਾਯੂਸ ਨਾ ਹੋ, ਉਮੀਦ ਕਾ ਦਾਮਨ ਥਾਮ ਕੇ ਰਖ
ਅੰਜ਼ਾਮੇ ਗੁਲਿਸਤਾਂ ਕੁਛ ਭੀ ਹੋ, ਆਗਾਜ਼ ਤੁਝ ਸੇ ਬਿਹਤਰ ਹੈ।

**ਮਾਨਯੋਗ ਸਪੀਕਰ** : ਹਾਂ ਜੀ, ਖੰਨਾ ਜੀ। ਤੁਸੀਂ 15 ਮਿੰਟ ਬੋਲਣਾ ਹੈ। ਤੁਹਾਡੀ ਪਾਰਟੀ ਦਾ 15 ਮਿੰਟ ਟਾਈਮ ਹੈ।

**ਸ਼੍ਰੀ ਅਵਿਨਾਸ਼ ਰਾਏ ਖੰਨਾ (ਗੜ੍ਹਸ਼ੰਕਰ)** : ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀ ਮੈਨੂੰ ਅੱਜ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ ਔਰ ਆਪਣੀ ਪਾਰਟੀ ਦਾ ਪੁਆਇੰਟ ਆਫ ਵਿਊ ਰੱਖਣ ਦਾ ਮੌਕਾ ਦਿੱਤਾ ਹੈ। ਪਿਛਲੀ ਵਾਰੀ ਇਸੇ ਸਦਨ ਵਿਚ 22 ਮਾਰਚ, 2002 ਨੂੰ ਗਵਰਨਰ ਸਾਹਿਬ ਦਾ ਐਡਰੈਸ ਹੋਇਆ ਸੀ ਤੇ ਇਸ ਵਾਰ 14 ਮਾਰਚ, 2003 ਨੂੰ ਗਵਰਨਰ ਸਾਹਿਬ ਦਾ ਐਡਰੈਸ ਹੋਇਆ ਹੈ। ਜਿਹੜਾ ਪਹਿਲਾ ਐਡਰੈਸ ਸੀ, ਉਸਦੇ ਇੰਗਲਿਸ਼ ਵਿਚ 20 ਪੰਨੇ ਸੀ ਤੇ ਪੇਜ਼ 4 ਵਿਚ ਇਹ ਗੱਲ ਕਹੀ ਗਈ ਸੀ ਕਿ ਕਾਂਗਰਸ ਦੇ ਐਮ.ਐਲ.ਏ., ਮੰਤਰੀ ਅਤੇ ਚੀਫ ਮਨਿਸਟਰ ਬਹੁਤ ਜਲਦੀ ਆਪਣੇ-ਆਪਣੇ ਐਸੈਟਸ ਡਿਕਲੇਅਰ ਕਰ ਦੇਣਗੇ। ਲੇਕਿਨ ਅੱਜ ਤੱਕ ਕਿਸੇ ਨੇ ਵੀ ਆਪਣੇ ਐਸੈਟਸ ਡਿਕਲੇਅਰ ਨਹੀਂ ਕੀਤੇ। ਮੈਂ ਸੋਚਦਾ ਹਾਂ ਕਿ ਜੋ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਅਵਿਨਾਸ਼ ਰਾਏ ਖੰਨਾ]

ਇਹ 20 ਪੇਜ਼ ਤੇ ਗਵਰਨਰ ਸਾਹਿਬ ਨੇ ਸਰਕਾਰ ਵੱਲੋਂ ਵਾਇਦੇ ਕੀਤੇ ਸੀ, ਉਨ੍ਹਾਂ ਵਿਚੋਂ ਸਰਕਾਰ ਕੁਝ ਨਹੀਂ ਕਰ ਸਕੀ, ਤਾਂ ਅੱਜ ਦੇ ਭਾਸ਼ਣ ਦੇ ਤਾਂ 80 ਪੇਜ਼ ਹਨ, ਇਹ ਵਾਇਦੇ ਸਰਕਾਰ ਕਿਵੇਂ ਪੂਰੇ ਕਰੇਗੀ ?

ਸਪੀਕਰ ਸਾਹਿਬ, ਦੂਸਰੀ ਗੱਲ, ਜਿਹੜਾ ਮੈਂਬਰ ਵੀ ਅੱਜ ਸੱਤਾ ਪਕਸ਼ ਤੋਂ ਬੋਲਿਆ, ਉਸਨੇ ਕੁਰੱਪਸ਼ਨ ਦੇ ਮੁੱਦੇ ਤੇ ਬੜਾ ਜ਼ੋਰ ਲਾਇਆ ਕਿ ਕੈਪਟਨ ਅਮਰਿੰਦਰ ਸਿੰਘ ਨੇ ਭ੍ਰਿਸ਼ਟਾਚਾਰ ਨੂੰ ਖਤਮ ਕਰ ਦਿੱਤਾ ਹੈ, ਉਹ ਕੁਰੱਪਸ਼ਨ ਦੇ ਮਗਰ ਲੱਗੇ ਹੋਏ ਹਨ। ਮਾਨਯੋਗ ਸਪੀਕਰ ਸਾਹਿਬ, ਮੈਂ ਆਪਣੇ ਵੱਡੇ ਵੀਰ ਜਾਖੜ ਸਾਹਿਬ ਨੂੰ ਦੇਖ ਰਿਹਾ ਸੀ, ਜਿਸ ਦਿਨ ਉਹ ਬੋਲ ਰਹੇ ਸਨ। ਉਨ੍ਹਾਂ ਦੇ ਮਨ ਵਿਚ ਬੜੀ ਵੇਦਨਾ ਸੀ, ਇਹ ਉਨ੍ਹਾਂ ਦੇ ਚਿਹਰੇ ਤੋਂ ਪੜ੍ਹਿਆ ਜਾ ਰਿਹਾ ਸੀ ਪਰ ਪਾਰਟੀ ਅਨੁਸ਼ਾਸਨ ਕਾਰਨ ਉਨ੍ਹਾਂ ਨੇ ਕਈ ਗੱਲਾਂ ਮੂੰਹ ਵਿਚ ਹੀ ਰੱਖੀ ਰੱਖੀਆਂ ਤੇ ਦਿਲ ਵਿਚ ਰੱਖ ਕੇ ਕੁਝ ਕਹਿ ਨਹੀਂ ਸਕੇ। ਉਨ੍ਹਾਂ ਨੇ ਕਿਸਾਨ ਦੇ ਬਾਰੇ ਗੱਲ ਕੀਤੀ, ਐਸ.ਵਾਈ.ਐਲ. ਦੇ ਬਾਰੇ ਗੱਲ ਕੀਤੀ। ਜੋ ਉਨ੍ਹਾਂ ਦੇ ਮਨ ਵਿਚ ਜਜ਼ਬਾ ਹੈ, ਉਹ ਜ਼ਰੂਰ ਹਾਊਸ ਵਿਚ ਰੱਖਣ। ਦੂਸਰੀ ਗੱਲ, ਜਦੋਂ ਰਾਣਾ ਜੀ ਬੋਲ ਰਹੇ ਸਨ, ਜਿਨ੍ਹਾਂ ਨੇ ਇਸ ਮਤੇ ਨੂੰ ਸੈਕੰਡ ਕੀਤਾ, ਉਨ੍ਹਾਂ ਨੇ ਵੀ ਕੁਰੱਪਸ਼ਨ ਦਾ ਇਸ਼ੂ ਲੈ ਕੇ ਕੈਪਟਨ ਸਾਹਿਬ ਦੀ ਸਰਕਾਰ ਦੀ ਬੜੀ ਸ਼ਲਾਘਾ ਕੀਤੀ। ਮੈਂ ਬੇਨਤੀ ਕਰਨੀ ਚਾਹਵਾਂਗਾ, ਉਹ ਵੀ ਵਕੀਲ ਹਨ ਅਤੇ ਮੈਂ ਵੀ ਵਕੀਲ ਹਾਂ, ਮੈਂ ਕੁਝ ਐਫ.ਆਈ.ਆਰਜ਼ ਜੋ ਰਜਿਸਟਰ ਹੋਈਆਂ ਹਨ, ਐਕਸ-ਮਨਿਸਟਰਾਂ ਦੇ ਖਿਲਾਫ, ਉਨ੍ਹਾਂ ਦਾ ਜ਼ਿਕਰ ਕਰਨਾ ਚਾਹਵਾਂਗਾ। ਇਕ ਐਫ.ਆਈ.ਆਰ. ਸਰਦਾਰ ਸੋਹਨ ਸਿੰਘ ਠੰਡਲ ਦੇ ਖਿਲਾਫ ਕਿਸ ਹਾਲਾਤ ਵਿਚ ਦਰਜ ਹੋਈ ਹੈ, ਇਹ ਭ੍ਰਿਸ਼ਟਾਚਾਰ ਦਾ ਜਿਉਂਦਾ ਜਾਗਦਾ ਸਬੂਤ ਹੈ। ਪੰਜਾਬ ਵਿਚ ਬਲਾਕ ਸੰਮਤੀਆਂ ਦੇ ਇਲੈਕਸ਼ਨ ਹੋਏ। ਗੜ੍ਹਸ਼ੰਕਰ, ਮਾਹਿਲਪੁਰ ਬਲਾਕ ਵਿਚ ਕਾਂਗਰਸ ਜਿੱਤ ਨਹੀਂ ਸਕੀ। ਉਥੇ ਜਿਸ ਦਿਨ ਵੋਟਿੰਗ ਹੋਣੀ ਸੀ, ਕਾਂਗਰਸ ਦੇ ਮੈਂਬਰ ਐਬਸੈਂਟ ਹੋ ਗਏ, ਕੋਰਮ ਪੂਰਾ ਨਹੀਂ ਹੋਇਆ ਤੇ ਇਲੈਕਸ਼ਨ ਪੋਸਟਪੋਨ ਕਰ ਦਿੱਤੇ ਗਏ। ਕਾਂਗਰਸ ਦੀ ਮੈਜਾਰਿਟੀ ਨਹੀਂ ਬਣ ਸਕੀ ਤੇ ਕਿਉਂਕਿ ਇਕ ਵੋਟ ਮਿਸਟਰ ਠੰਡਲ ਦੀ ਸੀ, ਉਨ੍ਹਾਂ ਤੇ ਪਰਚਾ ਰਜਿਸਟਰ ਕਰ ਦਿੱਤਾ ਗਿਆ। ਉਨ੍ਹਾਂ ਨੂੰ ਸਵੇਰੇ ਤੜਕੇ ਚੁੱਕ ਕੇ ਜੇਲ੍ਹ ਵਿੱਚ ਸੁੱਟ ਦਿੱਤਾ। ਜੇਕਰ ਉਹ ਐਫ.ਆਈ.ਆਰ. ਪੜ੍ਹੀ ਜਾਵੇ, ਜਿਹੜੇ ਇਥੇ ਵਕੀਲ ਬੈਠੇ ਹਨ, ਉਹ ਸਿਰ ਤੇ ਹੱਥ ਰੱਖ ਕੇ ਕਹਿਣਗੇ ਕਿ ਠੰਡਲ ਸਾਹਿਬ ਨਾਲ ਧੱਕਾ ਹੋਇਆ ਹੈ। ਉਨ੍ਹਾਂ ਤੇ ਕੁਰੱਪਸ਼ਨ ਦਾ ਇਕ ਵੀ ਐਲੀਗੇਸ਼ਨ ਨਹੀਂ ਸੀ। ਉਨ੍ਹਾਂ ਤੇ ਐਲੀਗੇਸ਼ਨ ਲਗਾ ਦਿੱਤਾ ਉਸ ਪਰਾਪਰਟੀ ਦਾ ਜਿਹੜੀ ਉਨ੍ਹਾਂ ਨੇ ਸਾਂਝੀਦਾਰਾਂ ਨਾਲ ਮਿਲ ਕੇ ਖਰੀਦੀ ਸੀ ਤੇ ਪਰਾਪਰਟੀ ਵਿਚ ਸਾਂਝੀਦਾਰਾਂ ਦੀ ਪਰਾਪਰਟੀ ਦਾ ਮੁੱਲ ਵੀ ਪਾ ਦਿੱਤਾ ਗਿਆ। ਕੀ ਇਹ ਕੁਰੱਪਸ਼ਨ ਨਹੀਂ ? ਫੇਰ, ਮਿਉਂਸਪਲ ਕੌਂਸਲਾਂ ਦੇ ਇਲੈਕਸ਼ਨ ਹੋਏ। ਉਥੇ ਸੀਟ ਬੈਕਵਰਡ ਕਲਾਸ ਵਾਸਤੇ ਰਿਜ਼ਰਵ ਸੀ। ਅਸੀਂ ਆਪਣੀ ਪਾਰਟੀ ਵੱਲੋਂ ਪਹਿਲਾਂ ਹੀ ਕੈਂਡੀਡੇਟ ਨਾਮੀਨੇਟ ਕਰ ਦਿੱਤਾ ਕਿ ਇਹ ਸਾਡਾ ਬੰਦਾ ਇਲੈਕਸ਼ਨ ਲੜੇਗਾ। ਜਦੋਂ ਨਾਮੀਨੇਸ਼ਨ ਸ਼ੁਰੂ ਹੋਣੇ ਸੀ, ਉਸ ਤੋਂ ਪਹਿਲਾਂ ਹੀ ਉਸ ਬੰਦੇ ਨੂੰ ਬਿਨਾਂ ਕਿਸੇ ਕੇਸ ਤੋਂ ਠੰਡਲ ਨਾਲ ਜੋੜ ਕੇ ਅਰੈਸਟ ਕਰਾ ਦਿੱਤਾ ਗਿਆ। ਉਸ ਨੇ ਨਾਮੀਨੇਸ਼ਨ ਪੇਪਰ ਜੇਲ੍ਹ ਵਿਚੋਂ ਹੀ ਭਰੇ। ਜਨਤਾ ਨੇ ਇਸ ਗੱਲ ਦਾ ਇਨ੍ਹਾਂ ਨੂੰ ਇਹ ਜਵਾਬ ਦਿੱਤਾ ਕਿ ਉਹ ਬੰਦਾ ਰਿਕਾਰਡ ਵੋਟਾਂ ਨਾਲ ਜਿੱਤ ਗਿਆ। ਕੀ ਇਹ ਭ੍ਰਿਸ਼ਟਾਚਾਰ ਨਹੀਂ ਹੈ ? ਮਾਨਯੋਗ ਸਪੀਕਰ ਸਾਹਿਬ, 2 ਪਾਰਟੀਆਂ ਇਕੱਠੀਆਂ ਹੋ ਕੇ ਇਲੈਕਸ਼ਨ ਲੜੀਆਂ, ਸੀ.ਪੀ.ਆਈ. ਅਤੇ ਕਾਂਗਰਸ। ਜਦੋਂ ਕੋਈ ਪਾਰਟੀ ਕਿਸੇ ਦੂਜੀ ਪਾਰਟੀ ਨਾਲ ਰਲ ਕੇ ਇਲੈਕਸ਼ਨ ਲੜਦੀ ਹੈ ਤਾਂ ਉਨ੍ਹਾਂ ਦੀ ਆਪਸ ਵਿਚ ਭਾਈਵਾਲੀ ਹੁੰਦੀ ਹੈ, ਸਾਂਝ ਹੁੰਦੀ ਹੈ ਲੇਕਿਨ ਇਸ ਕਾਂਗਰਸ ਪਾਰਟੀ ਨੇ ਆਪਣੀ ਸਾਥੀ ਪਾਰਟੀ ਨੂੰ ਵੀ ਨਹੀਂ ਬਖਸ਼ਿਆ। ਸੀ.ਪੀ.ਆਈ. ਦੇ ਦੋਨੋਂ ਐਮ.ਐਲ.ਏ. ਆਪਣੀ ਪਾਰਟੀ ਵਿਚ ਸ਼ਾਮਲ ਕਰ ਲਏ। ਇਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

ਕੋਸ਼ਿਸ਼ ਕੀਤੀ ਹੈ ਕਿ ਇਨ੍ਹਾਂ ਦੀ ਹੋਂਦ ਵੀ ਇਥੋਂ ਖਤਮ ਕੀਤੀ ਜਾਵੇ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਆਪਣੇ ਕਰਮਚਾਰੀ ਡੀ.ਈ.ਓ., ਰੋਪੜ ਨੇ ਆਪਣੀ ਸਰਕਾਰ ਤੇ ਇਲਜ਼ਾਮ ਲਾਇਆ। ਉਸ ਡੀ.ਈ.ਓ. ਨੇ ਇਲਜ਼ਾਮ ਲਾਇਆ ਕਿ ਸਰਕਾਰ ਦਾ ਜਿਹੜਾ 264 ਕਰੋੜ ਰੁਪਿਆ ਆਇਆ ਸੀ, ਉਸ ਵਿਚੋਂ 64.9 ਕਰੋੜ ਰੁਪਿਆ ਹੀ ਖਰਚ ਕੀਤਾ ਗਿਆ ਅਤੇ ਬਾਕੀ ਦਾ 199.10 ਕਰੋੜ ਰੁਪਿਆ ਖੁਰਦ ਬੁਰਦ ਕਰ ਦਿੱਤਾ ਗਿਆ। ਇਸ ਬਿਆਨ ਤੋਂ ਬਾਦ ਸਰਕਾਰ ਦਾ ਕੋਈ ਬਿਆਨ ਨਹੀਂ ਆਇਆ ਕਿ ਇਹ ਝੂਠ ਹੈ। ਕੀ ਇਹ ਕੁਰੱਪਸ਼ਨ ਨਹੀਂ ਹੈ?

ਫਿਰੋਜ਼ਪੁਰ ਵਿਚ ਠੇਕਿਆਂ ਦੀ ਨਿਲਾਮੀ ਹੋਈ। ਸਰਕਾਰ ਵੱਲੋਂ ਬਹੁਤ ਜ਼ੋਰ ਨਾਲ ਕਿਹਾ ਜਾ ਰਿਹਾ ਹੈ ਕਿ ਜਿੰਨੀ ਆਮਦਨ ਸਰਕਾਰ ਨੂੰ ਜਾ ਰਹੀ ਹੈ, ਉਸ ਵਿਚ ਐਕਸਾਈਜ਼ ਦਾ ਬਹੁਤ ਵੱਡਾ ਹੱਥ ਹੈ ਲੇਕਿਨ 3 ਜ਼ਿਲ੍ਹਿਆਂ ਵਿਚ ਨਿਲਾਮੀ 15 ਮਿੰਟਾਂ ਦੇ ਵਿਚ-ਵਿਚ ਹੀ ਹੋ ਗਈ। ਪੱਤਰਕਾਰ ਹੈਰਾਨ ਹੋ ਗਏ। ਉਥੇ ਪੁਲਿਸ ਖੜ੍ਹੀ ਸੀ। ਉਨ੍ਹਾਂ ਨੂੰ ਪੁੱਛਿਆ ਤਾਂ ਉਹ ਕਹਿਣ ਲੱਗੇ ਕਿ ਰਾਤ ਅਫਸਰ ਆਏ ਸੀ ਅਤੇ ਰੈਸਟ ਹਾਊਸ ਵਿਚ ਹੀ ਨਿਲਾਮੀ ਹੋ ਗਈ ਸੀ। ਸਰਕਾਰ ਨੂੰ ਇਸ ਨਿਲਾਮੀ ਵਿਚ 101.9 ਕਰੋੜ ਰੁਪਏ ਦਾ ਘਾਟਾ ਪਿਆ। ਕੀ ਇਹ ਭ੍ਰਿਸ਼ਟਾਚਾਰ ਨਹੀਂ ਹੈ? (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਮਾਨਸਾ ਮੰਡੀ ਵਿਚ ਲੋਡਿੰਗ ਅਨਲੋਡਿੰਗ ਟ੍ਰਾਂਸਪੋਰਟੇਸ਼ਨ ਦਾ ਠੇਕਾ ਨਿਲਾਮ ਹੋਣਾ ਸੀ। ਇਸ ਤੋਂ ਪਹਿਲਾਂ ਕਿ ਠੇਕਾ ਨਿਲਾਮ ਹੁੰਦਾ, ਪੱਲੇਦਾਰ ਯੂਨੀਅਨ ਨੇ ਡੀ.ਸੀ. ਨੂੰ ਲਿਖ ਦਿੱਤਾ ਕਿ ਸਾਨੂੰ ਸ਼ੱਕ ਹੈ ਕਿ ਇਹ ਠੇਕਾ ਨਜਾਇਜ਼ ਢੰਗ ਨਾਲ ਨਿਲਾਮ ਕੀਤਾ ਜਾਵੇਗਾ। ਉਨ੍ਹਾਂ ਨੇ ਇਕ ਐਪਲੀਕੇਸ਼ਨ ਡੀ.ਸੀ. ਨੂੰ ਅਤੇ ਦੂਜੇ ਮੈਂਬਰਾਂ ਨੂੰ ਵੀ ਭੇਜੀ ਸੀ। ਉਸ ਦੇ ਵਿਚ ਸੱਤਾ ਪਕਸ਼ ਦੇ ਦੋ ਐਮ.ਐਲ.ਏਜ਼. ਦੇ ਵੀ ਸਾਈਨ ਕੀਤੇ ਹੋਏ ਹਨ। ਜਿਸ ਵੇਲੇ ਨਾਮੀਨੇਸ਼ਨ ਹੋਣੀਆਂ ਸੀ, ਉਦੋਂ ਡੀ.ਸੀ. ਦੀ ਐਂਟਰੀ ਵਾਲੇ ਪਾਸੇ ਦੇ ਸਾਰੇ 5 ਰਸਤੇ ਬੰਦ ਕਰ ਦਿੱਤੇ ਗਏ। 126 ਰੁਪਏ ਦੇ ਵਿਚ ਉਹ ਨਿਲਾਮੀ ਹੋਈ। ਇਸ ਦੇ ਬਾਰੇ ਬਾਦ ਵਿਚ ਕਿਹਾ ਗਿਆ ਕਿ prima facie, it is a scam of crores of rupees, the enquiry be made out ਲੇਕਿਨ ਹਾਲੇ ਤੱਕ ਵੀ ਉਹ ਇਨਕੁਆਇਰੀ ਨਹੀਂ ਹੋਈ। ਕੀ ਇਹ ਭ੍ਰਿਸ਼ਟਾਚਾਰ ਨਹੀਂ ਹੈ? ਹੁਣੇ ਮਿਉਂਸਿਪਲ ਕਮੇਟੀਆਂ ਦੇ ਇਲੈਕਸ਼ਨ ਹੋਏ ਹਨ। ਇਨ੍ਹਾਂ ਵਿਚ ਪਹਿਲਾਂ ਵੋਟਾਂ ਬਣਾਉਣ ਵਿਚ ਅਤੇ ਫਿਰ ਵੋਟਾਂ ਪਾਉਣ ਵਿਚ ਹੇਰਾਫੇਰੀ ਹੋਈ। ਕਾਂਗਰਸ ਦੇ ਐਮ.ਸੀ. ਇਲੈਕਟ ਹੋਏ ਹਨ। ਉਨ੍ਹਾਂ ਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਮੈਂ 110 ਵੋਟਾਂ ਨਾਲ, ਮੈਂ 150 ਵੋਟਾਂ ਨਾਲ ਜਿੱਤਾਂਗਾ। ਜਦੋਂ ਰਿਜ਼ਲਟ ਆਏ, ਵਾਕਈ ਉਹ ਇੰਨੀਆਂ ਹੀ ਵੋਟਾਂ ਨਾਲ ਜਿੱਤੇ। ਬੈਲਟ ਬਾਕਸ ਜਿਸ ਵਿਚ ਮਤਦਾਤਾਵਾਂ ਨੇ ਆਪਣੇ ਵੋਟ ਪਾਏ ਸਨ, ਉਨ੍ਹਾਂ ਵਿਚ ਸਿਆਹੀ ਡੋਲ੍ਹ ਦਿੱਤੀ ਗਈ। ਅੱਜ ਇਹ ਗੱਲ ਸਾਬਤ ਹੋ ਗਈ ਹੈ ਕਿ ਹਾਥੀ ਦੇ ਦੰਦ ਖਾਣ ਵਾਲੇ ਹੋਰ ਤੇ ਵਿਖਾਣ ਵਾਲੇ ਹੋਰ। ਜੇ ਕੋਈ ਕੰਮ ਗਲਤ ਹੈ ਤਾਂ ਗਲਤ ਹੀ ਹੈ। ਇਥੇ ਇਕ ਵੀਰ ਨੇ ਕਿਹਾ ਹੈ ਕਿ ਇਸ ਵੇਲੇ ਟਾਈਮ ਹੈ, ਅਸੀਂ ਸਾਰੇ ਇਕੱਠੇ ਹੋ ਕੇ ਜੇ ਕੋਈ ਕਮੀ ਹੈ ਤਾਂ ਉਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੀਏ। ਲੇਕਿਨ ਇਸ ਤਰ੍ਹਾਂ ਨਹੀਂ। ਜੇਕਰ ਅਸੀਂ ਆਪੋਜ਼ੀਸ਼ਨ ਵਿੱਚ ਬੈਠੇ ਹਾਂ ਤਾਂ ਸਾਡਾ ਗਲਾ ਘੁੱਟ ਦਿੱਤਾ ਜਾਵੇ ਅਤੇ ਦੂਸਰਿਆਂ ਦੇ ਗਲਾਂ ਵਿਚ ਹਾਰ ਪਾਏ ਜਾਣ। ਕੀ ਇਹ ਭ੍ਰਿਸ਼ਟਾਚਾਰ ਨਹੀਂ? ਮਾਨਯੋਗ ਸਪੀਕਰ ਸਾਹਿਬ, ਪਟਿਆਲੇ ਕਾਰਪੋਰੇਸ਼ਨ ਵਿੱਚ ਮੁਲਾਜ਼ਮਾਂ ਨੂੰ 15% ਹਾਊਸ ਰੈਂਟ ਅਲਾਊਂਸ ਦਿੱਤਾ ਗਿਆ। ਕੀ ਇਹ ਪਾਲਿਸੀ ਦੇ ਤਹਿਤ ਕੀਤਾ ਗਿਆ ਜਿਸ ਸ਼ਹਿਰ ਦੀ ਆਬਾਦੀ 10 ਲੱਖ ਤੋਂ ਉਪਰ ਹੋਵੇ ਉਸ ਸ਼ਹਿਰ ਦੇ ਮੁਲਾਜ਼ਮਾਂ ਨੂੰ ਹੀ 15% ਹਾਊਸ ਰੈਂਟ ਅਲਾਊਂਸ ਮਿਲ ਸਕਦਾ ਹੈ ਲੇਕਿਨ ਕੀ ਇਹ ਕਾਂਸਟੀਚਿਊਐਂਸੀ ਸੀ.ਐਮ. ਸਾਹਿਬ ਦੀ ਹੋਣ ਕਰਕੇ 15% ਦੇ ਕੇ ਸਰਕਾਰ ਤੇ ਬੋਝ ਪਾ ਕੇ ਭ੍ਰਿਸ਼ਟਾਚਾਰ ਦਾ ਨੰਗਾ ਨਾਚ ਨਹੀਂ ਕੀਤਾ ਗਿਆ? ਮਾਨਯੋਗ

Original with;
Punjab Vidhan Sabha
Digitized by;

[ਸ਼੍ਰੀ ਅਵਿਨਾਸ਼ ਰਾਏ ਖੰਨਾ]

ਸਪੀਕਰ ਸਾਹਿਬ, ਜਦੋਂ ਮੈਂ ਇਹ ਸਾਰਾ ਗਵਰਨਰ ਸਾਹਿਬ ਦਾ ਭਾਸ਼ਣ ਬੜੇ ਧਿਆਨ ਨਾਲ ਪੜ੍ਹ ਰਿਹਾ ਸੀ ਤਾਂ ਉਸ ਦੇ ਵਿੱਚ ਕੁਝ ਗੱਲਾਂ ਹੋਮ ਡਿਪਾਰਟਮੈਂਟ ਦੇ ਸਬੰਧ ਵਿੱਚ ਸਾਹਮਣੇ ਆਈਆਂ ਕਿ ਸਰਕਾਰ ਹੋਮ ਡਿਪਾਰਟਮੈਂਟ ਨੂੰ ਕਿਸ ਤਰ੍ਹਾਂ ਰੱਖੇਗੀ।

ਮਾਨਯੋਗ ਸਪੀਕਰ ਸਾਹਿਬ, ਇਕ ਬਹੁਤ ਹੀ ਮੰਦਭਾਗੀ ਘਟਨਾ ਇਸ ਪੰਜਾਬ ਵਿੱਚ ਹੋ ਰਹੀ ਹੈ। ਉਹ ਇਹ ਹੈ ਕਿ sick jail inmates are at God's mercy. ਜਿਹੜਾ ਆਮ ਆਦਮੀ ਜੇਲ੍ਹ ਵਿੱਚ ਬੈਠਾ ਹੈ, ਉਹ ਤਾਂ ਪ੍ਰਮਾਤਮਾ ਦੇ ਰਹਿਮੋ-ਕਰਮ ਤੇ ਬੈਠਾ ਹੈ ਲੇਕਿਨ ਜਿਹੜਾ ਵੀ.ਆਈ.ਪੀ. ਆਦਮੀ ਉਥੇ ਬੈਠਾ ਹੈ ਉਹ ਕੀ ਕਰ ਰਹੇ ਹਨ, ਇਸ ਬਾਰੇ ਪਟਿਆਲੇ ਤੋਂ ਹੀ ਖਬਰ ਛਪੀ ਹੈ ਔਰ ਇਕ ਬੜੇ ਹੀ ਪਾਪੂਲਰ ਅਖਬਾਰ 'ਦੀ ਟ੍ਰਿਬਿਊਨ' ਵਿੱਚ ਛਪੀ ਹੈ। ਉਸ ਪੱਤਰਕਾਰ ਨੇ ਆਪਣਾ ਨਾਂ ਵੀ ਦਿੱਤਾ ਹੈ ਔਰ ਇੰਟਰਵਿਊ ਦਾ ਟਾਈਮ ਵੀ ਦਿੱਤਾ ਹੈ। ਉਹ ਲਿਖਦਾ ਹੈ ਕਿ ਜਿਹੜੇ ਵੀ.ਆਈ.ਪੀ. ਜੇਲ੍ਹਾਂ ਵਿੱਚ ਜਾਂਦੇ ਹਨ, ਉਹ ਕਿਸੇ ਨਾ ਕਿਸੇ ਤਰ੍ਹਾਂ ਬਿਮਾਰੀ ਦਾ ਬਹਾਨਾ ਬਣਾ ਕੇ ਜੇਲ੍ਹਾਂ ਵਿੱਚ ਇਕ ਮਿੰਟ ਵੀ ਨਹੀਂ ਅੰਦਰ ਰਹਿੰਦੇ ਔਰ ਹਸਪਤਾਲਾਂ ਵਿੱਚ ਚਲੇ ਜਾਂਦੇ ਹਨ। ਉਹ ਉਨੀ ਦੇਰ ਤੱਕ ਹੀ ਹਸਪਤਾਲ ਵਿੱਚ ਹੀ ਰਹਿੰਦੇ ਹਨ, ਜਿੰਨੀ ਦੇਰ ਤੱਕ ਉਨ੍ਹਾਂ ਦੀ ਅਦਾਲਤ ਤੋਂ ਬੇਲ ਨਾ ਹੋ ਜਾਵੇ ਜਾਂ ਉਨ੍ਹਾਂ ਨੂੰ ਛੱਡ ਨਾ ਦਿੱਤਾ ਜਾਵੇ। ਉਸ ਅਖਬਾਰ ਵਾਲੇ ਨੇ ਉਨ੍ਹਾਂ ਵੀ.ਆਈ.ਪੀਜ਼. ਦੇ ਨਾਂ ਵੀ ਦਿੱਤੇ ਹਨ ਕਿ ਫਲਾਣੇ-ਫਲਾਣੇ ਬੰਦੇ ਨੂੰ ਵੀ.ਆਈ.ਪੀ. ਟਰੀਟਮੈਂਟ ਦਿੱਤਾ ਜਾ ਰਿਹਾ ਹੈ। ਉਸਨੇ ਲਿਖਿਆ ਹੈ ਕਿ most police officers including those on trial for excesses, besides high profile undertrials like former P.P.S.C. Chairman Shri Ravinderpal Singh, Income Tax Commissioner Shri M.L. Dossa and his nephew Deepak Chugh have been recent permanent residents of the hospital barracks. So it is heaven for them. ਆਮ ਆਦਮੀ ਨੂੰ ਤਾਂ ਹਸਪਤਾਲਾਂ ਦੇ ਵਿੱਚ ਕੋਈ ਦਵਾਈ ਤੱਕ ਨਹੀਂ ਮਿਲਦੀ ਜਦੋਂ ਕਿ ਇਨ੍ਹਾਂ ਨੂੰ ਜੇਲ੍ਹਾਂ ਦੇ ਵਿੱਚ ਵੀ ਵਿਸ਼ੇਸ਼ ਟਰੀਟਮੈਂਟ ਦਿੱਤੇ ਜਾਂਦੇ ਹਨ। ਸਪੀਕਰ ਸਾਹਿਬ, ਕੀ ਇਹ ਭ੍ਰਿਸ਼ਟਾਚਾਰ ਨਹੀਂ ਹੈ? ਮਾਨਯੋਗ ਸਪੀਕਰ ਸਾਹਿਬ, ਅੰਮ੍ਰਿਤਸਰ ਦੀ ਪੁਲਿਸ ਕਿਸੇ ਮੁਲਜ਼ਮ ਨੂੰ ਲੱਭਣ ਲਈ ਉਸ ਦੇ ਘਰ ਚਲੀ ਗਈ। ਉਸ ਦੀ ਘਰ ਵਾਲੀ ਘਰ ਵਿੱਚ ਬੈਠੀ ਭਾਂਡੇ ਮਾਂਜ ਰਹੀ ਸੀ। 'ਟ੍ਰਿਬਿਊਨ' ਲਿਖਦਾ ਹੈ ਕਿ couple narrates tale of torture in custody ਉਸ ਲੇਡੀ ਨੂੰ ਗੁੱਤ ਤੋਂ ਫੜ੍ਹ ਕੇ ਉਸ ਦੀ ਸ਼ਾਲ ਲਾਹ ਕੇ ਰਾਹ ਵਿੱਚ ਸੁੱਟ ਕੇ ਉਸ ਨੂੰ ਫੜ੍ਹ ਕੇ ਥਾਣੇ ਲੈ ਗਏ, ਜਦੋਂ ਉਸ ਔਰਤ ਦੇ ਘਰ ਵਾਲੇ ਨੇ ਆ ਕੇ ਥਾਣੇ ਪੁੱਛਿਆ ਤਾਂ ਉਸ ਨੂੰ ਉਥੇ ਹੀ ਕੁੱਟਿਆ ਮਾਰਿਆ ਗਿਆ। ਉਸ ਔਰਤ ਦੀ ਸ਼ਾਲ ਨੂੰ ਕਿਸੇ ਵਿਅਕਤੀ ਦੀ ਜੁਰੱਅਤ ਨਹੀਂ ਪਈ ਕਿ ਉਸ ਨੂੰ ਚੁੱਕ ਕੇ ਉਸਦੇ ਘਰ ਅੰਦਰ ਹੀ ਰੱਖ ਦਿੱਤਾ ਜਾਵੇ। ਸੋ, ਮੇਰਾ ਕਹਿਣ ਤੋਂ ਭਾਵ ਇਹ ਹੈ ਕਿ ਇਹ ਰਾਜ ਹੈ ਜਿਸ ਦੇ ਬੜੇ ਗੁਣ-ਗਾਨ ਕੀਤੇ ਗਏ ਹਨ। ਅੱਜ ਸਾਡੇ ਸੂਬੇ ਦੀ ਹਾਲਤ ਇਹ ਹੈ। ਸਪੀਕਰ ਸਾਹਿਬ, ਮਾਨਯੋਗ ਗਵਰਨਰ ਸਾਹਿਬ ਦੇ ਭਾਸ਼ਣ ਨੂੰ 37 ਹੈਡ ਵਿੱਚ ਵੰਡਿਆ ਗਿਆ ਹੈ। ਪਲਾਨਿੰਗ ਤੋਂ ਲੈ ਕੇ ਗਰੀਵੈਂਸਿਜ਼ ਤੱਕ। ਅੱਜ ਮੈਂ ਤੁਹਾਡਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ (ਵਿਘਨ)

**Mr. Speaker :** You address the Chair please. Please do not see others.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, 50 schools for destitute children face closure ਇਹ ਛੋਟੇ-ਛੋਟੇ ਬੱਚੇ ਜਿਹੜੇ ਹਾਕਰਜ਼ ਹਨ, ਜਿਹੜੇ ਢਾਬਿਆਂ ਤੇ ਸਵੇਰ ਵੇਲੇ ਕੰਮ ਕਰਦੇ ਹਨ, ਉਨ੍ਹਾਂ ਦੇ 50 ਸਕੂਲ ਅੱਜ ਬੰਦ ਹੋਣ ਕਿਨਾਰੇ ਹਨ। ਸੋ, ਸਪੀਕਰ ਸਾਹਿਬ, ਜਿਹੜੇ ਵਾਅਦੇ ਇਸ ਭਾਸ਼ਣ ਵਿੱਚ ਕੀਤੇ ਗਏ ਹਨ, ਉਹ ਅਮਲ ਵਿੱਚ ਕਿੰਨੇ ਕਾਰਗਰ ਹਨ, ਉਹ ਆਪਣੇ ਆਪ ਵਿੱਚ ਇਕ ਜਿਊਂਦੀ ਜਾਗਦੀ ਮਿਸਾਲ ਹੈ।

ਸਪੀਕਰ ਸਾਹਿਬ, ਇਸ ਤੋਂ ਅੱਗੇ ਗੱਲ ਆਉਂਦੀ ਹੈ ਪਾਵਰ ਐਂਡ ਇਲੈਕਟ੍ਰੀਸਿਟੀ ਦੀ। ਇਲੈਕਟ੍ਰੀਸਿਟੀ ਨੂੰ ਇੰਪਾਰਟੈਂਟ ਪਾਰਟ ਆਫ ਲਾਈਫ ਕਿਹਾ ਜਾਂਦਾ ਹੈ। ਮੈਂ ਪਿਛਲੇ ਦਿਨੀਂ ਕਿਸੇ ਦੇ ਘਰ ਗਿਆ ਤਾਂ ਦੇਖਿਆ ਕਿ ਉਸ ਦੇ ਘਰ ਲਾਈਟ ਬਹੁਤ ਘੱਟ ਸੀ, ਮੈਂ ਉਸਨੂੰ ਪੁੱਛਿਆ ਕਿ ਕੀ ਲਾਈਟ ਨਹੀਂ ਹੈ, ਤੁਸੀਂ ਦੀਵਾ ਕਿਉਂ ਜਗਾਈ ਬੈਠੇ ਹੋ ਤਾਂ ਉਸ ਨੇ ਕਿਹਾ ਕਿ ਨਹੀਂ ਜੀ, ਇਹ 200 ਵਾਟ ਦਾ ਬਲਬ ਜਗ ਰਿਹਾ ਹੈ, ਜਦੋਂ ਕਿ ਉਸ ਬਲਬ ਦੀ ਰੋਸ਼ਨੀ ਦੀਵੇ ਤੋਂ ਵੀ ਘੱਟ ਸੀ। ਇਸ ਤੇ ਉਸਨੇ ਅੱਗੇ ਕਿਹਾ ਕਿ ਬਿਜਲੀ ਦਾ ਬਿਲ ਇਸ ਤਰ੍ਹਾਂ ਆਉਂਦਾ ਹੈ ਜਿਵੇਂ ਕਿ ਏ.ਸੀ. ਲੱਗਾ ਹੋਇਆ ਹੋਵੇ। ਹੋਰ ਤਾਂ ਹੋਰ, ਅੱਜ ਮੈਂ, ਮਾਨਯੋਗ ਮੁੱਖ ਮੰਤਰੀ ਜੀ ਨੂੰ ਪ੍ਰਸ਼ਨ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਵੀ ਸਵਾਲ ਟਾਲ ਗਏ। ਜਦੋਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸੀ ਤਾਂ ਉਸ ਵੇਲੇ ਜ਼ਿਮੀਂਦਾਰਾਂ ਨੂੰ ਬਿਜਲੀ ਅਤੇ ਪਾਣੀ ਫਰੀ ਦਿੱਤਾ ਜਾਂਦਾ ਸੀ ਪਰ ਹੁਣ ਕੀ ਸਰਕਾਰ ਨੇ 10 ਮਹੀਨਿਆਂ ਵਿੱਚ ਹੀ ਜ਼ਿਮੀਂਦਾਰਾਂ ਤੇ ਬਿਜਲੀ ਦੇ ਵੱਡੇ-ਵੱਡੇ ਬਿਲ ਲਾਉਣੇ ਸ਼ੁਰੂ ਕਰ ਦਿੱਤੇ ਹਨ। ਕਈ ਜਗ੍ਹਾ ਤੋਂ ਮੀਟਰ ਲਾਹ ਕੇ ਲੈ ਗਏ। ਸਾਡੇ ਹਲਕੇ ਇਕ ਪਿੰਡ ਵਿਚ ਪਹਿਲਾਂ ਸਰਕਾਰ ਦਾ ਹੁਕਮ ਆ ਗਿਆ ਕਿ ਪੰਚਾਇਤ ਦਾ ਬਿੱਲ 50,000 ਰੁਪਏ ਦਾ ਹੈ। ਪੰਚਾਇਤ ਨੇ ਸੋਚਿਆ ਕਿ ਇਹ ਤਾਂ ਦੇਣਾ ਹੀ ਪਵੇਗਾ। ਦਸਵੇਂ ਮਹੀਨੇ 50,000 ਰੁਪਏ ਦਾ ਬਿੱਲ ਭਰਨ ਤੋਂ ਬਾਅਦ 4-5 ਦਿਨਾਂ ਬਾਅਦ 8ਵੇਂ ਅਤੇ 9ਵੇਂ ਮਹੀਨੇ ਦਾ ਬਿੱਲ 1,26,000 ਰੁਪਏ ਆ ਗਿਆ। ਜਦੋਂ ਮੈਂ ਉਥੇ ਪਿੰਡ ਗਿਆ ਤਾਂ ਸਾਰੇ ਪਿੰਡ ਦਾ ਮੂੰਹ ਰੋਣਹਾਕਾ ਹੋਇਆ ਪਿਆ ਸੀ। ਮੈਂ ਪੁੱਛਿਆ ਕਿ ਪਹਿਲਾਂ ਬਿੱਲ ਕਿੰਨਾ ਆਉਂਦਾ ਸੀ ਤਾਂ ਉਨ੍ਹਾਂ ਕਿਹਾ ਕਿ ਪਹਿਲਾਂ 2300 ਰੁਪਏ ਤੋਂ ਲੈ ਕੇ 2700 ਰੁਪਏ ਤੱਕ ਹੀ ਆਉਂਦਾ ਸੀ। ਕੀ ਇਹ ਉਸ ਪੰਚਾਇਤ ਨਾਲ ਧੱਕਾ ਨਹੀਂ ਕੀਤਾ ਜਾ ਰਿਹਾ?

**ਮਾਨਯੋਗ ਸਪੀਕਰ** : ਪਲੀਜ਼ ਵਾਈਂਡ ਅੱਪ ਕਰੋ। ਤੁਹਾਡਾ ਸਮਾਂ ਸਮਾਪਤ ਹੋ ਗਿਆ ਹੈ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਇਥੇ ਟਰਾਂਸਪੋਰਟ ਅਤੇ ਐਜੂਕੇਸ਼ਨ ਦਾ ਜ਼ਿਕਰ ਹੋਇਆ ਹੈ। ਲੇਕਿਨ ਬੜਾ ਦੁੱਖ ਹੁੰਦਾ ਹੈ ਜਦੋਂ ਅਸੀਂ ਸ਼ਾਮ ਨੂੰ ਵਾਪਸ ਮੁੜਦੇ ਹਾਂ ਅਤੇ ਸਵੇਰੇ ਆਉਂਦੇ ਹਾਂ ਤਾਂ ਦੇਖਦੇ ਹਾਂ ਕਿ ਵਿਦਿਆਰਥੀ ਬੱਸਾਂ ਵਾਸਤੇ ਖੜ੍ਹੇ ਹੁੰਦੇ ਹਨ। ਮੈਂ ਕਈ ਵਾਰੀ ਆਪਣੀ ਕਾਰ ਦੀ ਕਪੈਸਿਟੀ ਅਨੁਸਾਰ ਬੱਚਿਆਂ ਨੂੰ ਲੈ ਕੇ ਵੀ ਆਉਂਦਾ ਹਾਂ। 100-100 ਜਾਂ 150-150 ਬੱਚੇ ਜਿਨ੍ਹਾਂ ਵਿਚ ਲੜਕੀਆਂ ਵੀ ਹੁੰਦੀਆਂ ਹਨ, ਉਥੇ ਬੱਸਾਂ ਦੀ ਉਡੀਕ ਵਾਸਤੇ ਖੜ੍ਹੇ ਹੁੰਦੇ ਹਨ। ਉਨ੍ਹਾਂ ਨੂੰ ਬੱਸ ਨਹੀਂ ਬਿਠਾਉਂਦੀ। ਉਨ੍ਹਾਂ ਦੇ ਬਕਾਇਦਾ ਪਾਸ ਬਣੇ ਹੋਏ ਹੁੰਦੇ ਹਨ। ਸਾਢੇ ਕੁ ਨੌਂ ਵਜੇ ਲੜਕੇ ਇਕ ਹੋਰ ਲੜਕੇ ਦੀ ਬਾਂਹ ਤੇ ਪੱਟੀ ਬੰਨ੍ਹ ਕੇ ਲਿਆਉਂਦੇ ਮਿਲੇ ਤਾਂ ਮੈਂ ਪੁੱਛਿਆ ਕਿ ਕੀ ਗੱਲ ਹੋਈ ਹੈ ਤਾਂ ਉਨ੍ਹਾਂ ਨੇ ਦੱਸਿਆ ਕਿ ਬੱਸ ਵਾਲੇ ਸਟਾਪ ਉਤੇ ਤਾਂ ਖਲਾਰਦੇ ਨਹੀਂ। ਅਸੀਂ ਭੱਜ ਕੇ ਬੱਸ ਫੜਦੇ ਹਾਂ, ਕੰਡਕਟਰ ਨੇ ਬੱਸ ਦੀ ਤਾਕੀ ਮਾਰੀ ਤੇ ਬਾਂਹ ਟੁੱਟ ਗਈ ਹੈ। ਇਸ ਕਾਰਨ, ਸਪੀਕਰ ਸਾਹਿਬ, ਬੱਸਾਂ ਤੋਂ ਵਿਦਿਆਰਥੀ ਬਹੁਤ ਪ੍ਰੇਸ਼ਾਨ ਹਨ।

*Original with;*
Punjab Vidhan Sabha
*Digitized by;*

**Mr. Speaker :** Please resume your seat.

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਮਾਨਯੋਗ ਸਪੀਕਰ ਸਾਹਿਬ, ਮੈਂ ਬੱਸ ਇਕ ਗੱਲ ਕਰਕੇ ਹੀ ਬੰਦ ਕਰ ਦੇਵਾਂਗਾ। ਜਿਸ ਤਰ੍ਹਾਂ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਪੰਜਾਬ ਦੇ ਮੁੱਖ ਮੰਤਰੀ ਸਨ ਤਾਂ ਬਜ਼ੁਰਗ ਲੋਕ ਉਨ੍ਹਾਂ ਨੂੰ ਬੇਟਾ ਕਹਿੰਦੇ ਸਨ। ਅੱਜ ਮੁੱਖ ਮੰਤਰੀ ਜੀ ਨੂੰ ਲੋਕ ਕੀ ਕਹਿੰਦੇ ਹਨ ਇਹ ਦੇਖਣ ਦੀ ਲੋੜ ਹੈ। ਲੋਕ ਇਕ ਅਖਾਣ ਪਾਉਂਦੇ ਹਨ ਕਿ ਸਕੂਲ ਖੁਲ੍ਹੇ ਕਲਾਸਾਂ ਗੁੰਮ, ਆਟਾ ਗੁੰਨ੍ਹਿਆ ਪਰਾਤਾਂ ਗੁੰਮ, ਲਾੜੇ ਲੱਭੇ ਬਰਾਤਾਂ ਗੁੰਮ, ਜਦੋਂ ਦੀ ਕੈਪਟਨ ਸਰਕਾਰ ਆਈ, ਗ੍ਰਾਂਟਾਂ ਗੁੰਮ। ਬਹੁਤ ਧੰਨਵਾਦ ਜੀ।

**ਮਾਨਯੋਗ ਸਪੀਕਰ :** ਹਾਂ ਜੀ, ਭੂੰਦੜ ਸਾਹਿਬ, ਤੁਸੀਂ ਕਿੰਨਾ ਵਕਤ ਲਵੋਗੇ ?

**ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ) :** ਸਰ, 25 ਕੁ ਮਿੰਟ ਤਾਂ ਲੱਗ ਹੀ ਜਾਣਗੇ। ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਐਡਰੈਸ ਉਤੇ, ਜਿਹੜਾ ਕਿ ਉਨ੍ਹਾਂ ਨੇ 14 ਮਾਰਚ ਨੂੰ ਦਿਤਾ, ਬੋਲਣ ਲਈ ਖੜ੍ਹਾ ਹੋਇਆ ਹਾਂ। ਮੇਰੇ ਕੋਲ 14 ਮਾਰਚ, 2003 ਦੇ ਗਵਰਨਰ ਐਡਰੈਸ ਦੀ ਕਾਪੀ ਸੀ। ਉਹ ਤਾਂ ਮੈਂ ਪੜ੍ਹਨੀ ਹੀ ਸੀ। ਲੇਕਿਨ ਮੇਰੇ ਕੋਲ 22 ਮਾਰਚ, 2002 ਦੀ ਕਾਪੀ ਵੀ ਸੀ, ਮੈਂ ਉਹ ਵੀ ਪੜ੍ਹੀ ਹੈ। ਸਾਫ-ਸੁਥਰੀ ਰਾਜਨੀਤੀ ਦੇ ਨਾਂ ਤੇ ਕਾਂਗਰਸ ਨੇ ਵੋਟਾਂ ਲਈਆਂ ਹਨ। ਇਹ ਇਨ੍ਹਾਂ ਦਾ ਮੈਨੀਫੈਸਟੋ ਸੀ। ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਕੁਝ ਗਵਰਨਰ ਸਾਹਿਬ ਦੇ ਐਡਰੈਸ ਵਿਚ ਕਿਹਾ ਗਿਆ ਹੈ ਅਤੇ ਜੋ ਇਨ੍ਹਾਂ ਨੇ ਆਪਣੇ ਮੈਨੀਫੈਸਟੋ ਵਿਚ ਕਿਹਾ ਸੀ, ਕੀ ਉਹ ਸੱਚ ਹੈ ? ਕੀ ਪਿਛਲੇ 2002 ਦੇ ਐਡਰੈਸ ਵਿਚਲੀਆਂ ਗੱਲਾਂ ਵੀ ਸੱਚ ਹਨ ? ਜੇਕਰ ਉਹ ਸੱਚ ਸਨ ਤਾਂ ਇਸ ਐਡਰੈਸ ਵਿਚ ਵੀ ਸੱਚ ਹੀ ਹੋਣਗੀਆਂ। ਇਸ ਲਈ ਅਸੀਂ ਇਸ ਦੀ ਹਮਾਇਤ ਕਰ ਦੇਵਾਂਗੇ। ਪਰ ਜਦੋਂ ਪੜ੍ਹ ਕੇ ਦੇਖਿਆ ਤਾਂ ਪਤਾ ਲੱਗਦਾ ਹੈ ਕਿ ਪਿਛਲੇ ਸਾਲ ਦੇ ਐਡਰੈਸ ਵਿਚਲੀਆਂ ਗੱਲਾਂ ਵਿਚੋਂ ਕੁਝ ਵੀ ਕੀਤਾ ਨਹੀਂ ਗਿਆ। ਸਪੀਕਰ ਸਾਹਿਬ, ਮੈਂ ਜ਼ਿਆਦਾ ਗੱਲਾਂ ਨਹੀਂ ਕਰਾਂਗਾ। ਬਹਿਸ ਤਾਂ ਭਾਵੇਂ ਦੋ ਘੰਟੇ ਵੀ ਜਾਰੀ ਰੱਖ ਸਕਦਾ ਹਾਂ। ਸਪੀਕਰ ਸਾਹਿਬ, ਜਿਹੜੇ 2-3 ਪੁਆਇੰਟ ਮੇਨ ਹਨ, ਜਿਨ੍ਹਾਂ ਉਤੇ ਪੰਜਾਬ ਦੀ ਇਕਾਨਮੀ ਖੜ੍ਹੀ ਹੈ ਅਤੇ ਪ੍ਰਾਬਲਮਜ਼ ਖੜ੍ਹੀਆਂ ਹਨ, ਜਿਵੇਂ ਇਰੀਗੇਸ਼ਨ, ਪਾਵਰ ਅਤੇ ਐਗਰੀਕਲਚਰ ਅਤੇ ਇਨ੍ਹਾਂ ਦੇ ਨਾਲ ਅਲਾਈਡ ਮਸਲੇ ਹਨ, ਮੈਂ ਉਨ੍ਹਾਂ ਤੇ ਬੋਲਾਂਗਾ। ਸਪੀਕਰ ਸਾਹਿਬ, ਐਗਰੀਕਲਚਰ ਦੇ ਬਾਰੇ ਬੋਲਦਿਆਂ ਸ਼੍ਰੀ ਜਾਖੜ ਸਾਹਿਬ, ਐਮ.ਐਲ.ਏ. ਜਿਨ੍ਹਾਂ ਨੇ ਗਵਰਨਰ ਸਾਹਿਬ ਦੇ ਐਡਰੈਸ ਉਤੇ ਬਹਿਸ ਸ਼ੁਰੂ ਕੀਤੀ ਸੀ, ਜਿਹੜੀ ਸ਼ੂਗਰ ਮਿੱਲ ਰਾਣਾ ਸਾਹਿਬ ਦੀ ਹੈ, ਉਹ ਸਾਡੇ ਦੋਸਤ ਹਨ। ਐਗਰੀਕਲਚਰ ਦੇ ਪੁਆਇੰਟ ਤਾਂ 13-14 ਹੀ ਹਨ। ਪਰ ਪੰਨਾ 40 ਤੋਂ 59 ਤੱਕ ਅਲਾਈਡ ਗੱਲਾਂ ਹਨ। ਸਭ ਤੋਂ ਵੱਧ ਜ਼ੋਰ ਡਾਈਵਰਸੀਫਿਕੇਸ਼ਨ ਉਤੇ ਦਿੱਤਾ ਗਿਆ ਹੈ। ਡਾਈਵਰਸੀਫਿਕੇਸ਼ਨ ਵਿਚ ਵੀ ਕਿਥੋਂ ਤੱਕ, ਉਹ ਇਹ ਕਿ ਕੰਟਰੈਕਟ ਫਾਰਮਿੰਗ ਕੀਤੀ ਜਾਵੇਗੀ। ਯਾਨੀ ਅਖੀਰ ਆ ਕੇ ਗੱਲ ਇੱਥੇ ਖੜ੍ਹ ਗਈ ਹੈ ਕਿ ਡਾਈਵਰਸੀਫਿਕੇਸ਼ਨ, ਕੰਟਰੈਕਟ ਫਾਰਮਿੰਗ ਸਰਕਾਰ ਇਥੇ ਕਰੇਗੀ। ਸਪੀਕਰ ਸਾਹਿਬ, ਦੁੱਖ ਹੁੰਦਾ ਹੈ ਅਤੇ ਹੈਰਾਨੀ ਵੀ ਹੁੰਦੀ ਹੈ ਕਿ ਪਬਲਿਕ ਵਿੱਚ, ਫੀਲਡ ਵਿੱਚ ਜਾ ਕੇ ਵੀ ਕਦੇ ਵੇਖਿਆ ਹੈ ਜਾਂ ਏ. ਸੀ. ਕਮਰਿਆਂ ਵਿੱਚ ਬੈਠਕੇ ਜੋ ਪਲਾਨਿੰਗ ਤਿਆਰ ਕੀਤੀ ਜਾਂਦੀ ਹੈ, ਉਸਦੇ ਮੁਤਾਬਿਕ ਹੀ ਦੇਖਿਆ ਜਾਂਦਾ ਹੈ ਅਤੇ ਲਿਖਿਆ ਜਾਂਦਾ ਹੈ। ਸਪੀਕਰ ਸਾਹਿਬ, ਪੰਜਾਬ ਦੀ ਟੋਟਲ ਲੈਂਡ 50,33,000 ਹੈਕਟੇਅਰ ਹੈ ਅਤੇ ਇਸ ਵਿੱਚ ਨੈਟ ਸੋਇੰਗ ਏਰੀਆ 40,53,000 ਹੈਕਟੇਅਰ ਹੈ। ਸਪੀਕਰ ਸਾਹਿਬ, ਜੇ ਦੇਖੀਏ, ਜੋ ਹਾਲਤ ਕਿਸਾਨ ਦੀ ਹੈ, ਉਹ ਬੜੀ ਮਾੜੀ ਹੈ। ਅੱਜ ਕੋਈ ਵੱਡਾ ਕਿਸਾਨ ਨਹੀਂ ਰਹਿ ਗਿਆ। ਦੋ ਹੈਕਟੇਅਰ ਤੋਂ ਥੱਲੇ 35% ਕਿਸਾਨ ਆਉਂਦੇ ਹਨ, 4 ਹੈਕਟੇਅਰ ਤੋਂ ਥੱਲੇ 29% ਕਿਸਾਨ ਆਉਂਦੇ ਹਨ, ਔਰ 10 ਹੈਕਟੇਅਰ ਤੋਂ ਥੱਲੇ 28% ਹਨ

Original with;
Punjab Vidhan Sabha
Digitized by;
Panjab Digital Library

ਅਤੇ ਜਿਨ੍ਹਾਂ ਨੂੰ ਆਪਾਂ ਵਾਈਏਬਲ ਕਹਿ ਸਕਦੇ ਹਾਂ ਉਹ ਹਨ 7% ਜਿਹੜੇ ਕਿ 10 ਹੈਕਟੇਅਰ ਤੋਂ ਉਪਰ ਹਨ। ਸਪੀਕਰ ਸਾਹਿਬ, 7% ਤਾਂ ਗੱਲ ਛੱਡ ਦਿਓ 93% ਲੋਕ ਰੂਲ ਰਹੇ ਹਨ, ਗੱਲ ਤਾਂ ਆਪਾਂ ਉਨ੍ਹਾਂ ਦੀ ਕਰਦੇ ਹਾਂ। ਅੱਜ ਜਿਹੜਾ 93% ਫਾਰਮਰ ਹੈ, ਉਸ ਦੀ ਇਨਕਮ ਲਗਾਉ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਾਲਿਆਂ ਨੇ ਜੋ ਸਰਵੇ ਕੀਤਾ ਹੈ, ਉਸਦੇ ਮੁਤਾਬਿਕ ਛੋਟੇ ਜ਼ਿਮੀਂਦਾਰ ਦੀ ਗਰਾਸ ਇਨਕਮ 72,300 ਰੁਪਏ ਹੈ ਅਤੇ ਖਰਚਾ 32,000 ਰੁਪਏ ਨਿਕਲਦਾ ਹੈ ਅਤੇ 40,000 ਰੁਪਏ ਉਸਦੇ ਕੋਲ ਬਚਦਾ ਹੈ, ਅਤੇ ਜੇ ਪੰਜ ਦੀ ਫੈਮਲੀ ਜੋ ਜਨਰਲੀ ਗਿਣੀ ਜਾਂਦੀ ਹੈ ਤਿੰਨ ਵੱਡੇ ਅਤੇ ਜੇ ਦੋ ਬੱਚੇ ਗਿਣ ਲਈਏ ਤਾਂ ਇਸ ਦੇ ਮੁਤਾਬਿਕ 13,000 ਰੁਪਿਆ ਪ੍ਰਤੀ ਮੈਂਬਰ ਪ੍ਰਤੀ ਸਾਲ ਇਕ ਮੈਂਬਰ ਦੀ ਆਮਦਨ ਬਣਦੀ ਹੈ ਅਤੇ 1000 ਰੁਪਿਆ ਮਹੀਨਾ ਆਮਦਨ ਬਣਦੀ ਹੈ ਜੋ ਕਿ ਮੀਨੀਮਮ ਵੇਜਿਜ਼ ਤੋਂ ਵੀ ਘੱਟ ਹੈ। ਦੂਸਰੇ ਪਾਸੇ ਹਾਲਾਤ ਪੰਜਾਬ ਦੇ ਲਗਾਓ ਜਿਹੜੇ ਕਿ ਅਸੀਂ ਬੜੀ ਤਰੱਕੀ ਕਰਨੀ ਹੈ ਅਤੇ ਕਿਸਾਨਾਂ ਨੂੰ ਬੜਾ ਅੱਗੇ ਲੈ ਕੇ ਜਾਣਾ ਹੈ। ਇਹ ਬੜੀ ਖੁਸ਼ੀ ਦੀ ਗੱਲ ਹੈ, ਮੈਂ ਇਸ ਨੂੰ ਨੈਗੇਟਿਵ ਵਿੱਚ ਨਹੀਂ ਲੈ ਕੇ ਜਾਣਾ। ਲੇਕਿਨ ਮੈਂ, ਇਸ ਨੂੰ ਕਿਸਾਨ ਨਾਲ ਜੋੜ ਕੇ ਗੱਲ ਕਰਨੀ ਚਾਹੁੰਦਾ ਹਾਂ ਕਿਉਂਕਿ ਮੋਸਟਲੀ ਆਪਾਂ ਕਿਸਾਨਾਂ ਤੇ ਡਿਪੈਂਡ ਕਰਦੇ ਹਾਂ। ਅੱਜ ਜੇ ਪੰਜਾਬ ਦੇ ਚੌਥੇ ਦਰਜੇ ਦਾ ਮੁਲਾਜ਼ਮ ਜੋ ਸਭ ਤੋਂ ਗਰੀਬ ਹੁੰਦਾ ਹੈ, ਪੀਅਨ, ਉਸਦੀ ਤਨਖਾਹ ਜੇ ਸਟਾਰਟਿੰਗ ਵਿਚ ਲਈ ਜਾਵੇ, ਉਸਦੀਆਂ ਪੈਨਸ਼ਨ ਵਗੈਰਾ ਅਤੇ ਅਮਾਲੂਮੈਂਟ ਛੱਡ ਵੀ ਦਿਤੇ ਜਾਣ ਤਾਂ ਉਸਨੂੰ 5,000 ਕੁ ਰੁਪਏ ਤਨਖਾਹ ਮਿਲਦੀ ਹੈ ਅਤੇ ਸਾਲ ਵਿਚ ਆਮਦਨ 60,000 ਰੁਪਏ ਹੋ ਗਈ। ਇਕ ਪਾਸੇ 60,000 ਰੁਪਏ ਅਤੇ ਇਕ ਪਾਸੇ 13,000 ਰੁਪਏ। ਹੁਣ ਤੁਸੀਂ ਖੁਦ ਅੰਦਾਜ਼ਾ ਲਗਾ ਲਓ ਕਿ ਇਕ ਪਾਸੇ ਪੀਅਨ ਜਿਸ ਨੂੰ ਆਪਾਂ ਵੀ ਕਹਿੰਦੇ ਹਾਂ ਕਿ ਇਹ ਗਰੀਬ ਵਿਚਾਰਾ ਪੀਅਨ ਹੈ ਤਾਂ ਫਿਰ ਜੱਟ ਦੀ ਕਿੱਥੇ ਹਾਲਤ ਚਲੀ ਗਈ ਜਿਸ ਨੂੰ 13,000 ਹਜ਼ਾਰ ਰੁਪਏ ਵੀ ਨਹੀਂ ਮਿਲਦਾ ਅਤੇ ਜੁਆਕ ਫਿਰਦੇ ਹਨ ਜਿਸ ਦੇ ਸਿਰ ਤੇ ਸਾਫਾ ਨਹੀਂ ਅਤੇ ਪੈਰੀਂ ਜੁੱਤੀ ਨਹੀਂ ਹੁੰਦੀ ਅਤੇ ਢਿੱਡ ਵਿੱਚ ਰੋਟੀ ਨਹੀਂ, ਦੇਣ ਨੂੰ ਫੀਸ ਨਹੀਂ ਅਤੇ ਇਸਦੇ ਬਾਰੇ ਆਪਾਂ ਕੀ ਸੋਚਦੇ ਹਾਂ। ਇਕ ਸਵਾਏ ਇਸਦੇ ਕਿ ਅਕਾਲੀ ਦਲ ਦੀ ਸਰਕਾਰ ਵੇਲੇ ਬੜੀਆਂ ਖੁਦਕਸ਼ੀਆਂ ਹੁੰਦੀਆਂ ਸਨ। ਕੀ ਹੁਣ ਬੰਦ ਹੋ ਗਈਆਂ ? ਅੱਜ ਟੱਬਰਾਂ ਦੇ ਟੱਬਰ ਖੁਦਕਸ਼ੀਆਂ ਕਰ ਰਹੇ ਹਨ। ਅਸੀਂ ਮੰਨਦੇ ਹਾਂ ਕਿ ਕਿਸਾਨ ਦੇ ਹਾਲਾਤ ਕਿਸੇ ਵੇਲੇ ਉਹ ਬੰਦੂਕ ਚੁੱਕਣ ਨੂੰ ਪੈ ਜਾਂਦਾ, ਕਿਸੇ ਵੇਲੇ ਉਹ ਪੋਹ-ਮਾਘ ਦੀ ਰਾਤ ਵਿੱਚ ਸੜਕ ਤੇ ਪੈ ਜਾਂਦਾ ਹੈ ਅਤੇ ਕਿਸੇ ਵੇਲੇ ਅੱਕਿਆ ਹੋਇਆ ਆਪਣੇ ਆਪ ਨੂੰ ਕੁਰਬਾਨ ਕਰ ਦਿੰਦਾ ਹੈ। ਸਪੀਕਰ ਸਾਹਿਬ, ਇਹ ਜੋ ਡਾਈਵਰਸੀਫਿਕੇਸ਼ਨ ਦੀ ਗੱਲ ਹੈ, ਇਸ ਦੀ ਲੋੜ ਹੀ ਨਾ ਪੈਂਦੀ, ਇਹ ਸ਼ੁਰੂ ਹੀ ਨਾ ਹੁੰਦੀ ਜੇ ਕਿਤੇ ਡਬਲਯੂ.ਟੀ.ਓ. ਵਾਲੇ ਪੰਗੇ ਤੇ ਸਾਈਨ ਨਾ ਹੁੰਦੇ। ਹਿੰਦੁਸਤਾਨ ਦੀ ਆਪਣੀ ਬਹੁਤ ਵੱਡੀ ਮਾਰਕੀਟ ਸੀ। ਅੱਜ ਕੋਈ ਹਿੰਦੁਸਤਾਨ ਵਿੱਚ ਲੋਕ ਰੱਜ ਨਹੀਂ ਗਏ, ਜੇ ਡਬਲਯੂ.ਟੀ.ਓ. ਨਾ ਹੁੰਦਾ ਤਾਂ ਇਥੇ ਬੜੇ ਵੱਖਰੇ-ਵੱਖਰੇ ਲੋਕਾਂ ਦੇ ਖਿਆਲ ਹਨ। ਮੇਰਾ ਖਿਆਲ ਹੈ ਕਿ ਮਿਡਲ ਈਸਟ ਵੀ ਖਾਲੀ ਪਿਆ ਸੀ, ਇਹ ਜ਼ਰੂਰੀ ਨਹੀਂ ਅਮਰੀਕਾ ਦੀ ਕਣਕ ਆ ਕੇ ਹੀ ਉਥੇ ਡਿੱਗਦੀ। ਸਾਡਾ ਗੁਆਂਢੀ ਸੀ, ਅਸੀਂ ਆਪਣੀ ਵੀ ਕਣਕ ਉਥੇ ਵੇਚ ਸਕਦੇ ਸੀ। ਪਹਿਲੇ ਪੰਜਾਬ ਅਤੇ ਫਿਰ ਦੇਸ਼ ਦੀ ਮੌਤ ਦੇ ਵਾਰੰਟਾਂ ਤੋਂ ਇਹ ਬਚ ਨਹੀਂ ਸਕਦੀ। ਪਾਰਟੀ ਜਿਸ ਦੇ ਪ੍ਰਧਾਨ ਸ੍ਰੀ ਨਰਸਿਮ੍ਹਾ ਰਾਓ ਨੇ ਦਸਤਖਤ ਕੀਤੇ ਜਿਸ ਦਾ ਕਾਰਨ ਇਹ ਹੈ ਕਿ ਅੱਜ ਇੰਡਸਟਰੀ ਤਬਾਹ, ਕਿਸਾਨ ਤਬਾਹ, ਮਜ਼ਦੂਰ ਤਬਾਹ ਅਤੇ ਸਾਰਾ ਕੁਝ ਤਬਾਹੀ ਵੱਲ ਹੀ ਜਾ ਰਿਹਾ ਹੈ। ਜਿਸ ਦੀ ਵਕਾਲਤ ਅੱਜ ਵੀ ਤੁਹਾਡੀ ਜੋ ਸਰਕਾਰ ਹੈ ਅਤੇ ਉਸਦਾ ਹੈਡ ਜੋ ਹੈ, ਉਸਦੇ ਲੇਖ ਡਬਲਯੂ.ਟੀ.ਓ. ਦੇ ਆ ਰਹੇ ਹਨ ਉਹ ਕਰ ਰਹੇ ਹਨ।

ਦੂਸਰਾ ਹੈ ਪਾਣੀ ਦੀ, ਪਾਣੀ ਦੇ ਨਾਲ ਸਾਰੇ ਦਾ ਲਿੰਕ ਹੈ, ਪਾਣੀ ਬਿਜਲੀ ਅਤੇ ਖੇਤੀ ਤਿੰਨੇ ਇਕ ਚੀਜ਼ ਹਨ। ਮੈਂ ਹੈਰਾਨ ਹਾਂ ਕਿ ਐਤਕੀਂ ਇਕ ਬੜੀ ਚੰਗੀ ਗੱਲ ਕਹੀ ਹੈ,

Original with;
Punjab Vidhan Sabha
Digitized by;

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਚੰਗੀ ਨੂੰ ਅਸੀਂ ਚੰਗੀ ਵੀ ਕਹਾਂਗੇ। ਤੁਸੀਂ ਵੀ ਸੋਚਦੇ ਹੋਵੋਗੇ ਕਿ ਉਹ ਕਿਹੜੀ ਗੱਲ ਹੈ। ਜਾਖੜ ਸਾਹਿਬ ਨੇ ਕਿਹਾ, ਨਾਭੇ ਵਾਲੇ ਐਮ.ਐਲ.ਏ. ਸਾਹਿਬ ਨੇ ਵੀ ਕਿਹਾ ਅਤੇ ਚਾਰ-ਪੰਜ ਹੋਰ ਐਮ.ਐਲ.ਏ ਸਾਹਿਬਾਨ ਨੇ ਵੀ ਕਿਹਾ ਕੀ ਕਿਹਾ ਕਿ ਜੋ ਪ੍ਰਾਬਲਮ ਹਨ ਸਟੇਟ ਦੇ ਸਾਹਮਣੇ, ਮੈਂ ਸਾਰੇ ਸਦਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਆਓ ਰਲ ਕੇ ਉਨ੍ਹਾਂ ਨੂੰ ਹੱਲ ਕਰੀਏ, ਬੜੀ ਅੱਛੀ ਗੱਲ ਕਹੀ ਹੈ, ਬਹੁਤ ਚੰਗੀ ਗੱਲ ਹੈ। ਸ਼ਾਇਦ ਕਨਸੈਂਸਿਸ ਵਾਸਤੇ ਅਕਾਲੀ ਦਲ ਕਦੇ ਭੱਜਿਆ ਨਹੀਂ। ਪਰ ਕਨਸੈਂਸਿਸ ਲੈਣ ਵਾਸਤੇ ਕੀ ਕਰਨਾ ਹੁੰਦਾ ਹੈ ? ਥੋੜ੍ਹਾ ਥੱਲੇ ਆਪਣੇ ਵੱਲ ਵੀ ਦੇਖਣਾ ਪੈਂਦਾ ਹੈ। ਜੇ ਦਰਿਆਵਾਂ ਦੇ ਪਾਣੀ ਦੀ ਗੱਲ ਹੈ ਤਾਂ ਪੰਜਾਬ ਅਕਾਲੀ ਦਲ ਨੇ ਪੁੱਟ ਦਿੱਤਾ, ਜੇ ਕੁਰੱਪਸ਼ਨ ਦੀ ਗੱਲ ਹੈ ਤਾਂ ਪੰਜਾਬ ਅਕਾਲੀ ਦਲ ਨੇ ਪੁੱਟ ਦਿੱਤਾ। ਜੇ ਐਸ.ਵਾਈ.ਐਲ. ਦੀ ਗੱਲ ਹੈ ਤਾਂ ਪੰਜਾਬ ਅਕਾਲੀ ਦਲ ਨੇ ਪੁੱਟ ਦਿੱਤਾ। ਸਪੀਕਰ ਸਾਹਿਬ, ਦੋ ਵੱਡੇ ਮਸਲੇ ਹਨ ਜਿਨ੍ਹਾਂ ਨੂੰ ਅਕਾਲੀ ਦਲ ਨੇ ਨਹੀਂ ਪੁੱਟਿਆ। ਇਨ੍ਹਾਂ ਨੂੰ ਕਰੀਏਟ ਕਿਸ ਨੇ ਕੀਤਾ ? ਇਸ ਨੂੰ ਕਰੀਏਟ ਸਾਡੇ ਸਾਹਮਣੇ ਬੈਠੇ ਵੀਰਾਂ ਦੀ ਪਾਰਟੀ ਨੇ ਕੀਤਾ। ਮੈਂ ਪਾਣੀ ਦਾ ਮਸਲਾ ਬਾਅਦ ਵਿੱਚ ਲਵਾਂਗਾ, ਬਿਜਲੀ ਦਾ ਇਸ਼ੂ ਬਾਅਦ ਵਿੱਚ ਲਵਾਂਗਾ ਪਰ ਪਹਿਲਾਂ ਖੇਤੀ ਦੀ ਗੱਲ ਕਰ ਲਈਏ। ਡਬਲਯੂ.ਟੀ.ਓ. ਬਾਰੇ ਅਸੀਂ ਕੀ ਸੋਚ ਸਕਦੇ ਹਾਂ। ਸਪੀਕਰ ਸਾਹਿਬ, ਮੈਂ ਆਨਰੇਬਲ ਵੀਰ ਨੂੰ ਦੱਸਣਾ ਚਾਹੁੰਦਾ ਹਾਂ ਜਿਸ ਨੇ ਮਤਾ ਪੇਸ਼ ਕੀਤਾ, ਬੜੇ ਪਿਆਰ ਨਾਲ ਦੱਸਦਾ ਹਾਂ। ਵੈਸੇ ਇਹ ਮੇਰਾ ਭਰਾ ਬੜਾ ਕਾਬਲ ਹੈ। ਇਸ ਨੇ ਅੱਛੀਆਂ ਗੱਲਾਂ ਕੀਤੀਆਂ ਹਨ। ਜੇ ਡਬਲਯੂ.ਟੀ.ਓ. ਦਾ ਮੁਕਾਬਲਾ ਕਰਨਾ ਹੈ ਤਾਂ ਪਹਿਲਾਂ ਲੈਵਲ ਪਲੇਇੰਗ ਫੀਲਡ ਦੀ ਗੱਲ ਕਰੋ। ਸੂਬੇ ਦੀ 90% ਆਬਾਦੀ ਕੋਲ 4 ਏਕੜ ਤੋਂ ਥੱਲੇ ਜ਼ਮੀਨ ਹੈ। ਜਿਨ੍ਹਾਂ ਕੋਲ ਵੱਡੇ ਫਾਰਮ ਹਨ, ਉਥੇ ਹਵਾਈ ਜਹਾਜ਼ ਰਾਹੀਂ ਸਪਰੇਅ ਹੁੰਦਾ ਹੈ ਪਰ ਜਿਨ੍ਹਾਂ ਕੋਲ 4-5 ਏਕੜ ਜ਼ਮੀਨਾਂ ਹਨ, ਉਨ੍ਹਾਂ ਕੋਲ ਇਰੀਗੇਸ਼ਨ ਦੇ ਸਾਧਨ ਉਪਲਬਧ ਨਹੀਂ, ਮਾਰਕੀਟ ਉਪਲਬਧ ਨਹੀਂ। ਇਸ ਲਈ ਉਹ ਕੀ ਸਾਨੂੰ ਮਾਰਕੀਟ ਦੇ ਸਕਣਗੇ। ਸਿਰਫ ਗੱਲਾਂ ਨਾਲ ਕੁਝ ਨਹੀਂ ਬਣਦਾ। ਇਹ ਡਬਲਯੂ.ਟੀ.ਓ. ਨੇ ਹੀ ਸਾਰੇ ਪੰਗੇ ਪਾਏ ਹਨ। ਫਿਰ ਇਹ ਕਹਿੰਦੇ ਹਨ ਦਿੱਲੀ ਤੋਂ ਕੀਮਤਾਂ ਨਹੀਂ ਮਿਲ ਰਹੀਆਂ। ਕੀਮਤਾਂ ਕਿੱਥੋਂ ਮਿਲਣਗੀਆਂ। ਪੰਜ ਸਾਲ ਪਹਿਲਾਂ, ਦਸ ਸਾਲ ਪਹਿਲਾਂ ਅਸੀਂ ਕਹਿ ਦਿੱਤਾ ਸੀ ਕਿ ਡਬਲਯੂ.ਟੀ.ਓ. ਖਰਾਬ ਕਰੇਗਾ ਜਦੋਂ ਆਸਟਰੇਲੀਆ ਦੀ ਕਣਕ 410 ਰੁਪਏ ਇੱਥੇ ਡਿੱਗੇਗੀ, ਅਮਰੀਕਾ ਦੀ ਕਣਕ 410 ਰੁਪਏ ਇੱਥੇ ਡਿੱਗੇਗੀ। ਸਾਡੀ 1000 ਰੁਪਏ ਕਣਕ ਨੂੰ ਕੋਈ ਨਹੀਂ ਖਰੀਦੇਗਾ। ਉਨ੍ਹਾਂ ਦੇਸ਼ਾਂ ਕੋਲ ਸਬਸਿਡੀਆਂ ਹਨ। ਉਨ੍ਹਾਂ ਦਾ ਕੋਈ ਸਿਸਟਮ ਹੈ। ਉਹ ਦੇ ਸਕਦੇ ਹਨ। ਮੈਂ ਅੱਜ ਵੀ ਬੇਨਤੀ ਕਰਦਾ ਹਾਂ। ਇਹ ਹਾਲੇ ਵੀ ਕਹਿੰਦੇ ਹਨ ਕਿ ਡਬਲਯੂ.ਟੀ.ਓ. ਚੰਗਾ ਹੈ। ਮਾਨਯੋਗ ਸਪੀਕਰ ਸਾਹਿਬ, ਈਸਟ ਇੰਡੀਆ ਕੰਪਨੀ ਲੰਦਨ ਤੋਂ ਕਲਕੱਤੇ ਆਈ ਸੀ। ਉਸ ਨੇ ਹਿੰਦੁਸਤਾਨ ਤੇ 200 ਸਾਲ ਰਾਜ ਕੀਤਾ। ਦੁਨੀਆਂ ਉਸ ਨੇ ਗੁਲਾਮ ਕੀਤੀ। ਅੱਜ ਡਬਲਯੂ.ਟੀ.ਓ. ਬਣਾ ਕੇ ਅਮਰੀਕਾ ਦੁਨੀਆਂ ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਸਾਡੇ ਤੋਂ ਉਸ ਨੇ ਅੰਗੂਠਾ ਲਗਵਾ ਲਿਆ ਹੈ। ਉਨ੍ਹਾਂ ਦੇਸ਼ਾਂ ਦੀ ਕੋਈ ਚੀਜ਼ ਨਹੀਂ ਰੁਕ ਸਕਦੀ ਪਰ ਜੇ ਸਾਡੀ ਕਣਕ ਉਥੇ ਜਾਵੇਗੀ ਤਾਂ ਰੋਕੀ ਜਾਵੇਗੀ ਕਿਉਂਕਿ ਉਨ੍ਹਾਂ ਨੇ ਕਹਿਣਾ ਹੈ ਕਿ ਇਸ ਨੂੰ ਬਿਮਾਰੀ ਲੱਗੀ ਹੋਈ ਹੈ। ਸਾਡੇ ਬੰਦੇ ਜੇ ਕਸ਼ਮੀਰ ਦਾ ਗਲੀਚਾ ਬਣਾ ਕੇ ਲੈ ਜਾਣ ਤਾਂ ਵੀ ਉਹ ਕਹਿਣਗੇ ਕਿ ਇਸ ਨੂੰ ਤਾਂ ਅੱਠ ਸਾਲ ਦੇ ਬੱਚੇ ਨੇ ਬਣਾਇਆ ਹੈ, ਇਹ ਠੀਕ ਨਹੀਂ ਹੈ। ਇਸ ਨੂੰ ਬਿਮਾਰੀ ਲੱਗੀ ਹੋਈ ਹੈ। ਮੈਂ ਹੈਰਾਨ ਹਾਂ ਕਿ ਕਦੇ ਅਮੀਰ ਦੇ ਸਮਝੌਤੇ ਗਰੀਬ ਦੇ ਪੱਖ ਵਿੱਚ ਵੀ ਹੋ ਸਕਦੇ ਹਨ ? ਅਜਿਹਾ ਕਦੀ ਨਹੀਂ ਹੋ ਸਕਦਾ। ਅੱਜ ਅਮਰੀਕਾ ਵਰਗੀਆਂ ਡਿਵੈਲਪਡ ਕੰਟਰੀਜ਼ ਨੇ ਡਬਲਯੂ.ਟੀ.ਓ. ਤੇ ਸਾਈਨ ਕਰਵਾਏ ਹਨ। ਕੀ ਕਦੇ ਹਿੰਦੁਸਤਾਨ ਦੀ ਸਰਕਾਰ ਨੇ ਉਸ ਸਮੇਂ ਸੋਚਿਆ ਨਹੀਂ ? ਹਿੰਦੁਸਤਾਨ ਦੀ ਸਰਕਾਰ ਨੇ ਨਹੀਂ ਸੋਚਿਆ। ਸਮੇਂ

Original with;
Punjab Vidhan Sabha
Digitized by;
Panjab Digital Library

ਦੀ ਸਰਕਾਰ ਨੂੰ ਚਾਹੀਦਾ ਸੀ ਕਿ ਉਹ ਸੂਬਿਆਂ ਵਿੱਚ ਬਹਿਸ ਕਰਵਾਉਂਦੀ, ਹਿੰਦੁਸਤਾਨ ਦੇ ਲੋਕਾਂ ਤੋਂ ਪੁੱਛਦੀ ਕਿ ਸਾਡੀ ਮਜਬੂਰੀ ਹੈ, ਸਾਨੂੰ ਸਾਈਨ ਕਰਨੇ ਪੈ ਰਹੇ ਹਨ। ਜਾਖੜ ਸਾਹਿਬ, ਸਿਰਫ ਸੱਤ ਦਿਨ ਰਹਿ ਗਏ ਸਨ, ਰਿਜ਼ਰਵ ਬੈਂਕ ਨੂੰ ਕਰੰਸੀ ਦੇਣ ਵਿੱਚ ਜਿਸ ਵੇਲੇ ਸ਼੍ਰੀ ਨਰਸਿਮ੍ਹਾ ਰਾਓ ਨੇ ਸਾਈਨ ਕੀਤੇ। ਮੈਂ ਕਹਿੰਦਾ ਹਾਂ ਕਿ ਸਾਡੇ ਪ੍ਰਧਾਨ ਮੰਤਰੀ ਲੋਕਾਂ ਕੋਲ ਜਾਂਦੇ ਕਿ ਮੇਰਾ ਦੇਸ਼ ਨਿਲਾਮ ਹੋ ਰਿਹਾ ਹੈ, ਮੈਂ ਪੈਰ ਦੀ ਜੁੱਤੀ ਛੱਡ ਸਕਦਾ ਹਾਂ, ਮੈਂ ਤਨ ਦਾ ਕੁੜਤਾ ਛੱਡ ਸਕਦਾ ਹਾਂ, ਸਿਰ ਦੀ ਟੋਪੀ ਛੱਡ ਸਕਦਾ ਹਾਂ ਲੇਕਿਨ ਦੇਸ਼ ਦੀ ਇੱਜ਼ਤ ਨਿਲਾਮ ਨਹੀਂ ਕਰ ਸਕਦਾ। ਪਰ ਉਨ੍ਹਾਂ ਨੂੰ ਆਪਣਾ ਰਾਜ ਚੰਗਾ ਲੱਗਾ ਤੇ ਉਨ੍ਹਾਂ ਨੇ ਸਾਈਨ ਕੀਤੇ। ਜੇ ਉਸ ਸਮੇਂ ਲੋਕਾਂ ਦਾ ਸਾਥ ਮੰਗਿਆ ਹੁੰਦਾ ਤਾਂ ਅਮਰੀਕਾ ਇੱਥੇ ਅੱਜ ਮੰਡੀ ਨਹੀਂ ਖੋਲ੍ਹ ਸਕਦਾ ਸੀ। ਅੱਜ ਦੁੱਧ ਵਾਲੇ ਪਿੱਟ ਰਹੇ ਹਨ, ਫਰੂਟ ਵਾਲੇ ਪਿੱਟ ਰਹੇ ਹਨ, ਸਬਜ਼ੀਆਂ ਵਾਲੇ ਵੀਰ ਪਿੱਟ ਰਹੇ ਹਨ, ਆਇਲ ਸੀਡ ਵਾਲੇ ਪਿੱਟ ਰਹੇ ਹਨ। ਤੁਸੀਂ ਹੀ ਦੱਸ ਦਿਓ ਜਿਹੜਾ ਕਹੇ ਕਿ ਮੈਂ ਠੀਕ ਹਾਂ। ਅੱਜ ਲੈਵਲ ਪਲੇਇੰਗ ਫੀਲਡ ਚਾਹੀਦਾ ਹੈ। ਟੈਕਸ ਇਨਕਰੀਜ਼ ਹੋ ਰਹੇ ਹਨ। ਹਿੰਦੁਸਤਾਨ ਦੀ ਬਿਊਰੋਕਰੇਸੀ ਨੂੰ ਛੇ ਮਹੀਨੇ ਪਹਿਲਾਂ ਪਤਾ ਹੀ ਨਹੀਂ ਲੱਗਦਾ ਕਿ ਕੀ ਹੋ ਰਿਹਾ ਹੈ। ਛੇ ਮਹੀਨੇ ਬਾਅਦ ਜਾ ਕੇ ਸੁਰਤ ਆਉਂਦੀ ਹੈ ਜਦੋਂ ਹਿੰਦੁਸਤਾਨ ਭਰ ਦਿੱਤਾ ਜਾਂਦਾ ਹੈ। ਛੋਟੀਆਂ ਗੱਲਾਂ ਛੱਡ ਦਿਓ। ਕਹਿੰਦੇ ਲੋਹਾ ਇਥੇ ਵਿਕਦਾ ਨਹੀਂ, ਜਦੋਂ ਹਿੰਦੁਸਤਾਨ ਦਾ ਮਾਲ ਆਇਆ ਤਾਂ ਕਹਿੰਦੇ ਤਿੰਨ ਪ੍ਰਤੀਸ਼ਤ ਟੈਕਸ ਲਗਾ ਦਿਓ ਅਤੇ 15 ਮਿੰਟਾਂ ਵਿੱਚ ਹਵਾਈ ਅੱਡੇ ਤੇ ਮਾਲ ਰੋਕ ਦਿੱਤਾ। ਸਾਡੇ ਇਥੇ ਮਾਰਕੀਟ ਵਿੱਚ ਮਾਲ ਆਉਣ ਤੋਂ 6 ਮਹੀਨੇ ਮਗਰੋਂ ਸੋਚਦੇ ਹਨ। ਇਸ ਕਰਕੇ ਜਾਖੜ ਸਾਹਿਬ, ਸੋਚੋ। ਇਕੱਠੇ ਬੈਠਣ ਦਾ ਜ਼ਮਾਨਾ ਤਾਂ ਰਿਹਾ ਨਹੀਂ.....

**Mr. Speaker :** Do not address Jakhar Sahib, address the Chair.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮੈਂ, ਸਪੀਕਰ ਸਾਹਿਬ, ਪਿਆਰ ਨਾਲ ਕਹਿ ਰਿਹਾ ਹਾਂ। ਉਹ ਬੜੇ ਸਿਆਣੇ ਹਨ, ਸਮਝਦਾਰ ਹਨ, ਮੈਂ ਕੋਈ ਜ਼ਾਤੀ ਕਟਾਖਸ਼ ਨਹੀਂ ਕਰ ਰਿਹਾ, ਜਾਤੀ ਕੋਈ ਗੱਲ ਨਹੀਂ ਕੀਤੀ। ਸੋ, ਸਪੀਕਰ ਸਾਹਿਬ, ਇਹ ਜਿਹੜੇ ਸਾਰੇ ਪੰਗੇ ਪਏ ਹਨ, ਉਨ੍ਹਾਂ ਨੇ ਸਾਨੂੰ ਕਿਥੇ ਲਿਆ ਕੇ ਖੜ੍ਹਾ ਕਰ ਦਿੱਤਾ। ਗੱਲਾਂ ਤਾਂ ਬਹੁਤ ਹਨ ਪਰ ਲੰਬਾ ਟਾਈਮ ਨਹੀਂ ਹੈ। ਇਥੇ ਕਿਹਾ ਭਾਅ ਨਹੀਂ ਮਿਲਦਾ, ਬਾਦਲ ਸਾਹਿਬ ਕੁਝ ਨਹੀਂ ਲੈ ਕੇ ਆਏ। ਲਓ ਤੁਸੀਂ ਗੱਲ ਸੁਣ ਲਓ। ਸਾਡੇ ਵੇਲੇ ਪੈਡੀ 1996-97 ਵਿਚ 395 ਰੁਪਏ ਤੋਂ ਵਧਾ ਕੇ 2001-02 ਵਿੱਚ 560 ਰੁਪਏ ਤੱਕ ਲਿਆਂਦੀ ਗਈ, ਤਕਰੀਬਨ 41 ਰੁਪਏ ਪ੍ਰਤੀ ਕੁਇੰਟਲ ਹਰ ਸਾਲ ਦਾ ਵਾਧਾ ਬਾਦਲ ਸਾਹਿਬ ਨੇ ਕਰਵਾ ਕੇ ਲਿਆਂਦਾ ਹੈ। ਕਣਕ ਦਾ ਮੁੱਲ 350 ਰੁਪਏ ਤੋਂ ਵਧਾ ਕੇ 620 ਰੁਪਏ ਕਰਾਇਆ, ਯਾਨੀ 60 ਰੁਪਏ ਪ੍ਰਤੀ ਕੁਇੰਟਲ ਹਰ ਸਾਲ ਦਾ ਵਾਧਾ ਹੋਇਆ ਹੈ। ਹੁਣ ਦੋ ਸਾਲਾਂ ਵਿੱਚ ਦੱਸ ਦੇਣ ਕਿੰਨਾ ਵਾਧਾ ਹੋਇਆ ਹੈ? ਹਾਂ, ਆਪੋਜ਼ੀਸ਼ਨ ਤਾਂ ਧਰਨਾ ਲਾਉਂਦੀ ਰਹੀ ਹੈ ਪਰ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਤੋਂ ਟਾਈਮ ਲੈ ਕੇ ਧਰਨਾ ਲਗਾ ਦਿੱਤਾ ਅਤੇ ਟਾਈਮ ਵਾਲੀ ਗੱਲ ਛੱਡ ਹੀ ਦਿੱਤੀ।

**ਆਵਾਜ਼ਾਂ** : ਉਹ ਤਾਂ ਕਿਸਾਨਾਂ ਦੇ ਹਿੱਤਾਂ ਵਿੱਚ ਸੀ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਹਾਂ, ਕਿਸਾਨਾਂ ਦੇ ਹਿੱਤਾਂ ਵਿੱਚ ਸੀ। ਸਪੀਕਰ ਸਾਹਿਬ, ਇਥੇ ਡਾਈਵਰਸੀਫਿਕੇਸ਼ਨ ਵਾਲੇ ਪੁਆਇੰਟ ਵੀ ਆਏ। ਇਨਪੁਟਸ ਦੀ ਪ੍ਰਾਈਸ ਦੀ ਗੱਲ ਵੀ ਕਹੀ ਗਈ ਕਿ ਦਿੱਲੀ ਨੇ ਰੇਟ ਬੜੇ ਹਾਈ ਕਰ ਦਿੱਤੇ। ਮੈਂ ਹੈਰਾਨ ਹਾਂ ਕਿ ਸਰਕਾਰ ਇੰਨੀ ਸੁੱਤੀ ਪਈ ਸੀ। ਉਹ ਪੈਸਾ ਤਾਂ ਸੈਂਟਰ ਗੌਰਮਿੰਟ ਨੇ ਵਿਦਡਰਾਅ ਕਰ ਲਿਆ। ਪਰ ਗਵਰਨਰ ਐਡਰੈਸ ਵਿੱਚ ਪੈਸੇ ਵਧੇ ਹੋਏ ਹੀ ਲਿਖੇ ਪਏ ਹਨ। ਕੀ ਇਸ ਤਰ੍ਹਾਂ ਤੁਸੀਂ ਬਿਊਰੋਕਰੇਸੀ ਤੇ ਡਿਪੈਂਡ ਕਰੋਗੇ ਔਰ ਸਰਕਾਰ ਸੁੱਤੀ ਰਹੇਗੀ? ਇਥੇ ਗਵਰਨਰ ਐਡਰੈਸ ਦੇ

Original with;
Punjab Vidhan Sabha
Digitized by;

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਪੈਰੇ ਵਿੱਚ ਮੌਜੂਦ ਹੈ ਜਦ ਕਿ ਵਧੀ ਹੋਈ ਪ੍ਰਾਈਸ ਅਬਾਲਿਸ਼ ਹੋ ਗਈ ਹੈ। ਜੇਕਰ ਸਰਕਾਰ ਨੇ ਜ਼ੋਰ ਲਗਾਇਆ ਹੁੰਦਾ ਤਾਂ ਯਾਦ ਹੁੰਦਾ। ਜ਼ੋਰ ਤਾਂ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲੀ ਦਲ ਨੇ ਲਗਾਇਆ ਹੈ, ਤਾਂ ਇਹ ਵਾਧਾ ਵਾਪਸ ਲਿਆ ਹੈ। ਨਹੀਂ ਤਾਂ ਪੰਜਾਬ ਦਾ ਕਿਸਾਨ ਤਬਾਹ ਹੋ ਜਾਣਾ ਸੀ। ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇਹ ਬੜੀ ਹਿਤੈਸ਼ੀ ਸਰਕਾਰ ਹੈ, ਜ਼ਿਆਦਾ ਨਹੀਂ ਕਰ ਸਕਦੀ ਤਾਂ ਥੋੜ੍ਹਾ ਹੀ ਕਰ ਦਿਓ। ਪਿਛਲੀ ਵਾਰ ਤੁਸੀਂ ਜ਼ੀਰੋ ਤੋਂ ਚਾਰ ਪ੍ਰਤੀਸ਼ਤ ਟੈਕਸ ਫਰਟੇਲਾਈਜ਼ਰ ਤੇ ਲਗਾਇਆ ਅਤੇ ਪੰਜਾਬ ਦਾ ਕਿਸਾਨ ਤਬਾਹ ਕਰ ਦਿੱਤਾ। ਹੁਣ ਸਾਰੀ ਖਾਦ ਹਰਿਆਣੇ ਵਿਚੋਂ ਅਤੇ ਗਵਾਂਢੀ ਸਟੇਟ ਰਾਜਸਥਾਨ ਵਿੱਚੋਂ ਆ ਰਹੀ ਹੈ। ਫਿਰ ਤੁਸੀਂ ਦੋ ਪ੍ਰਤੀਸ਼ਤ ਤੋਂ ਚਾਰ ਪ੍ਰਤੀਸ਼ਤ ਪੈਸਟੀਸਾਈਡਜ਼ ਤੇ ਟੈਕਸ ਲਗਾਇਆ ਹੈ, ਅੱਠ ਪ੍ਰਤੀਸ਼ਤ ਤੋਂ ਬਾਰਾਂ ਪ੍ਰਤੀਸ਼ਤ ਡੀਜ਼ਲ ਤੇ ਵਧਾ ਦਿੱਤਾ। ਫਿਰ ਇੱਕ ਨਵਾਂ ਹੀ ਫੈਸਲਾ ਕਰ ਦਿੱਤਾ, ਮੈਨੂੰ ਅਫ਼ਸੋਸ ਹੈ ਕਿ ਇਹ ਫੈਸਲੇ ਹੋ ਕਿਵੇਂ ਰਹੇ ਹਨ। ਦੋ ਪ੍ਰਤੀਸ਼ਤ ਐਂਟਰੀ ਟੈਕਸ ਲਗਾਉਣ ਦੀ ਗੱਲ ਚੱਲ ਰਹੀ ਹੈ ਕਿ ਚੁੰਗੀ ਖਤਮ ਕਰਕੇ ਜੋ ਟੋਟਲ ਮਾਲ ਸਟੇਟ ਵਿੱਚ ਆ ਰਿਹਾ ਹੈ, ਉਸ ਮਾਲ ਤੇ ਦੋ ਪ੍ਰਤੀਸ਼ਤ ਟੈਕਸ ਲਵਾਂਗੇ। ਚੁੰਗੀ ਵਿੱਚ ਖੇਤੀ ਦਾ ਸਮਾਨ ਨਹੀਂ ਸੀ ਆਉਂਦਾ ਪਰ ਹੁਣ ਖੇਤੀ ਦੇ ਸਮਾਨ ਤੇ ਵੀ ਟੈਕਸ ਲੱਗੇਗਾ। ਇਸ ਤਰ੍ਹਾਂ ਖੇਤੀ ਦੇ ਸਮਾਨ ਤੋਂ ਵਸੂਲ ਕੀਤਾ ਟੈਕਸ ਸ਼ਹਿਰਾਂ ਵਿੱਚ ਲੱਗੇਗਾ। ਇਹ ਤੁਸੀਂ ਛੱਡਣਾ ਤਾਂ ਕੀ ਸੀ, ਮੇਰਾ ਖਿਆਲ ਹੈ ਘੱਟੋ ਘੱਟ 1000 ਕਰੋੜ ਰੁਪਏ ਦਾ ਟੈਕਸ ਇਕੱਲੇ ਜੱਟ ਤੇ ਲੱਗੇਗਾ, ਇਹ ਡਾਇਰੈਕਟ ਨਹੀਂ ਲਗਾ ਰਹੇ, ਇਨਡਾਇਰੈਕਟ ਲਗਾ ਦਿੱਤਾ ਹੈ। ਇਸ ਕਰਕੇ ਸਾਰੀ ਚੀਜ਼ ਨੂੰ ਸੋਚੋ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਝੋਨੇ ਦਾ 330 ਕਰੋੜ ਰੁਪਿਆ ਦੇਣਾ ਹੈ ਪਰ ਇਹ ਤਿੰਨ ਸਾਲ ਦਾ ਪਤਾ ਨਹੀਂ ਕਿਹੜਾ 55 ਕਰੋੜ ਰੁਪਿਆ ਮੰਨੇ ਹਨ। ਪਤਾ ਨਹੀਂ ਉਹ ਕਿਸ ਨੂੰ ਦਿੱਤਾ ਹੈ। ਸਾਡੇ ਜ਼ਿਲ੍ਹੇ ਵਿੱਚ ਤਾਂ ਮਿਲਿਆ ਨਹੀਂ। ਮੈਂ ਵੀ ਝੋਨਾ ਵੇਚਿਆ ਹੈ, ਮੈਨੂੰ ਤਾਂ ਮਿਲਿਆ ਨਹੀਂ। ਜੇ ਕਿਸੇ ਨੂੰ ਮਿਲਿਆ ਹੈ ਤਾਂ ਦੱਸ ਦਿਓ। ਉਸ ਤੋਂ ਬਾਅਦ ਬਿਜਲੀ ਦੇ ਬਿੱਲ ਲਗਾਏ ਹਨ, ਤਿੰਨ ਚਾਰ ਸੌ ਕਰੋੜ ਰੁਪਏ ਦੇ ਉਹ ਹੋ ਜਾਣੇ ਹਨ। 30 ਕਰੋੜ ਰੁਪਏ ਦਾ ਮਾਮਲਾ ਲਾ ਦਿੱਤਾ ਹੈ। ਇਸ ਤਰ੍ਹਾਂ ਤਕਰੀਬਨ 16-17 ਸੌ ਕਰੋੜ ਰੁਪਏ ਵਿੱਚ ਇਕੱਲਾ ਕਿਸਾਨ ਰਗੜ ਦਿੱਤਾ ਹੈ, ਬਾਕੀ ਗਰੀਬਾਂ ਨੂੰ ਛੱਡੋ। ਜਿਹੜੇ ਦਲਿਤਾਂ ਨੂੰ ਸ਼ਗਨ ਜਾਂਦੇ ਸਨ, ਉਹ ਛੱਡ ਹੀ ਦਿਓ। ਗਰੀਬਾਂ ਦੇ ਮਕਾਨਾਂ ਬਾਰੇ ਚੌਧਰੀ ਸਾਹਿਬ ਨੂੰ ਪਤਾ ਹੋਵੇਗਾ, ਇਨ੍ਹਾਂ ਦਾ ਮਹਿਕਮਾ ਹੈ। ਇਸ ਤਰ੍ਹਾਂ ਕਿਸਾਨ ਵਿਰੋਧੀ, ਮੁਲਾਜ਼ਮ ਵਿਰੋਧੀ ਕਿਹੜੀ ਸਰਕਾਰ ਹੋ ਸਕਦੀ ਹੈ। ਇਸ ਤੋਂ ਬਾਅਦ ਕੰਟਰੈਕਟ ਫਾਰਮਿੰਗ ਅਤੇ ਨਾਲ ਉਸ ਵਿੱਚ ਅਲਾਈਡ ਸਬਜੈਕਟ ਦੀ ਗੱਲ ਹੈ। ਇਥੇ ਅੰਕੜੇ ਦੇ ਦਿੱਤੇ ਹਨ। ਇਥੇ ਦੱਸਿਆ ਹੈ ਕਿ 28 ਹਜ਼ਾਰ ਏਕੜ ਜ਼ਮੀਨ ਇਕ ਸਾਲ ਵਿਚ ਕਵਰ ਕਰਦੀ ਹੈ। 40 ਲੱਖ ਹੈਕਟੇਅਰ ਪੰਜਾਬ ਦੀ ਕੁਲ ਜ਼ਮੀਨ ਹੈ। ਇਸ ਤਰ੍ਹਾਂ 100 ਸਾਲਾਂ ਵਿੱਚ ਵੀ ਜੇ ਹਰ ਸਾਲ 28 ਹਜ਼ਾਰ ਏਕੜ ਜ਼ਮੀਨ ਡਾਈਵਰਸੀਫਾਈ ਕਰਨ ਤਾਂ ਸਾਰੀ ਜ਼ਮੀਨ ਦੀ ਡਾਈਵਰਸੀਫਿਕੇਸ਼ਨ ਨਹੀਂ ਹੁੰਦੀ। ਡਾਈਵਰਸੀਫਿਕੇਸ਼ਨ ਵਿੱਚ ਫਿਰ ਕਿਹਾ ਹੈ ਕਿ ਸਰ੍ਹੋਂ ਬੀਜਾਂਗੇ। ਪੁੱਛੋ ਕਿ ਪੰਜਾਬ ਵਿੱਚ ਕੀ ਪਹਿਲਾਂ ਸਰ੍ਹੋਂ ਨਹੀਂ ਹੁੰਦੀ ਸੀ। ਕਹਿੰਦੇ ਹਾਈਯੋਲੋ ਸਰ੍ਹੋਂ ਬੀਜਣੀ ਹੈ। ਕੋਈ ਬਿਮਾਰੀ ਦੀ ਗੱਲ ਹੋਣੀ ਹੈ। ਮੈਂ ਤਾਂ ਆਪ ਵੀ ਜੱਟ ਹਾਂ। ਮੈਨੂੰ ਤਾਂ ਆਪ ਵੀ ਪਤਾ ਨਹੀਂ ਹੈ ਕਿ ਇਹ ਕਿਥੋਂ ਡਾਇਵਰਸੀਫਿਕੇਸ਼ਨ ਲੈ ਕੇ ਆਏ ਹਨ। ਇਹ ਕਹਿੰਦੇ ਹਨ ਕਿ ਇੱਕ ਹਜ਼ਾਰ ਏਕੜ ਦੇ ਵਿੱਚ ਜੌਅ ਕਰਾਂਗੇ, 20 ਹਜ਼ਾਰ ਏਕੜ ਦੇ ਵਿਚ ਸਰ੍ਹੋਂ ਕਰਾਂਗੇ ਤੇ 7 ਹਜ਼ਾਰ ਏਕੜ ਦੇ ਵਿੱਚ ਮੱਕੀ ਕਰਾਂਗੇ। ਇਹ ਤਿੰਨੇ ਚੀਜ਼ਾਂ ਕੀ ਪਹਿਲਾਂ ਨਹੀਂ ਸੀ ਪੰਜਾਬ ਦੇ ਵਿਚ ਹੁੰਦੀਆਂ? ਇਹ ਕਿਸ ਦੇ ਰਾਹੀਂ ਕਰਾਂਗੇ। ਪਹਿਲਾਂ ਜ਼ਿਮੀਂਦਾਰ ਚੀਜ਼ ਵੇਚਦਾ ਸੀ ਤੇ ਖੁਲ੍ਹੀ ਮਾਰਕੀਟ ਦੇ ਵਿਚ

Original with;
Punjab Vidhan Sabha
Digitized by;
Punjab Digital Library

ਵੇਚਦਾ ਸੀ ਪਰ ਹੁਣ ਕਹਿੰਦੇ ਹਨ ਕਿ ਇੱਕ ਕੰਪਨੀ ਆਵੇਗੀ, ਲਿਖ ਕੇ ਸਮਝੌਤਾ ਕੀਤਾ ਹੈ ਤੇ 28 ਹਜ਼ਾਰ ਪਿਛਲੇ ਸਾਲ ਹੋ ਗਈ ਤੇ ਸਮਝੌਤਾ ਇਸ ਸਾਲ ਕੀਤਾ ਹੈ। ਇਹ ਕਿੰਨਾ ਗਲਤ ਕਿਹਾ ਜਾ ਰਿਹਾ ਹੈ ਤੇ ਫਿਰ ਕਹਿੰਦੇ ਹਨ ਕਿ 3 ਲੱਖ ਏਕੜ ਤੇ ਕਰਾਂਗੇ ਤੇ 2007 ਤੱਕ ਟੋਟਲ 25 ਲੱਖ ਏਕੜ ਤੇ ਕਰਾਂਗੇ। ਇਹ ਸਾਰਾ ਪਲਾਨ ਹੈ ਜਿਵੇਂ ਪਿਛਲੇ ਸਾਰੇ ਬਜਟ ਆ ਰਹੇ ਹਨ ਇਹ ਪਲਾਨਿੰਗ ਹੈ। ਇਹ ਸਾਰੇ ਖਿਆਲੀ ਪੁਲਾਅ ਹਨ ਤੇ ਇਨ੍ਹਾਂ ਦੇ ਵਿਚੋਂ ਕੁਝ ਨਹੀਂ ਨਿਕਲਣਾ। ਸਪੀਕਰ ਸਾਹਿਬ, ਨਾ ਕਿਸੇ ਨੇ ਕੋਈ ਸਰ੍ਹੋਂ ਲੈਣੀ ਹੈ ਤੇ ਨਾ ਹੀ ਹੋਰ ਕੁਝ ਲੈਣਾ ਹੈ। ਜੇਕਰ ਖੁਲ੍ਹੀ ਮੰਡੀ ਕੁਝ ਨਹੀਂ ਹੋ ਰਿਹਾ ਤਾਂ ਜਿਸ ਤਰ੍ਹਾਂ ਪਹਿਲਾਂ ਅੰਗਰੇਜ਼ ਮੰਡੀ ਦੇ ਕਬਜ਼ੇ ਵਿਚ ਆਏ ਸੀ, ਹੁਣ ਅਸੀਂ ਮਲਟੀਨੈਸ਼ਨਲ ਕੰਪਨੀ ਦੇ ਕਬਜ਼ੇ ਦੇ ਵਿਚ ਆ ਰਹੇ ਹਾਂ। ਅਸੀਂ ਤਾਂ ਇਹੀ ਰੋ ਰਹੇ ਹਾਂ ਕਿ ਜਿਹੜਾ ਦੋ ਜਾਂ ਚਾਰ ਏਕੜ ਵਾਲਾ ਜ਼ਿਮੀਂਦਾਰ ਹੈ, ਉਸ ਦਾ ਕੀ ਬਣੇਗਾ। ਉਹ ਡਬਲਯੂ. ਟੀ. ਓ. ਦਾ ਕੀ ਮੁਕਾਬਲਾ ਕਰੇਗਾ। ਹਾਲੇ ਇਕ ਕੰਪਨੀ ਹੈ। ਟੈਲੀਫੋਨ ਦੀਆਂ ਕੰਪਨੀਆਂ ਆਉਣ ਕਰਕੇ ਟੈਲੀਫੋਨ ਦੇ ਰੇਟ ਸਸਤੇ ਹੋ ਗਏ ਹਨ। ਤੁਹਾਡੀ ਸਾਰੀ ਚੀਜ਼ ਮਲਟੀਨੈਸ਼ਨਲ ਕੰਪਨੀਆਂ ਤੇ ਡਿਪੈਂਡ ਕਰ ਜਾਣੀ ਹੈ। ਕਿਸੇ ਸਮੇਂ ਸ਼ਾਸ਼ਤਰੀ ਜੀ ਨੇ ਵੀ ਇਹੀ ਕਿਹਾ ਸੀ। ਪਰ ਇਥੇ ਕਿਹਾ ਗਿਆ ਕਿ ਅਕਾਲੀ ਤਾਂ ਕਣਕ ਤੇ ਝੋਨੇ ਦੀ ਗੱਲ ਕਰਦੇ ਹਨ। ਸ਼ਾਬਾਸ਼ ਦਿਉ ਅਕਾਲੀਆਂ ਨੂੰ ਜਿਨ੍ਹਾਂ ਨੇ ਜਿਸ ਪ੍ਰਧਾਨ ਮੰਤਰੀ ਸ੍ਰੀ ਸ਼ਾਸ਼ਤਰੀ ਜੀ ਦੇ ਕਹੇ ਤੇ ਫੁਲ੍ਹ ਚੜ੍ਹਾਏ। ਉਨ੍ਹਾਂ ਨੇ ਕਿਹਾ ਸੀ ਕਿ ਦਿਨ ਦੇ ਵਿਚ ਇਕ ਸਮੇਂ ਦੀ ਰੋਟੀ ਖਾਣੀ ਬੰਦ ਕਰ ਦਿਉ ਤੇ ਕਿਹਾ ਕਿ ਕਣਕ ਗਮਲਿਆਂ ਦੇ ਵਿਚ ਬੀਜਣੀ ਸ਼ੁਰੂ ਕਰ ਦਿਉ। ਅੱਜ ਧੰਨ ਹੈ ਅਕਾਲੀਆਂ ਦੇ, ਜੱਟਾਂ ਤੇ ਪੰਜਾਬ ਯੂਨੀਵਰਸਿਟੀਆਂ ਦੇ ਜਿਨ੍ਹਾਂ ਨੇ ਕਣਕ ਤੇ ਝੋਨੇ ਦੇ ਏਨੇ ਜ਼ਿਆਦਾ ਢੇਰ ਲਗਾ ਦਿੱਤੇ ਹਨ ਜਿਹੜੇ ਕਿ ਸਰਕਾਰ ਦੇ ਕੋਲੋਂ ਚੁੱਕੇ ਨਹੀਂ ਜਾਂਦੇ। ਮੈਂ ਦੱਸਦਾ ਹਾਂ ਕਿ ਡਾਈਵਰਸੀਫਿਕੇਸ਼ਨ ਦੀ ਲੋੜ ਨਹੀਂ ਸੀ, ਲੋੜ ਕੁਆਲਿਟੀ ਦੀ ਹੈ, ਦਰਿਆਵਾਂ ਦੇ ਪਾਣੀਆਂ ਨੂੰ ਰੋਕਣ ਦੀ ਲੋੜ ਹੈ। ਅੱਜ ਇਕੱਲਾ ਪੀ.ਆਰ. 106 ਝੋਨਾ ਦੁਨੀਆਂ ਦੀ ਮੰਡੀ ਵਿੱਚ ਜਿੰਨਾ ਮਰਜ਼ੀ ਵੇਚ ਦਿਉ ਪਰ ਇਸ ਦੀ ਕੁਆਲਿਟੀ ਚੰਗੀ ਦੇ ਦਿਉ। ਮੈਂ ਕੋਈ ਵੱਡਾ ਐਕਸਪਰਟ ਨਹੀਂ ਹਾਂ, ਕੋਈ ਬਿਜਨਸ਼ਮੈਨ ਨਹੀਂ ਹਾਂ ਤੇ ਸਿਰਫ ਜੱਟ ਹਾਂ। ਮੈਂ ਕਹਿ ਸਕਦਾ ਹਾਂ ਕਿ ਤੁਹਾਡਾ ਪੀ.ਆਰ. 106 ਸਾਰੀ ਦੁਨੀਆਂ ਖਰੀਦ ਸਕਦੀ ਹੈ। ਸਿਰਫ ਕੁਆਲਿਟੀ ਨੂੰ ਕੰਟਰੋਲ ਕਰਨ ਦੀ ਲੋੜ ਹੈ। ਇਨ੍ਹਾਂ ਸਾਰੀਆਂ ਗੱਲਾਂ ਦੇ ਉਤੇ ਵਿਚਾਰ ਕਰੋ। ਇਸ ਤਰ੍ਹਾਂ ਗੱਲ ਨਹੀਂ ਬਣੇਗੀ। ਮਹਿੰਦਰਾ ਐਂਡ ਮਹਿੰਦਰਾ ਨਾਲ ਸਾਈਨ ਹੋ ਗਏ, ਟਾਟਾ ਆਉਣ ਨੂੰ ਫਿਰਦਾ ਹੈ ਅਤੇ ਹੋਰ ਵੀ ਕੋਈ ਆਉਣ ਨੂੰ ਫਿਰਦਾ ਹੈ। ਹਾਂ, ਵੱਡਿਆਂ ਨੂੰ ਸਮਝਾ ਦਿਉ। ਪੈਪਸੀ ਵਾਲੇ ਆਏ 1986 ਦੇ ਵਿਚ। ਉਨ੍ਹਾਂ ਨੇ ਕਿਹਾ ਕਿ ਟਮਾਟਰ ਬੀਜ ਲਵੋ ਤੇ ਮਿਰਚਾਂ ਬੀਜ ਲਵੋ ਤਾਂ ਲੋਕਾਂ ਨੇ ਇਹ ਬੀਜ ਲਏ। ਜੇਕਰ ਵੇਚਣ ਗਏ ਤਾਂ ਅੱਗੇ ਤੋਂ ਕਿਹਾ ਕਿ ਇਹ ਦੋ ਕਿਲੋ ਸਾਡੇ ਹਨ ਤੇ ਬਾਕੀ ਤੁਸੀਂ ਸੁੱਟ ਦਿਓ। ਉਹ ਮਲਟੀਨੈਸ਼ਨਲ ਕੰਪਨੀਆਂ ਜਿਸ ਤਰ੍ਹਾਂ ਪੈਪਸੀ ਵਾਲੇ ਹਨ, ਉਨ੍ਹਾਂ ਨੇ ਜੱਟਾਂ ਦੇ ਕਿੰਨੇ ਕੁ ਟਮਾਟਰ ਤੇ ਕਿੰਨੀਆਂ ਕੁ ਮਿਰਚਾਂ ਖਪਤ ਕਰ ਦਿੱਤੀਆਂ ਹਨ। ਸਾਰਾ ਪੈਪਸੀ ਵਾਲਿਆਂ ਆਪਣਾ ਕੋਲਡ ਡਰਿੰਕ ਕੱਢ ਦਿੱਤਾ ਤੇ ਪੰਜਾਬ ਦੇ ਉਤੇ ਕਬਜ਼ਾ ਕਰਕੇ ਬੈਠ ਗਏ। ਇਹ ਡਾਈਵਰਸੀਫਿਕੇਸ਼ਨ 1986 ਦੀ ਸੋਚ ਹੈ। ਇਹ ਨਵੀਂ ਸੋਚ ਪਤਾ ਨਹੀਂ ਕੀ ਰੰਗ ਲਿਆਏਗੀ। ਸੋ, ਇਹ ਜਿਹੜੀਆਂ ਗੱਲਾਂ ਹੋ ਰਹੀਆਂ ਹਨ, ਇਹ ਖਿਆਲੀ ਪੁਲਾਓ ਹਨ, ਇਨ੍ਹਾਂ ਦੇ ਵਿਚੋਂ ਕੁਝ ਨਹੀਂ ਨਿਕਲਣਾ। ਸੋਚਣਾ ਚਾਹੀਦਾ ਹੈ, ਡਾਈਵਰਸੀਫਿਕੇਸ਼ਨ ਸਹੀ ਕਰਨੀ ਹੈ ਤਾਂ ਸਾਨੂੰ ਚਾਰ ਚੀਜ਼ਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਇਹ ਹਨ-ਕੁਆਲਿਟੀ, ਸੀਡ, ਰਿਸਰਚ ਤੇ ਮਾਰਕੀਟ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਪਿਛੇ ਕਿਹਾ ਗਿਆ ਸੀ ਕਿ ਰਿਸਰਚ ਵਾਸਤੇ ਇੰਨੇ ਪੈਸੇ ਦੇਵਾਂਗੇ ਪਰ ਦੁਆਨੀ ਨਹੀਂ ਦਿੱਤੀ। ਚਲੋ ਹੁਣ ਹੀ ਦੁਆ ਦੇਣ। ਪਹਿਲਾਂ ਵੀ ਇਹ ਗੱਲ

Original with;
Punjab Vidhan Sabha
Digitized by;

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਕੋਈ ਐਮ.ਐਲ.ਏ. ਸਾਹਿਬ ਕਹਿ ਕੇ ਗਏ ਸਨ ਪਰ ਮੈਂ ਉਸ ਦਾ ਨਾਮ ਤਾਂ ਨਹੀਂ ਲੈਣਾ। ਸੋ, ਐਤਕੀਂ ਦੇ ਦੇਣ, ਪਤਾ ਨਹੀਂ ਐਤਕੀਂ ਬਜਟ ਕਿਵੇਂ ਲੀਕ ਹੋ ਗਿਆ ਹੈ ਤੇ ਮੁੜ ਕੇ ਕਿਹਾ ਕਿ ਮੈਂ ਤਾਂ ਐਵੇਂ ਹੀ ਕਿਹਾ ਹੈ। ਸਪੀਕਰ ਸਾਹਿਬ, ਜੋ ਮੈਂ ਪਹਿਲਾਂ ਗੱਲਾਂ ਕਹੀਆਂ ਹਨ, ਉਨ੍ਹਾਂ ਇਕੱਲੀਆਂ ਤੇ ਜ਼ੋਰ ਨਹੀਂ ਦਿੰਦੇ। ਸੋ, ਸਾਡੀਆਂ ਕਰਾਪਸ ਹਨ, ਉਨ੍ਹਾਂ ਦੇ ਲਈ ਸੀਡਜ਼ ਅੱਛੇ ਤੇ ਇਨਪੁੱਟਸ ਸਸਤੇ ਹੋਣੇ ਚਾਹੀਦੇ ਹਨ। ਕੁਆਲਿਟੀ ਤੇ ਜ਼ੋਰ ਰਿਸਰਚ ਕਰਕੇ ਨਵੀਆਂ-ਨਵੀਆਂ ਵੇਰਾਇਟੀਆਂ ਦਿੱਤੀਆਂ ਜਾਣ। ਦੁਨੀਆਂ ਦੇ ਵਿੱਚ ਮਾਰਕੀਟ ਹੈ, ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਅੱਜ ਅਸੀਂ ਕੰਸਟੈਂਟ ਮਾਰਕੀਟ ਨਹੀਂ ਦੇ ਰਹੇ। ਜੇਕਰ ਅਸੀਂ ਇਸ ਤਰ੍ਹਾਂ ਕਰਦੇ ਹਾਂ ਤਾਂ ਮੈਂ ਕਹਿੰਦਾ ਹਾਂ ਕਿ ਸਾਡੀ ਕਣਕ ਦਾ 40 ਸਾਲਾਂ ਦੇ ਲਈ ਸੌਦਾ ਹੋ ਸਕਦਾ ਹੈ ਤੇ ਜੇਕਰ ਅਸੀਂ ਕਹੀਏ ਕਿ ਅਸੀਂ ਪਾਲਿਸੀਆਂ ਦੇ ਮੁਤਾਬਿਕ ਦਿਆ ਕਰਾਂਗੇ ਤਾਂ ਇਸ ਨਾਲ ਗੱਲ ਨਹੀਂ ਬਣਨੀ। ਬਿਊਰੋਕਰੇਸੀ ਦੇ ਹੱਥ ਵਿਚ ਪਾਲਿਸੀਆਂ ਹਨ, ਇਕ ਵਾਰੀ ਦੇ ਦਿੰਦੇ ਹਨ ਤੇ ਦੂਜੀ ਵਾਰੀ ਮੁਕਰ ਜਾਂਦੇ ਹਨ। ਫਿਰ ਉਹ ਦੂਜੇ ਦੇਸ਼ ਕੋਲ ਜਾਂਦੇ ਹਨ ਤੇ ਉਹ ਬਦਲ ਜਾਂਦੇ ਹਨ। ਇਧਰ ਨੂੰ ਧਿਆਨ ਦਿਉ। ਬਿਊਰੋਕਰੇਸੀ ਵੱਲ ਵੀ ਝਾਕੋ। ਵਿਰੋਧੀਆਂ ਨੂੰ ਸਿਰਫ ਵਿਰੋਧੀ ਹੀ ਨਾ ਸਮਝਿਆ ਜਾਵੇ ਕਿ ਜੋ ਮਰਜ਼ੀ ਝੂਠੇ ਕੇਸ ਬਣਾ ਦੇਈਏ। ਇਸ ਤਰ੍ਹਾਂ ਝੂਠੇ ਕੇਸ ਬਣਾ ਕੇ ਕੁਰੱਪਸ਼ਨ ਨੂੰ ਬੰਦ ਕਰਨ ਤੇ ਵੀ ਲਾਹਨਤ ਹੈ। ਅੱਜ ਡਾਈਵਰਸੀਫਿਕੇਸ਼ਨ ਵਾਸਤੇ ਜ਼ੋਰ ਦੇਣ ਦੀ ਲੋੜ ਹੈ। ਡੇਅਰੀ ਫਾਰਮਿੰਗ ਦਾ ਧੰਦਾ ਵੀ ਕਿਸਾਨਾਂ ਲਈ ਬਹੁਤ ਲਾਹੇਵੰਦ ਹੈ। ਇਸ ਦੇ ਵਧੀਆ ਢੰਗ ਨਾਲ ਚਲਣ ਨਾਲ ਕਿਸਾਨ ਤਰੱਕੀ ਕਰ ਸਕਦੇ ਹਨ। ਵੈਸੇ ਵੀ ਕਿਸਾਨਾਂ ਨੂੰ ਹਰ ਰੋਜ਼ ਚਾਰਾ ਬੀਜਣਾ ਅਤੇ ਵੱਢਣਾ ਵੀ ਪੈਂਦਾ ਹੈ, ਦੁੱਧ ਲਈ ਪਸ਼ੂਆਂ ਦੀ ਸੰਭਾਲ ਵੀ ਕਰਨੀ ਪੈਂਦੀ ਹੈ ਅਤੇ ਗੋਹਾ ਆਦਿ ਵੀ ਚੁੱਕਣਾ ਪੈਂਦਾ ਹੈ। ਇਨ੍ਹਾਂ ਕੰਮਾਂ ਨੂੰ ਹੋਰ ਵਧੀਆ ਤਰੀਕੇ ਨਾਲ ਵੱਡੇ ਲੈਵਲ ਤੇ ਸ਼ੁਰੂ ਕਰਨ ਨਾਲ ਉਸ ਨੂੰ ਕਾਫ਼ੀ ਫਾਇਦਾ ਹੋ ਸਕਦਾ ਹੈ। ਇਹ ਕਹਿੰਦੇ ਹਨ ਕਿ ਕਰਜ਼ੇ ਦੇਵਾਂਗੇ ਪੰਜਾਬ ਦੇ ਕਿਸਾਨਾਂ ਨੂੰ। ਕਹਿੰਦੇ ਹਨ ਕਿ 1,500 ਕਿਸਾਨਾਂ ਨੂੰ ਕਰਜ਼ੇ ਦੇਵਾਂਗੇ ਅਤੇ ਕਹਿੰਦੇ ਹਨ ਕਿ 37 ਹਜ਼ਾਰ ਲੋਕਾਂ ਨੂੰ ਟਰੇਨਿੰਗ ਵੀ ਦੇਵਾਂਗੇ। 37 ਹਜ਼ਾਰ ਦੀ ਫਿਗਰ ਤਾਂ ਚਲੋ ਕਾਫ਼ੀ ਹੈ। ਲੇਕਿਨ 1,500 ਕਿਸਾਨਾਂ ਨੂੰ ਕਰਜ਼ੇ ਦੇਣਾ ਬਹੁਤ ਥੋੜ੍ਹੀ ਫਿਗਰ ਹੈ। ਅੱਜ ਦੁੱਧ ਦੇ ਵਿਚ ਅਸੀਂ ਬਹੁਤ ਅੱਗੇ ਨਿਕਲ ਗਏ ਹਾਂ। ਅੱਜ ਸਾਡੇ ਕੋਲ 211 ਲੱਖ ਲੀਟਰ ਪਰ ਡੇਅ ਦੁੱਧ ਪੈਦਾ ਹੁੰਦਾ ਹੈ। 116 ਲੱਖ ਲੀਟਰ ਪਰ ਡੇਅ ਘਰ ਵਿਚ ਖਪਤ ਕਰਦੇ ਹਾਂ। 95 ਲੱਖ ਲੀਟਰ ਸਰਪਲੱਸ ਦੁੱਧ ਹੁੰਦਾ ਹੈ। 43 ਮਿਲਕ ਪਲਾਂਟ ਹਨ। ਇਨ੍ਹਾਂ ਵਿਚੋਂ 32 ਪ੍ਰਾਈਵੇਟ ਹਨ ਤੇ 11 ਸਰਕਾਰੀ ਹਨ। 43 ਦੀ ਹੈਂਡਲਿੰਗ ਬਹੁਤ ਘੱਟ ਹੈ। 60 ਲੱਖ ਲੀਟਰ ਦੁੱਧ ਉਹ ਹੈ ਜੋ ਕਿ ਦੋਧੀ ਲਿਜਾਂਦੇ ਹਨ। ਪਰ ਸਾਡੀ ਕੁਆਲਿਟੀ ਡਾਊਨ ਆ ਜਾਂਦੀ ਹੈ। ਇਸ ਚੀਜ਼ ਤੇ ਪਹਿਰਾ ਦੇ ਕੇ ਇਸ ਦੀ ਕੁਆਲਿਟੀ ਇੰਪਰੂਵ ਕਰਨ ਦੀ ਪੂਰੀ ਕੋਸ਼ਿਸ਼ ਕਰੀਏ। ਇਹ ਦੁੱਧ ਪੂਰੀ ਦੁਨੀਆਂ ਦੀ ਲੋੜ ਹੈ। ਸਾਰੇ ਮੁਲਕਾਂ ਨੂੰ ਇਸ ਦੀ ਲੋੜ ਹੈ। ਬਹੁਤ ਸਾਰੇ ਮੁਲਕ ਇੱਕ ਦੂਜੇ ਨੂੰ ਦੁੱਧ ਭੇਜਦੇ ਹਨ। ਜਿਵੇਂ ਨੈਸਲੇ ਵਾਲਿਆਂ ਦੀ ਕੁਆਲਿਟੀ ਵਧੀਆ ਮੰਨੀ ਗਈ ਹੈ। ਉਨ੍ਹਾਂ ਨੇ ਮੋਗੇ ਵਿਚ ਪ੍ਰੋਜੈਕਟ ਸ਼ੁਰੂ ਕੀਤਾ ਹੋਇਆ ਹੈ। ਉਨ੍ਹਾਂ ਦਾ ਨਾਮ ਸਾਰੇ ਪਾਸੇ ਮਸ਼ਹੂਰ ਹੋ ਗਿਆ ਹੈ। ਇਸੇ ਤਰ੍ਹਾਂ ਹੀ ਦੁੱਧ ਦੀ ਸਾਡੀ ਕੁਆਲਿਟੀ ਵੀ ਇੰਪਰੂਵ ਹੋਵੇ। ਦੁੱਧ ਦੀ ਕੁਆਲਿਟੀ ਕਿਵੇਂ ਇੰਪਰੂਵ ਕਰਨੀ ਹੈ ? ਦੁੱਧ ਕਿਵੇਂ ਵਧੀਆ ਕਿਸਮ ਦਾ, ਜ਼ਿਆਦਾ ਮਾਤਰਾ ਵਿਚ ਅਤੇ ਸਸਤਾ ਪੈਦਾ ਕਰ ਸਕਦੇ ਹਾਂ, ਇਹ ਵੀ ਸੋਚਣਾ ਹੈ। ਇਸ ਨਸਲ ਦੇ ਪਸ਼ੂ ਲਿਆਈਏ ਜਿਹੜੇ ਕਿ ਵੱਧ ਦੁੱਧ ਦੇਣ, ਇਸ ਗੱਲ ਤੇ ਵੀ ਜ਼ੋਰ ਦੇਈਏ। ਪਿਛਲੇ ਸਾਲ ਦੇ ਵਿਚ ਇਸ ਦੇ ਲਈ ਕੋਈ ਰਿਸਰਚ ਨਹੀਂ ਹੋਈ, ਇਨ੍ਹਾਂ ਕੰਮਾਂ ਲਈ ਕੋਈ ਫੰਡਜ਼ ਨਹੀਂ ਰੱਖੇ ਗਏ। 20-25 ਸਾਲ

Original with;
Punjab Vidhan Sabha
Digitized by;
Panjab Digital Library

ਪਹਿਲਾਂ ਵਧੀਆ ਚਾਰੇ ਦਾ ਵਧੀਆ ਸੀਡ ਦੇਣ ਲਈ ਇੰਸਪੈਕਟਰ ਆਉਂਦੇ ਹੁੰਦੇ ਸਨ। ਅੱਜ ਵੀ ਚਾਰੇ ਲਈ ਵਧੀਆ ਸੀਡ ਮੁਹੱਈਆ ਕਰਨ ਦੀ ਲੋੜ ਹੈ, ਜਿਹੜਾ ਕਿ ਸਾਰਾ ਸਾਲ ਚਲਦਾ ਰਹੇ। ਸਾਨੂੰ ਆਪਣੇ ਸਿਸਟਮ ਵਿਚ ਤਬਦੀਲੀ ਦੀ ਲੋੜ ਹੈ।

ਅੱਜ ਜ਼ਰੂਰਤ ਹੈ ਇੱਕ ਤੀਜੇ ਆਲਟਰਨੇਟਿਵ ਦੀ। ਇਹ ਆਲਟਰਨੇਟਿਵ ਹੈ : ਐਗਰੋ ਫਾਰੈਸਟਰੀ। ਅਸੀਂ ਸਾਲ 1980 ਤੋਂ ਲੈ ਕੇ ਕਰਜ਼ਾ ਲੈਂਦੇ ਆ ਰਹੇ ਹਾਂ। ਜਿੰਨਾ ਵੀ ਸਾਡਾ ਕੰਡੀ ਏਰੀਆ ਹੈ, ਉਸ ਦਾ ਚੌਥਾ ਹਿੱਸਾ ਬੰਜਰ ਹੈ। ਜਿਸ ਦੇ ਵਿਚ ਕੁਝ ਨਹੀਂ ਉਗਦਾ। ਕੰਡੀ ਏਰੀਆ ਬਹੁਤ ਬਰਬਾਦ ਪਿਆ ਹੈ। ਇੱਕ ਚੌਥਾਈ ਹਿੱਸਾ ਬਿਲਕੁਲ ਫਾਲਤੂ ਬੰਜਰ ਹੈ। ਉਥੇ ਗਰੀਬ ਨੂੰ ਪੀਣ ਨੂੰ ਪਾਣੀ ਨਹੀਂ ਮਿਲਦਾ। ਪਸ਼ੂਆਂ ਨੂੰ ਪੀਣ ਲਈ ਪਾਣੀ ਨਹੀਂ ਮਿਲਦਾ। ਨਾ ਕੋਈ ਉਥੇ ਖੇਤ ਹਨ ਅਤੇ ਨਾ ਹੀ ਕੋਈ ਖੇਤੀ ਹੁੰਦੀ ਹੈ। ਉਥੇ ਚੈਕ ਡੈਮ ਲਗਾ ਕੇ ਬਿਜਲੀ ਪੈਦਾ ਕਰੀਏ ਅਤੇ ਪਾਣੀ ਦੀ ਸਮੱਸਿਆ ਦੂਰ ਕਰੀਏ। ਪਾਣੀ ਵਿਚ ਜੋ ਸਿਲਟ ਹੈ, ਉਸ ਨੂੰ ਬੰਦ ਕਰੀਏ। ਅਸੀਂ ਸਾਲ 1980 ਦੇ ਵਿਚ ਪੰਜ ਡੈਮ ਛੱਡ ਕੇ ਗਏ ਸੀ। ਪੰਜ ਡੈਮ ਉਦੋਂ ਦੇ ਹੀ ਬਣੇ ਹੋਏ ਹਨ। ਛੇਵਾਂ ਡੈਮ ਨਹੀਂ ਬਣ ਸਕਿਆ। ਸਪੀਕਰ ਸਾਹਿਬ, ਪੰਜ ਬੰਦਿਆਂ ਦੀ ਇੱਕ ਕਮੇਟੀ ਬਣਾ ਦਿਓ ਜਿਹੜੀ ਇਹ ਵੇਖੇ ਕਿ ਹੁਣ ਤੱਕ ਕਿੰਨੇ ਸੌ ਕਰੋੜ ਰੁਪਿਆ ਆਇਆ ਹੈ, ਕਿੰਨੇ ਦਰਖੱਤ ਲਗਾਏ ਗਏ ਹਨ, ਕਿੰਨੀ ਡਿਵੈਲਪਮੈਂਟ ਹੋਈ ਹੈ, ਕਿੰਨੇ ਚੈਕ ਡੈਮ ਬਣੇ ਹਨ ਅਤੇ ਕਿੰਨੀ ਗਰੀਨਰੀ ਆਈ ਹੈ। ਹੁਣ ਤੱਕ ਟੋਟਲ 262 ਕਰੋੜ ਰੁਪਏ ਦਾ ਕਰਜ਼ਾ ਕੰਡੀ ਏਰੀਏ ਦੀ ਡਿਵੈਲਪਮੈਂਟ ਲਈ ਆ ਚੁੱਕਿਆ ਹੈ। ਇਸ ਤਰ੍ਹਾਂ ਢਾਈ ਤਿੰਨ ਸੌ ਕਰੋੜ ਰੁਪਿਆ ਖਰਚ ਹੋ ਗਿਆ ਹੈ। ਇਹ ਕਹਿੰਦੇ ਸਨ ਕਿ ਬੜੀ ਵੈਰਾਇਟੀ ਦੇਵਾਂਗੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਦੋ ਵੈਰਾਇਟੀਆਂ ਪਹਿਲਾਂ ਹੀ ਆ ਰਹੀਆਂ ਹਨ। ਇੱਕ ਟਰੀ ਆ ਰਿਹਾ ਹੈ: ਸਫੈਦਾ ਅਤੇ ਦੂਜਾ ਪਾਪੂਲਰ ਆ ਰਿਹਾ ਹੈ। ਇਸ ਕੰਮ ਲਈ ਜ਼ਿਮੀਂਦਾਰ ਨੇ ਆਪਣੇ ਆਪ ਹੀ ਹਿੰਮਤ ਕੀਤੀ ਹੈ। ਇਸ ਦੇ ਵਿਚ ਸਰਕਾਰ ਦੇ ਕਿਸੇ ਮਹਿਕਮੇ ਦਾ ਕੋਈ ਹਿੱਸਾ ਨਹੀਂ ਹੈ। ਪਰ ਹੁਣ ਸਫੈਦਾ ਐਂਰ ਪਾਪੂਲਰ ਦੋਵੇਂ ਹੀ ਫੇਲ੍ਹ ਹੋ ਗਏ ਹਨ। ਪਾਪੂਲਰ ਲਈ ਪਤਾ ਨਹੀਂ ਕਿੰਨੇ ਦੀ ਪਨੀਰੀ ਦੇਣਗੇ ਪਰ ਕਿਸੇ ਨੇ ਅਗਲੇ ਸਾਲ ਪਾਪੂਲਰ ਦੀ ਪਨੀਰੀ ਨਹੀਂ ਲੈਣੀ। ਕੋਈ ਵੀ ਪਨੀਰੀ ਨਹੀਂ ਲੈ ਰਿਹਾ। ਸਫੈਦਾ ਲੌਂਗ ਲਾਈਫ ਹੈ ਪਰ ਇਸ ਦੇ ਲਈ ਪਾਣੀ ਦੀ ਬਹੁਤ ਜ਼ਰੂਰਤ ਪੈਂਦੀ ਹੈ। ਸਾਡੇ ਕੋਲ ਇੰਨਾ ਪਾਣੀ ਨਹੀਂ ਹੈ। ਹੁਣ ਇਸ ਨੂੰ ਵੀ ਕੋਈ ਨਹੀਂ ਲਾ ਰਿਹਾ। ਸਾਨੂੰ ਚੰਗੀ ਕੁਆਲਿਟੀ ਦੀ ਟਿੰਬਰ ਦੀ ਜ਼ਰੂਰਤ ਹੈ। ਇਸ ਤਰ੍ਹਾਂ ਦੇ ਦਰਖੱਤ ਲਾਉਣੇ ਚਾਹੀਦੇ ਹਨ। ਦੁਨੀਆਂ ਦੇ ਵਿਚ ਰਿਸਰਚ ਕਰਕੇ ਪੁੱਛਣਾ ਚਾਹੀਦਾ ਹੈ ਕਿ ਕਿਹੜੀ ਗੁੱਡ ਕੁਆਲਿਟੀ ਦੀ ਟਿੰਬਰ ਹੈ ਜਿਸ ਦੀ ਮਾਰਕੀਟਿੰਗ ਵੀ ਵਧੀਆ ਹੋਵੇ। ਵਧੀਆ ਕੁਆਲਿਟੀ ਅਤੇ ਵਧੀਆ ਮਾਰਕੀਟਿੰਗ ਦੋਵੇਂ ਚੀਜ਼ਾਂ ਹੋਣ। (ਘੰਟੀ) ਸਪੀਕਰ ਸਾਹਿਬ, ਸਾਡੀ ਪਾਰਟੀ ਦਾ ਟਾਈਮ ਹੈ।

**ਮਾਨਯੋਗ ਸਪੀਕਰ** : 25 ਮਿੰਟ ਹੋ ਗਏ ਹਨ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਕਿਰਪਾ ਕਰਕੇ ਥੋੜ੍ਹਾ ਜਿਹਾ ਵੱਧ ਸਮਾਂ ਦੇ ਦਿਉ। ਸਾਡੀ ਪਾਰਟੀ ਦਾ ਟਾਈਮ ਹੈ।

**ਮਾਨਯੋਗ ਸਪੀਕਰ** : ਹਾਲੇ ਬਾਦਲ ਸਾਹਿਬ ਨੇ ਵੀ ਬੋਲਣਾ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਉਨ੍ਹਾਂ ਨੇ ਤਾਂ ਕੱਲ੍ਹ ਬੋਲਣਾ ਹੈ ਜੀ।

**ਮਾਨਯੋਗ ਸਪੀਕਰ** : ਤੁਸੀਂ ਹੁਣ ਕਨਕਲੂਡ ਕਰੋ ਪਲੀਜ਼।

Original with;
Punjab Vidhan Sabha
Digitized by:

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਚਲੋ ਜੀ, ਮੈਂ ਸ਼ੂਗਰਕੇਨ ਅਤੇ ਕਾਟਨ ਦੀ ਗੱਲ ਛੱਡ ਦਿੰਦਾ ਹਾਂ। ਇਸ ਤੋਂ ਅੱਗੇ ਪਾਵਰ ਦੀ ਗੱਲ ਲੈ ਲਓ। ਮੈਂ ਥੋੜ੍ਹਾ ਜਿਹਾ ਡਾਈਵਰਸੀਫਿਕੇਸ਼ਨ ਬਾਰੇ ਹੋਰ ਵੀ ਕਹਿਣਾ ਚਾਹੁੰਦਾ ਹਾਂ। Govt. again faces Johal's wrath on Contract Labour. ਉਹ ਇਨ੍ਹਾਂ ਦਾ ਆਪਣਾ ਐਡਵਾਈਜ਼ਰ ਹੈ। ਤੁਸੀਂ ਮੈਨੂੰ ਡਾਈਵਰਸੀਫਿਕੇਸ਼ਨ ਦੇ ਬਾਰੇ ਗੱਲ ਕਰਨ ਲਈ ਟਾਈਮ ਨਹੀਂ ਦੇ ਰਹੇ .......

**ਮਾਨਯੋਗ ਸਪੀਕਰ :** ਤੁਸੀਂ ਜਿੰਨਾ ਟਾਈਮ ਮੰਗਿਆ ਸੀ, ਦੇ ਦਿੱਤਾ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸੌਰੀ ਜੀ। ਸਾਡੇ ਨਾਲ ਤੁਸੀਂ ਸਖਤੀ ਨਾਲ ਪੇਸ਼ ਆਉਂਦੇ ਹੋ ਜੀ। ਤੁਸੀਂ ਤਾਂ ਸਾਡੇ ਕਸਟੋਡੀਅਨ ਹੋ।

**Mr. Speaker :** I have to see all.

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਡਾਈਵਰਸੀਫਿਕੇਸ਼ਨ ਦੀ ਗੱਲ ਤੋਂ ਬਾਅਦ ਬਿਜਲੀ ਅਤੇ ਪਾਣੀ ਦਾ ਮੇਜਰ ਸਬਜੈਕਟ ਹੈ ਜਿਸ ਤੇ ਮੈਂ ਏਨਾ ਹੀ ਕਹਾਂਗਾ, ਜ਼ਿਆਦਾ ਨਹੀਂ ਕਹਾਂਗਾ ਕਿਉਂਕਿ ਟਾਈਮ ਥੋੜ੍ਹਾ ਰਹਿ ਗਿਆ ਹੈ। ਅੱਜ ਇਕੋ ਹੀ ਗੱਲ ਕੀਤੀ ਜਾ ਰਹੀ ਹੈ, ਮੇਰਾ ਪੁਆਇੰਟ ਨੋਟ ਕਰਨ ਵਾਲਾ ਹੈ ਕਿ ਪੰਜਾਬ ਪੁੱਟ ਦਿੱਤਾ ਅਕਾਲੀਆਂ ਨੇ, ਜ਼ਿਮੀਂਦਾਰਾਂ ਨੂੰ, ਗਰੀਬਾਂ ਨੂੰ ਬਿਜਲੀ ਮੁਫਤ ਦੇ ਦਿੱਤੀ, ਦਲਿਤਾਂ ਦੀ ਬਿਜਲੀ ਵਿਚ ਰਿਆਇਤ ਦੇ ਦਿੱਤੀ। ਬਾਕੀ ਰੇਟ ਵਧਾਏ ਨਹੀਂ ਤੇ ਬਿਜਲੀ ਥੋੜ੍ਹੀ ਦਿੱਤੀ। ਇਨ੍ਹਾਂ ਵੱਲੋਂ ਕਿਹਾ ਗਿਆ ਕਿ ਅਸੀਂ ਬਿਜਲੀ ਵੱਧ ਦਿੱਤੀ ਤੇ ਸਸਤੀ ਵੀ ਦਿੱਤੀ। ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਅੰਕੜੇ ਕਢਵਾ ਕੇ ਦੇਖ ਲਓ। ਇਨ੍ਹਾਂ ਨੇ ਬਿਜਲੀ ਘੱਟ ਵੀ ਦਿੱਤੀ ਅਤੇ ਮਹਿੰਗੀ ਵੀ ਦਿੱਤੀ। ਫੇਰ ਇਹ ਕਹਿ ਰਹੇ ਹਨ ਕਿ ਅਕਾਲੀਆਂ ਕਰਕੇ 1,800 ਕਰੋੜ ਰੁਪਏ ਦਾ ਘਾਟਾ ਪੈ ਗਿਆ। ਬਿਜਲੀ ਬੋਰਡ ਵਾਲੇ 8,233 ਮਿਲੀਅਨ ਯੂਨਿਟ ਦਾ ਘਾਟਾ ਪਿਛਲੇ 5 ਸਾਲ ਦਾ ਦਿਖਾਉਂਦੇ ਹਨ ਤੇ ਸਿਰਫ ਆਪਣਾ ਘਾਟਾ ਲੁਕਾਉਣ ਵਾਸਤੇ ਕਿਉਂਕਿ ਜਦੋਂ ਰੈਗੂਲੇਟਰੀ ਕਮਿਸ਼ਨ ਨੇ ਹਿਸਾਬ ਦੇਖਿਆ ਤਾਂ 4,888 ਮਿਲੀਅਨ ਯੂਨਿਟ ਨਿਕਲੇ ਤੇ 3,345 ਮਿਲੀਅਨ ਯੂਨਿਟ ਜਿਹੜੇ ਘੱਟ ਦਿਖਾਉਂਦੇ ਸੀ, ਜਦੋਂ ਉਨ੍ਹਾਂ ਦਾ ਹਿਸਾਬ ਕਰੀਏ ਤਾਂ 1,000 ਕਰੋੜ ਰੁਪਿਆ ਬਣਦਾ ਹੈ, ਜਿਹੜਾ ਬੋਰਡ ਵਾਲੇ ਜੱਟ ਦੇ ਸਿਰ ਪਾਉਂਦੇ ਪਏ ਸੀ। ਇਹ ਰੈਗੂਲੇਟਰੀ ਕਮਿਸ਼ਨ ਨੂੰ ਰਿਪੋਰਟ ਪੇਸ਼ ਕੀਤੀ ਗਈ ਹੈ, ਮੈਂ ਉਥੋਂ ਹੀ ਅੰਕੜੇ ਬੋਲ ਰਿਹਾ ਹਾਂ। ਫੇਰ ਕਿਹਾ ਕਿ 26.5 ਪ੍ਰਤੀਸ਼ਤ ਦਾ ਜਿਹੜਾ ਸਾਡਾ ਲਾਸ ਹੈ, ਇਹ ਕਾਹਦਾ ਹੈ। ਬੋਰਡ ਵਾਲੇ ਕਹਿੰਦੇ ਕਿ 16 ਪ੍ਰਤੀਸ਼ਤ ਲਾਈਨਾਂ ਦੀ ਟਰਾਂਸਮੀਸ਼ਨ ਦਾ ਲਾਸ ਹੈ, ਇਸ ਨੂੰ ਟੈਕਨੀਕਲ ਕਹਿੰਦੇ ਹਨ ਤੇ ਸਾਢੇ 10 ਪ੍ਰਤੀਸ਼ਤ ਲਾਸ ਨਾਨ-ਟੈਕਨੀਕਲ ਹੈ। ਇਹ ਬਿਊਰੋਕਰੇਸੀ ਦੀ ਲੈਂਗੂਏਜ ਹੈ ਜਿਸਨੂੰ ਤੁਸੀਂ ਨਹੀਂ ਪਛਾਣ ਸਕਦੇ। ਇਸ ਲਈ ਅਸਲ ਲਫਜ਼ ਚੋਰੀ ਹੈ। ਇਹ 19 ਕਰੋੜ ਰੁਪਏ ਦੀ ਚੋਰੀ ਹੋ ਰਹੀ ਹੈ। ਪਹਿਲੀ ਗੱਲ, ਯੂਨਿਟਾਂ ਨਾਲ ਜੱਟ ਨੂੰ ਮਾਰਿਆ। ਫੇਰ 1,000 ਕਰੋੜ ਰੁਪਏ ਦੀ ਚੋਰੀ ਉਸ ਦੇ ਸਿਰ ਪਾ ਦਿੱਤੀ ਤੇ ਹੁਣ 330 ਰੁਪਏ ਪ੍ਰਤੀ ਹਾਰਸ ਪਾਵਰ ਦਿਉ।

ਸਪੀਕਰ ਸਾਹਿਬ, ਫੇਰ ਹਲਦੀਆ ਰਿਪੋਰਟ ਪੇਸ਼ ਹੋਈ। ਅਗਰ ਇਸ ਰਿਪੋਰਟ ਤੇ ਇਹ ਚਲਣਗੇ ਤਾਂ ਜਿਵੇਂ ਪਹਿਲਾਂ ਉੜੀਸਾ, ਹਰਿਆਣਾ, ਤਾਮਿਲਨਾਡੂ ਦਾ ਹਾਲ ਹੋਇਆ ਹੈ, ਉਸੇ ਤਰ੍ਹਾਂ ਇਹ ਹੁਣ ਪੰਜਾਬ ਨੂੰ ਪੁੱਟ ਦੇਣਗੇ। ਅੱਜ ਤੱਕ ਪਹਿਲਾਂ ਜਿਹੜੀ ਬਿਜਲੀ 8 ਆਨੇ ਦੀ ਪੈਦਾ ਹੁੰਦੀ ਸੀ, ਉਸਤੇ 10 ਰੁਪਏ ਦਾ ਖਰਚਾ ਪੈ ਰਿਹਾ ਹੈ। ਇਹ ਤਾਂ ਤੁਹਾਨੂੰ 8-8 ਰੁਪਏ ਵੀ ਨਹੀਂ ਮਿਲਣੀ, ਤੁਸੀਂ 6-6 ਰੁਪਏ ਭਾਲਦੇ ਹੋ। ਕਿਉਂਕਿ ਬੋਰਡ ਨੂੰ ਸਿੱਧਾ

Original with;
Punjab Vidhan Sabha
Digitized by;

ਵੇਚ ਨਹੀਂ ਸਕਦੇ, ਪਹਿਲਾਂ ਕੰਪਨੀ ਐਕਟ ਦੇ ਥੱਲੇ ਲਿਆਉਗੇ ਤੇ ਫੇਰ ਵੇਚੋਗੇ ਤਾਂਕਿ ਪੰਜਾਬ ਦੇ ਅੰਦਰ ਜੋ ਖੂਨ ਪਸੀਨੇ ਨਾਲ ਬਣਿਆ ਹੈ, ਉਹ ਖਤਮ ਕਰ ਦਿੱਤਾ ਜਾਵੇ। ਇਸ ਤੇ ਮੈਂ ਜ਼ਿਆਦਾ ਕਹਿਣ ਦੀ ਬਜਾਏ ਏਨਾ ਹੀ ਕਹਾਂਗਾ ਕਿ ਕੋਈ ਜੱਟ ਨੇ ਨਹੀਂ ਮਾਰਿਆ ਪੰਜਾਬ ਨੂੰ, ਪੰਜਾਬ ਨੂੰ ਪੰਜਾਬ ਦੇ ਜੱਟ ਨੇ ਠੀਕ ਕੀਤਾ ਸੀ। ਤੁਸੀਂ ਪੰਜਾਬ ਨਾਲ ਦੁਸ਼ਮਣੀ ਕਰੋਗੇ। ਅੱਜ 4/- ਰੁਪਏ, ਕੱਲ੍ਹ ਨੂੰ ਤੁਸੀਂ 6/- ਰੁਪਏ ਤੋਂ ਵੀ ਘੱਟ ਬਿਜਲੀ ਲੈ ਲਉਗੇ ਤਾਂ ਮੇਰਾ ਨਾਂ ਬਦਲਾ ਦੇਣਾ। (ਘੰਟੀ) ਬੱਸ ਜੀ, ਮੈਂ ਕਨਕਲੂਡ ਕਰਨ ਹੀ ਲੱਗਾ ਹਾਂ। ਮੈਂ ਦੋ ਮਿੰਟਾਂ ਵਿਚ ਹੀ ਖਤਮ ਕਰ ਦਿੰਦਾ ਹਾਂ। ਤੁਹਾਡੀ ਗੱਲ ਮੈਂ ਸਮਝਦਾ ਹਾਂ।

ਐਸ.ਵਾਈ.ਐਲ. ਦੀ ਗੱਲ ਲੈ ਲਵੋ। ਪਾਣੀ ਦਾ ਮਸਲਾ ਹੈ ਅਤੇ ਪਾਣੀ ਤੇ ਹੀ ਸਾਰਾ ਕੁਝ ਨਿਰਭਰ ਕਰਦਾ ਹੈ। ਪੀਣ ਵਾਲੇ ਪਾਣੀ ਦੀ ਗੱਲ ਹੋਵੇ ਜਾਂ ਬਿਜਲੀ ਦੀ ਗੱਲ ਹੋਵੇ। ਜਦੋਂ ਕੋਈ ਗੱਲ ਹੁੰਦੀ ਹੈ ਤਾਂ ਸਾਨੂੰ ਕਿਹਾ ਜਾਂਦਾ ਹੈ ਕਿ ਕੋਆਪ੍ਰੇਟ ਕਰੋ ! ਕਨਸੈਂਸਿਸ ਕਰੋ। ਅਸੀਂ ਇਹ ਸਾਰਾ ਕੁਝ ਕਰਨ ਲਈ ਤਿਆਰ ਹਾਂ ਪਰ ਕਿਸ ਤਰ੍ਹਾਂ ! ਪਾਣੀਆਂ ਦਾ ਸਭ ਤੋਂ ਪਹਿਲਾਂ ਪੰਗਾ 1955 ਵਿਚ ਪਿਆ, ਫਿਰ 1959 ਵਿਚ ਪਿਆ। ਇਹ ਮੈਂ ਨਹੀਂ ਕਹਿੰਦਾ, ਹਿਸਟੋਰੀਅਨ ਕਹਿੰਦੇ ਹਨ। ਫਿਰ ਪੰਗਾ 24 ਜੁਲਾਈ 1976 ਨੂੰ ਪਿਆ। ਦਿੱਲੀ ਬਹਿ ਕੇ ਫੈਸਲੇ ਹੁੰਦੇ ਹਨ, ਸਾਨੂੰ ਤਾਂ ਕੋਈ ਪੁੱਛਦਾ ਹੀ ਨਹੀਂ। 24 ਜੁਲਾਈ ਨੂੰ ਫੈਸਲਾ ਹੋ ਗਿਆ। ਫਿਰ ਪੰਜਾਬ ਵਿਚ ਵੀ ਅਤੇ ਹਰਿਆਣਾ ਵਿਚ ਵੀ ਸਰਕਾਰ ਬਦਲ ਗਈ। 1979 ਵਿਚ ਹਰਿਆਣਾ ਪੰਜਾਬ ਸੁਪਰੀਮ ਕੋਰਟ ਵਿਚ ਚਲੇ ਗਏ। ਫਿਰ ਪੰਗਾ ਪੈ ਗਿਆ। ਸਾਨੂੰ ਇਹ ਗਾਲ੍ਹਾਂ ਕੱਢਦੇ ਹਨ। ਕੱਢ ਲੈਣ ਪਰ ਮੈਂ ਕਹਿੰਦਾ ਹਾਂ ਕਿ ਇਸ ਪਾਣੀਆਂ ਵਾਲੇ ਮਾਮਲੇ ਤੇ ਇਹ ਸਾਡੇ ਤੇ ਤਰਸ ਖਾਣ। ਸਾਨੂੰ ਜੇ ਤੁਸੀਂ ਜੇਲ੍ਹਾਂ ਵਿਚ ਬੰਦ ਕਰਦੇ ਹੋ, ਅਸੀਂ ਹੋ ਜਾਵਾਂਗੇ ਪਰ ਪੰਜਾਬ ਨਾਲ ਧੱਕਾ ਨਾ ਕਰੋ। 1981 ਵਿਚ ਆਖਰੀ ਪੰਗਾ ਹੋਇਆ ਜੋ ਸਾਡੇ ਖੂਨ ਨਾਲ ਸਮਝੌਤਾ ਹੋਇਆ। ਜਿਹੜਾ 1982 ਵਿਚ ਟੱਕ ਲੱਗਿਆ ਸੀ, ਉਸ ਦਾ ਸਮਝੌਤਾ 1981 ਵਿਚ ਹੋਇਆ ਸੀ। ਇਹ ਸਾਰੇ ਫੈਸਲੇ ਕਿਸ ਨੇ ਕੀਤੇ ? ਇਹ ਸਾਰੇ ਫੈਸਲੇ ਉਦੋਂ ਹੋਏ ਜਦੋਂ ਸੂਬੇ ਵਿਚ ਵੀ ਅਤੇ ਦਿੱਲੀ ਵਿਚ ਵੀ ਕਾਂਗਰਸ ਦੀਆਂ ਸਰਕਾਰਾਂ ਸਨ। ਇਹ ਮੇਰੀ ਰਿਪੋਰਟ ਨਹੀਂ ਹੈ। ਇਹ ਤਾਂ ਭਜਨ ਲਾਲ ਦੀ ਸਟੇਟਮੈਂਟ ਹੈ ਜੋ ਮੈਂ ਪੜ੍ਹ ਦਿੰਦਾ ਹਾਂ :

...... "When asked whether he really expect that the remaining portion of the canal could be constructed, Mr. Bhajan Lal said : "The canal will be completed when I will become the Chief Minister again. The work of the canal started when I was the Chief Minister of Haryana and the maximum work of the canal was also carried out during my tenure."

While ruling out, the Congress' participation in the all party meeting convened by Chief Minister, Om Parkash Chautala, on the SYL issue for January 14, Mr. Bhajan Lal alleged that Mr. Chautala did not pursue the SYL issue when Mr. Parkash Singh Badal was the Punjab Chief Minister.

**ਮਾਨਯੋਗ ਸਪੀਕਰ** : ਤੁਸੀਂ ਹੁਣ ਬੈਠ ਜਾਓ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਇਹ ਮੇਰੀ ਪਾਰਟੀ ਦਾ ਟਾਈਮ ਹੈ। ਮੈਂ ਬੱਸ ਕਨਕਲੂਡ ਕਰਨ ਹੀ ਲੱਗਿਆ ਹਾਂ। ਜੇ ਤਾਂ ਮੈਂ ਕੋਈ ਉਲੰਘਣਾ ਕੀਤੀ ਹੋਵੇ . . . . . .

Original with;
Punjab Vidhan Sabha
Digitized by;

**ਮਾਨਯੋਗ ਸਪੀਕਰ** : ਨਹੀਂ ਜੀ, ਤੁਸੀਂ ਬੈਠ ਜਾਓ। ਕਦੀ ਤੁਸੀਂ ਪੰਜ ਮਿੰਟ ਕਹਿੰਦੇ ਹੋ ਅਤੇ ਕਦੀ ਦੋ ਮਿੰਟ ਕਹਿੰਦੇ ਹੋ। ਅਗਲਾ ਸਪੀਕਰ, ਸਰਦਾਰ ਸਾਧੂ ਸਿੰਘ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਇਹ ਜਿਹੜੇ ਸਿਆਪੇ ਪਏ ਹਨ, ਇਹ ਇਨ੍ਹਾਂ ਦੇ ਹੀ ਪਾਏ ਹੋਏ ਹਨ (ਵਿਘਨ) ** ** **

**Mr. Speaker :** Not allowed.

**ਸਰਦਾਰ ਸਾਧੂ ਸਿੰਘ (ਅਮਲੋਹ, ਐਸ.ਸੀ.)** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਜਿਹੜਾ ਮਤਾ ਸ਼੍ਰੀ ਸੁਨੀਲ ਜਾਖੜ ਜੀ ਨੇ ਸਦਨ ਵਿਚ ਲਿਆਂਦਾ ਹੈ, ਉਸ ਤੇ ਬੋਲਣ ਵਾਸਤੇ ਤੁਸੀਂ ਮੈਨੂੰ ਟਾਈਮ ਦਿੱਤਾ ਹੈ। ਜਿਹੜੀਆਂ ਗੱਲਾਂ ਭੂੰਦੜ ਜੀ ਨੇ ਇਥੇ ਕੀਤੀਆਂ ਹਨ, ਮੈਂ ਸਮਝਦਾ ਹਾਂ ਕਿ ਹਾਊਸ ਦੀ ਪਰੰਪਰਾ ਤੋਂ ਉਪਰ ਉਠ ਕੇ ਵੀ ਉਨ੍ਹਾਂ ਨੇ ਕਈ ਗੱਲਾਂ ਕੀਤੀਆਂ ਹਨ। ਇਹ ਸਪੀਕਰ ਸਾਹਿਬ ਦੇ ਹੁਕਮਾਂ ਦੀ ਹੁਕਮਅਦੂਲੀ ਹੋ ਰਹੀ ਹੈ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਉਹ ਬੈਠ ਜਾਣ। ਇਸ ਪਵਿੱਤਰ ਹਾਊਸ ਦੇ ਵਿਚ ਅੱਜ ਮੈਨੂੰ ਵੀ ਬੋਲਣ ਦਾ ਮੌਕਾ ਦਿੱਤਾ ਗਿਆ ਹੈ। ਅੱਜ ਕਈ ਦਿਨਾਂ ਤੋਂ ਗਵਰਨਰ ਐਡਰੈਸ ਤੇ . . . . . . (ਵਿਘਨ)

(ਮਾਨਯੋਗ ਮੈਂਬਰ ਸਰਦਾਰ ਬਲਵਿੰਦਰ ਸਿੰਘ ਭੂੰਦੜ (ਸ਼੍ਰੋਮਣੀ ਅਕਾਲੀ ਦਲ) ਹਾਲੇ ਵੀ ਆਪਣੀ ਸੀਟ ਦੇ ਖੜ੍ਹੇ ਬਿਨਾ ਆਗਿਆ ਤੋਂ **ਬੋਲ ਰਹੇ ਸਨ ਜੋ ਕਿ ਰਿਕਾਰਡ ਨਹੀਂ ਕੀਤਾ ਗਿਆ।)

**Mr. Speaker :** Take your seat.

## WALK-OUT

(ਇਸ ਸਮੇਂ ਸਦਨ ਵਿਚ ਹਾਜ਼ਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸਾਹਿਬਾਨ ਬੋਲਣ ਵਾਸਤੇ ਹੋਰ ਸਮਾਂ ਨਾ ਦਿੱਤੇ ਜਾਣ ਕਾਰਣ ਰੋਸ ਵਜੋਂ ਸਦਨ ਵਿਚੋਂ ** ਨਾਅਰੇ ਮਾਰਦੇ ਹੋਏ ਵਾਕ ਆਊਟ ਕਰ ਗਏ।)

**ਮਾਨਯੋਗ ਸਪੀਕਰ** : ਨਾਅਰੇ ਰਿਕਾਰਡ ਨਾ ਕੀਤੇ ਜਾਣ।

## DISCUSSION ON GOVERNOR'S ADDRESS *(RESUMPTION)*

**ਸਰਦਾਰ ਸਾਧੂ ਸਿੰਘ** : ਮੇਰੇ ਕੁਝ ਸਾਥੀਆਂ ਨੇ ਪੰਜਾਬ ਦੇ ਕਿਸਾਨਾਂ ਦੀ ਗੱਲ ਕੀਤੀ ਹੈ। ਸਾਰੇ ਹੀ ਕਿਸਾਨਾਂ ਦੇ ਹਿਤੈਸ਼ੀ ਬਣਦੇ ਹਨ ਅਤੇ ਆਪੋ ਆਪਣੇ ਢੰਗ ਨਾਲ ਪੰਜਾਬ ਦੇ ਕਿਸਾਨਾਂ ਅਤੇ ਪੰਜਾਬ ਦੇ ਹਿਤਾਂ ਦੀ ਗੱਲ ਕਰਦੇ ਹਨ। ਹੁਣੇ ਹੀ ਮੈਂ ਭੂੰਦੜ ਜੀ ਨੂੰ ਸੁਣ ਰਿਹਾ ਸੀ।

*5.25 ਵਜੇ ਸ਼ਾਮ

(ਇਸ* ਸਮੇਂ ਸ਼੍ਰੀ ਤਿਕਸ਼ਨ ਸੂਦ, ਮੈਂਬਰ, ਪੈਨਲ ਆਫ਼ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਭੂੰਦੜ ਸਾਹਿਬ ਕਹਿ ਰਹੇ ਸਨ ਕਿ ਇਹ ਅਕਾਲੀ ਪਾਰਟੀ ਹੈ ਜਿਸ ਨੇ ਰਾਜ ਵਿੱਚ ਫਰੀ ਪਾਣੀ ਦੇ ਕੇ ਪੰਜਾਬ ਦੇ ਕਿਸਾਨਾਂ ਦੀ ਸੇਵਾ ਕੀਤੀ। ਮੈਂ ਕਹਿ ਸਕਦਾ ਹਾਂ ਕਿ ਜਦੋਂ 1977-78

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਵਿੱਚ ਅਕਾਲੀ ਦਲ ਦੀ ਸਰਕਾਰ ਪੰਜਾਬ ਵਿੱਚ ਆਈ ਸੀ, ਉਸ ਵੇਲੇ ਹਿੰਦੁਸਤਾਨ ਵਿੱਚ ਇਨ੍ਹਾਂ ਦੇ ਭਾਈਵਾਲਾਂ ਦੀ ਸਰਕਾਰ ਸੀ ਅਤੇ ਸ਼੍ਰੀ ਮੁਰਾਰਜੀ ਡਿਸਾਈ ਦੇਸ਼ ਦੇ ਪ੍ਰਧਾਨ ਮੰਤਰੀ ਸਨ। ਉਸ ਵੇਲੇ ਹਰਿਆਣੇ ਵਿੱਚ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਸੀ ਔਰ ਏਥੇ ਪੰਜਾਬ ਵਿੱਚ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸੀ ਔਰ ਛੋਟਾ ਭਾਈ, ਵੱਡਾ ਭਾਈ ਕਹਿ ਕੇ ਅਕਾਲੀ ਵੀਰਾਂ ਨੇ ਗਲਵੱਕੜੀਆਂ ਪਾ ਕੇ ਹਰਿਆਣੇ ਦੇ ਚੌਧਰੀ ਦੇਵੀ ਲਾਲ ਜੀ ਨਾਲ ਪਾਣੀ ਦਾ ਸੌਦਾ ਕੀਤਾ। ਦੋ ਕਰੋੜ ਰੁਪਏ ਦਾ ਚੈੱਕ ਇਨ੍ਹਾਂ ਨੇ ਲਿਆ। ਇਹ ਜਿਹੜੇ ਅੱਜ ਗੱਲਾਂ ਕਰਦੇ ਹਨ, ਕਾਂਗਰਸ ਦੇ ਖਿਲਾਫ ਗੱਲਾਂ ਕਰਦੇ ਹਨ, ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਇਨ੍ਹਾਂ ਲੋਕਾਂ ਦੀਆਂ ਜਾਇਦਾਦਾਂ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਜਾਇਦਾਦ ਹਰਿਆਣੇ ਦੇ ਵਿੱਚ ਹੈ। ਜਿਹੜੇ ਸੱਜਣਾਂ ਦੀ ਜਾਇਦਾਦ ਹਰਿਆਣੇ ਵਿੱਚ ਹੋਵੇ, ਉਹ ਪੰਜਾਬ ਦੇ ਹਿਤਾਂ ਦੀ ਗੱਲ ਕਿਵੇਂ ਕਰ ਸਕਦੇ ਹਨ। ਇਹ ਲੁਕਵੀਆਂ ਗੱਲਾਂ ਕਰਦੇ ਹਨ। ਮੈਨੂੰ, ਚੇਅਰਮੈਨ ਸਾਹਿਬ, ਇਕ ਪੁਰਾਣੀ ਗੱਲ ਯਾਦ ਹੈ ਕਿ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜਾਂ ਅਕਾਲੀ ਦਲ ਦੇ ਭਾਈਵਾਲਾਂ ਦੀ ਸਰਕਾਰ ਸੈਂਟਰ ਵਿੱਚ ਆਈ ਸੀ ਤਾਂ ਉਸ ਵੇਲੇ ਤਾਂ ਇਨ੍ਹਾਂ ਨੇ ਕੋਈ ਗੱਲ ਪੰਜਾਬ ਦੇ ਹਿਤਾਂ ਵਾਸਤੇ ਨਹੀਂ ਕੀਤੀ, ਕਿਸਾਨਾਂ ਦੇ ਹਿਤਾਂ ਵਾਸਤੇ ਕੋਈ ਗੱਲ ਨਹੀਂ ਕੀਤੀ। ਮੈਂ, ਮਾਨਯੋਗ ਚੇਅਰਮੈਨ ਸਾਹਿਬ, ਏਥੇ ਦੱਸਣਾ ਚਾਹੁੰਦਾ ਹਾਂ ਕਿ ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸੀ ਔਰ ਉਪਰ ਸਰਦਾਰ ਸੁਰਜੀਤ ਸਿੰਘ ਬਰਨਾਲਾ ਵਜ਼ੀਰ ਸਨ ਔਰ ਏਥੇ ਗੰਨੇ ਨੂੰ ਅੱਗਾਂ ਲਾਈਆਂ ਗਈਆਂ ਸੀ, ਕਪਾਹ ਨੂੰ ਕੋਈ ਪੁੱਛਦਾ ਨਹੀਂ ਸੀ ਔਰ ਨਾਹਰਾ ਲੱਗਦਾ ਸੀ ਕਿ ਉਪਰ ਜੱਟ, ਹੇਠਾਂ ਜੱਟ, ਨਰਮਾ ਵਿਕੇ 160, ਅੱਜ ਇਹ ਕਿਹੜੀਆਂ ਗੱਲਾਂ ਕਰਦੇ ਹਨ। ਮੈਂ ਹੈਰਾਨ ਹਾਂ ਭੂੰਦੜ ਸਾਹਿਬ ਤੇ। ਅੱਜ ਇਹ ਇਨ੍ਹਾਂ ਗੱਲਾਂ ਨੂੰ ਕਿਉਂ ਨਹੀਂ ਸੋਚਦੇ। ਅੱਜ ਇਹ ਪੰਜਾਬ ਦੇ ਹਿਤਾਂ ਦੀ ਗੱਲ ਕਰਨ ਦੇ ਹਾਮੀ ਬਣਦੇ ਹਨ। ਮੈਂ ਆਪਣੇ ਭਰਾਵਾਂ ਨੂੰ ਕਹਿੰਦਾ ਹੁੰਦਾ ਹਾਂ ਕਿ ਇਧਰੋਂ ਵੀ ਹਮੇਸ਼ਾਂ ਕਿਸਾਨ ਦੇ ਹਿਤਾਂ ਦੀ ਗੱਲ ਹੁੰਦੀ ਹੈ, ਉਧਰੋਂ ਵੀ ਹਮੇਸ਼ਾਂ ਕਿਸਾਨਾਂ ਦੇ ਬਾਰੇ ਦੀ ਗੱਲ ਹੁੰਦੀ ਹੈ, ਮੈਂ ਵੀ ਕਿਸਾਨਾਂ ਦਾ ਹਿਤੈਸ਼ੀ ਹਾਂ। ਜਿਥੇ ਆਪਾਂ ਸਾਰੇ ਕਿਸਾਨਾਂ ਦੇ ਹਿਤਾਂ ਦੀ ਗੱਲ ਕਰਦੇ ਹਾਂ, ਉਥੇ ਮੈਂ ਇਹ ਵੀ ਗੱਲ ਕਹਾਂਗਾ ਕਿ ਕਿਸਾਨ ਦੇ ਖੇਤਾਂ ਵਿੱਚ ਜਿਹੜਾ ਮਜ਼ਦੂਰ ਕੰਮ ਕਰਦਾ ਹੈ, ਉਸਦਾ ਵੀ ਸਾਨੂੰ ਖਿਆਲ ਕਰਨਾ ਚਾਹੀਦਾ ਹੈ। ਉਸਦੇ ਹਿਤ ਦੀ ਵੀ ਗੱਲ ਕੀਤੀ ਜਾਣੀ ਚਾਹੀਦੀ ਹੈ। ਜਿੱਥੇ ਪੰਜਾਬ ਦੇ ਕਿਸਾਨਾਂ ਦੀ ਜਿਣਸ ਦੀ ਗੱਲ ਕਰਦੇ ਹਾਂ, ਉਥੇ ਉਸ ਖੇਤ ਮਜ਼ਦੂਰ ਦੀ ਦਿਹਾੜੀ ਦੀ ਵੀ ਗੱਲ ਨਾਲ ਹੋਣੀ ਚਾਹੀਦੀ ਹੈ। ਇਹ ਵੀ ਸਾਡਾ ਸਭ ਦਾ ਸਾਂਝਾ ਫਰਜ਼ ਬਣਦਾ ਹੈ। ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਜੀ ਪੰਜਾਬ ਦੇ ਮੁੱਖ ਮੰਤਰੀ ਬਣੇ ਹਨ, ਇਨ੍ਹਾਂ ਨੇ ਪੰਜਾਬ ਦੀ ਵਾਗਡੋਰ ਸੰਭਾਲੀ ਹੈ। ਜਦੋਂ ਇਹ ਮੁੱਖ ਮੰਤਰੀ ਬਣੇ ਸਨ ਤਾਂ, ਚੇਅਰਮੈਨ ਸਾਹਿਬ, ਇਨ੍ਹਾਂ ਨੇ ਦੇਖਿਆ ਕਿ ਪੰਜਾਬ ਦੇ ਖਜ਼ਾਨੇ ਦੀ ਹਾਲਤ ਬਹੁਤ ਖਸਤਾ ਸੀ। ਖਜ਼ਾਨਾ ਲੁੱਟਿਆ ਪੁੱਟਿਆ ਪਿਆ ਸੀ ਔਰ ਕਿਸ ਹਾਲਾਤ ਦੇ ਨਾਲ ਇਨ੍ਹਾਂ ਨੇ ਇਹ ਸਾਲ ਲਿਆਂਦਾ ਹੈ ਔਰ ਇਹ ਸਾਲ ਮੁੱਖ ਮੰਤਰੀ ਜੀ ਕਹਿੰਦੇ ਹਨ ਕਿ ਵਿਕਾਸ ਦਾ ਸਾਲ ਹੋਵੇਗਾ। ਅੱਜ ਹੀ ਮੈਂ ਆਪਣੇ ਹਲਕੇ ਵਿੱਚ 20 ਲੱਖ ਰੁਪਏ ਦੇ ਚੈੱਕ ਸਕੂਲਾਂ ਨੂੰ ਵੰਡ ਕੇ ਆਇਆ ਹਾਂ। ਇਸ ਤੋਂ ਪਹਿਲਾਂ ਵੀ ਮੈਂ ਚੈੱਕ ਵੰਡੇ ਸਨ। ਇਹ ਕਹਿੰਦੇ ਹਨ ਕਿ ਪੰਜਾਬ ਸਰਕਾਰ ਡਿਵੈਲਪਮੈਂਟ ਦੇ ਕੰਮ ਨਹੀਂ ਕਰਵਾ ਰਹੀ। ਕੈਪਟਨ ਸਾਹਿਬ ਦੀ ਸਰਕਾਰ ਨੇ ਕਿੰਨੇ ਹੀ ਬਲਾਕਾਂ ਵਿੱਚ ਇਕ ਇਕ ਕਰੋੜ ਰੁਪਏ ਦੀ ਸਕੀਮ ਤਹਿਤ ਨਮੂਨੇ ਦੇ ਪਿੰਡ ਤਿਆਰ ਕਰਨ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਤਾਂ ਕਿ ਲੋਕਾਂ ਨੂੰ ਨਜ਼ਰ ਆਵੇ ਕਿ ਪ੍ਰਕਾਸ਼ ਸਿੰਘ ਬਾਦਲ ਤੋਂ ਬਾਅਦ ਜਦੋਂ ਤੋਂ ਕਾਂਗਰਸ ਸਰਕਾਰ ਪੰਜਾਬ ਵਿੱਚ ਆਈ ਹੈ, ਇਹ ਲੋਕਾਂ ਦੇ ਹਿੱਤਾਂ ਦੀ ਗੱਲ ਕਰਦੀ ਹੈ ਅਤੇ ਡਿਵੈਲਪਮੈਂਟ ਦੀ ਗੱਲ ਕਰਦੀ ਹੈ। ਰੱਬ ਸੁੱਖ ਰੱਖੇ ਆਉਣ ਵਾਲੇ ਸਮੇਂ ਵਿੱਚ ਤੁਹਾਨੂੰ ਨਮੂਨੇ ਦੇ ਪਿੰਡ ਦੇਖਣ ਨੂੰ ਮਿਲਣਗੇ। ਕੈਪਟਨ

Original with;
Punjab Vidhan Sabha
Digitized by;
P...

[ਸਰਦਾਰ ਸਾਧੂ ਸਿੰਘ]

ਅਮਰਿੰਦਰ ਸਿੰਘ ਜੀ ਦੀ ਜੋ ਸੋਚ ਹੈ, ਉਹ ਇਹ ਹੈ ਕਿ ਹਰ ਪਿੰਡ ਨੂੰ ਬਿਜਲੀ ਮਿਲੇ, ਸੀਵਰੇਜ ਮਿਲੇ ਅਤੇ ਪਿੰਡਾਂ ਦਾ ਹਰ ਪੱਖੋਂ ਪੂਰੀ ਤਰ੍ਹਾਂ ਵਿਕਾਸ ਹੋਵੇ।

ਚੇਅਰਮੈਨ ਸਾਹਿਬ, ਮੇਰੇ ਤੋਂ ਪਹਿਲਾਂ ਏਥੇ ਬੋਲਦਿਆਂ ਅਕਾਲੀ ਦਲ ਦੇ ਮੈਂਬਰਾਂ ਨੇ ਕਿਹਾ ਕਿ ਏਥੇ ਬਿਜਲੀ ਪਾਣੀ ਮੁਫਤ ਦਿੱਤਾ ਗਿਆ ਸੀ। ਮੈਂ ਇਨ੍ਹਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਪੰਜ ਸਾਲਾਂ ਵਿੱਚ ਕਿਸਾਨਾਂ ਨੂੰ ਬਿਜਲੀ ਪਾਣੀ ਫਰੀ ਬਾਰੇ ਕਿਹਾ ਤਾਂ ਗਿਆ ਪਰ ਕਿੰਨੀ ਬਿਜਲੀ ਉਨ੍ਹਾਂ ਨੂੰ ਮਿਲਦੀ ਸੀ। ਸਾਰੇ ਦਿਨ ਵਿੱਚ ਤਿੰਨ ਚਾਰ ਘੰਟੇ। ਉਹ ਵੀ ਲਗਾਤਾਰ ਨਹੀਂ। ਚਾਰ ਪੰਜ ਟ੍ਰਿਪਾਂ ਵਿੱਚ। ਉਧਰੋਂ ਹਾਲੇ ਖਾਲੇ ਵਿੱਚ ਪਾਣੀ ਪਹੁੰਚਦਾ ਵੀ ਨਹੀਂ ਸੀ ਕਿ ਬਿਜਲੀ ਉਸ ਤੋਂ ਪਹਿਲਾਂ ਹੀ ਚਲੀ ਜਾਂਦੀ ਸੀ ਔਰ ਜਦੋਂ ਕਿਸਾਨ ਬਿਜਲੀ ਵਾਲੇ ਨੂੰ ਜਾ ਕੇ ਪੁੱਛਦੇ ਸੀ ਤਾਂ ਬਿਜਲੀ ਮਹਿਕਮੇ ਵਾਲੇ ਕਹਿੰਦੇ ਸੀ ਕਿ ਤੁਸੀਂ ਕਿਹੜਾ ਸਾਨੂੰ ਬਿਜਲੀ ਦੇ ਬਿਲ ਦਿੰਦੇ ਹੋ, ਇਸ ਕਰਕੇ ਤੁਹਾਡਾ ਇਹ ਗੱਲ ਕਰਨ ਦਾ ਕੋਈ ਹੱਕ ਨਹੀਂ ਹੈ। ਮੈਂ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਕਿ ਜੇਕਰ ਇਨ੍ਹਾਂ ਨੇ ਕਿਸਾਨਾਂ ਤੋਂ ਕੁਝ ਛੋਟਾ ਮੋਟਾ ਬਿਜਲੀ ਦਾ ਬਿਲ ਲੈਣਾ ਸ਼ੁਰੂ ਕੀਤਾ ਹੈ ਤਾਂ ਇਸ ਨਾਲ ਉਨ੍ਹਾਂ ਜ਼ਿਮੀਂਦਾਰਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਵੀ ਪ੍ਰੋਵਾਈਡ ਕੀਤੀ ਜਾਵੇਗੀ।

ਚੇਅਰਮੈਨ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਸਾਹਮਣੇ ਬੈਠੇ ਭਰਾਵਾਂ ਨੂੰ ਕਿ ਜਦੋਂ ਪੂਰੇ ਹਿੰਦੁਸਤਾਨ ਵਿਚ ਸੋਕਾ ਪਿਆ, ਉਸ ਵੇਲੇ ਕੈਪਟਨ ਮਹਾਰਾਜਾ ਅਮਰਿੰਦਰ ਸਿੰਘ ਦੀ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨੂੰ 12-12 ਘੰਟੇ ਬਿਜਲੀ ਦਿੱਤੀ। ਜਿਥੇ ਪੂਰੇ ਹਿੰਦੁਸਤਾਨ ਵਿਚ ਸੋਕਾ ਪਿਆ ਹੋਇਆ ਸੀ ਤਾਂ ਉਸ ਸਮੇਂ ਪੰਜਾਬ ਦੇ ਕਿਸਾਨ ਨੇ ਆਪਣੀ ਮਿਹਨਤ ਦੇ ਨਾਲ ਡੇਢ ਗੁਣਾ ਅਨਾਜ ਪੈਦਾ ਕੀਤਾ। ਮੈਂ ਹੈਰਾਨ ਹਾਂ ਕਿ ਇਨ੍ਹਾਂ ਨੇ ਇਸ ਗੱਲ ਦੀ ਸ਼ਾਬਾਸ਼ ਤਾਂ ਕੀ ਦੇਣੀ ਸੀ, ਉਲਟਾ ਨੁਕਤਾਚੀਨੀ ਤੇ ਉਤਰ ਆਏ ਹਨ। ਮੈਂ ਇਥੇ ਦੱਸਣਾ ਚਾਹੁੰਦਾ ਹਾਂ, ਇਥੇ ਗੱਲ ਕੀਤੀ ਗਈ ਹੈ ਕਿ ਕੈਪਟਨ ਮਹਾਰਾਜਾ ਅਮਰਿੰਦਰ ਸਿੰਘ, ਮੁੱਖ ਮੰਤਰੀ, ਨੇ ਆਪਣੇ ਵਜ਼ੀਰਾਂ ਸਮੇਤ ਦਿੱਲੀ ਵਿਖੇ ਜਾ ਕੇ ਧਰਨਾ ਮਾਰਿਆ। ਮੈਂ ਉਦੋਂ ਪੁਆਇੰਟ ਆਫ ਆਰਡਰ ਮੰਗਿਆ ਜਿਹੜਾ ਕਿ ਮੈਨੂੰ ਮਿਲਿਆ ਨਹੀਂ ਸੀ। ਮੈਂ ਹੁਣ ਦੱਸਣਾ ਚਾਹੁੰਦਾ ਹਾਂ ਕਿ ਜਿਸ ਵਿਅਕਤੀ ਨੂੰ, ਜਿਸ ਲੀਡਰ ਨੂੰ ਆਪਣੇ ਦੇਸ਼ ਨਾਲ, ਆਪਣੇ ਸੂਬੇ ਨਾਲ, ਆਪਣੇ ਸੂਬੇ ਦੇ ਲੋਕਾਂ ਨਾਲ ਪਿਆਰ ਹੋਵੇ, ਉਹ ਉਨ੍ਹਾਂ ਦੀ ਖਾਤਰ ਕਿਤੇ ਵੀ ਜਾ ਕੇ ਧਰਨਾ ਮਾਰ ਸਕਦਾ ਹੈ। ਇਸੇ ਕਰਕੇ ਹੀ ਦਿੱਲੀ ਦੀ ਸਰਕਾਰ ਵਾਲੇ, ਜਿਨ੍ਹਾਂ ਦੇ ਨਾਲ ਅਕਾਲੀ ਦਲ ਵਾਲੇ ਭਰਾਵਾਂ ਦੀ ਭਾਈਵਾਲੀ ਸੀ, ਜਦੋਂ ਭਾਅ ਵਧਾਉਣ ਲਈ ਨਾ ਮੰਨੇ ਤਾਂ ਅਸੀਂ ਸਾਰਿਆਂ ਨੇ ਮੁੱਖ ਮੰਤਰੀ ਜੀ ਨਾਲ ਰਲ ਕੇ ਧਰਨਾ ਮਾਰਿਆ। ਇਹ ਧਰਨਾ ਪੰਜਾਬ ਦੇ ਹੱਕਾਂ ਵਾਸਤੇ ਮਾਰਿਆ ਗਿਆ ਸੀ। ਇਥੇ ਨਹਿਰੀ ਪਾਣੀਆਂ ਦੀ ਗੱਲ ਕੀਤੀ ਗਈ ਹੈ। ਇਹ ਕਹਿੰਦੇ ਹਨ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਕਿ ਅਸੀਂ ਕਪੂਰੀ ਦਾ ਮੋਰਚਾ ਲਗਾਇਆ। ਮੈਂ ਕਹਿੰਦਾ ਹਾਂ ਕਿ ਇਹ ਸੌਦਾ ਕਰਨ ਵਾਲੇ ਵੀ ਆਪ ਅਤੇ ਮੋਰਚਾ ਲਗਾਉਣ ਵਾਲੇ ਵੀ ਆਪ। ਮੋਰਚੇ ਦੀ ਸ਼ੁਰੂਆਤ ਕਰਨ ਦਾ ਨਤੀਜਾ ਇਹ ਨਿਕਲਿਆ ਕਿ 12-14 ਸਾਲ ਪੰਜਾਬ ਦੇ ਹਾਲਾਤ ਬੜੇ ਮਾੜੇ ਰਹੇ। ਯਾਦ ਆਉਂਦੀਆਂ ਹਨ ਮੇਰੀਆਂ ਰੰਡੀਆਂ ਹੋਈਆਂ ਭੈਣਾਂ, ਅਨਾਥ ਹੋਏ ਬੱਚੇ, ਬੇਸਹਾਰਾ ਹੋਏ ਬਜ਼ੁਰਗ। ਇਹ ਬੀਜ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਸਾਥੀਆਂ ਦਾ ਹੀ ਬੀਜਿਆ ਹੋਇਆ ਹੈ। ਐਸ.ਵਾਈ.ਐਲ. ਨਹਿਰ ਉਤੇ 35-35 ਬੰਦੇ ਮਾਰੇ ਗਏ। ਬੱਸਾਂ ਵਿਚੋਂ ਲਾਹ ਕੇ ਬੇਗੁਨਾਹ ਬੰਦਿਆਂ ਨੂੰ ਮਾਰਿਆ ਗਿਆ। ਉਸ ਤੋਂ ਬਾਅਦ ਕਾਂਗਰਸ ਪਾਰਟੀ ਦੇ ਪ੍ਰਧਾਨ ਅਤੇ ਸਵਰਗੀ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜਿਨ੍ਹਾਂ ਬਾਰੇ ਮੈਂ

Original with;
Punjab Vidhan Sabha
Digitized by;
Panjab Digital Library

ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਜਿਥੇ ਵੀ ਹੋਣ ਸਵਰਗਾਂ ਵਿੱਚ ਵੱਸਣ, ਉਸ ਮਹਾਨ ਵਿਅਕਤੀ ਨੇ ਲੋਕਾਂ ਦੇ ਨਾਲ ਮਿਲ ਕੇ, ਇਨ੍ਹਾਂ ਦੁਆਰਾ ਉਸ ਬੀਜੇ ਹੋਏ ਬੀਜ ਦਾ ਨਾਸ ਕੀਤਾ ਜਿਹੜਾ ਕਿ 12 ਸਾਲਾਂ ਤੋਂ ਇਨ੍ਹਾਂ ਨੇ ਬੀਜਿਆ ਹੋਇਆ ਸੀ। ਜਦੋਂ ਇਲੈਕਸ਼ਨਾਂ ਕਰਵਾਈਆਂ ਗਈਆਂ ਤਾਂ ਉਸ ਵਕਤ ਸਰਦਾਰ ਪ੍ਰਕਾਸ਼ ਸਿੰਘ ਬਾਦਲ ਡਰ ਕੇ ਬਾਈਕਾਟ ਕਰ ਗਏ ਸਨ। ਉਦੋਂ ਸਵਰਗੀ ਸਰਦਾਰ ਬੇਅੰਤ ਸਿੰਘ ਜੀ ਨੇ ਮੁੱਖ ਮੰਤਰੀ ਬਣ ਕੇ ਪੰਜਾਬ ਨੂੰ ਲੀਹਾਂ ਤੇ ਲਿਆਂਦਾ। ਮੈਨੂੰ ਵਿਸ਼ਵਾਸ ਹੈ ਕਿ ਕੈਪਟਨ ਮਹਾਰਾਜਾ ਅਮਰਿੰਦਰ ਸਿੰਘ ਦੀ ਸਰਕਾਰ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰਕੇ ਹਰ ਮਜ਼ਹਬ ਦੀ ਰਾਖੀ ਕਰਨ ਲਈ ਵਚਨਬੱਧ ਹੈ। ਮੇਰੇ ਕਹਿਣ ਦਾ ਭਾਵ ਕਿ ਇਹ ਜੋ ਲੋਕ ਵੱਡੀਆਂ-ਵੱਡੀਆਂ ਗੱਲਾਂ ਕਰਦੇ ਹਨ, ਇਹ ਠੀਕ ਨਹੀਂ ਹਨ ਜਿਵੇਂ ਠੇਕਿਆਂ ਦੀ ਗੱਲ ਕੀਤੀ ਗਈ ਹੈ ਕਿ ਨੀਲਾਮੀ ਵਿਚ ਦੇਰੀ ਹੋਈ ਹੈ। ਮੈਂ, ਚੇਅਰਮੈਨ ਸਾਹਿਬ, ਇਕ ਮਿਸਾਲ ਦੇਣੀ ਚਾਹੁੰਦਾ ਹਾਂ। ਇਥੇ ਮੇਰੇ ਸਾਥੀ ਸਰਦਾਰ ਮਲਕੀਅਤ ਸਿੰਘ ਦਾਖਾ ਬੈਠੇ ਹਨ ਜਿਹੜੇ ਕਿ ਲੁਧਿਆਣਾ ਜ਼ਿਲ੍ਹੇ ਨਾਲ ਸਬੰਧ ਰਖਦੇ ਹਨ। ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ ਤਾਂ ਉਸ ਵਕਤ ਲੁਧਿਆਣਾ ਜ਼ਿਲ੍ਹੇ ਦੇ ਠੇਕਿਆਂ ਦੀ ਬੋਲੀ ਪੂਰੇ ਦੋ ਮਹੀਨੇ ਨਹੀਂ ਸੀ ਹੋਣ ਦਿੱਤੀ। ਕੇਵਲ ਉਦੋਂ ਤੱਕ ਨਹੀਂ ਹੋਣ ਦਿੱਤੀ ਜਦੋਂ ਤੱਕ ਇਨ੍ਹਾਂ ਦੇ ਚਹੇਤਿਆਂ ਦੇ ਮੁਤਾਬਿਕ ਉਨ੍ਹਾਂ ਨੂੰ ਠੇਕੇ ਨਹੀਂ ਦਿੱਤੇ ਗਏ। ਅੱਜ ਇਹ ਕਿਹੜੇ ਮੂੰਹ ਨਾਲ ਗੱਲਾਂ ਕਰਦੇ ਹਨ। ਕੈਪਟਨ ਮਹਾਰਾਜਾ ਅਮਰਿੰਦਰ ਸਿੰਘ ਨੇ ਚੋਣਾਂ ਵੇਲੇ ਕਿਹਾ ਸੀ ਕਿ ਪੰਜਾਬ ਦੇ ਲੋਕੋ, ਸਾਨੂੰ ਵੋਟ ਪਾਓ, ਅਸੀਂ ਜਿਹੜੀਆਂ ਰਾਜ ਵਿਚ ਪੀਅਨ ਦੀਆਂ ਪੋਸਟਾਂ 2-2 ਲੱਖ ਵਿਚ ਵਿਕਦੀਆਂ ਹਨ, ਐਸ.ਪੀ. ਦੀ ਪੋਸਟ 2-2 ਕਰੋੜ ਰੁਪਏ ਵਿਚ ਵਿਕਦੀ ਹੈ, ਇਨ੍ਹਾਂ ਕੁਰੱਪਸ਼ਨ ਕਰਨ ਵਾਲੇ ਪੁਲੀਟੀਕਲ ਲੀਡਰਾਂ ਨੂੰ ਨੰਗਿਆਂ ਕਰਾਂਗੇ। ਜਿਹੜੇ ਵੀ ਵਾਅਦੇ ਕੈਪਟਨ ਮਹਾਰਾਜਾ ਅਮਰਿੰਦਰ ਸਿੰਘ ਦੀ ਸਰਕਾਰ ਨੇ ਲੋਕਾਂ ਨਾਲ ਕੀਤੇ ਸਨ, ਉਨ੍ਹਾਂ ਨੂੰ ਪੂਰਿਆਂ ਕਰਨ ਦੀ ਸ਼ੁਰੂਆਤ ਕੀਤੀ ਹੈ। ਮੈਂ ਅਕਾਲੀ ਦਲ ਵਾਲਿਆਂ ਵੀਰਾਂ ਨੂੰ ਪੁੱਛਦਾ ਹਾਂ ਕਿ ਪੀ.ਪੀ.ਐਸ.ਸੀ. ਦਾ ਚੇਅਰਮੈਨ ਇਨ੍ਹਾਂ ਨਾਲ ਰਲ-ਮਿਲ ਕੇ ਕੰਮ ਕਰਦਾ ਹੋਵੇ ਅਤੇ ਉਸ ਦੇ ਲਾਕਰਾਂ ਵਿਚੋਂ ਕਰੋੜਾਂ ਰੁਪਏ ਕੱਢੇ ਗਏ ਹੋਣ। ਦੁਨੀਆਂ ਨੇ ਦੇਖਿਆ ਕਿ ਹਜ਼ਾਰ ਹਜ਼ਾਰ ਰੁਪਏ ਦੇ ਨੋਟ ਪੂਰੇ ਪੰਜਾਬ ਵਿੱਚੋਂ ਗਾਇਬ ਹੋਏ ਅਤੇ ਉਹ ਚੇਅਰਮੈਨ, ਪੀ.ਪੀ.ਐਸ.ਸੀ. ਦੇ ਲਾਕਰਾਂ ਵਿਚੋਂ ਨਿਕਲੇ। ਮੇਰੇ ਕਹਿਣ ਦਾ ਭਾਵ ਹੈ ਕਿ ਕੈਪਟਨ ਅਮਰਿੰਦਰ ਸਿੰਘ ਜੀ ਨੇ ਕਿਹਾ ਸੀ ਕਿ ਜਿਸ ਕਿਸੇ ਨੇ ਵੀ ਕੁਰੱਪਸ਼ਨ ਕੀਤੀ ਹੈ, ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਕਦੇ ਪਰਸਨਲ ਰੰਜਸ਼ ਨਾਲ ਨਹੀਂ ਸੋਚਿਆ। ਮੈਂ ਅਕਾਲੀ ਦਲ ਅਤੇ ਭਾਰਤੀਆ ਜਨਤਾ ਪਾਰਟੀ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਆਪਣੀ ਮੰਜੀ ਥੱਲੇ ਸੋਟਾ ਫੇਰੋ, ਫਿਰ ਦੂਜੇ ਦੀ ਗੱਲ ਕਰੋ। ਕੈਪਟਨ ਸਾਹਿਬ ਅਤੇ ਉਨ੍ਹਾਂ ਦੀ ਸਰਕਾਰ ਗਰੀਬਾਂ ਦੀ, ਕਿਸਾਨਾਂ ਅਤੇ ਮਜ਼ਦੂਰਾਂ ਦੀ ਹਮਦਰਦ ਹੈ। ਬਹੁਤ-ਬਹੁਤ ਧੰਨਵਾਦ।

**ਸ਼੍ਰੀ ਤਰਲੋਚਨ ਸਿੰਘ (ਬੰਗਾ, ਐਸ.ਸੀ.)** : ਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਹੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਜਿਹੜਾ ਧੰਨਵਾਦ ਦਾ ਮਤਾ ਸ਼੍ਰੀ ਸੁਨੀਲ ਕੁਮਾਰ ਜਾਖੜ ਜੀ ਨੇ ਪੇਸ਼ ਕੀਤਾ ਹੈ, ਉਸ ਤੇ ਬੋਲਣ ਦਾ ਸਮਾਂ ਦਿੱਤਾ ਹੈ। ਆਪੋਜ਼ੀਸ਼ਨ ਦੇ ਬੈਂਚਿਜ਼ ਅੱਜ ਖਾਲੀ ਪਏ ਹਨ ਕਿਉਂਕਿ ਜਿਹੜੀਆਂ ਸੱਚੀਆਂ ਗੱਲਾਂ ਗਵਰਨਰ ਸਾਹਿਬ ਦੇ ਐਡਰੈਸ ਵਿਚ ਕਹੀਆਂ ਗਈਆਂ ਹਨ, ਉਨ੍ਹਾਂ ਨੂੰ ਸੁਣਨ ਦਾ ਹੌਂਸਲਾ ਮੇਰਾ ਖਿਆਲ ਹੈ ਕਿ ਆਪੋਜ਼ੀਸ਼ਨ ਵਿੱਚ ਨਹੀਂ। ਮਾਨਯੋਗ ਚੇਅਰਮੈਨ ਸਾਹਿਬ, ਜਿਹੜੇ ਵੀ ਲਫਜ਼ ਅਸੀਂ ਇਸ ਅਜ਼ੀਮ ਸਦਨ ਦੇ ਅੰਦਰ ਬੋਲਦੇ ਹਾਂ, ਉਹ ਸਾਰਾ ਹੀ ਇਕ ਹਿਸਟਰੀ ਦੇ ਰੂਪ ਵਿੱਚ ਲਿਖਿਆ ਜਾਵੇਗਾ। ਗਵਰਨਰ ਸਾਹਿਬ ਉਸ ਦਿਨ ਆਪਣਾ ਐਡਰੈਸ ਪੜ੍ਹਣ ਲਈ ਖੜ੍ਹੇ ਹੋਏ ਸੀ ਅਤੇ ਸਾਡੇ ਸਤਿਕਾਰਯੋਗ ਲੀਡਰ ਆਫ ਦੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਤਰਲੋਚਨ ਸਿੰਘ]

ਆਪੋਜ਼ੀਸ਼ਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਇੰਨਾ ਹੌਂਸਲਾ ਨਹੀਂ ਪਿਆ ਕਿ ਉਹ ਸੱਚੀਆਂ ਗੱਲਾਂ ਸੁਣ ਸਕਦੇ। ਉਨ੍ਹਾਂ ਨੇ ਆਪਣਾ ਹੀ ਪੈਰਲਲ ਐਡਰੈਸ ਪੜ੍ਹਣਾ ਸ਼ੁਰੂ ਕਰ ਦਿੱਤਾ। ਜਿਸ ਨਾਲ ਉਨ੍ਹਾਂ ਨੇ ਹਾਊਸ ਦੀ ਵੀ ਅਤੇ ਗਵਰਨਰ ਸਾਹਿਬ ਦੀ ਵੀ ਤੌਹੀਨ ਕੀਤੀ ਹੈ। ਕਿਉਂਕਿ ਆਉਣ ਵਾਲੀਆਂ ਨਸਲਾਂ ਨੇ ਵੀ ਇਹ ਗੱਲਾਂ ਪੜ੍ਹਣੀਆਂ ਹਨ, ਇਸ ਲਈ ਇਹ ਜੋ ਇਕ ਕਲੰਕ ਲੱਗਿਆ ਹੈ, ਇਹ ਨਿੰਦਣਯੋਗ ਹੈ। ਗਵਰਨਰ ਸਾਹਿਬ ਨੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀਆਂ ਜਿਹੜੀਆਂ ਪ੍ਰਾਪਤੀਆਂ ਹਨ, ਉਨ੍ਹਾਂ ਤੇ ਬਹੁਤ ਹੀ ਵਿਸਥਾਰ ਨਾਲ ਚਾਨਣ ਪਾਇਆ ਸੀ। ਪਹਿਲੀ ਸਰਕਾਰ ਬਾਰੇ ਆਪਾਂ ਸਾਰੇ ਹੀ ਜਾਣਦੇ ਹਾਂ ਕਿ ਕਿਸ ਤਰ੍ਹਾਂ ਪੀਅਨ ਦੀ ਨੌਕਰੀ ਤੋਂ ਲੈ ਕੇ ਡੀ.ਐਸ.ਪੀ. ਤੱਕ ਅਤੇ ਪੀ.ਸੀ.ਐਸ. ਦੀਆਂ ਨੌਕਰੀਆਂ ਡੇਢ ਲੱਖ ਤੋਂ ਲੈ ਕੇ ਦੋ ਕਰੋੜ ਰੁਪਏ ਤੱਕ ਵਿਕੀਆਂ ਅਤੇ ਕਿਸ ਤਰ੍ਹਾਂ ਸਾਰਿਆਂ ਨੇ ਟੈਲੀਵੀਜ਼ਨ ਦੇ ਰਾਹੀਂ ਪੀ.ਪੀ.ਐਸ.ਸੀ. ਦੇ ਚੇਅਰਮੈਨ ਦੇ ਲਾਕਰਾਂ ਵਿਚੋਂ 8 ਕਰੋੜ 30 ਲੱਖ ਰੁਪਏ ਦੇ ਨੋਟ ਡਿੱਗਦੇ ਵੇਖੇ। ਅਗਰ ਕਿਸੇ ਨੇ ਚਪੜਾਸੀ ਭਰਤੀ ਹੋਣਾ ਸੀ ਤਾਂ 2 ਲੱਖ ਰੁਪਏ, ਕਿਸੇ ਨੇ ਕਲਰਕ ਭਰਤੀ ਹੋਣਾ ਸੀ ਤਾਂ 5 ਲੱਖ ਰੁਪਏ, ਕਿਸੇ ਨੇ ਨਾਇਬ ਤਹਿਸੀਲਦਾਰ ਭਰਤੀ ਹੋਣਾ ਸੀ ਤਾਂ 15 ਲੱਖ ਰੁਪਏ, ਕਿਸੇ ਨੇ ਤਹਿਸੀਲਦਾਰ ਭਰਤੀ ਹੋਣਾ ਸੀ ਤਾਂ 30 ਲੱਖ ਰੁਪਏ, ਕਿਸੇ ਨੇ ਪੀ.ਸੀ.ਐਸ. ਅਫਸਰ ਲੱਗਣਾ ਸੀ ਤਾਂ 50 ਲੱਖ ਰੁਪਏ ਅਤੇ ਡੀ.ਐਸ.ਪੀ. ਦੀ ਭਰਤੀ ਲਈ ਆਪਾਂ ਸਾਰੇ ਜਾਣਦੇ ਹੀ ਹਾਂ ਕਿ ਉਸ ਵੇਲੇ ਅਫਸਰਾਂ ਨੇ ਆਪਣੇ ਬੱਚੇ ਭਰਤੀ ਕਰਾਉਣ ਲਈ ਦੋ ਦੋ ਕਰੋੜ ਰੁਪਏ ਵੀ ਦਿੱਤੇ। ਮੈਨੂੰ ਯਾਦ ਹੈ ਕਿ ਏ.ਐਸ.ਆਈ. ਦੀ ਭਰਤੀ ਵੀ ਉਦੋਂ ਕੀਤੀ ਗਈ ਸੀ ਅਤੇ ਉਸਦੇ ਵਿਚ ਜਾਅਲੀ ਸਰਟੀਫਿਕੇਟਾਂ ਨਾਲ ਭਰਤੀ ਹੋਈ। ਬਾਅਦ ਵਿੱਚ ਇਨਕੁਆਰੀ ਹੋਈ, ਉਨ੍ਹਾਂ ਨੇ ਮਗਧ ਯੂਨੀਵਰਸਿਟੀ ਤੋਂ ਸਰਟੀਫਿਕੇਟ ਲਿਆ ਕੇ ਦਿੱਤਾ ਸੀ ਅਤੇ ਇਨਕੁਆਰੀ ਕਰਨ ਲਈ ਜਦੋਂ ਯੂਨੀਵਰਸਿਟੀ ਵਿਖੇ ਇੱਥੋਂ ਅਫਸਰ ਗਏ ਤਾਂ ਉਨ੍ਹਾਂ ਨੇ ਦੱਸਿਆ ਕਿ ਇਹ ਸਰਟੀਫਿਕੇਟ ਯੂਨੀਵਰਸਿਟੀ ਵੱਲੋਂ ਜਾਰੀ ਹੀ ਨਹੀਂ ਸੀ ਕੀਤਾ ਗਿਆ। ਇਹ ਦੋ ਕੇਸ ਡੀਟੈਕਟ ਕੀਤੇ ਗਏ ਹਨ। ਇਹੋ ਜਿਹੀਆਂ ਸੱਚੀਆਂ ਗੱਲਾਂ ਸੁਣਨ ਦਾ ਬਾਦਲ ਸਾਹਿਬ ਦੇ ਵਿੱਚ ਮਾਦਾ ਨਹੀਂ ਸੀ, ਇਸੇ ਲਈ ਉਨ੍ਹਾਂ ਨੇ ਪੈਰਲਲ ਐਡਰੈਸ ਪੜ੍ਹਣਾ ਸ਼ੁਰੂ ਕਰ ਦਿੱਤਾ ਸੀ। ਸਰਦਾਰ ਮਨਪ੍ਰੀਤ ਸਿੰਘ ਬਾਦਲ ਬੈਠੇ ਹਨ, ਮੈਂ ਉਨ੍ਹਾਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਕਹਿੰਦੇ ਹਨ ਕਿ 'ਖਾਣ ਪੀਣ ਨੂੰ ਬਾਂਦਰੀ, ਡੰਡੇ ਖਾਣ ਨੂੰ ਰਿੱਛ'। ਜਦੋਂ ਵੀ ਕੋਈ ਗੱਲ ਆਉਣੀ ਹੈ ਤਾਂ ਫਿਰ ਬਾਦਲ ਸਾਹਿਬ ਦਾ ਪੁੱਤਰ ਮੋਹ ਜਾਗ ਪੈਣਾ ਹੈ। ਇਨ੍ਹਾਂ ਨੂੰ ਪਹਿਲਾਂ ਨਾ ਤਾਂ ਬਾਦਲ ਸਾਹਿਬ ਨੇ ਆਪਣੀ ਸਰਕਾਰ ਵਿੱਚ ਮੰਤਰੀ ਬਣਾਇਆ ਅਤੇ ਨਾ ਹੀ ਕਿਸੇ ਕਾਰਪੋਰੇਸ਼ਨ ਦਾ ਚੇਅਰਮੈਨ ਬਣਾਇਆ। ਸਾਨੂੰ ਪਤਾ ਲੱਗਾ ਹੈ ਕਿ ਬਾਦਲ ਸਾਹਿਬ ਨੇ ਆਪਣੇ ਸੀ.ਐਮ. ਸਮੇਂ ਦੌਰਾਨ ਆਪਣੇ ਘਰ ਇਨ੍ਹਾਂ ਦਾ ਆਉਣਾ ਬੰਦ ਕੀਤਾ ਹੋਇਆ ਸੀ। ਸੋ, ਇੰਨੀ ਤਲਖੀ ਵਿੱਚ ਤੁਸੀਂ (ਸਰਦਾਰ ਮਨਪ੍ਰੀਤ ਸਿੰਘ ਬਾਦਲ ਵੱਲ ਇਸ਼ਾਰਾ) ਨਾ ਆਇਆ ਕਰੋ ਅਤੇ ਨਾ ਹੀ ਜ਼ਿਆਦਾ ਪ੍ਰੇਸ਼ਾਨ ਹੋਇਆ ਕਰੋ ਕਿਉਂਕਿ ਜਦੋਂ ਕੋਈ ਗੱਲ ਹੋਣੀ ਹੈ ਤਾਂ ਸਾਨੂੰ ਪਤਾ ਹੈ ਕਿ ਪੁੱਤਰ ਮੋਹ ਵਿੱਚ ਜਿੱਥੇ ਵੱਟ ਪੈਣੀ ਹੈ, ਉਥੇ ਹੀ ਪੈਣੀ ਹੈ। ਪੁੱਗਾ ਸਾਹਿਬ ਸਾਡੇ ਸਤਿਕਾਰਯੋਗ ਮੈਂਬਰ ਹਨ। ਉਨ੍ਹਾਂ ਨੇ ਵੀ ਖੜੀਆਂ ਵਧੀਆ-ਵਧੀਆ ਗੱਲਾਂ ਕੀਤੀਆਂ ਹਨ। ਕਾਂਗਰਸ ਪਾਰਟੀ ਨੇ ਅਜ਼ਾਦੀ ਤੋਂ ਲੈ ਕੇ ਹੁਣ ਤੱਕ ..........

ਸ਼੍ਰੀ ਸਭਾਪਤੀ : ਜਿਹੜਾ ਮੈਂਬਰ ਗੈਰਹਾਜ਼ਰ ਹੋਵੇ, ਉਸ ਦਾ ਨਾਂ ਨਾ ਲਿਆ ਜਾਵੇ।

ਸ਼੍ਰੀ ਤਰਲੋਚਨ ਸਿੰਘ : ਹੁਣ ਉਹ ਮੈਂਬਰ ਤਾਂ ਹਨ ਜੀ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਭਾਪਤੀ** : ਪਰ ਜਿਹੜਾ ਹਾਜ਼ਰ ਨਹੀਂ, ਉਸ ਦਾ ਨਾਂ ਲੈਣਾ ਠੀਕ ਨਹੀਂ।

**ਸ਼੍ਰੀ ਤਰਲੋਚਨ ਸਿੰਘ** : ਚੇਅਰਮੈਨ ਸਾਹਿਬ, ਇਨ੍ਹਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਦਲਿਤ ਵਰਗਾਂ ਵਾਸਤੇ ਕੁਝ ਨਹੀਂ ਕੀਤਾ। ਚੇਅਰਮੈਨ ਸਾਹਿਬ, ਮੈਂ ਅਜ਼ਾਦੀ ਤੋਂ ਪਹਿਲਾਂ ਦੀ ਜਾਣਕਾਰੀ ਦੇਣੀ ਜ਼ਰੂਰੀ ਸਮਝਦਾ ਹਾਂ। ਕਾਂਗਰਸ ਪਾਰਟੀ ਨੇ ਬੜੀਆਂ ਵੱਡੀਆਂ ਵੱਡੀਆਂ ਕੁਰਬਾਨੀਆਂ ਦੇ ਕੇ ਹਿੰਦੁਸਤਾਨ ਨੂੰ ਅਜ਼ਾਦ ਕਰਵਾਇਆ। ਉਸ ਤੋਂ ਬਾਅਦ ਕਾਂਸਟੀਚੁਐਂਟ ਅਸੰਬਲੀ ਬਣੀ। ਉਸ ਵਿੱਚ 371 ਮੈਂਬਰ ਸਨ। ਇਸ ਵਿਚ ਦਲਿਤ ਵਰਗ ਦੇ ਸਾਡੇ ਸਤਿਕਾਰਯੋਗ ਡਾ. ਭੀਮ ਰਾਓ ਅੰਬੇਦਕਰ ਜੀ ਵੀ ਸਨ। ਉਸ ਸਮੇਂ ਦੀ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਨੇ ਸੋਚਿਆ ਕਿ ਇਹ ਬਹੁਤ ਹੀ ਪੜ੍ਹੇ ਲਿਖੇ ਵਰਗ ਦੇ ਵਿਅਕਤੀ ਹਨ। ਉਨ੍ਹਾਂ ਨੇ ਕਿਹਾ ਕਿ ਡਾਕਟਰ ਸਾਹਿਬ, ਇਹ ਫੜੋ ਕਲਮ ਤੇ ਕਾਗਜ ਤੇ ਜਿਸ ਤਰ੍ਹਾਂ ਦੀ ਕਿਸਮਤ ਦਲਿਤ ਸਮਾਜ ਦੀ ਲਿਖਣੀ ਚਾਹੋ, ਉਹ ਲਿਖੋ। ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਉਨ੍ਹਾਂ ਨੇ ਸਾਨੂੰ ਰਿਜ਼ਰਵੇਸ਼ਨ ਦਿੱਤੀ। ਕਈ ਲੋਕ ਕਹਿੰਦੇ ਹਨ ਕਿ ਇਹ ਡਾਕਟਰ ਸਾਹਿਬ ਨੇ ਇਕੱਲਿਆਂ ਦਿੱਤੀ ਪਰ ਉਸ ਵੇਲੇ ਦੀ ਕਾਂਗਰਸ ਲੀਡਰਸ਼ਿਪ ਨੇ ਦਲਿਤ ਵਰਗ ਨੂੰ ਉਚਾ ਚੁੱਕਣ ਵਾਸਤੇ ਪ੍ਰਣ ਕੀਤਾ ਹੋਇਆ ਸੀ। ਮੇਰਾ ਖਿਆਲ ਹੈ ਕਿ ਸ਼ਾਇਦ ਜੇ ਰਿਜ਼ਰਵੇਸ਼ਨ ਨਾ ਮਿਲਦੀ ਤਾਂ ਅਸੀਂ ਉਪਰ ਨਹੀਂ ਉਠ ਸਕਦੇ ਸੀ। ਸਾਨੂੰ ਇੱਥੇ ਅਸੰਬਲੀ ਵਿੱਚ ਆਉਣ ਦਾ ਮੌਕਾ ਮਿਲਿਆ ਹੈ, ਪਾਰਲੀਮੈਂਟ ਵਿੱਚ ਸਾਡੇ ਮੈਂਬਰਾਂ ਨੂੰ ਮੌਕੇ ਮਿਲੇ ਹਨ, ਸਰਕਾਰੀ ਦਫਤਰਾਂ ਵਿੱਚ ਨੌਕਰੀਆਂ ਮਿਲੀਆਂ ਹਨ। ਇਹ ਸਾਨੂੰ ਨਾ ਮਿਲਦੀਆਂ ਜੇ ਉਸ ਵੇਲੇ ਦੀ ਕਾਂਗਰਸ ਪਾਰਟੀ ਦੇ ਲੀਡਰਾਂ ਦੇ ਮਨਾਂ ਵਿੱਚ ਸਾਡੇ ਦਲਿਤ ਵਰਗ ਪ੍ਰਤੀ ਹਮਦਰਦੀ ਨਾ ਹੁੰਦੀ। ਉਸ ਅੰਦਰ ਹਮਦਰਦੀ ਸੀ, ਤਾਂ ਹੀ ਉਨ੍ਹਾਂ ਨੇ ਡਾਕਟਰ ਸਾਹਿਬ ਨੂੰ ਡਰਾਫਟਿੰਗ ਕਮੇਟੀ ਦਾ ਚੇਅਰਮੈਨ ਬਣਾਇਆ ਅਤੇ ਹੋਰ ਕਈ ਰਿਆਇਤਾਂ ਦਿੱਤੀਆਂ। ਇਹ ਸਾਰਾ ਕੁਝ ਅੱਜ ਉਨ੍ਹਾਂ ਦੇ ਸਦਕਾ ਹੀ ਹੈ। ਇਸੀ ਕਰਕੇ ਅੱਜ ਅਸੀਂ ਉਚੀਆਂ ਪਦਵੀਆਂ ਤੇ ਹਾਂ। ਚੇਅਰਮੈਨ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅਜ਼ਾਦੀ ਤੋਂ ਬਾਅਦ ਜਿੰਨੀਆਂ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਚਾਹੇ ਕੇਂਦਰ ਤੇ ਚਾਹੇ ਸੂਬਿਆਂ ਵਿੱਚ ਬਣੀਆਂ, ਇਨ੍ਹਾਂ ਨੇ ਸਕੂਲ ਖੋਲ੍ਹੇ, ਬਿਜਲੀ ਦਿੱਤੀ, ਹਸਪਤਾਲ ਬਣਵਾਏ ਅਤੇ ਸੜਕਾਂ ਦਾ ਜਾਲ ਵਿਛਾਇਆ। ਇਸ ਤੋਂ ਇਲਾਵਾ ਦੇਸ਼ ਦੀ ਉੱਨਤੀ ਲਈ ਹੋਰ ਕਈ ਕੰਮ ਕੀਤੇ। ਸਾਡੀ ਸਰਕਾਰ ਭਾਵੇਂ ਸੈਂਟਰ ਵਿੱਚ ਸੀ ਜਾਂ ਸੂਬਿਆਂ ਵਿੱਚ, ਦੇਸ਼ ਨੇ ਬਹੁਤ ਤਰੱਕੀ ਕੀਤੀ। ਗਰੀਨ ਰੈਵੋਲਿਊਸ਼ਨ ਸਾਡੀ ਸਰਕਾਰ ਨੇ ਲਿਆਂਦਾ। ਅਸੀਂ ਇਹ ਸਾਰੇ ਜਾਣਦੇ ਹਾਂ ਕਿ ਪੀ.ਐਲ 480 ਕਣਕ ਅਮਰੀਕਾ ਤੋਂ ਆਈ ਸੀ। ਇਸ ਮੈਕਸੀਕਨ ਕਣਕ ਨੂੰ ਨਾ ਤਾਂ ਕੋਈ ਦੇਖ ਸਕਦਾ ਸੀ ਤੇ ਨਾ ਹੀ ਖਾ ਸਕਦਾ ਸੀ ਪਰ ਅਸੀਂ ਫਿਰ ਵੀ ਜ਼ਰੂਰਤ ਕਰਕੇ ਅਮਰੀਕਾ ਤੋਂ ਇਹ ਕਣਕ ਮੰਗਵਾਉਂਦੇ ਰਹੇ। ਫਿਰ ਅਸੀਂ ਯਤਨ ਕਰਕੇ ਗਰੀਨ ਰੈਵੋਲਿਊਸ਼ਨ ਲਿਆਂਦਾ। ਸਾਰੇ ਜ਼ਿਮੀਂਦਾਰ ਭਰਾਵਾਂ ਨੂੰ ਸਸਤੇ ਭਾਅ ਤੇ ਕਣਕ ਦੇ ਬੀਜ ਦਿੱਤੇ ਗਏ। ਸਾਡੀ ਸਰਕਾਰ ਨੇ ਉਨ੍ਹਾਂ ਨੂੰ ਟਿਊਬਵੈੱਲ ਦੇ ਕੁਨੈਕਸ਼ਨ ਦਿੱਤੇ ਅਤੇ ਬਹੁਤ ਸਾਰੀਆਂ ਐਗਰੀਕਲਚਰ ਯੂਨੀਵਰਸਿਟੀਆਂ ਖੋਲ੍ਹੀਆਂ। ਇਸ ਦੇ ਨਾਲ ਹੀ ਖੇਤੀ ਵਾਸਤੇ ਵਧੀਆ ਬੀਜ ਮੁਹੱਈਆ ਕਰਵਾਏ। ਇਸ ਲਈ ਗਰੀਨ ਰੈਵੋਲਿਊਸ਼ਨ ਇਨਾ ਸਕਸੈਸਫੁੱਲ ਬਣਿਆ ਕਿ ਅੱਜ ਹਿੰਦੁਸਤਾਨ ਵਿੱਚ ਆਉਣ ਵਾਲੇ ਪੰਜ ਸਾਲਾਂ ਤੱਕ ਅਨਾਜ ਦਾ ਭੰਡਾਰ ਹੈ। ਇਸੇ ਤਰ੍ਹਾਂ ਹੀ ਬਲਿਊ ਰੈਵੋਲਿਊਸ਼ਨ ਲਿਆਂਦਾ ਗਿਆ, ਜਿਸ ਵਿਚ ਅਸੀਂ ਸਾਰੇ ਜਾਣਦੇ ਹਾਂ ਕਿ ਮੱਛੀ ਪਾਲਣ ਦਾ ਧੰਦਾ, ਪੋਲਟਰੀ ਫਾਰਮ ਨੂੰ ਬੜ੍ਹਾਵਾ ਦਿੱਤਾ ਗਿਆ। ਫਿਰ ਵ੍ਹਾਈਟ ਰੈਵੋਲਿਊਸ਼ਨ ਲਿਆਂਦਾ ਗਿਆ। ਦੁੱਧ ਦੇ ਉਤਪਾਦਨ ਲਈ ਸਾਡੀਆਂ ਸਰਕਾਰਾਂ ਨੇ ਸਸਤੇ ਭਾਅ ਤੇ ਵਧੀਆ ਕਿਸਮ ਦਾ ਸੀਮਨ ਮੰਗਵਾ ਕੇ ਕਿਸਾਨਾਂ ਨੂੰ ਦਿੱਤਾ, ਵਧੀਆ ਗਾਈਆਂ ਦੀ ਨਸਲ ਮੰਗਵਾ ਕੇ ਦਿੱਤੀ ਔਰ ਇਸ ਤਰ੍ਹਾਂ ਕਰਕੇ, ਕਿਸਾਨਾਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਨ ਦਾ ਕੰਮ ਕੀਤਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਤਰਲੋਚਨ ਸਿੰਘ]

ਗਿਆ। ਗਰੀਨ ਰੈਵੋਲਿਊਸ਼ਨ, ਵਾਈਟ ਰੈਵੋਲਿਊਸ਼ਨ ਔਰ ਬਲਿਊ ਰੈਵੋਲਿਊਸ਼ਨ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਨੇ ਲਿਆਂਦਾ।

ਚੇਅਰਮੈਨ ਸਾਹਿਬ, ਮੈਂ ਇਹ ਨਹੀਂ ਕਹਿੰਦਾ ਕਿ ਅਕਾਲੀਆਂ ਨੇ ਕੋਈ ਰੈਵੋਲਿਊਸ਼ਨ ਨਹੀਂ ਲਿਆਂਦਾ। ਇਨ੍ਹਾਂ ਨੇ ਵੀ ਰੈਵੋਲਿਊਸ਼ਨ ਲਿਆਂਦਾ ਹੈ। ਇਨ੍ਹਾਂ ਨੇ ਰੈੱਡ ਰੈਵੋਲਿਊਸ਼ਨ ਲਿਆਂਦਾ ਹੈ। ਆਪਾਂ ਸਾਰੇ ਜਾਣਦੇ ਹਾਂ ਉਹ ਕਾਲਾ ਦੌਰ, ਜਦੋਂ 1978 ਵਿੱਚ ਨਿਰੰਕਾਰੀਆਂ ਅਤੇ ਅਕਾਲੀਆਂ ਵਿਚ ਝਗੜਾ ਹੋਇਆ ਸੀ। ਅੰਮ੍ਰਿਤਸਰ ਦੇ ਉਸ ਰੈੱਡ ਰੈਵੋਲਿਊਸ਼ਨ ਦੇ ਸਦਕਾ ਆਪਾਂ ਸਾਰੇ ਹੀ ਜਾਣਦੇ ਹਾਂ ਕਿ 1978 ਤੋਂ ਲੈ ਕੇ 1992 ਤੱਕ ਪੰਜਾਬ ਦੇ ਅੰਦਰ ਅੱਤਵਾਦ ਦੀਆਂ ਉਹ ਕਾਲੀਆਂ ਬੋਲੀਆਂ ਰਾਤਾਂ, ਦਨ-ਦਨਾਂਦੇ ਫਿਰਦੇ ਅੱਤਵਾਦੀ ਅਤੇ ਹੱਥਾਂ ਵਿੱਚ ਏ.ਕੇ. 47 ਰਾਈਫਲਾਂ। ਆਪਾਂ ਉਹ ਕਾਲੀਆਂ ਬੋਲੀਆਂ ਰਾਤਾਂ ਕਦੇ ਭੁੱਲ ਨਹੀਂ ਸਕਦੇ। ਅਕਾਲੀ ਜਿੰਨੇ ਵੀ ਲੀਡਰ ਹਨ, ਉਨ੍ਹਾਂ ਸਾਰਿਆਂ ਨੇ ਸਾਡੇ ਪੰਜਾਬ ਦੇ ਨੌਜਵਾਨਾਂ, ਬੇਗਾਨੇ ਮੁੰਡਿਆਂ ਦੇ ਹੱਥਾਂ ਵਿੱਚ ਏ.ਕੇ. 47 ਰਾਈਫਲਾਂ ਫੜ੍ਹਾ ਦਿੱਤੀਆਂ ਅਤੇ ਆਪਣੇ ਪੁੱਤ ਬਾਹਰਲੇ ਦੇਸ਼ਾਂ ਵਿੱਚ ਪੜ੍ਹਾਉਣ ਵਾਸਤੇ ਭੇਜ ਦਿੱਤੇ। ਬੜੇ ਹੀ ਸ਼ਰਮ ਦੀ ਗੱਲ ਹੈ ਕਿ ਕੋਈ ਵੱਡਾ ਅਕਾਲੀ ਲੀਡਰ ਨਾ ਤਾਂ ਮਾਰਿਆ ਗਿਆ ਔਰ ਨਾ ਕਿਸੇ ਦਾ ਘਰ-ਬਾਰ ਲੁੱਟਿਆ ਗਿਆ। ਦੂਸਰੇ ਪਾਸੇ ਤੁਸੀਂ, ਚੇਅਰਮੈਨ ਸਾਹਿਬ, ਜਾਣਦੇ ਹੋ, ਸਪੀਕਰ ਸਾਹਿਬ ਵੈਸੇ ਬੈਠੇ ਨਹੀਂ, ਉਠ ਕੇ ਚਲੇ ਗਏ ਹਨ। ਉਹ ਜਿੰਦਾ-ਸ਼ਹੀਦ ਹਨ, ਜਿਨ੍ਹਾਂ ਦੇ ਉਪਰ ਗੋਲੀਆਂ ਚੱਲੀਆਂ। ਉਨ੍ਹਾਂ ਦਾ ਭਰਾ ਮਾਰਿਆ ਗਿਆ, ਭਤੀਜਾ ਮਾਰਿਆ ਗਿਆ ਔਰ ਕਾਂਗਰਸ ਪਾਰਟੀ ਦੇ ਹਜ਼ਾਰਾਂ ਵਰਕਰਾਂ, ਸਾਥੀਆਂ ਨੇ ਆਪਣੀਆਂ ਕੁਰਬਾਨੀਆਂ ਦਿੱਤੀਆਂ ਅਤੇ ਕਾਂਗਰਸ ਪਾਰਟੀ ਦੇ 350 ਲੀਡਰਾਂ ਨੇ ਆਪਣੀਆਂ ਕੁਰਬਾਨੀਆਂ ਦਿੱਤੀਆਂ ਜਿਨ੍ਹਾਂ ਵਿੱਚ ਜੋਗਿੰਦਰਪਾਲ ਪਾਂਡੇ ਜੀ, ਸਰਦਾਰ ਦਰਸ਼ਨ ਸਿੰਘ ਕੇ.ਪੀ. ਜੀ, ਲਾਲਾ ਭਗਵਾਨ ਦਾਸ ਜੀ ਅਤੇ ਮੇਰੇ ਪਿਤਾ ਜੀ, ਜਗਤ ਰਾਮ ਜੀ ਸਨ, ਜਿਨ੍ਹਾਂ ਨੇ ਆਪਣੀਆਂ ਕੁਰਬਾਨੀਆਂ ਦੇ ਕੇ ਇਸ ਪੰਜਾਬ ਨੂੰ ਅਮਨ ਸ਼ਾਂਤੀ ਦਿੱਤੀ। 1992 ਵਿੱਚ ਇਲੈਕਸ਼ਨ ਹੋਈ ਔਰ ਮਰਦੇ-ਮੁਜਾਹਿਦ, ਸ਼ੇਰੇ-ਪੰਜਾਬ ਸਰਦਾਰ ਬੇਅੰਤ ਸਿੰਘ ਹੁਰਾਂ ਨੇ ਉਸ ਵਰਦੀ ਅੱਗ ਦੇ ਵਿੱਚ, ਉਨ੍ਹਾਂ ਇਲੈਕਸ਼ਨਾਂ ਦੇ ਵਿੱਚ ਆਪਣੇ ਸਾਥੀਆਂ ਨੂੰ ਕਿਹਾ ਕਿ ਅਗਰ ਆਪਾਂ ਪੰਜਾਬ ਨੂੰ ਬਚਾਉਣਾ ਹੈ ਤਾਂ ਆਪਾਂ ਨੂੰ ਬਲਦੀ ਅੱਗ ਦੇ ਵਿੱਚ ਜਾਣਾ ਪਵੇਗਾ। ਉਨ੍ਹਾਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਹੋਇਆਂ ਇਹ ਇਲੈਕਸ਼ਨ ਲੜੀ। ਅਸੀਂ ਵੀ ਉਸ ਵਿੱਚ ਸ਼ਾਮਿਲ ਸੀ ਔਰ ਬਹੁਤ ਸਾਰੇ ਲੀਡਰ ਇਥੇ ਬੈਠੇ ਹਨ, ਮੈਂਬਰ ਸਾਹਿਬਾਨ ਬੈਠੇ ਹਨ, ਉਹ ਜਾਣਦੇ ਹਨ ਕਿ ਸਰਦਾਰ ਬੇਅੰਤ ਸਿੰਘ ਹੁਰਾ ਨੇ ਕਦੇ ਵੀ ਆਪਣੇ ਆਪ ਦੀ ਪਰਵਾਹ ਨਹੀਂ ਕੀਤੀ ਸੀ। ਉਸ ਵੇਲੇ ਮੈਂ ਉਨ੍ਹਾਂ ਨਾਲ ਓ.ਐਸ.ਡੀ. ਸੀ। ਕਿਤੇ ਵੀ ਫੰਕਸ਼ਨ ਹੁੰਦਾ ਸੀ ਤਾਂ ਅਸੀਂ ਗੱਡੀਆਂ ਵਿੱਚ ਬੈਠ ਜਾਂਦੇ ਸੀ ਔਰ ਡੀ.ਜੀ.ਪੀ. (ਇੰਟੈਲੀਜੈਂਸ) ਆਇਆ ਕਰਦਾ ਸੀ। ਉਹ ਕਹਿੰਦਾ ਹੁੰਦਾ ਸੀ ਕਿ ਫਲਾਣੀ ਥਾਂ ਤੇ ਅੱਤਵਾਦੀਆਂ ਨੇ ਮਾਈਨਜ਼ ਲਗਾ ਰੱਖੀਆਂ ਹਨ, ਤੁਸੀਂ ਨਾ ਜਾਓ। ਪਰ ਸਰਦਾਰ ਬੇਅੰਤ ਸਿੰਘ ਹੁਰੀਂ ਕਹਿੰਦੇ ਸਨ ਕਿ ਜੇ ਮੈਂ ਨਾ ਗਿਆ ਤਾਂ ਲੋਕਾਂ ਵਿੱਚ ਹੋਰ ਜਿਆਦਾ ਮਾਯੂਸੀ ਆਵੇਗੀ। ਉਨ੍ਹਾਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਹੋਇਆਂ ਪੰਜਾਬ ਵਿੱਚ ਅਮਨ ਅਤੇ ਸ਼ਾਂਤੀ ਲਿਆਂਦੀ ਅਤੇ ਏਸੇ ਦੌਰਾਨ 1992 ਔਰ 1997 ਦੇ ਦਰਮਿਆਨ ਆਪਾਂ ਸਾਰੇ ਜਾਣਦੇ ਹਾਂ ਉਨਤੀ ਅਤੇ ਤਰੱਕੀ ਦਾ ਦੌਰ ਸ਼ੁਰੂ ਹੋਇਆ। ਪਿੰਡਾਂ ਵਿੱਚ ਹਸਪਤਾਲਾਂ ਨੂੰ ਗਰਾਂਟਾਂ ਦਿੱਤੀਆਂ ਗਈਆਂ। ਜਿਨ੍ਹਾਂ ਪਿੰਡਾਂ ਵਿੱਚ ਨਮੋਸ਼ੀ ਛਾਈ ਹੋਈ ਸੀ, ਕੋਈ ਬਾਹਰ ਨਿਕਲਣ ਨੂੰ ਤਿਆਰ ਨਹੀਂ ਸੀ, ਉਨ੍ਹਾਂ ਪਿੰਡਾਂ ਵਿੱਚ ਜਦੋਂ ਕੰਡੀਆਂ ਅਤੇ

riginal with;
unjab Vidhan Sabha
igitized by:
njab Digital Library

ਤੇਸੀਆਂ ਖੜਕਣ ਲੱਗੀਆਂ, ਗਲੀਆਂ-ਨਾਲੀਆਂ ਬਣਨ ਲੱਗੀਆਂ, ਸਕੂਲਾਂ ਵਿੱਚ ਟੀਚਰ ਜਾਣ ਲੱਗੇ ਤਾਂ ਲੋਕਾਂ ਦੇ ਵਿੱਚ ਕਾਨਫੀਡੈਂਸ ਆਇਆ ਅਤੇ ਸਰਕਾਰ ਕਾਮਯਾਬ ਹੋ ਗਈ। ਅਕਾਲੀ ਵੀਰਾਂ ਨੇ ਤਾਂ ਖ਼ੂਨ ਖਰਾਬੇ ਤੋਂ ਸਿਵਾਏ ਕੁਝ ਨਹੀਂ ਦਿੱਤਾ। ਸੋ, ਇਸੇ ਤਰ੍ਹਾਂ ਅੱਜ ਭੂੰਦੜ ਸਾਹਿਬ ਗੱਲ ਕਰ ਰਹੇ ਸੀ ਕਿ ਐਸ.ਵਾਈ.ਐਲ. ਦਾ ਮਸਲਾ 1955 ਦੇ ਵਿੱਚ ਸਟਾਰਟ ਹੋਇਆ ਸੀ। ਇਸ ਬਾਰੇ ਆਪਾਂ ਸਾਰੇ ਜਾਣਦੇ ਹਾਂ। ਫਿਰ 1961 ਵਿੱਚ ਇਨ੍ਹਾਂ ਨੇ ਫਿਗਰਾਂ ਵੀ ਦਿੱਤੀਆਂ ਅਤੇ ਕੋਟ ਕੀਤਾ ਕਿ ਕਿਹੜੇ-ਕਿਹੜੇ ਮੁੱਖ ਮੰਤਰੀ ਨੇ ਉਸ ਤੇ ਸਾਈਨ ਕੀਤੇ ਸਨ। ਪਰ, ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਇਹ ਗੱਲ ਜ਼ਰੂਰ ਦੱਸਣਾ ਚਾਹਾਂਗਾ ਕਿ ਜਿਹੜੀ ਵੀ ਨਹਿਰ ਪੁੱਟੀ ਗਈ ਹੈ, ਉਹ ਅਕਾਲੀਆਂ ਦੇ ਰਾਜ ਭਾਗ ਵਿੱਚ ਪੁੱਟੀ ਗਈ ਹੈ। ਕਿਉਂਕਿ ਜਿਸ ਵੇਲੇ ਰਾਜੀਵ ਲੌਂਗੋਂਵਾਲ ਅਕਾਰਡ ਸਾਈਨ ਹੋਇਆ, ਉਸ ਤੋਂ ਬਾਅਦ ਜਿਹੜੇ ਮੁੱਖ ਮੰਤਰੀ ਸਾਹਿਬ ਬਣੇ, ਆਪਾਂ ਸਾਰਿਆਂ ਨੂੰ ਪਤਾ ਹੈ ਕਿ ਉਨ੍ਹਾਂ ਦੇ ਰਾਜ ਭਾਗ ਵਿੱਚ ਐਸ.ਵਾਈ.ਐਲ. ਨਹਿਰ ਦੀ ਖੁਦਾਈ ਕੀਤੀ ਗਈ ਹੈ। ਮੈਂ ਅੱਜ ਗੱਲ ਕਰਦਾ ਹਾਂ ਕਿ ਉਸ ਦੇ ਰਾਹੀਂ ਸਾਡੇ ਪੰਜਾਬ ਦਾ ਪਾਣੀ ਬਹੁਤ ਬਾਹਰ ਜਾਵੇਗਾ। ਪਿਛਲੇ ਪੰਜ ਸਾਲਾਂ ਦੇ ਵਿੱਚ ਬਾਦਲ ਸਾਹਿਬ ਨੇ, ਜਦ ਕਿ ਇਨ੍ਹਾਂ ਦੀ ਭਾਈਵਾਲ ਅਤੇ ਇਨ੍ਹਾਂ ਦੀ ਹਮਾਇਤ ਨਾਲ ਸੈਂਟਰ ਵਿੱਚ ਸਰਕਾਰ ਹੈ, ਸਰਕਾਰ ਹਾਲੇ ਵੀ ਚੱਲ ਰਹੀ ਹੈ, ਇਹ ਆਪ ਵੀ ਉਸ ਸਮੇਂ ਇਥੇ ਸਰਕਾਰ ਦੇ ਮੁੱਖ ਮੰਤਰੀ ਸਨ ਜਦ ਕਿ ਹਰਿਆਣੇ ਵਿੱਚ ਇਨ੍ਹਾਂ ਦੇ ਦੋਸਤ ਚੌਟਾਲਾ ਸਾਹਿਬ ਦੀ ਸਰਕਾਰ ਰਹੀ ਹੈ ਔਰ ਹੁਣ ਵੀ ਚੱਲ ਰਹੀ ਹੈ। ਉਦੋਂ ਇਨ੍ਹਾਂ ਨੇ ਨਾ ਤਾਂ ਪੰਜਾਬ ਦੇ ਪਾਣੀਆਂ ਦੀ ਗੱਲ ਕੀਤੀ ਔਰ ਨਾ ਪੰਜਾਬੀ ਬੋਲਦੇ ਇਲਾਕਿਆਂ ਦੀ ਗੱਲ ਕੀਤੀ, ਨਾ ਪੰਜਾਬੀਅਤ ਦੀ ਗੱਲ ਕੀਤੀ ਪਰ ਹੁਣ ਜਦੋਂ ਇਹ ਆਪੋਜ਼ੀਸ਼ਨ ਵਿੱਚ ਬੈਠੇ ਹਨ ਤਾਂ ਕਾਂਗਰਸ ਸਰਕਾਰ ਦੇ ਉਪਰ ਤੇ ਸਾਡੇ ਮੁੱਖ ਮੰਤਰੀ ਸਾਹਿਬ ਦੇ ਉਤੇ ਇਲਜ਼ਾਮ ਲਗਾ ਰਹੇ ਹਨ। ਮੈਂ ਆਪਣੇ ਸੀ.ਐਮ. ਸਾਹਿਬ ਨੂੰ ਇਸ ਗੱਲ ਦੀ ਵਧਾਈ ਦੇਣੀ ਚਾਹੁੰਦਾ ਹਾਂ, ਜਿਨ੍ਹਾਂ ਨੇ ਬੜਾ ਵੱਡਾ ਹੌਂਸਲਾ ਕਰਕੇ ਔਰ ਇਕ ਬਹੁਤ ਐਕਸਪਰਟ ਵਕੀਲ ਕਰਕੇ ਇਸ ਕੇਸ ਦੇ ਸਬੰਧ ਵਿਚ ਸੁਪਰੀਮ ਕੋਰਟ ਦੇ ਵਿੱਚ ਪਟੀਸ਼ਨ ਦਾਇਰ ਕੀਤੀ ਹੈ ਔਰ ਇਸ ਗੱਲ ਦਾ ਸਾਰਿਆਂ ਨੂੰ ਪਤਾ ਹੀ ਹੈ ਕਿ ਇਹ ਪਟੀਸ਼ਨ ਸੁਪਰੀਮ ਕੋਰਟ ਦੇ ਵਿਚ ਐਡਮਿਟ ਵੀ ਹੋ ਚੁੱਕੀ ਹੈ। ਪੰਜਾਬ ਦੇ ਕੋਲ ਤਾਂ ਆਪਾਂ ਸਾਰੇ ਹੀ ਜਾਣਦੇ ਹਾਂ ਕਿ ਸਰਪਲੱਸ ਪਾਣੀ ਬਿਲਕੁਲ ਨਹੀਂ ਹੈ। ਜਿਸ ਤਰ੍ਹਾਂ ਮੌਸਮ ਤਬਦੀਲ ਹੋ ਰਿਹਾ ਹੈ ਤੇ ਇਸ ਦੇ ਨਾਲ ਬਰਫ ਵੀ ਘੱਟ ਪਵੇਗੀ ਔਰ ਜੋ ਅਸੀਂ ਫਾਰੈਸਟ ਦੀ ਕਟਾਈ ਕਰੀ ਜਾ ਰਹੇ ਹਾਂ ਉਸ ਦੇ ਨਾਲ ਵੀ ਮੌਸਮ ਦੇ ਉਤੇ ਫਰਕ ਪਵੇਗਾ ਔਰ ਜੋ ਪਾਣੀ ਦਾ ਗਰਾਊਂਡ ਲੈਵਲ ਹੈ, ਉਹ ਵੀ ਥੱਲੇ ਚਲਿਆ ਜਾਵੇਗਾ। ਦਰਿਆਵਾਂ ਦੇ ਵਿੱਚ ਵੀ ਪੂਰਾ ਪਾਣੀ ਨਹੀਂ ਆ ਰਿਹਾ ਹੈ। ਅੱਜ ਪੰਜਾਬ ਦੇ ਕੋਲ ਬਿਲਕੁਲ ਵੀ ਸਰਪਲਸ ਪਾਣੀ ਨਹੀਂ ਹੈ। ਹਾਂ, ਜੇਕਰ ਪਾਣੀ ਜ਼ਿਆਦਾ ਹੁੰਦਾ ਤਾਂ ਪਾਣੀ ਦੇਣ ਦੇ ਬਾਰੇ ਗੱਲ ਸੋਚੀ ਜਾ ਸਕਦੀ ਸੀ। ਸੋ, ਇਸ ਤਰ੍ਹਾਂ ਹਰਿਆਣੇ ਨੂੰ ਪਾਣੀ ਦੀ ਇੱਕ ਵੀ ਬੂੰਦ ਨਹੀਂ ਦਿੱਤੀ ਜਾਵੇਗੀ। ਇਥੇ ਜਿਸ ਤਰ੍ਹਾਂ ਸ਼੍ਰੀ ਸੁਨੀਲ ਜਾਖੜ ਜੀ ਕਹਿ ਰਹੇ ਸਨ, ਜੋ ਦੋ ਕਾਰਪੋਰੇਸ਼ਨਾਂ ਦਲਿਤਾਂ ਦੇ ਲਈ ਬਣੀਆਂ ਹੋਈਆਂ ਹਨ, ਇੱਕ ਬੈਕਵਰਡ ਕਲਾਸਿਜ਼ ਫਾਈਨਾਂਸ ਕਾਰਪੋਰੇਸ਼ਨ ਤੇ ਇੱਕ ਹੋਰ, ਉਨ੍ਹਾਂ ਨੂੰ ਪਿਛਲੇ ਅਕਾਲੀ ਰਾਜ ਭਾਗ ਦੇ ਵਿੱਚ ਕੋਈ ਵੀ ਪੈਸਾ ਨਹੀਂ ਦਿੱਤਾ ਗਿਆ ਹੈ। ਹੋਰ ਤਾਂ ਹੋਰ ਪਿਛਲੇ ਸਮੇਂ ਦੇ ਵਿੱਚ ਜਿੰਨੀਆਂ ਵੀ ਨੌਕਰੀਆਂ ਪਿਛਲੀ ਸਰਕਾਰ ਨੇ ਦਿੱਤੀਆਂ ਹਨ, ਉਨ੍ਹਾਂ ਦੇ ਵਿਚ ਦਲਿਤ ਵਰਗ ਦੇ ਕਿਸੇ ਵੀ ਕੈਂਡੀਡੇਟ ਨੂੰ ਨੌਕਰੀ ਨਹੀਂ ਦਿੱਤੀ ਗਈ ਕਿਉਂਕਿ ਦਲਿਤ ਵਰਗ ਦੇ ਕੋਲ ਨਾ ਤਾਂ ਏਨਾ ਪੈਸ਼ਾ ਹੈ ਕਿ ਉਹ ਪੈਸਾ ਦੇ ਕੇ ਨੌਕਰੀ ਲੈ ਸਕਦਾ, ਕਿਉਂਕਿ ਪਿਛਲੀ ਸਰਕਾਰ ਦੇ ਵੇਲੇ ਨੌਕਰੀਆਂ ਵੇਚੀਆਂ ਗਈਆਂ ਸਨ ਔਰ ਦੂਸਰਾ ਸਰਕਾਰੀ ਅਦਾਰੇ ਬੰਦ ਕਰਨ ਲੱਗੇ ਸਨ, ਇਹ ਬਿਲਕੁਲ ਸੋਚੀ ਸਮਝੀ ਚਾਲ ਦੇ

Original with;
Punjab Vidhan Sabha
Digitized by;

[ਸ਼੍ਰੀ ਤਰਲੋਚਨ ਸਿੰਘ]

ਤਹਿਤ ਕੀਤਾ ਗਿਆ ਸੀ। ਜਿਹੜਾ ਗਰੀਬ ਦਲਿਤ ਵਰਗ ਹੈ, ਇਸ ਕੋਲ ਨਾ ਕੋਈ ਪੂੰਜੀ ਹੈ, ਨਾ ਹੀ ਕੋਈ ਜ਼ਮੀਨ ਹੈ, ਨਾ ਹੀ ਜਾਇਦਾਦ ਹੈ, ਨਾ ਹੀ ਕੋਈ ਕਾਰੋਬਾਰ ਹੈ। ਸਾਨੂੰ ਤਾਂ ਇਹੀ ਇਕ ਆਸ ਸੀ ਕਿ ਸਾਨੂੰ ਸਰਕਾਰੀ ਨੌਕਰੀਆਂ ਮਿਲ ਜਾਣਗੀਆਂ ਪਰ ਉਹ ਵੀ ਬਾਦਲ ਸਾਹਿਬ ਦੀ ਸਰਕਾਰ ਨੇ ਖਤਮ ਕਰ ਦਿੱਤੀ, ਕਿਉਂਕਿ ਨੌਕਰੀਆਂ ਪ੍ਰਾਪਤ ਕਰਨ ਵਾਸਤੇ ਸਾਡੇ ਕੋਲ ਏਨੀ ਪੂੰਜੀ ਹੀ ਨਹੀਂ ਹੈ। ਜਿਹੜੇ ਲੋਕਾਂ ਨੇ ਗਲਤ ਤਰੀਕੇ ਨਾਲ ਨੌਕਰੀਆਂ ਨੂੰ ਪ੍ਰਾਪਤ ਕੀਤਾ ਸੀ ਉਨ੍ਹਾਂ ਨੂੰ ਕਿਸ ਤਰ੍ਹਾਂ ਕੱਢਿਆ ਗਿਆ ਹੈ। ਸੋ, ਚੇਅਰਮੈਨ ਸਾਹਿਬ, ਇਹ ਜੋ ਧੰਨਵਾਦ ਦਾ ਮਤਾ ਹੈ, ਮੈਂ ਇਸ ਦੇ ਨਾਲ ਆਪਣੀ ਸਹਿਮਤੀ ਪ੍ਰਗਟ ਕਰਦਾ ਹਾਂ ਔਰ ਇੰਨਾ ਹੀ ਕਹਿੰਦਾ ਹੋਇਆ ਤੁਹਾਡੇ ਕੋਲੋਂ ਖਿਮਾਂ ਮੰਗਦਾ ਹਾਂ। ਜੈ ਹਿੰਦ।

**ਸਰਦਾਰ ਮਲਕੀਅਤ ਸਿੰਘ ਦਾਖਾ** (ਦਾਖਾ, ਐਸ.ਸੀ.) : ਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਗਵਰਨਰ ਸਾਹਿਬ ਦੇ ਐਡਰੈਸ ਤੇ ਜੋ ਸਾਡੇ ਪਵਿੱਤਰ ਸਦਨ ਦੇ ਵਿੱਚ ਮਾਨਯੋਗ ਮੈਂਬਰ ਸ਼੍ਰੀ ਸੁਨੀਲ ਜਾਖੜ ਜੀ ਵੱਲੋਂ ਮਤਾ ਰੱਖਿਆ ਗਿਆ ਹੈ ਔਰ ਸਰਦਾਰ ਕੰਵਰਪਾਲ ਸਿੰਘ ਹੁਰਾਂ ਨੇ ਉਸ ਨੂੰ ਸੈਕਿੰਡ ਕੀਤਾ ਹੈ, ਉਸ ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਸ ਮਤੇ ਦੀ ਪ੍ਰੋੜਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਮਾਨਯੋਗ ਚੇਅਰਮੈਨ ਸਾਹਿਬ, ਪਿਛਲੇ ਕਈ ਦਿਨਾਂ ਤੋਂ ਇਸ ਪਵਿੱਤਰ ਸਦਨ ਦੇ ਵਿੱਚ ਬੜੀ ਭਖਵੀਂ ਬਹਿਸ ਹੋ ਰਹੀ ਹੈ। ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਵੱਲੋਂ ਇਸ ਦੇ ਹੱਕ ਵਿਚ ਤੇ ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਇਸ ਦੀ ਨੁਕਤਾਚੀਨੀ ਕਰਨ ਦਾ ਯਤਨ ਕੀਤਾ ਗਿਆ ਹੈ। ਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਆਪੋਜੀਸ਼ਨ ਵਾਲੇ ਵੀਰਾਂ ਨੂੰ ਕਹਿਣਾ ਚਾਹੁੰਦਾ ਹਾਂ ਪਰ ਇਸ ਵੇਲੇ ਸਾਡੇ ਉਹ ਵੀਰ ਆਪਣੇ ਬੈਂਚਾਂ ਦੇ ਉਤੇ ਬੈਠੇ ਨਹੀਂ ਹਨ। ਇਕ ਨਵੰਬਰ, 1966 ਦੇ ਵਿੱਚ ਪੰਜਾਬੀ ਸੂਬਾ ਬਣਿਆ ਸੀ ਔਰ ਪਹਿਲੀ ਸਰਕਾਰ ਸਾਲ 1967 ਦੇ ਅੰਦਰ ਸ਼ੋਮਣੀ ਅਕਾਲੀ ਦਲ ਦੀ ਬਣੀ ਸੀ ਜਿਸ ਦੇ ਮੁੱਖ ਮੰਤਰੀ, ਜਸਟਿਸ ਗੁਰਨਾਮ ਸਿੰਘ ਜੀ ਸਨ ਤੇ ਉਨ੍ਹਾਂ ਨੇ ਸਰਕਾਰ ਚਲਾਈ ਸੀ ਔਰ ਉਸ ਤੋਂ ਬਾਅਦ ਇਥੇ ਕਈ ਵਾਰ ਸਾਲ 1967, 1970, 1977, 1985 ਵਿਚ ਤੇ ਫਿਰ ਸਾਲ 1997 ਦੇ ਵਿੱਚ ਅਕਾਲੀ ਦਲ ਦੀਆਂ ਸਰਕਾਰਾਂ ਹੋਂਦ ਵਿੱਚ ਆਈਆਂ ਔਰ ਉਨ੍ਹਾਂ ਨੇ ਪੰਜਾਬ ਦੇ ਲਈ ਜੋ ਕੀਤਾ ਹੈ, ਪੰਜਾਬ ਦੇ ਲੋਕਾਂ ਲਈ ਜੋ ਕੀਤਾ, ਉਹ ਸਾਨੂੰ ਸਾਰਿਆਂ ਨੂੰ ਪਤਾ ਹੈ। ਇਹ ਮੈਂ ਨਹੀਂ ਕਹਿੰਦਾ, ਇਹ ਤਾਂ ਪੰਜਾਬ ਦੇ ਲੋਕ ਹੀ ਜਾਣਦੇ ਹਨ ਕਿ ਕਿਹੜੀ ਪਾਰਟੀ ਨੇ, ਕਿਹੜੀ ਸਰਕਾਰ ਨੇ, ਸਾਡੇ ਲਈ ਕੀ ਕੀਤਾ ਹੈ। ਮਾਨਯੋਗ ਚੇਅਰਮੈਨ ਸਾਹਿਬ, ਲੋਕ ਇਹ ਨਹੀਂ ਦੇਖਦੇ ਕਿ ਕਿਹੜੀ ਪਾਰਟੀ ਨੇ, ਕਿਹੜੀ ਸਰਕਾਰ ਨੇ ਕਿਸ ਸੂਬੇ ਦੇ ਵਿਚ, ਕਿਸ ਦੇਸ਼ ਦੇ ਵਿਚ ਕਿੰਨਾ ਕੁ ਰਾਜ ਕੀਤਾ ਹੈ। ਮਾਨਯੋਗ ਚੇਅਰਮੈਨ ਸਾਹਿਬ, ਲੋਕ ਇਹ ਵੇਖਦੇ ਹਨ ਕਿ ਕਿਹੜੇ ਲੀਡਰ ਨੇ, ਕਿਹੜੀ ਪਾਰਟੀ ਦੀ ਸਰਕਾਰ ਨੇ ਸਾਡੇ ਲਈ ਕੀ ਕੀਤਾ ਹੈ। ਮਾਨਯੋਗ ਚੇਅਰਮੈਨ ਸਾਹਿਬ, ਹੁਣੇ-ਹੁਣੇ ਭੂੰਦੜ ਸਾਹਿਬ ਇਥੇ ਬੋਲ ਰਹੇ ਸੀ। ਉਨ੍ਹਾਂ ਦਾ ਵੀ ਬੜਾ ਲੰਬਾ ਸਿਆਸੀ ਤਜਰਬਾ ਹੈ, ਉਹ ਖੇਤੀਬਾੜੀ ਮੰਤਰੀ ਵੀ ਰਹੇ ਹਨ। ਮੰਡੀ ਬੋਰਡ ਦੇ ਚੇਅਰਮੈਨ ਵੀ ਰਹੇ ਹਨ ਅਤੇ ਰਾਜ ਸਭਾ ਦੇ ਵਿਚ ਮੈਂਬਰ ਵੀ ਰਹੇ ਹਨ। ਉਹ ਡਬਲਿਊ.ਟੀ.ਓ. ਬਾਰੇ ਵੀ ਗੱਲਾਂ ਕਰਦੇ ਸਨ। ਉਨ੍ਹਾਂ ਨੇ ਐਗਰੀਕਲਚਰ ਬਾਰੇ, ਇਰੀਗੇਸ਼ਨ ਬਾਰੇ ਤੇ ਡਾਈਵਰਸੀਫਿਕੇਸ਼ਨ ਬਾਰੇ ਵੀ ਗੱਲਾਂ ਕੀਤੀਆਂ ਹਨ। ਮਾਨਯੋਗ ਚੇਅਰਮੈਨ ਸਾਹਿਬ, ਬਹੁਤ ਅੱਛਾ ਹੁੰਦਾ, ਅਗਰ ਉਹ ਹੁਣ ਇਥੇ ਬੈਠੇ ਹੁੰਦੇ। ਮਾਨਯੋਗ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਨੇ ਪਿਛਲੀ ਵਾਰੀ ਇਸ ਪਵਿੱਤਰ ਸਦਨ ਦੇ ਵਿਚ ਮਾਨਯੋਗ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਕਿਹਾ ਸੀ ਕਿ ਮੈਂ

Original with;
Punjab Vidhan Sabha
Digitized by;
Panjab Digital Library

ਡਬਲਿਊ.ਟੀ.ਓ. ਦੇ ਹੱਕ ਵਿਚ ਹਾਂ। ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ ਔਰ ਮੈਨੂੰ ਇਸ ਗੱਲ ਦਾ ਗਿਆਨ ਹੈ ਕਿ ਅਸੀਂ ਦੁਨੀਆਂ ਦੇ ਹਾਣੀ ਹੋ ਗਏ ਹਾਂ। ਅਗਰ ਅਸੀਂ ਆਪਣੇ ਸੂਬੇ ਨੂੰ, ਆਪਣੇ ਦੇਸ਼ ਨੂੰ ਤਰੱਕੀ ਦੀਆਂ ਲੀਹਾਂ ਤੇ ਲਿਜਾਉਣਾ ਚਾਹੁੰਦੇ ਹਾਂ ਤਾਂ ਦੁਨੀਆਂ ਦੀ ਮੰਡੀ ਦੇ ਵਿਚ ਸਾਡਾ ਨਾਮ ਹੋਣਾ ਚਾਹੀਦਾ ਹੈ। ਕਿਉਂਕਿ ਚੇਅਰਮੈਨ ਸਾਹਿਬ, ਬਾਦਲ ਸਾਹਿਬ ਨੇ ਕਿਹਾ ਸੀ ਕਿ ਉਨ੍ਹਾਂ ਦੇ ਲੇਖ ਅਖਬਾਰਾਂ ਦੇ ਵਿੱਚ ਆਉਂਦੇ ਹਨ, ਔਰ ਇਸੇ ਤਰ੍ਹਾਂ ਹੀ ਭੂੰਦੜ ਸਾਹਿਬ ਨੇ ਵੀ ਕਿਹਾ ਹੈ ਲੇਕਿਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਡਬਲਿਊ.ਟੀ.ਓ. ਦਾ ਦਫ਼ਤਰ ਜਨੇਵਾ ਦੇ ਵਿਚ ਹੈ ਅਤੇ ਪ੍ਰਧਾਨ ਮੰਤਰੀ ਤੁਹਾਡਾ ਹੈ। ਤੁਸੀਂ ਛੇ ਮਹੀਨੇ ਦਾ ਨੋਟਿਸ ਦੇ ਕੇ ਡਬਲਿਊ.ਟੀ.ਓ. ਤੋਂ ਬਾਹਰ ਆ ਸਕਦੇ ਹੋ। ਇਹ ਤੁਹਾਨੂੰ ਖੁੱਲ੍ਹ ਹੈ। ਅੱਜ ਇੱਕ ਸਾਲ ਹੋ ਗਿਆ ਹੈ, ਨਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਨਾ ਹੀ ਭੂੰਦੜ ਸਾਹਿਬ ਨੇ ਅਤੇ ਨਾ ਹੀ ਢੀਂਡਸਾ ਸਾਹਿਬ ਨੇ ਜੋ ਕਿ ਕੇਂਦਰ ਦੇ ਮੰਤਰੀ ਹਨ, ਇਨ੍ਹਾਂ ਸਾਰਿਆਂ ਨੇ ਕੋਈ ਜੁਰਅਤ ਹੀ ਨਹੀਂ ਦਿਖਾਈ ਕਿ ਵਾਜਪਾਈ ਸਾਹਿਬ ਨੂੰ ਮਿਲ ਕੇ ਇਸ ਤਰ੍ਹਾਂ ਦੀ ਕੋਈ ਦਲੀਲ ਦੇਣ।

ਮਾਨਯੋਗ ਚੇਅਰਮੈਨ ਸਾਹਿਬ, ਇਥੇ ਐਸ.ਵਾਈ.ਐਲ. ਦੀਆਂ ਗੱਲਾਂ ਵੀ ਕੀਤੀਆਂ ਗਈਆਂ। ਜਿਹੜੀ ਨਹਿਰ ਦੀ ਇਹ ਗੱਲ ਕਰਦੇ ਹਨ ਮਾਨਯੋਗ ਮੈਂਬਰਾਂ ਨੇ ਵੀ ਜ਼ਿਕਰ ਕੀਤਾ ਹੈ, ਮੈਂ ਇਸ ਨੂੰ ਰਿਪੀਟ ਨਹੀਂ ਕਰਨਾ ਚਾਹੁੰਦਾ। ਪਰ ਆਪਾਂ ਜਾਣਦੇ ਹਾਂ ਕਿ ਕਿਨ੍ਹਾਂ ਲੋਕਾਂ ਨੇ, ਕਿਹੜੇ ਮੁੱਖ ਮੰਤਰੀ ਨੇ ਉਸ ਵੇਲੇ ਬਿਆਨਾ ਲਿਆ ਔਰ ਕਿਸ ਦੇ ਸਮੇਂ ਦੇ ਵਿਚ ਐਸ.ਵਾਈ.ਐਲ. ਨਹਿਰ ਦੀ ਖੁਦਾਈ ਸ਼ੁਰੂ ਹੋਈ। ਚੇਅਰਮੈਨ ਸਾਹਿਬ, ਸਾਲ 1985 ਦੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਮੰਤਰੀ, ਸਰਦਾਰ ਸੁਰਜੀਤ ਸਿੰਘ ਬਰਨਾਲਾ ਹੋਰੀਂ ਸੀ, ਉਸ ਵੇਲੇ ਜਿੰਨੀ ਵੀ ਨਹਿਰ ਦੀ ਅਲਾਈਨਮੈਂਟ ਹੋਈ ਸੀ, ਜਿਥੇ-ਜਿਥੇ ਦੀ ਵੀ ਐਸ.ਵਾਈ.ਐਲ. ਨਹਿਰ ਬਣੀ, ਉਸ ਦੀ ਲਾਈਨ ਪੇਮੈਂਟ ਕਿਹੜੀ ਸਰਕਾਰ ਨੇ ਕੀਤੀ? ਕਿਹੜੇ ਮੁੱਖ ਮੰਤਰੀ ਨੇ ਕੀਤੀ? ਐਸ.ਵਾਈ.ਐਲ. ਨਹਿਰ ਕਿਸ ਦੇ ਜ਼ਮਾਨੇ ਵਿਚ ਬਣਨੀ ਸ਼ੁਰੂ ਹੋਈ? ਮਾਨਯੋਗ ਚੇਅਰਮੈਨ ਸਾਹਿਬ, ਬਹੁਤ ਸਾਰਾ ਪੈਸਾ ਪੰਜਾਬ ਦਾ ਅਤੇ ਪੰਜਾਬ ਦੇ ਲੋਕਾਂ ਦਾ ਬਰਬਾਦ ਹੋ ਗਿਆ ਔਰ ਉਹ ਕਿਸੇ ਕੰਮ ਨਹੀਂ ਆਇਆ। ਐਸ.ਵਾਈ.ਐਲ. ਨਹਿਰ ਦੇ ਵਿਚ ਪਾਣੀ ਜਾਣ ਦੀ ਬਜਾਏ ਖੂਨ ਚਲ ਪਿਆ ਔਰ ਅੱਜ ਸਰਦਾਰ ਪ੍ਰਕਾਸ਼ ਸਿੰਘ ਬਾਦਲ ਇੱਥੇ ਮੌਜੂਦ ਨਹੀਂ। ਉਹ ਹਮੇਸ਼ਾਂ ਬਿਆਨ ਦਿੰਦੇ ਹਨ ਕਿ ਮੈਂ ਇੱਕ ਵੀ ਬੂੰਦ ਪਾਣੀ ਦੀ ਨਹੀਂ ਜਾਣ ਦੇਣੀ, ਅਸੀਂ ਵੀ ਕਹਿੰਦੇ ਹਾਂ ਅਤੇ ਸਾਡੇ ਮੁੱਖ ਮੰਤਰੀ ਵੀ ਕਹਿੰਦੇ ਹਨ ਔਰ ਉਨ੍ਹਾਂ ਨੇ ਹੁਣ ਬਹੁਤ ਉੱਦਮ ਕਰਕੇ ਬੜੇ ਭਾਰੀ ਸਿਨਸੀਅਰਲੀ ਐਫਰਟਸ ਕਰਕੇ ਸੁਪਰੀਮ ਕੋਰਟ ਦੇ ਵਿਚ ਅੱਜ ਜੋ ਸਾਡੀ ਰਿੱਟ ਦਾਖਲ ਹੋਈ ਹੈ, ਇਹ ਉਨ੍ਹਾਂ ਦੀ ਬਦੌਲਤ ਹੀ ਹੋਈ ਹੈ। ਲੇਕਿਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਗੁਆਂਢੀ ਸੂਬੇ ਦੇ ਮੁੱਖ ਮੰਤਰੀ, ਉਨ੍ਹਾਂ ਦੇ ਸਤਿਕਾਰਯੋਗ ਪਿਤਾ ਚੌਧਰੀ ਦੇਵੀ ਲਾਲ ਜੀ ਨਾਲ ਬਹੁਤ ਵੱਡੀ ਲਿਹਾਜ ਸੀ, ਆਪਸ ਵਿਚ ਬੜਾ ਭਾਈਚਾਰਾ ਵੀ ਹੈ। ਉਨ੍ਹਾਂ ਦੇ ਸਪੁੱਤਰ ਅੱਜ ਚੌਟਾਲਾ ਸਾਹਿਬ ਵੀ ਬਿਆਨ ਦਿੰਦੇ ਹਨ ਕਿ ਮੈਂ ਹਰਿਆਣੇ ਦੇ ਲੋਕਾਂ ਨੂੰ ਪਾਣੀ ਲੈ ਕੇ ਦੇਵਾਂਗਾ। ਅੱਜ ਉਹ ਮੌਜੂਦਾ ਮੁੱਖ ਮੰਤਰੀ ਹੈ। ਅੱਜ ਇਹ (ਸਰਦਾਰ ਪ੍ਰਕਾਸ਼ ਸਿੰਘ ਬਾਦਲ) ਸਾਬਕਾ ਮੁੱਖ ਮੰਤਰੀ ਹਨ। ਐਨ.ਡੀ.ਏ. ਸਰਕਾਰ ਦੇ ਵਿਚ ਇਨ੍ਹਾਂ ਦੀ ਭਾਈਵਾਲੀ ਹੈ। ਮੈਂ ਤੁਹਾਡੇ ਰਾਹੀਂ ਚੇਅਰਮੈਨ ਸਾਹਿਬ, ਉਨ੍ਹਾਂ ਲੋਕਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਐਸ.ਵਾਈ.ਐਲ. ਨਹਿਰ ਦੀ ਗੱਲ ਕਰਦੇ ਹਨ, ਕਾਂਗਰਸ ਪਾਰਟੀ ਦਾ ਹਮੇਸ਼ਾਂ ਇਕੋ ਹੀ ਸਟੈਂਡ ਰਿਹਾ ਹੈ। ਅੱਜ ਇਨ੍ਹਾਂ ਨੇ ਸਾਲ 1976 ਤੇ 1981 ਦੀ ਗੱਲ ਕੀਤੀ ਹੈ। ਭਾਵੇਂ ਪ੍ਰਧਾਨ ਮੰਤਰੀ ਕਈ ਵਾਰੀ ਸਾਡੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਬੁਲਾਉਂਦੇ ਹਨ। ਉਨ੍ਹਾਂ ਦੇ ਨਾਲ ਗੱਲਬਾਤ ਵੀ ਕੀਤੀ ਜਾਂਦੀ ਹੈ। ਉਨ੍ਹਾਂ ਦੀ

Original with;
Punjab Vidhan Sabha
Digitized by;

[ਸਰਦਾਰ ਮਲਕੀਅਤ ਸਿੰਘ ਦਾਖਾ]

ਸਹਿਮਤੀ ਵੀ ਲਈ ਜਾਂਦੀ ਹੈ। ਕਈ ਵਾਰੀ ਐਸੇ ਫੈਸਲੇ ਵੀ ਲੈਣੇ ਪੈਂਦੇ ਹਨ ਅਤੇ ਗੱਲ ਵੀ ਮੰਨਣੀ ਪੈਂਦੀ ਹੈ। ਪਰ ਮੈਂ ਇਸ ਪਵਿੱਤਰ ਸਦਨ ਦੇ ਵਿਚ ਦਾਅਵੇ ਨਾਲ ਇਹ ਗੱਲ ਕਹਿ ਸਕਦਾ ਹਾਂ ਕਿ ਕਦੇ ਵੀ ਕਾਂਗਰਸ ਪਾਰਟੀ ਨੇ ਆਪਣਾ ਸਟੈਂਡ ਨਹੀਂ ਬਦਲਿਆ।

ਪੰਜਾਬ ਦਾ ਜਿੰਨਾ ਵੀ ਪਾਣੀ ਹੈ, ਉਹ ਏਥੇ ਹੀ ਰਹਿਣਾ ਚਾਹੀਦਾ ਹੈ। ਪਾਣੀ ਦੀ ਇਕ ਵੀ ਬੂੰਦ ਅਸੀਂ ਹਰਿਆਣੇ ਨੂੰ ਨਹੀਂ ਜਾਣ ਦਿਆਂਗੇ ਤੇ ਆਪਣੇ ਖ਼ੂਨ ਦਾ ਇਕ ਇਕ ਕਤਰਾ ਬਹਾ ਦਿਆਂਗੇ। ਚੇਅਰਮੈਨ ਸਾਹਿਬ, ਮੇਰੇ ਵੀਰ ਅੱਜ ਏਥੇ ਬਹੁਤ ਵੱਡੀਆਂ ਵੱਡੀਆਂ ਗੱਲਾਂ ਕਰਦੇ ਹਨ। ਅੱਜ ਏਥੇ ਭੂੰਦੜ ਸਾਹਿਬ ਗੱਲ ਕਰ ਰਹੇ ਸੀ, ਪੀ.ਆਰ. 106 ਦੀ ਕਿ ਜਿੰਨਾ ਝੋਨਾ ਸਾਰੇ ਸੰਸਾਰ ਵਿਚ ਵਿਕੇਗਾ, ਤੁਹਾਡੇ ਕੋਲੋਂ ਪੂਰਾ ਨਹੀਂ ਹੋ ਸਕਦਾ। ਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਝੋਨਾ ਤਾਂ ਹੀ ਵਿਕ ਸਕੇਗਾ ਜੇਕਰ ਅਸੀਂ ਡਬਲਿਊ.ਟੀ.ਓ. ਦੇ ਮੈਂਬਰ ਹੋਵਾਂਗੇ। ਅੱਜ ਏਥੇ ਮਾਰਕਫੈਡ ਨੇ, ਪੰਜਾਬ ਐਗਰੋ ਨੇ ਸਾਡੀ ਬਾਸਮਤੀ ਤੇ ਕਣਕ ਐਕਸਪੋਰਟ ਕੀਤੀ ਹੈ ਤੇ ਅਸੀਂ ਆਉਣ ਵਾਲੇ ਸਮੇਂ ਵਿਚ ਵੀ ਇਸ ਤਰ੍ਹਾਂ ਕਰਾਂਗੇ। ਕੈਪਟਨ ਸਾਹਿਬ ਦੀ ਸੋਚ ਬੜੀ ਵੱਡੀ ਹੈ। ਇਨ੍ਹਾਂ ਨੂੰ ਇੰਟਰਨੈਸ਼ਨਲ ਤੌਰ ਤੇ ਬੜੀ ਭਾਰੀ ਨਾਲੇਜ ਹੈ। ਇਹ ਬਹੁਤ ਕਿਤਾਬਾਂ ਪੜ੍ਹਦੇ ਹਨ ਅਤੇ ਇਨ੍ਹਾਂ ਨੂੰ ਇਸ ਗੱਲ ਦਾ ਗਿਆਨ ਹੈ ਕਿ ਅਸੀਂ ਸੂਬੇ ਨੂੰ, ਸੂਬੇ ਦੇ ਲੋਕਾਂ ਨੂੰ ਆਰਥਕ ਪੱਖੋਂ ਕਿਸ ਤਰ੍ਹਾਂ ਉਚਾ ਕਰਨਾ ਹੈ। ਇਹ ਇਸ ਲਈ ਕਈ ਤਰ੍ਹਾਂ ਦੀਆਂ ਸਕੀਮਾਂ ਬਣਾ ਰਹੇ ਹਨ। ਬਾਦਲ ਸਾਹਿਬ ਤਾਂ ਪਾਲਿਸੀ ਦੀ ਗੱਲ ਕਰਦੇ ਹਨ। ਚੇਅਰਮੈਨ ਸਾਹਿਬ, ਮੈਨੂੰ ਇਕ ਬਹੁਤ ਹੀ ਸਿਆਣੇ ਬੰਦੇ ਨੂੰ ਮਿਲਣ ਦਾ ਮੌਕਾ ਮਿਲਿਆ। ਉਹ ਬਹੁਤ ਵੱਡੇ ਸਾਇੰਟਿਸਟ ਅਤੇ ਖੇਤੀ ਦੇ ਮਾਹਿਰ ਹਨ। ਉਨ੍ਹਾਂ ਦੱਸਿਆ ਕਿ ਬਾਦਲ ਸਾਹਿਬ ਅਕਸਰ ਉਨ੍ਹਾਂ ਨੂੰ ਬੁਲਾਉਂਦੇ ਰਹਿੰਦੇ ਸੀ ਪਰ ਉਹ 4-4 ਘੰਟੇ ਪੰਜਾਬ ਭਵਨ ਅਤੇ ਸੀ.ਐਮ. ਰੈਜ਼ੀਡੈਂਸ ਵਿਚ ਬੈਠ ਕੇ ਮੁੜ ਜਾਂਦੇ ਸੀ। ਉਨ੍ਹਾਂ ਨੂੰ ਰਾਤ ਦਾ ਡਿਨਰ ਜ਼ਰੂਰ ਕਰਾ ਦਿੱਤਾ ਜਾਂਦਾ ਸੀ ਪਰ ਪਾਲਿਸੀ ਬਾਰੇ ਕੋਈ ਗੱਲ ਨਹੀਂ ਸੀ ਕੀਤੀ ਜਾਂਦੀ। ਅੱਜ ਐਗਰੀਕਲਚਰ ਦੀ ਪਾਲਿਸੀ ਬਣੀ ਹੈ, ਇੰਡਸਟਰੀ ਦੀ ਪਾਲਿਸੀ ਬਣਾਉਣ ਵਾਸਤੇ ਸੀ.ਐਮ. ਸਾਹਿਬ ਨੇ ਇੰਡਸਟਰੀ ਮਾਹਿਰਾਂ ਨਾਲ, ਇੰਡਸਟਰੀਲਿਸਟਾਂ ਨਾਲ ਤੇ ਇਕਨਾਮਿਸਟਾਂ ਨਾਲ ਬਹੁਤ ਭਾਰੀਆਂ ਮੀਟਿੰਗਾਂ ਕੀਤੀਆਂ ਹਨ ਕਿ ਸਾਡੇ ਸੂਬੇ ਅੰਦਰ ਕਿਸ ਤਰ੍ਹਾਂ ਇੰਡਸਟਰੀ ਨੂੰ ਡਿਵੈਲਪ ਕੀਤਾ ਜਾ ਸਕਦਾ ਹੈ, ਕਿਸ ਤਰ੍ਹਾਂ ਇੰਡਸਟਰੀ ਦੀ ਗਰੋਥ ਵਧ ਸਕਦੀ ਹੈ ਤੇ ਕਿਸ ਤਰ੍ਹਾਂ ਇੰਡਸਟਰੀ ਵਿਚੋਂ ਰੈਵੇਨਿਊ ਮਿਲ ਸਕਦਾ ਹੈ। ਸਾਡੇ ਸੂਬੇ ਦੀ ਇਕਾਨਮੀ ਦੀ ਕਿਸ ਤਰ੍ਹਾਂ ਤਰੱਕੀ ਹੋ ਸਕਦੀ ਹੈ। ਅੱਜ ਇੰਡਸਟਰੀਅਲ ਪਾਲਿਸੀ ਬਣੀ ਹੈ। ਅੱਜ ਕੈਪਟਨ ਸਾਹਿਬ ਨੇ ਇੰਸਪੈਕਟਰੀ ਰਾਜ ਨੂੰ ਖਤਮ ਕੀਤਾ ਹੈ। ਅੱਜ ਸਿੰਗਲ ਵਿੰਡੋ ਸਿਸਟਮ ਨੂੰ ਅਖਤਿਆਰ ਕਰਕੇ ਪੰਜਾਬ ਵਿਚ ਇੰਡਸਟਰੀ ਨੂੰ ਲਿਆਉਣ ਵਾਸਤੇ ਇਹ ਸਿਸਟਮ ਪ੍ਰਦਾਨ ਕੀਤਾ ਗਿਆ ਹੈ ਤਾਂ ਕਿ ਲੋਕਾਂ ਨੂੰ ਹੋਰ ਮੌਕੇ ਮਿਲ ਸਕਣ। ਜਿਹੜੇ ਸਾਡੇ ਪਿੰਡਾਂ ਦੇ ਲੋਕ ਸੱਤ ਸਮੁੰਦਰਾਂ ਤੋਂ ਪਾਰ ਬਾਹਰਲੇ ਮੁਲਕਾਂ ਵਿਚ ਰਹਿੰਦੇ ਹਨ, ਜਿਨ੍ਹਾਂ ਨੇ ਪਿਛਲੇ ਵਰ੍ਹਿਆਂ ਦੌਰਾਨ ਬਹੁਤ ਭਾਰੀ ਮਿਹਨਤ ਮੁਸ਼ੱਕਤ ਕਰਕੇ ਬੜਾ ਪੈਸਾ ਕਮਾਇਆ ਹੈ, ਉਹ ਐਨ.ਆਰ.ਆਈਜ਼ ਏਥੇ ਆਉਂਦੇ ਸੀ। ਉਹ ਇੰਡਸਟਰੀ ਲਗਾਉਣਾ ਚਾਹੁੰਦੇ ਸੀ, ਲੇਕਿਨ ਇੰਡਸਟਰੀ ਲਗਾਉਣ ਵਾਸਤੇ ਉਸ ਵੇਲੇ ਦੀ, ਸਮੇਂ ਦੀ ਸਰਕਾਰ ਨੇ ਕੋਈ ਪਾਲਿਸੀ ਨਹੀਂ ਬਣਾਈ ਹੋਈ ਸੀ ਜਿਸ ਨਾਲ ਉਨ੍ਹਾਂ ਨੂੰ ਕੋਈ ਪ੍ਰਾਬਲਮ ਪੇਸ਼ ਨਾ ਆਉਂਦੀ। ਇਸ ਕਰਕੇ ਪੰਜਾਬ ਵਿਚ ਕੋਈ ਇੰਡਸਟਰੀ ਨਹੀਂ ਲੱਗ ਸਕੀ।

Original with;
Punjab Vidhan Sabha
Digitized by;
Panjab Digital Library

1992 ਦੇ ਅੰਦਰ ਜਦੋਂ ਏਥੇ ਕਾਂਗਰਸ ਪਾਰਟੀ ਦੀ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਬਣੀ ਸੀ, ਉਸ ਵੇਲੇ, ਮਾਨਯੋਗ ਚੇਅਰਮੈਨ ਸਾਹਿਬ, ਜਿਹੜੀ ਇੰਡਸਟਰੀ ਲੱਗੀ ਹੋਈ ਸੀ, ਉਹ ਵੀ ਬੰਦ ਪਈ ਸੀ ਔਰ ਕਾਰਖਾਨਿਆਂ ਦੀਆਂ ਚਿਮਨੀਆਂ ਵਿਚੋਂ ਧੂੰਆਂ ਨਿਕਲਣਾ ਬੰਦ ਹੋ ਗਿਆ ਸੀ, ਨਵੇਂ ਕਾਰਖਾਨੇ ਲੱਗਣੇ ਤਾਂ ਇਕ ਪਾਸੇ ਸੀ। ਲੇਕਿਨ ਸਰਦਾਰ ਬੇਅੰਤ ਸਿੰਘ ਨੇ ਪੰਜਾਬ ਦੇ ਲੋਕਾਂ ਦੇ ਸਹਿਯੋਗ ਨਾਲ, ਚੰਡੀਗੜ੍ਹ ਤੋਂ ਅੰਬਾਲੇ ਨੂੰ ਜਾਈਏ, ਉਸ ਜਗ੍ਹਾ ਤੇ ਹੈਵੀ ਇੰਡਸਟਰੀ ਲਗਵਾਈ ਤੇ 1992 ਤੋਂ ਲੈ ਕੇ ਉਨ੍ਹਾਂ ਸਾਲਾਂ ਦੇ ਅੰਦਰ 1997 ਤੱਕ ਪੂਰੇ 5 ਸਾਲ ਇੰਡਸਟਰੀ ਦੀ ਗਰੋਥ ਵਧੀ। ਏਸੇ ਤਰ੍ਹਾਂ ਅਗਰ ਮੈਂ ਤੁਹਾਨੂੰ ਯਾਦ ਕਰਾਵਾਂ, ਚੇਅਰਮੈਨ ਸਾਹਿਬ, 1972 ਵਿਚ ਜਦੋਂ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਸੀ, ਕਾਂਗਰਸ ਪਾਰਟੀ ਦੀ ਸਰਕਾਰ ਸੀ, ਉਸ ਵੇਲੇ ਗਿਆਨੀ ਜ਼ੈਲ ਸਿੰਘ ਨੇ ਵੀ ਇੰਡਸਟਰੀ ਨੂੰ ਕਾਫੀ ਬੜ੍ਹਾਵਾ ਦਿੱਤਾ ਸੀ। ਰੋਪੜ, ਸੰਗਰੂਰ ਦੋਨੋਂ ਜ਼ਿਲ੍ਹਿਆਂ ਨੂੰ ਇੰਡਸਟਰੀਅਲ ਤੌਰ ਤੇ ਬੈਕਵਰਡ ਡਿਕਲੇਅਰ ਕਰਕੇ ਸਬਸਿਡੀ ਦਿੱਤੀ ਸੀ। ਅੱਜ ਅਸੀਂ ਰੋਪੜ ਤੋਂ ਸਤਲੁਜ ਦਰਿਆ ਤੋਂ ਪਾਰ, ਜਦੋਂ ਬਲਾਚੌਰ ਵਾਲੇ ਪਾਸੇ ਨੂੰ ਜਾਂਦੇ ਹਾਂ, ਜਿੰਨੀ ਵੀ ਵੱਡੀ ਇੰਡਸਟਰੀ ਲੱਗੀ ਹੈ, ਉਹ ਕਾਂਗਰਸ ਪਾਰਟੀ ਦੀ ਸਰਕਾਰ ਵੇਲੇ ਦੀ ਲੱਗੀ ਹੈ ਤੇ ਸੰਗਰੂਰ ਵਿਚ ਵੀ ਮਲੇਰਕੋਟਲੇ ਵਿਚ, ਲੁਧਿਆਣੇ ਤੋਂ ਮਲੇਰਕੋਟਲਾ ਨੂੰ ਜਾਈਏ ਤਾਂ ਕਾਂਗਰਸ ਪਾਰਟੀ ਦੀ ਸਰਕਾਰ ਸਮੇਂ ਦੀ ਇੰਡਸਟਰੀ ਉਥੇ ਲੱਗੀ ਹੋਈ ਹੈ।

ਚੇਅਰਮੈਨ ਸਾਹਿਬ, ਏਥੇ ਪਾਵਰ ਦੀ ਗੱਲ ਵੀ ਕੀਤੀ ਜਾਂਦੀ ਹੈ ਕਿਉਂਕਿ ਪਾਵਰ ਦੀ ਐਗਰੀਕਲਚਰ ਸੈਕਟਰ ਦੇ ਅੰਦਰ, ਇੰਡਸਟਰੀਅਲ ਸੈਕਟਰ ਦੇ ਅੰਦਰ ਬਹੁਤ ਭਾਰੀ ਜ਼ਰੂਰਤ ਹੈ। ਚੇਅਰਮੈਨ ਸਾਹਿਬ, ਮੈਂ ਨਾਂ ਨਹੀਂ ਲੈਂਦਾ ਲੇਕਿਨ ਏਥੇ ਆਪੋਜ਼ੀਸ਼ਨ ਵੱਲੋਂ ਸਰਦਾਰ ਮਨਪ੍ਰੀਤ ਸਿੰਘ ਬਾਦਲ ਬੋਲ ਰਹੇ ਸੀ। ਉਨ੍ਹਾਂ ਨੇ ਕਿਹਾ ਸੀ ਕਿ ਕਾਂਗਰਸ ਪਾਰਟੀ ਦੀ ਸਰਕਾਰ ਨੂੰ ਚਲਦਿਆਂ ਇਕ ਸਾਲ ਹੋ ਗਿਆ ਹੈ ਅਤੇ ਇਥੇ ਇਕ ਵੀ ਮੈਗਾਵਾਟ ਬਿਜਲੀ ਜੈਨਰੇਟ ਨਹੀਂ ਹੋਈ। ਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਵੀਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਲਹਿਰਾ ਮੁਹੱਬਤ ਥਰਮਲ ਪਲਾਂਟ ਹੈ, ਇਹ ਕਾਂਗਰਸ ਪਾਰਟੀ ਦੀ ਸਰਕਾਰ ਵੇਲੇ, ਸਰਦਾਰ ਬੇਅੰਤ ਸਿੰਘ ਦੀ ਸਰਕਾਰ ਵੇਲੇ ਲੱਗਿਆ ਸੀ। ਇਹ ਏਸ਼ੀਆ ਦਾ ਸਭ ਤੋਂ ਵੱਡਾ ਥਰਮਲ ਪਲਾਂਟ ਹੈ। ਰਣਜੀਤ ਸਾਗਰ ਡੈਮ ਜੋ ਹੈ, ਇਹ 14 ਸਾਲ ਬੰਦ ਰਿਹਾ ਅਤੇ ਕਿਸੇ ਨੇ ਇਸ ਨੂੰ ਪੁੱਛਿਆ ਤੱਕ ਨਹੀਂ। 14 ਸਾਲਾਂ ਤੋਂ ਬਾਦ ਉਸ ਵੇਲੇ ਦੇ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਨੇ ਉਸ ਵੇਲੇ ਦੇ ਪ੍ਰਧਾਨ ਮੰਤਰੀ, ਸ਼੍ਰੀ ਨਰਸਿਮਹਾਂ ਰਾਓ ਨੂੰ ਇਥੇ ਲਿਆ ਕੇ ਇਸ ਦਾ ਉਦਘਾਟਨ ਕਰਵਾਇਆ ਸੀ। ਉਹ ਸ਼ਾਇਦ 1 ਨਵੰਬਰ, 1994 ਦਾ ਦਿਨ ਸੀ। ਉਹ ਗੁਰੂ ਨਾਨਕ ਪਾਤਸ਼ਾਹ ਦਾ ਦਿਨ ਸੀ। ਸਰਦਾਰ ਬੇਅੰਤ ਸਿੰਘ ਨੇ ਉਸ ਵੇਲੇ ਬੋਲਦਿਆਂ ਕਿਹਾ ਸੀ ਕਿ ਇਸ ਡੈਮ ਨੂੰ ਬਣਾ ਕੇ ਕਿਸਾਨਾਂ, ਇੰਡਸਟਰੀਅਲਿਸਟਾਂ ਅਤੇ ਆਮ ਲੋਕਾਂ ਨੂੰ ਬਿਜਲੀ ਵੀ ਦਿਆਂਗੇ, ਜਿਸ ਦੀ ਪਹਿਲਾਂ ਬੜੀ ਭਾਰੀ ਘਾਟ ਸੀ ਅਤੇ ਖੇਤੀਬਾੜੀ ਵਾਸਤੇ ਕਿਸਾਨਾਂ ਨੂੰ ਪਾਣੀ ਵੀ ਦਿਆਂਗੇ ਜਿਸ ਨਾਲ ਖੇਤੀਬਾੜੀ ਪ੍ਰਫੁੱਲਤ ਹੋਵੇਗੀ। ਉਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਨਵੰਬਰ 1996 ਤੱਕ ਰਣਜੀਤ ਸਾਗਰ ਡੈਮ ਨੂੰ ਕੰਪਲੀਟ ਕਰ ਦਿਆਂਗੇ ਅਤੇ ਉਥੇ ਜਿਹੜੇ ਮਜ਼ਦੂਰ ਅਤੇ ਮੁਲਾਜ਼ਮ ਕੰਮ ਕਰਦੇ ਹਨ, ਉਨ੍ਹਾਂ ਨੂੰ ਇਕ ਸਾਲ ਦਾ ਬੋਨਸ ਵੀ ਦਿਆਂਗੇ ਲੇਕਿਨ ਪਰਮਾਤਮਾ ਨੂੰ ਇਹ ਮਨਜ਼ੂਰ ਨਹੀਂ ਸੀ। 31 ਅਗਸਤ, 1995 ਨੂੰ ਉਹ ਸ਼ਹੀਦ ਹੋ ਗਏ। ਉਸ ਤੋਂ ਬਾਦ ਵੀ ਕਾਂਗਰਸ ਪਾਰਟੀ ਦੀ ਸਰਕਾਰ ਇੱਥੇ ਚਲਦੀ ਰਹੀ, ਲੇਕਿਨ ਉਸ ਵੇਲੇ ਕੰਮ ਵਿਚ ਖੜੋਤ ਆ ਗਈ। ਸੋ, ਕਹਿਣ ਦਾ ਮਤਲਬ ਹੈ ਕਿ ਉਸ ਵੇਲੇ ਇਸ ਡੈਮ ਦਾ ਕੰਮ ਸ਼ੁਰੂ ਹੋਇਆ ਸੀ। ਅਗਰ ਉਸ ਵੇਲੇ ਅਸੀਂ ਉਸ ਨੂੰ ਸ਼ੁਰੂ ਨਾ ਕਰਦੇ ਤਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਉਸ ਨੂੰ ਕੰਪਲੀਟ ਨਹੀਂ ਸੀ ਕਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਲਕੀਅਤ ਸਿੰਘ ਦਾਖਾ]

ਸਕਦੀ। ਮਾਨਯੋਗ ਚੇਅਰਮੈਨ ਸਾਹਿਬ, ਇਹ ਪੁੱਛਦੇ ਹਨ ਕਿ ਉਸ ਵੇਲੇ ਪੰਜਾਬ ਅਤੇ ਦਿੱਲੀ ਤੇ ਕਿਹੜੀ ਪਾਰਟੀ ਦਾ, ਕਿਹੜੇ ਪ੍ਰਧਾਨ ਮੰਤਰੀ ਦਾ ਰਾਜ ਸੀ। ਮੈਂ ਇਨ੍ਹਾਂ ਵੀਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਹ ਸ਼ਖਸ ਸਨ— ਗਿਆਨੀ ਜ਼ੈਲ ਸਿੰਘ, ਸਰਦਾਰ ਦਰਬਾਰਾ ਸਿੰਘ, ਸਰਦਾਰ ਬੇਅੰਤ ਸਿੰਘ ਅਤੇ ਹੁਣ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਸਟੈਂਡ ਹੈ ਕਿ ਪਾਣੀ ਦੀ ਇਕ ਵੀ ਬੂੰਦ ਪੰਜਾਬ ਤੋਂ ਬਾਹਰ ਨਹੀਂ ਜਾਣ ਦੇਣੀ, ਕਿਉਂਕਿ ਸਾਡਾ ਵਾਟਰ ਲੈਵਲ ਦਿਨੋ-ਦਿਨ ਥੱਲੇ ਨੂੰ ਜਾਈ ਜਾ ਰਿਹਾ ਹੈ। ਪਿਛਲੀ ਫ.ਾਲ ਦੇ ਵੇਲੇ ਸੋਕੇ ਦੀ ਕੁਦਰਤੀ ਕਰੋਪੀ ਦਾ ਸ਼ਿਕਾਰ ਸਾਰਾ ਦੇਸ਼ ਹੋਇਆ, ਪੰਜਾਬ ਵੀ ਹੋਇਆ, ਪਰੰਤੂ ਸਾਡੇ ਮੁੱਖ ਮੰਤਰੀ ਜੀ ਨੇ ਗਵਾਂਢੀ ਸੂਬਿਆਂ ਤੋਂ ਬਿਜਲੀ ਪ੍ਰਚੇਜ਼ ਕਰਕੇ ਪੰਜਾਬ ਦੇ ਕਿਸਾਨਾਂ ਨੂੰ ਪੂਰੇ 10 ਘੰਟੇ ਬਿਜਲੀ ਦੀ ਸਪਲਾਈ ਦਿੱਤੀ। ਇਕ ਮਿੰਟ ਵੀ ਬਿਜਲੀ ਟਰਿੱਪ ਨਹੀਂ ਹੋਈ ਜਿਸ ਕਰਕੇ ਝੋਨੇ ਦਾ ਝਾੜ ਵਧ ਨਿਕਲਿਆ। ਰਾਜਪਾਲ ਜੀ ਨੇ ਸਰਕਾਰ ਦੀਆਂ ਇਕ ਸਾਲ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਹੈ। ਆਰਥਿਕ ਤੌਰ ਤੇ ਪੰਜਾਬ ਦੀ ਹਾਲਤ ਇੰਨੀ ਪਤਲੀ ਸੀ ਕਿ ਉਸ ਗੰਭੀਰ ਮਸਲੇ ਨੂੰ ਸੁਲਝਾਉਣ ਵਾਸਤੇ ਸਰਕਾਰ ਕੀ ਯਤਨ ਕਰੇਗੀ, ਇਹ ਤਾਂ ਉਹ ਹੀ ਜਾਣਦੀ ਹੈ ਜਾਂ ਫਿਰ ਪ੍ਰਮਾਤਮਾ ਜਾਣਦਾ ਹੈ। ਚੇਅਰਮੈਨ ਸਾਹਿਬ, ਇਸੇ ਸਾਲ ਦੇ ਅੰਦਰ ਮਲੋਟ ਦਾ ਇਲੈਕਸ਼ਨ ਹੋਇਆ, 4 ਕਾਰਪੋਰੇਸ਼ਨਾਂ ਦੇ ਇਲੈਕਸ਼ਨ ਹੋਏ, ਜ਼ਿਲ੍ਹਾ ਪ੍ਰੀਸ਼ਦਾਂ ਅਤੇ ਬਲਾਕ ਸੰਮਤੀਆਂ ਦੇ ਇਲੈਕਸ਼ਨ ਵੀ ਹੋਏ। ਇਨ੍ਹਾਂ ਤੋਂ ਇਲਾਵਾ ਮਿਉਂਸਿਪਲ ਕਮੇਟੀਆਂ ਦੇ ਇਲੈਕਸ਼ਨ ਵੀ ਹੋਏ। ਸਾਡੀ ਸਰਕਾਰ ਨੇ ਲੋਕ ਰਾਜ ਨੂੰ ਬਹਾਲ ਕੀਤਾ। ਪੰਜਾਬ ਦੇ ਲੋਕਾਂ ਨੇ ਇਨ੍ਹਾਂ ਇਲੈਕਸ਼ਨਾਂ ਵਿਚ ਕਾਂਗਰਸ ਪਾਰਟੀ ਨੂੰ ਜਿੱਤ ਦਿਵਾ ਕੇ ਸਰਕਾਰ ਦੀਆਂ ਪਾਲਿਸੀਆਂ ਤੇ ਮੋਹਰ ਲਾਈ। ਆਪਣੇ ਮੈਨੀਫੈਸਟੋ ਵਿਚ ਸਾਡੀ ਪਾਰਟੀ ਨੇ ਲੋਕਾਂ ਨਾਲ ਜਿਹੜੇ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਇੰਨ-ਬਿੰਨ ਪੂਰਾ ਕਰਨ ਵਾਸਤੇ ਸਾਡੀ ਪਾਰਟੀ, ਸਾਡੀ ਸਰਕਾਰ ਵਚਨਬੱਧ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਜਿਹੜਾ ਬਜਟ ਪੇਸ਼ ਹੋਣ ਜਾ ਰਿਹਾ ਹੈ, ਉਸ ਤੋਂ ਪਤਾ ਲੱਗ ਜਾਵੇਗਾ ਕਿ ਕਿਸ ਤਰ੍ਹਾਂ ਸਾਡੇ ਵਿੱਤ ਮੰਤਰੀ, ਸਰਦਾਰ ਲਾਲ ਸਿੰਘ ਨੇ ਮਿਹਨਤ ਕਰਕੇ ਪੰਜਾਬ ਨੂੰ ਆਰਥਿਕ ਤੌਰ ਤੇ ਆਪਣੇ ਪੈਰਾਂ ਤੇ ਖੜ੍ਹਾ ਕੀਤਾ ਹੈ। ਕਿਸੇ ਵੀ ਸਟੇਟ ਵਿਚ ਸਰਕਾਰ ਦੇ ਮੁਲਾਜ਼ਮ, ਮਜ਼ਦੂਰ ਅਤੇ ਕਿਸਾਨ ਉਥੋਂ ਦੀ ਇਕਾਨਮੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਕਿਸਾਨਾਂ ਦੇ ਸਬੰਧ ਵਿਚ ਹੁਣੇ ਸਰਦਾਰ ਸਾਧੂ ਸਿੰਘ ਬੋਲ ਰਹੇ ਸਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮਜ਼ਦੂਰਾਂ ਵਾਸਤੇ ਵੀ ਸਾਨੂੰ ਗੱਲ ਕਰਨੀ ਚਾਹੀਦੀ ਹੈ। ਕਿਉਂਕਿ ਜੇਕਰ ਮਜ਼ਦੂਰ ਨਹੀਂ ਹੋਵੇਗਾ ਤਾਂ ਖੇਤੀ ਨਹੀਂ ਹੋ ਸਕਦੀ, ਨਾ ਇੰਡਸਟਰੀ ਚਲ ਸਕਦੀ ਹੈ, ਨਾ ਕੋਈ ਡੈਮ ਬਣ ਸਕਦਾ ਹੈ, ਨਾ ਕੋਈ ਬਿਲਡਿੰਗ ਬਣ ਸਕਦੀ ਹੈ ਅਤੇ ਨਾ ਹੀ ਕੋਈ ਕੋਠੀ ਬਣ ਸਕਦੀ ਹੈ। ਮਜ਼ਦੂਰਾਂ ਦੀਆਂ ਉਜਰਤਾਂ ਵਿੱਚ ਵਾਧਾ ਕਰਨਾ ਬਹੁਤ ਜ਼ਰੂਰੀ ਹੈ। ਕਿਸਾਨਾਂ ਬਾਰੇ ਸੋਚਣਾ ਵੀ ਬਹੁਤ ਜ਼ਰੂਰੀ ਹੈ ਕਿਉਂਕਿ ਜਿਹੜਾ ਪੰਜਾਬ ਹੈ, ਇਹ ਖੇਤੀਬਾੜੀ ਪ੍ਰਧਾਨ ਸੂਬਾ ਹੈ। ਖੇਤੀਬਾੜੀ ਦੇ ਖੇਤਰ ਵਿੱਚ ਜਿਸ ਤਰ੍ਹਾਂ ਮਾਨਯੋਗ ਮੈਂਬਰ ਸਾਹਿਬ ਨੇ ਜ਼ਿਕਰ ਕੀਤਾ ਹੈ, ਪੰਜਾਬ ਵਿੱਚ 1947 ਤੋਂ ਲੈ ਕੇ ਕਿਸਾਨਾਂ ਅਤੇ ਮਜ਼ਦੂਰਾਂ ਨੇ ਸਿਰਜੋੜ ਕੇ ਏਥੇ ਹਰਾ ਇਨਕਲਾਬ, ਚਿੱਟਾ ਇਨਕਲਾਬ, ਨੀਲਾ ਇਨਕਲਾਬ ਲਿਆਂਦਾ ਅਤੇ ਮਿੱਠਾ ਇਨਕਲਾਬ ਲਿਆਂਦਾ। ਲੇਕਿਨ ਅੱਜ ਅਸੀਂ ਇਨਫਰਮੇਸ਼ਨ ਟੈਕਨਾਲੋਜੀ ਦੇ ਯੁੱਗ ਵਿੱਚ ਜਾ ਰਹੇ ਹਾਂ। ਵਿਗਿਆਨ ਦਾ ਇਨਕਲਾਬ ਲਿਆਉਣ ਜਾ ਰਹੇ ਹਾਂ, ਇਹ ਮਹਾਰਾਜਾ ਸਾਹਿਬ ਦੀ ਬਹੁਤ ਵੱਡੀ ਸੋਚ ਹੈ। ਅੱਜ ਏਥੇ ਕੰਪਿਊਟਰ ਦਾ ਯੁੱਗ ਹੈ। ਅਸੀਂ ਦੁਨੀਆਂ ਦੇ ਹਾਣੀ ਬਣ ਕੇ ਸਾਰੀਆਂ ਚੀਜ਼ਾਂ ਏਥੇ ਮੁਹੱਈਆ ਕਰਨੀਆਂ ਹਨ। ਸੂਬੇ ਵਿੱਚ ਅਮਨ ਅਤੇ ਸ਼ਾਂਤੀ ਨੂੰ ਬਰਕਰਾਰ ਰੱਖਣਾ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਇਸ ਵਾਸਤੇ ਸਾਰਿਆਂ ਨੂੰ, ਸਰਕਾਰ ਨੂੰ

Original with;
Punjab Vidhan Sabha
Digitized by;
Panjab Digital Library

ਸਹਿਯੋਗ ਕਰਨਾ ਬਹੁਤ ਜ਼ਰੂਰੀ ਹੈ। ਅਸੀਂ ਆਪੋਜ਼ੀਸ਼ਨ ਨੂੰ ਕਦਾਚਿਤ ਵੀ ਬਰਦਾਸ਼ਤ ਨਹੀਂ ਕਰਾਂਗੇ ਕਿ ਉਹ ਪੰਜਾਬ ਦੇ ਅਮਨ ਨੂੰ ਜਿੱਥੇ ਕਿਤੇ ਵੀ ਅੱਗ ਲਾਉਣ ਦਾ ਯਤਨ ਕਰਨ, ਅਸੀਂ ਉਹ ਅੱਗ ਨਹੀਂ ਲਾਉਣ ਦਿਆਂਗੇ। ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਮਾਨਯੋਗ ਬਾਦਲ ਸਾਹਿਬ ਏਥੇ ਹਾਜ਼ਰ ਨਹੀਂ ਹਨ ਲੇਕਿਨ ਜਦੋਂ 1985 ਵਿੱਚ ਇਨ੍ਹਾਂ ਅਕਾਲੀਆਂ ਦੀ ਸਰਕਾਰ ਬਣੀ ਸੀ ਉਦੋਂ ਬਰਨਾਲਾ ਸਾਹਿਬ, ਉਸ ਸਰਕਾਰ ਦੇ ਮੁੱਖ ਮੰਤਰੀ ਬਣੇ ਸੀ ਤਾਂ ਉਹ ਗੱਲ ਬਾਦਲ ਸਾਹਿਬ ਨੂੰ ਬਿਲਕੁਲ ਵੀ ਮਨਜ਼ੂਰ ਨਹੀਂ ਸੀ। ਏਥੇ ਪੰਜਾਬ ਦੀ ਧਰਤੀ ਤੇ ਅੱਤਵਾਦ ਦੇ ਦੌਰਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਮਾਰੇ ਗਏ, ਮਾਸਟਰ ਤਾਰਾ ਸਿੰਘ ਦੀ ਪੁਤਰੀ ਬੀਬੀ ਰਾਜਿੰਦਰ ਕੌਰ, ਸਾਬਕਾ ਐਮ.ਪੀ. ਮਾਰੀ ਗਈ, ਸ਼੍ਰੀ ਹਿਤ ਅਭਿਲਾਸ਼ੀ ਮਾਰੇ ਗਏ, ਕਾਮਰੇਡ ਚੰਨਣ ਸਿੰਘ ਵਰਗੇ ਵੱਡੇ-ਵੱਡੇ ਲੀਡਰ ਮਾਰੇ ਗਏ, ਚੀਮਾ ਸਾਹਿਬ ਮਾਰੇ ਗਏ। ਇਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਕਾਂਗਰਸ ਦੇ ਵੱਡੇ ਵੱਡੇ ਲੀਡਰ ਮਾਰੇ ਗਏ। ਪੰਜਾਬ ਦੇ ਅਰਥ ਸ਼ਾਸਤਰੀ ਸਰਦਾਰ ਬਲਵੰਤ ਸਿੰਘ, ਖਜ਼ਾਨਾ ਮੰਤਰੀ ਹਮੇਸ਼ਾ ਅਕਾਲੀ ਸਰਕਾਰ ਵਿੱਚ ਉਹ ਮੰਤਰੀ ਰਹਿੰਦੇ ਸਨ, ਉਹ ਵੀ ਮਾਰੇ ਗਏ। ਮਾਨਯੋਗ ਚੇਅਰਮੈਨ ਸਾਹਿਬ, ਮੈਂ, ਤੁਹਾਡੇ ਰਾਹੀਂ ਖਾਸ ਤੌਰ ਤੇ ਬਾਦਲ ਸਾਹਿਬ ਨੂੰ ਔਰ ਉਨ੍ਹਾਂ ਅਕਾਲੀ ਵੀਰਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਸੰਤ ਲੌਂਗੋਵਾਲ ਨੂੰ ਵੀ ਸ਼ਹੀਦ ਕਿਹਾ ਅਤੇ ਜਰਨੈਲ ਸਿੰਘ ਹਲਵਾਰਾ ਨੂੰ ਵੀ ਇਨ੍ਹਾਂ ਨੇ ਸ਼ਹੀਦ ਕਿਹਾ। ਭਾਈ ਸ਼ਮਿੰਦਰ ਸਿੰਘ ਨੂੰ ਵੀ ਇਨ੍ਹਾਂ ਨੇ ਸ਼ਹੀਦ ਕਿਹਾ ਅਤੇ ਜਿਸ ਨੇ ਉਨ੍ਹਾਂ ਨੂੰ ਸ਼ਹੀਦ ਕੀਤਾ, ਉਸ ਨੂੰ ਵੀ ਇਨ੍ਹਾਂ ਨੇ ਸ਼ਹੀਦ ਕਿਹਾ। ਇਨ੍ਹਾਂ ਨੇ ਜਿਸ ਦਾ ਕਤਲ ਹੋਇਆ, ਉਸ ਨੂੰ ਵੀ ਸ਼ਹੀਦ ਕਿਹਾ ਅਤੇ ਜਿਸ ਨੇ ਕਤਲ ਕੀਤਾ, ਉਸਨੂੰ ਵੀ ਸ਼ਹੀਦ ਕਿਹਾ। ਮਾਸਟਰ ਤਾਰਾ ਸਿੰਘ ਦੀ ਪੁੱਤਰੀ ਬੀਬੀ ਰਾਜਿੰਦਰ ਕੌਰ ਨੂੰ ਵੀ ਸ਼ਹੀਦ ਕਹਿ ਦਿੱਤਾ ਅਤੇ ਜਿਸ ਨੇ ਉਸ ਬੀਬੀ ਦਾ ਕਤਲ ਕੀਤਾ, ਉਸ ਨੂੰ ਵੀ ਸ਼ਹੀਦ ਕਹਿ ਦਿੱਤਾ। ਮਾਨਯੋਗ ਚੇਅਰਮੈਨ ਸਾਹਿਬ, ਇਨ੍ਹਾਂ ਲੋਕਾਂ ਦਾ ਸਟੈਂਡ ਕੀ ਹੈ ? ਇਨ੍ਹਾਂ ਦੀ ਦੋ ਰੰਗੀ ਨੀਤੀ ਹੈ, ਦੋਗਲੀ ਨੀਤੀ ਹੈ। ਇਸ ਬਾਰੇ, ਇਨ੍ਹਾਂ ਨੂੰ ਸਪਸ਼ਟ ਕਰਨਾ ਚਾਹੀਦਾ ਹੈ। ਅੱਜ ਸੈਂਟਰ ਦੇ ਵਿੱਚ ਇਨ੍ਹਾਂ ਦੇ ਭਾਈਵਾਲਾਂ ਦੀ ਸਰਕਾਰ ਨੂੰ, ਐਨ.ਡੀ.ਏ. ਦੀ ਸਰਕਾਰ ਨੂੰ ਬਣੀ ਨੂੰ ਪੂਰੇ ਪੰਜ ਸਾਲ ਹੋ ਗਏ ਹਨ। ਵਾਜਪਾਈ ਸਾਹਿਬ ਨੂੰ, ਪ੍ਰਧਾਨ ਮੰਤਰੀ ਬਣਿਆਂ ਨੂੰ ਤਕਰੀਬਨ ਪੰਜ ਸਾਲ ਹੋ ਗਏ ਹਨ। ਮੈਂ ਬੜੇ ਅਦਬ ਅਤੇ ਸਤਿਕਾਰ ਦੇ ਨਾਲ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ ਇਨ੍ਹਾਂ ਦੇ ਨਾਲ ਹਾਂ, ਅੱਜ ਇਹ ਸਾਡੇ ਨਾਲ ਚੱਲਣ ਅਤੇ ਸਾਡੇ ਨਾਲ ਚੱਲ ਕੇ ਉਥੇ ਵਾਜਪਾਈ ਸਾਹਿਬ ਨੂੰ ਕਹਿਣ ਕਿ ਪੰਜਾਬ ਨੂੰ, ਪੰਜਾਬ ਦਾ ਬਣਦਾ ਪਾਣੀ ਦਿਓ, ਪੰਜਾਬੀ ਬੋਲਦੇ ਇਲਾਕੇ ਦਿਓ ਅਤੇ ਏਸੇ ਤਰ੍ਹਾਂ ਹੀ ਜਿਵੇਂ ਗੁਆਂਢੀ ਰਾਜ ਹਿਮਾਚਲ ਨੂੰ ਕਈ ਤਰ੍ਹਾਂ ਦੀਆਂ ਸਬਸਿਡੀਆਂ ਦਿੱਤੀਆਂ ਗਈਆਂ ਹਨ, ਉਹ ਪੰਜਾਬ ਨੂੰ ਵੀ ਦਿੱਤੀਆਂ ਜਾਣ ਕਿਉਂਕਿ ਪੰਜਾਬ ਸਾਡਾ ਸਰਹੱਦੀ ਸੂਬਾ ਹੈ। ਏਥੇ ਇੰਡਸਟਰੀ ਲੱਗੇ ਜਿਸ ਦੇ ਨਾਲ ਪੰਜਾਬ ਦਾ ਰੈਵੀਨਿਊ ਵਧੇ ਅਤੇ ਲੋਕਾਂ ਨੂੰ ਏਥੇ ਰੋਜ਼ਗਾਰ ਮਿਲੇ, ਰੋਜ਼ਗਾਰ ਦੇ ਹੋਰ ਮੌਕੇ ਪੈਦਾ ਹੋਣ। ਇਹ ਸਾਰੀਆਂ ਗੱਲਾਂ ਅੱਜ ਕਰਨ ਦੀ ਲੋੜ ਹੈ। ਲੇਕਿਨ ਇਸ ਤਰ੍ਹਾਂ ਦੀਆਂ ਗੱਲਾਂ ਏਥੇ ਨਹੀਂ ਕੀਤੀਆਂ ਜਾ ਰਹੀਆਂ। ਸਾਡੇ ਮਾਨਯੋਗ ਐਮ.ਐਲ.ਏ. ਸਾਹਿਬ ਇਹ ਬੋਲ ਰਹੇ ਸਨ ਅਤੇ ਕਹਿ ਰਹੇ ਸਨ ਕਿ ਏਥੇ ਐਮ.ਐਲ. ਏ. ਦੇ ਭਰਾ ਨੂੰ ਬਹੁਤ ਸਾਰੇ ਅਫਸਰਾਂ ਨੂੰ ਇਗਨੋਰ ਕਰਕੇ ਡੀ.ਐਸ.ਪੀ. ਤੋਂ ਐਸ.ਪੀ. ਬਣਾਇਆ ਗਿਆ। ਮਾਨਯੋਗ ਚੇਅਰਮੈਨ ਸਾਹਿਬ, ਇਹ ਪ੍ਰਮੋਸ਼ਨਾਂ ਹੁੰਦੀਆਂ ਹਨ ਅਤੇ ਗਲਤ ਕੰਮ ਕਰਨ ਤੇ ਉਹ ਰੀਵਰਟ ਵੀ ਹੋ ਜਾਂਦੇ ਹਨ। ਇਨਕੁਆਰੀਆਂ ਵੀ ਰੀਓਪਨ ਹੋ ਜਾਂਦੀਆਂ ਹਨ। ਲੇਕਿਨ ਬਾਦਲ ਸਾਹਿਬ ਨੇ ਵੱਡੇ ਵੱਡੇ ਜਥੇਦਾਰਾਂ ਨੂੰ ਜਿਹੜੇ ਟਕਸਾਲੀ ਸਨ ਅਤੇ ਜਿਨ੍ਹਾਂ ਨੇ ਮੋਰਚਿਆਂ ਵਿਚ ਵੀ ਕੈਦਾਂ ਕੱਟੀਆਂ, ਉਨ੍ਹਾਂ ਨੂੰ ਇਗਨੋਰ ਕਰਕੇ ਕਿਨ੍ਹਾਂ ਲੋਕਾਂ ਨੂੰ ਪਰਮੋਟ ਕੀਤਾ, ਅਸੀਂ ਸਾਰੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਲਕੀਅਤ ਸਿੰਘ ਦਾਖਾ]

ਜਾਣਦੇ ਹਾਂ। ਅੱਜ ਲੋਕ ਵੱਡੀਆਂ ਵੱਡੀਆਂ ਗੱਲਾਂ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਆਪਣੇ ਘਰ ਬੈਠ ਗਏ ਹਨ ਜਾਂ ਫਿਰ ਉਨ੍ਹਾਂ ਨੇ ਆਪਣੇ ਆਪਣੇ ਅਕਾਲੀ ਦਲ ਬਣਾ ਲਏ ਹਨ ਕਿਉਂਕਿ ਉਨ੍ਹਾਂ ਨੂੰ ਇਹ ਦਲ ਮਨਜ਼ੂਰ ਨਹੀਂ। ਅਗਰ ਉਹ ਸ਼੍ਰੋਮਣੀ ਕਮੇਟੀ ਦੀ ਟਿਕਟ ਮੰਗਦੇ ਹਨ ਤਾਂ ਉਨ੍ਹਾਂ ਨੂੰ ਟਿਕਟ ਨਹੀਂ ਦਿੱਤੀ ਜਾਂਦੀ। ਅਗਰ ਉਹ ਐਮ.ਐਲ.ਏ. ਜਾਂ ਰਾਜ ਸਭਾ ਦੇ ਮੈਂਬਰ ਦੀ ਟਿਕਟ ਮੰਗਦੇ ਹਨ ਤਾਂ ਉਨ੍ਹਾਂ ਨੂੰ ਟਿਕਟ ਨਹੀਂ ਦਿੱਤੀ ਜਾਂਦੀ। ਉਨ੍ਹਾਂ ਨੇ ਫਿਰ ਬਾਦਲ ਸਾਹਿਬ ਨੂੰ ਕਿਹਾ ਕਿ ਇਸ ਤਰ੍ਹਾਂ ਤਾਂ ਅਸੀਂ ਤੁਹਾਡੇ ਨਾਲ ਚਲਣ ਨੂੰ ਤਿਆਰ ਨਹੀਂ ਹਾਂ ਅਤੇ ਉਹ ਆਪਣੇ ਘਰ ਬੈਠ ਗਏ। ਪਿਛੇ ਜਿਹੇ ਬਾਦਲ ਸਾਹਿਬ ਨੇ ਲੋਕ ਲਹਿਰ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਸਾਰਾ ਪੰਜਾਬ ਅਕਾਲੀ ਦਲ ਦੇ ਪਿਛੇ ਹੈ ਅਤੇ ਇਹ ਕਾਂਗਰਸ ਸਰਕਾਰ ਕੁਝ ਦਿਨਾਂ ਦੀ ਪ੍ਰਾਹੁਣੀ ਹੈ, ਇਸ ਨੂੰ ਚਲਦਾ ਕਰੋ। ਇਸ ਵਾਸਤੇ ਉਨ੍ਹਾਂ ਨੇ ਰਸਤਾ ਰੋਕੋ ਅੰਦੋਲਨ ਵੀ ਕੀਤਾ, ਹੋਰ ਵੀ ਕਈ ਕੁਝ ਕੀਤਾ। ਜਦੋਂ ਵੇਖਿਆ ਕਿ ਲੋਕ ਨੀਲੀਆਂ ਪੱਗਾਂ ਬੰਨ੍ਹ ਕੇ ਉਨ੍ਹਾਂ ਦੇ ਪਿਛੇ ਨਹੀਂ ਆਏ ਤਾਂ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਅੱਜ ਲੋਕ ਕਾਂਗਰਸ ਪਾਰਟੀ ਦੇ ਨਾਲ ਹਨ। ਚੇਅਰਮੈਨ ਸਾਹਿਬ, ਇਹ ਹੋਰ ਵੀ ਬਹੁਤ ਗੱਲਾਂ ਕਰਦੇ ਹਨ। ਪਰ ਅੱਜ ਪੰਜਾਬ ਦੇ ਸਾਰੇ ਲੋਕ ਇਸ ਗੱਲ ਨੂੰ ਸਮਝਦੇ ਹਨ ਕਿ ਜਦੋਂ ਇਲੈਕਸ਼ਨਾਂ ਆਉਂਦੀਆਂ ਹਨ ਤਾਂ ਇਹ ਪੰਥ ਦਾ ਵਾਸਤਾ ਪਾਉਂਦੇ ਹਨ। ਕਦੇ 1984 ਦੇ ਕਤਲੇਆਮ ਦੀ ਗੱਲ ਛੇੜ ਦਿੰਦੇ ਹਨ। ਚੇਅਰਮੈਨ ਸਾਹਿਬ, ਇਥੇ ਇਲੈਕਸ਼ਨਾਂ ਹੋਈਆਂ। ਖੰਨਾ ਸਾਹਿਬ ਇਥੇ ਜ਼ਿਕਰ ਕਰ ਰਹੇ ਸਨ। ਹੋ ਸਕਦਾ ਹੈ ਕਿ ਕਿਧਰੇ ਇਕ-ਅੱਧਾ ਪਰਸੈਂਟ ਅਫਸਰਾਂ ਦੀ ਵਜ੍ਹਾ ਕਰਕੇ ਕੋਈ ਅਣਗਹਿਲੀ ਹੋਈ ਹੋਵੇ, ਉਸ ਵਾਸਤੇ ਅਫਸਰਾਂ ਨੂੰ ਸਜ਼ਾ ਵੀ ਦਿੱਤੀ ਜਾ ਸਕਦੀ ਹੈ। ਚੇਅਰਮੈਨ ਸਾਹਿਬ, ਮੈਂ ਆਪਣੇ ਵੀਰਾਂ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਸਮੇਂ ਫਿਰੋਜ਼ਪੁਰ ਜ਼ਿਲ੍ਹੇ ਦੇ ਇਕ ਥਾਣੇ ਵਿਚ ਕਾਂਗਰਸ ਪਾਰਟੀ ਦੇ ਲੀਡਰ ਦਾ ਕਤਲ ਹੋਇਆ ਸੀ ਤਾਂ ਉਸ ਵੇਲੇ ਇਹ ਕਿਉਂ ਨਹੀਂ ਬੋਲੇ/ਇਸੇ ਤਰ੍ਹਾਂ ਜਦੋਂ ਮਿਉਂਸਿਪਲ ਕਮੇਟੀਆਂ ਦੀਆਂ ਚੋਣਾਂ ਹੋਈਆਂ ਸਨ ਤਾਂ ਪਿੰਡਾਂ ਦੇ ਵੋਟਰ ਵੋਟ-ਸੂਚੀਆਂ ਵਿਚ ਦਰਜ ਕੀਤੇ ਗਏ। ਸਾਬਕਾ ਖਜ਼ਾਨਾ ਮੰਤਰੀ ਜੀ ਇਥੇ ਬੈਠੇ ਨਹੀਂ ਹਨ, ਮੈਂ ਇਨ੍ਹਾਂ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਇਕ ਵੱਡਾ ਚਹੇਤਾ ਦੋਰਾਹੇ ਚੋਣ ਲੜ ਰਿਹਾ ਸੀ। ਉਸ ਚੋਣ ਵਿਚ ਮੈਂ ਵੀ ਗਿਆ ਕਿਉਂਕਿ ਮੇਰੇ ਹਲਕੇ ਵਿਚ ਕੋਈ ਚੋਣ ਨਹੀਂ ਸੀ। ਮੇਰਾ ਦੋਰਾਹੇ ਦੇ ਹਲਕੇ ਵਿਚ ਬੜਾ ਵਾਹ ਰਿਹਾ ਹੈ ਕਿਉਂ ਜੋ ਮੈਨੂੰ ਸਵਰਗੀ ਸਰਦਾਰ ਬੇਅੰਤ ਸਿੰਘ ਜੀ ਦੇ ਨਾਲ ਲੰਮਾ ਸਮਾਂ ਕੰਮ ਕਰਨ ਦਾ ਮੌਕਾ ਮਿਲਿਆ ਹੈ। ਜਦੋਂ ਮੈਂ ਮਿਉਂਸਿਪਲ ਕਮੇਟੀ ਦੇ ਵਾਰਡ ਵਿਚ ਪੋਲਿੰਗ ਬੂਥ ਤੇ ਗਿਆ ਤਾਂ ਵੇਖਿਆ ਕਿ ਉਥੇ ਲੋਕ ਪਿੰਡਾਂ ਤੋਂ ਵੋਟ ਪਾਉਣ ਆਏ ਹੋਏ ਸਨ। ਤਕਰੀਬਨ ਚਾਲੀ ਬੰਦੇ ਪਿੰਡਾਂ ਦੇ ਵੋਟ ਪਾਉਣ ਲਈ ਲਾਈਨ ਵਿਚ ਲੱਗੇ ਹੋਏ ਸਨ। ਮਕਸੂਦੜਾਂ ਪਿੰਡ ਹੈ ਜਿਹੜਾ ਕਿ ਪਾਇਲ ਦੇ ਕੋਲ ਹੈ, ਇਕ ਪਿੰਡ ਘੜਾਚੋਂ ਦੇ ਕੁਝ ਵਿਅਕਤੀ ਵੀ ਉਥੇ ਲਾਈਨ ਵਿਚ ਖੜ੍ਹੇ ਸਨ। ਮੈਂ ਆਪਣੇ ਬੰਦਿਆਂ ਨੂੰ ਕਿਹਾ ਕਿ ਫੋਟੋਗਰਾਫਰ ਮੰਗਵਾਓ, ਇਨ੍ਹਾਂ ਦੀ ਫੋਟੋ ਖਿੱਚੀਏ ਕਿ ਇਹ ਇਸ ਵਾਰਡ ਦੇ ਵੋਟਰ ਕਿਵੇਂ ਹੋ ਸਕਦੇ ਹਨ। ਇਸ ਤਰੀਕੇ ਨਾਲ ਇਨ੍ਹਾਂ ਨੇ ਉਥੇ ਵੋਟਾਂ ਪਵਾਈਆਂ ਸਨ। ਉਸ ਵੇਲੇ ਸਾਰਾ ਕੰਮ ਹੀ ਗਲਤ ਹੋਇਆ ਸੀ। ਚੇਅਰਮੈਨ ਸਾਹਿਬ, ਮੈਂ ਹੋਰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸਰਪੰਚਾਂ ਦੀਆਂ ਚੋਣਾਂ ਹੋਈਆਂ, ਪੰਚਾਇਤਾਂ ਦੀਆਂ ਚੋਣਾਂ ਹੋਈਆਂ ਤਾਂ ਇਨ੍ਹਾਂ ਦਾ ਇਕ ਐਮ.ਐਲ.ਏ. ਬੀ.ਡੀ.ਓ. ਦੇ ਦਫਤਰ ਵਿਚ ਬੈਠਾ ਸੀ ਕਿਉਂਜੋ ਉਹ ਉਸ ਦਾ ਭਰਾ ਸੀ। ਬੀ.ਡੀ.ਓ. ਸਾਹਿਬ ਨੇ ਸਾਡੇ ਬੰਦਿਆਂ ਦੇ ਕਾਗਜ਼ ਰੱਦ ਕਰ ਦਿੱਤੇ। ਡੈਮੋਕਰੇਸੀ ਵਿਚ ਕਾਗਜ਼ ਰੱਦ ਕਰਕੇ ਇਹ ਬੰਦਾ ਤਾਂ ਜਿਤਾ ਸਕਦੇ ਹਨ ਲੇਕਿਨ ਲੋਕਾਂ ਨੂੰ ਆਪਣੇ ਨਾਲ ਨਹੀਂ ਲਗਾ ਸਕਦੇ। ਮੈਂ ਇਹ ਗੱਲ ਦਾਅਵੇ ਨਾਲ ਕਹਿ

Original with;
Punjab Vidhan Sabha
Digitized by;
Panjab Digital Library

ਸਕਦਾ ਹਾਂ ਕਿ ਜਿੰਨੀਆਂ ਵੀ ਚੋਣਾਂ ਹੋਈਆਂ, ਉਹ ਕਾਂਗਰਸ ਪਾਰਟੀ ਨੇ ਜਿੱਤੀਆਂ। ਅਸੀਂ ਮਲੋਟ ਵਿਖੇ ਇਲੈਕਸ਼ਨ ਵਿਚ ਬਾਦਲ ਸਾਹਿਬ ਦੇ ਘਰ ਜਾ ਕੇ ਇਲੈਕਸ਼ਨ ਲੜਕੇ ਆਏ ਹਾਂ। ਜੇਕਰ ਉਥੇ ਇਕ ਵੀ ਵਿਅਕਤੀ ਨੇ ਗਲਤ ਵੋਟ ਪਾਈ ਹੋਈ ਸਾਬਤ ਹੋ ਜਾਵੇ ਤਾਂ ਮੈਂ ਵਿਧਾਨ ਸਭਾ ਤੋਂ ਅਸਤੀਫਾ ਦੇ ਦੇਵਾਂਗਾ ਕਿਉਂਕਿ, ਚੇਅਰਮੈਨ ਸਾਹਿਬ, ਇਲਜ਼ਾਮ ਲਗਾਉਣਾ ਬੜੀ ਮਾੜੀ ਗੱਲ ਹੈ। ਪੰਜਾਬ ਦੇ ਲੋਕਾਂ ਨੇ ਕਾਂਗਰਸ ਪਾਰਟੀ ਵਿਚ ਵਿਸ਼ਵਾਸ ਕੀਤਾ ਅਤੇ ਸਾਡਾ ਰਾਜਭਾਗ ਬਣਾਇਆ। ਇਹ ਰਾਜਭਾਗ ਹੁਣ ਪੂਰੇ ਪੰਜ ਸਾਲ ਚਲਣਾ ਹੈ। ਅਸੀਂ ਅਗਰ ਮਾੜਾ ਕੰਮ ਕਰਾਂਗੇ, ਅਸੀਂ ਕੁਰੱਪਸ਼ਨ ਕਰਾਂਗੇ, ਧੱਕਾ ਕਰਾਂਗੇ ਤਾਂ ਪੰਜਾਬ ਦੇ ਲੋਕ ਸਾਨੂੰ ਮੁਆਫ ਨਹੀਂ ਕਰਨਗੇ। ਸਾਡੇ ਮੈਂਬਰ ਸਾਹਿਬ ਨੇ ਇਥੇ ਦੱਸਿਆ ਕਿ ਪੀਅਨ ਦੀ ਨੌਕਰੀ ਦੀ ਬੋਲੀ ਹੁੰਦੀ ਰਹੀ, ਕਲਰਕਾਂ ਦੀ ਭਰਤੀ ਲਈ ਬੋਲੀ ਹੁੰਦੀ ਰਹੀ। ਲੁਧਿਆਣੇ ਵਿਖੇ ਸਵੈਟਰਜ਼ ਦੀ ਸੇਲ ਲੱਗੀ ਹੁੰਦੀ ਹੈ, ਉਥੇ ਵੀ ਡਿਸਕਾਊਂਟ ਦਿੱਤਾ ਜਾਂਦਾ ਹੈ ਪਰ ਇਨ੍ਹਾਂ ਨੇ ਤਾਂ ਕਿਸੇ ਗਰੀਬ ਨੂੰ ਵੀ ਕੋਈ ਡਿਸਕਾਊਂਟ ਨਹੀਂ ਦਿੱਤਾ। ਕਿਸੇ ਗਰੀਬ ਦਾ ਬੱਚਾ ਭਰਤੀ ਨਹੀਂ ਹੋਇਆ। ਵੱਡੇ-ਵੱਡੇ ਲੋਕਾਂ ਦੇ ਬੱਚੇ ਡੀ.ਐਸ.ਪੀ. ਭਰਤੀ ਹੋਏ, ਪੀ.ਸੀ.ਐਸ. ਭਰਤੀ ਹੋਏ, ਬੜੇ ਮਾੜੇ ਕੰਮ ਪੰਜਾਬ ਵਿੱਚ ਹੋਏ। ਪੰਜਾਬ ਦੇ ਲੋਕ ਇਨ੍ਹਾਂ ਤੋਂ ਨਹੀਂ ਬਚ ਸਕੇ, ਪੁਲੀਟੀਕਲ ਪਾਰਟੀਆਂ ਵੀ ਨਹੀਂ ਬਚ ਸਕੀਆਂ। ਇਹ ਸਾਡਾ ਫਰਜ਼ ਬਣਦਾ ਹੈ ਕਿ ਕੁਰੱਪਸ਼ਨ ਵਰਗੇ ਦੈਂਤ ਨੂੰ ਮਾਰ ਮੁਕਾਈਏ ਅਤੇ ਕੁਰੱਪਸ਼ਨ ਦਾ ਜੋ ਕੈਂਸਰ ਸਮਾਜ ਅੰਦਰ ਹੈ, ਜੇ ਇਸ ਨੂੰ ਅਸੀਂ ਖਤਮ ਨਹੀਂ ਕਰਾਂਗੇ ਤਾਂ ਅਸੀਂ ਖੁਦ ਖਤਮ ਹੋ ਜਾਵਾਂਗੇ। ਇਹ ਸਾਡੀ ਜ਼ਿੰਮੇਵਾਰੀ ਬਣਦੀ ਹੈ। ਚੇਅਰਮੈਨ ਸਾਹਿਬ, ਇਸ ਸਦਨ ਵਿੱਚ ਅੱਜ ਇਹ ਭਖਵੀਂ ਬਹਿਸ ਹੋ ਰਹੀ ਹੈ। ਅੱਜ ਚੰਗਾ ਹੁੰਦਾ ਅਗਰ ਸਾਡੇ ਮਾਨਯੋਗ ਵਿਰੋਧੀ ਧਿਰ ਵਾਲੇ ਮੈਂਬਰ ਸਾਹਿਬਾਨ ਇਥੇ ਹੁੰਦੇ, ਆਖਿਰ ਸੱਚ ਕਹਿਣਾ ਅਤੇ ਸੱਚ ਸੁਣਨਾ ਵੀ ਬੜਾ ਕੌੜਾ ਹੁੰਦਾ ਹੈ। ਇਸ ਲਈ, ਚੇਅਰਮੈਨ ਸਾਹਿਬ, ਜੋ ਕੁਝ ਵੀ ਪੰਜਾਬ ਵਿਚ ਪਹਿਲਾਂ ਹੋਇਆ, ਮੈਂ ਉਸ ਨੂੰ ਦੁਹਰਾਉਣਾ ਨਹੀਂ ਚਾਹੁੰਦਾ। ਲੇਕਿਨ ਕਿਸੇ ਨਾਲ ਸਾਡੀ ਜਾਤੀ ਦੁਸ਼ਮਣੀ ਨਹੀਂ ਅਤੇ ਨਾ ਹੀ ਵਿਰੋਧ ਹੈ। ਹੋਰ ਵੀ ਬਹੁਤ ਬੰਦੇ ਇਥੇ ਬੈਠੇ ਹਨ, ਕਿਸੇ ਤੇ ਕੋਈ ਝੂਠਾ ਕੇਸ ਨਹੀਂ ਬਣਿਆ। ਵਿਜੀਲੈਂਸ ਬਿਊਰੋ ਇਕ ਸਰਕਾਰੀ ਵਿਭਾਗ ਹੈ ਜੋ ਕੱਲ੍ਹ ਨੂੰ ਸਾਡੇ ਵੱਲ ਵੀ ਆ ਸਕਦਾ ਹੈ। ਇਸ ਲਈ ਇਨ੍ਹਾਂ ਨੂੰ ਫਿਕਰ ਕਰਨ ਦੀ ਲੋੜ ਨਹੀਂ। ਜਿਨ੍ਹਾਂ ਨੇ ਕੁਰੱਪਸ਼ਨ ਕੀਤੀ ਹੈ, ਉਹ ਬਚ ਨਹੀਂ ਸਕਦੇ ਹਨ। ਤੁਹਾਡਾ ਵਾਲ ਵਿੰਗਾ ਨਹੀਂ ਹੋ ਸਕਦਾ। ਮੈਨੂੰ ਯਾਦ ਹੈ ਗਿਆਨੀ ਜ਼ੈਲ ਸਿੰਘ ਜੀ ਕਹਿੰਦੇ ਹੁੰਦੇ ਸੀ ਕਿ ਪੁਲਿਸ ਵਾਲੇ ਸਾਡੇ ਮਿੱਤਰ ਹੁੰਦੇ ਹਨ, ਜਿਹੜੇ ਜਦੋਂ ਅਸੀਂ ਤਾਕਤ ਵਿੱਚ ਹੁੰਦੇ ਹਾਂ ਤਾਂ ਸਾਡੀ ਹਿਫਾਜ਼ਤ ਕਰਦੇ ਹਨ ਅਤੇ ਜਦੋਂ ਅਸੀਂ ਵਿਰੋਧੀ ਧਿਰ ਵਿਚ ਹੁੰਦੇ ਹਾਂ ਤਾਂ ਸਾਨੂੰ ਹੱਥਕੜੀ ਲਗਾਉਣ ਲਈ ਵੀ ਤਿਆਰ ਰਹਿੰਦੇ ਹਨ। ਇਸ ਲਈ ਸਾਨੂੰ ਰਲ ਮਿਲ ਕੇ ਹੰਭਲਾ ਮਾਰਨਾ ਚਾਹੀਦਾ ਹੈ। ਪੰਜਾਬ ਦੇ ਲੋਕ ਜੋ ਫੈਸਲੇ ਕਰਦੇ ਹਨ, ਉਸਨੂੰ ਕਬੂਲ ਕਰਨਾ ਚਾਹੀਦਾ ਹੈ। ਅਸੀਂ ਜਿੱਤ ਕੇ ਵੀ ਵੇਖਿਆ ਹੈ ਅਤੇ ਹਾਰ ਵੀ ਦੇਖੀ ਹੈ। ਹਾਰ ਅਤੇ ਜਿੱਤ ਵਿਚ ਕੋਈ ਬਹੁਤਾ ਫਰਕ ਨਹੀਂ ਹੁੰਦਾ। ਜਿੱਤ ਪਿੱਛੇ ਹੀ ਹਾਰ ਛਿਪੀ ਹੁੰਦੀ ਹੈ ਅਤੇ ਹਾਰ ਪਿੱਛੇ ਹੀ ਜਿੱਤ। ਸਾਨੂੰ ਇਨਸਾਨੀਅਤ ਨਾਲ ਵਿਚਰਣਾ ਚਾਹੀਦਾ ਹੈ। ਸੱਚੀ ਲਗਨ ਨਾਲ ਕੰਮ ਕਰਨਾ ਚਾਹੀਦਾ ਹੈ। ਇਸ ਲਈ, ਚੇਅਰਮੈਨ ਸਾਹਿਬ, ਜੋ ਇਸ ਸਦਨ ਵਿੱਚ ਮਾਨਯੋਗ ਗਵਰਨਰ ਸਾਹਿਬ ਨੇ ਭਾਸ਼ਣ ਦਿੱਤਾ ਹੈ ਅਤੇ ਉਸ ਤੇ ਧੰਨਵਾਦ ਦਾ ਮਤਾ ਜੋ ਸ੍ਰੀ ਸੁਨੀਲ ਜਾਖੜ ਜੀ ਨੇ ਪੇਸ਼ ਕੀਤਾ ਹੈ ਅਤੇ ਇਸ ਨੂੰ ਸੈਕਿੰਡ ਰਾਣਾ ਕੰਵਰਪਾਲ ਸਿੰਘ ਨੇ ਕੀਤਾ ਹੈ, ਮੈਂ ਉਸਦੀ ਪ੍ਰੋੜਤਾ ਕਰਦਾ ਹਾਂ ਅਤੇ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ, ਬਹੁਤ-ਬਹੁਤ ਧੰਨਵਾਦ।

Original with;
Punjab Vidhan Sabha
Digitized by;

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ (ਅੰਮ੍ਰਿਤਸਰ ਉੱਤਰੀ) :** ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਧੰਨਵਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਤੇ ਐਡਰੈਸ ਤੇ ਜਿਹੜਾ ਧੰਨਵਾਦ ਦਾ ਮਤਾ ਸ਼੍ਰੀ ਸੁਨੀਲ ਕੁਮਾਰ ਜਾਖੜ ਜੀ ਨੇ ਪੇਸ਼ ਕੀਤਾ, ਉਸ ਤੇ ਬੋਲਣ ਦਾ ਮੌਕਾ ਦਿਤਾ ਹੈ। ਮੈਨੂੰ ਇਹ ਦੇਖ ਕੇ ਬੜਾ ਦੁਖ ਹੋਇਆ ਹੈ ਕਿ ਅਕਾਲੀ ਦਲ ਵਾਲੇ, ਜਿਹੜੇ ਕਿ ਆਪਣੀ ਗੱਲ ਤਾਂ ਕਰਨੀ ਚਾਹੁੰਦੇ ਹਨ ਪਰ ਉਹ ਦੂਸਰਿਆਂ ਦੀ ਗੱਲ ਸੁਣਨਾ ਨਹੀਂ ਚਾਹੁੰਦੇ। ਜਦੋਂ ਦੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਆਈ ਹੈ, ਜੋ ਵਾਇਦੇ ਉਨ੍ਹਾਂ ਨੇ ਕੀਤੇ ਸਨ, ਉਹ ਸਾਡੇ ਮੁੱਖ ਮੰਤਰੀ ਜੀ ਨੇ ਪਹਿਲੇ ਸਾਲ ਵਿੱਚ ਹੀ ਕਾਫੀ ਪੂਰੇ ਕਰ ਦਿਤੇ। ਸਭ ਤੋਂ ਪਹਿਲਾਂ ਸਾਡੇ ਮੈਨੀਫੈਸਟੋ ਵਿੱਚ ਸੀ ਕਿ ਅਸੀਂ ਕੁਰੱਪਸ਼ਨ ਨੂੰ ਦੂਰ ਕਰਾਂਗੇ ਔਰ ਇਨ੍ਹਾਂ ਨੇ ਕੁਰੱਪਸ਼ਨ ਨੂੰ ਨੱਥ ਪਾਉਣ ਲਈ ਜਿਹੜੇ ਉਪਰਾਲੇ ਕੀਤੇ ਹਨ, ਉਹ ਤੁਹਾਡੇ ਸਾਹਮਣੇ ਹਨ। ਸਾਡੇ ਪੰਜਾਬ ਨੂੰ, ਸਾਡੇ ਦੇਸ਼ ਨੂੰ ਦੋ ਚੀਜ਼ਾਂ ਤੋਂ ਖਤਰਾ ਹੈ। ਇਕ ਤਾਂ ਫਿਰਕਾਪ੍ਰਸਤੀ ਤੋਂ ਅਤੇ ਦੂਜਾ ਕੁਰੱਪਸ਼ਨ ਤੋਂ। ਕੈਪਟਨ ਅਮਰਿੰਦਰ ਸਿੰਘ ਨੇ ਜਿਸ ਵੇਲੇ ਕੁਰੱਪਟ ਬੰਦਿਆਂ ਨੂੰ ਫੜਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਪੰਜਾਬ ਦੇ ਵਿੱਚ ਅਕਾਲੀ ਦਲ ਦੇ ਮੰਤਰੀ ਅਤੇ ਉਨ੍ਹਾਂ ਦੇ ਬਣਾਏ ਅਫਸਰ ਕਿਸ ਤਰ੍ਹਾਂ ਲੋਕਾਂ ਦਾ ਖੂਨ ਚੂਸਦੇ ਰਹੇ, ਕਿਸ ਤਰ੍ਹਾਂ ਲੋਕਾਂ ਦੇ ਹੱਕ ਮਾਰ ਕੇ ਕੁਰੱਪਸ਼ਨ ਕਰਦੇ ਰਹੇ। ਗਰੀਬ ਆਦਮੀ ਆਪਣੇ ਬੱਚਿਆਂ ਨੂੰ ਬੜੇ ਸਧਰਾਂ ਨਾਲ ਪੜ੍ਹਾਉਂਦਾ ਹੈ ਪਰ ਗਰੀਬ ਆਦਮੀ ਦਾ ਬੱਚਾ ਜਿਸ ਵੇਲੇ ਇੰਟਰਵਿਊ ਵਿੱਚ ਜਾਂਦਾ ਹੈ ਤਾਂ ਇਸ ਕਰਕੇ ਰਹਿ ਜਾਂਦਾ ਹੈ ਕਿ ਉਸ ਦੀ ਜੇਬ ਵਿੱਚ ਪੈਸੇ ਨਹੀਂ ਹੁੰਦੇ ਲੇਕਿਨ ਅੱਜ ਦੇ ਸਮੇਂ ਵਿੱਚ ਕੈਪਟਨ ਸਾਹਿਬ ਦੀ ਸਰਕਾਰ ਨੇ ਗਰੀਬ ਆਦਮੀ ਬਾਰੇ ਸੋਚਿਆ ਹੈ। ਅੱਜ ਗਰੀਬ ਆਦਮੀ ਸੋਚਦਾ ਹੈ ਕਿ ਜੇ ਮਿਹਨਤ ਕਰਕੇ ਆਪਣੇ ਬੱਚੇ ਨੂੰ ਤਾਲੀਮ ਦਿਵਾਵਾਂਗਾ, ਸਿੱਖਿਆ ਦਿਵਾਵਾਂਗਾ ਤਾਂ ਮੇਰਾ ਬੱਚਾ ਪੈਸੇ ਦੇ ਬਗੈਰ ਇੰਟਰਵਿਊ ਦੇ ਕੇ ਸਰਕਾਰੀ ਨੌਕਰੀ ਲੈ ਸਕਦਾ ਹੈ। ਜਿਹੜੇ ਪੈਸੇ ਦੇ ਕੇ ਅਹੁਦੇ ਲੈਂਦੇ ਸਨ ਜਾਂ ਜਿਹੜੇ ਪੈਸੇ ਲੈ ਕੇ ਕਿਸੇ ਪੋਸਟ ਤੇ ਬੈਠਦੇ ਸਨ, ਉਨ੍ਹਾਂ ਦੇ ਅੰਦਰ ਸਭ ਤੋਂ ਪਹਿਲਾਂ ਇਹ ਹੁੰਦਾ ਸੀ ਕਿ ਕੁਰੱਪਸ਼ਨ ਕਿਵੇਂ ਕਰਨੀ ਹੈ ਜਾਂ ਜਿਹੜੇ ਲੱਖਾਂ ਰੁਪਏ ਦੇ ਕੇ ਪਦ ਹਾਸਲ ਕੀਤੇ ਹਨ, ਉਸ ਵਾਸਤੇ ਪੈਸਾ ਕਿਸ ਤਰ੍ਹਾਂ ਪੂਰਾ ਕਰਨਾ ਹੈ। ਸੋ, ਇਹ ਕੁਰੱਪਸ਼ਨ ਦੀ ਜੜ੍ਹ ਸੀ। ਅੱਜ ਅਕਾਲੀ ਦਲ ਵਾਲੇ ਕਿਸਾਨਾਂ ਦਾ ਨਾਂ ਲੈਂਦੇ ਹਨ, ਕਿਸਾਨਾਂ ਦੀ ਹਾਮੀ ਭਰਦੇ ਹਨ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਸਾਨਾਂ ਵਾਸਤੇ ਕੀ ਕੀਤਾ ਹੈ ? ਜਦੋਂ ਕੇਂਦਰ ਸਰਕਾਰ ਨੇ ਗੇਹੂੰ ਦਾ ਰੇਟ ਨਾ ਵਧਾਇਆ ਤਾਂ ਸਾਡੇ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਨੇ ਆਪ ਜਾ ਕੇ ਦਿੱਲੀ ਵਿੱਚ ਧਰਨਾ ਲਗਾਇਆ। ਪਰ ਅੱਜ ਇਹ ਇੱਥੇ ਬੈਠੇ ਮਜ਼ਾਕਾਂ ਕਰਦੇ ਹਨ। ਇਨ੍ਹਾਂ ਨੂੰ ਵੀ ਚਾਹੀਦਾ ਸੀ ਕਿ ਕੈਪਟਨ ਅਮਰਿੰਦਰ ਸਿੰਘ ਦੀ ਰਹਿਨੁਮਾਈ ਥੱਲੇ ਜਦੋਂ ਅਸੀਂ ਕਿਸਾਨਾਂ ਦੇ ਹਿਤਾਂ ਵਾਸਤੇ ਲੜ ਰਹੇ ਸੀ, ਪੰਜਾਬ ਦੇ ਕਿਸਾਨਾਂ ਵਾਸਤੇ ਲੜ ਰਹੇ ਸੀ ਤਾਂ ਜਦੋਂ ਅਸੀਂ ਉਥੇ ਧਰਨਾ ਮਾਰਿਆ, ਅਕਾਲੀ ਦਲ ਵਾਲੇ ਵੀ, ਬਾਦਲ ਸਾਹਿਬ ਵੀ ਉਨ੍ਹਾਂ ਨਾਲ ਧਰਨੇ ਤੇ ਬੈਠਦੇ। (ਥੰਪਿੰਗ) ਮੈਂ, ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦੀ ਹਾਂ ਜਿੱਥੇ ਇਨ੍ਹਾਂ ਨੇ ਕਿਸਾਨਾਂ ਦੇ ਹਿਤਾਂ ਦੀ ਗੱਲ ਕੀਤੀ, ਭ੍ਰਿਸ਼ਟਾਚਾਰ ਦੂਰ ਕੀਤਾ, ਉਥੇ ਇਨ੍ਹਾਂ ਨੇ ਇੰਸਪੈਕਟਰੀ ਰਾਜ ਹਟਾਉਣ ਦਾ ਵੀ ਵਾਅਦਾ ਕੀਤਾ ਹੈ। ਅੱਜ ਕੇਂਦਰ ਵਿੱਚ ਅਕਾਲੀ-ਬੀ.ਜੇ.ਪੀ. ਦੀ

Original with;
Punjab Vidhan Sabha
Digitized by;
Panjab Digital Library

ਸਰਕਾਰ ਬੈਠੀ ਹੈ। ਇਹ ਸਰਕਾਰ ਖਾਦ ਦਾ ਮੁੱਲ ਵਧਾ ਰਹੀ ਹੈ, ਸਾਈਕਲ ਇੰਡਸਟਰੀ ਤੇ ਟੈਕਸ ਵਧਾਏ ਜਾ ਰਹੇ ਹਨ। ਅੱਜ ਅਕਾਲੀ ਦਲ ਵਾਲੇ ਗੱਲ ਕਰਦੇ ਹਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਟੈਕਸ ਵਧਾਏ ਜਾ ਰਹੇ ਹਨ, ਉਨ੍ਹਾਂ ਦਾ ਅਕਾਲੀ ਦਲ ਕਿਉਂ ਵਿਰੋਧ ਨਹੀਂ ਕਰਦਾ ?

*6.28 ਵਜੇ ਸ਼ਾਮ

(ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਅਗਰ ਇਨ੍ਹਾਂ ਟੈਕਸਾਂ ਕਰਕੇ ਸਾਈਕਲ ਇੰਡਸਟਰੀ ਲੁਧਿਆਣੇ ਤੋਂ ਸ਼ਿਫਟ ਹੁੰਦੀ ਹੈ ਤਾਂ ਇਸ ਨਾਲ ਪੰਜਾਬ ਨੂੰ ਘਾਟਾ ਪਵੇਗਾ। ਪੰਜਾਬ ਵਿਚ ਇਨ੍ਹਾਂ ਪਾਲਿਸੀਆਂ ਕਰਕੇ ਇੰਡਸਟਰੀ ਤਬਾਹ ਹੋ ਰਹੀ ਹੈ। ਇੰਡਸਟਰੀਲਿਸਟ ਇਹ ਸੋਚਦੇ ਹਨ ਕਿ ਜਦੋਂ ਦੀ ਅਕਾਲੀ-ਭਾਜਪਾ ਦੀ ਸਰਕਾਰ ਪੰਜਾਬ ਵਿੱਚ ਆਈ ਹੈ, ਉਦੋਂ ਤੋਂ ਇੰਡਸਟਰੀ ਪੰਜਾਬ ਵਿੱਚੋਂ ਤਬਾਹ ਹੁੰਦੀ ਜਾ ਰਹੀ ਹੈ। ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਇੰਡਸਟਰੀ ਵਾਸਤੇ ਬਹੁਤ ਉਪਰਾਲੇ ਕੀਤੇ ਹਨ। ਸਿਰਫ ਗੱਲਾਂ ਹੀ ਨਹੀਂ ਕੀਤੀਆਂ ਸਗੋਂ ਉਨ੍ਹਾਂ ਨੇ ਵਪਾਰੀਆਂ ਨੂੰ ਬੁਲਾਇਆ, ਇੰਡਸਟਰੀਲਿਸਟਾਂ ਨੂੰ ਬੁਲਾਇਆ ਔਰ ਉਨ੍ਹਾਂ ਦੀਆਂ ਗੱਲਾਂ ਸੁਣੀਆਂ। ਉਨ੍ਹਾਂ ਵਾਸਤੇ ਉਨ੍ਹਾਂ ਨੇ ਕਾਫੀ ਉਪਰਾਲੇ ਕੀਤੇ ਹਨ। ਮੈਨੂੰ ਯਾਦ ਹੈ ਕਿ ਸਾਡੇ ਮੰਤਰੀ ਜੀ ਅੰਮ੍ਰਿਤਸਰ ਗਏ। ਉਥੇ ਉਨ੍ਹਾਂ ਨੇ ਵਪਾਰੀਆਂ ਨੂੰ ਇਕੱਠਾ ਕੀਤਾ, ਉਨ੍ਹਾਂ ਦੀਆਂ ਗੱਲਾਂ ਸੁਣੀਆਂ, ਪਰਪੋਜ਼ਲਾਂ ਰੱਖੀਆਂ ਗਈਆਂ। ਇਹ ਪਰਪੋਜ਼ਲਾਂ ਸੀ.ਐਮ. ਸਾਹਿਬ ਨੂੰ ਭੇਜੀਆਂ ਗਈਆਂ। ਚੰਡੀਗੜ੍ਹ ਵਿੱਚ ਵੀ ਮੀਟਿੰਗਾਂ ਹੋਈਆਂ ਤਾਂ ਕਿ ਜਿਹੜੀ ਇੰਡਸਟਰੀ ਪੰਜਾਬ ਵਿੱਚੋਂ ਖਤਮ ਹੁੰਦੀ ਜਾ ਰਹੀ ਹੈ, ਉਸ ਨੂੰ ਪੰਜਾਬ ਵਿੱਚ ਦੁਬਾਰਾ ਸਥਾਪਿਤ ਕੀਤਾ ਜਾ ਸਕੇ। ਸੀ.ਐਮ. ਸਾਹਿਬ ਇੰਡਸਟਰੀ ਨੂੰ ਸਹੂਲਤਾਂ ਦੇ ਰਹੇ ਹਨ। ਮੈਂ, ਸੀ.ਐਮ. ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਫੈਸਲਾ ਕੀਤਾ ਹੈ ਕਿ ਬਾਰਡਰ ਏਰੀਏ ਵਿੱਚ ਸਪੈਸ਼ਲ ਪੈਕੇਜ ਦੇਣ ਦੀ ਗੱਲ ਕੀਤੀ ਹੈ ਤਾਂ ਕਿ ਅੰਮ੍ਰਿਤਸਰ ਦੀ ਖਾਸ ਤੌਰ ਤੇ ਤਬਾਹ ਹੋ ਰਹੀ ਇੰਡਸਟਰੀ ਨੂੰ ਠੀਕ ਕੀਤਾ ਜਾ ਸਕੇ। ਅੰਮ੍ਰਿਤਸਰ ਨੇ ਦੋ ਪਾਕਿਸਤਾਨ ਦੀਆਂ ਲੜਾਈਆਂ ਦੇਖੀਆਂ ਹਨ। ਆਤੰਕਵਾਦ ਦਾ ਵੀ ਕਾਫੀ ਦੌਰ ਉਥੇ ਰਿਹਾ ਹੈ, ਇਸ ਕਰਕੇ ਉਥੋਂ ਇੰਡਸਟਰੀ ਕਾਫੀ ਸ਼ਿਫਟ ਹੋਈ। ਉਸ ਤੋਂ ਬਾਅਦ ਇਨ੍ਹਾਂ ਦੀਆਂ ਪਾਲਿਸੀਆਂ ਨੇ, ਅਕਾਲੀ ਦਲ ਦੀਆਂ ਪਾਲਿਸੀਆਂ ਨੇ ਇੰਡਸਟਰੀਲਿਸਟਸ ਨੂੰ ਇੰਡਸਟਰੀ ਸ਼ਿਫਟ ਕਰਨ ਵਾਸਤੇ ਮਜਬੂਰ ਕਰ ਦਿੱਤਾ। ਅੱਜ ਸਾਨੂੰ ਫ਼ਖਰ ਹੈ ਸਾਡੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਤੇ ਕਿ ਉਨ੍ਹਾਂ ਨੇ ਇਹੋ ਜਿਹੀਆਂ ਪਾਲਿਸੀਆਂ ਬਣਾ ਕੇ ਗੱਲਾਂ ਨਹੀਂ ਕੀਤੀਆਂ ਬਲਕਿ ਪ੍ਰੈਕਟੀਕਲ ਤੌਰ ਤੇ ਕੰਮ ਕੀਤੇ ਹਨ। ਉਹ ਆਪ ਲੋਕਾਂ ਵਿੱਚ ਗਏ, ਮੰਤਰੀ ਲੋਕਾਂ ਵਿੱਚ ਗਏ ਤਾਂ ਕਿ ਲੋਕਾਂ ਦੇ ਹਿੱਤਾਂ ਦੀ ਅਸੀਂ ਰੱਖਿਆ ਕਰ ਸਕੀਏ। ਉਸ ਦੇ ਨਾਲ-ਨਾਲ ਹੀ ਮੈਂ ਇਹ ਗੱਲ ਜ਼ਰੂਰ ਕਹਾਂਗਾ ਕਿ ਜਿਥੋਂ ਤੱਕ ਆਰਥਿਕ ਹਾਲਤ ਦੀ ਗੱਲ ਸੀ, ਇਨ੍ਹਾਂ ਲੋਕਾਂ ਨੇ ਜਿਸ ਵੇਲੇ ਆਖਰੀ ਸਾਲ ਆਇਆ ਤਾਂ ਸੰਗਤ ਦਰਸ਼ਨ ਦੇ ਨਾਮ ਤੇ ਕਰੋੜਾਂ-ਅਰਬਾਂ ਰੁਪਿਆ ਆਪਣੇ ਵਰਕਰਾਂ ਨੂੰ ਵੰਡ ਦਿੱਤਾ। ਪੰਜਾਬ ਦੇ ਹਿੱਤ ਵਾਸਤੇ ਨਹੀਂ, ਪੰਜਾਬ ਦੀ ਡਿਵੈਲਪਮੈਂਟ ਵਾਸਤੇ ਨਹੀਂ, ਪੰਜਾਬ ਵਿੱਚ ਕੋਈ ਸਹੂਲਤ ਦੇਣ ਵਾਸਤੇ ਨਹੀਂ,

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜੁਗਲ ਕਿਸ਼ੋਰ ਸ਼ਰਮਾ]

ਇਸ ਕਰਕੇ ਕਿ ਆਉਣ ਵਾਲੇ ਪੰਜ ਸਾਲਾਂ ਵਿੱਚ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਪੰਜਾਬ ਦੇ ਵਿੱਚ ਫਿਰ ਆਪਣਾ ਰਾਜ ਸਥਾਪਿਤ ਕਰ ਸਕੀਏ। ਮੈਨੂੰ ਦੁਖ ਹੈ ਕਿ ਜਿਸ ਵੇਲੇ ਮੈਂ ਇਲੈਕਸ਼ਨਾਂ ਦੇ ਦਰਮਿਆਨ ਦੇਖਿਆ, ਮੈਂ ਇੱਕ ਐਗਜ਼ਾਂਪਲ ਵੀ ਦੇਣੀ ਚਾਹੁੰਦਾ ਹਾਂ। ਜਿਸ ਹਲਕੇ ਤੋਂ ਮੈਂ ਡਾਕਟਰ ਬਲਦੇਵ ਰਾਜ ਚਾਵਲਾ ਦੇ ਅਗੇਂਸਟ ਇਲੈਕਸ਼ਨ ਲੜ ਰਿਹਾ ਸੀ, ਉਥੇ ਹਲਕੇ ਵਿੱਚ ਜਿਥੇ ਸੀਵਰੇਜ ਨਹੀਂ ਸੀ, ਉਥੇ ਕੱਚੀਆਂ ਇੱਟਾਂ ਲਗਾ ਕੇ ਸੜਕ ਆਰਜ਼ੀ ਤੌਰ ਤੇ ਤਿਆਰ ਕਰ ਦਿੱਤੀ ਗਈ। ਮੈਂ ਇਨ੍ਹਾਂ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਏਰੀਏ ਵਿੱਚ ਸੀਵਰੇਜ ਨਹੀਂ ਪਿਆ, ਉਥੇ ਤੁਸੀਂ ਇੱਟਾਂ ਲਗਾ ਕੇ ਸੜਕ ਤਿਆਰ ਕਰ ਰਹੇ ਹੋ ਤਾਂ ਕੀ ਇਹ ਪੈਸੇ ਦੀ ਬਰਬਾਦੀ ਨਹੀਂ ਹੈ ? ਫਿਰ ਸੀਵਰੇਜ ਪਵੇਗਾ, ਫਿਰ ਇੱਟਾਂ ਲਾਵਾਂਗੇ ਔਰ ਫਿਰ ਉਥੇ ਸੜਕ ਬਣਾਵਾਂਗੇ। ਮੈਂ ਇਨ੍ਹਾਂ ਕੋਲੋਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਇਹ ਅੱਜ ਪੰਜਾਬ ਦੇ ਹਿੱਤਾਂ ਦੀ ਗੱਲ ਕਰਦੇ ਹਨ। ਪੰਜਾਬ ਨੂੰ ਤਬਾਹ ਕਰਨ ਵਾਲੇ ਅਕਾਲੀ ਦਲ ਔਰ ਬੀ.ਜੇ.ਪੀ. ਵਾਲੇ ਹਨ। ਥੋੜ੍ਹਾ ਜਿਹਾ ਮੈਂ ਤੁਹਾਨੂੰ ਪਿੱਛੇ ਲਿਜਾਣਾ ਚਾਹੁੰਦਾ ਹਾਂ। ਜਿਸ ਵੇਲੇ ਪੰਜਾਬ ਦੇ ਵਿੱਚ ਪੰਜਾਬੀ ਸੂਬੇ ਦੀ ਐਜੀਟੇਸ਼ਨ ਚੱਲੀ ਸੀ, ਅੱਜ ਜਿਹੜੇ ਬੀ.ਜੇ.ਪੀ. ਅਤੇ ਅਕਾਲੀ ਦਲ ਵਾਲੇ ਆਪਸ ਵਿੱਚ ਜੱਫੀਆਂ ਪਾ ਕੇ ਬੈਠੇ ਹਨ, ਉਸ ਵੇਲੇ ਅਕਾਲੀ ਦਲ ਵਾਲੇ ਕਹਿੰਦੇ ਸਨ ਕਿ ਪੰਜਾਬੀ ਸੂਬਾ ਬਣਾਓ ਅਤੇ ਦੂਜੇ ਬੰਨੇ ਬੀ.ਜੇ.ਪੀ. ਵਾਲੇ ਕਹਿੰਦੇ ਸਨ ਕਿ ਮਹਾਂ-ਪੰਜਾਬ ਬਣਾਓ। ਇਸ ਸਬੰਧੀ ਧਰਨੇ ਦਿੱਤੇ ਗਏ, ਐਜੀਟੇਸ਼ਨਾਂ ਕੀਤੀਆਂ ਗਈਆਂ ਔਰ ਕਈ-ਕਈ ਦਿਨ ਸ਼ਹਿਰਾਂ ਨੂੰ ਬੰਦ ਕੀਤਾ ਗਿਆ ਪਰ ਜਦੋਂ ਕਾਂਗਰਸ ਪਾਰਟੀ ਨੇ ਇਹ ਫੈਸਲਾ ਕੀਤਾ ਕਿ ਭਾਸ਼ਾ ਦੇ ਆਧਾਰ ਤੇ ਅਸੀਂ ਪੰਜਾਬੀ ਸੂਬਾ ਬਣਾਵਾਂਗੇ ਤਾਂ ਬੀ.ਜੇ.ਪੀ. ਵਾਲਿਆਂ ਨੇ ਲੋਕਾਂ ਨੂੰ ਕਿਹਾ ਕਿ ਤੁਸੀਂ ਆਪਣੀ ਭਾਸ਼ਾ ਹਿੰਦੀ ਲਿਖਾਓ। ਅਕਾਲੀ ਦਲ ਵਾਲਿਆਂ ਨੇ ਕਿਹਾ ਕਿ ਤੁਸੀਂ ਪੰਜਾਬੀ ਲਿਖਾਓ। ਇਨ੍ਹਾਂ ਦੋਹਾਂ ਦੀ ਲੜਾਈ ਨੇ ਪੰਜਾਬ ਨੂੰ ਛੋਟਾ ਜਿਹਾ ਪੰਜਾਬ ਬਣਾ ਕੇ ਰੱਖ ਦਿੱਤਾ, ਜਿਹੜਾ ਪੰਜਾਬ ਹਿਮਾਚਲ ਦੀਆਂ ਪਹਾੜੀਆਂ ਤੱਕ ਸੀ, ਜਿਹੜਾ ਪੰਜਾਬ ਦਿੱਲੀ ਤੱਕ ਸੀ, ਅੱਜ ਉਹ ਛੋਟਾ ਜਿਹਾ ਪੰਜਾਬ, ਛੋਟੀ ਜਿਹੀ ਜਗ੍ਹਾ ਵਿੱਚ ਇਨ੍ਹਾਂ ਨੇ ਕਰ ਦਿੱਤਾ ਹੈ। ਇਹ ਪੰਜਾਬ ਦੇ ਹਿੱਤਾਂ ਦੀ ਗੱਲ ਕਰਦੇ ਹਨ। ਅੱਜ ਕੈਪਟਨ ਸਾਹਿਬ, ਪੰਜਾਬ ਵਾਸਤੇ ਡਿਵੈਲਪਮੈਂਟ ਦੀ ਗੱਲ ਕਰ ਰਹੇ ਹਨ ਔਰ ਆਉਣ ਵਾਲੇ ਸਮੇਂ ਵਿੱਚ ਜਿਹੜਾ ਕਿ ਸਾਲ 2003-04 ਹੈ, ਉਸ ਵਿੱਚ ਇਨ੍ਹਾਂ ਨੇ ਡਿਵੈਲਪਮੈਂਟ ਦਾ ਪ੍ਰੋਗਰਾਮ ਰੱਖਿਆ ਹੈ। (ਥੰਪਿੰਗ) ਹੁਣ ਇਹ ਕਾਂਗਰਸ ਦੀ ਅਛਾਈ ਨਹੀਂ ਸੁਣਦੇ। ਤੁਸੀਂ ਦੇਖੋ ਕਿ ਕਾਂਗਰਸ ਕੀ ਕੁਝ ਕਰ ਰਹੀ ਹੈ। ਲੋਕਾਂ ਦੇ ਦਿਲਾਂ ਵਿੱਚ ਕਾਂਗਰਸ ਪ੍ਰਤੀ ਪਿਆਰ ਹੈ, ਕਾਂਗਰਸ ਪ੍ਰਤੀ ਸ਼ਰਧਾ ਹੈ। ਜਿਥੋਂ ਤੱਕ ਇਹ ਡਿਵੈਲਪਮੈਂਟ ਦੀਆਂ ਗੱਲਾਂ ਕਰਦੇ ਹਨ, ਇਹ ਧਰਮ ਦੇ ਨਾਂ ਤੇ ਵੋਟ ਲੈਣ ਵਾਲੇ ਹਨ, ਮੈਂ ਅੱਜ ਇਨ੍ਹਾਂ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜ ਸਾਲ ਦੇ ਵਿੱਚ ਜਿਹੜਾ ਸਾਡਾ ਪਵਿੱਤਰ ਨਗਰ ਹੈ ਅੰਮ੍ਰਿਤਸਰ, ਕੀ ਉਥੇ ਇਨ੍ਹਾਂ ਨੇ ਕੋਈ ਸੜਕ ਬਣਾਈ ਹੈ, ਕੀ ਉਥੇ ਸੀਮਿੰਟ ਦਾ ਕੋਈ ਕੰਮ ਕੀਤਾ ਹੈ ? ਕੀ ਉਥੇ ਕੋਈ ਐਸੀ ਸਹੂਲਤ ਦਿੱਤੀ ਹੈ, ਜਿਸ ਨਾਲ

Original with;
Punjab Vidhan Sabha
Digitized by;
Panjab Digital Library

ਬਾਹਰੋਂ ਆਉਣ ਵਾਲੇ ਯਾਤਰੀ ਇਹ ਸਮਝ ਸਕਣ ਕਿ ਇਹੋ ਜਿਹੇ ਸ਼ਹਿਰ ਵਿੱਚ ਆ ਗਏ ਹਾਂ, ਗੁਰਾਂ ਦੀ ਧਰਤੀ ਤੇ ਆ ਗਏ ਹਾਂ, ਜਿਹੜਾ ਬੜਾ ਖੂਬਸੂਰਤ ਸ਼ਹਿਰ ਹੈ। ਇਨ੍ਹਾਂ ਨੇ ਕਿਸੇ ਵੀ ਤਰ੍ਹਾਂ ਦਾ ਧਿਆਨ ਨਹੀਂ ਦਿੱਤਾ। ਇਹ ਸਾਰੇ ਮਿਲੇ ਹੋਏ ਸਨ। ਬੀ.ਜੇ.ਪੀ. ਵਾਲੇ ਉਤੇ ਬੈਠੇ ਕੁਰਪਸ਼ਨ ਕਰ ਰਹੇ ਸਨ ਔਰ ਅੰਮ੍ਰਿਤਸਰ ਕਾਰਪੋਰੇਸ਼ਨ ਦੇ ਵਿੱਚ ਵੀ ਬੀ.ਜੇ.ਪੀ. ਵਾਲੇ ਉਸੇ ਤਰ੍ਹਾਂ ਹੀ ਕੁਰਪਸ਼ਨ ਕਰ ਰਹੇ ਸਨ। ਇਨ੍ਹਾਂ ਨੇ ਲੋਨ ਵਗੈਰਾ ਲੈ ਕੇ ਅੰਮ੍ਰਿਤਸਰ ਕਾਰਪੋਰੇਸ਼ਨ ਨੂੰ ਕਮਜ਼ੋਰ ਕਰ ਦਿੱਤਾ ਹੈ। ਅੱਜ ਹਾਲਾਤ ਇਹ ਹਨ ਕਿ ਜਿਹੜਾ ਸਾਡਾ ਸੀਵਰੇਜ ਹੈ ਉਥੇ ਪਿਛਲੇ ਤੀਹ ਸਾਲਾਂ ਤੋਂ ਸੀਵਰੇਜ ਪਾਈ ਹੋਈ ਹੈ ਪਰ ਉਥੇ ਪਾਪੂਲੇਸ਼ਨ ਜ਼ਿਆਦਾ ਵਧਣ ਕਰਕੇ ਉਸ ਦੇ ਵਿਚ ਇੰਨੀ ਜ਼ਿਆਦਾ ਕਪੈਸਿਟੀ ਨਹੀਂ ਹੈ ਕਿ ਉਹ ਸਹੀ ਤਰੀਕੇ ਦੇ ਨਾਲ ਨਿਕਾਸ ਕਰ ਸਕੇ। ਯਾਤਰੀ ਜਿਸ ਵੇਲੇ ਆਉਂਦੇ ਹਨ ਤਾਂ ਉਨ੍ਹਾਂ ਨੂੰ ਦਰਸ਼ਨ ਕਰਨ ਦੇ ਵਾਸਤੇ ਪਾਣੀ ਦੇ ਵਿੱਚੋਂ ਦੀ ਨਿਕਲਣਾ ਪੈਂਦਾ ਹੈ। ਇਸੇ ਤਰ੍ਹਾਂ ਹੀ ਉਥੇ ਸੜਕਾਂ ਦਾ ਬਹੁਤ ਬੁਰਾ ਹਾਲ ਹੋ ਗਿਆ ਹੈ, ਪੈਸੇ ਹੈ ਨਹੀਂ। ਪਰ ਜਦੋਂ ਤੋਂ ਸਾਡੀ ਅੰਮ੍ਰਿਤਸਰ ਦੀ ਕਾਰਪੋਰੇਸ਼ਨ ਬਣੀ ਹੈ, ਮੈਂ ਤੁਹਾਨੂੰ ਇਹ ਦੱਸਦਾ ਹਾਂ ਕਿ ਇੱਕ ਕਰੋੜ ਰੁਪਿਆ ਇੱਕ ਮਹੀਨੇ ਦੀ ਆਮਦਨ ਦੇ ਵਿੱਚ ਵਾਧਾ ਹੋਇਆ ਹੈ। ਇਸ ਦੇ ਬਾਰੇ ਲੋਕਲ ਬਾਡੀਜ਼ ਦੇ ਮਨਿਸਟਰ ਸਾਹਿਬ ਨੇ ਵੀ ਦੱਸਿਆ ਹੈ ਔਰ ਆਉਣ ਵਾਲੇ ਸਮੇਂ ਦੇ ਵਿੱਚ ਉਥੇ ਨਵੀਆਂ ਸੜਕਾਂ ਵੀ ਬਣਨਗੀਆਂ, ਸੀਵਰੇਜ ਵੀ ਪਾਇਆ ਜਾਵੇਗਾ ਔਰ ਦੂਜੇ ਕੰਮ ਵੀ ਕੀਤੇ ਜਾਣਗੇ। ਮੈਂ ਇੱਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਜਿਵੇਂ ਲੁਧਿਆਣਾ ਅਤੇ ਜਲੰਧਰ ਦੇ ਬਾਈਪਾਸ ਦੇ ਉਤੇ ਫਲਾਈਓਵਰ ਬਣਾਏ ਗਏ ਹਨ ਇਸੇ ਤਰ੍ਹਾਂ ਹੀ ਅੰਮ੍ਰਿਤਸਰ ਦੇ ਵਿੱਚ ਵੀ ਫਲਾਈਓਵਰ ਬਣਾਏ ਜਾਣੇ ਚਾਹੀਦੇ ਹਨ, ਕਿਉਂਕਿ ਅੰਮ੍ਰਿਤਸਰ ਸ਼ਹਿਰ ਦੇ ਵਿੱਚ ਟਰੈਫਿਕ ਬਹੁਤ ਜ਼ਿਆਦਾ ਵਧ ਗਈ ਹੈ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੌਧਰੀ ਸਾਹਿਬ ਤੇ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦੇ ਵਿੱਚ ਫਲਾਈਓਵਰ ਬਣਾ ਕੇ ਟਰੈਫਿਕ ਨੂੰ ਕੰਟਰੋਲ ਕੀਤਾ ਜਾਵੇ। ਇਸ ਦੇ ਨਾਲ-ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਹੁਰਾਂ ਨੇ ਵਾਅਦਾ ਕੀਤਾ ਹੈ ਕਿ ਪੰਚਾਇਤਾਂ ਨੂੰ ਵਧ ਅਧਿਕਾਰ ਦਿੱਤੇ ਜਾਣਗੇ ਅਤੇ ਇਸੇ ਤਰ੍ਹਾਂ ਸਾਡੀਆਂ ਇਹ ਜਿਹੜੀਆਂ ਕਾਰਪੋਰੇਸ਼ਨਾਂ ਹਨ ਇਨ੍ਹਾਂ ਨੂੰ ਵੀ ਵਧ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ। ਇਨ੍ਹਾਂ ਨੂੰ ਅਸੀਂ ਸੈਲਫ ਗੌਰਮਿੰਟ ਕਹਿੰਦੇ ਹਾਂ ਪਰ ਇਹ ਅਸਲ ਵਿਚ ਹੈ ਨਹੀਂ ਹਨ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਪੂਰੇ ਅਧਿਕਾਰ ਦਿੱਤੇ ਜਾਣ ਤਾਂ ਕਿ ਜਿਹੜੇ ਕਾਰਪੋਰੇਸ਼ਨਾਂ ਵੱਲੋਂ ਐਸਟੀਮੇਟ ਪਾਸ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਚੰਡੀਗੜ੍ਹ ਦੇ ਵੱਲ ਨਾ ਝਾਕਣਾ ਪਵੇ ਤੇ ਜਿਹੜਾ ਉਥੇ ਦਾ ਮੇਅਰ ਹੈ, ਉਹ ਹੀ ਆਪਣੇ ਲੈਵਲ ਦੇ ਉਤੇ ਸ਼ਹਿਰ ਦੀ ਡਿਵੈਲਪਮੈਂਟ ਕਰਵਾ ਸਕੇ। ਇਸ ਤਰ੍ਹਾਂ ਹੋਣ ਨਾਲ ਡਿਵੈਲਪਮੈਂਟ ਦੇ ਕੰਮ ਜਲਦੀ ਹੋ ਜਾਇਆ ਕਰਨਗੇ। ਇਸ ਦੇ ਨਾਲ ਹੀ ਕੈਪਟਨ ਅਮਰਿੰਦਰ ਸਿੰਘ ਹੋਰਾਂ ਨੇ ਜੋ ਇੰਡਸਟਰੀ ਨੂੰ ਡਿਵੈਲਪ ਕਰਨ ਦਾ ਵਾਅਦਾ ਕੀਤਾ ਹੈ, ਉਸ ਦੇ ਨਾਲ ਜੋ ਵਪਾਰੀ ਵਰਗ ਹੈ, ਉਹ ਇਸ ਗੱਲ ਤੇ ਬਹੁਤ ਖੁਸ਼ ਹੈ ਤੇ ਉਹ ਸੋਚਦੇ ਹਨ ਕਿ ਆਉਣ ਵਾਲੇ ਸਮੇਂ ਦੇ ਵਿੱਚ ਕੈਪਟਨ

Original with;
Punjab Vidhan Sabha
Digitized by;

[ਸ਼੍ਰੀ ਜੁਗਲ ਕਿਸ਼ੋਰ ਸ਼ਰਮਾ]

ਅਮਰਿੰਦਰ ਸਿੰਘ ਦੀ ਸਰਕਾਰ ਦੀਆਂ ਨੀਤੀਆਂ ਦੁਆਰਾ ਇੰਡਸਟਰੀ ਹੋਰ ਡਿਵੈਲਪ ਹੋਵੇਗੀ। ਇਸ ਕਰਕੇ ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਜੋ ਸ਼੍ਰੀ ਸੁਨੀਲ ਕੁਮਾਰ ਜਾਖੜ ਜੀ ਨੇ ਇਹ ਮਤਾ ਰੱਖਿਆ ਹੈ, ਉਸ ਮਤੇ ਦੀ ਪੂਰੀ ਪ੍ਰੋੜਤਾ ਕਰਦਾ ਹਾਂ। ਜੈ ਹਿੰਦ।

**Mr. Speaker :** As no Hon'ble Member wants to discuss more, so the House stands adjourned till 10.00 A.M. on Friday, the 21st March, 2003.

*6.38 P.M.

(The Sabha then* adjourned till 10.00 A.M. on friday, the 21st March, 2003.)

3084/7-3-2005-305ਕਾਪੀਆਂ-ਪੰਜਾਬ ਸਰਕਾਰ ਪ੍ਰੈਸ, ਪਟਿਆਲਾ।

Original with;
Punjab Vidhan Sabha
Digitized by;
Panjab Digital Library

# APPENDIX

# TO

# PUNJAB VIDHAN SABHA DEBATES

*Dated the 20th March, 2003 (A.S.)*

**Vol. IV—No. 3**

## STARRED QUESTIONS AND ANSWERS

### ਲਿੰਕ ਸੜਕਾਂ ਦੀ ਮੁਰੰਮਤ ਤੇ ਖਰਚ

*322. **ਸ਼੍ਰੀ ਤਰਲੋਚਨ ਸਿੰਘ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿੱਚ ਪਿਛਲੇ ਤਿੰਨ ਵਿੱਤੀ ਸਾਲਾਂ ਦੇ ਦੌਰਾਨ ਲਿੰਕ ਸੜਕਾਂ ਦੀ ਮੁਰੰਮਤ ਤੇ ਸਾਲ-ਵਾਰ ਅਤੇ ਸਬ-ਡਵੀਜ਼ਨ-ਵਾਰ ਕੁਲ ਕਿੰਨਾ-ਕਿੰਨਾ ਖਰਚ ਕੀਤਾ ਗਿਆ ;

(ਅ) ਉਕਤ ਵਰਣਿਤ ਸਮੇਂ ਦੇ ਦੌਰਾਨ ਹਰ ਇਕ ਸਬ-ਡਵੀਜ਼ਨ ਵਿਚ ਕੁਲ ਕਿੰਨੇ ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਕੀਤੀ ਗਈ ; ਅਤੇ

(ੲ) ਕੀ ਉਪਰੋਕਤ ਵਰਣਿਤ ਲਿੰਕ ਸੜਕਾਂ ਦੀ ਮੁਰੰਮਤ ਲਈ ਮਿੱਟੀ ਦਾ ਕੰਮ ਜਨਤਾ ਜਾਂ ਸਰਕਾਰ ਦੁਆਰਾ ਕੀਤਾ ਗਿਆ ਸੀ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : (ੳ) ਰਾਜ ਵਿੱਚ ਪਿਛਲੇ 3 ਵਿੱਤੀ ਸਾਲਾਂ ਦੇ ਦੌਰਾਨ ਲਿੰਕ ਸੜਕਾਂ ਦੀ ਮੁਰੰਮਤ ਤੇ ਸਾਲ-ਵਾਰ ਅਤੇ ਸਬ-ਡਵੀਜ਼ਨ-ਵਾਰ ਖਰਚੇ ਦਾ ਵੇਰਵਾ ਅਨੁਲੱਗ "ੳ" ਤੇ ਹੈ।

(ਅ) ਉਕਤ ਵਰਣਿਤ ਸਮੇਂ ਦੇ ਦੌਰਾਨ ਹਰ ਇਕ ਸਬ-ਡਵੀਜ਼ਨ ਵਿਚ ਮੁਰੰਮਤ ਕੀਤੀਆਂ ਗਈਆਂ ਸੜਕਾਂ ਦੀ ਲੰਬਾਈ ਦਾ ਵੇਰਵਾ ਅਨੁਲੱਗ "ਅ" ਤੇ ਹੈ।

(ੲ) ਉਪਰੋਕਤ ਵਰਣਿਤ ਲਿੰਕ ਸੜਕਾਂ ਦੀ ਮੁਰੰਮਤ ਲਈ ਮਿੱਟੀ ਦਾ ਕੰਮ ਆਮ ਤੌਰ ਤੇ ਜਨਤਾ ਵਲੋਂ ਹੀ ਕੀਤਾ ਗਿਆ ਪਰ ਕੰਡੀ ਏਰੀਏ ਵਿੱਚ ਕੁਝ ਲਿੰਕ ਸੜਕਾਂ ਤੇ ਮਿੱਟੀ ਦਾ ਕੰਮ ਸਰਕਾਰ ਵਲੋਂ ਮਹਿਕਮਾਨਾ ਤੌਰ ਤੇ ਵੀ ਕਰਵਾਇਆ ਗਿਆ ਹੈ।

Original with;
Punjab Vidhan Sabha
Digitized by;
Panjab Digital Library

## ਅਨੁਲੱਗ 'ੳ'

## ਪਿਛਲੇ 3 ਵਿੱਤੀ ਸਾਲਾਂ ਦੌਰਾਨ ਲਿੰਕ ਸੜਕਾਂ ਦੀ ਮੁਰੰਮਤ ਤੇ ਹੋਏ ਖਰਚੇ ਦਾ ਵੇਰਵਾ

| | | ਸਮੇਂ ਦੌਰਾਨ | | | | | | | | |
|---|---|---|---|---|---|---|---|---|---|---|
| ਲੜੀ ਨੰ: | ਸਬ-ਡਵੀਜ਼ਨ | 01.04.1999 ਤੋਂ 31.03.2000 | | | 01.04.2000 ਤੋਂ 31.03.2001 | | | 01.04.2001 ਤੋਂ 31.03.2002 | | |
| | | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
| | | ਖਰਚਾ ਲੱਖਾਂ ਵਿਚ | | | | | | | | |
| **ਜ਼ਿਲ੍ਹਾ ਅੰਮ੍ਰਿਤਸਰ :** | | | | | | | | | | |
| 1 | ਅਜਨਾਲਾ | 3.54 | 353.03 | 356.57 | 0.00 | 281.01 | 281.01 | 14.90 | 469.62 | 434.522 |
| | ਅੰਮ੍ਰਿਤਸਰ | 45.34 | 0.67 | 46.01 | 31.57 | 8.41 | 39.98 | 326.84 | 87.50 | 411.35 |
| 3 | ਬਾਬਾ ਬਕਾਲਾ | 0.00 | 38.08 | 38.08 | 0.00 | 5.84 | 5.84 | 1.82 | 239.75 | 241.57 |
| 4 | ਖਡੂਰ ਸਾਹਿਬ | 0.00 | 45.28 | 45.28 | 0.00 | 35.18 | 35.18 | 0.00 | 123.66 | 123.66 |
| 5 | ਪਟੀ | 8.13 | 94.64 | 102.77 | 3.62 | 38.39 | 42.01 | 119.60 | 276.98 | 396.58 |
| 6 | ਤਰਨ ਤਾਰਨ | 152.33 | 0.00 | 142.33 | 38.56 | 0.00 | 38.56 | 418.76 | 0.00 | 418.76 |
| | ਜੋੜ | 209.34 | 531.70 | 741.04 | 73.75 | 368.83 | 442.58 | 878.92 | 1197.51 | 2076.43 |
| **ਜ਼ਿਲ੍ਹਾ ਬਠਿੰਡਾ :** | | | | | | | | | | |
| 1 | ਬਠਿੰਡਾ | 16.07 | 204.25 | 220.32 | 88.94 | 99.47 | 188.41 | 0.00 | 227.41 | 227.40 |
| 2 | ਫੂਲ | 0.00 | 123.74 | 123.74 | 0.00 | 164.35 | 164.35 | 0.00 | 86.85 | 86.85 |
| 3 | ਤਲਵੰਡੀ ਸਾਬੋ | 0.00 | 176.04 | 176.04 | 0.00 | 287.86 | 287.86 | 0.00 | 109.55 | 109.55 |
| | ਜੋੜ | 16.07 | 504.03 | 520.10 | 88.94 | 551.58 | 640.52 | 0.00 | 423.80 | 423.80 |
| **ਜ਼ਿਲ੍ਹਾ ਫਰੀਦਕੋਟ :** | | | | | | | | | | |
| 1 | ਫਰੀਦਕੋਟ | 26.87 | 0.00 | 26.87 | 39.58 | 0.00 | 38.58 | 528.26 | 0.00 | 528.26 |
| 2 | ਕੋਟ ਕਪੂਰਾ | 136.18 | 26.50 | 162.68 | 167.37 | 0.00 | 167.37 | 209.01 | 87.94 | 296.95 |
| | ਜੋੜ | 163.05 | 26.50 | 189.55 | 206.95 | 0.00 | 206.95 | 737.27 | 87.94 | 825.21 |
| **ਜ਼ਿਲ੍ਹਾ ਫਤਹਿਗੜ੍ਹ ਸਾਹਿਬ :** | | | | | | | | | | |
| 1 | ਅਮਲੋਹ | 0.00 | 54.98 | 54.98 | 0.00 | 130.88 | 130.88 | 0.00 | 130.33 | 130.33 |
| 2 | ਬੱਸੀ ਪਠਾਣਾਂ | 0.00 | 25.96 | 25.96 | 0.00 | 85.14 | 85.14 | 0.00 | 103.64 | 103.64 |
| 3 | ਖਮਾਣੋਂ | 0.00 | 50.71 | 50.71 | 0.00 | 135.59 | 135.59 | 0.00 | 169.00 | 169.00 |
| 4 | ਸਰਹਿੰਦ | 0.00 | 355.05 | 355.05 | 0.00 | 10.06 | 10.06 | 0.00 | 122.35 | 122.35 |
| | ਜੋੜ | 0.00 | 486.70 | 486.70 | 0.00 | 361.67 | 361.67 | 0.00 | 525.32 | 525.32 |
| **ਜ਼ਿਲ੍ਹਾ ਫਿਰੋਜ਼ਪੁਰ :** | | | | | | | | | | |
| 1 | ਅਬੋਹਰ | 47 61 | 0.00 | 47.61 | 25.4 | 0.00 | 25.40 | 114.03 | 0.00 | 114.03 |
| 2 | ਫਾਜ਼ਿਲਕਾ | 159.81 | 0.00 | 159.81 | 151.68 | 0.00 | 151.68 | 239.66 | 0.00 | 239.66 |
| 3 | ਫਿਰੋਜ਼ਪੁਰ | 51.14 | 148 99 | 200.13 | 62.24 | 62.57 | 124.81 | 75.55 | 316.33 | 391.88 |
| 4 | ਜਲਾਲਾਬਾਦ | 25 32 | 262.12 | 287.44 | 11.78 | 84.55 | 96.33 | 10.94 | 303.97 | 314.91 |
| 5 | ਜੀਰਾ | 447.18 | 43.69 | 490.87 | 504.29 | 19.91 | 524.20 | 450.03 | 106.35 | 556.38 |
| | ਜੋੜ | 731.06 | 454.80 | 1185.86 | 755.39 | 167.03 | 922.42 | 891.21 | 726.65 | 1616.86 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਸਬ-ਡਵੀਜ਼ਨ | 01.04.1999 ਤੋਂ 31.03.2000 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2000 ਤੋਂ 31.03.2001 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2001 ਤੋਂ 31.03.2002 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
|---|---|---|---|---|---|---|---|---|---|---|
| | | ਸਮੇਂ ਦੌਰਾਨ ਖਰਚਾ ਲੱਖਾਂ ਵਿਚ | | | | | | | | |
| | **ਜ਼ਿਲ੍ਹਾ ਗੁਰਦਾਸਪੁਰ :** | | | | | | | | | |
| 1 | ਬਟਾਲਾ | 249.18 | 0.00 | 249.18 | 56.15 | 0.00 | 58.15 | 518.11 | 0.00 | 518.11 |
| 2 | ਡੇਰਾ ਬਾਬਾ ਨਾਨਕ | 0.00 | 14.54 | 14.54 | 0.00 | 13.53 | 13.53 | 135.50 | 98.73 | 234.23 |
| 3 | ਧਾਰਕਲਾਂ | 0.00 | 6.96 | 6.96 | 0.00 | 41.99 | 41.99 | 0.00 | 0.00 | 0.00 |
| 4 | ਗੁਰਦਾਸਪੁਰ | 51.88 | 175.62 | 227.50 | 92.32 | 102.76 | 105.08 | 292.15 | 517.76 | 809.91 |
| 5 | ਪਠਾਨਕੋਟ | 0.00 | 103.64 | 103.64 | 0.00 | 170.71 | 170.71 | 0.00 | 784.33 | 784.33 |
| | ਜੋੜ | 301.06 | 300.76 | 601.82 | 148.47 | 328.99 | 477.46 | 945.76 | 1400.82 | 2346.58 |
| | **ਜ਼ਿਲ੍ਹਾ ਹੁਸ਼ਿਆਰਪੁਰ :** | | | | | | | | | |
| 1 | ਦਸੂਹਾ | 0.00 | 156.90 | 156.90 | 0.00 | 336.82 | 336.82 | 0.00 | 657.67 | 107.22 |
| 2 | ਗੜ੍ਹਸ਼ੰਕਰ | 0.00 | 275.95 | 275.95 | 0.00 | 347.44 | 347.44 | 0.00 | 464.49 | 88.38 |
| 3 | ਹੁਸ਼ਿਆਰਪੁਰ | 0.00 | 412.52 | 412.52 | 0.00 | 484.03 | 484.03 | 0.00 | 366.11 | 64.13 |
| 4 | ਮੁਕੇਰੀਆਂ | 0.00 | 285.62 | 285.62 | 0.00 | 481.45 | 481.45 | 0.00 | 422.10 | 422.10 |
| | ਜੋੜ | – 0.00 | 1130.99 | 1130.99 | 0.00 | 1649.74 | 1649.74 | 0.00 | 1910.37 | 1910.37 |
| | **ਜ਼ਿਲ੍ਹਾ ਜਲੰਧਰ :** | | | | | | | | | |
| 1 | ਜਲੰਧਰ | 0.00 | 170.19 | 170.19 | 0.00 | 186.24 | 186.24 | 0.00 | 654.28 | 654.28 |
| 2 | ਨਕੋਦਰ | 50.31 | 0.00 | 50.31 | 210.12 | 0.00 | 210.12 | 310.99 | 0.00 | 310.99 |
| 3 | ਫਿਲੌਰ | 105.19 | 21.36 | 126.55 | 218.04 | 13.15 | 231.19 | 322.91 | 184.77 | 507.68 |
| 4 | ਸ਼ਾਹਕੋਟ | 229.51 | 0.00 | 229.51 | 140.98 | 0.00 | 140.98 | 287.87 | 0.00 | 287.87 |
| | ਜੋੜ | 385.01 | 191.55 | 576.56 | 569.14 | 199.39 | 768.53 | 921.77 | 839.05 | 1760.82 |
| | **ਜ਼ਿਲ੍ਹਾ ਕਪੂਰਥਲਾ :** | | | | | | | | | |
| 1 | ਭੁਲੱਥ | 0.00 | 97.18 | 97.18 | 0.00 | 51.85 | 51.85 | 0.00 | 219.15 | 219.15 |
| 2 | ਕਪੂਰਥਲਾ | 0.00 | 111.68 | 111.68 | 0.00 | 63.47 | 63.47 | 0.00 | 154.70 | 154.70 |
| 3 | ਫਗਵਾੜਾ | 0.00 | 57.55 | 57.55 | 0.00 | 74.50 | 74.50 | 0.00 | 244.09 | 244.09 |
| 4 | ਸੁਲਤਾਨਪੁਰ | 0.00 | 59.84 | 59.84 | 0.00 | 84.28 | 84.28 | 0.00 | 176.88 | 176.88 |
| | ਜੋੜ | 0.00 | 326.25 | 326.25 | 0.00 | 274.10 | 274.10 | 0.00 | 794.82 | 794.82 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਸਬ-ਡਵੀਜ਼ਨ | ਸਮੇਂ ਦੌਰਾਨ 01.04.1999 ਤੋਂ 31.03.2000 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2000 ਤੋਂ 31.03.2001 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2001 ਤੋਂ 31.03.2002 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
|---|---|---|---|---|---|---|---|---|---|---|
| | | ਖਰਚਾ ਲੱਖਾਂ ਵਿਚ | | | | | | | | |
| | **ਜ਼ਿਲ੍ਹਾ ਲੁਧਿਆਣਾ :** | | | | | | | | | |
| 1 | ਜਗਰਾਂਉਂ | 136.75 | 42.20 | 178.95 | 75.81 | 54.75 | 130.55 | 159.42 | 52.57 | 211.99 |
| 2 | ਲੁਧਿਆਣਾ (ਪੂਰਬੀ) | 0.00 | 213.82 | 213.82 | 0.00 | 271.65 | 271.65 | 0.00 | 320.87 | 320.87 |
| 3 | ਲੁਧਿਆਣਾ (ਪਛਮੀ) | 210.43 | 122.30 | 332.73 | 97.25 | 221.79 | 221.79 | 171.64 | 228.70 | 400.34 |
| 4 | ਖੰਨਾ | 0.00 | 133.44 | 133.44 | 0.00 | 41.92 | 41.92 | 0.00 | 167.09 | 167.09 |
| 5 | ਪਾਇਲ | 0.00 | 138.01 | 138.01 | 0.00 | 166.19 | 166.19 | 0.00 | 290.78 | 290.78 |
| 6 | ਰਾਏਕੋਟ | 131.68 | 0.00 | 131.68 | 40.78 | 0.00 | 40.78 | 69.20 | 0.00 | 69.20 |
| 7 | ਸਮਰਾਲਾ | 0.00 | 261.01 | 261.01 | 0.00 | 294.54 | 294.54 | 0.00 | 335.56 | 335.56 |
| | ਜੋੜ | 478.86 | 910.78 | 1389.64 | 213.84 | 953.58 | 1167.42 | 400.26 | 1395.57 | 1795.83 |
| | **ਜ਼ਿਲ੍ਹਾ ਮਾਨਸਾ :** | | | | | | | | | |
| 1 | ਬੁਢਲਾਡਾ | 5.03 | 0.00 | 5.03 | 29.35 | 0.00 | 29.35 | 164.07 | 0.00 | 164.07 |
| 2 | ਮਾਨਸਾ | 66.17 | 0.00 | 66.17 | 70.87 | 0.00 | 70.87 | 170.01 | 0.00 | 170.01 |
| 3 | ਸਰਦੂਲਗੜ੍ਹ | 0.00 | 0.00 | 0.00 | 158.97 | 0.00 | 158.97 | 159.09 | 0.00 | 159.09 |
| | ਜੋੜ | 71.20 | 0.00 | 71.20 | 259.19 | 0.00 | 259.19 | 493.17 | 0.00 | 493.17 |
| | **ਜ਼ਿਲ੍ਹਾ ਮੋਗਾ :** | | | | | | | | | |
| 1 | ਬਾਘਾਪੁਰਾਣਾ | 127.92 | 0.00 | 127.92 | 0.00 | 0.00 | 0.00 | 237.50 | 0.00 | 237.50 |
| 2 | ਮੋਗਾ | 0.00 | 91.79 | 91.79 | 0.00 | 31.34 | 31.34 | 285.40 | 256.58 | 541.95 |
| 3 | ਨਿਹਾਲਸਿੰਘ ਵਾਲਾ | 13.75 | 30.57 | 44.32 | 0.00 | 21.04 | 21.04 | 68.50 | 116.11 | 184.61 |
| | ਜੋੜ | 141.67 | 122.36 | 264.03 | 0.00 | 52.38 | 52.38 | 591.40 | 372.69 | 964.09 |
| | **ਜ਼ਿਲ੍ਹਾ ਮੁਕਤਸਰ :** | | | | | | | | | |
| 1 | ਗਿੱਦੜਬਾਹਾ | 463.12 | 0.00 | 463.12 | 156.48 | 0.00 | 156.48 | 415.06 | 0.00 | 415.06 |
| 2 | ਮਲੋਟ | 1317.81 | 0.00 | 1317.81 | 491.05 | 0.00 | 491.06 | 911.63 | 0.00 | 911.63 |
| 3 | ਮੁਕਤਸਰ | 480.67 | 24.10 | 504.77 | 280.27 | 0.01 | 280.28 | 732.96 | 146.91 | 879.87 |
| | ਜੋੜ | 2261.60 | 24.10 | 2285.70 | 927.81 | 0.01 | 927.82 | 2059.65 | 146.91 | 2206.56 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਸਬ-ਡਵੀਜ਼ਨ | ਸਮੇਂ ਦੌਰਾਨ 01.04.1999 ਤੋਂ 31.03.2000 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2000 ਤੋਂ 31.03.2001 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2001 ਤੋਂ 31.03.2002 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
|---|---|---|---|---|---|---|---|---|---|---|
| | | ਖਰਚਾ ਲੱਖਾਂ ਵਿਚ | | | | | | | | |
| ਜ਼ਿਲ੍ਹਾ ਨਵਾਂਸ਼ਹਿਰ : | | | | | | | | | | |
| 1 | ਬਲਾਚੌਰ | 210.49 | 0.00 | 210.49 | 149.46 | 0.00 | 149.46 | 197.37 | 0.00 | 197.37 |
| 2 | ਨਵਾਂਸ਼ਹਿਰ | 525.43 | 0.00 | 525.43 | 256.11 | 0.00 | 256.11 | 675.23 | 0.00 | 675.23 |
| | ਜੋੜ | 735.92 | 0.00 | 735.92 | 406.07 | 0.00 | 406.07 | 872.60 | 0.00 | 872.60 |
| ਜ਼ਿਲ੍ਹਾ ਪਟਿਆਲਾ : | | | | | | | | | | |
| 1 | ਡੇਰਾਬਸੀ | 37.40 | 0.00 | 37.40 | 159.58 | 0.00 | 159.58 | 394.38 | 0.00 | 394.38 |
| 2 | ਨਾਭਾ | 0.00 | 79.54 | 79.54 | 0.00 | 23.30 | 23.30 | 0.00 | 121.81 | 121.81 |
| 3 | ਰਾਜਪੁਰਾ | 225.33 | 0.00 | 225.33 | 433.39 | 13.20 | 446.59 | 352.82 | 87.62 | 440.44 |
| 4 | ਪਟਿਆਲਾ | 0.00 | 263.89 | 263.89 | 0.00 | 210.98 | 210.98 | 81.40 | 131.21 | 212.61 |
| 5 | ਸਮਾਣਾ | 189.22 | 29.22 | 218.44 | 203.73 | 8.62 | 212.35 | 381.76 | 73.36 | 455.12 |
| | ਜੋੜ | 451.95 | 372.65 | 824.60 | 796.70 | 256.10 | 1052.80 | 1210.36 | 414.00 | 1624.36 |
| ਜ਼ਿਲ੍ਹਾ ਰੂਪਨਗਰ : | | | | | | | | | | |
| 1 | ਆਨੰਦਪੁਰ ਸਾਹਿਬ | 0.00 | 62.96 | 62.96 | 0.00 | 243.73 | 243.73 | 0.00 | 957.62 | 957.62 |
| 2 | ਖਰੜ | 0.00 | 40.44 | 40.44 | 0.00 | 179.19 | 179.19 | 0.00 | 1270.09 | 1270.09 |
| 3 | ਰੂਪਨਗਰ | 0.00 | 109.04 | 109.04 | 0.00 | 542.58 | 542.58 | 0.00 | 1141.54 | 1141.54 |
| 4 | ਐਸ.ਏ.ਐਸ. ਨਗਰ | 0.00 | 100.60 | 100.60 | 0.00 | 50.41 | 50.41 | 0.00 | 191.32 | 191.32 |
| | ਜੋੜ | 0.00 | 313.04 | 313.04 | 0.00 | 1015.91 | 1015.91 | 0.00 | 3560.57 | 3560.57 |
| ਜ਼ਿਲ੍ਹਾ ਸੰਗਰੂਰ : | | | | | | | | | | |
| 1 | ਬਰਨਾਲਾ | 291.09 | 118.30 | 409.39 | 309.72 | 14.25 | 323.97 | 148.32 | 65.34 | 213.66 |
| 2 | ਧੂਰੀ | 94.10 | 0.00 | 94.10 | 80.60 | 0.00 | 80.60 | 158.43 | 0.00 | 158.43 |
| 3 | ਮਲੇਰਕੋਟਲਾ | 86.84 | 74.80 | 161.64 | 0.00 | 137.70 | 137.70 | 50.02 | 61.56 | 111.58 |
| 4 | ਮੂਣਕ | 0.00 | 30.00 | 30.00 | 0.00 | 0.40 | 0.40 | 0.00 | 135.95 | 135.95 |
| 5 | ਸੰਗਰੂਰ | 4.03 | 14.18 | 18.21 | 71.04 | 10.80 | 81.84 | 142.60 | 127.50 | 270.10 |
| 6 | ਸੁਨਾਮ | 21.53 | 8.95 | 30.48 | 26.50 | 3.70 | 30.20 | 174.19 | 51.30 | 225.49 |
| | ਜੋੜ | 497.59 | 246.23 | 743.82 | 487.86 | 166.85 | 654.71 | 673.56 | 441.65 | 1115.21 |
| | ਕੁੱਲ ਜੋੜ | 6444.38 | 5942.44 | 12386.82 | 4934.11 | 6346.16 | 11280.27 | 10674.93 | 14237.67 | 24912.60 |

Original with;
Punjab Vidhan Sabha
Digitized by;

## ਅਨੁਲੱਗ 'ਅ'

## ਪਿਛਲੇ 3 ਵਿੱਤੀ ਸਾਲਾਂ ਦੌਰਾਨ ਮੁਰੰਮਤ ਕੀਤੀਆਂ ਗਈਆਂ ਲਿੰਕ ਸੜਕਾਂ ਦੀ ਲੰਬਾਈ ਦਾ ਵੇਰਵਾ

| | | ਸਮੇਂ ਦੌਰਾਨ | | | | | | | | |
|---|---|---|---|---|---|---|---|---|---|---|
| ਲੜੀ ਨੰ: | ਸਬ-ਡਵੀਜ਼ਨ | 01.04.1999 ਤੋਂ 31.03.2000 | | | 01.04.2000 ਤੋਂ 31.03.2001 | | | 01.04.2001 ਤੋਂ 31.03.2002 | | |
| | | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
| | | ਲੰਬਾਈ ਕਿ.ਮੀ. ਵਿਚ | | | | | | | | |
| ਜ਼ਿਲ੍ਹਾ ਅੰਮ੍ਰਿਤਸਰ : | | | | | | | | | | |
| 1 | ਅਜਨਾਲਾ | 2.00 | 79.71 | 81.71 | 0.00 | 53.15 | 53.15 | 6.09 | 111.14 | 117.23 |
| 2 | ਅੰਮ੍ਰਿਤਸਰ | 9.98 | 1.96 | 11.94 | 6.51 | 3.09 | 9.60 | 90.94 | 28.47 | 119.41 |
| 3 | ਬਾਬਾ ਬਕਾਲਾ | 0.00 | 16.39 | 16.39 | 0.00 | 1.07 | 1.07 | 1.00 | 64.16 | 65.16 |
| 4 | ਖਡੂਰ ਸਾਹਿਬ | 0.00 | 12.20 | 12.20 | 0.00 | 6.75 | 6.75 | 0.00 | 32.38 | 32.38 |
| 5 | ਪਟੀ | 3.89 | 31.35 | 35.24 | 1.40 | 7.12 | 8.52 | 34.95 | 93.94 | 128.89 |
| 6 | ਤਰਨ ਤਾਰਨ | 57.37 | 0.00 | 57.37 | 20.21 | 0.00 | 20.21 | 159.67 | 0.00 | 159.67 |
| | ਜੋੜ | 73.24 | 141.61 | 214.85 | 28.12 | 71.18 | 99.30 | 292.65 | 330.09 | 622.74 |
| ਜ਼ਿਲ੍ਹਾ ਬਠਿੰਡਾ : | | | | | | | | | | |
| 1 | ਬਠਿੰਡਾ | 3.57 | 68.79 | 72.36 | 12.86 | 34.48 | 47.34 | 0.00 | 54.92 | 54.92 |
| 2 | ਫੂਲ | 0.00 | 38.63 | 38.63 | 0.00 | 29.34 | 29.34 | 0.00 | 45.43 | 45.43 |
| 3 | ਤਲਵੰਡੀ ਸਾਬੋ | 0.00 | 90.72 | 90.72 | 0.00 | 40.11 | 40.11 | 0.00 | 33.25 | 33.25 |
| | ਜੋੜ | 3.57 | 198.14 | 201.71 | 12.86 | 103.93 | 116.79 | 0.00 | 133.60 | 133.60 |
| ਜ਼ਿਲ੍ਹਾ ਫਰੀਦਕੋਟ : | | | | | | | | | | |
| 1 | ਫਰੀਦਕੋਟ | 12.55 | 0.00 | 12.55 | 7.52 | 0.00 | 7.52 | 129.64 | 0.00 | 129.64 |
| 2 | ਕੋਟ ਕਪੂਰਾ | 47.81 | 11.73 | 59.54 | 62.82 | 0.00 | 62.82 | 58.39 | 27.10 | 85.49 |
| | ਜੋੜ | 60.36 | 11.73 | 72.09 | 70.34 | 0.00 | 70.34 | 188.03 | 27.10 | 215.13 |
| ਜ਼ਿਲ੍ਹਾ ਫਤਹਿਗੜ੍ਹ ਸਾਹਿਬ : | | | | | | | | | | |
| 1 | ਅਮਲੋਹ | 0.00 | 9.38 | 9.38 | 0.00 | 37.75 | 37.75 | 0.00 | 48.09 | 48.09 |
| 2 | ਬੱਸੀ ਪਠਾਣਾਂ | 0.00 | 6.55 | 6.55 | 0.00 | 20.26 | 20.26 | 0.00 | 35.45 | 35.45 |
| 3 | ਖਮਾਣੋਂ | 0.00 | 14.03 | 14.03 | 0.00 | 24.76 | 24.76 | 0.00 | 54.60 | 54.60 |
| 4 | ਸਰਹਿੰਦ | 0.00 | 72.39 | 72.39 | 0.00 | 2.50 | 2.50 | 0.00 | 43.13 | 43.13 |
| | ਜੋੜ | 0.00 | 102.35 | 102.35 | 0.00 | 85.27 | 85.27 | 0.00 | 181.27 | 181.27 |
| ਜ਼ਿਲ੍ਹਾ ਫਿਰੋਜ਼ਪੁਰ : | | | | | | | | | | |
| 1 | ਅਬੋਹਰ | 20.52 | 0.00 | 20.52 | 1.32 | 0.00 | 1.32 | 38.63 | 0.00 | 38.63 |
| 2 | ਫਾਜ਼ਿਲਕਾ | 63.40 | 0.00 | 63.40 | 32.61 | 0.00 | 32.61 | 44.99 | 0.00 | 44.99 |
| 3 | ਫਿਰੋਜ਼ਪੁਰ | 26.18 | 65.22 | 91.40 | 6.59 | 27.39 | 33.98 | 22.18 | 112.00 | 134.18 |
| 4 | ਜਲਾਲਾਬਾਦ | 13.75 | 95.31 | 109.06 | 4.46 | 23.41 | 27.87 | 0.00 | 77.94 | 77.94 |
| 5 | ਜ਼ੀਰਾ | 78.74 | 13.77 | 92.51 | 156.92 | 0.53 | 157.45 | 90.02 | 36.07 | 126.09 |
| | ਜੋੜ | 202.59 | 174.30 | 376.89 | 201.90 | 51.33 | 253.23 | 195.82 | 226.01 | 421.83 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਸਬ- ਡਵੀਜ਼ਨ | 01.04.1999 ਤੋਂ 31.03.2000 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2000 ਤੋਂ 31.03.2001 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2001 ਤੋਂ 31.03.2002 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
|---|---|---|---|---|---|---|---|---|---|---|
| | | ਸਮੇਂ ਦੌਰਾਨ ਲੰਬਾਈ ਕਿ.ਮੀ. ਵਿਚ | | | | | | | | |
| **ਜ਼ਿਲ੍ਹਾ ਗੁਰਦਾਸਪੁਰ :** | | | | | | | | | | |
| 1 | ਬਟਾਲਾ | 109.06 | 0.00 | 109.06 | 19.41 | 0.00 | 19.41 | 167.56 | 0.00 | 167.56 |
| 2 | ਡੇਰਾ ਬਾਬਾ ਨਾਨਕ | 0.00 | 0.47 | 0.47 | 0.00 | 0.47 | 0.47 | 49.54 | 24.54 | 74.08 |
| 3 | ਧਾਰਕਲਾਂ | 0.00 | 1.10 | 1.10 | 0.00 | 14.40 | 14.40 | 0.00 | 0.00 | 0.00 |
| 4 | ਗੁਰਦਾਸਪੁਰ | 19.00 | 11.69 | 30.69 | 33.27 | 56.06 | 89.33 | 81.60 | 69.25 | 150.85 |
| 5 | ਪਠਾਨਕੋਟ | 0.00 | 13.99 | 13.99 | 0.00 | 39.09 | 39.09 | 0.00 | 69.44 | 69.44 |
| | ਜੋੜ | 128.06 | 27.25 | 155.31 | 52.68 | 110.02 | 162.70 | 298.70 | 163.23 | 461.93 |
| **ਜ਼ਿਲ੍ਹਾ ਹੁਸ਼ਿਆਰਪੁਰ :** | | | | | | | | | | |
| 1 | ਦਸੂਹਾ | 0.00 | 38.48 | 38.48 | 0.00 | 67.36 | 67.36 | 0.00 | 107.22 | 107.22 |
| 2 | ਗੜ੍ਹਸ਼ੰਕਰ | 0.00 | 66.50 | 66.50 | 0.00 | 189.36 | 189.36 | 0.00 | 88.38 | 88.38 |
| 3 | ਹੁਸ਼ਿਆਰਪੁਰ | 0.00 | 41.16 | 41.16 | 0.00 | 172.17 | 172.17 | 0.00 | 64.13 | 64.13 |
| 4 | ਮੁਕੇਰੀਆਂ | 0.00 | 70.11 | 70.11 | 0.00 | 117.48 | 117.48 | 0.00 | 68.27 | 68.27 |
| | ਜੋੜ | 0.00 | 216.25 | 216.25 | 0.00 | 546.37 | 546.37 | 0.00 | 328.00 | 328.00 |
| **ਜ਼ਿਲ੍ਹਾ ਜਲੰਧਰ :** | | | | | | | | | | |
| 1 | ਜਲੰਧਰ | 0.00 | 99.42 | 99.42 | 0.00 | 55.36 | 55.36 | 0.00 | 218.89 | 218.89 |
| 2 | ਨਕੋਦਰ | 16.33 | 0.00 | 16.33 | 68.37 | 0.00 | 68.37 | 86.44 | 0.00 | 86.44 |
| 3 | ਫਿਲੌਰ | 32.20 | 14.73 | 46.93 | 54.82 | 4.76 | 59.58 | 90.73 | 43.90 | 134.63 |
| 4 | ਸ਼ਾਹਕੋਟ | 70.65 | 0.00 | 70.65 | 40.66 | 0.00 | 40.66 | 65.11 | 0.00 | 65.11 |
| | ਜੋੜ | 119.18 | 114.15 | 233.33 | 163.85 | 60.12 | 223.97 | 242.28 | 262.79 | 505.07 |
| **ਜ਼ਿਲ੍ਹਾ ਕਪੂਰਥਲਾ :** | | | | | | | | | | |
| 1 | ਭੁਲੱਥ | 0.00 | 17.94 | 17.94 | 0.00 | 19.27 | 19.27 | 0.00 | 59.36 | 59.36 |
| 2 | ਕਪੂਰਥਲਾ | 0.00 | 42.94 | 42.94 | 0.00 | 15.70 | 15.70 | 0.00 | 49.59 | 49.59 |
| 3 | ਫਗਵਾੜਾ | 0.00 | 19.03 | 19.03 | 0.00 | 26.10 | 26.10 | 0.00 | 45.29 | 45.29 |
| 4 | ਸੁਲਤਾਨਪੁਰ | 0.00 | 20.50 | 20.50 | 0.00 | 43.16 | 43.16 | 0.00 | 49.47 | 49.47 |
| | ਜੋੜ | 0.00 | 100.41 | 100.41 | 0.00 | 104.23 | 104.23 | 0.00 | 203.71 | 203.71 |

*Original with;*
Punjab Vidhan Sabha
*Digitized by;*

| ਲੜੀ ਨੰ: | ਸਬ-ਡਵੀਜ਼ਨ | ਸਮੇਂ ਦੌਰਾਨ 01.04.1999 ਤੋਂ 31.03.2000 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2000 ਤੋਂ 31.03.2001 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2001 ਤੋਂ 31.03.2002 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
|---|---|---|---|---|---|---|---|---|---|---|
| | | ਲੰਬਾਈ ਕਿ.ਮੀ. ਵਿਚ | | | | | | | | |
| **ਜ਼ਿਲ੍ਹਾ ਲੁਧਿਆਣਾ :** | | | | | | | | | | |
| 1 | ਜਗਰਾਂਉਂ | 25.00 | 20.25 | 45.25 | 15.00 | 15.94 | 30.94 | 32.00 | 11.85 | 43.85 |
| 2 | ਲੁਧਿਆਣਾ (ਪੂਰਬੀ) | 0.00 | 52.72 | 52.72 | 0.00 | 67.48 | 67.48 | 0.00 | 53.07 | 53.07 |
| 3 | ਲੁਧਿਆਣਾ (ਪਛਮੀ) | 31.00 | 21.05 | 52.05 | 18.00 | 54.89 | 72.89 | 27.00 | 79.96 | 106.96 |
| 4 | ਖੰਨਾ | 0.00 | 39.08 | 39.08 | 0.00 | 11.10 | 11.10 | 0.00 | 65.77 | 65.77 |
| 5 | ਪਾਇਲ | 0.00 | 24.07 | 24.07 | 0.00 | 64.08 | 64.08 | 0.00 | 99.64 | 99.64 |
| 6 | ਰਾਏਕੋਟ | 28.00 | 0.00 | 28.00 | 9.00 | 0.00 | 9.00 | 10.00 | 0.00 | 10.00 |
| 7 | ਸਮਰਾਲਾ | 0.00 | 65.23 | 65.23 | 0.00 | 65.08 | 65.08 | 0.00 | 61.16 | 61.16 |
| | ਜੋੜ | 84.00 | 222.40 | 306.40 | 42.00 | 278.57 | 320.57 | 69.00 | 371.45 | 440.45 |
| **ਜ਼ਿਲ੍ਹਾ ਮਾਨਸਾ :** | | | | | | | | | | |
| 1 | ਬੁਢਲਾਡਾ | 10.00 | 0.00 | 10.00 | 13.95 | 0.00 | 13.95 | 39.31 | 0.00 | 39.31 |
| 2 | ਮਾਨਸਾ | 28.00 | 0.00 | 28.00 | 20.32 | 0.00 | 20.32 | 30.50 | 0.00 | 30.50 |
| 3 | ਸਰਦੂਲਗੜ੍ਹ | 12.00 | 0.00 | 12.00 | 35.89 | 0.00 | 35.89 | 25.29 | 0.00 | 25.29 |
| | ਜੋੜ | 50.00 | 0.00 | 50.00 | 70.16 | 0.00 | 70.16 | 95.10 | 0.00 | 95.10 |
| **ਜ਼ਿਲ੍ਹਾ ਮੋਗਾ :** | | | | | | | | | | |
| 1 | ਬਾਘਾਪੁਰਾਣਾ | 38.04 | 0.00 | 38.04 | 0.00 | 0.00 | 0.00 | 60.02 | 0.00 | 60.02 |
| 2 | ਮੋਗਾ | 0.00 | 13.45 | 13.45 | 0.00 | 11.65 | 11.65 | 57.12 | 115.28 | 172.40 |
| 3 | ਨਿਹਾਲਸਿੰਘ ਵਾਲਾ | 9.48 | 2.06 | 11.54 | 0.00 | 6.74 | 6.74 | 19.50 | 53.55 | 73.05 |
| | ਜੋੜ | 47.52 | 15.51 | 63.03 | 0.00 | 18.39 | 18.39 | 136.64 | 168.83 | 305.47 |
| **ਜ਼ਿਲ੍ਹਾ ਮੁਕਤਸਰ :** | | | | | | | | | | |
| 1 | ਗਿੱਦੜਬਾਹਾ | 103.07 | 0.00 | 103.07 | 23.90 | 0.00 | 23.90 | 68.96 | 0.00 | 68.96 |
| 2 | ਮਲੋਟ | 244.82 | 0.00 | 244.82 | 69.30 | 0.00 | 69.30 | 148.51 | 0.00 | 148.51 |
| 3 | ਮੁਕਤਸਰ | 103.52 | 8.25 | 111.77 | 36.87 | 1.22 | 38.09 | 124.35 | 32.62 | 156.97 |
| | ਜੋੜ | 451.41 | 8.25 | 459.66 | 130.07 | 1.22 | 131.29 | 341.82 | 32.62 | 374.44 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਸਬ-ਡਵੀਜ਼ਨ | ਸਮੇਂ ਦੌਰਾਨ 01.04.1999 ਤੋਂ 31.03.2000 ਪੰ.ਮੰ.ਬੋ | ਲੋ.ਨਿ.ਵਿ. | ਕੁੱਲ | 01.04.2000 ਤੋਂ 31.03.2001 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2001 ਤੋਂ 31.03.2002 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
|---|---|---|---|---|---|---|---|---|---|---|
| | | ਲੰਬਾਈ ਕਿ.ਮੀ. ਵਿਚ | | | | | | | | |
| **ਜ਼ਿਲ੍ਹਾ ਨਵਾਂਸ਼ਹਿਰ :** | | | | | | | | | | |
| 1 | ਬਲਾਚੌਰ | 70.00 | 0.00 | 70.00 | 39.16 | 0.00 | 39.16 | 55.55 | 0.00 | 55.55 |
| 2 | ਨਵਾਂਸ਼ਹਿਰ | 175.00 | 0.00 | 175.00 | 67.31 | 0.00 | 67.31 | 190.03 | 0.00 | 190.03 |
| | ਜੋੜ | 245.00 | 0.00 | 245.00 | 106.47 | 0.00 | 106.47 | 245.58 | 0.00 | 245.58 |
| **ਜ਼ਿਲ੍ਹਾ ਪਟਿਆਲਾ :** | | | | | | | | | | |
| 1 | ਡੇਰਾਬਸੀ | 4.91 | 0.00 | 4.91 | 25.04 | 0.00 | 25.04 | 53.60 | 0.00 | 53.60 |
| 2 | ਨਾਭਾ | 0.00 | 42.90 | 42.90 | 0.00 | 4.58 | 4.58 | 0.00 | 37.58 | 37.58 |
| 3 | ਰਾਜਪੁਰਾ | 52.70 | 0.00 | 52.70 | 57.68 | 3.91 | 61.59 | 46.92 | 32.47 | 79.39 |
| 4 | ਪਟਿਆਲਾ | 0.00 | 106.86 | 106.86 | 0.00 | 58.24 | 58.24 | 15.78 | 33.33 | 49.11 |
| 5 | ਸਮਾਣਾ | 45.09 | 7.82 | 52.91 | 44.46 | 0.00 | 44.46 | 70.82 | 15.45 | 86.27 |
| | ਜੋੜ | 102.70 | 157.58 | 260.28 | 127.18 | 66.73 | 193.91 | 187.12 | 118.83 | 305.95 |
| **ਜ਼ਿਲ੍ਹਾ ਰੂਪਨਗਰ :** | | | | | | | | | | |
| 1 | ਆਨੰਦਪੁਰ ਸਾਹਿਬ | 0.00 | 7.82 | 7.82 | 0.00 | 35.24 | 35.24 | 0.00 | 163.38 | 163.38 |
| 2 | ਖਰੜ | 0.00 | 4.53 | 4.53 | 0.00 | 29.17 | 29.17 | 0.00 | 211.95 | 211.95 |
| 3 | ਰੂਪਨਗਰ | 0.00 | 23.25 | 23.25 | 0.00 | 90.82 | 90.82 | 0.00 | 209.34 | 209.34 |
| 4 | ਐਸ.ਏ.ਐਸ. ਨਗਰ | 0.00 | 11.27 | 11.27 | 0.00 | 9.94 | 9.94 | 0.00 | 40.61 | 40.61 |
| | ਜੋੜ | 0.00 | 46.87 | 46.87 | 0.00 | 165.17 | 165.17 | 0.00 | 625.28 | 625.28 |
| **ਜ਼ਿਲ੍ਹਾ ਸੰਗਰੂਰ :** | | | | | | | | | | |
| 1 | ਬਰਨਾਲਾ | 70.10 | 69.59 | 139.69 | 81.74 | 8.15 | 89.89 | 58.03 | 36.30 | 94.33 |
| 2 | ਧੂਰੀ | 40.67 | 0.00 | 40.67 | 32.78 | 0.00 | 32.78 | 63.33 | 0.00 | 63.33 |
| 3 | ਮਲੇਰਕੋਟਲਾ | 38.03 | 44.00 | 82.03 | 0.00 | 78.69 | 78.69 | 17.68 | 34.20 | 51.88 |
| 4 | ਮੂਣਕ | 0.00 | 16.15 | 16.15 | 0.00 | 0.21 | 0.21 | 0.00 | 75.53 | 75.53 |
| 5 | ਸੰਗਰੂਰ | 0.81 | 7.88 | 8.69 | 19.65 | 6.18 | 25.83 | 38.14 | 72.86 | 111.00 |
| 6 | ਸੁਨਾਮ | 7.14 | 4.97 | 12.11 | 9.69 | 2.11 | 11.80 | 51.62 | 29.31 | 80.93 |
| | ਜੋੜ | 156.75 | 142.59 | 299.34 | 143.86 | 95.34 | 239.20 | 228.80 | 248.20 | 477.00 |
| | ਕੁੱਲ ਜੋੜ | 1724.38 | 1679.39 | 3403.77 | 1149.49 | 1757.87 | 2907.36 | 2521.54 | 3421.01 | 5942.55 |

Original with;
Punjab Vidhan Sabha
Digitized by;

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;

© 2005

Published under the authority of the Punjab Vidhan Sabha and Printed by the Controller, Printing and Stationry, Punjab, at Pb. Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*21st March, 2003*

**Vol. IV - No. 4**

OFFICIAL REFORT

## CONTENTS

*Friday, the 21st March, 2003*


| | | *Page* |
|---|---|---|
| Starred Questions and Answers | .. | (4) 1 |
| Unstarred Questions and Answers | .. | (4)28 |
| Matter Raised During Zero Hour | .. | (4)32 |
| Walk out | .. | (4)33 |
| Call Attention Notices Under Rule 66 | .. | (4)33 |
| LEGISLATIVE BUSINESS | .. | (4)38 |
| The Punjab Industrial Establishments (National and Festival Holidays and Casual and Sick Leave) Amendment Bill, 2003 | | |
| FINANCIAL BUSINESS | | |
| 1. Supplementary Demands for Grants for Expenditure of the Government of Punjab for the Year 2002-2003 | .. | (4)38 |
| (i) Presentation of Supplementary Demands for Grants for Expenditure of the Government of Punjab for the Year 2002-2003 | .. | (4)38 |
| (ii) Presentation of the Report of the Committee on Estimates on the Supplementary Demands for Grants for Expenditure of the Government of Punjab for the Year 2002-2003 | .. | (4)39 |
| 2. Supplementary Demands for Grants for Expenditure of the Government of Punjab for the Year 2002-2003 | .. | (4)39 |
| (i) Discussion on the Estimates of Expenditure Charged on the revenue of the State | .. | (4)39 |
| (ii) Discussion and Voting on the Demands for Supplementary Grants. | .. | (4)39 |
| 3. The Punjab Appropriation (No. 1) Bill, 2003 | .. | (4)48 |
| Resumption of Discussion on Governor's Address and Vote on the Motion of Thanks | .. | (4)49 |
| Extension of Time of the Sitting | .. | (4)93 |
| Discussion on Governor's Address and Vote on the Motion of Thanks *(Resumption)* | .. | (4)93 |
| Personal Explanation by Minister of State for Co-operation | .. | (4)97 |
| Discussion on Governor's Address and Vote on the Motion of Thanks *(Resumption)* | .. | (4)98 |
| Extension of Time of the Sitting | .. | (4)114 |
| Discussion on Governor's Address and Vote on the Motion of Thanks *(Resumption)* | .. | (4)114 |



**Punjab Vidhan Sabha Secretariat, Chandigarh.**

134-0

**Price : Rs. ...............**



*Original with;*
Punjab Vidhan Sabha
*Digitized by;*

ਬੈ
ਲ
ਜ਼ਿ
ਦਿ

ਜਿ
ਤ
ਨੰ
ਬ੍ਰ
ਰਿ
ਹ
ਦੀ
ਸੱ
ਨ
ਜਾ

ਚ
ਮੌ
ਜਿ

ਕੱ
ਜ਼ੁ

*Original with;*
Punjab Vidhan Sabha
*Digitized by;*

# PUNJAB VIDHAN SABHA

*Friday, the 21st March, 2003*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 10.00 A.M. Mr. Speaker (Doctor Kewal Krishan) in the Chair.*

---

## STARRED QUESTIONS AND ANSWERS

### ਜ਼ਿਲ੍ਹਾ ਨਵਾਂ ਸ਼ਹਿਰ ਵਿਚ ਡ੍ਰੇਨਾਂ ਦੀ ਸਫ਼ਾਈ

***503. ਸ਼੍ਰੀ ਪ੍ਰਕਾਸ਼ ਸਿੰਘ** : ਕੀ ਸਿੰਜਾਈ ਮੰਤਰੀ 26 ਜੂਨ, 2002 (ਸਵੇਰ ਦੀ ਬੈਠਕ) ਲਈ ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਨਿਸ਼ਾਨ ਵਾਲੇ ਪ੍ਰਸ਼ਨ ਨੰ: 174 ਲਈ ਉਨ੍ਹਾਂ ਦੁਆਰਾ ਦਿੱਤੇ ਗਏ ਉੱਤਰ ਦੇ ਹਵਾਲੇ ਨਾਲ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਡ੍ਰੇਨਾਂ ਜਿਨ੍ਹਾਂ ਦੀ ਸਫ਼ਾਈ ਕਰਨੀ ਬਣਦੀ ਸੀ, ਦੀ ਸਫ਼ਾਈ ਕਰ ਦਿੱਤੀ ਗਈ ਹੈ; ਜੇਕਰ ਨਹੀਂ, ਤਾਂ ਇਸਦੇ ਕਾਰਣ ਕੀ ਹਨ ?

**ਸਰਦਾਰ ਗੁਰਚੇਤ ਸਿੰਘ ਭੁੱਲਰ** : ਜ਼ਿਲ੍ਹਾ ਨਵਾਂ ਸ਼ਹਿਰ ਵਿੱਚ 12 ਨੰਬਰ ਡਰੇਨਾਂ ਜਿਨ੍ਹਾਂ ਦੀ ਸਫਾਈ ਕਰਨੀ ਬਣਦੀ ਸੀ ਵਿਚੋਂ 7 ਡਰੇਨਾਂ ਦੀ ਭੱਲ ਸਫਾਈ ਕਰਨ ਦੀ ਤਜਵੀਜ਼ ਸਾਲ 2002 ਦੀਆਂ ਬਰਸਾਤਾਂ ਤੋਂ ਪਹਿਲਾਂ ਕਰਵਾਉਣ ਦੀ ਸੀ। ਇਨ੍ਹਾਂ ਸੱਤ (7) ਨੰਬਰ ਡਰੇਨਾਂ ਵਿਚੋਂ 4 ਨੰਬਰ ਡਰੇਨਾਂ ਜਿਨ੍ਹਾਂ ਦੇ ਨਾਂ ਚਰਨ ਡਰੇਨ, ਰਾਹੋਂ ਵਜੀਦਪੁਰ ਡਰੇਨ, ਬੁਰਜ ਡਰੇਨ ਅਤੇ ਸੁਜੋ ਡਰੇਨ ਨੰ: 1 ਅਤੇ 2 ਦੀ ਭੱਲ ਸਫਾਈ ਦਾ ਕੰਮ ਪੂਰਾ ਕਰ ਦਿੱਤਾ ਗਿਆ ਹੈ। ਪੰਜਵੀਂ ਡਰੇਨ ਮਹਿਮੂਦਪੁਰ ਡਰੇਨ ਦੇ ਕੁੱਝ ਹਿੱਸੇ ਦੀ ਭੱਲ ਸਫਾਈ ਦਾ ਕੰਮ ਪੂਰਾ ਹੋ ਚੁੱਕਾ ਹੈ ਅਤੇ ਬਾਕੀ ਦਾ ਕੰਮ ਛੇਤੀ ਹੀ ਪੂਰਾ ਹੋ ਜਾਵੇਗਾ। ਛੇਵੀਂ ਬੰਗਾ ਗੋਪਾਲਪੁਰ ਡਰੇਨ ਦੀ ਭੱਲ ਸਫਾਈ ਦਾ ਕੰਮ ਸਾਲ 2003 ਦੀਆਂ ਬਰਸਾਤਾਂ ਤੋਂ ਪਹਿਲਾਂ ਕਰਨ ਦੀ ਉਮੀਦ ਹੈ। ਸੱਤਵੀਂ ਰਾਹੋਂ ਡਰੇਨ ਦੀ ਮੌਜੂਦਾ ਹਾਲਤ ਮੁਤਾਬਿਕ ਸਫਾਈ ਕਰਨ ਦੀ ਇਸ ਸਮੇਂ ਜ਼ਰੂਰਤ ਨਹੀਂ ਹੈ। ਬਾਕੀ ਦੀਆਂ 5 ਨੰਬਰ ਡਰੇਨਾਂ ਦਾ ਕੰਮ ਫੰਡਜ਼ ਉਪਲੱਬਧ ਹੋਣ ਤੇ ਕਰਵਾ ਦਿੱਤਾ ਜਾਵੇਗਾ।

**ਸ਼੍ਰੀ ਪ੍ਰਕਾਸ਼ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸੱਤਵੀਂ ਡਰੇਨ ਜਿਸ ਦੀ ਸਫਾਈ ਦੇ ਕੰਮ ਬਾਰੇ ਇਹ ਸਮਝਦੇ ਹਨ ਕਿ ਮੌਜੂਦਾ ਹਾਲਾਤ ਮੁਤਾਬਿਕ ਸਫਾਈ ਕਰਨ ਦੀ ਇਸ ਸਮੇਂ ਜ਼ਰੂਰਤ ਨਹੀਂ ਹੈ, ਕੀ ਇਸ ਨੂੰ ਜਿਮੀਂਦਾਰ ਪੂਰ ਸਕਦੇ ਹਨ ?

**ਸ਼੍ਰੀ ਸਪੀਕਰ** : ਜਿਮੀਂਦਾਰਾਂ ਦੁਆਰਾ ਪੂਰਨ ਵਾਸਤੇ ਦੱਸੋ ਜੀ।

**ਮੰਤਰੀ** : ਸਪੀਕਰ ਸਾਹਿਬ, ਇਹ ਉਲਟਾ ਕੰਮ ਚਲ ਪਿਆ ਹੈ ਜੀ। ਲੋਕੀਂ ਡਰੇਨਾਂ ਕੱਢਦੇ ਹਨ ਪਰ ਇਹ ਪੂਰਨ ਨੂੰ ਤਿਆਰ ਹਨ। ਜੇ ਲੋਕ ਸਮਝਦੇ ਹਨ ਕਿ ਸਾਰੇ ਇਲਾਕੇ ਦੀ ਜ਼ਰੂਰਤ ਨਹੀਂ ਹੈ ਤਾਂ ਜੋ ਮਰਜ਼ੀ ਕਰ ਲੈਣ।

Original with;
Punjab Vidhan Sabha
Digitized by;

## ਅਨੁਸੂਚਿਤ ਜਾਤੀਆਂ/ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਵਜੀਫ਼ੇ

*448. (1) ਸਰਦਾਰ ਗੁਰਜੰਟ ਸਿੰਘ
(2) ਸ਼੍ਰੀ ਨੱਥੂ ਰਾਮ } : ਕੀ ਸਮਾਜਿਕ ਸੁਰੱਖਿਆ ਅਤੇ

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਅਤੇ ਇਸਤਰੀ ਤੇ ਬਾਲ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਵਜੀਫ਼ੇ ਦੇਣ ਲਈ ਸਾਲਾਂ 2000-01, 2001-02 ਅਤੇ 2002-03 ਲਈ ਬਜਟ ਅਨੁਮਾਨਾਂ ਵਿਚ ਕਿੰਨੀ-ਕਿੰਨੀ ਰਕਮ ਮਖਸੂਸ ਕੀਤੀ ਗਈ ਸੀ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਉਕਤ ਮੰਤਵ ਲਈ ਹੀ ਵਰਤੀ ਗਈ ਹੈ; ਜੇਕਰ ਨਹੀਂ, ਤਾਂ ਇਸ ਦੇ ਕਾਰਨ ਕੀ ਹਨ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਸਦਨ ਦੀ ਮੇਜ਼ ਤੇ ਸਟੇਟਮੈਂਟ ਰੱਖੀ ਜਾਂਦੀ ਹੈ।

### ਸਟੇਟਮੈਂਟ

(ੳ) ਸਾਲ 2000-01, 2001-02 ਅਤੇ 2002-03 ਦੌਰਾਨ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਸਕਾਲਰਸ਼ਿਪ ਦੀ ਮੱਦ ਅਧੀਨ ਮਖਸੂਸ ਰੱਖੀ ਗਈ ਰਾਸ਼ੀ ਦਾ ਵੇਰਵਾ ਹੇਠ ਅਨੁਸਾਰ ਹੈ :—

(ਰਕਮ ਲੱਖਾਂ ਵਿੱਚ)

| ਸਾਲ | ਵਰਤੀ ਰਾਸ਼ੀ/ਖਰਚਾ |
|---|---|
| 2000-2001 | 5750.26 |
| 2001-2002 | 3998.80 |
| 2002-2003 | 4948.06 |

(ਅ) ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਸਕਾਲਰਸ਼ਿਪ ਦੀ ਮੱਦ ਅਧੀਨ ਵਰਤੀ ਗਈ ਰਾਸ਼ੀ ਦੇ ਸਾਲ-ਵਾਰ ਵੇਰਵੇ :—

(ਰਕਮ ਲੱਖਾਂ ਵਿੱਚ)

| ਸਾਲ | | ਬਜਟ ਅਲਾਟਮੈਂਟ |
|---|---|---|
| 2000-2001 | 5398.59 | ਬਕਾਇਆ ਰਾਸ਼ੀ ਸਮੇਂ-ਸਮੇਂ ਤੇ ਖਜ਼ਾਨਿਆਂ ਤੇ ਰੋਕ ਲੱਗਣ ਕਾਰਨ ਖਰਚ ਨਹੀਂ ਕੀਤੀ ਜਾ ਸਕੀ। |
| 2001-2002 | 1672.22 | |
| 2002-2003 | 2647.98 | (28-2-2003 ਤੱਕ) |

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਜੰਟ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਵਜ਼ੀਫਿਆਂ ਲਈ ਜਿੰਨੀ ਰਕਮ ਹਰ ਸਾਲ ਬਜਟ ਦੇ ਵਿਚ ਰੱਖਦੇ ਹਨ, ਇਸ ਦੇ ਲਈ 31 ਮਾਰਚ ਨੂੰ ਚਿੱਠੀ ਚਲੀ ਜਾਂਦੀ ਹੈ ਕਿ ਰਕਮ ਖਜ਼ਾਨੇ ਵਿਚੋਂ ਨਾ ਨਿਕਲੇ। ਕੀ ਇਹ ਯਕੀਨ ਦਿਵਾਉਣਗੇ ਕਿ ਵਜ਼ੀਫਿਆਂ ਲਈ ਜਿੰਨਾ ਪੈਸਾ ਰੱਖਿਆ ਗਿਆ ਹੈ, ਉਹ ਬੱਚਿਆਂ ਨੂੰ ਦੇ ਦਿੱਤਾ ਜਾਵੇਗਾ ?

**ਮੰਤਰੀ** : ਜੀ ਸਰ, ਇਹ ਪੈਸਾ ਦੇ ਦਿੱਤਾ ਜਾਵੇਗਾ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਬੇਸ਼ੱਕ ਇਹ ਰਕਮ ਸ਼ਡਿਊਲਡ ਕਾਸਟ ਬੱਚਿਆਂ ਵਾਸਤੇ ਰੱਖੀ ਗਈ ਹੈ। ਕੀ ਜਿਹੜੇ ਇਕਨਾਮੀਕਲੀ ਬੈਕਵਰਡ ਕਲਾਸਿਜ਼ ਹਨ, ਉਨ੍ਹਾਂ ਬੱਚਿਆਂ ਵਾਸਤੇ ਵੀ ਵਜ਼ੀਫੇ ਦੇਣ ਦੀ ਕੋਈ ਪ੍ਰੋਵੀਜ਼ਨ ਸਰਕਾਰ ਵਲੋਂ ਕੀਤੀ ਗਈ ਹੈ ?

**ਮੰਤਰੀ** : ਨਹੀਂ ਜੀ, ਐਸੀ ਕੋਈ ਵਿਵਸਥਾ ਨਹੀਂ ਹੈ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਕੀ ਇਹ ਭਰੋਸਾ ਦਿਵਾ ਸਕਦੇ ਹਨ ਕਿ ਇਸ ਸਬੰਧੀ ਪ੍ਰੋਵੀਜ਼ਨ ਆਉਣ ਵਾਲੇ ਸਮੇਂ ਵਿਚ ਕਰਵਾ ਦੇਣਗੇ ?

**ਸ਼੍ਰੀ ਸਪੀਕਰ** : ਜੇ ਇਹ ਨਹੀਂ ਹੈ ਤਾਂ ਇਸ ਦੇ ਲਈ ਮਜ਼ਬੂਰ ਨਾ ਕਰੋ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕੰਮ ਇਹ ਪਿਛਲੇ ਸਾਲ ਵਿਚ ਪੂਰੇ ਨਾ ਕਰ ਸਕੇ, ਉਹ ਅੱਠ ਦਿਨਾਂ ਦੇ ਵਿਚ ਕਿਹੜਾ ਜਾਦੂ ਹੈ, ਜਿਸ ਦੇ ਨਾਲ ਇਹ ਕੰਮ ਪੂਰੇ ਕਰ ਸਕਦੇ ਹਨ ?

**ਸ਼੍ਰੀ ਸਪੀਕਰ** : ਜਾਦੂ ਵਿਖਾਓ ਜੀ। (ਹਾਸਾ)

**ਮੰਤਰੀ** : ਸਰ, ਇਹ ਕੰਮ ਇਕ ਆਨ-ਗੋਇੰਗ ਪ੍ਰੋਸੈਸ ਹੈ। ਵਜ਼ੀਫੇ ਦੇਣ ਦਾ ਕੰਮ ਚਲਦਾ ਹੀ ਰਹਿੰਦਾ ਹੈ, ਇਹ ਰੁਕਦਾ ਨਹੀਂ।

**ਕੈਪਟਨ ਕੰਵਲਜੀਤ ਸਿੰਘ** : ਇਹ ਆਨ-ਗੋਇੰਗ ਪ੍ਰੋਸੈਸ ਦਾ ਮਤਲਬ ਤਾਂ ਇਹ ਹੋਇਆ ਕਿ ਸਾਰੇ ਲਾਭ ਪਾਤਰ ਵਿਦਿਆਰਥੀਆਂ ਨੂੰ ਸਾਲ ਭਰ ਵਜੀਫਾ ਮਿਲਣਾ ਚਾਹੀਦਾ ਹੈ। ਸਾਲ ਭਰ ਤਾਂ ਇਹ ਵਜ਼ੀਫੇ ਨਹੀਂ ਮਿਲਦੇ ਤਾਂ ਪਤਾ ਨਹੀਂ ਇਨ੍ਹਾਂ ਦੇ ਆਨ-ਗੋਇੰਗ ਪ੍ਰੋਸੈਸ ਦੇ ਕੀ ਮਾਅਨੇ ਹਨ ? ਇਸ ਦਾ ਮਤਲਬ ਹੈ ਕਿ 31 ਮਾਰਚ ਤੋਂ ਬਾਅਦ ਅਗਲੇ ਸਾਲ ਦੇ ਬਜਟ ਵਿਚ ਇਹ ਓਵਰ ਲੈਪ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਕੈਪਟਨ ਸਾਹਿਬ ਬਹੁਤ ਸਿਆਣੇ ਹਨ। ਮੇਰਾ ਮਤਲਬ ਹੈ ਕਿ ਜਿਵੇਂ ਕਲਾਸਿਜ਼ ਬੰਦ ਨਹੀਂ ਹੁੰਦੀਆਂ, ਇਸੇ ਤਰ੍ਹਾਂ ਵਜ਼ੀਫੇ ਵੀ ਬੰਦ ਨਹੀਂ ਹੁੰਦੇ, ਇਹ ਚਲਦੇ ਰਹਿੰਦੇ ਹਨ। ਨਾ ਕਲਾਸਿਜ਼ ਸਟਾਪ ਹੁੰਦੀਆਂ ਹਨ ਅਤੇ ਨਾ ਹੀ ਵਜ਼ੀਫੇ। ਆਨ-ਗੋਇੰਗ ਪ੍ਰੋਸੈਸ ਦਾ ਮਤਲਬ ਹੈ ਕਿ ਵਜ਼ੀਫੇ ਦੇ ਦਿੱਤੇ ਜਾਂਦੇ ਹਨ।

**ਕੈਪਟਨ ਕੰਵਲਜੀਤ ਸਿੰਘ** : ਮੰਤਰੀ ਸਾਹਿਬ ਨੇ ਆਪ ਮੰਨਿਆ ਹੈ ਕਿ ਵਜ਼ੀਫੇ ਚਲਦੇ ਰਹਿੰਦੇ ਹਨ ਔਰ ਇਹ ਸਦਨ ਦੇ ਵਿਚ ਵਿਸ਼ਵਾਸ ਵੀ ਦਿੰਦੇ ਹਨ ਕਿ ਚਲਦੇ ਰਹਿੰਦੇ ਹਨ। ਲੇਕਿਨ ਅਫਸੋਸ ਦੀ ਗੱਲ ਹੈ ਕਿ ਅੱਜ ਇਕ ਸਾਲ ਪੂਰਾ ਹੋਣ ਵਿਚ ਆਇਆ ਹੈ, ਇੱਕ ਸਾਲ ਦੇ ਵਜ਼ੀਫੇ. . . . .

**ਸ਼੍ਰੀ ਸਪੀਕਰ** : ਕੋਈ ਰਿਮਾਰਕਸ ਨਹੀਂ। ਸਵਾਲ ਕਰੋ।

Original with;
Punjab Vidhan Sabha
Digitized by;
Panjab Digital Library

**ਕੈਪਟਨ ਕੰਵਲਜੀਤ ਸਿੰਘ** : ਮੇਰਾ ਸਵਾਲ ਇਹ ਹੈ ਕਿ ਪਿਛਲੇ ਇੱਕ ਸਾਲ ਦੇ ਦੌਰਾਨ ਇਹ ਆਪ ਮੰਨਦੇ ਹਨ ਕਿ ਇਹ ਆਨ-ਗੋਇੰਗ ਪ੍ਰੋਸੈਸ ਹੈ ਤਾਂ ਫਿਰ ਵਜ਼ੀਫੇ ਕਿਉਂ ਨਹੀਂ ਦਿੱਤੇ ਗਏ ?

**ਸ਼੍ਰੀ ਸਪੀਕਰ** : ਹਾਂ ਜੀ, ਵਜ਼ੀਫੇ ਕਿਉਂ ਨਹੀਂ ਦਿੱਤੇ ਗਏ ?

**ਮੰਤਰੀ** : ਸਪੀਕਰ ਸਾਹਿਬ, ਪਿਛਲੀ ਸਰਕਾਰ ਆਪਣੇ ਸਮੇਂ ਰਾਸ਼ੀ ਕਢਵਾ ਨਹੀਂ ਸਕੀ। ਇਸ ਦਾ ਜਵਾਬ ਤਾਂ ਇਹੀ ਦੇ ਸ਼ਕਦੇ ਹਨ ਪਰ ਹੁਣ ਅਸੀਂ ਰਾਸ਼ੀ ਕਢਵਾ ਕੇ ਦੇ ਦੇਵਾਂਗੇ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਇਹ ਮੇਰੇ ਸਵਾਲ ਦਾ ਜਵਾਬ ਨਹੀਂ ਦੇ ਰਹੇ ਬਲਕਿ ਪੁਲੀਟੀਕਲ ਸਟੇਟਮੈਂਟ ਦੇ ਰਹੇ ਹਨ।

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਐਸ਼ੋਰੈਂਸ ਦਿੱਤੀ ਹੈ ਕਿ ਇਨ੍ਹਾਂ ਵੱਲੋਂ ਸ਼ਾਰਟ ਫਾਲ ਰਿਹਾ ਹੈ ਪਰ ਅਸੀਂ 31 ਮਾਰਚ, 2003 ਤੱਕ ਸਾਰੀ ਰਾਸ਼ੀ ਕਢਵਾ ਕੇ ਦੇ ਦੇਵਾਂਗੇ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਮਨਿਸਟਰ ਸਾਹਿਬ ਦੇਣ ਤੋਂ ਮੁਨਕਰ ਹੋ ਰਹੇ ਹਨ। ਕੀ ਇਹ ਅੱਠ ਦਿਨਾਂ ਵਿੱਚ ਇਹ ਰਾਸ਼ੀ ਦੇ ਦੇਣਗੇ ਜਦ ਕਿ ਇਹ ਸਾਰੇ ਸਾਲ ਵਿੱਚ ਨਹੀਂ ਦੇ ਸਕੇ ?

**ਮੰਤਰੀ** : ਸਪੀਕਰ ਸਾਹਿਬ, ਇਸ ਦੀ ਬੈਲੰਸ ਰਾਸ਼ੀ ਸਾਡੇ ਕੋਲ ਆ ਗਈ ਹੈ ਅਤੇ ਅਸੀਂ ਇਹ ਦੇ ਦੇਵਾਂਗੇ।

---

## ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਪੁਸਤਕਾਂ

***449. (1) ਸਰਦਾਰ ਗੁਰਜੰਟ ਸਿੰਘ**
**(2) ਸ਼੍ਰੀ ਨੱਥੂ ਰਾਮ** } : ਕੀ ਸੁਰੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ, ਸਮਾਜਿਕ ਸੁਰੱਖਿਆ ਅਤੇ ਇਤਸਰੀ ਤੇ ਬਾਲ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਮੈਡੀਕਲ, ਵੈਟਨਰੀ, ਐਗਰੀਕਲਚਰ ਅਤੇ ਇੰਜਨੀਅਰਿੰਗ ਕੋਰਸਾਂ ਲਈ ਪੁਸਤਕਾਂ ਖਰੀਦਣ ਲਈ ਗ੍ਰਾਂਟ ਦੇਣ ਲਈ ਸਾਲਾਂ 2000-2001, 2001-2002 ਅਤੇ 2002-2003 ਦੇ ਬਜਟ ਅਨੁਮਾਨਾਂ ਵਿਚ ਕਿੰਨੀ-ਕਿੰਨੀ ਰਕਮ ਮਖਸੂਸ ਕੀਤੀ ਗਈ ਸੀ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਉਕਤ ਮੰਤਵ ਲਈ ਹੀ ਖਰਚ ਕੀਤੀ ਗਈ ਹੈ; ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ?

riginal with;
unjab Vidhan Sabha
igitized by;
Punjab Digital Library

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਸਦਨ ਦੀ ਮੇਜ਼ ਤੇ ਸਟੇਟਮੈਂਟ ਰੱਖੀ ਜਾਂਦੀ ਹੈ।

**ਸਟੇਟਮੈਂਟ**

(ੳ) ਮੈਡੀਕਲ, ਵੈਟਰਨਰੀ, ਐਗਰੀਕਲਚਰ ਐਂਡ ਇੰਜਨੀਅਰਿੰਗ ਕਲਾਸਾਂ ਦੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਬੁੱਕ ਬੈਂਕ ਸਕੀਮ ਅਧੀਨ ਸਾਲ 2000-2001, 2001-2002 ਅਤੇ 2002-2003 ਦੌਰਾਨ ਸਾਲ-ਵਾਰ ਮਖਸੂਸ ਕੀਤੀ ਰਕਮ ਦੀ ਡਿਟੇਲ ਹੇਠ-ਲਿਖੇ ਅਨੁਸਾਰ ਹੈ :—

(ਰਕਮ ਲੱਖਾਂ ਵਿੱਚ)

| ਸਾਲ | ਮਖਸੂਸ ਕੀਤੀ ਰਕਮ |
|---|---|
| 2000-2001 | 20.00 |
| 2001-2002 | 30.00 |
| 2002-2003 | 30.00 |

(ਅ) ਸਾਲ 2000-2001, 2001-2002 ਅਤੇ 2002-2003 ਵਿਚ ਸਾਲ-ਵਾਰ ਵਰਤੀ ਗਈ ਰਾਸ਼ੀ ਦੀ ਡਿਟੇਲ ਅਤੇ ਫੰਡਾਂ ਦੀ ਨਾ ਵਰਤੋਂ ਦੇ ਕਾਰਨ ਹੇਠ-ਲਿਖੇ ਅਨੁਸਾਰ ਹਨ :—

(ਰਕਮ ਲੱਖਾਂ ਵਿੱਚ)

| ਸਾਲ | ਵਰਤੀ ਗਈ ਰਾਸ਼ੀ | ਕਾਰਨ |
|---|---|---|
| 2000-2001 | 16.56 | ਰਾਜ ਸਰਕਾਰ ਵੱਲੋਂ 20.00 ਲੱਖ ਰੁਪਏ ਦੀ ਐਲੋਕੇਸ਼ਨ ਦੇ ਸਨਮੁੱਖ ਕੇਵਲ 16.56 ਲੱਖ ਰੁਪਏ ਦੀ ਰਾਸ਼ੀ ਰਲੀਜ਼ ਕੀਤੀ ਗਈ ਸੀ, ਜਿਸ ਵਿਚੋਂ 8.28 ਲੱਖ ਰੁਪਏ ਕੇਂਦਰੀ ਹਿੱਸੇ ਵਜੋਂ ਸਨ। |
| 2001-2002 | .. | ਕੋਈ ਰਕਮ ਰਲੀਜ਼ ਨਹੀਂ ਹੋਈ। |
| 2002-2003 | .. | ਭਾਰਤ ਸਰਕਾਰ ਵੱਲੋਂ ਸਕੀਮ ਕਲੀਅਰ ਕਰ ਦਿੱਤੀ ਗਈ ਹੈ। ਕੇਸ ਵਿੱਤ ਵਿਭਾਗ ਪਾਸ ਵਿੱਤੀ ਪ੍ਰਵਾਨਗੀ ਲਈ ਪੈਂਡਿੰਗ ਹੈ। |

**ਸਰਦਾਰ ਗੁਰਜੰਟ ਸਿੰਘ** : ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਸਟੇਟਮੈਂਟ ਵਿਚ ਸਾਲ 2001 ਵਿੱਚ ਰਕਮ ਰਿਲੀਜ਼ ਕਰਨ ਬਾਰੇ ਲਿਖਿਆ ਹੈ, ਇਹ ਰਕਮ ਕਿਉਂ ਨਹੀਂ ਕਢਵਾ ਸਕੇ ? ਇਸ ਤੋਂ ਇਲਾਵਾ ਜਿਸ ਅਫਸਰ ਨੇ ਰਕਮ ਨਹੀਂ ਕਢਵਾਈ, ਕੀ ਉਸ ਦੇ ਖਿਲਾਫ਼ ਐਕਸ਼ਨ ਲੈਣਗੇ ? ਇਸੇ ਤਰ੍ਹਾਂ ਬੱਚਿਆਂ ਨੂੰ ਜਿਹੜੇ ਕਿਤਾਬਾਂ ਦੇ ਸੈਟ ਵੰਡਣੇ ਹੁੰਦੇ ਹਨ, 15 ਬੱਚਿਆਂ ਪਿੱਛੇ ਦੋ ਸੈਟ ਆਉਂਦੇ ਹਨ। ਕੀ ਇਹ ਕਿਤਾਬਾਂ ਦੇ ਸੈਟਾਂ ਦੀ ਕਮੀ ਪੂਰੀ ਕਰਨਗੇ ?

Original with;
Punjab Vidhan Sabha
Digitized by;
Punjab Digital Library

**ਮੰਤਰੀ** : ਸਪੀਕਰ ਸਾਹਿਬ, ਪਿਛਲੇ ਸਾਲ 2002 ਵਿੱਚ ਫਾਇਨਾਂਸ਼ੀਅਲ ਕਰਾਈਸਿਜ਼ ਕਰਕੇ ਕੋਈ ਰਕਮ ਰਿਲੀਜ਼ ਨਹੀਂ ਹੋ ਸਕੀ ਸੀ। ਸਾਲ 2003 ਵਿੱਚ 30 ਲੱਖ ਰੁਪਏ ਦੀ ਪ੍ਰੋਵੀਜ਼ਨ ਕਰ ਦਿੱਤੀ ਹੈ ਔਰ ਇਹ ਪੈਸੇ ਕਢਵਾ ਕੇ 39 ਕਾਲਜਾਂ ਵਿੱਚ ਵੰਡ ਦਿੱਤੇ ਜਾਣਗੇ।

**ਸਰਦਾਰ ਗੁਰਜੰਟ ਸਿੰਘ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਰਕਮ ਅਫਸਰ ਰਿਲੀਜ਼ ਨਹੀਂ ਕਰਵਾ ਸਕੇ, ਕੀ ਉਨ੍ਹਾਂ ਖਿਲਾਫ਼ ਕਾਰਵਾਈ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪਹਿਲੇ ਹੀ ਕਿਹਾ ਹੈ ਕਿ ਫਾਇਨਾਂਸ਼ੀਅਲ ਕਰਾਈਸਿਜ਼ ਕਰਕੇ ਰਕਮ ਰਿਲੀਜ਼ ਨਹੀਂ ਹੋ ਸਕੀ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 531

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

---

## ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 507* ਅਤੇ 471*

**ਸ਼੍ਰੀ ਸਪੀਕਰ** : ਸਵਾਲ ਨੰਬਰ 507 ਅਤੇ 471 ਦੀ ਐਕਸਟੈਨਸ਼ਨ ਮੰਗੀ ਗਈ ਹੈ ਜਿਹੜੀ ਕਿ ਮੈਂ ਅਲਾਓ ਕਰ ਦਿੱਤੀ ਹੈ। ਇਨ੍ਹਾਂ ਸਵਾਲਾਂ ਦਾ ਜਵਾਬ ਇਸ ਬਜਟ ਸੈਸ਼ਨ ਵਿੱਚ ਆਉਣਾ ਜ਼ਰੂਰੀ ਹੈ।

---

## ਬੁਢਲਾਡਾ ਵਿਖੇ ਕੋਰਟ ਕੰਪਲੈਕਸ ਦੀ ਇਮਾਰਤ

***474. ਸਰਦਾਰ ਹਰਬੰਤ ਸਿੰਘ ਦਾਤੇਵਾਸ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਮਾਨਸਾ ਦੀ ਬੁਢਲਾਡਾ ਸਬ-ਡਿਵੀਜ਼ਨ ਦੇ ਕੋਰਟ ਕੰਪਲੈਕਸ ਲਈ ਇਮਾਰਤ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਇਮਾਰਤ ਦੀ ਉਸਾਰੀ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

**Chaudhary Jagjit Singh (Minister for Local Government, Parliamentry Affairs and Labour and Employment) :** No, Sir. There is no proposal for the present to construct a building for Court Complex at Budhlada (District Mansa).

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਵੀ ਸਾਡੇ ਜ਼ਿਲ੍ਹੇ ਨਾਲ ਧੱਕਾ ਕੀਤਾ ਸੀ ਅਤੇ ਹੁਣ ਦੀ ਸਰਕਾਰ ਵੀ ਵਿਤਕਰਾ ਕਰ ਰਹੀ ਹੈ। ਇਹ ਜਿਹੜਾ ਵਿਤਕਰਾ ਹੋ ਰਿਹਾ ਹੈ, ਇਸ ਦੇ ਕੀ ਕਾਰਨ ਹਨ ?

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜਾ ਕੋਰਟ ਕੰਪਲੈਕਸ ਬਣਾਉਣਾ ਹੈ, ਇਸ ਲਈ ਕਮੇਟੀ ਬਣੀ ਹੋਈ ਹੈ ਜਿਸ ਵਿੱਚ ਪੰਜਾਬ ਦੇ ਚੀਫ ਸੈਕ੍ਰੇਟਰੀ, ਫਾਇਨਾਂਸ ਸੈਕ੍ਰੇਟਰੀ, ਹੋਮ ਸੈਕ੍ਰੇਟਰੀ ਅਤੇ ਹਾਈ ਕੋਰਟ ਦੇ ਜੱਜਿਜ਼ ਹਨ। ਉਹ ਇਨ੍ਹਾਂ ਦੀ ਪ੍ਰਾਇਰਟੀ ਫਿਕਸ ਕਰਦੇ ਹਨ। ਮਾਨਸਾ, ਬੁਢਲਾਡਾ ਲਈ ਹਾਲੇ ਪ੍ਰਾਇਰਟੀ ਫਿਕਸ ਨਹੀਂ ਹੋਈ।

---

*For Starred Questions Nos. 507 and 471 and replies thereto please *see* P.V.S. Debates dated 1st April, 2003.

Original with;
Punjab Vidhan Sabha
Digitized by;
Punjab Digital Library

**ਸਰਦਾਰ ਹਰਬੰਤ ਸਿੰਘ ਦਾਤੇਵਾਸ :** ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਿਹਾ ਹੈ ਕਿ ਸਾਡੇ ਨਾਲ ਧੱਕਾ ਕਾਫੀ ਦੇਰ ਤੋਂ ਚੱਲ ਰਿਹਾ ਹੈ। ਕੀ ਸਰਕਾਰ ਇਸ ਸਾਲ ਇਹ ਕੰਪਲੈਕਸ ਸ਼ੁਰੂ ਕਰਵਾ ਦੇਵੇਗੀ ?

**ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਿਹਾ ਹੈ ਕਿ ਇਸ ਸਬੰਧ ਵਿੱਚ ਕਮੇਟੀ ਬਣੀ ਹੋਈ ਹੈ ਜਿਹੜੀ ਕਿ ਪ੍ਰਾਇਰਟੀ ਫਿਕਸ ਕਰਦੀ ਹੈ। ਜਦੋਂ ਪ੍ਰਾਇਰਟੀ ਫਿਕਸ ਹੋਵੇਗੀ, ਉਦੋਂ ਹੀ ਅਸੀਂ ਇੱਥੇ ਕੰਪਲੈਕਸ ਬਣਾਵਾਂਗੇ।

---

**ਜਗਰਾਉਂ ਵਿਖੇ 66-ਕੇ.ਵੀ. ਸਬ-ਸਟੇਸ਼ਨ ਸਥਾਪਿਤ ਕਰਨਾ**

*506. **ਸਰਦਾਰ ਭਾਗ ਸਿੰਘ ਮੱਲ੍ਹਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਜਗਰਾਉਂ ਸ਼ਹਿਰ ਲਈ ਮਨਜ਼ੂਰ ਕੀਤਾ ਗਿਆ 66-ਕੇ.ਵੀ. ਸਬ-ਸਟੇਸ਼ਨ ਉਥੇ ਸਥਾਪਿਤ ਕਰ ਦਿੱਤਾ ਗਿਆ ਹੈ; ਜੇਕਰ ਨਹੀਂ, ਤਾਂ ਇਸ ਦੀ ਤਾਜ਼ਾ ਸਥਿਤੀ ਕੀ ਹੈ ਅਤੇ ਉਕਤ ਸਬ-ਸਟੇਸ਼ਨ ਦੀ ਉਸਾਰੀ ਕਦੋਂ ਤਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਚੌਧਰੀ ਜਗਜੀਤ ਸਿੰਘ (ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ) :** ਹਾਲ ਦੀ ਘੜੀ ਜਗਰਾਉਂ ਸ਼ਹਿਰ ਵਿਖੇ ਨਵਾਂ 66-ਕੇ.ਵੀ. ਸਬ-ਸਟੇਸ਼ਨ ਉਸਾਰਨ ਦੀ ਕੋਈ ਤਜਵੀਜ਼ ਨਹੀਂ ਹੈ।

**ਸਰਦਾਰ ਭਾਗ ਸਿੰਘ ਮੱਲ੍ਹਾ :** ਸਪਲੀਮੈਂਟਰੀ ਸਰ। ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਸ ਵਿਚ ਕੁਝ ਕਨਫਿਊਜ਼ਨ ਹੈ। ਜਾਂ ਤਾਂ ਮੰਤਰੀ ਸਾਹਿਬ ਨੂੰ ਪਤਾ ਨਹੀਂ ਜਾਂ ਮਹਿਕਮੇ ਤੋਂ ਇਨਫਰਮੇਸ਼ਨ ਗਲਤ ਆਈ ਹੈ। ਇਥੇ 2 ਸਾਲ ਪਹਿਲਾਂ ਕੰਮ ਸ਼ੁਰੂ ਹੋਇਆ ਸੀ ਔਰ ਹੁਣ ਤੱਕ ਤਕਰੀਬਨ 60 ਲੱਖ ਰੁਪਿਆ ਲਗ ਚੁੱਕਾ ਹੈ ਔਰ ਇਸ ਵੇਲੇ ਜਿਹੜੀ ਸਿਵਲ ਕੰਸਟ੍ਰਕਸ਼ਨ ਹੈ, ਉਹ ਪੂਰੀ ਹੋ ਚੁੱਕੀ ਹੈ। ਮੇਰਾ ਪੁੱਛਣ ਦਾ ਮਤਲਬ ਹੈ ਕਿ ਇਸ ਸਬ-ਸਟੇਸ਼ਨ ਦੀ ਉਸਾਰੀ ਕਦੋਂ ਤੱਕ ਮੁਕੰਮਲ ਹੋ ਜਾਵੇਗੀ ?

**ਮੰਤਰੀ :** ਸਪੀਕਰ ਸਾਹਿਬ, ਇਥੇ ਜਿਹੜਾ ਸਬ-ਸਟੇਸ਼ਨ ਹੈ, ਉਹ 220 ਕੇ.ਵੀ. ਦਾ ਸੀ। ਉਸਦੀ ਜਿਹੜੀ ਸਮਰਥਾ ਹੈ, ਉਹ 10/12.50 ਐਮ.ਬੀ.ਏ. ਸੀ। ਹੁਣ ਅਸੀਂ ਉਸਦੀ ਸਮਰਥਾ ਨੂੰ ਵਧਾ ਦਿੱਤਾ ਹੈ ਤੇ 20 ਐਮ.ਬੀ.ਏ. ਹੋਰ ਵਧਾ ਕੇ ਉਸਦੀ ਸਮਰਥਾ 32.9 ਐਮ.ਬੀ.ਏ. ਹੋ ਗਈ ਹੈ। ਕਿਉਂਕਿ ਜਿਹੜਾ ਜਗਰਾਉਂ ਸ਼ਹਿਰ ਹੈ, ਉਸਨੂੰ 22.9 ਐਮ.ਬੀ.ਏ. ਬਿਜਲੀ ਦੀ ਲੋੜ ਹੈ, ਹੁਣ ਸਮਰੱਥਾ ਵੱਧ ਗਈ ਹੈ। ਇਥੇ ਨਵਾਂ ਸਬ-ਸਟੇਸ਼ਨ ਉਸਾਰਨ ਦੀ ਕੋਈ ਜ਼ਰੂਰਤ ਨਹੀਂ। ਸਮਰਥਾ ਵਧਾਉਣ ਨਾਲ ਇਹ ਮਾਮਲਾ ਹੱਲ ਹੋ ਗਿਆ ਹੈ।

**ਸਰਦਾਰ ਭਾਗ ਸਿੰਘ ਮੱਲ੍ਹਾ :** ਸਪੀਕਰ ਸਾਹਿਬ, ਇਸ ਦੀ ਲਾਗਤ 1 ਕਰੋੜ 61 ਲੱਖ ਸੀ ਜਿਸ ਵਿਚ 60 ਲੱਖ ਰੁਪਿਆ ਖਰਚ ਹੋ ਚੁੱਕਾ ਹੈ। ਉਥੇ ਕੰਮ ਚਾਲੂ ਹੈ। ਇਹ ਕਹਿੰਦੇ ਹਨ ਕਿ 220 ਕੇ.ਵੀ. ਦੀ ਸਮਰਥਾ ਵਧਾ ਰਹੇ ਹਾਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਕੰਮ ਉਥੇ ਆਲਰੈਡੀ ਮੁਕੰਮਲ ਹੋ ਚੁੱਕਾ ਹੈ, ਉਸਦੀ ਜਿਹੜੀ ਸਥਾਪਨਾ ਹੋ ਚੁੱਕੀ ਹੈ, ਉਸਨੂੰ ਇਹ ਕੀ ਕਰਨਗੇ ?

*Original with;*
Punjab Vidhan Sabha
*Digitized by;*
Panjab Digital Library

**ਮੰਤਰੀ :** ਸਪੀਕਰ ਸਾਹਿਬ, ਬੜਾ ਸਾਫ ਜਵਾਬ ਹੈ ਕਿ ਜਿਹੜਾ ਪਹਿਲਾਂ ਸਬ-ਸਟੇਸ਼ਨ ਸੀ, ਉਸਦੀ ਅਸੀਂ ਸਮਰਥਾ ਵਧਾ ਦਿੱਤੀ ਹੈ ਤੇ ਸ਼ਹਿਰ ਦੀ ਲੋੜ ਪੂਰੀ ਕਰ ਦਿੱਤੀ ਗਈ ਹੈ। ਨਵਾਂ ਸਬ-ਸਟੇਸ਼ਨ ਸਥਾਪਿਤ ਕਰਨ ਦੀ ਕੋਈ ਲੋੜ ਹੀ ਨਹੀਂ।

**ਸ਼੍ਰੀ ਸਪੀਕਰ :** ਅਗਲਾ ਸਵਾਲ, ਸਰਦਾਰ ਵੀਰ ਸਿੰਘ ਲੋਪੋਕੇ।

---

## ਖਿਆਲਾ ਖੁਰਦ-ਭਿੱਟੇ ਵੱਡ ਲਿੰਕ ਸੜਕ ਦੀ ਮੁਰੰਮਤ

*457. (1) **ਸਰਦਾਰ ਵੀਰ ਸਿੰਘ ਲੋਪੋਕੇ**
(2) **ਡਾਕਟਰ ਰਤਨ ਸਿੰਘ** } : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਅੰਮ੍ਰਿਤਸਰ ਵਿਚ ਪਿੰਡਾਂ ਖਿਆਲਾ ਖੁਰਦ-ਬਰਾੜ-ਮਾਧੋਕੇ-ਕੁਹਾਲੀ ਅਤੇ ਭਿੱਟੇ ਵੱਡ ਨੂੰ ਮਿਲਾਉਂਦੀ ਸੜਕ ਦੀ ਮੁਰੰਮਤ ਪਿਛੇ ਕਿਸ ਸਾਲ ਵਿਚ ਕੀਤੀ ਗਈ ਸੀ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸੜਕ ਖਸਤਾ ਹਾਲਤ ਵਿਚ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਮੁਰੰਮਤ ਕਦੋਂ ਤਕ ਕਰਵਾਏ ਜਾਣ ਦੀ ਸੰਭਾਵਨਾ ਹੈ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** (ੳ) ਪਿੰਡਾਂ ਖਿਆਲਾ ਖੁਰਦ-ਬਰਾੜ-ਮਾਧੋਕੇ-ਕੁਹਾਲੀ ਅਤੇ ਭਿੱਟੇ ਵੱਡ, ਜ਼ਿਲ੍ਹਾ ਅੰਮ੍ਰਿਤਸਰ ਨੂੰ ਮਿਲਾਉਂਦੀ ਸੜਕ ਦੀ ਪਿਛਲੀ ਵਾਰ ਮੁਰੰਮਤ ਮਾਰਚ, 1996 ਵਿੱਚ ਕੀਤੀ ਗਈ ਸੀ।

(ਅ) ਹਾਂ ਜੀ, ਉਪਰੋਕਤ ਭਾਗ (ੳ) ਵਿੱਚ ਵਰਣਿਤ ਸੜਕ ਦੀ ਹਾਲਤ ਖਸਤਾ ਹੈ। ਲਿੰਕ ਸੜਕਾਂ ਦੀ ਮੁਰੰਮਤ ਸਬੰਧੀ ਪਾਲਿਸੀ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਜੋ ਪਾਲਿਸੀ ਨਿਸ਼ਚਿਤ ਹੋਵੇਗੀ ਉਸ ਅਨੁਸਾਰ ਇਸ ਸੜਕ ਦੀ ਮੁਰੰਮਤ ਸਬੰਧੀ ਕਾਰਵਾਈ ਕਰ ਲਈ ਜਾਵੇਗੀ।

**ਸਰਦਾਰ ਵੀਰ ਸਿੰਘ ਲੋਪੋਕੇ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ 10-12 ਪਿੰਡ ਹਨ। ਇਨ੍ਹਾਂ ਨੇ ਆਖਿਆ ਹੈ ਕਿ ਸੜਕ ਦੀ ਹਾਲਤ ਖਸਤਾ ਹੈ ਔਰ ਇਸ ਦੀ ਮੁਰੰਮਤ ਹੋਣ ਵਾਸਤੇ ਡੇਟ ਵੀ ਡਿਊ ਹੈ। ਕੀ ਮੰਤਰੀ ਜੀ ਇਸ ਸੜਕ ਦੀ ਪਹਿਲ ਦੇ ਆਧਾਰ ਤੇ ਮੁਰੰਮਤ ਕਰਾ ਦੇਣਗੇ ?

**ਸ਼੍ਰੀ ਸਪੀਕਰ :** ਇਹ ਪਹਿਲ ਦੇ ਅਧਾਰ ਤੇ ਮੁਰੰਮਤ ਕਰਾਉਣ ਵਾਸਤੇ ਪੁੱਛ ਰਹੇ ਹਨ।

**ਮੰਤਰੀ :** ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਹਾਲੇ ਮੀਟਿੰਗ ਵਿਚ ਸੜਕਾਂ ਦੀ ਮੁਰੰਮਤ ਸਬੰਧੀ ਪਾਲਿਸੀ ਬਣਨੀ ਹੈ। ਅਸੀਂ ਮੀਟਿੰਗ ਜਲਦੀ ਹੀ ਕਰ ਰਹੇ ਹਾਂ। ਇਹ ਗੱਲ ਬਿਲਕੁਲ ਠੀਕ ਹੈ ਕਿ ਇਸ ਸੜਕ ਦੀ ਹਾਲਤ ਇਸ ਵੇਲੇ ਕਾਫੀ ਮਾੜੀ ਹੈ ਤੇ ਇਸ ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇਗਾ ਤੇ ਫਾਈਨਾਂਸ਼ਲ ਇੰਤਜ਼ਾਮ ਕਰਕੇ ਅਸੀਂ ਖਸਤਾ ਹਾਲਤ ਵਾਲੀਆਂ ਸੜਕਾਂ ਨੂੰ ਠੀਕ ਕਰਾਵਾਂਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਵੀਰ ਸਿੰਘ ਲੋਪੋਕੇ** : ਇਹ ਜਿਹੜੀ ਪਾਲਿਸੀ ਬਣਨੀ ਹੈ, ਇਹ ਜਿਹੜੀਆਂ ਪਿਛਲੀਆਂ ਸੜਕਾਂ ਦੀ ਮੁਰੰਮਤ ਡਿਊ ਹੈ, ਉਨ੍ਹਾਂ ਵਾਸਤੇ ਬਣਨੀ ਹੈ ਜਾਂ ਅੱਗੇ ਵਾਸਤੇ ਜਿਹੜੀਆਂ ਮਾੜੀਆਂ-ਮੋਟੀਆਂ ਟੁੱਟੀਆਂ ਹੋਈਆਂ ਸੜਕਾਂ ਹਨ, ਉਨ੍ਹਾਂ ਵਾਸਤੇ ਬਣਨੀ ਹੈ ? ਕੀ ਇਹ 1995-96 ਵਾਲੀਆਂ ਖਸਤਾ ਹਾਲਤ ਸੜਕਾਂ ਨੂੰ ਪਹਿਲਾਂ ਬਣਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਪਾਲਿਸੀ ਵਿਚ ਸਾਰੀਆਂ ਗੱਲਾਂ ਆਉਂਦੀਆਂ ਹਨ। ਕੀ ਪੁਰਾਣੀਆਂ ਸੜਕਾਂ ਬਣਨੀਆਂ ਹਨ ਜਾਂ ਨਵੀਆਂ ਰੋਕਣੀਆਂ ਹਨ। ਇਹ ਗੱਲ ਠੀਕ ਹੈ ਕਿ 1994-95 ਵਾਲੀਆਂ ਸੜਕਾਂ ਅਜੇ ਸਾਡੇ ਕੋਲ 2605.7 ਕਿਲੋਮੀਟਰ ਡਿਊ ਹਨ ਜਿਨ੍ਹਾਂ ਤੇ 110 ਕਰੋੜ ਰੁਪਿਆ ਚਾਹੀਦਾ ਹੈ। ਅਸੀਂ 1994-95 ਵਾਲੀਆਂ ਮੁਰੰਮਤ ਕਰਨੀਆਂ ਹਨ ਜਾਂ 1995-96 ਵਾਲੀਆਂ ਕਰਨੀਆਂ ਹਨ, ਇਹ ਸੋਚਣ ਦੀ ਗੱਲ ਹੈ। ਬਾਕੀ, ਫਾਈਨਾਂਸ਼ਲ ਹਾਲਾਤ ਨੂੰ ਦੇਖਦੇ ਹੋਏ ਅਸੀਂ ਵੱਧ ਤੋਂ ਵੱਧ ਸੜਕਾਂ ਦੀ ਮੁਰੰਮਤ ਕਰਾਂਗੇ।

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪ੍ਰਧਾਨ ਮੰਤਰੀ ਯੋਜਨਾ ਦੇ ਤਹਿਤ ਮਾਨਸਾ ਜ਼ਿਲ੍ਹੇ ਵਿਚ ਬੁਢਲਾਡਾ ਲਈ ਸੜਕਾਂ ਚੌੜੀਆਂ ਹੋਣ ਲਈ ਸੈਂਕਸ਼ਨ ਹੋਈਆਂ ਹਨ। ਮੰਤਰੀ ਜੀ ਉਨ੍ਹਾਂ ਸੜਕਾਂ ਦੇ ਨਾਂ ਦੱਸਣ ਜਿਹੜੀਆਂ ਸੜਕਾਂ ਉਥੇ ਬਣ ਰਹੀਆਂ ਹਨ ?

**ਮੰਤਰੀ** : ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਜਿਹੜੀਆਂ ਸੜਕਾਂ ਪ੍ਰਧਾਨ ਮੰਤਰੀ ਪ੍ਰਾਜੈਕਟ ਦੇ ਅਧੀਨ ਆਉਂਦੀਆਂ ਹਨ, ਉਨ੍ਹਾਂ ਦਾ ਕੰਮ ਪੀ.ਡਬਡਯੂ.ਡੀ. ਕਰਦਾ ਹੈ, ਮੰਡੀ ਬੋਰਡ ਨਹੀਂ ਕਰਦਾ। ਦੂਜੀ ਗੱਲ ਇਹ ਹੈ ਕਿ ਇਨ੍ਹਾਂ ਨੇ ਆਪਣੇ ਸਵਾਲ ਵਿਚ ਸੜਕਾਂ ਦੇ ਨਾਂ ਨਹੀਂ ਸੀ ਪੁੱਛੇ। ਇਹ ਵੱਖਰਾ ਸਵਾਲ ਕਰਕੇ ਪੁੱਛ ਲੈਣ, ਅਸੀਂ ਪਤਾ ਕਰਵਾ ਕੇ ਦੱਸ ਦਿਆਂਗੇ। ਤੀਸਰੀ ਗੱਲ ਇਹ ਹੈ ਕਿ ਭਾਰਤ ਸਰਕਾਰ ਕੋਲੋਂ ਸਾਨੂੰ ਪੈਸਾ ਬਹੁਤ ਘੱਟ ਮਿਲਿਆ ਹੈ। ਉਥੋਂ ਜਿਹੜਾ ਪੈਸਾ ਮਿਲਦਾ ਹੈ, ਉਹ ਫਸਟ ਅਪਰੋਚ ਵਾਲੀਆਂ ਸੜਕਾਂ ਵਾਸਤੇ ਮਿਲਦਾ ਹੈ। ਪ੍ਰਧਾਨ ਮੰਤਰੀ ਪ੍ਰਾਜੈਕਟ ਅਧੀਨ ਉਨ੍ਹਾਂ ਸੜਕਾਂ ਵਾਸਤੇ ਹੀ ਪੈਸਾ ਦਿੱਤਾ ਜਾਂਦਾ ਹੈ, ਜਿਨ੍ਹਾਂ ਨੂੰ ਪਹਿਲਾਂ ਕੋਈ ਫਸਟ ਲਿੰਕ ਨਹੀਂ ਮਿਲਿਆ। ਇਸ ਤੋਂ ਇਲਾਵਾ ਉਨ੍ਹਾਂ ਦੇ ਆਬਾਦੀਆਂ ਦੀ ਗਿਣਤੀ ਦੇ ਨਾਰਮਜ਼ ਵੀ ਕੁਝ ਵੱਖਰੇ ਹਨ, ਜਿਸ ਕਰਕੇ ਸਾਡੀਆਂ ਆਬਾਦੀਆਂ ਉਨ੍ਹਾਂ ਨਾਰਮਜ਼ ਵਿਚ ਨਹੀਂ ਆਉਂਦੀਆਂ ਜਿਸ ਕਰਕੇ ਸਾਨੂੰ ਪੈਸਾ ਘੱਟ ਮਿਲਦਾ ਹੈ। ਫਿਰ ਵੀ ਅਸੀਂ ਗੌਰਮਿੰਟ ਆਫ ਇੰਡੀਆ ਨਾਲ ਮੈਟਰ ਟੇਕ-ਅਪ ਕਰ ਰਹੇ ਹਾਂ ਕਿ ਸਾਨੂੰ ਦੂਜੇ ਸੂਬਿਆਂ ਦੇ ਬਰਾਬਰ ਨਾ ਤੋਲੋ। ਕੁੱਲ ਮਿਲਾ ਕੇ ਪਿਛਲੇ ਸਮੇਂ ਵਿਚ ਸਾਨੂੰ ਸੈਂਟਰ ਤੋਂ ਪੈਸਾ ਬਹੁਤ ਘੱਟ ਮਿਲਿਆ ਹੈ, ਇਹ ਸਿਰਫ ਸਾਨੂੰ 93 ਕਰੋੜ ਰੁਪਿਆ ਹੀ ਮਿਲਿਆ ਹੈ।

---

## ਠੱਠੀ-ਰਣੀਏ-ਕੇ ਲਿੰਕ ਸੜਕ ਦੀ ਮੁਰੰਮਤ

*458. (1) **ਸਰਦਾਰ ਵੀਰ ਸਿੰਘ ਲੋਪੋਕੇ**
(2) **ਡਾਕਟਰ ਰਤਨ ਸਿੰਘ** } : ਕੀ ਖੇਤੀਬਾੜੀ ਮੰਤਰੀ ਕਿਰਪਾ

ਕਰਕੇ ਦੱਸਣਗੇ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਪਿੰਡਾਂ ਠੱਠੀ-ਸਿੱਧਵਾਂ-ਭੰਗਵਾਂ-ਕੁਮਾਸਕਾ ਅਤੇ ਰਣੀਏ-ਕੇ ਨੂੰ ਮਿਲਾਉਂਦੀ ਸੜਕ ਦੀ ਮੁਰੰਮਤ ਪਿਛੇ ਕਿਸ ਸਾਲ ਕੀਤੀ ਗਈ ਸੀ ਅਤੇ ਇਸ ਦੀ ਦੁਬਾਰਾ ਮੁਰੰਮਤ ਕਿਸ ਸਾਲ ਡਿਊ ਸੀ ਅਤੇ ਉਸ ਸਮੇਂ ਉਕਤ ਸੜਕ ਦੀ ਮੁਰੰਮਤ ਨਾ ਕਰਵਾਉਣ ਦੇ ਕਾਰਣ ਕੀ ਸਨ ?

Original with;
Punjab Vidhan Sabha
Digitized by;
Panjab Digital Library

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਪਿੰਡਾਂ ਠੱਠੀ-ਸਿੱਧਵਾਂ-ਭੰਗਵਾਂ-ਕੁਮਾਸਕਾ ਅਤੇ ਰਣੀਏ-ਕੇ, ਜ਼ਿਲ੍ਹਾ ਅੰਮ੍ਰਿਤਸਰ ਨੂੰ ਮਿਲਾਉਂਦੀ ਸੜਕ ਦੀ ਪਿਛਲੀ ਵਾਰ ਮੁਰੰਮਤ ਜੂਨ, 1996 ਵਿੱਚ ਕੀਤੀ ਗਈ ਸੀ। ਇਸ ਸੜਕ ਦੀ ਮੁਰੰਮਤ ਜੂਨ, 2002 ਵਿੱਚ ਡਿਊ ਸੀ ਪਰ ਫੰਡਾਂ ਦੀ ਘਾਟ ਕਾਰਨ ਇਸ ਦੀ ਮੁਰੰਮਤ ਕਰਵਾਉਣ ਲਈ ਕੋਈ ਤਜਵੀਜ਼ ਤਿਆਰ ਨਹੀਂ ਕੀਤੀ ਗਈ ਸੀ ਅਤੇ ਹੁਣ ਇਹ ਸੜਕ ਬਾਰਡਰ ਰੋਡਜ਼ (ਗਰੈਫ), ਭਾਰਤ ਸਰਕਾਰ ਨੂੰ ਤਬਦੀਲ ਹੋ ਚੁਕੀ ਹੈ।

**ਸਰਦਾਰ ਵੀਰ ਸਿੰਘ ਲੋਪੋਕੇ** : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ ਇਹ ਸੜਕ ਹੁਣ ਬਾਰਡਰ ਰੋਡਜ਼, ਭਾਰਤ ਸਰਕਾਰ ਨੂੰ ਤਬਦੀਲ ਹੋ ਚੁੱਕੀ ਹੈ। ਉਹ ਇਹ ਸੜਕ ਕਦੋਂ ਬਣਾਉਣਗੇ, ਕੀ ਇਸ ਦੇ ਬਾਰੇ ਇਨ੍ਹਾਂ ਨੂੰ ਕੋਈ ਜਾਣਕਾਰੀ ਹੈ ?

**ਮੰਤਰੀ** : ਸਪੀਕਰ ਸਾਹਿਬ, ਭਾਰਤ ਸਰਕਾਰ ਨੇ ਇਹ ਸੜਕ ਕਦੋਂ ਬਣਾਉਣੀ ਹੈ, ਇਸ ਦਾ ਤਾਂ ਮੇਰੇ ਨਾਲੋਂ ਜ਼ਿਆਦਾ ਇਨ੍ਹਾਂ ਨੂੰ ਪਤਾ ਹੋਣਾ ਹੈ। ਬਾਰਡਰ ਜ਼ਿਲ੍ਹਿਆਂ ਵਿਚ ਜਿਹੜੀਆਂ ਸੜਕਾਂ ਆਰਮੀ ਕੋਲ ਆਉਂਦੀਆਂ ਹਨ, ਉਨ੍ਹਾਂ ਦੀ ਪਲੈਨਿੰਗ ਵੀ ਉਹੀ ਕਰਦੇ ਹਨ ਅਤੇ ਉਨ੍ਹਾਂ ਵਾਸਤੇ ਫੰਡਜ਼ ਵੀ ਉਹੀ ਦਿੰਦੇ ਹਨ। ਇਨ੍ਹਾਂ ਸੜਕਾਂ ਬਾਰੇ ਅਸੀਂ ਭਾਰਤ ਸਰਕਾਰ ਨੂੰ ਅਪਰੋਚ ਕਰਾਂਗੇ ਕਿ ਉਹ ਪੂਰਾ ਯਤਨ ਕਰਕੇ ਤਰਜੀਹ ਦੇ ਆਧਾਰ ਤੇ ਇਨ੍ਹਾਂ ਸੜਕਾਂ ਨੂੰ ਜਲਦੀ ਬਣਾ ਦੇਵੇ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਪਹਿਲਾਂ ਕਿਹਾ ਹੈ ਕਿ ਸੜਕਾਂ ਬਾਰੇ ਅਸੀਂ ਹਾਲੇ ਪਾਲਿਸੀ ਬਣਾਉਣੀ ਹੈ ਅਤੇ ਉਸ ਦੇ ਵਾਸਤੇ ਅਸੀਂ ਜਲਦੀ ਮੀਟਿੰਗ ਕਰ ਰਹੇ ਹਾਂ, ਪਲੈਨਿੰਗ ਕਰ ਰਹੇ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਬਣੀ ਨੂੰ ਇਕ ਸਾਲ ਹੋ ਗਿਆ ਹੈ, ਹਾਲੇ ਤਕ ਨਾ ਕੋਈ ਸੜਕ ਬਣੀ ਹੈ, ਨਾ ਪਲੈਨਿੰਗ ਬਣੀ ਹੈ ਅਤੇ ਨਾ ਪਾਲਿਸੀ ਬਣੀ ਹੈ। ਕੀ ਮੰਤਰੀ ਜੀ ਦੱਸਣਗੇ ਕਿ ਪਿਛਲੇ ਇਕ ਸਾਲ ਦੇ ਦੌਰਾਨ ਕਿਸੇ ਵੀ ਸੜਕ ਦਾ ਨਿਰਮਾਣ ਕਿਉਂ ਨਹੀਂ ਕੀਤਾ ਗਿਆ ?

**ਮੰਤਰੀ** : ਸਪੀਕਰ ਸਾਹਿਬ, ਪਿਛਲੇ 5 ਵਰ੍ਹਿਆਂ ਵਿਚ ਇਸ ਤਰੀਕੇ ਨਾਲ. . . . .

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੇਰਾ ਸਵਾਲ ਸਿਰਫ ਪਿਛਲੇ ਇਕ ਸਾਲ ਬਾਰੇ ਹੈ . . . . . .

**ਸ਼੍ਰੀ ਸਪੀਕਰ** : ਤੁਸੀਂ ਪਹਿਲਾਂ ਉਨ੍ਹਾਂ ਨੂੰ ਬੋਲ ਤਾਂ ਲੈਣ ਦਿਓ। ਐਨੇ ਕਾਹਲੇ ਨਾ ਪਿਆ ਕਰੋ।

**ਮੰਤਰੀ** : ਸਪੀਕਰ ਸਾਹਿਬ, ਇਹ ਪਿਛਲੇ ਸਾਲ ਦੀ ਗੱਲ ਕਰ ਰਹੇ ਹਨ। ਇਸ ਸਮੇਂ ਦੇ ਦੌਰਾਨ ਜਿਹੜਾ ਕੰਮ ਚੱਲ ਰਿਹਾ ਸੀ, ਉਸ ਦੇ ਵਿਚ ਸਾਡੀ ਫਸਟ ਪ੍ਰਾਇਰਟੀ ਸੀ ਕਿ ਪੁਲੀਟੀਕਲ ਕੰਸਿਡਰੇਸ਼ਨ ਤੋਂ ਉਪਰ ਉਠ ਕੇ ਕੰਮ ਕੀਤਾ ਜਾਵੇ ਜਿਸ ਨੂੰ ਕਿ ਇਨ੍ਹਾਂ ਨੇ ਆਪਣੇ ਰਾਜ ਵੇਲੇ ਸ਼ੁਰੂ ਕੀਤਾ ਸੀ। ਇਸ ਸਮੇਂ ਦੌਰਾਨ ਅਸੀਂ 1665.75 ਕਿਲੋਮੀਟਰ ਲੰਬੀਆਂ ਸੜਕਾਂ ਦਾ ਕੰਮ ਪੂਰਾ ਕੀਤਾ ਜਿਸ ਦੇ ਉਪਰ 129.32 ਕਰੋੜ ਰੁਪਿਆ ਖਰਚ ਆਇਆ। ਇਨ੍ਹਾਂ ਦਾ ਕੰਮ ਨੀਅਰ ਅਬਾਊਟ ਕੰਪਲੀਟ ਹੋ ਚੁੱਕਿਆ ਹੈ। ਅਸੀਂ ਇਹ ਨਹੀਂ ਕੀਤਾ ਕਿ ਪਹਿਲਾਂ ਬਣੀਆਂ ਸੜਕਾਂ ਨੂੰ ਛੱਡ ਦੇਈਏ ਅਤੇ ਨਵਾਂ ਕੰਮ ਸ਼ੁਰੂ ਕਰ ਦੇਈਏ। ਜਿਹੜੀ ਹੁਣ ਪਾਲਿਸੀ ਅਸੀਂ ਬਣਾਉਣੀ ਹੈ, ਉਸ ਦੇ ਵਿਚ ਪਹਿਲਾਂ ਬਣੀਆਂ ਹੋਈਆਂ

Original with;
Punjab Vidhan Sabha
Digitized by;
Panjab Digital Library

ਸੜਕਾਂ ਨੂੰ ਵੀ ਠੀਕ ਕਰਨਾ ਹੈ ਅਤੇ ਇਹ ਵੀ ਵੇਖਣਾ ਹੈ ਕਿ ਨਵੀਆਂ ਸੜਕਾਂ ਬਣਾਉਣ ਦੀ ਗੁੰਜਾਇਸ਼ ਹੈ ਜਾਂ ਨਹੀਂ। ਅਗਰ 1994 ਤੋਂ 1997 ਤੱਕ ਦਾ ਹਿਸਾਬ ਲਾਈਏ ਤਾਂ ਇਹ ਸੜਕਾਂ ਦੀ ਲੰਬਾਈ 12970.69 ਕਿਲੋਮੀਟਰ ਬਣਦੀ ਹੈ ਜਿਸ ਵਾਸਤੇ 575.73 ਕਰੋੜ ਰੁਪਿਆ ਚਾਹੀਦਾ ਹੈ। ਸਾਡੇ ਕੋਲ ਇਸ ਵੇਲੇ ਸਿਚੂਏਸ਼ਨ ਜੋ ਪੈਸੇ ਦੀ ਹੈ ਜੇਕਰ ਇਸ ਵਿੱਚ ਆਰ.ਡੀ.ਐਫ. ਦਾ ਪੈਸਾ ਵੀ ਵਿੱਚ ਪਾ ਲਈਏ ਅਤੇ ਸਾਨੂੰ ਹੋਰ ਕਿਸੇ ਪਾਸੇ ਪੈਸਾ ਨਾ ਦੇਣਾ ਪਵੇ ਤਾਂ ਵੀ ਸਾਡੇ ਕੋਲ 230 ਜਾਂ 250 ਕਰੋੜ ਰੁਪਿਆ ਹੀ ਆਉਂਦਾ ਹੈ। ਹੁਣ ਅਸੀਂ ਸੋਚਣਾ ਹੈ ਕਿ ਸਾਨੂੰ 500 ਕਰੋੜ ਰੁਪਿਆ ਚਾਹੀਦਾ ਹੈ। ਉਸ ਵਿੱਚੋਂ ਅਸੀਂ ਦੇਖ ਰਹੇ ਹਾਂ ਕਿ 1994-95 ਵਾਲੀਆਂ ਸੜਕਾਂ ਪੂਰੀਆਂ ਕਰਨੀਆਂ ਹਨ ਜਾਂ 1995-96 ਵਾਲੀਆਂ ਪੂਰੀਆਂ ਕਰੀਏ ਜਾਂ ਰਿਪੇਅਰ ਕਰੀਏ। ਨਵੀਆਂ ਸੜਕਾਂ ਬਣਾਉਣ ਦਾ ਤਾਂ ਹਾਲੇ ਸਵਾਲ ਹੀ ਪੈਦਾ ਨਹੀਂ ਹੁੰਦਾ। ਜਿਨ੍ਹਾਂ ਸੜਕਾਂ ਦੀ ਹਾਲਤ ਖਸਤਾ ਹੈ ਭਾਵੇਂ ਉਹ 1995-96 ਵਿੱਚ ਬਣੀ ਹੈ, ਉਸਦੇ ਕੀ ਕਾਰਨ ਹਨ, ਇਸ ਵਾਸਤੇ ਅਸੀਂ ਫੀਲਡ ਵਿੱਚ ਆਪਣੇ ਅਫਸਰ ਲਗਾਏ ਹਨ ਜਿਹੜੇ ਇਸ ਗੱਲ ਦਾ ਪਤਾ ਕਰਨਗੇ ਅਤੇ ਉਹ ਆਨ ਮੈਰਿਟ ਸਿਚੂਏਸ਼ਨ ਲੈ ਕੇ ਆਉਣਗੇ ਅਤੇ ਪੈਸੇ ਦਾ ਵੀ ਬੰਦੋਬਸਤ ਕਰਨਾ ਹੈ, ਉਨ੍ਹਾਂ ਵੱਲੋਂ ਰਿਪੋਰਟ ਆਉਣ ਤੋਂ ਬਾਅਦ ਹੀ ਅਸੀਂ ਇਸ ਬਾਰੇ ਸੋਚ ਸਕਾਂਗੇ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੰਤਰੀ ਸਾਹਿਬਾ ਨੇ ਕਿਹਾ ਹੈ ਕਿ ਅਸੀਂ ਸੋਚਣਾ ਹੈ, ਫੈਸਲਾ ਕਰਨਾ ਹੈ। ਅਸੀਂ ਆਮ ਤੌਰ ਤੇ ਦੇਖਿਆ ਹੈ ਕਿ ਸਰਕਾਰ ਦੇ ਜਵਾਬ ਇਹੀ ਹੁੰਦੇ ਹਨ ਕਿ ਜੀ ਸਾਡੇ ਕੋਲ ਪੈਸਾ ਨਹੀਂ ਹੈ। ਇਕ ਸਾਲ ਹੋ ਗਿਆ ਹੈ, ਪੈਸਾ ਜੋੜਣ ਦੀ ਸਮਰੱਥਾ ਇਨ੍ਹਾਂ ਦੀ ਹੈ ਨਹੀਂ। ਜੇ ਇਹ ਕੁਝ ਨਹੀਂ ਕਰ ਸਕਦੇ ਤਾਂ ਇਹ ਉਂਝ ਹੀ ਹੱਥ ਖੜ੍ਹੇ ਕਰ ਦੇਣ ਤਾਂ ਚੰਗਾ ਹੈ। ਲੇਕਿਨ, ਸਪੀਕਰ ਸਾਹਿਬ, ਕੀ ਮੈਂ ਸਵਾਲ ਕਰ ਸਕਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਜਿਹੜੀਆਂ ਪਿਛਲੇ ਸਾਲ ਵਿੱਚ ਅਸੀਂ ਸੜਕਾਂ ਬਣਾਈਆਂ, ਉਨ੍ਹਾਂ ਵਿੱਚੋਂ ਜਿਹੜੇ ਸਾਡੀ ਸਰਕਾਰ ਨੇ 30 ਜੂਨ ਤੱਕ ਦੀਆਂ ਸੜਕਾਂ ਮਨਜ਼ੂਰ ਕਰਕੇ ਪੈਸੇ ਜਮ੍ਹਾਂ ਕੀਤੇ ਗਏ ਹਨ ਜਿਹੜੀਆਂ ਇਨ੍ਹਾਂ ਨੇ ਵੇਰਵਾ ਦਿੱਤਾ ਉਹ ਉਨ੍ਹਾਂ ਵਿਚੋਂ ਕਿੰਨੀਆਂ ਕੁ ਹਨ ? ਉਸ ਤੋਂ ਇਲਾਵਾ, ਇਨ੍ਹਾਂ ਦੀ ਸਰਕਾਰ ਵੱਲੋਂ ਸਪੱਸ਼ਟ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੀਆਂ ਸੜਕਾਂ ਸ਼ੁਰੂ ਕੀਤੀਆਂ ਗਈਆਂ, ਕਿੰਨੇ ਪੈਸੇ ਦਿੱਤੇ ਗਏ ਅਤੇ ਕਿਹੜੀ ਸੜਕ ਕਿੰਨੇ ਕਿਲੋਮੀਟਰ ਬਣੀ ?

**ਮੰਤਰੀ** : ਸਪੀਕਰ ਸਾਹਿਬ, ਮੈਂ ਕਹਿਣਾ ਤਾਂ ਨਹੀਂ ਸੀ ਚਾਹੁੰਦੀ ਲੇਕਿਨ ਮੈਨੂੰ ਇਹ ਮਜਬੂਰ ਕਰ ਰਹੇ ਹਨ, ਇਸ ਲਈ ਮੈਨੂੰ ਇਹ ਕਹਿਣਾ ਪੈ ਰਿਹਾ ਹੈ ਕਿ ਹਾਲੇ ਤੱਕ ਇਨ੍ਹਾਂ ਦੇ ਬੀਜੇ ਹੋਏ ਕੰਡੇ ਹੀ ਅਸੀਂ ਚੁਗ ਰਹੇ ਹਾਂ। ਪਿਛਲੇ ਸਮੇਂ ਵਿੱਚ ਜਿਹੜਾ ਹੋਇਆ, ਉਹ ਅੱਜ ਤੱਕ ਨਹੀਂ ਹੋਇਆ, ਸਾਨੂੰ ਆਰ.ਡੀ.ਐਫ. ਬਾਰੇ ਪਹਿਲਾਂ ਕਿਹਾ ਗਿਆ ਕਿ 567 ਕਰੋੜ ਰੁਪਏ ਲੈਣੇ ਆਂ, ਸੜਕਾਂ ਬਣਾਵਾਂਗੇ, ਫਿਰ ਉਸ ਤੋਂ ਬਾਅਦ ਇਲੈਕਸ਼ਨ ਨੇੜੇ ਆ ਗਈ। 20-20 ਕਿਲੋਮੀਟਰ ਜਿਹੜੀ ਪਿਛਲੇ ਸਮੇਂ ਵਿੱਚ ਅਸੀਂ 14 ਕੁ ਮੈਂਬਰ ਇਥੇ ਹਾਊਸ ਵਿੱਚ ਸੀ ਅਸੀਂ ਤਾਂ, ਸਪੀਕਰ ਸਾਹਿਬ, ਇਥੇ ਕਾਲੇ ਚੋਗੇ ਪਾ ਕੇ ਵਿਧਾਨ ਸਭਾ ਵਿੱਚ 12 ਦਿਨ ਫਿਰਦੇ ਰਹੇ ਪਰ ਇਨ੍ਹਾਂ ਨੇ ਸਾਡੇ ਇਲਾਕਿਆਂ ਵਿੱਚ ਇਕ ਵੀ ਕਿਲੋਮੀਟਰ ਸੜਕ ਨਹੀਂ ਬਣਾਈ। ਸਾਡੇ ਨਾਲ ਵਿਤਕਰਾ ਕੀਤਾ ਗਿਆ ਪਰ ਅਸੀਂ ਤਾਂ ਇਸ ਤਰ੍ਹਾਂ ਦਾ ਕੋਈ ਵਿਤਕਰਾ ਨਹੀਂ ਕੀਤਾ। ਅਸੀਂ ਤਾਂ ਵੱਡਾ ਦਿਲ ਰੱਖਦੇ ਹਾਂ ਅਸੀਂ ਕੰਮ ਚਲਾਏ ਹਨ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਅਸੀਂ ਉਸ ਕਰਜ਼ੇ ਦੀ ਹੱਦ ਹੋਰ ਵਧਾਈ ਹੈ ਅਤੇ ਹੁਣ ਇਹ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

ਕਰਜ਼ਾ 860 ਕਰੋੜ ਰੁਪਏ ਹੋਰ ਲਿਆ ਹੈ। ਅਸੀਂ ਕਰਜ਼ਾ ਵੀ ਉਤਾਰ ਰਹੇ ਹਾਂ। ਪਹਿਲੀ ਜਿਹੜੀ ਕਿਸ਼ਤ 100 ਕਰੋੜ ਰੁਪਿਆ ਸੀ, ਹੁਣ ਉਹ 200 ਕਰੋੜ ਰੁਪਿਆ ਹੋ ਗਈ ਹੈ। ਇਨ੍ਹਾਂ ਨੇ ਉਹ ਸਾਰਾ ਪੈਸਾ ਸੰਗਤ ਦਰਸ਼ਨਾਂ ਵਿੱਚ ਹੀ ਲਗਾ ਦਿੱਤਾ ਹੋਰ ਕੁਝ ਨਹੀਂ ਕੀਤਾ। ਜੇਕਰ ਉਹ ਪੈਸਾ ਪਿਆ ਹੁੰਦਾ ਤਾਂ ਅਸੀਂ ਆਰ.ਡੀ.ਐਫ. ਵਿੱਚ ਵਰਤ ਕੇ ਕਾਫੀ ਕੁਝ ਕਰ ਲੈਣਾ ਸੀ। ਮੈਂ ਇਹ ਗੱਲ ਕਹਿਣਾ ਚਾਹੁੰਦੀ ਹਾਂ ਕਿ ਸਾਡੀ ਪਾਰਟੀ ਇਕ ਜ਼ਿੰਮੇਵਾਰ ਪਾਰਟੀ ਹੈ। ਸਾਡੀ ਪਾਰਟੀ ਦੀ ਸਰਕਾਰ ਨੇ ਬਿਨਾਂ ਕਿਸੇ ਪੱਖ ਪਾਤ ਤੋਂ ਸੜਕਾਂ ਬਣਾਉਣੀਆਂ ਸ਼ੁਰੂ ਕੀਤੀਆਂ ਹਨ, ਅਸੀਂ ਇਸ ਵਾਸਤੇ ਪੱਕਾ ਮਨ ਬਣਾਇਆ ਹੋਇਆ ਹੈ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਬੀਬੀ ਜੀ ਨੇ ਕੰਡੇ ਚੁਗਣ ਦੀ ਗੱਲ ਕੀਤੀ ਹੈ।

**ਸ੍ਰੀ ਸਪੀਕਰ** : ਤੁਸੀਂ ਸੁਣਨਾ ਚਾਹੁੰਦੇ ਹੋ, ਤਾਂ ਹੀ ਉਨ੍ਹਾਂ ਨੇ ਕਿਹਾ ਹੈ। (ਹਾਸਾ)

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੈਂ ਕਹਿਣਾ ਤਾਂ ਨਹੀਂ ਚਾਹੁੰਦਾ (ਹਾਸਾ) ਮੇਰਾ ਖਿਆਲ ਹੈ ਕਿ ਪਤਾ ਨਹੀਂ ਕਿੰਨੇ ਕੁ ਸਾਲ ਹਾਲੇ ਇਹ ਹੋਰ ਕੰਡੇ ਚੁਗਣਗੇ ਪਰ ਮੈਨੂੰ ਲੱਗਦਾ ਹੈ ਕਿ ਜਿਹੜੀ ਸੱਤਾਧਾਰੀ ਧਿਰ ਹੈ, ਇਨ੍ਹਾਂ ਦੀਆਂ ਸੀਟਾਂ ਅਤੇ ਇਨ੍ਹਾਂ ਦੀਆਂ ਸ਼ਕਲਾ ਦੇਖ ਕੇ ਨਹੀਂ ਲੱਗਦਾ ਕਿ ਇਹ ਕੰਡੇ ਚੁਗਦੇ ਹਨ। ਇਹ ਮੌਜ ਮਾਣ ਰਹੇ ਹਨ। ਖੈਰ, ਸਪੀਕਰ ਸਾਹਿਬ, ਗੱਲ ਇਹ ਹੈ ਕਿ ਮੰਤਰੀ ਜੀ ਨੇ ਤਾਂ ਪੁਲੀਟੀਕਲ ਸਟੇਟਮੈਂਟ ਕਰ ਦਿੱਤੀ ਲੇਕਿਨ ਮੇਰੇ ਸਵਾਲ ਦਾ ਜਵਾਬ ਫਿਰ ਟਾਲ ਗਏ। ਇਸ ਹਾਊਸ ਵਿੱਚ ਮੈਨੂੰ ਮੇਰੇ ਸਵਾਲ ਦਾ ਜਵਾਬ ਨਹੀਂ ਮਿਲਿਆ। ਮੇਰਾ ਸਵਾਲ ਹੈ ਕਿ ਇਨ੍ਹਾਂ ਦੀ ਸਰਕਾਰ ਵੇਲੇ ਕੀ ਇਹ ਕੰਡੇ ਹੀ ਚੁਗਦੇ ਰਹੇ, ਇਹ ਪਲਾਨਿੰਗਾਂ ਹੀ ਕਰਦੇ ਰਹੇ, ਮੀਟਿੰਗਾਂ ਹੀ ਕਰਦੇ ਰਹੇ, ਸਲਾਹਾਂ ਕਰਦੇ ਰਹੇ ? ਇਸ ਬਾਰੇ ਮੈਨੂੰ ਦੱਸ ਦੇਣ ਕਿ ਪਿਛਲੇ ਸਾਲ ਵਿੱਚ ਕਿਹੜੀ ਸੜਕ ਸ਼ੁਰੂ ਕਰਵਾਈ ਹੈ ? ਜਿਹੜੇ ਇਨ੍ਹਾਂ ਨੇ ਵੇਰਵੇ ਦਿੱਤੇ ਹਨ, ਉਹ ਸੜਕਾਂ ਤਾਂ ਸਾਡੇ ਵੇਲੇ ਸ਼ੁਰੂ ਹੋਈਆਂ ਹਨ।

**ਮੰਤਰੀ** : ਸਪੀਕਰ ਸਾਹਿਬ, ਮੈਂ ਕੱਲ੍ਹ ਦੀ ਦੇਖ ਰਹੀ ਹਾਂ ਕਿ ਮੇਰੇ ਭਰਾ ਕੈਪਟਨ ਕੰਵਲਜੀਤ ਸਿੰਘ ਕਹਿ ਰਹੇ ਹਨ ਕਿ ਤੁਸੀਂ ਇਕ ਕਿਲੋਮੀਟਰ ਸੜਕ ਬਾਰੇ ਦੱਸ ਦਿਓ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਮੈਨੂੰ ਇਸੇ ਕਰਕੇ ਕੱਲ੍ਹ ਇਕ ਸਵਾਲ ਦੀ ਐਕਸਟੈਨਸ਼ਨ ਲੈਣੀ ਪਈ ਸੀ ਕਿਉਂਕਿ ਸਾਰੇ ਪੰਜਾਬ ਦਾ ਰਿਕਾਰਡ ਬਣਾਉਣ ਵਾਸਤੇ ਸਮਾਂ ਲੈਣਾ ਪੈਣਾ ਸੀ। ਮੈਂ ਤੁਹਾਡੀ ਇਕ ਕਿਲੋਮੀਟਰ ਸੜਕ ਨਹੀਂ, ਮੈਂ 100 ਕਿਲੋਮੀਟਰ ਸੜਕਾਂ ਬਾਰੇ ਦੱਸਾਂਗੀ।

---

### ਰਾਜ ਵਿਚ ਸ਼ਗਨ ਸਕੀਮ

*493. **ਸਰਦਾਰ ਸੁਰਜੀਤ ਸਿੰਘ ਰੱਖੜਾ** : ਕੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਸ਼ਗਨ ਸਕੀਮ ਜਿਹੜੀ ਕਿ ਪਿਛਲੀ ਸਰਕਾਰ ਦੁਆਰਾ ਸ਼ੁਰੂ ਕੀਤੀ ਗਈ ਸੀ, ਹੁਣ ਬੰਦ ਕਰ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਕਾਰਨ ਕੀ ਹਨ ?

Original with;
Punjab Vidhan Sabha
Digitized by;

**ਸਰਦਾਰ ਜੋਗਿੰਦਰ ਸਿੰਘ ਮਾਨ :** ਸ੍ਰੀਮਾਨ ਜੀ, ਸ਼ਗਨ ਸਕੀਮ ਨੂੰ ਰਾਜ ਵਿਚ ਬੰਦ ਕਰਨ ਬਾਰੇ ਸਰਕਾਰ ਦੀ ਪੱਧਰ ਤੇ ਅਜੇ ਕੋਈ ਫੈਸਲਾ ਨਹੀਂ ਲਿਆ ਗਿਆ।

**ਸਰਦਾਰ ਸੁਰਜੀਤ ਸਿੰਘ ਰੱਖੜਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸ਼ਗਨ ਸਕੀਮ ਅਧੀਨ ਕਿੰਨੇ ਪੈਸੇ ਦਿੱਤੇ ਗਏ ਹਨ ਅਤੇ ਕਿੰਨੇ ਬਕਾਇਆ ਹਨ ?

**ਮੰਤਰੀ :** ਸਰ, ਇਹ ਵੇਰਵਾ ਮੇਰੇ ਪਾਸ ਨਹੀਂ ਹੈ। ਮੈਂ ਇਨ੍ਹਾਂ ਨੂੰ ਇਹ ਵੇਰਵਾ ਦੇ ਦਿਆਂਗਾ।

**Mr. Speaker :** I postpone the supplementaries to this question for 25th March, 2003. Next question.

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ. . . . . .

**Mr. Speaker :** I have called for the next question. ਮੰਤਰੀ ਜੀ ਇਨਫਰਮੇਸ਼ਨ ਲੈ ਕੇ ਆਉਣਗੇ। ਹਾਂ ਜੀ, ਸਰਦਾਰ ਨਿਰਮਲ ਸਿੰਘ ਜੀ।

---

**ਸਬ-ਤਹਿਸੀਲ ਸ਼ੁਤਰਾਣਾ ਵਿਚ ਬੁਢਾਪਾ/ਵਿਧਵਾ/ਅਪਾਹਜ ਪੈਨਸ਼ਨਰਾਂ ਦੀ ਗਿਣਤੀ**

*513. **ਸਰਦਾਰ ਨਿਰਮਲ ਸਿੰਘ :** ਕੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਸਬ-ਤਹਿਸੀਲ ਸ਼ੁਤਰਾਣਾ, ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ ਵਿਚ ਬੁਢਾਪਾ/ਵਿਧਵਾ/ਅਪਾਹਜ ਪੈਨਸ਼ਨਰਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਲਾਭਪਾਤਰਾਂ ਨੂੰ ਕਿੰਨੇ ਸਮੇਂ ਤੱਕ ਪੈਨਸ਼ਨਾਂ ਦੀ ਅਦਾਇਗੀ ਕਰ ਦਿੱਤੀ ਗਈ ਹੈ ?

**ਸਰਦਾਰ ਜੋਗਿੰਦਰ ਸਿੰਘ ਮਾਨ :** (ੳ) ਸਬ-ਤਹਿਸੀਲ ਸ਼ੁਤਰਾਣਾ, ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ ਵਿੱਚ ਬੁਢਾਪਾ/ਵਿਧਵਾ/ਅਪਾਹਜ ਪੈਨਸ਼ਨਰਾਂ ਦੀ ਕੁੱਲ ਗਿਣਤੀ ਅਨੁਲੱਗ "ੳ" ਅਨੁਸਾਰ ਹੈ ਜੀ।

(ਅ) ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਅਤੇ ਅਪਾਹਜ ਪੈਨਸ਼ਨ ਸਕੀਮ ਦੇ ਲਾਭਪਾਤਰੀਆਂ ਨੂੰ ਹੇਠ ਲਿਖੇ ਅਨੁਸਾਰ ਪੈਨਸ਼ਨਾਂ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ਜੀ।

| ਲੜੀ ਨੰ: | ਸਕੀਮ ਦਾ ਨਾਂ | ਪੈਨਸ਼ਨ ਭੇਜਣ ਦਾ ਸਮਾਂ |
|---|---|---|
| 1 | ਬੁਢਾਪਾ ਪੈਨਸ਼ਨ | ਜੁਲਾਈ, 2002 ਤੱਕ |
| 2 | ਵਿਧਵਾ ਪੈਨਸ਼ਨ | ਜੁਲਾਈ, 2002 ਤੱਕ |
| 3 | ਅਪਾਹਜ ਪੈਨਸ਼ਨ | ਅਗਸੱਤ, 2002 ਤੱਕ |

Original with;
Punjab Vidhan Sabha
Digitized by;
Panjab Digital Library

[ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ]

ਅਨੁਲੱਗ—"ੳ"

| ਲੜੀ ਨੰ: | ਸਕੀਮ ਦਾ ਨਾਂ | ਲਾਭਪਾਤਰੀਆਂ ਦੀ ਕੁੱਲ ਗਿਣਤੀ |
|---|---|---|
| 1 | ਬੁਢਾਪਾ ਪੈਨਸ਼ਨ | 2711 |
| 2 | ਵਿਧਵਾ ਪੈਨਸ਼ਨ | 563 |
| 3 | ਅਪਾਹਜ ਪੈਨਸ਼ਨ | 120 |

**ਸਰਦਾਰ ਨਿਰਮਲ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿੰਨਿਆਂ ਬੰਦਿਆਂ ਨੂੰ ਬੁਢਾਪਾ ਪੈਨਸ਼ਨ, ਕਿੰਨਿਆਂ ਨੂੰ ਵਿਧਵਾ ਪੈਨਸ਼ਨ ਅਤੇ ਕਿੰਨਿਆਂ ਨੂੰ ਅਪਾਹਜ ਪੈਨਸ਼ਨ ਦਿੱਤੀ ਗਈ ਹੈ ?

**ਮੰਤਰੀ** : ਸਰ, ਸਟੇਟ ਦੀ ਫਿਗਰ ਮੈਂ ਦੱਸ ਦਿੰਦਾ ਹਾਂ। ਬੁਢਾਪਾ ਪੈਨਸ਼ਨ 7,34,580 ਬੰਦਿਆਂ ਨੂੰ, ਵਿਧਵਾ ਪੈਨਸ਼ਨ 1,05,948 ਲਾਭਪਾਤਰੀਆਂ ਨੂੰ, 1,33,433 ਆਸ਼ਰਿਤ ਬੱਚਿਆਂ ਨੂੰ ਅਤੇ 4,143 ਅਪੰਗ ਵਿਅਕਤੀਆਂ ਨੂੰ ਪੈਨਸ਼ਨ ਦਿੱਤੀ ਗਈ ਹੈ। ਇਹ ਕੁੱਲ ਗਿਣਤੀ 9,25,104 ਬਣਦੀ ਹੈ।

**ਸਰਦਾਰ ਨਿਰਮਲ ਸਿੰਘ** : ਸਪੀਕਰ ਸਾਹਿਬ, ਮੈਂ ਸਬ-ਤਹਿਸੀਲ ਸਮਾਣਾ ਬਾਰੇ ਪੁੱਛਿਆ ਹੈ। ਉਸ ਬਾਰੇ ਦੱਸਿਆ ਜਾਵੇ ਕਿ ਹੁਣ ਤੱਕ ਕਿੰਨੀਆਂ ਪੈਨਸ਼ਨਾਂ ਦਿੱਤੀਆਂ ਗਈਆਂ ਹਨ।

**ਮੰਤਰੀ** : ਸਰ, ਮੇਰੀ ਜ਼ਿਲ੍ਹਾ ਪਟਿਆਲਾ ਦੀ ਇਨਫਰਮੇਸ਼ਨ ਹੈ। ਉਸ ਵਿਚ ਸਮਾਣੇ ਦੀ ਵੀ ਹੈ।

**ਸਰਦਾਰ ਨਿਰਮਲ ਸਿੰਘ** : ਸਰ, ਮੈਂ ਤਾਂ ਸ਼ੁਤਰਾਣਾ ਸਬ-ਤਹਿਸੀਲ ਬਾਰੇ ਜਾਣਕਾਰੀ ਮੰਗੀ ਸੀ, ਤਹਿਸੀਲ ਸਮਾਣਾ ਹੈ।

**ਮੰਤਰੀ** : ਸਪੀਕਰ ਸਾਹਿਬ, ਸਬ-ਤਹਿਸੀਲ ਸ਼ੁਤਰਾਣਾ ਦੀ ਇਨਫਰਮੇਸ਼ਨ ਦਿੱਤੀ ਹੋਈ ਹੈ। ਇਸ ਵਿਚ ਬੁਢਾਪਾ ਪੈਨਸ਼ਨ 2711, ਵਿਧਵਾ ਪੈਨਸ਼ਨ 563 ਅਤੇ ਅਪਾਹਜ ਵਿਅਕਤੀਆਂ ਦੀ ਪੈਨਸ਼ਨ 120 ਲਾਭਪਾਤਰੀਆਂ ਨੂੰ ਦਿੱਤੀ ਗਈ ਹੈ।

**ਸ਼੍ਰੀ ਸਪੀਕਰ** : ਸਵਾਲ ਵਿਚ ਤਹਿਸੀਲ ਸਮਾਣਾ ਲਿਖਿਆ ਹੋਇਆ ਹੈ। ਜਿਹੜੀ ਜਾਣਕਾਰੀ ਮੰਗੀ ਗਈ ਹੈ, ਉਹ ਦਿੱਤੀ ਜਾਵੇ। ਨਹੀਂ ਤਾਂ ਮੈਨੂੰ ਇਸ ਦੀਆਂ ਵੀ ਸਪਲੀਮੈਂਟਰੀਜ਼ ਪੋਸਟਪੋਨ ਕਰਨੀਆਂ ਪੈਣਗੀਆਂ।

**ਮੰਤਰੀ** : ਸਪੀਕਰ ਸਾਹਿਬ, ਸਬ-ਤਹਿਸੀਲ ਸ਼ੁਤਰਾਣਾ, ਤਹਿਸੀਲ ਸਮਾਣਾ ਦੀ ਇਨਫਰਮੇਸ਼ਨ ਮੰਗੀ ਗਈ ਹੈ, ਉਹ ਦੇ ਦਿੱਤੀ ਗਈ ਹੈ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਦੀ ਜਾਣਕਾਰੀ ਵਾਸਤੇ ਦੱਸ ਦਿਆਂ ਕਿ ਸਬ-ਤਹਿਸੀਲ ਸ਼ੁਤਰਾਣਾ ਨਹੀਂ ਹੈ। ਬਲਕਿ ਸਬ-ਤਹਿਸੀਲ ਪਾਤੜਾਂ ਹੈ ਅਤੇ ਤਹਿਸੀਲ ਸਮਾਣਾ ਹੈ।

Original with;
Punjab Vidhan Sabha
Digitized by;
Punjab Digital Library

**ਮੰਤਰੀ** : ਸਵਾਲ ਵਿਚ ਸਬ-ਤਹਿਸੀਲ ਸ਼ੁਤਰਾਣਾ ਲਿਖਿਆ ਹੋਇਆ ਹੈ ਅਤੇ ਉਸ ਦੀ ਜਾਣਕਾਰੀ ਦੇ ਦਿੱਤੀ ਗਈ ਹੈ। ਤੁਸੀਂ ਪਤਾ ਕਰ ਲੈਣਾ।

**ਕੈਪਟਨ ਕੰਵਲਜੀਤ ਸਿੰਘ** : ਤੁਸੀਂ ਮੰਤਰੀ ਹੋ, ਤੁਹਾਨੂੰ ਇਤਨੀ ਜਾਣਕਾਰੀ ਤਾਂ ਜ਼ਰੂਰ ਹੋਣੀ ਚਾਹੀਦੀ ਹੈ ਕਿ ਸ਼ੁਤਰਾਣਾ ਸਬ-ਤਹਿਸੀਲ ਹੈ ਜਾਂ ਨਹੀਂ।

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ, ਹਾਊਸ ਨੂੰ ਮਿਸ-ਲੀਡ ਕਰ ਰਹੇ ਹਨ।

**ਸਰਦਾਰ ਨਿਰਮਲ ਸਿੰਘ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੈਂ ਸਬ-ਤਹਿਸੀਲ ਪਾਤੜਾਂ, ਤਹਿਸੀਲ ਸਮਾਣਾ ਬਾਰੇ ਪੁੱਛ ਰਿਹਾ ਹਾਂ ਜੀ, ਜਿਸ ਦਾ ਮੈਨੂੰ ਸਹੀ ਜਵਾਬ ਨਹੀਂ ਮਿਲ ਰਿਹਾ। ਸ਼ੁਤਰਾਣਾ ਗਲਤੀ ਨਾਲ ਲਿਖਿਆ ਗਿਆ ਹੈ ਜੀ। ਮੈਂ ਨਾਲ ਹੀ ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ ਵੀ ਲਿਖਿਆ ਹੋਇਆ ਹੈ ਜੀ।

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਆਪਣੀ ਗਲਤੀ ਮੰਨ ਗਏ ਹਨ ਕਿ ਮੇਰੇ ਪਾਸੋਂ ਗਲਤੀ ਨਾਲ ਸ਼ੁਤਰਾਣਾ ਲਿਖਿਆ ਗਿਆ ਹੈ।

**ਸਰਦਾਰ ਨਿਰਮਲ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿੱਥੇ ਸਬ-ਤਹਿਸੀਲ ਸ਼ੁਤਰਾਣਾ ਲਿਖਿਆ ਗਿਆ ਹੈ, ਉਸ ਦੇ ਨਾਲ ਹੀ ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ ਵੀ ਲਿਖਿਆ ਹੋਇਆ ਹੈ। ਇਹ ਤਹਿਸੀਲ ਸਮਾਣਾ ਬਾਰੇ ਦੱਸਣ ਕਿ ਸਮਾਣਾ ਵਿੱਚ ਕਿੰਨੀਆਂ ਪੈਨਸ਼ਨਾਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਕਿੰਨੀਆਂ ਬਕਾਇਆ ਹਨ ?

**ਸ਼੍ਰੀ ਸਪੀਕਰ** : ਤੁਸੀਂ ਸਵਾਲ ਵਿੱਚ ਸਬ-ਤਹਿਸੀਲ ਸ਼ੁਤਰਾਣਾ, ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ ਲਿਖਿਆ ਹੈ। ਮੰਤਰੀ ਜੀ ਜਵਾਬ ਦੇ ਚੁੱਕੇ ਹਨ। Next question, Sardar Harbant Singh.

---

## ਬਰੇਟਾ ਵਿਖੇ ਅਨਾਜ ਮੰਡੀ ਕੰਪਲੈਕਸ ਦੀ ਉਸਾਰੀ

***475. ਸਰਦਾਰ ਹਰਬੰਤ ਸਿੰਘ ਦਾਤੇਵਾਸ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਤੇ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਮਾਨਸਾ ਵਿਚ ਅਨਾਜ ਮੰਡੀ, ਬਰੇਟਾ ਦੀ ਉਸਾਰੀ ਕਦੋਂ ਤੱਕ ਕਰਨ ਅਤੇ ਉਥੇ ਕੰਮ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਨਵੀਂ ਅਨਾਜ ਮੰਡੀ, ਬਰੇਟਾ ਲਈ ਭੌਂ ਪ੍ਰਾਪਤੀ ਐਕਟ, 1894 ਦੀ ਧਾਰਾ 4 ਦੇ ਤਹਿਤ ਭੌਂ ਪ੍ਰਾਪਤੀ ਲਈ ਨੋਟੀਫਿਕੇਸ਼ਨ ਸਰਕਾਰ ਵੱਲੋਂ ਨੰ: 14/16/98-ਮ-5/7005, ਮਿਤੀ 23 ਅਕਤੂਬਰ, 2002 ਨੂੰ ਜਾਰੀ ਹੋ ਚੁੱਕਾ ਹੈ ਅਤੇ ਇਸ ਮੰਡੀ ਲਈ ਪ੍ਰਾਪਤ ਕੀਤੀ ਜਾ ਰਹੀ ਭੌਂ ਪ੍ਰਾਪਤੀ ਦੇ ਵਿਰੁੱਧ ਧਾਰਾ 5-ਏ ਦੇ ਅਧੀਨ ਪ੍ਰਾਪਤ ਹੋਏ ਇਤਰਾਜ਼ਾਂ ਦੀ ਸੁਣਵਾਈ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ। ਇਤਰਾਜਾਂ ਦੀ ਸੁਣਵਾਈ ਉਪਰੰਤ ਇਸ ਮੰਡੀ ਲਈ ਭੌਂ ਪ੍ਰਾਪਤੀ ਲਈ ਅਗਲੀ ਕਾਰਵਾਈ ਕੀਤੀ ਜਾਵੇਗੀ। ਭੌਂ ਪ੍ਰਾਪਤ ਹੋ ਜਾਣ ਤੋਂ ਬਾਅਦ ਇਸ ਮੰਡੀ ਦੀ ਉਸਾਰੀ ਦੇ ਕੰਮ ਹੱਥ ਵਿਚ ਲਏ ਜਾਣ ਲਈ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੰਡੀ ਬੋਰਡ ਵੱਲੋਂ ਜੋ ਇਹ ਭੌਂ ਪ੍ਰਾਪਤ ਕੀਤੀ ਜਾ ਚੁੱਕੀ ਹੈ, ਇਸ ਨੂੰ ਬਣਾਉਣ ਦਾ ਕੰਮ ਕਦੋਂ ਸ਼ੁਰੂ ਹੋ ਜਾਵੇਗਾ ਅਤੇ ਕਦੋਂ ਤੱਕ ਕਿਸਾਨਾਂ ਦੀ ਪੇਮੈਂਟ ਦੇ ਦਿਤੀ ਜਾਵੇਗੀ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਸ ਦਾ ਪ੍ਰੋਸੈਸ ਹੁੰਦਾ ਹੈ। ਸੈਕਸ਼ਨ 7, 5 ਤੇ 6 ਅਧੀਨ ਕਾਰਵਾਈ ਪੂਰੀ ਕਰਨੀ ਪੈਂਦੀ ਹੈ। ਪਹਿਲਾਂ ਧਾਰਾ 4 ਤਹਿਤ ਕਾਰਵਾਈ ਸ਼ੁਰੂ ਹੋ ਚੁੱਕੀ ਹੈ ਧਾਰਾ 5 ਤਹਿਤ ਵੀ ਇਤਰਾਜ ਆ ਚੁੱਕੇ ਹਨ ਅਤੇ ਹੁਣ ਅਸੀਂ ਲੋਕਾਂ ਵੱਲੋਂ ਜੋ ਇਤਰਾਜ਼ ਪ੍ਰਾਪਤ ਹੋਏ ਹਨ, ਉਨ੍ਹਾਂ ਦੀ ਹੀਅਰਿੰਗ ਵਾਸਤੇ ਮਿਤੀ 22 ਅਪ੍ਰੈਲ, 2003 ਨਿਸਚਿਤ ਕੀਤੀ ਹੋਈ ਹੈ। ਇਸ ਦੇ ਬਾਅਦ 22 ਅਕਤੂਬਰ, 2003 ਤੱਕ ਧਾਰਾ 6 ਅਧੀਨ ਅਸੀਂ ਫਾਈਨਲ ਨੋਟੀਫੀਕੇਸ਼ਨ ਜਾਰੀ ਕਰ ਦਿਆਂਗੇ।

---

## ਪਾਵਰ ਲੋਡ ਵਧਾਉਣ ਲਈ ਚਾਰਜਿਜ਼

***511. ਸਰਦਾਰ ਨਿਰਮਲ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਟਿਊਬਵੈਲਾਂ ਲਈ ਬਿਜਲੀ ਦੀਆਂ ਮੋਟਰਾਂ ਦਾ ਲੋਡ ਵਧਾਉਣ ਲਈ ਦਰ 2500 ਰੁਪਏ ਪ੍ਰਤਿ ਹਾਰਸ ਪਾਵਰ ਤੋਂ 5200 ਰੁਪਏ ਪ੍ਰਤਿ ਹਾਰਸ ਪਾਵਰ ਹਾਲ ਹੀ ਵਿਚ ਵਧਾ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕੀ ਕਾਰਣ ਹਨ;

(ਅ) ਕੀ ਇਸ ਤਰ੍ਹਾਂ ਵਧਾਈਆਂ ਗਈਆਂ ਦਰਾਂ ਨੂੰ ਵਾਪਸ ਲੈਣ ਅਤੇ ਹਰਿਆਣਾ ਰਾਜ ਦੁਆਰਾ ਅਪਣਾਏ ਗਏ ਪੈਟਰਨ ਦੇ ਅਨੁਸਾਰ ਦਰਾਂ ਨਿਸ਼ਚਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਚੌਧਰੀ ਜਗਜੀਤ ਸਿੰਘ (ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ)** : (ੳ) ਜੀ ਹਾਂ, ਟਿਊਬਵੈਲ ਮੋਟਰਾਂ ਦੇ ਭਾਰ ਵਿੱਚ ਸਵੈਇੱਛਤ ਘੋਸ਼ਣਾ ਦੀ ਯੋਜਨਾ ਅਧੀਨ ਕੀਤੇ ਜਾਣ ਵਾਲੇ ਵਾਧੇ ਲਈ ਵਸੂਲ ਕੀਤੇ ਜਾਣ ਵਾਲੇ ਚਾਰਜਿਜ਼ 3,000/- ਰੁਪਏ ਪ੍ਰਤੀ ਹਾਰਸ ਪਾਵਰ ਤੋਂ ਵਧਾ ਕੇ 5,000/- ਰੁਪਏ ਪ੍ਰਤੀ ਹਾਰਸ ਪਾਵਰ ਕੀਤੇ ਗਏ ਹਨ। ਇੱਕ ਹਾਰਸ ਪਾਵਰ ਭਾਰ ਨਿਯਮਤ ਕਰਨ ਲਈ ਵੰਡ ਲਾਈਨਾਂ, ਟਰਾਂਸਫਾਰਮਰਾਂ ਦੇ ਵਿਛਾਉਣ/ਬੜ੍ਹੋਤਰੀ ਕਰਨ ਲਈ ਬੋਰਡ ਨੂੰ ਤਕਰੀਬਨ 7,500/- ਰੁਪਏ ਖਰਚ ਕਰਨੇ ਪੈਂਦੇ ਹਨ। 3,000/- ਰੁਪਏ ਪ੍ਰਤੀ ਹਾਰਸ ਪਾਵਰ ਸਰਵਿਸ ਕੁਨੈਕਸ਼ਨ ਚਾਰਜਿਜ਼ 1996-97 ਤੋਂ ਲਏ ਜਾ ਰਹੇ ਸਨ ਅਤੇ ਵਾਧੂ ਲੋਡ ਨਿਯਮਤ ਕਰਨ ਲਈ ਕੀਤੇ ਜਾਣ ਵਾਲੇ ਖਰਚੇ ਕਾਰਣ ਇਹ ਚਾਰਜਿਜ਼ ਹੁਣੇ ਹੁਣੇ ਵਧਾਏ ਗਏ ਹਨ। 5,000/- ਰੁਪਏ ਪ੍ਰਤੀ ਹਾਰਸ ਪਾਵਰ ਦੇ ਹਿਸਾਬ ਨਾਲ ਵਸੂਲ ਕੀਤੇ ਜਾਂਦੇ ਚਾਰਜਿਜ਼ ਅਸਲੀ ਖਰਚੇ ਦਾ ਦੋ ਤਿਹਾਈ ਹਿੱਸਾ ਹੀ ਹਨ।

ਉਪਰੋਕਤ ਤੋਂ ਇਲਾਵਾ ਕੁਤਾਹੀ ਰਕਮ ਇਕੱਠੀ ਹੋਣ ਤੋਂ ਰੋਕਣ ਲਈ 200/- ਰੁਪਏ ਪ੍ਰਤੀ ਹਾਰਸ ਪਾਵਰ ਐਡਵਾਂਸ ਕੰਜ਼ੰਪਸ਼ਨ ਡਿਪਾਜ਼ਿਟ (ਜ਼ਮਾਨਤੀ ਰਕਮ) ਵਜੋਂ, ਵਸੂਲ ਕੀਤੇ ਜਾਂਦੇ ਹਨ ਜੋ ਕਿ ਤਕਰੀਬਨ ਤਿੰਨ ਮਹੀਨੇ ਦੇ ਬਿਲਾਂ ਦੇ ਬਰਾਬਰ ਹਨ।

(ਅ) ਜੀ ਨਹੀਂ, ਸਰਵਿਸ ਕੁਨੈਕਸ਼ਨ ਚਾਰਜਿਜ਼ ਘਟਾਉਣ ਦੀ ਫਿਲਹਾਲ ਕੋਈ ਤਜਵੀਜ਼ ਨਹੀਂ ਹੈ ਕਿਉਂਕਿ ਅਜੇ ਵੀ ਬੋਰਡ ਵਲੋਂ ਅਸਲੀ ਖਰਚੇ ਦਾ ਦੋ ਤਿਹਾਈ ਹਿੱਸਾ ਹੀ ਵਸੂਲਿਆ ਜਾ ਰਿਹਾ ਹੈ। ਹਰਿਆਣਾ ਵਿੱਚ ਪ੍ਰਤੀ ਕੇਬਲ ਕੁਨੈਕਸ਼ਨ (ਐਲ.ਟੀ.ਲਾਈਨ ਤੋਂ ਬਗੈਰ) 20,000/- ਰੁਪਏ ਪ੍ਰਤੀ ਕੁਨੈਕਸ਼ਨ ਵਸੂਲ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਹਰ ਸਪੈਨ ਲਈ 3,000/- ਰੁਪਏ ਪ੍ਰਤੀ ਸਪੈਨ ਹੋਰ ਵਸੂਲ ਕੀਤੇ ਜਾਂਦੇ ਹਨ। ਇਸ ਤਰ੍ਹਾਂ ਹਰਿਆਣਾ ਵਿੱਚ ਵਸੂਲ ਕੀਤੇ ਸਰਵਿਸ ਕੁਨੈਕਸ਼ਨ ਚਾਰਜਿਜ਼ ਪੰਜਾਬ ਨਾਲੋਂ ਕਿਤੇ ਜ਼ਿਆਦਾ ਹਨ।

Original with;
Punjab Vidhan Sabha
Digitized by;
Panjab Digital Library

**ਸਰਦਾਰ ਨਿਰਮਲ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ 5,200/- ਰੁਪਏ ਪ੍ਰਤੀ ਹਾਰਸ ਪਾਵਰ ਰੇਟ ਵਧਾਇਆ ਗਿਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਦਰ ਸਾਰੇ ਪੰਜਾਬ ਵਿੱਚ ਲਾਗੂ ਹੈ ਜਾਂ ਕੁਝ ਏਰੀਏ ਨੂੰ ਮਾਫੀ ਵੀ ਹੈ।

**ਮੰਤਰੀ** : ਸਪੀਕਰ ਸਾਹਿਬ, 3,000/- ਰੁਪਏ ਤੋਂ 5,000/- ਰੁਪਏ ਤੱਕ ਅਸੀਂ ਵਧਾਇਆ ਹੈ। ਇਸ ਦੇ ਨਾਲ ਅਸੀਂ 200/- ਰੁਪਿਆ ਹੋਰ ਵੀ ਇੱਕ ਹਾਰਸ ਪਾਵਰ ਦਾ ਲਗਾਇਆ ਹੈ। ਇਹ ਇਸ ਕਰਕੇ ਕੀਤਾ ਹੈ ਕਿਉਂਕਿ ਕਈ ਵਾਰ ਬਿਲ ਨਹੀਂ ਦਿੱਤੇ ਜਾਂਦੇ ਸਨ ਤਾਂ ਉਨ੍ਹਾਂ ਬਿਲਾਂ ਦੀ ਪੂਰਤੀ ਵਾਸਤੇ ਤਿੰਨ ਮਹੀਨਿਆਂ ਦੇ ਬਰਾਬਰ ਉਸ ਅਮਾਊਂਟ ਵਿੱਚੋਂ ਕੱਟੇ ਜਾਂਦੇ ਹਨ। ਬਾਕੀ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਦਰ ਸਾਰੇ ਪੰਜਾਬ ਤੇ ਲਾਗੂ ਹੈ।

**ਸਰਦਾਰ ਨਿਰਮਲ ਸਿੰਘ** : ਸਪੀਕਰ ਸਾਹਿਬ, ਕਈ ਇਲਾਕੇ ਐਸੇ ਹਨ ਜਿੱਥੇ ਘੱਗਰ ਦੀ ਮਾਰ ਹੈ। ਉਥੇ ਪਾਣੀ ਕਾਫੀ ਡੂੰਘਾ ਚਲਾ ਗਿਆ ਹੈ। ਕਿਸਾਨਾਂ ਨੂੰ ਉੱਥੇ ਪੰਜ-ਪੰਜ ਹਾਰਸ ਪਾਵਰ ਦੀ ਜਗ੍ਹਾ ਵੀਹ-ਵੀਹ ਹਾਰਸ ਪਾਵਰ ਦੀ ਮੋਟਰ ਲਗਾਉਣੀ ਪੈ ਰਹੀ ਹੈ। ਇਸ ਲਈ ਕੀ ਮੰਤਰੀ ਜੀ ਦੱਸਣਗੇ ਕਿ ਉਨ੍ਹਾਂ ਜ਼ਿਮੀਂਦਾਰਾਂ ਨੂੰ ਰਿਆਇਤ ਦੇਣ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ?

**ਮੰਤਰੀ** : ਇਹ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

**ਪ੍ਰਵਾਸੀ ਭਾਰਤੀਆਂ ਦੁਆਰਾ ਸੀ.ਡੀ. 2.35 ਸਕੀਮ ਅਧੀਨ ਜਮ੍ਹਾਂ ਕਰਵਾਏ ਗਏ ਫੰਡ**

***494. ਸਰਦਾਰ ਸੁਰਜੀਤ ਸਿੰਘ ਰੱਖੜਾ** : ਕੀ ਦਿਹਾਤੀ ਵਿਕਾਸ, ਪੰਚਾਇਤ ਅਤੇ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 1 ਜੁਲਾਈ, 2002 ਤੋਂ ਲੈ ਕੇ ਮਿਤੀ ਅੰਤ ਤਕ ਦੇ ਦੌਰਾਨ ਪ੍ਰਵਾਸੀ ਭਾਰਤੀਆਂ ਦੁਆਰਾ ਸੀ.ਡੀ. 2.35 ਵਿਕਾਸ ਸਕੀਮ ਅਧੀਨ ਕਿੰਨੀ ਰਕਮ ਦੇ ਫੰਡ ਜਮ੍ਹਾਂ ਕਰਵਾਏ ਗਏ ਅਤੇ ਉਪਰੋਕਤ ਫੰਡਾਂ ਦੀ ਵਰਤੋਂ ਨਾਲ ਕਰਵਾਏ ਗਏ/ਕੀਤੇ ਜਾ ਰਹੇ ਜਾਂ ਕਰਵਾਏ ਜਾਣ ਵਾਲੇ ਵਿਕਾਸ ਦੇ ਕੰਮਾਂ ਦੇ ਵੇਰਵੇ ਕੀ ਹਨ ?

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** : ਸ੍ਰੀਮਾਨ ਜੀ, ਮਿਤੀ 1 ਜੁਲਾਈ, 2002 ਤੋਂ ਬਾਅਦ ਕੇਵਲ ਪਿੰਡ ਪਲਾਹੀ, ਜ਼ਿਲ੍ਹਾ ਕਪੂਰਥਲਾ ਦੇ ਐਨ.ਆਰ.ਆਈਜ਼. ਵੱਲੋਂ 36.00 ਲੱਖ ਰੁਪਏ ਜਮ੍ਹਾਂ ਕਰਵਾਏ ਗਏ। ਪਿੰਡ ਵਿੱਚ ਸੀਵਰੇਜ ਪਾਉਣ ਅਤੇ ਇੰਨਡੋਰ ਸਟੇਡੀਅਮ ਦੀ ਉਸਾਰੀ ਦੇ ਦੋ ਵਿਕਾਸ ਪ੍ਰੋਜੈਕਟਾਂ ਦੀ ਆਰੰਭ ਕਰਨ ਦੀ ਤਜਵੀਜ਼ ਹੈ।

**ਸਰਦਾਰ ਸੁਰਜੀਤ ਸਿੰਘ ਰੱਖੜਾ** : ਸਪੀਕਰ ਸਾਹਿਬ, ਐਨ.ਆਰ.ਆਈਜ਼ ਵੱਲੋਂ ਡਿਵੈਲਪਮੈਂਟ ਲਈ ਜੋ ਪੈਸੇ ਦਿੱਤੇ ਗਏ ਹਨ, ਕੀ ਉਹ ਡਿਵੈਲਪਮੈਂਟ ਦੇ ਕੰਮ ਚਾਲੂ ਹਨ ? ਜੇ ਚਾਲੂ ਹਨ ਤਾਂ ਹੁਣ ਤੱਕ ਕੀ ਕੁਝ ਕੀਤਾ ਗਿਆ ਹੈ ?

**ਮੰਤਰੀ** : ਸਪੀਕਰ ਸਾਹਿਬ, ਜੇ ਮੈਂਬਰ ਸਾਹਿਬ ਕੁਝ ਸਪੈਸੇਫਿਕ ਪੁੱਛਣਾ ਚਾਹੁੰਦੇ ਹਨ ਤਾਂ ਇਹ ਦੱਸ ਦੇਣ ਲੇਕਿਨ ਜਨਰਲੀ ਮੈਂ ਦੱਸਣਾ ਚਾਹੁੰਦੀ ਹਾਂ ਕਿ ਇਹ ਅੱਛੀ ਸਕੀਮ ਹੈ। ਇਹ ਸਕੀਮ ਸੀ.ਡੀ.-35 ਐਨ.ਆਰ.ਆਈਜ਼ ਨਾਲ ਸਬੰਧਿਤ ਹੈ। ਪੰਜਾਬ ਸਰਕਾਰ ਨੇ ਇਸ ਸਕੀਮ ਲਈ ਪੰਜ ਕਰੋੜ ਰੁਪਿਆ ਰੱਖਿਆ ਸੀ। ਵੈਸੇ ਇਸ ਸਕੀਮ ਅਧੀਨ 50 : 50 ਦੀ ਰੇਸ਼ੋ ਹੁੰਦੀ ਹੈ। ਅੱਧੇ ਪੈਸੇ ਐਨ.ਆਰ.ਆਈਜ਼ ਪਾਉਂਦੇ ਹਨ ਅਤੇ ਅੱਧੇ ਪੈਸੇ ਗੌਰਮਿੰਟ ਪਾਉਂਦੀ ਹੈ। ਬਦਕਿਸਮਤੀ ਨਾਲ ਸਾਡੇ ਕੋਲੋਂ ਸਿਰਫ ਇੱਕ ਕਰੋੜ ਰੁਪਿਆ ਹੀ ਇਸ ਸਕੀਮ ਅਧੀਨ ਪਾਇਆ ਗਿਆ ਔਰ ਖਰਚ ਇਸ ਤੋਂ ਵੀ ਘੱਟ ਹੋਇਆ ਹੈ। ਅਸੀਂ ਵੀ ਚਾਹੁੰਦੇ ਹਾਂ ਕਿ ਜਿਹੜੇ ਵੀ ਪ੍ਰਾਜੈਕਟ ਇਸ ਸਕੀਮ ਅਧੀਨ ਹਨ, ਉਹ ਸਿਰੇ ਚੜ੍ਹਨ ਔਰ ਫੰਡ ਲੈਪਸ ਨਾ ਹੋਣ। ਪਿੰਡਾਂ ਵਿੱਚ ਵੀ ਅਸੀਂ ਇਸ ਸਕੀਮ ਅਧੀਨ ਡਿਵੈਲਪਮੈਂਟ ਕਰ ਰਹੇ ਹਾਂ। ਸਾਡੇ

Original with;
Punjab Vidhan Sabha
Digitized by:

**[ਦਿਹਾਤੀ ਵਿਕਾਸ, ਪੰਚਾਇਤ ਅਤੇ ਖੇਤੀਬਾੜੀ ਮੰਤਰੀ]**

ਮਾਨਯੋਗ ਰਾਸ਼ਟਰਪਤੀ ਜੀ ਆ ਰਹੇ ਹਨ। ਅਸੀਂ ਇਸ ਸਕੀਮ ਨੂੰ ਪਹਿਲਾਂ ਹੀ ਤਰਜੀਹ ਦੇ ਰਹੇ ਹਾਂ ਔਰ ਕੋਈ ਢਿੱਲ ਨਹੀਂ ਹੋਵੇਗੀ। ਜਿਹੜੇ ਐਨ.ਆਰ.ਆਈਜ਼ ਡਿਵੈਲਪਮੈਂਟ ਵਾਸਤੇ ਆਉਣਗੇ, ਅਸੀਂ ਉਨ੍ਹਾਂ ਦਾ ਹੱਥ ਵਟਾਵਾਂਗੇ।

**ਸਰਦਾਰ ਸੁਰਜੀਤ ਸਿੰਘ ਰੱਖੜਾ** : ਸਪੀਕਰ ਸਾਹਿਬ, ਮੈਂ ਵੀ ਐਨ.ਆਰ.ਆਈਜ ਟਰੱਸਟ ਵਿੱਚ ਪੈਸੇ ਪਾਏ ਹਨ। ਤਿੰਨ-ਚਾਰ ਪ੍ਰਾਜੈਕਟ ਮੈਂ ਭੇਜੇ ਹਨ ਪਰ ਇਸ ਸਬੰਧੀ ਨਾ ਤਾਂ ਕੋਈ ਮੀਟਿੰਗ ਬੁਲਾਈ ਗਈ ਹੈ ਔਰ ਨਾ ਹੀ ਕੰਮ ਸਿਰੇ ਚੜ੍ਹਿਆ ਹੈ। ਇਸ ਦਾ ਕੀ ਕਾਰਨ ਹੈ ?

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਵੱਲੋਂ ਸੱਤ ਪ੍ਰਾਜੈਕਟ ਬਣਾ ਕੇ ਭੇਜੇ ਗਏ ਹਨ। ਇਨ੍ਹਾਂ ਨੇ ਆਪਣੇ ਵੱਲੋਂ 2-3 ਲੱਖ ਰੁਪਿਆ ਵੱਧ ਜਮ੍ਹਾਂ ਕਰਵਾਇਆ ਹੈ। ਗੌਰਮਿੰਟ ਵੀ ਆਪਣਾ ਸ਼ੇਅਰ ਜਮ੍ਹਾਂ ਕਰਵਾ ਚੁੱਕੀ ਹੈ। ਲੇਕਿਨ ਇਨ੍ਹਾਂ ਨੇ ਇਸ ਵਿੱਚ ਕੁਝ ਚੇਂਜ ਕਰਨਾ ਚਾਹਿਆ ਅਤੇ ਅੱਠ ਪ੍ਰੋਜੈਕਟ ਬਣਾ ਦਿੱਤੇ। ਇੱਕ ਨੰਬਰ ਅਤੇ ਸੱਤ ਨੰਬਰ ਦਾ ਪੈਸਾ ਇਨ੍ਹਾਂ ਨੇ ਡਾਈਵਰਟ ਕਰਕੇ ਹੋਰ ਪਾਸੇ ਲਾਉਣਾ ਚਾਹਿਆ। ਜਿਹੜਾ ਵੀ ਪ੍ਰੋਜੈਕਟ ਬਣਦਾ ਹੈ, ਉਸ ਦਾ ਸਾਰਾ ਕੁਝ ਦੇਖ ਕੇ ਉਸ ਦੀ ਸੈਂਕਸ਼ਨ ਹੁੰਦੀ ਹੈ। ਉਸ ਦੀ ਪਰਾਪਰ ਲੋੜ ਦੇਖੀ ਜਾਂਦੀ ਹੈ। ਚੀਫ ਸੈਕਟਰੀ, ਉਸ ਦਾ ਹੈੱਡ ਹੈ, ਉਹ ਬੈਠਦੇ ਹਨ, ਫਾਈਨਾਂਸ ਸੈਕ੍ਰੇਟਰੀ ਅਤੇ ਕਨਸਰਨਡ ਅਫ਼ਸਰ ਬੈਠਦੇ ਹਨ ਅਤੇ ਟਰੱਸਟ ਦਾ ਮੈਂਬਰ ਵੀ ਐਨ.ਆਰ.ਆਈ. ਵੱਲੋਂ ਬੈਠਦਾ ਹੈ। ਮਾਨਯੋਗ ਮੈਂਬਰ ਵੱਲੋਂ 1,28,19,740 ਰੁਪਏ ਪਰਾਪਰ ਤਰੀਕੇ ਨਾਲ ਦਿੱਤੇ ਗਏ ਸੀ ਲੇਕਿਨ ਉਸ ਤੋਂ ਬਾਅਦ ਮਾਨਯੋਗ ਮੈਂਬਰ ਨੇ ਜਿਹੜੀ ਚੇਂਜ ਕੀਤੀ ਕਿ ਇਹ ਚੇਂਜ ਕਰਨੀ ਚਾਹੀਦੀ ਹੈ, ਜਿਸ ਤਰ੍ਹਾਂ ਕਿ ਰੱਖੜਾ ਵਿਖੇ ਸਕੂਲ/ਕਾਲਜ ਵਾਸਤੇ ਇੱਕ ਕਰੋੜ ਰੁਪਿਆ ਜੋ ਦਿੱਤਾ ਸੀ, ਉਸ ਨੂੰ ਚੇਂਜ ਕਰਨਾ ਚਾਹੁੰਦੇ ਹਨ ਅਤੇ ਇੱਕ ਸੱਤ ਨੰਬਰ ਤੇ ਚੇਂਜ ਕਰਨਾ ਚਾਹੁੰਦੇ ਸੀ ਲੇਕਿਨ ਅਸੀਂ ਇਸ ਬਾਰੇ ਇਨ੍ਹਾਂ ਤੋਂ ਡਿਟੇਲ ਬਾਰ ਬਾਰ ਮੰਗੀ। ਅਸੀਂ ਇਨ੍ਹਾਂ ਨੂੰ ਚਿੱਠੀਆਂ ਵੀ ਲਿਖੀਆਂ, ਜਿਸ ਦੇ ਨੰਬਰ ਵੀ ਮੇਰੇ ਕੋਲ ਹਨ ਕਿ ਜਿਹੜਾ ਇਹ ਰਿਵਾਈਜ਼ ਕਰਕੇ ਚੇਂਜ਼ ਕਰਨਾ ਚਾਹੁੰਦੇ ਹਨ, ਉਸ ਦੀ ਪ੍ਰੋਜੈਕਟ ਰਿਪੋਰਟ ਭੇਜੋ ਪਰ ਮੈਨੂੰ ਨਹੀਂ ਪਤਾ ਕਿ ਮੈਂਬਰ ਸਾਹਿਬ ਨੇ ਕਿਸ ਤਰ੍ਹਾਂ ਦਾ ਇੰਤਜ਼ਾਮ ਕੀਤਾ ਕਿ ਇਨ੍ਹਾਂ ਨੂੰ ਚਿੱਠੀਆਂ ਨਹੀਂ ਮਿਲੀਆਂ। ਇਨ੍ਹਾਂ ਦਾ ਜਵਾਬ ਨਹੀਂ ਆਇਆ ਬਲਕਿ ਅਸੀਂ ਉਡੀਕ ਰਹੇ ਹਾਂ। ਅੱਜ ਮੈਂ ਫਲੋਰ ਆਫ ਦੀ ਹਾਊਸ ਤੇ ਕਹਿੰਦੀ ਹਾਂ ਕਿ ਅੱਜ ਸਾਨੂੰ ਜਵਾਬ ਦੇ ਦਿਓ, ਅਸੀਂ ਕੱਲ੍ਹ ਹੀ ਸੈਂਕਸ਼ਨ ਕਰ ਦੇਵਾਂਗੇ।

**ਸਰਦਾਰ ਸੁਰਜੀਤ ਸਿੰਘ ਰੱਖੜਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬਾ ਨੂੰ ਦੱਸਣਾ ਚਾਹੁੰਦਾ ਹਾਂ. . . . .

**ਸ਼੍ਰੀ ਸਪੀਕਰ** : ਦੱਸਣਾ ਚਾਹੁੰਦਾ ਹਾਂ ਕਿ ਪੁੱਛਣਾ ਚਾਹੁੰਦਾ ਹਾਂ ?

**ਸਰਦਾਰ ਸੁਰਜੀਤ ਸਿੰਘ ਰੱਖੜਾ** : ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਚਿੱਠੀਆਂ ਦਾ ਜਵਾਬ ਵੀ ਦਿੱਤਾ ਜਾ ਚੁੱਕਿਆ ਹੈ। ਜਿਹੜਾ ਸਕੂਲ ਦਾ ਇੱਕ ਕਰੋੜ ਰੁਪਿਆ ਸੀ, ਅਸੀਂ ਉਸ ਵਿੱਚ ਕੁਝ ਨਹੀਂ ਸੀ ਕੀਤਾ ਸਿਰਫ ਇਹ ਕਿਹਾ ਸੀ ਕਿ ਇਹ ਇੱਕ ਕਰੋੜ ਰੁਪਿਆ ਇਕੱਠਾ ਖਰਚ ਨਹੀਂ ਹੋਣਾ, ਉਸ ਵਿੱਚ 50 ਲੱਖ ਰੁਪਿਆ ਬਾਅਦ ਵਿੱਚ ਪਾ ਲਿਆ ਜਾਵੇਗਾ ਔਰ ਉਹ 50 ਲੱਖ ਰੁਪਿਆ ਕਿਸੇ ਹੋਰ ਵੈਲਫੇਅਰ ਦੇ ਕੰਮ ਤੇ ਲਗਾ ਦਿੱਤਾ

Original with;
Punjab Vidhan Sabha
Digitized by;
Panjab Digital Library

ਜਾਵੇਗਾ। ਦੂਜੀ ਸੜਕ 12 ਲੱਖ ਰੁਪਏ ਨਾਲ ਬਣਨੀ ਸੀ ਕਿਉਂਕਿ ਡਿਪਾਰਟਮੈਂਟ ਨੇ ਸਮੇਂ ਤੇ ਕੰਮ ਨਹੀਂ ਕੀਤਾ ਅਤੇ ਉਹ ਸੜਕ ਮੈਂ ਆਪਣੇ ਕੋਲੋਂ ਬਣਾ ਦਿੱਤੀ ਸੀ ਅਤੇ ਇਹ ਦੱਸ ਦਿੱਤਾ ਸੀ ਕਿ ਇਸ ਦੀ ਜਗ੍ਹਾ ਕਿਸੇ ਹੋਰ ਸੜਕ ਨੂੰ ਪਾ ਲਿਆ ਜਾਵੇ।

**ਸ਼੍ਰੀ ਸਪੀਕਰ** : ਤੁਸੀਂ ਪੁੱਛਣਾ ਕੀ ਸੀ? ਪੁੱਛਿਆ ਤਾਂ ਕੁਝ ਹੈ ਹੀ ਨਹੀਂ, ਸਿਰਫ ਦੱਸਿਆ ਹੀ ਹੈ। ਅਗਲਾ ਸਵਾਲ।

---

## ਸਰਕਾਰੀ ਕਾਰਾਂ ਦੀ ਵਰਤੋਂ ਲਈ ਸੇਧਾਂ

*520. **ਸਰਦਾਰ ਮਨਪ੍ਰੀਤ ਸਿੰਘ ਬਾਦਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਦੇ ਅਧਿਕਾਰਿਤ ਅਫ਼ਸਰਾਂ ਦੁਆਰਾ ਸਰਕਾਰੀ ਕਾਰਾਂ/ਗੱਡੀਆਂ ਦੀ ਵਰਤੋਂ ਕਰਨ ਲਈ ਕੋਈ ਸੇਧਾਂ ਨਿਰਧਾਰਿਤ ਕੀਤੀਆਂ ਗਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਵੇਰਵੇ ਕੀ ਹਨ?

**ਸਰਦਾਰ ਤੇਜ ਪ੍ਰਕਾਸ਼ ਸਿੰਘ (ਟਰਾਂਸਪੋਰਟ ਮੰਤਰੀ)** : ਹਾਂ ਜੀ, ਸਰਕਾਰੀ ਕਾਰਾਂ/ਗੱਡੀਆਂ ਦੀ ਵਰਤੋਂ ਤੇ ਆਉਣ ਵਾਲੇ ਖਰਚੇ ਨੂੰ ਨਿਰਧਾਰਤ ਕਰਨ ਵਾਸਤੇ ਵਿੱਤ ਵਿਭਾਗ ਵੱਲੋਂ ਸੇਧਾਂ ਜਾਰੀ ਕੀਤੀਆਂ ਹਨ। ਇਨ੍ਹਾਂ ਹਦਾਇਤਾਂ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

**ANNEXURE—"A"**

**No. 8/1/99-5FBI/13588**

**GOVERNMENT OF PUNJAB**

Department of Finance
(Finance Budget-I Branch)

Dated, Chandigarh the 22nd September, 1999

To

All Heads of Departments,
(Except Registrar High Court of Punjab
and Haryana and District and Session Judges),
Commissioners of Divisions and Deputy Commissioners in the State.

**Subject : Fixing the limit of consumption of POL (including maintenance and repair charges) for Government Vehicles.**

Sir/Madam,

I am directed to refer to this Department's Circular letter No. 7/7/99-5FBI/9179, dated 23rd June, 1999 on the subject noted above and to state that the matter regarding fixing a limit on consumption of POL etc. has been considered by the Committee of Officers constituted for the purpose and after considering

Original with;
Punjab Vidhan Sabha
Digitized by;
Panjab Digital Library

**[ Transport Minister ]**

the recommendations of the Committee, the State Government has taken the following decisions—

**1. Economy in expenditure on consumption of POL and repair charges of Government Vehicles.**

1. The limit of expenditure on POL, inclusive of maintenance and repair charges, for Government Vehicles, as also vehicles attached with entitled officers, shall be as under :—

| | | |
|---|---|---|
| 1. | Car | Rs. 7,000 P.M. |
| 2. | Gypsy | Rs. 7,000 P.M. |
| 3. | Jeep | Rs. 6,500 P.M. |
| 4. | Jeep Diesel/Tata Sumo | Rs. 4,500 P.M. |
| 5. | Any other vehicles run by | |
| | (i) Petrol | Rs. 7,000 P.M. |
| | (ii) Diesal | Rs. 4,500 P.M. |

6. The officers entitled for staff vehicles are allowed petrol for 400 K.M. P.M. for undertaking journeys to office and back for one vehicle only. They would also continue to be eligible to undertake private journey on payment basis. This would be over and above the aforesaid limit.

2. The limit of expenditure on POL, including maintenance and repair charges for Government vehicles in respect of following field officers shall be as under :—

| | | | |
|---|---|---|---|
| (i) | | Commissioners of Divisions and Deputy Commissioners. | Rs. 11,000 P.M. |
| (ii) | | S.D.Ms and Tehsildars | Rs. 9,000 P.M. |
| (iii) | | Officers of the Enforcement Wing of Transport Department i.e. Secretary, R.T.As, D.T.Os and Officers heading Flying Squads at Head Quarters. | Rs. 10,000 P.M. |
| (iv) | (a) | Divisional Excise & Taxation Commissioner (Incharge of the Division) | Rs. 10,000 P.M. |
| | (b) | Assistant Excise & Taxation Commissioner (Incharge of the District) | Rs. 10,000 P.M. |

Original with;
Punjab Vidhan Sabha
Digitized by;
Panjab Digital Library

| | | | |
|---|---|---|---|
| | (c) | Enforcement Officers (not below the rank of E.T.O.) | Rs. 10,000 P.M. |
| | (d) | E.T.O. (Excise) posted in the District. | Rs. 10,000 P.M. |
| (v) | | Inspector General of Police Incharge of the Zone, D.I.Gs Incharge of the range SSPs in charge the Police Districts. | Rs. 11,000 P.M. |
| (vi) | | DSPs incharge of the police Sub-Division | Rs. 9,000 P.M. |

It is clarified that the limits specified above would be applicable for all vehicles even if it is shared by two officers or more than two officers.

3. The amount spent on overhauling of the engine of the vehicle and replacement of tyres will be in addition to the fixed limits.

4. To check the misuse of Government vehicles, the vehicles should be parked at the residence of the officer to whom it is allotted.

5. The bills of POL shall be prepared separately and will not be combined with the contingent items. Every Drawing and Disbursing Officer shall give information to District Treasury Officer/Treasury Officer in the enclosed proforma with each bill at the end of every month. In case an officer exceeds the above limit on expenditure, it shall be his personal responsibility to pay the bills for the purchase of petrol/diesel and repair of the vehicles over and above the prescribed limit. Further, the department will have to remain within the budget allotment.

6. The Treasury Officer shall pass the bill only up to the limit as prescribed in para I (1 & 2) of this letter.

**II. Repair of Government Vehicles :**

The Government vehicles should be got repaired in the open market. For repairs where estimated cost is up to Rs. 500/- it may be got done from any workshop. However, where the estimated cost of repair is more than Rs. 500/- sealed quotations from authorised dealers of vehicles manufacturers, local motor vehicle workshops and others, including PESCO, would be invited by the Department concerned for getting the vehicles repaired.

2. These instructions shall apply *mutatis mutandis* on the vehicles of the State owned Corporations, Boards, Cooperative Institutions etc. The earlier instructions issued by the Department of General Administration

Original with;
Punjab Vidhan Sabha
Digitized by;

**[ Transport Minister ]**

(A.D.O. II Br.),—*vide* I.D. No. 8/15/97-VA/A.D.O.II/8214, dated 28th May, 1999 and by Finance Department dated 23rd June, 1999 issued on this subject shall stand modified to this extent.

Kindly acknowledge its receipt.

Yours faithfully,

Sd/-

(CHAMAN LAL)
Budget Officer-cum-
Deputy Secretary Finance.

A copy is forwarded to the Chief Secretary/Financial Commissioners/ Principal Secretaries/administrative Secretaries for information and necessary action. They are requested to ensure strict compliance of these instructions.

Sd/-
Budget Officer-cum-
Deputy Secretary Finance.

To

1. The Chief Secretary to Government Punjab.
2. All the Financial Commissioners/ Principal Secretaries; and
3. All the Administrative Secretaries to Government Punjab.

I.D. No. 8/1/99-5FDI/13589, Dated, Chandigarh the 22nd September, 1999.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਮੈਨੂੰ ਜਵਾਬ ਦਿੱਤਾ ਹੈ, ਇਹ ਕਈ ਪੱਖਾਂ ਤੋਂ ਅਧੂਰਾ ਹੈ। ਇਨ੍ਹਾਂ ਨੇ ਲਿਖਿਆ ਹੈ ਕਿ ਜਿਹੜੇ ਆਫ਼ੀਸ਼ੀਅਲ ਹਨ they would continue to be eligible to undertake private journey on payment basis. ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਪੇਮੈਂਟ ਬੇਸਿਜ਼ ਹੈ, ਇਹ ਪਰ ਕਿਲੋਮੀਟਰ ਕਿੰਨੀ ਪੇਮੈਂਟ ਹੈ ? ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਦੀ ਕੋਈ ਲਿਮਿਟ ਹੈ ਕਿ ਕਿੰਨੇ ਕਿਲੋਮੀਟਰ ਪੇਮੈਂਟ ਬੇਸਿਜ਼ ਤੇ ਆਫੀਸ਼ੀਅਲ ਸਰਕਾਰੀ ਗੱਡੀ ਵਰਤ ਸਕਦਾ ਹੈ ? ਇਸ ਦੇ ਨਾਲ ਇੱਕ ਇਹ ਵੀ ਪੁੱਛਣਾ ਚਾਹਾਂਗਾ ਕਿ ਕੀ ਪੰਜਾਬ ਤੋਂ ਬਾਹਰ ਪੰਜਾਬ ਦੀ ਗੱਡੀ ਮਸਲਨ ਦਿੱਲੀ ਜਾਂ ਪੰਚਕੂਲਾ ਵਿਖੇ ਲਿਜਾਣ ਲਈ ਕੋਈ ਇਜਾਜ਼ਤ ਲੈਣ ਦੀ ਲੋੜ ਪੈਂਦੀ ਹੈ ?

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਇਹ ਲਿਮਿਟ ਫਿਕਸ ਕੀਤੀ ਗਈ ਹੈ, ਜਿਹੜੇ ਅਫਸਰ ਸਟਾਫ ਕਾਰਾਂ ਚਲਾਉਣ ਲਈ ਇਨਟਾਈਟਲਡ ਹਨ, ਉਹ ਦਫਤਰ ਤੋਂ ਘਰ ਤੱਕ ਅਤੇ 400 ਕਿਲੋਮੀਟਰ ਤੱਕ ਆਪਣੀ ਪ੍ਰਾਈਵੇਟ ਜਰਨੀ ਪੇਮੈਂਟ ਬੇਸਿਜ਼ ਤੇ ਕਰ ਸਕਦੇ ਹਨ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਸਵਾਲ ਪੁੱਛਿਆ ਸੀ ਕਿ what is the payment per kilometer? Is there any limit, how much official car can be used?

**ਸ਼੍ਰੀ ਸਪੀਕਰ** : ਕਿੰਨੀ ਪ੍ਰਤੀ ਕਿਲੋਮੀਟਰ ਦੀ ਪੇਮੈਂਟ ਹੈ ਅਤੇ ਉਸ ਦੀ ਕਿੰਨੀ ਆਫੀਸ਼ੀਅਲ ਯੂਜ਼ ਹੈ ?

Original with;
Punjab Vidhan Sabha
Digitized by;
Punjab Digital Library

**ਮੰਤਰੀ** : ਸਪੀਕਰ ਸਾਹਿਬ, ਡੇਢ ਰੁਪਿਆ ਇੱਕ ਕਿਲੋਮੀਟਰ ਦੇ ਹਿਸਾਬ ਨਾਲ 200 ਕਿਲੋਮੀਟਰ ਤੱਕ ਹੈ। ਉਸ ਤੋਂ ਉਪਰ 200 ਕਿਲੋਮੀਟਰ ਤੱਕ ਤਿੰਨ ਰੁਪਏ ਪ੍ਰਤੀ ਕਿਲੋਮੀਟਰ ਦੇ ਹਨ। ਇਸ ਤੋਂ ਇਲਾਵਾ ਜੇਕਰ ਕੋਈ ਅਫ਼ਸਰ ਮਹੀਨੇ ਵਿੱਚ 200 ਕਿਲੋਮੀਟਰ ਗੱਡੀ ਵਰਤਦਾ ਹੈ ਤਾਂ ਉਸ ਨੂੰ ਡੇਢ ਸੌ ਰੁਪਿਆ ਦੇਣਾ ਪੈਂਦਾ ਹੈ ਅਤੇ 400 ਕਿਲੋਮੀਟਰ ਤੱਕ ਉਸ ਨੂੰ ਤਿੰਨ ਸੌ ਰੁਪਿਆ ਮਹੀਨੇ ਦੀ ਪੇਮੈਂਟ ਦੇਣੀ ਪੈਂਦੀ ਹੈ। ਤੇ ਜੇ ਕੋਈ ਅਫ਼ਸਰ 400 ਕਿਲੋਮੀਟਰ ਤੋਂ ਉਪਰ ਗੱਡੀ ਵਰਤਦਾ ਹੈ ਤਾਂ ਉਸ ਨੂੰ ਤਿੰਨ ਰੁਪਏ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਪੈਸੇ ਜਮ੍ਹਾਂ ਕਰਵਾਉਣੇ ਪੈਣਗੇ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਇੱਕ ਤਾਂ ਇਹ ਪੁੱਛਿਆ ਸੀ ਕਿ ਜੇਕਰ ਕੋਈ ਅਫਸਰ ਪੰਜਾਬ ਦੀ ਗੱਡੀ ਬਾਹਰ ਜਾਣ ਲਈ ਵਰਤਦਾ ਹੈ ਤਾਂ ਕੀ ਉਸ ਨੂੰ ਪਰਮਿਸ਼ਨ ਲੈਣ ਦੀ ਜ਼ਰੂਰਤ ਹੈ ਜਾਂ ਨਹੀਂ? ਦੂਸਰਾ ਸਵਾਲ ਇਹ ਪੁੱਛਿਆ ਸੀ ਕਿ ਕੀ ਇੱਕ ਅਫਸਰ ਸਿਰਫ ਇੱਕ ਹੀ ਗੱਡੀ ਵਰਤ ਸਕਦਾ ਹੈ ਜਾਂ ਜ਼ਿਆਦਾ ਵਰਤ ਸਕਦਾ ਹੈ? ਜਿਸ ਤਰ੍ਹਾਂ ਸੈਕੇਟ੍ਰੀ ਇੰਡਸਟਰੀ ਹੈ, ਇੱਕ ਗੱਡੀ ਉਸ ਨੂੰ ਉਧਰੋਂ ਮਿਲ ਗਈ ਸੀ ਇਸੇ ਤਰ੍ਹਾਂ ਐਮ.ਡੀ., ਪੀ.ਐਸ.ਆਈ.ਡੀ.ਸੀ. ਦੇ ਨਾਤੇ ਗੱਡੀ ਮਿਲ ਗਈ ਤੇ ਇਸੇ ਤਰ੍ਹਾਂ ਐਮ.ਡੀ., ਪੀ.ਐਫ.ਸੀ. ਦੇ ਹੋਣ ਦੇ ਨਾਤੇ ਇੱਕ ਗੱਡੀ ਮਿਲ ਗਈ। ਕੀ ਉਹ ਤਿੰਨੋਂ ਹੀ ਗੱਡੀਆਂ ਰੱਖ ਸਕਦਾ ਹੈ ਜਾਂ ਸਿਰਫ ਇੱਕ ਹੀ ਗੱਡੀ ਰੱਖ ਸਕਦਾ ਹੈ?

**ਮੰਤਰੀ** : ਸਪੀਕਰ ਸਾਹਿਬ, ਇੱਕ ਅਫ਼ਸਰ ਸਿਰਫ ਇੱਕ ਹੀ ਗੱਡੀ ਵਰਤ ਸਕਦਾ ਹੈ ਔਰ ਉਸ ਨੇ ਜੇਕਰ ਬਾਹਰ ਜਾਣਾ ਹੋਵੇ, ਜਿਵੇਂ ਮਾਨਯੋਗ ਮੈਂਬਰ ਨੇ ਪੰਚਕੂਲਾ ਬਾਰੇ ਪੁੱਛਿਆ ਹੈ ਤਾਂ ਉਸ ਨੂੰ ਪਰਮਿਸ਼ਨ ਲੈਣ ਦੀ ਲੋੜ ਨਹੀਂ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਇੱਕ ਪ੍ਰੈਕਟਿਸ ਕਾਫੀ ਸੂਬਿਆਂ ਦੇ ਵਿੱਚ ਵੀ ਔਰ ਬਾਹਰਲੇ ਮੁਲਕਾਂ ਦੇ ਵਿਚ ਵੀ ਦੇਖੀ ਗਈ ਹੈ ਕਿ ਜਿਹੜੀਆਂ ਉਨ੍ਹਾਂ ਦੀਆਂ ਸਰਕਾਰੀ ਗੱਡੀਆਂ ਹੁੰਦੀਆਂ ਹਨ ਉਨ੍ਹਾਂ ਦੇ ਦਰਵਾਜਿਆਂ ਤੇ ਲਿਖਿਆ ਹੁੰਦਾ ਹੈ ਕਿ ਇਹ ਪ੍ਰਾਪਰਟੀ ਗੌਰਮਿੰਟ ਆਫ ਪੰਜਾਬ ਜਾਂ ਜਿਸ ਵੀ ਸੂਬੇ ਦੀ ਹੋਵੇ ਤੇ ਇਹ ਵੀ ਲਿਖਿਆ ਹੁੰਦਾ ਹੈ ਕਿ ਇਹ ਆਫੀਸ਼ੀਅਲ ਯੂਜ ਲਈ ਵਰਤੀ ਜਾਵੇਗੀ। ਮੈਂ ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੀਆਂ ਜਿਹੜੀਆਂ ਸਰਕਾਰੀ ਗੱਡੀਆਂ ਹਨ, ਕੀ ਉਨ੍ਹਾਂ ਦੇ ਦਰਵਾਜਿਆਂ ਦੇ ਉਤੇ ਵੀ ਇਸ ਤਰ੍ਹਾਂ ਲਿਖਵਾਉਣ ਲਈ ਇਹ ਤਿਆਰ ਹਨ?

**ਸ਼੍ਰੀ ਸਪੀਕਰ** : ਹਾਂ ਜੀ, ਇਸ ਗੱਲ ਨੂੰ ਕੰਸੀਡਰ ਕਰਨ ਨੂੰ ਤਿਆਰ ਹੋ?

**ਮੰਤਰੀ** : ਸਪੀਕਰ ਸਾਹਿਬ, ਸਤਿਕਾਰਯੋਗ ਮੈਂਬਰ ਸਾਹਿਬ ਨੇ ਜੋ ਸੁਝਾਅ ਦਿੱਤਾ ਹੈ, ਸਰਕਾਰ ਇਸ ਤੇ ਵਿਚਾਰ ਕਰ ਸਕਦੀ ਹੈ। ਜੇਕਰ ਸਰਕਾਰ ਨੇ ਇਸ ਨੂੰ ਠੀਕ ਸਮਝਿਆ ਤਾਂ ਇਸ ਤੇ ਅਮਲ ਕਰ ਸਕਦੀ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛੇ ਦੋ ਕੁ ਮਹੀਨੇ ਹੋਏ ਹਨ ਇੱਕ ਪੰਜਾਬ ਦੀ ਗੱਡੀ ਪੰਚਕੂਲਾ ਦੇ ਵਿੱਚ ਫੜੀ ਗਈ ਸੀ ਤੇ ਉਸ ਅਫ਼ਸਰ ਤੇ ਪਰਚਾ ਵੀ ਦਰਜ਼ ਹੋਇਆ ਹੈ। ਕੀ ਉਸ ਗੱਡੀ ਦੀ ਪੇਮੈਂਟ ਰਿਕਾਰਡ ਤੋਂ ਪਹਿਲਾਂ ਹੋ ਚੁੱਕੀ ਹੈ ਕਿ ਨਹੀਂ?

**ਸ਼੍ਰੀ ਸਪੀਕਰ** : ਇਹ ਸਵਾਲ ਬਣਦਾ ਨਹੀਂ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਇਸ ਬਾਰੇ ਵਖਰਾ ਸਵਾਲ ਦੇ ਦੇਣ, ਜਵਾਬ ਦੇ ਦੇਵਾਂਗੇ।

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਨਵਾਂ ਸ਼ਹਿਰ ਵਿਚ ਸਲੇਨੀਅਮ ਦੀ ਪ੍ਰਤੀਸ਼ਤਤਾ ਵਿਚ ਵਾਧਾ

*505. **ਸ਼੍ਰੀ ਪ੍ਰਕਾਸ਼ ਸਿੰਘ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਨਵਾਂ ਸ਼ਹਿਰ ਵਿਚ ਅਜਿਹੇ ਪਿੰਡਾਂ ਦੇ ਨਾਂ ਕੀ-ਕੀ ਹਨ ਜਿਨ੍ਹਾਂ ਦੀ ਜ਼ਮੀਨ ਵਿਚ ਸਲੇਨੀਅਮ ਦੀ ਪ੍ਰਤੀਸ਼ਤਤਾ ਵੱਧ ਰਹੀ ਹੈ; ਅਤੇ ਇਸ ਨੂੰ ਕੰਟਰੋਲ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ;

(ਅ) ਕੀ ਇਹ ਪਤਾ ਲਗਾਉਣ ਲਈ ਸਰਕਾਰ ਦੁਆਰਾ ਕੋਈ ਯਤਨ ਕੀਤੇ ਜਾ ਰਹੇ ਹਨ, ਕਿ ਕੀ ਉਕਤ ਪਿੰਡਾਂ ਵਿਚ ਜ਼ਮੀਨ ਦੀ ਉਪਜਾਊ ਸ਼ਕਤੀ ਤੇ ਸਲੇਨੀਅਮ ਦੀ ਮਾਤਰਾ ਵਧਣ ਨਾਲ ਕੋਈ ਮਾੜਾ ਪ੍ਰਭਾਵ ਪੈਂਦਾ ਹੈ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : (ੳ) ਜ਼ਿਲ੍ਹਾ ਨਵਾਂ ਸ਼ਹਿਰ ਵਿੱਚ ਬੜਵਾ ਦੇ ਨਾਲ ਲਗਦੇ ਪਿੰਡਾਂ ਭਗੋਰਾਂ, ਮਹਿਤਪੁਰ, ਜੇਨਪੁਰ, ਰਕੜਢਾਹਾਂ ਭਾਨਮਾਜਰਾ ਅਤੇ ਮਹਿੰਦਰਪੁਰ ਪਿੰਡਾਂ ਦੀਆਂ ਜ਼ਮੀਨਾਂ ਵਿੱਚ ਸਲੇਨੀਅਮ ਤੱਤ ਵੱਧ ਰਹੀ ਹੈ। ਸਲੇਨੀਅਮ ਤੱਤ ਦੇ ਜਹਿਰੀਲੇਪਨ ਨੂੰ ਦੂਰ ਕਰਨ ਲਈ ਕੋਈ ਪੱਕਾ ਇਲਾਜ ਅਜੇ ਨਹੀਂ ਲੱਭਿਆ ਜਾ ਸਕਿਆ। ਵੱਖ-ਵੱਖ ਖੇਤੀ ਤਰੀਕੇ ਅਪਣਾ ਕੇ ਇਸ ਅਸਰ ਨੂੰ ਘੱਟ ਕੀਤਾ ਜਾ ਸਕਦਾ ਹੈ ਜਿਸ ਬਾਰੇ ਜ਼ਿਲ੍ਹਾ ਪੱਧਰ ਤੇ ਖੇਤੀਬਾੜੀ ਪ੍ਰਸਾਰ ਸਾਧਨਾਂ ਰਾਹੀਂ ਸੇਧਾਂ ਦਿੱਤੀਆਂ ਜਾਂਦੀਆਂ ਹਨ।

(ਅ) ਸਲੇਨੀਅਮ ਤੱਤ ਦੀ ਹੋਂਦ ਨਾਲ ਜ਼ਮੀਨਾਂ ਦੀ ਉਪਜਾਊ ਸ਼ਕਤੀ ਤੇ ਮਾੜਾ ਅਸਰ ਪੈਂਦਾ ਹੈ। ਇਸ ਬਾਰੇ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਲੋਂ ਖੋਜ ਕੀਤੀ ਜਾ ਰਹੀ ਹੈ।

**ਸ਼੍ਰੀ ਪ੍ਰਕਾਸ਼ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਦੇ ਵੇਲੇ ਜੋ ਪਹਿਲਾਂ ਟਰੀਟਮੈਂਟ ਇਸ ਬਿਮਾਰੀ ਦੇ ਲਈ ਦਿੱਤੀ ਜਾਂਦੀ ਸੀ, ਜ਼ਿੰਮੀਦਾਰਾਂ ਨੂੰ ਫਰੀ ਜਿਪਸਮ ਦਿੱਤੀ ਜਾਂਦੀ ਸੀ ਔਰ ਜਿਸ ਦਾ ਫਾਇਦਾ ਕਾਫੀ ਜਿੰਮੀਦਾਰਾਂ ਨੂੰ ਹੋਇਆ ਸੀ ਤੇ ਉਹ ਕਾਫੀ ਸੈਟਿਸਫਾਈ ਹੋਏ ਸਨ। ਕੀ ਸਰਕਾਰ ਉਹੀ ਟਰੀਟਮੈਂਟ ਦੇਣ ਲਈ ਜਾਂ ਕੋਈ ਹੋਰ ਇਸ ਦੇ ਲਈ ਪਲਾਨਿੰਗ ਕਰਨ ਨੂੰ ਤਿਆਰ ਹੈ ?

**ਮੰਤਰੀ** : ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਗੱਲ ਕੀਤੀ ਹੈ ਇਹ ਬਿਲਕੁਲ ਠੀਕ ਹੈ। ਅਸੀਂ ਇਸ ਦੇ ਵਾਸਤੇ ਕਾਫੀ ਕੁਝ ਕਰ ਰਹੇ ਹਾਂ। ਇੱਕ ਟੀਮ ਯੂਨੀਵਰਸਿਟੀ ਤੋਂ ਵੀ ਗਈ ਸੀ ਔਰ ਗੌਰਮਿੰਟ ਆਫ ਇੰਡੀਆ ਦੀ ਟੀਮ ਵੀ ਗਈ ਸੀ। ਵਾਕਿਆ ਹੀ ਇਹ ਬਹੁਤ ਭੈੜੀ ਬਿਮਾਰੀ ਹੈ ਇਸ ਬਿਮਾਰੀ ਦੇ ਨਾਲ ਡੰਗਰਾਂ ਤੇ ਫਸਲਾਂ ਦਾ ਨੁਕਸਾਨ ਹੋ ਰਿਹਾ ਹੈ, ਇਥੋਂ ਤੱਕ ਕਿ ਇਸ ਦਾ ਅਸਰ ਇਨਸਾਨਾਂ ਦੇ ਉਤੇ ਵੀ ਵਧਦਾ ਜਾ ਰਿਹਾ ਹੈ। ਇਸ ਦੇ ਲਈ ਅਸੀਂ ਚਾਰ ਪੰਜ ਗੱਲਾਂ ਕੀਤੀਆਂ ਹਨ। ਪਹਿਲੀ ਗੱਲ ਜੋ ਮੈਂਬਰ ਸਾਹਿਬ ਨੇ ਜਿਪਸਮ ਬਾਰੇ ਕੀਤੀ ਹੈ। ਸਾਡੀ ਸਰਕਾਰ ਜਿਪਸਮ ਦੇਣ ਬਾਰੇ ਕੰਮ ਦੁਬਾਰਾ ਸ਼ੁਰੂ ਕਰ ਰਹੀ ਹੈ। ਇਸੇ ਫਾਈਨਾਸ਼ੀਅਲ ਈਅਰ ਦੇ ਵਿੱਚ ਤਿੰਨ ਕਰੋੜ ਰੁਪਿਆ ਗੌਰਮਿੰਟ ਆਫ ਇੰਡੀਆ ਤੋਂ ਸ਼ੇਅਰ ਪਾ ਕੇ ਜਿਪਸਮ ਵੀ ਦੇਵਾਂਗੇ। ਲੇਕਿਨ ਇਸ ਤੋਂ ਇਲਾਵਾ ਤਿੰਨ ਚਾਰ ਗੱਲਾਂ ਹੋਰ ਵੀ ਕੀਤੀਆਂ ਹਨ। ਇੱਕ ਤਾਂ ਜਿਹੜੀ ਬਰਸੀਨ ਦੀ ਫਸਲ ਹੈ ਜਿਸ ਦੇ ਨਾਲ ਇਸ ਬੀਮਾਰੀ ਦੇ ਵਧਣ ਦੇ ਖਤਰੇ ਹੁੰਦੇ ਹਨ ਇਸ ਲਈ ਅਸੀਂ ਇਹ ਕੈਂਪਾਂ ਦੇ ਰਾਹੀਂ ਪ੍ਰਚਾਰ ਕਰ ਰਹੇ ਹਾਂ ਕਿ ਇਸ ਫਸਲ ਦੀ ਪਹਿਲੀ

Original with;
Punjab Vidhan Sabha
Digitized by;

ਕਟਿੰਗ ਪਸ਼ੂਆਂ ਨੂੰ ਨਾ ਪਾਈ ਜਾਵੇ। ਇਸ ਦੇ ਨਾਲ ਅਸੀਂ ਜਵੀ ਦੀ ਫਸਲ ਦੇ ਬਾਰੇ ਸਾਰੀਆਂ ਥਾਵਾਂ ਤੇ ਪ੍ਰਚਾਰ ਕਰ ਰਹੇ ਹਾਂ। ਇਸ ਬਿਮਾਰੀ ਦੇ ਤਹਿਤ ਨਵਾਂ ਸ਼ਹਿਰ ਵਿਚ ਕਾਫੀ ਰਕਬਾ ਵਧ ਗਿਆ ਹੈ। ਇਸ ਲਈ ਇਸ ਭੈੜੀ ਬਿਮਾਰੀ ਨੂੰ ਰੋਕਣ ਵਾਸਤੇ ਤਾਂ ਕਿ ਇਹ ਹੋਰ ਇਲਾਕਿਆਂ ਵਿਚ ਨਾ ਫੈਲੇ, ਇਸ ਦੇ ਲਈ ਉਪਰਾਲੇ ਕੀਤੇ ਜਾ ਰਹੇ ਹਨ ਤੇ ਐਕਸਪਰਟਸ ਦੀਆਂ ਜੋ ਰਿਪੋਰਟਾਂ ਆਈਆਂ ਹਨ ਉਨ੍ਹਾਂ ਵਿਚ ਵੀ ਬੜੀਆਂ ਭੈੜੀਆਂ ਤੇ ਮਾੜੀਆਂ ਬਿਮਾਰੀਆਂ ਆਈਆਂ ਹਨ। ਇਨ੍ਹਾਂ ਦਾ ਇਕੋ ਇਕ ਹੱਲ ਹੈ ਜਿਪਸਮ ਭਾਵੇਂ ਇਹ ਮੁੱਕਦੇ ਤਾਂ ਨਹੀਂ ਪਰ ਜਿਪਸਮ ਪਾਉਣ ਨਾਲ ਇਨ੍ਹਾਂ ਦਾ ਅਸਰ 60-70% ਘਟ ਸਕਦਾ ਹੈ। ਇਹ ਅਸੀਂ ਚਾਲੂ ਕਰ ਰਹੇ ਹਾਂ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 530***

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਰਕੇ ਇਹ ਸਵਾਲ ਪੇਸ਼ ਨਹੀਂ ਹੋਇਆ।)

---

**ਬੋਲੇ, ਗੂੰਗੇ ਅਤੇ ਨੇਤਰਹੀਣ ਬੱਚਿਆਂ ਲਈ ਸਕੂਲ**

***526. ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਕੀ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਇਸ ਸਮੇਂ ਬੋਲੇ, ਗੂੰਗੇ ਅਤੇ ਨੇਤਰਹੀਣ ਬੱਚਿਆਂ ਨੂੰ ਸਿੱਖਿਆ ਦੇਣ ਲਈ ਕਿੰਨੇ ਸਰਕਾਰੀ/ਸਰਕਾਰੀ ਸਹਾਇਤਾ ਪ੍ਰਾਪਤ ਸਕੂਲ ਚਲਾਏ ਜਾ ਰਹੇ ਹਨ ਅਤੇ ਉਹ ਕਿਥੇ-ਕਿਥੇ ਸਥਿਤ ਹਨ;

(ਅ) ਕੀ ਸਰਕਾਰ ਦੀ ਉਪਰੋਕਤ ਭਾਗ (ੳ) ਵਿਚ ਵਰਣਿਤ ਬੱਚਿਆਂ ਲਈ ਹੋਰ ਸਕੂਲ ਖੋਲਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੈ, ਤਾਂ ਉਸਦੇ ਵੇਰਵੇ ਕੀ ਹਨ?

**ਸਰਦਾਰ ਜੋਗਿੰਦਰ ਸਿੰਘ ਮਾਨ** : (ੳ) ਰਾਜ ਵਿੱਚ ਇਸ ਸਮੇਂ ਬੋਲੇ, ਗੂੰਗੇ ਅਤੇ ਨੇਤਰਹੀਣ ਬੱਚਿਆਂ ਨੂੰ ਸਿੱਖਿਆ ਦੇਣ ਲਈ ਸਰਕਾਰੀ/ਸਰਕਾਰੀ ਸਹਾਇਤਾ ਪ੍ਰਾਪਤ 12 ਸਕੂਲ ਚਲਾਏ ਜਾ ਰਹੇ ਹਨ (ਵੇਰਵਾ ਅਨੁਲੱਗ "ੳ" ਅਨੁਸਾਰ ਹੈ)।

(ਅ) ਨਹੀਂ ਜੀ।

**ਅਨੁਲੱਗ "ੳ"**

**1. ਸਰਕਾਰੀ (1)**

(i) ਨੇਤਰਹੀਣਾਂ ਲਈ ਸਰਕਾਰੀ ਸੰਸਥਾ,
ਨੇੜੇ ਪਾਵਰ ਹਾਊਸ, ਜਮਾਲਪੁਰ (ਲੁਧਿਆਣਾ)।

Original with;
Punjab Vidhan Sabha
Digitized by;
Panjab Digital Library

[ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ]

2. ਸਰਕਾਰੀ ਸਹਾਇਤਾ ਪ੍ਰਾਪਤ :

(1) ਰਾਜ ਪੱਧਰ ਤੋਂ ਪ੍ਰਾਪਤ ਸਹਾਇਤਾ ਗਰਾਂਟ (2) :

(i) ਇੰਡੀਅਨ ਰੈਡ ਕਰਾਸ ਸੋਸਾਇਟੀ,
ਡੈਫ਼ ਐਂਡ ਡੰਬ, ਅੰਮ੍ਰਿਤਸਰ।

(ii) ਹੋਮ ਫਾਰ ਦੀ ਬਲਾਈਂਡ ਐਂਡ ਡਿਸਏਬਲਡ,
ਮਲੇਰਕੋਟਲਾ (ਸੰਗਰੂਰ)।

(2) ਕੇਂਦਰ ਸਰਕਾਰ ਤੋਂ ਪ੍ਰਾਪਤ ਸਹਾਇਤਾ ਗਰਾਂਟ (9) :

(i) ਰੈਡ ਕਰਾਸ ਸਕੂਲ ਫਾਰ ਬਲਾਈਂਡ,
ਫਰੀਦਕੋਟ।

(ii) ਡਾ: ਸਤਿਆਪਾਲ ਖੋਸਲਾ,
ਚੈਰੀਟੇਬਲ ਟਰੱਸਟ, ਸ਼ਹੀਦ ਊਧਮ ਸਿੰਘ ਨਗਰ,
ਸਕੂਲ ਫਾਰ ਡੈਫ, ਜਲੰਧਰ।

(iii) ਇੰਡੀਅਨ ਰੈਡ ਕਰਾਸ,
ਸਕੂਲ ਫਾਰ ਡੈਫ, ਡੰਬ ਐਂਡ ਬਲਾਈਂਡ,
ਬਠਿੰਡਾ।

(iv) ਇੰਸਟੀਚਿਊਟ ਫਾਰ ਦੀ ਬਲਾਈਂਡ,
ਜੀ.ਟੀ. ਰੋਡ, ਲੋਹਗੜ੍ਹ ਗੇਟ, ਅੰਮ੍ਰਿਤਸਰ।

(v) ਵੋਕੇਸ਼ਨਲ ਰੀਹੈਬਲੀਟੇਸ਼ਨ ਸੈਂਟਰ,
ਹੈਬੋਵਾਲ ਰੋਡ, ਲੁਧਿਆਣਾ।

(vi) ਪੰਜਾਬ ਆਈ.ਏ.ਐਸ. ਆਫੀਸਰਜ਼
ਵਾਈਵਜ਼ ਐਸੋਸੀਏਸ਼ਨ, ਵਾਟਿਕਾ ਸਕੂਲ ਫਾਰ ਡੈਫ,
ਸੈਕਟਰ 19-ਏ, ਚੰਡੀਗੜ੍ਹ।

(vii) ਰੈਡ ਕਰਾਸ ਸਕੂਲ ਫਾਰ ਡੈਫ, ਜਲੰਧਰ।

(viii) ਰੈਡ ਕਰਾਸ ਸੋਸਾਇਟੀ, ਲੁਧਿਆਣਾ
(ਡੈਫ ਐਂਡ ਡੰਬ ਸਕੂਲ)।

(ix) ਰੈਡ ਕਰਾਸ ਸਕੂਲ ਫਾਰ ਡੈਫ ਐਂਡ ਡੰਬ, ਗੁਰਦਾਸਪੁਰ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਨਫਰਮੇਸ਼ਨ ਦਿੱਤੀ ਗਈ ਹੈ, ਇਸ ਦੇ ਮੁਤਾਬਿਕ ਪੰਜਾਬ ਸਰਕਾਰ ਵਲੋਂ ਸਿਰਫ ਇੱਕ ਹੀ ਸਕੂਲ ਇਨ੍ਹਾਂ ਬੱਚਿਆਂ ਲਈ ਚਲਾਇਆ ਜਾ ਰਿਹਾ ਹੈ। ਗੂੰਗੇ, ਬੋਲੇ ਅਤੇ ਨੇਤਰਹੀਣ ਬੱਚਿਆਂ ਵਾਸਤੇ 2 ਸਕੂਲਾਂ ਨੂੰ ਏਡ ਦਿੱਤੀ ਜਾ ਰਹੀ ਹੈ। ਇਹ ਬੱਚੇ ਜਿਹੜੇ ਕਿ ਸਾਡੇ ਸਮਾਜ ਦਾ ਹਿੱਸਾ ਹਨ, ਜਿਨ੍ਹਾਂ ਤੇ ਖਾਸ ਧਿਆਨ ਦੇਣ

Original with;
Punjab Vidhan Sabha
Digitized by;

ਦੀ ਲੋੜ ਹੈ, ਕੀ ਇਹ ਸਮਝਦੇ ਹਨ ਕਿ ਇਨ੍ਹਾਂ ਬੱਚਿਆਂ ਲਈ ਹੋਰ ਕੋਈ ਸਕੂਲ ਖੋਲਣ ਦੀ ਲੋੜ ਹੈ ? ਕੀ ਹੋਰ ਸਕੂਲ ਖੋਲ੍ਹਣ ਦਾ ਸਰਕਾਰ ਦਾ ਵਿਚਾਰ ਹੈ ? ਇਸ ਕਿਸਮ ਦੇ ਹਜ਼ਾਰਾਂ ਹੀ ਬੱਚੇ ਹਨ, ਕੀ ਇਹ ਇੱਕ ਸਕੂਲ ਨੂੰ ਇਨ੍ਹਾਂ ਸਾਰੇ ਬੱਚਿਆਂ ਲਈ ਸਫੀਸ਼ੈਂਟ ਸਮਝਦੇ ਹਨ ?

**ਮੰਤਰੀ** : ਸਰ, ਇੱਕ ਸਰਕਾਰੀ ਸਕੂਲ ਤੋਂ ਇਲਾਵਾ ਦੋ ਸਕੂਲ ਰਾਜ ਪੱਧਰ ਤੋਂ ਸਰਕਾਰੀ ਸਹਾਇਤ ਪ੍ਰਾਪਤ ਹੋਰ ਹਨ ਅਤੇ ਕੇਂਦਰ ਸਰਕਾਰ ਤੋਂ ਪ੍ਰਾਪਤ ਸਹਾਇਤਾ ਗ੍ਰਾਂਟ ਵਾਲੇ 9 ਸਕੂਲ ਹਨ। ਇਸ ਤਰ੍ਹਾਂ ਟੋਟਲ 12 ਸਕੂਲ ਹੋ ਜਾਂਦੇ ਹਨ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਪੰਜਾਬ ਸਰਕਾਰ ਵੱਲੋ ਤਾਂ ਸਿਰਫ਼ ਇੱਕ ਹੀ ਸਕੂਲ ਚਲਾਇਆ ਜਾ ਰਿਹਾ ਹੈ। ਕੀ ਪੰਜਾਬ ਸਰਕਾਰ ਸਮਝਦੀ ਹੈ ਕਿ ਹੋਰ ਸਕੂਲਾਂ ਦੀ ਇਨ੍ਹਾਂ ਹਜ਼ਾਰਾਂ ਬੱਚਿਆਂ ਲਈ ਕੋਈ ਲੋੜ ਨਹੀਂ ਹੈ ? ਜਦੋਂ ਕਿ ਹਜ਼ਾਰਾਂ ਹੀ ਬੱਚੇ ਗੂੰਗੇ, ਬੋਲੇ ਅਤੇ ਨੇਤਰਹੀਣ ਹਨ ?

**ਮੰਤਰੀ** : ਜੋ ਸਕੂਲ ਪੰਜਾਬ ਸਰਕਾਰ ਵਲੋਂ ਚਲਾਇਆ ਜਾਂਦਾ ਹੈ ਉਸ ਦਾ ਸਾਰਾ ਖਰਚਾ ਸਰਕਾਰ ਵਲੋਂ ਦਿੱਤਾ ਜਾਂਦਾ ਹੈ। ਪੰਜਾਬ ਸਰਕਾਰ ਦੀ ਸਹਾਇਤਾ ਨਾਲ ਚਲਣ ਵਾਲੇ ਸਕੂਲਾਂ ਵਿਚ ਇਹ ਖਰਚਾ 50—50% ਹੁੰਦਾ ਹੈ। ਜਿਹੜੇ ਕੇਂਦਰ ਸਰਕਾਰ ਦੀ ਸਹਾਇਤਾ ਨਾਲ ਐਨ.ਜੀ.ਓਜ਼ ਅਜਿਹੇ ਸਕੂਲ ਚਲਾ ਰਹੇ ਹਨ, ਉਥੇ 90% ਗਰਾਂਟ ਸਰਕਾਰ ਦਿੰਦੀ ਹੈ ਅਤੇ 10% ਹਿੱਸਾ ਐਨ.ਜੀ.ਓਜ਼ ਪਾਉਂਦੇ ਹਨ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਇਨ੍ਹਾਂ ਨੇ ਜਵਾਬ ਵਿਚ ' ਨਹੀਂ ਜੀਂ ' ਦਿੱਤਾ ਹੈ। ਕੀ ਇਹ ਹੋਰ ਸਰਕਾਰੀ ਸਕੂਲ ਖੋਲ੍ਹਣ ਦੀ ਲੋੜ ਨਹੀਂ ਸਮਝਦੇ ?

**ਮੰਤਰੀ** : ਸਰ, ਜਿਨ੍ਹਾਂ ਐਨ.ਜੀ.ਓਜ਼. ਨੇ ਗਰਾਂਟ ਲੈਣੀ ਹੁੰਦੀ ਹੈ, ਉਨ੍ਹਾਂ ਲਈ ਸਰਕਾਰ ਨੇ ਦੋ ਸ਼ਰਤਾਂ ਨਿਰਧਾਰਤ ਕੀਤੀਆਂ ਹੋਈਆਂ ਹਨ। ਪਹਿਲੀ ਸ਼ਰਤ ਇਹ ਹੈ ਕਿ ਸੁਸਾਇਟੀ ਐਕਟ 1860 ਦੇ ਅਧੀਨ ਸੰਸਥਾ ਰਜਿਸਟਰਡ ਹੋਵੇ ਅਤੇ ਦੂਜੀ ਸ਼ਰਤ ਇਹ ਹੈ ਕਿ ਉਸ ਨੂੰ ਘਟੋ ਘੱਟ ਦੋ ਸਾਲ ਦਾ ਸਮਾਂ ਰਜਿਸਟਰਡ ਹੋਇਆਂ ਹੋਣਾ ਚਾਹੀਦਾ ਹੈ। ਜੇ ਐਨ.ਜੀ.ਓਜ਼. ਸੰਸਥਾਵਾਂ ਇਹ ਕੰਡੀਸ਼ਨਜ਼ ਪੂਰੀਆਂ ਕਰਦੀਆਂ ਹੋਣ ਤਾਂ ਉਹ ਸਕੂਲ ਖੋਲ੍ਹ ਸਕਦੀਆਂ ਹਨ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਮੇਰੇ ਸਵਾਲ ਦਾ ਜਵਾਬ ਨਹੀਂ ਆ ਰਿਹਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਆਪਣੇ ਵਲੋਂ ਭਾਵ ਸਰਕਾਰ ਦੇ ਵਲੋਂ ਇਨ੍ਹਾਂ ਬੱਚਿਆਂ ਲਈ ਕੋਈ ਹੋਰ ਸਕੂਲ ਚਲਾ ਸਕਦੇ ਹਨ ? ਜਦੋਂ ਆਮ ਬੱਚਿਆਂ ਵਾਸਤੇ ਪੰਜਾਬ ਵਿਚ ਹਜ਼ਾਰਾਂ ਹੀ ਸਕੂਲ ਚਲ ਰਹੇ ਹਨ, ਫਿਰ ਗੂੰਗੇ, ਬੋਲੇ ਅਤੇ ਨੇਤਰਹੀਣ ਬੱਚਿਆਂ ਲਈ ਤਾਂ ਜ਼ਰੂਰ ਹੋਰ ਸਕੂਲ ਖੁਲ੍ਹਣੇ ਚਾਹੀਦੇ ਹਨ।

**Mr. Speaker** : Is there any need for more schools to be opened ?

**ਮੰਤਰੀ** : ਸਰਕਾਰ ਦੇ ਪਾਸ ਸਫੀਸ਼ੈਂਟ ਸਕੂਲ ਹਨ। ਐਨ.ਜੀ.ਓਜ਼. ਦੇ ਥਰੂ ਹੋਰ ਸਕੂਲ ਖੁਲ੍ਹ ਸਕਦੇ ਹਨ। ਸਰਕਾਰ ਉਨ੍ਹਾਂ ਦੀ ਮੱਦਦ ਕਰਨ ਨੂੰ ਤਿਆਰ ਹੈ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਜਿਵੇਂ ਗੂੰਗੇ, ਬੋਲੇ ਤੇ ਨੇਤਰਹੀਣ ਬੱਚੇ ਹਨ, ਇਸੇ ਤਰ੍ਹਾਂ ਹੀ ਮੈਂਟਲੀ ਰਿਟਾਰਡਿਡ ਬੱਚੇ ਵੀ ਹਨ। ਕੀ ਪੰਜਾਬ ਸਰਕਾਰ ਇਨ੍ਹਾਂ ਬੱਚਿਆਂ ਲਈ ਕੋਈ ਸਕੂਲ ਜਾਂ ਸੰਸਥਾ ਖੋਲ੍ਹਣ ਦਾ ਵਿਚਾਰ ਕਰ ਰਹੀ ਹੈ।

Original with;
Punjab Vidhan Sabha
Digitized by;
Panjab Digital Library

[ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ]

**ਮੰਤਰੀ :** ਜੇ ਐਨ.ਜੀ.ਓਜ਼. ਸਕੂਲ ਲਈ ਅਪਲਾਈ ਕਰਨਗੇ ਤਾਂ ਅਸੀਂ ਉਨ੍ਹਾਂ ਦੀ ਸਹਾਇਤਾ ਕਰਾਂਗੇ। ਸਰਕਾਰ ਉਨ੍ਹਾਂ ਨੂੰ ਪੈਸਾ ਦਿੰਦੀ ਹੈ।

---

### ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 521*

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਰ, ਮੈਨੂੰ ਇਸ ਸਵਾਲ ਦਾ ਜਵਾਬ ਨਹੀਂ ਆਇਆ।

**ਸ਼੍ਰੀ ਸਪੀਕਰ :** ਇਸ ਦੇ ਲਈ ਐਕਸਟੈਨਸ਼ਨ ਮੰਗੀ ਗਈ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਰ, ਮੈਂ ਚਾਹੁੰਦਾ ਹਾਂ ਕਿ ਇਸ ਸਵਾਲ ਦਾ ਜਵਾਬ ਇਸੇ ਸੈਸ਼ਨ ਦੇ ਵਿਚ ਹੀ ਆ ਜਾਵੇ।

**ਸ਼੍ਰੀ ਸਪੀਕਰ :** ਮੈਂ ਗੌਰਮਿੰਟ ਨੂੰ ਜ਼ਰੂਰ ਕਹਾਂਗਾ ਕਿ ਇਸੇ ਸੈਸ਼ਨ ਦੇ ਵਿਚ ਹੀ ਜਵਾਬ ਆ ਜਾਣਾ ਚਾਹੀਦਾ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਥੈਂਕਸ ਸਰ।

**Mr. Speaker :** Questions are over. Now, we will take the next item of the agenda. ਅੱਜ ਬਾਦਲ ਸਾਹਿਬ ਨੇ ਵੀ ਬੋਲਣਾ ਹੈ।

---

## UNSTARRED QUESTIONS AND ANSWERS

### ਪੁਲਿਸ ਲਾਈਨਜ਼, ਨਵਾਂ ਸ਼ਹਿਰ ਲਈ ਇਮਾਰਤ ਦੀ ਉਸਾਰੀ

86. **ਸ਼੍ਰੀ ਪ੍ਰਕਾਸ਼ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਪੁਲਿਸ ਲਾਈਨਜ਼ ਲਈ ਇਮਾਰਤ ਦੀ ਉਸਾਰੀ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਕੈਪਟਨ ਅਮਰਿੰਦਰ ਸਿੰਘ :** ਜੀ ਹਾਂ। ਯੋਗ ਜਮੀਨ ਦੀ ਭਾਲ ਕੀਤੀ ਜਾ ਰਹੀ ਹੈ।

---

### ਸਕੂਲਾਂ ਵਿਚ ਪਖਾਨਿਆਂ ਦੀ ਉਸਾਰੀ

87. **ਸ਼੍ਰੀ ਪ੍ਰਕਾਸ਼ ਸਿੰਘ :** ਕੀ ਸਕੂਲ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਨਵਾਂ ਸ਼ਹਿਰ ਵਿਚ ਅਜਿਹੇ ਸਕੂਲਾਂ ਦੇ ਨਾਂ ਕੀ-ਕੀ ਹਨ ਜਿਨ੍ਹਾਂ ਨੂੰ ਪਖਾਨਿਆਂ ਦੀ ਉਸਾਰੀ ਲਈ ਗ੍ਰਾਂਟਾਂ ਜਾਰੀ ਕੀਤੀਆਂ ਗਈਆਂ ਹਨ ?

(ਅ) ਕਿ ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਵਿਚ ਪਖਾਨਿਆਂ ਦੀ ਉਸਾਰੀ ਕਰ ਦਿੱਤੀ ਗਈ ਹੈ; ਜੇਕਰ ਨਹੀਂ, ਤਾਂ ਇਸ ਮੰਤਵ ਲਈ ਕਿੰਨਾ ਸਮਾਂ ਲਏ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਖੁਸ਼ਹਾਲ ਬਹਿਲ :** (ੳ) ਲਿਸਟ ਨੱਥੀ ਕੀਤੀ ਜਾਂਦੀ ਹੈ ਜੀ।

(ਅ) ਪਖਾਨਿਆਂ ਦੀ ਉਸਾਰੀ ਸ਼ੁਰੂ ਕਰ ਦਿੱਤੀ ਗਈ ਹੈ। ਮਿਤੀ 3 ਜਨਵਰੀ, 2004 ਤੋਂ ਪਹਿਲਾਂ-ਪਹਿਲਾਂ ਉਸਾਰੀ ਦਾ ਕੰਮ ਪੂਰਾ ਕਰ ਲਿਆ ਜਾਵੇਗਾ।

---

*For Starred Question No. 521 and reply thereto, please see P.V.S. Debates dated 1st April, 2003.

Original with;
Punjab Vidhan Sabha
Digitized by;
Panjab Digital Library

ਜ਼ਿਲ੍ਹਾ ਨਵਾਂ ਸ਼ਹਿਰ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਸੂਚੀ ਜਿਨ੍ਹਾਂ ਨੂੰ 35,000 ਰੁਪਏ ਪ੍ਰਤੀ ਸਕੂਲ ਪਖਾਨਿਆਂ ਅਤੇ ਪਾਣੀ ਦੇ ਪ੍ਰਬੰਧ ਲਈ ਦਿੱਤੇ ਗਏ।

| ਲੜੀ ਨੰ: | ਸਕੂਲ ਦਾ ਨਾਂ | ਲੜੀ ਨੰ: | ਸਕੂਲ ਦਾ ਨਾਂ |
|---|---|---|---|
| 1. | ਚੱਕ ਬਿਲਗਾ | 26. | ਸੰਧਵਾਂ |
| 2. | ਕੱਟਾਂ | 27. | ਜੈਨਪੁਰ |
| 3. | ਫਰਾਲਾ | 28. | ਕਰਾਵਰ |
| 4. | ਖਾਨਪੁਰ | 29. | ਭੌਲੇਵਾਲ |
| 5. | ਬੰਗਾ (ਮੁੰਡੇ) | 30. | ਸਿੰਘਪੁਰ |
| 6. | ਬੰਗਾ (ਕੁੜੀਆਂ) | 31. | ਪੌਜੇਵਾਲ |
| 7. | ਰਵਿਦਾਸ ਨਗਰ ਬੰਗਾ | 32. | ਛੂਛੇਵਾਲ |
| 8. | ਮਜਾਰੀ | 33. | ਜੀਤਪੁਰ |
| 9. | ਬਲਾਮੀਕ ਬਸਤੀ ਬੰਗਾ | 34. | ਮਾਹੀ ਪੁਰ |
| 10. | ਖਟਕੜ ਖੁਰਦ | 35. | ਟੱਪਰੀਆਂ ਖੁਰਦ |
| 11. | ਰਾਮਪੁਰ | 36. | ਚਾਂਦ ਪੁਰ ਰੁੜਕੀ |
| 12. | ਅਟਾਰੀ | 37. | ਕੁਕੜਸੂਹਾ |
| 13. | ਬਾਲ੍ਹੋ | 38. | ਕੌਲਗੜ੍ਹ |
| 14. | ਗੋਬਿੰਦਪੁਰ | 39. | ਪੇਲੀ |
| 15. | ਢਾਹਾਂ | 40. | ਬੇਗਮਪੁਰ |
| 16. | ਮੱਲਾ ਸੋਢੀਆਂ | 41. | ਕਟਵਾਰਾ ਕਲਾਂ |
| 17. | ਹਰੀਜਨ ਬਸਤੀ ਸੰਧਵਾਂ | 42. | ਖਰੌੜ |
| 18. | ਕਟਾਰੀਆ | 43. | ਰੋੜੀ |
| 19. | ਕੰਗਰੋੜ | 44. | ਨਵਾਂ ਗਰਾਂ |
| 20. | ਘੁੰਮਣਾਂ | 45. | ਬਛੌੜੀ |
| 21. | ਮਾਂਗਟ ਡੀਂਗਰੀਆਂ | 46. | ਭੰਨੂੰ |
| 22. | ਤਲਵੰਡੀ ਜੱਟਾਂ | 47. | ਥਾਨਵਾਲਾ |
| 23. | ਮੇਹਲੀ (ਕੁੜੀਆਂ) | 48. | ਮਝੌਟ |
| 24. | ਪੱਦੀ ਮੱਟ ਵਾਲੀ | 49. | ਖੀਵੇਵਾਲ |
| 25. | ਗੋਸਲਾਂ | 50. | ਟਕਾਰਲਾ |

Original with;
Punjab Vidhan Sabha
Digitized by;
Panjab Digital Library

[ਸਕੂਲ ਸਿੱਖਿਆ ਮੰਤਰੀ]

| ਲੜੀ ਨੰ: | ਸਕੂਲ ਦਾ ਨਾਂ | ਲੜੀ ਨੰ: | ਸਕੂਲ ਦਾ ਨਾਂ |
|---|---|---|---|
| 51. | ਉਧਨਵਾਲ | 79. | ਆਸਰੋਂ |
| 52. | ਭੱਦੀ | 80. | ਕਾਠਗੜ੍ਹ |
| 53. | ਨਿਆਣਾ ਬੇਟ | 81. | ਬੂਥਗੜ੍ਹ |
| 54. | ਖੋਜਾਬੇਟ | 82. | ਭਰਥਲਾ |
| 55. | ਆਦੋਆਣਾ | 83. | ਰੈਲ ਮਾਜਰਾ |
| 56. | ਮਣਸੇਵਾਲ | 84. | ਰਵਿਦਾਸ ਨਗਰ ਬਲਾਚੌਰ |
| 57. | ਗਰਲੋਂ ਬੇਟ | 85. | ਮੁੱਤੋਂ |
| 58. | ਸਿਆਣਾ | 86. | ਸੁੱਧਾਂ ਮਾਜਰਾ |
| 59. | ਮਹਿੰਦੀਪੁਰ | 87. | ਮਜਾਰਾ ਕਲਾਂ |
| 60. | ਰਾਜ ਮਾਜਰਾ | 88. | ਚੂਹੜਪੁਰ |
| 61. | ਧੌਪੀਆਂ | 89. | ਭਾਨ ਮਜਾਰਾ |
| 62. | ਜੋਗੇਵਾਲ | 90. | ਜਾਂਡਲਾ |
| 63. | ਸਿੰਬਲ ਮਜਾਰਾ | 91. | ਸਨਾਵਾ |
| 64. | ਨਵਾਂ ਪਿੰਡ ਟੱਪਰੀਆਂ | 92. | ਸਹਾਬਪੁਰ |
| 65. | ਬੁਲੇਵਾਲ | 93. | ਕਾਜਮਪੁਰ |
| 66. | ਮਹਿਤਪੁਰ | 94. | ਰਾਮਗੜ੍ਹ |
| 67. | ਜੱਟ ਮਾਜਰੀ | 95. | ਮੁਬਾਰਕਪੁਰ |
| 68. | ਬਾਗੋਵਾਲ | 96. | ਅਲਾਚੌਰ |
| 69. | ਨਿੱਘੀ | 97. | ਚੱਕ ਇਲਾਹੀ ਬਖਸ਼ |
| 70. | ਭੇਡੀਆਂ | 98. | ਸ਼ਾਹਪੁਰ |
| 71. | ਏ.ਡੀ.ਬੇਲਾ ਤਾਜੋਵਾਲ | 99. | ਮਝੂਰ |
| 72. | ਮਾਣੇਵਾਲ | 100. | ਜਾਨੀਆਂ |
| 73. | ਜਲਾਲਪੁਰ | 101. | ਪੈਗੜਪੁਰ |
| 74. | ਰੱਤੇਵਾਲ | 102. | ਨਾਈ ਮਜਾਰਾ |
| 75. | ਟੁੰਡੇਵਾਲ | 103. | ਕਰਮੀਪੁਰ |
| 76. | ਗੋਲੂ ਮਾਜਰਾ | 104. | ਮਜੱਫਰਪੁਰ |
| 77. | ਬਛੂਆ | 105. | ਸ਼ੇਖਪੁਰ |
| 78. | ਟੌਸਾਂ | 106. | ਚੱਕਲੀ ਸੁਜਾਤ |

riginal with;
unjab Vidhan Sabha
igitized by;

| ਲੜੀ ਨੰ: | ਸਕੂਲ ਦਾ ਨਾਂ | ਲੜੀ ਨੰ: | ਸਕੂਲ ਦਾ ਨਾਂ |
|---|---|---|---|
| 107. | ਕਾਹਮਾ | 134. | ਮਾਹਿਲ ਖੁਰਦ |
| 108. | ਸੈਦਪੁਰ | 135. | ਮਾਰਟਾ ਖੁਰਦ |
| 109. | ਸੁਲਤਾਨਪੁਰ | 136. | ਦਰਿਆਪੁਰ |
| 110. | ਸਮਸ਼ਪੁਰ | 137. | ਤਲਵੰਡੀ ਸੀਬੂ |
| 111. | ਕੋਟ ਰਾਂਝਾ | 138. | ਮਿਰਜ਼ਾਪੁਰ |
| 112. | ਹਸਰੋ | 139. | ਗਰਚਾ |
| 113. | ਭੂਖੜੀ | 140. | ਮੱਲਪੁਰ |
| 114. | ਪੱਲੀ ਉੱਚੀ | 141. | ਔੜ |
| 115. | ਲਧਾਣਾ ਉੱਚਾ | 142. | ਗੜ੍ਹੀ ਪਾਰਟੀ |
| 116. | ਭੂਤਾਂ | 143. | ਗੜ੍ਹ ਪਧਾਣਾ |
| 117. | ਕਜਲਾ | 144. | ਬੁਰਜ ਟਹਿਲ ਦਾਸ |
| 118. | ਗੁਜਰ ਪੁਰ | 145. | ਲਿੱਦੜ ਕਲਾਂ |
| 119. | ਕਿਲ੍ਹਾ ਮੁਹੱਲਾ ਨਵਾਂ ਸ਼ਹਿਰ | 146. | ਮੁਕੰਦਪੁਰ |
| 120. | ਮਹਾਲੋਂ | 147. | ਜਗਤਪੁਰ |
| 121. | ਗੜ੍ਹਸ਼ੰਕਰ ਰੋਡ ਨਵਾਂ ਸ਼ਹਿਰ | 148. | ਬੇਗੋਵਾਲ |
| 122. | ਭੀਣ | 149. | ਨੰਗਲ ਜੱਟਾਂ |
| 123. | ਬੈਸ | 150. | ਪੰਦਰਾਵਲ |
| 124. | ਮੰਗੂਵਾਲ | 151. | ਗੜ੍ਹੀ ਅਜੀਤ ਸਿੰਘ |
| 125. | ਭਰੋ ਮਜਾਰਾ | 152. | ਲੜੋਆ |
| 126. | ਅਮਰਗੜ੍ਹ | 153. | ਬਖਲੌਰ |
| 127. | ਕੋਟ ਪੱਲੀਆਂ | 154. | ਰਾਏਪੁਰ ਡੱਬਾ |
| 128. | ਪੱਲੀ ਝਿੱਕੀ | 155. | ਗਹਿਲ ਮਜਾਰੀ |
| 129. | ਜੱਬੋਵਾਲ | 156. | ਗੁਣਾਚੌਰ |
| 130. | ਰਸੂਲਪੁਰ | 157. | ਸੋਢੀਆਂ |
| 131. | ਤਾਜਪੁਰ | 158. | ਪਰਾਗਪੁਰ |
| 132. | ਚੱਕਦਾਨਾ | 159. | ਬਜੀਦਪੁਰ |
| 133. | ਭਾਰਟਾ ਕਲਾਂ | 160. | ਦੁਧਾਲਾ |

Original with;
Punjab Vidhan Sabha
Digitized by;
Panjab Digital Library

## MATTER RAISED DURING ZERO HOUR

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਇਹ ਸਾਡਾ ਰਾਈਟ ਹੈ। ਮੈਂ ਦੋ-ਤਿੰਨ ਗੱਲਾਂ ਕਹਿਣੀਆਂ ਚਾਹੁੰਦਾ ਹਾਂ। ਅੱਜ ਬੜਾ ਹੀ ਗੰਭੀਰ ਅਤੇ ਚਿੰਤਾਜਨਕ ਮਸਲਾ ਸਾਡੇ ਸਾਹਮਣੇ ਹੈ। ਇਸ ਮਸਲੇ ਦੇ ਨਾਲ ਸਾਰੇ ਪੰਜਾਬ ਔਰ ਇਸ ਮਹਾਨ ਸਦਨ ਤੇ ਵੀ ਕੁਝ ਸ਼ੰਕੇ ਉਠੇ ਹਨ। ਬੜੇ ਹੀ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਸਰਕਾਰ ਦੇ ਦੋ ਵਜ਼ੀਰ ਜਿਨ੍ਹਾਂ ਦਾ ਨਾਮ ਹੈ : ਸ੍ਰੀ ਹਰਬੰਸ ਲਾਲ ਅਤੇ ਸ੍ਰੀ ਰਮੇਸ਼ ਦੱਤ। ਇਨ੍ਹਾਂ ਨੇ ਜਾਅਲੀ ਡਿਗਰੀਆਂ ਬਣਾ ਕੇ ਆਪਣੀ ਪ੍ਰੈਕਟਿਸ ਕਰਨ ਦੇ ਸਰਟੀਫਿਕੇਟ ਲਏ ਹਨ ਔਰ ਫਿਰ ਇਸ ਦੇ ਬਾਰੇ ਸ਼ਿਕਾਇਤ ਹਾਈ ਕੋਰਟ ਦੇ ਵਿਚ ਹੋਈ ਹੈ। ਹਾਈ ਕੋਰਟ ਦੀ ਸ਼ਿਕਾਇਤ ਤੋਂ ਬਾਅਦ ਵੀ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ।

**Mr. Speaker :** Matter is in the court.

**ਕੈਪਟਨ ਕੰਵਲਜੀਤ ਸਿੰਘ** : ਕੱਲ੍ਹ ਸੁਪਰੀਮ ਕੋਰਟ ਨੇ ਵੀ ਆਦੇਸ਼ ਦਿੱਤੇ ਹਨ। ਇਨ੍ਹਾਂ ਦੋਵਾਂ ਵਜ਼ੀਰਾਂ ਨੂੰ ਨੋਟਿਸ ਜਾਰੀ ਹੋਇਆ ਹੈ ਕਿ ਤੁਸੀਂ ਸਾਨੂੰ ਦੱਸੋ ਕਿ ਤੁਹਾਡੇ ਤੇ ਕਾਨੂੰਨੀ ਕਾਰਵਾਈ ਕਿਉਂ ਨਾ ਕੀਤੀ ਜਾਵੇ ਕਿਉਂਕਿ ਤੁਸੀਂ ਜਾਅਲੀ ਸਰਟੀਫਿਕੇਟ ਤੇ ਜਾਅਲੀ ਡਿਗਰੀਆਂ ਬਣਾ ਕੇ ਡਾਕਟਰੀ ਕਰਦੇ ਰਹੇ ਹੋ ? ਮੇਰੇ ਖਿਆਲ ਦੇ ਵਿਚ ਸਪੀਕਰ ਸਾਹਿਬ, ਇਸ ਦਾ ਜਵਾਬ ਅਸੀਂ ਸਰਕਾਰ ਤੋਂ ਮੰਗਦੇ ਹਾਂ ਕਿ ਇਸ ਸਰਕਾਰ ਦੇ ਵਿਚ ਇਹੋ ਜਿਹੇ ਮਨਿਸਟਰ ਹਨ ਜਿਹੜੇ ਕਿ ਜਾਅਲੀ ਡਿਗਰੀਆਂ ਲੈਣ ਦੇ ਦੋਸ਼ ਵਿਚ ਸੁਪਰੀਮ ਕੋਰਟ ਤੋਂ ਤਲਬ ਕੀਤੇ ਗਏ ਹੋਣ। ਸਰਕਾਰ ਇੱਥੇ ਕੁਰੱਪਸ਼ਨ ਦੇ ਖਿਲਾਫ ਲੜਨ ਦੀ ਗੱਲ ਕਰਦੀ ਹੈ। ਸਪੀਕਰ ਸਾਹਿਬ, ਇਸ ਮਹਾਨ ਸਦਨ ਵਿੱਚ ਜਿਹੜੇ ਮਸਲੇ ਹਨ ਅਤੇ ਜਿਹੜੇ ਵਜ਼ੀਰ ਜਾਅਲੀ ਡਿਗਰੀਆਂ ਲੈ ਕੇ ਪ੍ਰੈਕਟਿਸ ਕਰ ਰਹੇ ਹਨ, ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।

**ਸ਼੍ਰੀ ਸਪੀਕਰ** : ਤੁਸੀਂ ਹੁਣ ਬੈਠ ਜਾਓ। ਤੁਸੀਂ ਜਿਹੜੀ ਗੱਲ ਕਹਿਣੀ ਹੈ, ਕਹਿ ਲਈ ਹੈ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੈਂ ਤਾਂ ਹਾਲੇ ਇੱਕ-ਦੋ ਗੱਲਾਂ ਹੋਰ ਕਰਨੀਆਂ ਹਨ। ਇਸ ਮਹਾਨ ਸਦਨ ਵਿੱਚ ਸਾਡੀ ਪਾਰਟੀ ਦੀ ਸੰਤੁਸ਼ਟੀ ਤਦ ਹੋਵੇਗੀ ਜੇਕਰ ਜਿਹੜੇ ਵਜ਼ੀਰਾਂ ਨੇ ਜਾਅਲੀ ਡਿਗਰੀਆਂ ਲਈਆਂ ਹਨ, ਉਨ੍ਹਾਂ ਖਿਲਾਫ ਸਰਕਾਰ ਕਾਰਵਾਈ ਕਰੇ ਅਤੇ ਉਹ ਹਾਊਸ ਦੀ ਡਿਗਨਿਟੀ ਨੂੰ ਦੇਖਦੇ ਹੋਏ ਅੱਜ ਹੀ ਅਸਤੀਫਾ ਦੇ ਦੇਣ। ਜੇਕਰ ਅਸਤੀਫਾ ਨਹੀਂ ਦੇਣਗੇ ਤਾਂ ਅਸੀਂ ਪੰਜਾਬ ਸਰਕਾਰ ਵਿਰੁੱਧ ਇਸ ਸਦਨ ਵਿੱਚ ਆਪਣਾ ਪ੍ਰੋਟੈਸਟ ਕਰਾਂਗੇ।

**ਰਾਜ ਮੰਤਰੀ, ਸਹਿਕਾਰਤਾ** : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਕੇਸ ਆਲਰੇਡੀ ਹਾਈ ਕੋਰਟ ਵਿੱਚ ਚੱਲ ਰਿਹਾ ਹੈ ਅਤੇ 1976 ਦੇ ਐਕਟ ਅਧੀਨ ਕਲੈਰੀਫਿਕੇਸ਼ਨ ਹੋ ਚੁੱਕੀ ਹੈ। ਇਹ ਕੇਸ ਪਿਛਲੀ ਸਰਕਾਰ ਵੇਲੇ ਸ਼੍ਰੀ ਮਦਨ ਮੋਹਨ ਮਿੱਤਲ ਨੇ ਰਜਿਸਟਰਡ ਕਰਵਾਇਆ ਸੀ। ਵਿਜੀਲੈਂਸ ਨੇ ਇਸ ਸੰਬੰਧੀ ਕੋਈ ਕੇਸ ਰਜਿਸਟਰਡ ਨਹੀਂ ਕੀਤਾ ਸੀ। ਸੁਪਰੀਮ ਕੋਰਟ ਵਿੱਚ ਵੀ ਇਨ੍ਹਾਂ ਨੇ ਹੀ ਕੇਸ ਪਾਇਆ ਹੋਇਆ ਹੈ। ਹਾਈ ਕੋਰਟ ਵਿੱਚ, this case has been dismissed with cost.

**Mr. Speaker :** Now as the matter is *sub judice* in the Court, I won't allow any discussion (Interruption)

Original with;
Punjab Vidhan Sabha
Digitized by;

**ਰਾਜ ਮੰਤਰੀ :** ਮੈਨੂੰ ਪਰਸਨਲੀ ਪਤਾ ਹੈ ਕਿ ਇਹ ਕੇਸ ਛੇ ਵਾਰੀ ਅਜੀਤ ਅਖਬਾਰ ਨੇ ਉਛਾਲਿਆ ਹੈ। ਹੁਣ ਵੀ ਅਜੀਤ ਅਖਬਾਰ ਨੇ ਹੀ ਗੱਲ ਦਿੱਤੀ ਹੈ। ਕੋਈ ਇਹ ਇੰਟੈਲੀਜੈਂਸ ਦੀ ਗੱਲ ਕਰਨ, ਕੰਮ ਦੀ ਗੱਲ ਕਰਨ। ਅਗਰ ਇਨ੍ਹਾਂ ਨੂੰ ਕੋਈ ਇਸ਼ੂ ਨਹੀਂ ਮਿਲਦਾ ਤਾਂ ਇਹ ਇਸ ਗੱਲ ਨੂੰ ਲੈ ਕੇ ਅਖਬਾਰ ਵਿੱਚ ਕਢਵਾ ਦਿੰਦੇ ਹਨ। ਸੁਪਰੀਮ ਕੋਰਟ ਵਿੱਚ ਅਸੀਂ ਇਸ ਦਾ ਜਵਾਬ ਫਾਈਲ ਕਰਾਂਗੇ ........... (ਵਿਘਨ) (ਸ਼ੋਰ)

(ਇਸ ਸਮੇਂ ਸਦਨ ਵਿੱਚ ਹਾਜ਼ਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**Mr. Speaker :** The matter is in the Court and *sub judice*. It cannot be discussed in the House.

(ਇਸ ਸਮੇਂ ਸਦਨ ਵਿੱਚ ਹਾਜ਼ਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ** ** ਨਾਅਰੇ ਲਗਾ ਰਹੇ ਸਨ।) (ਵਿਘਨ) (ਸ਼ੋਰ)

**ਸ਼੍ਰੀ ਸਪੀਕਰ :** ਜੋ ਨਾਅਰੇ ਲਗਾਏ ਜਾ ਰਹੇ ਹਨ, ਇਹ ਰਿਕਾਰਡ ਨਾ ਕੀਤੇ ਜਾਣ। ਮੈਟਰ ਸਬ-ਜੁਡਿਸ ਹੈ। I have called upon the Call Attention.

## WALK OUT

[ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਦਨ ਵਿੱਚ ਸ਼੍ਰੀ ਰਮੇਸ਼ ਦੱਤ ਸ਼ਰਮਾ (ਰਾਜ ਮੰਤਰੀ, ਸਾਹਿਕਾਰਤਾ) ਅਤੇ ਸ਼੍ਰੀ ਹਰਬੰਸ ਲਾਲ ਖੰਨਾ (ਰਾਜ ਮੰਤਰੀ, ਜੰਗਲਾਤ) ਵਿਰੁੱਧ ਕੋਰਟ ਵਿਚ ਪੈਂਡਿੰਗ ਮਸਲੇ ਨੂੰ ਸਦਨ ਵਿਚ ਉਠਾਉਣ ਦੀ ਆਗਿਆ ਨਾ ਮਿਲਣ ਦੇ ਵਿਰੋਧ ਵਜੋਂ ਸਦਨ ਵਿਚੋਂ ** ** ਨਾਅਰੇ ਮਾਰਦੇ ਹੋਏ ਵਾਕ-ਆਊਟ ਕਰ ਗਏ। ]

**ਸ਼੍ਰੀ ਸਪੀਕਰ :** ਜੋ ਕੁਝ ਵੀ ਸਲੋਗਨ ਲਗ ਰਹੇ ਹਨ, ਕੋਈ ਰਿਕਾਰਡ ਨਾ ਕੀਤੇ ਜਾਣ। (ਵਿਘਨ) (ਸ਼ੋਰ) ਕੋਈ ਸਲੋਗਨ ਰਿਕਾਰਡ ਨਾ ਕੀਤਾ ਜਾਵੇ। Totally not to be recorded. Call Attention. Sh. Avinash Rai Khanna.

---

## CALL ATTENTION NOTICES UNDER RULE 66

(SERIAL NO. 11)

**Shri Avinash Rai Khanna :** Sir, I beg to draw the attention of the Government towards a matter of urgent public importance, namely, that a large number of Medical Students who have passed P.M.T. conducted by Baba Farid Medical University of Health Sciences, Faridkot, who have asked to deposit the dues by Baba Farid University Authorities have denied the admission in B.D.S. Courses by Desh Bhagat Dental College, Mukatsar, Laxmi Bhai Medical College, Patiala, on the pretext that they have filled these seats without counselling. There is a lot of resentment amongst the students in Punjab.

---

**Not recorded as ordered by the Chair.

Original with;
Punjab Vidhan Sabha
Digitized by;

[Shri Avinash Rai Khanna]

Keeping in view the obvious and urgent importance of the matter, the Minister concerned may please be asked to make a statement on the floor of the House.

**Minister for Medical Education and Research (Chaudhary Santokh Singh) :** Sir, the entrance test for admission to the M.B.B.S/B.D.S/B.A.M.S/B.H.M.S Courses was conducted by Baba Farid Medical University of Health Sciences, Faridkot on 21st July, 2002. The 1st counselling for the admission to BDS Course was held from September 10 to 12th, 2002. The second counselling could not be held in time because of a stay order by the Hon'ble Punjab and Haryana High Court. Recounselling was held later on 22nd to 24th January, 2003 on directions of the Hon'ble High Court. This recounselling was later on stayed by the Hon'ble Supreme Court of India on 27th January, 2003.

During the re-counselling Baba Farid Medical University of Health Sciences, Faridkot on 22nd and 24th January, 2003 allocated 48 candidates excluding NRI quota and 44 candidates excluding NRI quota to Desh Bhagat Dental College and Hospital, Mukatsar and Luxmi Bai Dental College, Patiala respectively.

In fact before the second counselling, the Desh Bhagat Dental College and Hospital, Mukatsar after getting the permission of the State Government admitted students in the 1st year BDS Course. Contain violations of the Punjab Government Notification dated 10th May, 2002 for PMET 2002 were noticed and in view of the second counselling and Supreme Court's order, the matter is pending. Before the Government could force the Desh Bhagat Dental College and Hospital, Mukatsar to accept the students allocated by the University the matter was stayed by the Hon'ble Supreme Court of India.

Desh Bhagat Dental College and Hospital, Mukatsar instead of complying with the orders of the Government preferred to go in for appeal in the Hon'ble Punjab and Haryana High Court in CWP No. 839/03 which is still pending. The students admitted by this College in contravention to the Punjab Government directions have also filed a CWP No. 878/03 in the Hon'ble Punjab and Haryana High Court which is also pending.

Original with;
Punjab Vidhan Sabha
Digitized by;
Panjab Digital Library

Luxmi Bai Dental College, Patiala was allocated candidates by the University. All these candidates except those transferred from other colleges have deposited fee. However, the Hon'ble Supreme Court stay resulted in no student being admitted in the college.

Both Desh Bhagat Dental College and Hospital, Mukatsar and Luxmi Bai Dental College, Patiala were again directed to admit fresh candidates on the basis of PMET 2002 test on 13th March, 2003 and the final action in the matter is awaited. The next date of hearing in the Hon'ble Supreme Court of India is 31st March, 2003.

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਮੰਤਰੀ ਜੀ ਨੇ ਜਿਹੜਾ ਜਵਾਬ ਦਿੱਤਾ ਹੈ, ਉਸ ਦੀ ਕਾਪੀ ਮੈਨੂੰ ਹਾਲੇ ਤੱਕ ਵੀ ਨਹੀਂ ਸਪਲਾਈ ਕੀਤੀ ਗਈ। ਦੂਸਰੀ ਗੱਲ ਇਹ ਹੈ ਕਿ ਜਿਹੜਾ ਲਕਸ਼ਮੀ ਬਾਈ ਡੈਂਟਲ ਕਾਲਜ ਹੈ, ਉਸ ਨੇ ਇਕ ਐਡਵਰਟਾਈਜ਼ਮੈਂਟ ਦਿੱਤੀ ਹੈ ਜਿਸ ਦੀ ਕਾਪੀ ਮੇਰੇ ਕੋਲ ਪਈ ਹੈ। ਉਸ ਦੇ ਇਹ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਨੇ ਇਕ ਚਿੱਠੀ ਲਿਖੀ ਹੈ ਜਿਸ ਦੇ ਵਿਚ ਕਿਹਾ ਗਿਆ ਹੈ ਕਿ ਤੁਸੀਂ ਐਡਮਿਸ਼ਨ ਸ਼ੁਰੂ ਕਰੋ। ਉਸ ਚਿੱਠੀ ਦੀ ਮਿਤੀ 4 ਜਨਵਰੀ, 2002 ਦੱਸੀ ਗਈ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਿਦਆਊਟ ਕਾਊਂਸਲਿੰਗ ਡਾਇਰੈਕਟ ਐਡਮਿਸ਼ਨ ਕਰਨ ਦਾ ਪੰਜਾਬ ਸਰਕਾਰ ਨੂੰ ਕੋਈ ਰਾਈਟ ਹੈ? ਇਸ ਤੋਂ ਇਲਾਵਾ ਜੇ ਉਨ੍ਹਾਂ ਨੇ ਕੋਈ ਵਾਇਓਲੇਸ਼ਨ ਕੀਤੀ ਹੈ ਤਾਂ ਉਨ੍ਹਾਂ ਦੇ ਖਿਲਾਫ ਕੀ ਕਾਰਵਾਈ ਹੋ ਰਹੀ ਹੈ? ਇਹ ਕੁਰੱਪਸ਼ਨ ਦੀਆਂ ਗੱਲਾਂ ਕਰਦੇ ਹਨ। ਇਹ ਵੀ ਇਕ ਕਿਸਮ ਦੀ ਕੁਰੱਪਸ਼ਨ ਹੀ ਹੈ। ਇਹ ਡੈਂਟਲ ਸਕੈਮ ਹੈ।

**ਮੰਤਰੀ** : ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਦੱਸਿਆ ਹੈ, ਸੁਪਰੀਮ ਕੋਰਟ ਵਿਚ ਇਹ ਮੈਟਰ ਪੈਂਡਿੰਗ ਹੈ ਅਤੇ ਇਸ ਦੀ ਅਗਲੀ ਤਰੀਕ 31 ਮਾਰਚ, 2003 ਹੈ, ਸੁਪਰੀਮ ਕੋਰਟ ਦਾ ਫੈਸਲਾ ਆਉਣ ਤੋਂ ਬਾਅਦ ਜਿਹੜੀ ਗੱਲ ਇਨ੍ਹਾਂ ਨੇ ਕਹੀ ਹੈ, ਉਸ ਦੀ ਅਸੀਂ ਘੋਖ ਕਰ ਲਵਾਂਗੇ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੇਰਾ ਅਗਲਾ ਸਵਾਲ ਹੈ . . . . . . . . .

**ਸ਼੍ਰੀ ਸਪੀਕਰ** : ਨਹੀਂ ਜੀ, ਤੁਸੀਂ ਹੋਰ ਸਵਾਲ ਨਹੀਂ ਕਰ ਸਕਦੇ। ਅਗਲਾ ਕਾਲ ਅਟੈਨਸ਼ਨ ਨੋਟਿਸ।

(SERIAL NO. 12)

**Shri Avinash Rai Khanna :** Sir, I beg to draw the attention of the Government towards a matter of urgent public importance, namely, harassment being faced by the student community in getting correction of their name etc. in their School Examination Certificates or Mark Sheets, from the Punjab School Education Board. Since the procedure adopted by the P.S.E.B authorities is very cumbersome, many such students face difficulty in getting admission in higher

Original with;
Punjab Vidhan Sabha
Digitized by;
Panjab Digital Library

**[Shri Avinash Rai Khanna]**

courses. Many such students fail to seek admission because of slightest error in their names written by the P.S.E.B authorities on the Certificates/Mark Sheets. There is lot of resentment in the minds of the student community.

Keeping in view the obvious and urgent importance of the matter, the Minister concerned may please be asked to make a statement on the floor of the House.

**Minister for School Education (Shri Khushhal Behl):** Sir, the Certificates and Detailed Marks cards are issued to the students by the Punjab School Education Board. In the Certificates, special instructions have been got printed in which it is made clear that the candidate should check his particulars mentioned in the certificate and if any mistake is found, the certificate/Detailed Marks card should be sent to the Board for making necessary correction within six months of the issue of the certificate/Detailed Marks card. Usually, two types of corrections in the certificate/Detailed Marks card are seen. First, on account of mistake on the part of office and second, on account of wrong particulars sent by the school or the candidate himself. The corrections which are to be made on account of mistakes on the part of the office are done immediately after verifying the facts from the records and after issuing the necessary correction slip. The certificates being issued to the pass candidates are in two languages, Punjabi and English. Since the results are compiled on computer now, some times errors have been detected in conversion of the true translation of the particulars by computer. To minimize the error, a copy of the checklist of the particulars of the students is sent to the concerned schools for checking to ensure the correct particulars. In the corrections where wrong particulars are sent by the school or candidate concerned himself, in such cases school record/concerned decuments are summoned and after verification of record/documents, corrections are made. The main reason for delay in correction is that required school record is not presented quickly. Some times, the candidates seek such corrections at a very late stage and by that time it becomes difficult to trace or consult the necessary record.

To over come and minimize the delay, various measures have been taken by the Punjab School Eduation Board as detailed below :—

1. From March, 2002 Examinations, a combined Detailed Marks card-cum-certificate is being issued to the student so that correction in certificate/Detailed Marks card may be got done in a single time.

Original with;
Punjab Vidhan Sabha
Digitized by;

2. Instructions on the certificates have been made more clear so that students can immediately apply for correction, if there is any.

3. The employees have been given special directions to check and ensure the correct particulars in the certificate/Detailed Marks card to be sent to the student.

4. Computer firms engaged for compilation of results have been specifically directed that the particulars of the students are punched in both languages and not translated, such as conversion in languages.

5. The particulars of school/college students are specially sent to the concerned school/college in advance after getting it typed as a checklist so that correctness of the particulars can be checked by the school/college.

6. A special computer cell has been formed in the office which carries out the work of such corrections and the corrected certificates are now sent back to the concerned candidates/schools/colleges on priority basis by the concerned sections.

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਮਾਨਯੋਗ ਸਪੀਕਰ ਸਾਹਿਬ, ਜਿਹੜਾ ਪ੍ਰੋਸੀਜ਼ਰ ਮੰਤਰੀ ਜੀ ਨੇ ਹਾਊਸ ਵਿੱਚ ਦੱਸਿਆ ਹੈ ਪ੍ਰੈਕਟੀਕਲੀ ਇਹ ਹੈ ਨਹੀਂ। ਕੀ ਹੁੰਦਾ ਹੈ, ਉਹ ਮੈਂ ਤੁਹਾਨੂੰ ਦਸਦਾ ਹਾਂ ਕਿ ਜਦੋਂ ਸਰਟੀਫਿਕੇਟ ਵਿੱਚ ਕੋਈ ਮਿਸਟੇਕ ਹੁੰਦੀ ਹੈ ਭਾਵੇਂ 'ਯੂ' ਦੀ ਥਾਂ ਤੇ 'ਏ' ਲਿਖਿਆ ਜਾਵੇ ਜਾਂ 'ਏ' ਦੀ ਥਾਂ ਤੇ 'ਯੂ' ਲਿਖਿਆ ਜਾਵੇ ਉਸ ਨੂੰ ਕੁਰੈਕਟ ਕਰਵਾਉਣ ਲਈ ਸਟੂਡੈਂਟਸ ਨੂੰ ਹਾਈ ਕੋਰਟ ਤੱਕ ਜਾਣਾ ਪੈ ਰਿਹਾ ਹੈ। ਪ੍ਰੋਸੀਜ਼ਰ ਇਹ ਹੈ ਕਿ ਇਸ ਕੰਮ ਲਈ ਇਕ ਕਮੇਟੀ ਬਣੀ ਹੋਈ ਹੈ, ਜਦੋਂ ਤੱਕ ਇਸ ਕਮੇਟੀ ਦੀ ਮੀਟਿੰਗ ਨਹੀਂ ਹੁੰਦੀ ਸਰਟੀਫਿਕੇਟ ਇਸ਼ੂ ਨਹੀਂ ਹੁੰਦਾ। ਮੁਸ਼ਕਲ ਇਹ ਹੈ ਕਿ ਜੇ ਕਮੇਟੀ ਨਾ ਬੈਠੇ ਤਾਂ ਸਰਟੀਫਿਕੇਟ ਕੁਰੈਕਟ ਨਹੀਂ ਹੁੰਦਾ ਅਤੇ ਨਾ ਹੀ ਇਸ਼ੂ ਹੁੰਦਾ ਹੈ। ਹਾਈ ਕੋਰਟ ਦੀਆਂ ਡਾਇਰੈਕਸ਼ਨਾਂ ਦੇ ਬਾਵਜੂਦ ਵੀ ਤਿੰਨ-ਤਿੰਨ ਮਹੀਨੇ ਲੱਗ ਜਾਂਦੇ ਹਨ। ਮੈਂ ਇਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਸਿਸਟਮ ਨੂੰ ਸਿੰਪਲੀਫਾਈ ਕੀਤਾ ਜਾਵੇ ਅਤੇ ਹਜ਼ਾਰਾਂ ਸਟੂਡੈਂਟਸ ਜਿਨ੍ਹਾਂ ਨੇ ਜਾਬ ਲੈਣੀ ਹੈ ਜਾਂ ਕਿਤੇ ਐਡਮਿਸ਼ਨ ਲੈਣੀ ਹੈ, ਉਨ੍ਹਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ। ਕੀ ਇਸ ਸਿਸਟਮ ਨੂੰ ਸਿੰਪਲੀਫਾਈ ਕਰਕੇ ਛੇਤੀ ਸਰਟੀਫਿਕੇਟ ਇਸ਼ੂ ਕੀਤੇ ਜਾਣਗੇ ? ਹਾਈ ਕੋਰਟ ਦੀਆਂ ਡਾਇਰੈਕਸ਼ਨਾਂ ਦੇ ਬਾਵਜੂਦ ਵੀ ਜਿਹੜੇ ਸਰਟੀਫਿਕੇਟ ਸਮੇਂ ਸਿਰ ਇਸ਼ੂ ਨਹੀਂ ਕੀਤੇ ਗਏ, ਕੀ ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ ?

**ਸ਼੍ਰੀ ਸਪੀਕਰ** : ਇਹ ਪ੍ਰੋਸੀਜਰ ਨੂੰ ਸਿੰਪਲੀਫਾਈ ਕਰਨਾ ਚਾਹੁੰਦੇ ਹਨ।

**ਮੰਤਰੀ** : ਸਪੀਕਰ ਸਾਹਿਬ, ਹੁਣ ਆਟੋਮੈਟਿਕ ਕੰਪਿਊਟਰਾਈਜ਼ਡ ਸਿਸਟਮ ਹੈ, ਉਸ ਦੀ ਪੂਰੀ ਫੰਕਸ਼ਨਿੰਗ ਸ਼ੁਰੂ ਹੋ ਚੁੱਕੀ ਹੈ ਔਰ ਉਸ ਦੇ ਮੁਤਾਬਿਕ ਅਸੀਂ ਡੀਲੇਅ ਨੂੰ ਘਟ ਕਰਾਂਗੇ। ਜਿਹੜਾ ਇਨ੍ਹਾਂ ਨੇ ਕਮੇਟੀ ਦਾ ਜ਼ਿਕਰ ਕੀਤਾ ਹੈ ਉਸ ਤੇ ਵੀ ਜ਼ਰੂਰ ਨਜ਼ਰ ਮਾਰ ਲਵਾਂਗੇ। ਅਸੀਂ ਚਾਹੁੰਦੇ ਹਾਂ ਕਿ ਸਰਟੀਫਿਕੇਟ ਇਮੀਜੇਟਲੀ ਫਿਕਸਡ ਡੇਟ ਤੇ ਬੱਚਿਆਂ ਨੂੰ ਜ਼ਰੂਰ ਇਸ਼ੂ ਹੋ ਜਾਣ ਔਰ ਬੱਚਿਆਂ ਤੱਕ ਪਹੁੰਚ ਜਾਣ।

Original with;
Punjab Vidhan Sabha
Digitized by;
Panjab Digital Library

## LEGISLATIVE BUSINESS

THE PUNJAB INDUSTRIAL ESTABLISHMENTS (NATIONAL AND FESTIVAL HOLIDAYS AND CASUAL AND SICK LEAVE) AMENDMENT BILL, 2003.

**Local Government, Parliamentary Affiars and Labour & Employment Minister (Chaudhary Jagjit Singh) :** Sir, I beg to move for leave to introduce the Punjab Industrial Establishments (National and Festival Hoildays and Casual and Sick Leave) Amendment Bill.

**Mr. Speaker :** Motion moved—

> That leave be granted to introduce the Punjab Industrial Establishments (National and Festival Holidays and Casual and Sick Leave) Amendment Bill.

**Mr. Speaker :** Question is—

> That leave be granted to introduce the Punjab Industrial Establishments (National and Festival Holidays and Casual and Sick Leave) Amendment Bill.

*The motion was carried.*

**Local Government, Parliamentary Affiars and Labour & Employment Minister (Chaudhary Jagjit Singh) :** Sir, I beg to introduce the Punjab Industrial Establishments (National and Festival Hoildays and Casual and Sick Leave) Amendment Bill.

---

## FINANCIAL BUSINESS

### 1. SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2002-2003

**(i) Presentation of the Supplementary Demands for Grants for Expenditure of the Government of Punjab for the year 2002-2003.**

**Finance, Planning and Co-operation Minister (Sardar Lal Singh) :** Sir, I beg to present the Supplementary Demands for Grants for Expenditure of the Government of Punjab for the year 2002-2003.

Original with;
Punjab Vidhan Sabha
Digitized by;
Panjab Digital Library

**(ii) Presentation of the report of the Committee on Estimates on the Supplementary Demands for Grants for Expenditure of the Government of Punjab for the year, 2002-2003.**

**Member, Committee on Estimates (Sardar Randeep Singh) :** Sir, I beg to present the Report of the Committee on Estimates on the Supplementary Demands for Grants for Expenditure of the Government of Punjab for the year 2002-2003.

---

2. SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR, 2002-2003

**(i) Discussion on the Estimates of the Expenditure charged on the revenue of the State.**

**Mr. Speaker :** If any Hon'ble Member wants to discuss any charged item, he may do so.

(No one rose to speak)

**(ii) Discussion and Voting on the demands for Supplementary Grants.**

**Mr. Speaker :** There are 24 Demands for Supplementary Grants which are to be discussed and voted upon today. If the Hon'ble Member agree, all these Demands may be deemed to have been read and moved together as per past practice.

(Voices : Yes, Yes.)

DEMAND NO. 1

That a Supplementary sum not exceeding Rs. 4,70,000/- on account of Revenue Account and Rs. 21,00,00,000 on Captial Account be granted to the Governor to defray the charges that will come in course of payment for the year ending 31st March, 2003, in respect of Agriculture and Forests.

DEMAND NO. 2

That a Supplementary sum not exceeding Rs. 1,000/- on account of Revenue Account be granted to the Governor to defray the charges

Original with;
Punjab Vidhan Sabha
Digitized by;
Panjab Digital Library

**[Mr. Speaker]**

that will come in course of payment for the year ending 31st March, 2003, in respect of Animal Husbandry & Fisheries.

## DEMAND NO. 3

That a Supplementary sum not exceeding Rs. 4,000/- on account of Revenue Account and Rs. 4,000/- on Captial Account be granted to the Governor to defray the charges that will come in course of payment for the year ending 31st March, 2003, in respect of Co-operation.

## DEMAND NO. 4

That a Supplementary sum not exceeding Rs. 2,55,31,000/- on account of Revenue Account be granted to the Governor to defray the charges that will come in course of payment for the year ending 31st March, 2003, in respect of Defence Services & Welfare.

## DEMAND NO. 6

That a Supplementary sum not exceeding Rs. 5,05,69,000/- on account of Revenue Account be granted to the Governor to defray the charges that will come in course of payment for the year ending 31st March, 2003, in respect of Elections.

## DEMAND NO. 7

That a Supplementary sum not exceeding Rs. 5,39,91,000/- on account of Revenue Account be granted to the Governor to defray the charges that will come in course of payment for the year ending 31st March, 2003, in respect of Excise & Taxation.

## DEMAND NO. 8

That a Supplementary sum not exceeding Rs. 2,88,70,23,000/- on account of Revenue Account be granted to the Governor to defray the charges that will come in course of payment for the year ending 31st March, 2003, in respect of Finance.

## DEMAND NO. 9

That a Supplementary sum not exceeding Rs. 1,000 on account of Capital Account be granted to the Governor to defray the charges

riginal with;
unjab Vidhan Sabha
igitized by;
anjab Digital Library

that will come in course of payment for the year ending 31st March, 2003, in respect of Food & Supply.

## DEMAND NO. 10

That a Supplementary sum not exceeding Rs. 17,10,51,000 on account of Revenue Account be granted to the Governor to defray the charges that will come in course of payment for the year ending 31st March, 2003, in respect of General Administration.

## DEMAND NO. 11

That a Supplementary sum not exceeding Rs. 29,17,09,000 on account of Revenue Account and Rs. 19,20,47,000 on Capital Account be granted to the Governor to defray the charges that will come in course of payment for the year ending 31st March, 2003, in respect of Health & Family Welfare.

## DEMAND NO. 13

That a Supplementary sum not exceeding Rs. 6,09,70,000 on account of Revenue Account be granted to the Governor to defray the charges that will come in course of payment for the year ending 31st March, 2003, in respect of Industries.

## DEMAND NO. 14

That a Supplementary sum not exceeding Rs. 2,56,47,000 on account of Revenue Account be granted to the Governor to defray the charges that will come in course of payment for the year ending 31st March, 2003, in respect of Information & Public Relations.

## DEMAND NO. 15

That a Supplementary sum not exceeding Rs. 1,26,17,81,000 on account of Revenue Account be granted to the Governor to defray the charges that will come in course of payment for the year ending 31st March, 2003, in respect of Irrigation & Power.

## DEMAND NO. 17

That a Supplementary sum not exceeding Rs. 1,00,85,85,000 on account of Capital Account be granted to the Governor to defray the

Original with;
Punjab Vidhan Sabha
Digitized by;
Panjab Digital Library

**[Mr. Speaker]**

charges that will come in course of payment for the year ending 31st March, 2003, in respect of Local Government and Housing & Urban Development.

### DEMAND NO. 19

That a Supplementary sum not exceeding Rs. 18,58,02,000 on account of Revenue Account and Rs. 62,67,50,000 on Capital Account be granted to the Governor to defray the charges that will come in course of payment for the year ending 31st March, 2003, in respect of Planning.

### DEMAND NO. 21

That a Supplementary sum not exceeding Rs. 23,00,000 on account of Revenue Account be granted to the Governor to defray the charges that will come in course of payment for the year ending 31st March, 2003, in respect of Public Works.

### DEMAND NO. 23

That a Supplementary sum not exceeding Rs. 2,000 on account of Capital Account be granted to the Governor to defray the charges that will come in course of payment for the year ending 31st March, 2003, in respect of Rural Development & Panchayats.

### DEMAND NO. 24

That a Supplementary sum not exceeding Rs. 1,39,00,000 on account of Revenue Account and Rs.7,63,80,000 on account of Capital be granted to the Governor to defray the charges that will come in course of payment for the year ending 31st March, 2003, in respect of Science & Technology.

### DEMAND NO. 25

That a Supplementary sum not exceeding Rs. 14.63,37,000 on account of Revenue Account and Rs. 2,00,00,000 on Capital Account be granted to the Governor to defray the charges that will come in course of payment for the year ending 31st March, 2003, in respect of Social & Women's Welfare & Welfare of SCs/BCs.

Original with;
Punjab Vidhan Sabha
Digitized by:

## DEMAND NO. 26

That a Supplementary sum not exceeding Rs. 1,04,54,000 on account of Revenue Account be granted to the Governor to defray the charges that will come in course of payment for the year ending 31st March, 2003, in respect of State Legislature.

## DEMAND NO. 27

That a Supplementary sum not exceeding Rs. 8,00,46,000 on account of Revenue Account be granted to the Governor to defray the charges that will come in course of payment for the year ending 31st March, 2003, in respect of Technical Education.

## DEMAND NO. 28

That a Supplementary sum not exceeding Rs. 1,09,00,000 on account of Capital Account be granted to the Governor to defray the charges that will come in course of payment for the year ending 31st March, 2003, in respect of Tourism & Cultural Affiars.

## DEMAND NO. 29

That a Supplementary sum not exceeding Rs. 6,41,12,000 on account of Revenue Account and Rs. 46,40,000 on Capital Account be granted to the Governor to defray the charges that will come in course of payment for the year ending 31st March, 2003, in respect of Transport.

## DEMAND NO. 30

That a Supplementary sum not exceeding Rs. 25,89,000 on account of Revenue Account be granted to the Governor to defray the charges that will come in course of payment for the year ending 31st March, 2002-2003, in respect of Vigilance.

**Mr. Speaker** : I will request the Members that while raising discussion, the Demand Number on which the discussion is sought to be raised may please be indicated by the Member concerned.

If the House agrees, all demands may be put to the vote of the House together.

(Voices : Yes, Yes).

*Original with;*
Punjab Vidhan Sabha
*Digitized by;*
Panjab Digital Library

[Mr. Speaker]

**Mr. Speaker :** Any body wants to speak ?

(No one rose to speak).

**Mr. Speaker :** Question is :

**DEMAND NO. 1**

That a Supplementary sum not exceeding Rs. 4,70,000 on account of Revenue Account and Rs. 21,00,00,000 on Captial Account be granted to the Governor to defray the charges that will come in course of payment for the year ending 31st March, 2003, in respect of Agriculture and Forests.

**DEMAND NO. 2**

That a Supplementary sum not exceeding Rs. 1,000 on account of Revenue Account be granted to the Governor to defray the charges that will come in course of payment for the year ending 31st March, 2003, in respect of Animal Husbandry & Fisheries.

**DEMAND NO. 3**

That a Supplementary sum not exceeding Rs. 4,000 on Account of Revenue Account and Rs. 4,000 on Captial Account be granted to the Governor to defray the charges that will come in course of payment for the year ending 31st March, 2003, in respect of Co-operation.

**DEMAND NO. 4**

That a Supplementary sum not exceeding Rs. 2,55,31,000 on account of Revenue Account be granted to the Governor to defray the charges that will come in course of payment for the year ending 31st March, 2003, in respect of Defence Services & Welfare.

**DEMAND NO. 6**

That a Supplementary sum not exceeding Rs. 5,05,69,000 on account of Revenue Account be granted to the Governor to defray the charges that will come in course of payment for the year ending 31st March, 2003, in respect of Elections.

**DEMAND NO. 7**

That a Supplementary sum not exceeding Rs. 5,39,91,000 on account of Revenue Account be granted to the Governor to defray the charges that will come in course of payment for the year ending 31st March, 2003, in respect of Excise & Taxation.

riginal with;
unjab Vidhan Sabha
igitized by;

## DEMAND NO. 8

That a Supplementary sum not exceeding Rs. 2,88,70,23,000 on account of Revenue Account be granted to the Governor to defray the charges that will come in course of payment for the year ending 31st March, 2003, in respect of Finance.

## DEMAND NO. 9

That a Supplementary sum not exceeding Rs. 1,000 on account of Capital Account be granted to the Governor to defray the charges that will come in course of payment for the year ending 31st March, 2003, in respect of Food & Supply.

## DEMAND NO. 10

That a Supplementary sum not exceeding Rs. 17,10,51,000 on account of Revenue Account be granted to the Governor to defray the charges that will come in course of payment for the year ending 31st March, 2003, in respect of General Administration.

## DEMAND NO. 11

That a Supplementary sum not exceeding Rs. 29,17,09,000 on account of Revenue Account and Rs. 19,20,47,000 on Capital Account be granted to the Governor to defray the charges that will come in course of payment for the year ending 31st March, 2003, in respect of Health & Family Welfare.

## DEMAND NO. 13

That a Supplementary sum not exceeding Rs. 6,09,70,000 on account of Revenue Account be granted to the Governor to defray the charges that will come in course of payment for the year ending 31st March, 2003, in respect of Industries.

## DEMAND NO. 14

That a Supplementary sum not exceeding Rs. 2,56,47,000 on account of Revenue Account be granted to the Governor to defray the charges that will come in course of payment for the year ending 31st March, 2003, in respect of Information and Public Relation.

*Original with;*
Punjab Vidhan Sabha
*Digitized by;*
Panjab Digital Library

[Mr. Speaker]

## DEMAND NO. 15

That a Supplementary sum not exceeding Rs. 1,26,17,81,000 on account of Revenue Account be granted to the Governor to defray the charges that will come in course of payment for the year ending 31st March, 2003, in respect of Irriagtion and Power.

## DEMAND NO. 17

That a Supplementary sum not exceeding Rs. 1,00,85,85,000 on account of Capital Account be granted to the Governor to defray the charges that will come in course of payment for the year ending 31st March, 2003, in respect of Local Government Housing and Urban Development.

## DEMAND NO. 19

That a Supplementary sum not exceeding Rs. 18,58,02,000 on account of Revenue Account and Rs. 62,67,50,000 on Capital Account be granted to the Governor to defray the charges that will come in course of payment for the year ending 31st March, 2003, in respect of Planning.

## DEMAND NO. 21

That a Supplementary sum not exceeding Rs. 23,00,000 on account of Revenue Account be granted to the Governor to defray the charges that will come in course of payment for the year ending 31st March, 2003, in respect of Public Works.

## DEMAND NO. 23

That a Supplementary sum not exceeding Rs. 2,000 on account of Capital Account be granted to the Governor to defray the charges that will come in course of payment for the year ending 31st March, 2003, in respect of Rural Development and Panchayats.

## DEMAND NO. 24

That a Supplementary sum not exceeding Rs. 1,39,00,000 on account of Revenue Account and Rs.7,63,80,000 on account of Capital be granted to the Governor to defray the charges that will come in course of payment for the year ending 31st March, 2003, in respect of Science and Technology.

Original with;
Punjab Vidhan Sabha
Digitized by;
Panjab Digital Library

## DEMAND NO. 25

That a Supplementary sum not exceeding Rs. 14,63,37,000 on account of Revenue Account and Rs. 2,00,00,000 on Capital Account be granted to the Governor to defray the charges that will come in course of payment for the year ending 31st March, 2003, in respect of Social and Women's Welfare and Welfare of SCs/BCs.

## DEMAND NO. 26

That a Supplementary sum not exceeding Rs. 1,04,54,000 on account of Revenue Account be granted to the Governor to defray the charges that will come in course of payment for the year ending 31st March, 2003, in respect of State Legislature.

## DEMAND NO. 27

That a Supplementary sum not exceeding Rs. 8,00,46,000 on account of Revenue Account be granted to the Governor to defray the charges that will come in course of payment for the year ending 31st March, 2003, in respect of Technical Education.

## DEMAND NO. 28

That a Supplementary sum not exceeding Rs. 1,09,00,000 on account of Capital Account be granted to the Governor to defray the charges that will come in course of payment for the year ending 31st March, 2003, in respect of Tourism & Cultural Affairs.

## DEMAND NO. 29

That a Supplementary sum not exceeding Rs. 6,41,12,000 on account of Revenue Account and Rs. 46,40,000 on Capital Account be granted to the Governor to defray the charges that will come in course of payment for the year ending 31st March, 2003, in respect of Transport.

## DEMAND NO. 30

That a Supplementary sum not exceeding Rs. 25,89,000 on account of Revenue Account be granted to the Governor to defray the charges that will come in course of payment for the year ending 31st March, 2002-2003, in respect of Vigilance.

**Mr. Speaker :** *The motion was carried.*

Original with;
Punjab Vidhan Sabha
Digitized by;

3. THE PUNJAB APPROPRIATION (NO. 1) BILL, 2003

**Finance, Planning and Co-operation Minister (Sardar Lal Singh) :** Sir, I beg to introduce the Punjab Appropriation (No. 1) Bill.

Sir, I also beg to move—

That the Punjab Appropriation (No. 1) Bill be taken into consideration at once.

**Mr. Speaker :** Motion moved—

That the Punjab Appropriation (No. 1) Bill be taken into consideration at once.

Any member who wants to speak.

(No body rose to speak).

**Mr. Speaker :** Question is—

That the Punjab Appropriation (No. 1) Bill be taken into consideration at once.

*The motion was carried.*

**Mr. Speaker :** Now the House will proceed to consider the Bill clause-by-clause.

**CLAUSE 2**

**Mr. Speaker :** Question is—

That Clause 2 stand part of the Bill.

*The motion was carried.*

**CLAUSE 3**

**Mr. Speaker :** Question is—

That Clause 3 stand part of the Bill.

*The motion was carried.*

**SCHEDULE**

**Mr. Speaker :** Question is—

That Schedule stand part of the Bill.

*The motion was carried.*

Original with;
Punjab Vidhan Sabha
Digitized by;

## CLAUSE 1

**Mr. Speaker :** Question is—

That Clause 1 stand part of the Bill.

*The motion was carried.*

## TITLE

**Mr. Speaker :** Question is—

That Title be the Title of the Bill.

*The motion was carried.*

**Mr. Speaker :** Minister to move that the Bill be passed.

**Finance, Planning and Co-operation Minister (Sardar Lal Singh) :** Sir, I beg to move—

That the Punjab Appropriation (No. 1) Bill be passed.

**Mr. Speaker :** Motion moved—

That the Punjab Appropriation (No. 1) Bill be passed.

**Mr. Speaker :** Question is—

That the Punjab Appropriation (No. 1) Bill be passed.

*The motion was carried.*

---

## RESUMPTION OF DISCUSSION ON GOVERNOR'S ADDRESS AND VOTE ON THE MOTION OF THANKS

**Mr. Speaker :** Further consideration of the following motion moved by Shri Sunil Kumar Jakhar, M.L.A. and seconded by Rana Kanwarpal Singh, M.L.A. on the 17th March, 2003.

"That an Address be presented to the Governor in the following terms :—

"That the Members of this House assembled in this Session are deeply grateful to the Governor for the Address which he has been pleased to deliver to the House on the 14th March, 2003'."

ਗਵਰਨਰ ਐਡਰੈਸ ਤੇ ਕੋਈ ਇੰਡੀਪੈਂਡੈਂਟ ਮੈਂਬਰ ਨਹੀਂ ਬੋਲਿਆ, ਕੀ ਕੋਈ ਬੋਲਣਾ ਚਾਹੇਗਾ ? ਹਾਂ ਜੀ, ਸਰਦਾਰ ਸੁੱਚਾ ਸਿੰਘ ਜੀ ਛੋਟੇਪੁਰ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁੱਚਾ ਸਿੰਘ ਛੋਟੇਪੁਰ (ਧਾਰੀਵਾਲ)** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਗਵਰਨਰ ਐਡਰੈਸ ਨੂੰ ਔਰ ਪਾਰਟੀਆਂ ਦੇ ਮੈਨੀਫੈਸਟੋ ਨੂੰ ਮੈਂ ਅੱਜ ਤੱਕ ਬੜਾ ਪਵਿੱਤਰ ਦਸਤਾਵੇਜ਼ ਸਮਝਦਾ ਰਿਹਾ ਹਾਂ ਕਿ ਜੋ ਕੁਝ ਪਾਰਟੀ ਵਲੋਂ ਮੈਨੀਫੈਸਟੋ ਬਣਾਇਆ ਹੁੰਦਾ ਹੈ, ਸਭ ਦੀ ਉਸਦੇ ਪ੍ਰਤੀ ਜਿਮੇਂਵਾਰੀ ਹੁੰਦੀ ਹੈ। ਜੋ ਕਮਿਟਮੈਂਟਸ ਗਵਰਨਰ ਐਡਰੈਸ ਵਿੱਚ ਤਿਆਰ ਕਰਕੇ ਦਿੱਤੀਆਂ ਜਾਂਦੀਆਂ ਹਨ, ਗਵਰਨਰ ਤਾਂ ਮਹਿਜ਼ ਉਸਨੂੰ ਹਾਊਸ ਵਿੱਚ ਆ ਕੇ ਪੜ੍ਹਦਾ ਹੈ। ਮੈਂ ਸਮਝਦਾ ਹਾਂ ਕਿ ਜਿਨ੍ਹਾਂ ਲੋਕਾਂ ਨੇ ਗਵਰਨਰ ਐਡਰੈਸ ਤਿਆਰ ਕੀਤਾ ਹੁੰਦਾ ਹੈ, ਉਨ੍ਹਾਂ ਵਾਸਤੇ ਘੱਟੋ ਘੱਟ ਉਹ ਪਵਿੱਤਰ ਦਸਤਾਵੇਜ਼ ਹੋਣਾ ਚਾਹੀਦਾ ਹੈ। ਉਸਦੇ ਪ੍ਰਤੀ ਕਮਿਟਮੈਂਟ ਹੋਣੀ ਚਾਹੀਦੀ ਹੈ। ਮਗਰ ਮੈਂ ਪਿਛਲੇ ਸਾਲਾਂ ਵਿੱਚ ਦੇਖਿਆ ਹੈ ਕਿ ਗਵਰਨਰ ਐਡਰੈਸ ਕੇਵਲ ਇਕ ਰਸਮ ਬਣ ਕੇ ਰਹਿ ਗਿਆ ਹੈ। ਉਸਦੇ ਪ੍ਰਤੀ ਵਚਨ-ਬੱਧਤਾ ਨੂੰ ਅਸੀਂ ਬੜੀ ਜਲਦੀ ਭੁੱਲ ਜਾਂਦੇ ਹਾਂ। ਇਸ ਗਵਰਨਰ ਐਡਰੈਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਨੇ ਪਹਿਲੀ ਵਾਰ ਜੋ ਕਿਹਾ ਹੈ, ਉਸਦੇ ਉਤੇ ਅਮਲ ਕੀਤਾ ਹੈ। ਮੇਰੇ ਵੀਰ ਇਸ ਪਾਸੇ ਬੈਠੇ ਹਨ। ਮੈਂ 1997 ਦਾ ਗਵਰਨਰ ਐਡਰੈਸ ਪੜ੍ਹਿਆ ਹੈ ਜਿਸ ਦੇ ਵਿੱਚ ਮੈਂ ਪੜ੍ਹਿਆ ਹੈ ਕਿ ਉਸ ਵੇਲੇ ਦੀ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦੇਣ ਦੀ ਗੱਲ ਕੀਤੀ ਸੀ। ਉਸ ਦੇ ਵਿੱਚ ਮੁੱਖ ਮੰਤਰੀ ਸਾਹਿਬ ਨੇ ਇਮਾਨਦਾਰ ਅਫਸਰਾਂ ਨੂੰ ਸਨਮਾਨਿਤ ਕਰਨ ਦੀ ਗੱਲ ਕੀਤੀ ਸੀ ਅਤੇ ਕੁਰੱਪਟ ਅਫਸਰਾਂ ਦੇ ਵਿਰੁੱਧ ਕੇਸ ਰਜਿਸਟਰ ਕਰਨ ਦੀ ਔਰ ਕੁਰੱਪਟ ਲੋਕਾਂ ਨੂੰ ਫੜਾਉਣ ਵਾਲੇ ਨੂੰ ਇਨਾਮ ਦੇਣ ਵਾਲੀਆਂ ਗੱਲਾਂ ਕੀਤੀਆਂ ਸਨ। ਪਰ ਉਹ ਮਹਿਜ ਇਕ ਦਸਤਾਵੇਜ਼ ਤੱਕ ਸੀਮਿਤ ਸੀ। 5 ਸਾਲ ਵਿਚ ਕਿਸੇ ਕੁਰੱਪਟ ਬੰਦੇ ਤੇ ਚਾਹੇ ਕੋਈ ਪੁਲੀਟੀਕਲ ਆਦਮੀ ਸੀ ਚਾਹੇ ਕੋਈ ਬਿਊਰੋਕਰੇਟ ਸੀ, ਕਿਸੇ ਤੇ ਕੋਈ ਕੇਸ ਨਹੀਂ ਬਣਾਇਆ ਗਿਆ। ਕਿਸੇ ਇਮਾਨਦਾਰ ਅਫਸਰ ਨੂੰ ਸਨਮਾਨਿਤ ਨਹੀਂ ਕੀਤਾ ਗਿਆ। ਜਦੋਂ ਦਾ ਮੁਲਕ ਆਜ਼ਾਦ ਹੋਇਆ ਹੈ, ਜਿੰਨੀਆਂ ਵੀ ਸਰਕਾਰਾਂ ਆਈਆਂ ਹਨ ਹਰ ਮੁੱਖ ਮੰਤਰੀ ਨੇ ਗਵਰਨਰ ਦੇ ਭਾਸ਼ਣ ਵਿੱਚ ਕਿਹਾ ਕਿ ਮੈਂ ਪਾਰਦਰਸ਼ੀ ਸਰਕਾਰ ਦੇਵਾਂਗਾ, ਲੋਕਾਂ ਨੂੰ ਇਨਸਾਫ ਦੇਵਾਂਗਾ, ਕੁਰੱਪਸ਼ਨ ਨੂੰ ਸਮਾਪਤ ਕਰਾਂਗਾ। ਲੋਕਾਂ ਦਾ ਜੀਵਨ ਪੱਧਰ ਉਚਾ ਚੁੱਕਾਂਗਾ। 55 ਵਰ੍ਹਿਆਂ ਵਿੱਚ ਇਹੋ ਕੁਝ ਸੁਣਦੇ ਆਏ ਹਾਂ ਮਗਰ ਇਹ ਦਸਤਾਵੇਜ਼ ਇਕ ਰਸਮ ਤੱਕ ਹੀ ਸੀਮਿਤ ਰਿਹਾ। ਮੈਂ ਵਧਾਈ ਦਿੰਦਾ ਹਾਂ ਮੁੱਖ ਮੰਤਰੀ ਸਾਹਿਬ ਨੂੰ ਕਿ ਉਨ੍ਹਾਂ ਨੇ ਪਿਛਲੀ ਪਰੰਪਰਾ ਜਿਹੜੀ ਲੰਮੇ ਸਮੇਂ ਤੋਂ ਬਣੀ ਹੋਈ ਸੀ, ਉਸਨੂੰ ਤੋੜਿਆ ਹੈ। ਸਪੀਕਰ ਸਾਹਿਬ, ਕੁਰੱਪਸ਼ਨ ਦੇ ਵਿਰੁੱਧ, ਕੁਰੱਪਸ਼ਨ ਦੇ ਮੁੱਦੇ ਤੇ ਇਨ੍ਹਾਂ ਨੇ ਇਲੈਕਸ਼ਨ ਲੜੀ। ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਵੀ ਕੁਰੱਪਸ਼ਨ ਸਮਾਪਤ ਕਰਨ ਦੀ ਗੱਲ ਕੀਤੀ ਗਈ ਹੈ। ਮੁੱਖ ਮੰਤਰੀ ਨੇ ਕੁਰੱਪਸ਼ਨ ਨੂੰ ਖਤਮ ਕਰਕੇ ਦਿਖਾਇਆ ਹੈ। ਇਸ ਚੀਜ਼ ਦੀ ਲੋੜ ਪਹਿਲਾਂ ਤੋਂ ਹੀ ਸੀ। ਜੇਕਰ ਇਸ ਬਿਮਾਰੀ ਨੂੰ ਪਹਿਲਾਂ ਹੀ ਰੋਕਿਆ ਹੁੰਦਾ ਤਾਂ ਅੱਜ ਪੰਜਾਬ ਦੇ ਹਾਲਾਤ ਇੱਥੇ ਨਾ ਪਹੁੰਚਦੇ। ਅੱਜ ਇਸ ਚੀਜ਼ ਦਾ ਬੜਾ ਦੁੱਖ ਹੈ। ਅੱਜ ਬੜੀਆਂ-ਬੜੀਆਂ ਗੱਲਾਂ ਸੁਣਨੀਆਂ ਪੈ ਰਹੀਆਂ ਹਨ। ਜੇ ਸਮੇਂ-ਸਮੇਂ ਤੇ ਮੁੱਖ ਮੰਤਰੀਆਂ ਨੇ ਆਪਣੀ ਜ਼ਿੰਮੇਵਾਰੀ ਨਿਭਾਈ ਹੁੰਦੀ ਤਾਂ ਅੱਜ ਸ਼ਾਇਦ ਹਾਊਸ ਵਿੱਚ ਇੰਨੀ ਕੁੜੱਤਣ ਦੇਖਣ ਨੂੰ ਨਾ ਮਿਲਦੀ। ਇਹ ਹਾਊਸ ਇੱਕ ਪਵਿੱਤਰ ਸਦਨ ਹੈ। ਇਸ ਲਈ ਇਸ ਹਾਊਸ ਵਿੱਚ ਕੋਈ ਵੀ ਚੰਗੀ ਗੱਲ ਕਰਦਾ ਹੈ, ਚਾਹੇ ਉਹ ਵਿਰੋਧੀ ਬੈਂਚਾਂ ਤੋਂ ਹੋਵੇ ਤੇ ਚਾਹੇ ਸਰਕਾਰੀ ਬੈਂਚਾਂ ਤੋਂ ਹੋਵੇ, ਸਾਰੇ ਮੈਂਬਰਾਂ ਨੂੰ ਚੰਗੀ ਗੱਲ ਦੀ ਸਪੋਰਟ ਕਰਨੀ ਚਾਹੀਦੀ ਹੈ। ਕੁਰੱਪਸ਼ਨ ਵਿਰੁੱਧ ਲੜਦਿਆਂ ਕੁੜੱਤਣ ਤਾਂ ਪੈਦਾ ਹੋਵੇਗੀ,

Original with;
Punjab Vidhan Sabha
Digitized by;

ਅਸੀਂ ਆਪਣੀ ਗੱਲ ਤਾਂ ਕਰਦੇ ਹਾਂ ਪਰ ਇਸ ਹਾਊਸ ਵਿੱਚ ਅਗਲੇ ਦੀ ਗੱਲ ਸੁਣਨ ਦੀ ਸਾਡੇ ਵਿੱਚ ਹਿੰਮਤ ਨਹੀਂ ਹੈ। ਇਹ ਘਟੀਆ ਗੱਲ ਹੈ। ਸਾਨੂੰ ਚੰਗੀ ਗੱਲ ਦੀ ਚਾਹੇ ਉਹ ਵਿਰੋਧੀ ਧਿਰ ਦੀ ਹੋਵੇ ਤੇ ਚਾਹੇ ਸਰਕਾਰੀ ਧਿਰ ਦੀ ਹੋਵੇ, ਉਸ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਕੁਰੱਪਸ਼ਨ ਜਿਹੜੀ ਹੈ, ਇਹ ਬਹੁਤ ਵੱਡਾ ਕੋਹੜ ਹੈ, ਬਹੁਤ ਵੱਡਾ ਰੋਗ ਹੈ। ਜੇ ਇਸ ਨੂੰ ਨੱਥ ਨਾ ਪਾਈ ਗਈ ਤਾਂ ਮੈਂ ਸਮਝਦਾ ਹੈ ਕਿ ਡਿਵੈਲਪਮੈਂਟ ਨਹੀਂ ਹੋ ਸਕਦੀ ਔਰ ਲੋਕਾਂ ਦਾ ਹੌਲੀ-ਹੌਲੀ ਡੈਮੋਕਰੇਸੀ ਤੋਂ ਵਿਸ਼ਵਾਸ ਉਠ ਜਾਵੇਗਾ। ਸਮਾਜ ਦੀ ਸਭ ਤੋਂ ਵੱਡੀ ਦੁਸ਼ਮਣ ਕੁਰੱਪਸ਼ਨ ਹੈ ਔਰ ਮੁੱਖ ਮੰਤਰੀ ਸਾਹਿਬ ਨੇ ਇਸ ਪਾਸੇ ਪਹਿਲ-ਕਦਮੀ ਕੀਤੀ ਹੈ। ਇਨ੍ਹਾਂ ਦਾ ਇਹ ਕਦਮ ਪ੍ਰਸ਼ੰਸਾਯੋਗ ਹੈ। ਉਨ੍ਹਾਂ ਦੇ ਕੁਰੱਪਸ਼ਨ ਵਿਰੁੱਧ ਲੜਾਈ ਨੂੰ ਕੇਵਲ ਪੁਲੀਟੀਕਲ ਬੰਦਿਆਂ ਵਿਰੁੱਧ ਸੀਮਿਤ ਨਹੀਂ ਰੱਖਿਆ ਸਗੋਂ ਗਜ਼ਟਿਡ ਤੇ ਨਾਨ-ਗਜ਼ਟਿਡ ਅਫਸਰਾਂ ਵਿਰੁੱਧ ਵੀ ਕੁਰੱਪਸ਼ਨ ਦੀ ਮੁਹਿੰਮ ਚਲਾਈ ਹੈ, ਉਨ੍ਹਾਂ ਨੂੰ ਵੀ ਇਨਵਾਲਵ ਕੀਤਾ ਹੈ। ਇਸ ਤਰ੍ਹਾਂ ਇਨ੍ਹਾਂ ਨੇ ਇਸ ਮੁੱਦੇ ਤੇ ਸਮਾਜ ਵਾਸਤੇ ਇੱਕ ਚੰਗਾ ਕਦਮ ਚੁੱਕਿਆ ਹੈ। ਇਨ੍ਹਾਂ ਦੇ ਇਸ ਕਦਮ ਨੂੰ ਹੋਰ ਕਈ ਸੂਬਿਆਂ ਵਿੱਚ ਫਾਲੋ ਕੀਤਾ ਗਿਆ ਹੈ। ਕੁਰੱਪਸ਼ਨ ਦੇ ਨਾਂ ਤੇ ਮੇਰੇ ਬੀ.ਜੇ.ਪੀ. ਵਾਲੇ ਭਰਾ ਕੱਲ੍ਹ ਕਹਿ ਰਹੇ ਸੀ ਔਰ ਬੜੀਆਂ ਇਰੋਨਿਕ ਗੱਲਾਂ ਕਹਿ ਰਹੇ ਸੀ। ਪਤਾ ਨਹੀਂ ਇਹ ਵੀ ਕਹਿ ਰਹੇ ਸੀ ਕੜਛੀ ਜਾਂ ਲਾਲੇ ਦੀ ਗੱਲ। ਪਰ ਮੈਂ ਕਹਿੰਦਾ ਹਾਂ ਕਿ ਕੁਰੱਪਸ਼ਨ ਦੇ ਮੁੱਦੇ ਤੇ ਹੀ ਇਹ ਹਿਮਾਚਲ ਵਿੱਚ ਸਾਫ ਹੋ ਗਏ ਹਨ। ਕਿਸੇ ਨੂੰ ਇਸ ਦਾ ਚਿੱਤ ਵੀ ਨਹੀਂ ਸੀ ਪਰ ਮੈਂ ਸਮਝਦਾ ਹਾਂ ਕਿ ਉਸਾਰੂ ਗੱਲ ਸਮਾਜ ਦੇ ਲੋਕਾਂ ਦੇ ਮਨਾਂ ਵਿੱਚ ਘਰ ਕਰ ਗਈ ਹੈ। ਕੁਰੱਪਸ਼ਨ ਹੀ ਦੇਸ਼ ਦੀ ਦੁਸ਼ਮਣ ਹੈ। ਕੁਰੱਪਸ਼ਨ ਹੀ ਸਮਾਜ ਦੀ ਦੁਸ਼ਮਣ ਹੈ। ਕੁਰੱਪਸ਼ਨ ਹੀ ਡਿਵੈਲਪਮੈਂਟ ਦੇ ਰਸਤੇ ਵਿੱਚ ਰੋੜਾ ਹੈ। ਇਨ੍ਹਾਂ ਨੇ ਕੁਰੱਪਸ਼ਨ ਦਾ ਮੁੱਦਾ ਇੱਥੇ ਉਠਾਇਆ ਹੈ ਔਰ ਪੰਜਾਬ ਦੇ ਲੋਕਾਂ ਨੇ ਇਸ ਦਾ ਭਰਪੂਰ ਸਮਰਥਨ ਕੀਤਾ ਹੈ। ਕੁਰੱਪਸ਼ਨ ਦਾ ਮੁੱਦਾ ਇਨ੍ਹਾਂ ਨੇ ਹਿਮਾਚਲ ਪ੍ਰਦੇਸ਼ ਵਿੱਚ ਉਠਾਇਆ ਔਰ ਉਥੇ ਵੀ ਲੋਕਾਂ ਨੇ ਇਨ੍ਹਾਂ ਦੀ ਗੱਲ ਤੇ ਅਮਲ ਕੀਤਾ। ਸਾਹਮਣੇ ਬੈਠੇ ਵੀਰਾਂ ਨੂੰ ਕੁਰੱਪਸ਼ਨ ਵਿਰੁੱਧ ਮੈਨਡੇਟ ਦਿੱਤੀ। ਇਹ ਬੜੀ ਉਸਾਰੂ ਗੱਲ ਹੈ। ਸਾਹਮਣੇ ਬੈਠੇ ਵੀਰਾਂ ਨੂੰ ਪਰਮਾਤਮਾ ਨੇ ਉਧਰ ਦੀ ਬਜਾਏ (ਟਰੇਜ਼ਰੀ ਬੈਂਚਾਂ ਵੱਲ ਇਸ਼ਾਰਾ) ਇੱਧਰ (ਆਪੋਜ਼ੀਸ਼ਨ ਬੈਂਚਾਂ ਵੱਲ ਇਸ਼ਾਰਾ) ਮੌਕਾ ਦਿੱਤਾ। ਅਸੀਂ ਕਈ ਵਾਰ ਕਮਜ਼ੋਰੀਆਂ ਵਿਖਾ ਜਾਂਦੇ ਹਾਂ। ਹਾਊਸ ਵਿੱਚ ਇਹ ਗੱਲਾਂ ਸੁਣਨੀਆਂ ਪੈਂਦੀਆਂ ਹਨ। ਅਸੀਂ ਤੁਹਾਡੇ ਨਾਲ ਜ਼ਿਆਦਤੀ ਨਹੀਂ ਕੀਤੀ। ਇਹ ਜ਼ਿਆਦਤੀ ਨਹੀਂ ਹੈ। ਇਸ ਸਮਾਜ ਨਾਲ ਇਨਸਾਫ ਹੈ। ਜਿਹੜਾ ਬੰਦਾ ਕੁਰੱਪਸ਼ਨ ਦੇ ਵਿਰੁੱਧ ਲੜਦਾ ਹੈ, ਰਣਜੀਤ ਸਿੰਘ ਦੇ ਰਾਜ ਦੀ ਗੱਲ ਕਰਦਾ ਹੈ। (ਵਿਘਨ)

**Mr. Speaker :** No Commentary, please.

**ਸਰਦਾਰ ਸੁੱਚਾ ਸਿੰਘ ਛੋਟੇਪੁਰ** : ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਸਪੀਚ ਵਿੱਚ ਇੰਟਰਪਟ ਨਹੀਂ ਕੀਤਾ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜੇ ਬੰਦੇ ਚੰਗੇ ਕੰਮ ਕਰਦੇ ਹਨ, ਉਨ੍ਹਾਂ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਅੱਜ ਕੁਰੱਪਸ਼ਨ ਨੂੰ ਕਾਫੀ ਹੱਦ ਤੱਕ ਨੱਥ ਪਈ ਹੈ। ਸਪੀਕਰ ਸਾਹਿਬ, ਹਾਲੇ ਕੁਰੱਪਸ਼ਨ ਜੜ੍ਹਾਂ ਤੋਂ ਉਖੜੀ ਨਹੀਂ। ਕੁਰੱਪਸ਼ਨ ਲੰਬੇ ਸਮੇਂ ਤੋਂ ਪੰਜਾਬ ਨੂੰ ਚਿੰਬੜੀ ਹੋਈ ਹੈ। ਹੇਠਲੇ ਪੱਧਰ ਤੇ ਕੁਰੱਪਸ਼ਨ ਪਹਿਲਾਂ ਦੀ ਤਰ੍ਹਾਂ ਹੈ। ਮੈਨੂੰ ਇਹ ਦੱਸਦਿਆਂ ਖੁਸ਼ੀ ਹੈ ਕਿ ਜਦੋਂ ਸਰਕਾਰ ਦਾ ਇੱਕ ਸਾਲ ਦੀਆਂ ਪ੍ਰਾਪਤੀਆਂ ਦਾ ਦਿਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਕਪੂਰਥਲਾ ਵਿਖੇ ਮਨਾਇਆ ਜਾ ਰਿਹਾ ਸੀ ਤਾਂ ਉਸ ਦਿਨ ਸਰਕਾਰ ਦੀ ਪਾਰਟੀ ਦੇ ਸੂਬੇ ਦੇ ਪ੍ਰਧਾਨ ਸ਼੍ਰੀ ਹੰਸਪਾਲ ਜੀ ਨੇ ਸਟੇਜ ਤੇ ਇਹ ਗੱਲ ਐਡਮਿਟ ਕੀਤੀ ਹੈ, ਮੰਨਿਆ ਹੈ ਕਿ ਕੁਰੱਪਸ਼ਨ ਜਿਹੜੀ ਹੈ, ਉਹ ਨਿਚਲੇ ਪੱਧਰ ਤੇ ਵਧੀ ਹੈ, ਉਸੇ ਤਰ੍ਹਾਂ ਹੋ ਰਹੀ ਹੈ। (ਆਪੋਜ਼ੀਸ਼ਨ ਵੱਲੋਂ ਥੰਪਿੰਗ) ਇਹ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਫਰਾਖਦਿਲੀ ਹੈ ਪਰ ਦੂਜੇ ਪਾਸੇ ਇਸ ਗੱਲ ਨੂੰ ਸੁਣ ਕੇ ਪੰਜਾਬ ਦੇ ਮੁੱਖ ਮੰਤਰੀ ਨੇ ਬੁਰਾ ਨਹੀਂ ਮਨਾਇਆ। ਇਹ ਉਨ੍ਹਾਂ ਦੀ ਵਡਿਆਈ ਹੈ ਕਿ ਉਨ੍ਹਾਂ ਨੇ ਕਿਹਾ ਹੈ ਕਿ ਕੁਰੱਪਸ਼ਨ ਏਡਾ ਵੱਡਾ ਰੋਗ ਹੈ ਕਿ ਓਵਰ-ਨਾਈਟ ਸਮਾਪਤ ਨਹੀਂ ਹੋ ਸਕਦੀ। ਜਿਹੜੀ ਬਿਮਾਰੀ, ਜਿਹੜਾ ਨਸ਼ਾ ਲੰਬੇ ਸਮੇਂ ਤੋਂ ਲੋਕਾਂ ਨੂੰ ਲੱਗਿਆ ਹੋਇਆ ਹੋਵੇ, ਉਸ ਨੂੰ ਖਤਮ ਕਰਨ ਲਈ ਉਸ ਮੇਰੀਜ਼ ਨੂੰ ਕਈ-ਕਈ ਦਿਨ ਹਸਪਤਾਲ ਵਿਚ ਰਹਿਣਾ ਪੈਂਦਾ ਹੈ। ਉਨ੍ਹਾਂ ਨੇ ਕਿਹਾ ਕਿ ਮੇਰੇ ਕੋਲ ਕੋਈ ਜਾਦੂ ਦੀ ਛੜੀ ਨਹੀਂ ਹੈ ਕਿ ਇੱਕ ਸਾਲ ਦੇ ਵਿੱਚ ਕੁਰੱਪਸ਼ਨ ਸਮਾਪਤ ਕਰ ਲਵਾਂ। ਪਰ ਮੈਂ ਤਹੱਈਆ ਕੀਤਾ ਹੈ ਅਤੇ ਕੁਰੱਪਸ਼ਨ ਖਤਮ ਕਰਨ ਲਈ ਮੈਂ ਪੂਰੀ ਕੋਸ਼ਿਸ਼ ਕਰਨੀ ਹੈ। ਉਸ ਵਿੱਚ ਮੈਂ ਸਮਝਦਾ ਹਾਂ ਕਿ ਸਮਾਜ ਦੇ, ਸਾਥੀਆਂ ਦੇ ਅਤੇ ਆਪੋਜ਼ੀਸ਼ਨ ਦੇ, ਸਾਰਿਆਂ ਵੀਰਾਂ ਦੇ ਸਹਿਯੋਗ ਦੀ ਲੋੜ ਹੈ ਤਾਂ ਹੀ ਨਿਚਲੇ ਪੱਧਰ ਤੇ ਕੁਰੱਪਸ਼ਨ ਸਮਾਪਤ ਹੋ ਸਕਦੀ ਹੈ। ਮੈਂ ਸਮਝਦਾ ਹਾਂ ਕਿ ਇਹ ਉਨ੍ਹਾਂ ਨੇ ਬੜਾ ਚੰਗਾ ਕੰਮ ਕੀਤਾ ਹੈ। ਮੰਨਿਆ ਕਿ ਕੁਰੱਪਸ਼ਨ ਨੂੰ ਨਿਚਲੇ ਪੱਧਰ ਤੋਂ ਹਟਾਉਣ ਵਾਸਤੇ ਸਮੇਂ ਦੀ ਲੋੜ ਹੈ ਅਤੇ ਇਹ ਗੱਲ ਬਹੁਤ ਚੰਗੀ ਕੀਤੀ ਹੈ।

ਸਪੀਕਰ ਸਾਹਿਬ, ਅੱਜ ਕਿਸਾਨਾਂ ਦੀ ਹਾਲਤ ਦਾ ਜ਼ਿਕਰ ਕੀਤਾ ਗਿਆ ਹੈ। ਗਵਰਨਰ ਐਡਰੈਸ ਵਿੱਚ ਕਿਹਾ ਗਿਆ ਹੈ ਕਿ ਕਿਸਾਨਾਂ ਦੀ ਹਾਲਤ ਬਹੁਤ ਮਾੜੀ ਹੈ। ਕਿਸਾਨ ਖੁਦਕਸ਼ੀਆਂ ਕਰ ਰਿਹਾ ਹੈ। ਕਿਸਾਨਾਂ ਦੀ ਜਿਨਸ ਦਾ ਉਸ ਨੂੰ ਸਹੀ ਭਾਅ ਨਹੀਂ ਮਿਲ ਰਿਹਾ। ਡੀਜ਼ਲ ਦਿਨ-ਬ-ਦਿਨ ਮਹਿੰਗਾ ਹੋ ਰਿਹਾ ਹੈ। ਪਿਛਲੇ ਦੋ ਸਾਲਾਂ ਵਿੱਚ ਡੀਜ਼ਲ ਸੱਤ ਰੁਪਏ ਪ੍ਰਤੀ ਲੀਟਰ ਮਹਿੰਗਾ ਹੋਇਆ ਹੈ ਅਤੇ ਪੈਟਰੋਲ ਨੌਂ ਰੁਪਏ ਪ੍ਰਤੀ ਲੀਟਰ ਮਹਿੰਗਾ ਹੋਇਆ ਹੈ। ਟਰੈਕਟਰਾਂ ਦੇ ਰੇਟ ਵਧੇ ਹਨ ਪਰ ਕਿਸਾਨਾਂ ਦੀ ਜਿਨਸ ਦੇ ਜਿਹੜੇ ਭਾਅ ਹਨ, ਉਨ੍ਹਾਂ ਬਾਰੇ ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਸੈਂਟਰ ਨੇ ਵਧਾਉਣੇ ਹੁੰਦੇ ਹਨ ਪਰ ਸੈਂਟਰ ਨੇ ਕਦੇ ਕਿਸਾਨਾਂ ਵਾਲੇ ਪਾਸੇ ਸੋਚਿਆ ਹੀ ਨਹੀਂ। ਕਣਕ ਦੀ ਕੀਮਤ ਮੁਕੱਰਰ ਕਰਨ ਵਾਸਤੇ ਵੀ ਜੱਦੋਂ ਜਹਿਦ ਕਰਨੀ ਪੈਂਦੀ ਹੈ। ਕਿਸਾਨਾਂ ਨੂੰ ਧਰਨੇ ਲਾਉਣੇ ਪੈਂਦੇ ਹਨ ਪਰ ਸੈਂਟਰ ਦੇ ਕੰਨਾਂ ਤੇ ਜੂੰ ਨਹੀਂ ਸਰਕਦੀ। ਇਥੇ ਹੀ ਬੱਸ ਨਹੀਂ, ਉਨ੍ਹਾਂ ਨੇ (ਸੈਂਟਰ ਨੇ) ਦੋ ਸਾਲ ਲਈ ਐਮ.ਐਸ.ਪੀ. ਫਰੀਜ਼ ਕਰ ਦਿੱਤੀ ਹੈ ਕਿ ਕਿਸਾਨ ਦੀ ਕਿਸੇ ਵੀ ਜਿਨਸ ਦਾ ਰੇਟ ਵਧ ਨਹੀਂ ਸਕਦਾ। ਇਹ ਬਹੁਤ ਮਾੜੀ ਗੱਲ ਹੈ। ਇਸ ਦੇ ਵੱਲ ਸਾਨੂੰ ਸਾਰਿਆਂ ਨੂੰ ਧਿਆਨ ਦੇਣਾ ਚਾਹੀਦਾ ਹੈ। ਗੰਨੇ ਦੀ ਕੀਮਤ ਵੀ ਕਿਸਾਨਾਂ ਨੇ ਸੰਘਰਸ਼ ਕਰਕੇ ਲਈ ਹੈ। ਪਿਛਲੇ ਇੱਕ ਸਾਲ ਦਾ ਬਕਾਇਆ ਜ਼ਿਮੀਂਦਾਰ ਨੂੰ ਬੜਾ ਔਖਾ ਮਿਲਿਆ ਹੈ। ਚਾਹੇ ਸਰਕਾਰ ਦੀ ਆਰਥਿਕ ਹਾਲਤ ਮੰਦੀ ਵੀ ਹੈ ਪਰ ਸਾਨੂੰ ਰਲ ਕੇ ਕਿਸਾਨਾਂ ਪ੍ਰਤੀ ਬੜੀ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ। ਅੱਜ ਵੀ ਕਿਸਾਨ ਨੂੰ ਗੰਨੇ ਦੀ 70 ਰੁਪਏ ਦੇ ਹਿਸਾਬ ਨਾਲ ਪੇਮੈਂਟ ਹੋ ਰਹੀ ਹੈ। 30 ਰੁਪਏ ਅੱਜ ਵੀ ਕਿਸਾਨ ਨੂੰ ਨਹੀਂ ਮਿਲ ਰਹੇ ਜਦੋਂ ਕਿ ਕਿਸਾਨ ਕਰਜ਼ੇ ਥੱਲੇ ਦੱਬਿਆ ਪਿਆ ਹੈ। ਰਿਕਵਰੀ ਵਾਲੇ ਰੋਜ਼ ਜਾ ਕੇ ਕੁੰਡਾ ਖੜਕਾਉਂਦੇ ਹਨ। ਇਸ ਤਰ੍ਹਾਂ ਕਿਸਾਨ ਦਿਨ-ਬ-ਦਿਨ ਨੀਚੇ ਜਾ ਰਿਹਾ ਹੈ। ਇਸ ਦੇ ਵਾਸਤੇ ਸਾਨੂੰ ਸਾਰਿਆਂ ਨੂੰ ਸੰਜੀਦਗੀ ਨਾਲ

Original with;
Punjab Vidhan Sabha
Digitized by;
Panjab Digital Library

ਸੋਚਣਾ ਚਾਹੀਦਾ ਹੈ। ਇਸ ਤਰ੍ਹਾਂ ਨਿੱਤ ਨਵੇਂ ਦਿਨ ਕੋਈ ਨਾ ਕੋਈ ਨਵਾਂ ਬੋਝ ਉਸ ਤੇ ਪੈਂਦਾ ਹੈ। ਬਿਜਲੀ ਦੇ ਬਿੱਲਾਂ ਦਾ ਉਸ ਤੇ ਬੋਝ ਪਿਆ ਹੈ ਔਰ ਇਸ ਚੀਜ਼ ਦਾ ਹੋਰ ਵੀ ਰੌਲਾ ਹੈ ਕਿ ਸ਼ਾਇਦ ਘਰੇਲੂ ਅਤੇ ਟਿਊਬਵੈਲਾਂ ਦੇ ਬਿਜਲੀ ਦੇ ਬਿੱਲ ਹੋਰ ਵਧਣ। ਮੈਂ ਸਮਝਦਾ ਹਾਂ ਕਿ ਇਸ ਦੇ ਬਾਰੇ ਸਰਕਾਰ ਨੂੰ ਬੜੀ ਸੰਜੀਦਾ ਨੀਤੀ ਬਣਾਉਣੀ ਚਾਹੀਦੀ ਹੈ, ਬੜੀ ਗੰਭੀਰਤਾ ਨਾਲ ਇਸ ਬਾਰੇ ਸੋਚਣਾ ਚਾਹੀਦਾ ਹੈ। ਜੇਕਰ ਕਿਸਾਨ ਤੇ ਹੋਰ ਬੋਝ ਪਿਆ ਤਾਂ ਉਸ ਨਾਲ ਬਹੁਤ ਬੁਰਾ ਹੋਵੇਗਾ ਕਿਉਂਕਿ ਉਸ ਦਾ ਤਾਂ ਪਹਿਲਾਂ ਹੀ ਲੱਕ ਟੁੱਟਿਆ ਪਿਆ ਹੈ। ਸਾਨੂੰ ਕਿਸਾਨ ਨੂੰ ਬਚਾਉਣ ਵਾਸਤੇ ਉਪਰਾਲੇ ਕਰਨੇ ਚਾਹੀਦੇ ਹਨ। ਜੇਕਰ ਕਿਸਾਨ ਜਿੰਦਾ ਰਹੇਗਾ, ਕਿਸਾਨ ਦੇ ਪੇਟ ਵਿੱਚ ਰੋਟੀ ਪਵੇਗੀ, ਫਿਰ ਹੀ ਮਜ਼ਦੂਰ ਨੂੰ ਰੋਟੀ ਮਿਲੇਗੀ। ਫਿਰ ਹੀ ਬਿਜਨਿਸ ਡਿਵੈਲਪ ਹੋਵੇਗਾ। ਫਿਰ ਹੀ ਇਥੋਂ ਦੇ ਦੁਕਾਨਦਾਰ ਦੇ ਚਿਹਰੇ ਤੇ ਖੁਸ਼ਹਾਲੀ ਆਵੇਗੀ। ਕਿਉਂਕਿ ਸਾਰੀਆਂ ਚੀਜ਼ਾਂ ਦਾ ਕਿਸਾਨੀ ਨਾਲ ਸਬੰਧ ਹੈ। ਸਾਨੂੰ ਸਾਰਿਆਂ ਨੂੰ ਰਲ ਕੇ ਕਿਸਾਨ ਨੂੰ ਬਚਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਅੱਗੇ ਪਾਣੀਆਂ ਦਾ ਮਸਲਾ ਹੈ, ਇਹ ਬੜਾ ਗੰਭੀਰ ਮਸਲਾ ਹੈ। ਆਪਣੀ ਸਟੇਟ ਦੇ ਕੋਲ ਇਸ ਵੇਲੇ ਕਿਸੇ ਹੋਰ ਸਟੇਟ ਨੂੰ ਪਾਣੀ ਦੇਣ ਲਈ ਇੱਕ ਬੂੰਦ ਵੀ ਸਰਪਲੱਸ ਨਹੀਂ ਹੈ। ਪਾਣੀ ਦਾ ਲੈਵਲ ਦਿਨ ਪ੍ਰਤੀ ਦਿਨ ਹੇਠਾਂ ਡਿੱਗ ਰਿਹਾ ਹੈ ਜਿਹੜਾ ਕਿ ਸਾਡੇ ਸਭ ਵਾਸਤੇ ਬੜੀ ਚਿੰਤਾ ਦਾ ਵਿਸ਼ਾ ਹੈ। ਇਸ ਦੇ ਲਈ ਸਾਨੂੰ ਰਲ ਕੇ ਉਪਰਾਲੇ ਕਰਨੇ ਚਾਹੀਦੇ ਹਨ। ਸੁਪਰੀਮ ਕੋਰਟ ਨੇ ਐਸ.ਵਾਈ.ਐਲ. ਨਹਿਰ ਨੂੰ ਕੱਢਣ ਦੇ ਮੁਤੱਲਕ ਜੋ ਫੈਸਲਾ ਦਿੱਤਾ ਹੈ ਉਸ ਦੇ ਨਾਲ ਪੰਜਾਬ ਨਾਲ ਬਹੁਤ ਵੱਡੀ ਬੇਇਨਸਾਫੀ ਹੋਈਹੈ। ਮੈਂ ਸਮਝਦਾ ਹਾਂ ਕਿ ਸਾਡੇ ਅਕਾਲੀ ਵੀਰ ਜਿਹੜੇ ਸ਼ੁਰੂ ਤੋਂ ਹੀ ਆਪਣੇ ਆਪ ਨੂੰ ਕਿਸਾਨ ਪੱਖੀ ਕਹਿੰਦੇ ਹਨ, ਉਨ੍ਹਾਂ ਸਾਰਿਆਂ ਨੂੰ ਤੇ ਸਾਨੂੰ ਇਸ ਹਾਊਸ ਦੇ ਵਿੱਚ ਇੱਕ ਮੱਤ ਹੋਣਾ ਚਾਹੀਦਾ ਹੈ। ਬੜੇ ਦੁੱਖ ਦੀ ਗੱਲ ਹੈ ਕਿ ਮੁੱਖ ਮੰਤਰੀ ਸਾਹਿਬ ਨੇ ਪਾਣੀਆਂ ਦੇ ਮਸਲੇ ਉਤੇ ਇੱਕ ਆਲ ਪਾਰਟੀ ਮੀਟਿੰਗ ਸੱਦੀ ਸੀ ਔਰ ਉਸ ਦੇ ਵਿਚ ਪੰਜਾਬ ਦੇ ਵਿਚੋਂ ਸਾਰੀਆਂ ਕਿਸਾਨ ਜਥੇਬੰਦੀਆਂ ਨੇ ਹਿੱਸਾ ਲਿਆ ਸੀ, ਸਾਰੀਆਂ ਪੁਲੀਟੀਕਲ ਪਾਰਟੀਆਂ ਨੇ ਹਿੱਸਾ ਲਿਆ ਸੀ ਪਰ ਕਿਸਾਨ ਦੇ ਮੁਦਈ ਅਖਵਾਉਣ ਵਾਲੇ ਵੀਰ ਇਸ ਤੋਂ ਐਬਸੈਂਟ ਰਹੇ। ਸੋ, ਇਹ ਗੱਲਾਂ ਚੰਗੀਆਂ ਨਹੀਂ ਲਗਦੀਆਂ। ਸਾਨੂੰ ਸਭ ਨੂੰ ਰਲ ਕੇ ਕਿਸਾਨ ਨੂੰ ਬਚਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਐਸ.ਵਾਈ.ਐਲ. ਨਹਿਰ ਦਾ ਮਸਲਾ ਜਿਹੜਾ ਹੈ ਇਹ ਸਾਰੇ ਪੰਜਾਬੀਆਂ ਦਾ ਸਾਂਝਾ ਮਸਲਾ ਹੈ। ਇਸ ਤੇ ਸਾਨੂੰ ਸਾਰਿਆਂ ਨੂੰ ਇੱਕ ਤਰ੍ਹਾਂ ਦੀ ਅਪਰੋਚ ਬਣਾਉਣੀ ਪਵੇਗੀ। ਸਾਨੂੰ ਗਵਾਂਢੀਆਂ ਤੋਂ ਸਬਕ ਸਿੱਖਣਾ ਚਾਹੀਦਾ ਹੈ। ਹਰਿਆਣਾ ਰਾਜ ਦੇ ਵਿੱਚ ਦੋਨੋਂ, ਰੂਲਿੰਗ ਪਾਰਟੀ ਔਰ ਆਪੋਜ਼ੀਸ਼ਨ ਪਾਰਟੀਆਂ ਇਸ ਮੁੱਦੇ ਦੇ ਉਤੇ ਇੱਕ ਮੱਤ ਹਨ ਤੇ ਉਹ ਚਾਹੁੰਦੇ ਹਨ ਕਿ ਇਹ ਐਸ.ਵਾਈ.ਐਲ. ਨਹਿਰ ਹਰ ਹਾਲਤ ਦੇ ਵਿਚ ਨਿਕਲੇ। ਸਾਨੂੰ ਵੀ ਇੰਨੇ ਜੋਸ਼ ਤੇ ਇੰਨੀ ਸੰਜੀਦਗੀ ਦੇ ਨਾਲ ਰੂਲਿੰਗ ਪਾਰਟੀ ਔਰ ਆਪੋਜ਼ੀਸ਼ਨ ਪਾਰਟੀਆਂ ਨੂੰ ਐਸ.ਵਾਈ.ਐਲ. ਮੁੱਦੇ ਤੇ ਇਕੱਠੇ ਹੋਣਾ ਚਾਹੀਦਾ ਹੈ ਔਰ ਇਸ ਹਾਊਸ ਦੇ ਵਿੱਚ ਇਹ ਮਤਾ ਸਾਂਝੇ ਤੌਰ ਤੇ ਪਾਸ ਕਰਨਾ ਚਾਹੀਦਾ ਹੈ। ਸਾਡੇ ਕੋਲ ਪਾਣੀ ਦੀ ਇੱਕ ਵੀ ਬੂੰਦ ਕਿਸੇ ਹੋਰ ਸਟੇਟ ਨੂੰ ਦੇਣ ਜੋਗੀ ਨਹੀਂ ਹੈ। ਇਹ ਸਾਡਾ ਕਾਨੂੰਨ ਹੈ ਕਿ ਜਿਸ ਸਟੇਟ ਦੇ ਵਿਚੋਂ ਦੀ ਦਰਿਆ ਵੱਗਦਾ ਹੈ, ਜਿਸ ਰਾਜ ਦੀ ਧਰਤੀ ਤੇ ਦਰਿਆ ਵਗਦਾ ਹੈ, ਰਿਪੇਰੀਅਨ ਲਾਅ ਦੇ ਮੁਤਾਬਿਕ ਉਸ ਧਰਤੀ ਦੇ ਰਹਿਣ ਵਾਲੇ ਲੋਕਾਂ ਦਾ ਪਾਣੀ ਦੇ ਉਤੇ ਹੱਕ ਹੁੰਦਾ ਹੈ। ਫਿਰ ਸਾਡੇ ਵਾਸਤੇ ਇਹ ਕਾਨੂੰਨ ਕਿਉਂ ਬਦਲਿਆ ਜਾ ਰਿਹਾ ਹੈ। ਇਹ ਬੜਾ ਅਹਿਮ ਮਸਲਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਹੈ। ਜੇ ਪਾਣੀ ਨਹੀਂ ਤਾਂ ਬਰਬਾਦੀ ਹੋ ਜਾਵੇਗੀ। ਸ਼੍ਰੀ ਗੁਰੂ ਨਾਨਕ ਸਾਹਿਬ ਨੇ ਪਾਣੀ ਦੀ ਮਹੱਤਤਾ ਬਾਰੇ ਕਿਹਾ ਹੈ : ਪਹਿਲਾ ਪਾਣੀ ਜੀਉ ਹੈ ਜਿਤਿ ਹਰਿਆ ਸਭ ਕੋਇ॥ ਸਪੀਕਰ ਸਾਹਿਬ, ਜਿਨ੍ਹਾਂ ਲੋਕਾਂ ਦੇ ਕੋਲ ਪਾਣੀ ਨਹੀਂ ਹੁੰਦਾ ਤਾਂ ਉਸ ਸਟੇਟ ਦੇ ਲੋਕ ਦੂਜੀਆਂ ਸਟੇਟਾਂ ਦੇ ਵਿੱਚ ਮਜ਼ਦੂਰੀ ਕਰਨ ਜਾਂਦੇ ਹਨ, ਉਹ ਸਟੇਟ ਤਰੱਕੀ ਨਹੀਂ ਕਰ ਸਕਦੀ। ਉਹੀ ਲੋਕ ਤਰੱਕੀ ਕਰ ਸਕਦੇ ਹਨ ਜਿਨ੍ਹਾਂ ਦੇ ਕੋਲ ਪਾਣੀ ਦੇ ਭੰਡਾਰ ਹਨ। ਸਾਡੇ ਪੰਜਾਬ ਦੇ ਲੋਕਾਂ ਨੇ ਪਹਿਲਾਂ ਹੀ ਬੜੇ ਲੰਮੇ ਸਮੇਂ ਤੋਂ ਵੱਡਾ ਸੰਤਾਪ ਭੋਗਿਆ ਹੈ। ਇਹ ਬਾਰਡਰ ਦਾ ਸੂਬਾ ਹੈ। ਅੱਜ ਦੁਨੀਆਂ ਦੇ ਵਿਚ ਬੜੀਆਂ ਚੇਂਜ਼ਿਜ ਹੋ ਰਹੀਆਂ ਹਨ ਤੇ ਜਿਸ ਧਰਤੀ ਤੇ ਬਾਬਾ ਨਾਨਕ ਜੀ ਬਗਦਾਦ ਵਿਖੇ ਗਏ ਸਨ ਅੱਜ ਉਥੇ ਕਹਿਰ ਵਰਸਾਇਆ ਜਾ ਰਿਹਾ ਹੈ। ਸਾਨੂੰ ਇਨ੍ਹਾਂ ਚੀਜ਼ਾਂ ਵਾਸਤੇ ਉਪਰਾਲੇ ਕਰਨੇ ਚਾਹੀਦੇ ਹਨ। ਪਾਣੀ ਦੇ ਕਰਕੇ ਪੰਜਾਬ ਹਿੰਦੁਸਤਾਨ ਦਾ ਅੰਨ ਭੰਡਾਰ ਭਰਨ ਵਾਲਾ ਸੂਬਾ ਹੈ। ਪੰਜਾਬ ਦੇ ਕਿਸਾਨ ਦੇ 24 ਘੰਟਿਆਂ ਦੇ ਵਿਚੋਂ 18 ਘੰਟੇ ਮਿਹਨਤ ਕਰਕੇ ਹਿੰਦੁਸਤਾਨ ਦਾ ਅੰਨ ਭੰਡਾਰ ਭਰਿਆ ਹੈ। ਕਦੇ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਅਨਾਜ ਮੰਗਣ ਵਾਸਤੇ ਬਾਹਰ ਜਾਇਆ ਕਰਦੇ ਸਨ। ਹੁਣ ਉਸ ਕਿਸਾਨ ਨੂੰ ਸ਼ਾਬਾਸ਼ ਦਿੱਤੀ ਜਾਣੀ ਚਾਹੀਦੀ ਹੈ, ਉਸ ਦਾ ਹੌਂਸਲਾ ਨਹੀਂ ਤੋੜਨਾ ਚਾਹੀਦਾ, ਜਿਸ ਕਿਸਾਨ ਨੇ ਮੰਗਣ ਤੋਂ ਹਟਾਇਆ ਹੈ ਤੇ ਹਿੰਦੁਸਤਾਨ ਦਾ ਅੰਨ ਭੰਡਾਰ ਭਰਿਆ ਹੈ। ਦੇਸ਼ ਦੀ ਆਜ਼ਾਦੀ ਵਿਚ ਵੀ ਪੰਜਾਬੀਆਂ ਨੇ 100 ਦੇ ਵਿਚੋਂ 85 ਸਿਰ ਦਿੱਤੇ ਹਨ। ਉਨ੍ਹਾਂ ਲੋਕਾਂ ਨੂੰ ਉਜਾੜਨਾ ਨਹੀਂ ਚਾਹੀਦਾ ਜਿਨ੍ਹਾਂ ਨੇ ਦੇਸ਼ ਦੀ ਧਰਤੀ ਤੇ ਜੋ ਤਿੰਨ ਜੰਗਾਂ ਹੋਈਆਂ ਹਨ, ਇੱਕ ਜੰਗ ਚੀਨ ਦੇ ਨਾਲ ਤੇ ਦੋ ਜੰਗਾਂ ਪਾਕਿਸਤਾਨ ਦੇ ਨਾਲ ਹੋਈਆਂ ਹਨ, ਇਨ੍ਹਾਂ ਲੜਾਈਆਂ ਦੇ ਵਿੱਚ ਬਾਰਡਰ 'ਤੇ ਜੋ ਲਾਸ਼ਾਂ ਸਨ ਉਹ 100 ਦੇ ਵਿਚੋਂ 70 ਪੰਜਾਬੀਆਂ ਦੀਆਂ ਹੀ ਲਾਸ਼ਾਂ ਸਨ। ਅੱਜ ਪੰਜਾਬ ਨੂੰ ਉਜੜਨ ਨਹੀਂ ਦੇਣਾ ਚਾਹੀਦਾ। ਪਾਣੀ ਦੇ ਮਸਲੇ ਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਸਾਰੀਆਂ ਧਿਰਾਂ ਨੂੰ ਰਲ ਕੇ ਚਲਣਾ ਚਾਹੀਦਾ ਹੈ ਕਿ ਪੰਜਾਬ ਬਾਰਡਰ ਦਾ ਸੂਬਾ ਹੈ, ਬਹਾਦਰ ਲੋਕਾਂ ਦਾ ਸੂਬਾ ਹੈ, ਮਿਹਨਤਕਸ਼ ਲੋਕਾਂ ਦਾ ਸੂਬਾ ਹੈ, ਜੇ ਪੰਜਾਬ ਦੇ ਲੋਕਾਂ ਦੇ ਕੋਲੋਂ ਪਾਣੀ ਖੋਹ ਲਿਆ ਗਿਆ ਤਾਂ ਪੰਜਾਬ ਦੇ ਨੌਜਵਾਨ ਦੇ ਚਿਹਰਿਆਂ ਦੀ ਲਾਲੀ ਖਤਮ ਹੋ ਜਾਵੇਗੀ ਅਤੇ ਇਸ ਤਰ੍ਹਾਂ ਹੋ ਜਾਣ ਨਾਲ ਇਸ ਦੇਸ਼ ਦੀ ਰੱਖਿਆ ਕੌਣ ਕਰ ਸਕਦਾ ਹੈ ? ਸਾਡੇ ਦੇਸ਼ ਦੀਆਂ ਸਰਹੱਦਾਂ ਦੀ ਰੱਖਿਆ ਕੌਣ ਕਰ ਸਕਦਾ ਹੈ ? ਇਸ ਕਰਕੇ ਜ਼ਰੂਰੀ ਹੈ ਕਿ ਦੇਸ਼ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਹੋਇਆਂ ਜਿਹੜਾ ਸੰਤਾਪ ਪੰਜਾਬ ਨੇ ਪਹਿਲਾਂ ਭੋਗਿਆ ਸੀ, ਉਹ ਇਹ ਹੁਣ ਨਾ ਭੋਗੇ। ਇਸ ਦੇ ਵਾਸਤੇ ਸੈਂਟਰ ਗੌਰਮਿੰਟ ਨੂੰ ਇਹ ਕਹਿਣਾ ਚਾਹੀਦਾ ਹੈ ਕਿ ਐਸ.ਵਾਈ.ਐਲ. ਨਹਿਰ ਤੇ ਪੰਜਾਬ ਦਾ ਪਾਣੀ ਕਦਾਚਿਤ ਵੀ ਇਥੋਂ ਬਾਹਰ ਨਹੀਂ ਭੇਜਣਾ ਚਾਹੀਦਾ। ਇਸ ਗੱਲ ਤੇ ਸਾਨੂੰ ਸਾਰਿਆਂ ਨੂੰ ਇੱਕ ਮੱਤ ਹੋਣਾ ਚਾਹੀਦਾ ਹੈ।

ਸੋ, ਅੱਗੇ ਮਸਲਾ ਹੈ, ਕਿਸਾਨੀ ਦਾ। ਕਿਸਾਨ ਦੀ ਗੱਲ ਕੀਤੀ ਗਈ ਹੈ। ਕੱਲ੍ਹ ਹਾਊਸ ਦੇ ਵਿਚ ਸਾਡੇ ਬੜੇ ਮਾਨਯੋਗ, ਸਿਆਣੇ ਤੇ ਤਜਰਬੇਕਾਰ, ਸਰਦਾਰ ਬਲਵਿੰਦਰ ਸਿੰਘ ਭੂੰਦੜ, ਡਬਲਿਊ.ਟੀ.ਓ. ਤੇ ਬੋਲ ਰਹੇ ਸਨ ਕਿ ਡਬਲਿਊ.ਟੀ.ਓ. ਆਪਣੇ ਵਾਸਤੇ ਘਾਤਕ ਹੈ। ਇਸ ਦੇ ਨਾਲ ਛੋਟਾ ਜ਼ਿਮੀਂਦਾਰ, ਛੋਟਾ ਦੁਕਾਨਦਾਰ ਅਤੇ ਛੋਟੇ ਕਾਰਖਾਨੇਦਾਰ ਸਾਰੇ ਮਾਰੇ ਜਾਣਗੇ। ਅਸੀਂ ਵੀ ਸਮਝਦੇ ਹਾਂ ਕਿ ਅਸੀਂ ਦੁਨੀਆਂ ਦੇ ਦੂਜੇ ਲੋਕਾਂ ਦੇ ਨਾਲ, ਦੂਜੇ ਮੁਲਕਾਂ ਦੇ ਨਾਲ ਮੁਕਾਬਲਾ ਨਹੀਂ ਕਰ ਸਕਦੇ। ਜਦੋਂ ਆਸਟਰੇਲੀਆ, ਅਮਰੀਕਾ ਤੇ

Original with;
Punjab Vidhan Sabha
Digitized by;

ਮੈਕਸੀਕੋ ਤੋਂ ਸਾਨੂੰ ਕਣਕ 400 ਰੁਪਏ ਕੁਇੰਟਲ ਦੇ ਹਿਸਾਬ ਨਾਲ ਮਿਲੇਗੀ ਤਾਂ ਸਾਡੇ ਕਿਸਾਨ ਦੀ 600-700 ਰੁਪਏ ਕੁਇੰਟਲ ਦੇ ਹਿਸਾਬ ਨਾਲ ਕਣਕ ਕੌਣ ਲਵੇਗਾ ? ਜਦੋਂ ਇਲੈਕਟਰਾਨਿਕ ਮਾਰਕੀਟ ਤੇ ਜਾਪਾਨ ਤੇ ਚਾਈਨਾ ਵਰਗੇ ਦੇਸ਼ਾਂ ਨੇ ਕਬਜ਼ਾ ਕੀਤਾ ਹੋਇਆ ਹੈ ਤਾਂ ਇਥੋਂ ਦੇ ਛੋਟੇ ਕਾਰਖਾਨੇਦਾਰਾਂ ਦਾ ਕੀ ਬਣੇਗਾ ? ਇਹ ਸਭ ਦੀ ਚਿੰਤਾ ਦਾ ਵਿਸ਼ਾ ਹੈ। ਮੈਂ ਸਮਝਦਾ ਹਾਂ ਕਿ ਅੱਜ ਮੇਰੇ ਵੀਰ ਇਥੇ ਨਹੀਂ ਹਨ। ਇਹ ਬਹੁਤ ਲੰਬਾ ਸਮਾਂ ਰਾਜ ਸਭਾ ਦੇ ਵਿਚ ਰਹਿ ਕੇ ਆਏ ਹਨ। ਇਹ ਸੈਂਟਰ ਦਾ ਸਬਜੈਕਟ ਹੈ। ਇਨ੍ਹਾਂ ਨੇ ਮੇਰੇ ਖਿਆਲ ਨਾਲ ਕਦੇ ਵੀ ਉਥੇ ਰਾਜ ਸਭਾ ਦੇ ਵਿਚ ਡਬਲਿਊ.ਟੀ.ਓ. ਦੇ ਉਤੇ ਨਹੀਂ ਬੋਲਿਆ ਹੋਣਾ। ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੇ ਕਿਸੇ ਕੰਟਰੀ ਨੇ ਡਬਲਿਊ.ਟੀ.ਓ. ਤੋਂ ਬਾਹਰ ਆਉਣਾ ਹੋਵੇ ਤਾਂ ਛੇ ਮਹੀਨੇ ਦਾ ਨੋਟਿਸ ਦੇ ਕੇ ਸਰਕਾਰ ਇਸ ਬੋਝ ਤੋਂ ਆਪਣੇ ਆਪ ਨੂੰ ਬਚਾ ਸਕਦੀ ਹੈ। ਭੂੰਦੜ ਸਾਹਿਬ ਦੇ ਮਿੱਤਰਾਂ ਦੀ ਸਰਕਾਰ ਦਿੱਲੀ ਦੇ ਵਿਚ ਹੈ। ਤੁਸੀਂ ਕੱਲ੍ਹ ਕਹਿੰਦੇ ਸੀ ਕਿ ਨਰਸਿਮਹਾ ਰਾਓ ਦੀ ਮਜਬੂਰੀ ਸੀ, ਦੇਸ਼ ਗਰੀਬ ਹੈ, ਉਨ੍ਹਾਂ ਨੇ ਸਮਝੌਤਾ ਮੰਨਿਆ ਹੈ। ਮੈਂ ਸਮਝਦਾ ਹਾਂ ਕਿ ਉਸ ਵੇਲੇ ਦੇ ਆਪੋਜ਼ੀਸ਼ਨ ਦੇ ਲੀਡਰ ਸ੍ਰੀ ਵਾਜਪਾਈ ਸੀ। ਉਨ੍ਹਾਂ ਦੋਵਾਂ ਨੇ ਜੁਆਇੰਟਲੀ ਇਸ ਸਮਝੌਤੇ ਤੇ ਦਸਤਖਤ ਕੀਤੇ ਸਨ। ਜੇ ਅੱਜ ਤੁਹਾਨੂੰ ਇਹ ਸਮਝੌਤਾ ਕਿਸਾਨ ਮਾਰੂ, ਦੁਕਾਨਦਾਰ ਮਾਰੂ, ਗਰੀਬ ਮਾਰੂ ਤੇ ਮੁਲਕ ਮਾਰੂ ਨਜ਼ਰ ਆਉਂਦਾ ਹੈ ਤਾਂ ਐਨ.ਡੀ.ਏ. ਦੀਆਂ ਪਾਰਟੀਆਂ ਨੂੰ ਕਹੋ ਕਿ ਆਪਣੇ ਵਜ਼ੀਰਾਂ ਨੂੰ ਵਾਪਸ ਬੁਲਾਉਣ। ਉਨ੍ਹਾਂ ਨੂੰ ਧਮਕੀ ਦਿਓ ਕਿ ਜੇ ਤੁਸੀਂ ਸ਼ਰਤ ਤੋਂ ਆਪਣੇ ਆਪ ਵਾਪਸ ਨਾ ਆਏ ਤਾਂ ਅਸੀਂ ਐਨ.ਡੀ.ਏ. ਦਾ ਸਾਥ ਨਹੀਂ ਦੇਵਾਂਗੇ। ਪਰ ਉਥੇ ਤੁਸੀਂ ਕੁਝ ਬੋਲਦੇ ਹੀ ਨਹੀਂ। ਇਥੇ ਇਨ੍ਹਾਂ ਗੱਲਾਂ ਦੀ ਕੋਈ ਅਹਿਮੀਅਤ ਨਹੀਂ ਹੈ। ਜਿਸ ਪਲੇਟਫਾਰਮ ਤੇ ਜਿਸ ਗੱਲ ਦਾ ਅਸਰ ਹੁੰਦਾ ਹੈ, ਉਥੇ ਇਹ ਗੱਲ ਕਰਨੀ ਚਾਹੀਦੀ ਹੈ। ਇਹ ਬਿਲਕੁਲ ਠੀਕ ਹੈ ਕਿ ਕਿਸਾਨ ਦੀ ਹਾਲਤ ਬਹੁਤ ਮਾੜੀ ਹੈ, ਇਸ ਦੇ ਲਈ ਸਾਨੂੰ ਉਪਰਾਲੇ ਕਰਨੇ ਚਾਹੀਦੇ ਹਨ।

ਸਪੀਕਰ ਸਾਹਿਬ, ਇੱਕ ਬਿਜਲੀ ਬੋਰਡ ਦੇ ਨਿੱਜੀਕਰਨ ਦਾ ਮਸਲਾ ਵੀ ਗਵਰਨਰ ਐਡਰੈਸ ਦੇ ਵਿਚ ਸਾਹਮਣੇ ਆਇਆ ਹੈ। ਬਿਜਲੀ ਬੋਰਡ ਦਾ ਨਿੱਜੀਕਰਨ ਜਿੱਥੇ ਜਿੱਥੇ ਵੀ ਹੋਇਆ ਹੈ, ਉਸ ਦੇ ਕੋਈ ਬਹੁਤੇ ਚੰਗੇ ਰਿਜਲਟ ਤੇ ਤਜਰਬੇ ਸਾਹਮਣੇ ਨਹੀਂ ਆਏ। ਚਾਹੇ ਇਹ ਆਂਧਰਾ ਪ੍ਰਦੇਸ਼ ਵਿਚ ਹੋਇਆ, ਚਾਹੇ ਕਰਨਾਟਕ ਵਿਚ ਹੋਇਆ, ਚਾਹੇ ਦਿੱਲੀ ਵਿਚ ਹੋਇਆ ਜਾਂ ਹੋਰ ਸੱਤ ਸਟੇਟਾਂ ਦੇ ਵਿਚ ਹੋਇਆ ਹੈ। ਇਹ ਤਜਰਬਾ ਹਰ ਥਾਂ ਤੇ ਫੇਲ੍ਹ ਹੋਇਆ ਹੈ। ਬਿਜਲੀ ਬੋਰਡ ਦੇ ਵਿਚ ਸੁਧਾਰ ਤਾਂ ਜ਼ਰੂਰ ਲਿਆਉਣਾ ਚਾਹੀਦਾ ਹੈ ਪਰ ਬਿਜਲੀ ਬੋਰਡ ਪ੍ਰਾਈਵੇਟ ਹੱਥਾਂ ਦੇ ਵਿਚ ਨਹੀਂ ਦੇਣਾ ਚਾਹੀਦਾ। ਹਲਦੀਆ ਕਮੇਟੀ ਦੀ ਜੋ ਰਿਪੋਰਟ ਅਸੀਂ ਅਖਬਾਰਾਂ ਦੇ ਵਿਚ ਪੜ੍ਹੀ ਹੈ, ਉਹ ਕਿਸੇ ਵੀ ਤਰ੍ਹਾਂ ਪੰਜਾਬ ਦੇ ਹੱਕ ਵਿਚ ਨਹੀਂ ਹੈ। ਸੋ, ਅਸੀਂ ਚਾਹੁੰਦੇ ਹਾਂ ਕਿ ਮੁੱਖ ਮੰਤਰੀ ਸਾਹਿਬ ਇਸ ਤੇ ਫਿਰ ਤੋਂ ਵਿਚਾਰ ਕਰਨ ਔਰ ਬਿਜਲੀ ਬੋਰਡ ਦੇ ਵਿਚ ਸੁਧਾਰ ਦੇ ਉਪਰਾਲੇ ਸ਼ੁਰੂ ਕਰਨ।

ਸਪੀਕਰ ਸਾਹਿਬ, ਇਥੇ ਗੱਲ ਆਈ ਹੈ-ਡੈਮੋਕਰੇਸੀ ਨੂੰ ਬਹਾਲ ਕਰਨ ਦੀ। ਜਿਹੜੀ ਕੋਈ ਚੰਗੀ ਗੱਲ ਕਰਦੇ ਹਾਂ, ਉਸ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਸਾਡੇ ਵੀਰਾਂ ਨੂੰ ਪੰਜ ਸਾਲ ਮੌਕਾ ਮਿਲਿਆ। ਇਨ੍ਹਾਂ ਨੇ ਮਾਰਕੀਟ ਕਮੇਟੀਆਂ ਨੌਮੀਨੇਟ ਕੀਤੀਆਂ। ਇਨ੍ਹਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਨੇ ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਤੇ ਮਿਊਂਸਿਪਲ ਕਾਰਪੋਰੇਸ਼ਨਾਂ, ਮੈਂ ਇਸ਼ਾਰੇ ਮਾਤਰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਰਾਜ ਦੇ ਵਿਚ ਪੰਚਾਇਤਾਂ ਦੀਆਂ ਚੋਣਾਂ ਹੋਈਆਂ। ਮੇਰੇ ਵਰਗਾ ਬੰਦਾ ਜਿਹੜਾ ਇਸ ਹਾਊਸ ਦਾ ਮੈਂਬਰ ਅਤੇ ਮਨਿਸਟਰ ਵੀ ਰਿਹਾ ਹੈ, ਉਸ ਨੂੰ ਆਖਰ ਦਮ ਤੱਕ ਨਹੀਂ ਪਤਾ ਲੱਗਦਾ ਸੀ ਕਿ ਮੇਰਾ ਪਿੰਡ ਰਿਜ਼ਰਵ ਹੈ ਜਾਂ ਮੇਰੇ ਪਿੰਡ ਦੇ ਸਰਪੰਚ ਦੀ ਵੇਕੈਂਸੀ ਲੇਡੀ ਮੈਂਬਰ ਵਾਸਤੇ ਰਿਜ਼ਰਵ ਹੈ ਜਦ ਕਿ ਪਿਛਲੀ ਸਰਕਾਰ ਦੀ ਪਾਰਟੀ ਦੇ ਸਾਰੇ ਵਿਧਾਇਕ ਅਤੇ ਵਜ਼ੀਰ ਇਹ ਇਨਫਰਮੇਸ਼ਨ ਜੇਬਾਂ ਵਿੱਚ ਪਾਈ ਫਿਰਦੇ ਸਨ। ਸਾਨੂੰ ਬਾਅਦ ਵਿੱਚ ਪਤਾ ਲੱਗਦਾ ਸੀ ਕਿ ਇਹ ਵੇਕੈਂਸੀ ਲੇਡੀਜ਼ ਜਾਂ ਰਿਜ਼ਰਵ ਕੈਟਾਗਰੀ ਵਾਸਤੇ ਰਾਖਵੀਂ ਹੋ ਗਈ ਹੈ। ਪਿਛਲੀ ਸਰਕਾਰ ਨੇ ਡੈਮੋਕਰੇਸੀ ਨੂੰ ਇੱਕ ਮਜ਼ਾਕ ਬਣਾ ਦਿੱਤਾ ਸੀ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਬਣੀ ਤਾਂ ਉਸ ਵੇਲੇ ਇਨ੍ਹਾਂ ਨੇ ਪੰਚਾਇਤ ਸੰਮਤੀਆਂ ਦੀਆਂ ਇਲੈਕਸ਼ਨਾਂ ਵਿੱਚ 50% ਡਾਇਰੈਕਟ ਅਤੇ 50% ਇਨਡਾਇਰੈਕਟ ਇਲੈਕਸ਼ਨ ਕਰ ਦਿੱਤੀਆਂ ਸਨ ਜਿਸ ਨਾਲ ਇਹ ਮੈਂਬਰ ਇਲੈਕਟ ਹੋ ਕੇ ਆਏ ਸਨ। ਪਿਛਲੀ ਸਰਕਾਰ ਨੇ ਡੈਮੋਕਰੇਸੀ ਦਾ ਮਜ਼ਾਕ ਉਡਾਉਂਦੇ ਹੋਏ 70% ਇਲੈਕਸ਼ਨਾਂ ਇਨਡਾਇਰੈਕਟ ਕਰ ਦਿੱਤੀਆਂ ਤੇ 30% ਡਾਇਰੈਕਟ ਕਰ ਦਿੱਤੀਆਂ ਸਨ। ਹੁਣ ਦੀ ਸਰਕਾਰ ਨੇ ਸੌ ਫੀਸਦੀ ਡਾਇਰੈਕਟ ਇਲੈਕਸ਼ਨ ਕਰ ਦਿੱਤੀਆਂ ਹਨ, ਜਿਸ ਨਾਲ ਗਰੀਬ ਅਤੇ ਦੂਜੇ ਸਾਰੇ ਮੈਂਬਰ ਇਨ੍ਹਾਂ ਇਲੈਕਸ਼ਨਾਂ ਵਿੱਚ ਇਨਵਾਲਵ ਹੋਏ ਔਰ ਭਾਰੀ ਗਿਣਤੀ ਵਿੱਚ ਉਨ੍ਹਾਂ ਨੇ ਇਲੈਕਸ਼ਨਾਂ ਵਿਚ ਯੋਗਦਾਨ ਪਾਇਆ। ਸੌ ਫੀਸਦੀ ਡਾਇਰੈਕਟ ਇਲੈਕਸ਼ਨਾਂ ਵਿੱਚ ਇਨਵਾਲਵ ਹੋਣ ਕਾਰਨ ਹਰ ਕਿਸੇ ਨੂੰ ਡੈਮੋਕਰੇਸੀ ਦਾ ਪਤਾ ਚੱਲਿਆ ਔਰ ਡੈਮੋਕਰੇਸੀ ਨੂੰ ਸੁਰਜੀਤ ਕਰਨ ਵਿੱਚ ਕੈਪਟਨ ਸਾਹਿਬ ਦੀ ਪ੍ਰਸ਼ੰਸਾ ਹੋਣੀ ਚਾਹੀਦੀ ਹੈ। ਇਨ੍ਹਾਂ ਨੇ ਮਿਊਂਸਿਪਲ ਕਮੇਟੀਆਂ ਦੀਆਂ ਚੋਣਾਂ ਕਰਵਾਈਆਂ। ਇਹ ਬੜੇ ਅਮਨ ਅਮਾਨ ਨਾਲ ਹੋਈਆਂ। ਮੈਨੂੰ ਯਾਦ ਹੈ ਕਿ ਜਦੋਂ ਪਿਛਲੀ ਵਾਰ ਚੋਣਾਂ ਹੋਈਆਂ ਸਨ ਤਾਂ ਮੇਰੇ ਧਾਰੀਵਾਲ ਬਲਾਕ ਵਿੱਚ 150 ਨਾਮੀਨੇਸ਼ਨ ਪੇਪਰ ਰਿਜੈਕਟ ਹੋਏ ਸਨ ਪਰ ਇਸ ਵਾਰ ਕੋਈ ਨਾਮੀਨੇਸ਼ਨ ਰਿਜੈਕਟ ਨਹੀਂ ਹੋਈ ਔਰ ਨਾ ਹੀ ਇਸ ਤਰ੍ਹਾਂ ਕਿਸੇ ਨੂੰ ਮੌਕਾ ਦਿੱਤਾ ਗਿਆ। ਲੋਕਾਂ ਨੇ ਅਮਨ ਅਮਾਨ ਨਾਲ ਵੋਟਾਂ ਪਾਈਆਂ। ਸੌ ਫੀਸਦੀ ਲੋਕਾਂ ਨੇ ਆਪਣੀ ਇਨ੍ਹਾਂ ਇਲੈਕਸ਼ਨਾਂ ਵਿੱਚ ਕੰਟਰੀਬਿਊਸ਼ਨ ਪਾਈ। ਹੁਣ ਮੈਨੂੰ ਪਤਾ ਲੱਗਾ ਹੈ ਕਿ ਇਹ ਕਹਿ ਰਹੇ ਸਨ ਕਿ ਬਟਾਲਾ ਬਲਾਕ ਵਿੱਚ 10-11 ਪੇਪਰ ਨਾਮੀਨੇਸ਼ਨਾਂ ਦੇ ਰਿਜੈਕਟ ਹੋਏ ਹਨ ਪਰ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਬਾਕੀ 20-25 ਮੈਂਬਰਾਂ ਦੀ ਇਲੈਕਸ਼ਨ ਵਿੱਚ ਇਨ੍ਹਾਂ ਦੇ ਸਿਰਫ 3-4 ਮੈਂਬਰ ਹੀ ਆਏ ਹਨ। ਮੇਰੇ ਇਲਾਕੇ ਵਿੱਚ ਕਿਸੇ ਦੇ ਨਾਮੀਨੇਸ਼ਨ ਪੇਪਰ ਕੈਂਸਲ ਨਹੀਂ ਹੋਏ। ਇਸ ਦਾ ਕਰੈਡਿਟ ਕੈਪਟਨ ਸਾਹਿਬ ਦੀ ਸਰਕਾਰ ਨੂੰ ਜਾਂਦਾ ਹੈ। ਹੁਣ ਜਿਹੜੀ ਮਿਊਂਸਿਪਲ ਕਮੇਟੀਆਂ ਵਿਚ ਹਾਰ ਹੋਈ ਹੈ, ਬੀ.ਜੇ.ਪੀ. ਵਾਲਿਆਂ ਨੇ ਹਾਰ ਦਾ ਜ਼ਿੰਮ੍ਹਾ ਪਾਰਟੀ ਪ੍ਰਧਾਨ ਤੇ ਪਾ ਦਿੱਤਾ ਹੈ ਔਰ ਉਹ ਉਸ ਨੂੰ ਬਦਲ ਰਹੇ ਹਨ। ਇਸੇ ਤਰ੍ਹਾਂ ਹੀ ਪਿੱਛੇ ਜੋ ਇਲੈਕਸ਼ਨਾਂ ਦੇ ਰਿਜ਼ਲਟ ਹਿਮਾਚਲ ਵਿੱਚ ਆਏ ਹਨ, ਬੀ.ਜੇ.ਪੀ. ਦੀ ਪਰਫਾਰਮੈਂਸ ਸਾਰਿਆਂ ਦੇ ਸਾਹਮਣੇ ਹੀ ਹੈ। ਇਸੇ ਤਰ੍ਹਾਂ ਅਕਾਲੀ ਪਾਰਟੀ ਨੂੰ ਵੀ ਆਪਣੀ ਹਾਰ ਦਾ ਮੂੰਹ ਦੇਖਣਾ ਪਿਆ। ਇਨ੍ਹਾਂ ਨੂੰ ਵੀ ਆਪਣੀ ਲੀਡਰਸ਼ਿਪ ਬਦਲਣੀ ਚਾਹੀਦੀ ਹੈ। ਇੱਥੇ ਧੱਕੇਸ਼ਾਹੀ ਦੀਆਂ ਗੱਲਾਂ ਕੀਤੀਆਂ

Original with;
Punjab Vidhan Sabha
Digitized by:
Panjab Digital Library

ਗਈਆਂ ਹਨ। ਇਨ੍ਹਾਂ ਨੂੰ ਹੈਲਦੀ ਡਿਸਕਸ਼ਨ ਕਰਨੀ ਚਾਹੀਦੀ ਹੈ। ਇਹ ਪਵਿੱਤਰ ਸਦਨ ਹੈ ਜਿੱਥੇ ਸਾਰਿਆਂ ਨੂੰ ਅੱਛੀਆਂ ਗੱਲਾਂ ਕਰਨੀਆਂ ਚਾਹੀਦੀਆਂ ਹਨ ਔਰ ਸਾਰਿਆਂ ਨੂੰ ਰਲ ਮਿਲ ਕੇ ਚੰਗੀਆਂ ਗੱਲਾਂ ਕਰਨੀਆਂ ਚਾਹੀਦੀਆਂ ਹਨ। ਜੇਕਰ ਆਪੋਜ਼ੀਸ਼ਨ ਵੱਲੋਂ ਹੈਲਦੀ ਡਿਸਕਸ਼ਨ ਹੁੰਦੀ ਹੈ, ਚੰਗੇ ਸੁਝਾਓ ਆਉਂਦੇ ਹਨ ਤਾਂ ਉਨ੍ਹਾਂ ਦੀ ਵੀ ਪ੍ਰਸ਼ੰਸਾ ਕੀਤੀ ਜਾਣੀ ਚਾਹੀਦੀ ਹੈ। ਅਗਰ ਸਰਕਾਰ ਦੀ ਤਰਫੋਂ ਚੰਗੀਆਂ ਗੱਲਾਂ ਆਉਂਦੀਆਂ ਹਨ, ਉਸ ਦੀ ਵੀ ਤਾਰੀਫ ਹੋਣੀ ਚਾਹੀਦੀ ਹੈ। ਹਾਲੇ ਤਾਂ ਸਰਕਾਰ ਬਣੀ ਨੂੰ ਇੱਕ ਸਾਲ ਹੋਇਆ ਹੈ। ਚਾਰ ਸਾਲ ਸਰਕਾਰ ਦੇ ਹੋਰ ਰਹਿੰਦੇ ਹਨ। ਮੈਨੂੰ ਪਤਾ ਹੈ ਕਿ ਤਾਕਤ ਤੋਂ ਬਾਹਰ ਰਹਿ ਕੇ ਕਿੰਨੀ ਤਕਲੀਫ ਹੁੰਦੀ ਹੈ। ਮੈਂ ਵੀ 16 ਸਾਲ ਤਾਕਤ ਤੋਂ ਬਾਹਰ ਰਿਹਾ ਹਾਂ। ਕਿੰਨੀਆਂ ਤਕਲੀਫਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਕਾਲੀਆਂ ਕੋਲ ਤਾਂ ਐਬਸੋਲੂਟ ਮੈਜਾਰਿਟੀ ਸੀ ਔਰ ਐਬਸੋਲੂਟ ਪਾਵਰ ਸੀ।

ਤੁਸੀਂ ਹੁਣ ਗੱਡੀਆਂ ਚੈਕ ਕਰਨ ਦੀ ਗੱਲ ਕੀਤੀ ਹੈ। ਮੈਂ ਤੁਹਾਡੇ ਵਜ਼ੀਰਾਂ ਦੇ ਘਰਾਂ ਅੱਗੇ 5-5 ਗੱਡੀਆਂ ਖੜ੍ਹੀਆਂ ਦੇਖਦਾ ਰਿਹਾ ਹਾਂ। ਉਨ੍ਹਾਂ ਦੇ ਘਰਾਂ ਅੱਗੇ ਕਾਰਪੋਰੇਸ਼ਨਾਂ ਦੀਆਂ, ਬੋਰਡਾਂ ਦੀਆਂ ਤੇ ਸਰਕਾਰੀ ਗੱਡੀਆਂ ਖੜ੍ਹੀਆਂ ਰਹਿੰਦੀਆਂ ਸਨ। ਤੁਸੀਂ ਇਕ ਸਾਲ ਵਿਚ ਹੀ ਤਿਲਮਿਲਾ ਉਠੇ ਹੋ। ਹੁਣ ਹੌਸਲੇ ਨਾਲ ਬੈਠ ਕੇ ਹੈਲਦੀ ਡਿਸਕਸ਼ਨ ਕਰੋ। ਮੈਂ ਮੁੱਖ ਮੰਤਰੀ ਸਾਹਿਬ ਦੀ ਪ੍ਰਸ਼ੰਸਾ ਕਰਦਾ ਹਾਂ ਕਿ ਉਨ੍ਹਾਂ ਨੇ ਪਿਛਲੇ ਦਿਨਾਂ ਵਿਚ ਇਕ ਬਹੁਤ ਚੰਗਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਦਰਬਾਰ ਸਾਹਿਬ ਗੁਰੂ ਰਾਮ ਦਾਸ ਦੇ ਦਰ ਨੂੰ ਜਾਣ ਵਾਲੀ ਜਿੰਨੀ ਸਮੱਗਰੀ ਹੈ, ਉਸਨੂੰ ਕਿਸੇ ਕਿਸਮ ਦੇ ਵੀ ਕਰ ਅਤੇ ਚੁੰਗੀ ਤੋਂ ਛੋਟ ਦੇ ਦਿੱਤੀ ਹੈ। ਇਸਦੇ ਨਾਲ ਕਰੋੜਾਂ ਰੁਪਏ ਦਾ ਜਿਹੜਾ ਫਾਇਦਾ ਹੈ, ਉਹ ਗੁਰੂ ਘਰ ਨੂੰ ਅਤੇ ਸੰਗਤ ਨੂੰ ਹੋਵੇਗਾ। ਇਹ ਬਹੁਤ ਵੱਡੀ ਗੱਲ ਹੈ ਜਿਸ ਨਾਲ ਉਨ੍ਹਾਂ ਨੇ ਸਾਰਿਆਂ ਧਰਮਾਂ ਪ੍ਰਤੀ ਆਪਣੇ ਸਨਮਾਨ ਦਾ ਪ੍ਰਗਟਾਵਾ ਕੀਤਾ ਹੈ। ਅਸੀਂ ਗੁਰੂ ਅੰਗਦ ਦੇਵ, ਸੱਚੇ ਪਾਤਸ਼ਾਹ ਦਾ ਜਨਮ ਦਿਹਾੜਾ ਜਿਹੜਾ ਰਸਮੀ ਤੌਰ ਤੇ ਮਨਾਉਂਦੇ ਹੁੰਦੇ ਸੀ, ਮੁੱਖ ਮੰਤਰੀ ਸਾਹਿਬ ਨੇ ਪਿਛਲੇ ਦਿਨਾਂ ਵਿਚ ਉਨ੍ਹਾਂ ਦਾ 500 ਸਾਲਾ ਜਨਮ ਦਿਹਾੜਾ ਸਰਕਾਰੀ ਪੱਧਰ ਤੇ ਮਨਾਉਣ ਦੀ ਗੱਲ ਕੀਤੀ ਹੈ। ਇਨ੍ਹਾਂ ਨੇ ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਹਿਬਜ਼ਾਦਿਆਂ ਦਾ ਜਨਮ ਦਿਹਾੜਾ ਸਰਕਾਰੀ ਪੱਧਰ ਤੇ ਮਨਾਉਂਣ ਦੀ ਗੱਲ ਕੀਤੀ ਹੈ ਅਤੇ ਗੁਰੂ ਗਰੰਥ ਸਾਹਿਬ ਦੇ ਪ੍ਰਕਾਸ਼ ਉਤਸਵ ਨੂੰ ਵੀ ਸਰਕਾਰੀ ਪੱਧਰ ਤੇ ਮਨਾਉਣ ਦੀ ਗੱਲ ਕੀਤੀ ਹੈ। ਇਨ੍ਹਾਂ ਗੱਲਾਂ ਕਰਕੇ ਮੁੱਖ ਮੰਤਰੀ ਸਾਹਿਬ ਦੀ ਪ੍ਰਸ਼ੰਸਾ ਤੁਹਾਨੂੰ ਵੀ ਕਰਨੀ ਚਾਹੀਦੀ ਸੀ ਕਿਉਂਕਿ ਚੰਗੀ ਗੱਲ ਦੀ ਪ੍ਰਸ਼ੰਸਾ ਸਾਨੂੰ ਸਾਰਿਆਂ ਨੂੰ ਕਰਨੀ ਚਾਹੀਦੀ ਹੈ। ਇਨ੍ਹਾਂ ਨੇ ਉਹ ਵਚਨ ਪਾਲ ਦਿੱਤਾ ਹੈ ਜਿਹੜਾਂ ਕਦੇ ਇਨ੍ਹਾਂ ਦੇ ਵੱਡੇ ਵਡੇਰਿਆਂ ਨੂੰ ਗੁਰੂ ਸਾਹਿਬ ਨੇ ਕੀਤਾ ਸੀ ਕਿ ਤੇਰਾ ਘਰ ਸੋ ਮੇਰਾ ਘਰ। ਉਹ ਇਨ੍ਹਾਂ ਨੇ ਕਰਕੇ ਦਿਖਾਇਆ ਹੈ। ਜੇ ਕੋਈ ਚੰਗੀ ਗੱਲ ਵਿਰੋਧੀ ਵੀ ਕਰਦਾ ਹੈ, ਸਾਨੂੰ ਸਾਰਿਆਂ ਨੂੰ ਉਸਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਕੱਲ ਵੀਰਾਂ ਨੇ ਬੜਾ ਰੌਲਾ ਪਾਇਆ, ਬੜਾ ਦੁਖ ਹੁੰਦਾ ਹੈ, ਆਪਣੀ ਗੱਲ ਤਾਂ ਤੁਸੀਂ ਕਰੀ ਜਾਂਦੇ ਹੋ ਤੇ ਦੂਜੇ ਦੀ ਗੱਲ ਕਰਨ ਤੋਂ ਪਹਿਲਾਂ ਹੀ ਉਠ ਕੇ ਚਲੇ ਜਾਂਦੇ ਹੋ। ਇਥੇ ਇਕੱਲੇ ਭੂੰਦੜ ਸਾਹਿਬ ਲਗੇ ਰਹਿੰਦੇ ਹਨ।

Original with;
Punjab Vidhan Sabha
Digitized by;

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਇਥੇ ਵਿਕਾਸ ਵਰ੍ਹੇ ਦੀ ਗੱਲ ਕੀਤੀ ਗਈ। ਮੈਂ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਆਪਣੀ ਸਰਕਾਰ ਦਾ ਇਕ ਸਾਲ ਪੂਰਾ ਹੋਣ ਤੋਂ ਬਾਅਦ ਹੀ ਦੂਜਾ ਵਰ੍ਹਾ ਵਿਕਾਸ ਦਾ ਵਰ੍ਹਾ ਐਲਾਨ ਦਿੱਤਾ ਹੈ। ਸ਼੍ਰੀਮਾਨ ਜੀ ਨੇ ਤਾਂ ਪੰਜਵਾਂ ਵਰ੍ਹਾ ਵਿਕਾਸ ਦਾ ਵਰ੍ਹਾ ਐਲਾਨਿਆ ਸੀ। ਇਹ ਇਨ੍ਹਾਂ ਨੇ ਬਹੁਤ ਵਧੀਆ ਗੱਲ ਕੀਤੀ ਹੈ। ਹੁਣ ਕੋਈ ਊਣਤਾਈ ਹੋਵੇਗੀ ਤਾਂ ਤੁਹਾਨੂੰ ਵੀ ਮੈਟੀਰੀਅਲ ਇਕੱਠਾ ਕਰਨ ਦਾ ਮੌਕਾ ਮਿਲ ਜਾਵੇਗਾ, ਉਛਾਲਣ ਦਾ ਮੌਕਾ ਮਿਲ ਜਾਵੇਗਾ। ਸੋ, ਚੰਗੀ ਗੱਲ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਇਹ ਮੁੱਖ ਮੰਤਰੀ ਸਾਹਿਬ ਨੇ ਚੰਗਾ ਕੰਮ ਕੀਤਾ ਹੈ। ਇਨ੍ਹਾਂ ਨੇ ਆਪਣੇ ਧਰਮ ਈਮਾਨ ਦਾ ਇਥੇ ਵੀ ਪ੍ਰਗਟਾਵਾ ਕੀਤਾ ਹੈ।

ਮੇਰੇ ਵੀਰ ਸਰਦਾਰ ਮਨਪ੍ਰੀਤ ਸਿੰਘ ਬਾਦਲ ਬਹੁਤ ਕਾਬਲ ਹਨ ਅਤੇ ਵਿਲਾਇਤ ਤੋਂ ਪੜ੍ਹੇ ਹੋਏ ਹਨ। ਬੜਾ ਸੁਣਿਆ ਸੀ ਕਿ ਇਹ ਪੂਰੀ ਤਿਆਰੀ ਕਰਕੇ ਹਾਊਸ ਵਿਚ ਆਉਂਦੇ ਹਨ। ਇਥੇ ਵੀ ਇਹ ਬਾਰ ਬਾਰ ਕਹਿੰਦੇ ਹਨ ਕਿ ਸਪੀਕਰ ਸਾਹਿਬ, ਮੈਂ ਗਵਰਨਰ ਐਡਰੈਸ ਬੜਾ ਚੰਗੀ ਤਰ੍ਹਾਂ ਪੜ੍ਹਿਆ ਹੈ, ਬੜਾ ਘੋਖ ਕੇ ਪੜ੍ਹਿਆ ਹੈ। ਅਸੀਂ ਸਾਰੇ ਪਾਕਿਸਤਾਨ ਬਣਨ ਤੋਂ ਬਾਅਦ ਦੀ ਪੈਦਾਇਸ਼ ਹਾਂ ਤੇ ਸਾਨੂੰ ਉਰਦੂ ਬਾਰੇ ਵੀ ਘੱਟ ਹੀ ਪਤਾ ਹੈ। ਪਰ ਇਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਅੱਛਾ ਉਰਦੂ ਜਾਣਦੇ ਹਨ ਤੇ ਬੜੇ ਸ਼ੇਅਰ ਬੋਲਦੇ ਹਨ। ਪਿਛੇ ਇਨ੍ਹਾਂ ਨੇ ਹਾਊਸ ਵਿਚ ਇਕ ਬਹੁਤ ਹੀ ਅਪਮਾਨਜਨਕ ਸ਼ੇਅਰ ਬੋਲਿਆ ਹੈ। ਉਹ ਸ਼ੇਅਰ ਮੈਂ ਰਿਪੀਟ ਕਰਾਂਗਾ। ਵੈਸੇ ਇਹ ਬੜੇ ਦੁੱਖ ਦੀ ਗੱਲ ਹੈ ਕਿ ਇਸ ਪ੍ਰਕਾਰ ਦੇ ਸ਼ੇਅਰ ਬੋਲੇ ਜਾਣ। ਫਿਰ ਇਨ੍ਹਾਂ ਨੇ ਇਸ ਹਾਊਸ ਵਿਚ ਔਰੰਗਜ਼ੇਬ ਦੀ ਗੱਲ ਕੀਤੀ। ਉਹ ਬੜਾ ਜ਼ਾਲਮ ਬਾਦਸ਼ਾਹ ਸੀ, ਸਾਰੀ ਦੁਨੀਆਂ ਨੂੰ ਪਤਾ ਹੈ...

**Sardar Manpreet Singh Badal :** Speaker Sahib, he is naming me personally. ਇਹ ਸਾਰਾ ਕੁਝ ਐਕਸਪੰਜ ਕਰਾ ਦਿਉ।

**ਸਰਦਾਰ ਸੁੱਚਾ ਸਿੰਘ ਛੋਟੇਪੁਰ :** ਸਪੀਕਰ ਸਾਹਿਬ, ਮੈਂ ਤਾਂ ਵੀਰ-ਵੀਰ, ਭਰਾ-ਭਰਾ ਤੇ ਬੱਚਾ- ਬੱਚਾ ਕਹਿ ਕੇ ਗੱਲ ਕਰ ਰਿਹਾ ਹਾਂ। ਇਨ੍ਹਾਂ ਨੇ ਤਾਂ ਔਰੰਗਜ਼ੇਬ ਦੀ ਗੱਲ ਕੀਤੀ ਜਿਹੜਾ ਇਨਾ ਜ਼ਾਲਮ ਬਾਦਸ਼ਾਹ ਸੀ, ਜਿਸ ਨੇ ਗੁਰੂ ਘਰ ਤੇ ਇਨਾ ਕਹਿਰ ਢਾਹਿਆ ਸੀ। ਇਹ ਫਿਰ ਗੁਰੂ ਸਾਹਿਬ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਿਸਾਲ ਦੇ ਰਹੇ ਸੀ। ਮੈਂ ਕਹਿਣਾ ਚਾਹੁੰਦਾ ਹਾਂ ਆਪਣੇ ਵੀਰ ਨੂੰ ਕਿ ਇਥੇ ਨਾ ਤਾਂ ਕੋਈ ਔਰੰਗੇਜ਼ੇਬ ਹੈ ਅਤੇ ਨਾ ਹੀ ਗੁਰੂ ਸਾਹਿਬ ਦੇ ਪਾਏ ਦਾ ਬੰਦਾ ਹੈ.........

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ....

**ਸ਼੍ਰੀ ਸਪੀਕਰ :** ਛੋਟੇਪੁਰ ਜੀ, ਜ਼ਰਾ ਇਨ੍ਹਾਂ ਦੀ ਗੱਲ ਸੁਣ ਲਈਏ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਪੀਕਰ ਸਾਹਿਬ, ਇਹ ਪਰਸਨਲੀ ਮੈਨੂੰ ਨੇਮ ਕਰ ਰਹੇ ਹਨ..........

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਮਨਪ੍ਰੀਤ ਜੀ, ਤੁਸੀਂ ਬਾਅਦ ਵਿਚ ਜਵਾਬ ਦੇ ਲੈਣਾ ਜਦੋਂ ਇਨ੍ਹਾਂ ਦੀ ਸਪੀਚ ਖਤਮ ਹੋ ਜਾਵੇਗੀ। ਹਾਲੇ ਤੁਸੀਂ ਬੈਠੋ।

**ਸਰਦਾਰ ਸੁੱਚਾ ਸਿੰਘ ਛੋਟੇਪੁਰ** : ਮੈਂ ਆਪਣੇ ਵੀਰ ਲਈ ਕੋਈ ਇਹੋ ਜਿਹੀ ਦੁਖਦਾਈ ਗੱਲ ਤਾਂ ਨਹੀਂ ਕੀਤੀ। ਮੈਂ ਇਨ੍ਹਾਂ ਨੂੰ ਇਹ ਜ਼ਰੂਰ ਕਹਾਂਗਾ ਕਿ ਜਿਹੜੀਆਂ ਗੱਲਾਂ ਦਾ ਇਸ ਹਾਊਸ ਨਾਲ ਸਬੰਧ ਹੋਵੇ, ਕੇਵਲ ਉਹੀ ਗੱਲਾਂ ਇਥੇ ਕਰਨੀਆਂ ਚਾਹੀਦੀਆਂ ਹਨ। ਤੁਸੀਂ ਹਾਊਸ ਵਿਚ ਜਿਹੜਾ ਬੜਾ ਅਪਮਾਨਜਨਕ ਲਫਜ਼ ਕਿਹਾ ਹੈ, ਜਾਂ ਤਾਂ ਤੁਹਾਨੂੰ ਉਸ ਦੀ ਸਮਝ ਹੀ ਨਹੀਂ ਹੈ ਅਤੇ ਜਾਂ ਫਿਰ ਤੁਸੀਂ ਸਮਝ ਰਹੇ ਹੋ ਕਿ ਸਾਰੇ ਸੁੱਤੇ ਹੋਏ ਹਨ, ਜੋ ਮਰਜ਼ੀ ਕਹਿ ਲਵੋ। ਇਥੇ ਕਈ ਲੋਕ ਉਰਦੂ ਸਮਝਦੇ ਹਨ, ਸਪੀਕਰ ਸਾਹਿਬ ਵੀ ਚੰਗੀ ਤਰ੍ਹਾਂ ਉਰਦੂ ਸਮਝਦੇ ਹਨ। ਇਨ੍ਹਾਂ ਨੇ ਕਿਹਾ ਸੀ :

ਹਰ ਸ਼ਾਖ ਪੇ ਉਲੂ ਬੈਠਾ ਹੈ, ਅੰਜਾਮੇ-ਗੁਲਿਸਤਾਂ ਕਿਆ ਹੋਗਾ।

ਮੈਂ ਸਮਝਦਾ ਹਾਂ ਕਿ ਇਹ ਬਹੁਤ ਅਪਮਾਨਜਨਕ ਲਫਜ਼ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਨੂੰ ਹਾਊਸ ਦੀ ਕਾਰਵਾਈ ਵਿਚੋਂ ਡਿਲੀਟ ਕਰ ਦੇਣਾ ਚਾਹੀਦਾ ਹੈ। ਇਹ ਬੜੀ ਮਾੜੀ ਗੱਲ ਹੈ। ਮੈਂ ਦੱਸਣਾ ਚਾਹਾਂਗਾ ਕਿ ਇਹ ਲਫਜ਼ ਕਿਵੇਂ ਮਾੜਾ ਹੈ। (ਵਿਘਨ) ਆਰਾਮ ਨਾਲ ਸੁਣੋ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਲਫਜ਼ ਕਿੰਨਾ ਦੁਖਦਾਈ ਹੈ ਅਤੇ ਇਸ ਨੂੰ ਸੁਣ ਕੇ ਕਿੰਨੀ ਤਕਲੀਫ਼ ਹੋਈ ਹੈ। ਅਸੀਂ ਇਸ ਲਫਜ਼ ਨੂੰ ਸੁਣ ਕੇ ਉਠ ਕੇ ਚਲੇ ਗਏ ਕਿ ਜੇ ਇਕ ਕਾਬਲ ਅਤੇ ਪੜ੍ਹਿਆ ਲਿਖਿਆ ਬੰਦਾ ਇਹੋ ਜਿਹਾ ਲਫਜ਼ ਯੂਜ਼ ਕਰ ਸਕਦਾ ਹੈ ਤਾਂ ਜਿਹੜੇ ਘੱਟ ਪੜ੍ਹੇ ਲਿਖੇ ਬੰਦੇ ਹਨ, ਉਨ੍ਹਾਂ ਦਾ ਕੀ ਹਾਲ ਹੋਵੇਗਾ। ਮੈਂ ਤੁਹਾਨੂੰ ਇਕ ਪੁਰਾਣੀ ਗੱਲ ਦੱਸਣ ਲੱਗਾ ਹਾਂ। ਮੈਂ ਉਸ ਵੇਲੇ ਜ਼ਿਲ੍ਹੇ ਦੇ ਅਕਾਲੀ ਦਲ ਦਾ ਪ੍ਰਧਾਨ ਸੀ। ਜਥੇਦਾਰ ਮੋਹਨ ਸਿੰਘ ਤੁੜ ਉਸ ਵੇਲੇ ਅਕਾਲੀ ਦਲ ਦੇ ਪ੍ਰਧਾਨ ਸਨ। ਜਥੇਦਾਰ ਉਜਾਗਰ ਸਿੰਘ ਸੇਖਵਾਂ ਉਸ ਵੇਲੇ ਅਕਾਲੀ ਦਲ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਹੁੰਦੇ ਸਨ। ਕਿਸੇ ਬੰਦੇ ਨੇ ਇਕ ਪੈਂਫਲਿਟ ਕੱਢ ਦਿੱਤਾ। ਉਸ ਵਿਚ ਜਥੇਦਾਰ ਉਜਾਗਰ ਸਿੰਘ ਸੇਖਵਾਂ ਦੀ ਵਧੀਆ ਜਿਹੀ ਫੋਟੋ ਲਾ ਦਿੱਤੀ ਅਤੇ ਨਾਲ ਇਹ ਸ਼ੇਅਰ ਮੋਡੀਫਾਈ ਕਰਕੇ ਜੋੜ ਦਿੱਤਾ :

ਸਰੇ-ਸ਼ਾਖ ਪੇ ਉਲੂ ਬੈਠਾ ਹੈ, ਅੰਜਾਮ-ਇ-ਗੁਲਿਸਤਾਂ ਕਿਆ ਹੋਗਾ।

ਜੇ ਸਰੇ-ਸ਼ਾਖ ਦੀ ਬਜਾਏ ਹਰ ਸ਼ਾਖ ਲਫਜ਼ ਲਿਖਿਆ ਹੁੰਦਾ ਤਾਂ ਫਿਰ ਤਾਂ ਉਸ ਵਿਚ ਸਾਰਾ ਅਕਾਲੀ ਦਲ ਹੀ ਆ ਜਾਣਾ ਸੀ ਲੇਕਿਨ ਉਸ ਸ਼ੇਅਰ ਵਿਚ ਸਰੇ-ਸ਼ਾਖ ਲਫਜ਼ ਲਿਖਿਆ ਗਿਆ ਸੀ। ਲੇਕਿਨ ਫਿਰ ਉਸ ਪੈਂਫਲਿਟ ਕੱਢਣ ਵਾਲੇ ਦੀ ਹਾਲਤ ਕੀ ਹੋਈ ਕਿ ਉਹ ਪੈਂਫਲਿਟ ਕਿਸੇ ਨੇ ਜਾ ਕੇ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਮੋਹਨ ਸਿੰਘ ਤੁੜ ਦੇ ਸਾਹਮਣੇ ਰੱਖ ਦਿੱਤਾ। ਉਨ੍ਹਾਂ ਨੇ ਇਕ ਮਿੰਟ ਦੇ ਵਿਚ ਐਕਸ਼ਨ ਲਿਆ ਅਤੇ ਜਿਨ੍ਹਾਂ ਨੇ ਇਹ ਸ਼ੇਅਰ ਲਿਖਿਆ ਸੀ, ਉਨ੍ਹਾਂ ਨੂੰ 6 ਸਾਲ ਲਈ ਪਾਰਟੀ ਵਿਚੋਂ ਕੱਢ ਦਿੱਤਾ। ਸੋ, ਇਹ ਕਿੰਨਾ ਮਾੜਾ ਲਫਜ਼ ਸੀ ਜਿਹੜਾ ਇਸ ਪਵਿੱਤਰ ਸਦਨ ਵਿਚ ਮੇਰੇ ਇਸ ਵੀਰ ਨੇ ਬੋਲਿਆ ਸੀ। ਇਥੇ ਇਨ੍ਹਾਂ ਦੇ ਤਾਇਆ ਜੀ ਬੈਠੇ ਹਨ, ਦੂਸਰੇ ਸਤਿਕਾਰਯੋਗ ਸਾਥੀ ਬੈਠੇ ਹਨ ਅਤੇ ਸਾਰੀ ਹਕੂਮਤ ਇਥੇ ਬੈਠੀ ਹੈ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹੋ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਜਿਹੀਆਂ ਗੱਲਾਂ ਤੁਹਾਡੇ ਮੂੰਹੋਂ ਸੋਭਦੀਆਂ ਨਹੀਂ। ਤੁਸੀਂ ਬਹੁਤ ਸਿਆਣੇ ਹੋ, ਪੜ੍ਹੇ ਲਿਖੇ ਹੋ ਅਤੇ ਪੜ੍ਹੇ ਲਿਖਿਆਂ ਵਾਲੀਆਂ ਸਿਆਣੀਆਂ ਗੱਲਾਂ ਤੁਹਾਨੂੰ ਕਰਨੀਆਂ ਚਾਹੀਦੀਆਂ ਹਨ। ਸੋ, ਸਪੀਕਰ ਸਾਹਿਬ, ਮੈਨੂੰ ਆਸ ਹੈ ਕਿ ਤੁਸੀਂ ਇਹ ਲਫਜ਼ ਹਾਊਸ ਦੀ ਕਾਰਵਾਈ ਵਿਚੋਂ ਐਕਸਪੰਜ ਕਰੋਗੇ। ਇਸ ਦੇ ਨਾਲ ਹੀ ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੇਰੇ ਆਜ਼ਾਦ ਭਾਰਾਵਾਂ ਵੱਲੋਂ ਮੈਨੂੰ ਇਸ ਹਾਊਸ ਵਿਚ ਬੋਲਣ ਦਾ ਮੌਕਾ ਦਿੱਤਾ ਹੈ।

**श्रीमती रज़िया सुल्ताना ( मलेरकोटला ) :** मोहतरम स्पीकर साहिब, हमारी हुकूमत के एक साल का लेखा जोखा जो इस हाऊस में पेश किया गया, उस के हक में बोलने के लिए मैं खड़ी हुई हूँ। मेरी नज़र में रिशवतखोरी के खिलाफ छेड़ा गया जहाद इस हुकूमत और हमारे मोहतरम वज़ीरे-आला की सबसे बड़ी कामयाबी है। इस के लिए मैं इस हुकूमत और इस हुकूमत के सरबराह कैपटन अमरिंदर सिंह को मुबारकबाद देती हूँ। बहुत सी हुकूमतें आईं और चली गईं, लेकिन बदकिस्मती से किसी का ध्यान इस तरफ नहीं गया। मेरा मानना है कि जब तक हम कुरप्शन को जड़ से नहीं उखाड़ फेंकेंगे और रिश्वतखोरी को लगाम नहीं लगायेंगे, हमारा कोई प्राजैक्ट, हमारी कोई सकीम और हमारा कोई बजट अपने मकसद में कामयाब नहीं होगा। आम आवाम की नज़रों में हम सियासतदानों का दर्जा दिन-ब-दिन गिरता चला जायेगा। मुझे फखर है कि हमारी कांग्रेस हुकूमत ने इस अहम मसले पर पहलकदमी की है और अब हमारे पड़ोसी सूबे भी इस की अहमीयत को समझ रहे हैं। लेकिन मैं इस के साथ ही हुकूमत का ध्यान इस जेहाद की कुछ खामियों की तरफ दिलाना चाहती हूँ। जाने अनजाने में यह जेहाद one sided होकर रह गया है । मेरा पक्का यकीन है कि अफसरशाही corruption की जननी है। रिश्वतखोरी की जन्मदाती है। अगर corruption को जड़ से खत्म करना है तो सियासतदानों के साथ-साथ अफसरशाही को भी लगाम लगानी होगी। लेकिन, मुझे अफसोस है कि ऐसा नहीं हो रहा। खुशी की बात यह है कि इस पिछली सरकार के बेईमान वज़ीरों से तो हिसाब किताब मांग रहे हैं लेकिन मैं जानना चाहती हूँ कि इस रिश्वतखोरों के बाज़ार में क्या अफसरशाही दूध में धूली हुई है ? अफसरशाही के शामिल होने के बगैर कोई धंधा पनप ही नहीं सकता। मैं तो यह कहना चाहती हूँ कि सियासतदानों को रिश्वतखोरी सिखाने वाले यह अफसर ही हैं। समाज में रिश्वतखोरी फैलाने वाले अफसर ही हैं। और आखिर में अपनी चमड़ी बचाने के लिये वज़ीरों के फंसाने वाले भी अफसर लोग ही हैं। स्पीकर साहिब, इस सरकार को इस तरफ भी ध्यान देना होगा। अगर हमने आवाम में अपनी साख को कायम रखना है तो इस corruption की जननी को नकेल डालनी पड़ेगी। सियासतदानों को तो हर पांच वर्ष के बाद कड़ा इम्तहान देना होता है लेकिन अफसरशाही को इम्तहान तो सारी उम्र में केवल एक बार देना होता है परन्तु वह हमारे ऊपर भगवान बन कर आकर बैठ जाता है। हमें इस रिवायत को परंपरा को बदलना होगा। और अफसरशाही को यह बताना होगा कि असली भगवान तो आवाम है और हम आवाम के नुमांयदे हैं और वह भगवान के नौकर हैं। हमारा मुकाम इन सबसे ऊंचा है। हमारी यह बदकिसमती है कि हमारा मुल्क आज़ाद हुये 50 साल से भी ऊपर हो गये हैं । मगर यह सच्चाई है कि हम अब तक भी यह सच्चाई उनको समझाने में कामयाब नहीं हुये हैं। इस की जिम्मेंवारी हम सभी पर है। सरकार और आपोजीशन दोनों का यह फर्ज बनता है। खास तौर पर वह लोग जो अपने लालच के लिये घटिया किसम की हरकतें

Original with;
Punjab Vidhan Sabha
Digitized by;
Panjab Digital Library

करते हैं और कुछ अपना benefit लेने के लिये उनको माई बाप मान कर उनके सामने अपने घुटने टेक देते हैं, यह नहीं होना चाहिये। (laughter)

सदरे-आज़म, मैं आप के द्वारा सी.एम. साहिब को पुरज़ोर सिफारिश करना चाहती हूँ कि सख्ती से नेक नीति से इस अच्छे जेहाद को कामयाब करने के लिए अफसरशाही को लगाम दें। उनकी जवाबदेही मांगें। पूरे पंजाब के लोग आप के साथ हैं। आप इन अफसरों की फाइलें खोलें और आप देखेंगे कि नौकरी में आने से पहले जिस अफसर के पास एक किराये का कमरा लेने के लिए पैसे नहीं थे, आज उनके बड़े बड़े महल कैसे बन गये। इस के साथ उनको यह भी बताया जाये कि Protocol के मुताबिक एम.एल.ए. और वज़ीर उन से ऊपर हैं। यह हुकुमत हमारी है। और आप हमारे अफसर हो । अफसर कभी किसी के नहीं होते। इन की नज़रें हमेशा आप की कुर्सी के ऊपर होती हैं। अगर इनको आप की कुर्सी हिलती नज़र आती है तो यह उसी वक्त अपनी बात बदल लेते हैं। इस बात का तजुर्बा बादल साहिब पहले ले चुके हैं। अफसरशाही की फितरत घोड़े की तरह होती है, जितनी लगाम खींचो, जितना चाबुक लगायेंगे, उतना तेज़ चलेगा।

इसके साथ ही मैं अपने एम.एल.ए. साथियों से गुज़ारिश करूंगी कि अफसरशाही के सामने अपनी इज्जत बनाये रखें। अपने ज़ाती मुफाद के लिये अपनी इज्ज़त का सौदा न करें। अफसरशाही को माईबाप मानना बंद करें। सी.एम. साहब आप बड़े खुशकिस्मत हैं कि आप की सरकार में तीन चोटी के अफसर निहायत ईमानदार हैं। यह शायद पहली बार हुआ है पर जरुरत है उनके नीचे झांकने की और प्रोटोकोल बताने की। हम एम.एल.ऐज और वज़ीर साहिबान की इज्ज़त आप की इज्ज़त है।

दूसरा मैं एक अहम मुद्दा उठाने जा रही हूँ जो सूबे की अकलीयतों से ताल्लुक रखता है। पिछले बजट के समय भी मैंने इस हाऊस में ज़िकर किया था और वज़ीरे-खज़ाना ने कुछ वायदे भी किये थे। गवर्नर ऐडरेस को मैने बड़े जोशे-खरोश से उलट-पलट कर देखा। इसमें सभी कुछ शामिल है। लेकिन अकलीयतों के बारे में ज़िकर तक नहीं है। मुझे लगता है कि हमारी सरकार हमारे वजूद को मानती ही नहीं। हमारी जाति पंजाब में अकलीयत के तौर पर है। Minority में रहते अगर हम को पंजाब में अपने हकूक नहीं मिलेंगे तो आप गुजरात में **से क्या उमीद रखते हैं ? आपको तसलीम करना पड़ेगा कि हमारा भी इस हकूमत में हिस्सा है। मैं घर की चार दीवारी से बाहर निकल कर इस हाऊस में पहुंची हूँ। जो काम अकलीयतों के लिये पिछले पचास साल में होना चाहिये था उसके लिये मुझे आज भी गुहार लगानी पड़ रही है, इसका मुझे दुख है। सारा संसार आज आसमान और चांद पर पहुंच गया है। लेकिन पंजाब के मुसलमान आज भी ज़मीन पर रेंगते हैं वे आसमान और तारों की बात नहीं कर सकते! वे अपने हक के लिये भीख मांग रहे हैं। मैं यह बात कहना चाहती हूँ कि मुसलमान कौम की नुमायंदगी चाहे पिछली सरकार में थी, सदर साहिब, मैं आज पूरी सिख कौम को बताना चाहती हूँ कि मैं उस मलेरकोटला शहर से ताल्लुक रखती हूँ जिसने गुरु साहिब के दो छोटे साहिबज़ादों की शहीदी के समय हाय का नारा मारा था। गुरु साहिबान ने भी मज़लूमों का साथ दिया था और जुल्म के खिलाफ आवाज़ उठाई थी। आज पंजाब के मुसलमान मजलूम हैं और निहत्थे हैं और बदकिस्मत हैं । मैं आज पूरी सिख कौम से गुहार लगाती हूँ चाहे वो इधर बैठे हैं चाहे उधर बैठे हैं, आप दबे-कुचले मुसलमानों के लिये आवाज़ बुलंद करें और पार्टी लाईन से ऊपर उठ कर करें और पंजाब में अकलीयत का पूरा ख्याल करें, मज़लूमों का साथ दें। आज मैं इस हाऊस में कहना चाहती हूँ कि केवल गुजरात सरकार ही हज़ारों मुसलमानों की लाशों पर

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ श्रीमती रज़िया सुल्ताना ]

बनी है। मैं टी.वी. में देख रही थी कि उस सरकार ने मुसलमानों का कत्ल किया और बादल साहिब उनकी शर्मनाक बात पर उन को मुबारिकबाद देते हुए उनकी पीठ थप थपा रहे थे।

**ਸ਼੍ਰੀ ਤਿਕਸ਼ਨ ਸੂਦ :** ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ।

**ਸ਼੍ਰੀ ਸਪੀਕਰ :** मोहतरमा जरा रुकिये।

**ਸ਼੍ਰੀ ਤਿਕਸ਼ਨ ਸੂਦ :** ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ।

**श्री स्पीकर :** मोहतरमा जरा रुकिये।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਮੈਂ ਦੋ ਲਫਜ਼ ਕਟਵਾਉਣੇ ਚਾਹੁੰਦਾ ਹਾਂ। ਇਕ ਤਾਂ ਗੁਜਰਾਤ ਦੀ ਸਰਕਾਰ ਮੁਸਲਮਾਨਾਂ ਦੀਆਂ ਲਾਸ਼ਾਂ ਤੇ ਬਣੀ ਹੈ। ** ** ਕਾਤਲ ਹੈ । ਉਹ ਇਥੇ ਨਹੀਂ ਹਨ। ਇਸ ਲਈ ਉਹ ਇਥੇ ਜਵਾਬ ਨਹੀਂ ਦੇ ਸਕਦੇ।

**ਸ਼੍ਰੀ ਸਪੀਕਰ :** ** ਦਾ ਨਾਂ ਕੱਟ ਦਿਤਾ ਜਾਵੇ।

**श्रीमती रज़िया सुलताना :** आप क्या पैगाम देना चाहते थे ? आपकी क्या मजबूरी थी जिस ने मुसलमानों के कातल को गले लगाने के लिए मजबूर कर दिया। यह लोग आज इधर बैठे हैं। मैं इन से पूछना चाहती हूँ।

**ਸ਼੍ਰੀ ਤਿਕਸ਼ਨ ਸੂਦ :** ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ।

**ਸ਼੍ਰੀ ਸਪੀਕਰ :** ** ਦਾ ਨਾਮ ਤਾਂ ਕਟਵਾ ਦਿਤਾ ਹੈ। ਬੈਠ ਜਾਓ।

**श्रीमती रज़िया सुलताना :** आप बादल साहब को कहो कि इस कारनामे के लिए हिन्दुस्तान के मुसलमानों से मुआफी मांगें। मैं हिन्दुस्तान में एकता की हामी हूँ मगर मुझे यह भी मालूम है कि मुसलमानों को दबाने से, ज़ालमों की हौसला अफज़ाई करने से और दूसरों के हक मारने से अच्छा नहीं होगा। मेरे खानदान ने कुर्बानी दी है । मेरे वालदायन ने 30 साल मुल्क की लड़ाई लड़ी है। मुझे किसी से देश भक्ति सीखने की ज़रूरत नहीं। सी.एम. साहिब, आप पटियाला रियासत से ताअलुक रखते हैं और मैं मलेरकोटला से और दोनों रियासतों में सदियों तक दोस्ताना ताअलुक रहे हैं। इस नाते भी मलेरकोटला को आप से बहुत सारी उमीदें हैं। अगर मलेरकोटला के लिए इस सरकार के पास कोई ऐजंडा नहीं था तो कम से कम बकरीद पर एक रस्मी परंपरा तो अदा कर सकते थे। लेकिन मुझे बड़े रंज और भारी दिल से कहना पड़ता है कि इस हुकूमत ने पिछले 50 सालों से चली आ रही इस रवायत को भी तोड़ दिया है। मैं एक बात औरतों के बारे में भी कहना चाहती हूँ। मैं आप के ज़रिए बताना चाहती हूँ कि इस सरकार की मौजूदगी में औरतों का भी हिस्सा है। इसलिए पंजाब हकूमत औरतों को भी तसलीम करे और उन को उनके हक देने के लिए पहल करे। इस हाऊस में बैठी तमाम मोहतरमा से मैं कहना चाहती हूँ कि पार्टी लाईन से ऊपर उठ कर हम एकता दिखाएं और औरतों की आवाज़ बुलंद करें। मैं खास तौर पर कांग्रेस पार्टी की सीनियर लीडर मोहतरमा भट्ठल से गुज़ारिश करना चाहती हूँ कि अपनी लड़ाई छोड़ कर हमारे लिये लड़ाई लड़ें। तारीख में आप का नाम रहेगा । शुक्रिया।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਇੱਥੇ ਗਲਤ ਗੱਲਾਂ ਕਹੀਆਂ ਗਈਆਂ ਹਨ। ਇਹ ਹਾਊਸ ਵਿੱਚ ਕਮਿਊਨਿਲ ਗੱਲਾਂ ਕਰਕੇ ਗਲਤ ਪਰੰਪਰਾ ਪਾਉਣੀ ਚਾਹੁੰਦੇ ਹਨ। ਇਸ ਕਰਕੇ ਜਿਹੜੇ ਨਾਂ ਇਨ੍ਹਾਂ ਦੀ ਸਪੀਚ ਵਿੱਚ ਬੋਲੇ ਗਏ ਹਨ, ਇਹ ਡਿਲੀਟ ਕਰਵਾਏ ਜਾਣ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਇਹ ਪਹਿਲਾਂ ਹੀ ਕਟਵਾ ਦਿੱਤੇ ਹਨ। ਹੁਣ ਸਿੰਗਲਾ ਜੀ, ਬੋਲਣਗੇ। ਸਿੰਗਲਾ ਜੀ, ਕਿੰਨਾ ਸਮਾਂ ਲਵੋਗੇ ?

**ਸ੍ਰੀ ਸੁਰਿੰਦਰ ਸਿੰਗਲਾ** : ਅੱਧਾ ਘੰਟਾ।

**ਸ੍ਰੀ ਸਪੀਕਰ** : ਠੀਕ ਹੈ।

**Shri Surinder Singla (Bathinda) :** I am extremely grateful for giving me an opportunity to support the motion on the Governor's Address moved by my colleague, Shri Sunil Kumar Jakhar Ji. The Governor's Address is normally a document which needs to be respected and evaluated because it gives an account of one year's achievements and the directions the Government will take in the next year. The focus of the last year was and rightly so as it was mandated by the Election results for a Congress victory that two issues that cropped up with the election were: first, Corruption, the second is the financial mess that the Akali Dal Government brought the State of Punjab to such a great crisis that we also demanded when we were in the Opposition, we met the President of India that there is a need to declare a financial emergency with the way the Government of Akali Dal was recklessly moving and destroying the entire State economy, that was the need of the hour. But initially the President had no choice but to refer the matter to the Prime Minister of India. The figures speak for themselves. Last year, the Government issued a white paper. The white paper depicted the total financial mess when the Government of Akali Dal came into power, Mr. Speaker, there was a fiscal deficit which was very large and I do not concede, the revenue deficit was only Rs. 1,500 crore. When Mr. Badal left the Government in the year 2002, the revenue deficit increased to Rs. 4,000 crores every year. You can imagine, Sir, in this kind of a situation, if you have to meet your revenue expenditure to raise borrowing from the market with a heavy interest cost, you can imagine how the State economy was moving. There was a total collapse. And the result was that Rs. 33,000 crores debt was created, unmanageable debt. No State in India had this kind of huge debt and 46% of this debt was of the State GDP. If you don't have funds and you keep on borrowing to meet the current expenditure and committed liabilities, then how one would understand, Mr. Speaker, they were talking about the development. There was no development and my friend Mr. Sucha Singh, who just spoke, he was saying that last year was a development year. No, it was a Sangat Darshan year. It was not a development year. Let me say in Sangat Darshans, the development never happens, it never happened. The then State Finance Minister, Mr. Kanwaljit Singh was not administering the funds. The cheques were issued and these funds were distributed by Mr. Parkash Singh Badal. One does not know that for what purpose these funds were distributed by Mr. Badal. All priorities, all promises and commitments made in the Budget were overturned by him. Was this the

Original with;
Punjab Vidhan Sabha
Digitized by;

**[Shri Surinder Singla]**

democratic administering of funds ? There is a need to inquire into the matter. I hope the Hon'ble Chief Minister, Mr. Speaker, Sir, would examine this issue—whether this kind of administering funds of the State Government was done without the approval of the State Assembly ? Was it done in a proper manner ? If not him, at least the future generations of the then Chief Minister could be taught how to administer the funds of the State Government.

Sir, the picture was so clear if one says they were talking of the best Centre State relations, because they enjoy a partnership with N.D.A. Government, I would like to tell you Sir, what happened ? The Central resources to the State Government declined sharply. It was 1.94% which has really come to 1.47%. I don't know really, Sir, and I charge that Government. The Government had failed in its responsibility to lodge either with the 5th Finance Commission, 11th Finance or the Government of India to fight a case of Punjab. It caused a loss of hundreds of crores to the State Government of Punjab. One would really wonder what kind of this Centre-State relationship was ? Mr. Speaker, Sir, I want to tell that the State of Andhra Pradesh has a relationship with the Central Government but they do not have nominee in the Government. They chose not to have nominee in the Central Government but are doing their best to fleece the Central Government resources by taking lot of funds. Our State has participation at the Centre, but did not have any access to the Central funds. For the representatives of S.A.D. who represent Punjab, it is really a shameful act as they obtained not a single major project. Not even a special economic package came to the State of Punjab. Was not that period of 5 years a waste ? Sir, this was the situation. That is why the State, which was the most prosperous State of India in the 1970s and 80s, whose growth rate was the highest in 1990s and 1997 but when the Akali Ministery, Mr. Speaker, Sir, took it over, the growth rate from the national average of 6.2% came down to 4.3%. The situation was brought under control after the ecomomic reforms were initiated by the Central Government under the leadership of Dr. Manmohan Singh Ji. Sir, I am particularly mentioning about all the States of India. In all the States, the growth rate really moved higher and it is reflected from the fact that the per capita income of Punjab was the highest in 1970s. If I go back to 1960s, I am speaking of the figures of the R.B.I. bulletin only which was issued three months back, Punjab's figure was the highest. Today, the per capita income of Goa is higher than that of Punjab. The Punjab's per capita income is only Rs. 23212. Had Akali Government followed the growth model of economic reforms in the State of Punjab, our agricultural income would have been Rs. 45,000 crores. Is it really not a shame ? Further more, Mr. Speaker, Sir, if the Akali Government had moved as fast as the Southern States, then this kind of collapse would not have come. Those were the most critical years. Why I am calling these years as most critical period because 5 years rule of the Akali Government was the period, when the State started flowing

Original with;
Punjab Vidhan Sabha
Digitized by;
Panjab Digital Library

with loss of economic activity but the result was, Mr. Speaker, Sir, Punjab lagged behind. I would like to say, Mr. Speaker, Sir, it was a sheer political leadership failure. I know, Sir, I am not the one, who would ask for a change of political leadership in Akali Dal. It is the younger generation and as Sardar Sucha Singh has rightly mentioned about those who were educated ones. Mr. Manpreet Singh is one and then Mr. Kairon is another. Mr. Speaker, Sir, there were many other young people, who understand what economy is and who understand how the global world is moving...(interruption)

**Sardar Manpreet Singh Badal :** Sir, I am on a Point of Order.

**Shri Surinder Singla :** I have not named you in bad sense Mr. Manpreet, I have praised you.

**Mr. Speaker :** What is your Point of Order ?

**Sardar Manpreet Singh Badal :** * *

**Mr. Speaker :** This is no Point of Order. Please sit down.

**Shri Surinder Singla :** Why shouldn't I ? Mr. Manpreet, I am praising you. Mr. Speaker, Sir, I would like to say that these were the people there who really remained ignorant about the course of history. They too could have changed the course of history of Punjab as they had an opportunity for 5 years and that was the best time when economy would have moved faster. Mr. Speaker, Sir, last time when I heard, I was touched. I remember one of the Members from the Treasury Benches said that Mr. Kanwaljit Singh was equally good. Though Mr. Kanwaljit Singh was having an intelligent mind but he was not allowed to administer the funds properly. Moreover he was not even allowed to move the way the economic dictates of the State really need to move. Mr. Speaker, Sir, this was the sorry state of affairs and in this way we moved to a Bemaroo State, a kind of status which is nothing less than that of Bihar. I would rather feel no hesitation in saying that the State wasted and wasted years of golden opportunities.

Mr. Speaker, Sir, there are a number of issues which this Govêrnor's Address mentioned. But I will be touching only few core issues which really concern us. Before I move to those important core issues, I would like to foucs on the issue of corruption first. Mr. Speaker, Sir, the kind of political courage shown and a dynamic and fearless strength exhibited by Captain Amarinder Singhji in catching the top man, who was responsible for recruiting the officers for the State and who were going to stay for almost 30 years. He caught the man and put him behind the bars, Mr. Speaker, Sir, Captain Amarinder Singhji should be hailed as one of the greatest heroes for fighting corruption. What happend ? What was the response ? The person who paid Rs. 80 lakhs for the job of an officer rank, do you think, he is going to be honest ? Mr. Speaker, Sir, he will remain, he will remian, he will remain corrupt for

---

**Expunged as ordered by the Chair.

Original with;
Punjab Vidhan Sabha
Digitized by;

[Shri Surinder Singla]

30 years. But our Captain Amarinder Singhji has really fought a future battle of corruption. Mr. Speaker, Sir, after those officers were caught, they were removed. Thus he has saved the State of Punjab for next 30 years (Thumping). That is the battle he fought (Thumping). Mr. Speaker, Sir, our leader of Opposition, wrote a letter, a personal letter to the Prime Minister for that particular person recommending his case to UPSC. Was he a great political asset to him as he mentioned about the political needs in his letter. Was it really a political need ? Was he going to get a reward ? So, such an association explains the extent of protection available, extent of corruption which was so high at that time and somebody had to shake the system. And what he did was such a remarkable thing Mr. Speaker, Sir, why I am saying such a remarkable thing as I am sure in the future, those who are willing to pay, will not be able to pay now and from now onwards they will not pay because for simple reason, they know that someone like Captain Amarinder Singh would come and remove them from their jobs. Why then they should pay the corruption money ? So that was, what he fought for next 30 years battle today.

Mr. Speaker, Sir, I know there are views that the corruption has little bit increased at the lower level. But is it not really worthwhile to give credit to Captain Amarinder Singhji that he has improved the syetem ? He has boldly told that there is a corruption and we had to do something about that. Mr. Speaker, Sir, I know when Sardar Parkash Singh Badal became the Chief Minister, he had announced with such a fanfare that whosoever will get caught and who helps to get caught a corrupt official, he will reward him. But, Sir, the story ended after one incident only. The story ended. Mr. Parkash Singh Badal never bothered about the corruption. He allowed freedom and in the name of finding excuses he is trying to believe us that there is no corruption. If he says that and if he had the cheeks to say, kindly, the entire monster have the cheeks to say that there is no corruption. Was the corruption free in your time ? One would like to ask you. So, as my colleague has said, you must have guts to appreciate great acts that have been performed in the history of Punjab and there is not a single State Public Service Commission where this kind of act has been performed earlier in the last 50 years of history. So these were two issues, two central issues last year where I would say Captain Amarinder Singh has performed extremely well. The State is moving from financial collapse on the rail to have more generation of resources. The Government has moved to generate more resources from taxes and cutting the highly unproductive expenditure. I am going to come on the core issue. The core issue is...

**Mr. Speaker :** Please take your seat.

**Shri Surinder Singla :** Sir, I am just beginning. The core issue is the agriculture.

**Mr. Speaker :** No, no. You have already taken 15 minutes.

Original with;
Punjab Vidhan Sabha
Digitized by;
Panjab Digital Library

**Shri Surinder Singla :** I will take only few minutes. Sir, I would like to say that there was no agricultural policy in the last five years. The Akali Dal claims to be the greatest champion of the agriculture and the farmers, who have such a great habit of saying that we are the only champions. Not a single policy was initiated by the then Akali Government from 1997—2002. I am challenging. Let the entire Akali Government earlier say that was a policy we initiated. The only policy, M.S.P., was initiated by the Congress Government from the last two decades. Badal Sahib has no choice except to say that it is a great policy. Mr. Speaker, Sir, I would like to tell you that for the last five years, the agriculture income in the State stagnated between 19 thousand crores to 23 thousand crores and they say they are the champions of the farmers with an income of 19 thousand crores to 23 thousand crores only. Sir, it is the greatest tragedy when I said that the per capita income was based on 23 thousand crores. Now, in agriculture, it is the worst. Sir, 50 per cent or more than 50 per cent of our population lives on 19—23 thousand crores. You can calculate the per capita income of the rural sector which is much worse, much worse than the entire population. It is the worst situation. Sir (ringing of bell) Sir, I am saying as Captain Amarinder Singh anticipated in 1985 that two crops...

**Mr. Speaker :** Kindly conclude.

**Shri Surinder Singla :** Sir, I am going to conclude. Captain Amarinder Singh anticipated in 1985 that two crop cycles of rabi, paddy and wheat cannot continue for longer. He anticipated and he appointed the Johal Committee. The man had a vision, he had a passion for agriculture. He became Agriculture Minister and the first thing he did was to point out that this kind of agriculture cannot grow. He appointed a Committee and the Johal Committee produced a report and suggested diversification. I was reading few speeches of the former Finance Minister in this House on the Budget saying that we are going for a diversification. He never moved an inch, never spent a single paisa and I can tell you, the two promises that he made to establish two Committees were never actually fulfilled.

**Mr. Speaker :** Please conclude.

**Mr. Surinder Singla :** Sir, now about contract farming, an attempt to diversification of agriculture, it is an MSP given by Private Sector and where the Government is responsible, Government is accountable if MSP and entire stock of the production which is granted under contract farming, is a great beginning towards diversification. I only hope, Sir (ringing of bell) that the budget carries and budget does mention some allocations to carry forward this contract farming where I am told honestly by the experts that if you follow every rule, farmer will have his income double.

**Mr. Speaker :** Kindly, take your seat.

**Shri Surinder Singla :** So that is the way if you think of 19 thousand crores to go to 40 thousand crores. I can tell you, Sir, for this 300 crores

Original with;
Punjab Vidhan Sabha
Digitized by;
Panjab Digital Library

**[Shri Surinder Singla]**

business of free power, they will pay thousands of crores to the State Electricity Board.

**Mr. Speaker :** Kindly, take your seat.

**Shri Surinder Singla :** Sir, second point is, Dr. Johal submitted the report and the Hon'ble Chief Minister and I accompanied him to the Prime Minister and the Prime Minister promised that he is going to call a meeting for diversification where Mr. Ajit Singh, Agriculture Minister was also present (ringing of bell).

**Mr. Speaker :** Please take your seat.

**Shri Surinder Singla :** Sir, in that meeting we suggested that the Government of India is loosing 10 thousand crores to 15 thousand crores every year. There is interest burden, pilferage of foodgrains, wastage of foodgrain plus the rental charges of storing foodgrains. It costs Government of India 10 to 12 thousand crores every year and we demanded only 1200 crores a year for the next 3-4 years to diversify the agriculture. Sir, it is an issue of agriculture.

**Mr. Speaker :** Kindly take your seat.

**Shri Surinder Singla :** Sir, please give me a little more time to complete my arguments. Sir, through you, I would like to ask the leader of opposition. Did he bother to see the report of the Johal Committee ? He has a member in the Indian Cabinet to lobby for obtaining 1200 crores which will help to increase the income of the farmers from 19 thousand crores to 40 thousand crores. Then you can claim that you are a champion. Sir, it is amazing—again amazing that the agriculture is only a state subject.

**Mr. Speaker :** Kindly conclude.

**Shri Surinder Singla :** The Akali Dal is asking for autonomy...... (ringing of bell) Let me say two-three points only.

**Mr. Speaker :** No, no. You have taken............

**Shri Surinder Singla :** I would ask the Akali Government where is their political manifesto ? You are saying the agriculture policy be determined, MSP be determined by the Central Government. Are you playing the autonomy card ?

**Mr. Speaker :** Kindly take your seat now.

**Shri Surinder Singla :** Sir, I want only two three minutes.

**Mr. Speaker :** You asked for 15 minutes.

Original with;
Punjab Vidhan Sabha
Digitized by;
Panjab Digital Library

**Shri Surinder Singla :** Sir, I am touching only three issues. One is the Industry and another Power. I am now coming to the next point i.e. industry. Sir, in the last five years, the picture of Industry was very gloomy, very dark and no industrial investment came in the last year. I do not think how they claim every time their contribution in this field. I read the achievement notices of the Badal Government that they brought refinery. It is such a biggest lie in the history of Punjab because I was then a Member of the Parliament. No industrial investment came in the last year. I do not know how they claim.....

**Mr. Speaker :** Now, take your seat please. It is sufficient. Now, Sardar Parkash Singh Badal.

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਲੰਬੀ)** : ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਬਾਰੇ ਗੱਲ ਕਰਨ ਤੋਂ ਪਹਿਲਾਂ ਮੈਂ ਇਹ ਗੱਲ ਕਰਨੀ ਚਾਹੁੰਦਾ ਹਾਂ ਕਿ ਸਿੰਗਲਾ ਸਾਹਿਬ ਨੇ ਇੰਨਾ ਕੁਝ ਕਿਹਾ, ਮੇਰਾ ਖਿਆਲ ਹੈ, ਹਾਊਸ ਵਿਚ ਕੋਈ ਐਸਾ ਮੈਂਬਰ ਨਹੀਂ ਹੋਵੇਗਾ ਜਿਹੜਾ ਤੁਹਾਡਾ ਹੁਕਮ ਨਾ ਮੰਨਦਾ ਹੋਵੇ ਤਾਂ ਇਨ੍ਹਾਂ ਨੇ ਸੀ.ਐਮ. ਸਾਹਿਬ ਦਾ ਹੁਕਮ ਕਾਹਦਾ ਮੰਨਣਾ ਹੈ। ਇਹ ਚੰਗੀ ਗੱਲ ਹੈ, ਇਨ੍ਹਾਂ ਨੂੰ ਮਨਿਸਟਰ ਨਹੀਂ ਲਿਆ। ਵੈਸੇ ਵੀ ਇੰਨੇ ਕਾਬਲ ਆਦਮੀਆਂ ਦੀ ਪੰਜਾਬ ਨੂੰ ਘੱਟ ਜ਼ਰੂਰਤ ਹੈ। ਅਸੀਂ ਆਪੇ ਹੀ ਡੰਗ ਸਾਰ ਲਵਾਂਗੇ।

ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਇਥੇ ਆ ਕੇ ਆਪਣੇ ਹਾਊਸ ਨੂੰ ਐਡਰੈਸ ਕੀਤਾ। ਉਨ੍ਹਾਂ ਦੇ ਐਡਰੈਸ ਤੋਂ ਬਾਅਦ ਚੌਧਰੀ ਸੁਨੀਲ ਕੁਮਾਰ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਤੇ ਰਾਣਾ ਕੰਵਰਪਾਲ ਸਿੰਘ ਨੇ ਉਸਦੀ ਤਾਈਦ ਕੀਤੀ। ਫਿਰ ਉਸਤੇ ਬਹਿਸ ਹੋਣੀ ਸ਼ੁਰੂ ਹੋਈ। ਸਪੀਕਰ ਸਾਹਿਬ, ਸ਼੍ਰੋਮਣੀ ਅਕਾਲੀ ਦਲ ਜਮਹੂਰੀ ਕਦਰਾਂ ਕੀਮਤਾਂ ਉਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦਾ ਹੈ ਅਤੇ ਲੋਕਰਾਜੀ ਪਰੰਪਰਾਵਾਂ ਵਿਚ ਸਾਡਾ ਅਟੁੱਟ ਵਿਸ਼ਵਾਸ ਹੈ। ਸਪੀਕਰ ਸਾਹਿਬ, ਅਸੀਂ ਗਵਰਨਰ ਸਾਹਿਬ ਦੇ ਐਡਰੈਸ ਤੇ ਵਾਕ ਆਊਟ ਕੀਤਾ। ਇਹ ਫੈਸਲਾ ਲੈਣਾ ਸਾਡੇ ਵਾਸਤੇ ਔਖਾ ਸੀ। ਗਵਰਨਰ ਦੇ ਅਹੁਦੇ ਦਾ ਤੇ ਉਨ੍ਹਾਂ ਦੀ ਡਿਗਨਿਟੀ ਦਾ ਸਾਡੇ ਦਿਲ ਵਿਚ ਸਤਿਕਾਰ ਹੈ ਲੇਕਿਨ, ਸਪੀਕਰ ਸਾਹਿਬ, ਜਦੋਂ ਅਸੀਂ ਸਾਰਾ ਕੁਝ ਦੇਖਿਆ ਕਿ ਪਿਛਲੇ ਸਾਲ ਸਾਡੀ ਸਟੇਟ ਵਿਚ ਕੀ ਹੋਇਆ, ਕੀ ਵਾਪਰਿਆ ਇਸ ਪੰਜਾਬ ਦੀ ਸਟੇਟ ਤੇ, ਤਾਂ ਸਾਨੂੰ ਵਾਕ ਆਊਟ ਕਰਨ ਦਾ ਫੈਸਲਾ ਕਰਨਾ ਪਿਆ। ਜਿਹੜਾ ਸਦਨ ਕਾਨੂੰਨ ਦਾ ਘਰ ਹੈ, ਜਮਹੂਰੀਅਤ ਦਾ ਮੰਦਰ ਹੈ, ਉਥੇ ਕਾਨੂੰਨ ਤੇ ਜਮਹੂਰੀਅਤ ਦੇ ਕਾਤਲਾਂ ਵੱਲੋਂ ਰੂਲ ਆਫ ਲਾਅ ਦੀਆਂ ਧੱਜੀਆਂ ਉਡਾਉਣ ਵਾਲਿਆਂ ਵਲੋਂ ਤੇ ਲੋਕਾਂ ਨਾਲ ਕੀਤੇ ਵਾਇਦੇ ਮੁਕਰਨ ਵਾਲਿਆਂ ਵੱਲੋਂ ਇਹ ਐਡਰੈਸ ਪੇਸ਼ ਕੀਤਾ ਗਿਆ। ਸੋ, ਸਾਡੀ ਜ਼ਮੀਰ ਨਹੀਂ ਮੰਨੀ ਕਿ ਅਸੀਂ ਇਹ ਜਿਹੜਾ ਐਡਰੈਸ ਹੈ, ਇਸਨੂੰ ਸੁਣ ਸਕੀਏ।

ਬਾਅਦ ਵਿਚ ਮੈਂ ਇਸ ਐਡਰੈਸ ਨੂੰ ਬਾਰ ਬਾਰ ਪੜ੍ਹਿਆ। ਸਪੀਕਰ ਸਾਹਿਬ, ਇਸ ਭਾਸ਼ਣ ਵਿਚ ਨਾ ਕੋਈ ਵੀਜ਼ਨ ਹੈ, ਨਾ ਸੈਂਸ ਆਫ ਡਾਇਰੈਕਸ਼ਨ ਹੈ, ਨਾ ਕੋਈ ਕਮਿਟਮੈਂਟ ਹੈ ਤੇ ਨਾ ਹੀ ਸਿੰਸੈਰਿਟੀ ਹੈ। ਸਪੀਕਰ ਸਾਹਿਬ, ਇਕ ਗੱਲ ਮੈਂ ਜ਼ਰੂਰ ਕਹਾਂਗਾ ਕਿ ਜੋ ਕੁਝ ਪੰਜਾਬ ਦਾ ਪਿਛਲੇ ਸਾਲ ਦਾ ਨਕਸ਼ਾ ਹੈ, ਕੀ ਡਿਵੈਲਪਮੈਂਟ ਹੋਈ, ਕਿਸ ਤਰ੍ਹਾਂ ਇਥੇ ਆਪੋਨੈਂਟਸ ਤੇ ਸਖਤੀਆਂ ਕੀਤੀਆਂ ਗਈਆਂ ਅਤੇ ਇਹ ਸਾਰੀਆਂ ਗੱਲਾਂ ਹੋਣ ਤੋਂ

Original with;
Punjab Vidhan Sabha
Digitized by:
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਬਾਵਜੂਦ ਜਦੋਂ ਕੋਈ ਬਿਆਨ ਆਉਂਦਾ ਸੀ ਤਾਂ ਇਹੀ ਕਿ ਪੈਸਾ ਨਹੀਂ ਹੈ, ਖਜ਼ਾਨਾ ਖਾਲੀ ਹੈ, ਕੋਈ ਬੱਠਲ ਸੀਮਿੰਟ ਨਹੀਂ ਸੁੱਟਿਆ, ਕਿਤੇ ਖੋਤੇ ਤੇ ਲੱਦ ਕੇ ਇੱਟਾਂ ਨਹੀਂ ਸੁੱਟੀਆਂ, ਇਹ ਇਕ ਸਟੈਂਡਸਟਿੱਲ ਹਕੂਮਤ ਸੀ। ਮੈਂ ਇਕ ਗੱਲੋਂ ਕੈਪਟਨ ਅਮਰਿੰਦਰ ਸਿੰਘ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਹਾਲਾਤ ਵਿਚ ਇਨ੍ਹਾਂ ਨੂੰ ਲੋਕਾਂ ਨੇ ਗੌਰਮਿੰਟ ਚਲਾਉਣ ਕਿਉਂ ਦਿੱਤੀ? ਇਹ ਇਕ ਸਾਲ ਤੱਕ ਨਹੀਂ ਸੀ ਚੱਲਣੀ ਚਾਹੀਦੀ। ਅੱਜ ਜਾ ਕੇ ਪੰਜਾਬ ਦੇ ਲੋਕਾਂ ਨੂੰ ਪੁੱਛ ਲਵੋ, ਅੱਜ ਜਾ ਕੇ ਦੇਸ਼ ਦੇ ਸਹੀ ਨੁਮਾਇੰਦਿਆਂ ਨੂੰ ਪੁੱਛ ਲਵੋ ਕਿ ਉਹ ਇਨ੍ਹਾਂ ਦੇ ਬਾਰੇ ਕੀ ਸੋਚ ਰਹੇ ਹਨ। ਇਥੇ ਜੇ ਕੋਈ ਚਾਰ ਸੱਜਣ ਸਰਕਾਰ ਦੀ ਤਾਰੀਫ ਕਰਦੇ ਹਨ ਤਾਂ ਇਹ ਅਸਲੀਅਤ ਨਹੀਂ ਹੈ। ਤਾਰੀਫ ਉਹ ਹੁੰਦੀ ਹੈ ਜੋ ਲੋਕ ਕਰਨ। ਤਾਰੀਫ ਉਹ ਹੁੰਦੀ ਹੈ ਜੋ ਦੇਸ਼ ਦੇ ਕਿਸੇ ਮਹਾਨ ਇਕਾਨੋਮਿਸਟ ਨੇ ਕੀਤੀ ਹੋਵੇ ਜਾਂ ਸਰਵੇ ਕਰਨ ਵਾਲਿਆਂ ਨੇ ਕੀਤੀ ਹੋਵੇ। ਮੇਰੇ ਕੋਲ ਇੰਡੀਆ ਟੂਡੇ ਦਾ ਰਸਾਲਾ ਹੈ। ਇਹ ਰਸਾਲਾ ਨੈਸ਼ਨਲ ਪਾਲੇਟਿਕਸ ਦਾ ਕਾਫੀ ਡਾਟਾ ਦਿੰਦਾ ਰਹਿੰਦਾ ਹੈ। ਇਸ ਦੇ ਵਿਚ ਇਸ ਨੇ ਇਹ ਡਾਟਾ ਦਿੱਤਾ ਹੈ ਕਿ ਕਿਸੇ ਮੁੱਖ ਮੰਤਰੀ ਦਾ ਗ੍ਰਾਫ ਪਿਛਲੇ ਮਹੀਨਿਆਂ ਵਿਚ ਕਿੰਨਾ ਉੱਚਾ ਗਿਆ ਹੈ ਅਤੇ ਕਿੰਨਾ ਨੀਂਵਾਂ ਗਿਆ ਹੈ। ਚਲੋ, ਦੂਜਿਆਂ ਦਾ ਮੈਨੂੰ ਕੀ ਫਿਕਰ ਹੈ। ਮੈਨੂੰ ਤਾਂ ਆਪਣੇ ਸੀ.ਐਮ. ਦਾ ਫਿਕਰ ਹੈ। ਇਨ੍ਹਾਂ ਦਾ ਗ੍ਰਾਫ ਪਿਛਲੇ ਸਤੰਬਰ ਵਿਚ 28 ਸੀ ਅਤੇ ਹੁਣ ਕਿੰਨਾ ਰਹਿ ਗਿਆ ਹੈ-4। ਫਰਕ ਤੁਸੀਂ ਆਪੇ ਵੇਖ ਲਵੋ। ਮੈਂ ਕਿਸੇ ਦੀ ਮੁਖਾਲਫਤ ਨਹੀਂ ਕਰਦਾ ਪਰ ਇਹ ਜ਼ਰੂਰ ਕਹਾਂਗਾ ਕਿ ਸੀ.ਐਮ. ਦੇ ਆਲੇ-ਦੁਆਲੇ ਬਹੁਤ ਸਾਰੇ ਲੋਕ ਹੁੰਦੇ ਹਨ ਜੋ ਚਾਪਲੂਸੀ ਅਤੇ ਵਾਹ ਵਾਹ ਕਰਦੇ ਰਹਿੰਦੇ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹੀ ਲੋਕ ਸਭ ਤੋਂ ਵੱਡੇ ਦੁਸ਼ਮਣ ਹੁੰਦੇ ਹਨ ਅਤੇ ਪਤਾ ਵੀ ਨਹੀਂ ਲੱਗਣ ਦਿੰਦੇ। ਇਹ ਲੋਕ ਹਮੇਸ਼ਾ ਸਰ, ਸਰ ਜਾਂ ਹਿਜ਼ ਐਕਸੀਲੈਂਸੀ ਕਹਿੰਦੇ ਰਹਿੰਦੇ ਹਨ। ਮੇਰੇ ਨਾਲ ਵੀ ਇਹੋ ਹੋਇਆ ਹੈ। ਮੈਥੋਂ ਵੀ ਇਹ ਗੱਲ ਸਮਝੀ ਨਹੀਂ ਗਈ ਅਤੇ ਇਹ ਵੀ ਇਹ ਗੱਲ ਸਮਝ ਨਹੀਂ ਰਹੇ। ਸਮਝ ਇਨ੍ਹਾਂ ਨੂੰ ਉਦੋਂ ਲੱਗੇਗੀ ਜਦੋਂ ਇਨ੍ਹਾਂ ਨੇ ਗੱਡੀ ਚੜ੍ਹ ਜਾਣਾ ਹੈ। (ਹਾਸਾ) ਸੋ, ਮੈਂ ਕਹਿ ਰਿਹਾ ਸੀ ਕਿ ਇਹ ਹੈਰਾਨੀ ਦੀ ਗੱਲ ਹੈ ਕਿ ਇਕ ਸਾਲ ਇਨ੍ਹਾਂ ਦੀ ਸਰਕਾਰ ਕਿਵੇਂ ਚੱਲ ਗਈ। ਸਪੀਕਰ ਸਾਹਿਬ, ਤੁਸੀਂ ਫੋਰਡ ਗੱਡੀ ਬਾਰੇ ਸੁਣਿਆ ਹੋਣਾ ਹੈ। ਇਹ ਬੜੀ ਮਸ਼ਹੂਰ ਗੱਡੀ ਹੈ। ਜਦੋਂ ਅਸੀਂ ਜਵਾਨ ਹੁੰਦੇ ਸੀ, ਉਦੋਂ ਫੋਰਡ ਗੱਡੀ ਬਾਰੇ ਸੁਣਦੇ ਹੁੰਦੇ ਸੀ ਕਿ ਇਹ ਬੜੀ ਮਸ਼ਹੂਰ ਗੱਡੀ ਹੈ। ਹਰ 5 ਮਿੰਟ ਬਾਅਦ ਇਹ ਗੱਡੀ ਤਿਆਰ ਹੁੰਦੀ ਹੈ। ਤਿਆਰ ਹੋਣ ਤੋਂ ਬਾਅਦ ਟੈਸਟ ਕਰਨ ਵਾਸਤੇ ਉਸਨੂੰ ਡਰਾਈਵਰ ਲੈ ਜਾਂਦਾ ਹੈ। ਗੱਡੀ ਤਿਆਰ ਹੋਈ ਅਤੇ ਡਰਾਈਵਰ ਸਟੇਅਰਿੰਗ ਤੇ ਬੈਠ ਗਿਆ। ਇਕ ਫਰਲਾਂਗ ਜਾ ਕੇ ਗੱਡੀ ਖੜ੍ਹ ਗਈ। ਡਰਾਈਵਰ ਬੜਾ ਹੈਰਾਨ ਹੋਇਆ ਕਿ ਫੋਰਡ ਵਰਗੀ ਗੱਡੀ ਇਕ ਫਰਲਾਂਗ ਜਾ ਕੇ ਖੜ੍ਹ ਗਈ। ਉਹ ਬੋਨਟ ਚੁੱਕ ਕੇ ਚੈੱਕ ਕਰਨ ਲੱਗਾ ਤਾਂ ਵੇਖਿਆ ਕਿ ਉਸ ਵਿਚ ਤਾਂ ਇੰਜਨ ਹੀ ਨਹੀਂ ਹੈ। ਉਹ ਹੋਰ ਵੀ ਹੈਰਾਨ ਹੋਇਆ ਕਿ ਇੰਜਨ ਤੋਂ ਬਗੈਰ ਗੱਡੀ ਇਕ ਫਰਲਾਂਗ ਤੱਕ ਕਿਵੇਂ ਚੱਲ ਗਈ। ਸੋ, ਇਹ ਜਿਹੜੀ ਇਨ੍ਹਾਂ ਦੀ ਸਰਕਾਰ ਦੀ ਫੋਰਡ ਗੱਡੀ ਹੈ, ਸਾਡੇ ਵੱਲੋਂ ਲਾਇਆ ਧੱਕਾ ਜਿਹੜਾ ਪਿਛੋਂ ਚਲਿਆ ਆਉਂਦਾ ਸੀ, ਉਸ ਕਰਕੇ ਇਹ ਇਕ ਸਾਲ ਚੱਲ ਗਈ। ਅਸੀਂ ਆਪਣੇ ਵੇਲੇ ਜਿਹੜਾ ਪੈਸਾ ਮਨਜ਼ੂਰ ਕਰਾ ਕੇ ਦਿੱਤਾ ਸੀ, ਇਹ ਸਰਕਾਰ ਉਸੇ ਕਰਕੇ ਇਕ ਸਾਲ ਚੱਲ ਗਈ। ਇਸ ਦੇ ਵਿਚ ਇਨ੍ਹਾਂ ਦਾ ਆਪਣਾ ਕੋਈ ਰੋਲ ਨਹੀਂ ਹੈ।

ਇਕ ਹੋਰ ਗੱਲ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਜਿਸ ਬਾਰੇ ਇਨ੍ਹਾਂ ਨੇ ਇਲੈਕਸ਼ਨਾਂ ਤੋਂ ਪਹਿਲਾਂ ਵੀ ਅਤੇ ਬਾਅਦ ਵਿਚ ਵੀ ਕਿਹਾ ਹੈ। ਸੀ.ਐਮ. ਨੇ ਵੀ ਉਸ ਬਾਰੇ ਆਖਿਆ

riginal with;
njab Vidhan Sabha
igitized by;
njab Digital Library

ਹੈ ਕਿ ਮੈਂ ਵਧੀਆ ਗਵਰਨੈਂਸ ਦੇਣੀ ਹੈ। ਸਪੀਕਰ ਸਾਹਿਬ, ਜਿਥੋਂ ਤੱਕ ਗੁੱਡ ਗਵਰਨੈਂਸ ਦੇਣ ਦਾ ਸਵਾਲ ਹੈ, ਜੋ ਕੁਝ ਪਿਛਲੇ ਇਕ ਸਾਲ ਤੋਂ ਪੰਜਾਬ ਵਿਚ ਵਾਪਰਿਆ ਹੈ, ਉਸ ਨੂੰ ਵੇਖਣ ਤੋਂ ਬਾਅਦ ਸਰਕਾਰ ਦੇ ਮੂੰਹੋਂ ਇਹ ਗੱਲ ਬੜੀ ਅਜੀਬ ਜਿਹੀ ਲੱਗਦੀ ਹੈ। ਮੇਰਾ ਖਿਆਲ ਹੈ ਕਿ ਗੁੱਡ ਗਵਰਨੈਂਸ ਦਾ ਇਨ੍ਹਾਂ ਨੂੰ ਪਤਾ ਹੀ ਨਹੀਂ ਹੈ ਕਿ ਗੁੱਡ ਗਵਰਨੈਂਸ ਕੀ ਹੁੰਦੀ ਹੈ। ਕਿਹੜੀਆਂ ਕਿਹੜੀਆਂ ਗੱਲਾਂ ਇਕ ਚੰਗੀ ਸਰਕਾਰ ਵਿਚ ਹੋਣੀਆਂ ਚਾਹੀਦੀਆਂ ਹਨ, ਉਹ ਬੁਨਿਆਦੀ ਗੱਲਾਂ ਇਨ੍ਹਾਂ ਨੂੰ ਦੱਸਣ ਦੀ ਲੋੜ ਹੈ। ਕੁਝ ਗੱਲਾਂ ਮੈਂ ਇਨ੍ਹਾਂ ਨੂੰ ਦੱਸਣ ਲੱਗਾ ਹਾਂ ਜੋ ਸ਼ਾਇਦ ਇਨ੍ਹਾਂ ਦੇ ਫਾਇਦੇ ਦੀਆਂ ਹੋਣ। ਦੁਨੀਆਂ ਦੇ ਸਭ ਤੋਂ ਵੱਡੇ ਸਿਆਸਤਦਾਨ ਜੋ ਹੋਏ ਹਨ, ਉਨ੍ਹਾਂ ਨੇ ਗੁੱਡ ਗਵਰਨੈਂਸ ਬਾਰੇ ਕਿਹਾ ਹੈ, ਉਹ ਮੈਂ ਦੱਸਦਾ ਹਾਂ। ਵਿੰਸਟਨ ਚਰਚਿਲ ਸਿਆਸਤ ਦੀ ਦੁਨੀਆਂ ਵਿਚ ਇਕ ਨੋਨ ਸ਼ਖਸ ਹੋਇਆ ਹੈ। ਉਸਨੇ ਲਿਖਿਆ ਹੈ ਕਿ, Government is a body the soul of which is rule of law. Where there is no rule of law, there is no government, whatever be its shape or name. ਉਸਨੇ ਸਟਰੈਸ ਇੱਕੋ ਗੱਲ ਤੇ ਦਿਤਾ ਕਿ Rule of Law ਹੋਣਾ ਚਾਹੀਦਾ ਹੈ। ਸਪੀਕਰ ਸਾਹਿਬ, ਇਹ ਇੱਧਰ ਬੈਠੇ ਭਰਾ ਇਧਰੋਂ ਕੁਝ ਆਖੀ ਜਾਣ, ਕੀ ਸਰਕਾਰ ਵਿੱਚ Rule of Law ਹੈ? ਇਸੇ ਤਰ੍ਹਾਂ, ਸਪੀਕਰ ਸਾਹਿਬ, ਇਬਰਾਹੀਮ ਲਿੰਕਨ ਇਕ ਬਹੁਤ ਵੱਡੀ ਸ਼ਖਸੀਅਤ ਹੋਏ ਹਨ। ਉਨ੍ਹਾਂ ਨੇ ਵੀ ਗੌਰਮਿੰਟ ਦੇ ਬਾਰੇ ਦੱਸਿਆ ਕਿ ਗੌਰਮਿੰਟ ਕਿਹੋ ਜਿਹੀ ਹੋਣੀ ਚਾਹੀਦੀ ਹੈ Government is a name given to social responsibility, whose only authority is the moral force. It rises from social values and ideals. Government means commitment, not power, accountability, not force. Its first and foremost responsibility is that it induces respect of the law and it can solely do so by doing first to pay its respect. ਉਹ ਉਸ ਬੰਦੇ ਨੇ ਲਿਖਿਆ ਹੈ। ਸਪੀਕਰ ਸਾਹਿਬ, ਮੈਂ ਹੁਣ ਮੁੱਖ ਮੰਤਰੀ ਸਾਹਿਬ ਤੋਂ ਪੁੱਛ ਲੈਂਦਾ ਹਾਂ ਕਿ ਕੀ ਇਨ੍ਹਾਂ ਦੀ ਸਰਕਾਰ ਦੂਰੋਂ-ਨੇੜਿਓਂ ਇਸ ਕਸੌਟੀ ਤੇ ਪੂਰੀ ਉਤਰਦੀ ਹੈ? ਇਸ ਵਕਤ ਜੋ ਪੰਜਾਬ ਸਰਕਾਰ ਵਿੱਚ ਹੋ ਰਿਹਾ ਹੈ ਉਸ ਦੇ ਅਰਥ ਹਨ ਤਾਨਾਸ਼ਾਹੀ, ਤਾਕਤ ਦੀ ਅੰਨ੍ਹੀ ਵਰਤੋਂ, ਹੰਕਾਰ ਅਤੇ ਮੌਜ ਮਸਤੀ। ਇਹ ਜਿਹੜਾ ਇਬਰਾਹੀਮ ਲਿੰਕਨ ਨੇ ਜਾਂ ਚਰਚਲ ਸਾਹਿਬ ਨੇ ਗੌਰਮਿੰਟ ਬਾਰੇ ਜੋ ਦੱਸਿਆ ਹੈ, ਕੀ ਇਹ ਕਿਤੇ ਇਸਦੇ ਨੇੜੇ-ਤੇੜੇ ਵੀ ਖੜ੍ਹਦੇ ਹਨ? ਇਨ੍ਹਾਂ ਹਾਲਾਤ ਵਿੱਚ ਲੋਕਾਂ ਨੂੰ ਸਰਕਾਰ ਦੀ ਜਵਾਬਦੇਹੀ ਕੋਈ ਨਹੀਂ, ਅਕਾਊਂਟੇਬਿਲਟੀ ਕੋਈ ਨਹੀਂ। ਸੋਸ਼ਲ ਜਸਟਿਸ ਦੀ ਤਾਂ ਗੱਲ ਹੀ ਛੱਡੋ। ਡਿਵੈਲਪਮੈਂਟ ਦੀ ਗੱਲ ਹੀ ਕੀ ਕਰੀਏ। ਸੋਸ਼ਲ ਜਸਟਿਸ ਬਾਰੇ ਗੁਰੂ ਸਾਹਿਬਾਨ ਨੇ ਕਿਹਾ ਕਿ ਰਾਜੇ ਛਲੀਆ ਨਿਆਂ ਕੀ? ਸਪੀਕਰ ਸਾਹਿਬ, ਜਿੱਥੇ ਨਿਆਂ ਨਹੀਂ ਉਹ ਰਾਜ ਕਾਹਦਾ? ਸਪੀਕਰ ਸਾਹਿਬ, ਮੈਂ ਕਹਿ ਸਕਦਾ ਹਾਂ ਕਿ ਇਸ ਸਰਕਾਰ ਵਿੱਚ ਕੋਈ ਨਿਆਂ ਨਹੀਂ ਹੈ। ਜਿਹੜੀ ਸਰਕਾਰ ਨਿਆਂ ਵਾਲੀ ਨਹੀਂ ਹੋਵੇਗੀ ਉਹ ਕਦੇ ਪਾਵਰ ਵਿੱਚ ਨਹੀਂ ਰਹਿ ਸਕਦੀ, ਨਾ ਦੇਸ਼ ਵਿੱਚ ਰਹਿੰਦੀ ਹੈ। ਤਾਂ ਹੀ ਤਾਂ ਇਨ੍ਹਾਂ ਦਾ ਗਰਾਫ਼ ਅੱਜ ਘਟਿਆ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਪਿਛਲੀ ਵਾਰੀ ਜੋ ਵੱਡਾ ਦਾਅਵਾ ਕੀਤਾ ਉਹ ਹੈ ਭ੍ਰਿਸ਼ਟਾਚਾਰ ਦਾ ਔਰ ਇਨ੍ਹਾਂ ਨੇ ਕਿਹਾ ਕਿ ਅਸੀਂ ਬੜੀ ਦ੍ਰਿੜ੍ਹਤਾ ਨਾਲ ਇਹ ਜੰਗ ਵਿੱਢੀ ਹੈ ਅਤੇ ਇਸੇ ਤਰ੍ਹਾਂ ਹੀ ਇਹ ਜਾਰੀ ਰੱਖੀ ਜਾਵੇਗੀ। ਸਪੀਕਰ ਸਾਹਿਬ, ਅਸੀਂ ਤਾਂ ਆਪ ਸਾਰੇ ਇਸ ਕੁਰੱਪਸ਼ਨ ਦੇ ਵਿਰੋਧੀ ਹਾਂ। ਸਾਨੂੰ ਇਸ ਮਸਲੇ ਦੀ ਜੜ੍ਹ ਤੱਕ ਜਾਣਾ ਪਵੇਗਾ। ਸਪੀਕਰ ਸਾਹਿਬ, ਇਹ ਰਿਸ਼ਵਤਖੋਰੀ ਸ਼ੁਰੂ ਕਿਵੇਂ ਹੋਈ, ਇਹ ਇਕ ਤਰ੍ਹਾਂ ਨਾਲ ਬਹੁਤ ਵੱਡੀ ਬੀਮਾਰੀ ਹੈ, ਜਿੱਥੇ ਕੋਈ ਬੀਮਾਰੀ ਇੰਨੀਆਂ ਜੜ੍ਹਾਂ ਪਕੜ ਜਾਵੇ ਤਾਂ ਉਸ ਬਾਰੇ ਸੋਚਣਾ ਪੈਂਦਾ ਹੈ ਕਿ ਇਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਠੀਕ ਕਿਸ ਤਰ੍ਹਾਂ ਹੋਵੇਗੀ। ਮਤਲਬ ਹੈ ਕਿ ਇਹ ਸ਼ੁਰੂ ਕਿਵੇਂ ਹੋਈ। ਸਪੀਕਰ ਸਾਹਿਬ, ਤੁਸੀਂ ਗਵਾਹ ਹੋ, ਇਸ ਦੇਸ਼ ਵਿੱਚ ਕਾਂਗਰਸ ਹੀ ਕੁਰੱਪਸ਼ਨ ਦੀ ਜਨਮਦਾਤਾ ਹੈ। ਇਸ ਕੁਰੱਪਸ਼ਨ ਨੂੰ ਜੋ ਜਨਮ ਦਿੱਤਾ ਗਿਆ ਹੈ ਇਹ ਕਾਂਗਰਸ ਨੇ ਜਨਮ ਦਿੱਤਾ ਹੈ। ਇਸ ਨੇ ਇਸ ਨੂੰ ਪਾਲਿਆ ਪਲੋਸਿਆ ਅਤੇ ਇਸ ਦੀ ਛਤਰ ਛਾਇਆ ਹੇਠ ਇਹ ਸਿਖਰਾਂ ਤੇ ਪੁੱਜੀ ਹੈ। ਕਾਂਗਰਸ ਤੇ ਕੁਰੱਪਸ਼ਨ ਇੱਕੋ ਸਿੱਕੇ ਦੇ ਦੋ ਚਿਹਰੇ ਹਨ। ਸਪੀਕਰ ਸਾਹਿਬ, ਬਹੁਤ ਮਿਸਾਲਾਂ ਕੁਰੱਪਸ਼ਨ ਦੀਆਂ ਰਿਕਾਰਡ ਤੇ ਮੌਜੂਦ ਹਨ। ਪਰ ਮੈਂ ਇਥੇ ਇਕ ਇਹ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਆਪਣਾ ਦੇਸ਼ ਆਜ਼ਾਦ ਹੋਇਆ ਤਾਂ ਪਹਿਲੀ ਵਾਰ ਉਸ ਤੋਂ ਫੌਰਨ ਇਕ ਸਾਲ ਬਾਅਦ ਇਕ ਬਹੁਤ ਵੱਡਾ ਸਕੈਂਡਲ ਹਿੰਦੁਸਤਾਨ ਦੇ ਵਿੱਚ ਹੋਇਆ 4000 ਜੀਪਾਂ ਦਾ ਜਿਹੜੀਆਂ ਕਿ ਡਿਫੈਂਸ ਵਾਸਤੇ ਖਰੀਦੀਆਂ ਗਈਆਂ ਸਨ। ਉਸ ਸਕੈਂਡਲ ਵਿੱਚ ਕੌਣ ਸਾਬਤ ਹੋਇਆ ਜਾਂ ਇਹ ਕਹਿ ਲਓ ਕਿ ਕਿਸ ਤੇ ਉਂਗਲ ਉਠੀ, ਕ੍ਰਿਸ਼ਨਾ ਮੈਨਨ ਤੇ ਨਗਰਵਾਲਾ ਸਕੈਂਡਲ 65 ਲੱਖ ਰੁਪਏ ਦਾ ਹੋਇਆ। ਚਲੋ, ਮੈਂ ਨਾਂ ਨਹੀਂ ਲੈਂਦਾ। ਮਾਰੂਤੀ ਸਕੈਂਡਲ ਹੋਇਆ, ਬੋਫਰਜ਼ ਸਕੈਂਡਲ, ਯੂਰੀਆ ਸਕੈਂਡਲ ਹੋਇਆ। ਇਹ ਤਾਂ ਮੈਂ ਕੇਵਲ ਕੁਝ ਨਾਂ ਹੀ ਲਏ ਹਨ। ਹਜ਼ਾਰਾਂ ਸਕੈਂਡਲ ਹਨ, ਮੇਰਾ ਭਾਵ ਹੈ ਕਿ ਕਾਂਗਰਸ ਹੀ ਕੁਰੱਪਸ਼ਨ ਦੀ ਜਨਮਦਾਤਾ ਹੈ। ਜੇਕਰ ਕੋਈ ਹੋਰ ਕਹਿੰਦਾ ਤਾਂ ਇਹ ਸ਼ਾਇਦ ਇਹ ਆਖਦੇ ਕਿ ਅਪੋਜ਼ੀਸ਼ਨ ਵਾਲੇ ਤਾਂ ਆਖਦੇ ਹੀ ਹੁੰਦੇ ਹਨ। ਸਪੀਕਰ ਸਾਹਿਬ, ਕਾਂਗਰਸ ਦੇ ਕਿਸੇ ਸਮੇਂ ਪ੍ਰਧਾਨ ਰਹੇ ਡਾ: ਨੀਲਮ ਸੰਜੀਵਾ ਰੈਡੀ ਨੇ ਕੋਟ ਕੀਤਾ ਹੈ: Congressmen who were paupers in 1947, are now millionaries and multi-millionaries. ਇਹ ਕਾਂਗਰਸ ਦੇ ਪ੍ਰੈਜ਼ੀਡੈਂਟ ਦੇ ਕਹੇ ਹੋਏ ਸ਼ਬਦ ਹਨ। ਇਕ ਹੋਰ ਬੜਾ ਵੱਡਾ ਰਾਈਟਰ ਹੋਇਆ ਹੈ ਐਸ.ਐਸ. ਗਿੱਲ। ਉਨ੍ਹਾਂ ਨੇ ਕੁਰੱਪਸ਼ਨ ਤੇ ਕਿਤਾਬ ਲਿਖੀ ਹੈ ਅਤੇ ਉਹ ਮੈਂ ਸਾਰੀ ਪੜ੍ਹੀ ਹੈ। ਉਨ੍ਹਾਂ ਨੇ ਲਿਖਆ ਹੈ ਕਿ: India had only four full time Prime Ministers. Of these, Nehru's tolerance of corruption legitimized it. Mrs. Gandhi institutionalized corruption and turned it into an on-going, all round and all pervasive activity. Narismha Rao took the process to its logical conclusion. One only hopes that next full time Prime Minister does not rule the country from Tihar Jail. ਸਪੀਕਰ ਸਾਹਿਬ, ਕੁਰੱਪਸ਼ਨ ਦੀ ਬੁਨਿਆਦ ਤਾਂ ਇਨ੍ਹਾਂ ਵੱਲੋਂ ਰੱਖੀ ਗਈ ਸੀ। ਜੇਕਰ ਅਸੀਂ ਇਸ ਦਾ ਰੂਟ-ਕਾਜ਼ ਹੀ ਨਹੀਂ ਸਮਝ ਸਕਾਂਗੇ ਤਾਂ ਉਦੋਂ ਤੱਕ ਇਸ ਦਾ ਇਲਾਜ ਨਹੀਂ ਹੋ ਸਕਦਾ। ਹੁਣ ਮੈਂ ਪੰਜਾਬ ਵੱਲ ਆਉਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਸਾਡੀ ਸਰਕਾਰ ਬਣੀ ਤਾਂ ਸਭ ਤੋਂ ਪਹਿਲਾਂ ਮੈਂ ਕੰਮ ਕੀਤਾ ਕਿ ਲੋਕਪਾਲ ਮੁਕੱਰਰ ਕੀਤਾ। ਲੋਕਪਾਲ ਇਕ ਇੰਸਟੀਚਿਊਸ਼ਨ ਹੁੰਦਾ ਹੈ ਜਿਹੜਾ ਪਬਲਿਕ ਸਰਵੈਂਟਸ, ਭਾਵੇਂ ਉਹ ਮੁਲਾਜ਼ਮ ਹੋਣ ਅਤੇ ਭਾਵੇਂ ਪਾਲੇਟੀਸ਼ੀਅਨ ਹੋਣ, ਉਸ ਕੋਲ ਸ਼ਿਕਾਇਤਾਂ ਕੀਤੀਆਂ ਜਾਂਦੀਆਂ ਹਨ। ਉਹ ਪੂਰੀ ਇਨਕੁਆਇਰੀ ਕਰਦਾ ਹੈ ਅਤੇ ਫਿਰ ਆਪਣੀ ਰਿਪੋਰਟ ਦਿੰਦਾ ਹੈ। ਸਪੀਕਰ ਸਾਹਿਬ, ਲੋਕਪਾਲ ਨੇ ਰਿਪੋਰਟ ਦਿੱਤੀ। ਉਸ ਵਿਚ ਚਾਰ ਬੰਦਿਆਂ ਦਾ ਵਿਸ਼ੇਸ਼ ਜ਼ਿਕਰ ਹੈ। ਮੈਂ ਨਾਂ ਨਹੀਂ ਲੈਣਾ ਚਾਹੁੰਦਾ ਉਸ ਰਿਪੋਰਟ ਨੂੰ ਪੜ੍ਹ ਕੇ ਸੁਣਾਉਂਦਾ ਹਾਂ: Regarding Bal Mukand Sharma, A Cabinet Minister, he has held him guilty of amassing huge wealth and property disproportionate to his known sources of income by misusing his position as a Minister, purchased property including Modi Mills worth crores. His close links with anti-social and

Original with;
Punjab Vidhan Sabha
Digitized by:
Panjab Digital Library

anti-national elements supporting them at the expense of the nation. He even helped a smuggler cross the fencing at India's border and go abroad and even allotted 60 acres of land. ਉਨ੍ਹਾਂ ਨੇ ਇਕ ਸਮਲਗਰ ਨੂੰ 60 ਏਕੜ ਜ਼ਮੀਨ ਜਿਹੜੀ ਕਿ ਕੈਨਾਲ ਵਿਭਾਗ ਦੀ ਸੀ, ਦਿੱਤੀ ਹੋਈ ਸੀ। ਉਹ ਪਾਕਿਸਤਾਨ ਜਾਵੇ, ਉਥੋਂ ਡਰੱਗਜ਼ ਲਿਆਵੇ, ਵੈਪਨ, ਲਿਆਵੇ। ਜਿਹੜੇ ਹਥਿਆਰ ਆਏ ਹਨ ਇਹ ਇਨ੍ਹਾਂ ਦੀ ਹੀ ਮਿਹਰਬਾਨੀ ਹੈ ਜਿਹੜਾ ਪੰਜਾਬ ਵਿਚ ਪਿਛੇ ਖੂਨ-ਖਰਾਬਾ ਹੋਇਆ ਹੈ। ਸਪੀਕਰ ਸਾਹਿਬ, ਉਸ ਦੀ ਆਬਜ਼ਰਵੇਸ਼ਨ ਹੈ ਕਿ Bal Mukand Sharma misconducted himself within the meaning of Section 3 of the Punjab Lok Pal Act by using his position and influence as Cabinet Minister with regard to item No. 3. Action be taken against him under the provisions of law. ਦੂਜਾ ਸਪੀਕਰ ਸਾਹਿਬ, ਉਨ੍ਹਾਂ ਨੇ ਦੂਲੋਂ ਸਾਹਿਬ ਦਾ ਨਾਂ ਵੀ ਦਿੱਤਾ ਹੈ। Further, Shri S.S. Dullo, a public man has misconducted in the discharge of his functions as Excise Minister and caused harm to liquor contractors of corrupt motive for his personal interest and thereby acquired undue gain. He is also in possession of property disproportionate to his known sources of income. He has also been found to have concealed his assets and properties while filing his written comments. He has further been found to have property....ਬੜਾ ਲੰਮਾ ਚੌੜਾ ਇਸ ਦੇ ਵਿਚ ਜ਼ਿਕਰ ਸੀ। ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਨੂੰ ਥੋੜ੍ਹੀ ਜਿਹੀ ਸ਼ਰਮ ਆਉਂਦੀ ਹੈ ਕਿ ਸਾਡੇ ਮਾਨਯੋਗ ਵਿੱਤ ਮੰਤਰੀ ਸਾਹਿਬ ਸਰਦਾਰ ਲਾਲ ਸਿੰਘ ਜੀ ਮੇਰੇ ਸਾਹਮਣੇ ਬੈਠੇ ਹਨ, ਇਨ੍ਹਾਂ ਦੇ ਮੁਤੱਲਿਕ ਵੀ ਉਸਨੇ ਕਿਹਾ ਕਿ it will be seen that as and when Sardar Lal Singh occupied any post or office, he indulges in moral turpitude, ਭਾਵੇਂ ਉਹ ਪਨਸਪ ਦੇ ਚੇਅਰਮੈਨ ਰਹੇ, ਭਾਵੇਂ ਮਨਿਸਟਰ ਰਹੇ ਹਨ, ਜੇ ਸਾਰੀ ਰਿਪੋਰਟ ਪੜ੍ਹੀ ਜਾਵੇ ਤਾਂ ਬੜਾ ਜ਼ਿਆਦਾ ਸਮਾਂ ਲੱਗੇਗਾ, ਉਸ ਵਿੱਚ ਲਿਖਿਆ ਹੈ ਕਿ ਕਿੰਨੇ ਇਨ੍ਹਾਂ ਨੇ ਬਰਿਕ ਕਿਲਨ (ਭੱਠੇ) ਬਣਾਏ, ਕਿੰਨੇ ਪੈਟਰੋਲ ਪੰਪ ਲਗਾਏ, ਕਿੰਨੀਆਂ ਕੋਠੀਆਂ ਬਣਾਈਆਂ। ਇਸੇ ਤਰ੍ਹਾਂ ਸਾਬਕਾ ਮੰਤਰੀ ਸਰਦਾਰ ਲਖਮੀਰ ਸਿੰਘ ਰੰਧਾਵਾ ਨੇ ਵੀ ਕੁਰੱਪਸ਼ਨ ਕੀਤੀ। ਉਸ ਵਕਤ ਇਹ ਜੋ ਰਿਪੋਰਟਾਂ ਹਨ, ਇਸ ਨੂੰ ਪੜ੍ਹ ਕੇ ਸੁਪਰੀਮ ਕੋਰਟ ਨੇ ਵੀ ਕਹਿ ਦਿੱਤਾ ਕਿ ਇਹ ਰਿਪੋਰਟਾਂ ਠੀਕ ਹਨ ਅਤੇ ਇਨ੍ਹਾਂ ਦੋਸ਼ੀਆਂ ਦੇ ਵਿਰੁੱਧ ਕਾਰਵਾਈ ਕੀਤੀ ਜਾਵੇ। ਸਪੀਰਕ ਸਾਹਿਬ, ਕਿਉਂਕਿ ਇਹ ਕਪਤਾਨ ਸਾਹਿਬ ਦੀ ਆਪਣੀ ਪਾਰਟੀ ਦੇ ਬੰਦੇ ਸਨ, ਇਸ ਲਈ ਇਨ੍ਹਾਂ ਨੇ, ਉਨ੍ਹਾਂ ਦੇ ਖਿਲਾਫ ਜੋ ਪਟੀਸ਼ਨ ਅਸੀਂ ਸੁਪਰੀਮ ਕੋਰਟ ਵਿੱਚ ਦਾਇਰ ਕੀਤੀ ਸੀ, ਕਿਸੇ ਹੋਰ ਕੇਸ ਦੇ ਨਾਲ, ਉਹ ਇਨ੍ਹਾਂ ਨੇ ਵਾਪਸ ਕਰਾਉਣੀ ਚਾਹੀ ਅਤੇ ਆਪਣੇ ਐਡਵੋਕੇਟ ਜਨਰਲ ਨੂੰ ਕਿਹਾ ਕਿ ਇਹ ਵਾਪਸ ਕਰਵਾ ਲਵੋ। ਇਕ ਪਟੀਸ਼ਨ ਮੇਰੇ ਆਪਣੇ ਨਾਮ ਵਾਲੀ ਸੀ, ਉਹ ਵਾਪਸ ਨਹੀਂ ਹੋਈ, ਹੁਣ ਵੀ ਕੇਸ ਚਲ ਰਿਹਾ ਹੈ। ਸਪੀਕਰ ਸਾਹਿਬ, ਇਥੇ ਗਰਮਾ ਗਰਮ ਬਹਿਸ ਵੀ ਹੋਈ ਕਿ ਡਾਕਟਰ ਰਮੇਸ਼ ਦੱਤ ਜਿਨ੍ਹਾਂ ਨੂੰ ਜਾਅਲੀ ਡਿਗਰੀ ਲੈਣ ਦਾ ਦੋਸ਼ੀ ਵੀ ਕਰਾਰ ਦਿੱਤਾ ਹੋਇਆ ਹੈ, ਉਨ੍ਹਾਂ ਦੇ ਵਿਰੁੱਧ ਵੀ ਕੋਈ ਕਾਰਵਾਈ ਨਹੀਂ ਹੋਈ। ਵਿਜੀਲੈਂਸ ਵਾਲੇ ਸਾਡੇ ਮਗਰ, ਅਕਾਲੀ ਪਾਰਟੀ ਦੇ ਮਗਰ ਤਾਂ ਰੋਜ਼ ਪਏ ਰਹਿੰਦੇ ਹਨ, ਮੈਂ ਸੀ.ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੀ ਇਕੋ ਗੱਲ ਕਰਦੇ ਹੋ, ਮੈਂ ਉਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ 6 ਨੂੰ ਵੀ ਫੜ੍ਹ ਕੇ ਅੰਦਰ ਦਿਓ। ਜੇ ਤੁਸੀਂ ਇਕੱਲੇ ਸ਼੍ਰੋਮਣੀ ਅਕਾਲੀ ਦਲ ਵਾਲਿਆਂ ਨੂੰ ਫੜ੍ਹ ਕੇ ਅੰਦਰ ਦੇਵੋਗੇ ਤਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੋਈ ਨਹੀਂ ਕਹੇਗਾ ਕਿ ਤੁਸੀਂ ਕੁਰੱਪਸ਼ਨ ਖਤਮ ਕਰਨ ਲਈ ਇਹ ਕੰਮ ਕੀਤਾ ਹੈ। ਸਪੀਕਰ ਸਾਹਿਬ, ਪਾਰਦਰਸ਼ਤਾ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਤਾਂ ਇਹ ਗੱਲ ਨਹੀਂ ਮੰਨਣੀ ਪਰ ਲੋਕ ਕਹਿੰਦੇ ਹਨ ਕਿ ਕਾਂਗਰਸ ਵਿੱਚ ਵੀ ਟਿਕਟਾਂ ਵਿੱਕੀਆਂ ਹਨ, 50-50 ਲੱਖ ਰੁਪਏ ਵਿੱਚ ਟਿਕਟਾਂ ਵਿੱਕੀਆਂ ਹਨ। ਇਹ ਮੈਂ ਨਹੀਂ ਕਹਿੰਦਾ, ਵੱਡੇ ਵੱਡੇ ਅਖਬਾਰਾਂ ਨੇ ਵੀ ਲਿਖਿਆ ਹੈ।

(ਇਕ ਆਵਾਜ਼ : ਤੁਸੀਂ ਟਿਕਟ ਲੈਣ ਗਏ ਸੀ?)

ਮੈਂ ਪਹਿਲਾਂ ਹੀ ਕਿਹਾ ਸੀ ਕਿ ਤੁਸੀਂ ਨਹੀਂ ਮੰਨਣਾ, ਮੈਨੂੰ ਕਿਸੇ ਨੇ ਦੱਸਿਆ ਹੈ ਕਿ ਮੈਂ 50 ਲੱਖ ਰੁਪਏ ਦੇ ਕੇ ਟਿਕਟ ਲਈ ਹੈ। ਸਪੀਕਰ ਸਾਹਿਬ, ਇਨ੍ਹਾਂ ਕੋਲ 4-5 ਗੱਲਾਂ ਹਨ। ਇਕ ਤਾਂ ਇਹ ਰਵੀ ਸਿੱਧੂ ਦੀ ਗੱਲ ਬਹੁਤ ਕਰਦੇ ਹਨ। ਸਪੀਕਰ ਸਾਹਿਬ, ਰਵੀ ਸਿੱਧੂ ਕਿਸ ਨੇ ਲਗਾਇਆ, ਕਾਂਗਰਸ ਪਾਰਟੀ ਨੇ ਲਗਾਇਆ। ਜੇ ਕਾਂਗਰਸ ਨਾ ਲਗਾਉਂਦੀ ਤਾਂ ਫੇਰ ਕੁਰੱਪਸ਼ਨ ਦੀਆਂ ਗੱਲਾਂ ਨਾ ਹੁੰਦੀਆਂ। ਇਨ੍ਹਾਂ ਨੂੰ ਸੋਚਣਾ ਚਾਹੀਦਾ ਸੀ। ਸਾਰੇ ਏਜੰਟ ਕਾਂਗਰਸੀ ਨਿਕਲੇ। ਅਸੀਂ ਤਿੰਨ ਮੈਂਬਰ ਲਗਾਏ। ਸਾਡੀ ਸਰਕਾਰ ਵੇਲੇ ਤਿੰਨ ਮੈਂਬਰ ਨਾਮਜ਼ਦ ਹੋਏ, ਉਹ ਸਾਰੇ ਹਾਈਕੋਰਟ ਤੱਕ ਮੁਕਾਬਲਾ ਕਰਦੇ ਰਹੇ। ਉਨ੍ਹਾਂ ਦੀ ਗਿਰਫਤਾਰੀ ਵੇਲੇ 2 ਕਰੋੜ ਰੁਪਏ ਦੀ ਗੱਲ ਸਾਹਮਣੇ ਆਈ ਕਿ 2 ਕਰੋੜ ਰੁਪਏ ਉਨ੍ਹਾਂ ਦੇ ਲਾਕਰ ਵਿਚੋਂ ਨਿਕਲੇ। ਸਪੀਕਰ ਸਾਹਿਬ, ਮੈਂ ਫਿਰ ਕਹਿੰਦਾ ਹਾਂ ਕਿ ਜਿਹੜੀ ਜਾਂਚ ਕੀਤੀ ਜਾ ਰਹੀ ਹੈ, ਇਸ ਤੋਂ ਸ਼ੱਕ ਪੈਦਾ ਹੁੰਦਾ ਹੈ। ਇਹ ਜਾਂਚ ਪਹਿਲਾਂ ਇੰਟੈਲੀਜੈਂਸ ਵਿੰਗ ਕਰ ਰਿਹਾ ਸੀ, ਉਸ ਤੋਂ ਕਿਉਂ ਬਦਲੀ ਗਈ? ਕੀ ਇਸ ਦਾ ਜਵਾਬ ਚੀਫ ਮਨਿਸਟਰ ਸਾਹਿਬ ਦੇ ਸਕਣਗੇ ? ਜਿਹੜੇ ਅਫ਼ਸਰ ਸੱਚ ਬੋਲੇ, ਉਨ੍ਹਾਂ ਨੂੰ ਖੁੱਡੇ ਲਾਈਨ ਲਗਾ ਦਿੱਤਾ ਗਿਆ। ਇਸ ਕਾਂਡ ਵਿੱਚ ਇੱਕ ਸਿਆਸਤਦਾਨ ਦਾ ਵੀ ਨਾਂ ਆਇਆ ਹੈ। ਉਹ ਸਾਡਾ ਗਵਾਂਢੀ ਹੈ। ਉਨ੍ਹਾਂ ਦੇ ਬੱਚੇ ਨੂੰ ਰਵੀ ਸਿੱਧੂ ਨੇ 75 ਵਿੱਚੋਂ 75 ਨੰਬਰ ਲਗਾ ਦਿੱਤੇ। ਮੇਰਾ ਨਾਂ ਲਿਆ ਗਿਆ ਕਿ ਚਿੱਠੀ ਲਿਖ ਦਿੱਤੀ। ਮੈਂ ਪਤਾ ਨਹੀਂ ਕਿਸ ਤਰ੍ਹਾਂ ਚਿੱਠੀ ਲਿਖ ਬੈਠਾ। ਮੈਂ ਮੰਨਦਾ ਹਾਂ ਕਿ ਮੈਂ ਗਲਤੀ ਨਾਲ ਚਿੱਠੀ ਲਿਖ ਦਿੱਤੀ। ਮੈਨੂੰ ਉਸ ਸਮੇਂ ਇਸ ਦੀ ਕੁਰੱਪਸ਼ਨ ਦਾ ਨਹੀਂ ਪਤਾ ਸੀ। ਮੈਂ ਸਮਝਦਾ ਸੀ ਕਿ ਪੰਜਾਬ ਦਾ ਕੋਈ ਬੰਦਾ ਉਥੇ ਕਮਿਸ਼ਨ ਵਿੱਚ ਨਹੀਂ ਹੈ। ਜੇ ਕੋਈ ਪੰਜਾਬੀ ਕਮਿਸ਼ਨ ਦਾ ਮੈਂਬਰ ਬਣ ਜਾਵੇਗਾ ਤਾਂ ਚੰਗਾ ਹੈ। ਸਪੀਕਰ ਸਾਹਿਬ, ਮੇਰੀ ਸਿਆਸੀ ਜ਼ਿੰਦਗੀ ਠੀਕ ਰਹੀ ਹੈ। ਮੈਂ ਕਿਸੇ ਦਾ ਨਾਂ ਲੈ ਕੇ ਨਹੀਂ ਬੋਲਿਆ। ਮੈਂ ਕਿਸੇ ਨੂੰ ਤਕਲੀਫ਼ ਨਹੀਂ ਦਿੱਤੀ। ਮੈਂ ਕਿਸੇ ਨੂੰ ਦੁੱਖ ਨਹੀਂ ਦਿੱਤਾ ਪਰ ਹੁਣ ਇਸ ਚੀਜ਼ ਦਾ ਅੰਤ ਆ ਗਿਆ ਹੈ। ਸਰਕਾਰ ਵਿੱਚ ਇੱਕ ਅਫਸਰ ਹੈ। ਉਸ ਅਫ਼ਸਰ ਨੇ ਮੈਨੂੰ ਨੁਕਸਾਨ ਦਿੱਤਾ ਪਰ ਮੈਂ ਉਸ ਨੂੰ ਫਿਰ ਵੀ ਮਾਫ ਕਰ ਦਿੱਤਾ। ਇੱਕ ਵਾਰ ਸਰਦਾਰ ਹਰਚਰਨ ਸਿੰਘ ਬਰਾੜ ਸਾਹਿਬ ਨਾਲ ਮੈਂ ਇਲੈਕਸ਼ਨ ਲੜ ਰਿਹਾ ਸੀ। ਇਹ ਲੰਬੀ ਕਹਾਣੀ ਹੈ। ਇਸ ਵਿੱਚ ਪੂਰੀ ਤਰ੍ਹਾਂ ਨਹੀਂ ਜਾਣਾ ਚਾਹੁੰਦਾ। ਮੈਂ ਜਿੱਤ ਰਿਹਾ ਸਾਂ ਪਰ ਜਿਹੜਾ ਰਿਟਰਨਿੰਗ ਅਫਸਰ ਇੰਚਾਰਜ ਸੀ, ਉਸ ਨੇ ਮੈਨੂੰ ਚਾਰ ਵੋਟਾਂ ਦੇ ਫਰਕ ਨਾਲ ਹਰਾ ਦਿੱਤਾ। ਮੈਂ ਫਿਰ ਬਾਅਦ ਵਿੱਚ ਮੁੱਖ ਮੰਤਰੀ ਬਣ ਗਿਆ। ਉਹ ਕਪੂਰਥਲੇ ਮੇਰੇ ਕੋਲ ਆਇਆ ਤੇ ਕਹਿਣ ਲੱਗਾ ਕਿ ਮੈਨੂੰ ਮਾਫ ਕਰ ਦਿਓ, ਮੇਰੇ ਤੋਂ ਗਲਤੀ ਹੋ ਗਈ ਹੈ। ਮੈਂ ਉਸ ਦਾ ਨਾਂ ਨਹੀਂ ਲੈਣਾ ਚਾਹੁੰਦਾ। ਮੈਂ ਕਿਹਾ ਕਿ ਤੂੰ ਗਲਤੀ ਕੀਤੀ ਤੇ ਮੇਰਾ ਨੁਕਸਾਨ ਹੋ ਗਿਆ ਪਰ ਜੇ ਮੈਂ ਵੀ ਗਲਤੀ

Original with;
Punjab Vidhan Sabha
Digitized by;
Panjab Digital Library

ਕਰਾਂਗਾ ਤਾਂ ਤੇਰਾ ਨੁਕਸਾਨ ਹੋ ਜਾਵੇਗਾ। ਚੌਧਰੀ ਜਗਜੀਤ ਸਿੰਘ ਉਸ ਅਫਸਰ ਦਾ ਨਾਂ ਜਾਣਦੇ ਹਨ। ਉਸ ਅਫਸਰ ਦਾ ਨਾਂ ਇਨ੍ਹਾਂ ਨੂੰ ਦੱਸ ਦੇਣਾ। ਆਪਾਂ ਭਰਾਵਾਂ ਵਾਂਗ ਹੀ ਗੱਲ ਕਰ ਰਹੇ ਹਾਂ। ਮੈਂ ਕਿਹਾ ਕਿ ਤੂੰ ਸਰਵਿਸ ਕਰਨੀ ਹੈ ਤੇ ਤੇਰੇ ਮਨ ਵਿੱਚ ਡਰ ਰਹੇਗਾ ਕਿ ਚੀਫ ਮਨਿਸਟਰ ਮੇਰੇ ਬਰਖਿਲਾਫ ਹੈ ਪਰ ਮੈਂ ਤੇਰਾ ਨੁਕਸਾਨ ਨਹੀਂ ਕਰਨਾ ਚਾਹੁੰਦਾ। ਜੇ ਦਿਲ ਵਿੱਚ ਹਾਲੇ ਵੀ ਡਰ ਹੈ ਤਾਂ ਤੂੰ ਹੀ ਦੱਸ ਕਿ ਕਿਹੜੀ ਚੰਗੀ ਤੋਂ ਚੰਗੀ ਪੋਸਟ ਤੂੰ ਲੈਣਾ ਚਾਹੁੰਦਾ ਹੈ ? ਚੌਧਰੀ ਜਗਜੀਤ ਸਿੰਘ ਜੀ ਉਸ ਨੂੰ ਜਾਣਦੇ ਹਨ। ਮੈਂ ਉਸ ਨੂੰ ਉਹੀ ਪੋਸਟ ਦਿੱਤੀ ਜਿਹੜੀ ਉਹ ਮੰਗਦਾ ਸੀ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਕੋਈ ਵੀ ਮੁੱਖ ਮੰਤਰੀ ਬਣ ਜਾਵੇ ਤਾਂ ਉਸ ਨੂੰ ਇਹੋ ਜਿਹੀਆਂ ਗੱਲਾ ਭੁੱਲਣੀਆਂ ਪੈਂਦੀਆਂ ਹਨ। ਇਹੋ ਜਿਹੇ ਕੰਡੇ ਨਹੀਂ ਬੀਜਣੇ ਚਾਹੀਦੇ ਜਿਸ ਨਾਲ ਕਿਸੇ ਦਾ ਨੁਕਸਾਨ ਹੋਵੇ। ਮੈਂ ਇੱਕ ਹੋਰ ਅਫਸਰ ਨੂੰ ਯਾਦ ਕਰਦਾ ਹਾਂ। ਜਦੋਂ ਪਾਰਲੀਮੈਂਟ ਦੀ ਇਲੈਕਸ਼ਨ ਹੋਈ ਸੀ ਤਾਂ ਉਦੋਂ ਸਾਡੇ ਸਾਰੇ ਮੈਂਬਰ ਜਿੱਤ ਗਏ ਸਨ, ਐਮਰਜੰਸੀ ਤੋਂ ਬਾਅਦ। ਸਪੀਕਰ ਸਾਹਿਬ, ਉਦੋਂ ਫਿਰੋਜ਼ਪੁਰ ਵੀ ਇਲੈਕਸ਼ਨ ਹੋ ਰਹੀ ਸੀ। ਮੈਂ ਫਰੀਦਕੋਟ ਤੋਂ ਖੜ੍ਹਾ ਸੀ। ਮੈਨੂੰ ਕਿਸੇ ਨੇ ਦੱਸਿਆ ਕਿ ਫਿਰੋਜ਼ਪੁਰ ਗੋਲੀ ਚੱਲਣ ਵਾਲੀ ਹੈ। ਉਥੇ ਬੁਰੇ ਹਾਲਾਤ ਹਨ। ਮੈਂ ਦੌੜ ਕੇ ਉਥੇ ਗਿਆ। ਉਦੋਂ ਸਰਦਾਰ ਮਹਿੰਦਰ ਸਿੰਘ ਕਾਂਗਰਸ ਦੇ ਕੈਂਡੀਡੇਟ ਸਨ ਅਤੇ ਸਰਦਾਰ ਮਹਿੰਦਰ ਸਿੰਘ ਨਾਂ ਦੇ ਹੀ ਸਾਡੇ ਕੈਂਡੀਡੇਟ ਸਨ ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ। ਜਿਹੜੇ ਕਾਂਗਰਸੀ ਕੈਂਡੀਡੇਟ ਸਨ, ਉਨ੍ਹਾਂ ਦਾ ਕੁੜਮ ਉਸ ਸਮੇਂ ਉਥੇ ਡੀ.ਸੀ. ਸੀ. ਜਿਸ ਤਰ੍ਹਾਂ ਕਿਸੇ ਨਾਲ ਹਮਦਰਦੀ ਹੁੰਦੀ ਹੈ, ਮੇਰੇ ਮਾਮਾ ਜੀ ਮੇਰੇ ਨਾਲ ਗਏ। ਅਸੀਂ ਦੋਵੇਂ ਕਾਊਂਟਿੰਗ ਹਾਲ ਵਿੱਚ ਪਹੁੰਚੇ, ਡੀ.ਸੀ. ਨੇ ਫੌਜ ਦੇ ਬ੍ਰਿਗੇਡੀਅਰ ਨੂੰ ਸੱਦਿਆ ਤੇ ਉਸ ਨੂੰ ਕਿਹਾ ਕਿ ਗੋਲੀ ਚਲਾ ਦਿਓ। ਉਸ ਨੇ ਜ਼ਬਾਨੀ ਆਰਡਰ ਕੀਤਾ ਤੇ ਬ੍ਰਿਗੇਡੀਅਰ ਲਿਖਤੀ ਆਰਡਰ ਮੰਗਦਾ ਸੀ। ਇੱਥੇ ਗੱਲ ਅੜ ਗਈ। ਸਪੀਕਰ ਸਾਹਿਬ, ਮੇਰੇ ਮਾਮਾ ਜੀ ਹੁਸ਼ਿਆਰਪੁਰ ਦੇ ਸਨ ਅਤੇ ਮੇਜਰ ਸਨ। ਉਨ੍ਹਾਂ ਨੇ ਬ੍ਰਿਗੇਡੀਅਰ ਨੂੰ ਬੁਲਾ ਕੇ ਕਿਹਾ ਕਿ ਕੀ ਤੂੰ ਇਸ ਬੰਦੇ ਨੂੰ ਜਾਣਦਾ ਹੈਂ ? ਉਸ ਨੇ ਕਿਹਾ ਕਿ ਨਹੀਂ। ਉਹ ਕਹਿਣ ਲੱਗੇ ਕਿ ਇਹ ਪ੍ਰਕਾਸ਼ ਸਿੰਘ ਬਾਦਲ ਹੈ ਅਤੇ ਇਸ ਨੇ ਸੈਂਟਰ ਵਿੱਚ ਡਿਫੈਂਸ ਮਨਿਸਟਰ ਬਣਨਾ ਹੈ। ਸਾਡੇ ਇਹ ਗੱਲ ਲੋਟ ਆ ਗਈ। ਉਹ ਕਹਿਣ ਲੱਗਾ ਕਿ ਮੈਂ ਗੋਲੀ ਨਹੀਂ ਚਲਾਉਂਦਾ। ਤੁਸੀਂ ਭਾਵੇਂ ਉਸ ਅਫਸਰ ਨੂੰ ਪੁੱਛ ਲਓ। ਮੈਂ ਉਸ ਤੋਂ ਥੋੜ੍ਹਾ ਚਿਰ ਬਾਅਦ ਇਥੇ ਮੁੱਖ ਮੰਤਰੀ ਦੀ ਕੁਰਸੀ ਤੇ ਬੈਠਾ ਸੀ। ਪਹਿਲਾ ਕੰਮ ਕੁਰਸੀ ਤੇ ਬੈਠ ਕੇ ਮੈਂ ਇਹ ਕੀਤਾ ਕਿ ਉਸ ਅਫ਼ਸਰ ਨੂੰ ਸੱਦਿਆ। ਉਹ ਬੜਾ ਵੱਡਾ ਅਫ਼ਸਰ ਸੀ। ਮੈਂ ਉਸ ਨੂੰ ਆਖਿਆ ਕਿ ਤੇਰੇ ਮਨ ਵਿੱਚ ਇਹੀ ਪਾਪ ਹੋਏਗਾ ਪਰ ਮੈਂ ਤੇਰਾ ਕੋਈ ਨੁਕਸਾਨ ਨਹੀਂ ਕਰਨਾ। ਪਰ ਹੁਣ ਮੈਂ ਥੋੜ੍ਹਾ ਬਦਲ ਗਿਆ ਹਾਂ। ਇਹ ਵੀ ਮੈਂ ਦੱਸ ਦੇਵਾਂ ਕਿ ਹੁਣ ਪਹਿਲਾਂ ਵਾਲੀ ਗੱਲ ਨਹੀਂ ਰਹੀ। ਜੋ ਸਾਡੇ ਨਾਲ ਹੋਈ ਹੈ, ਜੋ ਸਾਡੇ ਨਾਲ ਕੀਤਾ ਹੈ, ਪ੍ਰਮਾਤਮਾ ਸਾਨੂੰ ਅਗਰ ਮੌਕਾ ਦੇਵੇ ਤਾਂ ਉਨ੍ਹਾਂ ਅਫ਼ਸਰਾਂ ਨੂੰ, ਜਿਹੜੇ ਹੁਣ ਧੱਕਾ ਕਰ ਰਹੇ ਹਨ, ਉਨ੍ਹਾਂ ਨੂੰ ਵਾਰ ਕ੍ਰਿਮੀਨਲ ਦੀ ਤਰ੍ਹਾਂ ਟਰੀਟ ਕੀਤਾ ਜਾਵੇਗਾ।

**ਮੁੱਖ ਮੰਤਰੀ (ਬੈਠੇ ਬੈਠੇ)** : ਕੀ ਤੁਸੀਂ ਧਮਕੀ ਦੇ ਰਹੇ ਹੋ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਧਮਕੀ ਨਹੀਂ ਦੇ ਰਿਹਾ, ਮੈਂ ਸੱਚ ਕਹਿ ਰਿਹਾ ਹਾਂ। ਮੈਂ ਕਲੀਅਰ ਵੀ ਬਹੁਤ ਹਾਂ। ਹੁਣ ਖਹਿੜਾ ਤੁਹਾਡਾ ਵੀ ਨਹੀਂ ਛੱਡਣਾ। ਜੇ ਸਾਨੂੰ ਫੜ ਵੀ ਲਵੋ ਤਾਂ ਅਸੀਂ ਨਿਭ ਲਵਾਂਗੇ, ਹੋਰ ਕੁੱਟ ਖਾ ਲਵਾਂਗੇ, ਹੋਰ ਬੇਇਜ਼ਤੀ ਸਹਿ ਲਵਾਂਗੇ। ਫਿਰ ਮੈਨੂੰ ਕਹਿਣਾ ਪੈਂਦਾ ਹੈ ਕਿ ਦੂਜਿਆਂ ਨੂੰ ਤਾਂ ਫੜ-ਫੜ ਕੇ ਅੰਦਰ ਕਰ ਰਹੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਹੋ ਪਰ ਤੁਹਾਡੇ (ਮੁੱਖ ਮੰਤਰੀ ਵੱਲ ਇਸ਼ਾਰਾ) ਪ੍ਰਿੰਸੀਪਲ ਸੈਕ੍ਰੇਟਰੀ ਨੇ 11 ਨਾਇਬ ਤਹਿਸੀਲਦਾਰ ਰੱਖੇ ਹਨ, ਉਸ ਨੂੰ ਕਿਉਂ ਛੱਡਿਆ ਹੈ। 11 ਨਾਇਬ ਤਹਿਸੀਲਦਾਰ ਰੱਖੇ ਹਨ, ਨਾ ਕੋਈ ਅਰਜ਼ੀ ਲਈ, ਨਾ ਪਰਚਾ ਲਿਆ, ਨਾ ਲੈਣਾ ਨਾ ਦੇਣਾ। 11 ਨਾਇਬ ਤਹਿਸੀਲਦਾਰ ਕਮਿਸ਼ਨਰ ਨੇ ਰੱਖੇ। ਸਪੀਕਰ ਸਾਹਿਬ, ਉਹ ਅੱਜ ਸਭ ਤੋਂ ਜ਼ਿਆਦਾ ਤਾਕਤਵਾਰ ਹੈ। ਮੁੱਖ ਮੰਤਰੀ ਤੋਂ ਜ਼ਿਆਦਾ ਉਸ ਦੀ ਮੰਨਦੇ ਹਨ। ਵੱਡੇ-ਵੱਡੇ ਅਫ਼ਸਰ ਵੀ ਉਸ ਤੋਂ ਡਰਦੇ ਹਨ। ਉਸ ਨੇ 11 ਨਾਇਬ ਤਹਿਸੀਲਦਾਰ ਰੱਖੇ ਪਰ ਇਨ੍ਹਾਂ ਨੇ ਕੁਝ ਨਹੀਂ ਕੀਤਾ। ਇਸੇ ਤਰ੍ਹਾਂ, ਸਪੀਕਰ ਸਾਹਿਬ, ਚਲੋ ਬਹੁਤਿਆਂ ਦਾ ਨਾਮ ਨਾ ਲਈਏ। ਇੱਕ ਹੋਰ ਆਈ.ਜੀ., ਪੁਲਿਸ ਹੈ। ਬੜੀ ਬਦਕਿਸਮਤੀ ਹੈ ਕਿ ਮੈਨੂੰ ਇਹੋ ਜਿਹੀਆਂ ਗੱਲਾਂ ਕਰਨੀਆਂ ਪਈਆਂ ਹਨ ਲੇਕਿਨ ਹੁਣ ਮੌਕਾ ਹੀ ਇਹੋ ਜਿਹਾ ਹੈ। ਹੁਣ ਡਾਂਗੋ ਸੋਟੀ ਹੋਏ ਪਏ ਹਾਂ। ਉਸ ਨੇ ਆਪਣੇ ਲੜਕੇ ਨੂੰ ਇੰਸਪੈਕਟਰ ਲਗਾ ਲਿਆ। ਉਸ ਵਿੱਚ ਕੀ ਖਾਸ ਗੱਲ ਸੀ ਕਿ ਡਾਇਰੈਕਟ ਇੰਸਪੈਕਟਰ ਲਾਉਣਾ ਪਿਆ? ਇਸੇ ਤਰ੍ਹਾਂ ਇੱਕ ਹੋਰ ਲੜਕਾ ਹੈ, ਆਪਣੇ ਐਮ.ਐਲ.ਏ. ਸਾਹਿਬ ਬੈਠੇ ਹਨ, ਉਹ ਬੋਲੇ ਵੀ ਸੀ। ਸੌਰੀ, ਮੰਤਰੀ ਸਾਹਿਬ ਹਨ। ਪਤਾ ਹੀ ਨਹੀਂ ਲੱਗਦਾ ਕਿ ਕੌਣ ਮੰਤਰੀ ਬਣ ਗਿਆ ਹੈ। ਅਸੀਂ ਤਾਂ ਲਿਸਟ ਹੀ ਕਦੇ ਨਹੀਂ ਵੇਖੀ। ਉਸ ਹਰਮਨਬੀਰ ਸਿੰਘ ਗਿੱਲ ਨੂੰ ਡੀ.ਐਸ.ਪੀ. ਤੋਂ ਐਸ.ਪੀ. ਬਣਾ ਦਿੱਤਾ.......

**ਸਰਦਾਰ ਜਸਬੀਰ ਸਿੰਘ ਗਿੱਲ (ਡਿੰਪਾ)** : ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ।

**ਸ਼੍ਰੀ ਸਪੀਕਰ** : ਤੁਸੀਂ ਜੋ ਕੁਝ ਪੁੱਛਣਾ ਹੋਵੇਗਾ, ਉਹ ਸਪੀਚ ਤੋਂ ਬਾਅਦ ਪੁੱਛ ਲੈਣਾ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਇਨ੍ਹਾਂ ਨੇ ਕੋਈ ਮੈਰਿਟ ਦੇਖੀ ਹੋਵੇ, ਕੋਈ ਸੀਨੀਆਰਤਾ ਦੇਖੀ ਹੋਵੇ ਤਾਂ ਠੀਕ ਹੈ। ਲੇਕਿਨ ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਉਸ ਨੇ ਜੋ ਗੱਲ ਕਹੀ, ਉਸ ਨੇ ਦਲੇਰੀ ਕੀਤੀ ਹੈ ਔਰ ਦਲੇਰੀ ਵੀ ਕਿਸੇ ਜ਼ੋਰ ਨਾਲ ਹੀ ਆਉਂਦੀ ਹੈ। ਉਸ ਨੇ ਕਿਹਾ ਹੈ, ਹਿੰਦੁਸਤਾਨ ਟਾਈਮਜ਼ ਵਿੱਚ ਉਸ ਦਾ ਬਿਆਨ ਛਪਿਆ ਹੈ ਕਿ ਜਿਹੜੇ 12 ਅਫ਼ਸਰ ਮੇਰੇ ਤੋਂ ਸੀਨੀਅਰ ਹਨ, ਉਹ ਸਾਰੇ ਨਿਕੰਮੇ ਹਨ ਅਤੇ ਨਲਾਇਕ ਹਨ। ਉਸ ਨੇ ਆਖਿਆ ਹੈ ਕਿ ਇਸ ਕਰਕੇ ਮੈਨੂੰ ਤਰੱਕੀ ਦੇ ਕੇ ਕੋਈ ਗਲਤ ਕੰਮ ਨਹੀਂ ਕੀਤਾ। ਹੁਣ ਜਾਂ ਤਾਂ ਮੁੱਖ ਮੰਤਰੀ ਸਾਹਿਬ ਇਨਕੁਆਇਰੀ ਕਰਨ ਕਿ ਕੀ ਉਹ 12 ਅਫ਼ਸਰ ਨਿਕੰਮੇ ਹਨ? ਫਿਰ ਨਿਕੰਮਿਆਂ ਨੂੰ ਕਿਉਂ ਰੱਖਿਆ ਹੈ? ਇਸ ਤਰ੍ਹਾਂ ਸਰਦਾਰ ਸਰਦੂਲ ਸਿੰਘ ਨੇ ਵੀ ਫਾਇਦਾ ਲੈ ਲਿਆ। ਜਦੋਂ ਤੰਦੂਰ ਭਖਿਆ ਹੋਵੇ ਤਾਂ ਚਾਰ ਰੋਟੀਆਂ ਲਗਾ ਲਓ ਤਾਂ ਕੀ ਫਰਕ ਪੈਂਦਾ ਹੈ। ਇਥੇ ਇੱਕ ਤੰਦੂਰ ਸਾਡੇ ਖਿਲਾਫ ਭਖਿਆ ਹੈ ਅਤੇ ਦੂਜਾ ਇਹ ਹੈ। ਇਸ ਤਰ੍ਹਾਂ ਸਰਦਾਰ ਸਰਦੂਲ ਸਿੰਘ ਹੁਰਾਂ ਨੇ ਦਾਅ ਲਗਾ ਲਿਆ ਤਾਂ ਕੀ ਹੈ। ਸਾਡਾ ਤਾਂ ਉਹ ਭਤੀਜਾ ਹੀ ਹੋ ਗਿਆ ਲੇਕਿਨ ਉਹ ਵੀ ਬਣ ਗਿਆ। ਬਾਜਵਾ ਸਾਹਿਬ, ਤੁਹਾਡਾ ਵੀ ਐਫੀਡੈਵਿਟ ਸੀ, ਉਹ ਵੀ ਪਤਾ ਨਹੀਂ ਕਿੱਥੇ ਚਲਾ ਗਿਆ। ਇਨ੍ਹਾਂ ਦੇ ਪਿਤਾ ਜੀ ਮੇਰੇ ਬਹੁਤ ਹੀ ਪਿਆਰੇ ਮਿੱਤਰ ਸਨ। ਮੈਂ ਕਈ ਵਾਰ ਇਨ੍ਹਾਂ ਦੇ ਰਿਆੜ ਗਿਆ ਹਾਂ ਔਰ ਮਾਂਹ ਦੀ ਦਾਲ ਇਨ੍ਹਾਂ ਦੇ ਘਰ ਜਾ ਕੇ ਬੀਬੀ ਜੀ ਤੋਂ ਖਾਧੀ ਹੈ। ਹੁਣ ਜੇ ਜਾਈਏ ਤਾਂ ਪਤਾ ਨਹੀਂ ਫੜ ਹੀ ਲੈਣ।

**ਲੋਕ ਨਿਰਮਾਣ (ਭਵਨ ਅਤੇ ਮਾਰਗ) ਅਤੇ ਚੋਣਾਂ ਮੰਤਰੀ (ਬੈਠੇ ਬੈਠੇ)** : ਤੁਸੀਂ ਆਓ ਤਾਂ ਸਹੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਇਸ ਬਾਰੇ ਤਾਂ ਪਹਿਲਾਂ ਹੀ ਜ਼ਿਕਰ ਹੋ ਗਿਆ ਹੈ। ਇਨ੍ਹਾਂ ਦੇ ਆਪਣੇ ਹੀ ਪ੍ਰਧਾਨ ਸਾਹਿਬ ਨੇ ਵੀ ਕਿਹਾ ਕਿ ਭ੍ਰਿਸ਼ਟਾਚਾਰ ਹੁਣ ਸਭ ਤੋਂ ਜ਼ਿਆਦਾ ਵਧ ਗਿਆ ਹੈ। ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਭਾਵੇਂ ਅਖਬਾਰਾਂ ਵਿੱਚ ਪਰਾਪੇਗੰਡਾ ਹੋ ਜਾਵੇ ਕਿ ਜਿਹੜੀ ਅਕਾਲੀ ਸਰਕਾਰ ਸੀ, ਉਹ ਕੁਰੱਪਟ ਸੀ ਪਰ ਤੁਹਾਡੇ ਕਹਿਣ ਨਾਲ ਅਸੀਂ ਭ੍ਰਿਸ਼ਟ ਨਹੀਂ ਬਣਦੇ। ਜਾਂ ਤਾਂ ਕੋਈ ਇੰਡੀਪੈਂਡੈਂਟ ਏਜੰਸੀ ਆਖੇ, ਜਾਂ ਹਾਈ ਕੋਰਟ ਦਾ ਜੱਜ ਆਖੇ। ਜੇ ਵਿਜੀਲੈਂਸ ਦੇ ਇੰਸਪੈਕਟਰ ਸਾਨੂੰ ਕੁਰੱਪਟ ਆਖਣਗੇ ਤਾਂ ਕੀ ਅਸੀਂ ਕੁਰੱਪਟ ਹੋ ਜਾਵਾਂਗੇ? ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸ ਦਿੰਦਾ ਹਾਂ ਕਿ ਦੇਸ਼ ਵਿੱਚ 'ਇੰਡੀਆ ਟੂਡੇ' ਅਤੇ 'ਮਾਰਗ' ਬੜੇ ਨੋਨ ਰਸਾਲੇ ਹਨ। ਇਹ ਸਰਵੇ ਕਰਦੇ ਰਹਿੰਦੇ ਹਨ। ਸਾਡੀ ਸਰਕਾਰ ਦੇ ਅਖੀਰਲੇ ਸਾਲ ਵਿੱਚ ਉਨ੍ਹਾਂ ਨੇ ਜੋ ਸਰਵੇ ਕਰਕੇ ਅਖਬਾਰਾਂ ਦੇ ਵਿੱਚ ਛਾਪਿਆ ਸੀ, ਉਨ੍ਹਾਂ ਦੇ ਕੀਤੇ ਹੋਏ ਸਰਵੇ ਤੇ ਕੋਈ ਕਿੰਤੂ ਪਰੰਤੂ ਨਹੀਂ ਕਰ ਸਕਦਾ, ਸਾਡੀ ਸਕਰਾਰ ਦੇ ਅਖੀਰਲੇ ਸਾਲ ਦੇ ਵਿਚ ਜੋ ਉਨ੍ਹਾਂ ਨੇ ਸਰਵੇ ਕੀਤਾ ਤਾਂ ਉਨ੍ਹਾਂ ਨੇ ਪੰਜਾਬ ਨੂੰ ਦੇਸ਼ ਦੀਆਂ ਚਾਰ ਇਮਾਨਦਾਰ ਨਿਜ਼ਾਮ ਵਾਲੀਆਂ ਸਟੇਟਾਂ ਦੇ ਵਿੱਚ ਗਿਣਿਆ ਹੈ (ਰੂਲਿੰਗ ਪਾਰਟੀ ਵੱਲੋਂ ਹਾਸਾ) ਸਪੀਕਰ ਸਾਹਿਬ, ਇਹ ਹਾਸੇ-ਹੁੱਸੇ ਨਾਲ ਕੰਮ ਨਹੀਂ ਚਲਦਾ, ਇਹ ਅਸਲੀਅਤ ਹੈ। ਸਪੀਕਰ ਸਾਹਿਬ, ਇਹ ਸਟੇਟਾਂ ਹਨ—ਪੱਛਮੀ ਬੰਗਾਲ, ਕੇਰਲਾ, ਰਾਜਸਥਾਨ ਅਤੇ ਪੰਜਾਬ ਜਿਹੜੀਆਂ ਕਿ ਇਮਾਨਦਾਰੀ ਵਾਲੀਆਂ ਸਟੇਟਾਂ ਉਸ ਸਰਵੇ ਕਰਨ ਵਾਲੀ ਕੰਪਨੀ ਨੇ ਦੱਸੀਆਂ ਹਨ।

ਸਪੀਕਰ ਸਾਹਿਬ, ਮੈਂ ਬਹੁਤਾ ਨਹੀਂ ਕਹਿੰਦਾ। ਹੁਣ ਥੋੜ੍ਹੀ ਜਿਹੀ ਗੱਲ ਮੈਂ ਐਕਸਾਈਜ਼ ਦੀ ਪਾਲਿਸੀ ਦੇ ਬਾਰੇ ਵੀ ਕਰਨੀ ਚਾਹੁੰਦਾ ਹਾਂ। ਇਸ ਐਕਸਾਈਜ਼ ਪਾਲਿਸੀ ਦੇ ਵਿਚ ਇਹ ਕਰ ਦਿੱਤਾ ਹੈ ਕਿ 8 ਕਰੋੜ ਰੁਪਏ ਤੱਕ ਇੱਕ ਗਰੁੱਪ ਦਾ ਯੂਨਿਟ ਬਣੇਗਾ ਤੇ ਜੇਕਰ ਥੋੜ੍ਹੀ ਜਿਹੀ ਮਜਬੂਰੀ ਹੋਵੇ ਇਨ ਦੀ ਇੰਟਰਸਟ ਆਫ਼ ਦੀ ਸਟੇਟ ਤਾਂ ਇਹ 15 ਕਰੋੜ ਰੁਪਏ ਕਮਿਸ਼ਨਰ ਕਰ ਸਕਦਾ ਹੈ। ਫਿਰ ਜੇਕਰ ਸਰਕਾਰ ਦੀ ਥੋੜ੍ਹੀ ਮਜਬੂਰੀ ਹੋਵੇ, ਸਰਕਾਰ ਦੀ ਮਜਬੂਰੀ ਬਾਰੇ ਤੁਹਾਨੂੰ ਪਤਾ ਹੀ ਹੈ ਕਿ ਕੀ ਹੁੰਦੀ ਹੈ ਤਾਂ ਇਹ ਹੋਰ ਥੋੜ੍ਹਾ ਵਧਾ ਸਕਦੇ ਹਾਂ। ਇਸ ਦਾ ਮਤਲਬ ਸੀ ਕਿ ਵੱਡੇ-ਵੱਡੇ ਗਰੁੱਪ ਨਾ ਬਣਾਏ ਜਾਣ। ਹੁਣ ਇਨ੍ਹਾਂ ਦੀ ਇਮਾਨਦਾਰੀ ਵਾਲੀ ਸਰਕਾਰ ਦਾ ਹਾਲ ਦੇਖ ਲਵੋ। ਇਨ੍ਹਾਂ ਨੇ ਲੁਧਿਆਣਾ ਵਿਚ 83 ਕਰੋੜ ਰੁਪਏ ਦਾ ਇਕ ਗਰੁੱਪ ਬਣਾਇਆ ਹੈ। 83 ਕਰੋੜ ਰੁਪਏ ਦਾ ਗਰੁੱਪ ਇੱਕ ਬੰਦੇ ਦਾ ਉਹ ਵੀ ਇਨ੍ਹਾਂ ਨੇ ਉਸ ਬੰਦੇ ਦੇ ਨਾਲ ਨਵੀਂ-ਨਵੀਂ ਯਾਰੀ ਲਗਾਈ ਹੈ ਔਰ ਉਸ ਨੇ ਪਿਛਲੀਆਂ ਇਲੇਕਸ਼ਨਾ ਦੇ ਵਿੱਚ ਵੀ ਕਾਂਗਰਸੀਆਂ ਨੂੰ ਮੱਦਦ ਦਿੱਤੀ ਹੈ, ਉਹ ਸ਼ਾਇਦ ਸ਼੍ਰੀ ਚੱਢਾ ਨਾਮ ਦਾ ਵਿਅਕਤੀ ਹੈ। (ਵਿਘਨ) ਸਪੀਕਰ ਸਾਹਿਬ, ਅਸਲ ਵਿਚ ਮੈਂ ਉਸ ਦਾ ਨਾਮ ਤਾਂ ਨਹੀਂ ਜਾਣਦਾ। ਜੇਕਰ ਮੇਰੇ ਟਰੈਜ਼ਰੀ ਬੈਂਚਾਂ ਵਾਲਿਆਂ ਨੂੰ ਪਤਾ ਹੈ ਤਾਂ ਇਹ ਦੱਸ ਦੇਣ, ਤੁਸੀਂ ਕਹਿ ਦਿਉ ਕਿ ਤੁਹਾਡਾ (ਰੂਲਿੰਗ ਪਾਰਟੀ ਵੱਲ ਇਸ਼ਾਰਾ) ਮਿੱਤਰ ਸੀ। ਜੇਕਰ ਉਸ ਵਿਅਕਤੀ ਨੂੰ ਮੇਰੇ ਸਾਹਮਣੇ ਲਿਆ ਕੇ ਖੜ੍ਹਾ ਵੀ ਕਰ ਦਿੱਤਾ ਜਾਵੇ ਤਾਂ ਮੈਂ ਉਸ ਨੂੰ ਪਹਿਚਾਣ ਹੀ ਨਹੀਂ ਸਕਦਾ। ਇਸ ਤੋਂ ਇਲਾਵਾ ਇੱਕ ਹੋਰ 53 ਕਰੋੜ ਰੁਪਏ ਦਾ ਗਰੁੱਪ ਬਣਾਇਆ ਹੈ। ਇਸ ਤੋਂ ਇਲਾਵਾ ਮਹਾਰਾਜਾ ਸਾਹਿਬ ਨੇ ਆਪਣੇ ਸ਼ਹਿਰ ਵਿੱਚ 30 ਕਰੋੜ ਰੁਪਏ ਦਾ ਯੂਨਿਟ ਦਿੱਤਾ ਹੈ। ਇਸ ਦਾ ਨੁਕਸਾਨ ਕੀ ਹੋਵੇਗਾ। ਸਰਕਾਰ ਕਹਿੰਦੀ ਹੈ ਕਿ ਰੇਵੇਨਿਊ ਵੱਧ ਇਕੱਠਾ ਹੋਇਆ ਹੈ। ਇਸ ਦਾ ਨੁਕਸਾਨ ਇਹ ਹੋਵੇਗਾ ਕਿ ਜੇਕਰ ਪੰਜਾਬ ਦੇ ਵਿੱਚ ਇਸ ਤਰ੍ਹਾਂ ਦੇ ਵੱਡੇ-ਵੱਡੇ ਬੰਦਿਆਂ ਦੀ ਮਨਾਪਲੀ ਬਣਾ ਦਿੱਤੀ ਤਾਂ ਜਿਹੜੇ ਪੰਜਾਬ ਦੇ ਵਿੱਚ ਇਸ ਬਿਜ਼ਨੇਸ ਵਿਚ ਛੋਟੇ-ਛੋਟੇ ਹਜ਼ਾਰਾਂ ਬੰਦੇ ਲਗੇ ਹੋਏ ਹਨ,

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਅਨਇੰਪਲਾਇਮੈਂਟ ਤਾਂ ਪਹਿਲਾਂ ਹੀ ਇੰਨੀ ਜ਼ਿਆਦਾ ਹੈ, ਜੇਕਰ ਇਥੇ ਚੱਢੇ ਵਰਗੇ ਵੱਡੇ-ਵੱਡੇ ਬੰਦੇ ਆ ਗਏ ਤਾਂ ਇਸ ਦੇ ਨਾਲ ਹਜ਼ਾਰਾਂ ਲੋਕਾਂ ਦਾ ਜਿਹੜੇ ਇਸ ਕੰਮ ਲੱਗੇ ਹੋਏ ਹਨ, ਨੁਕਸਾਨ ਹੋਵੇਗਾ। ਹਜ਼ਾਰਾਂ ਲੋਕ ਇਸ ਕੰਮ ਵਿਚ ਲੱਗੇ ਹੋਏ ਹਨ। ਸਰਦਾਰ ਅਮਰੀਕ ਸਿੰਘ ਢਿੱਲੋਂ ਹੁਰਾਂ ਦਾ ਵੀ ਇਸ ਦੇ ਵਿਚ ਹਿੱਸਾ ਹੈ। ਸਪੀਕਰ ਸਾਹਿਬ, ਇਸ ਦਾ ਦੂਜਾ ਵੱਡਾ ਨੁਕਸਾਨ ਇਹ ਹੁੰਦਾ ਹੈ ਕਿ ਜਿਹੜੀ ਸ਼ਰਾਬ ਵਿਕਦੀ ਹੈ ਉਹ ਖਰਾਬ ਵਿਕਦੀ ਹੈ। ਜੇਕਰ ਤੁਸੀਂ ਲੁਧਿਆਣਾ ਜਾਂ ਪਟਿਆਲਾ ਵਿਖੇ ਵੱਡੇ-ਵੱਡੇ ਬੰਦਿਆਂ ਦੀ ਮਨਾਪਲੀ ਬਣਾ ਦਿੱਤੀ ਤਾਂ ਉਨ੍ਹਾਂ ਨੇ ਆਪਣੇ ਮੁਤਾਬਿਕ ਹੀ ਸ਼ਰਾਬ ਵੇਚਣੀ ਹੈ, ਮਾੜੀ ਸ਼ਰਾਬ ਹੀ ਵੇਚਣਗੇ ਔਰ ਇਸ ਤੇ ਐਕਸਾਈਜ਼ ਚਾਰਜ ਵੀ ਕਰਨਗੇ। ਮੈਂ ਕਹਿੰਦਾ ਹਾਂ ਕਿ ਸਰਕਾਰ ਇਸ ਪਾਲਿਸੀ ਨੂੰ ਬਦਲ ਦੇਵੇ। ਵੈਸੇ ਮੈਨੂੰ ਇਸ ਤਰ੍ਹਾਂ ਇਸ ਪਾਲਿਸੀ ਨੂੰ ਬਦਲਣ ਦਿੱਤੇ ਜਾਣ ਦੀ ਕੋਈ ਆਸ ਨਹੀਂ ਹੈ। ਸਪੀਕਰ ਸਾਹਿਬ, ਇਸ ਦੇ ਨਾਲ ਹੀ ਇਹ ਵੀ ਹੋਇਆ ਕਿ ਉਥੇ ਨਿਲਾਮੀ ਦੇ ਵੇਲੇ ਲੋਕਾਂ ਵੱਲੋਂ ਨਾਅਰੇ ਲਗਾਏ ਗਏ, ਸਰਕਾਰ ਦੇ ਖਿਲਾਫ਼ ਮੁਰਦਾਬਾਦ ਦੇ ਨਾਅਰੇ ਲਗਾਏ ਗਏ। ਉਹ ਇਸ ਕਰਕੇ ਕਿਉਂਕਿ ਠੇਕਿਆਂ ਦੀ ਨਿਲਾਮੀ 10 ਵਜੇ ਹੋਣੀ ਸੀ ਪਰ ਠੇਕਿਆਂ ਦੀ ਨਿਲਾਮੀ ਸ਼ਾਮ ਨੂੰ ਪੰਜ ਵਜੇ ਕੀਤੀ ਗਈ। ਕੀ ਇਹ ਗੁੱਡ ਗਵਰਨੈਂਸ ਵਾਲੀ ਗੱਲ ਹੈ?

**ਸ਼੍ਰੀ ਸਪੀਕਰ** : ਬਾਦਲ ਸਾਹਿਬ, ਤੁਸੀਂ ਹੋਰ ਕਿੰਨਾ ਸਮਾਂ ਲਵੋਗੇ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸੀ.ਐਮ. ਸਾਹਿਬ ਵੀ ਜਿੰਨਾ ਮਰਜ਼ੀ ਬੋਲੀ ਜਾਣ ਤੇ ਇਸ ਲਈ ਮੈਨੂੰ ਵੀ ਬੋਲਣ ਦੇ ਲਈ ਪੂਰਾ ਸਮਾਂ ਦਿੱਤਾ ਜਾਵੇ। ਆਪਾਂ ਬਾਹਰ ਤਾਂ ਕੁਝ ਕਰ ਨਹੀਂ ਸਕਦੇ, ਇੱਥੇ ਹੀ ਕੱਟਾ-ਕੱਟੀ ਕਰ ਲਈਏ। ਸਪੀਕਰ ਸਾਹਿਬ, ਮੈਂ ਮਹਾਰਾਜਾ ਸਾਹਿਬ ਦੀ ਬੜੀ ਇੱਜ਼ਤ ਕਰਦਾ ਹੁੰਦਾ ਸੀ ਤੇ ਅਸੀਂ ਉਸ ਵੇਲੇ ਆਪਸ ਵਿਚ ਜੱਫੀਆਂ ਵੀ ਪਾ ਲੈਂਦੇ ਸੀ। ਪਰ ਹੁਣ ਮੈਂ ਮਹਾਰਾਜਾ ਸਾਹਿਬ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਜਿਸ ਵਿਅਕਤੀ ਨੂੰ ਮਹਾਰਾਜਾ ਸਾਹਿਬ ਜੱਫੀ ਪਾਉਣਗੇ ਤਾਂ ਇਹ ਉਸ ਦਾ ਉਲਟਾ ਪਾਸਾ ਹੈ, ਧੋਖਾ ਹੈ। ਸਾਡੇ ਨਾਲ ਵੀ ਇਹ ਜੱਫੀਆਂ-ਜੁੱਫੀਆਂ ਪਾਉਂਦੇ ਰਹਿੰਦੇ ਹਨ। ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਕੋਈ ਬੰਦਾ ਮੁੱਕਰ ਜਾਵੇ, ਪਾਰਟੀ ਮੁੱਕਰ ਜਾਵੇ ਤਾਂ ਉਹ ਇਨਸਾਨ, ਇਨਸਾਨ ਅਖਵਾਉਣ ਦਾ ਹੱਕ ਨਹੀਂ ਰੱਖਦਾ। ਇਨ੍ਹਾਂ ਨੇ ਜੁਡੀਸ਼ਲ ਕਮਿਸ਼ਨ ਬਣਾਉਣ ਦੀ ਗੱਲ ਕੀਤੀ ਸੀ ਅਤੇ ਕਿਹਾ ਸੀ ਕਿ ਉਸ ਦਾ ਚੇਅਰਮੈਨ ਹਾਈ ਕੋਰਟ ਦਾ ਜੱਜ ਲਾਵਾਂਗੇ। ਫਿਰ ਇਨ੍ਹਾਂ ਨੇ ਚਾਹਿਆ ਕਿ ਕੋਈ ਇਹੋ ਜਿਹਾ ਬੰਦਾ ਮਿਲ ਜਾਵੇ ਜਿਸ ਨੂੰ ਜੋ ਆਖੀਏ, ਉਹ ਉਹੀ ਕੁਝ ਕਰ ਦੇਵੇ। ਫਿਰ ਇਨ੍ਹਾਂ ਨੂੰ ਉਹ ਬੰਦਾ ਵੀ ਲੱਭ ਗਿਆ। ਪਰ ਉਹ ਆਪਣੇ ਭੰਬਲਭੂਸੇ ਦੇ ਕਾਰਨ ਹੀ ਹਟ ਗਿਆ। ਉਸ ਦਾ ਰਿਕਾਰਡ ਹੀ ਇਹੋ ਜਿਹਾ ਸੀ ਕਿ ਪ੍ਰੈਸ ਆਦਿ ਵਾਲਿਆਂ ਦੇ ਕਾਰਨ ਉਸ ਨੂੰ ਹਟਣਾ ਪਿਆ।

ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਵੰਗਾਰ ਕੇ ਆਖਦਾ ਹਾਂ ਕਿ ਕਮਿਸ਼ਨ ਬਿਠਾਇਆ ਜਾਵੇ। ਅਸਲੀ ਗੱਲ ਇਹ ਹੈ ਕਿ ਇਨ੍ਹਾਂ ਨੂੰ ਆਪਣੀ ਵਿਜੀਲੈਂਸ ਤੇ ਹਾਈ ਕੋਰਟ ਦੇ ਜੱਜਾਂ ਨਾਲੋਂ ਜ਼ਿਆਦਾ ਇਤਬਾਰ ਹੈ, ਕਿਉਂਕਿ ਜੋ ਮਰਜ਼ੀ ਇਹ ਉਨ੍ਹਾਂ ਤੋਂ ਕਰਵਾ ਲੈਣ। ਸਪੀਕਰ ਸਾਹਿਬ, ਮਹਾਰਾਜਾ ਸਾਹਿਬ ਨੇ ਜਦੋਂ ਇਲੈਕਸ਼ਨ ਨਹੀਂ ਹੋਏ ਸੀ, ਉਦੋਂ ਬੜੇ ਇਸ਼ਤਿਹਾਰ ਕੱਢੇ, ਪਤਾ ਨਹੀਂ ਇਨ੍ਹਾਂ ਕੋਲ ਇੰਨਾ ਪੈਸਾ ਕਿਥੋਂ ਆਇਆ, ਪਤਾ ਨਹੀਂ ਚੱਢੇ ਨੇ ਪੈਸਾ ਦਿੱਤਾ

Original with;
Punjab Vidhan Sabha
Digitized by;
Panjab Digital Library

ਜਾਂ ਫਿਰ ਕਿਸੇ ਹੋਰ ਨੇ। ਇਹ ਕਹਿੰਦੇ ਹਨ ਕਿ ਬਾਦਲ ਨੇ ਆਪਣੇ ਰਾਜ ਕਾਲ ਦੇ ਵਿਚ 34-35 ਸੌ ਕਰੋੜ ਰੁਪਏ ਦੀ ਜਾਇਦਾਦ ਬਣਾਈ ਹੈ। ਇੱਕ ਤਰ੍ਹਾਂ ਤਾਂ ਮੌਜ ਸੀ, ਮੁੰਡਿਆਂ ਨੂੰ ਚੰਗੇ ਰਿਸ਼ਤੇ ਹੋ ਜਾਂਦੇ, ਜੇ ਸਾਡੇ ਕੋਲ ਇੰਨੀ ਜਾਇਦਾਦ ਹੁੰਦੀ। (ਹਾਸਾ)

ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਬਾਦਲ ਅਮਰੀਕਾ ਤੇ ਫਲਾਣੇ-ਫਲਾਣੇ ਦੇਸ਼ ਵਿਚ ਨਾਈਟ ਕਲੱਬਾਂ ਵਿਚ ਗਿਆ ਹੈ। ਮੈਂ ਕਦੇ ਵੀ ਨਾਈਟ ਕਲੱਬ ਨਹੀਂ ਵੇਖੇ। (ਹਾਸਾ) ਇਸੇ ਤਰ੍ਹਾਂ ਇਹ ਸਾਡੀ 10 ਹਜ਼ਾਰ ਏਕੜ ਜ਼ਮੀਨ ਤੋਂ ਨਹੀਂ ਘਟੇ। ਇਨ੍ਹਾਂ ਨੇ ਕਿਹਾ ਕਿ ਜ਼ਮੀਨ ਆਸਟਰੇਲੀਆ ਵਿਚ ਹੈ, ਰਾਜਸਥਾਨ ਵਿਚ ਹੈ ਅਤੇ ਫਲਾਣੀ-ਫਲਾਣੀ ਜਗ੍ਹਾ ਤੇ ਹੈ। ਇਹ ਸਾਨੂੰ 35 ਸੌ ਕਰੋੜ ਰੁਪਏ ਦੀ ਲਿਸਟ ਬਣਾ ਕੇ ਭੇਜ ਦਿੰਦੇ, ਜੇ ਇਨ੍ਹਾਂ ਦੇ ਕੋਲ ਉਦੋਂ ਸਬੂਤ ਸਨ। ਇਨ੍ਹਾਂ ਨੇ ਕਿਹਾ ਕਿ ਜੇ ਮੈਂ ਮੁੱਖ ਮੰਤਰੀ ਬਣਿਆ ਤਾਂ ਸੱਤ ਦਿਨਾਂ ਦੇ ਅੰਦਰ-ਅੰਦਰ ਬਾਦਲ ਅਤੇ ਇਸ ਦੇ ਪਰਿਵਾਰ ਨੂੰ ਜੇਲ੍ਹ ਵਿਚ ਭੇਜ ਦੇਵਾਂਗਾ। ਕੀ ਕਦੇ ਕੋਈ ਇਹੋ ਜਿਹਾ ਵੀ ਮੁੱਖ ਮੰਤਰੀ ਹੋਇਆ ਹੈ ਜਿਹੜਾ ਇਹ ਕਹੇ ਕਿ ਮੈਂ ਫਲਾਣੇ ਨੂੰ ਸੱਤ ਦਿਨਾਂ ਦੇ ਅੰਦਰ-ਅੰਦਰ ਜੇਲ੍ਹ ਭੇਜ ਦੇਵਾਂਗਾ। ਇਨ੍ਹਾਂ ਨੂੰ ਸਾਲ ਹੋ ਗਿਆ ਹੈ, ਇਨ੍ਹਾਂ ਸਾਲ ਵਿਚ ਕੋਈ ਫਾਈਲ ਫਰੋਲਣ ਤੋਂ ਬਿਨਾ ਨਹੀਂ ਛੱਡੀ। ਅੱਧੀ ਸਰਕਾਰ ਨੂੰ ਤਾਂ ਇਨ੍ਹਾਂ ਨੇ ਇਸੇ ਹੀ ਕੰਮ ਤੇ ਰੱਖਿਆ ਹੋਇਆ ਹੈ। ਕਈ ਅਫ਼ਸਰ ਇਸੇ ਗੱਲ ਲਈ ਤਰੱਕੀ ਕਰ ਗਏ ਅਤੇ ਕਈ ਖੂੰਜੇ ਲੱਗ ਗਏ। ਲੇਕਿਨ ਇਹ ਇੱਕ ਸਾਲ ਦੇ ਵਿਚ ਬਾਦਲ ਦੇ ਖਿਲਾਫ ਸਬੂਤ ਨਹੀਂ ਲੱਭ ਸਕੇ। ਇੱਕ ਸਾਲ ਇਨ੍ਹਾਂ ਨੇ ਇਸੇ ਹੀ ਗੱਲ ਤੇ ਲਾਇਆ ਹੈ ਕਿ ਬਾਦਲ ਦੇ ਖਿਲਾਫ ਕੋਈ ਨਾ ਕੋਈ ਸਬੂਤ ਲੱਭੋ। ਇਨ੍ਹਾਂ ਨੇ ਸਬੂਤ ਲੱਭਣ ਲਈ ਅਮਰੀਕਾ ਵਿਚ ਬੰਦੇ ਭੇਜੇ, ਕਿਹਾ ਕਿ ਉਥੇ ਡਾਇਰੈਕਟਰੀ ਹੁੰਦੀ ਹੈ। ਜਿਵੇਂ ਇਥੇ ਆਪਣੇ ਟੈਲੀਫੋਨ ਦੀ ਡਾਇਰੈਕਟਰੀ ਹੁੰਦੀ ਹੈ, ਉਥੇ ਬਿਜ਼ਨਸ ਵਾਲਿਆਂ ਦੀ ਡਾਇਰੈਕਟਰੀ ਵੀ ਹੁੰਦੀ ਹੈ। ਇਨ੍ਹਾਂ ਨੇ ਕਿਹਾ ਕਿ ਉਥੇ ਅਮਰੀਕਾ ਦੇ ਵਿਚ ਕੋਈ ਪ੍ਰਕਾਸ਼ ਸਿੰਘ ਨਾਂ ਦਾ, ਸੁਖਬੀਰ ਸਿੰਘ ਨਾਂ ਦਾ ਜਾਂ ਸੁਰਿੰਦਰ ਕੌਰ ਦੇ ਨਾਂ ਦਾ ਬੰਦਾ ਤਾਂ ਹੋਵੇਗਾ, ਜਿਸ ਦਾ ਬਿਜ਼ਨਸ ਚਲਦਾ ਹੋਵੇਗਾ ਜਾਂ ਫਿਰ ਉਥੇ ਇਨ੍ਹਾਂ ਦੇ ਨਾਮ ਤੇ ਕਾਫ਼ੀ ਜ਼ਮੀਨ ਵੀ ਹੋਵੇਗੀ। ਇਨ੍ਹਾਂ ਨੇ ਕਿਹਾ ਕਿ ਕੋਈ ਨਾ ਕੋਈ/ਇਨ੍ਹਾਂ ਦੇ ਨਾਂ ਦਾ ਬੰਦਾ ਤਾਂ ਲਿਆ ਦੇਵੋ। ਇਨ੍ਹਾਂ ਨੇ ਦੁਬਈ ਦੇ ਵਿਚ ਵੀ ਆਪਣੇ ਬੰਦੇ ਭੇਜੇ। ਸਪੀਕਰ ਸਾਹਿਬ, ਦੁਨੀਆਂ ਜਾਣਦੀ ਹੈ ਕਿ ਇਹ ਮੁੱਖ ਮੰਤਰੀ ਇੱਕ ਨੁਕਾਤੀ ਹੈ। ਇਨ੍ਹਾਂ ਨੂੰ ਉਠਦਿਆਂ-ਬੈਠਦਿਆਂ, ਖਾਂਦਿਆਂ-ਪੀਂਦਿਆਂ ਖਾਸ ਤੌਰ ਤੇ ਪੀਂਦਿਆਂ ਹੋਇਆਂ (ਹਾਸਾ) ਇਕੋ ਹੀ ਹਊਆ ਦਿਖਦਾ ਹੈ, ਉਹ ਹੈ-ਪ੍ਰਕਾਸ਼ ਸਿੰਘ ਬਾਦਲ। ਮੈਨੂੰ ਤਾਂ ਬੇਸ਼ਕ ਤੁਸੀਂ ਆਪਣੇ ਮਹੱਲ ਦੇ ਵਿਚ ਹੀ ਬੰਦ ਕਰ ਦਿਓ। ਮੈਂ ਤੁਹਾਡੇ ਕੋਲ ਰਹਿਣ ਨੂੰ ਤਿਆਰ ਹਾਂ। ਤੁਹਾਡੀ ਕੰਪਨੀ ਦੇ ਵਿਚ ਮੈਂ ਵੱਧ ਤੋਂ ਵੱਧ ਕੈਦ ਕੱਟਣ ਨੂੰ ਤਿਆਰ ਹਾਂ। ਇਨ੍ਹਾਂ ਨੇ ਕਿਹਾ ਹੈ ਕਿ ਜੇ ਮੈਨੂੰ ਜੇਲ੍ਹ ਵਿਚ ਸੁਟਿਆ ਤਾਂ ਘਟੀਆ ਤੋਂ ਘਟੀਆ ਜੇਲ੍ਹ ਵਿਚ ਸੁਟਾਂਗੇ ਅਤੇ ਕਿਸੇ ਰੈਸਟ ਹਾਊਸ ਵਿਚ ਜਗ੍ਹਾ ਨਹੀਂ ਦੇਵਾਂਗੇ। ਮੈਂ ਤਾਂ ਦੁਨੀਆਂ ਦੀਆਂ ਇਹੋ ਜਿਹੀਆਂ ਜੇਲ੍ਹਾਂ ਵੇਖੀਆਂ ਹੋਈਆਂ ਹਨ, ਜਿਹੜੀਆਂ ਕਿ ਤੁਸੀਂ ਕਦੇ ਵੀ ਨਹੀਂ ਵੇਖੀਆਂ ਹੋਣੀਆਂ। ਇਥੇ ਜਿਹੜੇ ਵੱਡੇ-ਵੱਡੇ ਬੰਦੇ ਹੋਏ ਹਨ, ਉਹ ਵੀ ਮੈਨੂੰ ਡਰਾ ਨਹੀਂ ਸਕੇ। ਇੰਦਰਾ ਗਾਂਧੀ ਵਰਗੇ ਵੀ ਮੈਨੂੰ ਨਹੀਂ ਡਰਾ ਸਕੇ। ਮੈਂ ਆਪਣੇ ਅਸੂਲਾਂ ਦਾ ਬੰਦਾ ਹਾਂ। ਮੈਂ ਆਪਣੇ ਅਸੂਲਾਂ ਤੋਂ ਡਿੱਗਣ ਵਾਲਾ ਨਹੀਂ ਹਾਂ, ਅਸੂਲਾਂ ਤੇ ਹੀ ਚੱਲਾਂਗਾ। ਜੇ ਤੁਸੀਂ ਸੋਚਦੇ ਹੋਵੋ ਕਿ ਲੋਕਾਂ ਦੇ ਵਿਚ ਮੇਰੀ ਬਦਨਾਮੀ ਕਰਕੇ, ਦੂਸ਼ਣ ਲਗਾ ਕੇ ਜਨਤਾ ਦੇ ਵਿਚ ਮੇਰਾ ਵਕਾਰ ਖਰਾਬ ਕਰ ਦਿਓਗੇ ਤਾਂ ਇਸ ਗਲਤਫਹਿਮੀ ਦੇ ਵਿਚ ਨਾ ਰਹਿਣਾ।

ਸਪੀਕਰ ਸਾਹਿਬ, ਮੈਂ ਹੋਰ ਅੱਗੇ ਦੱਸਦਾ ਹਾਂ ਕਿ ਇਨ੍ਹਾਂ ਦੇ ਅੰਦਰੋਂ ਮੇਰੇ ਖਿਲਾਫ ਨਫਰਤ ਦੀ ਅੱਗ ਅਜੇ ਬੁਝੀ ਨਹੀਂ। ਅਸੀਂ ਲੋਕ ਤਾਂ ਇਹ ਗੱਲਾਂ ਭੁੱਲ ਜਾਂਦੇ ਹਾਂ। ਪਰ ਰਾਜੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਮਹਾਰਾਜੇ ਇਹ ਗੱਲਾਂ ਨਹੀਂ ਭੁੱਲਦੇ ਹੁੰਦੇ। ਜਿੰਨਾ ਵੀ ਇਹ ਆਪਣੇ ਮਿਸ਼ਨ ਦੇ ਵਿਚ ਫੇਲ੍ਹ ਹੁੰਦੇ ਹਨ, ਉਨਾ ਹੀ ਇਨ੍ਹਾਂ ਦੀਆਂ ਅੱਖਾਂ ਦੇ ਵਿਚ ਹੋਰ ਖ਼ੂਨ ਉਤਰਦਾ ਹੈ। ਅਸੀਂ ਪੰਡਿਤ ਜਵਾਹਰ ਲਾਲ ਨਹਿਰੂ ਦੀ ਇੱਕ ਗੱਲ ਦੱਸਦੇ ਹਾਂ: "When eyes are blood shot, blindness is the only outcome." ਗੁੱਸੇ ਦੇ ਵਿਚ ਅੱਖਾਂ ਲਾਲ ਕਰ ਲਓ ਤਾਂ ਫਿਰ ਇਸ ਦਾ ਹਸ਼ਰ ਇਹੀ ਹੁੰਦਾ ਹੈ ਕਿ "A blind ruler can only become a tyrant. But society must keep its vision clean in lighting tyranny." ਇਨ੍ਹਾਂ ਨੇ ਸਾਡੇ ਤੇ ਟੈਰਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਪਰ ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਅਸੀਂ ਹੁਣ ਤੁਹਾਡੇ ਜ਼ੁਲਮ ਸਹਿਣ ਦੀ ਸ਼ਕਤੀ ਬਣਾ ਲਈ ਹੈ ਕਿਉਂਕਿ ਤੁਸੀਂ ਇਨਸਾਨੀਅਤ ਵਾਲੀ ਕੋਈ ਗੱਲ ਨਹੀਂ ਕਰ ਰਹੇ। ਸਪੀਕਰ ਸਾਹਿਬ, ਇਨ੍ਹਾਂ ਨੇ ਪਿੱਛੇ ਰਿਕਾਰਡ ਕਢਵਾਏ। ਅਫਸਰਾਂ ਨੂੰ ਪਿੱਛੇ ਲਗਾਇਆ ਤਾਂ ਕਿ ਸਾਡੇ ਤੇ ਤਕੜਾ ਕੇਸ ਬਣਾਇਆ ਜਾ ਸਕੇ। ਕਿਸੇ ਨੂੰ ਆਖਿਆ ਕਿ ਤੂੰ ਬਾਦਲ ਸਾਹਿਬ ਦੇ ਖਿਲਾਫ ਗਵਾਹੀ ਦੇ ਦੇ ਕਿ ਮੈਂ ਇਤਨੇ ਪੈਸੇ ਦਿੱਤੇ ਸਨ। ਇਸੇ ਤਰ੍ਹਾਂ ਇਨ੍ਹਾਂ ਨੇ ਰਵੀ ਸਿੱਧੂ ਨੂੰ ਕਿਹਾ ਕਿ ਅਸੀਂ ਤੈਨੂੰ ਛੱਡ ਦੇਵਾਂਗੇ ਅਗਰ ਤੂੰ ਕਹਿ ਦੇਵੇਂ ਕਿ ਮੈਂ ਬਾਦਲ ਸਾਹਿਬ ਨੂੰ ਇਤਨੇ ਪੈਸੇ ਦਿੱਤੇ ਸਨ। ਇਨ੍ਹਾਂ ਨੇ ਫੇਰੂਰਾਏ ਨੂੰ ਵੀ ਇਹ ਗੱਲ ਕਹੀ ਕਿ ਅਸੀਂ ਤੈਨੂੰ ਛੱਡ ਦੇਵਾਂਗੇ, ਅਗਰ ਤੂੰ ਕਹੇਂ ਕਿ ਬਾਦਲ ਸਾਹਿਬ ਨੂੰ ਇਤਨੇ ਪੈਸੇ ਦਿੱਤੇ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਕੁਰੱਪਸ਼ਨ ਹੈ, ਇਹ ਕਾਂਗਰਸ ਦਾ ਰੂਟ ਕਾਜ਼ ਹੈ ਪਰ ਇਨ੍ਹਾਂ ਨੂੰ ਕੋਈ ਇਨਸਾਨੀਅਤ ਦੀ ਗੱਲ ਕਰਨੀ ਚਾਹੀਦੀ ਹੈ। ਤੁਸੀਂ ਤਾਂ ਇਨਸਾਨੀਅਤ ਭੁੱਲ ਗਏ ਹੋ ਅਤੇ ਉਨ੍ਹਾਂ ਅਫਸਰਾਂ ਦੇ ਸਾਹਮਣੇ ਤੁਸੀਂ ਸਾਡੀ ਪਗੜੀ ਉਛਾਲਦੇ ਹੋ, ਬੇਇਜ਼ਤੀ ਕਰਦੇ ਹੋ ਜਿਹੜੇ ਲੋਕ ਲੱਖਾਂ ਵੋਟਾਂ ਲੈ ਕੇ ਇਸ ਹਾਊਸ ਵਿੱਚ ਆਏ ਹਨ। ਮੈਂ ਦੱਸਦਾ ਹਾਂ ਕਿ ਅੰਮ੍ਰਿਤਸਰ ਦੇ ਕਾਰਪੋਰੇਸ਼ਨ ਦੇ ਚੇਅਰਮੈਨ ਨਾਲ ਇਤਨੀ ਬਦਸਲੂਕੀ ਕੀਤੀ ਗਈ, ਉਸ ਨੂੰ ਬਿਜਲੀ ਦੇ ਕਰੰਟ ਲਗਾਏ ਗਏ, ਨੱਕ ਵਿੱਚ ਗਰਮ ਪਾਣੀ ਪਾਇਆ ਗਿਆ। ਇਹ ਕੋਈ ਇਨਸਾਨੀਅਤ ਵਾਲੀਆਂ ਗੱਲਾਂ ਹਨ। ਇਨਸਾਨੀਅਤ ਤਾਂ ਤੁਹਾਡੇ ਤੋਂ ਬਹੁਤ ਦੂਰ ਚਲੀ ਗਈ ਹੈ। ਤੁਸੀਂ ਉਨ੍ਹਾਂ ਅਫਸਰਾਂ ਸਾਹਮਣੇ ਸਾਡੀਆਂ ਬੈਠਕਾਂ ਕਢਵਾਉਂਦੇ ਹੋ, ਬੇਇਜ਼ਤੀ ਕਰਵਾਉਂਦੇ ਹੋ, ਪਗੜੀ ਉਛਾਲਦੇ ਹੋ, ਇਹ ਗੱਲਾਂ ਠੀਕ ਨਹੀਂ ਹਨ। ਤੁਸੀਂ ਉਨ੍ਹਾਂ ਅਫਸਰਾਂ ਰਾਹੀਂ ਸਾਨੂੰ ਡਰਾ ਸਕਦੇ ਹੋ ਪਰ ਸਾਡੇ ਸਿੱਖ ਸੂਰਬੀਰ ਹਨ, ਜਾਂਬਾਜ਼ ਹਨ ਔਰ ਉਹ ਇਨ੍ਹਾਂ ਤੋਂ ਘਬਰਾਉਣ ਵਾਲੇ ਨਹੀਂ ਹਨ। ਸਾਡੇ ਬੰਦ ਬੰਦ ਕੱਟ ਜਾਣ ਪਰ ਅਸੀਂ ਅਸੂਲਾਂ ਤੋਂ ਨਹੀਂ ਡਿੱਗ ਸਕਦੇ। ਅਸੀਂ ਤਾਂ ਉਹ ਸਿੱਖ ਹਾਂ, ਜਿੰਨੇ ਤੁਸੀਂ ਸਾਡੇ ਤੇ ਜ਼ੁਲਮ ਢਾਹੋਗੇ, ਉਨ੍ਹਾਂ ਲੋਕਾਂ ਦਾ ਸਾਥ ਸਾਡੇ ਨਾਲ ਹੋਵੇਗਾ। ਮੈਂ ਤੁਹਾਨੂੰ ਦੱਸ ਦਿੰਦਾ ਹਾਂ ਕਿ ਇਹ ਹਿਸਟਰੀ ਹੈ। ਤੁਸੀਂ ਲੰਗਾਹ ਨੂੰ ਪਕੜਿਆ। ਉਸ ਤੇ ਜ਼ੁਲਮ ਕੀਤੇ ਪਰ ਜਦੋਂ ਉਹ ਛੁਟਿਆ ਤਾਂ ਪੰਜਾਹ ਹਜ਼ਾਰ ਲੋਕ ਉਸ ਦਾ ਸਵਾਗਤ ਕਰਨ ਲਈ ਖੜ੍ਹੇ ਸਨ। ਮੈਂ ਤਾਂ ਸਮਝਦਾ ਸੀ ਕਿ ਲੋਕ 2-3 ਸਾਲਾਂ ਬਾਅਦ ਸਾਡੇ ਪਿੱਛੇ ਲੱਗਣਗੇ ਪਰ ਤੁਸੀਂ ਤਾਂ ਇਤਨੇ ਜ਼ੁਲਮ ਕਰਕੇ ਲੋਕਾਂ ਨੂੰ ਇਕ ਸਾਲ ਵਿਚ ਹੀ ਸਾਡੇ ਕਰੀਬ ਲੈ ਆਂਦਾ ਹੈ। ਮੈਂ ਤਜਰਬੇ ਦੇ ਤੌਰ ਤੇ ਦੱਸਦਾ ਹਾਂ ਕਿ ਇਹ ਤੁਸੀਂ ਗਲਤ ਕੰਮ ਕਰ ਰਹੇ ਹੋ ਕਿਉਂਕਿ ਇਸ ਨਾਲ ਅੱਛੀਆਂ ਰਵਾਇਤਾਂ ਨਹੀਂ ਪੈਣਗੀਆਂ। ਮੈਂ ਹਿਸਟਰੀ ਦੀ ਹਕੀਕਤ ਵਿੱਚ ਜਾਣਾ ਚਾਹੁੰਦਾ ਹਾਂ ਕਿ ਜਦੋਂ ਜਨਤਾ ਪਾਰਟੀ ਦੀ ਪਹਿਲੀ ਸੈਂਟਰ ਸਰਕਾਰ 1977 ਵਿੱਚ ਬਣੀ ਤਾਂ ਮੈਂ ਉਸ ਵਕਤ ਸੈਂਟਰ ਦਾ ਮਨਿਸਟਰ ਸੀ। ਸਾਨੂੰ ਮੈਡਮ ਇੰਦਰਾ ਗਾਂਧੀ ਨੇ ਕਿਹਾ ਕਿ ਕੋਈ ਐਸਾ ਮਾਹੌਲ ਕਰੀਏਟ ਨਾ ਕਰਨਾ, ਕੋਈ ਕੇਸ ਤੁਸੀਂ ਨਾ ਬਣਾਉਣਾ, ਮੈਂ ਹਿੰਦੁਸਤਾਨ ਛੱਡ ਕੇ ਬਾਹਰ ਚਲੀ ਜਾਵਾਂਗੀ ਪਰ ਕੋਈ ਗਲਤ

Original with;
Punjab Vidhan Sabha
Digitized by;
Panjab Digital Library

ਕੰਮ ਨਾ ਕਰਨਾ। ਕਿਉਂਕਿ ਉਸ ਵਕਤ ਦੀ ਸਰਕਾਰ ਨੇ ਗੁੱਸੇ ਵਿੱਚ ਆ ਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ, ਕੇਸ ਬਣਾਏ ਤੇ ਉਹ ਫਿਰ ਦੁਬਾਰਾ ਪ੍ਰਾਈਮ ਮਨਿਸਟਰ ਬਣ ਗਈ। ਮੈਂ ਇਸ ਲਈ ਕਹਿੰਦਾ ਹਾਂ ਕਿ ਤੁਸੀਂ ਸਾਡੇ ਨਾਲ ਪੰਗੇ ਨਾ ਲਓ ਔਰ ਜੋ ਕੁਝ ਤੁਸੀਂ ਕਰ ਰਹੇ ਹੋ, ਇਹ ਠੀਕ ਨਹੀਂ ਹੈ। ਤੁਸੀਂ ਇਸ ਵਿਚ ਅਕਾਲੀ ਦਲ ਦੀ ਕਮਜ਼ੋਰੀ ਨਾ ਸਮਝੋ। ਅਗਰ ਕਮਜ਼ੋਰੀ ਸਮਝੋਗੇ ਤਾਂ ਮੂੰਹ ਦੀ ਖਾਓਗੇ। ਇਸ ਦੇ ਨਾਲ ਹੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਇਲੈਕਸ਼ਨ ਵਿੱਚ ਆਪਣਾ ਮੈਨੀਫੈਸਟੋ ਪੇਸ਼ ਕੀਤਾ ਸੀ, ਉਸ ਵਿੱਚ ਬਹੁਤ ਗੱਲਾਂ ਅਤੇ ਵਾਅਦੇ ਕੀਤੇ ਗਏ ਸਨ। ਪਰ ਇਹ ਇੱਕ ਗੱਲ ਵੀ ਦੱਸ ਦੇਣ ਜਿਹੜੀ ਇਨ੍ਹਾਂ ਨੇ ਲਾਗੂ ਕੀਤੀ ਹੋਵੇ। ਇਨ੍ਹਾਂ ਨੇ ਜੋ ਮੈਨੀਫੈਸਟੋ ਵਿੱਚ ਲੋਕਾਂ ਤੋਂ ਚੋਣਾਂ ਵਿੱਚ ਫਤਵਾ ਲਿਆ ਸੀ, ਉਸ ਤੇ ਹਾਲੇ ਤੱਕ ਇਨ੍ਹਾਂ ਨੇ ਪੂਰਾ ਉਤਰਨ ਦੀ ਕੋਸ਼ਿਸ਼ ਨਹੀਂ ਕੀਤੀ ਪਰ ਕਿਉਂਕਿ ਇਹ ਮੈਨੀਫੈਸਟੋ ਨੂੰ ਇੱਕ ਰਸਮੀ ਰਵਾਇਤੀ ਸਮਝਦੇ ਹਨ ਨਾ ਕਿ ਜਨਤਾ ਨਾਲ ਕੀਤਾ ਹੋਇਆ ਵਾਅਦਾ, ਇਹ ਜਨਤਾ ਨੂੰ ਭਰਮਾ ਕੇ ਵੋਟਾਂ ਲੈ ਕੇ ਆਏ ਹਨ ਪਰ ਆਪਣੇ ਮੈਨੀਫੈਸਟੋ ਨੂੰ ਪੂਰਾ ਕਰਨ ਦੀ ਕੋਈ ਗੱਲ ਨਹੀਂ ਕਰ ਰਹੇ, ਨਾ ਹੀ ਵਚਨਬੱਧ ਹੋ ਰਹੇ ਹਨ। ਹੁਣ ਮੈਂ ਤੁਹਾਡੇ ਅੱਗੇ ਇਨ੍ਹਾਂ ਨੇ ਜਿਹੜੇ ਜਿਹੜੇ ਵਚਨ ਕੀਤੇ ਸੀ, ਉਨ੍ਹਾਂ ਬਾਰੇ ਦਸਾਂਗਾ। ਆਪਣੇ ਚੋਣ ਮੈਨੀਫੈਸਟੋ ਵਿਚ ਇਨ੍ਹਾਂ ਦੀ ਪਹਿਲੀ ਸ਼ਰਤ ਹੀ ਇਹੀ ਸੀ ਕਿ ਮਾਡਲ ਕੋਡ ਨੂੰ ਅਡਾਪਟ ਕਰਦੇ ਹੋਏ ਇਨ੍ਹਾਂ ਦੇ ਜਿੰਨੇ ਵੀ ਐਮ.ਐਲ.ਏ., ਮਨਿਸਟਰ ਅਤੇ ਖੁਦ ਚੀਫ ਮਨਿਸਟਰ ਸੱਤਾ ਸੰਭਾਲਣ ਤੋਂ ਪਹਿਲਾਂ ਹੀ ਆਪਣੀ-ਆਪਣੀ ਜਾਇਦਾਦ ਦਾ ਵੇਰਵਾ ਦੇਣਗੇ। ਕੀ ਦੇ ਦਿੱਤਾ ਵੇਰਵਾ ? ਸੱਤਾ ਸੰਭਾਲਣ ਤੋਂ ਪਹਿਲਾਂ ਤਾਂ ਕੀ ਦੇਣਾ ਸੀ, ਸੱਤਾ ਸੰਭਾਲੀ ਨੂੰ ਵੀ ਇਕ ਸਾਲ ਗੁਜ਼ਰ ਗਿਆ ਹੈ, ਮੈਂ ਤੁਹਾਡੇ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਿਸੇ ਮੰਤਰੀ ਨੇ ਕੀਤੇ ਵਾਇਦੇ ਮੁਤਾਬਿਕ ਜਿਹੜਾ ਜਾਇਦਾਦ ਦਾ ਵੇਰਵਾ ਦੇਣਾ ਸੀ, ਉਹ ਦੇ ਦਿੱਤਾ ਹੈ ? ਕੀ ਇਹ ਵਾਇਦਾ ਫਰਾਮੋਸ਼ੀ ਨਹੀਂ ? ਤੁਸੀਂ ਨਹੀਂ ਦੇਣਾ ਸੀ, ਨਾ ਦਿੰਦੇ। ਕੀ ਤੁਹਾਨੂੰ ਕਿਸੇ ਡਾਕਟਰ ਨੇ ਕਿਹਾ ਸੀ ਕਿ ਇਹ ਗੱਲ ਆਖੋ ?

ਫਿਰ ਮੈਨੀਫੈਸਟੋ ਅੰਦਰ ਕਿਹਾ ਗਿਆ ਕਿ ਮੇਰੀ ਅਤੇ ਮੇਰੇ ਪਰਿਵਾਰ ਦੀ ਜਾਇਦਾਦ ਅਤੇ ਮੇਰੇ ਵਜ਼ੀਰਾਂ ਦੀ ਜਾਇਦਾਦ ਦੀ ਜਾਂਚ ਲਈ ਹਾਈ ਕੋਰਟ ਦੇ ਇਕ ਸਿਟਿੰਗ ਜੱਜ ਦੀ ਪ੍ਰਧਾਨਗੀ ਹੇਠ ਜੁਡੀਸ਼ੀਅਲ ਕਮਿਸ਼ਨ ਬਿਠਾਇਆ ਜਾਵੇਗਾ। ਕੀ ਉਹ ਕਮਿਸ਼ਨ ਬਿਠਾ ਦਿੱਤਾ ਗਿਆ ? ਅੱਗੇ ਕਿਹਾ ਗਿਆ ਕਿ ਕਿਸਾਨਾਂ ਨੂੰ ਮੁਫਤ ਪਾਣੀ ਦੇਵਾਂਗੇ। ਆਪਣੇ ਬਠਿੰਡਾ ਵਾਲੇ ਐਮ.ਐਲ.ਏ. ਸਾਹਿਬ, ਜਿਨ੍ਹਾਂ ਨੂੰ ਬਹੁਤ ਉਮੀਦ ਸੀ ਕਿ ਉਹ ਐਫ.ਐਮ. ਬਨਣਗੇ, ਉਨ੍ਹਾਂ ਨੇ ਮੇਰਾ ਖਿਆਲ ਹੈ, ਇਸ ਗੱਲ ਤੋਂ ਮੁਕਰਾਇਆ ਹੋਣਾ ਹੈ। ਜਿਹੜੇ ਇਹੋ ਜਿਹੇ ਕਾਮਨਿਸਟ ਜਿਹੇ ਬੰਦੇ ਸਾਡੇ ਦੁਆਲੇ ਆ ਜਾਂਦੇ ਹਨ, ਮੈਨੂੰ ਪਤਾ ਹੈ, ਸਾਨੂੰ ਵੀ ਇਹੋ ਜਿਹੀਆਂ ਸਲਾਹਾਂ ਦਿੰਦੇ ਹਨ ਕਿ ਫਟਾ ਫਟ ਹਟਾ ਦਿਉ। ਮੈਂ ਕਹਿੰਦਾ ਹਾਂ ਕਿ ਹਟਾਉਣਾ ਹੀ ਸੀ ਤਾਂ ਨਾ ਲਿਖਦੇ ਪਰ ਕਹੀ ਗੱਲ ਤੋਂ ਤਾਂ ਨਾ ਪਿਛੇ ਹਟੋ।

ਫਿਰ ਕਹਿੰਦੇ ਹਨ ਕਿ 6 ਮਹੀਨੇ ਦੇ ਅੰਦਰ-ਅੰਦਰ ਪੈਂਡਿੰਗ ਪਏ 3 ਲੱਖ ਟਿਊਬਵੈੱਲ ਕੁਨੈਕਸ਼ਨ ਕਿਸਾਨਾਂ ਨੂੰ ਦੇ ਦਿੱਤੇ ਜਾਣਗੇ ਅਤੇ ਐਮ.ਐਸ.ਪੀ. ਤੇ 30 ਰੁਪਏ ਬੋਨਸ ਦਿੱਤਾ ਜਾਵੇਗਾ। ਕੀ ਇਹ ਸਭ ਕੁਝ ਹੋ ਗਿਆ ? ਅੱਗੇ ਦਲਿਤ ਭਰਾਵਾਂ ਨੂੰ 150 ਯੂਨਿਟ ਬਿਜਲੀ ਮੁਫਤ ਦੇਣ ਦਾ ਵਾਇਦਾ ਕੀਤਾ ਗਿਆ, ਉਨ੍ਹਾਂ ਲਈ ਜਿਹੜੇ ਸ਼ਗਨ ਸਕੀਮ ਦੇ ਪੈਸੇ ਪਹਿਲਾਂ ਮਿਲਦੇ ਸਨ, ਉਨ੍ਹਾਂ ਨੂੰ ਦੁੱਗਣੇ ਕਰਨ ਦਾ ਵਾਇਦਾ ਕੀਤਾ ਗਿਆ, ਉਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਰਿਹਾਇਸ਼ੀ ਮਕਸਦ ਲਈ 5 ਮਰਲੇ ਦਾ ਪਲਾਟ ਅਤੇ ਰੂੜੀਆਂ ਲਈ 2 ਮਰਲੇ ਦਾ ਪਲਾਟ ਵਿੱਤੀ ਸਹਾਇਤਾ ਦਿਵਾ ਕੇ ਮੁਹਈਆ ਕਰਾਉਣ ਦਾ ਵਾਇਦਾ ਕੀਤਾ ਗਿਆ ਅਤੇ ਨਾਲ ਹੀ ਇਹ ਕਿਹਾ ਗਿਆ ਕਿ ਕਾਂਗਰਸ ਪਾਰਟੀ ਵਲੋਂ ਰਿਜ਼ਰਵੇਸ਼ਨ ਪਾਲਿਸੀ ਨੂੰ ਜਲਦੀ ਤੋਂ ਜਲਦੀ ਲਾਗੂ ਕਰਾਉਣ ਲਈ ਅਤੇ ਸਾਰਾ ਬੈਕਲਾਗ ਦੂਰ ਕਰਨ ਲਈ ਇਕ ਕਾਨੂੰਨ ਬਣਾਇਆ ਜਾਵੇਗਾ। ਚੌਧਰੀ ਸਾਹਿਬ, ਤੁਸੀਂ ਵੀ ਨਹੀਂ ਦੇਖਦੇ। ਤੁਸੀਂ ਤਾਂ ਦਲਿਤ ਭਰਾਵਾਂ ਦੇ ਚੈਂਪੀਅਨ ਹੋ। ਹੁਣ ਉਨ੍ਹਾਂ ਨੂੰ ਸਾਰੀਆਂ ਸੁਵਿਧਾਵਾਂ ਦਿਵਾ ਦਿਉ। ਤੁਹਾਡਾ ਕੋਈ ਮੁੱਲ ਨਹੀਂ ਲਗਣਾ।

ਅੱਗੇ ਮੁਲਾਜ਼ਮਾਂ ਬਾਰੇ ਵੀ ਵਾਇਦੇ ਕੀਤੇ ਗਏ ਕਿ ਪੈਨਸ਼ਨਰਜ਼ ਦੀਆਂ ਜਿਹੜੀਆਂ ਪ੍ਰਾਬਲਮਜ਼ ਹਨ, ਜਿਵੇਂ ਗਰੈਚੂਇਟੀ ਆਦਿ ਅਤੇ ਮੁਲਾਜ਼ਮਾਂ ਨੂੰ 4-9-14 ਸਾਲ ਦੀ ਤਰੱਕੀ ਦੀ ਸਕੀਮ ਲਾਗੂ ਕੀਤੀ ਜਾਵੇਗੀ ਤਾਂਕਿ ਉਨ੍ਹਾਂ ਦੀ ਤੁਰੰਤ ਪਰੋਮੋਸ਼ਨ ਹੋ ਸਕੇ। ਇਹ ਸਭ ਵਾਇਦੇ ਕਿਥੇ ਗਏ? ਫੇਰ ਇਹ ਵੀ ਕਹਿ ਦਿੱਤਾ ਕਿ ਗਰੀਬੀ ਰੇਖਾਂ ਤੋਂ ਥੱਲੇ ਰਹਿਣ ਵਾਲੀਆਂ ਐਸ.ਸੀ./ਬੀ.ਸੀ. ਫੈਮਿਲੀਜ਼ ਦੇ ਇਕ ਮੈਂਬਰ ਨੂੰ ਨੌਕਰੀ ਵੀ ਦਿੱਤੀ ਜਾਵੇਗੀ। ਕੀ ਇਹ ਸਭ ਕੁਝ ਕਰ ਦਿੱਤਾ?

ਅੱਗੇ ਕਿਹਾ ਗਿਆ ਕਿ 100 ਫੀਸਦੀ ਸਾਖਰਤਾ ਲਿਆਉਣ ਲਈ ਨਵੇਂ ਸਕੂਲ ਖੋਲ੍ਹੇ ਜਾਣਗੇ ਜਦ ਕਿ ਹੋਇਆ ਇਹ ਕਿ ਪਹਿਲੇ ਚਲਦੇ ਵੀ ਬੰਦ ਕਰ ਦਿੱਤੇ। ਪ੍ਰਾਈਵੇਟ ਕਾਲਜਾਂ ਦੇ ਟੀਚਰਾਂ ਨੂੰ ਪੈਨਸ਼ਨ ਅਤੇ ਗਰੈਚੂਇਟੀ ਦਿੱਤੀ ਜਾਵੇਗੀ। ਕੀ ਦੇ ਦਿੱਤਾ ਸਭ ਕੁਝ? ਫਿਰ ਕਿਹਾ ਗਿਆ ਕਿ ਸਰਕਾਰੀ ਕਰਜ਼ਿਆਂ ਦੀ ਵਸੂਲੀ ਲਈ ਕਿਸੇ ਵੀ ਕਿਸਾਨ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਵੇਗਾ ਪਰ ਅੱਜ ਅਸੀਂ ਰੋਜ਼ ਪੜ੍ਹਦੇ ਹਾਂ। ਕਦੇ ਬਠਿੰਡਾ, ਕਦੇ ਸੰਗਰੂਰ, ਰੋਜ਼ ਗ੍ਰਿਫਤਾਰੀਆਂ ਹੋ ਰਹੀਆਂ ਹਨ। ਅੱਗੇ ਅਪਰਬਾਰੀ ਦੁਆਬ ਕਨਾਲ, ਕੰਡੀ ਕਨਾਲ ਅਤੇ ਦਸ਼ਮੇਸ਼ ਕਨਾਲ ਨੂੰ ਤੁਰੰਤ ਕੰਪਲੀਟ ਕੀਤਾ ਜਾਵੇਗਾ, ਚੁੰਗੀਆਂ ਖਤਮ ਕਰਾਂਗੇ ਅਤੇ ਸੇਲਜ਼ ਟੈਕਸ ਬੈਰੀਅਰਜ਼ ਨੂੰ ਖਤਮ ਕੀਤਾ ਜਾਵੇਗਾ। ਇਹ ਵੀ ਕਿਹਾ ਗਿਆ ਕਿ ਦੇਸ਼ ਭਗਤਾਂ ਦੇ ਪੋਤਿਆਂ ਨੂੰ ਵਿਆਹ ਦੇ ਮੌਕੇ 21,000/- ਰੁਪਏ ਦਿੱਤੇ ਜਾਣਗੇ। ਇਹ ਮੈਂ ਮੋਟੀਆਂ-ਮੋਟੀਆਂ ਗੱਲਾਂ ਆਖੀਆਂ ਹਨ। ਕੋਈ ਵੀ ਕਹਿ ਦੇਵੇ ਜੇ ਇਨ੍ਹਾਂ ਸਾਰੀਆਂ ਗੱਲਾਂ ਵਿਚੋਂ ਇਕ ਚੀਜ਼ ਵੀ ਇਸ ਸਰਕਾਰ ਨੇ ਪੂਰੀ ਕੀਤੀ ਹੋਵੇ। ਜੇ ਇਕ ਗੱਲ ਵੀ ਪੂਰੀ ਨਹੀਂ ਕੀਤੀ, ਤਾਂ ਇਸ ਸਰਕਾਰ ਦਾ ਕੀ ਹੱਕ ਬਣਦਾ ਹੈ ਕਿ ਉਹ ਸੱਤਾ ਵਿਚ ਰਹੇ। ਸਾਡਾ ਮੈਨੀਫੈਸਟੋ ਮੰਗਵਾ ਲਓ। ਉਸਦੀ ਇਕ ਇਕ ਚੀਜ਼ ਪਹਿਲੇ ਤੋਂ ਹੀ ਸਾਡੀ ਕੈਬਿਨਟ ਨੇ ਲਾਗੂ ਕੀਤੀ।

ਹੁਣ ਲਾਅ ਐਂਡ ਆਰਡਰ ਦੀ ਗੱਲ ਹੈ। ਸਪੀਕਰ ਸਾਹਿਬ, ਜੇ ਹੋ ਸਕੇ ਤਾਂ ਮੈਨੂੰ ਪੀਣ ਲਈ ਪਾਣੀ ਮੰਗਵਾ ਦਿਓ, ਮੈਂ ਪੀ ਲਵਾਂ। ਨਹੀਂ ਤਾਂ ਬਿਨਾਂ ਪਾਣੀ ਤੋਂ ਹੀ ਸਾਰ ਲਵਾਂਗੇ। ਜਿਵੇਂ ਗੁਰੂ ਸਾਹਿਬ ਨੇ ਵੀ ਆਪਣੇ ਬੱਚਿਆਂ ਨੂੰ ਆਖਿਆ ਸੀ ਕਿ ਹੁਣ ਤਾਂ ਸਾਰਾ ਕੁਝ ਜੰਗ ਵਿਚ ਹੀ ਹੈ। ਅੱਜ ਪੰਜਾਬ ਦੇ ਹਾਲਾਤ ਇਹ ਹਨ ਕਿ ਕਾਨੂੰਨ ਦੇ ਰਖਵਾਲੇ ਹੀ ਕਾਨੂੰਨ ਲਈ ਖਤਰਾ ਬਣ ਚੁਕੇ ਹਨ ਕਿਉਂਕਿ ਸਰਕਾਰ ਨੇ ਅਫਸਰਾਂ ਨੂੰ ਖੁੱਲ੍ਹੀ ਛੁੱਟੀ ਦੇ ਰਖੀ ਹੈ। ਉਹ ਜਨਤਾ ਤੇ ਜੋ ਕੁਝ ਮਰਜ਼ੀ ਤਸ਼ੱਦਦ ਕਰੀ ਜਾਣ। ਇਕ ਮੈਂ ਤੁਹਾਨੂੰ ਐਮਨੈਸਟੀ ਇੰਟਰਨੈਸ਼ਨਲ ਨਾਂ ਦੀ ਬਹੁਤ ਵੱਡੀ ਸੰਸਥਾ ਹੈ, ਸਾਡੇ ਬਠਿੰਡੇ ਦੇ ਐਮ.ਐਲ.ਏ. ਸਾਹਿਬ ਬਹੁਤ ਲਰਨੇਡ ਆਦਮੀ ਹਨ, ਉਨ੍ਹਾਂ ਨੂੰ ਸਭ ਪਤਾ ਹੈ, ਮੇਰੀ ਗੱਲ ਨੂੰ ਤਾਂ ਇਹ ਨਹੀਂ

Original with;
Punjab Vidhan Sabha
Digitized by;
Panjab Digital Library

ਮੰਨਣਗੇ ਪਰ ਉਸ ਸੰਸਥਾ ਵਲੋਂ 14 ਜਨਵਰੀ ਨੂੰ ਇਕ ਰਿਪੋਰਟ ਛਪੀ ਹੈ ਜਿਸ ਵਿਚ ਲਿਖਿਆ ਹੈ Amnesty said the torture and custodial violence is taking place in the prisons of Northern Indian State of Punjab. Unless this trend is reversed, custodial violence will continue to take place in the State. ਇਹ ਮੈਂ ਨਹੀਂ ਆਖ ਰਿਹਾ। ਇਹ ਤਾਂ ਅਮਨੈਸਟੀ ਇੰਟਰਨੈਸ਼ਨਲ ਸੰਸਥਾ ਕਹਿ ਰਹੀ ਹੈ ਜੋ ਕਿ ਇਸ ਕੰਮ ਦੀ ਸਭ ਤੋਂ ਵੱਡੀ ਗਿਣਤੀ ਮਿਣਤੀ ਕਰਨ ਵਾਲੀ ਹੈ। Amnesty added, the State and its procedures have encouraged the police force to use torture rather than through investigation to solve crime. Victims of torture today are most often those who are socially and economically disadvantaged including women and dalits and the poor sections of the community. ਉਸ ਨੇ ਕਿਹਾ ਹੈ ਕਿ ਕਿਸੇ ਪੁਲਿਸ ਮੈਨ ਦੇ ਖਿਲਾਫ ਕੋਈ ਐਕਸ਼ਨ ਨਹੀਂ ਹੁੰਦਾ। ਇਸ ਤੋਂ ਅੱਗੇ ਜਿਹੜਾ ਲਫਜ਼ ਹੈ, ਉਹ ਨੋਟ ਕਰਨ ਵਾਲਾ ਹੈ। Human Rights activists are often victims of harassment and ill-treatment. Punjab today should serve as a warning to States in India presently affected by armed conflicts. ਦੂਜੀਆਂ ਸਟੇਟਾਂ ਨੂੰ ਵੀ ਪੰਜਾਬ ਵਾਲੇ ਹਾਲਾਤ ਤੋਂ ਜਾਗਰੂਕ ਹੋਣਾ ਚਾਹੀਦਾ ਹੈ ਕਿ ਅਸੀਂ ਕਿਸ ਤਰ੍ਹਾਂ ਇਨ੍ਹਾਂ ਹਾਲਾਤ ਨਾਲ ਨਿਪਟਣਾ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਇਕ ਆਜ਼ਾਦ ਡੈਮੋਕਰੇਟਿਕ ਕੰਟਰੀ ਦਾ ਹਿੱਸਾ ਹੀ ਨਹੀਂ ਜਾਪਦਾ, ਜੋ ਕੁਝ ਇਥੇ ਹੋ ਰਿਹਾ ਹੈ। ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਮਿਸਾਲਾਂ ਹਨ ਕਿ ਫਲਾਣੀ ਥਾਂ ਤੇ ਇਹ ਹੋ ਗਿਆ ਅਤੇ ਫਲਾਣੀ ਥਾਂ ਤੇ ਇਹ ਹੋ ਗਿਆ। 2 ਬੱਚੇ ਮਾਰ ਦਿੱਤੇ ਗਏ। ਮੇਰਾ ਖਿਆਲ ਹੈ ਕਿ ਇਹ ਜਲੰਧਰ ਦੀ ਗੱਲ ਹੈ। ਹੈਨਰੀ ਸਾਹਿਬ, ਤੁਸੀਂ ਇਸ ਕਾਂਡ ਬਾਰੇ ਜਾਣਦੇ ਹੀ ਹੋਵੋਗੇ। 8-10 ਸਾਲਾਂ ਦੇ ਬੱਚਿਆਂ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ ਅਤੇ ਇਕ ਨੂੰ ਮਾਰ ਕੇ ਸੜਕ ਤੇ ਸੁੱਟ ਦਿੱਤਾ ਗਿਆ। ਇਸ ਤਰ੍ਹਾਂ ਦੀਆਂ ਖਬਰਾਂ ਦੀਆਂ, ਅਖਬਾਰਾਂ ਦੀਆਂ ਬਹੁਤ ਸਾਰੀਆਂ ਕਟਿੰਗਜ਼ ਮੇਰੇ ਕੋਲ ਪਈਆਂ ਹਨ। ਰੋਪੜ ਵਾਰਡ ਨੰ: 2 ਦੇ ਇਕ ਸਾਧੂ ਸਿੰਘ ਨੂੰ ਦਾੜ੍ਹੀ ਤੋਂ ਫੜ ਕੇ ਘੜੀਸਿਆ ਗਿਆ। ਉਸ ਨੂੰ ਥਾਣੇ ਵਿਚ ਤਸੀਹੇ ਦਿੱਤੇ ਗਏ ਅਤੇ ਉਹ ਦਮ ਤੋੜ ਗਿਆ। (ਇਸ ਵਕਤ ਮਾਨਯੋਗ ਮੈਂਬਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਪਾਣੀ ਪੀਤਾ।) ਧੰਨਵਾਦ, ਸਪੀਕਰ ਸਾਹਿਬ। ਜੇ ਇਕ ਘੰਟਾ ਹੋਰ ਲੱਗ ਗਿਆ ਤਾਂ ਇਕ ਗਿਲਾਸ ਪਾਣੀ ਹੋਰ ਮੰਗਵਾ ਦੇਣਾ। (ਹਾਸਾ)

**ਸ਼੍ਰੀ ਸਪੀਕਰ** : ਵਕਤ ਤਾਂ ਹਾਊਸ ਦੀ ਮਰਜ਼ੀ ਨਾਲ ਮਿਲਣਾ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਮੈਨੂੰ ਤਾਂ ਬੋਲਣ ਦਾ ਜ਼ਿਆਦਾ ਮੌਕਾ ਮਿਲਣਾ ਚਾਹੀਦਾ ਹੈ। ਇਹ ਗੱਲ ਨਾ ਭੁੱਲੋ ਕਿ ਅਸੀਂ ਤੁਹਾਨੂੰ ਯੂਨੈਨੀਮਸਲੀ ਇਲੈਕਟ ਕੀਤਾ ਹੈ। ਇਹ ਨਹੀਂ ਕਿ ਇਕੱਲੇ ਇਨ੍ਹਾਂ ਨੇ ਹੀ ਤੁਹਾਨੂੰ ਇਲੈਕਟ ਕੀਤਾ ਹੈ। ਇਨ੍ਹਾਂ ਦੀ ਤਾਂ ਸਰਕਾਰ ਹੈ, ਇਨ੍ਹਾਂ ਦੀ ਤਾਂ ਮੌਜ ਹੈ, ਇਸ ਕਰਕੇ ਇਨ੍ਹਾਂ ਨੂੰ ਕੋਈ ਜ਼ਿਆਦਾ ਫਰਕ ਨਹੀਂ ਪੈਂਦਾ। (ਹਾਸਾ) ਇਸ ਕਰਕੇ ਤੁਹਾਨੂੰ ਸਾਡਾ ਜ਼ਿਆਦਾ ਖਿਆਲ ਰੱਖਣਾ ਚਾਹੀਦਾ ਹੈ।

ਕਬੱਡੀ ਖਿਡਾਰੀਆ ਤੇ ਵੀ ਤਸ਼ੱਦਦ ਹੋਇਆ। ਉਨ੍ਹਾਂ ਦੀਆਂ ਫੋਟੋਜ਼ ਵੀ ਅਖਬਾਰਾਂ ਵਿਚ ਛਪੀਆਂ ਹਨ। ਹੁਣ ਤਾਂ ਇੰਨਾ ਜ਼ਿਆਦਾ ਕੰਮ ਖੁਲ੍ਹ ਗਿਆ ਹੈ ਕਿ ਸਕੱਤਰੇਤ ਵਿਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਵੀ ਧੱਕਾਸ਼ਾਹੀ ਹੋਣ ਲੱਗ ਪਈ ਹੈ। ਉਥੇ ਕਲਾਕਾਰਾਂ ਨੂੰ ਕੁੱਟਿਆ ਗਿਆ। ਕਲਾਕਾਰ ਤਾਂ ਭੰਡ ਹੁੰਦੇ ਹਨ। ਉਨ੍ਹਾਂ ਨੇ ਮਜ਼ਾਕੀਆਂ ਲਹਿਜ਼ੇ ਵਿਚ ਆਪਣੀ ਗੱਲ ਕਹਿਣੀ ਹੁੰਦੀ ਹੈ। ਜੇ ਉਨ੍ਹਾਂ ਨੇ ਕੋਈ ਗੱਲ ਕਹਿ ਦਿੱਤੀ ਤਾਂ ਕੀ ਫਰਕ ਪੈ ਗਿਆ। ਜੋ ਮਾੜੇ ਤੋਂ ਮਾੜਾ ਕੰਮ ਹੈ, ਉਹ ਹੁਣ ਇਥੇ ਸਾਡੇ ਸੂਬੇ ਵਿਚ ਹੋ ਰਿਹਾ ਹੈ। ਬਲਾਤਕਾਰ ਹੋ ਰਹੇ ਹਨ। ਹੁਣ ਇਕ ਨਵੀਂ ਗੱਲ ਹੋ ਗਈ ਹੈ ਕਿ ਥਾਣਿਆਂ ਵਿਚ ਸ਼ਰਾਬ ਕੱਢਣੀ ਸ਼ੁਰੂ ਹੋ ਗਈ ਹੈ। ਫਿਰੋਜ਼ਪੁਰ ਦੇ ਇਕ ਥਾਣੇ ਵਿਚ ਸ਼ਰਾਬ ਦੀ ਇਕ ਭੱਠੀ ਫੜੀ ਗਈ ਹੈ। ਇਕ ਅਫਸਰ ਕਹਿੰਦਾ ਹੈ ਕਿ ਅੰਗੂਰ ਵਗੈਰਾ ਪਾ ਕੇ ਵਧੀਆ ਸ਼ਰਾਬ ਕੱਢ ਕੇ ਦਿਓ, ਇਹ ਦੂਜੀ ਸ਼ਰਾਬ ਨਾਲੋਂ ਚੰਗੀ ਹੁੰਦੀ ਹੈ। ਅੱਜ ਪੰਜਾਬ ਦੀ ਹਾਲਤ ਉਹੀ ਹੋ ਗਈ ਹੈ ਜਿਸ ਬਾਰੇ ਕਦੀ ਗੁਰੂ ਨਾਨਕ ਸਾਹਿਬ ਨੇ ਕਿਹਾ ਸੀ ਕਿ ਰਾਜੇ ਤੇ ਉਨ੍ਹਾਂ ਦੇ ਵਜ਼ੀਰ ਕੁੱਤਿਆਂ ਵਾਂਗ ਭੋਲੀ ਭਾਲੀ ਜਨਤਾ ਨੂੰ ਘੇਰ ਕੇ ਉਸ ਤੇ ਤਸ਼ੱਦਦ ਕਰਦੇ ਹਨ :—

ਰਾਜੇ ਸ਼ੀਂਹ ਮੁਕੱਦਮ ਕੁੱਤੇ, ਜਾਇ ਜਗਾਇਣ ਬੈਠੇ ਸੁੱਤੇ।

ਇਹ ਤਾਂ, ਸਪੀਕਰ ਸਾਹਿਬ, ਇਨ੍ਹਾਂ ਦੇ ਲਾਅ ਐਂਡ ਆਰਡਰ ਦੀ ਹਾਲਤ ਹੈ।

ਹੁਣ ਇਕ ਬਹੁਤ ਵੱਡਾ ਮਸਲਾ ਜਿਹੜਾ ਸਾਡੇ ਪੰਜਾਬ ਦੇ ਸਾਹਮਣੇ ਆਇਆ ਹੈ, ਉਹ ਦਰਿਆਵਾਂ ਦੇ ਪਾਣੀਆਂ ਦਾ ਹੈ। ਸਪੀਕਰ ਸਾਹਿਬ, ਪੰਜਾਬ ਨੇ ਪਿਛਲੇ 3 ਦਹਾਕਿਆਂ ਤੋਂ ਅਸਹਿ ਤੇ ਅਕਹਿ ਜ਼ੁਲਮ ਤੇ ਸੰਤਾਪ ਹੰਢਾਇਆ ਹੈ। ਇਸ ਵੱਡੇ ਦੁਖਾਂਤ ਦਾ ਇਕੋ ਇਕ ਕਾਰਨ ਕਾਂਗਰਸ ਸਰਕਾਰਾਂ ਵੱਲੋਂ ਪੰਜਾਬ ਨਾਲ ਕੀਤੀ ਗਈ ਬੇਇਨਸਾਫੀ ਹੈ। ਪਾਣੀਆਂ ਦੇ ਮਾਮਲੇ ਵਿਚ ਪੰਜਾਬ ਨਾਲ ਬਹੁਤ ਵੱਡੀ ਬੇਇਨਸਾਫੀ ਕੀਤੀ ਗਈ ਅਤੇ ਉਸੇ ਕਰਕੇ ਇੰਨਾ ਵੱਡਾ ਨੁਕਸਾਨ ਪੰਜਾਬ ਦਾ ਹੋਇਆ। ਸਪੀਕਰ ਸਾਹਿਬ, ਤੁਸੀਂ ਕਾਫੀ ਦੁਨੀਆਂ ਘੁੰਮੀ ਹੈ, ਇਸ ਕਰਕੇ ਤੁਹਾਨੂੰ ਰਿਪੇਰੀਅਨ ਰਾਈਟ ਬਾਰੇ ਜ਼ਰੂਰ ਪਤਾ ਹੋਵੇਗਾ ਕਿ ਜਿਸ ਸਟੇਟ ਵਿਚੋਂ ਕੋਈ ਦਰਿਆ ਵਗਦਾ ਹੈ, ਉਹੀ ਉਸ ਦਾ ਮਾਲਕ ਹੈ ਅਤੇ ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ। ਵਾਇਸਰਾਏ ਤਾਂ ਅੰਗਰੇਜ਼ ਹੁੰਦੇ ਸਨ। ਉਨ੍ਹਾਂ ਵੱਲੋਂ ਤਾਂ ਕੋਈ ਐਸੀ ਗੱਲ ਲਗ-ਲਗਾਓ ਵਾਲੀ ਨਹੀਂ ਕੀਤੀ ਗਈ। ਉਨ੍ਹਾਂ ਨੇ ਦੋ ਵਾਰ ਪੰਜਾਬ ਦਾ ਪਾਣੀ ਦੂਜੀਆਂ ਸਟੇਟਾਂ ਨੂੰ ਦਿੱਤਾ। ਇਕ ਵਾਰ ਤਾਂ ਫੁਲਕੀਆਂ ਦੀ ਸਟੇਟ ਨੂੰ, ਮਹਾਰਾਜਾ ਸਾਹਿਬ ਦੀ ਸਟੇਟ ਨੂੰ ਦਿੱਤਾ, ਇਸ ਵਿੱਚ ਜੀਂਦ ਵੀ ਸ਼ਾਮਿਲ ਹੈ। ਇਕ ਹੋਰ ਸਟੇਟ ਵੀ ਸ਼ਾਮਲ ਹੈ। 1873 ਵਿੱਚ ਸਤਲੁਜ ਦਰਿਆ ਤੋਂ ਇਕ ਨਹਿਰ ਕੱਢੀ ਉਸ ਵਿੱਚ ਅੰਗਰੇਜ਼ਾਂ ਨੇ ਲਿਖਿਆ Punjab is the sole owner of water flowing through Punjab because of being the sole riparian State. Patiala, Nabha and Jind were asked to pay Malkhana ਉਹ ਮਾਲਖਾਨਾ 1945-46 ਤੱਕ ਦਿੰਦੇ ਰਹੇ ਹਨ। ਇਹ ਵੀ ਲਿਖਿਆ ਹੋਇਆ ਹੈ ਕਿ It was written that Patiala Chief continues to get any water from Punjab river, it will only be a favour from Punjab for which Patiala Chief should be grateful. ਮਤਲਬ ਉਨ੍ਹਾਂ ਨੇ ਵੀ ਰੀਪੇਰੀਅਨ ਰਾਈਟ ਕਰਕੇ ਇਹ ਦਿੱਤਾ। ਦੂਜਾ, ਸਪੀਕਰ ਸਾਹਿਬ, ਇਕ ਹੋਰ ਮਿਸਾਲ ਹੈ। ਬੀਕਾਨੇਰ ਨੂੰ ਵੀ ਪਾਣੀ ਦਿੱਤਾ। ਇਕ ਗੰਗ ਕੈਨਾਲ ਕੱਢੀ ਔਰ ਉਸ ਵਿੱਚ ਵੀ ਇਹ ਮੰਨਿਆ ਕਿ ਇਹ ਪਾਣੀ ਪੰਜਾਬ ਦਾ ਪਾਣੀ ਹੈ ਔਰ ਬੀਕਾਨੇਰ ਸਟੇਟ ਵੀ ਇਨ੍ਹਾਂ ਨੂੰ ਮਾਲਖਾਨਾ ਦਿੰਦੀ ਰਹੀ ਹੈ। ਇਹ ਇਕੱਲੇ ਪੰਜਾਬ ਵਿੱਚ ਹੀ ਨਹੀਂ, ਕੀ ਇਥੇ ਉਦੋਂ ਰੀਪੇਰੀਅਨ

Original with;
Punjab Vidhan Sabha
Digitized by;

ਰਾਈਟ ਲਗਾਇਆ ਗਿਆ, ਇਹ ਸਾਰੇ ਹਿੰਦੁਸਤਾਨ ਵਿੱਚ ਹੋਇਆ ਹੈ। ਇਸੇ ਤਰ੍ਹਾਂ ਹੀ ਦੋ ਵੱਡੇ ਕੇਸ ਜਿਹੜੇ ਮੈਨਸ਼ਨ ਕਰਨ ਵਾਲੇ ਹਨ, ਇਕ ਇਹ ਹੈ ਕਿ ਮਹਾਂਰਾਸ਼ਟਰ ਤੇ ਆਂਧਰਾ ਪ੍ਰਦੇਸ਼ ਵਿੱਚ ਰੀਪੇਰੀਅਨ ਰਾਈਟ ਦਾ ਝਗੜਾ ਪੈਦਾ ਹੋਇਆ। ਝਗੜਾ ਪੈਦਾ ਹੋਇਆ ਇਹ ਤਾਂ ਨਹੀਂ ਕਹਿ ਸਕਦੇ, ਕਿਉਂਕਿ ਤੁਹਾਨੂੰ ਪਤਾ ਹੈ ਕਿ ਪਹਿਲਾਂ ਮਦਰਾਸ ਸਟੇਟ ਸੀ। ਫਿਰ ਉਸ ਤੋਂ ਬਾਅਦ ਆਂਧਰਾ ਸਟੇਟ ਇਕ ਪਾਸੇ ਹੋ ਗਈ, ਤੇ ਹੁਣ ਜਿਸ ਨੂੰ ਤਾਮਿਲਨਾਡੂ ਕਹਿੰਦੇ ਹਨ, ਉਹ ਦੂਜੇ ਪਾਸੇ ਹੋ ਗਿਆ। ਪਹਿਲਾਂ ਇਹ ਮਦਰਾਸ ਸਟੇਟ ਇਕੱਠੀ ਸੀ। ਉਸ ਵਿੱਚ ਚਾਰ ਦਰਿਆ ਸੀ। ਗੋਦਾਵਰੀ ਨਦੀ, ਕਾਵੇਰੀ, ਕ੍ਰਿਸ਼ਨਾ ਅਤੇ ਮਹਾਂਨਦੀ। ਸਪੀਕਰ ਸਾਹਿਬ, ਤਿੰਨ ਦਰਿਆ, ਮਹਾਂਨਦੀ, ਗੋਦਾਵਰੀ, ਕ੍ਰਿਸ਼ਨਾ ਆਂਧਰਾ ਪ੍ਰਦੇਸ਼ ਦੇ ਰੀਪੇਰੀਅਨ ਰਾਈਟਸ ਵਿਚ ਆ ਗਏ ਅਤੇ ਕਾਵੇਰੀ ਦਰਿਆ ਮਦਰਾਸ ਵਿੱਚ ਆ ਗਿਆ। ਜਿਸ ਨੂੰ ਹੁਣ ਤਾਮਿਲਨਾਡੂ ਆਖਦੇ ਹਨ। ਇਕ ਤੁਬਕਾ ਕਾਵੇਰੀ ਦਾ ਆਂਧਰਾ ਵਾਲਿਆਂ ਨੂੰ ਨਹੀਂ ਮਿਲਿਆ, ਨਾ ਹੀ ਇਕ ਤੁਬਕਾ ਆਂਧਰਾ ਵਾਲਿਆਂ ਦਾ ਮਦਰਾਸ ਕੋਲੋਂ ਮਿਲਿਆ ਕਿਉਂਕਿ ਰੀਪੇਰੀਅਨ ਸਟੇਟ ਸੀ। ਉਸ ਤੋਂ ਬਾਅਦ ਇਕ ਹੋਰ ਬਹੁਤ ਵੱਡਾ ਫੈਸਲਾ ਹੋਇਆ। ਮੱਧ ਪ੍ਰਦੇਸ਼ ਤੇ ਮਹਾਂਰਾਸ਼ਟਰ ਦਾ ਪਾਣੀ ਦਾ ਝਗੜਾ ਹੋ ਗਿਆ। ਉਸ ਵਿੱਚ ਫਿਰ ਨਰਮਦਾ ਵਾਟਰ ਡਿਸਪਿਊਟ ਟ੍ਰਿਬਿਊਨਲ ਬਣ ਗਿਆ। ਸਪੀਕਰ ਸਾਹਿਬ, ਰਾਜਸਥਾਨ ਨੇ ਅਪ੍ਰੋਚ ਕੀਤਾ ਕਿ ਸਾਨੂੰ ਵੀ ਇਸ ਵਿੱਚੋਂ ਪਾਣੀ ਦਿਵਾਇਆ ਜਾਵੇ। ਸੈਂਟਰ ਦੇ ਦਬਾਅ ਹੇਠ ਉਸ ਕਮਿਸ਼ਨ ਨੇ ਉਨ੍ਹਾਂ ਦੀ ਅਰਜ਼ੀ ਤਾਂ ਲੈ ਲਈ ਪਰ ਜਦੋਂ ਦੂਜੀ ਸਟੇਟ ਨੇ ਇਸ ਤੇ ਇਤਰਾਜ਼ ਕੀਤਾ ਤਾਂ ਉਨ੍ਹਾਂ ਨੇ ਅਵਾਰਡ ਦਿੱਤਾ ਕਿ ਕਿਉਂਕਿ ਰਾਜਸਥਾਨ ਰੀਪੇਰੀਅਨ ਸਟੇਟ ਨਹੀਂ ਹੈ ਇਸ ਲਈ ਰਾਜਸਥਾਨ ਨੂੰ ਪਾਣੀ ਨਹੀਂ ਦੇ ਸਕਦੇ। ਸਪੀਕਰ ਸਾਹਿਬ, ਸਾਡੇ ਨਾਲ ਬੜੇ ਜ਼ੁਲਮ ਹੋਏ ਹਨ। ਸਾਡੇ ਨਾਲ ਬੜੇ ਅਨਿਆਂ ਹੋਏ ਹਨ। 1955 ਵਿੱਚ ਸ਼੍ਰੀ ਗੁਲਜ਼ਾਰੀ ਲਾਲ ਨੰਦਾ ਜੀ ਹਿੰਦੁਸਤਾਨ ਦੇ ਇਰੀਗੇਸ਼ਨ ਮਨਿਸਟਰ ਸਨ ਅਤੇ ਤੁਹਾਨੂੰ ਪਤਾ ਹੈ ਕਿ ਪਹਿਲਾਂ ਪੰਜਾਬ ਵਿੱਚ ਪੰਜ ਦਰਿਆ ਸੀ। ਹੁਣ ਦੋ ਦਰਿਆ ਜੇਹਲਮ ਅਤੇ ਝਨਾਬ ਪਾਕਿਸਤਾਨ ਵਿੱਚ ਚਲੇ ਗਏ ਹਨ ਅਤੇ ਤਿੰਨ ਦਰਿਆ ਸਤਲੁਜ, ਬਿਆਸ ਅਤੇ ਰਾਵੀ ਅੱਜ ਆਪਣੇ ਕੋਲ ਹਨ। ਉਦੋਂ ਨੰਦਾ ਸਾਹਿਬ ਨੇ, ਕਿਉਂਕਿ ਮੈਂ ਸ਼ੁਰੂ ਤੋਂ ਹੀ ਇਹ ਕਹਿੰਦਾ ਆ ਰਿਹਾ ਹਾਂ ਕਿ ਇਹ ਪਾਰਟੀ ਪੰਜਾਬ ਦੇ ਖਿਲਾਫ ਹੈ, ਉਨ੍ਹਾਂ ਨੇ 8 ਐਮ.ਏ.ਐਫ. ਵਾਟਰ ਰਾਜਸਥਾਨ ਨੂੰ ਦੇ ਦਿੱਤਾ ਅਤੇ ਰੀਪੇਰੀਅਨ ਰਾਈਟ ਨੂੰ ਵੀ ਨਹੀਂ ਦੇਖਿਆ। ਫਿਰ ਸੈਂਟਰ ਵਿੱਚ ਸ਼੍ਰੀ ਮੁਰਾਰ ਜੀ ਡਿਸਾਈ ਆਏ ਉਦੋਂ ਅਸੀਂ ਜੇਲ੍ਹਾਂ ਵਿੱਚ ਸੀ, 1977 ਵਿੱਚ ਜੋ ਕੁਝ ਪੰਜਾਬ ਵਿੱਚ, ਦੇਸ਼ ਅੰਦਰ ਵਾਪਰਿਆ ਉਸ ਨੂੰ ਯਾਦ ਕਰਕੇ ਤਾਂ ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ। 1977 ਵਿੱਚ ਸ਼੍ਰੀਮਤੀ ਇੰਦਰਾ ਗਾਂਧੀ ਨੇ 3.5 ਐਮ.ਏ.ਐਫ. ਪਾਣੀ ਹਰਿਆਣਾ ਨੂੰ ਦੇਣ ਦਾ ਅਵਾਰਡ ਦੇ ਦਿੱਤਾ। ਉਹ ਪਾਣੀ ਕਿਸ ਨੇ ਦਿੱਤਾ, ਕਾਂਗਰਸ ਪਾਰਟੀ ਦੀ ਸਰਕਾਰ ਨੇ ਦਿੱਤਾ। ਫਿਰ ਇਸ ਤੋਂ ਅੱਗੇ ਚਲੀਏ। ਇਸੇ ਤਰ੍ਹਾਂ 1984 ਵਿੱਚ ਆਹ ਜਿਹੜੀ ਐਸ.ਵਾਈ.ਐਲ. ਨਹਿਰ ਕੱਢੀ ਗਈ, ਉਸਦਾ ਨੀਂਹ ਪੱਥਰ ਕਿਸ ਨੇ ਰੱਖਿਆ। ਸ਼੍ਰੀਮਤੀ ਇੰਦਰਾ ਗਾਂਧੀ ਨੇ ਰੱਖਿਆ। ਫੈਸਲਾ ਵੀ ਕਾਂਗਰਸ ਨੇ ਕੀਤਾ ਅਤੇ ਨੀਂਹ ਪੱਥਰ ਵੀ ਕਾਂਗਰਸ ਨੇ ਰੱਖਿਆ। ਅਸੀਂ ਤਾਂ ਉਦੋਂ ਵੀ ਗ੍ਰਿਫਤਾਰੀਆਂ ਦਿੱਤੀਆਂ। ਮੇਰਾ ਖਿਆਲ ਹੈ ਕਿ ਉਦੋਂ ਤਾਂ ਸ਼ਾਇਦ ਮਹਾਰਾਜਾ ਸਾਹਿਬ ਵੀ ਸਾਡੇ ਨਾਲ ਸੀ। ਅਸੀਂ ਮੋਰਚਾ ਲਗਾ ਦਿੱਤਾ। ਹੁਣ ਇਹ ਗੱਲ ਕਰਦੇ ਹਨ ਜਿਹੜੀ ਕਿ ਹਰ ਵਾਰ ਅਤੇ ਹਰ ਸਾਲ ਮੁੱਦਾ ਬਣ ਜਾਂਦੀ ਹੈ। ਮੈਂ ਉਸ ਦਾ ਸਬੂਤ ਦਿੰਦਾ ਹਾਂ। ਇਹ ਕਹਿੰਦੇ ਹਨ ਕਿ ਬਾਦਲ ਨੇ ਦੇਵੀ ਲਾਲ ਕੋਲੋਂ 2 ਕਰੋੜ ਰੁਪਿਆ ਲੈ ਲਿਆ, ਇਰੀਗੇਸ਼ਨ ਵਾਸਤੇ ਤੇ ਨਹਿਰ ਬਣਾਉਣ ਵਾਸਤੇ। ਇਹ 26 ਸਤੰਬਰ, 1976

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਦੀ ਚਿੱਠੀ ਹੈ। 2-3 ਗੱਲਾਂ ਬੜੀਆਂ ਇੰਟਰਸਟਡ ਹਨ ਜਿਹੜੀਆਂ ਮੈਂ ਦੱਸਣੀਆਂ ਚਾਹੁੰਦਾ ਹਾਂ। ਇਕ ਤਾਂ ਮੈਂ ਜਦੋਂ ਮੁਕੱਦਮਾ ਕਰਵਾ ਦਿੱਤਾ ਸੀ ਅਤੇ ਸਰਦਾਰ ਦਰਬਾਰਾ ਸਿੰਘ ਨੇ ਮੁੱਖ ਮੰਤਰੀ ਹੁੰਦਿਆਂ ਸ਼੍ਰੀਮਤੀ ਇੰਦਰਾ ਗਾਂਧੀ ਦੇ ਦਬਾਅ ਥੱਲੇ ਆ ਕੇ ਉਹ ਮੁਕੱਦਮਾ ਵਾਪਸ ਲੈ ਲਿਆ ਸੀ ਕਿਉਂ ਜੋ ਹਰਿਆਣਾ ਤਾਂ ਕੇਸ ਜਿੱਤਦਾ ਨਹੀਂ ਸੀ। ਕੇਸ ਉਸ ਵੇਲੇ ਸੁਪਰੀਮ ਕੋਰਟ ਵਿਚ ਚਲਾ ਗਿਆ ਸੀ। ਇਹ ਅਖਬਾਰ ਵਿਚ ਵੀ ਖਬਰ 22 ਜੁਲਾਈ ਨੂੰ ਆਈ ਸੀ। Prime Minister Indira Gandhi did today flare up at Punjab Chief Minister and asked him to resign immediately from the Presidentship of the Congress (I). ਉਥੇ ਪੰਜਾਬ ਅਤੇ ਹਰਿਆਣਾ ਦੇ ਦੋਵੇਂ ਸੀ.ਐਮ. ਸਾਹਿਬ ਗਏ ਹੋਏ ਸਨ। ਪੰਜਾਬ ਵਿਚ ਸਰਦਾਰ ਦਰਬਾਰਾ ਸਿੰਘ ਉਸ ਵੇਲੇ ਮੁੱਖ ਮੰਤਰੀ ਸੀ। Mrs. Gandhi came out of her house at 5.30 P.M. quivering with anger she said, I do not want to see anybody from Punjab. He should be asked to resign. ਭਾਵ ਮੈਂ ਪੰਜਾਬ ਕੇ ਲੋਗੋਂ ਸੇ ਬਾਤ ਨਹੀਂ ਕਰਨਾ ਚਾਹਤੀ, ਉਨਸੇ ਕਹੋ ਕਿ ਅਸਤੀਫਾ ਦੇ ਦੇਂ। ਉਸ ਵੇਲੇ ਜਿਹੜੀ ਮੀਟਿੰਗ ਚਲ ਰਹੀ ਸੀ ਉਸ ਨੂੰ ਉਸ ਵੇਲੇ ਦਾ ਲਾਅ ਮਨਿਸਟਰ ਸ਼੍ਰੀ ਸ਼ਿਵ ਸ਼ੰਕਰ ਚਲਾ ਰਿਹਾ ਸੀ। ਉਸ ਨੇ ਦੱਸ ਦਿੱਤਾ ਕਿ ਸਰਦਾਰ ਦਰਬਾਰਾ ਸਿੰਘ ਤਾਂ ਨਹੀਂ ਮੰਨਦੇ ਤੇ ਇਕ ਵਾਰੀ ਦਰਬਾਰਾ ਸਿੰਘ ਨੇ ਨਾਂਹ ਵੀ ਕਰ ਦਿੱਤੀ ਸੀ। ਉਸ ਨੂੰ ਬੜੀ ਝਾੜ ਪਈ ਸੀ। ਸਰਦਾਰ ਦਰਬਾਰਾ ਸਿੰਘ ਬੜਾ ਪ੍ਰੇਸ਼ਾਨ ਹੋਇਆ। ਉਸ ਨੇ ਆਪਣੇ 2-4 ਨੇੜੇ ਦੇ ਸਾਥੀਆਂ ਨੂੰ ਕਿਹਾ ਕਿ ਮੇਰੀ ਤਾਂ ਬੜੀ ਬੇਹਯਾਈ ਹੋਈ ਹੈ। ਮੈਂ ਤਾਂ ਅਸਤੀਫਾ ਦੇਣ ਲੱਗਾ ਹਾਂ। ਕਿਸੇ ਸਿਆਣੇ ਵਿਅਕਤੀ ਨੇ ਕਿਹਾ ਕਿ ਤੁਸੀਂ ਅਸਤੀਫਾ ਦੇ ਦਿਓਗੇ ਤਾਂ ਜਿਹੜਾ ਨਵਾਂ ਕਾਂਗਰਸੀ ਆਵੇਗਾ, ਉਸ ਨੇ ਅੰਗੂਠਾ ਲਗਾ ਦੇਣਾ ਹੈ, ਤੁਸੀਂ ਵੀ ਅੰਗੂਠਾ ਲਗਾ ਦਿਓ ਅਤੇ ਉਨ੍ਹਾਂ ਨੇ ਕੇਸ ਸੁਪਰੀਮ ਕੋਰਟ ਵਿਚੋਂ ਵਾਪਸ ਲੈ ਲਿਆ। ਸ਼੍ਰੀ ਕੰਵਰਸੈਣ, ਚੇਅਰਮੈਨ Water & Power Commission ਸੀ ਅਤੇ ਹਰਿਆਣਾ ਵੇਲੇ ਵੀ ਸੀ। Even he had said, I feel that the Akali demand for re-opening of water issue is fully justified as the State was not given its due share. ਸਪੀਕਰ ਸਾਹਿਬ, ਉਨ੍ਹਾਂ ਦੀ ਸਾਡੇ ਨਾਲ ਤਾਂ ਕੋਈ ਹਮਦਰਦੀ ਨਹੀਂ ਸੀ। ਉਸ ਨੇ ਇਸ ਤਰ੍ਹਾਂ ਦੀ ਰਾਏ ਦਿੱਤੀ ਹੈ। Mr. Sain was the architect of 1955 Agreement reached between Punjab and Rajasthan. He has drafted the agreement. He told that though he had soft corner for Rajasthan and Haryana, he felt that Akali demand was justified. He said the entire issue should now be referred to Inter State Water Tribunal for review. Even 1995 agreement should also be reviewed.

ਹੁਣ, ਸਪੀਕਰ ਸਾਹਿਬ, ਮੈਂ ਇਕ-ਦੋ ਗੱਲਾਂ ਹੋਰ ਕਰਾਂਗਾ। ਇਹ ਕਹਿੰਦੇ ਹਨ ਕਿ ਬਾਦਲ ਨੇ ਪੈਰਵੀ ਨਹੀਂ ਕੀਤੀ। ਜਿਹੜਾ ਐਡਵੋਕੇਟ ਇਸ ਕੇਸ ਵਿਚ ਸਾਡੇ ਵੇਲੇ ਸੀ, ਉਹੀ ਇਨ੍ਹਾਂ ਦਾ ਹੈ। ਅਸੀਂ ਉਹ ਵਕੀਲ ਕੀਤਾ ਸੀ ਜਿਹੜਾ ਹਿੰਦੁਸਤਾਨ ਦਾ ਮੰਨਿਆ ਹੋਇਆ ਹੈ। Giani Zail Singh, the Congress Chief Minister of Punjab, received Rs. One crore from the Haryana Counterpart,

Original with;
Punjab Vidhan Sabha
Digitized by;
Panjab Digital Library

Mr. B.D. Gupta for the construction of the SYL. ਸਪੀਕਰ ਸਾਹਿਬ, ਜੇ ਇਹ ਕੇਸ ਵਿਦਡਰਾਅ ਨਾ ਹੁੰਦਾ ਤਾਂ ਇਹ ਗੱਲਾਂ ਅੱਜ ਸਾਨੂੰ ਨਾ ਕਰਨੀਆਂ ਪੈਂਦੀਆਂ। ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਾਂਗਾ ਕਿ ਜੋ ਬੰਦਾ ਗੱਲ ਕਹੇ ਉਸ ਤੇ ਖੜ੍ਹੇ ਰਹਿਣਾ ਚਾਹੀਦਾ ਹੈ, ਸਟੈਂਡ ਲੈਣਾ ਚਾਹੀਦਾ ਹੈ। ਸ਼੍ਰੀ ਮੋਤੀ ਲਾਲ ਵੋਹਰਾ ਜੋ ਕਿ ਪੰਜਾਬ ਕਾਂਗਰਸ ਪਾਰਟੀ ਦੇ ਇੰਚਾਰਜ ਸਨ, ਨੇ ਕਿਹਾ ਸੀ ਕਿ "Supreme Court decision binding on everyone." ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ "Apex Court decision has to be obeyed."ਜੋ ਇਨ੍ਹਾਂ ਨੇ ਔਖੇ ਹੀ ਕਰ ਲਿਆ। ਸਰਕਾਰ ਹੁਣ ਕਿਉਂ ਮੁਕਰ ਗਈ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਰੇ ਲੋਕ ਜਾਣਦੇ ਹਨ ਕਿ ਤੁਹਾਡਾ ਕੀ ਰੋਲ ਹੈ ਅਤੇ ਸਾਡਾ ਕੀ ਰੋਲ ਹੈ। ਸਪੀਕਰ ਸਾਹਿਬ, ਇਹ ਗੱਲਾਂ ਹੁੰਦੀਆਂ ਰਹਿੰਦੀਆਂ ਹਨ। ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੇ ਪਾਣੀ ਦਾ ਇਕ ਤੁਪਕਾ ਵੀ ਬਾਹਰ ਨਾ ਜਾਵੇ। ਮੈਂ Assure ਕਰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਅਸੀਂ ਤੁਹਾਡਾ ਪੂਰਾ ਸਾਥ ਦਿਆਂਗੇ, ਅੱਗੇ ਹੋ ਕੇ ਲੜਾਂਗੇ, ਤੁਸੀਂ ਤਾਂ ਲੜਣਾ ਹੀ ਨਹੀਂ ਪਰ ਚਲੋ ਤੁਸੀਂ ਮੁੱਖ ਮੰਤਰੀ ਬਣ ਗਏ ਹੋ, ਲੇਕਿਨ ਦੋ ਸ਼ਰਤਾਂ ਹੋਣਗੀਆਂ।

(ਇਕ ਆਵਾਜ਼: ਤੁਸੀਂ ਤਾਂ ਆਲ ਪਾਰਟੀ ਮੀਟਿੰਗ ਵਿੱਚ ਵੀ ਨਹੀਂ ਆਏ।)

ਤੁਸੀਂ ਤਾਂ ਹੁਣ ਆਏ ਹੋ, ਅਸੀਂ ਤਾਂ 40 ਸਾਲ ਤੋਂ ਇਹ ਮੀਟਿੰਗਾਂ ਕਰਦੇ ਆ ਰਹੇ ਹਾਂ। ਮੈਂ ਕਹਿੰਦਾ ਹਾਂ ਕਿ ਤੁਸੀਂ ਇਹ ਦੋ ਗੱਲਾਂ ਕਰੋ, ਇਕ ਤਾਂ ਇਹ ਕਹੋ ਕਿ ਜੋ ਸ਼੍ਰੀਮਤੀ ਇੰਦਰਾ ਗਾਂਧੀ ਨੇ ਹਰਿਆਣੇ ਨੂੰ 3.5 ਐਮ.ਏ.ਐਫ. ਪਾਣੀ ਦਿੱਤਾ ਸੀ, ਉਹ ਗਲਤ ਦਿੱਤਾ ਸੀ, ਦੂਸਰਾ ਇਹ ਕਹੋ ਕਿ ਸਰਦਾਰ ਦਰਬਾਰਾ ਸਿੰਘ ਨੇ ਜਿਹੜਾ ਮੁਕਦਮਾ ਵਾਪਸ ਕੀਤਾ ਸੀ ਉਹ ਵੀ ਬਹੁਤ ਵੱਡੀ ਗਲਤੀ ਸੀ। ਇਨਸਾਨ/ਜਾਂ ਪਾਰਟੀਆਂ ਗਲਤੀ ਮੰਨ ਲੈਂਦੀਆਂ ਹਨ, ਮੰਨਣੀਆਂ ਵੀ ਚਾਹੀਦੀਆਂ ਹਨ। ਫਿਰ ਅਸੀਂ ਤੁਹਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਚਲਣ ਦੀ ਥਾਂ ਛਾਲਾਂ ਮਾਰਦੇ ਜਾਵਾਂਗੇ। ਫਿਰ ਤੁਸੀਂ ਸਾਰਾ ਕੁਝ ਸਾਡੇ ਤੇ ਛੱਡ ਦੇਣਾ। ਸਪੀਕਰ ਸਾਹਿਬ, ਇਹ ਪਹਿਲਾਂ ਕਹਿੰਦੇ ਸੀ ਕਿ ਅਸੀਂ ਬੜੀ ਪੈਰਵੀ ਕਰ ਰਹੇ ਹਾਂ, ਬਾਦਲ ਨੇ ਤਾਂ ਪੈਰਵੀ ਨਹੀਂ ਕੀਤੀ। ਇਕ ਤਾਂ ਇਨ੍ਹਾਂ ਨੇ ਅਰਜ਼ੀ ਦਿੱਤੀ ਹੈ ਸੈਂਟਰਲ ਗੌਰਮਿੰਟ ਨੂੰ ਜਿਹੜੀ ਕਿ ਕੰਪਲੇਂਟ ਹੁੰਦੀ ਹੈ, ਉਹ ਕੰਪਲੇਂਟ ਦਿੱਤੀ ਹੈ ਕਿ/ਇਕ ਤਾਂ ਇਹ ਦੇਖਿਆ ਜਾਵੇ ਕਿ ਪੰਜਾਬ ਨੂੰ ਪਾਣੀ ਦਾ ਬਣਦਾ ਹਿੱਸਾ ਘੱਟ ਦਿੱਤਾ ਗਿਆ ਹੈ, ਇਸ ਨੂੰ ਦੁਬਾਰਾ ਦੇਖਿਆ ਜਾਵੇ ਅਤੇ ਦੂਸਰਾ ਹਰਿਆਣਾ ਰੀਪੇਰੀਅਨ ਰਾਈਟ ਦੀ ਗੱਲ ਕੀਤੀ ਹੈ। ਆਪਾਂ ਇਹ ਗੱਲ ਕਿਉਂ ਕਰੀਏ, ਜਦੋਂ ਉਨ੍ਹਾਂ ਦਾ ਰਾਈਟ ਹੀ ਨਹੀਂ ਬਣਦਾ ਤਾਂ ਇਹ ਆਪਾਂ ਕਿਉਂ ਕਹੀਏ। ਅਸੀਂ ਤਾਂ ਕਹਿੰਦੇ ਹਾਂ ਕਿ ਰਾਵੀ ਬਿਆਸ ਦੇ ਪਾਣੀ ਬਾਰੇ ਫੈਸਲਾ ਗਲਤ ਹੋਇਆ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਹ ਵੇਖ ਲੈਣ। ਦੂਸਰਾ ਜੋ/ਇਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਕੇਸ ਕੀਤਾ, ਇਹ ਉਸੇ ਮੁੱਦੇ ਤੇ ਕੀਤਾ ਹੈ ਜਿਸ ਤੇ ਮੈਂ ਕੀਤਾ ਸੀ ਅਤੇ ਹੁਣ ਇਹ ਦੁਬਾਰਾ ਕਰਨ ਲੱਗੇ ਹੋਏ ਹਨ। ਮੈਂ ਇਨ੍ਹਾਂ ਨੂੰ ਦੱਸ ਦਿੰਦਾ ਹਾਂ ਕਿ ਇਸ ਦਾ ਕੋਈ ਲਾਭ ਨਹੀਂ ਹੋਣਾ। ਮੈਂ ਇਨ੍ਹਾਂ ਨੂੰ ਇਕ ਹੋਰ ਗੱਲ ਦੱਸਣੀ ਚਾਹੁੰਦਾ ਹਾਂ ਕਿ ਕਿੰਨਾ ਵੱਡਾ ਨੁਕਸਾਨ ਇਸ ਪਾਰਟੀ ਨੇ ਕੀਤਾ। ਸਾਡਾ ਜਿਹੜਾ ਪਾਣੀ ਹੈ, ਉਹ 2 ਕਰੋੜ ਮਿਲੀਅਨ ਏਕੜ ਫੁੱਟ ਰਾਜਸਥਾਨ ਲੈ ਗਿਆ ਅਤੇ ਰਕਬਾ 1.5/ਕਰੋੜ ਏਕੜ ਹੈ। ਪੰਜਾਬ ਦਾ ਬਹੁਤ ਨੁਕਸਾਨ ਹੋਇਆ ਹੈ ਕਿਉਂਕਿ ਜਿੰਨੀ ਜ਼ਮੀਨ ਸੀ, ਉਨੇ ਪਾਣੀ ਦੇਣਾ ਚਾਹੀਦਾ ਸੀ। ਮਾਹਿਰਾਂ ਦਾ ਕਹਿਣਾ ਹੈ ਕਿ ਇਕ ਏਕੜ ਜ਼ਮੀਨ ਜੋ ਹੈ ਉਹ ਇਕ ਹੈਕਟੇਅਰ ਪਾਣੀ ਦੇ ਬਰਾਬਰ ਹੁੰਦੀ ਹੈ। ਜੇ ਇਕ ਏਕੜ ਜ਼ਮੀਨ ਦੀ ਕੀਮਤ 2 ਲੱਖ ਰੁਪਏ ਹੈ ਤਾਂ ਜੋ ਪਾਣੀ ਉਥੇ ਜਾਂਦਾ ਹੈ, ਉਸਦੀ ਕੀਮਤ ਵੀ 2 ਲੱਖ ਰੁਪਏ ਹੀ ਬਣਦੀ ਹੈ। ਇਸ ਲਈ, ਸਪੀਕਰ ਸਾਹਿਬ, ਇਨ੍ਹਾਂ ਨੇ ਰਾਜਸਥਾਨ ਨੂੰ ਵੱਧ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਪਾਣੀ ਦੇ ਕੇ ਪੰਜਾਬ ਦਾ ਇਡਾ ਵੱਡਾ ਨੁਕਸਾਨ ਕੀਤਾ ਹੈ। ਇਸ ਗੱਲ ਬਾਰੇ ਮੈਂ ਅੰਤ ਵਿੱਚ ਇਹੀ ਕਹਾਂਗਾ ਕਿ ਇਹ ਦੋ ਗੱਲਾਂ ਮੰਨ ਲੈਣ ਜਿਹੜੀ ਵੀ ਇਨ੍ਹਾਂ ਦੀ ਜ਼ਮੀਰ ਮੰਨਦੀ ਹੈ। ਚਾਹੇ ਇੰਦਰਾ ਗਾਂਧੀ ਨੇ ਜਿਹੜਾ ਫੈਸਲਾ ਕੀਤਾ, ਉਸ ਨੂੰ ਮਾੜਾ ਕਹਿ ਦੇਣ ਜਾਂ ਫਿਰ ਜਿਹੜਾ ਦਰਬਾਰਾ ਸਿੰਘ ਨੇ ਕੇਸ ਵਾਪਸ ਲਿਆ, ਉਹ ਮਾੜਾ ਕਹਿ ਦੇਣ। ਅਸੀਂ ਬਾਕੀ ਗੱਲਾਂ ਭੁੱਲ ਜਾਵਾਂਗੇ ਅਤੇ ਇਨ੍ਹਾਂ ਨਾਲ ਚੱਲਾਂਗੇ। ਅਗਰ ਇਹ ਕੁਝ ਵੀ ਨਹੀਂ ਕਹਿੰਦੇ ਤਾਂ ਵੀ ਚੱਲਾਂਗੇ, ਪਰ ਸਾਡੀ ਇਹ ਸ਼ਰਤ ਜ਼ਰੂਰ ਹੈ।

ਸਪੀਕਰ ਸਾਹਿਬ, ਹੁਣ ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਜਿਹੜਾ ਇਨ੍ਹਾਂ ਨੇ ਬੜਾ ਵੱਡਾ ਗੁਨਾਹ ਕੀਤਾ, ਪਾਪ ਕੀਤਾ ਔਰ ਇਹ ਕਲੰਕ ਇਨ੍ਹਾਂ ਦੇ ਮੱਥੇ ਤੋਂ ਕਦੇ ਵੀ ਨਹੀਂ ਲਹਿ ਸਕਦਾ ਭਾਵੇਂ ਹਿਸਟਰੀਆਂ ਬਦਲ ਜਾਣ। ਭਾਵੇਂ ਸੌ ਸਾਲ ਬਾਅਦ ਹਿਸਟਰੀਆਂ ਬਦਲ ਜਾਣ। ਪਰ ਜੋ ਇਨ੍ਹਾਂ ਨੇ ਧਰਮ ਅਸਥਾਨਾਂ ਤੇ ਕੀਤਾ, ਉਹ ਕੋਈ ਵੀ ਨਹੀਂ ਭੁਲਾ ਸਕਦਾ। ਸਪੀਕਰ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬਹੁਤ ਵੱਡਾ ਇਤਿਹਾਸ ਹੈ। ਇਹ ਪਹਿਲਾ ਧਰਮ ਹੈ, ਸਿੱਖ ਧਰਮ ਹੈ, ਜਿਸ ਨੇ ਬੜੀਆਂ ਔਕੜਾਂ ਨਾਲ, ਬੜੀਆਂ ਤਕਲੀਫਾਂ ਨਾਲ, ਕੁਰਬਾਨੀਆਂ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ। ਇਸ ਦਾ ਪ੍ਰਬੰਧ ਸਿੱਖਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੇ ਹੱਥ ਦਿੱਤਾ ਗਿਆ ਹੈ। ਇਹ ਚੋਣਾਂ ਕੋਈ ਆਮ ਚੋਣਾਂ ਨਹੀਂ ਸਨ। ਇਹ ਚੋਣਾਂ ਨਾ ਮਿਊਂਸਿਪਲ ਕਮੇਟੀ ਵਰਗੀਆਂ ਚੋਣਾਂ ਸਨ, ਨਾ ਜ਼ਿਲ੍ਹਾ ਪ੍ਰੀਸ਼ਦ ਵਰਗੀਆਂ ਚੋਣਾਂ ਸਨ ਸਗੋਂ ਇਨ੍ਹਾਂ ਚੋਣਾਂ ਦਾ ਸਬੰਧ ਸਿੱਖਾਂ ਦੇ ਜਜ਼ਬਾਤਾਂ ਨਾਲ ਜੁੜਿਆ ਹੋਇਆ ਹੈ। ਸਿੱਖ ਸਭ ਕੁਝ ਬਰਦਾਸ਼ਤ ਕਰ ਸਕਦਾ ਹੈ ਪਰ ਆਪਣੇ ਗੁਰਧਾਮਾਂ ਵਿੱਚ ਕਿਸੇ ਪ੍ਰਕਾਰ ਦਾ ਦਖਲ ਬਰਦਾਸ਼ਤ ਨਹੀਂ ਕਰ ਸਕਦਾ। ਮੈਂ ਕਹਿੰਦਾ ਹਾਂ ਕਿ ਪਤਾ ਨਹੀਂ ਕਿਸ ਦੀ ਸਲਾਹ ਲਈ। ਮੇਰੀ ਸਮਝ ਤੋਂ ਬਾਹਰ ਹੈ। ਜਿਸ ਨੇ ਵੀ ਸਲਾਹ ਦਿੱਤੀ, ਉਹ ਤੁਹਾਡਾ ਸਭ ਤੋਂ ਵੱਡਾ ਦੁਸ਼ਮਣ ਹੈ। ਸਾਡਾ ਵੀ ਰਿਸ਼ਤੇਦਾਰ ਹੈ ਕਿ ਅਕਾਲੀਆਂ ਨੂੰ ਰਗੜੋ। ਤੁਸੀਂ ਮੈਨੂੰ ਹੀ ਟੈਲੀਫੂਨ ਤੇ ਪੁੱਛ ਲੈਂਦੇ ਤਾਂ ਮੈਂ ਤੁਹਾਨੂੰ ਦੱਸਦਾ ਕਿ ਸਰਦਾਰ ਪ੍ਰਤਾਪ ਸਿੰਘ ਨੇ ਵੀ ਕਿਹਾ ਸੀ ਕਿ ਕਾਂਗਰਸੀਓ, ਅਕਾਲੀਆਂ ਨਾਲ ਕੋਈ ਵੀ ਇਲੈਕਸ਼ਨ ਲੜ ਲਓ ਪਰ ਕਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਲੈਕਸ਼ਨ ਨਾ ਲੜਨਾ। ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਜ਼ੁਲਮ ਕੀਤਾ ਹੈ, ਮੇਰਾ ਖਿਆਲ ਹੈ ਕਿ ਮੇਰੇ ਵਰਗੇ ਕਈ ਸਿੰਘ ਇਸ ਨਾਲ ਦੁੱਖੀ ਹੋਣਗੇ। ਇਨ੍ਹਾਂ ਨੇ ਪਲਾਨ ਬਣਾ ਲਈ ਸੀ ਕਿ ਇਲੈਕਸ਼ਨ ਵਿੱਚ ਜ਼ਬਰਦਸਤੀ ਸ਼੍ਰੋਮਣੀ ਕਮੇਟੀ ਖੋਹਣੀ ਹੈ। ਪਲਾਨ ਬਣਾਈ ਗਈ ਸੀ। ਅਫਸਰਾਂ ਨਾਲ ਸਲਾਹ ਹੋ ਚੁੱਕੀ ਸੀ। ਇਨ੍ਹਾਂ ਨੂੰ ਪਤਾ ਨਹੀਂ ਕਿ ਕੀ ਸੁਪਨਾ ਆਇਆ ਕਿ ਸਾਰੇ ਮੈਂਬਰਾਂ ਨੂੰ ਸਿਕਿਉਰਟੀ ਦੇ ਦਿੱਤੀ। ਸਪੀਕਰ ਸਾਹਿਬ, ਜਦ ਪਿਛਲੇ ਦਸ ਸਾਲਾਂ ਤੋਂ ਕੋਈ ਸਿਕਿਉਰਟੀ ਨਹੀਂ ਦਿੱਤੀ ਗਈ, ਕੋਈ ਲੋੜ ਨਹੀਂ ਪਈ ਤਾਂ ਪਤਾ ਨਹੀਂ ਹੁਣ ਕੀ ਲੋੜ ਪੈ ਗਈ। ਕਿਸੇ ਮੈਂਬਰ ਉਤੇ ਏ.ਐਸ.ਆਈ. ਬਿਠਾ ਦਿੱਤਾ ਤੇ ਕਿਸੇ ਤੇ ਡੀ.ਐਸ.ਪੀ. ਬਿਠਾ ਦਿੱਤਾ ਗਿਆ। ਝੂਠੇ ਮੁਕੱਦਮੇ ਦਰਜ ਕੀਤੇ ਗਏ। ਮੈਂ 4-5 ਮੁਕੱਦਮਿਆਂ ਦਾ ਜ਼ਿਕਰ ਕਰਾਂਗਾ। ਸਪੀਕਰ ਸਾਹਿਬ, ਤੁਸੀਂ ਜੱਜ ਦੀ ਕੁਰਸੀ ਤੇ ਬੈਠੇ ਹੋ, ਨਿਆਂ ਦੇਣ ਲਈ ਬੈਠੇ ਹੋ। ਸਪੀਕਰ ਸਾਹਿਬ, ਬੀਬੀ ਹਰਬੰਸ ਕੌਰ ਸੁਖਾਣਾ ਤੇ ਕੇਸ ਦਰਜ ਕੀਤਾ ਗਿਆ। ਉਸ ਤੇ ਕੇਸ ਇਹ ਬਣਾਇਆ ਗਿਆ ਕਿ ਇਸ ਨੇ 50,000 ਰੁਪਏ ਰਿਸ਼ਵਤ ਲਈ ਹੈ, ਫਲਾਣਾ ਡਰਾਈਵਰ ਰਖਵਾਉਣ ਵਾਸਤੇ। ਪੁਲਿਸ ਵਾਲੇ ਉਸ ਕੋਲ ਚਲੇ ਗਏ ਕਿ ਬੀਬੀ ਜੀ, ਤੁਸੀਂ 50,000 ਰੁਪਏ ਲਏ ਹਨ। ਉਸ ਦੇ ਘਰ ਪੁਲਿਸ ਵਾਲੇ ਗਏ। ਉਸ ਕੋਲ ਦੋ ਮਰਸੀਡੀਜ਼ ਕਾਰਾਂ ਸਨ ਅਤੇ ਇੱਕ ਸ਼ਾਨਦਾਰ ਕੋਠੀ ਸੀ। ਸ਼ਾਇਦ ਲੁਧਿਆਣੇ ਵਿੱਚ ਇਹੋ ਜਿਹੀ ਉਨ੍ਹਾਂ ਦੀ ਹੀ ਹੋਵੇ। ਉਹ ਕਹਿਣ ਲੱਗੇ ਕਿ ਅਗਰ ਕਿਸੇ 1-2 ਬੰਦਿਆਂ ਨੇ

Original with;
Punjab Vidhan Sabha
Digitized by;

ਰਹਿਣਾ ਹੈ ਤਾਂ ਸਾਡੇ ਕੋਲ ਭੇਜ ਦਿਓ, ਮੈਂ ਡਰਾਈਵਰ ਲਗਾ ਕੇ ਕੀ ਕਰਨਾ ਹੈ। ਉਸ ਤੇ 406, 420 ਦਾ ਮੁਕੱਦਮਾ 10 ਨਵੰਬਰ ਨੂੰ ਦਰਜ ਕੀਤਾ ਗਿਆ। ਅਫਸਰ ਵੀ ਇੱਥੇ ਬੈਠੇ ਹਨ। ਇਹ ਵੀ ਨੋਟ ਕਰ ਲੈਣ। ਇਸੇ ਤਰ੍ਹਾਂ ਬਲਬੀਰ ਸਿੰਘ ਗੁਰਦਾਸਪੁਰ ਵਾਲੇ 'ਤੇ ਮੁਹਾਲੀ ਵਿੱਚ ਮੁਕੱਦਮਾ ਦਰਜ ਕੀਤਾ ਗਿਆ ਕਿ ਤੇਰਾ ਭਤੀਜਾ ਜੁਗਰਾਜ ਸਿੰਘ ਸਮੈਕ ਵੇਚਦਾ ਹੈ। ਇਸੇ ਤਰ੍ਹਾਂ ਭਜਨ ਕੌਰ ਤੇ ਮੁਕੱਦਮਾ ਦਰਜ ਕੀਤਾ ਗਿਆ। ਉਸ ਦਾ ਜੇਠ ਫੜ੍ਹ ਲਿਆ ਗਿਆ। ਉਸ ਨੂੰ ਕਿਹਾ ਕਿ ਜਾਂ ਤਾਂ ਸਾਨੂੰ ਵੋਟ ਪਾਓ ਜਾਂ ਫਿਰ ਗੱਡੀ ਵਿੱਚ ਬੈਠੋ। ਮੈਂ ਕਹਿੰਦਾ ਹਾਂ ਕਿ ਗਲਤੀ ਦੀ ਹੱਦ ਹੁੰਦੀ ਹੈ। ਬੀਬੀ ਜਗੀਰ ਕੌਰ ਜੀ ਇੱਥੇ ਬੈਠੇ ਹਨ। ਇਨ੍ਹਾਂ ਉਤੇ ਬਿਜਲੀ ਦੀ ਚੋਰੀ ਦਾ ਮੁਕੱਦਮਾ ਦਰਜ ਕਰ ਦਿੱਤਾ ਗਿਆ। ਇਹ ਕੋਈ ਇਨਸਾਨੀਅਤ ਹੈ। ਇਨ੍ਹਾਂ ਨੇ ਬੀਬੀ ਜਗੀਰ ਕੌਰ ਤੇ ਕੇਸ ਰਜਿਸਟਰ ਕੀਤਾ ਕਿ ਬਿਜਲੀ ਦੀ ਚੋਰੀ ਕੀਤੀ ਗਈ। ਸਪੀਕਰ ਸਾਹਿਬ, ਪੀ.ਐਸ.ਈ.ਬੀ. ਦਾ ਰਿਕਾਰਡ ਹੈ ਕਿ ਬਿਜਲੀ ਚੋਰੀ ਕੀਤੀ ਹੋਵੇ ਤਾਂ ਜੁਰਮਾਨਾ ਹੁੰਦਾ ਹੈ, ਮੁਕੱਦਮਾ ਦਰਜ ਨਹੀਂ ਹੁੰਦਾ ਪਰ ਇਨ੍ਹਾਂ ਨੇ ਇਹ ਵੀ ਕਰ ਦਿੱਤਾ। ਇਸੇ ਤਰ੍ਹਾਂ ਬਲਬੀਰ ਸਿੰਘ ਦਾ ਗਰੀਬ ਬੱਚਾ ਐਸ.ਪੀ.ਓ. ਲੱਗਾ ਸੀ। ਤੁਸੀਂ ਪਤਾ ਨਹੀਂ ਕਿਸ ਤਰ੍ਹਾਂ ਦੀਆਂ ਦੁਸ਼ਮਣੀਆਂ ਕੱਢਦੇ ਹੋ। ਉਸ ਨੂੰ ਕਿਹਾ ਕਿ ਤੂੰ ਗੈਰ-ਹਾਜ਼ਰ ਹੈ। ਉਹ ਕਹਿਣ ਲੱਗਾ ਕਿ ਮੈਂ ਤਾਂ ਹਾਜ਼ਰ ਹਾਂ, ਇੱਥੇ ਖੜ੍ਹਾ ਹਾਂ। ਕਹਿਣ ਲੱਗੇ ਕਿ ਜੇ ਤੇਰਾ ਬਾਪ ਵੋਟਾਂ ਇਧਰ ਪਾ ਦੇਵੇ ਤਾਂ ਠੀਕ ਹੈ। ਉਸ ਤੇ ਵੀ ਜ਼ੁਲਮ ਕੀਤਾ ਗਿਆ। ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਸਪੀਕਰ ਸਾਹਿਬ, ਕਸ਼ਮੀਰ ਸਿੰਘ ਗੰਢੀਵਿੰਡ ਤੇ ਕਾਰਬਾਈਨਾਂ ਤੇ ਅਸਲੇ ਦਾ ਕੇਸ ਦਰਜ ਕੀਤਾ ਗਿਆ। ਸਪੀਕਰ ਸਾਹਿਬ, ਇਹੀ ਗੱਲ ਨਹੀਂ ਕੀਤੀ, ਮਹਾਨ ਸੰਸਥਾ ਦਰਬਾਰ ਸਾਹਿਬ ਤੇ ਕਬਜ਼ਾ ਕਰਨ ਦੀ ਨੀਅਤ ਨਾਲ ਪਾਵਨ ਸ਼੍ਰੀ ਦਰਬਾਰ ਸਾਹਿਬ ਦੀ ਘੇਰਾਬੰਦੀ ਕੀਤੀ। ਬਾਹਰੋਂ ਆਏ ਸ਼ਰਧਾਲੂਆਂ ਨੂੰ ਮੱਥਾ ਟੇਕਣ ਤੋਂ ਰੋਕਿਆ ਗਿਆ, ਮਰਿਆਦਾ ਵਿੱਚ ਵਿਘਨ ਪਾਇਆ ਗਿਆ। ਸੁੱਤੇ ਪਏ ਸ਼ਰਧਾਲੂ, ਜਿਨ੍ਹਾਂ ਵਿੱਚ ਬੀਬੀਆਂ ਅਤੇ ਬੱਚੇ ਵੀ ਸ਼ਾਮਿਲ ਸਨ, ਨੂੰ ਸਰਾਵਾਂ ਵਿੱਚੋਂ ਜਬਰਦਸਤੀ ਬਾਹਰ ਕੱਢਿਆ ਗਿਆ। ਬਾ-ਵਰਦੀ ਪੁਲਿਸ ਨੂੰ ਸੱਚ ਖੰਡ ਸ਼੍ਰੀ ਦਰਬਾਰ ਸਾਹਿਬ ਵਿੱਚ ਭੇਜਿਆ ਗਿਆ। ਇਸ ਸਬੰਧੀ ਮੇਰੇ ਕੋਲ 12 ਨਵੰਬਰ ਦੀਆਂ ਅਖਬਾਰਾਂ ਦੀਆਂ ਖਬਰਾਂ ਹਨ। ਦੋ-ਚਾਰ ਅਖਬਾਰਾਂ ਹਨ। ਕੁਝ ਅਹਿਮ ਅਖਬਾਰਾਂ ਦੀਆਂ ਸੁਰਖੀਆਂ ਮੈਂ ਹਾਊਸ ਦੇ ਰਿਕਾਰਡ ਵਿੱਚ ਹੀ ਰੱਖ ਦੇਵਾਂਗਾ। ਵੱਡੇ-ਵੱਡੇ ਅੰਗਰੇਜ਼ੀ ਅਖਬਾਰਾਂ ਦੀਆਂ ਖਬਰਾਂ ਹਨ। ਇਹ ਨਾ ਕਹਿਣਾ ਕਿ ਅਜੀਤ ਜਾਂ ਫਲਾਣੀ ਅਖਬਾਰ ਹੈ। ਇਹ ਹੈ ਟ੍ਰਿਬਿਊਨ--Police entered Golden Temple Complex. ਇੰਡੀਅਨ ਐਕਸਪ੍ਰੈਸ ਹੈ—Golden City turned into Khaki. ਇਹ ਹਿੰਦੁਸਤਾਨ ਟਾਈਮਜ਼ ਹੈ—Cops forced pilgrims out of complex. ਇਹ ਸਾਰਾ ਕੁਝ ਅਖਬਾਰਾਂ ਵਿੱਚ ਲਿਖਿਆ ਹੈ। ਸਪੀਕਰ ਸਾਹਿਬ, ਸਾਨੂੰ ਕੋਈ ਚਿੰਤਾ ਨਹੀਂ। ਅਸੀਂ ਐਕਸਪੈਕਟ ਹੀ ਇਨ੍ਹਾਂ ਤੋਂ ਇਹ ਕਰਦੇ ਸੀ। ਜੇ ਇਹੋ ਜਿਹੇ ਬੰਦੇ, ਜਿਸ ਤੇ ਧਰਮ ਦੀ ਕੋਈ ਗੱਲ ਨਾ ਹੋਵੇ, ਕੋਈ ਇਨਸਾਫ਼ ਦੀ ਗੱਲ ਨਾ ਹੋਵੇ, ਨਾ ਧਰਮ ਦੀ ਪਰਵਾਹ ਹੋਵੇ ਤਾਂ ਅਸੀਂ ਇਹ ਸਮਝਦੇ ਸੀ ਕਿ ਇਨ੍ਹਾਂ ਨੇ ਇਹ ਕਰਨਾ ਹੈ। ਅਸੀਂ ਸਿਆਣਪ ਕੀਤੀ ਜਦੋਂ ਸਾਰੇ ਮੈਂਬਰਾਂ ਨੂੰ ਹੋਰ ਸਟੇਟ ਵਿੱਚ ਲੈ ਗਏ। ਹੁਣ ਇਹ ਦੱਸੋ ਕਿ ਇਹ ਕੀ ਡੈਮੋਕਰੇਸੀ ਹੈ ? ਸਾਡੇ ਗੁਰਦੁਆਰਿਆਂ ਦੀ ਜਿਹੜੀ ਪ੍ਰਬੰਧਕ ਕਮੇਟੀ ਹੈ,ਉਸ ਦੇ ਇਲੈਕਸ਼ਨਾਂ ਵਿੱਚ ਮੈਂਬਰਾਂ ਨੂੰ ਇੱਕ ਮਹੀਨਾ ਬਾਹਰ ਰਹਿਣਾ ਪਵੇ। ਕਿਸੇ ਨੂੰ ਚਾਅ ਨਹੀਂ, ਕੋਈ ਇੱਕ ਦਿਨ ਵੀ ਬਾਹਰ ਨਹੀਂ ਰਹਿ ਸਕਦਾ। 32 ਬੀਬੀਆਂ ਇੱਕ ਮਹੀਨਾ ਬਾਹਰ ਰਹੀਆਂ। ਇਹ ਗੁਰਦੁਆਰਿਆਂ ਦੇ ਇਲੈਕਸ਼ਨਾਂ ਵਿੱਚ ਕੀਤਾ ਹੈ। ਸਪੀਕਰ ਸਾਹਿਬ, ਮੈਂ ਦੇਖਿਆ ਹੈ ਔਰ ਤੁਸੀਂ ਵੀ ਬਹੁਤ ਪੁਰਾਣੇ ਹੋ, ਮੁਗਲਾਂ ਤੋਂ ਲੈ ਕੇ ਦੁਰਾਨੀਆਂ ਤੱਕ, ਫਿਰ ਅੰਗਰੇਜ਼ਾਂ ਤੋਂ ਲੈ ਕੇ ਦਿੱਲੀ ਅਤੇ ਪੰਜਾਬ ਦੀ ਕਾਂਗਰਸ ਤੱਕ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਸਾਰਿਆਂ ਨੇ ਦਰਬਾਰ ਸਾਹਿਬ ਦੀ ਰੂਹਾਨੀਅਤ ਨੂੰ ਢਾਹ ਲਾਈ। ਇਨ੍ਹਾਂ ਨੇ ਤਿੰਨ ਸੂਤਰੀ ਪ੍ਰੋਗਰਾਮ ਉਲੀਕਿਆ ਕਿ ਗੁਰਧਾਮਾਂ ਤੇ ਜਬਰੀ ਕਬਜ਼ਾ ਕਰ ਲਓ। ਇਹ ਦੁਰਾਨੀ ਵੀ ਕਰਦੇ ਰਹੇ ਹਨ, ਮੁਗਲ ਵੀ ਕਰਦੇ ਰਹੇ ਹਨ, ਅੰਗਰੇਜ਼ ਵੀ ਕਰਦੇ ਰਹੇ ਹਨ ਅਤੇ ਕਾਂਗਰਸ ਵੀ ਕਰਦੀ ਰਹੀ ਹੈ। ਜੇਕਰ ਇਹ ਨਾ ਹੋ ਸਕਿਆ ਤਾਂ ਗੁਰਧਾਮਾਂ ਦੀ ਬੇਅਦਬੀ ਕਰ ਦਿਓ, ਜਿਵੇਂ ਮੱਸਾ ਰੰਗੜ ਨੇ ਕੀਤੀ ਸੀ। ਜੇਕਰ ਇਹ ਵੀ ਨਾ ਹੋ ਸਕਿਆ ਤਾਂ ਗੁਰਧਾਮਾਂ ਦੀ ਤਬਾਹੀ ਕਰ ਦਿਓ। ਦੋ ਵਾਰ ਸ਼੍ਰੀ ਦਰਬਾਰ ਸਾਹਿਬ ਦੀ ਇੱਟ ਨਾਲ ਇੱਟ ਖੜਕਾਉਣ ਦੀ ਕੋਸ਼ਿਸ਼ ਕੀਤੀ। ਇੱਕ ਵਾਰ ਅਹਿਮਦ ਸ਼ਾਹ ਅਬਦਾਲੀ ਨੇ ਅਤੇ ਇੱਕ ਵਾਰੀ ** ਨੇ। ਤੁਸੀਂ ਦੇਖ ਲਓ ਇਹ ਗੱਲਾਂ ਕਿਸ ਤਰ੍ਹਾਂ ਦੀਆਂ ਹਨ।

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ** : ਸਪੀਕਰ ਸਾਹਿਬ, ** ਇਥੇ ਹੈ ਨਹੀਂ। ਇਹ ਉਨ੍ਹਾਂ ਦਾ ਨਾਮ ਲੈ ਨਹੀਂ ਸਕਦੇ। ਇਹ ਬਾਰ-ਬਾਰ ਉਨ੍ਹਾਂ ਦਾ ਨਾਮ ਲੈ ਰਹੇ ਹਨ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਤੁਸੀਂ ਕੱਟ ਕਰ ਦਿਓ। ਕਾਂਗਰਸ ਦੇ ਰਾਜ ਵਿੱਚ ਕਹਿ ਦਿਓ। ਮੈਂ ਨਾਮ ਨਹੀਂ ਬੋਲਦਾ, ਕਿਰਪਾ ਕਰਕੇ ਬੈਠੋ।

**ਸ਼੍ਰੀ ਸਪੀਕਰ** : ਠੀਕ ਹੈ, **ਨਾਮ ਕੱਟ ਦਿੱਤਾ ਜਾਵੇ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਭਾਵੇਂ ** ਕੱਟ ਦਿਓ ਪਰ ਕਿਸ ਨੂੰ ਨਹੀਂ ਪਤਾ? ਕੱਟ ਕੇ ਤੁਹਾਡਾ ਮਤਲਬ ਹੈ ਇਹ ਵਾਸ਼-ਆਊਟ ਹੋ ਜਾਵੇਗਾ। ਚਲੋ, ਮੈਂ ਇਸ ਤੋਂ ਅੱਗੇ ਗੱਲ ਕਰਨੀ ਚਾਹੁੰਦਾ ਹਾਂ ਪਰ ਮੈਂ ਮਜਬੂਰ ਹਾਂ ਕਿ ਮਹਾਰਾਜਾ ਸਾਹਿਬ ਦੇ ਬਾਰੇ ਕੋਈ ਗੱਲ ਨਹੀਂ ਕਹਿਣੀ।

**ਮੁੱਖ ਮੰਤਰੀ (ਬੈਠੇ ਬੈਠੇ)** : ਕਹਿ ਲਵੋ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਗੁੱਸਾ ਤਾਂ ਨਹੀਂ ਕਰਦੇ।

**ਮੁੱਖ ਮੰਤਰੀ (ਬੈਠੇ ਬੈਠੇ)** : ਨਹੀਂ ਜੀ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਹੁਣ ਤਾਂ ਇਨ੍ਹਾਂ ਨੇ ਇਜਾਜ਼ਤ ਦੇ ਦਿੱਤੀ ਹੈ' ਪਰ ਮੈਂ ਜਾਤੀ ਗੱਲਾਂ ਵਿੱਚ ਨਹੀਂ ਜਾਂਦਾ। ਤੁਸੀਂ ਦੇਖੋ ਇਨਸਾਨ ਨੂੰ ਆਪਣੇ ਇਤਿਹਾਸ ਵਿੱਚ ਜਿਹੋ ਜਿਹਾ ਖੂਨ ਆਉਂਦਾ ਹੈ, ਉਸੇ ਤਰ੍ਹਾਂ ਦੇ ਉਸ ਦੇ ਵਿਚਾਰ ਬਣ ਜਾਂਦੇ ਹਨ। ਸਪੀਕਰ ਸਾਹਿਬ, ਪਹਿਲਾਂ ਤਾਂ........

**ਸ਼੍ਰੀ ਸਪੀਕਰ** : ਇੰਨਾ ਥੱਲੇ ਨਾ ਜਾਵੋ। ਪਰਸਨਲ ਗੱਲਾਂ ਨਾ ਕਰੋ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਕੋਈ ਨਹੀਂ ਜੀ, ਅੱਜ ਤਾਂ ਤੁਹਾਡੇ ਕੋਲੋਂ ਟਾਈਮ ਲੈਣਾ ਹੈ।

**ਸ਼੍ਰੀ ਸਪੀਕਰ** : ਟਾਈਮ ਦੀ ਗੱਲ ਨਹੀਂ, ਪਰਸਨਲ ਗੱਲਾਂ ਨਾ ਕਰੋ।

---

**Expunged as ordered by the Chair.

riginal with;
unjab Vidhan Sabha
igitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਇਹ ਤਾਂ ਆਪ ਆਖਦੇ ਹਨ, ਦੱਸੋ ਮੈਂ ਕੀ ਕਰਾਂ। He has agreed to it. ਤੁਸੀਂ ਪੁੱਛ ਲਵੋ।

**ਸ਼੍ਰੀ ਸਪੀਕਰ** : ਇਹ ਸਦਨ ਸਾਰਿਆਂ ਦਾ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਇੱਕ ਦਿਨ ਹੀ ਬੋਲਣਾ ਹੈ। ਬਾਕੀ ਤਾਂ ਉਠਕ-ਬੈਠਕ ਹੀ ਕਰੀ ਜਾਵਾਂਗੇ। ਸਪੀਕਰ ਸਾਹਿਬ, ਜਦੋਂ ਮੁਗਲਾਂ ਦਾ ਰਾਜ ਕਮਜ਼ੋਰ ਹੋਇਆ ਤਾਂ ਉਸ ਵੇਲੇ ਮੇਰਾ ਖਿਆਲ ਹੈ ਕਿ ਸਿੱਖਾਂ ਦੀਆਂ 11 ਜਾਂ 12 ਮਿਸਲਾਂ ਸਨ, ਮੇਰਾ ਖਿਆਲ ਹੈ ਕਿ 12 ਮਿਸਲਾਂ ਸਨ। ਇਨ੍ਹਾਂ ਦੇ ਵਿਚੋਂ ਇੱਕ ਮਿਸਲ ਮਹਾਰਾਜਾ ਸਾਹਿਬ ਦੀ ਸੀ ਐਂਰ 11 ਮਿਸਲਾਂ ਦੂਜੀਆਂ ਸਨ। ਇਨ੍ਹਾਂ ਨੇ ਮਤਾ ਪਕਾਇਆ ਕਿ ਦੁਰਾਨੀ ਵੀ ਕਮਜ਼ੋਰ ਹੋ ਗਈ ਹੈ, ਮੁਗਲ ਵੀ ਕਮਜ਼ੋਰ ਹੋ ਗਏ ਹਨ ਤੇ ਇਸ ਕਰਕੇ ਆਪਾਂ ਇੱਕ ਮੁਠ ਹੋ ਜਾਈਏ, ਸਾਰੇ ਇੱਕਠੇ ਰਲ ਕੇ ਚਲੀਏ ਤਾਂ ਇਸ ਦੇ ਲਈ ਸਾਰਿਆਂ ਨੂੰ ਅਕਾਲ ਤਖਤ ਦੇ ਆਉਣ ਦੀ ਦਾਅਵਤ ਦੇ ਦਿੱਤੀ ਗਈ ਤੇ ਇਹ ਫੈਸਲਾ ਕੀਤਾ ਗਿਆ ਕਿ ਇੱਕ ਕਮੇਟੀ ਜਾਂ ਹਾਈ ਅਥਾਰਿਟੀ ਬਣਾ ਲਈ ਜਾਵੇ ਜਿਸ ਦੇ ਵਿਚ ਸਾਰੇ ਸ਼ਾਮਲ ਹੋਣ ਤਾਂ ਕਿ ਮੁਗਲਾਂ ਤੇ ਦੁਰਾਨੀਆਂ ਦੇ ਨਾਲ ਲੜਾਈ ਲੜ ਸਕੀਏ। ਲੇਕਿਨ ਮਹਾਰਾਜਾ ਸਾਹਿਬ ਦੀ ਜੋ ਮਿਸਲ ਹੈ ਉਹ ਇਸ ਦੇ ਵਿੱਚ ਨਹੀਂ ਗਈ, ਬਾਕੀ ਸਾਰੇ ਗਏ। ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਸਿੱਖ ਹਿਸਟਰੀ ਦੇ ਵਿਚ ਸਭ ਤੋਂ ਵੱਧ ਨੁਕਸਾਨ ਕਦੋਂ ਹੋਇਆ, ਉਹ ਦੂਜੇ ਘੱਲੂਘਾਰੇ ਦੇ ਵੇਲੇ ਹੋਇਆ ਸੀ, ਜਿਸ ਦੇ ਵਿੱਚ 30 ਹਜ਼ਾਰ ਮਾਸੂਮ ਸਿੱਖਾਂ ਦੀਆਂ ਜਾਨਾਂ ਗਈਆਂ ਸਨ। ਸਪਕੀਰ ਸਾਹਿਬ, ਉਸ ਲੜਾਈ ਦੇ ਵਿਚ ਘੋੜਿਆਂ ਨੂੰ ਰਾਸ਼ਨ ਤੇ ਬੰਦਿਆਂ ਦੇ ਲਈ ਰਾਸ਼ਨ ਕਿਸ ਨੇ ਭਿਜਵਾਇਆ ਸੀ ? ਇਸ ਦੇ ਇਨਾਮ ਵਜੋਂ ਅਬਦਾਲੀ ਨੇ ਬਾਲਾ ਆਲਾ ਸਿੰਘ ਨੂੰ ਸਰਹਿੰਦ ਦੀ ਚੀਫ਼ਸ਼ਿਪ ਦਿੱਤੀ ਤੇ ਨਾਲ ਹੀ ਰਾਜੇ ਦਾ ਖਿਤਾਬ। ਸਪੀਕਰ ਸਾਹਿਬ, ਇਹ ਮੈਂ ਆਪਣੇ ਆਪ ਨਹੀਂ ਕਹਿ ਰਿਹਾ, ਇਹ ਕਿਸੇ ਅੰਗਰੇਜ਼ ਦੀ ਕਿਤਾਬ ਲਿਖੀ ਹੋਈ ਹੈ। ਜਿਸ ਦਾ 'ਨਾਮ ਦੀ ਰਾਜ ਆਫ਼ ਪੰਜਾਬ, ਬਾਇ ਐਲ.ਐਚ. ਗਰੀਫ਼ਨ' ਹੈ ਇਸ ਦੇ ਵਿਚ ਇਹ ਲਿਖਿਆ ਹੋਇਆ ਹੈ ਔਰ ਮੈਂ ਇਸ ਨੂੰ ਬਾਅਦ ਦੇ ਵਿਚ ਤੁਹਾਡੇ ਲਈ ਨਿਸ਼ਾਨੀਆਂ ਲਗਾ ਕੇ ਤੁਹਾਡੇ (ਸੀ.ਐਮ. ਸਾਹਿਬ ਵਲ ਇਸ਼ਾਰਾ) ਘਰ ਭੇਜ ਦਿਆਂਗਾ। ਸਪੀਕਰ ਸਾਹਿਬ, ਇਨ੍ਹਾਂ ਦੀ ਅਹਿਮਦ ਸ਼ਾਹ ਅਬਦਾਲੀ ਦੇ ਨਾਲ ਯਾਰੀ ਸੀ ਤੇ ਉਦੋਂ ਇਨ੍ਹਾਂ ਨੂੰ ਰਾਜਗਣ ਦੀ ਪਦਵੀ ਦਿੱਤੀ ਗਈ। ਅਹਿਮਦ ਸ਼ਾਹ ਅਬਦਾਲੀ ਨੇ ਦਰਬਾਰ ਸਾਹਿਬ ਦੀਆਂ ਨੀਹਾਂ ਵਿੱਚ ਬਾਰੂਦ ਰਖਵਾ ਕੇ ਢਹਿ ਢੇਰੀ ਕੀਤਾ ਸੀ। ਅਬਦਾਲੀ ਨੇ ਸਿੱਖਾਂ ਨਾਲ ਕੀਤੀ ਗਦਾਰੀ ਬਦਲੇ ਉਸ ਨੂੰ ਰਾਜਾ-ਏ-ਰਾਜਗਨ ਦੀ ਪਦਵੀ ਬਖਸ਼ੀ । ਰਾਜਾ ਅਮਰ ਸਿੰਘ ਜੀ ਨੇ ਜੋ ਸਿੱਕਾ ਜਾਰੀ ਕੀਤਾ ਉਸ ਉਪਰ ਅਹਿਮਦ ਸ਼ਾਹ ਅਬਦਾਲੀ ਨੂੰ ਪਰਿਣਾਮ ਕੀਤਾ ਹੈ ਤੇ ਨਾਲ ਹੀ ਲਿਖਿਆ ਕਿ ਅਹਿਮਦ ਸ਼ਾਹ ਇੱਕ ਹੀਰਾ ਹੈ। ਸਪੀਕਰ ਸਾਹਿਬ ਅੰਗਰੇਜ਼ਾਂ ਨਾਲ ਸਿੱਖਾਂ ਦੀ ਲੜਾਈ ਹੋਈ ਸੀ। ਉਸ ਵਿਚ ਇਨ੍ਹਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ, ਜਿਸ ਦੇ ਇਵਜ਼ ਵਿਚ ਇਨ੍ਹਾਂ ਨੂੰ ਨਾਭੇ ਦੀ ਰਿਆਸਤ ਦੀ ਜਾਇਦਾਦ ਬਖਸ਼ੀ ਗਈ ਸੀ। 1957 ਦੇ ਵਿਚ ਲੜਾਈ ਹੋਈ ਸੀ ਤਾਂ ਇਨ੍ਹਾਂ ਨੇ ਸ਼ਾਹੀ ਖਜ਼ਾਨੇ ਦਾ ਸਾਥ ਦਿੱਤਾ। ਜੇਕਰ ਇੱਕ ਜੱਟ ਇੱਕ ਏਕੜ ਜ਼ਮੀਨ ਖਰੀਦ ਲੈਂਦਾ ਹੈ ਤਾਂ ਉਸ ਨੂੰ ਵਿਜੀਲੈਂਸ ਵਾਲੇ ਫੜ ਲੈਂਦੇ ਹਨ। ਇਨ੍ਹਾਂ ਨੂੰ ਅੰਗਰੇਜ਼ਾਂ ਨੇ ਦੋ ਜ਼ਿਲ੍ਹੇ ਇੱਕ ਮਹਿੰਦਰਗੜ੍ਹ ਤੇ ਦੂਜਾ ਨਾਰਨੌਲ ਦਾ ਇਲਾਕਾ ਦਿੱਤਾ...(ਵਿਘਨ)।

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਜੋ ਬਾਦਲ ਸਾਹਿਬ ਬੋਲ ਰਹੇ ਹਨ, ਕੀ ਇਹ ਗਵਰਨਰ ਸਾਹਿਬ ਦੇ ਐਡਰੈਸ ਨਾਲ ਰੈਲੇਵੈਂਟ ਗੱਲਾਂ ਕਰ ਰਹੇ ਹਨ? ਇਹ ਤਾਂ ਹਾਊਸ ਦਾ ਸਮਾਂ ਖਰਾਬ ਕਰ ਰਹੇ ਹਨ, ਕੋਈ ਵੀ ਗੱਲ ਰੈਲੇਵੈਂਸੀ ਦੀ ਨਹੀਂ ਕਰ ਰਹੇ।

**ਸ਼੍ਰੀ ਸਪੀਕਰ** : ਮੈਂ ਤਾਂ ਆਪ ਵੀ ਕਿਹਾ ਹੈ ਕਿ ਇਸ ਤਰ੍ਹਾਂ ਦੀਆਂ ਗੱਲਾਂ ਨਾ ਕੀਤੀਆਂ ਜਾਣ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਫਿਰ ਸਰਦਾਰ ਭਗਤ ਸਿੰਘ ਨੂੰ ਕਿਉਂ ਯਾਦ ਕਰਦੇ ਹਾਂ। (ਵਿਘਨ) ਕਰਤਾਰ ਸਿੰਘ ਸਰਾਭੇ ਨੂੰ ਤੇ ਲਾਲਾ ਲਾਜਪਤ ਰਾਏ ਨੂੰ ਕਿਉਂ ਯਾਦ ਕਰਦੇ ਹਾਂ ਕਿਉਂਕਿ ਉਨ੍ਹਾਂ ਸਾਰਿਆਂ ਨੇ ਦੇਸ਼ ਦੀ ਅਜ਼ਾਦੀ ਵਾਸਤੇ ਵੱਡਾ ਯੋਗਦਾਨ ਪਾਇਆ ਹੈ। ਫਿਰ ਜਿਨ੍ਹਾਂ ਨੇ ਦੇਸ਼ ਦੇ ਨਾਲ ਗਦਾਰੀ ਕੀਤੀ ਹੈ ਉਨ੍ਹਾਂ ਦੇ ਬਾਰੇ ਕਿਉਂ ਨਾ ਗੱਲ ਕੀਤੀ ਜਾਵੇ।

**ਸ਼੍ਰੀ ਸਪੀਕਰ** : ਜਿਨ੍ਹਾਂ ਨੇ ਗਦਾਰੀ ਕੀਤੀ ਹੈ ਉਨ੍ਹਾਂ ਬਾਰੇ ਹੁਣ ਇਥੇ ਕਹਿਣ ਦੀ ਲੋੜ ਨਹੀਂ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਹੁਣ ਸਰਕਾਰ ਨੂੰ ਆਖਿਰ ਦੇ ਵਿੱਚ ਚਿਤਾਵਨੀ ਦੇਣੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੈਂ ਇਸ ਸਦਨ ਰਾਹੀਂ ਮੁੱਖ ਮੰਤਰੀ ਸਾਹਿਬ ਅਤੇ ਇਨ੍ਹਾਂ ਦੀ ਪਾਰਟੀ ਨੂੰ ਕਰੜੀ ਚਿਤਾਵਨੀ ਦੇਣਾ ਚਾਹੁੰਦਾ ਹਾਂ ਕਿ ਇਹ ਖਾਲਸਾ ਪੰਥ ਨਾਲ ਮੱਥਾ ਲਾਉਣ ਵਾਲੀ ਮੁਗਲਾਂ ਦੀ, ਅੰਗਰੇਜ਼ਾਂ ਦੀ ਅਤੇ ਪੁਰਾਣੇ ਰਿਆਸਤੀ ਰਾਜਿਆਂ ਦੀ ਪਾਲਿਸੀ ਤੇ ਚਲਣ ਤੋਂ ਬਾਜ਼ ਆਉਣ। ਇਹ ਧਾਰਮਿਕ ਜਜ਼ਬਿਆਂ ਨਾਲ ਖਿਲਵਾੜ ਕਰਕੇ ਸੂਬੇ ਦੇ ਅਮਨ ਨੂੰ ਅੱਗ ਲਾਉਣ ਦੇ ਰਾਹ ਉਤੇ ਚਲ ਰਹੇ ਹਨ। ਮੈਂ ਸਮੁੱਚੇ ਖਾਲਸਾ ਪੰਥ ਵਲੋਂ, ਸ਼੍ਰੋਮਣੀ ਅਕਾਲੀ ਦਲ ਵਲੋਂ ਅਤੇ ਸਮੂਹ ਪੰਜਾਬੀਆਂ ਵਲੋਂ ਇਨ੍ਹਾਂ ਨੂੰ ਤਾੜਨਾ ਕਰਦਾ ਹਾਂ ਕਿ ਜੇਕਰ ਇਹ ਆਪਣੇ ਮੌਜੂਦਾ ਰਸਤੇ ਉਤੇ ਚਲਦੇ ਰਹੇ ਤਾਂ ਇਨ੍ਹਾਂ ਦਾ ਹਸ਼ਰ ਵੀ ਉਨ੍ਹਾਂ ਪਾਪੀਆਂ ਵਰਗਾ ਹੋਵੇਗਾ ਜੋ ਕਿ ਖਾਲਸਾ ਪੰਥ ਨਾਲ ਟੱਕਰ ਲੈਣ ਦੀ ਨਾ-ਅਹਿਲੀਅਤ ਕਰਦੇ ਆਏ ਹਨ। ਸੂਬੇ ਦੇ ਅਮਨ ਦੇ ਹਿੱਤ ਵਿਚ ਮੈਂ ਇਨ੍ਹਾਂ ਨੂੰ ਜ਼ੋਰ ਦੇ ਕੇ ਆਖਦਾ ਹਾਂ ਕਿ ਤਾਕਤ ਦੇ ਨਸ਼ੇ ਅਤੇ ਗੈਰ-ਦਾਨਿਸ਼ਮੰਦੀ ਦੀ ਨੀਂਹ ਤੋਂ ਜਾਗੋ, ਨਹੀਂ ਤਾਂ ਸਿੱਟੇ ਗੰਭੀਰ ਹੋਣਗੇ।

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ** : ਸਪੀਕਰ ਸਾਹਿਬ, ਹਾਊਸ ਹੋਰ ਕਿੰਨਾ ਸਮਾਂ ਚੱਲੇਗਾ?

**ਸ਼੍ਰੀ ਸਪੀਕਰ** : ਸਾਰੀਆਂ ਚੀਜ਼ਾਂ ਰੈਲੇਵੈਂਟ ਤਾਂ ਨਹੀਂ ਹਨ ਪਰ ਇਹ ਗਵਰਨਰ ਐਡਰੈਸ ਤੇ ਬਹਿਸ ਕਰ ਰਹੇ ਹਨ।

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ** : ਸਪੀਕਰ ਸਾਹਿਬ, ਟਾਈਮ ਦੀ ਕੋਈ ਲਿਮਟ ਤਾਂ ਹੁੰਦੀ ਹੈ ਕਿ ਕਿੰਨਾ ਚਿਰ ਹੋਰ ਬੋਲਣਾ ਹੈ।

**ਸ਼੍ਰੀ ਸਪੀਕਰ** : ਬਾਦਲ ਸਾਹਿਬ, ਤੁਸੀਂ ਫਿਰ ਤਿਆਰੀ ਕਰਕੇ ਆ ਜਾਇਓ। 10 ਮਿੰਟ ਵੀ ਹੋ ਗਏ ਹਨ।

riginal with;
unjab Vidhan Sabha
igitized by;
unjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਨੂੰ ਸਿਰਫ 15 ਮਿੰਟ ਹੋਰ ਦੇ ਦਿਓ। ਬੇਸ਼ੱਕ ਫਿਰ ਘੰਟੀ ਮਾਰ ਦਿਓ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਅਤੇ ਮੈਂ ਇਨ੍ਹਾਂ ਨੂੰ ਰਾਏ ਵੀ ਦੇਣੀ ਚਾਹੁੰਦਾ ਹਾਂ ਪਰ ਇਨ੍ਹਾਂ ਇਹ ਮੰਨਣੀ ਨਹੀਂ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕਨਫਰੰਟੇਸ਼ਨ ਦੀ ਪਾਲਿਸੀ ਖਤਮ ਕਰ ਦਿਓ। ਕਦੇ ਵੀ ਚੀਫ ਮਨਿਸਟਰ ਨੂੰ ਇਹ ਪਾਲਿਸੀ ਨਹੀਂ ਵਰਤਣੀ ਚਾਹੀਦੀ। ਇਹ ਪਾਲਿਸੀ ਕਦੇ ਵੀ ਚੰਗੇ ਰਿਜ਼ਲਟ ਨਹੀਂ ਲਿਆਉਂਦੀ। ਇਨ੍ਹਾਂ ਨੇ ਪਹਿਲਾਂ ਸਾਡੇ ਨਾਲ ਕਨਫਰੰਟੇਸ਼ਨ ਦੀ ਪਾਲਿਸੀ ਵਰਤੀ। ਹੁਣ ਦੂਜਿਆਂ ਨਾਲ ਸ਼ੁਰੂ ਹੋ ਗਏ ਹਨ। ਕੀ ਇਹ ਚੰਗਾ ਲਗਦਾ ਹੈ ਕਿ ਸਾਡਾ ਚੀਫ਼ ਮਨਿਸਟਰ ਸ਼ਿਮਲਾ ਤਾਰੀਖ ਭੁਗਤਣ ਜਾਵੇ ਅਤੇ ਸ਼ਿਮਲੇ ਵਾਲਾ ਇਥੇ ਆਏ। ਇਥੋਂ ਵਾਲੇ ਗੁਜਰਾਤ ਜਾਣ। ਮੈਂ ਕੱਲ੍ਹ ਪੜ੍ਹ ਕੇ ਆਇਆ ਹਾਂ ਜੋ ਇਨ੍ਹਾਂ ਦੇ ਖਿਲਾਫ ਦਾਅਵਾ ਕੀਤਾ ਗਿਆ ਹੈ। ਹਫ਼ਤੇ ਨੂੰ ਇਨ੍ਹਾਂ ਨੇ ਉਥੇ ਵੀ ਜਾਣਾ ਹੈ। ਮੈਂ ਕੱਲ੍ਹ ਤਾਰੀਖ ਭੁਗਤ ਕੇ ਆਇਆ ਹਾਂ। ਕੀ ਫਾਇਦਾ ਹੈ ਇਹੋ ਜਿਹੀ ਕਨਫਰੰਟੇਸ਼ਨ ਦਾ ? ਇਸ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਪੰਜਾਬੀ ਬੋਲੀ ਅਤੇ ਧਰਮ ਦੇ ਬਾਰੇ ਇਨ੍ਹਾਂ ਦੇ ਇਸ ਤਰ੍ਹਾਂ ਦੇ ਵਿਊਜ਼ ਹਨ। ਪੰਜਾਬੀ ਯੂਨੀਵਰਸਿਟੀ ਪੰਜਾਬੀ ਲੈਂਗੂਏਜ਼ ਦੇ ਲਈ ਬਣਾਈ ਗਈ ਸੀ। ਲੈਂਗੂਏਜ਼ ਅਤੇ ਐਗਰੀਕਲਚਰ ਨੂੰ ਅੱਗੇ ਵਧਾਉਣ ਵਾਸਤੇ ਦੁਨੀਆਂ ਦੇ ਵਿਚ ਦੋ ਹੀ ਯੂਨੀਵਰਸਿਟੀਆਂ ਹਨ ਇੱਕ ਹੈ ਇਜ਼ਰਾਈਲ ਦੇ ਵਿਚ ਅਤੇ ਦੂਜੀ ਪੰਜਾਬ ਦੇ ਵਿਚ। ਜੋ ਇਥੇ ਵਾਈਸ ਚਾਂਸਲਰ ਲਗਾਏ ਗਏ ਹਨ, ਉਨ੍ਹਾਂ ਨੇ ਚਾਰ ਫੈਸਲੇ ਲਏ ਹਨ।

## EXTENSION OF TIME OF THE SITTING

**ਸ਼੍ਰੀ ਸਪੀਕਰ** : ਜੇ ਹਾਊਸ ਦੀ ਮਰਜ਼ੀ ਹੋਵੇ ਤਾਂ ਹਾਊਸ ਦਾ ਸਮਾਂ 3.30 ਵਜੇ ਤੱਕ ਐਕਸਟੈਂਡ ਕਰ ਦਿੱਤਾ ਜਾਵੇ। If the House agrees one hour to be extended upto 3.30 P.M.

**ਆਵਾਜ਼ਾਂ** : ਠੀਕ ਹੈ ਜੀ।

**ਸ਼ਿਕਾਇਤ ਨਿਵਾਰਨ, ਪੈਨਸ਼ਨਰਾਂ ਦੀ ਭਲਾਈ ਅਤੇ ਸਹਿਕਾਰਤਾ ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਉਦੋਂ ਤੱਕ ਵਾਕ ਆਊਟ ਨਾ ਕਰ ਜਾਣ। ਸਾਰਾ ਸੁਣ ਕੇ ਜਾਣ।

**ਸ਼੍ਰੀ ਸਪੀਕਰ** : ਸੁਣਨ ਦਾ ਹੌਂਸਲਾ ਵੀ ਹੋਣਾ ਚਾਹੀਦਾ ਹੈ। ਅਜਿਹੀ ਕੋਈ ਗੱਲ ਨਹੀਂ। ਹਾਊਸ ਦਾ ਸਮਾਂ 3.30 ਵਜੇ ਤੱਕ ਐਕਸਟੈਂਡ ਕੀਤਾ ਜਾਂਦਾ ਹੈ।

## DISCUSSION ON GOVERNOR'S ADDRESS AND VOTE ON THE MOTION OF THANKS (RESUMPTION)

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਪਹਿਲਾਂ ਸਾਰੇ ਵਿਭਾਗਾਂ ਦੇ ਵਿਚ ਨੌਕਰੀ ਦੇ ਲਈ 10ਵੀਂ ਪੰਜਾਬੀ ਵਿਸ਼ੇ ਨਾਲ ਪਾਸ ਹੋਣ ਦੀ ਸ਼ਰਤ ਲਗਾਈ ਜਾਂਦੀ ਸੀ। ਪੀ.ਐਚ.ਡੀ. ਦੀ ਰਜਿਸਟਰੇਸ਼ਨ ਵੇਲੇ ਵੀ 10ਵੀਂ ਪੰਜਾਬੀ ਵਿਸ਼ੇ ਨਾਲ ਪਾਸ ਦੀ ਸ਼ਰਤ ਸੀ, ਬੀ.ਐਸ.ਸੀ. ਤੇ ਫਾਰਮੇਸੀ ਦੀ ਪੜ੍ਹਾਈ ਲਈ ਵੀ ਦਸਵੀਂ ਪੰਜਾਬੀ ਵਿਸ਼ੇ ਨਾਲ ਪਾਸ ਹੋਣ ਦੀ ਸ਼ਰਤ ਲਗਾਈ ਜਾਂਦੀ ਸੀ। ਪਰ ਹੁਣ ਇਹ ਸ਼ਰਤ ਖਤਮ ਕਰ ਦਿੱਤੀ ਹੈ। ਪੰਜਾਬੀ ਨੂੰ ਦੇਵਨਾਗਰੀ ਲਿਪੀ ਦੇ ਵਿਚ ਲਿਖਣ ਦੀ ਵੀ ਰਵਾਇਤ ਸੀ, ਇਹ ਵੀ ਇਨ੍ਹਾਂ ਨੇ ਖਤਮ ਕਰ ਦਿੱਤੀ ਹੈ। ਮੈਂ ਚੀਫ਼ ਮਨਿਸਟਰ ਨੂੰ ਬੇਨਤੀ ਕਰਾਂਗਾ ਕਿ ਪੰਜਾਬ ਭਾਸ਼ਾ ਵਿਭਾਗ ਦੇ ਡਾਇਰੈਕਟਰ, ਡਾਕਟਰ ਮਦਨ ਲਾਲ ਹਸੀਜਾ ਜੀ ਨੇ ਵੀ ਇਹ ਕਹਿਣ ਦੀ ਜ਼ੁਰਅੱਤ ਕੀਤੀ ਹੈ ਕਿ ਅੱਜ ਦੇ ਮਾਹੌਲ ਦੇ ਵਿਚ ਪੰਜਾਬੀ ਭਾਸ਼ਾ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ। ਸਪੀਕਰ ਸਾਹਿਬ, ਇਨ੍ਹਾਂ ਦਾ ਪੰਜਾਬੀ ਭਾਸ਼ਾ ਨਾਲ ਪਿਆਰ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਲੋਕਤੰਤਰ ਤਾਂ ਹੁਣ ਖਤਮ ਹੀ ਹੋ ਗਿਆ ਹੈ। ਮਿਉਂਸਿਪਲ ਕਮੇਟੀਆਂ ਦੀਆਂ ਚੋਣਾਂ ਵਿਚ ਕੀ ਹੋ ਰਿਹਾ ਹੈ। ਮਲੋਟ ਵਿਚ ਕੀ ਹੋਇਆ ਹੈ ? ਇਨ੍ਹਾਂ ਨੇ ਕਿਹਾ ਹੈ ਕਿ ਲੋਕਾਂ ਨੇ ਸਾਡੇ ਵਿਚ ਵਿਸ਼ਵਾਸ ਦਾ ਪ੍ਰਗਟਾਵਾ ਕੀਤਾ ਹੈ ਤੇ ਜਨਤਾ ਨੂੰ ਸਾਡੇ ਤੇ ਮਾਣ ਹੈ। ਮੈਂ ਕਹਿੰਦਾ ਹਾਂ ਕਿ ਤੁਸੀਂ ਇਸ ਭੁਲੇਖੇ ਵਿਚ ਧੋਖਾ ਖਾਵੋਗੇ।

ਐਗਰੀਕਲਚਰ ਦੇ ਬਾਰੇ ਗੱਲਾਂ ਕੀਤੀਆਂ ਗਈਆਂ ਹਨ। ਬਠਿੰਡਾ ਵਾਲੇ ਸਾਹਿਬ (ਸ਼੍ਰੀ ਸੁਰਿੰਦਰ ਸਿੰਗਲਾ ਵੱਲ ਇਸ਼ਾਰਾ) ਨੇ ਵੀ ਕਿਹਾ ਹੈ ਕਿ ਅਸੀਂ ਆਹ ਕਰ ਦਿੱਤਾ ਹੈ। ਪਰ ਇਨ੍ਹਾਂ ਮੁਫਤ ਬਿਜਲੀ ਦੀ ਸਹੂਲਤ ਵੀ ਖਤਮ ਕਰ ਦਿੱਤੀ ਹੈ। ਫਿਰ ਇਨ੍ਹਾਂ ਨੇ ਖਾਦਾਂ ਅਤੇ ਕੀੜੇਮਾਰ ਦਵਾਈਆਂ ਤੇ ਵੀ ਟੈਕਸ ਲਗਾ ਦਿੱਤਾ। ਸੈਂਟਰ ਨੇ ਜੋ ਟੈਕਸ ਲਗਾਇਆ ਸੀ, ਉਹ ਤਾਂ ਅਸੀਂ ਹਟਵਾ ਦਿੱਤਾ। ਤੁਸੀਂ ਵੀ ਆਪਣਾ ਟੈਕਸ ਹਟਾਓ, ਸੈਂਟਰ ਤੋਂ ਤਾਂ ਅਸੀਂ ਹਟਵਾ ਦਿੱਤਾ ਹੈ। ਜਿਹੜੀ ਗੱਲ ਗਲਤ ਹੋ ਜਾਂਦੀ ਹੈ, ਕਹਿ ਦਿੰਦੇ ਹਨ ਕਿ ਬਾਦਲ ਨੇ ਨਹੀਂ ਕਰਨ ਦਿੱਤਾ। ਕੀ ਸਾਰੇ ਦੇਸ਼ ਦੀ ਪਾਲਿਸੀ ਸਿਰਫ ਬਾਦਲ ਨੇ ਬਣਾਉਣੀ ਹੈ ? ਇਹ ਹਰ ਗੱਲ ਮੇਰੇ ਜ਼ਿੰਮੇ ਲਗਾ ਦਿੰਦੇ ਹਨ। ਵਿਕਰੀ ਟੈਕਸ ਲਗਾ ਦਿੱਤਾ। ਕਿਸਾਨਾਂ ਨੂੰ ਸਹੀ ਭਾਅ ਨਹੀਂ ਦਿੱਤੇ ਜਾ ਰਹੇ। ਇਹ ਕਹਿੰਦੇ ਹਨ ਕਿ ਅਸੀਂ ਧਰਨਾ ਦਿੱਤਾ। ਕੀ ਕੈਬਨਿਟ ਵੀ ਕਦੇ ਧਰਨਾ ਦਿੰਦੀ ਹੈ ? ਇਨ੍ਹਾਂ ਨੂੰ ਉਥੇ ਜਾ ਕੇ ਆਪਣਾ ਪੱਖ ਪੇਸ਼ ਕਰਕੇ ਗੱਲਬਾਤ ਕਰਨੀ ਚਾਹੀਦੀ ਸੀ। ਕਿਸਾਨਾਂ ਦੀਆਂ ਤਿੰਨ ਜਿਨਸਾਂ ਹੋ ਗਈਆਂ ਹਨ, ਇਨ੍ਹਾਂ ਨੇ ਸਹੀ ਭਾਅ ਨਹੀਂ ਦਿੱਤਾ। ਜਿਨਸਾਂ ਦੇ ਭਾਅ ਕਦੋਂ ਮਿਲਣਗੇ, ਇਹ ਤਾਂ ਆਪਣਾ ਕੇਸ ਉਥੇ ਜਾ ਕੇ ਸੁਣਾਉਣ ਨਾਲ ਹੀ ਠੀਕ ਮਿਲ ਸਕਦੇ ਹਨ। ਮੈਨੂੰ ਚੌਟਾਲਾ ਸਾਹਿਬ ਨੂੰ ਨਾਲ ਲੈ ਕੇ ਉਥੇ ਜਾਣਾ ਪਿਆ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ, ਰਾਜਸਥਾਨ ਤੇ ਯੂ.ਪੀ. ਦੇ ਮੁੱਖ ਮੰਤਰੀ ਨਾਲ ਗੱਲਬਾਤ ਕਰਨੀ ਪਈ ਤਾਂ ਕਿਤੇ ਜਾ ਕੇ ਭਾਅ ਵਧਿਆ ਸੀ। ਸਪੀਕਰ ਸਾਹਿਬ, ਇਹ ਕਿਸਾਨਾਂ ਨਾਲ ਕੀ ਕਰ ਰਹੇ ਹਨ। ਇਹ ਉਨ੍ਹਾਂ ਤੇ ਗੋਲੀਆਂ ਚਲਾਉਂਦੇ ਹਨ, ਡਾਂਗਾਂ ਮਾਰਦੇ ਹਨ, ਉਨ੍ਹਾਂ ਤੇ ਤਸ਼ੱਦਦ ਕਰ ਰਹੇ ਹਨ, ਜਿਸ ਤਰ੍ਹਾਂ ਪਿੱਛੇ ਜਿਹੇ ਤਰਨਤਾਰਨ ਦੇ ਕਿਸਾਨਾਂ ਤੇ ਗੋਲੀਆਂ ਚਲਾਈਆਂ, ਚੰਡੀਗੜ੍ਹ ਵਿੱਚ ਕਿਸਾਨਾਂ ਤੇ ਗੋਲੀਆਂ ਚਲਾਈਆਂ, ਇਹ ਕਿਸਾਨਾਂ ਨੂੰ ਕੀ ਇਨਸਾਫ ਦੇਣਗੇ ? ਹੁਣ ਇਹ ਕੰਟਰੈਕਟ ਫਾਰਮਿੰਗ ਦੀ ਗੱਲ ਕਰ ਰਹੇ ਹਨ ਕਿ ਇਸ ਨਾਲ ਪੰਜਾਬ ਵਿੱਚ ਹਾਲਾਤ ਸੁਧਰਨਗੇ। ਪੰਜਾਬ ਵਿੱਚ ਵੈਟ ਲਾਗੂ ਕਰ ਰਹੇ ਹਨ। ਇਹ ਜਿਹੜੀ ਕੰਟਰੈਕਟ ਫਾਰਮਿੰਗ ਦੀ ਗੱਲ ਕਰ ਰਹੇ ਹਨ, ਇਹ ਐਕਸਪਰਟਸ ਦੇ ਮੂੰਹ ਵਿੱਚ ਚੰਗੀ ਲੱਗਦੀ ਹੈ, ਪ੍ਰੈਕਟੀਕਲੀ ਇਨ੍ਹਾਂ ਵਿੱਚ ਕੁਝ ਹੋਰ ਹੁੰਦਾ ਹੈ। ਇਹ ਤਾਂ ਸਿਰਫ ਪੇਪਰ ਵਰਕ ਹੈ। ਸਾਡੀ ਸਰਕਾਰ ਨੇ ਕਿਸਾਨਾਂ ਲਈ ਸਹੀ ਮਾਅਨਿਆਂ ਵਿੱਚ ਜਿੰਨੀਆਂ ਸਹੂਲਤਾਂ ਦਿੱਤੀਆਂ ਸਨ, ਉਹ ਸ਼ਾਇਦ ਪਿਛਲੇ ਪੰਜਾਹ ਸਾਲਾਂ ਵਿੱਚ ਕਾਂਗਰਸ ਪਾਰਟੀ ਨੇ ਨਹੀਂ ਦਿੱਤੀਆਂ ਹੋਣਗੀਆਂ। ਅਸੀਂ ਬਿਜਲੀ ਮੁਫਤ ਦਿੱਤੀ, ਪਾਣੀ ਮੁਫਤ ਦਿੱਤਾ, ਮਾਲੀਆ ਮਾਫ ਕੀਤਾ ਅਤੇ ਇਸ ਤੋਂ ਇਲਾਵਾ ਅਸੀਂ 100 ਕਰੋੜ ਰੁਪਏ ਦੀ ਹੋਰ ਰਿਆਇਤ ਦਿੱਤੀ ਤਾਂ ਕਿ ਫਾਰਮਿੰਗ ਸੈਕਟਰ ਡਿਵੈਲਪ ਹੋ ਸਕੇ। ਫਾਰਮਿੰਗ ਲਈ ਘਟ ਇੰਟਰਸਟ ਤੇ ਲੋਨ ਦਿੱਤੇ ਗਏ। ਬਾਰਡਰ ਏਰੀਏ ਦੇ ਲੋਕਾਂ ਨੂੰ ਗਰਾਂਟਾਂ ਦਿੱਤੀਆਂ। ਅਸੀਂ ਹਰ ਸਾਲ ਢਾਈ ਹਜ਼ਾਰ ਰੁਪਿਆ ਪਰ ਏਕੜ ਦੇ ਹਿਸਾਬ ਨਾਲ ਗਰਾਂਟ ਦਿੰਦੇ ਸੀ। ਤੁਸੀਂ ਹੀ ਮੈਨੂੰ ਦੱਸੋ ਕਿ ਤੁਸੀਂ ਇਹ ਸਭ ਕੁਝ ਦੇ ਰਹੇ ਹੋ ਜਾਂ ਸਿਰਫ ਪੇਪਰ ਵਰਕ ਹੀ ਕਰ ਰਹੇ ਹੋ। 1996 ਵਿੱਚ ਤਿੰਨ ਕਰਾਪਸ ਚੱਲਦੀਆਂ ਸਨ। ਵੀਟ ਤੇ 300 ਰੁਪਏ ਤੋਂ 610 ਰੁਪਏ ਰੇਟ ਲੈ ਕੇ ਗਏ। ਪੈਡੀ ਦਾ ਰੇਟ ਅਸੀਂ ਇਨਕਰੀਜ਼ ਕਰਕੇ 560 ਰੁਪਏ

Original with;
Punjab Vidhan Sabha
Digitized by;
Punjab Digital Library

ਤੱਕ ਲੈ ਕੇ ਗਏ। ਇਹ ਇੱਥੇ ਇੰਡਸਟਰੀ ਦੀ ਗੱਲ ਕਰਦੇ ਹਨ ਪਰ ਇਸ ਵਿਚ ਵੀ ਇਹ ਸਿਰਫ ਪੇਪਰ ਵਰਕ ਦੀਆਂ ਗੱਲਾਂ ਕਰ ਰਹੇ ਹਨ। ਰਿਜ਼ਲਟ ਓਰੀਐਂਟਿਡ ਕੁਝ ਨਹੀਂ ਹੈ। ਇਥੇ ਗਰੋਥ ਰੇਟ ਦੀ ਗੱਲ ਕੀਤੀ ਗਈ ਹੈ ਕਿ 2000-01 ਵਿੱਚ ਇੰਡਸਟਰੀ ਦਾ ਗਰੋਥ ਰੇਟ 8% ਸੀ ਜਿਸ ਵਕਤ ਅਸੀਂ ਛੱਡ ਕੇ ਗਏ ਸੀ, ਪਰ ਇਹ ਹੁਣ ਮਾਈਨਸ 2% ਜਾਂ 3% ਰਹਿ ਗਈ ਹੈ। ਜੇਕਰ ਮੇਰੀ ਫਿਗਰ ਗਲਤ ਹੋਵੇ ਤਾਂ ਇਸ ਨੂੰ ਕੁਰੈਕਟ ਕਰ ਦੇਣਾ ਤੇ ਮੈਨੂੰ ਟੈਲੀਫੂਨ ਤੇ ਦੱਸ ਦੇਣਾ, ਕਿਉਂਕਿ ਇਹ ਫਿਗਰਾਂ ਮੈਂ ਡਿਸਕਸ ਕਰਕੇ ਹੀ ਦਿੱਤੀਆਂ ਹਨ। ਇੰਜੀਨੀਅਰਿੰਗ ਗੁੱਡਸ ਤੇ 2700 ਕਰੋੜ ਰੁਪਏ ਦੀ ਪਹਿਲਾਂ ਸੇਲ ਹੁੰਦੀ ਸੀ ਜਦ ਕਿ ਹੁਣ ਇਹ 2500 ਕਰੋੜ ਰੁਪਏ ਦੀ ਰਹਿ ਗਈ ਹੈ। ਸਾਈਕਲ ਇੰਡਸਟਰੀ ਵਿੱਚ ਜਿਹੜੀ ਗਰੋਥ ਸੀ, ਉਹ ਵੀ ਘੱਟ ਗਈ ਹੈ। ਸਟੀਲ ਤੇ 1900 ਕਰੋੜ ਰੁਪਿਆ ਰਹਿ ਗਈ ਹੈ। ਮੰਡੀ ਗੋਬਿੰਦਗੜ੍ਹ ਵਿਚ ਜਿੱਥੇ ਲੋਹੇ ਦਾ ਵਪਾਰ ਹੁੰਦਾ ਹੈ, ਉਥੇ ਇੰਡਸਟਰੀ ਤਬਾਹ ਹੋ ਰਹੀ ਹੈ। ਉਹ ਵੀ ਬੰਦ ਹੋਣ ਦੇ ਆਸਾਰ ਹੋ ਗਏ ਹਨ। ਹੈਂਡਲੂਮ ਤੇ ਹੌਜ਼ਰੀ ਇੰਡਸਟਰੀ ਤੇ ਵੀ ਕਾਫੀ ਅਸਰ ਪਿਆ ਹੈ। ਇਸ ਇੰਡਸਟਰੀ ਦੀ ਸੇਲ ਘੱਟ ਗਈ ਹੈ। ਸਟੀਲ ਇੰਡਸਟਰੀ ਪਾਵਰ ਤੇ ਮੁਨੱਸਰ ਕਰਦੀ ਹੈ। ਇਹ ਕਹਿੰਦੇ ਹਨ ਕਿ ਅਸੀਂ ਬਿਜਲੀ ਜ਼ਿਆਦਾ ਪੈਦਾ ਕੀਤੀ ਹੈ ਪਰ ਮੈਂ ਕਹਿੰਦਾ ਹਾਂ ਕਿ ਬਿਜਲੀ ਇਸ ਸਾਲ ਜਿਹੜੀ ਯੂਜ਼ ਕੀਤੀ ਹੈ, ਉਹ ਗਿਆਰਾਂ ਮਿਲੀਅਨ ਯੂਨਿਟ ਹਨ। ਬਿਜਲੀ ਤਾਂ ਜਿੰਨੀ ਅਸੀਂ ਪੈਦਾ ਕਰਦੇ ਸੀ, ਤੁਸੀਂ ਵੀ ਉਨੀ ਬਿਜਲੀ ਪੈਦਾ ਕਰ ਰਹੇ ਹੋ ਔਰ ਕੋਈ ਨਵਾਂ ਪ੍ਰਾਜੈਕਟ ਤੁਸੀਂ ਨਹੀਂ ਲਗਾਇਆ। ਇਸ ਵਕਤ ਇੰਡਸਟਰੀ ਤੇ ਸਾਢੇ ਪੰਦਰਾਂ ਪਰਸੈਂਟ ਬਿਜਲੀ ਦੀ ਕੰਜ਼ਪਸ਼ਨ ਹੋ ਰਹੀ ਹੈ। ਹੁਣ ਤੁਸੀਂ ਸਟੇਟ ਵਿੱਚ ਐਂਟਰੀ ਟੈਕਸ ਲਗਾ ਰਹੇ ਹੋ, ਵੈਟ ਦਾ ਸਿਸਟਮ ਲਾਗੂ ਕਰ ਰਹੇ ਹੋ। ਇਸ ਤਰ੍ਹਾਂ ਤੁਸੀਂ ਹੀ ਦੱਸੋ ਕਿ ਸਟੇਟ ਦੀ ਤਰੱਕੀ ਕਿਸ ਪਾਸੇ ਤੋਂ ਕਰ ਰਹੇ ਹੋ। ਮੈਂ ਇਨ੍ਹਾਂ ਨੂੰ ਪਾਵਰ ਦੀ ਗੱਲ ਦੱਸਦਾ ਹਾਂ। ਤੁਸੀਂ ਦੱਸੋ ਕਿ ਪਿਛਲੇ ਇੱਕ ਸਾਲ ਵਿੱਚ ਇੱਕ ਬਲਬ ਵਾਸਤੇ ਵੀ ਬਿਜਲੀ ਪੈਦਾ ਕੀਤੀ ਹੈ ? ਜਿੰਨੀ ਬਿਜਲੀ ਅਸੀਂ ਪੈਦਾ ਕੀਤੀ ਸੀ, ਉਹ ਬਿਜਲੀ 600 ਮੈਗਾਵਾਟ ਸੀ ਅਤੇ ਉਹ ਅਸੀਂ ਰਣਜੀਤ ਸਾਗਰ ਡੈਮ ਤੇ ਥਰਮਲ ਪਲਾਂਟਾਂ ਤੋਂ ਪੈਦਾ ਕੀਤੀ। ਤੁਸੀਂ ਕੋਈ ਨਵਾਂ ਪ੍ਰਾਜੈਕਟ ਲਗਾਇਆ ਹੋਵੇ ਤਾਂ ਮੈਨੂੰ ਦੱਸੋ, ਜਿਸ ਨਾਲ ਬਿਜਲੀ ਪੈਦਾ ਹੋ ਸਕਦੀ ਹੋਵੇ। ਤੁਸੀਂ ਤਾਂ ਛੋਟੀਆਂ ਛੋਟੀਆਂ ਗੱਲਾਂ ਵਿੱਚ ਪੈ ਗਏ ਹੋ ਜਿਸ ਦਾ ਕੋਈ ਫਾਇਦਾ ਨਹੀਂ ਹੋਣਾ। ਤੁਸੀਂ ਕੋਈ ਡਿਵੈਲਪਮੈਂਟ ਦੀ ਗੱਲ ਕਰੋ ਜਿਸ ਦਾ ਲੋਕਾਂ ਨੂੰ ਪਤਾ ਲੱਗੇ। ਲੋਕਾਂ ਦੀ ਭਲਾਈ ਕਰੋ, ਮਹਿਕਮਿਆਂ ਦੇ ਕੰਮ ਵਿੱਚ ਸੁਧਾਰ ਲਿਆਓ ਤਾਂ ਹੀ ਸਰਕਾਰ ਚੱਲ ਸਕੇਗੀ। ਸਪੀਕਰ ਸਾਹਿਬ, ਹੁਣ ਇਕ ਹੋਰ ਗੱਲ ਗਲਤ ਕਰ ਰਹੇ ਹਨ। ਕਹਿੰਦੇ ਹਨ ਕਿ ਹੁਣ ਸਭ ਕਾਸੇ ਦੀ ਪ੍ਰਾਈਵੇਟਾਈਜ਼ੇਸ਼ਨ ਕਰ ਦੇਣੀ ਹੈ। ਮੈਂ ਕਹਿੰਦਾ ਹਾਂ ਕਿ ਚੰਗਾ ਭਲਾ ਕੰਮ ਚਲੀ ਜਾਂਦਾ ਹੈ। ਬਿਜਲੀ ਬੋਰਡ ਨੂੰ 500—700 ਕਰੋੜ ਰੁਪਿਆ ਹੋਰ ਦੇ ਦਿਉ, ਕੰਮ ਚਲੀ ਜਾਵੇਗਾ। ਜੇਕਰ ਕਾਰਪੋਰੇਸ਼ਨਾਂ ਬਣਾ ਦਿਉਗੇ, ਉਨ੍ਹਾਂ ਨੇ ਆਪ ਹੀ ਫਾਇਦਾ ਉਠਾਉਣਾ ਹੈ। ਬਿਜਲੀ ਆਪਣਾ ਬਿਜ਼ਨਸ ਨਹੀਂ ਹੈ। ਸਰਕਾਰ ਨੂੰ ਇਸ ਖੇਤਰ ਵਿਚ ਦਖਲ ਰੱਖਣਾ ਚਾਹੀਦਾ ਹੈ ਕਿਉਂਕਿ ਅਸੀਂ ਕੰਜ਼ਿਊਮਰ ਨੂੰ ਦੇਖਣਾ ਹੁੰਦਾ ਹੈ। ਅਸੀਂ ਕਿਸਾਨ ਨੂੰ ਦੇਖਣਾ ਹੈ, ਗਰੀਬ ਆਦਮੀ ਨੂੰ ਬਿਜਲੀ ਦੇਣੀ ਹੈ, ਇੰਡਸਟਰੀ ਨੂੰ ਬਿਜਲੀ ਦੇਣੀ ਹੈ। ਅੱਜ ਅਸੀਂ ਮੁਕਾਬਲਾ ਕਰ ਲੈਂਦੇ ਹਾਂ ਅਮਰੀਕਾ ਨਾਲ, ਇਥੇ ਉਨ੍ਹਾਂ ਦੇ ਫਾਰਮੂਲੇ ਵਰਤ ਕੇ ਗੱਲ ਕਰ ਲੈਂਦੇ ਹਾਂ। ਪਰ ਮੈਂ ਪੁੱਛਦਾ ਹਾਂ ਕਿ ਇੱਥੇ ਅਮਰੀਕਾ ਦੇ ਫਾਰਮੂਲਿਆਂ ਨੂੰ ਕਿਸ ਤਰ੍ਹਾਂ ਵਰਤਿਆ ਜਾ ਸਕਦਾ ਹੈ ? ਇਕ ਚੰਗਾ ਬੰਦਾ ਸੀ। (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਤੁਹਾਡੇ ਵਰਗਾ ਹਿਸਾਬੀ ਕਿਤਾਬੀ ਸੀ। ਉਸਨੇ ਦਰਿਆ ਟੱਪਣਾ ਸੀ। ਉਹ ਕੰਢੇ ਤੇ ਖੜ੍ਹ ਕੇ ਹਿਸਾਬ ਕਿਤਾਬ ਵਿਚ ਪੈ ਗਿਆ ਕਿ 4 ਗਜ਼ ਇਧਰ ਤੇ 5 ਗਜ਼

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਉਧਰ, ਔਸਤ 8 ਹੋ ਗਈ। ਔਸਤ ਲਾ ਕੇ ਦਰਿਆ ਵਿਚ ਵੜ ਗਿਆ ਤੇ ਡੁੱਬ ਗਿਆ। ਇਨ੍ਹਾਂ ਨੇ ਵੀ ਸਾਰੀਆਂ ਗੱਲਾਂ ਦੀ ਔਸਤ ਲਾ ਲਈ ਹੈ। ਕਹਿੰਦੇ ਹਨ ਕਿ 2 ਸਾਲਾਂ ਵਿਚ ਇੰਨੀ ਬਿਜਲੀ ਪੈਦਾ ਕਰ ਦਿੱਤੀ ਹੈ। ਤੁਸੀਂ ਬਿਜਲੀ ਕੀ ਪੈਦਾ ਕੀਤੀ ਹੈ ? ਅਸੀਂ ਰੈਗੂਲੇਟਰੀ ਕਮਿਸ਼ਨ ਵੀ ਲਾਗੂ ਕੀਤਾ ਅਤੇ ਸਾਡੀ ਗੌਰਮਿੰਟ ਨੇ ਸੈਂਟਰ ਨਾਲ ਇਕ ਮੈਮੋਰੰਡਮ ਆਫ ਅੰਡਰਸਟੈਂਡਿੰਗ ਵੀ ਸਾਈਨ ਕੀਤਾ। ਅਸੀਂ ਪੂਰਾ ਮਾਮਲਾ ਦੇਖਿਆ ਸੀ। ਮੈਂ ਕਹਿੰਦਾ ਹਾਂ, ਰੱਬ ਦੇ ਵਾਸਤੇ, ਪੰਜਾਬ ਦੀ ਕਾਰਪੋਰਾਈਜ਼ੇਸ਼ਨ ਨਾ ਕਰੋ।

ਹੁਣ ਇਕ ਹਲਦੀਆ ਕਮੇਟੀ ਬਣਾ ਦਿੱਤੀ ਜਿਸ ਵਿਚ 9 ਆਈ.ਏ.ਐਸ. ਅਫਸਰ ਲਗਾ ਦਿੱਤੇ ਹਨ ਅਤੇ ਇਕ ਬਿਜਲੀ ਦਾ ਐਕਸਪਰਟ ਲਗਾ ਦਿੱਤਾ ਹੈ। ਜਿਵੇਂ ਇਕ ਹਿੰਦੁਸਤਾਨ ਦੀ ਗੌਰਮਿੰਟ ਨੇ ਕੇਲਕਰ ਲਾਇਆ ਸੀ ਜਿਹੜਾ ਕਹਿੰਦਾ ਸੀ ਕਿ ਟੈਕਸ ਲਾ ਦਿਉ, ਇਨ੍ਹਾਂ ਨੇ ਹਲਦੀਆ ਲਾ ਦਿੱਤਾ। ਮੈਂ ਕਹਿੰਦਾ ਹਾਂ ਕਿ ਇਹ ਕੇਲਕਰ ਅਤੇ ਹਲਦੀਆ ਸਾਡਾ ਬੇੜਾ ਬਹਾ ਦੇਣਗੇ। ਸਾਡੇ ਕੈਪਟਨ ਸਾਹਿਬ ਵਰਗੇ ਬ੍ਰਹਮਅਸਤਰ ਨੂੰ ਲਾ ਲਓ, ਸਭ ਕੁਝ ਸਾਂਭ ਲੈਣਗੇ। ਇਨ੍ਹਾਂ ਵਲੋਂ ਕਿਹਾ ਗਿਆ ਕਿ ਜਦੋਂ ਬਾਦਲ ਸਾਹਿਬ ਦੀ ਸਰਕਾਰ ਸੀ, ਉਦੋਂ ਟਿਊਬਵੈਲਾਂ ਨੂੰ ਮਾਰ ਦਿੱਤਾ। ਅਸੀਂ ਇਨੀ ਬਿਜਲੀ ਦਿੰਦੇ ਪਏ ਹਾਂ, ਇਨ੍ਹਾਂ ਨੇ ਦਿੱਤੀ ਹੀ ਨਹੀਂ। ਮੈਂ ਹੁਣ ਤੁਹਾਡੇ ਅੱਗੇ ਫੈਕਟਸ ਐਂਡ ਫਿਗਰਜ਼ ਦੇ ਬੇਸ ਤੇ ਗੱਲ ਕਰਾਂਗਾ। ਅਸੀਂ 1999 ਵਿਚ 4848 ਮਿਲੀਅਨ ਯੂਨਿਟ ਬਿਜਲੀ ਐਗਰੀਕਲਚਰ ਨੂੰ ਦਿੱਤੀ, 2001 ਵਿਚ 5534 ਮਿਲੀਅਨ ਯੂਨਿਟ ਬਿਜਲੀ ਐਗਰੀਕਲਚਰ ਨੂੰ ਦਿੱਤੀ ਅਤੇ 2002 ਵਿਚ 5451 ਮਿਲੀਅਨ ਯੂਨਿਟ ਐਗਰੀਕਲਚਰ ਨੂੰ ਦਿੱਤੀ। (ਘੰਟੀ)

**ਮਾਨਯੋਗ ਸਪੀਕਰ** : ਬਾਦਲ ਸਾਹਿਬ, ਹੁਣ ਕਨਕਲੂਡ ਕਰੋ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਸਿਰਫ 5 ਮਿੰਟ ਹੋਰ ਲੈਣੇ ਹਨ ਜੀ। ਸਪੀਕਰ ਸਾਹਿਬ, ਅੰਤ ਵਿਚ ਮੈਂ ਆਪ ਜੀ ਦੇ ਰਾਹੀਂ ਰੂਲਿੰਗ ਪਾਰਟੀ ਦੇ ਆਗੂਆਂ ਨੂੰ ਚਿਤਾਵਨੀ ਦੇਣਾ ਚਾਹੁੰਦਾ ਹਾਂ ਕਿ ਨਫਰਤ, ਟਕਰਾਉ ਅਤੇ ਲਾਅਲੈਸਨੈਸ ਦਾ ਜਿਹੜਾ ਤੂਫਾਨ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਨੇ ਖੜ੍ਹਾ ਕੀਤਾ ਹੋਇਆ ਹੈ, ਉਸ ਨਾਲ ਫੈਲੀ ਅੱਗ ਦੀਆਂ ਲਪਟਾਂ ਪੰਜਾਬ ਦੇ ਅਮਨ, ਭਾਈਚਾਰਕ ਸਾਂਝ ਅਤੇ ਜਮਹੂਰੀ ਢਾਂਚੇ ਨੂੰ ਤਬਾਹ ਕਰ ਦੇਣਗੀਆਂ। ਸਵਾਲ ਸ਼੍ਰੋਮਣੀ ਅਕਾਲੀ ਦਲ ਜਾਂ ਕਾਂਗਰਸ ਪਾਰਟੀ ਦਾ ਨਹੀਂ। ਸਵਾਲ ਬਾਦਲ ਜਾਂ ਅਮਰਿੰਦਰ ਸਿੰਘ ਦਾ ਵੀ ਨਹੀਂ। ਸਵਾਲ ਇਹ ਹੈ ਕਿ ਅਸੀਂ ਕਿਹੜੀਆਂ ਰਵਾਇਤਾਂ ਅਤੇ ਪਿਰਤਾਂ ਪਾ ਰਹੇ ਹਾਂ। ਜੇ ਤੁਸੀਂ ਅੱਜ ਅੰਗਿਆਰੇ ਬੀਜ ਰਹੇ ਹੋ ਤਾਂ ਕਲ੍ਹ ਨੂੰ ਅੱਗ ਦੀ ਫਸਲ ਹੀ ਤੁਹਾਡੇ ਅਤੇ ਤੁਹਾਡੀਆਂ ਆਉਂਦੀਆਂ ਨਸਲਾਂ ਨੂੰ ਵੱਢਣੀ ਪੈਣੀ ਹੈ। ਆਪੇ ਬੀਜ, ਆਪੇ ਹੀ ਖਾਹ। ਹਜ਼ਾਰਾਂ ਸਾਲਾਂ ਦੀ ਸਦਭਾਵਨਾ ਨੂੰ ਤੁਸੀਂ ਅੱਗ ਲਾਉਣ ਤੁਰੇ ਹੋ। ਅੱਜ ਤੁਹਾਨੂੰ ਇਹ ਅੱਗ ਬਸੰਤਰ ਨਜ਼ਰ ਆ ਰਹੀ ਹੋਵੇਗੀ, ਪਰ ਕਲ੍ਹ ਨੂੰ ਇਸ ਦੀਆਂ ਲਪਟਾਂ ਤੁਹਾਡੇ ਦਾਮਨ ਨੂੰ ਜਲਾ ਕੇ ਰਾਖ ਕਰ ਸਕਦੀਆਂ ਹਨ ਅਤੇ ਇਹ ਨਹੀਂ ਪਤਾ ਕਿ ਤੁਹਾਡੇ ਅੱਜ ਦੇ ਹੰਕਾਰ ਅਤੇ ਹੈਂਕੜ ਵਾਲੇ ਕੁਕਰਮਾਂ ਦੀ ਸਜ਼ਾ ਸਭ ਨੂੰ ਕਿੰਨਾ ਲੰਬਾ ਅਰਸਾ ਭੁਗਤਣੀ ਪਏ। ਮੁੱਖ ਮੰਤਰੀ ਨੂੰ ਗੁਰਬਾਣੀ ਦਾ ਮਹਾਂ ਵਾਕ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ :

ਜਿਸ ਕੈ ਅੰਤਰਿ ਰਾਜ ਅਭਿਮਾਨ
ਸੋ ਨਰਕ ਪਾਤੀ ਹੋਵਤ ਸੁਆਨ।

ਭਾਵ ਕਿ ਰਾਜੇ ਨੂੰ ਹੈਂਕੜ ਅਤੇ ਅਭਿਮਾਨ ਨਹੀਂ ਹੋਣਾ ਚਾਹੀਦਾ। ਸਪੀਕਰ ਸਾਹਿਬ, ਮੇਰੀਆਂ ਗੱਲਾਂ ਸੱਚੀਆਂ ਹੁੰਦੀਆਂ ਹਨ। ਅਸੀਂ ਜਿਹੜੇ ਇਧਰ ਬੈਠੇ ਹਾਂ, ਉਨ੍ਹਾਂ ਦੀ ਔਲਾਦ

Original with;
Punjab Vidhan Sabha
Digitized by;
Punjab Digital Library

ਹਾਂ, ਉਨ੍ਹਾਂ ਦੇ ਦਰਸਾਏ ਰਸਤੇ ਤੇ ਚਲਣ ਵਾਲੇ ਹਾਂ ਜਿਨ੍ਹਾਂ ਨੇ ਬੰਦ-ਬੰਦ ਕਟਾਏ, ਸ਼ਹਾਦਤਾਂ ਦਿੱਤੀਆਂ ਅਤੇ ਇਹ ਫੁਰਮਾਇਆ:

ਨਾ ਡਰੋਂ ਅਰਿ ਸੋਂ ਜਬ ਜਾਇ ਲਰੋਂ
ਨਿਸਚੈ ਕਰ ਅਪਨੀ ਜੀਤ ਕਰੋਂ।

ਸਪੀਕਰ ਸਾਹਿਬ, ਅਸੀਂ ਪੰਜਾਬ ਵਿਚ ਅਮਨ, ਏਕਤਾ ਅਤੇ ਵਿਕਾਸ ਦਾ ਦੌਰ ਸ਼ੁਰੂ ਕਰਾਂਗੇ। ਇਹ ਵਿਸ਼ਵਾਸ ਮੈਂ ਸਮੂਹ ਪੰਜਾਬੀਆਂ ਨੂੰ ਦਿਵਾਉਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ** : ਬਾਦਲ ਸਾਹਿਬ, ਹੁਣ ਤੁਸੀਂ ਬੈਠੋ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਇਕ ਚੀਜ਼ ਰਹਿ ਗਈ, ਸਿਰਫ 5 ਮਿੰਟ ਜੀ....

**ਮਾਨਯੋਗ ਸਪੀਕਰ** : ਬਾਦਲ ਸਾਹਿਬ, ਪਲੀਜ਼, ਇਸ ਤਰ੍ਹਾਂ ਗੱਲ ਨਹੀਂ ਬਣਨੀ। ਹੁਣ ਤੁਸੀਂ ਬੈਠੋ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਮੈਂ ਉਹ ਗੱਲਾਂ ਦੱਸਦਾ ਹਾਂ ਕਿ ਜੋ ਕਿ ਇਨ੍ਹਾਂ ਦੇ ਆਪਣੇ ਹੀ ਬੰਦਿਆਂ ਨੇ ਕਹੀਆਂ ਹਨ। ਸਰਦਾਰ ਬੀਰ ਦਵਿੰਦਰ ਸਿੰਘ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਦਖਲ ਦੇਣ ਨਾਲ ਕਾਂਗਰਸ ਦੀ ਭਾਰੀ ਬਦਨਾਮੀ ਹੋਈ ਹੈ ਅਤੇ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕਾਂਗਰਸ ਨੇ ਜਦੋਂ ਜਦੋਂ ਵੀ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਕੀਤੀ ਹੈ, ਇਸ ਦੇ ਆਪਣੇ ਹੀ ਹੱਥ ਸੜੇ ਹਨ। ਫਿਰ ਉਨ੍ਹਾਂ ਨੇ ਕਿਹਾ ਹੈ ਕਿ ਪੰਚਕੂਲਾ ਕਾਂਡ ਨਾਲ ਕਾਂਗਰਸ ਦਾ ਭਾਰੀ ਨੁਕਸਾਨ ਹੋਇਆ ਹੈ। ਸ਼੍ਰੀ ਮਲਕੀਅਤ ਸਿੰਘ ਬੀਰਮੀ ਨੇ ਕਿਹਾ ਹੈ ਕਿ ਗੁਜਰਾਤ ਕਾਂਡ ਨਾਲ ਕਾਂਗਰਸ ਦੀ ਬਹੁਤ ਬਦਨਾਮੀ ਹੋਈ ਹੈ। ਸਰਦਾਰ ਕੰਵਲਜੀਤ ਸਿੰਘ ਲਾਲੀ ਨੇ ਕਿਹਾ ਹੈ ਕਿ ਚੋਣਾਂ ਵਿਚ ਲੋਕਾਂ ਨਾਲ ਕਾਂਗਰਸ ਨੇ ਜੋ ਵਾਅਦੇ ਕੀਤੇ ਸਨ, ਉਨ੍ਹਾਂ ਤੋਂ ਸਰਕਾਰ ਮੁੱਕਰ ਗਈ ਹੈ। ਤੁਹਾਡੇ ਆਪਣੇ ਐਮ.ਪੀ. ਹਨ, ਸ਼੍ਰੀ ਚਰਨਜੀਤ ਸਿੰਘ ਚੰਨੀ। (ਘੰਟੀ) ਉਨ੍ਹਾਂ ਨੇ ਕਿਹਾ ਹੈ—Amrinder Singh government has no achievement to show in its rule of one year. The Chief Minister is too busy to meet its elected representatives of the people. ਇਹ ਬਿਆਨ ਉਨ੍ਹਾਂ ਨੇ ਸਰਦਾਰ ਗੁਰਬਿੰਦਰ ਸਿੰਘ ਅਟਵਾਲ ਅਤੇ ਕੁਝ ਹੋਰਾਂ ਦੇ ਸਾਹਮਣੇ ਦਿੱਤਾ ਹੈ। ਅੰਤ ਵਿਚ, ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦੀ ਹਾਂ ਜੋ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ, ਨਾਲ ਹੀ ਮੈਂ ਦੂਜੇ ਮੈਂਬਰ ਸਾਹਿਬਾਨ ਦਾ ਵੀ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਮੈਨੂੰ ਬੜੇ ਸ਼ਾਂਤਮਈ ਢੰਗ ਨਾਲ ਸੁਣਿਆ ਹੈ। ਜੇ ਮੈਥੋਂ ਕੋਈ ਗਲਤੀ ਹੋ ਗਈ ਹੋਵੇ ਤਾਂ ਮੈਂ ਤੁਹਾਡੇ ਰਾਹੀਂ ਬਾਕੀ ਮੈਂਬਰ ਸਾਹਿਬਾਨ ਤੋਂ ਖਿਮਾ ਮੰਗਦਾ ਹਾਂ।

## PERSONAL EXPLANATION BY MINISTER OF STATE FOR CO-OPERATION

**ਰਾਜ ਮੰਤਰੀ, ਸਹਿਕਾਰਤਾ, ਸ਼ਿਕਾਇਤ ਨਿਵਾਰਨ ਅਤੇ ਪੈਨਸ਼ਨਰਾਂ ਦੀ ਭਲਾਈ (ਡਾਕਟਰ ਰਮੇਸ਼ ਦੱਤ ਸ਼ਰਮਾ)** : ਸਪੀਕਰ ਸਾਹਿਬ, ਮੈਂ ਇਕ ਪਰਸਨਲ ਐਕਸਪਲੇਨੇਸ਼ਨ ਦੇਣੀ ਹੈ। ਮੇਰੇ ਤੇ ਇਥੇ ਇਲਜ਼ਾਮ ਲੱਗਿਆ ਹੈ, ਉਸ ਦੇ ਬਾਰੇ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਮਾਨਯੋਗ ਸਪੀਕਰ ਸਾਹਿਬ, ਅੱਜ ਸਵੇਰੇ ਵੀ ਕੈਪਟਨ ਕੰਵਲਜੀਤ ਸਿੰਘ ਨੇ ਅੱਜ ਦੀ

Original with;
Punjab Vidhan Sabha
Digitized by;

[ਰਾਜ ਮੰਤਰੀ, ਸਹਿਕਾਰਤਾ, ਸ਼ਿਕਾਇਤ ਨਿਵਾਰਨ ਅਤੇ ਪੈਨਸ਼ਨਰਾਂ ਦੀ ਭਲਾਈ]

ਅਜੀਤ ਅਖਬਾਰ ਵਿਚ ਛਪੀ ਖਬਰ ਬਾਰੇ ਜ਼ਿਕਰ ਕੀਤਾ ਸੀ। ਉਸ ਵੇਲੇ ਤਾਂ ਮੈਨੂੰ ਸਫਾਈ ਦੇਣ ਦਾ ਮੌਕਾ ਨਹੀਂ ਮਿਲਿਆ। ਹੁਣ ਮਾਨਯੋਗ ਸਾਬਕਾ ਮੁੱਖ ਮੰਤਰੀ ਸਾਹਿਬ ਨੇ ਵੀ ਕਿਹਾ ਹੈ.....

ਇਸ ਵਕਤ ਮਾਨਯੋਗ ਮੈਂਬਰ ਸਰਦਾਰ ਅਜੀਤ ਸਿੰਘ ਕੋਹਾੜ (ਸ਼੍ਰੋਮਣੀ ਅਕਾਲੀ ਦਲ) ਆਪਣੀ ਸੀਟ ਤੇ ਖੜ੍ਹੇ ਹੋ ਕੇ ਰਾਜ ਮੰਤਰੀ, ਸਹਿਕਾਰਤਾ (ਡਾਕਟਰ ਰਮੇਸ਼ ਦੱਤ ਸ਼ਰਮਾ) ਨੂੰ ਸੰਬੋਧਨ ਕਰਕੇ ਬਿਨਾ ਇਜ਼ਾਜਤ ਉਚੀ-ਉਚੀ** ** ਬੋਲ ਰਹੇ ਸਨ ਜੋ ਕਿ ਰਿਕਾਰਡ ਨਹੀਂ ਕੀਤਾ ਗਿਆ।)

**ਮਾਨਯੋਗ ਸਪੀਕਰ :** ਜੋ ਕੁਝ ਸਰਦਾਰ ਅਜੀਤ ਸਿੰਘ ਕੋਹਾੜ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

**ਰਾਜ ਮੰਤਰੀ, ਸਹਿਕਾਰਤਾ, ਸ਼ਿਕਾਇਤ ਨਿਵਾਰਨ ਅਤੇ ਪੈਨਸ਼ਨਰਾਂ ਦੀ ਭਲਾਈ :** ਇਹ ਜਿਹੜਾ ਸਵੇਰ ਦਾ ਨੋਟਿਸ ਹੈ, ਇਹ ਕੋਈ ਵੀ....(ਵਿਘਨ) ਜਿਸ ਆਦਮੀ ਦੇ ਕਾਰਣ ਇਹ ਮੋਸ਼ਨ ਹੋਇਆ ਹੈ, ਉਹ ਹਾਈ ਕੋਰਟ ਵਿਚ ਹਾਰਿਆ ਹੋਇਆ ਹੈ।......(ਵਿਘਨ)....ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਸ ਤੋਂ ਪਹਿਲਾਂ ਅਕਾਲੀ ਦਲ ਦੇ ਪੁਰਾਣੇ ਮੰਤਰੀ ਕੈਪਟਨ ਰਤਨ ਸਿੰਘ ਅਜਨਾਲਾ ਨੇ ਦੋ ਰਿਟਾਂ ਹਾਈ ਕੋਰਟ ਵਿਚ ਪਾਈਆਂ ਸਨ.....(ਵਿਘਨ)...ਹੁਣ ਬਾਦਲ ਸਾਹਿਬ ਨੇ ਵੀ ਇਹ ਗੱਲ ਆਖੀ ਹੈ। ਇਹ ਬੜੇ ਆਰਾਮ ਨਾਲ ਇਸ ਬਾਰੇ ਬੋਲ ਰਹੇ ਸਨ। ਜਿਸ ਭੋਲੇਪਨ ਨਾਲ ਉਹ ਬੋਲ ਰਹੇ ਸਨ, ਉਨੇ ਭੋਲੇ ਉਹ ਹੈ ਨਹੀਂ ਹਨ.....(ਵਿਘਨ)...1976 ਵਿਚ ਕੀਤਾ ਗਿਆ ਹੈ।

(ਇਸ ਸਮੇਂ ਵੀ ਮਾਨਯੋਗ ਸਰਦਾਰ ਅਜੀਤ ਸਿੰਘ ਕੋਹਾੜ ਉਚੀ ਉਚੀ** ** ਬੋਲ ਰਹੇ ਸਨ ਜੋ ਕਿ ਰਿਕਾਰਡ ਨਹੀਂ ਕੀਤਾ ਗਿਆ।)

ਇਨ੍ਹਾਂ ਨੂੰ ਇਹ ਪਤਾ ਹੀ ਨਹੀਂ ਕਿ ਡਿਗਰੀ ਕੀ ਹੁੰਦੀ ਹੈ ਅਤੇ ਰਜਿਸਟ੍ਰੇਸ਼ਨ ਕੀ ਹੁੰਦੀ ਹੈ। ਮੈਨੂੰ ਪਤਾ ਸੀ ਕਿ ਜਦ ਮੈਂ ਬੋਲਣਾ ਹੈ ਤਾਂ ਇਨ੍ਹਾਂ ਨੇ ਮੈਨੂੰ ਟੋਕਣਾ ਹੈ। ਇਹ ਤਾਂ ਪਹਿਲਾਂ ਹੀ ਬਹਾਨਾ ਟੋਲਦੇ ਪਏ ਸਨ।

## DISCUSSION ON GOVERNOR'S ADDRESS AND VOTE ON THE MOTION OF THANKS *(RESUMPTION)*

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਸਪੀਕਰ ਸਾਹਿਬ, ਗਵਰਨਰ ਐਡਰੈਸ ਤੇ ਬਹਿਸ ਚੱਲ ਰਹੀ ਹੈ ਅਤੇ ਅੱਜ ਅਸੀਂ ਇਸ ਬਹਿਸ ਦੀ ਸਮਾਪਤੀ ਵੱਲ ਪਹੁੰਚ ਰਹੇ ਹਾਂ। ਕਈ ਦਿਨਾਂ ਤੋਂ ਇਹ ਗੱਲ ਚੱਲ ਰਹੀ ਹੈ। ਲੇਕਿਨ ਮੈਨੂੰ ਅਫਸੋਸ ਹੈ ਕਿ ਜਦੋਂ ਕੋਈ ਇਹੋ ਜਹੀ ਅਹਿਮ ਗੱਲ, ਗਵਰਨਰ ਸਾਹਿਬ ਦੇ ਐਡਰੈਸ ਤੇ ਬਹਿਸ ਕਰਨ ਲੱਗੀਏ ਤਾਂ ਕੁਝ ਤਾਂ ਡੀਬੇਟ ਦਾ ਸਟੈਂਡਰਡ ਹੋਣਾ ਚਾਹੀਦਾ ਹੈ ਔਰ ਇਸ਼ੂ ਬੇਸਡ ਗੱਲਾਂ ਆਪਾਂ ਨੂੰ ਕਰਨੀਆਂ ਚਾਹੀਦੀਆਂ ਹਨ। ਮੈਂ ਤਾਂ ਕਹਿਣਾ ਨਹੀਂ ਚਾਹੁੰਦਾ ਇਸ ਹਾਊਸ ਵਿੱਚ ਲੀਡਰ ਆਫ ਦੀ ਆਪੋਜ਼ੀਸ਼ਨ ਬੜੇ ਸੀਨੀਅਰ ਸਾਥੀ ਨੇ, ਔਰ ਮੈਂ ਇਨ੍ਹਾਂ ਨੂੰ ਬੋਲਦਿਆਂ ਕਈ ਵਾਰ ਸੁਣਿਆ ਹੈ। ਪਹਿਲਾਂ ਵੀ ਇਹ ਬੋਲਦੇ ਰਹੇ ਹਨ। ਪਤਾ ਨਹੀਂ ਅੱਜ ਇਨ੍ਹਾਂ ਨੂੰ ਕੀ ਹੋ ਗਿਆ, ਪਤਾ ਨਹੀਂ ਤਾਂ ਇਹ ਘਬਰਾ ਗਏ ਜਾਂ ਪਤਾ ਨਹੀਂ ਥੱਕੇ ਹੋਏ ਸੀ ਜਾਂ ਆਪਣੀ ਸਪੀਚ ਵਿਚੇ ਹੀ ਭੁੱਲ ਗਏ, ਪਤਾ

---

**Not recorded as ordered by the Chair.

Original with;
Punjab Vidhan Sabha
Digitized by;
Punjab Digital Library

ਨਹੀਂ ਕੀ ਕਾਰਨ ਹਨ। ਜਿੰਨੀ ਬੋਰਿੰਗ ਸਪੀਚ ਅੱਜ ਸੁਣੀ ਹੈ ਮੇਰਾ ਖਿਆਲ ਹੈ ਕਿ ਅਗਰ ਇਹ ਆਪਣੀ ਸਪੀਚ ਸਰਕੁਲੇਟ ਹੀ ਕਰ ਦਿੰਦੇ ਤਾਂ ਜ਼ਿਆਦਾ ਅੱਛਾ ਰਹਿੰਦਾ ਕਿਉਂਕਿ ਜਿਸ ਕਿਸੇ ਮੈਂਬਰ ਨੇ ਪੜ੍ਹਣੀ ਸੀ, ਉਹ ਪੜ੍ਹ ਲੈਂਦਾ ਅਤੇ ਜੇਕਰ ਕਿਸੇ ਨੇ ਨਹੀਂ ਪੜ੍ਹਣੀ ਸੀ ਤਾਂ ਨਾ ਪੜ੍ਹਦਾ। ਸਪੀਕਰ ਸਾਹਿਬ, ਇਸ ਗਵਰਨਰ ਐਡਰੈਸ ਦੇ ਵਿੱਚ ਕੁਝ ਲੈਵਲ ਤਾਂ ਬਹਿਸ ਦਾ ਰੱਖਣਾ ਚਾਹੀਦਾ ਹੈ। ਗਵਰਨਰ ਸਾਹਿਬ ਨੇ ਇਹ ਆਪਣਾ ਭਾਸ਼ਣ ਦਿੱਤਾ ਹੈ। ਇਨ੍ਹਾਂ ਨੂੰ ਇਸ ਭਾਸ਼ਣ ਤੇ ਕਨਸੈਂਟ੍ਰੇਟ ਕਰਨਾ ਚਾਹੀਦਾ ਸੀ ਲੇਕਿਨ ਜਿਹੜੀਆਂ ਗੱਲਾ ਇਨ੍ਹਾਂ ਨੇ ਕੀਤੀਆਂ ਹਨ ਮੈਂ ਉਸ ਲੈਵਲ ਤੇ ਨਹੀਂ ਆਉਣਾ ਚਾਹੁੰਦਾ। ਮੈਂ ਸ਼ੁਰੂ ਕਰਨ ਜਾ ਰਿਹਾ ਹਾਂ ਕਿ ਸਾਨੂੰ ਇਕ ਸਾਲ ਇਸ ਹਾਊਸ ਵਿੱਚ ਹੋ ਗਿਆ ਹੈ। ਗਵਰਨਰ ਸਾਹਿਬ ਦੇ ਐਡਰੈਸ ਵਿੱਚ ਕੁਰੱਪਸ਼ਨ ਦਾ ਜੋ ਮੁੱਦਾ ਆਇਆ, ਉਸ ਮੁੱਦੇ ਤੇ ਅਸੀਂ ਆਪਣੀ ਇਲੈਕਸ਼ਨ ਲੜੀ, ਉਸ ਮੁੱਦੇ ਨੂੰ ਅਸੀਂ ਲੋਕਾਂ ਵਿੱਚ ਰੱਖਿਆ ਔਰ ਜਦੋਂ ਅਸੀਂ ਇਹ ਇਲੈਕਸ਼ਨ ਲੜ ਰਹੇ ਸੀ ਤਾਂ, ਸਪੀਕਰ ਸਾਹਿਬ, ਅਸੀਂ ਲੋਕਾਂ ਨੂੰ ਇਹ ਗੱਲ ਕਹੀ ਸੀ ਕਿ ਇਹ ਜਿਹੜੀ ਹਕੂਮਤ ਹੈ ਜਦੋਂ ਅਸੀਂ ਹਕੂਮਤ ਵਿੱਚ ਆਵਾਂਗੇ ਤਾਂ ਅਸੀਂ ਆ ਕੇ ਇਕੱਲੀ-ਇਕੱਲੀ ਚੀਜ਼ ਦਾ ਹਿਸਾਬ ਕਿਤਾਬ ਇਨ੍ਹਾਂ ਤੋਂ ਲਵਾਂਗੇ ਜਿਹੜਾ ਇਨ੍ਹਾਂ ਨੇ ਗਰੀਬਾਂ ਦੇ ਖ਼ੂਨ ਔਰ ਪਸੀਨੇ ਦੀ ਕਮਾਈ ਇਕੱਠੀ ਕੀਤੀ ਹੈ। ਸਪੀਕਰ ਸਾਹਿਬ, ਅੱਜ ਤੁਸੀਂ ਦੇਖ ਲਓ ਇਕ ਬੰਦਾ ਤਾਂ ਕੀ, ਅੱਜ ਇਨ੍ਹਾਂ ਦੇ ਵੇਲੇ ਦੇ 9 ਵਜ਼ੀਰਾਂ ਵਿਚੋਂ ਕੁਝ ਅੰਦਰ ਬੈਠੇ ਹਨ, ਅਤੇ ਕੁਝ ਬੇਲ ਤੇ ਬਾਹਰ ਆਏ ਹੋਏ ਹਨ। ਸਪੀਕਰ ਸਾਹਿਬ, ਇਨ੍ਹਾਂ ਦੇ ਵੇਲੇ ਹਰ ਚੀਜ਼ ਦੀ ਕੀਮਤ ਲੱਗੀ ਹੋਈ ਸੀ। ਜੇਕਰ ਇਕ ਟੀਚਰ ਰੱਖਣਾ ਹੈ ਤਾਂ ਦੋ ਲੱਖ ਰੁਪਏ, ਇਕ ਚਪੜਾਸੀ ਲਾਉਣਾ ਹੈ ਤਾਂ ਇਕ ਲੱਖ ਰੁਪਿਆ, ਕੋਆਪ੍ਰੇਟਿਵ ਦਾ ਮਹਿਕਮਾ ਲੈ ਲਓ, ਐਜੂਕੇਸ਼ਨ ਦਾ ਮਹਿਕਮਾ ਲੈ ਲਓ, ਕੋਈ ਮਹਿਕਮਾ ਅਜਿਹਾ ਨਹੀਂ ਜਿਹੜਾ ਇਨ੍ਹਾਂ ਨੇ ਕੁਰੱਪਸ਼ਨ ਤੋਂ ਬਗੈਰ ਛੱਡਿਆ ਹੋਵੇ, ਜਿਸ ਵਿੱਚ ਕੁਰੱਪਸ਼ਨ ਨਾ ਕੀਤੀ ਗਈ ਹੋਵੇ। ਪਤਾ ਨਹੀਂ ਇਹ ਲੀਡਰ ਆਫ ਦੀ ਆਪੋਜ਼ੀਸ਼ਨ ਜਦੋਂ ਬੋਲ ਰਹੇ ਸਨ ਤਾਂ ਕੀ ਦੱਸਣਾ ਚਾਹੁੰਦੇ ਸਨ ਕਿ ਇਨ੍ਹਾਂ ਨੇ ਤਾਂ ਕੁਝ ਕੀਤਾ ਹੀ ਨਹੀਂ। ਮੈਂ ਇਨ੍ਹਾਂ ਨੂੰ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਹਰ ਚੀਜ਼ ਦੀ ਇਨਵੈਸਟੀਗੇਸ਼ਨ ਚੱਲ ਰਹੀ ਹੈ, ਸਾਰਾ ਕੁਝ ਹੋਵੇਗਾ। ਸਭ ਕੁਝ ਨਿਕਲ ਆਏਗਾ। ਜਿਹੜਾ ਪੈਸਾ ਇਨ੍ਹਾਂ ਦੇ ਵਜ਼ੀਰਾਂ ਨੂੰ ਮਿਲਿਆ ਉਸ ਦੀਆਂ ਉਹਨਾਂ ਨੇ ਜ਼ਮੀਨਾਂ ਖਰੀਦ ਲਈਆਂ ਉਹ ਤਾਂ ਸੌਖੇ ਹੀ ਫੜੇ ਗਏ ਪਰ ਇਨ੍ਹਾਂ ਦਾ ਇਕ ਛੋਟਾ ਸਾਹਿਬਜ਼ਾਦਾ ਜਿਹੜਾ ਅਮਰੀਕਾ ਤੋਂ ਐਮ.ਬੀ.ਏ. ਕਰਕੇ ਆਇਆ ਹੈ ਉਸਨੇ ਸ਼ਰਾਰਤ ਨਾਲ ਸਾਰਾ ਕੁਝ ਛੁਪਾਇਆ ਹੋਇਆ ਹੈ, ਉਹ ਹਾਲੇ ਸਾਨੂੰ ਸ਼ੋਅ ਨਹੀਂ ਹੋ ਰਿਹਾ। ਕੋਈ ਗੱਲ ਨਹੀਂ, ਸਮਾਂ ਲੱਗੇਗਾ, ਹਿੰਦੁਸਤਾਨ ਦੇ ਵਿੱਚ ਕਾਨੂੰਨ ਹੈ, ਅਸੀਂ ਉਸ ਦੇ ਸਾਹਮਣੇ ਇਹ ਸਾਰਾ ਲਿਆਂਵਾਂਗੇ ਔਰ ਤੁਹਾਨੂੰ ਕਾਨੂੰਨ ਸਜ਼ਾ ਦੇਵੇਗਾ। ਮੇਰੀ ਤੁਹਾਡੇ ਨਾਲ ਕੋਈ ਨਿੱਜੀ ਜਾਂ ਪ੍ਰਸਨਲ ਰੰਜਸ਼ ਨਹੀਂ ਹੈ। ਇਨ੍ਹਾਂ ਦੀਆਂ ਕਰਤੂਤਾਂ ਕਰਕੇ ਗਰੀਬਾਂ ਦੇ ਲੱਖਾਂ ਬੱਚੇ ਘਰ ਵਿੱਚ ਪੜ੍ਹ ਲਿਖ ਕੇ ਬੇਘਰੇ ਹੁੰਦੇ ਜਾ ਰਹੇ ਹਨ, ਉਹ ਵਿਚਾਰੇ ਗਰੀਬ ਲੋਕਾਂ ਨੇ ਸਮਾਂ-ਸਮਾਂ ਮਜ਼ਦੂਰੀ ਕਰਕੇ ਆਪਣੇ ਬੱਚੇ ਪੜ੍ਹਾਏ-ਲਿਖਾਏ ਔਰ ਨੌਕਰੀ ਲੈਣ ਲਈ ਉਹ ਇਨ੍ਹਾਂ ਨੂੰ ਰਿਸ਼ਵਤ ਦੇ ਨਹੀਂ ਸਕੇ। ਇਹ ਸਾਰਾ ਇਸੇ ਗੱਲ ਦਾ ਸਿੱਟਾ ਹੈ ਕਿ ਉਹ ਅੱਜ ਘਰਾਂ ਵਿੱਚ ਵਿਹਲੇ ਤੁਰੇ ਫਿਰਦੇ ਹਨ। ਇਹੀ ਮੇਰਾ ਇਨ੍ਹਾਂ ਤੇ ਦੋਸ਼ ਹੈ। ਸਾਰੀ ਦੁਨੀਆਂ ਨੂੰ ਪਤਾ ਹੈ ਕਿ ਇਨ੍ਹਾਂ ਦੀ ਸਰਕਾਰ ਵੇਲੇ ਕਿਵੇਂ ਕੁਰੱਪਸ਼ਨ ਹੁੰਦੀ ਰਹੀ ਔਰ ਇਹ ਕਹਿੰਦੇ ਹਨ ਕਿ ਜੀ ਸਾਨੂੰ ਤਾਂ ਕੁਝ ਪਤਾ ਹੀ ਨਹੀਂ। ਇਸ ਕਿਸਮ ਦੀ ਕੁਰੱਪਸ਼ਨ ਹੋਵੇ ਔਰ ਮੁੱਖ ਮੰਤਰੀ ਨੂੰ ਕੁਝ ਪਤਾ ਨਾ ਹੋਵੇ, ਇਹ ਕਿਵੇਂ ਹੋ ਸਕਦਾ ਹੈ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਪੀਕਰ ਸਾਹਿਬ, ਪਤਾ ਨਹੀਂ ਇਨ੍ਹਾਂ ਨੇ ਐਡਮਨਿਸਟਰੇਸ਼ਨ ਕਿਵੇਂ ਚਲਾਈ। ਇਨ੍ਹਾਂ ਨੂੰ ਕੁਝ ਵੀ ਪਤਾ ਨਹੀਂ ਸੀ। ਫਾਇਨੈਂਸ਼ੀਅਲ ਮੈਨੇਜਮੈਂਟ ਇੰਝ ਹੁੰਦਾ ਹੈ ਕਿ ਕਿਸੇ ਤਰ੍ਹਾਂ ਦੇ ਪੈਸੇ ਦਾ ਕੋਈ ਹਿਸਾਬ ਕਿਤਾਬ ਹੀ ਨਹੀਂ ਰੱਖਿਆ ਗਿਆ। ਪਿੰਡਾਂ ਵਿੱਚ ਜਾ ਕੇ ਪੈਸੇ ਵੰਡ ਦਿੱਤੇ। ਕਿਸ ਕੰਮ ਲਈ ਪੈਸੇ ਵੰਡੇ ਕੋਈ ਪਤਾ ਹੀ ਨਹੀਂ। ਪੈਸਾ ਕਿੱਥੋਂ ਦਿੱਤਾ ਗਿਆ, ਕੋਈ ਪਤਾ ਨਹੀਂ। ਇਸ ਦਾ ਰਿਜ਼ਲਟ ਇਹ ਹੋਇਆ ਕਿ ਅੱਜ ਸਾਡੇ ਤੇ 52,000 ਕਰੋੜ ਰੁਪਏ ਦਾ ਕਰਜ਼ਾ ਹੋ ਗਿਆ ਹੈ। 1900 ਕਰੋੜ ਰੁਪਿਆ ਪੀ.ਐਸ.ਯੂਜ਼ ਦਾ ਸਟੇਟ ਦੇ ਸਿਰ ਬੈਂਕ ਗਰੰਟੀਆਂ ਦੇ ਰੂਪ ਡੈਟ ਪਿਆ ਹੈ। ਪਤਾ ਨਹੀਂ ਇਹ ਕਿੱਥੋਂ ਕਿੱਥੋਂ ਕਰਜ਼ਾ ਲੈਂਦੇ ਰਹੇ। ਇਨ੍ਹਾਂ ਦੇ ਅਣਗਹਿਲੀ ਦੇ ਕਾਰਨ ਇਹ ਸਾਰਾ ਸਿਸਟਮ ਮੈਸ ਹੋਇਆ ਪਿਆ ਹੈ। ਬੜੀ ਮੁਸ਼ਕਲ ਦੇ ਨਾਲ, ਮਿਹਨਤ ਕਰਕੇ ਅਸੀਂ ਇਸ ਨੂੰ ਇਕ ਸਾਲ ਦੇ ਵਿੱਚ ਕੁਝ ਹੱਦ ਤੱਕ ਠੀਕ ਕਰ ਸਕੇ ਹਾਂ।

ਹੁਣ, ਮੈਂ ਪਾਵਰ ਦੀ ਗੱਲ ਦੱਸਣ ਲੱਗਾ ਹਾਂ। ਇਹ ਕਹਿੰਦੇ ਹਨ ਕਿ ਅਸੀਂ ਜ਼ਿਮੀਂਦਾਰਾਂ ਨੂੰ ਫਰੀ ਪਾਵਰ ਨਹੀਂ ਦਿੱਤੀ। ਮੈਂ ਇਨ੍ਹਾਂ ਨੂੰ ਕਲੀਅਰ ਕਰ ਦੇਣਾ ਚਾਹੁੰਦਾ ਹਾਂ ਕਿ ਪਹਿਲਾਂ ਅਸੀਂ ਜੋ ਪੁਰਾਣਾ ਸਾਰਾ ਸਿਸਟਮ ਗਲਤ ਹੋਇਆ ਪਿਆ ਹੈ ਉਸ ਨੂੰ ਸੁਧਾਰ ਤਾਂ ਲਈਏ। ਇਨ੍ਹਾਂ ਨੇ ਪਾਵਰ ਫਰੀ ਕਰ ਦਿੱਤੀ ਪਰ ਪੈਸੇ ਦਾ ਕੋਈ ਪ੍ਰਬੰਧ ਨਹੀਂ ਕੀਤਾ। ਬੋਰਡ ਨੂੰ ਚਲਾਉਣ ਵਾਸਤੇ, ਲਈ ਜਾਓ, ਲਈ ਜਾਓ ਅਤੇ ਅੰਤ ਵਿਚ ਇਹ ਕਿਥੇ ਪਵੇਗਾ, ਇਹ ਪੰਜਾਬ ਦੇ ਲੋਕਾਂ ਦੇ ਸਿਰ ਤੇ ਹੀ ਜਾਵੇਗਾ। When we came to power P.S.E.B. was burdened with huge debt of Rs. 12000 crores on which they were paying Rs. 1300 crores annually as interest. Why ! Because ਇਹ ਬੜੀ ਅੱਛੀ ਮੈਨੇਜਮੈਂਟ ਹੈ ! When Congress Party demited the office, the P.S.E.B. was in operational profits. In 2002 when SAD-BJP demited the office they left P.S.E.B. with operational deficit of Rs. 2000 crores.

ਸਪੀਕਰ ਸਾਹਿਬ, ਫਿਰ ਇਹ ਸਾਨੂੰ ਕਹਿੰਦੇ ਹਨ ਕਿ ਸਾਡੇ ਉਤੇ ਜ਼ੁਲਮ ਹੋ ਰਿਹਾ ਹੈ, ਸਾਡੇ ਨਾਲ ਧੱਕਾ ਕਰ ਰਹੇ ਹਨ। ਅਸੀਂ ਤਾਂ ਲੋਕਾਂ ਦੇ ਨਾਲ ਪਰਾਮਿਸ ਕੀਤਾ ਸੀ। ਅਸੀਂ ਆਪਣੇ ਮੈਨੀਫੈਸਟੋ ਵਿਚ ਵੀ ਕਿਹਾ ਕਿ ਕੁਰੱਪਸ਼ਨ ਨੂੰ ਕਢਾਂਗੇ ਅਤੇ ਅਸੀਂ ਕੱਢਿਆ ਹੈ। ਇਹ ਪੀ.ਪੀ.ਐਸ.ਸੀ. ਦੇ ਚੇਅਰਮੈਨ ਦਾ ਜ਼ਿਕਰ ਕਰ ਰਹੇ ਸਨ ਕਿ ਕਾਂਗਰਸ ਨੇ ਲਗਾਇਆ ਹੈ। ਹੋ ਸਕਦਾ ਹੈ ਕਿ ਇਕ-ਦੋ ਮਹੀਨੇ ਜਾਣ ਤੋਂ ਪਹਲਿਆਂ ਕਾਂਗਰਸ ਨੇ ਲਗਾਇਆ ਹੋਵੇ। ਪਰ ਪੂਰੇ ਪੰਜ ਸਾਲ ਤਾਂ ਇਨ੍ਹਾਂ ਨੇ ਰੱਖਿਆ ਹੈ। ਕੀ ਕੋਈ ਅਜਿਹਾ ਮੁੱਖ ਮੰਤਰੀ ਹੋ ਸਕਦਾ ਹੈ, ਜਿਸ ਨੂੰ ਉਸ ਬਾਰੇ ਪਤਾ ਹੀ ਨਾ ਹੋਵੇ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੇ ਤਾਂ ਦੋ ਹੀ ਬੰਦੇ ਹੋ ਸਕਦੇ ਹਨ। ਇਕ ਤਾਂ ਰਿਸ਼ਤੇਦਾਰ ਹੋ ਸਕਦਾ ਹੈ ਜਾਂ ਫਿਰ ਹਿੱਸੇਦਾਰ ਹੋ ਸਕਦਾ ਹੈ। ਹੁਣ ਇਹ ਪਤਾ ਨਹੀਂ ਕਿ ਰਿਸ਼ਤੇਦਾਰ ਸਨ ਜਾਂ ਹਿੱਸੇਦਾਰ ਸਨ ਕਿ ਇਸ ਕਿਸਮ ਦੇ ਕੁਰੱਪਸ਼ਨ ਦੇ ਕੰਮ ਹੋਏ। ਮੈਂ ਕਹਿੰਦਾ ਹਾਂ ਜੇਕਰ ਇਨ੍ਹਾਂ ਨੂੰ ਉਸਦੇ ਕੰਮਾਂ ਬਾਰੇ ਪਤਾ ਹੀ ਨਹੀਂ ਸੀ ਤਾਂ ਇਹ ਇਨ-ਕੰਪੀਟੈਂਟ ਮੁੱਖ ਮੰਤਰੀ ਸਨ। (ਸੰਖਿੰਗ) ਹਾਈ ਕੋਰਟ ਨੇ ਸਾਨੂੰ ਸੂਓ-ਮੋਟੋ (Suo-moto) ਡਾਇਰੈਕਸ਼ਨ ਦਿਤੀਆਂ ਸਨ। ਅਸੀਂ ਪੀ.ਸੀ.ਐਸ. ਜੁਡੀਸ਼ੀਅਲ ਦੇ 52, ਐਗਜੈਕਟਿਵ ਦੇ 46, ਅਲਾਈਡ ਦੇ 48 ਬੰਦੇ ਕੱਢੇ। ਕੁੱਲ 151 ਕੱਢੇ ਗਏ ਕਿਉਂਕਿ ਹਾਈ ਕੋਰਟ ਇਹ ਮੰਨਦੀ ਸੀ ਕਿ ਕੁਰੱਪਸ਼ਨ ਹੋਈ ਹੈ। ਅੱਜ ਇਥੇ ਜ਼ਿਕਰ ਹੋਇਆ ਹੈ ਕਿ ਕੇਵਲ

Original with;
Punjab Vidhan Sabha
Digitized by;

ਪਾਲੇਟੀਸ਼ੀਅਨਾਂ ਤੇ ਹੀ ਐਕਸ਼ਨ ਲਿਆ ਗਿਆ ਹੈ। ਇਹ ਗਵਰਨਰ ਸਾਹਿਬ ਦਾ ਐਡਰੈਸ ਤਾਂ ਪੜ੍ਹਦੇ ਹੀ ਨਹੀਂ। ਐਵੇਂ ਹੋਰ ਹੀ ਗੱਲਾਂ ਕਰੀ ਜਾਂਦੇ ਹਨ। ਮੈਂ ਪੜ੍ਹ ਕੇ ਸੁਣਾਉਂਦਾ ਹਾਂ।

"......During the year 2002, 155 trap cases were registered by the Vigilance Bureau in which 27 Gazetted Officers, 148 Non-Gazetted Officers and 3 non-official persons were caught red handed, while demanding and accepting illegal gratification, 106 criminal cases, 20 cases of disproportionate assets and 188 vigilance inquiries were registered against 124 Gazetted Officers, 133 Non-Gazetted Officers and 5 Non-Official persons were convicted and sentenced to undergo imprisonment varying from 6 months to 5 years. Nine cases were registered against ex-Ministers of the previous Government by the Vigilance Bureau, out of which 6 Ministers were arrested and 3 of them are still in jail and their cases are under various stages of investigation".

ਇਨ੍ਹਾਂ ਦੇ 9 ਮਨਿਸਟਰਾਂ ਦੇ ਹੀ ਕੇਸ ਨਹੀਂ ਹਨ। ਕੁੱਲ 300 ਕੁਰੱਪਸ਼ਨ ਦੇ ਕੇਸ ਹਨ, ਜਿਨ੍ਹਾਂ ਨੂੰ ਅਸੀਂ ਇਨਵੈਸਟੀਗੇਟ ਕਰ ਰਹੇ ਹਾਂ। ਕਿਉਂ ਕਰ ਰਹੇ ਹਾਂ ? ਇਸ ਲਈ ਨਹੀਂ ਕਰ ਰਹੇ ਕਿ ਸਾਡਾ ਅਜਿਹਾ ਕਰਨ ਨੂੰ ਜੀਅ ਕਰਦਾ ਹੈ ਬਲਕਿ ਇਸ ਲਈ ਕਰ ਰਹੇ ਹਾਂ ਕਿ ਅੱਜ ਇਸ ਦੇਸ਼ ਵਿਚ ਜਿਤਨੀ ਕੁਰੱਪਸ਼ਨ ਵਧੀ ਹੋਈ ਹੈ, ਜਦੋਂ ਤੱਕ ਅਸੀਂ ਉਸ ਨੂੰ ਜੜ੍ਹੋਂ ਨਹੀਂ ਪੁੱਟਾਂਗੇ, ਉਦੋਂ ਤੱਕ ਸਾਡੇ ਬੱਚਿਆਂ ਦਾ ਭਵਿਖ ਨਹੀਂ ਬਣੇਗਾ। ਅੱਜ ਇਨ੍ਹਾਂ ਨੇ ਆਪ ਕੋਟ ਕੀਤਾ ਹੈ ਕਿ ਕੁਰੱਪਸ਼ਨ ਵਧ ਰਹੀ ਹੈ। ਅਸੀਂ ਗਰਾਸ-ਰੂਟ ਲੈਵਲ ਤੇ ਮਹਿਕਮਿਆਂ ਨੂੰ ਕਿਹਾ ਹੋਇਆ ਹੈ ਕਿ ਭਾਵੇਂ ਉਹ ਪਟਵਾਰੀ ਹੈ, ਤਹਿਸੀਲ ਦਾ ਦਫਤਰ ਹੈ, ਥਾਣੇ ਹਨ ਜਾਂ ਜਿਸ ਦਾ ਵੀ ਆਮ ਜਨਤਾ ਦੇ ਨਾਲ ਵਾਹ ਪੈਂਦਾ ਹੈ, ਉਥੇ ਜਿਹੜਾ ਵੀ ਕੁਰੱਪਸ਼ਨ ਕਰਦਾ ਹੈ, ਉਸ ਦੇ ਖਿਲਾਫ ਐਕਸ਼ਨ ਲਿਆ ਜਾਵੇ। ਇਹ ਸਾਨੂੰ ਕਰਨਾ ਪਵੇਗਾ। ਇਸ ਦੇ ਵਿਚ ਬਜਾਏ ਇਸ ਦੇ ਕਿ ਇਹ ਕੁਰੱਪਸ਼ਨ ਨੂੰ ਦੂਰ ਕਰਨ ਵਿਚ ਸਾਡਾ ਸਾਥ ਦਿੰਦੇ, ਇਹ ਰੋ ਰਹੇ ਹਨ ਤੇ ਆਪਣੀਆਂ ਹੀ ਗੱਲਾਂ ਕਰ ਰਹੇ ਹਨ। ਮੈਂ ਕੁਰੱਪਸ਼ਨ ਵਾਲਿਆਂ ਨੂੰ ਛੱਡਣਾ ਨਹੀਂ। ਇਹ ਮੈਨੂੰ ਧਮਕੀਆਂ ਦਿੰਦੇ ਹਨ। ਇਨ੍ਹਾਂ ਨੇ ਮੈਨੂੰ ਪਿਛਲੇ ਸਾਲ ਵੀ ਧਮਕੀਆਂ ਦਿੱਤੀਆਂ ਸਨ। ਅਗਰ ਇਨ੍ਹਾਂ ਨੇ ਮੇਰੇ ਕਿਸੇ ਮਨਿਸਟਰ ਜਾਂ ਐਮ.ਐਲ.ਏ. ਨੂੰ ਡਰਾ ਧਮਕਾ ਕੇ ਕੋਈ ਗੱਲ ਕਹਿਣ ਦੀ ਕੋਸ਼ਿਸ਼ ਕੀਤੀ ਤਾਂ ਫਿਰ ਇਹ ਦੇਖ ਲੈਣ ਕਿ ਕੀ ਹੁੰਦਾ ਹੈ। ਜੇਕਰ ਇਨ੍ਹਾਂ ਨੂੰ ਕੋਈ ਪ੍ਰਾਬਲਮ ਹੈ ਤਾਂ ਇਹ ਸਿੱਧੇ ਮੇਰੇ ਨਾਲ ਨਿਪਟਨ। ਮੈਂ ਇਸ ਵਾਸਤੇ ਪੂਰੀ ਤਰ੍ਹਾਂ ਤਿਆਰ ਹਾਂ। (ਥੰਪਿੰਗ) ਅਗਰ ਇਹ ਸਮਝਦੇ ਹਨ ਕਿ ਮੇਰੇ ਕਿਸੇ ਅਫਸਰ, ਮਨਿਸਟਰ ਜਾਂ ਐਮ.ਐਲ.ਏ. ਨੂੰ ਧਮਕੀਆਂ ਦੇਣਗੇ ਅਤੇ ਡਰਾਉਣਗੇ ਤਾਂ ਫਿਰ ਆਪੇ ਹੀ ਇਨ੍ਹਾਂ ਨੂੰ ਪਤਾ ਲਗ ਜਾਵੇਗਾ ਕਿ ਅਸੀਂ ਕਿੰਨਾ ਕੁ ਡਰਦੇ ਹਾਂ। ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਅਸੀਂ ਕਦਮ ਚੁੱਕਿਆ ਹੈ ਆਪਣੇ ਦੇਸ਼ ਦਾ ਭਵਿਖ ਬਣਾਉਣ ਲਈ, ਪੰਜਾਬ ਦਾ ਭਵਿਖ ਬਣਾਉਣ ਲਈ, ਆਪਣੇ ਬੱਚਿਆਂ ਦਾ ਭਵਿਖ ਬਣਾਉਣ ਵਾਸਤੇ ਤਾਂ ਫਿਰ ਇਹ ਇਹੋ ਜਿਹੀਆਂ ਗੱਲਾਂ ਕਰਦੇ ਹਨ। ਅਸੀਂ ਇਥੇ ਰਾਈਟ-ਟੂ-ਇਨਫਰਮੇਸ਼ਨ ਐਕਟ ਅਤੇ ਇਕ ਐਂਟੀ ਪਾਵਰ ਥੈਫਟ ਐਕਟ ਵੀ

Original with;
Punjab Vidhan Sabha
Digitized by;

[ਮੁੱਖ ਮੰਤਰੀ]

ਲੈ ਕੇ ਆਵਾਂਗੇ। ਇਹ ਗਲਤ ਗੱਲਾਂ ਕਰਦੇ ਹਨ। ਇਨ੍ਹਾਂ ਨੇ ਕਿਹਾ ਕਿ ਅਸੀਂ ਇਨ੍ਹਾਂ ਦੇ ਇਕ ਐਮ.ਐਲ.ਏ. ਤੇ ਇਲਜ਼ਾਮ ਲਗਾ ਦਿਤਾ। ਇਨ੍ਹਾਂ ਨੂੰ ਪਤਾ ਹੈ ਕਿ ਜਦੋਂ ਹਿਮਾਚਲ ਪ੍ਰਦੇਸ਼ ਦੇ ਇਲੈਕਸ਼ਨ ਚਲ ਰਹੇ ਸੀ, ਇਨ੍ਹਾਂ ਦਾ ਉਥੇ ਜਿਹੜਾ ਮਹਾਂਰਥੀ ਸੀ, ਮੈਂ ਇਥੇ ਗੱਲ ਨਹੀਂ ਕਰਨੀ ਸੀ ਕਿਉਂਕਿ ਲੋਕਾਂ ਨੇ ਕਹਿਣਾ ਹੈ ਕਿ ਇਹ ਪੁਲੀਟੀਕਲ ਕਿੱੜ ਇਥੇ ਕੱਢਣੀ ਚਾਹੁੰਦੇ ਹਨ। ਮੈਂ ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਉਸ ਮਹਾਂਰਥੀ ਦੀਆਂ ਜਲੰਧਰ ਵਿਖੇ ਦੋ ਕੁੰਡੀਆਂ ਲੱਗੀਆਂ ਹੋਈਆਂ ਸਨ, ਇੱਥੇ ਇਹ ਗੱਲਾਂ ਹੁੰਦੀਆਂ ਰਹੀਆਂ ਹਨ। ਇਹ ਕਹਿੰਦੇ ਹਨ ਕਿ ਇੱਥੇ ਬਿਜਲੀ ਦੀ ਬਹੁਤ ਘਾਟ ਹੈ। ਅੱਜ 1800 ਕਰੋੜ ਰੁਪਏ ਦਾ ਬਿਜਲੀ ਬੋਰਡ ਵਿੱਚ ਘਾਟਾ ਹੈ। ਸਾਨੂੰ ਕਿਸੇ ਕਿਸਮ ਦੀ ਫੰਕਸ਼ਨਿੰਗ ਲਈ ਟਰਾਂਸਪੈਰੈਂਸੀ ਲਿਆਉਣੀ ਪਵੇਗੀ। ਇਹ ਜਿਹੜੇ ਸਾਡੇ ਬਿਜਲੀ ਬੋਰਡ ਜਾਂ ਹੋਰ ਸੰਸਥਾਵਾਂ ਹਨ, ਇਹ ਗੁੱਡ ਗਵਰਨੈਂਸ ਦੀ ਗੱਲ ਕਰਦੇ ਹਨ, ਇਹ ਕਹਿੰਦੇ ਕਿ ਜੇ ਅੱਜ ਇਲੈਕਸ਼ਨ ਮੁੜ ਕੇ ਕਰਵਾਏ ਜਾਣ ਤਾਂ ਅਸੀਂ ਮਾਂਜ ਦਿਆਂਗੇ। ਮਲੋਟ ਵਿਖੇ ਬਾਈ ਇਲੈਕਸ਼ਨ ਆਏ ਸੀ ਅਤੇ ਸਾਡੇ ਲੀਡਰ ਆਫ ਦੀ ਆਪੋਜੀਸ਼ਨ ਦੇ ਘਰ ਵਿੱਚ ਹੀ ਹੋਏ ਕਿਉਂਕਿ ਉਹ ਇਲਾਕਾ ਇਨ੍ਹਾਂ ਦੇ ਏਰੀਏ ਵਿੱਚ ਪੈਂਦਾ ਹੈ। ਅਸੀਂ ਇਨ੍ਹਾਂ ਨੂੰ ਉਥੇ ਹਰਾਇਆ ਅਤੇ ਸਾਡੇ ਸ਼੍ਰੀ ਨਥੂ ਰਾਮ ਜੀ ਉਥੋਂ ਜਿੱਤ ਕੇ ਆਏ ਹਨ। ਫਿਰ ਕਾਰਪੋਰੇਸ਼ਨ ਦੀਆਂ ਇਲੈਕਸ਼ਨਾਂ ਹੋਈਆਂ, ਅੰਮ੍ਰਿਤਸਰ, ਜਲੰਧਰ, ਪਟਿਆਲਾ ਅਤੇ ਲੁਧਿਆਣਾ, ਉਥੇ ਵੀ ਇਨ੍ਹਾਂ ਦਾ ਸਫਾਇਆ ਕੀਤਾ ਹੈ। ਲੋਕਾਂ ਦਾ ਸਰਕਾਰ ਦੀਆਂ ਪਾਲਿਸੀਆਂ ਪ੍ਰਤੀ ਸਮਰਥਨ ਦਾ ਯਾਰਡ ਸਟਿਕ ਇਲੈਕਸ਼ਨ ਦੇ ਨਤੀਜੇ ਹੁੰਦੇ ਹਨ। ਇਸ ਤੋਂ ਹੀ ਲੋਕਾਂ ਦੀ ਅਵਾਜ਼ ਦਾ ਪਤਾ ਲਗਦਾ ਹੈ। ਇਸ ਤੋਂ ਬਾਅਦ ਬਲਾਕ ਸੰਮਤੀਆਂ ਦੇ ਇਲੈਕਸ਼ਨ ਹੋਏ ਇਨ੍ਹਾਂ ਵਿਚ ਵੀ ਕਾਂਗਰਸ ਪਾਰਟੀ ਨੂੰ ਜਿੱਤ ਹਾਸਿਲ ਹੋਈ ਅਤੇ ਫਿਰ ਜ਼ਿਲ੍ਹਾ ਪ੍ਰੀਸ਼ਦ ਦੀਆਂ ਇਲੈਕਸ਼ਨਾਂ ਵਿੱਚ ਵੀ ਕਾਂਗਰਸ ਪਾਰਟੀ ਦੀ ਜਿੱਤ ਹੋਈ। ਮਿਊਂਸਪਲ ਕਮੇਟੀਆਂ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ 1450 ਟੋਟਲ ਸੀਟਾਂ ਸਨ, ਜਿਨ੍ਹਾਂ ਵਿਚੋਂ ਕਾਂਗਰਸ ਪਾਰਟੀ ਨੂੰ 628 ਸੀਟਾਂ ਮਿਲੀਆਂ ਹਨ, ਐਸ.ਏ.ਡੀ./ਬੀ.ਜੇ.ਪੀ. ਨੂੰ 202 ਮਿਲੀਆਂ ਅਤੇ ਇੰਡੀਪੈਂਡੈਂਟ ਨੂੰ 604 ਸੀਟਾਂ ਮਿਲੀਆਂ ਹਨ ਜਿਨ੍ਹਾਂ ਵਿਚੋਂ 80% ਸਾਡੇ ਨਾਲ ਸਨ। ਇਹ ਸਾਡੀ ਪੁਜੀਸ਼ਨ ਹੈ। ਇਨ੍ਹਾਂ ਨੇ 7-8 ਸਾਲ ਤੋਂ ਕਦੇ ਇਲੈਕਸ਼ਨ ਨਹੀਂ ਕਰਵਾਏ। ਅਸੀਂ ਤਾਂ ਚਾਹੁੰਦੇ ਸੀ ਕਿ ਪੰਚਾਇਤਾਂ ਦੇ ਇਲੈਕਸ਼ਨ ਵੀ ਕਰਵਾ ਦਿੰਦੇ, ਪਰ ਇਨ੍ਹਾਂ ਦੇ ਬੰਦਿਆਂ ਨੇ ਹਾਈ ਕੋਰਟ ਵਿੱਚ ਜਾ ਕੇ ਸਟੇਅ ਲੈ ਆਂਦੀ ਹੈ। ਹੁਣ ਜੂਨ ਵਿੱਚ ਉਸਦੀ ਮਿਆਦ ਖਤਮ ਹੋ ਰਹੀ ਹੈ ਅਤੇ ਅਸੀਂ ਜੂਨ ਵਿੱਚ ਇਲੈਕਸ਼ਨ ਕਰਵਾ ਦੇਵਾਂਗੇ ਅਤੇ ਉਥੇ ਵੀ ਮਾਂਜਾ ਫੇਰਾਂਗੇ। ਇਸ ਤੋਂ ਇਲਾਵਾ ਕੋਆਪਰੇਟਿਵ ਸੁਸਾਇਟੀਆਂ ਦੀਆਂ ਇਲੈਕਸ਼ਨਾਂ ਹੋਣੀਆਂ ਹਨ। ਮੈਂ ਮਹਿਕਮੇ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰ ਦਿਤੀਆਂ ਹਨ ਕਿ ਉਹ ਇਹ ਇਲੈਕਸ਼ਨਾਂ ਤੁਰੰਤ ਕਰਾਉਣ। ਇਹ ਪਵਿੱਤਰ ਹਾਊਸ ਹੈ ਅਤੇ ਇਨ੍ਹਾਂ ਨੇ ਜੋ ਕੁਝ ਗੱਲਾਂ ਇਥੇ ਕਹੀਆਂ ਹਨ, ਟਾਈਮ ਪਾਸ ਕਰਨ ਲਈ ਕਹੀਆਂ ਹਨ। ਇਨ੍ਹਾਂ ਨੇ ਇੱਧਰ ਉਧਰ ਦੀਆਂ ਗੱਲਾਂ ਕੀਤੀਆਂ ਹਨ। ਇਨ੍ਹਾਂ ਨੂੰ ਐਗਰੀਕਲਚਰਲ ਪਾਲਿਸੀ ਬਾਰੇ ਗੱਲ ਕਰਨੀ ਚਾਹੀਦੀ ਸੀ, ਇੰਡਸਟਰੀਅਲ ਪਾਲਿਸੀ ਬਾਰੇ ਕਰਨੀ ਚਾਹੀਦੀ ਸੀ ਕਿ ਇਨ੍ਹਾਂ ਵਿਚ ਕੀ-ਕੀ ਕਮੀਆਂ ਹਨ। 70 ਫੀਸਦੀ ਸਾਡੀ ਆਬਾਦੀ ਪਿੰਡਾਂ ਵਿਚ ਵੱਸਦੀ ਹੈ ਅਤੇ ਐਗਰੀਕਲਚਰ ਉਨ੍ਹਾਂ ਦਾ ਭਵਿੱਖ ਹੈ। ਜਿਨ੍ਹਾਂ ਗੱਲਾਂ ਤੇ ਚਲਦੇ ਹਨ, ਉਹ ਇਨ੍ਹਾਂ ਦੀ ਨਹੀਂ ਬਣਨੀ। ਇਕ ਤਾਂ ਇਨ੍ਹਾਂ ਨੂੰ ਪਤਾ ਸੀ ਕਿ ਐਸ.ਐਮ.ਪੀ. ਨਹੀਂ ਵੱਧਣਾ। ਡਬਲਯੂ.ਟੀ.ਓ. ਬਾਰੇ 1985 ਤੋਂ ਗੱਲ ਚਲ ਰਹੀ ਸੀ ਅਤੇ ਇਨ੍ਹਾਂ ਨੂੰ ਪਤਾ ਸੀ ਕਿ ਡਬਲਯੂ.ਟੀ.ਓ. ਨੇ ਆਉਣਾ ਹੈ, ਗੈਟ ਨੇ ਆਉਣਾ ਹੈ, ਇਨ੍ਹਾਂ ਨੇ ਫਸਲਾਂ ਦੀ ਡਾਈਵਰਸੀਫੀਕੇਸ਼ਨ ਬਾਰੇ ਕੋਈ ਗੱਲ ਨਹੀਂ ਕੀਤੀ। 5 ਸਾਲ ਇਨ੍ਹਾਂ ਦੀ ਹਕੂਮਤ ਰਹੀ

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਨੇ ਫਸਲਾਂ ਦੇ ਨਵੀਨੀਕਰਨ ਬਾਰੇ ਕੋਈ ਉਪਰਾਲਾ ਨਹੀਂ ਕੀਤਾ, ਵਧੀਆ ਬੀਜ ਕਿਸਾਨ ਨੂੰ ਨਹੀਂ ਲਿਆਕੇ ਦਿੱਤੇ। ਇਹ ਗੱਲਾਂ ਬੜੀਆਂ-ਬੜੀਆਂ ਕਰਦੇ ਹਨ ਪਰ ਇਨ੍ਹਾਂ ਨੇ ਗਰਾਸ ਰੂਟ ਤੇ ਕੁਝ ਨਹੀਂ ਕੀਤਾ। ਇਸੇ ਤਰ੍ਹਾਂ ਹੀ ਇਨ੍ਹਾਂ ਨੂੰ ਪਤਾ ਸੀ ਕਿ ਡਬਲਿਊ.ਟੀ.ਓ. ਆ ਰਿਹਾ ਹੈ। ਵਰਲਡ ਇੱਕ ਛੋਟੀ ਮਾਰਕੀਟ ਬਣ ਗਈ ਹੈ। ਅੱਜ ਆਸਟਰੇਲੀਆ ਦੀ ਕਣਕ 460 ਰੁਪਏ ਮਦਰਾਸ ਦੀਆਂ ਮੰਡੀਆਂ ਵਿੱਚ ਪਹੁੰਚ ਰਹੀ ਹੈ। ਕੀ ਅਸੀਂ ਆਪਣੀ ਕਣਕ ਦਾ ਰੇਟ 750, 780 ਜਾਂ 800 ਦੇ ਸਕਦੇ ਹਾਂ? ਕਿਧਰ ਜਾਵੇਗਾ ਸਾਡਾ ਕਿਸਾਨ। ਝੋਨੇ ਦਾ ਕੀ ਹਾਲ ਹੈ? ਝੋਨੇ ਦਾ ਭਾਅ ਇੰਟਰਨੈਸ਼ਨਲ ਪੱਧਰ ਤੇ ਡਿੱਗਿਆ ਪਿਆ ਹੈ। ਇਨ੍ਹਾਂ ਨੂੰ ਅੰਕੜਿਆਂ ਦਾ ਸ਼ਾਇਦ ਪਤਾ ਹੋਵੇਗਾ। ਗੌਰਮਿੰਟ ਆਫ ਇੰਡੀਆ ਨੇ ਆਪਣਾ ਸਟਾਕ 74 ਮਿਲੀਅਨ ਫੂਡਗਰੇਨ ਵਿੱਚੋਂ 16 ਮਿਲੀਅਨ ਬਾਹਰ ਐਕਸਪੋਰਟ ਕੀਤਾ ਹੈ। 58 ਮਿਲੀਅਨ ਸਾਡੇ ਕੋਲ ਹੈ। ਇਸ ਤੇ 8000 ਕਰੋੜ ਰੁਪਏ ਸਬਸਿਡੀ ਦਿੱਤੀ ਗਈ ਹੈ। ਇਹ ਅਨਾਜ ਅਸੀਂ ਵੇਚ ਨਹੀਂ ਸਕਦੇ ਸੀ ਔਰ ਇਹ ਸਟਾਕ ਵਿੱਚ ਖਰਾਬ ਹੋ ਰਿਹਾ ਸੀ। ਅਸੀਂ ਗੌਰਮਿੰਟ ਆਫ ਇੰਡੀਆ ਨੂੰ ਦੋ ਪ੍ਰੋਗਰਾਮ ਦਿੱਤੇ ਹਨ। ਇੱਕ ਤਾਂ ਕਰਾਪ ਐਡਜਸਟਮੈਂਟ ਪ੍ਰੋਗਰਾਮ ਹੈ। ਅਸੀਂ ਕਿਹਾ ਹੈ ਕਿ ਜਿਹੜੀ 5000 ਕਰੋੜ ਰੁਪਏ ਦੀ ਕਣਕ ਖਰਾਬ ਹੁੰਦੀ ਹੈ, ਉਸ ਦੇ ਬਦਲੇ ਤੁਸੀਂ ਸਾਨੂੰ 1230 ਕਰੋੜ ਰੁਪਏ ਦੇ ਦਿਓ, ਅਸੀਂ ਉਸ ਨਾਲ ਆਪਣੇ 10 ਲੱਖ ਕਿੱਲੇ ਤਬਦੀਲ ਕਰ ਲਵਾਂਗੇ। ਐਮ.ਐਸ.ਪੀ. ਅਗਰ ਕਣਕ ਦੀ ਤਰ੍ਹਾਂ ਹੋਰ ਫਸਲਾਂ ਤੇ ਜ਼ਿਆਦਾ ਨਹੀਂ ਦਿਓਗੇ ਤਾਂ ਕੋਈ ਵੀ ਇਸ ਪਾਸੇ ਨਹੀਂ ਤੁਰੇਗਾ। ਇਸ ਕਰਕੇ ਇਸ ਪਾਸੇ ਕਦਮ ਚੁੱਕੋ। ਅਸੀਂ ਕਰਾਪ ਐਡਜਸਟਮੈਂਟ ਕਰ ਕੇ ਦਿਖਾਵਾਂਗੇ। ਗੌਰਮਿੰਟ ਆਫ ਇੰਡੀਆ ਕੋਲ ਕੇਸ ਗਿਆ ਹੈ। ਹੁਣ ਦੇਖਦੇ ਹਾਂ ਕਿ ਉਹ ਕੀ ਕਰਦੇ ਹਨ? ਉਹ ਕਹਿੰਦੇ ਹਨ ਕਿ ਅਸੀਂ ਦੇਖਦੇ ਹਾਂ ਕਰਨਾ ਹੈ ਜਾਂ ਨਹੀਂ। ਵੈਸੇ ਇਹ ਵੀ ਵੀਰ ਉਥੇ ਜਾ ਕੇ ਰੋਕ ਆਉਂਦੇ ਹਨ। ਮੈਂ ਇੱਕ ਗੱਲ ਦੱਸਣੀ ਚਾਹੁੰਦਾ ਹਾਂ ਕਿ ਦੂਸਰੇ ਪਾਸੇ ਸਾਡਾ ਫਰਜ਼ ਬਣਦਾ ਹੈ ਕਿ ਅਗਰ ਗੌਰਮਿੰਟ ਆਫ ਇੰਡੀਆ ਕੁਝ ਨਾ ਕਰੇ ਤਾਂ ਸਾਨੂੰ ਆਪਣੇ ਤੌਰ ਤੇ ਕਦਮ ਚੁੱਕਣੇ ਪੈਣਗੇ। ਅਸੀਂ ਆਪਣੇ ਮਹਿਕਮਿਆਂ ਰਾਹੀਂ ਐਗਰੋ ਇੰਡਸਟਰੀ ਰਾਹੀਂ ਕੰਟਰੈਕਟ ਫਾਰਮਿੰਗ ਦਾ ਮੁੱਦਾ ਚੁੱਕਿਆ ਹੈ। ਇਸ ਵਿੱਚ ਕੀ ਹੋਵੇਗਾ? ਸਾਡਾ ਕੰਟਰੈਕਟ ਹੋ ਜਾਵੇਗਾ ਕਿਸੇ ਕੰਪਨੀ ਨਾਲ। ਉਹ ਨਵੇਂ ਬੀਜ ਦੇਵੇਗੀ, ਉਹ ਆਪਣੀ ਪਰਚੇਜ਼ ਕਰੇਗੀ, ਕਾਸ਼ਤਕਾਰੀ ਦੇ ਨਵੇਂ ਢੰਗ ਦੱਸੇਗੀ, ਨਵੇਂ ਸਪਰੇਅ ਦੇਵੇਗੀ, ਨਵੀਆਂ ਖਾਦਾਂ ਦੇਵੇਗੀ। ਕਿਸਾਨ ਇਹ ਗੱਲਾਂ ਕਰਕੇ ਫਿਰ ਫਸਲ ਉਗਾਵੇ। ਅਗਰ ਮੰਡੀ ਦਾ ਭਾਅ ਜ਼ਿਆਦਾ ਹੈ ਤਾਂ ਕਿਸਾਨ ਉਥੇ ਫਸਲ ਵੇਚੇ ਨਹੀਂ ਤਾਂ ਸਾਡੇ ਕੋਲ ਵੇਚ ਦੇਵੇ। ਪਹਿਲੇ ਸਾਲ ਦੌਰਾਨ ਅਸੀਂ ਤਿੰਨ ਲੱਖ ਕਿੱਲੇ ਚੁਣੇ ਹਨ। ਅਗਲੇ ਸਾਲ ਅਸੀਂ 6 ਲੱਖ ਕਿੱਲੇ ਕਰਾਂਗੇ। ਇਹ ਪੰਜਾਬ ਵਿੱਚ ਨਵੀਂ ਗੱਲ ਹੋਵੇਗੀ। ਜਿਸ ਵੇਲੇ ਝੋਨਾ ਸ਼ੁਰੂ ਹੋਇਆ ਸੀ, ਫਿਲਪਾਈਨ ਰਾਈਸ 2-3 ਸਾਲ ਵਿੱਚ ਪੰਜਾਬ ਵਿੱਚ ਹੋ ਗਿਆ ਸੀ। ਅਸੀਂ ਇਹ ਕੁਝ ਕਰ ਰਹੇ ਹਾਂ। ਅਸੀਂ ਕੇਵਲ ਤਿੰਨ ਸਾਲਾਂ ਵਿੱਚ 25 ਲੱਖ ਕਿੱਲੇ ਇਸ ਅਧੀਨ ਲੈ ਆਵਾਂਗੇ (ਥੰਪਿੰਗ) ਪੰਜਾਬ ਦੀ ਟੋਟਲ 105 ਲੱਖ ਕਿੱਲੇ ਜ਼ਮੀਨ ਵਿੱਚੋਂ ਚੌਥਾ ਹਿੱਸਾ ਅਸੀਂ ਨਵੀਂ ਸਕੀਮ ਅਧੀਨ ਲਿਆਵਾਂਗੇ। ਇਹ ਸਾਨੂੰ ਕਿਰਟੀਸਾਈਜ਼ ਕਰਦੇ ਹਨ ਪਰ ਇਹ ਸਾਨੂੰ ਸੁਜੈਸ਼ਨਾਂ ਦੇਣ। ਕਿਸਾਨਾਂ ਨੂੰ ਸਕਸੈਸ ਫੁੱਲ ਕਰਨ ਵਾਸਤੇ ਤਜਵੀਜ਼ਾਂ ਦਿਓ। ਇਹ ਤਾਂ ਇੱਥੇ ਡਰਾਮੇ ਕਰੀ ਜਾਂਦੇ ਹਨ। ਕਿਸਾਨਾਂ ਨੂੰ ਵੀ ਡਰਾਮਾ ਕਰਕੇ ਦੱਸ ਰਹੇ ਹੋ। ਤੁਹਾਡੇ ਸਮੇਂ 600 ਬੰਦਿਆਂ ਨੇ ਖੁਦਕੁਸ਼ੀਆਂ ਕੀਤੀਆਂ। ਹੋਰ ਤੁਸੀਂ ਇਹ ਗਿਣਤੀ ਕਿੱਥੇ ਤੱਕ ਪਹੁੰਚਾਉਣਾ ਚਾਹੁੰਦੇ ਹੋ। ਅਗਰ ਤੁਸੀਂ ਪੰਜ ਸਾਲ ਕੁਝ ਕਰਦੇ ਤਾਂ ਅਸੀਂ ਇਸ ਮੁਸੀਬਤ ਵਿੱਚੋਂ ਨਿਕਲ ਸਕਦੇ ਸੀ ਪਰ ਇਨ੍ਹਾਂ ਨੇ ਕੁਝ ਨਹੀਂ ਕੀਤਾ। ਇਹ ਨੈਗੇਟਿਵ ਥਾਟ ਹੀ ਦੱਸਣਾ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਚਾਹੁੰਦੇ ਹਨ। ਐਸ.ਵਾਈ.ਐਲ. ਦੀ ਗੱਲ ਕੀਤੀ ਗਈ। ਇਹ ਕੈਨਾਲ ਪੰਜਾਬ ਦੇ ਲੋਕਾਂ ਦੀ ਜਾਨ ਹੈ। ਪੰਜਾਬ ਦਾ ਪਾਣੀ 17 ਐਮ.ਏ.ਐਫ. ਹੁੰਦਾ ਸੀ ਪਰ ਇਹ ਹੁਣ ਘੱਟ ਕੇ 14 ਐਮ.ਏ.ਐਫ. ਰਹਿ ਗਿਆ ਹੈ। ਇਹ ਕੁਝ ਸਾਲਾਂ ਬਾਅਦ ਰਿਵਿਊ ਹੁੰਦਾ ਹੈ। ਬੀ.ਬੀ.ਐਮ.ਬੀ. ਇਹ ਰਿਵਿਊ ਕਰਦੀ ਹੈ, ਪੰਜਾਬ ਸਰਕਾਰ ਨਹੀਂ ਕਰਦੀ। ਉਸ ਨੇ ਕਿਹਾ ਹੈ ਕਿ ਪੰਜਾਬ ਦਾ ਪਾਣੀ 17 ਐਮ.ਏ.ਐਫ. ਤੋਂ ਘੱਟ ਕੇ 14 ਐਮ.ਏ.ਐਫ. ਰਹਿ ਗਿਆ ਹੈ। ਅਸੀਂ ਇਸ ਵਾਸਤੇ ਸੁਪਰੀਮ ਕੋਰਟ ਵਿੱਚ ਗਏ ਹਾਂ। ਬਾਕੀ ਸੂਬਿਆਂ ਨੂੰ ਨੋਟਿਸ ਹੋ ਗਏ ਹਨ। ਇਨ੍ਹਾਂ ਨੇ ਇਸ ਪਾਸੇ ਕੁਝ ਵੀ ਕਿਉਂ ਨਹੀਂ ਕੀਤਾ ? ਇਨ੍ਹਾਂ ਦੀ ਤਾਂ ਇਹ ਮੁਸੀਬਤ ਸੀ ਕਿ ਇਹ ਆਪਣੇ ਵਕੀਲਾਂ ਨੂੰ ਵੀ ਨਾਲ ਨਹੀਂ ਰੱਖ ਸਕੇ। ਨਾਰੀਮਨ ਜੀ ਜੋ ਸਾਡੇ ਵਕੀਲ ਹਨ, ਉਹੀ ਵਕੀਲ ਇਨ੍ਹਾਂ ਦੇ ਸੀ ਪਰ ਉਹ ਇਨ੍ਹਾਂ ਤੋਂ ਕਿਉਂ ਭੱਜ ਗਏ ? ਇਹ ਉਨ੍ਹਾਂ ਨੂੰ ਸੰਭਾਲ ਨਹੀਂ ਸਕੇ। ਇਨ੍ਹਾਂ ਨੇ ਉਥੇ ਨਵੇਂ—ਨਵੇਂ ਵਕੀਲ ਖੜ੍ਹੇ ਕਰ ਦਿੱਤੇ ਔਰ ਪੰਜਾਬ ਲਈ ਮੁਸੀਬਤ ਖੜ੍ਹੀ ਕਰ ਦਿੱਤੀ। ਫਿਰ ਇਹ ਰੌਲਾ ਪਾ ਰਹੇ ਹਨ। ਅਸੀਂ ਸਭ ਕੁਝ ਕਰਾਂਗੇ। ਹੁਣ ਇਹ ਕਹਿੰਦੇ ਹਨ ਕਿ ਜੋ ਮਰਜ਼ੀ ਕਰੀ ਜਾਓ। ਸੁਪਰੀਮ ਕੋਰਟ ਦਾ ਫੈਸਲਾ ਅਟੱਲ ਹੈ ਤੇ ਅਮਰਿੰਦਰ ਸਿੰਘ ਨੂੰ ਮੰਨਣਾ ਪਵੇਗਾ। ਇਨ੍ਹਾਂ ਦਾ ਪ੍ਰਧਾਨ ਵੀ ਅਟੱਲ ਹੈ। ਤੁਸੀਂ ਹੀ ਦੱਸੋ ਕਿ ਸੁਪਰੀਮ ਕੋਰਟ ਦਾ ਫੈਸਲਾ ਮੰਨੋਗੇ ਨਹੀਂ ? ਜਿਹੜਾ ਵੀ ਕੰਸਟੀਚਿਊਸ਼ਨ ਨੂੰ ਮੰਨਦਾ ਹੈ, ਉਹ ਸੁਪਰੀਮ ਕੋਰਟ ਦੇ ਫੈਸਲੇ ਨੂੰ ਮੰਨੇਗਾ। ਤੁਸੀਂ ਇਸ ਸੰਵਿਧਾਨ ਨੂੰ ਮੰਨੋ ਜਾਂ ਨਾ ਮੰਨੋ ਇਹ ਤੁਹਾਡੀ ਮਰਜ਼ੀ ਹੈ ਲੇਕਿਨ ਇਹ ਗੱਲਾਂ ਤਾਂ ਸਾਨੂੰ ਸੁਪਰੀਮ ਕੋਰਟ ਵਿੱਚ ਲੜਨੀਆਂ ਪੈਣਗੀਆਂ, ਬਹਿਸ ਹੋਏਗੀ, ਅੰਕੜੇ ਦੇਣੇ ਪੈਣਗੇ। ਇਨ੍ਹਾਂ ਗੱਲਾਂ ਰਾਹੀਂ ਅਸੀਂ ਕੇਸ ਜਿੱਤਾਂਗੇ, ਅਸੀਂ ਜਿੱਤ ਕੇ ਆਵਾਂਗੇ। ਤੁਹਾਡੇ ਸਾਹਮਣੇ ਹੈ, ਅਸੀਂ ਤੁਹਾਨੂੰ ਜਿੱਤ ਕੇ ਦੱਸਾਂਗੇ। (ਥੰਪਿੰਗ)

ਇੱਕ ਗੱਲ ਇਨ੍ਹਾਂ ਨੇ ਕਹੀ ਕਿ ਕਿਸਾਨਾਂ ਨੂੰ ਹੱਥਕੜੀਆਂ ਲਗਦੀਆਂ ਹਨ। ਇਨ੍ਹਾਂ ਨੂੰ ਪਤਾ ਨਹੀਂ ਕਿ ਆਉਂਦਿਆਂ ਹੀ ਅਸੀਂ ਦੇਖਿਆ ਕਿ ਇਨ੍ਹਾਂ ਦੀ ਹਕੂਮਤ ਦੇ ਸਮੇਂ ਹੱਥਕੜੀਆਂ ਲਗਦੀਆਂ ਸੀ, ਇਹ ਸਚਾਈ ਹੈ। ਪਤਾ ਨਹੀਂ ਕਿੰਨਿਆਂ ਬੰਦਿਆਂ ਨੂੰ ਹੱਥਕੜੀਆਂ ਲਗਾ ਦਿੱਤੀਆਂ ਸੀ। ਇਥੇ ਆ ਕੇ ਇੱਕ ਦਮ ਜਦੋਂ ਮੈਨੂੰ ਪਤਾ ਲੱਗਿਆ, ਅਖਬਾਰਾਂ ਵਿੱਚ ਰਿਪੋਰਟ ਆਈ ਸੀ ਸ਼ਾਇਦ ਬਠਿੰਡੇ ਤੋਂ ਆਈ ਸੀ, ਮੈਂ ਡਿਪਾਰਟਮੈਂਟ ਨੂੰ ਕਹਿ ਦਿੱਤਾ ਸੀ ਕਿ ਕਿਸੇ ਨੂੰ ਹੱਥਕੜੀ ਨਹੀਂ ਲੱਗੇਗੀ। ਇਹ ਕਹਿੰਦੇ ਹਨ ਕਿ ਹੁਣ ਵੀ ਲਗਦੀਆਂ ਹਨ। ਐਗਰੀਕਲਚਰ ਵਾਸਤੇ ਜੋ ਲੋਨ ਲਿਆ ਹੈ, ਜਿਨ੍ਹਾਂ ਨੇ ਖੇਤੀਬਾੜੀ ਵਾਸਤੇ ਪੈਸੇ ਲਏ ਹਨ, ਦੱਸ ਦੇਣ ਕਿਸੇ ਬੰਦੇ ਨੂੰ ਹੱਥਕੜੀ ਲੱਗੀ ਹੋਵੇ। ਕਹਿਣਾ ਬੜਾ ਸੌਖਾ ਹੁੰਦਾ ਹੈ ਪਰ ਤੁਸੀਂ ਅੱਜ ਸਦਨ ਵਿੱਚ ਜਿਥੇ ਸਚਾਈ ਖੜੀ ਹੈ, ਸਚਾਈ ਦੀਆਂ ਗੱਲਾਂ ਕਰੋ। ਤੁਸੀਂ ਦੱਸੋ ਕਿਹੜੇ ਬੰਦੇ ਨੂੰ ਹੱਥਕੜੀ ਲੱਗੀ ਹੈ। ਅਸੀਂ ਕੋਆਪਰੇਟਿਵ ਐਕਟ ਦੀ ਧਾਰਾ 67 ਏ ਨੂੰ ਵਿਦਡਰਾਅ ਕਰਾਂਗੇ ਤਾਂ ਕਿ ਉਨ੍ਹਾਂ ਤੋਂ ਲੈਂਡ ਰੈਵੇਨਿਊ ਦੇ ਤਰੀਕੇ ਨਾਲ ਲੈਂਦੇ ਸੀ, ~~in lieu of land revenue~~ ਜੋ ਗ੍ਰਿਫਤਾਰ ਕਰਦੇ ਸੀ, ਉਹ ਬੰਦ ਹੋਵੇ। ਇਹ 1972 ਵਿੱਚ ਹੋਇਆ ਸੀ, ਜਦੋਂ ਇਨ੍ਹਾਂ ਦੀ ਪਾਰਟੀ ਦੇ ਇਹ ਆਪ ਮੁੱਖ ਮੰਤਰੀ ਸਨ, ਇਨ੍ਹਾਂ ਨੇ 1972 ਵਿੱਚ ਧਾਰਾ 67 (ਏ) ਲਗਾ ਦਿੱਤੀ ਸੀ। ਸੌਰੀ, 1977 ਵਿੱਚ ਸਨ। ਹੁਣ ਜਦੋਂ ਕਿਸਾਨਾਂ ਨੇ ਧਰਨੇ ਲਾਏ ਪਟਿਆਲੇ ਵਿੱਚ, ਲਾਉਣੇ ਚਾਹੀਦੇ ਹਨ, ਉਹ ਵੀ ਗਰੀਬ ਹਨ, ਉਹ ਕੀ ਕਰਨ। ਜਦੋਂ ਅਸੀਂ ਆਏ ਤਾਂ ਸਾਨੂੰ ਕਹਿੰਦੇ ਕਿ ਸਾਡੇ ਗੰਨੇ ਦੀ ਇਨ੍ਹਾਂ ਨੇ ਪੇਮੈਂਟ ਕੀਤੀ ਨਹੀਂ, ਤੁਸੀਂ ਕਰੋ। ਆਉਂਦਿਆਂ ਹੀ ਅਸੀਂ ਦੇਖ ਲਿਆ ਕਿ 423 ਕਰੋੜ ਰੁਪਏ ਦੀ ਚੀਨੀ ਪਈ ਸੀ। ਇਹ 13 ਲੱਖ ਟਨ ਪਤਾ ਨਹੀਂ ਕਿੰਨੀ ਸੀ, ਉਹ ਪਈ ਸੀ।

Original with;
Punjab Vidhan Sabha
Digitized by;

ਅਸੀਂ ਫਿਰ ਗੌਰਮਿੰਟ ਆਫ਼ ਇੰਡੀਆ ਕੋਲ ਗਏ। ਉਨ੍ਹਾਂ ਨੇ ਸਾਡੀ ਚੀਨੀ ਨਹੀਂ ਖਰੀਦੀ। ਫਿਰ ਸਾਨੂੰ ਜਿਹੜੇ ਇਨ੍ਹਾਂ ਦੇ ਉਥੇ (~~ਸੈਂਟਰ ਵਿੱਚ~~) ਭਾਈਵਾਲ ਹਨ, ਉਨ੍ਹਾਂ ਨੂੰ 80 ਕਰੋੜ ਰੁਪਿਆ ਚੀਨੀ ਦਾ ਸਾਨੂੰ ਦੇਣਾ ਚਾਹੀਦਾ ਸੀ ਪਰ/ਨਹੀਂ ਦਿੱਤਾ। ਉਹ ਪੇਮੈਂਟ ਕਿਉਂ ਨਹੀਂ ਕੀਤੀ। ਇਨ੍ਹਾਂ ਦਾ ਢੀਂਡਸਾ ਉਥੇ ਬੈਠਾ ਹੈ। ਫਿਰ ਉਹ ਬਿਠਾਇਆ ਕਿਸ ਵਾਸਤੇ ਹੈ ? ਜਿਹੜੀ ਗੱਲ ਪੰਜਾਬ ਵਿਰੋਧੀ ਹੈ, ਕਿਸਾਨ ਵਿਰੋਧੀ ਹੈ, ਉਹ ਫ਼ੈਸਲੇ ਉਥੇ ਹੁੰਦੇ ਹਨ। ਐਮ.ਐਸ.ਪੀ. ਨਹੀਂ ਵਧਾਉਣੀ, ਇਸ ਫ਼ੈਸਲੇ ਵਿੱਚ ਉਹ ਭਾਈਵਾਲ ਹੈ। ਅੱਜ ਕਹਿੰਦੇ ਹਨ ਕਿ ਅਮਰਿੰਦਰ ਸਿੰਘ ਫ਼ੈਸਲੇ ਕਰਦਾ ਹੀ ਨਹੀਂ। ਇਹ ਕੈਬਨਿਟ ਦਾ ਕੁਲੈਕਟਿਵ ਡਿਸੀਜ਼ਨ ਹੈ। ਡੈਮੋਕਰੇਸੀ ਕੁਲੈਕਟਿਵ ਲੀਡਰਸ਼ਿਪ ਅਤੇ ਕੁਲੈਕਟਿਵ ਵਿਊ ਆਫ਼ ਦਾ ਕੈਬਨਿਟ ਹੀ ਹੈ। ਉਥੇ ਹਰ ਫ਼ੈਸਲੇ ਐਂਟੀ ਪੰਜਾਬ ਹੁੰਦੇ ਹਨ, ਚਾਹੇ ਖਾਦ ਦੇ ਭਾਅ ਵਧਾਉਣੇ ਹੋਣ, ਕੀੜੇ ਮਾਰ ਦਵਾਈਆਂ ਦੇ ਭਾਅ ਵਧਾਉਣੇ ਹੋਣ ਜਾਂ ਐਮ.ਐਸ.ਪੀ. ਨਾ ਵਧਾਉਣੀ ਹੋਵੇ, ਢੀਂਡਸਾ ਉਨ੍ਹਾਂ ਦਾ ਹਿੱਸੇਦਾਰ ਹੈ। ਉਹ ਕਿਸ ਵਾਸਤੇ ਉਥੇ ਬੈਠਾ ਹੈ। ਉਸ ਨੂੰ ਕਹੋ ਕਿ ਉਹ ਕੁਰਸੀ ਛੱਡੇ। ਜਦੋਂ ਕਿਸਾਨ ਵਿਰੋਧੀ ਗੱਲਾਂ ਆਉਂਦੀਆਂ ਹਨ ਤਾਂ ਉਹ ਇਨ੍ਹਾਂ ਨੂੰ ਨਹੀਂ ਕਰਨੀਆਂ ਚਾਹੀਦੀਆਂ। ਆਹ ਦੋ ਬੈਠੇ ਹਨ। (ਬੀ.ਜੇ.ਪੀ. ਵੱਲ ਇਸ਼ਾਰਾ) ਇਸ ਪਾਰਟੀ ਦੇ ਨਾਲ ਇਨ੍ਹਾਂ ਦੀ ਬੜੀ ਯਾਰੀ ਹੈ। ਉਹ ਯਾਰੀ ਨਹੀਂ ਤੋੜਨਾ ਚਾਹੁੰਦੇ। ਇਹੀ ਇਨ੍ਹਾਂ ਦੀ ਪਰਾਬਲਮ ਹੈ। ਅੱਜ ਮੇਰੇ ਕੋਲ 45 ਲੱਖ ਟਨ ਸ਼ੂਗਰ ਹੈ, ਜਿਹੜੀ 50 ਕਰੋੜ ਰੁਪਏ ਤੋਂ ਵੱਧ ਹੈ। ਉਸ ਨੂੰ ਕਿੱਥੇ ਵੇਚਾਂਗੇ ? ਅੱਜ ਅਖਬਾਰਾਂ ਕਹਿ ਰਹੀਆਂ ਹਨ ਕਿ ਲੜਾਈ ਲਗਣ ਕਾਰਨ ਚੀਨੀ ਐਕਸਪੋਰਟ ਹੋਣੀ ਵੀ ਬੰਦ ਹੋ ਗਈ ਹੈ। ਫਿਰ ਕਿਥੇ ਐਕਸਪੋਰਟ ਹੋਵੇਗੀ ? ਇਹ ਗੱਲਾਂ ਨਹੀਂ ਦੇਖਦੇ। ਇਹ ਸਿਰਫ ਆਪਣੀ ਜਿਹੜੀ ਨੈਗੇਟਿਵ ਥਾਟ ਹੈ, ਉਹੀ ਦੇਣਾ ਚਾਹੁੰਦੇ ਹਨ। ਸਪੀਕਰ ਸਾਹਿਬ, ਇੰਡਸਟਰੀ ਵਾਸਤੇ ਜੋ ਅਸੀਂ ਕੀਤਾ ਹੈ, ਇਨ੍ਹਾਂ ਨੇ ਪੰਜ ਸਾਲਾਂ ਵਿੱਚ ਨਹੀਂ ਕੀਤਾ। The Akali Dal has given less than 60 crores to the sugar industry in the five years. ਮੈਂ ਤੁਹਾਨੂੰ ਦੱਸਦਾ ਹਾਂ ਕਿ ਅਸੀਂ ਇੱਕ ਸਾਲ ਵਿੱਚ ਕੀ ਕੀਤਾ ਹੈ। ਜੋ ਆਰ.ਡੀ.ਐਫ. ਨੇ ਕੋਆਪ੍ਰੇਟਿਵ ਸ਼ੂਗਰ ਮਿੱਲਾਂ ਨੂੰ ਲੋਨ ਦਿੱਤਾ ਸੀ, ਉਹ 190 ਕਰੋੜ ਰੁਪਿਆ ਅਸੀਂ ਰਾਈਟ ਆਫ਼ ਕਰ ਦਿੱਤਾ ਹੈ। (ਥੰਪਿੰਗ) 110 ਕਰੋੜ ਰੁਪਿਆ ਇੰਟਰੈਸਟ ਦਾ ਵੀ ਵੇਵ ਕਰ ਦਿੱਤਾ ਹੈ। (ਥੰਪਿੰਗ) ਜਿਹੜਾ ਹੋਰ ਬੈਂਕਾਂ ਤੋਂ ਪੈਸਾ ਲਿਆ ਸੀ, ਉਸ 79 ਕਰੋੜ ਰੁਪਏ ਨੂੰ ਅਸੀਂ ਐਡਜਸਟ ਕਰ ਦਿੱਤਾ ਹੈ। (ਥੰਪਿੰਗ) ਕੋਆਪ੍ਰੇਟਿਵ ਸ਼ੂਗਰ ਮਿੱਲਾਂ ਨੂੰ ਟੋਟਲ ਰਿਲੀਫ ਅਸੀਂ 410 ਕਰੋੜ ਰੁਪਏ ਦਾ ਦਿੱਤਾ ਹੈ। ਇਨ੍ਹਾਂ ਨੇ ਪੰਜ ਸਾਲਾਂ ਵਿੱਚ 60 ਕਰੋੜ ਰੁਪਏ ਤੋਂ ਵੀ ਘੱਟ ਦਿੱਤਾ ਹੈ। ਇਹ ਕਿਉਂ ਨਹੀਂ ਕਰ ਸਕੇ। ਇਹ ਆਪ ਕਿਸਾਨਾਂ ਵਾਸਤੇ ਨਹੀਂ ਕਰਦੇ ਫਿਰ ਸਾਡੇ ਤੇ ਦੋਸ਼ ਲਗਾਉਂਦੇ ਹਨ। ਕੀ ਕਰਨ ਉਹ ਵਿਚਾਰੇ ਗਰੀਬ ਜਦੋਂ ਉਹ ਤਿੰਨ ਮਹੀਨੇ ਉਤੇ ਸੜਕਾਂ ਤੇ ਮੋਰਿੰਡੇ ਕੋਲ ਅਤੇ ਹੋਰ ਜਗ੍ਹਾ ਤੇ ਆ ਗਏ। ਸਾਡੇ ਕੋਲ ਪੈਸੇ ਦੀ ਗੁੰਜਾਇਸ਼ ਨਹੀਂ ਕਿਉਂਕਿ ਅੱਜ ਅਸੀਂ ਫਾਈਨਾਂਸ਼ਲ ਰਿਫਾਰਮ ਦੇ ਕਦਮ ਚੁੱਕ ਰਹੇ ਹਾਂ। ਅਸੀਂ ਫਰੀ ਪਾਵਰ ਜੋ ਇੱਕ ਟੈਬੂ ਸੀ ਮਲਟੀ ਨੈਸ਼ਨਲ ਏਜੰਸੀਆਂ ਲਈ, ਉਹ ਅਸੀਂ ਹਟਾਈ ਹੈ। ਇਨ੍ਹਾਂ ਨੇ ਕਿਹਾ ਹੈ ਕਿ ਜੋ ਵੀ ਮੈਨੀਫੈਸਟੋ ਦੇ ਵਿੱਚ ਵਾਅਦੇ ਕੀਤੇ ਗਏ ਸਨ ਉਹ ਪੂਰੇ ਨਹੀਂ ਕੀਤੇ ਗਏ। ਪਰ ਸਾਨੂੰ ਤਾਂ ਸਿਰਫ਼ ਇੱਕ ਸਾਲ ਹੀ ਆਇਆਂ ਨੂੰ ਹੋਇਆ ਹੈ ਤੇ ਚਾਰ ਸਾਲ ਹਾਲੇ ਸਾਡੇ ਰਹਿੰਦੇ ਹਨ। ਜੇਕਰ ਸੁਧਾਰ ਆਉਂਦਾ ਰਹੇਗਾ ਤਾਂ ਅਸੀਂ ਜੋ ਜੋ ਕੁਝ ਕਰਨਾ ਹੋਵੇਗਾ, ਜ਼ਰੂਰ ਕਰਾਂਗੇ, ਵਾਅਦੇ ਵੀ ਪੂਰੇ ਕਰਾਂਗੇ। ਪਰ ਇਨ੍ਹਾਂ ਨੂੰ ਤਾਂ ਇੱਕ ਸਾਲ ਦੇ ਵਿੱਚ ਹੀ ਔਖ ਲਗਦੀ ਹੈ ਕਿ ਕੁਝ ਨਹੀਂ ਕੀਤਾ ਗਿਆ। ਇਸ ਵਿਚ ਕਈ ਪ੍ਰਾਬਲਮਜ਼ ਹਨ ਜਿਹੜੀਆਂ ਕਿ ਸਾਨੂੰ ਦੇਖਣੀਆਂ ਪੈਣਗੀਆਂ ਔਰ ਅਸੀਂ ਆਹਿਸਤਾ ਆਹਿਸਤਾ ਜੋ ਗੱਲਾਂ ਜਾਂ ਵਾਅਦੇ ਕੀਤੇ ਹਨ ਉਨ੍ਹਾਂ ਨੂੰ ਲਾਗੂ ਕਰਾਂਗੇ। ਇਨ੍ਹਾਂ ਦੇ ਵਿਚੋਂ ਕੁਝ ਵਾਅਦੇ ਲਾਗੂ ਹੋ ਵੀ ਚੁੱਕੇ ਹਨ। ਇਹ ਦੇਖਣ ਤਾਂ ਸਹੀ,

Original with;
Punjab Vidhan Sabha
Digitized by;

[ਮੁੱਖ ਮੰਤਰੀ]

ਇਹ ਪੜ੍ਹਦੇ ਹੀ ਨਹੀਂ ਹਨ। ਇਹ ਤਾਂ ਸਿਰਫ਼ ਤਿੰਨ ਚਾਰ ਗੱਲਾਂ ਹੀ ਪੜ੍ਹਦੇ ਹਨ ਜਿਹੜੀਆਂ ਕਿ ਪੂਰੀਆਂ ਨਹੀਂ ਕੀਤੀਆਂ ਗਈਆਂ ਬਾਕੀਆਂ ਦੇ ਬਾਰੇ ਗੁਣ-ਗੁਣ ਪੜ੍ਹਦੇ ਚਲੇ ਜਾਂਦੇ ਹਨ। ਪਤਾ ਇਨ੍ਹਾਂ ਨੂੰ ਸਾਰਾ ਕੁਝ ਹੈ ਪਰ ਇਹ ਲੋਕਾਂ ਨੂੰ ਦਸਣਾ ਨਹੀਂ ਚਾਹੁੰਦੇ ਹਨ। ਇਹ ਇਸ ਕਰਕੇ ਕਰਦੇ ਹਨ ਕਿ ਪ੍ਰੈਸ ਬੈਠੀ ਲਿਖ ਰਹੀ ਹੈ। ਇਸ ਦੇ ਬਾਰੇ ਅਜੀਤ ਅਖਬਾਰ ਨੇ ਹੋਰ ਕੁਝ ਲਿਖ ਦੇਣਾ ਹੈ ਤੇ ਬਾਕੀ ਕਿਸੇ ਹੋਰ ਨੇ ਕੁਝ ਹੋਰ ਲਿਖ ਦੇਣਾ ਹੈ।

ਸਪੀਕਰ ਸਾਹਿਬ, ਮੈਂ ਇੱਕ ਹੋਰ ਗੱਲ ਦਸਣੀ ਚਾਹੁੰਦਾ ਹਾਂ ਕਿਸਾਨਾਂ ਦੀ ਇਕ ਡਿਮਾਂਡ ਸੀ ਕਿ ਬਾਰਡਰ ਦੇ ਏਰੀਏ ਦੇ ਵਿੱਚ ਜੋ ਮਾਈਨਜ਼ ਵਿਛਾਈਆਂ ਗਈਆਂ ਸਨ ਉਨ੍ਹਾਂ ਦੇ ਬਾਰੇ ਦੋ ਤਿੰਨ ਹਫਤੇ ਹੋਏ ਇੰਟੈਲੀਜੈਂਸ ਸਕਿਉਰਿਟੀ ਦਾ ਮੀਟਿੰਗ ਹੋਈ ਸੀ ਤੇ ਜਾਰਜ ਫਰਨਾਂਡੇਜ਼ ਨਾਲ ਗੱਲਬਾਤ ਹੋਈ ਸੀ। ਉਨ੍ਹਾਂ ਨੇ ਭਰੋਸਾ ਦਿੱਤਾ ਹੈ ਕਿ ਜਿਹੜੀਆਂ ਵੀ ਫਸਲਾਂ ਖਰਾਬ ਹੋਈਆਂ ਹਨ ਉਨ੍ਹਾਂ ਦੇ ਬਾਰੇ ਦੱਸ ਦਿਉ ਤਾਂ ਅਸੀਂ ਮੁਆਵਜ਼ਾ ਦੇ ਦੇਵਾਂਗੇ। ਹੁਣ ਹਾੜੀ ਦੀ ਫਸਲ ਆਉਣ ਵਾਲੀ ਹੈ ਤੇ ਬਿਜਾਈ ਖਤਮ ਹੋ ਰਹੀ ਹੈ ਇਸ ਤੇ ਵੀ ਮੁਆਵਜ਼ਾ ਦੇਣ ਦੀ ਕੋਸ਼ਿਸ਼ ਕਰਾਂਗੇ। ਇਕ ਕਿਸਾਨਾਂ ਦੀ ਮੰਗ ਸੀ ਕਿ ਮਾਰਕਫੈਡ ਦੇ ਕੋਲੋਂ ਖਾਦ ਨਹੀਂ ਖਰੀਦਾਂਗੇ ਤੇ ਅਸੀਂ ਜਿਥੋਂ ਮਰਜ਼ੀ ਚਾਹੀਏ, ਉਥੋਂ ਹੀ ਖਰੀਦਾਂਗੇ। ਅਸੀਂ ਇਹ ਕਿਹਾ ਹੈ ਕਿ ਸਾਡੇ ਵਲੋਂ ਕੋਈ ਵੀ ਪਾਬੰਦੀ ਨਹੀਂ ਹੋਵੇਗੀ। ਕਿਸਾਨ ਹੁਣ ਜਿਥੋਂ ਮਰਜ਼ੀ ਖਾਦ ਖਰੀਦ ਸਕਦਾ ਹੈ। ਅਸੀਂ ਇਹ ਉਨ੍ਹਾਂ ਨੂੰ ਫੈਸਿਲਿਟੀ ਦਿੱਤੀ ਹੈ। ਅਸੀਂ ਪਰੋ-ਫਾਰਮਿੰਗ ਹਾਂ ਔਰ ਗੌਰਮਿੰਟ ਫਾਰਮਿੰਗ ਦੇ ਬਾਰੇ ਧਿਆਨ ਦੇ ਰਹੀ ਹੈ, ਅਸੀਂ ਕਿਸਾਨਾਂ ਦਾ ਭਵਿਖ ਬਣਾਉਣਾ ਚਾਹੁੰਦੇ ਹਾਂ। ਇਸ ਦੇ ਨਾਲ ਹੀ ਪੰਜਾਬ ਦਾ ਭਵਿਖ ਬਣ ਸਕਦਾ ਹੈ। ਹੁਣ ਅਸੀਂ ਪੰਜਾਬ ਦੇ ਵਿਚ ਡਿਵੈਲਪਮੈਂਟ ਕਰਨ ਵਿਚ ਲਗੇ ਹਾਂ। ਪਿਛਲੇ ਇੱਕ ਸਾਲ ਦੇ ਵਿੱਚ ਅਸੀਂ ਸਟੇਬਿਲਟੀ ਲਿਆਂਦੀ ਹੈ। ਅਸੀਂ ਦੋ ਤਿੰਨ ਸਾਲਾਂ ਦੇ ਵਿੱਚ ਇੱਕ ਐਸਾ ਫਾਉਂਡੇਸ਼ਨ ਬਣਾ ਦੇਣਾ ਹੈ ਜਿਹੜਾ ਕਿ ਅੱਗੇ ਕੋਈ ਵੀ ਆਵੇ ਚਾਹੇ ਉਸ ਦੇ ਲਈ ਅੰਕਸਪੈਂਡੀਚਰ ਬਿਲ ਜਾਂ ਬੌਰੋਇੰਗ ਬਿੱਲ ਲਿਆਉਣਾ ਹੈ, ਤਾਂ ਕਿ ਆਉਣ ਵਾਲੇ ਸਮੇਂ ਦੇ ਵਿਚ ਚਾਹੇ ਕੋਈ ਆਵੇ ਜਿਸ ਨੂੰ ਫਾਈਨਾਂਸ ਦੀ ਸਮਝ ਹੋਵੇ ਜਾਂ ਨਾ ਹੋਵੇ ਤਾਂ ਉਹ ਇਸ ਦੇ ਵਿਚ ਦਖਲ ਨਾ ਦੇ ਸਕੇ। ਇਸ ਤੋਂ ਇਲਾਵਾ ਟਿਊਬਵੈਲਾਂ ਦੇ ਕੁਨੈਕਸ਼ਨਾਂ ਦੀ ਗੱਲ ਕੀਤੀ ਗਈ ਹੈ ਕਿ 40-45 ਹਜ਼ਾਰ ਕਿਸਾਨਾਂ ਵਲੋਂ ਪੈਸੇ ਜਮ੍ਹਾਂ ਕਰਵਾਏ ਹੋਏ ਹਨ। ਇਹ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਕਿਉਰਿਟੀਆਂ ਪਿਛਲੇ ਛੇ ਸਾਲਾਂ ਤੋਂ ਵੀ ਜਮ੍ਹਾਂ ਹੋਈਆਂ ਹਨ, ਪਿਛਲੇ ਪੰਜ ਸਾਲ ਤਾਂ ਤੁਸੀਂ ਹੀ ਰਾਜ ਕੀਤਾ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਅਸੀਂ 31 ਮਾਰਚ ਤੱਕ 25 ਹਜ਼ਾਰ ਕੁਨੈਕਸ਼ਨ ਜਾਰੀ ਕਰ ਦਿੱਤੇ ਹਨ ਤੇ ਬਾਕੀ 20 ਹਜ਼ਾਰ ਬਿਜਲੀ ਦੇ ਟਿਊਬਵੈਲ ਦੇ ਕੁਨੈਕਸ਼ਨ ਅਗਲੇ ਸਾਲ ਜਾਰੀ ਕਰ ਦਿਆਂਗੇ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਵਿਰੋਧੀਆਂ ਨੂੰ ਪਹਿਲਾਂ ਅੰਕੜੇ ਦੇਖਣੇ ਚਾਹੀਦੇ ਹਨ, ਇਹ ਅਸੀਂ ਇਨ੍ਹਾਂ ਨੂੰ ਦੇਣ ਲਈ ਤਿਆਰ ਹਾਂ। ਜੇ ਇਨ੍ਹਾਂ ਨੇ ਪੰਜਾਬ ਦੇ ਵਾਸਤੇ ਗੱਲ ਕਰਨੀ ਹੈ ਤਾਂ ਮੈਂ ਇਕ ਗਲ ਦਸਣੀ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਕੁਲੈਕਟਿਵ ਰਿਸਪਾਂਸੀਬਿਲਟੀ ਹੋਣੀ ਚਾਹੀਦੀ ਹੈ ਤੇ ਜਦੋਂ ਕਿਸੇ ਸੂਬੇ ਜਾਂ ਦੇਸ਼ ਦੇ ਵਿਚ ਸੰਕਟ ਆ ਜਾਵੇ ਤਾਂ ਸਾਰੀਆਂ ਫੋਰਸਿਜ਼ ਇਕੱਠੀਆਂ ਹੋ ਜਾਂਦੀਆਂ ਹਨ। ਪਿਛੇ ਜਿਹੇ ਵੀ ਸਾਡੀ ਕਾਂਗਰਸ ਪਾਰਟੀ ਦੇ ਕੌਮੀ ਨੇਤਾ ਨੇ, ਜਦੋਂ ਦੇਸ਼ ਦੀ ਰੱਖਿਆ ਦਾ ਮਾਮਲਾ ਉਠਿਆ, ਤਾਂ ਆਪਣੇ ਵਲੋਂ ਪੂਰੀ ਸਹਿਮਤੀ ਦੇ ਦਿੱਤੀ ਸੀ ਉਹ ਮੇਰਾ ਖਿਆਲ ਹੈ ਕਿ ਆਪਰੇਸ਼ਨ ਪ੍ਰਾਕਰਮ ਸੀ। ਹੁਣ ਜਿਸ ਤਰ੍ਹਾਂ ਗਲਫ ਲੜਾਈ ਦੇ ਵਿੱਚ ਟੋਨੀ ਬਲੇਅਰ ਤੇ ਲੇਬਰ ਪਾਰਟੀ ਦੋਨੋਂ ਇਕੱਠੇ ਹੋ ਗਏ ਹਨ। ਇਸ ਲਈ ਸਾਨੂੰ ਕੰਸਟ੍ਰਕਟਿਵ ਕੋਆਪਰੇਸ਼ਨ ਦੇਣੀ ਚਾਹੀਦੀ ਹੈ। ਜੇਕਰ ਪੰਜਾਬ ਦੇ ਲੋਕਾਂ, ਕਿਸਾਨਾਂ ਦੇ ਪ੍ਰਤੀ ਦਿਲਾਂ ਦੇ ਵਿੱਚ ਦੁੱਖ ਜਾਂ ਦਰਦ ਹੈ ਤਾਂ ਇਸ ਦੇ

Original with;
Punjab Vidhan Sabha
Digitized by;
Panjab Digital Library

ਤੇ ਸੋਚਣ ਦੀ ਲੋੜ ਹੈ। ਅਸੀਂ ਗੌਰਮਿੰਟ ਆਫ ਇੰਡੀਆ ਨੂੰ ਕਹਿ ਸਕਦੇ ਹਾਂ ਕਿ ਜੋ ਗੌਰਮਿੰਟ ਆਫ ਇੰਡੀਆ ਦਾ ਜਿਹੜਾ ਕਲੈਮਿਟੀ ਰਿਲੀਫ਼ ਫੰਡ ਹੈ ਉਸ ਦੇ ਬਾਰੇ ਵਿਲਿਜ਼ ਐਜ-ਏ-ਯੂਨਿ... ਮੰਨਦੇ ਹਨ ਜਦ ਕਿ ਅਸੀਂ ਕਹਿੰਦੇ ਹਾਂ ਕਿ ਇਸ ਨੂੰ ਫੈਮਿਲੀ ਐਜ਼-ਏ ਯੂਨਿਟ ਗਿਣਨਾ ਚਾ...ਹੀਦਾ ਹੈ। ਇਸ ਦੇ ਵਾਸਤੇ ਅਸੀਂ ਲੋਕਾਂ ਨੂੰ ਕਿਹਾ ਕਿ ਇਹ ਸਾਡੇ ਵੱਸ ਦੀ ਗੱਲ ਨਹੀਂ ਹੈ ਲੇਕਿਨ ਸਾਡੀ ਸਰਕਾਰ ਇਸ ਮਾਮਲੇ ਨੂੰ ਗੌਰਮਿੰਟ ਆਫ਼ ਇੰਡੀਆ ਦੇ ਕੋਲ ਪੂਰੇ ਜ਼ੋਰਦਾਰ ਤਰੀਕੇ ਦੇ ਨਾਲ ਲ...ਕੇ ਜਾਵੇਗੀ ਤਾਂ ਕਿ ਇਸ ਪ੍ਰਾਬਲਮ ਨੂੰ ਦੂਰ ਕਰ ਸਕੀਏ। ਇਸੇ ਤਰ੍ਹਾਂ ਐਮ.ਐਸ.ਪੀ. ਦੀ ਗੱਲ ਹੋਈ ਸੀ। ਇਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਬੀ.ਜੇ.ਪੀ. ਦੀ ਐਗਜੈਕਟਿਵ ਕਮੇਟੀ ਦੀ ਮੀਟਿੰਗ ਜੋ ਪਹਿਲਾਂ ਅੰਮ੍ਰਿਤਸਰ ਦੇ ਵਿਚ ਹੋਈ ਸੀ ਤਾਂ ਉਸ ਦੇ ਵਿਚ ਇਹ ਸਪਸ਼ਟ ਕਰ ਦਿੱਤਾ ਸੀ ਕਿ ਇਹ ਟੈਂਪਰੇਰੀ ਹੈ, ਔਰ ਇਸ ਦੇ ਵਿਚੋਂ ਮਿਲਣਾ ਤਾਂ ਕੁਝ ਨਹੀਂ ਹੇ। ਮੈਂ ਵੀ ਵਾਰ-ਵਾਰ ਪ੍ਰਾਈਮ ਮਨਿਸਟਰ ਸਾਹਿਬ ਨਾਲ ਇਹ ਮਾਮਲਾ ਟੇਕ ਅੱਪ ਕੀਤਾ ਹੈ, ਗੌਰਮਿੰਟ ਆਫ਼ ਇੰਡੀਆ ਨਾਲ ਟੇਕ ਅੱਪ ਕੀਤਾ ਹੈ ਤੇ ਅਸੀਂ ਕਿਹਾ ਹੈ ਕਿ ਸਾਨੂੰ ਇਸ ਦੇ ਲਈ 10 ਸਾਲਾਂ ਦਾ ਸਮਾਂ ਦੇ ਦਿਉ ਤਾਂ ਹੀ ਇਸ ਦੇ ਵਿੱਚ ਚੇਂਜ ਓਵਰ ਹੋ ਸਕਦੀ ਹੈ ਨਹੀਂ ਤਾ ਹਿੰਦੁਸਤਾਨ ਦਾ ਜੋ ਕਿਸਾਨ ਹੈ ਉਹ ਖਤਮ ਹੋ ਜਾਵੇਗਾ। ਮੈਨੂੰ ਅਫ਼ਸੋਸ ਹੈ ਕਿ ਇਹ ਆਪਣੇ ਆਪ ਨੂੰ ਕਿਸਾਨਾਂ ਦੇ ਮੁਦਈ ਮੰਨਦੇ ਹਨ। ਇਹ ਆਪਣੇ ਆਪ ਨੂੰ ਕਿਸਾਨਾਂ ਦੇ ਠੇਕੇਦਾਰ ਸਮਝਦੇ ਹਨ। ਫਿਰ ਇਨ੍ਹਾਂ ਨੂੰ ਉਥੇ ਜਾਣਾ ਚਾਹੀਦਾ ਹੈ। ਉਥੇ ਜਾ ਕੇ ਉਨ੍ਹਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਇਨ੍ਹਾਂ ਨੇ ਡਰਾਊਟ ਦੀ ਗੱਲ ਕੀਤੀ ਹੈ। ਹਿੰਦੁਸਤਾਨ ਦੇ ਵਿਚ ਸੋਕਾ ਪਿਆ ਹੈ। ਬਾਕੀ ਸਾਰੇ ਸੂਬੇ ਤਬਾਹ ਹੋ ਗਏ ਪਰ ਸਾਡੇ ਪੰਜਾਬ ਸੂਬੇ ਦੇ ਵਿਚ 10 ਲੱਖ ਟਨ ... ਪੈਦਾਵਾਰ ਹੋਈ ਹੈ। (ਥੰਪਿੰਗ) ਇਹ ਜ਼ਿਆਦਾ ਪੈਦਾਵਾਰ ਕਿਉਂ ਹੋਈ ਹੈ ? ਇਹ ਪੈਦਾਵਾਰ ਇਸ ਲਈ ਵੱਧ ਹੋਈ ਕਿਉਂਕਿ ਅਸੀਂ 4 ਸੌ ਕਰੋੜ ਰੁਪਏ ਦੀ ਬਿਜਲੀ ਬਾਹਰੋਂ ਖਰੀਦ ਕੇ ਰੂਰਲ ਫੀਲਡ ਦੇ ਵਿਚ ਦਿੱਤੀ ਹੈ। (ਥੰਪਿੰਗ) ਭਾਵੇਂ ਅਸੀਂ ਇਸ ਨੂੰ ਅਫੋਰਡ ਨਹੀਂ ਕਰ ਸਕਦੇ ਸੀ। ਅਸੀਂ ਬਿਜਲੀ ਦੀ ਸਪਲਾਈ ਅਨਇੰਟਰਪਟਿਡ ਦਿੱਤੀ ਹੈ। ਇਹ ਕਹਿੰਦੇ ਸੀ ਕਿ ਇਨ੍ਹਾਂ ਨੇ ਵੀ ਬਿਜਲੀ ਦੀ ਸਪਲਾਈ ਨਿਰਵਿਘਨ ਦਿੱਤੀ ਹੈ। ਪਰ ਕੀ ਹੁੰਦਾ ਸੀ ਕਿ ਦੋ-ਚਾਰ ਘੰਟੇ ਬਿਜਲੀ ਦੀ ਸਪਲਾਈ ਲਗਾਤਾਰ ਰਹਿੰਦੀ ਸੀ ਫਿਰ ਬੰਦ ਹੋ ਜਾਂਦੀ ਸੀ। ਖਾਲ ਹੀ ਭਰਦੀ ਸੀ ਤੇ ਬਿਜਲੀ ਬੰਦ ਹੋ ਜਾਂਦੀ ਸੀ। ਇਸੇ ਤਰ੍ਹਾਂ ਹੀ ਹੁੰਦਾ ਰਿਹਾ ਸੀ। ਪਰ ਅਸੀਂ ਨਿਰਵਿਘਨ ਸਪਲਾਈ ਬਿਜਲੀ ਦੀ ਦਿੰਦੇ ਰਹੇ ਹਾਂ, ਕਦੇ ਵੀ ਇਹ ਬੰਦ ਨਹੀਂ ਹੁੰਦੀ ਸੀ। ਹੁਣ ਵੀ ਦੇ ਰਹੇ ਹਾਂ ਅਤੇ ਅੱਗੇ ਲਈ ਵੀ ਲਗਾਤਾਰ ਬਿਜਲੀ ਦੀ ਸਪਲਾਈ ਦਿੰਦੇ ਰਹਾਂਗੇ। (ਥੰਪਿੰਗ)। ਜੇ ਕੋਈ ਗੌਰਮਿੰਟ ਆਪਣੇ ਆਪ ਨੂੰ ਜ਼ਿੰਮੇਵਾਰ ਸਮਝਦੀ ਹੈ ਤਾਂ ਬਹੁਤ ਸਾਰੀਆਂ ਚੀਜ਼ਾਂ ਵੇਖਣੀਆਂ ਪੈਂਦੀਆਂ ਹਨ। ਅਸੀਂ ਬਹੁਤ ਕੁਝ ਦੇਖਿਆ ਹੈ। ਸਾਨੂੰ ਕਾਫ਼ੀ ਕੋਸ਼ਿਸ਼ਾਂ ਕਰਨੀਆਂ ਪਈਆਂ। ਜਦੋਂ ਅਸੀਂ ਆਏ ਸੀ ਤਾਂ ਸਾਡੇ ਕੋਲ ਮੁਲਾਜ਼ਮਾਂ ਨੂੰ ਤਨਖਾਹ ਦੇਣ ਵਾਸਤੇ ਵੀ ਪੈਸੇ ਨਹੀਂ ਸਨ। ਇਸ ਕਰਕੇ ਸਾਨੂੰ ਮਜਬੂਰੀ ਵੱਸ ਇਹ ਕਰਨਾ ਪਿਆ। ਅਸੀਂ ਗੌਰਮਿੰਟ ਆਫ਼ ਇੰਡੀਆ ਦੇ ਨਾਲ ਕਲੈਮਟੀ ਰਲੀਫ ਲਈ ਫੰਡ ਲੈਣ ਵਾਸਤੇ ਮੈਟਰ ਟੇਕ ਅੱਪ ਕੀਤਾ। ਅਸੀਂ ਇਸ ਦੇ ਲਈ 3,642 ਕਰੋੜ ਰੁਪਏ ਦੀ ਮੰਗ ਕੀਤੀ। ਪਰ ਉਹ ਹਾਲੇ ਇਹ ਫੰਡਜ਼ ਨਹੀਂ ਦੇ ਰਹੇ। ਜਦੋਂ ਕਿ ਪਿਛਲੀ ਸਰਕਾਰ ਨੇ ਇਸ ਬਾਰੇ ਕੋਈ ਕੋਸ਼ਿਸ਼ ਨਹੀਂ ਕੀਤੀ। ਅਸੀਂ ਇੰਡਸਟਰੀ ਤੇ ਕੱਟ ਲਗਾ ਕੇ ਡੋਮੇਸਟਿਕ ਪਾਵਰ ਵੀ ਕੰਜਿਊਮਰ ਨੂੰ ਵਿਦਆਊਟ ਇੰਟਰਪਸ਼ਨ ਦਿੱਤੀ। ਬਾਹਰੋਂ ਵੀ ਅਸੀਂ ਬਿਜਲੀ ਦੀ ਖਰੀਦ ਕੀਤੀ। ਜੋ ਲੌਸ ਹੋਇਆ ਸੀ ਉਸ ਦੇ ਲਈ ਅਸੀਂ 3,642 ਕਰੋੜ ਰੁਪਏ ਦੀ ਮੰਗ ਪ੍ਰਾਈਮ ਮਨਿਸਟਰ ਦੇ ਨਾਲ ਟੇਕ ਅੱਪ ਕੀਤੀ ਸੀ। ਅਸੀਂ ਉਨ੍ਹਾਂ ਨੂੰ ਦੱਸਿਆ ਕਿ ਅੱਠ-ਅੱਠ ਘੰਟੇ ਇੰਡਸਟਰੀ ਤੇ ਕੱਟ ਲਗਾ ਕੇ ਡੋਮੇਸਟਿਕ ਪਾਵਰ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਪਲਾਈ ਕੀਤੀ। ਪਰ ਇਨ੍ਹਾਂ ਨੇ ਆਪਣੇ ਸਮੇਂ ਵਿਚ ਇਕ ਵਾਰੀ ਵੀ ਪ੍ਰਾਈਮ ਮਨਿਸਟਰ ਨੂੰ ਜਾ ਕੇ ਨਹੀਂ ਪੁਛਿਆ ਹੋਣਾ। ਹੁਣ ਇਹ ਕਹਿੰਦੇ ਹਨ ਕਿ ਗੌਰਮਿੰਟ ਕਾਂਗਰਸ ਸਰਕਾਰ ਦੀ ਹੈ, ਕਾਂਗਰਸ ਸਰਕਾਰ ਹੁਣ ਸ਼ਿਕੰਜੇ ਵਿਚ ਫਸੀ ਹੋਈ ਹੈ, ਸਾਨੂੰ ਇਸ ਤੋਂ ਕੀ ਲੈਣਾ ਹੈ। ਇਹ ਪੰਜਾਬ ਵਾਸਤੇ ਇੰਟਰਸਟ ਨਹੀਂ ਰੱਖਦੇ। ਜਦੋਂ ਇਹ ਪਾਵਰ ਤੇ ਬੋਲ ਰਹੇ ਸਨ ਤਾਂ ਮੈਂ ਪੁੱਛ ਰਿਹਾ ਸੀ ਕਿ ਅਸੀਂ ਪਤਾ ਨਹੀਂ ਕਿੰਨੇ ਯੂਨਿਟ ਸਪਲਾਈ ਦਿੱਤੀ ਹੈ। ਪਤਾ ਨਹੀਂ ਇਨ੍ਹਾਂ ਨੂੰ ਯੂਨਿਟ, ਮੈਗਾਵਾਟ ਅਤੇ ਮਿਲੀਅਨ ਬਾਰੇ ਕੋਈ ਫਰਕ ਪਤਾ ਵੀ ਹੈ ਕਿ ਨਹੀਂ। ਸਾਡੇ ਕੋਲ ਇਸ ਵੇਲੇ 5,700 ਮੈਗਾਵਾਟ ਦੀ ਟੋਟਲ ਪਾਵਰ ਹੈ। ਸਾਡੀ ਰਫਲੀ ਡਿਮਾਂਡ 6,200 ਮੈਗਾਵਾਟ ਦੀ ਹੈ। ਸਾਡੀ ਇਸ ਵੇਲੇ ਚਾਰ ਜਾਂ ਸਾਢੇ ਚਾਰ ਸੌ ਮੈਗਾਵਾਟ ਦੀ ਘਾਟ ਹੈ। ਇਸ ਨੂੰ ਪੂਰਾ ਕਰਨ ਵਾਸਤੇ ਅਸੀਂ ਤਿੰਨ ਪ੍ਰਾਜੈਕਟ ਲਾ ਰਹੇ ਹਾਂ। ਇੱਕ ਤਾਂ ਲਹਿਰਾ ਮੁਹੱਬਤ ਥਰਮਲ ਪਲਾਂਟ ਫੇਸ-2 ਦਾ ਯੂਨਿਟ ਸ਼ੁਰੂ ਕਰ ਰਹੇ ਹਾਂ। ਇਸ ਦੇ ਲਈ ਫਾਈਨਾਂਸ ਹੋ ਗਿਆ ਹੈ, ਲੋਨ ਵਗੈਰਾ ਸਭ ਕੁਝ ਹੋ ਗਿਆ ਹੈ। ਇਸ ਤੋਂ ਸਾਨੂੰ 250 ਮੈਗਾਵਾਟ ਤੋਂ ਲੈ ਕੇ 500 ਮੈਗਾਵਾਟ ਤੱਕ ਬਿਜਲੀ ਮਿਲੇਗੀ ਅਤੇ ਦੂਸਰਾ ਸ਼ਾਹਪੁਰ ਕੰਡੀ ਦਾ ਯੂਨਿਟ ਟਾਕਿੰਗ ਸਟੇਜ਼ ਤੇ ਹੈ। ਇਹ ਅਜੇ ਫਾਈਨਲ ਨਹੀਂ ਹੋਇਆ। ਉਥੋਂ ਸਾਡਾ 166 ਮੈਗਾਵਾਟ ਬਿਜਲੀ ਪੈਦਾ ਕਰਨ ਦਾ ਪਰਪਜ਼ ਹੈ। ਤੀਸਰੇ ਪ੍ਰੋਜੈਕਟ ਬਾਰੇ ਅਸੀਂ ਹਾਲੇ ਸੋਚ ਰਹੇ ਹਾਂ, ਜਿਸ ਦੀ ਕਪੇਸਿਟੀ 200 ਮੈਗਾਵਾਟ ਹੋਵੇਗੀ। ਜੇ ਫਿਰ ਵੀ ਬਿਜਲੀ ਦੀ ਸ਼ਾਰਟੇਜ਼ ਪੈਦਾ ਹੋਈ ਤਾਂ ਅਸੀਂ ਨੈਸ਼ਨਲ ਗਰਿਡ ਤੋਂ ਪਾਵਰ ਪਰਚੇਜ਼ ਕਰਾਂਗੇ। ਇਨ੍ਹਾਂ ਗੱਲਾਂ ਦੀ ਪੂਰਤੀ ਜਲਦੀ ਹੀ ਕਰ ਦੇਣੀ ਹੈ। ਖਾਸ ਕਰਕੇ ਅਸੀਂ 500 ਮੈਗਾਵਾਟ ਬਿਜਲੀ ਦੀ ਪੂਰਤੀ ਜਲਦੀ ਕਰਾਂਗੇ ਤੇ ਇਸ ਦੇ ਨਾਲ ਸਪਲਾਈ ਤੇ ਡਿਮਾਂਡ ਕਾਮਨ ਹੋ ਜਾਣਗੀਆਂ। ਇਸ ਪਾਵਰ ਦੀ ਡਿਮਾਂਡ ਨੂੰ ਅਸੀਂ ਸਪਲਾਈ ਪੂਰੀ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ। ਮੈਂ ਇਸ ਗੱਲ ਦੀ ਇਥੇ ਐਸ਼ੋਰੈਂਸ ਦੇਣੀ ਚਾਹੁੰਦਾ ਹਾਂ ਕਿ ਅਸੀਂ ਵਿਦਆਊਟ ਇੰਟਰਪਸ਼ਨ ਕਿਸਾਨਾਂ ਨੂੰ ਪਾਵਰ ਸਪਲਾਈ ਪੂਰੀ ਦੇਵਾਂਗੇ। ਕਿਸਾਨਾਂ ਨੂੰ ਪਾਵਰ ਦੀ ਸਪਲਾਈ ਘੱਟ ਨਹੀਂ ਦਿੱਤੀ ਜਾਵੇਗੀ। (ਥੰਪਿੰਗ) ਪੰਜਾਬ ਟੇਰਿਫ ਇਨਕਰੀਜ਼ ਦੀ ਇਥੇ ਗੱਲ ਕੀਤੀ ਗਈ ਹੈ। ਅੱਜ ਤਾਂ ਇਨ੍ਹਾਂ ਨੇ ਇਸ ਬਾਰੇ ਗੱਲ ਘੱਟ ਕੀਤੀ ਹੈ। ਪਤਾ ਨਹੀਂ ਸ਼ਾਇਦ ਇਹ ਭੁੱਲ ਗਏ ਹਨ। ਕੱਲ੍ਹ ਇਨ੍ਹਾਂ ਦੀ ਪਾਰਟੀ ਵਲੋਂ ਇਕ ਸਾਥੀ ਵਲੋਂ ਮੈਨੂੰ ਸਵਾਲ ਕੀਤਾ ਗਿਆ ਸੀ ਕਿ ਪਾਵਰ ਟੇਰਿਫ ਬਾਰੇ ਕੀ ਫੈਸਲਾ ਕਰ ਰਹੇ ਹੋ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਾਵਰ ਟੇਰਿਫ ਰੈਗੂਲੇਟਰੀ ਕਮਿਸ਼ਨ ਤੇ ਦਸਤਖਤ ਕਿਸ ਨੇ ਕੀਤੇ ਸੀ? ਇਹ ਇਨ੍ਹਾਂ ਨੇ ਕੀਤੇ ਸੀ। ਪਾਵਰ ਟੇਰਿਫ ਰੈਗੂਲੇਟਰੀ ਕਮਿਸ਼ਨ ਜਿਹੜਾ ਬਣਿਆ, ਉਸ ਦਾ ਚੇਅਰਮੈਨ ਕਿਸ ਨੇ ਐਪੁਆਇੰਟ ਕੀਤਾ? ਇਨ੍ਹਾਂ ਨੇ ਕੀਤਾ ਸੀ। ਜੋ ਚੇਅਰਮੈਨ ਹੈ, ਉਹ ਬੰਦਾ ਕੌਣ ਹੈ? ਪਤਾ ਨਹੀਂ ਉਹ ਇਨ੍ਹਾਂ ਦਾ ਮਾਮਾ ਲਗਦਾ ਹੈ ਜਾਂ ਇਹ ਉਸ ਦੇ ਮਾਮੇ ਲਗਦੇ ਹਨ? ਇਨ੍ਹਾਂ ਦੀ ਆਪਸ ਵਿਚ ਮਾਮੇ ਭਾਣਜੇ ਦੀ ਰਿਸ਼ਤੇਦਾਰੀ ਹੈ। ਅਸੀਂ ਤਾਂ ਪੰਜਾਬ ਦੇ ਲਈ ਜੋ ਗੱਲ ਠੀਕ ਹੋਵੇਗੀ, ਉਹੀ ਕਰਾਂਗੇ। ਜਿਹੜਾ ਪਾਵਰ ਟੇਰਿਫ ਰੇਗੂਲੇਟਰੀ ਕਮਿਸ਼ਨ ਹੈ, ਇਹ ਸਟੇਚੂਟਰੀ ਬਾਡੀ ਹੈ। ਇਨ੍ਹਾਂ ਨੇ ਮਾਰਚ 2001 ਦੇ ਵਿਚ ਕਮਿਸ਼ਨ ਸੇਟਅੱਪ ਕੀਤਾ ਸੀ। ਉਸ ਤੇ ਦਸਤਖਤ ਕੀਤੇ ਸੀ ਅਤੇ ਐਕਸੇਪਟੇਂਸ ਦਿੱਤੀ ਸੀ। ਇਹ ਸਟੇਚੂਟਰੀ ਬਾਡੀ ਜੋ ਫੈਸਲਾ ਕਰੇਗੀ, ਉਸ ਦੇ ਲਈ ਅਸੀਂ ਆਪਣਾ ਪੱਖ ਪੇਸ਼ ਕਰਾਂਗੇ। ਲੇਕਿਨ ਸਾਡੀ ਸਹਿਮਤੀ ਨਾਲ ਹੀ ਉਥੇ ਫੈਸਲਾ ਹੋਵੇਗਾ। ਜਦੋਂ ਤੱਕ ਅਸੀਂ ਸਹਿਮਤ ਨਹੀਂ ਹੋਵਾਂਗੇ, ਉਨੀ ਦੇਰ ਤੱਕ ਫੈਸਲਾ ਲਾਗੂ ਨਹੀਂ ਹੋਵੇਗਾ। ਇਨ੍ਹਾਂ ਦੀ ਰਿਸ਼ਤੇਦਾਰੀ ਵੀ ਟੇਰਿਫ ਰੇਗੂਲੇਟਰੀ ਕਮਿਸ਼ਨ ਦੇ ਵਿਚ ਹੈ। ਫਿਰ ਇਹ ਰੋਕ ਲੈਣ। ਕੀ ਕੋਈ ਇਨ੍ਹਾਂ ਨੂੰ ਕਹਿੰਦਾ ਹੈ ਕਿ ਨਾ ਰੋਕੋ।

Original with;
Punjab Vidhan Sabha
Digitized by;
Punjab Digital Library

ਸਪੀਕਰ ਸਾਹਿਬ, ਦੂਜਾ ਮੈਂ ਪਾਵਰ ਸੈਕਟਰ ਰਿਫੋਰਮ ਦੇ ਬਾਰੇ ਕਹਿਣਾ ਚਾਹੁੰਦਾ ਹਾਂ। 1ਪ

ਸਪੀਕਰ ਸਾਹਿਬ, ਇੰਜੀਨੀਅਰਿੰਗ ਸੈਕਟਰ ਵਿੱਚ ਬੜੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਅਤੇ ਤਰੱਕੀ ਵਿੱਚ ਕਾਫੀ ਬਦਲਾਓ ਆ ਰਹੇ ਹਨ। ਨਵੀਂ ਟੈਕਨਾਲੋਜੀ ਆ ਰਹੀ ਹੈ, ਨਵੇਂ ਇਕਵਿਪਮੈਂਟ ਆ ਰਹੇ ਹਨ। ਇੰਡਸਟਰੀ ਲਈ ਇਹ ਬਹੁਤ ਜ਼ਰੂਰੀ ਹੈ। ਬਾਕੀ ਜਿਹੜੇ ਛੋਟੇ-ਛੋਟੇ ਟਰਾਂਸਮਿਸ਼ਨ ਲਾਸਿਸ ਹੋ ਰਹੇ ਹਨ, ਇਨ੍ਹਾਂ ਨੂੰ ਕੰਟਰੋਲ ਕਰਨ ਦੀ ਲੋੜ ਹੈ। ਇਨ੍ਹਾਂ ਨੂੰ ਕੰਟਰੋਲ ਕਰਕੇ ਅਸੀਂ ਐਫੀਸ਼ੀਐਂਸੀ ਲਿਆ ਸਕਦੇ ਹਾਂ। ਜਦੋਂ ਮੇਰੀ ਸਰਕਾਰ ਨੇ ਟੇਕ ਓਵਰ ਕੀਤਾ ਸੀ, ਉਸ ਸਮੇਂ 46% ਬਿਜਲੀ ਬੋਰਡ ਦਾ ਲਾਸਿਸ ਟਰਾਂਸਮਿਸ਼ਨ ਵਿੱਚ ਸੀ ਜਿਸ ਨੂੰ ਘਟਾ ਕੇ 27% ਲਿਆਂਦਾ ਹੈ। ਕੈਨੇਡਾ ਵਿੱਚ 3% ਟਰਾਂਸਮਿਸ਼ਨ ਲਾਸ ਹੁੰਦਾ ਹੈ। ਅਸੀਂ ਇਸ ਵਿੱਚ ਐਫੀਸ਼ੀਐਂਸੀ ਲਿਆਉਣਾ ਚਾਹੁੰਦੇ ਹਾਂ। ਤੁਸੀਂ ਮੇਰੇ ਨਾਲ ਐਗਰੀ ਕਰੋਗੇ ਕਿ ਮੈਂ ਪੰਜ ਸਾਲ ਇੱਥੇ ਬੈਠਾ ਹਾਂ ਬਲਕਿ ਮੈਂ ਦਸ ਸਾਲ ਇੱਥੇ ਬੈਠਾਂਗਾ। ਤੁਸੀਂ ਸਾਰੇ ਦੇਖੋਗੇ ਕਿ ਅਸੀਂ ਕਿਸ ਤਰ੍ਹਾਂ ਐਫੀਸ਼ੀਐਂਸੀ ਲਿਆਵਾਂਗੇ। ਮੈਂ ਇਹੋ ਜਿਹੀਆਂ ਚੀਜ਼ਾਂ ਅਲਾਓ ਨਹੀਂ ਕਰ ਸਕਦਾ। ਮੈਂ ਪੰਜਾਬ ਦੇ ਲੋਕਾਂ ਦੀ ਹਾਰਡ ਮਨੀ ਖੂਹ ਵਿੱਚ ਨਹੀਂ ਪਾਉਣੀ ਜੋ ਕਿ ਪਿਛਲੀ ਸਰਕਾਰ ਕਰਦੀ ਆਈ ਹੈ। ਅਸੀਂ ਪੰਜਾਬ ਦੇ ਲੋਕਾਂ ਨੂੰ 1,000 ਕਰੋੜ ਰੁਪਏ ਦੀ ਸਬਸਿਡੀ ਬਿਜਲੀ ਬੋਰਡ ਰਾਹੀਂ ਦੇ ਰਹੇ ਹਾਂ। ਇਸ ਵਿੱਚ ਐਫੀਸ਼ੀਐਂਸੀ ਵਧਾਉਣੀ ਪਵੇਗੀ ਕਿਉਂਕਿ 12,000 ਕਰੋੜ ਰੁਪਏ ਦਾ ਡੈਬਟ ਬਿਜਲੀ ਬੋਰਡ ਵਿਚ ਪਿਛਲੀ ਸਰਕਾਰ ਛੱਡ ਕੇ ਗਈ ਸੀ। ਇਸ ਵਿਚ ਐਫੀਸ਼ੀਐਂਸੀ ਲਿਆਂਦੇ ਬਗੈਰ ਇਹ ਲਾਸਿਸ ਖਤਮ ਨਹੀਂ ਹੋ ਸਕਦੇ। ਇੱਥੇ ਜਿਹੜੀ ਹਲਦੀਆ ਕਮਿਸ਼ਨ ਦੀ ਰਿਪੋਰਟ ਬਾਰੇ ਗੱਲ ਕੀਤੀ ਗਈ ਹੈ, ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਵਰਲਡ ਦੇ ਮਸ਼ਹੂਰ, ਰਿਨਾਉਨਡ ਪਰਸਨ ਹਨ। ਸ਼ਾਇਦ ਇਨ੍ਹਾਂ ਲੋਕਾਂ ਨੇ ਕਿਹਾ ਕਿ ਉਹ ਪਟਿਆਲੇ ਨਾਲ ਤਾਅਲੁੱਕ ਰੱਖਦੇ ਹਨ ਪਰ ਮੈਂ ਕਹਿੰਦਾ ਹਾਂ ਕਿ ਅਸੀਂ ਹਲਦੀਆ ਰਿਪੋਰਟ ਨੂੰ ਲਾਗੂ ਕਰਨ ਤੋਂ ਪਹਿਲਾਂ ਉਸ ਤੇ ਹਾਊਸ ਵਿੱਚ ਡਿਬੇਟ ਕਰਾਵਾਂਗੇ, ਪੰਜਾਬ ਦੇ ਲੋਕਾਂ ਵਿੱਚ ਡਿਬੇਟ ਕਰਾਵਾਂਗੇ ਤਾਂ ਹੀ ਕੋਈ ਫੈਸਲਾ ਕਰਾਂਗੇ। ਜਿਹੜੇ ਉਸ ਰਿਪੋਰਟ ਦੇ ਆਬਜੈਕਟ ਹੋਣਗੇ, ਉਸ ਨੂੰ ਪੰਜਾਬ ਦੇ ਲੋਕਾਂ ਲਈ ਕੰਜ਼ਿਊਮਰ ਸੈਕਟਰ ਲਈ ਅਡਾਪਟ ਕਰਾਂਗੇ। ਅਸੀਂ ਕੰਜ਼ਿਊਮਰ ਨੂੰ ਵਿਦਾਊਟ ਪਾਵਰ ਇੰਟਰਪੱਸ਼ਨ ਦਾ ਸਿਸਟਮ ਬਣਾ ਰਹੇ ਹਾਂ ਤਾਂ ਕਿ ਪੰਜਾਬ ਦੇ ਲੋਕਾਂ ਨੂੰ 24 ਘੰਟੇ ਬਿਜਲੀ ਮਿਲੇ ਔਰ ਪਾਵਰ ਰਿਫਾਰਮਜ਼ ਦੀ ਗੱਲ ਕਰ ਰਹੇ ਹਾਂ ਤਾਂ ਕਿ ਰਿਫ਼ਾਰਮਜ਼ ਕਰਕੇ ਲੋਕਾਂ ਦਾ ਫਾਇਦਾ ਹੋ ਸਕੇ। ਹਲਦੀਆ ਕਮੇਟੀ ਦੀ ਰਿਪੋਰਟ ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਭੇਜ ਦੇਵਾਂਗਾ। ਇਹ ਵੀ ਸਟੱਡੀ ਕਰ ਲੈਣ। ਜਦੋਂ ਹਾਊਸ ਵਿੱਚ ਇਨ੍ਹਾਂ ਨੂੰ ਅਗਲੀ ਵਾਰ ਟਾਈਮ ਮਿਲੇ ਤਾਂ ਇਹ ਡਿਸਕਸ ਕਰ ਲੈਣ। ਇੰਡਸਟਰੀਅਲ ਪਾਲਿਸੀ ਬਾਰੇ ਇਨ੍ਹਾਂ ਨੂੰ ਪਤਾ ਸੀ ਕਿ ਡਬਲਿਊ.ਟੀ.ਓ. ਆ ਰਿਹਾ ਹੈ। ਗੋਬਿੰਦਗੜ੍ਹ ਦੀ ਮੰਡੀ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ। ਪਿਛਲੇ ਪੰਜ ਸਾਲਾਂ ਤੋਂ ਡਬਲਿਊ.ਟੀ.ਓ. ਦਾ ਰੌਲਾ ਪਿਆ ਹੋਇਆ ਸੀ ਔਰ ਸਾਰੀ ਦੁਨੀਆਂ ਨੂੰ ਪਤਾ ਸੀ ਕਿ ਇਹ ਆ ਰਿਹਾ ਹੈ। ਚਾਈਨਾ ਦੀ ਸਟੀਲ ਇੰਡਸਟਰੀ ਜਿਹੜੀ ਉਥੇ ਸਸਤੀ ਸੀ, ਇੱਥੇ ਪਹੁੰਚ ਗਈ ਹੈ। ਇੰਜੀਨੀਅਰਿੰਗ ਗੁੱਡਸ ਵੀ ਸਸਤੇ ਇੱਥੇ ਪਹੁੰਚ ਰਹੇ ਹਨ। ਚਾਈਨਾ ਦਾ ਸਾਈਕਲ ਆ ਰਿਹਾ ਹੈ। ਇਸ ਨਾਲ ਸਾਡੀ ਇੰਡਸਟਰੀ ਤਬਾਹ ਹੋ ਜਾਵੇਗੀ ਔਰ ਇੰਟਰਨੈਸ਼ਨਲ ਮਾਰਕੀਟ ਵਿੱਚ ਸਾਨੂੰ ਮੈਚ ਕਰਨਾ ਚਾਹੀਦਾ ਹੈ। ਅਸੀਂ ਇੱਥੇ ਇੰਡਸਟਰੀਅਲ ਪਾਲਿਸੀ ਬਣਾਈ ਹੈ ਤਾਂ ਕਿ ਉਸ ਨਾਲ ਡਿਵੈਲਪਮੈਂਟ ਕਰ ਸਕੀਏ ਔਰ ਇਸ ਇੰਡਸਟਰੀਅਲ ਪਾਲਿਸੀ ਮੁਤਾਬਕ ਆਈ.ਟੀ. ਪਾਰਕ, ਬਾਇਓ ਟੈਕ ਪਾਰਕ ਬਣਾਉਣ ਜਾ ਰਹੇ ਹਾਂ ਤਾਂ ਕਿ ਤਰੱਕੀ ਹੋ ਸਕੇ। ਅਸੀਂ ਇਸ ਤਰ੍ਹਾਂ ਇੰਤਜ਼ਾਮ ਕਰ ਰਹੇ ਹਾਂ ਤਾਂ ਕਿਉਂ ਕਿ ਆਉਣ ਵਾਲੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਾਲਾਂ ਵਿੱਚ ਨੌਕਰੀ ਮਿਲਣੀ ਨਹੀਂ, ਇਸ ਲਈ ਉਨ੍ਹਾਂ ਨੌਜਵਾਨਾਂ ਵਾਸਤੇ ਸਵੈ-ਰੁਜ਼ਗਾਰ ਦਾ ਪ੍ਰੋਗਰਾਮ ਕਰ ਰਹੇ ਹਾਂ। ਮੈਂ ਦੱਸਦਾ ਹਾਂ ਕਿ ਹਰ ਸਾਲ ਦੋ ਲੱਖ ਬੱਚੇ ਸਕੂਲਾਂ ਕਾਲਜਾਂ ਵਿੱਚੋਂ ਨਿਕਲ ਰਹੇ ਹਨ ਔਰ ਉਹ ਨੌਕਰੀਆਂ ਵਾਸਤੇ ਦਰ-ਬ-ਦਰ ਭਟਕ ਰਹੇ ਹਨ। ਇਸ ਲਈ ਜਿਹੜੀ ਅਸੀਂ ਇੰਡਸਟਰੀਅਲ ਪਾਲਿਸੀ ਬਣਾਈ ਹੈ, ਉਹ ਯੂਜ਼ਰ ਫਰੈਂਡਲੀ ਇਨਵੈਸਟਰ ਪਾਲਿਸੀ ਹੈ। ਇਸ ਨਾਲ ਇੰਡਸਟਰੀ ਵਿਚ ਉਹ ਲੋਕ ਆ ਸਕਣਗੇ ਜੋ ਇੰਡਸਟਰੀ ਵਿੱਚ ਕੰਮ ਕਰਨਾ ਚਾਹੁੰਦੇ ਹਨ ਅਤੇ ਬਾਟਲ ਨੈਕ ਤੇ ਕੰਮ ਹੋ ਸਕੇਗਾ। ਅਸੀਂ ਇੱਥੇ ਇੰਸਪੈਕਟਰੀ ਰਾਜ ਨੂੰ ਇੰਡਸਟਰੀ ਵਿਚੋਂ ਖਤਮ ਕੀਤਾ ਹੈ ਤਾਂ ਕਿ ਇੰਡਸਟਰੀ ਵਿਚ ਲੋਕਾਂ ਨੂੰ ਮੁਸ਼ਕਲ ਨਾ ਆਵੇ। ਅਸੀਂ ਉਨ੍ਹਾਂ ਨੂੰ ਕਿਹਾ ਹੈ ਕਿ ਇੰਡਸਟਰੀ ਲਗਾਉਣ ਲਈ 48 ਘੰਟੇ ਵਿੱਚ ਜ਼ਮੀਨ ਦੇਵਾਂਗੇ ਔਰ ਸੀ. ਈ. ਦੀ ਰਿਪੋਰਟ ਨੂੰ ਐਕਸੈਪਟ ਕਰਾਂਗੇ। ਪਾਵਰ ਕੁਨੈਕਸ਼ਨ ਦੇਵਾਂਗੇ। ਉਨ੍ਹਾਂ ਨੂੰ ਇੰਡਸਟਰੀ ਸੈਟ ਅੱਪ ਕਰਨ ਵਿੱਚ ਹਰ ਤਰ੍ਹਾਂ ਦੀ ਮਦਦ ਦੇਵਾਂਗੇ। ਸਪੀਕਰ ਸਾਹਿਬ, ਇਹ ਗੱਲਾਂ ਸਾਨੂੰ ਭਵਿੱਖ ਵਾਸਤੇ ਦੇਖਣੀਆਂ ਪੈਣਗੀਆਂ। ਅੱਜ ਇਕ ਯੁੱਗ ਬਦਲ ਰਿਹਾ ਹੈ। ਨਵੇਂ ਯੁੱਗ ਵਿਚ ਕੋਈ ਵੀ ਮਾਡਰੇਟ ਸਟੇਟ ਐਗਰੀਕਲਚਰ ਤੇ ਨਿਰਭਰ ਨਹੀਂ ਹੋ ਸਕਦੀ। ਸਾਨੂੰ ਆਪਣਾ ਇੰਡਸਟਰੀਅਲ ਬੇਸ ਸਟਰਾਂਗ ਕਰਨਾ ਪਵੇਗਾ। ਸਾਡੀ ਬਦਕਿਸਮਤੀ ਹੈ ਕਿ ਸਾਡੇ ਕੋਲੋਂ ਫਰੀਦਾਬਾਦ ਰਹਿ ਗਿਆ। ਇਸ ਇਸ਼ੂ ਤੇ ਕੋਈ ਮੇਜਰ ਐਫਰਟ ਨਹੀਂ ਹੋਈ। ਅੱਜ ਅਸੀਂ ਇੰਡਸਟਰੀਅਲ ਬੇਸ ਨੂੰ ਵਧਾਉਣ ਲਈ ਜ਼ਮੀਨਾਂ ਤਾਂ ਵਧਾ ਨਹੀਂ ਸਕਦੇ। ਅੱਜ 2 ਮੁੰਡੇ ਹਨ ਤੇ 5 ਕਿੱਲਾ ਜ਼ਮੀਨ ਹੈ। ਕਹਿਣ ਦਾ ਭਾਵ ਕਿ 84 ਫੀਸਦੀ ਜ਼ਮੀਨ ਸਾਡੀ 5 ਕਿੱਲੇ ਤੋਂ ਘੱਟ ਵਾਲਿਆਂ ਦੀ ਹੈ। ਫੇਰ 2 ਮੁੰਡੇ ਹੋ ਗਏ ਤੇ ਉਹੀ ਢਾਈ-ਢਾਈ ਕਿੱਲੇ ਹੋ ਜਾਵੇਗੀ ਤੇ ਫੇਰ 2 ਮੁੰਡੇ ਹੋ ਗਏ ਤਾਂ ਸਵਾ-ਸਵਾ ਕਿੱਲਾ ਰਹਿ ਜਾਵੇਗੀ। ਉਨ੍ਹਾਂ ਆਉਣ ਵਾਲੇ ਬੱਚਿਆਂ ਵਾਸਤੇ ਸਾਡੇ ਕੋਲ ਇੰਡਸਟਰੀਅਲ ਬੇਸ ਜ਼ਰੂਰੀ ਹੈ। ਨਿਊ ਇੰਡਸਟਰੀਅਲ ਪਾਲਿਸੀ ਜਿਸ ਦੇ ਤਹਿਤ ਅਸੀਂ ਸੈਲਫ ਸਰਟੀਫਿਕੇਸ਼ਨ ਇਨ ਪ੍ਰਾਈਵੇਟ ਸੈਕਟਰ, ਆਈ.ਟੀ. ਇੰਡਸਟਰੀ ਅਤੇ ਐਗਰੋ ਇੰਡਸਟਰੀ ਲਾਉਣ ਦੀ ਗੱਲ ਕਰ ਰਹੇ ਹਾਂ। ਐਗਰੀਕਲਚਰ ਸੈਕਟਰ ਵੀ ਤਾਂ ਹੀ ਡਿਵੈਲਪ ਕਰੇਗਾ ਜੇ ਅੱਜ ਐਗਰੋ ਇੰਡਸਟਰੀ ਲਗੇਗੀ ਅਤੇ ਨਵੀਆਂ ਫਸਲਾਂ ਉਥੇ ਜਾ ਸਕਣਗੀਆਂ ਅਤੇ ਉਨ੍ਹਾਂ ਦੀ ਡਾਇਰੈਕਟ ਮਾਰਕੀਟਿੰਗ ਹੋ ਸਕੇਗੀ। ਇਕ ਮਦਦ ਇਹ ਕਰ ਸਕਦੇ ਹਨ, ਅਗਰ ਚਾਹੁਣ, ਜਿਹੜੀ ਅਸੀਂ ਨਵੀਂ ਇੰਡਸਟਰੀਅਲ ਪਾਲਿਸੀ ਦੀ ਗੱਲ ਕੀਤੀ ਹੈ, ਉਸ ਦੇ ਬਾਰੇ ਜਿਹੜੇ ਇਨ੍ਹਾਂ ਦੇ ਮਹਾਂਰਥੀ ਦਿੱਲੀ ਵਿਚ ਬੈਠੇ ਹਨ, ਉਨ੍ਹਾਂ ਨੇ ਐਲਾਨ ਕਰ ਦਿੱਤਾ ਕਿ ਜੰਮੂ ਅਤੇ ਕਸ਼ਮੀਰ, ਹਿਮਾਚਲ ਪ੍ਰਦੇਸ਼ ਔਰ ਉਤਰਾਂਚਲ ਵਿਚ 10 ਸਾਲ ਵਾਸਤੇ ਨਵੀਂ ਇੰਡਸਟਰੀਅਲ ਪਾਲਿਸੀ ਲਾਗੂ ਹੋਵੇਗੀ ਜਿਸ ਦੇ ਤਹਿਤ ਉਥੇ ਕੋਈ ਐਕਸਾਈਜ਼ ਡਿਊਟੀ ਨਹੀਂ ਹੋਵੇਗੀ ਅਤੇ 10 ਸਾਲ ਲਈ ਇਨਕਮ ਟੈਕਸ ਵੀ ਮੁਆਫ ਰਹੇਗਾ ਅਤੇ ਪ੍ਰੋਗਰੈਸਿਵ ਤਰੀਕੇ ਨਾਲ ਇਹ ਚਲਦਾ ਰਹੇਗਾ। ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਪੰਜਾਬ ਵਿਚ ਸਾਡੀ ਇੰਡਸਟਰੀ ਨੂੰ ਕਿੱਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੈਂ ਇਹ ਨਹੀਂ ਕਹਿੰਦਾ ਕਿ ਇਹ ਰਿਆਇਤਾਂ ਉਨ੍ਹਾਂ ਸਟੇਟਾਂ ਦੀਆਂ ਬੰਦ ਕਰੋ। ਮੈਂ ਤਾਂ ਇਹ ਕਹਿੰਦਾ ਹਾਂ ਕਿ ਜਿਥੇ ਉਹ ਬਾਰਡਰ ਤੇ ਬੈਠੇ ਹਨ, ਅਸੀਂ ਵੀ ਬਾਰਡਰ ਤੇ ਹੀ ਬੈਠੇ ਹਾਂ। ਉਹੀ ਸੰਕਟ ਕਦੇ ਸਾਡੀ ਸਟੇਟ ਤੇ ਵੀ ਆਇਆ ਸੀ ਤੇ ਫੇਰ ਆ ਸਕਦਾ ਹੈ। ਅਸੀਂ ਨਹੀਂ ਕਹਿ ਸਕਦੇ ਕਿ ਨਹੀਂ ਆ ਸਕਦਾ ਕਿਉਂਕਿ ਅਗਰ ਯੂਥ ਵਿਚ ਫਰੱਸਟ੍ਰੇਸ਼ਨ ਬਿਲਡ ਅਪ ਹੋ ਜਾਵੇਗੀ, ਉਹ ਗਲਤ ਰਸਤੇ ਤੇ ਜਾ ਸਕਦੇ ਹਨ। ਅਗਰ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਵਿਚ ਸ਼ਾਂਤੀ ਰਹੇ, ਇਹ ਵੀ ਆਪਣੇ ਤੌਰ ਤੇ ਪ੍ਰਾਈਮ ਮਨਿਸਟਰ ਨਾਲ ਜਾ ਕੇ ਇਸ ਮਸਲੇ ਤੇ ਗੱਲ ਕਰਨ। ਮੈਂ ਵੀ ਨੈਸ਼ਨਲ ਡਿਵੈਲਪਮੈਂਟ ਕੌਂਸਲ ਵਿਚ ਇਹ ਗੱਲ ਕੀਤੀ ਹੈ, ਪ੍ਰਾਈਮ ਮਨਿਸਟਰ ਨੂੰ ਵੀ ਮਿਲ ਕੇ ਗੱਲ ਕੀਤੀ ਹੈ, ਉਨ੍ਹਾਂ ਨੂੰ ਲੈਟਰ ਵੀ ਲਿਖੀ ਹੈ ਅਤੇ ਇਹੀ ਕਿਹਾ ਹੈ ਕਿ ਇਸ ਨਵੇਂ

Original with;
Punjab Vidhan Sabha
Digitized by;
Panjab Digital Library

ਫਾਰਮੂਲੇ ਨੂੰ ਤੁਹਾਨੂੰ ਪੰਜਾਬ ਵਿਚ ਵੀ ਲਾਗੂ ਕਰਨਾ ਪਵੇਗਾ। ਜੇ ਸਾਰੇ ਪੰਜਾਬ ਵਿਚ ਲਾਗੂ ਨਹੀਂ ਕਰ ਸਕਦੇ ਤਾਂ ਐਟਲੀਸਟ ਬਾਰਡਰ ਬੈਲਟ ਵਿਚ ਜ਼ਰੂਰ ਕਰੋ। (ਥੰਪਿੰਗ)

ਅੱਗੇ ਇਨਫ੍ਰਾਸਟਰਕਚਰ ਬਾਰੇ ਸਾਨੂੰ ਪਤਾ ਹੈ ਕਿ ਬੁਰਾ ਹਾਲ ਹੈ। ਅਸੀਂ ਹਿਮਾਚਲ ਤੋਂ ਆ ਰਹੇ ਸੀ। ਉਥੇ ਸਾਰੇ ਰਸਤੇ ਬੜੀ ਸੋਹਣੀ ਸੜਕ ਸੀ ਪਰ ਜਦੋਂ ਹੀ ਪੰਜਾਬ ਵਿਚ ਵੜੇ, ਪਤਾ ਲਗ ਗਿਆ ਕਿ ਬਾਰਡਰ ਆ ਗਿਆ ਹੈ ਕਿਉਂਕਿ ਸੜਕਾਂ ਟੁੱਟੀਆਂ ਹੋਈਆਂ ਤੇ ਬੁਰੇ ਹਾਲ ਹਨ। ਫੇਰ ਰਿਸੋਰਸਿਜ਼ ਦੇ ਕਰੰਚ ਦੀ ਗੱਲ ਆ ਜਾਂਦੀ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਅੱਜ ਸਾਡੇ ਆਉਣ ਤੋਂ ਇਕ ਸਾਲ ਦੇ ਸਮੇਂ ਵਿਚ ਅਸੀਂ ਮਲਟੀਲੇਟਰਲ ਫੰਡਿੰਗ ਨੂੰ ਓਪਨ ਕਰ ਦਿੱਤਾ ਹੈ। ਅਸੀਂ ਨਾਬਾਰਡ, ਵਰਲਡ ਬੈਂਕ, ਏਸ਼ੀਆ ਡਿਵੈਲਪਮੈਂਟ ਬੈਂਕ ਕੋਲ ਜਾ ਰਹੇ ਹਾਂ। ਆਪਣੇ ਰਿਸੋਰਸਿਜ਼ ਤੋਂ ਪੀ.ਡਬਲਿਊ.ਡੀ. ਜਾਂ ਪੰਜਾਬ ਇਨਫ੍ਰਾਸਟਰਕਚਰ ਡਿਵੈਲਪਮੈਂਟ ਬੋਰਡ ਪਹਿਲਾਂ ਤੋਂ ਕੰਮ ਕਰ ਹੀ ਰਹੇ ਹਨ, ਪਰ ਸੜਕਾਂ ਪੂਰੀ ਤਰ੍ਹਾਂ ਅਤੇ ਸਾਰੇ ਪੰਜਾਬ ਦੀਆਂ ਸੁਧਾਰਨ ਲਈ ਸਾਨੂੰ ਹੋਰ ਰਿਸੋਰਸਿਜ਼ ਚਾਹੀਦੇ ਹਨ। ਸਾਡਾ ਬੀ.ਓ.ਟੀ. ਬੇਸਿਜ਼ ਤੇ ਵੀ 900 ਕਿਲੋਮੀਟਰ ਨਵੀਆਂ ਸੜਕਾਂ ਬਣਾਉਣ ਦਾ ਪ੍ਰੋਗਰਾਮ ਹੈ। 4 ਮੇਜਰ ਬ੍ਰਿਜਿਜ਼ ਸਤਲੁਜ ਅਤੇ ਬਿਆਸ ਤੇ ਅਤੇ 42 ਰੇਲਵੇ ਓਵਰ ਬ੍ਰਿਜਿਜ਼ ਬਣਾ ਰਹੇ ਹਾਂ। ਇਹ ਸਾਡੇ ਵਲੋਂ ਸ਼ੁਰੂਆਤ ਹੋ ਗਈ ਹੈ ਪਰ ਫੇਰ ਵੀ ਪੈਸਿਆਂ ਦੀ ਤਾਂ ਲੋੜ ਹੈ ਹੀ। ਅਸੀਂ ਵਰਲਡ ਬੈਂਕ ਕੋਲ ਜਾਂਦੇ ਹਾਂ ਤਾਂ ਵੀ 13-14-15 ਮਹੀਨਿਆਂ ਤੋਂ ਪਹਿਲਾਂ ਪੈਸਾ ਨਹੀਂ ਆਉਂਦਾ। NABARD is a bit better. We have to ensure that money is available ਜਿਸ ਨਾਲ ਇਨਫ੍ਰਾਸਟਰਕਚਰ ਦੀ ਡਿਵੈਲਪਮੈਂਟ ਹੋ ਸਕੇ।

ਰੂਰਲ ਡਿਵੈਲਪਮੈਂਟ ਅਤੇ ਪਬਲਿਕ ਹੈਲਥ ਦਾ ਵੀ ਉਹੀ ਹਾਲ ਹੈ। ਸਾਡੀ ਪਾਰਟੀ ਇਸ ਗੱਲ ਤੇ ਕਮਿਟਿਡ ਹੈ ਕਿ ਕਾਂਸਟੀਚਿਊਸ਼ਨ ਦੀ 73ਵੀਂ ਅਮੈਂਡਮੈਂਟ ਨੂੰ ਅਸੀਂ ਲਾਗੂ ਕਰਾਂਗੇ। ਅਸੀਂ ਪੰਚਾਇਤਾਂ ਨੂੰ ਪਾਵਰਜ਼ ਦੇਵਾਂਗੇ। ਇਸਨੂੰ ਮੱਧ ਪ੍ਰਦੇਸ਼ ਨੇ ਬਹੁਤ ਸਫਲਤਾਪੂਰਵਕ ਲਾਗੂ ਕੀਤਾ ਹੈ। ਪਾਵਰਜ਼ ਸਾਰੀਆਂ ਪੰਚਾਇਤਾਂ ਕੋਲ ਹੋਣਗੀਆਂ ਤੇ ਉਹ ਆਪਣੇ ਆਪ ਪਿੰਡਾਂ ਦੀ ਡਿਵੈਲਪਮੈਂਟ, ਪਬਲਿਕ ਹੈਲਥ, ਸਕੂਲਜ਼ ਸਭ ਕੁਝ ਆਪ ਦੇਖਣਗੀਆਂ ਅਤੇ ਆਪਣਾ ਭਵਿੱਖ ਬਣਾ ਸਕਣਗੀਆਂ।

ਜਦੋਂ ਹਾਲੇ ਅਸੀਂ ਆਏ ਹੀ ਸੀ, ਇਕ ਕੁਇਕ ਚੈਕ ਵਿਚ 42 ਫੀਸਦੀ ਤੋਂ ਵਧ ਸਾਡੇ ਪ੍ਰਾਇਮਰੀ ਸਕੂਲਾਂ ਦੇ ਟੀਚਰਜ਼ ਮਿਸਿੰਗ ਪਾਏ ਗਏ ਸਨ ਅਤੇ 24 ਫੀਸਦੀ ਪ੍ਰਾਇਮਰੀ ਹੈਲਥ ਸੈਂਟਰਾਂ ਦੇ ਵਿਚ ਡਾਕਟਰ ਹਾਜ਼ਰ ਨਹੀਂ ਸਨ। ਕੋਈ ਕਿਸੇ ਨੂੰ ਇੰਟਰਸਟ ਨਹੀਂ ਸੀ। ਜਦੋਂ ਕਿਸੇ ਨੂੰ ਪੰਚਾਇਤ ਆਪ ਰਿਕਰੂਟ ਕਰੇਗੀ, ਆਪ ਪੇਅ ਦੇਵੇਗੀ ਤਾਂ ਆਪ ਚੈਕ ਵੀ ਰਖੇਗੀ। ਸਪੀਕਰ ਸਾਹਿਬ, ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਪੰਜਾਬ ਵਰਗੇ ਸੂਬੇ ਵਿਚ 31 ਫੀਸਦੀ ਚਿਲਡਰਨ ਡਰਾਪ ਆਊਟ ਹਨ। ਮੱਧ ਪ੍ਰਦੇਸ਼ ਸਾਡੇ ਨਾਲੋਂ ਕਿਤੇ ਵੱਡਾ ਸੂਬਾ ਹੈ ਅਤੇ ਉਥੇ ਸਾਡੇ ਜਿੰਨੀਆਂ ਸੜਕਾਂ ਵੀ ਨਹੀਂ ਹਨ। ਫਿਰ ਵੀ ਉਥੇ ਡਰਾਪ ਆਊਟ ਰੇਟ ਸਿਰਫ 6% ਹੈ। ਕੀ ਇਹ ਪੰਜਾਬ ਵਾਸਤੇ ਸ਼ਰਮ ਵਾਲੀ ਗੱਲ ਨਹੀਂ ? ਇਹ ਹੁਣ ਰੌਲਾ ਪਾਈ ਜਾਂਦੇ ਹਨ ਕਿ ਅੰਗਰੇਜ਼ੀ ਨਹੀਂ ਚਾਹੀਦੀ। ਪਿਛਲੇ ਐਜੂਕੇਸ਼ਨ ਮਨਿਸਟਰ ਨੂੰ ਮੈਂ ਵਧਾਈ ਦੇਣੀ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਉਣ ਦਾ ਫੈਸਲਾ ਕੀਤਾ ਸੀ। ਉਸ ਸਰਕਾਰ ਵਿਚ ਇਹੋ ਹੀ ਇਕ ਚੰਗਾ ਕੰਮ ਹੋਇਆ ਸੀ। ਅੱਜ ਅਗਰ ਚਾਈਨਾ ਜਿਹਾ ਮੁਲਕ 2.5 ਲੱਖ ਟੀਚਰਜ਼ ਇੰਗਲਿਸ਼ ਸਪੀਕਿੰਗ ਮੁਲਕਾਂ ਵਿਚੋਂ ਇੰਟਰਨੈਸ਼ਨਲ ਪ੍ਰਾਈਸ ਤੇ ਆਪਣੇ ਪ੍ਰਾਇਮਰੀ ਸਕੂਲਾਂ ਵਿਚ ਬੱਚਿਆਂ ਨੂੰ ਪੜ੍ਹਾਉਣ ਵਾਸਤੇ ਲੈ ਸਕਦਾ ਹੈ ਤਾਂ ਇਸ ਦਾ ਕੀ ਰੀਜ਼ਨ ਹੋ ਸਕਦਾ ਹੈ। ਇਸ ਦਾ ਰੀਜ਼ਨ ਸਾਫ ਹੈ ਕਿ ਉਹ ਆਪਣਾ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਫਿਊਚਰ ਵੇਖ ਰਹੇ ਹਨ। ਸਾਨੂੰ ਤਾਂ ਇਥੇ ਫਿਰ ਵੀ ਇਕ ਅਡਵਾਂਟੇਜ਼ ਹੈ ਕਿ ਇਥੇ ਅੰਗਰੇਜ਼ੀ ਪਹਿਲਾਂ ਤੋਂ ਹੀ ਚੱਲ ਰਹੀ ਹੈ। ਤੁਸੀਂ ਅਗਰ ਛੋਟੀ ਉਮਰ ਵਿਚ ਹੀ ਅੰਗਰੇਜ਼ੀ ਪੜ੍ਹਾਉਣ ਲੱਗ ਜਾਓ ਤਾਂ ਉਸ ਦੀ ਫਾਊਂਡੇਸ਼ਨ ਪੱਕੀ ਹੋ ਜਾਵੇਗੀ। ਅੱਜ ਕੋਈ ਪਿੰਡਾਂ ਦੇ ਸਕੂਲਾਂ ਵਿਚ ਆਪਣੇ ਬੱਚਿਆਂ ਨੂੰ ਪੜ੍ਹਾਉਂਦਾ ਹੈ? ਕੋਈ ਨਹੀਂ। ਕਿਉਂ ਨਹੀਂ ਪੜ੍ਹਾਉਂਦਾ ਕਿਉਂਕਿ ਉਥੇ ਐਜੂਕੇਸ਼ਨ ਠੀਕ ਨਹੀਂ ਹੈ। ਤਾਂ ਫਿਰ ਕੀ ਅਸੀਂ ਉਨ੍ਹਾਂ ਸਕੂਲਾਂ ਵਿਚ ਪੜ੍ਹ ਰਹੇ ਗਰੀਬ ਬੱਚਿਆਂ ਦਾ ਭਵਿੱਖ ਨਹੀਂ ਬਣਾਉਣਾ? ਅਸੀਂ ਉਨ੍ਹਾਂ ਦਾ ਭਵਿੱਖ ਵੀ ਬਣਾਉਣਾ ਹੈ। ਇਸ ਕਰਕੇ ਇਹ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਉਣੀ ਜ਼ਰੂਰੀ ਹੈ। ਜਿਸ ਤਰ੍ਹਾਂ ਲੋਕ ਪ੍ਰਾਈਵੇਟ ਸਕੂਲਾਂ ਵਿਚ ਆਪਣੇ ਬੱਚਿਆਂ ਦਾ ਭਵਿੱਖ ਬਣਾ ਰਹੇ ਹਨ, ਸਾਡੀ ਕੋਸ਼ਿਸ਼ ਹੈ ਕਿ ਉਸੇ ਤਰ੍ਹਾਂ ਦਾ ਭਵਿੱਖ ਅਸੀਂ ਸਰਕਾਰੀ ਸਕੂਲਾਂ ਵਿਚ ਪੜ੍ਹ ਰਹੇ ਬੱਚਿਆਂ ਨੂੰ ਵੀ ਦੇ ਸਕੀਏ। ਇਸ ਕਰਕੇ ਅੰਗਰੇਜ਼ੀ ਦੀ ਪੜ੍ਹਾਈ ਇੰਪਾਰਟੈਂਟ ਹੈ।

ਇਥੇ ਪੰਜਾਬੀ ਯੂਨੀਵਰਸਿਟੀ ਦੀ ਗੱਲ ਵੀ ਕੀਤੀ ਗਈ। ਮੈਨੂੰ ਉਸ ਬਾਰੇ ਜ਼ਿਆਦਾ ਨਹੀਂ ਪਤਾ ਕਿਉਂਕਿ ਉਹ ਇਕ ਅਟਾਨੋਮੱਸ ਬਾਡੀ ਹੈ ਲੇਕਿਨ ਉਥੋਂ ਦੇ ਜਿਹੜੇ ਵੀ.ਸੀ. ਹਨ, ਉਹ ਬਹੁਤ ਪਹੁੰਚੇ ਹੋਏ ਇਨਸਾਨ ਹਨ। ਉਹ ਫਿਊਚਰਿਸਟਿਕ ਹਨ ਅਤੇ ਸਾਰਾ ਕੁਝ ਸਮਝਦੇ ਹਨ ਕਿ ਸਾਡੇ ਪੰਜਾਬ ਵਾਸਤੇ ਫਿਊਚਰ ਵਿਚ ਕੀ ਚਾਹੀਦਾ ਹੈ। ਉਹ ਇਸ ਬਾਰੇ ਚੰਗੀ ਤਰ੍ਹਾਂ ਸੋਚ ਸਕਦੇ ਹਨ। ਇਨ੍ਹਾਂ ਦੇ ਲਾਏ ਹੋਏ ਆਹਲੂਵਾਲੀਆ ਨੂੰ ਅਸੀਂ ਔਖੇ ਤਰੀਕੇ ਨਾਲ ਕੱਢਿਆ ਸੀ। ਇਹ ਮੈਂ ਬਾਅਦ ਵਿਚ ਦੱਸਾਂਗਾ ਕਿ ਉਸ ਨੂੰ ਕੱਢਣ ਵਾਸਤੇ ਕੀ ਕੁਝ ਕਰਨਾ ਪਿਆ ਸੀ।

ਅਰਬਨ ਡਿਵੈਲਪਮੈਂਟ ਦੇ ਖੇਤਰ ਵਿਚ ਪਟਿਆਲੇ ਵਿਚ 28 ਕਾਲੋਨੀਆਂ ਤੱਕ ਸੀਵਰੇਜ਼ ਪਹੁੰਚਾ ਰਹੇ ਹਾਂ। ਇਸੇ ਤਰ੍ਹਾਂ ਲੁਧਿਆਣੇ ਵਿਚ ਸੀਵਰੇਜ਼ ਸਕੀਮਾਂ ਚਲਾ ਰਹੇ ਹਾਂ। ਲੀਕੁਇਡ ਅਤੇ ਸਾਲਿਡ ਵੇਸਟ ਦੀ ਡਿਸਪੋਜ਼ਲ ਵਾਸਤੇ ਵੀ ਸਕੀਮਾਂ ਬਣਾ ਰਹੇ ਹਾਂ ਤਾਂ ਕਿ ਉਨ੍ਹਾਂ ਤੋਂ ਪਾਵਰ ਜ਼ੇਨਰੇਟ ਹੋ ਸਕੇ ਅਤੇ ਸਾਰੀਆਂ ਨਦੀਆਂ ਵਿਚ ਗੰਦੇ ਪਾਣੀ ਨੂੰ ਵੀ ਪੈਣ ਤੋਂ ਰੋਕ ਸਕੀਏ। ਅੱਜ ਨਦੀਆਂ ਦੇ ਪਾਣੀ ਨੂੰ ਪਾਲੂਸ਼ਨ ਤਬਾਹ ਕਰ ਰਿਹਾ ਹੈ। ਸਤਲੁਜ ਦਾ ਪਾਣੀ ਸਾਰੇ ਪੰਜਾਬ ਵਿਚ ਜਾਂਦਾ ਹੈ। ਮੁਕਤਸਰ, ਬਠਿੰਡਾ ਅਤੇ ਮਾਨਸਾ ਵਿਚ ਥੱਲੇ ਦਾ ਪਾਣੀ ਖਾਰਾ ਹੈ। ਅਗਰ ਇਸ ਖਾਰੇ ਅਤੇ ਗੰਦੇ ਪਾਣੀ ਨੂੰ ਜਿਸ ਵਿਚ ਕਈ ਕੈਮੀਕਲ ਮਿਲੇ ਹੁੰਦੇ ਹਨ, ਪੀ ਲਿਆ ਜਾਵੇ ਤਾਂ ਤੁਸੀਂ ਸਮਝ ਸਕਦੇ ਹੋ ਕਿ ਇਹ ਕਿੰਨਾ ਵੱਡਾ ਹੈਲਥ ਹੇਜ਼ਰਡ ਹੋਵੇਗਾ। ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਨਦੀਆਂ ਦੇ ਪਾਣੀ ਨੂੰ ਪ੍ਰਦੂਸ਼ਣ ਰਹਿਤ ਬਣਾਇਆ ਜਾਵੇ ਤਾਂ ਕਿ ਪੀਣ ਵਾਸਤੇ ਸਾਫ ਸੁਥਰਾ ਪਾਣੀ ਮਿਲ ਸਕੇ।

ਲੁਧਿਆਣਾ ਕਾਰਪੋਰੇਸ਼ਨ ਨੂੰ ਵੀ ਮੈਂ ਸ਼ਾਬਾਸ਼ ਦੇਣੀ ਚਾਹੁੰਦਾ ਹਾਂ। ਜਿਸ ਤਰ੍ਹਾਂ ਬਾਕੀ ਕਾਰਪੋਰੇਸ਼ਨਾਂ ਦੀ ਹਾਲਤ ਬਹੁਤ ਮਾੜੀ ਸੀ, ਉਸੇ ਤਰ੍ਹਾਂ ਇਸ ਦੀ ਹਾਲਤ ਵੀ ਬਹੁਤ ਮਾੜੀ ਸੀ ਲੇਕਿਨ ਹੁਣ ਉਥੇ ਦੀ ਹਾਲਤ ਬਹੁਤ ਸੁਧਰ ਰਹੀ ਹੈ। ਇਸ ਵੇਲੇ ਉਥੇ ਸਾਡਾ ਮੇਅਰ ਹੈ। ਇਹ ਹਿੰਦੁਸਤਾਨ ਵਿਚ ਪਹਿਲੀ ਵਾਰ ਹੋਵੇਗਾ ਕਿ 100% ਡਰਿੰਕਿੰਗ ਵਾਟਰ ਸਾਰੀਆਂ ਕਾਲੋਨੀਆਂ ਵਿਚ ਪਹੁੰਚ ਜਾਵੇਗਾ। ਉਥੇ 18 ਕਰੋੜ ਰੁਪਏ ਦੀ ਲਾਗਤ ਨਾਲ 42 ਨਵੇਂ ਟਿਊਬਵੈਲ ਲਾਏ ਗਏ ਹਨ ਜਿਸ ਕਰਕੇ 100% ਪਾਈਪਡ ਵਾਟਰ ਸਾਰੀਆਂ ਬਸਤੀਆਂ ਵਿਚ ਜਾਵੇਗਾ। ਅਸੀਂ ਕੋਸ਼ਿਸ਼ ਕਰਾਂਗੇ ਕਿ ਇਹੀ ਕੰਮ ਅਸੀਂ ਹੋਰ ਥਾਵਾਂ ਤੇ ਵੀ ਕਰ ਸਕੀਏ। ਅਸੀਂ ਪੰਜਾਬ ਨੂੰ ਦੁਨੀਆਂ ਵਾਸਤੇ ਖੋਲ੍ਹਣਾ ਹੈ। ਅੱਜ ਦੁਨੀਆਂ ਛੋਟੀ ਬਣ ਗਈ ਹੈ। ਟ੍ਰਾਂਸਪੋਰਟ, ਟੀ.ਵੀ. ਅਤੇ ਇੰਟਰਨੇਟ ਨੇ ਦੁਨੀਆਂ ਨੂੰ ਛੋਟਾ ਕਰ ਦਿੱਤਾ ਹੈ। ਅੱਜ ਦੇ ਸਾਡੇ

Original with;
Punjab Vidhan Sabha
Digitized by;
Panjab Digital Library

ਪ੍ਰੋਗਰਾਮ ਨੂੰ ਟੀ.ਵੀ. ਉਤੇ ਡਾਇਰੇਕਟ ਕਨੇਡਾ ਵਿਚ ਵੀ ਦੇਖਿਆ ਜਾ ਰਿਹਾ ਹੈ। ਅੱਜ ਸੇਟੇਲਾਈਟ ਕਮਿਊਨੀਕੇਸ਼ਨ ਹੈ। ਸਾਡੇ ਪੰਜਾਬੀ ਲੋਕ ਅੱਜ ਦੁਨੀਆਂ ਦੇ 156 ਮੁਲਕਾਂ ਵਿਚ ਵਸ ਰਹੇ ਹਨ। ਕਈਆਂ ਦੀ ਉਥੇ ਤੀਜੀ ਜ਼ੇਨਰੇਸ਼ਨ ਹੈ। ਉਹ ਸਾਡੇ ਬਾਰੇ ਮੀਡੀਆ ਤੋਂ ਜਾਨਣਾ ਚਾਹੁੰਦੇ ਹਨ, ਸੁਣਨਾ ਚਾਹੁੰਦੇ ਹਨ। ਇਸ ਦੇ ਵਾਸਤੇ ਅਸੀਂ ਇਕ ਨਵੀਂ ਟੂਰਿਜ਼ਮ ਪਾਲਿਸੀ ਬਣਾ ਰਹੇ ਹਾਂ ਅਤੇ ਇਸ ਦੇ ਵਾਸਤੇ ਅਸੀਂ 3 ਗੱਲਾਂ ਕਰ ਰਹੇ ਹਾਂ। ਇਕ ਤਾਂ ਹੈ ਰਿਲੀਜਸ ਟੂਰਿਜ਼ਮ। ਮਨਸਾ ਦੇਵੀ ਤੋਂ ਸਟਾਰਟ ਕਰਕੇ ਲੋਕ ਕਾਲੀ ਦੇਵੀ, ਮਾਈਸਰ ਖਾਨਾ, ਦੁਰਗਿਆਨਾ ਮੰਦਰ ਅਤੇ ਰਾਮ ਤੀਰਥ ਜਾ ਸਕਦੇ ਹਨ। ਦੂਜੇ ਪਾਸੇ ਆਨੰਦਪੁਰ ਸਾਹਿਬ ਤੋਂ ਸਟਾਰਟ ਕਰਕੇ ਮਾਛੀਵਾੜਾ ਸਾਹਿਬ, ਮਸਤੂਆਣਾ ਸਾਹਿਬ, ਦਮਦਮਾ ਸਾਹਿਬ ਅਤੇ ਹਰਿਮੰਦਰ ਸਾਹਿਬ ਜਾ ਸਕਦੇ ਹਨ। ਇਸ ਤਰ੍ਹਾਂ ਦੇ ਅਸੀਂ ਸਰਕਟ ਬਣਾਉਂਣਾ ਚਾਹੁੰਦੇ ਹਾਂ। ਇਸ ਤੋਂ ਇਲਾਵਾ ਇਕ ਅਸੀਂ ਹੈਰੀਟੇਜ਼ ਟੂਰਿਜ਼ਮ ਬਣਾਉਣਾ ਚਾਹੁੰਦੇ ਹਾਂ। ਕੋਈ ਜਾਨਣਾ ਚਾਹੁੰਦਾ ਹੈ ਕਿ ਸਾਡਾ ਪਿਛੋਕੜ ਕੀ ਹੈ, ਸਾਡੀਆਂ ਰੂਟਸ ਕੀ ਹਨ ਤਾਂ ਉਸ ਨੂੰ ਪਤਾ ਲੱਗ ਸਕੇ। ਜੋ ਕੋਈ ਧਾਰਮਿਕ ਖਿਆਲਾਂ ਦੇ ਨਹੀਂ ਹਨ, ਉਹ ਵੀ ਆਪਣੀਆਂ ਰੂਟਸ ਬਾਰੇ ਜਾਨਣਾ ਚਾਹੁੰਦੇ ਹਨ ਤਾਂ ਉਨ੍ਹਾਂ ਦੇ ਵਾਸਤੇ ਅਸੀਂ ਹੈਰੀਟੈਜ਼ ਫੈਸਟੀਵਲ ਸ਼ੁਰੂ ਕਰ ਰਹੇ ਹਾਂ। ਬਾਹਰਲੇ ਪੰਜਾਬੀਆਂ ਦੇ ਬੱਚਿਆਂ ਨੂੰ ਤਾਂ ਕੀ, ਸਾਡੇ ਆਪਣੇ ਬੱਚਿਆਂ ਨੂੰ ਵੀ ਆਪਣੇ ਪਿਛੋਕੜ ਦਾ ਪੂਰਾ ਗਿਆਨ ਨਹੀਂ ਹੈ। ਇਸ ਕੰਮ ਵਾਸਤੇ ਅਸੀਂ ਪਟਿਆਲੇ 10 ਦਿਨਾਂ ਦਾ ਹੈਰੀਟੇਜ਼ ਫੈਸਟੀਵਲ ਰੱਖਿਆ ਸੀ ਤਾਂ ਕਿ ਉਨ੍ਹਾਂ ਨੂੰ ਪਤਾ ਲੱਗ ਸਕੇ। ਇਸ ਵਿਚ ਲੋਕਾਂ ਨੇ ਐਨੀ ਦਿਲਚਸਪੀ ਲਈ ਕਿ ਉਨ੍ਹਾਂ ਮੰਗ ਕੀਤੀ ਕਿ ਇਸ ਤਰ੍ਹਾਂ ਦੇ ਫੈਸਟੀਵਲ ਸਾਲ ਵਿਚ 2 ਵਾਰ ਕੀਤੇ ਜਾਣ। ਮੈਂ ਕਿਹਾ ਕਿ ਦੋ ਵਾਰ ਨਹੀਂ ਇਕ ਵਾਰ ਹੀ ਅਸੀਂ ਕਰ ਸਕਦੇ ਹਾਂ। ਇਸ ਤਰ੍ਹਾਂ ਦੇ 3 ਫੈਸਟੀਵਲ ਅਸੀਂ ਕਰਨਾ ਚਾਹੁੰਦੇ ਹਾਂ। ਮੈਂ ਤਿੰਨ ਚੀਜ਼ਾਂ ਕਰਨੀਆਂ ਚਾਹੁੰਦਾ ਹਾਂ ਕਿ ਜਿਹੜਾ ਮਾਲਵੇ ਦਾ ਏਰੀਆ ਹੈ, ਜਿਹੜੇ ਕੋਈ ਉਨ੍ਹਾਂ ਦੇ ਹੈਰੀਟੇਜ ਦੇ ਫੈਸਟੀਵਲ ਹੋਣਗੇ ਉਹ ਪਟਿਆਲੇ, ਦੁਆਬੇ ਦੇ ਕਪੂਰਥਲਾ ਔਰ ਮਾਝੇ ਦੇ ਅੰਮ੍ਰਿਤਸਰ ਵਿਖੇ ਹੋਣਗੇ। ਇਹ ਤਿੰਨ ਫੈਸਟੀਵਲ ਲਾਗੂ ਕਰਾਂਗੇ। (ਘੰਟੀ) ਤਾਂ ਕਿ ਉਥੇ ਦੇ ਬੱਚੇ ਵੀ ਜਾਣ ਸਕਣ ਅਤੇ ਨਾਲ ਵਿਦੇਸ਼ੀ ਬੱਚੇ ਵੀ ਜਿਹੜੇ ਇੱਥੇ ਆਉਂਦੇ ਹਨ ਉਹ ਵੀ ਸਮਝ ਜਾਣ। ਖਾਲਸਾ ਹੈਰੀਟੇਜ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਇਨ੍ਹਾਂ ਦਾ ਇਕ ਬਹੁਤ ਵਧੀਆ ਕਨਸੈਪਟ ਸੀ। ਇਸ ਲਈ ਮੈਂ ਇਨ੍ਹਾਂ ਨੂੰ ਵਧਾਈ ਵੀ ਦਿੰਦਾ ਹਾਂ ਜਿਹੜੀ ਇਨ੍ਹਾਂ ਨੇ ਇਹ ਸ਼ੁਰੂਆਤ ਕੀਤੀ। ਇਸ ਦਾ ਡੀਜਾਈਨ ਬਹੁਤ ਅੱਛਾ ਹੈ, ਗਰੇਟ ਡੀਜ਼ਾਈਨ ਹੈ। ਜਦੋਂ ਇਹ ਬਣੇਗਾ ਤਾਂ ਦੁਨੀਆਂ ਦੇ ਹਰ ਕੋਨੇ ਤੋਂ ਲੋਕ ਇਸ ਨੂੰ ਦੇਖਣ ਵਾਸਤੇ ਆਇਆ ਕਰਨਗੇ। ਮੈਂ ਇਹ ਤਾਂ ਨਹੀਂ ਕਹਿ ਸਕਦਾ ਕਿ ਇਹ ਸੈਵਨ ਵੰਡਰਜ਼ ਹੋਵੇਗੀ ਲੇਕਿਨ ਇਹ ਠੀਕ ਹੈ ਕਿ ਇਹ ਉਨ੍ਹਾਂ ਵਰਗੀ ਜ਼ਰੂਰ ਹੋਵੇਗੀ। ਬਹੁਤ ਅੱਛਾ ਈਮੇਜਿੰਗ ਕਨਸੈਪਟ ਹੈ ਇਹ ਇਨ੍ਹਾਂ ਦਾ। ਲੇਕਿਨ ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਆਪਾਂ ਘਰ ਬਣਾਉਂਦੇ ਹਾਂ ਪਹਿਲਾ ਦੇਖ ਲੈਣਾ ਚਾਹੀਦਾ ਹੈ ਕਿ ਜੇਕਰ ਇਸ ਕੰਮ ਵਾਸਤੇ 40-50 ਲੱਖ ਰੁਪਿਆ ਲੱਗਣਾ ਹੈ ਤਾਂ ਇਹ ਪੈਸਾ ਸਾਡੇ ਕੋਲ ਹੈ, ਇਹ ਪੈਸਾ ਕਿੱਥੋਂ ਆਉਣਾ ਹੈ। ਇਹ ਚੀਜ਼ ਪਹਿਲਾਂ ਦੇਖ ਲੈਣੀ ਚਾਹੀਦੀ ਹੈ। ਨਹੀਂ ਤਾਂ ਕਿਤੇ ਇਹੀ ਨਾ ਹੋਵੇ ਕਿ ਮਿਸਤਰੀਆਂ ਨੂੰ ਵਿਚ ਵਿਚਾਲੇ ਹੀ ਛੱਡ ਕੇ ਜਾਣਾ ਪੈ ਜਾਵੇ। ਸਪੀਕਰ ਸਾਹਿਬ, ਇਸ ਪ੍ਰਾਜੈਕਟ ਤੇ ਇਨ੍ਹਾਂ ਦਾ 200 ਕਰੋੜ ਰੁਪਏ ਦਾ ਐਸਟੀਮੇਟ ਸੀ। ਇਨ੍ਹਾਂ ਨੇ ਵਾਜਪਾਈ ਸਾਹਿਬ ਤੋਂ, ਪ੍ਰਾਈਮ ਮਨਿਸਟਰ ਸਾਹਿਬ ਤੋਂ 300 ਕਰੋੜ ਰੁਪਏ ਦਾ ਐਲਾਨ ਵੀ ਕਰਵਾ ਲਿਆ ਕਿ ਇਹ ਪੈਸਾ ਖਾਲਸਾ ਹੈਰੀਟੇਜ ਵਾਸਤੇ ਦੇਣਾ ਹੈ। ਪਰ ਪਤਾ ਨਹੀਂ ਉਹ ਪੈਸਾ ਕਿੱਧਰ ਨੂੰ ਚਲਿਆ ਗਿਆ। ਉਸ ਵਿੱਚੋਂ ਸਰਕਾਰ ਕੋਲ ਤਾਂ 50 ਕਰੋੜ ਰੁਪਿਆ ਹੀ ਪਹੁੰਚਿਆ ਹੈ। ਪਤਾ ਨਹੀਂ ਕੀ ਹੋ ਗਿਆ। ਫਿਰ ਇਹ ਕਹਿੰਦੇ ਸੀ ਕਿ ਲੋਕਾਂ ਨੇ ਵੀ ਬਹੁਤ ਪੈਸੇ ਦਿੱਤੇ ਹਨ, ਡੋਨੇਸ਼ਨਜ਼ ਦਿੱਤੀਆਂ ਹਨ। ਬਾਦਲ ਸਾਹਿਬ ਵਾਂਗੂੰ ਮੈਂ ਵੀ ਆਪਣੇ ਕਾਗਜ਼

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਦੇਖ ਲੈਂਦਾ ਹਾਂ ਫਿਰ ਤੁਹਾਨੂੰ ਦਸਦਾ ਹਾਂ ਕਿ ਐਕਚੂਅਲ ਸਰਕਾਰ ਦੇ ਖਾਤੇ ਵਿੱਚ ਕੀ ਆਇਆ, ਪਤਾ ਨਹੀਂ ਮੈਂ ਆਪਣੇ ਕਾਗਜ਼ ਕਿੱਥੇ ਰੱਖ ਬੈਠਾ। ਇਹ ਕਹਿੰਦੇ ਹਨ ਕਿ ਕਰੋੜਾਂ ਰੁਪਏ ਆਏ, ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਸਾਰਾ ਪੈਸਾ ਕਿੱਥੇ ਗਿਆ ਹੈ। ਸਾਡੇ ਖਾਤੇ ਵਿੱਚ ਤਾਂ 16 ਲੱਖ 40 ਹਜ਼ਾਰ 220 ਰੁਪਏ ਆਏ ਹਨ ਟੋਟਲ ਡੋਨੇਸ਼ਨਜ਼ ਹਨ 3 ਲੱਖ 71 ਹਜ਼ਾਰ ਰੁਪਿਆ। ਇਸ ਤੋਂ ਇਲਾਵਾ ਕੁਝ ਐਨ.ਆਰ.ਆਈਜ਼. ਨੇ ਵੀ ਪੈਸਾ ਦਿੱਤਾ ਉਹ ਹੈ 62 ਲੱਖ ਰੁਪਿਆ। ਸਾਰਾ ਕੁਝ ਇਹੀ ਹੈ। ਪਤਾ ਨਹੀਂ ਤੁਸੀਂ ਕਿਸ ਤਰ੍ਹਾਂ ਦੀ ਪਲਾਨਿੰਗ ਕਰਦੇ ਹੋ। ਜਦੋਂ ਪਲਾਨਿੰਗ ਕਰਦੇ ਹੋ ਉਦੋਂ ਤੁਸੀਂ ਇਹ ਤਾਂ ਦੇਖੋ ਕਿ ਇਸ ਪ੍ਰਾਜੈਕਟ ਤੇ ਇਨਾ ਐਸਟੀਮੇਟ ਖਰਚ ਆਉਣਾ ਹੈ, ਇਨਾ ਪੈਸਾ ਤੁਹਾਡੇ ਕੋਲ ਹੈ, ਬਾਕੀ ਪੈਸਾ ਕਿੱਥੋਂ ਆਵੇਗਾ। ਨੈਸ਼ਨਲ ਇੰਸਟੀਚਿਊਸ਼ਨ ਆਫ ਡੀਜ਼ਾਈਨ ਬਣਨਾ ਹੈ। ਇਸ ਵਿੱਚ ਇਕ ਇੰਟਰਨੈਸ਼ਨਲ ਆਰਕੀਟੈਕਟ ਇਨਵਾਲਵਡ ਹੈ। ਉਹ ਤੁਸੀਂ ਬਣਾਓ ਤਾਂ ਕਿ ਅਸੀਂ ਕੁਝ ਕਰੀਏ। ਅਸੀਂ 2004 ਵਿੱਚ ਇਸ ਨੂੰ ਲੈ ਕੇ ਆਉਣਾ ਚਾਹੁੰਦੇ ਹਾਂ। ਸਪੀਕਰ ਸਾਹਿਬ, ਸਾਲ 2004 ਪੰਜਾਬ ਦੀ ਹਿਸਟਰੀ ਵਿੱਚ ਇਕ ਬੜੀ ਅਹਿਮ ਜਗ੍ਹਾ ਰਖਦਾ ਹੈ। ਅਸੀਂ ਇਸ ਨੂੰ ਮਨਾਉਣਾ ਚਾਹੁੰਦੇ ਹਾਂ ਕਿਉਂਕਿ 500 ਸਾਲਾ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਵੀ ਇਸੇ ਸਾਲ ਵਿੱਚ ਆਉਂਦਾ ਹੈ, ਗੁਰੂ ਗ੍ਰੰਥ ਸਾਹਿਬ ਦਾ 400 ਸਾਲਾ ਵੀ ਇਸ ਵਿੱਚ ਆਉਂਦਾ ਹੈ ਔਰ ਸਾਹਿਬਜ਼ਾਦਿਆਂ ਦਾ 300 ਸਾਲਾ ਵੀ ਇਸ ਸਾਲ ਵਿੱਚ ਹੀ ਆਉਂਦਾ ਹੈ। ਸਿੱਖ ਇਤਿਹਾਸ ਵਿੱਚ ਇਸ ਦਾ ਬਹੁਤ ਵੱਡਾ ਰੋਲ ਹੈ। ਹੁਣ ਸਾਨੂੰ ਇਹ ਦੱਸਣ ਜਾਂ ਫਿਰ ਪ੍ਰਾਈਮ ਮਨਿਸਟਰ ਸਾਹਿਬ ਨੂੰ ਪੁੱਛਣ ਕਿ ਸਾਡੇ ਪੈਸੇ ਤਾਂ ਕਿਤੇ ਖੱਬੇ ਸੱਜੇ ਲੱਗ ਗਏ ਹਨ, ਸਾਨੂੰ ਹੋਰ ਪੈਸਾ ਦਿਓ। ਪਤਾ ਨਹੀਂ ਉਹ ਪੈਸਾ ਇਨ੍ਹਾਂ ਨੇ ਆਪਣੇ ਵੇਲੇ ਸੰਗਤ ਦਰਸ਼ਨਾਂ ਤੇ ਹੀ ਖਰਚ ਕਰ ਦਿੱਤਾ। ਇਨ੍ਹਾਂ ਨੇ ਪ੍ਰਾਈਮ ਮਨਿਸਟਰ ਸਾਹਿਬ ਕੋਲ ਹੁਣ ਜਾਣਾ ਹੀ ਹੈ, ਮੈਂ ਵੀ ਇਨ੍ਹਾਂ ਦੇ ਨਾਲ ਹੀ ਜਾਣ ਨੂੰ ਤਿਆਰ ਹਾਂ ਤਾਂ ਕਿ ਅਸੀਂ ਪੈਸੇ ਲੈ ਕੇ ਆਈਏ ਅਤੇ ਇਸ ਪ੍ਰਾਜੈਕਟ ਨੂੰ ਅਸੀਂ ਪੂਰਾ ਕਰ ਸਕੀਏ।

## EXTENSION OF TIME OF THE SITTING

**Mr. Speaker :** Is it the pleasure of the House that the sitting of the House be extended up to 4.00 P.M. ?

(Voices : Yes, Yes.)

**Mr. Speaker :** The time of sitting of the House is extended up to 4.00 P.M.

## DISCUSSION ON GOVERNOR'S ADDRESS AND VOTE ON THE MOTION OF THANKS *(Resumption)*

**ਮੁੱਖ ਮੰਤਰੀ :** ਅੱਜ ਸਪੀਕਰ ਸਾਹਿਬ, ਇਥੇ ਜਿਹੜੇ ਦਲਿਤ ਵੀਰ ਹਨ, ਗਰੀਬ ਹਨ ਉਨ੍ਹਾਂ ਨੂੰ ਹਜ਼ਾਰਾਂ ਸਾਲਾਂ ਤੋਂ ਬੜੀਆਂ ਕਿਸਮ ਦੀਆਂ ਪ੍ਰਾਬਲਮਜ ਆਉਂਦੀਆਂ ਰਹੀਆਂ ਹਨ। ਤੁਸੀਂ ਇਹ ਸਭ ਕੁਝ ਜਾਣਦੇ ਹੋ ਅਸੀਂ ਇਸ ਸਾਲ ਵਿੱਚ ਚਾਹੇ ਸਾਨੂੰ ਕਈ ਪ੍ਰਕਾਰ ਦੀਆਂ ਵਿੱਤੀ ਪ੍ਰਾਬਲਮਜ਼ ਸਨ ਗਰੀਬ ਜਨਤਾ ਵਾਸਤੇ ਇਕ ਪੈਸੇ ਦੀ ਵੀ ਕਮੀ ਨਹੀਂ ਆਉਣ ਦਿੱਤੀ। 104 ਕਰੋੜ ਰੁਪਏ ਟੈਕਸਟ ਬੁਕਸ ਵਾਸਤੇ ਦਿੱਤੇ ਗਏ ਹਨ। ਗਰੀਬ ਬੱਚੀਆਂ ਨੂੰ, ਜਿਹੜੀਆਂ ਪੜ੍ਹਦੀਆਂ ਨਹੀਂ ਸਨ ਉਨ੍ਹਾਂ ਨੂੰ 50 ਰੁਪਏ ਦਾ ਇਨਸੈਂਟਿਵ ਦਿੱਤਾ

Original with;
Punjab Vidhan Sabha
Digitized by;
Panjab Digital Library

ਹੈ ਤਾਂ ਕਿ ਗਰੀਬ ਬੱਚੀਆਂ ਆਪਣੀ ਪੜ੍ਹਾਈ ਕਰ ਸਕਣ। ਇਸ ਸਕੀਮ ਤਹਿਤ ਸਪੀਕਰ ਸਾਹਿਬ ਇਸ ਸਾਲ 3,90,852 ਬੱਚੀਆਂ ਭਰਤੀ ਹੋਈਆਂ ਹਨ। ਬੁੱਕ ਬੈਂਕਸ ਦੀ ਸਕੀਮ ਦੇ ਵਿੱਚ ਵੀ ਪ੍ਰੋਫੈਸ਼ਨਲ ਕੋਰਸਿਜ਼ ਤਕਨੀਕੀ ਸਿੱਖਿਆ ਵਾਸਤੇ ਰੱਖੇ ਗਏ ਹਨ। ਸਪੈਸ਼ਲ ਕੰਪੋਨੈਂਟ ਪਲਾਨ ਵਿੱਚ 392 ਕਰੋੜ ਰੁਪਿਆ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਹੋਰ ਵੀ ਵੇਰੀਅਸ ਕਿਸਮ ਦੀਆਂ ਡਿਵੈਲਪਮੈਂਟ ਸਕੀਮਾਂ ਵਾਸਤੇ 61 ਕਰੋੜ ਰੁਪਿਆ ਦਿੱਤਾ ਹੈ। 181 ਕਰੋੜ ਰੁਪਿਆ ਹੈਲਥ ਐਂਡ ਹਾਊਸਿੰਗ ਵਾਸਤੇ ਅਤੇ 106 ਕਰੋੜ ਰੁਪਏ ਸੋਸ਼ਲ ਸਕਿਓਰਟੀ ਵਾਸਤੇ ਦਿੱਤੇ ਗਏ ਹਨ। We have managed to achieve. ਸਪੀਕਰ ਸਾਹਿਬ, ਇਹ ਅਸੀਂ ਕੀਤਾ ਇਸ ਦੇ ਬਾਵਜੂਦ ਕਿ ਸਾਡੇ ਕੋਲ ਪੈਸਾ ਨਹੀਂ ਸੀ। ਜਿਹੜਾ ਅਸੀਂ ਆਪਣੇ ਮੈਨੀਫੈਸਟੋ ਵਿਚ ਰੱਖਿਆ ਸੀ ਕਿ ਗਰੀਬ ਦਲਿਤਾਂ ਨੂੰ 10 ਮਰਲੇ ਦੇ ਪਲਾਟ ਦਿੱਤੇ ਜਾਣੇ ਹਨ, ਅਸੀਂ ਚਾਰ ਹਜ਼ਾਰ ਮਕਾਨ ਬਣਾ ਕੇ ਦੇਣੇ ਹਨ। ਇਸ ਵਾਸਤੇ ਅਸੀਂ 10 ਕਰੋੜ ਰੁਪਿਆ ਰੱਖਿਆ ਹੈ। ਜੇਕਰ ਪੈਸੇ ਦੀ ਹੋਰ ਘਾਟ ਮਹਿਸੂਸ ਹੋਈ ਤਾਂ ਮੰਤਰੀ ਜੀ ਮੈਨੂੰ ਦੱਸ ਦੇਣ। ਪੈਸੇ ਦੀ ਕੋਈ ਪ੍ਰਾਬਲਮ ਨਹੀਂ ਆਉਣ ਦਿਤੀ ਜਾਵੇਗੀ। ਸਪੀਕਰ ਸਾਹਿਬ, ਪੰਜਾਬ ਵਿਚ ਲਿੰਗ ਅਨੁਪਾਤ ਦੀ ਰੇਸ਼ੋ ਬੜੀ ਘਟ ਗਈ ਸੀ। ਸ਼ਾਇਦ ਹਜ਼ਾਰ ਲੜਕਿਆਂ ਪਿਛੇ ਸੱਤ ਸੌ ਕੁਝ ਹੀ ਰਹਿ ਗਈ ਸੀ। ਅਸੀਂ ਇਸ ਪਾਸੇ ਵੱਲ ਬੜੇ ਸਖਤ ਕਦਮ ਪੁੱਟ ਰਹੇ ਹਾਂ। ਜਿਹੜੇ ਵੀ ਡਾਕਟਰ ਇਹੋ ਜਿਹੀਆਂ ਗੱਲਾਂ ਕਰਨਗੇ they will be tied under the law. ਸਪੀਕਰ ਸਾਹਿਬ, ਇਕ ਪੰਜਾਬ ਵਿਚ ਯੂਥ ਨੂੰ ਟ੍ਰੇਨਿੰਗ ਦੇਣ ਵਾਸਤੇ ਸੀ-ਪਾਈਟ ਮਹਿਕਮਾ ਹੈ। ਉਸ ਨੂੰ ਅਸੀਂ ਨਵਾਂ ਟਾਸਕ ਦੇ ਰਹੇ ਹਾਂ। ਮੈਂ ਫੌਜ ਵਿਚ ਰਿਹਾ ਹਾਂ ਅਤੇ ਮੈਨੂੰ ਪਤਾ ਹੈ ਕਿ ਫੌਜੀਆਂ ਦਾ ਕੀ ਕੰਮ ਹੁੰਦਾ ਹੈ। ਕੈਪਟਨ ਕੰਵਲਜੀਤ ਜੀ ਵੀ ਫੌਜ ਵਿਚ ਰਹੇ ਹਨ ਉਨ੍ਹਾਂ ਨੂੰ ਵੀ ਪਤਾ ਹੋਵੇਗਾ ਅਤੇ ਉਹ ਵੀ ਖੁਸ਼ ਹੋਣਗੇ। ਕਦੀ ਸਮਾਂ ਹੁੰਦਾ ਸੀ ਕਿ ਸਾਡੇ ਬੱਚੇ ਫੌਜ਼ ਵਿਚ ਬਹੁਤ ਜਾਂਦੇ ਸਨ। ਮੈਂ ਕਾਰਨ ਪੁੱਛਿਆ ਕਿ ਹੁਣ ਕਿਉਂ ਨਹੀਂ ਜਾਂਦੇ । ਕਾਰਨ ਦੱਸਿਆ ਗਿਆ ਕਿ ਸਾਡੇ ਬੱਚੇ ਕੰਪੀਟ ਨਹੀਂ ਕਰਦੇ ਅਤੇ ਰਹਿ ਜਾਂਦੇ ਹਨ। ਪਹਿਲਾਂ ਇਕ ਦਿਓਲ ਅਕਾਡਮੀ ਹੁੰਦੀ ਸੀ ਜਿਹੜੀ ਕਿ ਬੱਚਿਆਂ ਨੂੰ ਪੜ੍ਹਾਉਂਦੀ ਹੁੰਦੀ ਸੀ। ਸਿਲੈਕਸ਼ਨ ਬੋਰਡ ਵਿਚ ਸਾਡੇ ਬੱਚੇ ਕੰਪੀਟੀਸ਼ਨ ਵਿਚ ਫੇਲ੍ਹ ਹੋ ਜਾਂਦੇ ਹਨ। ਸੀ-ਪਾਈਟ ਨੂੰ ਅਸੀਂ ਹੁਣ ਨਵਾਂ ਟਾਸਕ ਦੇਣ ਲੱਗੇ ਹਾਂ ਜਿਹੜਾ ਕਿ ਡਿਫੈਂਸ ਸਰਵਿਸਜ਼ ਵਿਚ ਜਾਣ ਵਾਲੇ ਯੂਥ ਨੂੰ ਸਪੈਸ਼ਲ ਕੋਰਸ ਕਰਾਇਆ ਕਰੇਗਾ ਤਾਂ ਕਿ ਬੱਚੇ ਪਾਸ ਹੋ ਕੇ ਜਿਹੜੀ ਡਿਫੈਂਸ ਵਿਚ ਸਾਡੀ ਰਿਡਕਸ਼ਨ ਹੋ ਰਹੀ ਹੈ ਉਹ ਪੂਰੀ ਹੋ ਸਕੇ।

ਖੇਡਾਂ ਦੇ ਬਾਰੇ ਤਾਂ ਸਾਰੇ ਜਾਣਦੇ ਹੀ ਹਨ ਕਿ ਪੰਜਾਬ ਨੇ ਏਸ਼ੀਅਨ, ਕਾਮਨਵੈਲਥ ਖੇਡਾਂ ਵਿਚ ਬੜੀਆਂ ਮੱਲਾਂ ਮਾਰੀਆਂ ਹਨ। ਅਸੀਂ ਉਨ੍ਹਾਂ ਨੂੰ ਪਹਿਲੀ ਵਾਰ ਐਕਨਾਲੇਜ ਕੀਤਾ ਹੈ। ਏਸ਼ੀਅਨ ਜਾਂ ਕਾਮਨਵੈਲਥ ਖੇਡਾਂ ਵਿਚ ਗੋਲਡ ਮੈਡਲ ਜਿੱਤ ਕੇ ਲਿਆਉਣ ਵਾਲੇ ਨੂੰ 7 ਲੱਖ ਰੁਪਏ, ਸਿਲਵਰ ਮੈਡਲ ਲਿਆਉਣ ਵਾਲੇ ਨੂੰ 5 ਲੱਖ ਰੁਪਏ ਅਤੇ ਬਰਾਉਂਨਜ਼ ਮੈਡਲ ਲਿਆਉਣ ਵਾਲੇ ਨੂੰ 3 ਲੱਖ ਰੁਪਏ ਦਿੱਤੇ ਹਨ। ਵੈਸੇ ਤਾਂ ਬਹਾਦਰੀ ਦਾ ਕੋਈ ਮੁੱਲ ਨਹੀਂ ਹੁੰਦਾ ਪਰ ਸਾਡਾ ਉਨ੍ਹਾਂ ਨੂੰ ਰਿਕੋਗਨਾਈਜ਼ ਕਰਨਾ ਫਰਜ਼ ਬਣਦਾ ਹੈ। ਕੈਪਟਨ ਕੰਵਲਜੀਤ ਸਿੰਘ ਜੀ ਬੈਠੇ ਹਨ, ਉਹ ਸੁਣ ਕੇ ਬੜੇ ਖੁਸ਼ ਹੋਣਗੇ। ਪਰਮਵੀਰ ਚੱਕਰ ਬਹੁਤ ਵੱਡੀ ਬਹਾਦਰੀ ਕਰਨ ਵਾਲ਼ੇ ਨੂੰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਸਮਝੋ ਕਿ ਉਸ ਨੂੰ ਦਿੱਤਾ ਜਾਂਦਾ ਹੈ ਜਿਹੜਾ ਕਿ ਸ਼ੇਰ ਦੇ ਮੂੰਹ ਵਿਚ ਜਾ ਕੇ ਬਚ ਕੇ ਨਿਕਲ ਆਵੇ। ਵੈਸੇ ਤਾਂ ਪਰਮਵੀਰ ਚੱਕਰ ਆਮ ਕਰਕੇ ਮਰਨ ਉਪ੍ਰੰਤ ਹੀ ਮਿਲਦਾ ਹੈ ਅਤੇ ਬਹੁਤ ਥੋੜ੍ਹੇ ਕੇਸ ਹੁੰਦੇ ਹਨ ਜਿਨ੍ਹਾਂ ਵਿਚ ਜਿਉਂਦਿਆਂ ਨੂੰ ਮਿਲਦਾ ਹੈ। ਅਸੀਂ ਇਸ ਵਾਸਤੇ ਪਹਿਲਾਂ ਜਿਹੜਾ 2 ਲੱਖ ਰੁਪਿਆ ਸੀ, ਉਸ ਨੂੰ 25 ਲੱਖ ਰੁਪਏ ਕੀਤਾ ਹੈ। ਮਹਾਂਵੀਰ ਚੱਕਰ ਵਿਜੇਤਾ ਨੂੰ 15 ਲੱਖ ਰੁਪਏ, ਵੀਰ ਚੱਕਰ ਵਿਜੇਤਾ ਨੂੰ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

10 ਲੱਖ ਰੁਪਏ ਅਤੇ ਗਲੈਂਟਰੀ ਅਤੇ ਸ਼ੌਰਯ ਚੱਕਰ ਅਤੇ ਹੋਰ ਪੀਸ ਟਾਈਮ, ਐਵਾਰਡ ਲਈ 5 ਲੱਖ ਰੁਪਏ ਕੀਤਾ ਹੈ।

ਇਸ ਤੋਂ ਬਾਅਦ, ਸਪੀਕਰ ਸਾਹਿਬ, ਮੈਂ ਟਰਾਂਸਪੋਰਟ ਵੱਲ ਆਉਂਦਾ ਹਾਂ। ਜਦੋਂ ਲੋਕ ਬਾਹਰੋਂ ਆ ਕੇ ਦੇਖਦੇ ਹਨ ਕਿ ਪੰਜਾਬ ਦੀ ਕੋਈ ਜ਼ਿਆਦਾ ਬਿਹਤਰੀ ਨਹੀਂ ਹੋਈ ਅਤੇ ਡਿਵੈਲਪਮੈਂਟ ਘੱਟ ਹੈ। ਅਸੀਂ 10 ਬੱਸ ਸਟੈਂਡਾਂ ਨੂੰ ਮਾਡਰਨਾਈਜ਼ ਕਰ ਰਹੇ ਹਾਂ। ਇਨ੍ਹਾਂ ਵਿਚੋਂ ਤਿੰਨਾਂ ਨੂੰ ਲੁਧਿਆਣਾ, ਜਲੰਧਰ ਅਤ ਅੰਮ੍ਰਿਤਸਰ ਨੂੰ ਅਲਟਰਾ-ਮਾਡਰਨ ਬੱਸ ਸਟੈਂਡ ਬਣਾਵਾਂਗੇ ਜਿਸ ਵਿਚ ਸਾਰੀਆਂ ਯੂਰਪੀਨ ਫੈਸੀਲਿਟੀਜ਼ ਦਿੱਤੀਆਂ ਜਾਣਗੀਆਂ। ਅਸੀਂ ਪ੍ਰਾਈਵੇਟ ਟਰਾਂਸਪੋਰਟ ਨੂੰ ਵੀ ਇਨਕਰੇਜ ਕਰ ਰਹੇ ਹਾਂ ਉਹ ਸਾਡੇ ਕੋਲ ਆਉਣ ਅਤੇ ਰੂਟ ਲੈਣ ਅਤੇ ਆਪਣਾ ਕੰਮ ਸ਼ੁਰੂ ਕਰਨ ਅਤੇ ਲੋਕਾਂ ਨੂੰ ਟਰਾਂਸਪੋਰਟ ਦੀ ਵਧੀਆ ਸਹੂਲਤ ਦੇਣ।

ਸਪੀਕਰ ਸਾਹਿਬ, ਹੁਣ ਮੈਂ ਇੰਪਲਾਈ ਦੀ ਗੱਲ ਕਰਨ ਲੱਗਾ ਹਾਂ। ਕੋਈ ਵੀ ਸਰਕਾਰ ਉਦੋਂ ਤੱਕ ਨਹੀਂ ਚਲ ਸਕਦੀ ਜਦੋਂ ਤੱਕ ਕਿ ਉਸ ਵਿਚ ਪੁਲੀਟੀਕਲ, ਬਿਓਰੋਕਰੇਸੀ ਅਤੇ ਇੰਪਲਾਈਜ਼ ਦੀ ਸਾਂਝ ਨਾ ਹੋਵੇ। There has to be good relationship between three. ਮੈਂ ਪਿਛੇ ਜਿਹੇ ਇੰਪਲਾਈਜ਼ ਨਾਲ ਗੱਲਬਾਤ ਕੀਤੀ ਹੈ, ਉਨ੍ਹਾਂ ਦੀਆਂ ਕੁਝ ਪ੍ਰਾਬਲਮਜ਼ ਸਨ। ਜਿਵੇਂ ਉਨ੍ਹਾਂ ਦਾ ਡੀ.ਏ. ਵਗੈਰਾ ਫਰੀਜ਼ ਕਰ ਦਿਤਾ ਸੀ ਜਿਹੜਾ ਕਿ 104 ਕਰੋੜ ਰੁਪਏ ਬਣਦਾ ਹੈ। ਪਰ ਉਸ ਸਮੇਂ ਕੁਝ ਹਾਲਾਤ ਹੀ ਇਸ ਤਰ੍ਹਾਂ ਦੇ ਸਨ। ਹੁਣ ਅਸੀਂ ਆਪਣੇ ਇੰਪਲਾਈਜ਼ ਨੂੰ 52% ਡੀ.ਏ. ਦੇ ਰਹੇ ਹਾਂ, It is the highest in the country. Even more than the Central Services (Thumping). ਇਸ ਤੋਂ ਇਲਾਵਾ ਅਸੀਂ ਸੋਚ ਰਹੇ ਹਾਂ ਕਿ ਹੋਰ ਕੀ ਕਰਨਾ ਚਾਹੀਦਾ ਹੈ। ਚੀਫ ਮਨਿਸਟਰ ਦੀ ਅਗਵਾਈ ਹੇਠ ਇਕ ਜੁਆਇੰਟ ਕੰਸਲਟੈਂਟ ਮਸ਼ੀਨਰੀ ਬਣੀ ਹੋਈ ਸੀ ਜਦੋਂ ਵੀ ਲੋੜ ਹੋਵੇ ਤਾਂ ਉਸ ਦੇ ਵਿੱਚ ਕੰਸਰਨਡ ਸੈਕਟਰੀ ਹੁੰਦਾ ਸੀ ਅਤੇ ਗੌਰਮਿੰਟ ਇੰਪਲਾਈਜ਼ ਦੀ ਜਥੇਬੰਦੀ ਦੇ ਲੀਡਰ ਵੀ ਉਸਦੇ ਵਿੱਚ ਹੁੰਦੇ ਸੀ ਉਹ ਰੈਗੂਲਰ ਤੌਰ ਤੇ ਕੰਮ ਕਰਦੀ ਸੀ। ਉਨ੍ਹਾਂ ਦੀ ਕੋਈ ਵੀ ਪ੍ਰਾਬਲਮ ਹੁੰਦੀ ਸੀ ਤਾਂ ਇਕੱਠੇ ਬੈਠ ਕੇ ਉਸ ਦਾ ਹੱਲ ਕੱਢਿਆ ਜਾਂਦਾ ਸੀ। ਇਹ ਅਨ-ਫਾਰਚੂਨੇਟਲੀ ਲੈਪਸ ਹੋ ਗਈ। ਪਤਾ ਨਹੀਂ ਇਨ੍ਹਾਂ ਦੇ ਸਮੇਂ ਜਾਂ ਇਸ ਤੋਂ ਪਹਿਲਾਂ ਲੈਪਸ ਹੋ ਗਈ। ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਸ ਨੂੰ ਅੱਜ ਤੋਂ ਹੀ ਰੀਵਾਈਵ ਕਰ ਦਿੱਤਾ ਹੈ। ਇਸ ਦੇ ਨਾਲ ਹੀ ਇਹ ਪਹਿਲੀ ਵਾਰ ਹੈ ਕਿ ਪੰਜਾਬ ਵਿੱਚ, ਜਿਸ ਤਰ੍ਹਾਂ ਸੈਂਟਰ ਵਿੱਚ ਸੈਂਟਰਲ ਐਡਮਨਿਸਟਰੇਟਿਵ ਟ੍ਰਿਬਿਊਨਲ ਹੈ, ਉਸੇ ਤਰ੍ਹਾਂ ਸਟੇਟ ਐਡਮਨਿਸਟਰੇਟਿਵ ਟ੍ਰਿਬਿਊਨਲ ਬਣਾਇਆ ਜਾ ਰਿਹਾ ਹੈ ਅਤੇ ਕੋਈ ਵੀ ਇੰਪਲਾਈਜ਼ ਦੀ ਪ੍ਰਾਬਲਮ ਹੈ ਤਾਂ ਉਹ ਸਟੇਟ ਐਡਮਨਿਸਟਰੇਟਿਵ ਟ੍ਰਿਬਿਊਨਲ ਪਾਸ ਜਾ ਸਕਦਾ ਹੈ ਅਤੇ ਉਥੇ ਬੈਠ ਕੇ ਹੱਲ ਅਸੀਂ ਕੱਢ ਸਕਦੇ ਹਾਂ। ਹੁਣ ਇੰਪਲਾਈਜ਼ ਨੂੰ ਹਾਈਕੋਰਟ ਵਿੱਚ ਜਾਣਾ ਪੈਂਦਾ ਹੈ ਅਤੇ ਕਾਫੀ ਸਮਾਂ ਲਗ ਜਾਂਦਾ ਹੈ। ਟਾਈਮ ਸ਼ਾਰਟ ਕਰਨ ਲਈ ਤਾਂ ਕਿ ਛੇਤੀ ਜਸਟਿਸ ਮਿਲ ਸਕੇ, ਅਸੀਂ ਇਹ ਟ੍ਰਿਬਿਊਨਲ ਬਣਾਉਣ ਦਾ ਫੈਸਲਾ ਕੀਤਾ ਹੈ। ਇਕ ਨਵੀਂ ਪ੍ਰੋਪੋਜ਼ਲ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਵਿਰੋਧੀ ਧਿਰ ਵਾਲਿਆਂ ਨੂੰ ਵੀ ਖੁਸ਼ੀ ਹੋਵੇਗੀ ਕਿ ਜਿਸ ਤਰ੍ਹਾਂ ਪਹਿਲਾਂ ਸਾਡੇ ਸੀ.ਆਈ.ਆਈ. (ਕੰਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀਜ਼) ਹੁੰਦਾ ਸੀ ਉਸੇ ਤਰ੍ਹਾਂ ਅਸੀਂ ਵੀ ਪੰਜਾਬ ਵਿਚ ਫੈਡਰੇਸ਼ਨ ਫਾਰ ਪੰਜਾਬ ਫਾਰਮਿੰਗ ਲੈ ਕੇ ਆਏ ਹਾਂ, ਇਸ ਦੇ ਲਈ ਇਕ ਕਰੋੜ ਰੁਪਿਆ ਅਸੀਂ ਰਲੀਜ਼ ਵੀ ਕਰ ਦਿੱਤਾ ਹੈ। ਜਿਸ ਤਰ੍ਹਾਂ ਸੀ.ਆਈ.ਆਈ., ਇੰਡਸਟਰੀਜ਼ ਨਾਲ ਸਬੰਧਤ ਪ੍ਰਾਬਲਮ ਦੇਖਦੀ ਹੈ, ਉਸੇ ਤਰ੍ਹਾਂ ਇਹ ਫੈਡਰੇਸ਼ਨ ਪੰਜਾਬ ਦੇ ਫਾਰਮਰਜ਼ ਦੀਆਂ ਪ੍ਰਾਬਲਮਜ਼ ਨੂੰ ਦੇਖੇਗੀ। ਰਾਮ ਤੀਰਥ ਜਿਹੜਾ ਕਿ ਸਾਡਾ ਇਕ ਪਵਿੱਤਰ

Original with;
Punjab Vidhan Sabha
Digitized by:
Panjab Digital Library

ਸਥਾਨ ਹੈ, ਉਸਦੇ ਵਾਸਤੇ ਵੀ ਅਸੀਂ ਇਕ ਕਰੋੜ ਰੁਪਿਆ ਅਨਾਊਂਸ ਕੀਤਾ ਸੀ ਪਲੱਸ ਗੁਰੂ ਨਾਨਕ ਦੇਵ ਫਾਊਂਡੇਸ਼ਨ ਲਈ ਵੀ 2 ਕਰੋੜ ਰੁਪਏ ਅਸੀਂ ਅਨਾਊਂਸ ਕੀਤੇ ਹਨ। ਅਨੀਸ਼ਲ ਇਹ ਗੱਲਾਂ ਜਿਹੜੀਆਂ ਮੈਂ ਕਹੀਆਂ ਹਨ, ਉਹ ਇਸ ਕਰਕੇ ਕਿ ਜਿਹੜਾ ਅਸੀਂ ਸਾਲ 2004 ਮਨਾਉਣਾ ਚਾਹੁੰਦੇ ਹਾਂ ਉਹ ਇਸ ਕਰਕੇ ਕਿ ਦੁਨੀਆਂ ਵਿੱਚ ਬਾਹਰ ਜਿਹੜੇ ਵੀ ਸਾਡੇ ਲੋਕ ਵੱਸਦੇ ਹਨ, ਉਹ ਇਥੇ ਆ ਕੇ ਵਿਸ਼ਵ ਫਾਊਂਡੇਸ਼ਨ ਵਿੱਚ ਹਿੱਸਾ ਪਾ ਸਕਣ। Then I would also like to say ਕਾਲੀ ਵੇਈਂ ਜਿਹੜਾ ਗੁਰਦੁਆਰਾ ਬੇਰ ਸਾਹਿਬ ਹੈ ਜਿੱਥੇ ਲੋਕ ਇਸ਼ਨਾਨ ਕਰਕੇ ਮੱਥਾ ਟੇਕਣ ਲਈ ਜਾਂਦੇ ਹਨ, ਉਸਦਾ ਪਾਣੀ ਬਹੁਤ ਜ਼ਿਆਦਾ ਪਲਿਊਟ ਹੋ ਗਿਆ ਸੀ, ਉਸਦੀ ਸਫਾਈ ਲਈ ਵੀ ਅਸੀਂ 4.98 ਕਰੋੜ ਰੁਪਏ ਦਿਤਾ ਹੈ ਅਤੇ ਮੈਂ ਉਸਦੇ ਲਈ 50 ਕਿਊਸਿਕ ਪਾਣੀ ਛੱਡ ਵੀ ਦਿੱਤਾ ਹੈ ਅਤੇ ਇਸ ਨੂੰ ਅਸੀਂ 100 ਕਿਊਸਿਕ ਤੱਕ ਲੈ ਕੇ ਜਾਵਾਂਗੇ ਤਾਂ ਕਿ ਉਥੇ ਬਿਲਕੁਲ ਸਾਫ ਸੁਥਰਾ ਪਾਣੀ ਹੋਵੇ। ਪਹਿਲਾਂ ਕੈਮੀਕਲ ਵਾਲੇ ਪਾਣੀ ਨਾਲ ਜਦੋਂ ਲੋਕ ਨਹਾਉਂਦੇ ਸਨ ਤਾਂ ਉਨ੍ਹਾਂ ਦੇ ਸਰੀਰ ਤੇ ਲੈਸਿਜ਼ ਪੈ ਜਾਂਦੇ ਸੀ। ਇਸ ਲਈ ਅਸੀਂ ਇਸ ਨੂੰ ਸਾਫ ਕਰਨ ਲੱਗੇ ਹਾਂ। ਇਥੇ ਜੋ ਮੈਂ ਗੱਲਾਂ ਕਹੀਆਂ, Normally I don't indulge in this sort of business. ਇਹ ਕਹਿੰਦੇ ਹਨ ਕਿ ਮੇਰੇ ਨਾਲ ਕੋਈ ਦੁਸ਼ਮਣੀ ਹੈ, ਮੇਰੀ ਤਾਂ ਇਨ੍ਹਾਂ ਨਾਲ ਕਦੇ ਵੀ ਕੋਈ ਦੁਸ਼ਮਣੀ ਨਹੀਂ ਰਹੀ, ਪਹਿਲਾਂ ਵੀ ਅਸੀਂ ਜੱਫੀਆਂ ਪਾਉਂਦੇ ਸੀ ਅਤੇ ਹੁਣ ਵੀ ਪਾ ਲੈਂਦੇ ਹਾਂ। ਪਰ ਇਹ ਮੇਰੀ ਜੱਫੀਆਂ ਤੋਂ ਡਰਦੇ ਹਨ। ਮੈਨੂੰ ਇਨ੍ਹਾਂ ਨਾਲ ਕੋਈ ਪ੍ਰਸਨਲ ਗਰੱਜ ਨਹੀਂ। ਮੈਨੂੰ ਸਿਰਫ ਗਰੱਜ ਇਸ ਗੱਲ ਦਾ ਹੈ ਕਿ ਇਨ੍ਹਾਂ ਨੇ ਪੰਜਾਬ ਦੀ ਆਬੋਹਵਾ ਨੂੰ ਖਰਾਬ ਕਰ ਦਿਤਾ ਹੈ। ਇਹ ਗਰੀਬ ਲੋਕਾਂ ਦੇ ਬੱਚਿਆਂ ਦੇ ਭਵਿੱਖ ਨੂੰ ਨੀਵੀਂ ਹੱਦ ਤੱਕ ਲੈ ਗਏ ਹਨ। ਇਸ ਦਾ ਇਨ੍ਹਾਂ ਨੂੰ ਹਰਜਾਨਾ ਭੁਗਤਣਾ ਪਵੇਗਾ। ਕੋਈ ਵੀ ਪਾਲੀਟੀਸ਼ੀਅਨ ਹੋਵੇ, ਮੁੱਖ ਮੰਤਰੀ ਹੋਵੇ ਜਾਂ ਪ੍ਰਧਾਨ ਮੰਤਰੀ ਹੋਵੇ, ਉਹ ਕਾਨੂੰਨ ਤੋਂ ਉਤੇ ਨਹੀਂ We all, people of this country are under the Constitution. ਹਿੰਦੁਸਤਾਨ ਦਾ ਜਿਹੜਾ ਸੰਵਿਧਾਨ ਹੈ ਜਾਂ ਕਾਨੂੰਨ ਹੈ, ਅਸੀਂ ਉਸਦੇ ਅਧੀਨ ਆਉਂਦੇ ਹਾਂ। ਇਹ ਨਹੀਂ ਹੋ ਸਕਦਾ ਕਿ ਕੋਈ ਪਟਵਾਰੀ ਤਾਂ 10,000 ਲਈ ਫੜ੍ਹ ਕੇ ਅੰਦਰ ਕਰ ਦਿਤਾ ਜਾਵੇ ਅਤੇ ਸੀ.ਐਮ. 3,500 ਕਰੋੜ ਰੁਪਏ ਖਾ ਜਾਵੇ ਤਾਂ ਉਸਨੂੰ ਕੁਝ ਨਾ ਕਿਹਾ ਜਾਵੇ, ਇਹ ਕਿਸ ਕਿਸਮ ਦਾ ਕਾਨੂੰਨ ਹੈ। ਕਾਨੂੰਨ ਸਾਰਿਆਂ ਲਈ ਇੱਕ ਹੈ, ਇਨ੍ਹਾਂ ਸਾਰਿਆਂ ਨੂੰ ਭੁਗਤਣਾ ਪਵੇਗਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਵਾਰ-ਵਾਰ ਡਿਕਟੇਟਰਸ਼ਿਪ ਕਹਿੰਦੇ ਹਨ। ਅਨੰਦਪੁਰ ਸਾਹਿਬ ਦੇ ਹੋਲੇ-ਮਹੱਲੇ ਤੇ ਵੀ ਬੜੀ ਲਾਊਡਲੀ ਇਹ ਕਹਿ ਰਹੇ ਸਨ ਕਿ ਇਹ ਸੇਵਾ ਸਿੰਘ ਠੀਕਰੀਵਾਲਾ ਦੇ ਕਾਤਲ ਹਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਪਤਾ ਹੈ ਕਿ ਸੇਵਾ ਸਿੰਘ ਠੀਕਰੀਵਾਲਾ ਕੌਣ ਸੀ ? ਅੱਧਿਆਂ ਨੂੰ ਪਤਾ ਹੀ ਨਹੀਂ ਕਿ ਸੇਵਾ ਸਿੰਘ ਠੀਕਰੀਵਾਲਾ ਕੌਣ ਸੀ। ਸੇਵਾ ਸਿੰਘ ਠੀਕਰੀਵਾਲਾ ਸਾਡੇ ਬਰਨਾਲਾ ਦੇ ਨੇੜੇ ਪਿੰਡ ਠੀਕਰੀਵਾਲਾ ਦਾ ਰਹਿਣ ਵਾਲਾ ਸੀ। ਮੈਂ ਤਾਂ ਜਾਣਦਾ ਨਹੀਂ। ਉਹ ਸਾਲ 1935 ਵਿੱਚ ਪੂਰੇ ਹੋਏ ਔਰ ਮੇਰਾ ਜਨਮ 1942 ਵਿੱਚ ਹੋਇਆ। ਮੈਨੂੰ ਐਵੇਂ ਹੀ ਕਾਤਲ ਬਣਾਈ ਜਾਂਦੇ ਹਨ। ਮੇਰੇ ਨਾਨਾ ਜੀ ਸਰਦਾਰ ਹਰਚੰਦ ਸਿੰਘ ਜੇਜੀ ਸਨ। ਉਹ ਗਰੇਟ ਫਰੀਡਮ ਫਾਈਟਰ ਸਨ। 14 ਸਾਲ ਉਨ੍ਹਾਂ ਨੂੰ ਦੇਸ਼ ਨਿਕਾਲਾ ਰਿਹਾ। ਉਨ੍ਹਾਂ ਦੀ ਪ੍ਰਾਪਰਟੀ ਵੀ ਜ਼ਬਤ ਹੋਈ। ਉਹ ਮੇਰੇ ਨਾਨਾ ਜੀ ਦੇ ਜਿਗਰੀ ਦੋਸਤ ਸਨ। 1933 ਵਿੱਚ ਜਦੋਂ ਉਹ ਗ੍ਰਿਫਤਾਰ ਹੋਏ, ਜੇਲ੍ਹ ਜਾਣ ਲੱਗੇ ਤਾਂ ਉਨ੍ਹਾਂ ਨੇ ਮੇਰੇ ਨਾਨਾ ਜੀ ਨੂੰ ਕਿਹਾ ਕਿ ਭਾਈ ਸਾਹਿਬ, ਮੇਰਾ ਪਤਾ ਨਹੀਂ, ਜੇਲ੍ਹ ਜਾ ਰਿਹਾ ਹਾਂ। ਉਨ੍ਹਾਂ ਦੀ ਜੇਲ੍ਹ ਵਿੱਚ ਹੀ ਡੈਥ ਹੋ ਗਈ ਸੀ। ਉਨ੍ਹਾਂ ਕਿਹਾ ਸੀ ਕਿ ਮੇਰਾ ਇੱਕ ਕੰਮ ਕਰਨਾ। ਮੇਰਾ ਇੱਕ ਬੱਚਾ ਤੇ ਇੱਕ ਬੇਟੀ ਹੈ। ਤੁਸੀਂ ਆਪਣੇ ਕਿਸੇ ਚੰਗੇ ਦੋਸਤ ਮਿੱਤਰ ਨਾਲ ਉਨ੍ਹਾਂ ਦਾ ਵਿਆਹ ਕਰਵਾ ਦੇਣਾ। ਮੇਰੇ ਨਾਨਾ ਜੀ ਨੇ ਉਸੇ ਵਕਤ ਆਪਣੇ ਲੜਕੇ ਦਾ ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਦੀ ਲੜਕੀ ਨਾਲ ਵਿਆਹ ਕਰਵਾਇਆ। (ਥੰਪਿੰਗ) ਉਹ ਹੁਣ ਮੇਰੇ ਮਾਮੀ ਜੀ ਹਨ। ਇਨ੍ਹਾਂ ਨੂੰ ਕੁਝ ਪਤਾ ਤਾਂ ਹੈ ਨਹੀਂ। ਅਨੰਦਪੁਰ ਸਾਹਿਬ ਵਿਖੇ ਲਾਊਡ-ਸਪੀਕਰ ਮੇਰੇ ਵੱਲ ਕਰਕੇ ਇਹ ਇਹੋ ਜਿਹੀਆਂ ਗੱਲਾਂ ਕਰਦੇ ਰਹੇ। ਇਨ੍ਹਾਂ ਨੂੰ ਹਿਸਟਰੀ ਦਾ ਤਾਂ ਕੁਝ ਪਤਾ ਨਹੀਂ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਸੇਵਾ ਸਿੰਘ ਠੀਕਰੀਵਾਲਾ ਇੱਕ ਮੰਨੇ ਹੋਏ ਇਨਸਾਨ ਸਨ, ਹਿਸਟਰੀ ਵਿੱਚ ਉਨ੍ਹਾਂ ਦਾ ਨਾਂ ਹੈ ਜਿਨ੍ਹਾਂ ਨੇ ਦੇਸ਼ ਲਈ ਕੁਰਬਾਨੀ ਦਿੱਤੀ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਦੋਹਤੇ ਨੇ ਦਸ ਵਾਰ ਇਨ੍ਹਾਂ ਤੋਂ ਟਿਕਟ ਮੰਗੀ ਤੁਸੀਂ ਟਿਕਟ ਨਾ ਦਿੱਤੀ। ਕਿਉਂ ਨਾ ਦਿੱਤੀ? ਤੁਸੀਂ ਹੀ ਸਮਝਾਓ। (ਥੰਪਿੰਗ) ਦੂਜੇ ਪਾਸੇ ਸਰਦਾਰ ਹਰਚੰਦ ਸਿੰਘ ਜੀ ਜੇਜੀ ਨੇ ਸਾਰੀ ਉਮਰ ਅਕਾਲੀ ਦਲ ਦੀ ਸੇਵਾ ਕੀਤੀ। ਉਹ ਸਾਨੂੰ ਵੋਟ ਨਹੀਂ ਪਾਉਂਦੇ ਸਨ। ਅਕਾਲੀ ਦਲ ਨੂੰ ਵੋਟ ਪਾਉਂਦੇ ਸਨ। ਲਹਿਰਾ ਹਲਕਾ ਉਨ੍ਹਾਂ ਦਾ ਪੈਂਦਾ ਹੈ। ਉਨ੍ਹਾਂ ਦੇ ਦੋਵੇਂ ਬੱਚੇ ਸਰਦਾਰ ਗੁਰਦਰਸ਼ਨ ਸਿੰਘ ਅਤੇ ਸਰਦਾਰ ਇੰਦਰਜੀਤ ਸਿੰਘ ਜੇਜੀ, ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਇਨ੍ਹਾਂ ਨੇ ਟਿਕਟ ਨਹੀਂ ਦਿੱਤੀ। ਜਦੋਂ ਅਕਾਲੀ ਪਾਰਟੀ ਹੋਂਦ ਵਿੱਚ ਆਈ ਸੀ ਤਾਂ ਉਸ ਸਮੇਂ ਇਸ ਦਾ ਸ਼ਾਨਦਾਰ ਇਤਿਹਾਸ ਸੀ। ਗਿਰਫਨ ਦੀ ਕਿਤਾਬ ਪੜ੍ਹ ਕੇ ਦੇਖ ਲਓ। ਅਕਾਲੀ ਪਾਰਟੀ 1922 ਤੋਂ 1925 ਤੱਕ ਚੱਲੀ ਗੁਰਦੁਆਰਾ ਲਹਿਰ ਵਿੱਚੋਂ ਨਿਕਲੀ ਸੀ। ਇਸ ਦੇ ਬਹੁਤ ਸਾਰੇ ਸੂਰਮੇ ਲੜੇ। ਪਰਜਾ ਮੰਡਲ ਲਹਿਰ ਜਦੋਂ ਚਲੀ ਸੀ ਤਾਂ ਉਸ ਵਿੱਚ ਕਾਂਗਰਸ ਪਾਰਟੀ ਵੀ ਸੀ, ਅਕਾਲੀ ਪਾਰਟੀ ਵੀ ਸੀ। ਸਾਰੇ ਉਸ ਵਿੱਚ ਸ਼ਾਮਲ ਸਨ। ਇਹ ਅਕਾਲੀ ਪਾਰਟੀ ਉਹ ਸੀ ਜਿਸ ਦੇ ਸੂਰਮੇ ਨਨਕਾਣਾ ਸਾਹਿਬ, ਗੁਰੂ ਕਾ ਬਾਗ ਮੋਰਚਿਆਂ ਤੇ ਲੜੇ। ਉਥੇ ਉਨ੍ਹਾਂ ਨੇ ਡਾਂਗਾਂ ਖਾਧੀਆਂ। ਜੈਤੋਂ ਦੇ ਮੋਰਚੇ ਤੇ ਲੜੇ। ਉਸ ਸਮੇਂ ਦੀ ਅਕਾਲੀ ਪਾਰਟੀ ਅੱਜ ਵਾਲੀ ਅਕਾਲੀ ਪਾਰਟੀ ਨਹੀਂ ਸੀ। (ਥੰਪਿੰਗ) ਉਹ ਉਪਰ ਬੈਠ ਕੇ ਪਤਾ ਨਹੀਂ ਕੀ ਸੋਚਦੇ ਹੋਣਗੇ, ਉਨ੍ਹਾਂ 'ਤੇ ਪਤਾ ਨਹੀਂ ਕੀ ਬੀਤਦੀ ਹੋਵੇਗੀ ਕਿ ਹੁਣ ਕਿਹੋ ਜਿਹੀ ਅਕਾਲੀ ਪਾਰਟੀ ਹੈ। ਇਹ ਇਤਿਹਾਸਿਕ ਜਥੇਬੰਦੀ ਸੀ ਔਰ ਇਸ ਦਾ ਸ਼ਾਨਦਾਰ ਇਤਿਹਾਸ ਸੀ। ਇਸ ਲਈ ਅਕਾਲੀ ਪਾਰਟੀ ਦੇ ਜਨਮਦਾਤਾ ਉਪਰ ਬੈਠ ਕੇ ਹੁਣ ਬਾਰੇ ਕੀ ਸੋਚਦੇ ਹੋਣਗੇ ਕਿ ਸਾਡਾ ਨਾਂ ਕਿੱਧਰ ਚਲਾ ਗਿਆ? ਅੱਜ ਇਹ ਕਿਸ ਕਿਸਮ ਦੀਆਂ ਗੱਲਾਂ ਕਰ ਰਹੇ ਹਨ। ਇੰਗਲਿਸ਼ ਦੀ ਇੱਕ ਕਹਾਵਤ ਹੈ : People living in glass houses should not throw stones at others. ਤੁਹਾਨੂੰ ਪਤਾ ਹੋਣਾ ਚਾਹੀਦਾ ਹੈ। ਬਾਦਲ ਸਾਹਿਬ ਤਾਂ ਇੰਗਲਿਸ਼ ਹੁਣੇ ਕਾਫੀ ਪੜ੍ਹ ਰਹੇ ਸੀ। ਇਹ ਕਹਿੰਦੇ ਹਨ ਕਿ ਅਸੀਂ ਡਿਕਟੇਟਰਸ਼ਿਪ ਕਰ ਰਹੇ ਹਾਂ। ਇਨ੍ਹਾਂ ਨੂੰ ਡਿਕਟੇਟਰਸ਼ਿਪ ਦਾ ਕੀ ਪਤਾ? ਅਸੀਂ ਇਨ੍ਹਾਂ ਨੂੰ ਸੱਦਾਮ ਹੁਸੈਨ ਕੋਲ ਭੇਜ ਦਿੰਦੇ ਹਾਂ। ਉਥੇ ਬਗਦਾਦ ਦੀਆਂ ਜੇਲ੍ਹਾਂ ਵਿੱਚ ਇਨ੍ਹਾਂ ਨੂੰ ਡਿਕਟੇਟਰਸ਼ਿਪ ਦਾ ਪਤਾ ਲੱਗ ਜਾਵੇਗਾ। ਦੂਰ ਕੀ ਜਾਣਾ ਹੈ, ਅਸੀਂ ਮੁਸ਼ੱਰਫ ਕੋਲ ਭੇਜ ਦਿੰਦੇ ਹਾਂ। ਉਥੇ ਮੀਆਂ ਵਾਲੀ ਜੇਲ੍ਹ, ਰਾਵਲਪਿੰਡੀ ਦੀ ਜੇਲ੍ਹ ਵਿੱਚ ਪਤਾ ਲੱਗ ਜਾਵੇਗਾ। ਅੱਜ ਇਹੋ ਜਿਹੀਆਂ ਗੱਲਾਂ ਕਰਦੇ ਹਨ। ਇਹ ਉਥੇ ਜਾ ਕੇ ਦੇਖਣ ਕਿ ਕੀ ਹਾਲ ਹੈ। ਡਿਕਟੇਟਰਸ਼ਿਪ ਕੀ ਹੁੰਦੀ ਹੈ? ਜੇ ਡਿਕਟੇਟਰਸ਼ਿਪ ਇੱਥੇ ਹੁੰਦੀ ਹੈ ਤਾਂ ਇਨ੍ਹਾਂ ਦਾ ਬਾਹਰ ਕੋਈ ਨਹੀਂ ਸੀ ਹੋਣਾ, ਜਿਨ੍ਹਾਂ ਨੇ ਕੁਰੱਪਸ਼ਨ ਕੀਤੀ ਹੈ। ਅੱਜ ਇਹ ਬੇਲ ਤੇ ਬਾਹਰ ਨਿਕਲੇ ਹੋਏ ਹਨ ਕਿਉਂਕਿ ਦੇਸ਼ ਦਾ ਕਾਨੂੰਨ ਹੈ। ਕੇਸ ਚੱਲ ਰਿਹਾ ਹੈ। ਇਨ੍ਹਾਂ ਦੇ ਸੱਜਣ ਗੱਲਾਂ ਕਰਦੇ ਹਨ ਕਿ ਹਿਮਾਚਲ ਨਾਲ ਵਿਗਾੜ ਪਾ ਦਿੱਤਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਵੀ ਇਲੈਕਸ਼ਨ ਵਾਸਤੇ ਉਥੇ ਗਏ। ਆਪਣੀ ਪਾਰਟੀ ਲਈ ਬੋਲੇ। ਤੁਸੀਂ ਵੀ ਬੋਲੇ ਪਰ ਅਗਰ ਅਸੀਂ ਆਪਣੀ ਪਾਰਟੀ ਦੀ ਮਦਦ ਕੀਤੀ ਤਾਂ ਇਹ ਕਹਿੰਦੇ ਹਨ ਕਿ ਪੰਜਾਬ ਨਾਲ ਵਿਗਾੜ ਪਾ ਦਿੱਤਾ। ਪਰ ਅਗਰ ਇਹ ਕੋਈ ਗੱਲ ਕਰਨ ਤਾਂ ਕਹਿੰਦੇ ਹਨ ਕਿ ਕੁਝ ਨਹੀਂ, ਇਹ ਪੁਲੀਟੀਕਲ ਹੈ। ਜਿੰਨਾ ਸਬੰਧ ਹੁਣ ਹਿਮਾਚਲ ਦਾ ਪੰਜਾਬ ਨਾਲ ਹੈ, ਸ਼ਾਇਦ ਇਨ੍ਹਾਂ ਦੇ ਸਮੇਂ ਧੂਮਲ ਸਾਹਿਬ ਦੇ ਸਮੇਂ ਇਨ੍ਹਾਂ ਨਾਲ ਨਹੀਂ ਸੀ। ਇਹ ਡਬਲ

Original with;
Punjab Vidhan Sabha
Digitized by;
Punjab Digital Library

ਸਟੈਂਡਰਡ ਵਾਲੇ ਲੋਕ ਹਨ। ਇਹ ਕਹਿੰਦੇ ਹਨ ਕਿ ਲੋਕ ਰਾਜ ਦਾ ਕਤਲ ਹੋ ਗਿਆ। ਜ਼ਰਾ ਸਮਝਾਓ ਕਿ ਕਿਵੇਂ ਕਤਲ ਹੋ ਗਿਆ। ਜਿਹੜੇ ਸਮਝਦੇ ਹਨ ਲੋਕ ਰਾਜ ਦਾ ਕਤਲ ਹੋਇਆ, ਲੋਕ ਰਾਜ ਦਾ ਕਤਲ ਆਖਰ ਇਨ੍ਹਾਂ ਦੇ ਫੜੇ ਜਾਣ ਨਾਲ ਤਾਂ ਨਹੀਂ ਹੋਣਾ। ਫੜ ਲਵੋ ਤਾਂ ਕਤਲ ਹੋ ਗਿਆ। ਹੋਰ ਕੀ ਹੋਇਆ, ਹਰ ਚੀਜ਼ ਦੀ ਡਿਵੈਲਪਮੈਂਟ ਹੋਈ, ਇੰਡਸਟਰੀ ਦੀ ਡਿਵੈਲਪਮੈਂਟ ਹੋਈ, ਐਗਰੀਕਲਚਰ ਦੀ ਡਿਵੈਲਪਮੈਂਟ ਹੋਈ। ਹਰ ਪੱਖ ਤੋਂ ਡਿਵੈਲਪਮੈਂਟ ਹੋਈ। ਪੈਸੇ ਦੀ ਘਾਟ ਸੀ, ਉਹ ਵੀ ਪੂਰੀ ਕਰ ਰਹੇ ਹਾਂ। ਇਹ ਡਿਵੈਲਪਮੈਂਟ ਦਾ ਸਾਲ ਹੈ। ਜਿਹੜੇ ਅੱਜ ਅੰਕੜੇ ਦੱਸ ਰਹੇ ਹਾਂ, ਉਹ ਸਾਰੀਆਂ ਇਲੈਕਸ਼ਨਾਂ ਅਸੀਂ ਜਿੱਤੀਆਂ ਹਨ। ਇਸ ਦਾ ਮਤਲਬ ਹੈ ਕਿ ਲੋਕ ਸਾਡੇ ਨਾਲ ਹਨ। ਜੋ ਗੱਲਾਂ ਅਸੀਂ ਕਰ ਰਹੇ ਹਾਂ, ਲੋਕ ਸਾਡੇ ਨਾਲ ਸਹਿਮਤ ਹਨ। ਇਹ ਕਹਿੰਦੇ ਹਨ ਡੈਮੋਕਰੇਸੀ ਨਹੀਂ ਹੈ।

No sense of direction. ਕੀ ਡਾਇਰੈਕਸ਼ਨ ਦੇਈਏ ? ਇਨ੍ਹਾਂ ਨੇ ਕਹਿ ਦਿੱਤਾ ਕਿ ਡਾਇਰੈਕਸ਼ਨ ਨਹੀਂ ਦਿੱਤੀ। ਇਹ (ਆਪੋਜ਼ੀਸ਼ਨ ਵੱਲ ਇਸ਼ਾਰਾ) ਡਾਇਰੈਕਸ਼ਨ ਲੈਸ ਗੌਰਮਿੰਟ ਰਹੀ ਹੈ। ਜਿਸ ਤਰੀਕੇ ਨਾਲ ਤਬਾਹ ਕਰ ਦਿੱਤਾ, ਕੀ ਇਹ ਕੋਈ ਡਾਇਰੈਕਸ਼ਨ ਹੁੰਦੀ ਹੈ। ਕੀ ਕੋਈ ਪਲੈਨ ਹੈ, ਫਾਈਨਾਂਸ਼ਲ ਪਲੈਨ ਹੈ, ਐਜੂਕੇਸ਼ਨ ਲਈ ਪਲੈਨ ਹੈ, ਐਗਰੀਕਲਚਰਲ ਪਲੈਨ ਹੈ, ਇੰਡਸਟਰੀਅਲ ਪਲੈਨ ਹੈ, ਕੋਈ ਤਾਂ ਦੱਸੋ। ਬੱਸ ਲੁੱਟ ਮਾਰ, ਲੁੱਟ ਮਾਰ, ਇਹੀ ਇੱਕ ਡਾਇਰੈਕਸ਼ਨ ਹੈ। These are the only things that they have given. ਇਹ ਫਿਰ ਕੋਟ ਕਰਦੇ ਹਨ Where is the rule of law. I do not know where it is quoting from. ਪਤਾ ਨਹੀਂ ਕਿਥੋਂ ਇਬਰਾਹਿਮ ਲਿੰਕਨ ਨੂੰ ਕੋਟ ਕਰ ਦਿੱਤਾ। I do not think even they know this. ਪਤਾ ਨਹੀਂ ਇਨ੍ਹਾਂ ਨੂੰ ਪਤਾ ਵੀ ਹੈ ਕਿ ਇਬਰਾਹਿਮ ਲਿੰਕਨ ਕਿਥੋਂ ਦਾ ਪ੍ਰੈਜ਼ੀਡੈਂਟ ਰਿਹਾ ਹੈ। ਇਹ ਗੱਲਾਂ ਜਿਹੜੀਆਂ ਕਰਨੀਆਂ ਹਨ ਦੱਸਣ in what action there is no rule of law. ਫਿਰ ਇਹ ਕਹਿੰਦੇ ਕਿ ਰੂਲ ਆਫ਼ ਲਾਅ ਟੁੱਟ ਗਿਆ। ਤੁਹਾਨੂੰ ਫੜ ਲਿਆ ਤਾਂ ਰੂਲ ਆਫ਼ ਲਾਅ ਟੁੱਟ ਗਿਆ। ਇਹ ਕਹਿੰਦੇ ਹਨ ਕਿ ਇਥੇ ਜੁਡੀਸ਼ੀਅਲ ਕਮਿਸ਼ਨ ਬਿਠਾਓ। ਇਨ੍ਹਾਂ ਨੂੰ ਪਤਾ ਹੈ ਕਿ ਦਸ ਸਾਲ ਇਥੇ ਕੋਈ ਫ਼ੈਸਲਾ ਨਹੀਂ ਹੋਣਾ ਅਤੇ ਅਸੀਂ ਬੈਠੇ ਰਹਾਂਗੇ। ਮੈਂ ਇਨ੍ਹਾਂ ਨੂੰ ਆਪਣੇ ਮਹਿਕਮੇ ਦੇ ਅਧੀਨ, ਸਾਡੀ ਲਾਅ ਇਨਫੋਰਸਮੈਂਟ ਏਜੰਸੀ ਦੇ ਅਧੀਨ ਇਨਵੈਸਟੀਗੇਟ ਕਰਾਂਗਾ ਅਤੇ ਫਿਰ ਅਦਾਲਤ ਦੇ ਸਾਹਮਣੇ ਲੈ ਕੇ ਜਾਵਾਂਗਾ। ਫਿਰ ਅਦਾਲਤ ਨੇ ਇਨ੍ਹਾਂ ਦਾ ਫ਼ੈਸਲਾ ਕਰਨਾ ਹੈ ਕਿ ਇਹ ਮੁਜਰਮ ਹਨ ਜਾਂ ਨਹੀਂ। That is what we are going to see what are all these people. ਇਹ ਸਾਨੂੰ ਧਮਕਾ ਰਹੇ ਹਨ। Do not try to dictate me. ਮੈਨੂੰ ਪਤਾ ਹੈ how to deal with this.

ਫਿਰ ਕਿਹਾ ਕਿ ਡਿਕਟੇਟਰਸ਼ਿਪ ਹੈ, ਇਹ ਜ਼ੁਲਮ ਕਰਦੇ ਹਨ। ਇਹ ਮੈਂ ਚਾਰ ਵਾਰ ਨੋਟ ਕਰ ਚੁੱਕਾ ਹਾਂ। ਜਿਸ ਤਰ੍ਹਾਂ ਇਹ ਬੋਲਦੇ ਗਏ, ਮੈਂ ਨੋਟ ਕਰੀ ਗਿਆ। ਮੈਂ ਇੱਕ ਡਿਕਟੇਟਰਸ਼ਿਪ ਦੀ ਕਹਾਣੀ ਦੱਸਦਾ ਹਾਂ। ਹੈ ਤਾਂ ਹਾਸੇ ਦੀ ਗੱਲ। ਦੋ ਕੁੱਤੇ ਸਨ। ਇੱਕ ਸਾਡਾ ਤੇ ਇੱਕ ਪਾਕਿਸਤਾਨ ਦਾ। ਇੱਕ ਉਧਰੋਂ ਭੱਜਿਆ ਅਤੇ ਇੱਕ ਇਧਰੋਂ ਭੱਜਿਆ ਅਤੇ ਦੋਨੋਂ ਬਾਰਡਰ ਤੇ ਇਕੱਠੇ ਹੋ ਗਏ। ਉਨ੍ਹਾਂ ਨੇ ਪੁੱਛਿਆ ਕਿ ਤੁਹਾਡੇ ਦੇਸ਼ ਵਿੱਚ ਕੀ ਹਾਲ ਹੈ, ਉਹ ਕਹਿੰਦਾ ਸਾਡੇ ਦੇਸ਼ ਵਿੱਚ ਤਾਂ ਬਹੁਤ ਮਾੜਾ ਹਾਲ ਹੈ। ਪਰ ਉਸ ਨੇ ਅੱਗੋਂ ਕਿਹਾ ਕਿ ਪਰ ਤੂੰ ਤਾਂ ਬੜਾ ਹੱਟਾ ਕੱਟਾ ਲਗਦੈਂ, ਉਥੇ ਮਾੜੀ ਹਾਲਤ ਕਿਉਂ ਹੈ। ਉਹ ਕਹਿੰਦਾ ਤੁਹਾਨੂੰ ਪਤਾ ਹੀ ਹੈ ਉਥੇ ਡਿਕਟੇਟਰਸ਼ਿਪ ਹੈ। ਉਥੇ ਤਾਂ ਸਾਨੂੰ ਭੌਂਕਣ ਵੀ ਨਹੀਂ ਦਿੰਦੇ। ਇਨ੍ਹਾਂ ਨੂੰ ਤਾਂ ਮੈਂ ਕਦੇ ਨਹੀਂ ਰੋਕਿਆ ਬੋਲਣ ਤੋਂ। ਜਦੋਂ ਮਰਜ਼ੀ ਬੋਲੋ, ਜੋ ਮਰਜ਼ੀ ਕਰੋ। ਜਿਥੇ ਮਰਜ਼ੀ ਬੋਲ ਲਵੋ। ਅਗਰ ਡਿਕਟੇਟਰਸ਼ਿਪ ਹੁੰਦੀ ਤਾਂ ਤੁਹਾਡਾ ਮੂੰਹ ਬੰਦ ਹੁੰਦਾ। ਅਗਰ ਡਿਕਟੇਟਰਸ਼ਿਪ ਹੁੰਦੀ ਤਾਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਜਿਸ ਤਰ੍ਹਾਂ ਆਸਿਫ਼ ਜ਼ਰਦਾਰੀ ਕੁਰੱਪਸ਼ਨ ਦੇ ਕੇਸ ਵਿੱਚ ਕਿੰਨੇ ਸਾਲਾਂ ਤੋਂ ਅੰਦਰ ਹੈ, ਇਨ੍ਹਾਂ ਨਾਲ ਵੀ ਉਵੇਂ ਹੀ ਹੋਣਾ ਸੀ। ਉਥੇ ਡਿਕਟੇਟਰਸ਼ਿਪ ਵਿੱਚ ਰੂਲ ਆਫ਼ ਲਾਅ ਕੁਛ ਨਹੀਂ ਚਲਦਾ। ਇਹ ਸਾਨੂੰ ਡਿਕਟੇਟਰਸ਼ਿਪ ਦੀ ਗੱਲ ਨਾ ਦੱਸਣ। ਕਹਿੰਦੇ ਸੀ ਇੰਡੀਆ ਟੂਡੇ ਨੂੰ ਪੜ੍ਹੋ। ਇਹ ਕਹਿ ਰਹੇ ਸੀ 4,000 ਜੀਪਾਂ ਦਾ ਸਕੈਂਡਲ ਸੀ, ਪਤਾ ਨਹੀਂ ਕਿਹੜਾ ਸਕੈਂਡਲ ਸੀ। ਉਦੋਂ ਇਧਰ (ਰੂਲਿੰਗ ਪਾਰਟੀ ਵੱਲ ਇਸ਼ਾਰਾ) ਸੁੱਤੇ ਪਏ ਸੀ। ਤੁਹਾਡੇ ਲੋਕ ਵੀ ਉਂਘ ਰਹੇ ਸੀ ਕਿਉਂਕਿ ਬਹੁਤ ਬੋਰਿੰਗ ਸਪੀਚ ਸੀ। ਉਸੇ ਇੰਡੀਆ ਟੂਡੇ ਦੀ ਗੱਲ ਹੈ। ਇਕੱਲੇ ਇੰਡੀਆ ਟੂਡੇ ਵਿੱਚ ਬੀ.ਜੇ.ਪੀ. ਦੇ 15 ਸਕੈਂਡਲ ਹਨ। ਤੁਸੀਂ ਪੜ੍ਹੋ। ਜੇਕਰ ਨਹੀਂ ਪਤਾ ਤਾਂ ਜਿਹੜੇ ਤੁਹਾਡੇ ਨਾਲ ਬੈਠੇ ਹਨ, ਉਹ ਸਾਰੇ ਪੜ੍ਹਦੇ ਹਨ, ਉਹ ਦੱਸ ਦੇਣਗੇ। (**ਆਵਾਜ਼ਾਂ** : ਬੰਗਾਰੂ ਲਕਸ਼ਮਣ ਦਾ ਨਾਮ ਹੈ।) ਬੰਗਾਰੂ ਲਕਸ਼ਮਣ ਹੈ, ਉਹ ਵੀ ਇਨ੍ਹਾਂ ਦੇ ਨਾਲ ਦਾ ਹੀ ਹੈ। ਲੋਕਪਾਲ ਦੀ ਗੱਲ ਕਰਦੇ ਹਨ। ਕੀ ਲੋਕਪਾਲ ਅਸੀਂ ਲਾਇਆ ਸੀ? ਕਿਸ ਨੂੰ ਲਗਾਇਆ, ਆਪਣੇ ਜਿਗਰੀ ਦੋਸਤ ਨੂੰ, 40 ਸਾਲਾਂ ਦੇ ਸਾਥੀ ਨੂੰ। ਢਾਈ ਵਰਕੇ ਉਸ ਦੇ ਪੜ੍ਹੀ ਗਏ। ਉਸ ਨੇ ਬਾਲ ਮੁਕੰਦ ਸ਼ਰਮਾ, ਦੂਲੋ, ਲਾਲ ਸਿੰਘ ਵਿਰੁੱਧ ਰਿਪੋਰਟ ਦਿੱਤੀ। ਇਨ੍ਹਾਂ ਨੇ ਉਸ ਨੂੰ ਟਾਰਗੈਟ ਦਿੱਤਾ ਕਿ ਕਾਂਗਰਸ ਪਾਰਟੀ ਨੂੰ ਜ਼ਲੀਲ ਕਰੋ। ਤਾਂ ਹੀ ਗਵਰਨਰ ਸਾਹਿਬ ਕੋਲ ਜਦੋਂ ਰਿਪੋਰਟ ਗਈ, ਜਿਹੜੀ ਕਿ ਸਟੈਚੂਰੀ ਅਥਾਰਿਟੀ ਸੀ, ਉਨ੍ਹਾਂ ਨੇ ਉਸ ਰਿਪੋਰਟ ਨੂੰ ਰਿਜੈਕਟ ਕਰ ਦਿੱਤਾ। ਇਨ੍ਹਾਂ ਨੂੰ ਪਤਾ ਹੈ ਕਿ ਸਾਨੂੰ ਰੌਲਾ ਪਾਉਣਾ ਪਿਆ। ਫਿਰ ਲੋਕ ਰਾਜ ਦੀ ਗੱਲ ਕੀਤੀ ਹੈ। ਇਹ ਕੋਈ ਜੁਡੀਸ਼ੀਅਲ ਕਮਿਸ਼ਨ ਹੈ, ਜਿਥੇ ਆਪਣੇ ਭਾਈਵਾਲ ਨੂੰ ਲਗਾਉਂਦੇ ਹਾਂ। ਫਿਰ ਹਾਈ ਕੋਰਟ ਨੇ ਸਾਡਾ ਸਾਥ ਦਿੱਤਾ ਅਤੇ ਉਸ ਨੂੰ ਕੱਢਣਾ ਪਿਆ। ਇਹ ਉਸ ਲੋਕਪਾਲ ਦੀ ਜੱਜਮੈਂਟ ਨੂੰ ਕੋਟ ਕਰਦੇ ਰਹੇ ਅਤੇ ਸਾਡੇ ਬੰਦਿਆਂ ਨੂੰ ਜ਼ਲੀਲ ਕਰਨ ਦੀ ਕੋਸ਼ਿਸ਼ ਕਰਦੇ ਰਹੇ। ਇਹ ਸਾਰਾ ਕੁਐਸ਼ ਹੋ ਗਿਆ ਹੈ। ਇਹ ਗਲਤ ਦੱਸ ਰਹੇ ਹਨ ਕਿ ਇਸ ਹਾਊਸ ਵਿੱਚ ਮੌਜੂਦਾ ਕੇਸ ਹੈ। ਇਹ ਕੋਈ ਕੇਸ ਨਹੀਂ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਰਵੀ ਸਿੱਧੂ ਦੇ ਬਾਰੇ ਗੱਲ ਕੀਤੀ ਹੈ ਕਿ ਇਹ ਸਾਡੇ ਵੇਲੇ ਲਗਾਇਆ ਗਿਆ ਸੀ, ਠੀਕ ਹੈ ਸਾਡੇ ਵੇਲੇ ਉਸ ਨੂੰ ਗੁੱਡ ਫੇਥ ਦੇ ਵਿੱਚ ਲਗਾ ਦਿੱਤਾ ਗਿਆ ਹੋਵੇਗਾ ਲੇਕਿਨ ਉਸ ਨੂੰ ਪੂਰੇ ਪੰਜ ਸਾਲ ਤਾਂ ਇਨ੍ਹਾਂ ਦੀ ਸਰਕਾਰ ਨੇ ਵਰਤਿਆ ਹੈ, ਇਹ ਮੈਨੂੰ ਨਹੀਂ ਪਤਾ ਹੈ ਕਿ ਉਹ ਇਨ੍ਹਾਂ ਦਾ ਰਿਸ਼ਤੇਦਾਰ ਹੋਵੇਗਾ ਜਾਂ ਹਿੱਸਾਪੱਤੀ ਆਉਂਦੀ ਹੋਵੇਗੀ। ਲੇਕਿਨ ਇਨ੍ਹਾਂ ਨੇ ਉਸ ਨੂੰ ਪੰਜ ਸਾਲ ਵਰਤਿਆ ਹੈ। ਸਪੀਕਰ ਸਾਹਿਬ, ਜੇਕਰ ਉਹ ਮੇਰੇ ਵੇਲੇ ਹੁੰਦੇ ਤਾਂ ਮੈਂ ਉਸ ਨੂੰ ਦੋ ਮਹੀਨੇ ਦੇ ਵਿਚ ਕੱਢ ਦੇਣਾ ਸੀ। ਜਿਸ ਤਰ੍ਹਾਂ ਹੁਣ ਅਸੀਂ ਆਹਲੂਵਾਲੀਆ ਨੂੰ ਕੱਢਿਆ ਹੈ। ਹੁਣ ਅਸੀਂ ਗੁਰੂ ਨਾਨਕ ਦੇ ਨਾਮ ਤੇ ਭਵਨ ਬਣਾ ਰਹੇ ਹਾਂ ਇਹ ਇਸ ਕਰਕੇ ਸਾਨੂੰ ਬਣਾਉਣਾ ਪਿਆ ਕਿ ਜਿਹੜਾ ਇਥੇ ਗੁਰੂ ਗੋਬਿੰਦ ਸਿੰਘ ਭਵਨ ਹੈ ਅਤੇ ਉਸ ਦੀ ਜੋ ਪ੍ਰਾਪਰਟੀ ਹੈ, ਉਸਤੇ ਇਨ੍ਹਾਂ ਨੇ ਅਜਿਹੇ ਬੰਦਿਆਂ ਨੂੰ ਪਾਲਿਆ ਸੀ ਤੇ ਸਾਰੀ ਪ੍ਰਾਪਰਟੀ ਤੇ ਉਹ ਬੰਦਾ ਬੈਠਾ ਹੈ, ਇਹ ਇਸ ਤਰ੍ਹਾਂ ਦੇ ਬੰਦੇ ਪਾਲਦੇ ਹਨ। ਇਸੇ ਤਰ੍ਹਾਂ, ਸਪੀਕਰ ਸਾਹਿਬ, ਇਨ੍ਹਾਂ ਵਲੋਂ ਇਹ ਕਿਹਾ ਗਿਆ ਹੈ ਕਿ ਅਸੀਂ ਇੰਦਰਾ ਗਾਂਧੀ ਦੇ ਵੇਲੇ ਜੇਲ੍ਹਾਂ ਦੇ ਵਿਚ ਗਏ ਹਾਂ। ਸਪੀਕਰ ਸਾਹਿਬ, ਇਸ ਤਰ੍ਹਾਂ ਕਰਨ ਦਾ ਵੀ ਇੱਕ ਤਰੀਕਾ ਹੁੰਦਾ ਹੈ ਉਹ ਮੈਂ ਦਸਦਾ ਹਾਂ ਕਿ ਇਹ ਇਸ ਤਰ੍ਹਾਂ ਕਰਦੇ ਸਨ ਤੇ ਜਦੋਂ ਕੋਈ ਛੇੜ ਛਾੜ ਹੁੰਦੀ ਸੀ ਤਾਂ ਉਸ ਮਸਲੇ ਦੇ ਉਤੇ ਲੋਕਾਂ ਨੂੰ ਭੜਕਾਅ ਦਿੰਦੇ ਸਨ ਤੇ ਜਦੋਂ ਲੋਕ ਇਸ ਤਰ੍ਹਾਂ ਭੜਕਾਊ ਹੋ ਜਾਂਦੇ ਸਨ ਤੇ ਜਦੋਂ ਕੋਈ ਅੱਗ ਲਗ ਜਾਂਦੀ ਸੀ ਤਾਂ ਫਿਰ ਇਹ ਗ੍ਰਿਫਤਾਰੀਆਂ ਦੇ ਦਿੰਦੇ ਸਨ ਤੇ ਫਿਰ ਚੰਗੇ ਜਿਹੇ ਰੈਸਟ ਹਾਊਸ ਦੇ ਵਿੱਚ ਚਲੇ ਜਾਂਦੇ ਸਨ। ਇੱਕ ਰੈਸਟ ਹਾਊਸ ਲੱਛੇਵਾਲੀ, ਦੇਹਰਾਦੂਨ ਵਿਖੇ ਇਹ ਰਹੇ ਸਨ ਤੇ ਮੈਂ ਇਨ੍ਹਾਂ ਦੇ ਕੋਲ ਲੱਡੂ ਵਗੈਰਾ ਲੈ ਕੇ ਗਿਆ, ਪਰ ਮੈਨੂੰ ਪੂਰਾ ਯਾਦ ਨਹੀਂ ਹੈ। ਤੇ ਫਿਰ ਜਦੋਂ ਲੋਕਾਂ ਨੂੰ ਡਾਂਗਾਂ ਵਗੈਰਾ ਪੈ ਜਾਂਦੀਆਂ ਸਨ ਤੇ ਦੁਬਾਰਾ ਮਾਹੌਲ ਠੀਕ ਹੋ

Original with;
Punjab Vidhan Sabha
Digitized by;
Panjab Digital Library

ਜਾਂਦਾ ਸੀ ਤਾਂ ਇਹ ਫਿਰ ਜੇਲ੍ਹ ਦੇ ਵਿਚੋਂ ਬਾਹਰ ਆ ਜਾਂਦੇ ਸਨ। ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਹੁਣ ਜਦੋਂ ਇਹ ਕੁਰਪਸ਼ਨ ਦੇ ਕੇਸ ਵਿਚ ਜੇਲ੍ਹ ਵਿਚ ਜਾਣਗੇ ਤਾਂ ਇਨ੍ਹਾਂ ਨੂੰ ਇਹ ਪਤਾ ਲਗੇਗਾ ਕਿ ਅਸਲੀ ਜੇਲ੍ਹ ਕਿਸ ਤਰ੍ਹਾਂ ਦੀ ਹੁੰਦੀ ਹੈ। ਇਹ ਇਨ੍ਹਾਂ ਨੂੰ ਭੁਗਤਣਾ ਪਵੇਗਾ। ਇਹ ਜਦੋਂ ਲੱਛੇਵਾਲੀ ਵਿਖੇ ਜੇਲ੍ਹ ਵਿਚ ਸਨ ਤਾਂ ਇਹ ਕਹਿੰਦੇ ਸਨ ਕਿ ਉਥੇ ਤਾਂ ਕਾਲਾ ਨਾਗ ਸੀ ਮੈਨੂੰ ਤਾਂ ਪਤਾ ਨਹੀਂ ਕਿ ਕੀ ਕਾਲਾ ਨਾਗ ਸੀ, ਹੋ ਸਕਦਾ ਹੈ ਕਿ ਇਨ੍ਹਾਂ ਨੂੰ ਕੋਈ ਗੰਡੋਆ ਦਿਖ ਗਿਆ ਹੋਵੇ। ਇਸੇ ਤਰ੍ਹਾਂ ਹੀ ਅਮੈਨਿਸਟੀ ਇੰਟਰਨੈਸ਼ਨਲ ਦੀਆਂ ਗੱਲਾਂ ਕਰਦੇ ਹਨ ਕਿ ਇਹ ਸਰਕਾਰ ਜੇਲ੍ਹ ਦੇ ਵਿੱਚ ਤਸ਼ੱਦਦ ਕਰਦੀ ਹੈ, ਇਹ ਕਿਥੇ ਤਸ਼ੱਦਦ ਕਰਦੀ ਹੈ। ਤੁਸੀਂ ਮੈਨੂੰ ਅਮੈਨਿਸਟੀ ਦੀ ਰਿਪੋਰਟ ਦਿਓ, ਕਿਸੇ ਇਕ ਜੇਲ੍ਹ ਜਾਂ ਥਾਣੇ ਦੀ ਗੱਲ ਦੱਸੋ ਫਿਰ ਦੱਸਣਾ ਜੇ ਮੈਂ ਉਨ੍ਹਾਂ ਜੇਲ੍ਹਾਂ ਜਾਂ ਥਾਣਿਆਂ ਦੇ ਖਿਲਾਫ਼ ਕੋਈ ਕਦਮ ਨਾ ਚੁੱਕਾਂ। ਇਹ ਦੱਸਣ ਕਿ ਕਿਹੜੇ ਥਾਣੇ, ਕਿਹੜੀ ਜੇਲ੍ਹ ਜਾਂ ਕਿਹੜੇ ਪੁਲਿਸ ਅਫ਼ਸਰ ਦੇ ਨਾਮ ਨੂੰ ਕੋਟ ਕੀਤਾ ਹੈ। ਇਹ ਮੈਨੂੰ ਦੱਸਣ ਤੇ ਮੈਂ ਫੈਕਟਸ ਤੇ ਕਾਰਵਾਈ ਕਰਾਂਗਾ। ਇਹ ਕਹਿੰਦੇ ਹਨ ਮੈਨੀਫੈਸਟੋ ਦੇ ਬਾਰੇ ਕਿ ਕੁਝ ਨਹੀਂ ਕੀਤਾ ਗਿਆ ਹੈ। ਇਹ ਪੜ੍ਹਦੇ-ਪੜ੍ਹਦੇ ਹੋਏ, ਤੀਹ ਰੁਪਏ ਬੋਨਸ ਦਾ ਵੀ ਪੜ੍ਹ ਗਏ, ਔਰ ਇਹ ਗਲਤੀ ਨਾਲ ਪੜ੍ਹ ਗਏ ਤੇ ਬਾਕੀਆਂ ਦੇ ਬਾਰੇ ਵੀ ਮਿਣ-ਮਿਣ ਜਿਹੀ ਕਰ ਗਏ। ਮੈਂ ਇਨ੍ਹਾਂ ਨੂੰ ਕਿੰਨੀ ਵਾਰੀ ਸਮਝਾਇਆ ਹੈ ਕਿ ਜੋ ਸਾਡਾ ਮੈਨੀਫੈਸਟੋ ਹੈ, ਉਸ ਨੂੰ ਵਰਡ ਬਾਇ ਵਰਡ ਇੰਪਲੀਮੈਂਟ ਕਰਾਂਗੇ। ਇਹ ਸਮੇਂ ਦੇ ਨਾਲ ਹੋਵੇਗਾ ਤੇ ਜਦੋਂ ਸਾਡੇ ਕੋਲ ਫਾਈਨਾਂਸ਼ੀਅਲ ਸੁਧਾਰ ਆਵੇਗਾ ਤਾਂ ਅਸੀਂ ਇਹ ਜ਼ਰੂਰ ਲਾਗੂ ਕਰਾਂਗੇ। ਇਨ੍ਹਾਂ ਨੂੰ ਇਸ ਤਰ੍ਹਾਂ ਕੀ ਕਰਨ ਦੀ ਲੋੜ ਹੈ, ਜੇਕਰ ਅਸੀਂ ਹੁਣ ਨਹੀਂ ਕਰਦੇ ਤਾਂ ਇਹ ਅਗਲੀਆਂ ਇਲੈਕਸ਼ਨਾਂ ਦੇ ਵਿੱਚ ਵੱਡੇ-ਵੱਡੇ ਪੋਸਟਰ ਛਾਪ ਦੇਣ ਕਿ ਅਸੀਂ ਇਹ ਵਾਅਦੇ ਪੂਰੇ ਨਹੀਂ ਕੀਤੇ। ਇਨ੍ਹਾਂ ਨੂੰ ਹੁਣੇ ਕਿਉਂ ਤਕਲੀਫ ਹੋ ਰਹੀ ਹੈ, ਹਾਲੇ ਤਾਂ ਸਾਡਾ ਇਕ ਸਾਲ ਹੀ ਨਿਕਲਿਆ ਹੈ ਤੇ ਚਾਰ ਸਾਲ ਸਾਡੇ ਬਾਕੀ ਰਹਿੰਦੇ ਹਨ। ਇਨ੍ਹਾਂ ਨੂੰ ਐਸ.ਵਾਈ.ਐਲ. ਦੇ ਬਾਰੇ ਕਹਿਣਾ ਚਾਹੁੰਦਾ ਹਾਂ ਔਰ ਇਹ ਇਸ ਦੇ ਉਤੇ ਬਾਅਦ ਦੇ ਵਿਚ ਬੋਲੇ ਸਨ ਤੇ ਇਨ੍ਹਾਂ ਦੀ ਇਸ ਤੇ ਬਾਰੇ ਪ੍ਰਾਇਰਿਟੀ ਲੋਅ ਹੈ। ਇਸ ਕੈਨਾਲ ਦੀ ਇਨ੍ਹਾਂ ਦੇ ਸਹੀ ਤਰੀਕੇ ਦੇ ਨਾਲ ਦੇਖਭਾਲ ਨਹੀਂ ਕੀਤੀ ਹੈ। ਇਹ ਕਿਉਂ ਨਹੀਂ ਕੀਤੀ ਇਹ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ। ਜੇਕਰ ਇਨ੍ਹਾਂ ਦਾ ਪੰਜਾਬ ਦੇ ਨਾਲ ਪਿਆਰ ਹੈ, ਕਿਸਾਨਾਂ ਜਾਂ ਲੋਕਾਂ ਦੇ ਨਾਲ ਪਿਆਰ ਹੈ ਤਾਂ ਕੋਈ ਵੀ ਚਾਹੇ ਇਨ੍ਹਾਂ ਦੀ ਸਾਈਡ ਦਾ ਹੋਵੇ ਜਾਂ ਸਾਡੀ ਸਾਈਡ ਦਾ ਹੋਵੇ ਕੋਈ ਵੀ ਪੰਜਾਬ ਦੇ ਨਾਲ ਧੋਖਾ ਨਹੀਂ ਕਰ ਸਕਦਾ। ਮੈਂ ਸਮਝਦਾ ਹਾਂ ਕਿ ਇਹ ਧੋਖਾ ਹੈ। ਇਹ ਮੰਨਣ ਜਾਂ ਨਾ ਮੰਨਣ। ਇਨ੍ਹਾਂ ਦੀ ਸਾਰੀ ਜਾਇਦਾਦ ਹਰਿਆਣਾ ਦੇ ਵਿੱਚ ਹੈ ਔਰ ਉਥੇ ਇਨ੍ਹਾਂ ਦਾ ਯਾਰ ਨਾਲ ਦੇ ਸੂਬੇ ਦੇ ਵਿੱਚ ਹੈ ਤੇ ਆਰਬਿਟ ਰਿਜ਼ਾਰਟ ਦਾ ਜਿਹੜਾ ਸਾਰਾ ਝਗੜਾ ਚਲ ਰਿਹਾ ਸੀ ਔਰ ਇਨ੍ਹਾਂ ਨੇ ਆਰਬਿਟ ਰਿਜ਼ਾਰਟ ਦੇ ਲਈ ਸਾਰੇ ਕਾਨੂੰਨ ਦੀ ਜੋ ਸੁਪਰੀਮ ਕੋਰਟ ਦੇ ਵਿਚ ਪਲੀਅ ਲਈ ਤੇ ਫਿਰ ਇਨ੍ਹਾਂ ਦਾ ਦੂਜਾ ਚੀਫ਼ ਮਨਿਸਟਰ ਦੋਸਤ ਆ ਗਿਆ ਸੀ ਤਾਂ ਉਸ ਨੇ ਉਹ ਸਾਰੀ ਪਲੀਅ ਹੀ ਚੇਂਜ ਕਰ ਦਿੱਤੀ ਔਰ ਇਨ੍ਹਾਂ ਨੂੰ ਰਿਲੀਫ਼ ਉਥੋਂ ਦਿਵਾ ਦਿੱਤੀ ਔਰ ਇਸ ਆਰਬਿਟ ਰਿਜ਼ਾਰਟ ਦੇ ਬਦਲੇ ਇਨ੍ਹਾਂ ਨੂੰ 500 ਕਰੋੜ ਰੁਪਏ ਦੀ ਰਕਮ ਮਿਲ ਗਈ। ਇਨ੍ਹਾਂ ਦੀ ਜਾਇਦਾਦ ਲਈ ਇੱਕ ਨਹਿਰ ਕਢਵਾ ਦਿੱਤੀ ਪਰ ਬਾਕੀ ਹੋਰ ਕਿਸੇ ਵੀ ਪਿੰਡ ਨੂੰ ਇਹ ਨਹਿਰ ਨਹੀਂ ਜਾਂਦੀ ਹੈ। ਇਹ ਤਾਂ ਕੁਝ ਕਰਨਾ ਚਾਹੁੰਦੇ ਸੀ ਪੰਜਾਬ ਦਾ, ਨਹੀਂ ਤਾਂ ਕੋਈ ਪੰਜਾਬ ਦਾ ਲੀਡਰ, ਜਿਸ ਤਰੀਕੇ ਨਾਲ ਇਨਾਂ ਨੇ ਐਸ.ਵਾਈ.ਐਲ. ਦੇ ਕੇਸ ਦੀ ਡੀਲਿੰਗ ਕੀਤੀ ਹੈ, ਕੋਈ ਵੀ ਇਸ ਤਰ੍ਹਾਂ ਨਹੀਂ ਕਰ ਸਕਦਾ। ਇਨ੍ਹਾਂ ਨੇ ਇਸ ਸੌਦੇਬਾਜ਼ੀ ਦੇ ਵਿੱਚ ਕੋਈ ਗੜਬੜ ਕੀਤੀ ਹੈ। ਇਹ ਇਸ ਗੱਲ ਨੂੰ ਕਦੇ ਵੀ ਡਿਨਾਈ ਨਹੀਂ ਕਰ ਸਕਦੇ ਆਪੋਜ਼ੀਸ਼ਨ ਵਾਲਿਆਂ ਦੇ ਸਾਥੀ ਵੀ ਇਹੋ ਜਿਹੇ ਹੀ ਹਨ। ਕਦੇ ਹਿਮਾਚਲ ਵਾਲਾ ਇਥੇ ਆ ਕੇ ਜ਼ਮੀਨ ਜਾਇਦਾਦ ਖਰੀਦਦਾ ਹੈ,

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਇਹ ਹਰਿਆਣੇ ਵਿਚ ਜਾ ਕੇ ਜਾਇਦਾਦ ਖਰੀਦਦੇ ਹਨ ਅਤੇ ਹਰਿਆਣੇ ਵਾਲਾ ਪਤਾ ਨਹੀਂ ਕਿੱਥੇ-ਕਿੱਥੇ ਜਾ ਕੇ ਜ਼ਮੀਨ ਖਰੀਦਦਾ ਹੈ। ਇਸ ਕਿਸਮ ਦਾ ਕੰਮ ਜੋ ਇਹ ਕਰ ਰਹੇ ਹਨ ਇਹ ਗਲਤ ਕਰ ਰਹੇ ਹਨ। ਇਹ ਆਪਣੇ ਨਿੱਜੀ ਸੁਆਰਥ ਵਾਸਤੇ ਸੂਬੇ ਨੂੰ ਵੇਚਣ ਲਈ ਤਿਆਰ ਹੋ ਜਾਂਦੇ ਹਨ। ਇਹ ਆਪਣੇ ਵਕੀਲਾਂ ਦਾ ਬਿਲ ਵੀ ਪੇਅ ਨਹੀਂ ਕਰ ਸਕੇ। ਇਨ੍ਹਾਂ ਨੇ 70 ਹਜ਼ਾਰ ਦਾ ਬਿਲ ਵੀ ਪੇਅ ਨਹੀਂ ਕੀਤਾ। ਇਹ ਬਿਲ ਮੈਂ ਆ ਕੇ ਚੁਕਾਇਆ ਹੈ। ਜੇ ਬਿਲ ਨਹੀਂ ਦੇਣਗੇ ਤਾਂ ਫਿਰ ਵਕੀਲ ਕਿਉਂ ਇਨ੍ਹਾਂ ਵਾਸਤੇ ਕੰਮ ਕਰਨਗੇ? ਇਹ ਜਿਹੜੀਆਂ ਗੱਲਾਂ ਹਨ, they must understand that ਅਸੀਂ ਜੋ ਸਾਰੇ ਇੱਥੇ ਬੈਠੇ ਹਾਂ ਕਾਂਗਰਸ ਪਾਰਟੀ ਵਾਲੇ, ਪੰਜਾਬ ਦੀ ਕਾਂਗਰਸ ਪਾਰਟੀ, ਜੋ ਸਾਰੇ ਇਥੇ ਬੈਠੇ ਹਾਂ, ਰਾਜ ਦੇ ਟ੍ਰਿਬਿਊਨਲ ਦੀ ਅੰਤਰਿਮ ਰਿਪੋਰਟ ਜੋ ਆਈ ਹੈ, ਅਸੀਂ ਰਿਜੈਕਟ ਕਰ ਦਿੱਤੀ। ਕਾਂਗਰਸ ਪਾਰਟੀ ਐਸ.ਵਾਈ.ਐਲ. ਦਾ ਪਾਣੀ ਇਥੋਂ ਜਾਣ ਬਾਰੇ ਕਦੇ ਸੋਚ ਵੀ ਨਹੀਂ ਸਕਦੀ। ਪਹਿਲਾਂ ਇਹ ਪਾਣੀ 17 ਐਮ.ਏ.ਐਫ. ਸੀ ਜੋ ਕਿ ਹੁਣ ਘਟ ਕੇ 14 ਐਮ.ਏ.ਐਫ. ਰਹਿ ਗਿਆ ਹੈ। ਅਸੀਂ ਆਪਣੇ ਸੂਬੇ ਨੂੰ ਮਾਰਨਾ ਨਹੀਂ ਹੈ। ਪਾਣੀ ਜਾਣ ਨਾਲ ਸਾਡੇ ਤਿੰਨ ਜ਼ਿਲ੍ਹੇ ਬਿਲਕੁਲ ਤਬਾਹ ਹੋ ਜਾਣਗੇ—ਮੁਕਤਸਰ, ਬਠਿੰਡਾ ਅਤੇ ਮਾਨਸਾ। ਇਨ੍ਹਾਂ ਜ਼ਿਲ੍ਹਿਆਂ ਵਿਚ ਥੱਲੇ ਦਾ ਪਾਣੀ ਖਾਰਾ ਹੈ ਅਤੇ ਟੇਲਾਂ ਤੇ ਪਾਣੀ ਪਹੁੰਚਦਾ ਨਹੀਂ ਹੈ। ਕੀ ਕੋਈ ਇਹ ਮੰਗ ਕਰ ਸਕਦਾ ਹੈ ਕਿ ਅਸੀ ਤਬਾਹ ਹੋ ਜਾਈਏ। ਇਹ ਗੱਲਾਂ ਕਹਿਣੀਆਂ ਬਿਲਕੁਲ ਬੇਬੁਨਿਆਦ ਹਨ। ਅਸੀਂ ਇਨ੍ਹਾਂ ਗੱਲਾਂ ਲਈ ਇਕ ਪਰਸੈਂਟ ਵੀ ਐਗਰੀ ਨਹੀਂ ਕਰ ਸਕਦੇ। ਅਸੀਂ ਐਸ.ਵਾਈ.ਐਲ. ਨਹਿਰ ਦੇ ਲਈ ਜਿੰਨਾ ਵੀ ਖਰਚ ਕਰਨਾ ਪਿਆ, ਕਰਾਂਗੇ। ਕਿਸੇ ਕਿਸਮ ਦੇ ਖਰਚੇ ਤੋਂ ਸੰਕੋਚ ਨਹੀਂ ਕੀਤਾ ਜਾਵੇਗਾ। (ਥੰਪਿੰਗ)। ਪਾਣੀ ਦੀ ਇੱਕ ਬੂੰਦ ਵੀ ਨਹੀਂ ਜਾਣ ਦੇਵਾਂਗੇ। (ਥੰਪਿੰਗ)।

ਸਪੀਕਰ ਸਾਹਿਬ, ਤੁਸੀਂ ਬਹੁਤ ਲੰਬੇ ਅਰਸੇ ਤੋਂ ਸੁਣ ਰਹੇ ਹੋ। ਪਰ ਇਹ ਜ਼ਰੂਰੀ ਸੀ ਕਿ ਜੋ ਵੀ ਮਸਲੇ ਹਨ ਗਵਰਨਰ ਸਾਹਿਬ ਦੇ ਐਡਰੈਸ ਵਿਚੋਂ, ਉਨ੍ਹਾਂ ਨੂੰ ਡਿਬੇਟ ਦੇ ਤੌਰ ਤੇ ਰੱਖਿਆ ਜਾਵੇ। ਅਗਰ ਆਪੋਜ਼ੀਸ਼ਨ ਨਹੀਂ ਚਾਹੁੰਦੀ ਕਿ ਕੰਸਟਰਕਟਿਵ ਡਿਬੇਟ ਕਰੀਏ ਤਾਂ ਫਿਰ ਸਾਡੀ ਡਿਊਟੀ ਬਣਦੀ ਹੈ ਕਿ ਅਸੀਂ ਆਪਣੇ ਵਲੋਂ ਕੰਸਟਰਕਟਿਵ ਪੱਖ ਰੱਖੀਏ ਤਾਂ ਕਿ ਪੰਜਾਬ ਦੇ ਲੋਕਾਂ ਕੋਲ ਇਹ ਗੱਲ ਪਹੁੰਚ ਸਕੇ। ਸਾਡੀ ਤਾਂ ਸੱਚੇ ਪਾਤਸ਼ਾਹ ਅੱਗੇ ਇਕੋ ਹੀ ਅਰਦਾਸ ਹੈ ਕਿ ਹਰ ਵੇਲੇ ਸਾਨੂੰ ਸੱਚੇ ਪਾਤਸ਼ਾਹ ਤਾਕਤ ਬਖਸ਼ਣ ਤਾਂ ਕਿ ਅਸੀਂ ਪੰਜਾਬ ਦੇ ਲਈ, ਪੰਜਾਬ ਦੇ ਲੋਕਾਂ ਦੇ ਚੰਗੇਰੇ ਭਵਿੱਖ ਲਈ ਹੋਰ ਚੰਗੇ ਕੰਮ ਕਰ ਸਕੀਏ। (ਥੰਪਿੰਗ)।

**Mr. Speaker :** I have also received seven notices of amendment to the Motion of Thanks from some Hon'ble Members. If the House agrees all these amendments may be deemed to have been read and moved.

(Voices : Yes, Yes.)

**AMENDMENT NOTICE NO. 1**

**Shri Tikshan Sud :** That in the motion, the following be added at the end, namely :—

"During the past one year's tenure of Government whatever was stated by the present government in last year's Governor address and also during State Assembly Election has proved untrue as during this

Original with;
Punjab Vidhan Sabha
Digitized by;
Punjab Digital Library

period of one year the development works in Punjab have come to halt, the price of all commodities and services have arisen a lot, there is, a significant electric supply failure, no steps taken to improve the deteriorating condition of farmers, anti employees decisions of the government has added to the agony of the government employees. The democratic norms and values have been shattered in Municipal Corporation, Panchayat Samiti and Zila Parishad and Municipal Councils' elections, the welfare schemes of previous government in favour of weaker sections of society have been diminished, the Trade Business and Industry has started DIEING, Corruption at every stage has increased and there is all around chaos of vengeance, and SHOW OF FORCE by the party in power."

**ਸੋਧਨਾ ਨੋਟਿਸ ਨੰ: 2**

**(1) ਕੈਪਟਨ ਕੰਵਲਜੀਤ ਸਿੰਘ**
**(2) ਸਰਦਾਰਨੀ ਸਤਵੰਤ ਕੌਰ ਸੰਧੂ**
**(3) ਸਰਦਾਰ ਮਨਪ੍ਰੀਤ ਸਿੰਘ ਬਾਦਲ**
: ਕਿ ਮਿਤੀ 17 ਮਾਰਚ, 2003 ਨੂੰ

ਸ਼੍ਰੀ ਸੁਨੀਲ ਕੁਮਾਰ ਜਾਖੜ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਰਾਣਾ ਕੰਵਰਪਾਲ ਸਿੰਘ, ਐਮ.ਐਲ.ਏ. ਦੁਆਰਾ ਪ੍ਰੋੜਤਾ ਕੀਤੇ ਗਏ, ਰਾਜਪਾਲ ਦੁਆਰਾ ਦਿੱਤੇ ਗਏ ਭਾਸ਼ਣ ਤੇ ਧੰਨਵਾਦ ਦੇ ਮਤੇ ਦੇ ਅੰਤ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ :—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਪੰਜਾਬ ਰਾਜ ਵਿੱਚ ਕੋਆਪਰੇਟਿਵ ਸ਼ੂਗਰ ਮਿਲਾਂ ਵਲੋਂ ਪੰਜਾਬ ਦੇ ਕਿਸਾਨਾਂ ਨੂੰ ਉਨ੍ਹਾਂ ਵਲੋਂ ਸਪਲਾਈ ਕੀਤੇ ਗਏ ਗੰਨੇ ਦੀ ਪੂਰੀ ਰਕਮ ਦੀ ਅਦਾਇਗੀ ਲਈ ਕੋਈ ਸਮਾਂ ਨਿਸ਼ਚਿਤ ਨਾ ਕਰਕੇ ਕਿਸਾਨਾਂ ਵਿੱਚ ਪਾਈ ਜਾਂਦੀ ਨਿਰਾਸ਼ਤਾ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

**ਸੋਧਨਾ ਨੋਟਿਸ ਨੰ: 3**

**(1) ਸਰਦਾਰ ਬਲਵਿੰਦਰ ਸਿੰਘ ਭੂੰਦੜ**
**(2) ਸਰਦਾਰ ਹਰਬੰਤ ਸਿੰਘ**
**(3) ਸਰਦਾਰ ਰਣਜੀਤ ਸਿੰਘ ਤਲਵੰਡੀ**
: ਕਿ ਮਿਤੀ 17 ਮਾਰਚ, 2003 ਨੂੰ

ਸ਼੍ਰੀ ਸੁਨੀਲ ਕੁਮਾਰ ਜਾਖੜ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਰਾਣਾ ਕੰਵਰਪਾਲ ਸਿੰਘ, ਐਮ.ਐਲ.ਏ. ਦੁਆਰਾ ਪ੍ਰੋੜਤਾ ਕੀਤੇ ਗਏ, ਰਾਜਪਾਲ ਦੁਆਰਾ ਦਿੱਤੇ ਗਏ ਭਾਸ਼ਣ ਤੇ ਧੰਨਵਾਦ ਦੇ ਮਤੇ ਦੇ ਅੰਤ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ :

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਪੰਜਾਬ ਦੇ ਕੁਝ ਮੰਤਰੀਆਂ ਤੇ ਕਾਂਗਰਸੀ ਲੀਡਰਾਂ ਵਲੋਂ ਗੁਜਰਾਤ ਦੀਆਂ ਚੋਣਾਂ ਦੌਰਾਨ ਅਹਿਮਦਾਬਾਦ ਦੇ ਹੋਟਲਾਂ ਵਿੱਚ ਆਪਣੀ ਠਹਿਰ ਦੌਰਾਨ ਕਥਿਤ ਸੈਕਸ ਸਬੰਧੀ ਕੀਤੀਆਂ ਘਟੀਆ ਹਰਕਤਾਂ ਕਾਰਨ ਅਤੇ ਰਾਜ ਦੇ ਕੁੱਝ ਹੋਰ ਉੱਚ ਸਰਕਲਾਂ ਵਿੱਚ ਵੀ ਅਜਿਹੇ ਰੁਝਾਨ ਕਾਰਨ ਪੰਜਾਬ ਰਾਜ ਦੀ ਆਨ ਤੇ ਸ਼ਾਨ ਨੂੰ ਲਾਏ ਧੱਬੇ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

*Original with;*
Punjab Vidhan Sabha
*Digitized by;*
Panjab Digital Library

**ਸੋਧਨਾ ਨੋਟਿਸ ਨੰ: 4**

(1) **ਸਰਦਾਰ ਬਲਵਿੰਦਰ ਸਿੰਘ ਭੂੰਦੜ**
(2) **ਸਰਦਾਰ ਹਰਬੰਤ ਸਿੰਘ**
(3) **ਸਰਦਾਰ ਰਣਜੀਤ ਸਿੰਘ ਤਲਵੰਡੀ** } : ਕਿ ਮਿਤੀ 17 ਮਾਰਚ, 2003 ਨੂੰ

ਸ੍ਰੀ ਸੁਨੀਲ ਕੁਮਾਰ ਜਾਖੜ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਰਾਣਾ ਕੰਵਰਪਾਲ ਸਿੰਘ, ਐਮ.ਐਲ.ਏ. ਦੁਆਰਾ ਪ੍ਰੋੜਤਾ ਕੀਤੇ ਗਏ, ਰਾਜਪਾਲ ਦੁਆਰਾ ਦਿੱਤੇ ਗਏ ਭਾਸ਼ਣ ਤੇ ਧੰਨਵਾਦ ਦੇ ਮਤੇ ਦੇ ਅੰਤ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ :—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਮਹੀਨਾ ਨਵੰਬਰ, 2002 ਵਿੱਚ ਸਿੱਖਾਂ ਦੀ ਸਰਵ-ਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਰਾਜ ਸਰਕਾਰ ਨੇ ਸਿੱਧਾ ਦਖਲ ਦੇ ਕੇ ਅਤੇ ਸਿੱਖ ਕੌਮ ਦੇ ਪਵਿੱਤਰ ਤੇ ਮਹਾਨ ਗੁਰਧਾਮ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਕੰਪਲੈਕਸ ਵਿੱਚ ਪੁਲਿਸ ਭੇਜ ਕੇ ਸਿੱਖ ਕੌਮ ਦੇ ਦਿਲਾਂ ਨੂੰ ਪਹੁੰਚਾਈ ਠੇਸ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

**ਸੋਧਨਾ ਨੋਟਿਸ ਨੰ: 5**

(1) **ਸਰਦਾਰਨੀ ਸਤਵੰਤ ਕੌਰ ਸੰਧੂ**
(2) **ਸਰਦਾਰ ਮਨਪ੍ਰੀਤ ਸਿੰਘ ਬਾਦਲ**
(3) **ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** } : ਕਿ ਮਿਤੀ 17 ਮਾਰਚ, 2003

ਨੂੰ ਸ੍ਰੀ ਸੁਨੀਲ ਕੁਮਾਰ ਜਾਖੜ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਰਾਣਾ ਕੰਵਰਪਾਲ ਸਿੰਘ, ਐਮ.ਐਲ.ਏ. ਦੁਆਰਾ ਪ੍ਰੋੜਤਾ ਕੀਤੇ ਗਏ, ਰਾਜਪਾਲ ਦੁਆਰਾ ਦਿੱਤੇ ਗਏ ਭਾਸ਼ਣ ਤੇ ਧੰਨਵਾਦ ਦੇ ਮਤੇ ਦੇ ਅੰਤ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ :—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਪੰਜਾਬ ਰਾਜ ਵਿੱਚ ਸਰਕਾਰ ਵਲੋਂ ਵਿਰੋਧੀ ਪਾਰਟੀਆਂ ਦੇ ਨਾਲ ਕਿੜ ਕੱਢਣ ਹਿੱਤ ਉਨ੍ਹਾਂ ਦੇ ਲੀਡਰਾਂ ਤੇ ਪਾਏ ਝੂਠੇ ਕੇਸਾਂ ਅਤੇ ਉਨ੍ਹਾਂ ਤੇ ਪੁਲਿਸ ਦੁਆਰਾ ਕਰਵਾਈਆਂ ਵਧੀਕੀਆਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

**ਸੋਧਨਾ ਨੋਟਿਸ ਨੰ: 6**

(1) **ਕੈਪਟਨ ਕੰਵਲਜੀਤ ਸਿੰਘ**
(2) **ਸਰਦਾਰਨੀ ਸਤਵੰਤ ਕੌਰ ਸੰਧੂ**
(3) **ਸਰਦਾਰ ਮਨਪ੍ਰੀਤ ਸਿੰਘ ਬਾਦਲ** } : ਕਿ ਮਿਤੀ 17 ਮਾਰਚ, 2003 ਨੂੰ

ਸ੍ਰੀ ਸੁਨੀਲ ਕੁਮਾਰ ਜਾਖੜ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਰਾਣਾ ਕੰਵਰਪਾਲ ਸਿੰਘ, ਐਮ.ਐਲ.ਏ. ਦੁਆਰਾ ਪ੍ਰੋੜਤਾ ਕੀਤੇ ਗਏ, ਰਾਜਪਾਲ ਦੁਆਰਾ ਦਿੱਤੇ ਗਏ ਭਾਸ਼ਣ ਤੇ ਧੰਨਵਾਦ ਦੇ ਮਤੇ ਦੇ ਅੰਤ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ :—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ 2 ਅਤੇ 9 ਮਾਰਚ, 2003 ਨੂੰ ਹੋਈਆਂ ਮਿਊਂਸਿਪਲ ਕੌਂਸਲਾਂ/ਨਗਰ ਪ੍ਰੀਸ਼ਦਾਂ/ਨਗਰ ਪੰਚਾਇਤਾਂ ਦੀਆਂ ਚੋਣਾਂ ਵਿੱਚ ਵੱਡੇ ਪੱਧਰ ਤੇ ਹਿੰਸਕ ਘਟਨਾਵਾਂ, ਬੂਥ ਕੈਪਚਰਿੰਗ, ਸਰਕਾਰੀ ਮਸ਼ੀਨਰੀ ਦੇ ਪਖਪਾਤੀ ਰਵੱਈਏ ਤੇ ਧਾਂਦਲੀਆਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

Original with;
Punjab Vidhan Sabha
Digitized by;
Punjab Digital Library

ਸੋਧਨਾ ਨੋਟਿਸ ਨੰ: 7

(1) ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ
(2) ਸਰਦਾਰ ਨਿਰਮਲ ਸਿੰਘ
(3) ਸਰਦਾਰਨੀ ਸਤਵੰਤ ਕੌਰ ਸੰਧੂ
: ਕਿ ਮਿਤੀ 17 ਮਾਰਚ, 2003

ਨੂੰ ਸ਼੍ਰੀ ਸੁਨੀਲ ਕੁਮਾਰ ਜਾਖੜ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਰਾਣਾ ਕੰਵਰਪਾਲ ਸਿੰਘ, ਐਮ.ਐਲ.ਏ. ਦੁਆਰਾ ਪ੍ਰੋੜਤਾ ਕੀਤੇ ਗਏ, ਰਾਜਪਾਲ ਦੁਆਰਾ ਦਿੱਤੇ ਗਏ ਭਾਸ਼ਣ ਤੇ ਧੰਨਵਾਦ ਦੇ ਮਤੇ ਦੇ ਅੰਤ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ :—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਰਾਜ ਵਿੱਚ ਸੰਵਿਧਾਨ ਦੀ 85ਵੀਂ ਸੋਧ ਅਨੁਸਾਰ ਰਾਜ ਦੀਆਂ ਸੇਵਾਵਾਂ ਅਤੇ ਆਸਾਮੀਆਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਸਿੱਧੀ ਭਰਤੀ ਤੇ ਤਰੱਕੀਆਂ ਵਿੱਚ ਰਿਜ਼ਰਵੇਸ਼ਨ ਪਾਲਿਸੀ ਬਾਰੇ ਢੁਕਵੀਆਂ ਹਦਾਇਤਾਂ ਨਾ ਜਾਰੀ ਕਰਨ ਦੇ ਕਾਰਨਾਂ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

**Mr. Speaker :** Before putting the Motion of Thanks to the vote of the House, I would first put the amendment notices given by some Hon'ble Members to the vote of the House.

**AMENDMENT NOTICE NO. 1**

**Mr. Speaker** : Question is—

That in the motion, the following be added at the end, namely :—

"During the Past one year's tenure of Government whatever was stated by the present government in last year's Governor address and also during State Assembly election has proved untrue as during this period of one year the development works in Punjab have come to halt, the price of all commodities and services have arisen a lot, there is, a significant electric supply failure, no steps taken to improve the deteriorating condition of farmers, anti employees decisions of the government has added to the agony of the government employees. The democratic norms and values have been shattered in Municipal Corporation, Panchayat Samiti and Zila Parishad and Municipal Councils elections, the welfare schemes of previous government in favour of weaker sections of society have been diminished, the Trade Business and Industry has started DIEING, Corruption at every stage has increased and there is all around chaos of vengeance, and SHOW OF FORCE by the party in power."

*The motion was lost.*

Original with;
Punjab Vidhan Sabha
Digitized by;
Panjab Digital Library

**ਸੋਧਨਾ ਨੋਟਿਸ ਨੰ: 2**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਮਿਤੀ 17 ਮਾਰਚ, 2003 ਨੂੰ ਸ਼੍ਰੀ ਸੁਨੀਲ ਕੁਮਾਰ ਜਾਖੜ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਰਾਣਾ ਕੰਵਰਪਾਲ ਸਿੰਘ, ਐਮ.ਐਲ.ਏ. ਦੁਆਰਾ ਪ੍ਰੋੜਤਾ ਕੀਤੇ ਗਏ, ਰਾਜਪਾਲ ਦੁਆਰਾ ਦਿੱਤੇ ਗਏ ਭਾਸ਼ਣ ਤੇ ਧੰਨਵਾਦ ਦੇ ਮਤੇ ਦੇ ਅੰਤ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ :-

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਪੰਜਾਬ ਰਾਜ ਵਿੱਚ ਕੁਆਪਰੇਟਿਵ ਸ਼ੂਗਰ ਮਿਲਾਂ ਵਲੋਂ ਪੰਜਾਬ ਦੇ ਕਿਸਾਨਾਂ ਨੂੰ ਉਨ੍ਹਾਂ ਵਲੋਂ ਸਪਲਾਈ ਕੀਤੇ ਗਏ ਗੰਨੇ ਦੀ ਪੂਰੀ ਰਕਮ ਦੀ ਅਦਾਇਗੀ ਲਈ ਕੋਈ ਸਮਾਂ ਨਿਸ਼ਚਿਤ ਨਾ ਕਰਕੇ ਕਿਸਾਨਾਂ ਵਿੱਚ ਪਾਈ ਜਾਂਦੀ ਨਿਰਾਸ਼ਤਾ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

*ਪ੍ਰਸਤਾਵ ਅਪ੍ਰਵਾਨ ਹੋਇਆ।*

**ਸੋਧਨਾ ਨੋਟਿਸ ਨੰ: 3**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਮਿਤੀ 17 ਮਾਰਚ, 2003 ਨੂੰ ਸ਼੍ਰੀ ਸੁਨੀਲ ਕੁਮਾਰ ਜਾਖੜ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਰਾਣਾ ਕੰਵਰਪਾਲ ਸਿੰਘ, ਐਮ.ਐਲ.ਏ. ਦੁਆਰਾ ਪ੍ਰੋੜਤਾ ਕੀਤੇ ਗਏ, ਰਾਜਪਾਲ ਦੁਆਰਾ ਦਿੱਤੇ ਗਏ ਭਾਸ਼ਣ ਤੇ ਧੰਨਵਾਦ ਦੇ ਮਤੇ ਦੇ ਅੰਤ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ :—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਪੰਜਾਬ ਦੇ ਕੁਝ ਮੰਤਰੀਆਂ ਤੇ ਕਾਂਗਰਸੀ ਲੀਡਰਾਂ ਵਲੋਂ ਗੁਜਰਾਤ ਦੀਆਂ ਚੋਣਾਂ ਦੌਰਾਨ ਅਹਿਮਦਾਬਾਦ ਦੇ ਹੋਟਲਾਂ ਵਿੱਚ ਆਪਣੀ ਠਹਿਰ ਦੌਰਾਨ ਕਥਿਤ ਸੈਕਸ ਸਬੰਧੀ ਕੀਤੀਆਂ ਘਟੀਆ ਹਰਕਤਾਂ ਕਾਰਨ ਅਤੇ ਰਾਜ ਦੇ ਕੁਝ ਹੋਰ ਉੱਚ ਸਰਕਲਾਂ ਵਿੱਚ ਵੀ ਅਜਿਹੇ ਰੁਝਾਨ ਕਾਰਨ ਪੰਜਾਬ ਰਾਜ ਦੀ ਆਨ ਤੇ ਸ਼ਾਨ ਨੂੰ ਲਾਏ ਧੱਬੇ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

*ਪ੍ਰਸਤਾਵ ਅਪ੍ਰਵਾਨ ਹੋਇਆ।*

**ਸੋਧਨਾ ਨੋਟਿਸ ਨੰ: 4**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਮਿਤੀ 17 ਮਾਰਚ, 2003 ਨੂੰ ਸ਼੍ਰੀ ਸੁਨੀਲ ਕੁਮਾਰ ਜਾਖੜ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਰਾਣਾ ਕੰਵਰਪਾਲ ਸਿੰਘ, ਐਮ.ਐਲ.ਏ. ਦੁਆਰਾ ਪ੍ਰੋੜਤਾ ਕੀਤੇ ਗਏ, ਰਾਜਪਾਲ ਦੁਆਰਾ ਦਿੱਤੇ ਗਏ ਭਾਸ਼ਣ ਤੇ ਧੰਨਵਾਦ ਦੇ ਮਤੇ ਦੇ ਅੰਤ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ :—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਮਹੀਨਾ ਨਵੰਬਰ, 2002 ਵਿੱਚ ਸਿੱਖਾਂ ਦੀ ਸਰਵ-ਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਰਾਜ ਸਰਕਾਰ ਨੇ ਸਿੱਧਾ ਦਖਲ ਦੇ ਕੇ ਅਤੇ ਸਿੱਖ ਕੌਮ ਦੇ ਪਵਿੱਤਰ ਤੇ ਮਹਾਨ ਗੁਰਧਾਮ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਕੰਪਲੈਕਸ ਵਿੱਚ ਪੁਲਿਸ ਭੇਜ ਕੇ ਸਿੱਖ ਕੌਮ ਦੇ ਦਿਲਾਂ ਨੂੰ ਪਹੁੰਚਾਈ ਠੇਸ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

*ਪ੍ਰਸਤਾਵ ਅਪ੍ਰਵਾਨ ਹੋਇਆ।*

Original with;
Punjab Vidhan Sabha
Digitized by;
Panjab Digital Library

**ਸੋਧਨਾ ਨੋਟਿਸ ਨੰ: 5**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਮਿਤੀ 17 ਮਾਰਚ, 2003 ਨੂੰ ਸ਼੍ਰੀ ਸੁਨੀਲ ਕੁਮਾਰ ਜਾਖੜ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਰਾਣਾ ਕੰਵਰਪਾਲ ਸਿੰਘ, ਐਮ.ਐਲ.ਏ. ਦੁਆਰਾ ਪ੍ਰੋੜਤਾ ਕੀਤੇ ਗਏ, ਰਾਜਪਾਲ ਦੁਆਰਾ ਦਿੱਤੇ ਗਏ ਭਾਸ਼ਣ ਤੇ ਧੰਨਵਾਦ ਦੇ ਮਤੇ ਦੇ ਅੰਤ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ :—

> "ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਪੰਜਾਬ ਰਾਜ ਵਿੱਚ ਸਰਕਾਰ ਵਲੋਂ ਵਿਰੋਧੀ ਪਾਰਟੀਆਂ ਦੇ ਨਾਲ ਕਿੜ ਕੱਢਣ ਹਿੱਤ ਉਨ੍ਹਾਂ ਦੇ ਲੀਡਰਾਂ ਤੇ ਪਾਏ ਝੂਠੇ ਕੇਸਾਂ ਅਤੇ ਉਨ੍ਹਾਂ ਤੇ ਪੁਲਿਸ ਦੁਆਰਾ ਕਰਵਾਈਆਂ ਵਧੀਕੀਆਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

*ਪ੍ਰਸਤਾਵ ਅਪ੍ਰਵਾਨ ਹੋਇਆ।*

**ਸੋਧਨਾ ਨੋਟਿਸ ਨੰ: 6**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਮਿਤੀ 17 ਮਾਰਚ, 2003 ਨੂੰ ਸ਼੍ਰੀ ਸੁਨੀਲ ਕੁਮਾਰ ਜਾਖੜ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਰਾਣਾ ਕੰਵਰਪਾਲ ਸਿੰਘ, ਐਮ.ਐਲ.ਏ. ਦੁਆਰਾ ਪ੍ਰੋੜਤਾ ਕੀਤੇ ਗਏ, ਰਾਜਪਾਲ ਦੁਆਰਾ ਦਿੱਤੇ ਗਏ ਭਾਸ਼ਣ ਤੇ ਧੰਨਵਾਦ ਦੇ ਮਤੇ ਦੇ ਅੰਤ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ :—

> "ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ 2 ਅਤੇ 9 ਮਾਰਚ, 2003 ਨੂੰ ਹੋਈਆਂ ਮਿਉਂਸਿਪਲ ਕੌਂਸਲਾਂ/ਨਗਰ ਪ੍ਰੀਸ਼ਦਾਂ/ਨਗਰ ਪੰਚਾਇਤਾਂ ਦੀਆਂ ਚੋਣਾਂ ਵਿੱਚ ਵੱਡੇ ਪੱਧਰ ਤੇ ਹਿੰਸਕ ਘਟਨਾਵਾਂ, ਬੂਥ ਕੈਪਚਰਿੰਗ, ਸਰਕਾਰੀ ਮਸ਼ੀਨਰੀ ਦੇ ਪਖਪਾਤੀ ਰਵੱਈਏ ਤੇ ਧਾਂਦਲੀਆਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

*ਪ੍ਰਸਤਾਵ ਅਪ੍ਰਵਾਨ ਹੋਇਆ।*

**ਸੋਧਨਾ ਨੋਟਿਸ ਨੰ: 7**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ—

ਕਿ ਮਿਤੀ 17 ਮਾਰਚ, 2003 ਨੂੰ ਸ਼੍ਰੀ ਸੁਨੀਲ ਕੁਮਾਰ ਜਾਖੜ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਰਾਣਾ ਕੰਵਰਪਾਲ ਸਿੰਘ, ਐਮ.ਐਲ.ਏ. ਦੁਆਰਾ ਪ੍ਰੋੜਤਾ ਕੀਤੇ ਗਏ, ਰਾਜਪਾਲ ਦੁਆਰਾ ਦਿੱਤੇ ਗਏ ਭਾਸ਼ਣ ਤੇ ਧੰਨਵਾਦ ਦੇ ਮਤੇ ਦੇ ਅੰਤ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ :—

> "ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਰਾਜ ਵਿੱਚ ਸੰਵਿਧਾਨ ਦੀ 85ਵੀਂ ਸੋਧ ਅਨੁਸਾਰ ਰਾਜ ਦੀਆਂ ਸੇਵਾਵਾਂ ਅਤੇ ਆਸਾਮੀਆਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਸਿੱਧੀ ਭਰਤੀ ਤੇ ਤਰੱਕੀਆਂ ਵਿੱਚ ਰਿਜ਼ਰਵੇਸ਼ਨ ਪਾਲਿਸੀ ਬਾਰੇ ਢੁੱਕਵੀਆਂ ਹਦਾਇਤਾਂ ਨਾ ਜਾਰੀ ਕਰਨ ਦੇ ਕਾਰਨਾਂ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

*ਪ੍ਰਸਤਾਵ ਅਪ੍ਰਵਾਨ ਹੋਇਆ।*

**Mr. Speaker** : Now, I put the Motion of Thanks moved by Shri Sunil Kumar Jakhar and seconded by Rana Kanwar Pal Singh to the vote of the House.

*Original with;*
Punjab Vidhan Sabha
*Digitized by;*
Punjab Digital Library

**Mr. Speaker** : Question is—

"That an Address be presented to the Governor in the following terms :—

'That the Members of this House assembled in this Session are deeply grateful to the Governor for the Address which he has been pleased to deliver to the House on the 14th March, 2003'."

*The motion was carried.*

**Mr. Speaker** : I have to inform the House that the meetings of the CPA and IPA fixed for today after the Session stand postponed.

**Mr. Speaker** : The House stands adjourned till 10.00 A.M. on Monday, the 24th March, 2003.

*3.55 P.M.

(The Sabha then* adjourned till 10.00 A.M. on Monday, the 24th March, 2003).

——o—o——

*3991/PVS—Govt. Press, U.T., Chd.*

Original with;
Punjab Vidhan Sabha
Digitized by;
Punjab Digital Library

)03

ng

ply
ed

PA

ay,

M.

*Original with;*
Punjab Vidhan Sabha
*Digitized by;*
Panjab Digital Library

© 2003

Published under the authority of the Punjab Vidhan Sabha and Printed by The Controller, Printing and Stationery , U.T., Chandigarh.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*24th March, 2003*

Vol. IV–No. 5

OFFICIAL REPORT

CONTENTS

*Monday, the 24th March, 2003*


| | Page |
|---|---|
| Starred Questions and Answers | (5) 1 |
| Presentation of Budget Estimates for the Year 2003-04 | (5) 19 |



Punjab Vidhan Sabha Secretariat, Chandigarh.

Price Rs. __________



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Monday, the 24th March, 2003*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Kewal Krishan) in the Chair.*

---

## STARRED QUESTIONS AND ANSWERS

**ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਹੋਸਟਲ ਸਹੂਲਤਾਂ ਪ੍ਰਦਾਨ ਕਰਨਾ**

*463. (1) **ਸ੍ਰੀ ਨੱਥੂ ਰਾਮ**
(2) **ਸ੍ਰੀ ਤਰਲੋਚਨ ਸਿੰਘ** } : ਕੀ ਸਮਾਜਿਕ ਸੁਰੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਹੋਸਟਲ ਸਹੂਲਤਾਂ ਪ੍ਰਦਾਨ ਕਰਨ ਲਈ ਸਾਲਾਂ 2000-2001, 2001-2002 ਅਤੇ 2002-03 ਦੇ ਦੌਰਾਨ ਕੇਂਦਰੀ ਸਰਕਾਰ ਵਲੋਂ ਸਾਲ-ਵਾਰ ਕਿੰਨੀ ਰਕਮ ਪ੍ਰਾਪਤ ਕੀਤੀ ਗਈ ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਦਰਜਿਤ ਰਕਮ ਉਕਤ ਉਦੇਸ਼ ਲਈ ਖਰਚ ਕੀਤੀ ਗਈ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ੍ਰੀਮਾਨ ਜੀ, ਸਦਨ ਦੀ ਮੇਜ਼ ਤੇ ਸਟੇਟਮੈਂਟ ਰੱਖੀ ਜਾਂਦੀ ਹੈ ।

**ਸਟੇਟਮੈਂਟ**

(ੳ) ਰਾਜ ਵਿੱਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਹੋਸਟਲ ਸਹੂਲਤਾਂ ਪ੍ਰਦਾਨ ਕਰਨ ਲਈ ਸਾਲਾਂ 2000-2001, 2001-2002 ਅਤੇ 2002-2003 ਦੌਰਾਨ ਕੇਂਦਰੀ ਸਰਕਾਰ ਵੱਲੋਂ ਸਾਲ-ਵਾਰ ਪ੍ਰਾਪਤ ਕੀਤੀ ਰਕਮ ਦੀ ਡਿਟੇਲ ਹੇਠ-ਲਿਖੇ ਅਨੁਸਾਰ ਹੈ :—

(ਰਕਮ ਲੱਖਾਂ ਵਿਚ)

| ਸਾਲ | ਕੇਂਦਰੀ ਸਰਕਾਰ ਤੋਂ ਪ੍ਰਾਪਤ ਰਕਮ |
|---|---|
| 2000-2001 | — |
| 2001-2002 | 11.57 |
| 2002-2003 | — |

Original with;
Punjab Vidhan Sabha
Digitized by;
Panjab Digital Library

[ਸਮਾਜਿਕ ਸੁਰੱਖਿਆ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ]

(ਅ) ਸਾਲ 2000-2001, 2001-2002 ਅਤੇ 2002-2003 ਵਿਚ ਸਾਲ-ਵਾਰ ਖਰਚ ਕੀਤੀ ਰਕਮ ਅਤੇ ਰਕਮ ਨਾ ਖਰਚਣ ਦੇ ਕਾਰਨ ਹੇਠ-ਲਿਖੇ ਅਨੁਸਾਰ ਹਨ :—

(ਰਕਮ ਲੱਖਾਂ ਵਿੱਚ)

| ਸਾਲ | ਖਰਚ ਕੀਤੀ ਰਾਸ਼ੀ | ਕਾਰਨ |
|---|---|---|
| 2000-2001 | — | ਭਾਰਤ ਸਰਕਾਰ ਵੱਲੋਂ ਕੋਈ ਰਕਮ ਰਲੀਜ਼ ਨਹੀਂ ਕੀਤੀ ਗਈ। |
| 2001-2002 | — | ਰਾਜ ਸਰਕਾਰ ਵੱਲੋਂ ਕੋਈ ਰਕਮ ਰਲੀਜ਼ ਨਹੀਂ ਕੀਤੀ ਗਈ। |
| 2002-2003 | — | ਹੁਣ ਤੱਕ ਕੋਈ ਰਕਮ ਰਲੀਜ਼ ਨਹੀਂ ਕੀਤੀ ਗਈ। |

**ਸ਼੍ਰੀ ਨੱਥੂ ਰਾਮ** : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਾਲ 2000-01 ਤੋਂ ਲੈ ਕੇ ਸਾਲ 2002-2003 ਤੱਕ ਕੋਈ ਰਕਮ ਸਰਕਾਰ ਵਲੋਂ ਰਿਲੀਜ਼ ਨਹੀਂ ਕੀਤੀ ਗਈ ਅਤੇ ਨਾ ਹੀ ਭਾਰਤ ਸਰਕਾਰ ਤੋਂ ਸਾਲ 2000-2001 ਤੋਂ 2002-2003 ਤੱਕ ਕੋਈ ਰਕਮ ਰਿਲੀਜ਼ ਹੋਈ ਹੈ। ਇਹ ਰਕਮ ਭਾਰਤ ਸਰਕਾਰ ਕੋਲੋਂ ਰਿਲੀਜ਼ ਕਰਵਾਉਣ ਲਈ ਸਾਡੀ ਸਰਕਾਰ ਨੇ ਕੀ ਉਪਰਾਲੇ ਕੀਤੇ ਹਨ ?

**ਮੰਤਰੀ** : ਸਪੀਕਰ ਸਾਹਿਬ, ਸਾਲ 2000-01 ਦੌਰਾਨ ਕੇਂਦਰ ਸਰਕਾਰ ਤੋਂ ਸਹਾਇਤਾ ਪ੍ਰਾਪਤ ਕਰਨ ਲਈ ਵੱਖ ਵੱਖ ਸੰਸਥਾਵਾਂ ਲਈ ਤਜਵੀਜ਼ਾਂ ਭੇਜੀਆਂ ਗਈਆਂ ਸਨ ਪਰ ਭਾਰਤ ਸਰਕਾਰ ਵਲੋਂ ਮਿਤੀ 31.3.2001 ਤੱਕ ਕੋਈ ਤਜਵੀਜ਼ ਪ੍ਰਵਾਨ ਨਹੀਂ ਕੀਤੀ ਗਈ ਸੀ। ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੇ ਲੜਕਿਆਂ ਲਈ ਹੋਸਟਲ ਦੀ ਇਮਾਰਤ ਵਿਚ ਵਾਧਾ ਕਰਨ ਲਈ 23.13 ਲੱਖ ਰੁਪਿਆ ਅਤੇ ਐਸ.ਡੀ.ਗਰਲਜ਼ ਕਾਲਜ, ਬਰਨਾਲਾ ਦੀਆਂ ਲੜਕੀਆਂ ਲਈ ਹੋਸਟਲ ਦੀ ਇਮਾਰਤ ਵਿਚ ਵਾਧਾ ਕਰਨ ਲਈ 14.64 ਲੱਖ ਰੁਪਏ ਦੀ ਤਜਵੀਜ਼ ਭੇਜੀ ਗਈ ਸੀ। ਇਸ ਤੋਂ ਇਲਾਵਾ ਕੁਝ ਹੋਰ ਸਕੀਮਾਂ ਸਬੰਧੀ ਭਾਰਤ ਸਰਕਾਰ ਨਾਲ ਰਕਮ ਰਿਲੀਜ਼ ਕਰਵਾਉਣ ਲਈ ਮਾਮਲਾ ਟੇਕ ਅੱਪ ਕੀਤਾ ਹੋਇਆ ਹੈ ਔਰ ਇਸ ਸਾਲ ਦੇ ਬਜਟ ਵਿਚ ਵੀ ਰੇਗੂਲਰ ਪ੍ਰੋਵੀਜ਼ਨ ਕੀਤੀ ਹੋਈ ਹੈ। ਰਾਜ ਸਰਕਾਰ ਨੇ ਭਾਰਤ ਸਰਕਾਰ ਨਾਲ ਰੇਗੂਲਰ ਇਹ ਮਾਮਲਾ ਟੇਕ ਅੱਪ ਕੀਤਾ ਹੋਇਆ ਹੈ ਅਤੇ ਹੋਸਟਲ ਦੀ ਗਰਾਂਟ ਰਿਲੀਜ਼ ਕਰਾਉਣ ਦੇ ਯਤਨ ਕੀਤੇ ਜਾ ਰਹੇ ਹਨ।

———

Original with;
Punjab Vidhan Sabha
Digitized by;
Panjab Digital Library

## ਪੋਸਟ-ਮੈਟ੍ਰਿਕ ਅਤੇ ਪੋਸਟ-ਗਰੈਜੂਏਟ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥਣਾਂ ਲਈ ਸਪੈਸ਼ਲ ਗਰਾਂਟਾਂ

*464. (1) ਸ਼੍ਰੀ ਨੱਥੂ ਰਾਮ
(2) ਸ਼੍ਰੀ ਤਰਲੋਚਨ ਸਿੰਘ : ਕੀ ਸਮਾਜਿਕ ਸੁਰੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਪੋਸਟ-ਮੈਟ੍ਰਿਕ ਅਤੇ ਪੋਸਟ-ਗਰੈਜੂਏਟ ਕਲਾਸਾਂ ਵਿਚ ਪੜ੍ਹਦੀਆਂ ਅਨੁਸੂਚਿਤ ਜਾਤੀ ਦੀਆਂ ਵਿਦਿਆਰਥਣਾਂ ਨੂੰ ਸਪੈਸ਼ਲ ਗਰਾਂਟ ਦੇਣ ਲਈ ਸਾਲਾਂ 2000-01, 2001-02 ਅਤੇ 2002-03 ਲਈ ਬਜਟ ਅੰਨੁਮਾਨਾਂ ਵਿਚ ਮਖਸੂਸ ਕੀਤੀ ਗਈ ਸਾਲ-ਵਾਰ ਰਕਮ ਕਿੰਨੀ ਹੈ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਉਕਤ ਉਦੇਸ਼ ਲਈ ਖਰਚ ਕੀਤੀ ਗਈ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਸਦਨ ਦੀ ਮੇਜ਼ ਤੇ ਸਟੇਟਮੈਂਟ ਰੱਖੀ ਜਾਂਦੀ ਹੈ।

### ਸਟੇਟਮੈਂਟ

(ੳ) ਸਾਲ 2000-01, 2001-2002 ਅਤੇ 2002-03 ਦੌਰਾਨ ਅਨੁਸੂਚਿਤ ਜਾਤੀ ਦੀਆਂ ਵਿਦਿਆਰਥਣਾਂ ਨੂੰ ਸਪੈਸ਼ਲ ਗਰਾਂਟ ਦੇਣ ਦੀ ਸਕੀਮ ਅਧੀਨ ਮਖਸੂਸ ਰੱਖੀ ਰਾਸ਼ੀ ਦਾ ਵੇਰਵਾ ਹੇਠ ਅਨੁਸਾਰ ਹੈ :—

| ਸਾਲ | ਬਜਟ ਅਲਾਟਮੈਂਟ (ਰਕਮ ਲੱਖਾਂ ਵਿਚ) |
|---|---|
| 2000-2001 | 50.00 |
| 2001-02 | 50.00 |
| 2002-03 | 50.00 |

(ਅ) ਵਰਤੀ ਗਈ ਰਾਸ਼ੀ/ਖਰਚੇ ਦਾ ਸਾਲ-ਵਾਰ ਵੇਰਵਾ :—

| ਸਾਲ | ਵਰਤੀ ਰਾਸ਼ੀ/ਖਰਚਾ (ਰਕਮ ਲੱਖਾਂ ਵਿਚ) | |
|---|---|---|
| 2000-01 | 43.33 | (ਬਾਕੀ ਰਹਿੰਦੀ ਰਾਸ਼ੀ ਸਮੇਂ-ਸਮੇਂ ਤੇ ਖਜ਼ਾਨਿਆਂ ਤੇ ਰੋਕ ਲੱਗਣ ਕਾਰਨ ਕਢਵਾਈ ਨਹੀਂ ਜਾ ਸਕੀ। |
| 2001-02 | 11.07 | |
| 2002-03 | 39.96 | |

Original with;
Punjab Vidhan Sabha
Digitized by;
Panjab Digital Library

**ਸ਼੍ਰੀ ਨੱਥੂ ਰਾਮ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੋਸਟ ਮੈਟ੍ਰਿਕ ਤੇ ਪੋਸਟ ਗਰੈਜੂਏਟ ਸ਼ਡਿਊਲਡ ਕਾਸਟ ਦੇ ਵਿਦਿਆਰਥੀਆਂ ਨੂੰ ਸਪੈਸ਼ਲ ਗਰਾਂਟ ਦੇਣ ਲਈ ਸਰਕਾਰ ਵਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ ? ਇਸ ਦੇ ਵੇਰਵੇ ਦੱਸੇ ਜਾਣ ।

**ਮੰਤਰੀ** : ਸਪੀਕਰ ਸਾਹਿਬ, ਸਾਲ 2002-2003 ਵਿੱਚ ਇਸ ਸਕੀਮ ਤਹਿਤ 41.31 ਲੱਖ ਰੁਪਿਆ 15-3-03 ਤੱਕ ਖਰਚਿਆ ਜਾ ਚੁੱਕਿਆ ਹੈ ਅਤੇ ਬਾਕੀ ਰਹਿੰਦੀ ਰਾਸ਼ੀ ਮਿਤੀ 31-3-2003 ਤੱਕ ਖਰਚ ਕਰ ਲਈ ਜਾਵੇਗੀ । ਇਸ ਸਕੀਮ ਅਧੀਨ ਸਾਲ 2000-01 ਦੌਰਾਨ 43.33 ਲੱਖ ਰੁਪਿਆ ਖਰਚ ਕਰਕੇ 6565 ਲੜਕੀਆਂ ਨੂੰ ਲਾਭ ਦਿੱਤਾ ਜਾ ਚੁੱਕਾ ਹੈ ਤੇ ਸਾਲ 2001-02 ਦੌਰਾਨ 11.07 ਲੱਖ ਰੁਪਏ ਖਰਚ ਕਰਕੇ 1677 ਲੜਕੀਆਂ ਨੂੰ ਲਾਭ ਦਿੱਤਾ ਗਿਆ ਹੈ ਅਤੇ ਬਾਕੀ ਰਹਿੰਦੀ 38.93 ਲੱਖ ਰੁਪਏ ਦੀ ਰਾਸ਼ੀ ਖਜ਼ਾਨੇ ਤੋਂ ਸਮੇਂ ਸਮੇਂ ਤੇ ਰੋਕ ਲਗਣ ਕਾਰਨ ਕਢਵਾਈ ਨਹੀਂ ਸੀ ਜਾ ਸਕੀ। ਸਪੀਕਰ ਸਾਹਿਬ, ਇਹ ਇਕ ਸੈਪਰੇਟ ਕੁਐਸਚਨ ਦੇ ਦਿੰਦੇ ਤਾਂ ਮੈਂ ਸਾਰੇ ਪੰਜਾਬ ਦੇ ਬਾਰੇ ਵੇਰਵਾ ਦੇ ਦਿੰਦਾ । ਬਾਕੀ ਮੇਰੇ ਕੋਲ ਡਿਸਟ੍ਰਿਕਟ ਵਾਈਜ਼ ਸਾਰੀਆਂ ਫਿਗਰਜ਼ ਹਨ ਤੇ ਇਹ ਸਟੇਟਮੈਂਟ ਲੰਮੀ ਹੈ । ਇਹ ਮੈਂ ਇਨ੍ਹਾਂ ਨੂੰ ਪ੍ਰੋਵਾਈਡ ਕਰ ਦੇਵਾਂਗਾ । ਪੰਜਾਬ ਵਿੱਚ ਜਨਰਲ ਕੈਟਾਗਰੀ ਦਾ ਲਿਟਰੇਸੀ ਰੇਟ 58.51% ਹੈ । ਇਸ ਦੇ ਵਿੱਚ ਮੇਲ 65.66% ਤੇ ਫੀਮੇਲ 50.41% ਹੈ । ਪੰਜਾਬ ਵਿੱਚ ਸ਼ਡਿਊਲਡ ਕਾਸਟ ਦਾ ਜੋ ਟੋਟਲ ਲਿਟਰੇਸੀ ਰੇਟ ਹੈ, ਉਹ 41.09% ਹੈ । ਇਸ ਦੇ ਵਿੱਚ ਮੇਲ ਦਾ ਲਿਟਰੇਸੀ ਰੇਟ 49.82% ਹੈ ਤੇ ਫੀਮੇਲ ਦਾ ਲਿਟਰੇਸੀ ਰੇਟ 31.03% ਹੈ ।

---

## ਤਹਿਸੀਲ ਖਰੜ ਵਿਚ ਪੈਂਦੀ ਨਾਡਾ ਨਦੀ ਵਿਚੋਂ ਗੈਰ-ਕਾਨੂੰਨੀ ਤੌਰ ਤੇ ਰੇਤਾ ਚੁੱਕਣਾ

*271. **ਸ਼੍ਰੀ ਤਿਕਸ਼ਨ ਸੂਦ** (ਸ਼੍ਰੀ ਅਵਿਨਾਸ਼ ਰਾਏ ਖੰਨਾ ਵੱਲੋਂ ਪੇਸ਼ ਕੀਤਾ ਗਿਆ) : ਕੀ ਜੰਗਲਾਤ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੂੰ ਪਿੰਡ ਨਾਡਾ, ਤਹਿਸੀਲ ਖਰੜ, ਜ਼ਿਲ੍ਹਾ ਰੋਪੜ ਤੇ ਵਸਨੀਕਾਂ ਪਾਸੋਂ ਨਾਡਾ ਨਦੀ ਵਿਚੋਂ ਗੈਰ-ਕਾਨੂੰਨੀ ਤੌਰ ਤੇ ਰੇਤਾ ਚੁੱਕਣ ਸਬੰਧੀ 10 ਅਕਤੂਬਰ, 1999 ਨੂੰ ਕੋਈ ਸ਼ਿਕਾਇਤ ਪ੍ਰਾਪਤ ਹੋਈ ਸੀ ;

(ਅ) ਕੀ ਇਹ ਠੀਕ ਹੈ ਕਿ ਉਸ ਵੇਲੇ ਦੇ ਜੰਗਲਾਤ ਮੰਤਰੀ ਨੇ ਉਕਤ ਨਦੀ ਵਿਚੋਂ ਗੈਰ-ਕਾਨੂੰਨੀ ਤੌਰ ਤੇ ਰੇਤਾ ਚੁੱਕਵਾਉਣ ਲਈ ਜ਼ਿੰਮੇਵਾਰ ਪਾਏ ਗਏ ਅਫਸਰਾਂ/ਕਰਮਚਾਰੀਆਂ ਦੀ ਮੁਅੱਤਲੀ ਦੇ ਹੁਕਮ ਦਿੱਤੇ ਸਨ ;

(ੲ) ਜੇਕਰ ਉਪਰੋਕਤ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਉਪਰੋਕਤ ਭਾਗ (ਅ) ਵਿਚ ਵਰਣਿਤ ਅਫਸਰਾਂ/ਕਰਮਚਾਰੀਆਂ ਨੂੰ ਅਸਲ ਵਿਚ ਮੁੱਅਤਲ ਕਰ ਦਿੱਤਾ ਗਿਆ ਸੀ, ਅਗਰ ਨਹੀਂ ਤਾਂ ਉਸ ਦੇ ਕਾਰਣ ਕੀ ਹਨ ?

Original with;
Punjab Vidhan Sabha
Digitized by;

**ਡਾਕਟਰ ਹਰਬੰਸ ਲਾਲ :** (ੳ) ਹਾਂ ਜੀ । ਪਰ ਇਸ ਸ਼ਿਕਾਇਤ ਦੀ ਮਿਤੀ 10.10.1999 ਨਹੀਂ ਬਲਕਿ 10.11.1999 ਹੈ ।

(ਅ) ਨਹੀਂ ਜੀ । ਉਸ ਸਮੇਂ ਦੇ ਮਾਨਯੋਗ ਵਣ ਮੰਤਰੀ ਜੀ ਨੇ ਕੇਵਲ ਇਹ ਸ਼ਿਕਾਇਤ ਸਕੱਤਰ ਵਣ ਅਤੇ ਪ੍ਰਧਾਨ ਮੁੱਖ ਵਣ ਪਾਲ ਨੂੰ ਭੇਜਦੇ ਹੋਏ ਹੇਠ ਲਿਖੇ ਅਨੁਸਾਰ ਹੁਕਮ ਜਾਰੀ ਕੀਤੇ ਸਨ :

> "ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀ ਪੂਰੀ ਪੂਰੀ ਪਾਲਣਾ ਕੀਤੀ ਜਾਵੇ । ਕਸੂਰਵਾਰਾਂ ਨੂੰ ਮੁਅੱਤਲ ਕੀਤਾ ਜਾਵੇ ।"

(ੲ) ਨਹੀਂ ਜੀ । ਇਸ ਕੇਸ ਵਿੱਚ ਕਿਸੇ ਅਫਸਰ/ਕਰਮਚਾਰੀ ਨੂੰ ਮੁਅੱਤਲ ਨਹੀਂ ਕੀਤਾ ਗਿਆ ਸੀ ਕਿਉਂਕਿ ਕੋਈ ਅਧਿਕਾਰੀ/ਕਰਮਚਾਰੀ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਦਾ ਦੋਸ਼ੀ ਨਹੀਂ ਪਾਇਆ ਗਿਆ ਸੀ ।

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਿਸੇ ਇਨਕੁਆਇਰੀ ਅਫਸਰ ਦੀ ਡਿਊਟੀ ਲਗੀ ਹੈ ਅਤੇ ਕੀ ਕੋਈ ਰਿਪੋਰਟ ਕਿਸੇ ਇਨਕੁਆਇਰੀ ਅਫਸਰ ਨੇ ਦਿੱਤੀ ਹੈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਤਾਂ ਇਨ੍ਹਾਂ ਨੇ ਪਹਿਲਾਂ ਆਪ ਹੀ ਦੱਸਿਆ ਹੈ ਕਿ ਇਕ ਸ਼ਿਕਾਇਤ ਕੀਤੀ ਗਈ ਹੈ । ਇਹ ਇਨ੍ਹਾਂ ਦੇ ਵੇਲੇ ਦੀ ਸ਼ਿਕਾਇਤ ਹੈ ਅਤੇ ਇਨ੍ਹਾਂ ਦੇ ਵੇਲੇ ਹੀ ਇਨਕੁਆਇਰੀ ਹੋਈ ਹੈ । ਹੁਣ ਇਨ੍ਹਾਂ ਨੇ ਲਿਖਿਆ ਹੈ ਕਿ ਦੋਸ਼ੀਆਂ ਦੇ ਖਿਲਾਫ ਕਾਰਵਾਈ ਕੀਤੀ ਜਾਵੇ । ਸਪੀਕਰ ਸਾਹਿਬ, ਉਸ ਟਾਈਮ ਜੋ ਸੈਕ੍ਰੇਟਰੀ ਸਨ, ਉਨ੍ਹਾਂ ਨੇ ਜੋ ਕਾਰਵਾਈ ਕੀਤੀ ਹੈ, ਉਹ ਮੈਂ ਪੇਸ਼ ਕਰ ਦਿੱਤੀ ਹੈ । ਹੁਣ ਇਨ੍ਹਾਂ ਦੀ ਕੋਈ ਅਲਹਿਦਾ ਸ਼ਿਕਾਇਤ ਹੈ, ਕਿਸੇ ਹੋਰ ਇਸ਼ੂ ਤੇ ਇਹ ਗੱਲ ਕਰਨੀ ਚਾਹੁੰਦੇ ਹਨ ਤਾਂ ਦੱਸ ਦੇਣ । ਮੈਂ ਤਾਂ ਸਪੱਸ਼ਟ ਜਵਾਬ ਦੇ ਦਿੱਤਾ ਹੈ । ਜੇ ਇਨ੍ਹਾਂ ਨੇ ਕੋਈ ਹੋਰ ਗੱਲ ਕਰਨੀ ਹੈ ਤਾਂ ਦੱਸਣ ।

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਸਪੀਕਰ ਸਾਹਿਬ, ਬੜਾ ਸਿੰਪਲ ਕੁਐਸਚਨ ਹੈ ਕਿ ਕੀ ਸ਼ਿਕਾਇਤ ਪ੍ਰਾਪਤ ਹੋਣ ਤੋਂ ਬਾਅਦ ਕੋਈ ਇਨਕੁਆਇਰੀ ਅਫਸਰ ਅਪੁਆਇੰਟ ਹੋਇਆ ਹੈ ? ਕੀ ਉਸ ਨੇ ਕੋਈ ਇਨਕੁਆਇਰੀ ਰਿਪੋਰਟ ਦਿੱਤੀ ਹੈ ? ਮੈਂ ਤਾਂ ਇਹ ਗੱਲ ਪੁੱਛਣੀ ਚਾਹੁੰਦਾ ਹਾਂ ।

**ਸ਼੍ਰੀ ਸਪੀਕਰ :** ਮੰਤਰੀ ਜੀ ਕਹਿੰਦੇ ਹਨ ਕਿ ਇਨਕੁਆਇਰੀ ਵੀ ਹੋ ਚੁੱਕੀ ਹੈ ।

**ਰਾਜ ਮੰਤਰੀ :** ਸਪੀਕਰ ਸਾਹਿਬ, ਜੋ ਇਨਕੁਆਇਰੀ ਹੋਈ ਹੈ, ਮੈਂ ਤਾਂ ਹੀ ਬੋਲ ਰਿਹਾ ਹਾਂ । ਇਹ ਸ਼ਿਕਾਇਤ ਮਿਤੀ 10.10.1999 ਦੀ ਬਜਾਏ 10.11.1999 ਨੂੰ ਆਈ । ਜਦੋਂ ਇਨ੍ਹਾਂ ਦੀ ਆਪਣੀ ਸਰਕਾਰ ਸੀ, ਉਦੋਂ ਇਹ ਕੀ ਕਰ ਰਹੇ ਸੀ ? ਹੁਣ ਸਾਡੇ ਤੋਂ ਪੁੱਛ ਰਹੇ ਹਨ ਕਿ ਕੀ ਇਨਕੁਆਇਰੀ ਹੋਈ ਜਾਂ ਨਹੀਂ ?

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਸਪੀਕਰ ਸਾਹਿਬ, ਕੀ ਇਹ ਜਵਾਬ ਹੈ ਜੀ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ, ਇਹ ** ** । ਮੈਂ ਜਵਾਬ ਦੇ ਭਾਗ ਅ ਵਿਚ ਸਭ ਕੁਝ ਦੱਸਿਆ ਹੈ ।

**Shri Avinash Rai Khanna** : Speaker Sahib, he must use proper words.

**ਸ਼੍ਰੀ ਸਪੀਕਰ** : ** ** ਸ਼ਬਦ ਕੱਟ ਦਿੱਤੇ ਜਾਣ ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੈਨੂੰ ਲਗਦਾ ਹੈ ਕਿ ਜਾਅਲੀ ਡਿਗਰੀਆਂ ਦੀ ਗੱਲ ਬਾਰੇ ਇਨ੍ਹਾਂ ਦੇ ਮਨ ਵਿਚ ਗੁੱਸਾ ਹੈ, ਇਸ ਕਰਕੇ ਇਹ ਇਸ ਤਰ੍ਹਾਂ ਬੋਲ ਰਹੇ ਹਨ ।

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਫੇਰ ਦੱਸ ਦਿੰਦਾ ਹਾਂ ਕਿ ਸਵਾਲ ਦੇ ਭਾਗ ਅ ਵਿਚ ਇਨ੍ਹਾਂ ਨੇ ਪੁਛਿਆ ਸੀ ਕਿ ਕੀ ਇਹ ਠੀਕ ਹੈ ਕਿ ਉਸ ਸਮੇਂ ਦੇ ਜੰਗਲਾਤ ਮੰਤਰੀ ਨੇ ਉਕਤ ਨਦੀ ਵਿਚੋਂ ਗੈਰ-ਕਾਨੂੰਨੀ ਤੌਰ ਤੇ ਰੇਤ ਚੁੱਕਣ ਲਈ ਜ਼ਿੰਮੇਵਾਰ ਅਫ਼ਸਰਾਂ/ਕਰਮਚਾਰੀਆਂ ਨੂੰ ਮੁਅੱਤਲ ਕਰਨ ਦੇ ਹੁਕਮ ਜਾਰੀ ਕੀਤੇ ਸਨ ? ਇਸ ਦੇ ਜਵਾਬ ਵਿਚ ਭਾਗ ਅ ਵਿਚ ਮੈਂ ਦੱਸ ਦਿੱਤਾ ਸੀ ਕਿ ਨਹੀਂ ਜੀ । ਉਸ ਸਮੇਂ ਦੇ ਮਾਨਯੋਗ ਵਣ ਮੰਤਰੀ ਜੀ ਨੇ ਕੇਵਲ ਇਹ ਸ਼ਿਕਾਇਤ ਸਕੱਤਰ, ਵਣ ਅਤੇ ਪ੍ਰਧਾਨ ਮੁੱਖ ਵਣ ਪਾਲ ਨੂੰ ਭੇਜਦੇ ਹੋਏ ਹੇਠ ਲਿਖੇ ਅਨੁਸਾਰ ਹੁਕਮ ਜਾਰੀ ਕੀਤੇ ਸਨ :

> "ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀ ਪੂਰੀ ਪੂਰੀ ਪਾਲਣਾ ਕੀਤੀ ਜਾਵੇ । ਕਸੂਰਵਾਰਾਂ ਨੂੰ ਮੁਅੱਤਲ ਕੀਤਾ ਜਾਵੇ ।"

**ਸ਼੍ਰੀ ਸਪੀਕਰ** : ਇਨ੍ਹਾਂ ਨੇ ਸਵਾਲ ਕੀਤਾ ਹੈ ਕਿ ਇਨਕੁਆਰੀ ਕਿਸ ਨੇ ਕੀਤੀ, ਉਸ ਅਫ਼ਸਰ ਦਾ ਨਾਂ ਕੀ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਸਬੰਧੀ ਜਾਣਕਾਰੀ ਲੈਣ ਲਈ ਇਹ ਵਖਰਾ ਲਿਖ ਕੇ ਦੇ ਦੇਣ ।

**ਸ਼੍ਰੀ ਸਪੀਕਰ** : ਮੰਤਰੀ ਜੀ, ਇਸ ਤਰ੍ਹਾਂ ਨਹੀਂ । ਇਸ ਪ੍ਰਸ਼ਨ ਦੀਆਂ ਸਪਲੀਮੈਂਟਰੀਜ਼ ਪੋਸਟਪੋਨ ਕੀਤੀਆਂ ਜਾਂਦੀਆਂ ਹਨ । ਅਗਲਾ ਸਵਾਲ । ਸਰਦਾਰ ਮਨਤਾਰ ਸਿੰਘ ਬਰਾੜ ।

(ਇਸ ਪ੍ਰਸ਼ਨ ਦੀਆਂ ਸਪਲੀਮੈਂਟਰੀਜ਼ ਮਿਤੀ 26 ਮਾਰਚ, 2003 ਲਈ ਪੋਸਟਪੋਨ ਕੀਤੀਆਂ ਗਈਆਂ ।)

---

### ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 525 ਅਤੇ 337

(ਸਬੰਧਤ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ ।)

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਦੁਕਾਨਾਂ ਦੀ ਗਿਣਤੀ

***260. ਸ੍ਰੀ ਅਵਿਨਾਸ਼ ਰਾਏ ਖੰਨਾ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਦੁਕਾਨਾਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਦੁਕਾਨਾਂ ਨੂੰ ਕਿਰਾਏ ਤੇ ਅਲਾਟ ਕਰਨ ਲਈ ਕੀ ਕਸੌਟੀ ਅਪਣਾਈ ਜਾਂਦੀ ਹੈ ; ਅਤੇ

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਦੁਕਾਨਾਂ ਦੇ ਸਬੰਧ ਵਿਚ ਕਿਰਾਏ ਦੀ ਦਰ ਵਿਚ ਸਾਲਾਨਾ ਕਿੰਨਾ ਵਾਧਾ ਕੀਤਾ ਜਾ ਰਿਹਾ ਹੈ ?

**ਸ੍ਰੀਮਤੀ ਰਾਜਿੰਦਰ ਕੌਰ ਭੱਠਲ** : ਸ੍ਰੀਮਾਨ ਜੀ,

(ੳ) ਰਾਜ ਵਿਚ ਜ਼ਿਲ੍ਹਾ ਪ੍ਰੀਸ਼ਦਾਂ ਦੀ ਮਾਲਕੀ ਵਾਲੀਆਂ ਦੁਕਾਨਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਜ਼ਿਲ੍ਹਾ ਪ੍ਰੀਸ਼ਦ ਦਾ ਨਾਮ | ਦੁਕਾਨਾਂ ਦੀ ਗਿਣਤੀ |
|---|---|---|
| 1 | ਪਟਿਆਲਾ | 33 |
| 2 | ਸੰਗਰੂਰ | 38 |
| 3 | ਲੁਧਿਆਣਾ | 111 |
| 4 | ਰੋਪੜ | 9 |
| 5 | ਫਤਹਿਗੜ੍ਹ ਸਾਹਿਬ | ਨਿੱਲ |
| 6 | ਫਿਰੋਜ਼ਪੁਰ | 29 |
| 7 | ਮੁਕਤਸਰ | 4 |
| 8 | ਫਰੀਦਕੋਟ | 61 |
| 9 | ਬਠਿੰਡਾ | 14 |
| 10 | ਮੋਗਾ | ਨਿੱਲ |
| 11 | ਮਾਨਸਾ | ਨਿੱਲ |
| 12 | ਕਪੂਰਥਲਾ | 9 |
| 13 | ਨਵਾਂ ਸ਼ਹਿਰ | 40 |
| 14 | ਅੰਮ੍ਰਿਤਸਰ | 18 |
| 15 | ਗੁਰਦਾਸਪੁਰ | 200 |
| 16 | ਹੁਸ਼ਿਆਰਪੁਰ | 120 |
| 17 | ਜਲੰਧਰ | 67 |

Original with;
Punjab Vidhan Sabha
Digitized by;
Panjab Digital Library

[ਪੇਂਡੂ ਵਿਕਾਸ ਅਤੇ ਪੰਚਾਇਤਾਂ ਅਤੇ ਖੇਤੀਬਾੜੀ ਮੰਤਰੀ]

ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਦੁਕਾਨਾਂ ਪੰਜਾਬ ਪੰਚਾਇਤ ਸੰਮਤੀਜ ਅਤੇ ਜ਼ਿਲ੍ਹਾ ਪ੍ਰੀਸ਼ਦ (ਸੇਲ, ਲੀਜ਼ ਐਂਡ ਅਦਰ ਏਲੀਨੇਸ਼ਨ ਆਫ ਪ੍ਰੋਪਰਟੀਜ਼ ਐਂਡ ਪਬਲਿਕ ਪਲੇਸਿਜ) ਰੂਲਜ਼ 1964 ਦੀ ਵਿਵਸਥਾ ਅਨੁਸਾਰ ਕਿਰਾਏ ਤੇ ਦਿੱਤੀਆਂ ਜਾਂਦੀਆਂ ਹਨ ।

(ਅ) ਕਿਰਾਏ ਵਿਚ ਹਰ ਸਾਲ 10% ਵਾਧਾ ਕੀਤਾ ਜਾਂਦਾ ਹੈ ।

**ਸ੍ਰੀ ਅਵਿਨਾਸ਼ ਰਾਏ ਖੰਨਾ** : ਮਾਨਯੋਗ ਸਪੀਕਰ ਸਾਹਿਬ, ਇਸ ਸਵਾਲ ਦੇ ਜਵਾਬ ਵਿਚ ਦੋ ਗੱਲਾਂ ਆਈਆਂ ਹਨ । ਪਹਿਲੀ ਗੱਲ ਆਈ ਹੈ ਕਿ ਦੁਕਾਨਾਂ ਨੂੰ ਓਪਨ ਆਕਸ਼ਨ ਰਾਹੀਂ ਕਿਰਾਏ ਤੇ ਦਿੱਤਾ ਜਾਂਦਾ ਹੈ ਅਤੇ ਦੂਜੀ ਗੱਲ ਆਈ ਹੈ ਕਿ ਹਰ ਸਾਲ ਕਿਰਾਏ ਵਿਚ 10 ਪ੍ਰਤੀਸ਼ਤ ਵਾਧਾ ਕੀਤਾ ਜਾਂਦਾ ਹੈ । ਜੇ ਓਪਨ ਆਕਸ਼ਨ ਹੋਣੀ ਹੈ......

**ਸ੍ਰੀ ਸਪੀਕਰ** : ਤੁਸੀਂ ਪੁੱਛਣਾ ਕੀ ਹੈ ?

**ਸ੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੇਰਾ ਸਵਾਲ ਹੈ ਕਿ ਜੇਕਰ ਓਪਨ ਆਕਸ਼ਨ ਹੋਣੀ ਹੈ ਤਾਂ ਜਿਹੜੀ ਦੂਜੀ ਟਰਮ ਹੈ ਕਿ 10 ਪ੍ਰਤੀਸ਼ਤ ਕਿਰਾਇਆ ਵੀ ਵਧਣਾ ਹੈ, ਕੀ ਇਹ ਦੋਵੇਂ ਗੱਲਾਂ ਕੰਟਰਾਡਿਕਟਰੀ ਨਹੀਂ ਹਨ ?

**ਮੰਤਰੀ** : ਸਪੀਕਰ ਸਾਹਿਬ, ਜਦੋਂ ਪਹਿਲੀ ਵਾਰ ਦੁਕਾਨ ਬਣਦੀ ਹੈ, ਉਸ ਵੇਲੇ ਓਪਨ ਆਕਸ਼ਨ ਹੀ ਕਰਨੀ ਬਣਦੀ ਹੈ । ਅਸੀਂ 1964 ਦੇ ਰੂਲਜ਼ ਦੀ ਵਿਵਸਥਾ ਅਨੁਸਾਰ ਇਹ ਕਾਰਵਾਈ ਕਰਦੇ ਹਾਂ । ਹਰ ਵਾਰ ਆਕਸ਼ਨ ਨਹੀਂ ਹੁੰਦੀ । ਆਕਸ਼ਨ ਹੋਈਆਂ ਦੁਕਾਨਾਂ ਤੇ ਹਰ ਸਾਲ 10 ਪ੍ਰਤੀਸ਼ਤ ਕਿਰਾਇਆ ਵਧਾਇਆ ਜਾਂਦਾ ਹੈ ।

**ਸ੍ਰੀ ਅਵਿਨਾਸ਼ ਰਾਏ ਖੰਨਾ** : ਜੇਕਰ 10 ਪ੍ਰਤੀਸ਼ਤ ਕਿਰਾਇਆ ਵਧਣਾ ਬਹੁਤ ਜ਼ਰੂਰੀ ਹੈ, ਤਾਂ ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਸਾਹਿਬਾ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਸਰਕਾਰ ਦੀ ਐਸੀ ਕੋਈ ਪਰੋਪੋਜ਼ਲ ਹੈ ਕਿ ਜਿਹੜਾ 10 ਪ੍ਰਤੀਸ਼ਤ ਵਾਧਾ ਹੈ, ਇਸਨੂੰ ਉਨ੍ਹਾਂ ਦੁਕਾਨਦਾਰਾਂ ਦੇ ਭਲੇ ਲਈ ਘਟਾਇਆ ਜਾ ਸਕੇ ?

**ਮੰਤਰੀ** : ਸਪੀਕਰ ਸਾਹਿਬ, ਇਸ ਕਿਸਮ ਦਾ ਸਾਡਾ ਅਜੇ ਕੋਈ ਵਿਚਾਰ ਨਹੀਂ । ਵੈਸੇ ਅਸੀਂ ਇਸ ਮਾਮਲੇ ਨੂੰ ਹਮਦਰਦੀ ਨਾਲ ਵਿਚਾਰਾਂਗੇ ।

**ਸ੍ਰੀ ਸਪੀਕਰ** : ਅਗਲਾ ਸਵਾਲ, ਸਰਦਾਰ ਗੁਲਜ਼ਾਰ ਸਿੰਘ ਰਣੀਕੇ ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 330**

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

---

Original with;
Punjab Vidhan Sabha
Digitized by;
Panjab Digital Library

## ਸਮਾਲ ਐਂਡ ਮੀਡੀਅਮ ਟਾਊਨਜ਼ ਸਕੀਮ ਦਾ ਸੰਪੂਰਣ ਵਿਕਾਸ

*261. ਸ੍ਰੀ ਅਵਿਨਾਸ਼ ਰਾਏ ਖੰਨਾ : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਮਾਲ ਐਂਡ ਮੀਡੀਅਮ ਟਾਊਨਜ਼ ਸਕੀਮ (ਆਈ.ਡੀ.ਐਸ.ਐਮ.ਟੀ.) ਵਜੋਂ ਜਾਣੀ ਜਾਂਦੀ ਕੋਈ ਸਕੀਮ ਹੈ, ਜੇਕਰ ਅਜਿਹਾ ਹੋਵੇ, ਤਾਂ ਕੇਂਦਰ ਅਤੇ ਰਾਜ ਸਰਕਾਰ ਦੁਆਰਾ ਇਸ ਲਈ ਕਿੰਨੇ-ਕਿੰਨੇ ਪ੍ਰਤੀਸ਼ਤ ਅੰਸ਼ਦਾਨ ਪਾਇਆ ਜਾਂਦਾ ਹੈ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਕੀਮ ਲਈ ਕੇਂਦਰ ਸਰਕਾਰ ਤੋਂ ਅੰਸ਼ਦਾਨ ਦੀ ਰਕਮ ਪ੍ਰਾਪਤ ਕਰ ਲਈ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਸ਼ਹਿਰਾਂ ਦੇ ਨਾਂ ਕੀ-ਕੀ ਹਨ, ਜਿਨ੍ਹਾਂ ਨੇ ਉਕਤ ਸਕੀਮ ਲਈ ਰਾਜ ਸਰਕਾਰ ਦੁਆਰਾ ਆਪਣਾ ਅੰਸ਼ਦਾਨ ਪਾਏ ਜਾਣ ਤੋਂ ਬਾਅਦ ਫੰਡ ਪ੍ਰਾਪਤ ਕਰ ਲਏ ਹਨ ?

ਚੌਧਰੀ ਜਗਜੀਤ ਸਿੰਘ : (ੳ) ਹਾਂ ਜੀ, ਭਾਰਤ ਸਰਕਾਰ ਵਲੋਂ ਪ੍ਰਚੱਲਤ ਛੋਟੇ ਅਤੇ ਦਰਮਿਆਨੇ ਸ਼ਹਿਰਾਂ ਦਾ ਸਮੂਹਿਕ ਵਿਕਾਸ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ । ਜਿਸ ਦੇ ਫੰਡਾਂ ਦਾ ਪ੍ਰਤੀਸ਼ਤ ਅੰਸ਼ਦਾਨ 60:40 ਕੇਂਦਰ ਅਤੇ ਰਾਜ ਸਰਕਾਰ ਵਿੱਚ ਹੈ ।

(ਅ) 9ਵੀਂ ਪੰਜ ਸਾਲਾਂ ਯੋਜਨਾਂ ਅਧੀਨ 19 ਸ਼ਹਿਰ (ਅਨੁਲੱਗ-1) ਪਹਿਚਾਣ ਕਰਕੇ ਇਸ ਸਕੀਮ ਵਿੱਚ ਲਿਆਂਦੇ ਗਏ ਸਨ । ਜਿਨ੍ਹਾਂ ਵਿਚੋਂ 10 ਸ਼ਹਿਰ ਇਸ ਸਕੀਮ ਵਿਚ ਅਪਣਾਏ ਜਾ ਚੁੱਕੇ ਹਨ । ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਆਏ ਵੱਖ-ਵੱਖ ਸ਼ਹਿਰਾਂ ਲਈ ਫੰਡਾਂ ਸਬੰਧੀ ਸਥਿਤੀ (ਅਨੁਲੱਗ-II) ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

[ਸਥਾਨਕ ਸਰਕਾਰ ਮੰਤਰੀ]

## ਅਨੁਲਗ–I

9ਵੀਂ ਪੰਜ ਸਾਲਾਂ ਯੋਜਨਾ ਅਧੀਨ ਆਈ.ਡੀ.ਐਸ.ਐਮ.ਟੀ. ਸਕੀਮ ਅਧੀਨ ਚੁਣੇ ਗਏ ਸ਼ਹਿਰਾਂ ਦੀ ਸੂਚੀ ।

1. ਆਨੰਦਪੁਰ ਸਾਹਿਬ
2. ਫਤਹਿਗੜ੍ਹ ਸਾਹਿਬ
3. ਪੱਟੀ
4. ਮੁਕਤਸਰ
5. ਨਕੋਦਰ
6. ਕਪੂਰਥਲਾ
7. ਸੁਲਤਾਨਪੁਰ ਲੋਧੀ
8. ਜਗਰਾਓਂ
9. ਦਸੂਹਾ
10. ਗੜ੍ਹਸ਼ੰਕਰ
11. ਮਲੋਟ
12. ਗਿਦੜ੍ਹਬਾਹਾ
13. ਸਰਦੂਲਗੜ੍ਹ
14. ਰਾਮਾਮੰਡੀ
15. ਖਰੜ
16. ਡੇਰਾਬੱਸੀ
17. ਰਾਮਪੁਰਾ ਫੂਲ
18. ਦੁਰਾਹਾ
19. ਸਮਰਾਲਾ

Original with;
Punjab Vidhan Sabha
Digitized by;
Panjab Digital Library

## ਅਨੁਲਗ-II

### ਆਈ.ਡੀ.ਐਸ.ਐਮ.ਟੀ. ਸਕੀਮ ਅਧੀਨ ਵੱਖ-ਵੱਖ ਸ਼ਹਿਰਾਂ ਲਈ ਆਏ ਫੰਡਾਂ ਦੀ ਸਥਿਤੀ

(ਰੁਪਏ ਲੱਖਾਂ)

| ਲੜੀ ਨੰ: | ਸ਼ਹਿਰ ਦਾ ਨਾਂ | ਬਣਦੀ ਰਕਮ | | ਰਕਮ ਅਦਾ ਕੀਤੀ | |
|---|---|---|---|---|---|
| | | ਕੇਂਦਰ ਦਾ ਹਿੱਸਾ | ਸਟੇਟ ਦਾ ਅਨੁਪਾਤੀ ਹਿੱਸਾ | ਕੇਂਦਰ ਦਾ ਹਿੱਸਾ | ਸਟੇਟ ਦਾ ਹਿੱਸਾ |
| 1 | 2 | 3 | 4 | 5 | 6 |
| ਨੌਵੀਂ ਯੋਜਨਾ | | | | | |
| 1. | ਆਨੰਦਪੁਰ ਸਾਹਿਬ | 42.24 | 28.16 | 28.00 | 18.68 |
| 2. | ਫਤਹਿਗੜ੍ਹ ਸਾਹਿਬ | 48.00 | 32.00 | 47.00 | 8.67 |
| 3. | ਪੱਟੀ | 90.00 | 60.00 | 14.00 | 9.33 |
| 4. | ਮੁਕਤਸਰ | 150.00 | 100.00 | 150.00 | 34.93 |
| 5. | ਸੁਲਤਾਨਪੁਰ ਲੋਧੀ | 48.00 | 32.00 | 17.30 | 10.70 |
| 6. | ਕਪੂਰਥਲਾ | 150.00 | 100.00 | 46.00 | 14.70 |
| 7. | ਨਕੋਦਰ | 90.59 | 60.39 | 31.30 | — |
| 8. | ਜਗਰਾਉਂ | 90.00 | 60.00 | 30.00 | — |
| 9. | ਦਸੂਹਾ | 48.00 | 32.00 | 16.00 | — |
| 10. | ਗੜ੍ਹਸ਼ੰਕਰ | 48.00 | 32.00 | 17.65 | — |

Original with;
Punjab Vidhan Sabha
Digitized by;
Panjab Digital Library

ਸ਼੍ਰੀ ਅਵਿਨਾਸ਼ ਰਾਏ ਖੰਨਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਗੜ੍ਹਸ਼ੰਕਰ ਵਾਸਤੇ ਪੈਸੇ ਰੱਖੇ ਗਏ ਹਨ, ਕੀ ਉਹ ਕਮੇਟੀ ਨੂੰ ਪਹੁੰਚ ਗਏ ਹਨ ?

ਮੰਤਰੀ : ਹਾਂ ਜੀ । ਗੜ੍ਹਸ਼ੰਕਰ ਕਮੇਟੀ ਵਾਸਤੇ ਜਿਹੜਾ ਪੈਸਾ ਰੱਖਿਆ ਗਿਆ ਹੈ, ਉਸ ਵਿਚ ਜਿਹੜਾ ਭਾਰਤ ਸਰਕਾਰ ਦਾ ਸ਼ੇਅਰ ਹੈ, ਉਹ ਰਿਲੀਜ਼ ਕਰ ਦਿੱਤਾ ਗਿਆ ਹੈ ਅਤੇ 1-2 ਦਿਨਾਂ ਤੱਕ ਉਹ ਪਹੁੰਚ ਜਾਵੇਗਾ । ਜਿਹੜਾ ਪੰਜਾਬ ਦਾ ਸ਼ੇਅਰ ਹੈ, ਉਹ ਜ਼ਿਲ੍ਹਾ ਪਲੈਨਿੰਗ ਬੋਰਡ ਵੱਲੋਂ ਰਿਲੀਜ਼ ਹੋਵੇਗਾ ।

ਸ਼੍ਰੀ ਅਵਿਨਾਸ਼ ਰਾਏ ਖੰਨਾ : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ ਸੈਂਟਰ ਦਾ ਪੈਸਾ ਆ ਗਿਆ ਹੈ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਸਟੇਟ ਦਾ ਸ਼ੇਅਰ ਹੈ, ਉਹ ਕਦੋਂ ਤੱਕ ਮਿਲ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਿਆ ਹੈ ਕਿ ਇਹ ਪੈਸੇ ਜ਼ਿਲ੍ਹਾ ਪਲੈਨਿੰਗ ਬੋਰਡ ਵਿਚੋਂ ਜਾਣੇ ਹਨ । ਜਿਹੜਾ ਭਾਰਤ ਸਰਕਾਰ ਦਾ ਸ਼ੇਅਰ ਹੈ, ਉਹ ਸਾਡੇ ਪਾਸ ਆ ਗਿਆ ਹੋਇਆ ਹੈ ਅਤੇ ਰਿਲੀਜ਼ ਵੀ ਕਰ ਦਿੱਤਾ ਗਿਆ ਹੈ ।

ਸ਼੍ਰੀ ਅਵਿਨਾਸ਼ ਰਾਏ ਖੰਨਾ : ਉਹ ਕਦੋਂ ਤੱਕ ਮਿਲ ਜਾਵੇਗਾ ?

ਸ਼੍ਰੀ ਸਪੀਕਰ : ਇਸ ਦਾ ਜਵਾਬ ਪਹਿਲਾਂ ਆ ਗਿਆ ਹੈ । ਅਗਲਾ ਸਵਾਲ ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 524

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

---

## ਵਿਧਾਨਕਾਰਾਂ ਲਈ ਸੁਰੱਖਿਆ ਗੱਡੀਆਂ

*284. ਸ਼੍ਰੀ ਤਿਕਸ਼ਨ ਸੂਦ : (ਸ਼੍ਰੀ ਅਵਿਨਾਸ਼ ਰਾਏ ਖੰਨਾ ਵੱਲੋਂ ਪੇਸ਼ ਕੀਤਾ ਗਿਆ) ਕੀ ਟ੍ਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਦੇ ਵਿਧਾਨਕਾਰਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਸਾਲ 1997-98 ਵਿਚ ਕਿੰਨੀਆਂ ਟਾਟਾ ਸੂਮੋ ਗੱਡੀਆਂ ਖਰੀਦੀਆਂ ਗਈਆਂ ਸਨ ਅਤੇ ਅਜਿਹੀਆਂ ਗੱਡੀਆਂ ਦੀ ਗਿਣਤੀ ਕਿੰਨੀ ਹੈ ਜਿਹੜੀਆਂ ਇਸ ਵਕਤ ਚਾਲੂ ਹਾਲਤ ਵਿਚ ਹਨ ?

ਸਰਦਾਰ ਤੇਜ ਪ੍ਰਕਾਸ਼ ਸਿੰਘ : ਸ਼੍ਰੀਮਾਨ ਜੀ, ਸਾਲ 1997-98 ਦੌਰਾਨ ਵਿਧਾਨਕਾਰਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਟਰਾਂਸਪੋਰਟ ਵਿਭਾਗ, ਪੰਜਾਬ ਨੇ 79 ਟਾਟਾ ਸੂਮੋ ਗੱਡੀਆਂ ਦੀ ਖਰੀਦ ਕੀਤੀ ਸੀ । ਇਸ ਸਮੇਂ (ਮਿਤੀ 13.1.2003 ਤੱਕ) ਇਨ੍ਹਾਂ ਵਿਚੋਂ 57 ਗੱਡੀਆਂ ਚਾਲੂ ਹਾਲਤ ਵਿੱਚ ਹਨ ।

Original with;
Punjab Vidhan Sabha
Digitized by:
Panjab Digital Library

**ਸ੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਵਿਧਾਨਕਾਰਾਂ ਨੂੰ ਸੁਰੱਖਿਆ ਦੇਣ ਲਈ ਕਿੰਨੀਆਂ ਨਵੀਆਂ ਗੱਡੀਆਂ ਸਰਕਾਰ ਨੇ ਹੁਣ ਖਰੀਦੀਆਂ ਹਨ ਅਤੇ ਉਨ੍ਹਾਂ ਦੀ ਵੰਡ ਕਿਸ ਤਰ੍ਹਾਂ ਹੋ ਰਹੀ ਹੈ ?

**ਮੰਤਰੀ** : ਸਰਕਾਰ ਨੇ ਵਿਧਾਨਕਾਰਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਪਿਛਲੇ ਕੁਝ ਦਿਨਾਂ ਵਿਚ ਕੁਝ ਨਵੀਆਂ ਗੱਡੀਆਂ ਖਰੀਦੀਆਂ ਹਨ । ਪੰਜਾਬ ਮੋਟਰ ਵਹੀਕਲਜ਼ ਬੋਰਡ ਨੇ ਇਕ ਗੱਡੀ ਵਾਸਤੇ ਜਿਹੜੀ ਮਾਈਲੇਜ਼ ਨਿਰਧਾਰਤ ਕੀਤੀ ਹੈ, ਜਿਹੜੇ ਮੈਂਬਰ ਸਾਹਿਬਾਨ ਦੀਆਂ ਗੱਡੀਆਂ ਨੇ ਉਹ ਮਾਈਲੇਜ਼ ਪੂਰੀ ਕਰ ਲਈ ਹੈ, ਉਨ੍ਹਾਂ ਮੈਂਬਰ ਸਾਹਿਬਾਨ ਨੂੰ ਉਹ ਗੱਡੀਆਂ ਦਿੱਤੀਆਂ ਗਈਆਂ ਹਨ ।

**ਸ੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੈਂ ਕਰਾਈਟੇਰੀਆ ਪੁੱਛਿਆ ਸੀ ।

**ਸ੍ਰੀ ਸਪੀਕਰ** : ਉਹ ਉਨ੍ਹਾਂ ਨੇ ਦੱਸ ਤਾਂ ਦਿੱਤਾ ਹੈ ।

**ਸ੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੇਰੀ ਗੱਡੀ ਵੀ ਨਿਰਧਾਰਤ ਕਿਲੋਮੀਟਰ ਪੂਰੇ ਕਰ ਚੁੱਕੀ ਹੈ ਲੇਕਿਨ ਮੈਨੂੰ ਹਾਲੇ ਤੱਕ ਨਵੀਂ ਗੱਡੀ ਨਹੀਂ ਮਿਲੀ । ਇਸ ਕਰਕੇ ਮੈਂ ਮੰਤਰੀ ਜੀ ਤੋਂ ਪੁੱਛਿਆ ਹੈ ਕਿ ਨਵੀਂ ਗੱਡੀ ਦੇਣ ਵਾਸਤੇ ਕਰਾਈਟੇਰੀਆ ਕੀ ਬਣਾਇਆ ਗਿਆ ਹੈ ?

**ਸ੍ਰੀ ਸਪੀਕਰ** : ਮੰਤਰੀ ਜੀ, ਕਰਾਈਟੇਰੀਆ ਦੱਸ ਦਿਓ ।

**ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਜਿਹੜੇ ਮੈਂਬਰ ਸਾਹਿਬਾਨ ਦੀਆਂ ਗੱਡੀਆਂ ਆਪਣੇ ਕਿਲੋਮੀਟਰ ਪੂਰੇ ਕਰ ਚੁੱਕੀਆਂ ਹਨ, ਉਨ੍ਹਾਂ ਦੀਆਂ ਗੱਡੀਆਂ ਰਿਪਲੇਸ ਕਰ ਦਿੱਤੀਆਂ ਹੋਈਆਂ ਹਨ । ਅਗਲੇ ਕੁਝ ਦਿਨਾਂ ਵਿਚ ਸਰਕਾਰ ਕੁਝ ਹੋਰ ਗੱਡੀਆਂ ਖਰੀਦਣ ਜਾ ਰਹੀ ਹੈ ਅਤੇ ਜਿਹੜੀਆਂ ਬਾਕੀ ਰਹਿੰਦੇ ਮੈਂਬਰ ਸਾਹਿਬਾਨ ਦੀਆਂ ਗੱਡੀਆਂ ਆਪਣੀ ਨਿਰਧਾਰਤ ਮਾਈਲੇਜ ਪੂਰੀਆਂ ਕਰ ਚੁੱਕੀਆਂ ਹਨ, ਉਨ੍ਹਾਂ ਦੀਆਂ ਗੱਡੀਆਂ ਵੀ ਰਿਪਲੇਸ ਕਰ ਦਿੱਤੀਆਂ ਜਾਣਗੀਆਂ ।

**ਡਾਕਟਰ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਐਸਾ ਵਿਧਾਨਕਾਰ ਵੀ ਹੈ, ਜਿਸ ਦੀ ਗੱਡੀ ਨੇ ਆਪਣੀ ਮਾਈਲੇਜ ਪੂਰੀ ਨਾ ਕੀਤੀ ਹੋਵੇ ਪ੍ਰੰਤੂ ਫਿਰ ਵੀ ਉਸ ਨੂੰ ਨਵੀਂ ਗੱਡੀ ਮਿਲ ਗਈ ਹੋਵੇ ?

**ਸ੍ਰੀ ਸਪੀਕਰ** : ਇਸ ਦੇ ਬਾਰੇ ਤੁਸੀਂ ਵੱਖਰਾ ਸਵਾਲ ਦੇ ਦਿਓਗੇ ਤਾਂ ਉਹ ਜਵਾਬ ਦੇ ਦੇਣਗੇ ।

---

**ਨਿਸ਼ਾਨ ਵਾਲੇ ਪ੍ਰਸ਼ਨ ਨੰ: 323 ਅਤੇ 280**

(ਸਬੰਧਤ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਾ ਹੋਏ ।)

---

Original with;
Punjab Vidhan Sabha
Digitized by;

### ਆਯੁਰਵੈਦਿਕ ਮੈਡੀਕਲ ਅਫਸਰਾਂ ਨੂੰ ਐਨ.ਪੀ.ਏ.

*534. **ਸ਼੍ਰੀ ਰਾਜ ਕੁਮਾਰ ਗੁਪਤਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸ਼੍ਰੇਣੀ 'ਏ' ਦੇ ਆਯੁਰਵੈਦਿਕ ਮੈਡੀਕਲ ਅਫ਼ਸਰਾਂ ਨੂੰ ਐਨ.ਪੀ.ਏ. ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ?

**Shri Ashwani Sekhri (Minister of State for Health & Family Welfare, Labour and Employment)** : At present, no proposal for the grant of N.P.A. to Group 'A' Ayurvedic Medical Officers is under consideration of the Government. Fourth Punjab Pay Commission after considering the matter did not find any justification for the grant of N.P.A. to Ayurvedic Medical Officers. Therefore, no N.P.A. has been granted to this category by the Government.

**ਸ਼੍ਰੀ ਰਾਜ ਕੁਮਾਰ ਗੁਪਤਾ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਗੁਆਂਢੀ ਪ੍ਰਦੇਸ਼ ਹਿਮਾਚਲ, ਹਰਿਆਣਾ, ਦਿੱਲੀ ਅਤੇ ਚੰਡੀਗੜ੍ਹ ਵਿੱਚ ਵੀ ਆਯੁਰਵੈਦਿਕ ਮੈਡੀਕਲ ਅਫਸਰਾਂ ਨੂੰ ਇਹ ਭੱਤਾ ਦਿੱਤਾ ਜਾਂਦਾ ਹੈ। ਇਸੇ ਕਰਕੇ ਵਾਰ ਵਾਰ ਉਹ ਇਨ੍ਹਾਂ ਨੂੰ ਬੇਨਤੀ ਕਰਦੇ ਹਨ ਪਰ ਅੱਜ ਤੱਕ ਉਨ੍ਹਾਂ ਅਫਸਰਾਂ ਨੂੰ ਇਹ ਤਸੱਲੀਬਖਸ਼ ਜਵਾਬ ਨਹੀਂ ਦਿੱਤਾ ਗਿਆ। ਹੁਣ ਮੈਂ ਇਹ ਜਾਨਣਾ ਚਾਹੁੰਦਾ ਹਾਂ...

**ਸ਼੍ਰੀ ਸਪੀਕਰ** : ਗੁਪਤਾ ਸਾਹਿਬ, ਤੁਸੀਂ ਇਨ੍ਹਾਂ ਨੂੰ ਸਵਾਲ ਪੁੱਛੋ ਕਿ ਕੀ ਇਹ ਭੱਤਾ ਉਨ੍ਹਾਂ ਨੂੰ ਦੇਣਾ ਹੈ ਜਾਂ ਨਹੀਂ।

**ਸ਼੍ਰੀ ਰਾਜ ਕੁਮਾਰ ਗੁਪਤਾ** : ਹਾਂ ਜੀ, ਕ੍ਰਿਪਾ ਕਰਕੇ ਇਹ ਦੱਸਣ ਕਿ ਇਹ ਭੱਤਾ, ਸਪੀਕਰ ਸਾਹਿਬ, ਇਨ੍ਹਾਂ ਨੇ ਉਨ੍ਹਾਂ ਮੈਡੀਕਲ ਅਫਸਰਾਂ ਨੂੰ ਦੇਣਾ ਹੈ ਜਾਂ ਨਹੀਂ। ਜੇ ਦੇਣਾ ਹੈ ਤਾਂ ਕਦੋਂ ਤੋਂ ਦਿੱਤਾ ਜਾਵੇਗਾ ?

**ਰਾਜ ਮੰਤਰੀ** : ਸਪੀਕਰ ਸਾਹਿਬ, ਗੌਰਮਿੰਟ ਨੇ ਇਹ ਕਨਸਿਡਰ ਕੀਤਾ ਸੀ ਐਂਰ ਫਾਇਨੈਂਸ ਕਮਿਸ਼ਨ ਨੇ ਫਾਈਨਲੀ ਇਹ ਡੀਸਾਈਡ ਕੀਤਾ ਹੈ ਕਿ ਇਹ ਭੱਤਾ ਉਨ੍ਹਾਂ ਨੂੰ ਨਹੀਂ ਦਿੱਤਾ ਜਾਵੇਗਾ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 338

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਰਕੇ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

Original with;
Punjab Vidhan Sabha
Digitized by;
Panjab Digital Library

## ਟਿਊਬਵੈਲ ਚਾਲੂ ਕਰਨਾ

*515. **ਚੌਧਰੀ ਨੰਦ ਲਾਲ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡਾਂ ਚੰਦਪੁਰ, ਰੁੜਕੀ, ਤੋਰੋਵਾਲ, ਕਟਵਾਰ ਕਰੀਮਪੁਰ, ਧਿਆਨੀ, ਚੂਹੜਪੁਰ, ਨਾਨੋਵਾਲ, ਕੁੱਕੜਸੂਹਾ, ਚੰਧਿਆਨੀ ਖੁਰਦ ਅਤੇ ਟੱਪਰੀਆਂ ਖੁਰਦ ਵਿਚ ਸਿੰਜਾਈ ਦੇ ਮੰਤਵ ਲਈ ਲਗਾਏ ਗਏ ਟਿਊਬਵੈਲ ਚਾਲੂ ਹੋ ਗਏ ਹਨ; ਜੇਕਰ ਨਹੀਂ, ਤਾਂ ਇਹਨਾਂ ਨੂੰ ਕਦੋਂ ਤੱਕ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਗੁਰਚੇਤ ਸਿੰਘ ਭੁੱਲਰ** : ਉਪਰੋਕਤ ਦਰਸਾਏ ਪਿੰਡਾਂ ਵਿਚੋਂ ਪੰਜਾਬ ਰਾਜ ਟਿਊਬਵੈਲ ਕਾਰਪੋਰੇਸ਼ਨ ਨੇ ਪਿੰਡ ਤੋਰੋਵਾਲ, ਕਟਵਾਰ, ਚੂਹੜਪੁਰ, ਨਾਨੋਵਾਲ, ਕਰੀਮਪੁਰ ਅਤੇ ਟੱਪਰੀਆਂ ਖੁਰਦ ਵਿੱਚ ਟਿਊਬਵੈਲ ਲਗਾਏ ਹਨ, ਜੋ ਕਿ ਠੀਕ ਠਾਕ ਚੱਲ ਰਹੇ ਹਨ । ਬਾਕੀ ਰਹਿੰਦੇ ਪਿੰਡਾਂ ਚੰਦਪੁਰ, ਰੁੜਕੀ/ਧਿਆਨੀ, ਕੁਕੜਸੂਹਾ ਅਤੇ ਚੰਧਿਆਨੀ ਖੁਰਦ ਵਿੱਚ ਟਿਊਬਵੈਲ ਲਗਾਉਣ ਦੀ ਕੋਈ ਸਕੀਮ ਨਹੀਂ ਹੈ ।

**ਚੌਧਰੀ ਨੰਦ ਲਾਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਪਿੰਡਾਂ ਦਾ ਇਨ੍ਹਾਂ ਨੇ ਨਾਂ ਲਿਆ ਹੈ ਧਿਆਨੀ, ਕਟਵਾਰ, ਕੁੱਕੜਸੂਹਾ, ਨਾਨੋਵਾਲ, ਚੰਧਿਆਨੀ ਇਨ੍ਹਾਂ ਪਿੰਡਾਂ ਦੇ ਵਿੱਚ ਟਿਊਬਵੈਲ ਲੱਗ ਚੁੱਕੇ ਹਨ । ਸਰਕਾਰ ਵੱਲੋਂ ਪੈਸੇ ਦੇ ਕੇ ਟਿਊਬਵੈਲ ਲਗਾਏ ਜਾ ਚੁੱਕੇ ਹਨ ਲੇਕਿਨ ਇਨ੍ਹਾਂ ਟਿਊਬਵੈਲਾਂ ਲਈ ਹਾਲੇ ਤੱਕ ਕੁਨੈਕਸ਼ਨ ਅਪਲਾਈ ਨਹੀਂ ਕੀਤਾ ਗਿਆ । ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਟਿਊਬਵੈਲਾਂ ਵਾਸਤੇ ਕੁਨੈਕਸ਼ਨ ਕਦੋਂ ਤੱਕ ਅਪਲਾਈ ਹੋ ਜਾਵੇਗਾ ਔਰ ਇਹ ਕਦੋਂ ਤੱਕ ਚਾਲੂ ਹੋ ਜਾਣਗੇ ਅਤੇ ਜਿਹੜਾ ਕੰਮ ਬਕਾਇਆ ਰਹਿੰਦਾ ਹੈ, ਉਹ ਕਦੋਂ ਤੱਕ ਕਰਵਾ ਦਿੱਤਾ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਸਾਡੇ ਵੱਲੋਂ ਇਹ ਟਿਊਬਵੈਲ ਨਹੀਂ ਲਗਾਏ ਗਏ, ਇਹ ਟਿਊਬਵੈਲ ਕਿਸੇ ਹੋਰ ਸਕੀਮ ਤਹਿਤ ਭਾਵੇਂ ਲਗਾਏ ਗਏ ਹੋਣ ।

**ਸ੍ਰੀ ਸਪੀਕਰ** : ਇਹ ਕਹਿੰਦੇ ਟਿਊਬਵੈਲ ਲੱਗੇ ਹੀ ਨਹੀਂ ।

**ਚੌਧਰੀ ਨੰਦ ਲਾਲ** : ਸਪੀਕਰ ਸਾਹਿਬ, ਟਿਊਬਵੈਲ ਲੱਗੇ ਹਨ ।

**ਸ੍ਰੀ ਸਪੀਕਰ** : ਉਹ ਫਿਰ ਘਰਾਂ ਦੇ ਲੱਗੇ ਹੋਣਗੇ ।

**ਚੌਧਰੀ ਨੰਦ ਲਾਲ** : ਉਹ ਘਰਾਂ ਦੇ ਨਹੀਂ ਲੱਗੇ, ਪਿੰਡ ਵਾਲਿਆਂ ਦੇ ਲੱਗੇ ਹਨ ਅਤੇ ਇਨ੍ਹਾਂ ਪਿੰਡਾਂ ਨੂੰ ਗਰਾਂਟਾਂ ਦਿੱਤੀਆਂ ਗਈਆਂ ਹਨ । ਜਿਹੜਾ ਪਹਿਲਾਂ 25–25 ਲੱਖ ਰੁਪਏ ਦਾ ਟਿਊਬਵੈਲ ਲੱਗਦਾ ਸੀ, ਉਹ ਹੁਣ 10-10 ਲੱਖ ਰੁਪਿਆ ਲਗਾ ਕੇ ਇਹ ਟਿਊਬਵੈਲ ਲਗਾਏ ਗਏ ਹਨ । ਇਹ ਟਿਊਬਵੈਲ ਚਲਾ ਕੇ ਵੇਖ ਵੀ ਲਏ ਗਏ ਹਨ ਪਰੰਤੂ ਫਿਰ ਵੀ ਸਰਕਾਰ ਵੱਲੋਂ ਇਹ ਚਾਲੂ ਨਹੀਂ ਕਰਵਾਏ ਗਏ ।

**ਸ੍ਰੀ ਸਪੀਕਰ** : ਇਹ ਟਿਊਬਵੈਲ ਕਾਰਪੋਰੇਸ਼ਨ ਨੇ ਜਾਂ ਕਿਸੇ ਹੋਰ ਨੇ ਲਗਾਏ ਹਨ ?

Original with;
Punjab Vidhan Sabha
Digitized by;
Panjab Digital Library

ਚੌਧਰੀ ਨੰਦ ਲਾਲ : ਪੰਚਾਇਤਾਂ ਨੂੰ ਪੈਸੇ ਦਿੱਤੇ ਗਏ ਸੀ, ਪੰਚਾਇਤਾਂ ਕੋਲੋਂ ਲਗਵਾਏ ਗਏ ਸਨ ।

ਸ੍ਰੀ ਸਪੀਕਰ : ਅਗਲਾ ਪ੍ਰਸ਼ਨ । ਇਹ ਤੁਹਾਡਾ ਸਵਾਲ ਬਣਦਾ ਨਹੀਂ ਹੈ ।

---

ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 352 ਅਤੇ 346

(ਸਬੰਧਤ ਮੈਂਬਰਾਂ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ ।)

---

ਕੰਡੀ ਨਹਿਰ ਦੀ ਉਸਾਰੀ

*517. (1) ਚੌਧਰੀ ਨੰਦ ਲਾਲ
(2) ਸ੍ਰੀ ਦੇਸ ਰਾਜ ਧੁੱਗਾ } : ਕੀ ਸਿੰਜਾਈ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਕੀ ਤਲਵਾੜਾ, ਜ਼ਿਲ੍ਹਾ ਹੁਸ਼ਿਆਰਪੁਰ ਤੋਂ ਬਲਾਚੌਰ, ਜ਼ਿਲ੍ਹਾ ਨਵਾਂਸ਼ਹਿਰ ਤਕ ਕੰਡੀ ਨਹਿਰ ਦੀ ਉਸਾਰੀ ਕਰਨੀ ਸ਼ੁਰੂ ਕਰ ਦਿੱਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਹੁਣ ਤਕ ਬਣਾਈ ਗਈ ਨਹਿਰੀ ਦੀ ਲੰਬਾਈ ਕਿੰਨੀ ਹੈ ਅਤੇ ਇਸ ਦੇ ਬਾਕੀ ਰਹਿੰਦੇ ਭਾਗ ਦੀ ਉਸਾਰੀ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਨਹਿਰ ਕਦੋਂ ਤਕ ਚਾਲੂ ਹੋ ਜਾਵੇਗੀ ?

ਸਰਦਾਰ ਗੁਰਚੇਤ ਸਿੰਘ ਭੁੱਲਰ : ਕੰਡੀ ਨਹਿਰ ਦੇ ਦੋ ਹਿੱਸੇ ਹਨ

1. ਕੰਡੀ ਨਹਿਰ ਸਟੇਜ-1 ਤਲਵਾੜਾ ਤੋਂ ਹੁਸ਼ਿਆਰਪੁਰ ਆਰ.ਡੀ. 0.00 ਕਿ.ਮੀ. ਤੋਂ ਆਰ. ਡੀ. 59.5 ਕਿ. ਮੀ. ਜੋ 7/98 ਵਿਚ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਮੁਕੰਮਲ ਹੋ ਚੁੱਕੀ ਹੈ । ਜੋ ਕੰਡੀ ਦੇ ਨਾਲ ਲੱਗਦੇ 19867 ਹੈਕਟੇਅਰ ਰਕਬੇ ਦੇ 215 ਪਿੰਡਾਂ ਨੂੰ ਸਿੰਚਾਈ ਸਹੂਲਤਾਂ ਪ੍ਰਦਾਨ ਕਰਦੀ ਹੈ ।

2. ਕੰਡੀ ਕੈਨਾਲ ਵਿਸਥਾਰ ਸਟੇਜ-2 ਹੁਸ਼ਿਆਰਪੁਰ ਤੋਂ ਬਲਾਚੌਰ ਆਰ.ਡੀ. 59.5 ਕਿਲੋਮੀਟਰ ਤੋਂ ਆਰ.ਡੀ. 130.00 ਕਿਲੋਮੀਟਰ, ਨਹਿਰ ਦੇ ਇਸ ਹਿਸੇ ਦਾ ਕੰਮ ਮਾਰਚ 2003 ਵਿਚ ਸ਼ੁਰੂ ਹੋ ਚੁੱਕਾ ਹੈ, ਜਿਸ ਦੇ ਸੈਂਟਰਲ ਲੋਨ ਅਸਿਸਟੈਂਸ ਸਕੀਮ ਅਧੀਨ ਏ.ਆਈ.ਬੀ.ਪੀ. ਰਾਹੀਂ 10.50 ਕਰੋੜ ਰੁਪਏ ਪ੍ਰਾਪਤ ਹੋਏ ਹਨ । ਇਸ ਦੇ ਮਾਰਚ 2008 ਵਿਚ ਪੂਰਾ ਹੋਣ ਦੀ ਸੰਭਾਵਨਾ ਹੈ (ਜੋ ਕਿ ਤਕਰੀਬਨ 5 ਸਾਲ ਹਨ) ਪੂਰੀ ਹੋਣ ਉਪਰੰਤ ਇਹ 29527 ਹੈਕਟੇਅਰ ਰਕਬੇ ਦੇ 218 ਪਿੰਡਾਂ ਨੂੰ ਸਿੰਚਾਈ ਸਹੂਲਤਾਂ ਪ੍ਰਦਾਨ ਕਰੇਗੀ ।

| | | |
|---|---|---|
| ਨਹਿਰ ਦੀ ਕੁਲ ਲੰਬਾਈ | : | 130.00 ਕਿ.ਮੀ. |
| ਅੱਜ ਤਕ ਤਿਆਰ ਹੋਈ ਨਹਿਰ ਦੀ ਲੰਬਾਈ | : | 59.50 ,, ,, |
| ਉਸਾਰੀ ਜਾਣ ਵਾਲੀ ਨਹਿਰ ਦੀ ਲੰਬਾਈ | : | 70.50 ,, ,, |

Original with;
Punjab Vidhan Sabha
Digitized by;

**ਚੌਧਰੀ ਨੰਦ ਲਾਲ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬੜੇ ਚਿਰ ਤੋਂ ਸੁਣਦੇ ਆ ਰਹੇ ਹਾਂ, ਜਿਹੜੀ ਨਹਿਰ ਬਲਾਚੌਰ ਨੂੰ ਆਉਣੀ ਹੈ, ਉਹ ਕਦੋਂ ਤੱਕ ਪਹੁੰਚ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਪੰਜ ਸਾਲਾਂ ਵਿਚ ਪੂਰੀ ਹੋਣੀ ਹੈ, ਇਹ ਸ਼ੁਰੂ ਹੋ ਚੁੱਕੀ ਹੈ। ਇਸ ਵਾਸਤੇ 10 ਕਰੋੜ ਰੁਪਿਆ ਸਾਨੂੰ ਆ ਚੁੱਕਾ ਹੈ। ਉਸ ਦੇ ਵਿਚੋਂ 7 ਕਰੋੜ ਰੁਪਏ ਦੇ ਲਗਭਗ ਜ਼ਮੀਨ ਦਾ ਦੇ ਦਿੱਤਾ ਗਿਆ ਹੈ। ਬਾਕੀ ਪੈਸੇ ਨਾਲ ਇਹ ਸ਼ੁਰੂ ਹੋ ਗਈ ਹੈ। ਇਹ ਪੰਜ ਸਾਲਾਂ ਦਾ ਪ੍ਰੋਜੈਕਟ ਹੈ।

———

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 512

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

———

**ਪੰਜਾਬ ਵਾਇਰਲੈਸ ਸਿਸਟਮਜ਼ ਲਿਮਟਿਡ ਦੇ ਕਰਮਚਾਰੀਆਂ ਦੇ ਹਿਤ**

*281. **ਸਰਦਾਰ ਬੀਰ ਦਵਿੰਦਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਪੰਜਾਬ ਵਾਇਰਲੈਸ ਸਿਸਟਮਜ਼ ਲਿਮਟਿਡ, ਮੁਹਾਲੀ ਨੂੰ ਬੰਦ ਕੀਤਾ ਜਾ ਰਿਹਾ ਹੈ; ਜੇਕਰ ਅਜਿਹਾ ਹੈ, ਤਾਂ ਇਸ ਕੰਪਨੀ ਦੇ ਬੰਦ ਹੋ ਜਾਣ ਕਾਰਣ ਬੇਰੁਜ਼ਗਾਰ ਹੋਣ ਵਾਲੇ ਕਰਮਚਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ; ਅਤੇ

(ਅ) ਕੀ ਉਕਤ ਕੰਪਨੀ ਨੂੰ ਮੁੜ-ਚਾਲੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ, ਤਾਂ ਇਸਦੇ ਵੇਰਵੇ ਕੀ ਹਨ ?

**Captain Amrinder Singh** : (a) Yes Sir. M/s. Punjab Wireless Systems Ltd., Mohali, is in the process of liquidation. The company's appeal against winding up order of Hon'ble Punjab & Haryana High Court was dismissed by the Hon'ble Supreme Court of India on 8.4.2002. Therefore, the Government cannot interfere in the liquidation process. The claims of the employees are also within the purview of the official liquidator.

(b) At present, there is no proposal under consideration of the Government to revive the said company.

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ when the Company is in process of liquidation, ਕੀ ਲੇਬਰ ਐਕਟ ਦੇ ਮੁਤਾਬਿਕ ਪੰਜਾਬ ਸਰਕਾਰ ਕੋਈ ਐਸਾ ਵਿਚਾਰ ਕਰ ਰਹੀ ਹੈ ਕਿ ਜਿਹੜੇ ਹਜ਼ਾਰਾਂ ਕਾਮੇ ਪਨਵਾਇਰ ਦੇ ਬੰਦ ਹੋਣ ਕਾਰਨ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ ਅਤੇ ਉਨ੍ਹਾਂ ਦਾ ਇਸ ਕੰਪਨੀ ਦੇ ਬਰਬਾਦ ਹੋਣ ਵਿਚ ਕੋਈ ਵੀ ਕਸੂਰ ਨਹੀਂ ਹੈ, ਕੀ ਉਨ੍ਹਾਂ ਦੇ ਰਾਈਟ ਨੂੰ ਪ੍ਰੋਟੈਕਟ ਕਰਨ ਲਈ, ਉਨ੍ਹਾਂ ਦੇ ਬੱਚਿਆਂ ਦੇ ਭਵਿਖ ਨੂੰ ਪ੍ਰੋਟੈਕਟ ਕਰਨ ਦੇ ਲਈ ਕੋਈ ਉਪਰਾਲੇ ਕੀਤੇ ਜਾ ਰਹੇ ਹਨ ?

**CHIEF MINISTER** : This matter is at present being handled by the Liquidator, who will look into all the aspects of the liquidation as directed by the Hon'ble Supreme Court and I am sure, when the Liquidator is going through this issue, all the problems of the employees and their future will be brought into his notice at that time. From our side, the Government will also put this matter before the Liquidator.

**SARDAR BIR DEVINDER SINGH** : Sir, I would like to know about the quantum of losses which the Government has suffered because they were the partner in this Company and what definite initiative has been taken by the Government to protect the rights of the employees of PUNWIRE after the rejection of the appeal by the Apex Court ?

**CHIEF MINISTER** : Sir, as to the quantum, I can only say that it is totally in the negative at the moment. The net worth of the Company was in the negative and, therefore, it was ordered to be wound up by the Hon'ble High Court. There is a large exposure of loans they had taken from a lots of financial institutions in the country and huge financial securities are involved both secured and unsecured, a lot of them being of general public. Therefore, this case has been handed over to the Central Bureau of Investigation (C.B.I.). The C.B.I. investigation is now on in this matter.

**SARDAR BIR DEVINDER SINGH** : Sir, my question is about the quantum of losses suffered by the Punjab Government on account of investments made by the Government and its public undertakings in the PUNWIRE. I want to know what are the quantum of losses and what efforts are we making to retract ?

**CHIEF MINISTER** : Hon'ble Speaker Sir, so far as the quantum of losses are concerned, I don't have those figures at present. Those can be made available from the balance sheet.

Original with;
Punjab Vidhan Sabha
Digitized by:

As to what are we doing to recover that money, the Company is in the process of liquidation. The Liquidator will decide what is the net worth and the amount which the share-holders will get.

For quantum of losses which the Punjab Government has suffered, I am sorry and I may offer apologies for that because I do not have those figures with me.

**MR. SPEAKER** : Questions are over. Now we will take the next item. Sardar Lal Singh, Finance Minister to present the Budget Estimates for the year 2003-04.

**SHRI AVINASH RAI KHANNA** : Sir, I would...

**MR. SPEAKER** : Please sit down, Sardar Lal Singh is on his legs.

---

## PRESENTATION OF BUDGET ESTIMATES FOR THE YEAR 2003-2004

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ (ਸਰਦਾਰ ਲਾਲ ਸਿੰਘ)** :

**ਭਾਗ ੳ**

ਮਾਨਯੋਗ ਸਪੀਕਰ ਸਾਹਿਬ,

ਮੈਂ ਸਾਲ 2003–04 ਦਾ ਬਜਟ ਪੇਸ਼ ਕਰਨ ਦੀ ਖੁਸ਼ੀ ਲੈ ਰਿਹਾ ਹਾਂ ।

1. ਮੈਂ 19 ਜੂਨ, 2002 ਨੂੰ ਕਾਂਗਰਸ ਸਰਕਾਰ ਦੇ ਪਹਿਲੇ ਬਜਟ ਨੂੰ ਇਸ ਅਜ਼ੀਮ ਸਦਨ ਵਿਚ ਪੇਸ਼ ਕਰਦੇ ਸਮੇਂ ਮਾਨਯੋਗ ਮੈਂਬਰ ਸਾਹਿਬਾਨ ਦਾ ਧਿਆਨ ਰਾਜ ਦੇ ਮਾਲੀ ਸੰਕਟ ਵੱਲ ਦਿਵਾਇਆ ਸੀ ਅਤੇ ਇਹ ਵੀ ਕਿਹਾ ਸੀ ਕਿ ਸਰਕਾਰ ਰਾਜ ਦੀ ਮਾਲੀ ਹਾਲਤ ਵਿਚ ਸੁਧਾਰ ਕਰਨ ਲਈ ਪੱਕੇ ਤੌਰ ਤੇ ਵਚਨਬੱਧ ਹੈ । ਮਾਲੀ ਸੁਧਾਰਾਂ ਲਈ ਇਕ ਰੂਪਰੇਖਾ ਖਿੱਚੀ ਗਈ ਸੀ ਜਿਸ ਵਿੱਚ ਨਾਨ–ਪਲਾਨ ਖਰਚੇ ਨੂੰ ਘੱਟ ਕਰਨ, ਖਪਤਕਾਰੀ ਖਰਚਿਆਂ ਦੇ ਤਾਰਕਕੀਕਰਣ, ਪੀ.ਐਸ.ਈ.ਬੀ. ਦੇ ਵਿੱਤਾਂ ਵਿਚ ਸੁਧਾਰ ਲਿਆਉਣ, ਟੈਕਸ ਰੈਵੇਨਿਊ ਵਿਚ ਵਾਧਾ ਕਰਨ, ਰਾਜ ਸੜਕ ਟਰਾਂਸਪੋਰਟ ਅਦਾਰਿਆਂ (ਐਸ.ਆਰ.ਟੀ.ਯੂਜ਼) ਦੇ ਘਾਟਿਆਂ ਵਿਚ ਕਮੀ ਲਿਆਉਣ ਅਤੇ ਪਬਲਿਕ ਸੈਕਟਰ ਅਦਾਰਿਆਂ (ਪੀ.ਐਸ.ਯੂਜ਼) ਵਿਚ ਅਪਨਿਵੇਸ਼ ਦੇ ਸਬੰਧ ਵਿਚ ਕਈ ਦਰੁਸਤੀ ਵਾਲੇ ਮਾਲੀ ਉਪਾਵਾਂ ਨੂੰ ਸ਼ਾਮਲ ਕੀਤਾ ਗਿਆ ਸੀ । ਉਸ ਸਮੇਂ ਤੋਂ ਹੀ ਸੁਧਾਰ ਵਾਲੇ ਕਈ ਤਰੀਕੇ ਅਪਣਾਏ ਗਏ ਹਨ ਜਿਨ੍ਹਾਂ ਦੇ ਚੰਗੇ ਸਿੱਟੇ ਸਾਹਮਣੇ ਆਏ ਹਨ । ਐਪਰ ਮਾਲੀ ਸੁਧਾਰਾਂ ਦਾ ਮਾਰਗ ਲੰਮੇਰਾ ਅਤੇ ਕਠਿਨ ਹੀ ਨਹੀਂ ਸਗੋਂ ਇਨ੍ਹਾਂ ਦਾ ਮੱਧਕਾਲੀ

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਪਰਿਪੇਖ ਤੇ ਪ੍ਰਭਾਵ ਪੈਣਾ ਹੈ। ਇਸ ਲਈ ਦੀਰਘਕਾਲੀ ਸਿੱਟਿਆਂ ਨੂੰ ਹਾਸਿਲ ਕਰਨ ਲਈ ਮਾਲੀ ਸੁਧਾਰ ਉਪਾਵਾਂ ਨੂੰ ਕਿਸੇ ਵਿਸ਼ੇਸ਼ ਸਮੇਂ ਤੱਕ ਨਿਰੰਤਰ ਕਾਇਮ ਰੱਖਣ ਦੀ ਲੋੜ ਹੈ। ਸਰਕਾਰ ਅਜਿਹਾ ਕਰਨ ਲਈ ਉਸ ਸਮੇਂ ਤੱਕ ਵਚਨਬੱਧ ਹੈ ਜਦ ਤਕ ਕਿ ਰਾਜ ਦੀ ਸਮੁੱਚੀ ਮਾਲੀ ਹਾਲਤ ਵਿਚ ਸੁਧਾਰ ਨਹੀਂ ਹੋ ਜਾਂਦਾ।

2. ਰਾਜ ਦੀ ਮਾੜੀ ਮਾਲੀ ਹਾਲਤ ਕਾਰਨ ਨਾ ਕੇਵਲ ਵਿਕਾਸ ਦੀ ਪ੍ਰਕ੍ਰਿਆ ਤੇ ਮਾੜਾ ਅਸਰ ਪਿਆ ਹੈ ਸਗੋਂ ਇਹ ਅਸਲ ਵਿਚ ਰੁਕ ਗਈ ਹੈ। ਲੋਕਮਤ ਰਾਹੀਂ ਚੁਣੀ ਗਈ ਕੋਈ ਵੀ ਸਰਕਾਰ ਇਸ ਗੱਲ ਦੀ ਆਗਿਆ ਨਹੀਂ ਦੇ ਸਕਦੀ ਕਿ ਅਜਿਹੀ ਹਾਲਤ ਅਨਿਸ਼ਚਿਤ ਕਾਲ ਤੱਕ ਚਲਦੀ ਰਹੇ। ਵਿਕਾਸ ਪ੍ਰਕ੍ਰਿਆ ਨੂੰ ਨਵੇਂ ਸਿਰਿਉਂ ਸ਼ੁਰੂ ਕਰਨ ਨਾਲ ਸਮੁੱਚੀ ਮਾਲੀ ਬਹਾਲੀ ਨਹੀਂ ਹੋ ਸਕਦੀ। ਇਸ ਲਈ ਤਾਂ ਮਾਲੀ ਹਾਲਤ ਵਿਚ ਸੁਧਾਰ ਅਤੇ ਵਿਕਾਸ ਪ੍ਰਕ੍ਰਿਆ ਨੂੰ ਪੁਨਰਗਤੀਸ਼ੀਲ ਕਰਨ ਲਈ ਯਤਨ ਕਰਨ ਦੀ ਲੋੜ ਹੈ। ਇਸ ਲਈ ਸਰਕਾਰ ਨੇ ਸਾਲ 2003-04 ਨੂੰ "ਵਿਕਾਸ ਦਾ ਸਾਲ" ਘੋਸ਼ਿਤ ਕਰਨ ਦਾ ਫੈਸਲਾ ਕੀਤਾ ਹੈ। (ਥੰਪਿੰਗ) ਇਸ ਪ੍ਰਕਿਆ ਵਿਚ ਹੁਕਮਰਾਨ ਪਾਰਟੀ ਦੁਆਰਾ ਗਰੀਬੀ ਨੂੰ ਘੱਟ ਕਰਨ, ਸਮਾਜਿਕ ਨਿਆਂ, ਕਮਜ਼ੋਰ ਤਬਕਿਆਂ ਨੂੰ ਉੱਚਾ ਚੁੱਕਣ, ਧਰਮ ਨਿਰਪੇਖਤਾ ਅਤੇ ਭਾਈਚਾਰਕ ਇਕਸੁਰਤਾ ਦੀ ਬਰ-ਕਰਾਰੀ, ਜਨੰਤਕ ਸ਼ਾਂਤੀ ਅਤੇ ਵਿਵੱਸਥਾ ਵਾਲੀ ਵਚਨਬੱਧਤਾ ਦਾ ਜ਼ਬਰਦਸਤ ਪ੍ਰਭਾਵ ਪਵੇਗਾ। ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤ ਸੰਮਤੀਆਂ ਅਤੇ ਹਾਲ ਹੀ ਵਿਚ ਹੋਈਆਂ ਨਗਰਪਾਲਿਕਾਵਾਂ ਦੀਆਂ ਚੋਣਾਂ ਵਿਚ ਹੁਕਮਰਾਨ ਪਾਰਟੀ ਦੀ ਭਾਰੀ ਜਿੱਤ ਤੋਂ ਇਹ ਪਤਾ ਲੱਗਦਾ ਹੈ ਕਿ ਲੋਕਾਂ ਨੇ ਇਨ੍ਹਾਂ ਨੀਤੀਆਂ ਦੀ ਪ੍ਰੋੜ੍ਹਤਾ ਕੀਤੀ ਹੈ।

**ਅਰਥ ਵਿਵਸਥਾ**

3. ਨਿਰੰਤਰ ਮਾਲੀ ਸੰਕਟ ਨੇ ਰਾਜ ਦੇ ਆਰਥਿਕ ਵਿਕਾਸ ਤੇ ਬਹੁਤ ਮਾੜਾ ਅਸਰ ਪਾਇਆ ਹੈ। ਮਾਨਯੋਗ ਮੈਂਬਰ ਸਾਹਿਬਾਨ ਸ਼ਾਇਦ ਇਸ ਗੱਲ ਤੋਂ ਵਾਕਫ਼ ਹਨ ਕਿ ਰਾਜ ਦੀ ਆਰਥਿਕ ਅਵਸਥਾ ਪਿਛਲੇ ਕਈ ਸਾਲਾਂ ਤੋਂ ਰਾਸ਼ਟਰੀ ਅਰਥ ਵਿਵਸਥਾ ਦੇ ਮੁਕਾਬਲੇ ਘੱਟ ਦਰ ਤੇ ਵਿਕਾਸ ਕਰਦੀ ਰਹੀ ਹੈ। ਦਸਵੀਂ ਪੰਜ ਸਾਲਾ ਯੋਜਨਾ ਕਮਿਸ਼ਨ ਨੇ ਜੋ ਤੱਥ ਸਾਹਮਣੇ ਰੱਖੇ ਹਨ, ਉਨ੍ਹਾਂ ਅਨੁਸਾਰ ਪੰਜਾਬ ਦੇਸ਼ ਦੇ ਚਾਰ ਸਭ ਤੋਂ ਘੱਟ ਵਿਕਾਸ ਕਰਨ ਵਾਲੇ ਰਾਜਾਂ ਵਿਚੋਂ ਇਕ ਹੋਵੇਗਾ। ਜੇਕਰ ਵਿਕਾਸ ਦਰ ਨੂੰ ਇਸੇ ਤਰ੍ਹਾਂ ਬਿਨਾਂ ਰੋਕ-ਟੋਕ ਦੇ ਘਟਣ ਦਿਤਾ ਜਾਂਦਾ ਹੈ ਤਾਂ ਇਸ ਦਾ ਸਾਰੇ ਪੰਜਾਬੀਆਂ ਦੀ ਆਮਦਨ ਅਤੇ ਰੋਜ਼ਗਾਰ ਪੱਧਰਾਂ ਤੇ ਪ੍ਰਤੀਕੂਲ ਪ੍ਰਭਾਵ ਪਵੇਗਾ ਜੋ ਕਿ ਚਿੰਤਾ ਦਾ ਇਕ ਵਿਸ਼ਾ ਹੈ। ਰਾਜ ਦੀ ਸਮੁੱਚੀ ਆਰਥਿਕ ਕਾਰਗੁਜ਼ਾਰੀ ਵਿਚ ਖੜੋਤ ਆ ਗਈ ਹੈ ਅਤੇ ਸਾਲ 2001-02 ਦੌਰਾਨ ਇਸ ਵਿਚ ਨਾ-ਕਾਫੀ ਵਿਕਾਸ ਹੋਇਆ ਹੈ। ਸਥਿਰ ਕੀਮਤਾਂ ਤੇ ਰਾਜ ਦਾ ਸਮੁੱਚਾ ਘਰੇਲੂ ਉਤਪਾਦਨ (ਜੀ.ਐਸ.ਡੀ.ਪੀ.) ਜੋ ਸਾਲ 2000-01 ਦੌਰਾਨ 41106 ਕਰੋੜ ਰੁਪਏ ਸੀ ਉਹ ਸਾਲ 2001-02 ਦੌਰਾਨ ਵਧਕੇ 42531 ਕਰੋੜ ਰੁਪਏ ਹੋ ਗਿਆ ਹੈ ਜੋ ਸਾਲ 2000-01 ਵਿਚ 3.44% ਵਿਕਾਸ ਦਰ ਦੇ ਮੁਕਾਬਲੇ 3.47% ਵਿਕਾਸ ਦਰ ਦਰਸਾਉਂਦਾ ਹੈ।

Original with;
Punjab Vidhan Sabha
Digitized by:
Panjab Digital Library

4. ਪ੍ਰਮੁੱਖ ਸੈਕਟਰ ਜਿਸ ਵਿਚ ਖੇਤੀਬਾੜੀ ਅਤੇ ਸਬੰਧਤ ਸੈਕਟਰ ਸ਼ਾਮਿਲ ਹਨ ਦੇ ਜੀ.ਐਸ.ਡੀ.ਪੀ. ਦੇ ਨਵੀਨਤਮ ਅਨੁਮਾਨਾਂ ਅਨੁਸਾਰ ਇਹ ਜੋ ਸਾਲ 2000-01 ਵਿਚ 16573 ਕਰੋੜ ਰੁਪਏ ਸੀ, ਸਾਲ 2001-02 ਦੌਰਾਨ ਵਧ ਕੇ 16699 ਕਰੋੜ ਰੁਪਏ ਹੋ ਗਿਆ ਹੈ ਜਿਸ ਵਿਚ ਸਥਿਰ ਕੀਮਤਾਂ ਤੇ 0.76% ਦੇ ਨਾ ਮਾਤਰ ਵਾਧੇ ਦੀ ਦਰ ਦਾ ਪਤਾ ਲੱਗਦਾ ਹੈ। ਦੂਸਰੇ ਦਰਜੇ ਦੇ ਸੈਕਟਰ ਜਿਸ ਵਿਚ ਨਿਰਮਾਣ ਉਸਾਰੀ ਅਤੇ ਬਿਜਲੀ ਸੈਕਟਰ ਸ਼ਾਮਿਲ ਹਨ ਦਾ ਜੀ.ਐਸ.ਡੀ.ਪੀ. 9876 ਕਰੋੜ ਰੁਪਏ ਤੋਂ ਵਧ ਕੇ 10452 ਕਰੋੜ ਰੁਪਏ ਹੋ ਗਿਆ ਹੈ ਜੋ ਇਸੇ ਸਮੇਂ ਲਈ ਸਥਿਰ ਕੀਮਤਾਂ ਤੇ 5.83% ਦੀ ਵਿਕਾਸ ਦਰ ਦਰਸਾਉਂਦਾ ਹੈ। ਇਸੇ ਪ੍ਰਕਾਰ ਤੀਸਰਾ ਸੈਕਟਰ ਜਿਸ ਵਿਚ ਟਰੇਡ, ਟਰਾਂਸਪੋਰਟ, ਬੈਂਕਿੰਗ, ਬੀਮਾ ਅਤੇ ਪਬਲਿਕ ਪ੍ਰਬੰਧ ਸ਼ਾਮਿਲ ਹਨ, ਉਸ ਵਿਚ ਪਿਛਲੇ ਸਾਲ ਨਾਲੋਂ ਸਾਲ 2001-02 ਦੌਰਾਨ 4.93% ਦੀ ਵਿਕਾਸ ਦਰ ਰਿਕਾਰਡ ਕੀਤੀ ਗਈ ਹੈ।

5. ਸਥਿਰ ਕੀਮਤਾਂ ਤੇ ਪ੍ਰਤੀ ਜੀਅ ਆਮਦਨ ਜੋ ਸਾਲ 2000-01 ਦੌਰਾਨ 14916 ਰੁਪਏ ਸੀ ਉਹ ਸਾਲ 2001-02 ਦੌਰਾਨ ਵਧ ਕੇ 15255 ਰੁਪਏ ਹੋ ਗਈ ਹੈ ਜਿਸ ਵਿਚ ਕੇਵਲ 2.27% ਦਾ ਹੀ ਵਾਧਾ ਹੋਇਆ ਹੈ। ਚਾਲੂ ਕੀਮਤਾਂ ਤੇ ਪ੍ਰਤੀ ਜੀਅ ਆਮਦਨ ਜੋ ਸਾਲ 2000-01 ਵਿਚ 24111 ਰੁਪਏ ਸੀ ਉਹ ਸਾਲ 2001-02 ਵਿਚ ਵਧ ਕੇ ਅਨੁਮਾਨਤ 25652 ਰੁਪਏ ਹੋ ਗਈ ਹੈ ਜਿਸ ਤੋਂ 6.39% ਦੇ ਵਾਧੇ ਦਾ ਪਤਾ ਲਗਦਾ ਹੈ।

6. ਰਾਜ ਦੀ ਅਰਥ ਵਿਵਸਥਾ ਦੀ ਗਿਰਾਵਟ ਦਾ ਕਾਰਨ ਬਜਟ ਦੇ ਘਾਟਿਆਂ ਦੇ ਵੱਧਣ, ਰਾਸ਼ਟਰੀ ਅਰਥ ਵਿਵਸਥਾ ਵਿਚ ਸਮੁੱਚੀ ਗਿਰਾਵਟ ਅਤੇ ਖੇਤੀਬਾੜੀ ਵਿਚ ਖੜੋਤ ਕਾਰਨ ਨਿਵੇਸ਼ ਦੀ ਕਮੀ ਸਮਝਿਆ ਗਿਆ ਹੈ। ਆਰਥਿਕ ਵਿਕਾਸ ਦੀ ਦਰ ਨੂੰ ਵਧਾਉਣ ਲਈ ਇਹ ਅਤੀ ਜਰੂਰੀ ਹੈ ਕਿ ਮਾਲੀ ਘਾਟੇ ਵਿਚ ਭਾਰੀ ਕਮੀ ਲਿਆਂਦੀ ਜਾਵੇ ਤਾਂ ਕਿ ਵੱਖ ਵੱਖ ਸੈਕਟਰਾਂ ਨੂੰ ਨਿਵੇਸ਼ ਵਾਲੇ ਸ੍ਰੋਤ ਉਪਲਬਧ ਕੀਤੇ ਜਾ ਸਕਣ ਅਤੇ ਖੇਤੀਬਾੜੀ ਵਿਚ ਹੋਰ ਪ੍ਰਗਤੀ ਕੀਤੀ ਜਾ ਸਕੇ।

7. ਰਾਜ ਦੀ ਅਰਥ ਵਿਵਸਥਾ ਦੀ ਸੰਰਚਨਾ ਕਿਉਂਕਿ ਪ੍ਰਮੁੱਖ ਤੌਰ ਤੇ ਖੇਤੀਬਾੜੀ ਵਾਲੀ ਹੈ ਜੋ ਹੇਠਲੇ ਦਰਜੇ ਦਾ ਰੋਜ਼ਗਾਰ ਹੀ ਦਿੰਦੀ ਹੈ, ਜਿਸ ਵਿਚ ਖੇਤੀਬਾੜੀ ਕਾਮੇ ਸ਼ਾਮਿਲ ਹਨ ਜਿਸ ਕਰਕੇ ਇਹ ਦੋ ਮਿਲੀਅਨ ਪੜ੍ਹੇ ਲਿਖੇ ਨੌਜਵਾਨਾਂ ਦੀਆਂ ਉਮੀਦਾਂ ਨੂੰ ਪੂਰਾ ਨਹੀਂ ਕਰ ਸਕਦੀ ਜੋਕਿ ਰੋਜ਼ਗਾਰ ਦੇ ਢੁਕਵੇਂ ਮੌਕਿਆਂ ਦੀ ਇੰਤਜ਼ਾਰ ਕਰ ਰਹੇ ਹਨ।

ਰਾਜ ਦੇ ਵਿੱਤ

8. ਰਾਜ ਦੇ ਵਿੱਤਾਂ ਦੇ ਸਬੰਧ ਵਿਚ ਇਕ ਸ਼ਵੇਤ ਪੱਤਰ 25 ਮਾਰਚ 2002 ਨੂੰ ਇਸ ਅਜ਼ੀਮ ਸਦਨ ਅੱਗੇ ਪੇਸ਼ ਕੀਤਾ ਗਿਆ ਸੀ। ਇਸ ਰਾਹੀਂ ਰਾਜ ਦੀ ਮਾਲੀ ਸੱਥਿਤੀ ਬਾਰੇ ਦੱਸਣ ਦਾ ਤਤਕਾਲ ਉਪਰਾਲਾ ਕੀਤਾ ਗਿਆ ਸੀ। ਵਰਤਮਾਨ ਸਰਕਾਰ ਨੇ ਆਪਣੇ ਰਾਜਕਾਲ ਦੇ ਇਕ ਸਾਲ ਦੇ ਸਮੇਂ ਦੌਰਾਨ ਜਦੋਂ ਰਾਜ ਦੀ

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਮਾਲੀ ਹਾਲਤ ਦੀ ਹੋਰ ਪੜਤਾਲ ਕੀਤੀ ਤਾਂ ਇਹ ਦੇਖਕੇ ਦੰਗ ਰਹਿ ਗਈ ਕਿ ਸਵੇਤ ਪੱਤਰ ਵਿਚ ਜਿਨ੍ਹਾਂ ਦੇਣਦਾਰੀਆਂ ਦਾ ਜ਼ਿਕਰ ਕੀਤਾ ਗਿਆ ਹੈ, ਉਸ ਤੋਂ ਇਲਾਵਾ ਵੀ ਪਿਛਲੀ ਸਰਕਾਰ ਨੇ ਭਾਰੀਆਂ ਰਕਮਾਂ, ਬਜਟ ਦੀਆਂ ਦੇਣਦਾਰੀਆਂ ਤੋਂ ਇਲਾਵਾ ਅਨਫੰਡਿਡ ਦੇਣਦਾਰੀਆਂ ਦੇਣੀਆਂ ਸਨ ਅਤੇ ਰਾਜ ਦੀ ਮਾਲੀ ਹਾਲਤ ਦੀ ਠੀਕ ਸਥਿਤੀ ਦੱਸਣ ਵਿਚ ਇਨ੍ਹਾਂ ਨੂੰ ਵੀ ਸ਼ਾਮਿਲ ਕਰਨ ਦੀ ਲੋੜ ਹੈ । ਇਹ ਦੇਣਦਾਰੀਆਂ, ਖੁਰਾਕ ਲੇਖੇ ਵਿਚ ਬੇਕਾਇਦਗੀ, ਡਿਪਾਜ਼ਿਟ ਵਰਕਸ ਅਤੇ ਨਿਜੀ ਲੈਜਰ ਲੇਖਿਆਂ ਵਿਚ ਜਮ੍ਹਾਂ ਹੋਏ ਬਕਾਇਆਂ ਅਤੇ ਵੱਖ-ਵੱਖ ਵਿਕਾਸ ਕਾਰਜਾਂ ਲਈ ਭਾਰਤ ਸਰਕਾਰ ਅਤੇ ਮਾਲੀ ਸੰਸਥਾਵਾਂ ਪਾਸੋਂ ਪ੍ਰਾਪਤ ਫੰਡਾਂ ਨੂੰ ਜਾਰੀ ਨਾ ਕਰਨ ਕਾਰਨ ਪੈਦਾ ਹੋਈਆਂ ਸਨ । ਅਸੀਂ ਇਨ੍ਹਾਂ ਦੇਣਦਾਰੀਆਂ ਦਾ ਪੂਰਾ ਜਾਇਜ਼ਾ ਲੈ ਰਹੇ ਹਾਂ ਅਤੇ ਇਹਨਾਂ ਨੂੰ ਪੂਰਾ ਕਰਨ ਲਈ ਉੱਚਿਤ ਕਦਮ ਚੁੱਕ ਰਹੇ ਹਾਂ ।

9. ਰਾਜ ਦੀ ਮਾਲੀ ਹਾਲਤ ਨੂੰ ਬਿਹਤਰ ਕਰਨ ਲਈ ਆਪਣੀ ਵਚਨਬੱਧਤਾ ਨੂੰ ਪੂਰਾ ਕਰਦੇ ਹੋਏ ਨਵੀਂ ਸਰਕਾਰ ਨੇ ਆਪਣੇ ਰਾਜ ਕਾਲ ਦੇ ਪਹਿਲੇ ਸਾਲ ਵਿਚ ਮਾਲੀ ਠੋਸਤਾ ਨੂੰ ਹਾਸਿਲ ਕਰਨ ਲਈ ਕਈ ਉਪਾਉ ਕੀਤੇ ਸਨ । ਇਨ੍ਹਾਂ ਵਿਚ ਨਿਮਨ ਉਪਾਉ ਸ਼ਾਮਿਲ ਹਨ :- ਸਿੰਜਾਈ ਲਈ ਬਿਜਲੀ ਅਤੇ ਪਾਣੀ ਮੁਫਤ ਦੇਣਾ ਬੰਦ ਕਰਨਾ, ਵੱਖ-ਵੱਖ ਸਮਾਜਿਕ ਅਤੇ ਆਰਥਿਕ ਸੇਵਾਵਾਂ ਲਈ ਖਪਤਕਾਰੀ ਖਰਚਿਆਂ ਦਾ ਤਾਰਕਕੀਕਰਣ, ਟੈਕਸ ਅਤੇ ਗੈਰ ਟੈਕਸ ਰੈਵੇਨਿਊ ਨੂੰ ਵਧਾਉਣਾ, ਗੈਰ ਉਪਜਾਊ ਖਰਚੇ ਨੂੰ ਘੱਟ ਕਰਨਾ ਅਤੇ ਪਬਲਿਕ ਸੈਕਟਰ ਅਦਾਰਿਆਂ ਵਿਚ ਅਪਨਿਵੇਸ਼ । ਇਨ੍ਹਾਂ ਉਪਾਵਾਂ ਦੇ ਚੰਗੇ ਸਿੱਟੇ ਸਾਹਮਣੇ ਆ ਰਹੇ ਹਨ ਅਤੇ ਹੋਰ ਹੋਰਵੇਂ ਵਾਲੇ ਮਾਲੀ ਦਿਸਹੱਦੇ ਤੇ ਰੋਸ਼ਨੀ ਦੀ ਕਿਰਨ ਦਿਖਾਈ ਦੇ ਰਹੀ ਹੈ । ਅਜਿਹਾ ਨਿਮਨ ਮਾਲੀ ਸੰਕੇਤਕਾਂ ਤੋਂ ਪ੍ਰਤੱਖ ਹੁੰਦਾ ਹੈ :—

(ਰੁਪਏ ਕਰੋੜਾਂ ਵਿਚ)

| ਵੇਰਵਾ | 1996-97 | 2001-02 (ਪੂਰਵ-ਵਾਸਤਵਿਕ) | 2002-03 (ਆਰ.ਈ.) | 2003-04 (ਬੀ.ਈ.) |
|---|---|---|---|---|
| ਰੈਵੀਨਿਊ ਘਾਟਾ | 1357.06 | 3781.19 | 3312.56 | 3110.85 |
| ਰੈਵੀਨਿਊ ਘਾਟਾ ਜੀ.ਐਸ.ਡੀ.ਪੀ. ਦੀ ਪ੍ਰਤੀਸ਼ਤਤਾ ਵਜੋਂ | 3.07 | 5.28 | 4.20 | 3.54 |
| ਰੈਵੀਨਿਊ ਘਾਟਾ ਜੀ.ਐਸ.ਡੀ.ਪੀ. ਦੀ ਪ੍ਰਤੀਸ਼ਤਤਾ ਵਜੋਂ | 1464.69 | 4958.97 | 4772.05 | 5319.35 |
| ਤਨਖਾਹ ਅਤੇ ਪੈਨਸ਼ਨਾਂ ਰੈਵਨਿਊ ਪ੍ਰਾਪਤੀਆਂ ਦੀ ਪ੍ਰਤੀਸ਼ਤਤਾ ਵਜੋਂ | 48.21 | 73.21 | 62.88 | 56.78 |

Original with;
Punjab Vidhan Sabha
Digitized by;

| | | | | |
|---|---|---|---|---|
| ਵਿਆਜ ਅਦਾਇਗੀਆਂ ਅਤੇ ਰੈਵੀਨਿਊ ਪ੍ਰਾਪਤੀਆਂ ਦੀ ਪ੍ਰਤੀ-ਸ਼ਤਤਾ ਵਜੋਂ | 29.38 | 45.02 | 36.68 | 31.17 |
| ਤਨਖਾਹਾਂ, ਪੈਨਸ਼ਨਾਂ ਅਤੇ ਵਿਆਜ ਰੈਵੀਨਿਊ ਪ੍ਰਾਪਤੀਆਂ ਦੀ ਪ੍ਰਤੀ-ਸ਼ਤਤਾ ਵਜੋਂ | 77.59 | 118.23 | 99.56 | 87.95 |
| ਕੁਲ ਕਰਜ਼ਾ | 15249.55 | 32495.77 | 37058.87 | 42055.99 |
| ਕੁਲ ਕਰਜ਼ਾ ਜੀ.ਐਸ.ਡੀ.ਪੀ ਦੀ ਪ੍ਰਤੀਸ਼ਤਤਾ ਵਜੋਂ | 34.53 | 45.35 | 47.01 | 47.85 |
| ਖੁਰਾਕ ਕਰਜ਼ੇ ਤੋਂ ਇਲਾਵਾ ਬਕਾਇਆ ਸਰਕਾਰੀ ਗਰੰਟੀਆਂ | 2116.29 | 6816.06 | 6046.85 | 4903.64 |
| ਬਕਾਇਆ ਸਰਕਾਰੀ ਗਰੰਟੀਆਂ ਰੈਵੀਨਿਊ ਪ੍ਰਾਪਤੀਆਂ ਦੀ ਪ੍ਰਤੀ-ਸ਼ਤਤਾ ਵਜੋਂ | 38.04 | 96.59 | 63.37 | 44.01 |
| ਰੈਵੀਨਿਊ ਘਾਟਾ ਰੈਵੀਨਿਊ ਪ੍ਰਾਪਤੀਆਂ ਦੀ ਪ੍ਰਤੀਸ਼ਤਤਾ ਵਜੋਂ | 24.37 | 42.35 | 27.36 | 22.97 |
| ਰੈਵੀਨਿਊ ਘਾਟਾ ਵਿੱਤੀ ਘਾਟੇ ਦੀ ਪ੍ਰਤੀਸ਼ਤਤਾ ਦੇ ਵਜੋਂ | 92.65 | 76.25 | 69.42 | 58.48 |

10. ਉਪਰੋਕਤ ਮਾਲੀ ਸੰਕੇਤਕ, ਇਹ ਗੱਲ ਨਿਸ਼ਚੇ ਹੀ ਦੱਸਦੇ ਹਨ ਭਾਵੇਂ ਕਿ ਇਨ੍ਹਾਂ ਦਾ ਪਤਾ ਹੌਲੀ ਹੌਲੀ ਲੱਗਦਾ ਹੈ ਕਿ ਰਾਜ ਮਾਲੀ ਸਥਿਰਤਾ ਦੇ ਮਾਰਗ ਤੇ ਹੈ । ਜੀ.ਐਸ.ਡੀ.ਪੀ. ਦੀ ਪ੍ਰਤੀਸ਼ਤਤਾ ਵਜੋਂ ਰੈਵੀਨਿਊ ਘਾਟੇ ਨੂੰ ਸਾਲ 2001-02 ਵਿਚ 5.28% ਤੋਂ ਘਟਾਅ ਕੇ ਸਾਲ 2002-03 ਵਿਚ 4.20% ਅਤੇ ਸਾਲ 2003-04 ਵਿਚ 3.54% ਤੱਕ ਹੇਠਾਂ ਆਉਣ ਦਿੱਤਾ ਗਿਆ । ਤਨਖਾਹਾਂ, ਪੈਨਸ਼ਨਾਂ ਅਤੇ ਵਿਆਜ, ਜਿਨ੍ਹਾਂ ਤੇ ਸਾਲ 2001-02 ਵਿੱਚ ਰਾਜ ਦੇ ਕੁਲ ਰੈਵੀਨਿਊ ਦਾ 118.25% ਖਰਚ ਹੋ ਜਾਂਦਾ ਸੀ, ਉਹ ਸਾਲ 2003-04 ਵਿਚ ਕੇਵਲ 87.95% ਖਪਤ ਕਰੇਗਾ । ਵਿਆਜ ਦੀਆਂ ਅਦਾਇਗੀਆਂ ਜੋ ਕਿ ਸਾਲ 2001-02 ਵਿਚ ਰੈਵੀਨਿਊ ਦਾ 45.02% ਹਿੱਸਾ ਖਾ ਜਾਂਦੀਆਂ ਸਨ ਉਹ ਸਾਲ 2003-04 ਕੇਵਲ 31.17% ਹਿੱਸਾ ਖਾਣਗੀਆਂ । ਰਾਜ ਦੀ ਮਾਲੀ ਹਾਲਤ ਵਿਚ ਚਿੰਤਾ ਵਾਲੀ ਇਕੋ ਇਕ ਗੱਲ ਰਾਜ ਦਾ ਭਾਰੀ ਕਰਜ਼ਾ ਹੈ ਜੋ ਕਿ ਜੀ.ਐਸ.ਡੀ.ਪੀ. ਪ੍ਰਤੀਸ਼ਤਤਾ ਵਜੋਂ ਅਜੇ ਵੀ ਵੱਧ ਰਿਹਾ ਹੈ । ਇਸ ਦਾ ਕਾਰਨ ਪਿਛਲੀ ਸਰਕਾਰ ਪਾਸੋਂ ਵਿਰਸੇ ਵਿਚ ਮਿਲਿਆ ਕਰਜ਼ੇ ਦਾ ਭਾਰੀ ਬੋਝ ਹੈ

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਜਿਸ ਨੂੰ ਸਹੀ ਹਾਲਤ ਵਿਚ ਲਿਆਉਣ ਲਈ ਤਿੰਨ-ਚਾਰ ਸਾਲ ਲੱਗਣਗੇ । ਇਹ ਗੱਲ ਧਰਵਾਸ ਦੇਣ ਵਾਲੀ ਹੈ ਕਿ ਰੈਵੀਨਿਊ ਪ੍ਰਾਪਤੀਆਂ ਦੀ ਪ੍ਰਤੀਸ਼ਤਤਾ ਵਜੋਂ ਰੈਵੀਨਿਊ ਘਾਟਾ ਜੋ ਸਾਲ 2001-02 ਵਿਚ 42.35% ਸੀ, ਤੋਂ ਘਟ ਕੇ ਸਾਲ 2002-03 ਵਿਚ 27.35% ਹੋ ਜਾਵੇਗਾ ਜੋ ਸਾਲ 2003-04 ਵਿਚ ਹੋਰ ਵੀ ਘਟ ਕੇ 22.97% ਹੋ ਜਾਵੇਗਾ । ਅਸਲ ਵਿਚ ਸਾਲ 2003-04 ਦੌਰਾਨ ਰੈਵੀਨਿਊ ਪ੍ਰਾਪਤੀਆਂ ਦੀ ਪ੍ਰਤੀਸ਼ਤਤਾਂ ਵਜੋਂ ਰੈਵੀਨਿਊ ਘਾਟਾ ਸਾਲ 1996-97 ਨਾਲੋਂ ਵੀ ਘੱਟ ਹੋਵੇਗਾ ।

11. ਪਿਛਲੇ ਸਾਲ ਦੀ ਬਜਟ ਤਜਵੀਜ਼ਾਂ ਤੇ ਕੀਤੀ ਗਈ ਕਾਰਵਾਈ ਦੀ ਰਿਪੋਰਟ ਸਾਲਾਨਾ ਮਾਲੀ ਵਿਵਰਣ (ਏ.ਐਫ.ਐਸ) ਨਾਲ ਸ਼ਾਮਿਲ ਕੀਤੀ ਗਈ ਹੈ ।

**ਕੇਂਦਰੀ ਬਜਟ ਅਤੇ ਭਾਰਤ ਸਰਕਾਰ ਦੀਆਂ ਨੀਤੀਆਂ**

12. ਸਮੁਚੇ ਤੌਰ ਤੇ ਸਾਲ 2003-04 ਦਾ ਕੇਂਦਰੀ ਬਜਟ ਵਿਕਾਸ ਵਾਲਾ ਹੈ ਅਤੇ ਅਸੀਂ ਇਸ ਦਾ ਸਵਾਗਤ ਕਰਦੇ ਹਾਂ । ਐਪਰ ਪੰਜਾਬ ਦੇ ਸਬੰਧ ਵਿਚ ਕੁੱਝ ਚਿੰਤਾਜਨਕ ਵਿਸ਼ੇ ਹਨ ਜਿਨ੍ਹਾਂ ਬਾਰੇ ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ।

13. ਇਹ ਵੇਖਿਆ ਗਿਆ ਹੈ ਕੇਂਦਰੀ ਟੈਕਸਾਂ ਵਿਚ ਰਾਜਾਂ ਦਾ ਹਿੱਸਾ ਬਜਟ ਅਨੁਮਾਨ ਸਾਲ 2002-2003 ਵਿਚ 61235 ਕਰੋੜ ਰੁਪਏ ਸੀ, ਉਹ ਸਾਲ 2002-2003 ਦੇ ਸੋਧੇ ਅਨੁਮਾਨ ਵਿਚ ਘੱਟ ਕੇ 56141 ਕਰੋੜ ਰੁਪਏ ਰਹਿ ਗਿਆ ਹੈ । ਪੰਜਾਬ ਦਾ ਹਿੱਸਾ 63.46 ਕਰੋੜ ਰੁਪਏ ਹੋ ਗਿਆ ਹੈ । ਹੌਜ਼ਰੀ ਦੀਆਂ ਇਕਾਈਆਂ ਤੇ 10% ਦੀ ਦਰ ਨਾਲ ਆਬਕਾਰੀ ਡਿਊਟੀ ਲੱਗਣਾ ਚਿੰਤਾਜਨਕ ਗੱਲ ਹੈ ਕਿਉਂਕਿ ਇਸ ਨਾਲ ਹੌਜ਼ਰੀ ਦੇ ਉਦਯੋਗ ਤੇ ਪ੍ਰਭਾਵ ਪਵੇਗਾ ਜੋ ਮੁੱਖ ਰੂਪ ਵਿਚ ਲੁਧਿਆਣੇ ਵਿਚ ਕੇਂਦਰਿਤ ਹੈ । ਵਧ ਰਹੀਆਂ ਨਿਵੇਸ਼ ਲਾਗਤਾਂ ਦੇ ਸਬੰਧ ਵਿਚ ਘੱਟੋ ਘੱਟ ਸਹਾਇਤਾ ਕੀਮਤ (ਐਮ. ਐਸ.ਪੀ) ਨਾ ਵਧਾਉਣ ਦੀ ਕੇਂਦਰੀ ਨੀਤੀ ਨਾਲ ਕਿਸਾਨਾਂ ਦੇ ਹੋਰ ਗਰੀਬ ਹੋਣ ਦੀ ਸੰਭਾਵਨਾ ਹੈ । ਕੇਂਦਰੀ ਆਬਕਾਰੀ ਖ਼ਤਮ ਕਰਨ ਅਤੇ ਕੇਂਦਰੀ ਸਰਕਾਰ ਦੁਆਰਾ ਹਿਮਾਚਲ ਪ੍ਰਦੇਸ਼, ਉਤਰਾਂਚਲ ਪ੍ਰਦੇਸ਼ ਅਤੇ ਜੰਮੂ ਤੇ ਕਸ਼ਮੀਰ ਨੂੰ ਨਵੀਆਂ ਉਦਯੋਗਿਕ ਇਕਾਈਆਂ ਨੂੰ ਟੈਕਸ ਤੋਂ ਦਿੱਤੀ ਮੁਕਤੀ ਨਾ ਕੇਵਲ ਰਾਜ ਵਿਚ ਨਵੇਂ ਉਦਯੋਗ ਤੇ ਨਿਵੇਸ਼ ਤੇ ਪ੍ਰਤਿਕੂਲ ਪ੍ਰਭਾਵ ਪਾਵੇਗੀ ਸਗੋਂ ਮੌਜੂਦਾ ਇਕਾਈਆਂ ਨੂੰ ਇਸ ਗੱਲ ਲਈ ਮਜਬੂਰ ਕਰੇਗੀ ਕਿ ਉਹ ਆਪਣੀਆਂ ਇਕਾਈਆਂ ਗੁਆਂਢੀ ਰਾਜਾਂ ਵਿਚ ਲੈ ਜਾਣ ।

14. ਵਾਫ਼ਰ ਅਨਾਜ ਦੀ ਸਮੱਸਿਆ ਦੇ ਹੁੰਦੇ ਹੋਏ ਕੇਂਦਰੀ ਸਰਕਾਰ ਐਮ.ਐਸ ਪੀ. ਸਕੀਮ ਵਿਚ ਸੰਸ਼ੋਧਨ ਕਰਨ ਦਾ ਯਤਨ ਕਰਨੀ ਰਹੀ ਹੈ ਜੋ ਕਿ ਪ੍ਰੀਖਿਆ ਦਾ ਸਮਾਂ ਹੈ ਜਿਸ ਨੇ ਦੇਸ਼ ਨੂੰ ਖੁਰਾਕ ਸੁਰਖਿਆ ਮੁਹਈਆ ਕੀਤੀ ਹੈ । ਅਸੀਂ ਕੇਂਦਰੀ ਸਰਕਾਰ ਨੂੰ ਜ਼ੋਰਦਾਰ ਅਨੁਰੋਧ ਕਰਾਂਗੇ ਕਿ ਉਹ ਰਾਜ ਸਰਕਾਰ ਨਾਲ ਮਸ਼ਵਰਾ ਕਰਨ ਤੋਂ ਬਿਨਾਂ ਮੌਜੂਦਾ ਐਮ.ਐਸ.ਪੀ ਵਿਚ ਕੋਈ ਪ੍ਰੀਵਰਤਨ ਨਾ ਕਰੇ ।

Original with;
Punjab Vidhan Sabha
Digitized by;
Panjab Digital Library

15. ਸ਼੍ਰੀਮਾਨ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਵਿਸ਼ਵਾਸ਼ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਜੀ ਦੇ ਪੱਧਰ ਤੇ ਇਹ ਸਾਰੇ ਮਸਲੇ ਉਠਾਅ ਕੇ ਇਨ੍ਹਾਂ ਦੀ ਨਵਿਰਤੀ ਕਰਵਾਏਗੀ ।

**ਬਜਟ ਦੀ ਰੂਪ ਰੇਖਾ**

16. ਸਾਲ 2002-03 ਲਈ ਬਜਟ ਪੇਸ਼ ਕਰਦੇ ਹੋਏ ਮੈਂ ਸਰਕਾਰ ਦੀ ਮੱਧਕਾਲੀ ਬਜਟ ਪ੍ਰਣਾਲੀ ਦੀ ਰੂਪ ਰੇਖਾ ਖਿੱਚੀ ਸੀ । ਸਾਲ 2003-04 ਲਈ ਬਜਟ ਦੀਆਂ ਤਜਵੀਜ਼ਾਂ ਅਪਣਾਉਂਦੇ ਹੋਏ ਉਸੇ ਵਿਧੀ ਨੂੰ ਅਪਣਾਇਆ ਗਿਆ ਹੈ । ਇਸ ਲਈ ਸਾਲ 2003-04 ਲਈ ਬਜਟ, ਨਿਮਨ ਵਿਸ਼ਿਆਂ ਤੇ ਕੇਂਦ੍ਰਿਤ ਹੋਵੇਗਾ :-

* ਮਾਲੀ ਜ਼ਿੰਮੇਵਾਰੀ ਅਤੇ ਬਿਹਤਰ ਬਜਟ ਪ੍ਰਬੰਧ ।
* ਰਾਜ ਦੀ ਮਾਲੀ ਹਾਲਤ ਦੀ ਬਹਾਲੀ ਲਈ ਦਰੁੱਸਤੀ ਵਾਲੇ ਤਰੀਕੇ ।
* ਸਰਕਾਰੀ ਖਰਚੇ ਦੀ ਕਿਸਮ ਵਿਚ ਸੁਧਾਰ ।
* ਵਿਸ਼ਵ ਵਰਗ ਆਧਾਰਿਕ ਸੰਰਚਨਾ ਵਿਕਾਸ ।
* ਖੇਤੀਬਾੜੀ ਵਿਚ ਵਿਭਿੰਨਤਾ ।
* ਬਿਜਲੀ ਸੈਕਟਰ ਸੁਧਾਰ ਅਤੇ ਪੀ.ਐਸ.ਈ.ਬੀ. ਦੇ ਵਿੱਤਾਂ ਵਿਚ ਵਾਧਾ ।
* ਰਾਜ ਵਿਚ ਉਦਯੋਗਿਕ ਪੁਨਰਉਥਾਨ ।
* ਸ਼ਹਿਰੀ ਨਵੀਨੀਕਰਨ ਅਤੇ ਫੰਡਾਂ ਦੀ ਵੰਡ ਅਤੇ ਸ਼ਹਿਰੀ ਸਥਾਨਕ ਸੰਗਠਨਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੇ ਕਾਰਜ ।
* ਸਿੱਖਿਆ ਅਤੇ ਸਿਹਤ ਸੇਵਾਵਾਂ ਉਪਲੱਬਧ ਕਰਨ ਅਤੇ ਉਨ੍ਹਾਂ ਦੀ ਕਿਸਮ ਵਿਚ ਵਿਸਤ੍ਰਿਤ ਸੁਧਾਰ ।
* ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਦੀ ਭਲਾਈ ।
* ਪਬਲਿਕ ਸੈਕਟਰ ਅਦਾਰਿਆਂ ਵਿਚ ਅਤਿ ਅਧਿਕ ਨਿਵੇਸ਼ ।

**ਵਿੱਤੀ ਜ਼ਿੰਮੇਵਾਰੀ ਅਤੇ ਬਿਹਤਰ ਬਜਟ ਪ੍ਰਬੰਧ**

17. ਬਜਟ ਨੂੰ ਕੰਪਿਊਟਰੀਕ੍ਰਿਤ ਕਰਨ ਅਤੇ ਪਿਛਲੇ ਸਾਲ ਵਾਂਗ ਇਸ ਨੂੰ ਸਰਕਾਰੀ ਵੈਬਸਾਈਟ ਅਤੇ ਇੰਟਰਨੈੱਟ ਤੇ [illegible] ਸਾਲ 2003-04 ਦੇ ਬਜਟ ਨੂੰ ਵੀ ਪਾਰਦਰਸ਼ਤਾ ਅਤੇ ਨਿਰੰਤਰਤਾ ਲਈ ਤਿੰਨ ਸਾਲਾ ਦ ਪਰਿਪੇਖ ਵਿਚ ਪੇਸ਼ ਕੀਤਾ ਜਾ ਰਿਹਾ ਹੈ । ਤਿੰਨ ਸਾਲਾਂ ਦਾ ਸਮੁੱਚਾ ਬਜਟ, ਰਾਜ ਸਰਕਾਰ ਦੇ ਮੱਧਕਾਲੀ ਵਿੱਤੀ ਪ੍ਰੋਗਰਾਮ ਵਿਚ ਦਿੱਤਾ ਗਿਆ ਹੈ ਜਿਸ ਨੂੰ ਇਸ ਅਜ਼ੀਮ ਸਦਨ ਵਿਚ ਵੱਖਰੇ

Original with;
Punjab Vidhan Sabha
Digitized by;
[illegible]

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਤੌਰ ਤੇ ਪੇਸ਼ ਕੀਤਾ ਜਾ ਰਿਹਾ ਹੈ । ਇਹ ਸੁਨਿਸ਼ਚਿਤ ਕਰਨ ਲਈ ਕਿ ਬਜਟ ਦੇ ਐਲਾਨ ਥੋਥੇ ਸਾਬਤ ਨਾ ਹੋਣ ਪਿਛਲੇ ਸਾਲ ਦੇ ਬਜਟ ਵਿਚ ਕੀਤੇ ਗਏ ਐਲਾਨਾਂ ਬਾਰੇ ਕੀਤੀ ਗਈ ਕਾਰਵਾਈ (ਏ.ਟੀ.ਆਰ) ਦੀ ਰਿਪੋਟ ਨੂੰ ਸਾਲਾਨਾ ਮਾਲੀ ਵਿਵਰਣ ਵਿਚ ਸ਼ਾਮਿਲ ਕਰਕੇ ਇਸ ਅਜ਼ੀਮ ਸਦਨ ਅੱਗੇ ਪੇਸ਼ ਕੀਤੀ ਗਈ ਹੈ ।

18. ਪੰਜਾਬ ਸਰਕਾਰ ਨੇ ਮੱਧਕਾਲੀ ਮਾਲੀ ਸੁਧਾਰ ਪ੍ਰੋਗਰਾਮ ਵੀ ਉਲੀਕਿਆ ਹੈ ਹੈ ਜਿਸ ਬਾਰੇ ਭਾਰਤ ਸਰਕਾਰ ਨਾਲ ਚਰਚਾ ਕਰਕੇ ਉਸ ਦੀ ਮਨਜ਼ੂਰੀ ਲਈ ਗਈ ਹੈ, ਜਿਸ ਦੇ ਆਧਾਰ ਤੇ ਪੰਜਾਬ ਸਰਕਾਰ ਭਾਰਤ ਸਰਕਾਰ ਨਾਲ ਸੁਝਬੂਝ ਦਾ ਮੈਮੋਰੰਡਮ (ਐਮ.ਓ.ਯੂ) ਹਸਤਾਖਰਿਤ ਕਰੇਗੀ । ਰਾਜ ਸਰਕਾਰ ਦੇ ਮੱਧਕਾਲੀ ਸੁਧਾਰ ਪ੍ਰੋਗਰਾਮ ਵਿਚ ਨਿਮਨ ਮਾਲੀ ਟੀਚਿਆਂ ਦੀ ਕਲਪਨਾ ਕੀਤੀ ਗਈ ਹੈ ।

ਮੱਧ ਕਾਲੀ ਵਿੱਤੀ ਪ੍ਰੋਗਰਾਮ ਦੇ ਟੀਚੇ

(ਰੁਪਏ ਕਰੋੜਾਂ ਵਿਚ)

| ਮੱਦ | 2001-02 (ਲੇਖੇ) | 2002-03 (ਆਰ.ਈ.) | 2003-04 (ਬੀ.ਈ.) | 2004-05 (ਪ੍ਰੋਜੈਕਸ਼ਨ) | 2005-06 (ਪ੍ਰੋਜੈਕਸ਼ਨ) |
|---|---|---|---|---|---|
| 1 | 2 | 3 | 4 | 5 | 6 |
| 1. ਕੁਲ ਰੈਵਨਿਊ ਪ੍ਰਾਪਤੀਆਂ | 8929 | 12110 | 13542 | 13607 | 14626 |
| 2. ਰੈਵੀਨਿਊ ਖਰਚਾ | 12710 | 15422 | 16653 | 16414 | 17071 |
| 3. ਰੈਵੀਨਿਊ ਘਾਟਾ | 3781 | 3321 | 3111 | 2807 | 2445 |
| 4. ਵਿੱਤੀ ਘਾਟਾ | 4959 | 4772 | 5319 | 5126 | 4880 |
| 5. ਰੈਵੀਨਿਊ ਘਾਟਾ ਰੈਵੀਨਿਊ ਪ੍ਰਾਪਤੀਆਂ, ਦੀ ਪ੍ਰਤੀਸ਼ਤਤਾ ਵਜੋਂ | 42.35 | 27.35 | 22.97 | 20.63 | 16.72 |

Original with;
Punjab Vidhan Sabha
Digitized by;
Panjab Digital Library

## ਸਰਕਾਰੀ ਖਰਚੇ ਦੀ ਕਿਸਮ ਵਿਚ ਸੁਧਾਰ

19. ਗੈਰ ਉਪਜਾਊ ਖਰਚੇ ਨੂੰ ਘੱਟ ਕਰਨ ਲਈ ਸਰਕਾਰੀ ਖਰਚੇ ਦੀ ਕਿਸਮ ਵਿਚ ਵਿਸਤ੍ਰਿਤ ਸੁਧਾਰ ਕਰਨ ਦਾ ਪ੍ਰਪੱਕ ਯਤਨ ਕੀਤਾ ਗਿਆ ਹੈ। ਅਜਿਹਾ ਕਰਨ ਲਈ ਸਰਕਾਰ ਦੀਆਂ ਵਪਾਰਕ ਗਤੀਵਿਧੀਆਂ ਦੀ ਪੁਨਰਸਿਰਜਨਾ ਅਤੇ ਪੁਨਰਗਠਨ ਕਰਨ ਦੀ ਲੋੜ ਹੈ ਤਾਂ ਕਿ ਬਿਹਤਰ ਅਤੇ ਉਤੱਮ ਸੇਵਾਵਾਂ ਮੁਹੱਈਆ ਕਰਕੇ ਨਾਗਰਿਕਾਂ ਨੂੰ ਧਨ ਰਾਸ਼ੀ ਲਈ ਵੱਧ ਤੋਂ ਵੱਧ ਮੁੱਲ ਦਿਤਾ ਜਾ ਸਕੇ। ਇਨ੍ਹਾਂ ਪੱਖਾਂ ਦਾ ਡੂੰਘਾਈ ਵਿਚ ਅਧਿਐਨ ਕਰਨ ਲਈ ਪੰਜਾਬ ਸਰਕਾਰ ਨੇ ਡਾਕਟਰ ਅਸ਼ੋਕ ਲਹਿਰੀ ਦੀ ਪ੍ਰਧਾਨਗੀ ਹੇਠ ਸਰਕਾਰੀ ਖਰਚਾ ਸੁਧਾਰ ਕਮਿਸ਼ਨ ਦੀ ਨਿਯੁਕਤੀ ਕੀਤੀ ਸੀ। ਕਮੇਟੀ ਨੇ ਆਪਣੀ ਰਿਪੋਟ ਪੇਸ਼ ਕੀਤੀ ਹੈ। ਰਿਪੋਟ ਵਿਚ ਸਰਕਾਰੀ ਖਰਚੇ ਦੀ ਕਿਸਮ ਵਿਚ ਸੁਧਾਰ ਅਤੇ ਨਿਸ਼ਚਿਤ ਮਾਪ ਢੰਗਾਂ ਅਨੁਸਾਰ ਉਚੱ ਪੱਧਰ ਦੀ ਸੇਵਾ ਉਪਲੱਬਧ ਕਰਨ ਅਤੇ ਉਸ ਦੀ ਨਿਗਰਾਨੀ ਰੱਖਣ ਲਈ ਵੱਖ-ਵੱਖ ਸੁਝਾਓ ਦਿਤੇ ਗਏ ਹਨ। ਸਰਕਾਰ ਦੀ ਤਜਵੀਜ਼ ਹੈ ਕਿ ਇਨ੍ਹਾਂ ਸੁਝਾਵਾਂ ਦੀ ਧਿਆਨ ਪੂਰਵਕ ਘੋਖ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਅਗਲੇ ਸਾਲ ਦੌਰਾਨ ਅਮਲੀ ਰੂਪ ਦਿਤਾ ਜਾਵੇ।

## ਖਪਤਕਾਰੀ ਖਰਚੇ

20. ਪਿਛਲੀ ਸਰਕਾਰ ਨੇ ਲੋਕਾਂ ਵਿਚ ਗਲਤ ਵਿਸ਼ਵਾਸ ਪੈਦਾ ਕੀਤਾ ਸੀ ਕਿ ਸਰਕਾਰ ਆਪਣੇ ਨਾਗਰਿਕਾਂ ਨੂੰ ਸਾਰੀਆਂ ਸੇਵਾਵਾਂ ਮੁਫ਼ਤ ਉਪਲਬਧ ਕਰ ਸਕਦੀ ਹੈ। ਮੈਂ ਇਸ ਵਿਸ਼ਵਾਸ਼ ਨੂੰ ਨਹੀਂ ਮੰਨਦਾ ਕਿਉਂਕਿ ਮੁਫ਼ਤ ਮਿਲੀ ਕਿਸੇ ਵੀ ਚੀਜ਼ ਦੀ ਕਦਰ ਨਹੀਂ ਪਾਈ ਜਾਂਦੀ। ਮੁਫ਼ਤ ਮਿਲੀ ਕੋਈ ਵੀ ਸੇਵਾ ਅੰਤ ਵਿਚ ਸੇਵਾ ਦੀ ਅਣਹੋਂਦ ਦਾ ਰੂਪ ਧਾਰਨ ਕਰ ਲੈਂਦੀ ਹੈ। ਇਸ ਲਈ ਪੰਜਾਬ ਸਰਕਾਰ ਨੇ ਅਸੂਲਨ ਇਹ ਫੈਸਲਾ ਕੀਤਾ ਹੈ ਕਿ ਸੇਵਾਵਾਂ ਜਿਵੇਂ ਕਿ ਪੀਣ ਵਾਲਾ ਪਾਣੀ, ਸਿੰਜਾਈ ਵਾਲਾ ਪਾਣੀ, ਸੀਵਰੇਜ, ਉੱਚ-ਸਿੱਖਿਆ, ਡਾਕਟਰੀ ਸਿੱਖਿਆ ਅਤੇ ਤਕਨੀਕੀ ਸਿੱਖਿਆ ਲਈ ਖਪਤਕਾਰੀ ਖਰਚੇ ਹੌਲੀ ਹੌਲੀ ਵਧਾਏ ਜਾਣ ਤਾਂ ਕਿ ਇਨ੍ਹਾਂ ਸੇਵਾਵਾਂ ਦੀ ਕਿਸਮ ਅਤੇ ਉਪਲੱਬਧਤਾ ਵਿਚ ਬਿਹਤਰੀ ਲਿਆਂਦੀ ਜਾ ਸਕੇ। ਅਜਿਹਾ ਕਰਦੇ ਸਮੇਂ ਇਹ ਸੁਨਿਸ਼ਚਿਤ ਕੀਤਾ ਜਾਵੇਗਾ ਕਿ ਸਮਾਜ ਦੇ ਗਰੀਬ ਵਰਗਾਂ ਉਤੇ ਇਹ ਲਾਗਤ ਘੱਟ ਤੋਂ ਘੱਟ ਲਾਈ ਜਾਵੇ। ਇਹ ਫੈਸਲਾ ਵੀ ਕੀਤਾ ਗਿਆ ਹੈ ਕਿ ਖਪਤਕਾਰੀ ਖਰਚਿਆਂ ਵਿਚ ਸੋਧ ਇਸ ਪ੍ਰਕਾਰ ਕੀਤੀ ਜਾਵੇ ਕਿ ਪੰਜ ਸਾਲ ਦੇ ਸਮੇਂ ਦੇ ਅੰਦਰ ਇਨ੍ਹਾਂ ਸੇਵਾਵਾਂ ਉਤੇ ਕੀਤੀ ਗਈ ਸਿੱਧੀ ਲਾਗਤ ਵਸੂਲ ਹੋ ਸਕੇ। ਖਪਤਕਾਰੀ ਖਰਚਿਆਂ ਵਿਚ ਸੋਧ ਕਰਨ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਨੂੰ ਕੇਵਲ ਇਨ੍ਹਾਂ ਸੇਵਾਵਾਂ ਦੀ ਕਿਸਮ ਵਿਚ ਸੁਧਾਰ ਲਿਆਉਣ ਲਈ ਮਖ਼ਸੂਸ ਕੀਤਾ ਜਾਵੇਗਾ ਜਿਸ ਲਈ ਕਾਨੂੰਨੀ ਨਿਯਮ ਬਣਾਏ ਜਾ ਰਹੇ ਹਨ, ਜਿਨ੍ਹਾਂ ਨੂੰ ਛੇਤੀ ਹੀ ਅਧਿਸੂਚਿਤ ਕੀਤਾ ਜਾਵੇਗਾ। ਖਪਤਕਾਰੀ ਖਰਚਿਆਂ ਨੂੰ ਵਧਾਉਣ ਦੇ [illegible] ਨਾਲ ਕਾਰਜਸ਼ੀਲਤਾ ਵਿਚ ਸੁਧਾਰ ਵੀ ਲਿਆਂਦਾ ਜਾਵੇਗਾ ਅਤੇ ਲਾਗਤ ਘਟਾਈ ਜਾਵੇਗੀ, ਤਾਂ ਕਿ ਖਪਤਕਾਰਾਂ ਨੂੰ ਇਸ ਪ੍ਰਣਾਲੀ ਦੀਆਂ ਅਕੁਸ਼ਲਤਾਵਾਂ ਲਈ ਅਦਾਇਗੀ ਨਾ ਕਰਨੀ ਪਵੇ।

Original with;
Punjab Vidhan Sabha
Digitized by;

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

**ਸਰਕਾਰੀ ਕਰਜ਼ਾ**

21. ਮਾਨਯੋਗ ਮੈਂਬਰ ਸਾਹਿਬਾਨ ਇਹ ਜਾਣਦੇ ਹਨ ਕਿ ਵਰਤਮਾਨ ਸਰਕਾਰ ਨੇ ਆਪਣੇ ਤੋਂ ਪਹਿਲੀ ਸਰਕਾਰ ਪਾਸੋਂ ਵਿਰਸੇ ਵਿਚ ਕਮਰ ਤੋੜ ਦੇਣ ਵਾਲਾ ਕਰਜ਼ਾ ਵਿਰਸੇ ਵਿਚ ਲਿਆ ਹੈ। ਸਰਕਾਰ, ਰਾਜ ਦੇ ਵਿਕਾਸ ਲਈ ਸਰੋਤਾਂ ਨੂੰ ਜੁਟਾ ਕੇ ਸਰਕਾਰੀ ਕਰਜ਼ੇ ਦੀ ਪੁਨਰ ਸਿਰਜਨਾ ਦੁਆਰਾ ਇਸ ਬੋਝ ਨੂੰ ਹਲਕਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਦਿਸ਼ਾ ਵੱਲ ਪਹਿਲਾ ਕਦਮ ਭਾਰਤ ਸਰਕਾਰ ਨਾਲ ਰਿਣ-ਵਟਾਂਦਰੇ ਦੀ ਸਕੀਮ ਨਾਲ ਚੁੱਕਿਆ ਗਿਆ ਹੈ। ਇਸ ਸਕੀਮ ਅਧੀਨ ਅਜਿਹਾ ਮਹਿੰਗਾ ਕਰਜ਼ਾ ਜਿਸ ਦੀ ਵਿਆਜ ਦਰ 13% ਤੋਂ ਉਪਰ ਹੈ, ਦਾ ਵਟਾਂਦਰਾ ਘੱਟ ਲਾਗਤ ਵਾਲੇ ਨਵੇਂ ਕਰਜ਼ੇ ਨਾਲ ਕੀਤਾ ਜਾਵੇਗਾ। ਚਾਲੂ ਮਾਲੀ ਸਾਲ ਦੌਰਾਨ 1,000 ਕਰੋੜ ਰੁਪਏ ਦੇ ਕਰਜ਼ੇ ਦੇ ਵਟਾਂਦਰੇ ਦੀ ਸੰਭਾਵਨਾ ਹੈ। ਅਸੀਂ ਭਾਰਤ ਸਰਕਾਰ ਨੂੰ ਅਨੁਰੋਧ ਕਰਦੇ ਹਾਂ ਕਿ ਉਹ ਇਸ ਸਕੀਮ ਨੂੰ ਤਰਜੀਹ ਦੇਵੇ ਤਾਂ ਕਿ ਅਗਲੇ ਦੋ ਸਾਲਾਂ ਵਿਚ ਪੰਜਾਬ ਰਾਜ ਦੇ ਸਮੁੱਚੇ ਲਗਭੱਗ 14,000 ਕਰੋੜ ਰੁਪਏ ਦੇ ਮਹਿੰਗੇ ਕਰਜ਼ੇ ਦਾ ਵਟਾਂਦਰਾ ਸਸਤੀ ਵਿਆਜ ਦਰ ਵਾਲੇ ਕਰਜ਼ੇ ਨਾਲ ਕੀਤਾ ਜਾ ਸਕੇ। ਇਸ ਨਾਲ 700 ਕਰੋੜ ਰੁਪਏ ਪ੍ਰਤੀ ਸਾਲ ਟੈਕਸ ਰਾਹਤ ਮਿਲੇਗੀ। ਸਾਨੂੰ ਇਹ ਉਮੀਦ ਹੈ ਕਿ ਭਾਰਤ ਸਰਕਾਰ ਰਾਜ ਸਰਕਾਰ ਦੇ ਇਸ ਸੁਝਾਉ ਨਾਲ ਸਹਿਮਤ ਹੋਵੇਗੀ।

**12ਵਾਂ ਵਿੱਤ ਕਮਿਸ਼ਨ**

22. ਭਾਰਤ ਸਰਕਾਰ ਦੁਆਰਾ ਬਾਰ੍ਹਵਾਂ ਵਿੱਤ ਕਮਿਸ਼ਨ ਪਹਿਲੀ ਨਵੰਬਰ, 2002 ਨੂੰ ਸਥਾਪਤ ਕੀਤਾ ਗਿਆ ਸੀ ਤਾਂ ਕਿ ਕੇਂਦਰ ਅਤੇ ਰਾਜਾਂ ਦੇ ਵਿਚਕਾਰ ਟੈਕਸਾਂ ਦੀ ਨਿਰੋਲ ਆਮਦਨ ਨੂੰ ਵੰਡਿਆ ਜਾ ਸਕੇ ਅਤੇ ਅਜਿਹੇ ਸਿਧਾਂਤ ਬਣਾਏ ਜਾ ਸਕਣ ਜਿਨ੍ਹਾਂ ਅਨੁਸਾਰ ਸੰਵਿਧਾਨ ਦੇ ਅਨੁਛੇਦ 275 ਅਧੀਨ ਭਾਰਤ ਦੇ ਸੰਚਿਤ ਫੰਡ ਵਿਚੋਂ ਰਾਜਾਂ ਨੂੰ ਰੈਵੀਨਿਊ ਸਹਾਇਤਾ ਅਨੁਦਾਨ ਦਿੱਤਾ ਜਾ ਸਕੇ। ਕਮਿਸ਼ਨ ਨੇ ਰਾਜ ਦੇ ਸੰਚਿਤ ਫੰਡ (ਸੀ.ਐਫ.ਐਸ.) ਨੂੰ ਵਧਾਉਣ ਲਈ ਲੋੜੀਂਦੇ ਉਪਾਅ ਦੱਸਣੇ ਹਨ ਤਾਂ ਕਿ ਪੰਚਾਇਤਾਂ ਅਤੇ ਨਗਰ ਪਾਲਿਕਾਵਾਂ ਦੇ ਸ੍ਰੋਤਾਂ ਨੂੰ ਵਧਾਇਆ ਜਾ ਸਕੇ। 11ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ ਕੇਂਦਰੀ ਸਰਕਾਰ ਦੁਆਰਾ ਲਾਗੂ ਮਾਲੀ ਸਹਾਇਤਾ ਦਾ ਮੁਲਾਂਕਣ ਕਰੇਗਾ ਅਤੇ ਇਸ ਦੇ ਟੀਚਿਆਂ ਨੂੰ ਪ੍ਰਭਾਵਕਾਰੀ ਰੂਪ ਵਿਚ ਪੂਰਾ ਕਰਨ ਲਈ ਉਪਾਅ ਦੱਸੇਗਾ। ਕਮਿਸ਼ਨ ਨੂੰ ਅੱਗੇ ਇਹ ਆਦੇਸ਼ ਦਿੱਤਾ ਗਿਆ ਹੈ ਕਿ ਉਹ ਕੇਂਦਰ ਤੇ ਰਾਜਾਂ ਦੇ ਹਿੱਤਾਂ ਦੀ ਸਥਿਤੀ ਦਾ ਮੁਲਾਂਕਣ ਕਰੇ ਅਤੇ ਅਜਿਹੀ ਯੋਜਨਾ ਦਾ ਸੁਝਾਅ ਦੇਵੇ ਜਿਸ ਰਾਹੀਂ ਸਰਕਾਰਾਂ ਸਮੂਹਕ ਰੂਪ ਵਿਚ ਤੇ ਵੱਖ ਵੱਖ ਰੂਪ ਵਿਚ ਪਬਲਿਕ ਹਿੱਤ ਦੀ ਪੁਨਰਸਿਰਜਨਾ ਕਰ ਸਕਣ, ਬਜਟ ਦੇ ਪਲਾਨ ਨੂੰ ਬਣਾ ਸਕਣ ਅਤੇ ਵਿਸਤ੍ਰਿਤ ਆਰਥਿਕ ਸਥਿਰਤਾ ਹਾਸਿਲ ਕਰ ਸਕਣ। ਕਮਿਸ਼ਨ ਨੇ ਆਪਣੀ ਰਿਪੋਟ ਜੁਲਾਈ 2004 ਦੇ ਅਖੀਰ ਤੇ ਪੇਸ਼ ਕਰਨੀ ਹੈ। ਕਮਿਸ਼ਨ ਦਾ ਅਵਾਰਡ ਸਾਲ 2005 ਤੋਂ 2010 ਤੱਕ ਪੰਜ ਸਾਲਾਂ ਦੇ ਸਮੇਂ ਲਈ ਹੋਵੇਗਾ।

23. ਬਾਰ੍ਹਵੇਂ ਵਿੱਤ ਕਮਿਸ਼ਨ ਦੇ ਵਿਚਾਰ ਗੋਚਰੇ ਵਿਸ਼ੇ (ਟੀ.ਓ.ਆਰ.) ਵਿਚ ਰਾਜ ਦੇ ਕਰਜ਼ੇ ਦੀ ਸਥਿਤੀ ਬਾਰੇ ਅਤੇ ਦਿੱਤੀ ਜਾਣ ਵਾਲੀ ਲੋੜੀਂਦੀ ਕਰਜ਼ਾ ਰਾਹਤ

Original with;
Punjab Vidhan Sabha
Digitized by;
Panjab Digital Library

ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਐਪਰ ਕੇਂਦਰੀ ਵਿੱਤ ਮੰਤਰੀ ਜੀ ਨੇ ਕੇਂਦਰ ਦਾ ਸਾਲ 2003-2004 ਦਾ ਬਜਟ ਪੇਸ਼ ਕਰਦੇ ਸਮੇਂ ਕਿਹਾ ਸੀ ਕਿ ਬਾਰਵਾਂ ਵਿੱਤ ਕਮਿਸ਼ਨ ਰਾਜਾਂ ਦੀ ਕਰਜ਼ੇ ਦੀ ਸਥਿਤੀ ਦਾ ਮੁੱਲਾਂਕਣ ਵੀ ਕਰੇਗਾ ਅਤੇ ਦਰੁਸਤੀ ਦੇ ਤਰੀਕੇ ਵੀ ਦੱਸੇਗਾ ਜੋ ਕਿ ਜ਼ਰੂਰੀ ਹਨ। ਅਸੀਂ ਕੇਂਦਰੀ ਸਰਕਾਰ ਨੂੰ ਅਨੁਰੋਧ ਕਰਦੇ ਹਾਂ ਕਿ ਇਸ ਵਿਸ਼ੇ ਨੂੰ ਬਾਰਵੇਂ ਵਿੱਤ ਕਮਿਸ਼ਨ ਦੇ ਵਿਚਾਰ ਗੋਚਰੇ ਵਿਸ਼ਿਆਂ ਵਿਚ ਸ਼ਾਮਿਲ ਕੀਤਾ ਜਾਵੇ। ਗਿਆਰਵੇਂ ਵਿੱਤ ਕਮਿਸ਼ਨ ਨੇ 3772.00 ਕਰੋੜ ਰੁਪਏ ਦੇ ਬਕਾਇਆ ਮਿਆਦੀ ਕਰਜ਼ਿਆਂ ਦੀ ਵਸੂਲੀ ਉਤੇ ਕਮਿਸ਼ਨ ਨੇ ਸਮੇਂ ਦੀ ਮੋਹਲਤ ਦੇਣ ਦੀ ਸਿਫਾਰਸ਼ ਕੀਤੀ ਸੀ ਜੋ ਕਰਜ਼ੇ ਕੇਂਦਰੀ ਸਰਕਾਰ ਦੁਆਰਾ ਰਾਜ ਨੂੰ ਦਿੱਤੇ ਗਏ ਹਨ ਤੇ ਉਨ੍ਹਾਂ ਤੇ ਜੋ ਵਿਆਜ ਬਣਦਾ ਹੈ। ਅਸੀਂ ਭਾਰਤ ਸਰਕਾਰ ਨੂੰ ਅਨੁਰੋਧ ਵੀ ਕਰਦੇ ਹਾਂ ਕਿ ਉਹ ਬਕਾਇਆ ਵਿਸ਼ੇਸ਼ ਮਿਆਦੀ ਕਰਜ਼ਿਆਂ ਅਤੇ ਉਨ੍ਹਾਂ ਉੱਤੇ ਬਣਦੇ ਵਿਆਜ ਦੀ ਸਾਰੀ ਰਕਮ ਮੁਆਫ਼ ਕਰੇ ਜਿਹਾ ਕਿ ਪ੍ਰਧਾਨ ਮੰਤਰੀ ਅਤੇ ਉਸ ਸਮੇਂ ਦੇ ਮੁੱਖ ਮੰਤਰੀ ਵਿਚਕਾਰ ਹੋਈ ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਸੀ।

**ਦੂਜਾ ਰਾਜ ਵਿੱਤ ਕਮਿਸ਼ਨ**

24. ਦੂਜੇ ਵਿੱਤ ਕਮਿਸ਼ਨ ਦੀ ਰਿਪੋਟ ਸਰਕਾਰ ਨੂੰ ਮਿਲ ਗਈ ਹੈ ਅਤੇ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਉਸ ਨੂੰ ਲਾਗੂ ਕੀਤਾ ਜਾਵੇ। ਪਿਛਲੇ ਬਜਟ ਇਜਲਾਸ ਵਿਚ ਕਮਿਸ਼ਨ ਦੀਆਂ ਸਿਫਾਰਸ਼ਾਂ ਤੇ ਕੀਤੀ ਗਈ ਕਾਰਵਾਈ ਦੀ ਰਿਪੋਟ (ਏ.ਟੀ.ਆਰ.) ਵੀ ਇਸ ਅਜ਼ੀਮ ਸਦਨ ਵਿਚ ਪੇਸ਼ ਕੀਤੀ ਗਈ ਸੀ। ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਲਾਗੂ ਹੋਣ ਨਾਲ 1706.02 ਕਰੋੜ ਰੁਪਏ ਦੇ ਸ੍ਰੋਤ ਸਾਲ 2002-03 ਤੋਂ ਸ਼ੁਰੂ ਕਰਕੇ ਚਾਰ ਸਾਲਾਂ ਦੇ ਸਮੇਂ ਦੌਰਾਨ ਸ਼ਹਿਰੀ ਸਥਾਨਕ ਸੰਗਠਨਾਂ (ਯੂ.ਐਲ.ਬੀਜ਼.) ਅਤੇ ਪੰਚਾਇਤੀ ਰਾਜ ਸੰਸਥਾਵਾਂ (ਪੀ.ਆਰ.ਆਈਜ਼.) ਨੂੰ ਹੱਥ ਬਦਲੀ ਕੀਤੇ ਜਾਣਗੇ। ਚਾਲੂ ਸਾਲ ਦੌਰਾਨ ਰਾਜ ਸਰਕਾਰ ਦੁਆਰਾ 179.61 ਕਰੋੜ ਰੁਪਏ ਯੂ.ਐਲ.ਬੀਜ਼. ਨੂੰ ਅਤੇ ਪੀ.ਆਰ.ਆਈਜ਼. ਨੂੰ ਜ਼ਾਰੀ ਕੀਤੇ ਗਏ ਹਨ ਜਦ ਕਿ ਪਿਛਲੀ ਸਰਕਾਰ ਦੁਆਰਾ ਸਾਲ 2001-02 ਦੌਰਾਨ ਇਸ ਮੰਤਵ ਲਈ ਕੋਈ ਵੀ ਫੰਡ ਜ਼ਾਰੀ ਨਹੀਂ ਕੀਤੇ ਗਏ ਸਨ।

**ਅਪਨਿਵੇਸ਼**

25. ਸਰਕਾਰ ਨੂੰ ਅਪਨਿਵੇਸ਼ ਕਮਿਸ਼ਨ ਦੀਆਂ ਅੰਤਿਮ ਸਿਫ਼ਾਰਸ਼ਾਂ ਮਿਲ ਗਈਆਂ ਹਨ ਅਤੇ ਵਿਚਾਰ ਅਧੀਨ ਹਨ। ਇਨ੍ਹਾਂ ਸਿਫ਼ਾਰਸ਼ਾਂ ਨੂੰ ਲਾਗੂ ਕਰਦੇ ਸਮੇਂ ਸਰਕਾਰ ਇਹ ਸੁਨਿਸ਼ਚਿਤ ਕਰੇਗੀ ਅਤੇ ਆਮਦਨ, ਰੋਜ਼ਗਾਰ ਅਤੇ ਉਤਪਾਦਿਕਤਾ ਦੇ ਪੱਧਰਾਂ ਦੀ ਸੁਰੱਖਿਆ ਕੀਤੀ ਜਾਵੇ ਅਤੇ ਅਪਨਿਵੇਸ਼ ਕੀਤੀਆਂ ਜਾਣ ਵਾਲੀਆਂ ਇਕਾਈਆਂ ਚਲਣਸ਼ੀਲ ਬਣ ਜਾਣਗੀਆਂ। ਇਸ ਸਮੇਂ ਦੌਰਾਨ ਪੰਜ ਪਬਲਿਕ ਸੈਕਟਰ ਅਦਾਰਿਆਂ ਵਿਚ ਤੀਬਰ ਗਤੀ ਨਾਲ ਅਪਨਿਵੇਸ਼ ਦੀ ਪ੍ਰਕ੍ਰਿਆ ਜਿਹਾ ਕਿ ਪਿਛਲੇ ਬਜਟ ਵਿੱਚ ਤਜ਼ਵੀਜ਼ ਦਿੱਤੀ ਗਈ ਸੀ ਉਹ ਸੰਪੂਰਨ ਹੋਣ ਦੇ ਨੇੜੇ ਹੈ ਉਹ 30 ਜੂਨ, 2003 ਤੱਕ ਅੰਤਿਮ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ। ਅਗਲੇ ਪੜਾਅ ਵਿਚ ਸਰਕਾਰ ਦੀ ਤਜਵੀਜ਼ ਸਹਿਕਾਰੀ ਕੱਤਾਈ ਮਿੱਲਾਂ, ਖੰਡ ਮਿੱਲਾਂ ਦੀ ਪੁਨਰ ਸਿਰਜਨਾ ਕਰਨ ਅਤੇ ਉਨ੍ਹਾਂ ਨੂੰ ਆਰਥਿਕ ਤੁਰੰਤ ਚਲਣਸ਼ੀਲ ਕਰਨ ਦੀ ਹੈ।

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

**ਵਿਸ਼ਵ ਬੈਂਕ ਨਾਲ ਲੈਣ ਦੇਣ**

26. ਪਿਛਲੀ ਸਰਕਾਰ ਦੁਆਰਾ ਜਿਨ੍ਹਾਂ ਪਿੱਛਲਗਾਮੀ ਮਾਲੀ ਤੇ ਆਰਥਿਕ ਨੀਤੀਆਂ ਦਾ ਅਨੁਸਰਣ ਕੀਤਾ ਜਾ ਰਿਹਾ ਸੀ ਤੋਂ ਨਿਰਾਸ਼ ਹੋ ਕੇ ਵਿਸ਼ਵ ਬੈਂਕ ਅਤੇ ਫੰਡ ਮੁਹੱਈਆ ਕਰਨ ਵਾਲੀਆਂ ਹੋਰ ਬਹੁਦੇਸ਼ੀ ਏਜੰਸੀਆਂ ਨੇ ਪੰਜਾਬ ਸਰਕਾਰ ਨਾਲ ਲੈਣ-ਦੇਣ ਬੰਦ ਕਰ ਦਿੱਤਾ ਸੀ । ਰਾਜ ਸਰਕਾਰ ਦੁਆਰਾ ਮਾਲੀ ਸੁਧਾਰ ਉਪਾਵਾਂ ਤੋਂ ਉਤਸ਼ਾਹਿਤ ਹੋ ਕੇ ਵਿਸ਼ਵ ਬੈਂਕ ਨੇ ਭਾਰਤ ਸਰਕਾਰ ਦੀ ਬੇਨਤੀ ਤੇ 11-19 ਨਵੰਬਰ, 2002 ਨੂੰ ਇਕ ਮਿਸ਼ਨ ਪੰਜਾਬ ਭੇਜਿਆ ਸੀ ਤਾਕਿ ਉਹ ਨਵੀਂ ਸਰਕਾਰ ਦੁਆਰਾ ਲਾਗੂ ਸੁਧਾਰਾਂ ਦਾ ਮੁਲਾਂਕਣ ਕਰ ਸਕੇ । ਮਿਸ਼ਨ ਦੀ ਰਿਪੋਟ ਥੋੜ੍ਹਾ ਸਮਾਂ ਪਹਿਲਾਂ ਪ੍ਰਾਪਤ ਹੋਈ ਹੈ । ਰਿਪੋਟ ਵਿਚ ਪੰਜਾਬ ਸਰਕਾਰ ਦੁਆਰਾ ਸੁਧਾਰ ਲਈ ਚੁੱਕੇ ਗਏ ਸਪਸ਼ਟ ਕਦਮਾਂ ਦੀ ਸ਼ਲਾਘਾ ਕੀਤੀ ਗਈ ਹੈ । ਵਿਸ਼ੇਸ਼ ਕਰਕੇ ਕਿਸਾਨਾਂ ਨੂੰ ਮੁਫ਼ਤ ਪਾਣੀ ਅਤੇ ਬਿਜਲੀ ਦੀ ਸਹੂਲਤ ਖ਼ਤਮ ਕਰਨ ਪ੍ਰਤੀ ਸਾਕਾਰਾਤਮਕ ਹੁੰਗਾਰਾ ਮਿਲਿਆ ਹੈ ਅਤੇ ਪੰਜਾਬ ਸਰਕਾਰ ਦੇ ਵਿਸ਼ਵ ਬੈਂਕ ਨਾਲ ਪੁਨਰ ਲੈਣ-ਦੇਣ ਦੀ ਆਸ ਬੱਝੀ ਹੈ । ਅਸੀਂ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ, ਰਾਜ ਦੇ ਮੁੱਖ ਮਾਰਗਾਂ ਦੀ ਸ਼ਹਿਰੀ ਆਧਾਰਕ ਸੰਰਚਨਾ ਵਿਚ ਸੁਧਾਰ ਅਤੇ ਬਿਜਲੀ ਸੈਕਟਰ ਵਿਚ ਸੁਧਾਰ ਲਈ ਵਿਸ਼ਵ ਬੈਂਕ ਦੀ ਸਹਾਇਤਾ ਪ੍ਰਾਪਤ ਕਰਨ ਲਈ ਲਗਭੱਗ 5,000 ਕਰੋੜ ਰੁਪਏ ਦੀ ਲਾਗਤ ਦੇ ਪ੍ਰਾਜੈਕਟ ਤਿਆਰ ਕਰ ਰਹੇ ਹਾਂ । ਸਾਨੂੰ ਹੁਣ ਇਹ ਭਰੋਸਾ ਹੈ ਕਿ ਵਿਸ਼ਵ ਬੈਂਕ ਪਾਸੋਂ ਸਾਨੂੰ ਰਾਜ ਦੇ ਵਿਕਾਸ ਲਈ ਸਹਾਇਤਾ ਮਿਲ ਜਾਵੇਗੀ ।

27. ਸ਼੍ਰੀਮਾਨ ਸਪੀਕਰ ਸਾਹਿਬ ਮੈਂ ਹੁਣ ਸਾਲ 2003-2004 ਦੇ ਬਜਟ ਦੇ ਉਨ੍ਹਾਂ ਖੇਤਰਾਂ ਤੇ ਰੌਸ਼ਨੀ ਪਾਉਣੀ ਚਾਹੁੰਦਾ ਹਾਂ ਜਿਨ੍ਹਾਂ ਵੱਲ ਕਿ ਪੁਲਾਂਘ ਪੁੱਟਣ ਦੀ ਲੋੜ ਹੈ ।

**ਖੇਤੀਬਾੜੀ**

28. ਖੇਤੀਬਾੜੀ ਪੰਜਾਬ ਦੀ ਅਰਥ-ਵਿਵਸਥਾ ਦਾ ਮੁੱਖ ਅਧਾਰ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਝੋਨੇ ਤੇ ਕਣਕ ਦੀ ਵਾਰੋ ਵਾਰ ਖੇਤੀ ਨੇ ਕਿਸਾਨਾਂ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਵਿਚ ਪਰਿਵਰਤਨ ਲਿਆਂਦਾ ਹੈ ਲੇਕਿਨ ਕੁਝ ਸਮੇਂ ਤੋਂ ਕਈ ਸਮੱਸਿਆਵਾਂ ਉਤਪੰਨ ਹੋ ਗਈਆਂ ਹਨ । ਇਨ੍ਹਾਂ ਦੋਹਾਂ ਫ਼ਸਲਾਂ ਦੀ ਉਤਪਾਦਿਕਤਾ ਲਗਭੱਗ ਸਥਿਰ ਰਹੀ ਹੈ । ਪਰ ਲਾਗਤਾਂ ਵਧ ਰਹੀਆਂ ਹਨ ਜਿਸ ਦੇ ਸਿੱਟੇ ਵਜੋਂ ਖੇਤੀਬਾੜੀ ਦਾ ਕੰਮ ਘਾਟੇਵੰਦਾ ਸੌਦਾ ਬਣ ਕੇ ਰਹਿ ਗਿਆ ਹੈ । ਫ਼ਸਲ ਦੇ ਵਰਤਮਾਨ ਝਾੜ, ਲਾਗਤ ਅਤੇ ਕਿਸਮ ਨਾਲ ਖੇਤੀਬਾੜੀ ਉਪਜ ਲਈ ਵਿਸ਼ਵ ਮੰਡੀ ਵਿਚ ਪਹੁੰਚ ਲਗਭੱਗ ਅਸੰਭਵ ਹੈ । ਇਹ ਇਸ ਗੱਲ ਦੀ ਮੰਗ ਕਰਦਾ ਹੈ ਕਿ ਲਾਗਤਾਂ ਨੂੰ ਘੱਟ ਕੀਤਾ ਜਾਵੇ ਅਤੇ ਇਸ ਦੇ ਨਾਲ ਹੀ ਝਾੜ ਅਤੇ ਫ਼ਸਲ ਦੀ ਕਿਸਮ ਵਿਚ ਵੱਡੇ ਸੁਧਾਰ ਦੀ ਲੋੜ ਹੈ ਤਾਂ ਕਿ ਖੇਤੀਬਾੜੀ ਵਿਚ ਦੂਜੀ ਵੱਡੀ ਪੁਲਾਂਘ ਪੁੱਟੀ ਜਾ ਸਕੇ । ਇਸ ਤੋਂ ਇਲਾਵਾ ਝੋਨੇ ਅਤੇ ਕਣਕ ਦੇ ਦੌਰ ਤੋਂ ਲਾਂਭੇ ਜਾ ਕੇ ਖੇਤੀ ਵਿਚ ਵਿਭਿੰਨਤਾ ਲਿਆਉਣ ਦੀ ਲੋੜ ਹੈ ਜੋ ਤਦ ਤਕ ਸੰਭਵ ਨਹੀਂ ਹੋਵੇਗਾ ਜਦ ਤੱਕ ਕਿ ਕਿਸਾਨਾਂ ਨੂੰ ਇਸ ਦੇ ਬਰਾਬਰ ਦਾ ਆਕਰਸ਼ਕ ਵਿਕਲਪ ਨਹੀਂ ਦਿੱਤਾ ਜਾਂਦਾ ।

Original with;
Punjab Vidhan Sabha
Digitized by:
Panjab Digital Library

29. ਝੋਨੇ-ਕਣਕ ਦੇ ਚੱਕਰਕ੍ਰਮ ਨੂੰ ਤੋੜਨ ਲਈ ਦੋ ਵਿਸ਼ੇਸ਼ ਪ੍ਰੋਗਰਾਮ ਅਰਥਾਤ ਖੇਤੀਬਾੜੀ ਵਿਚ ਦੂਜਾ ਹੰਭਲਾ ਅਤੇ ਠੇਕੇ ਵਾਲੀ ਕਾਸ਼ਤ ਸ਼ੁਰੂ ਕੀਤੇ ਗਏ ਹਨ । ਇਨ੍ਹਾਂ ਪ੍ਰੋਗਰਾਮਾਂ ਅਧੀਨ ਖੇਤੀਬਾੜੀ/ਬਾਗਬਾਨੀ ਪ੍ਰਾਸੈਸਿੰਗ ਇਕਾਈਆਂ ਅਤੇ ਕੂਲ-ਚੇਨ ਆਧਾਰਕ ਸੰਰਚਨਾ ਨੂੰ ਰਾਜ ਦੀ ਸ਼ਨਾਖਤ ਵਾਲੇ ਖੇਤਰਾਂ ਵਿਚ ਸਥਾਪਤ ਕੀਤਾ ਜਾ ਰਿਹਾ ਹੈ । ਖੇਤੀਬਾੜੀ ਨਿਰਯਾਤ ਨੂੰ ਵਧਾਉਣ ਲਈ ਸਬਸਿਡੀ ਵਾਲੇ ਪੈਕੇਜ, ਉਤਪਾਦਨ ਅਤੇ ਖਪਤ ਸਥਾਨਾਂ ਤੇ ਰੈਫਰੀਜਰੇਟਿਡ ਸਟੋਰੇਜ਼, ਟਰੱਕਾਂ ਰਾਹੀਂ ਅਤੇ ਜਹਾਜ਼ਾਂ ਰਾਹੀਂ ਢੁਆਈ ਉਪ-ਲੱਬਧ ਕਰਵਾਈ ਜਾਵੇਗੀ ਤਾਂ ਕਿ ਸਬਜ਼ੀਆਂ ਵਾਲੀਆਂ ਫ਼ਸਲਾਂ ਦਾ ਮੰਡੀਕਰਨ ਦੁਰੇਡੀਆਂ ਘਰੇਲੂ ਮੰਡੀਆਂ ਅਤੇ ਵਿਦੇਸ਼ੀ ਮੰਡੀਆਂ ਵਿਚ ਕੀਤਾ ਜਾ ਸਕੇ । ਇਸ ਮੰਤਵ ਲਈ ਚਾਲੂ ਸਾਲ ਵਿਚ ਪੰਜਾਬ ਐਗਰੋ ਇੰਡਸਟ੍ਰੀਜ਼ ਕਾਰਪੋਰੇਸ਼ਨ ਦੁਆਰਾ 27 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ ।

30. ਠੇਕੇ ਵਾਲੀ ਖੇਤੀ ਅਧੀਨ ਸਾਲ 2002-03 ਦੌਰਾਨ 28,000 ਏਕੜ ਭੂਮੀ ਨੂੰ ਲਿਆਉਣ ਦੀ ਸੰਭਾਵਨਾ ਹੈ । ਸਾਲ 2002-03 ਦੌਰਾਨ ਠੇਕੇ ਵਾਲੀ ਖੇਤੀ-ਬਾੜੀ ਅਧੀਨ ਤਿੰਨ ਲੱਖ ਏਕੜ ਖੇਤਰ ਲਿਆਉਣ ਦਾ ਟੀਚਾ ਹੈ ।

31. ਖੇਤੀਬਾੜੀ ਵਿਚ ਵਿਭਿੰਨਤਾ ਲਿਆਉਣ ਲਈ ਸਰਕਾਰ ਨੇ ਡਾਕਟਰ ਐਸ.ਐਸ. ਜੌਹਲ ਦੀ ਪ੍ਰਧਾਨਗੀ ਅਧੀਨ "ਖੇਤੀਬਾੜੀ ਪਾਲਿਸੀ ਅਤੇ ਪੁਨਰਗਠਨ" ਨਾਂ ਦੀ ਇੱਕ ਕਮੇਟੀ ਬਣਾਈ ਹੈ । ਕਮੇਟੀ ਨੇ ਆਪਣੀ ਅੰਤਰਿਮ ਰਿਪੋਟ ਪੇਸ਼ ਕੀਤੀ ਹੈ ਜਿਸ ਨੇ 1280 ਕਰੋੜ ਰੁਪਏ ਪ੍ਰਤੀ ਸਾਲ ਦੀ ਸਹਾਇਤਾ ਵਾਲੀ ਆਮਦਨ ਰਾਹੀਂ ਝੋਨੇ ਅਤੇ ਕਣਕ ਅਧੀਨ ਦਸ ਲੱਖ ਹੈਕਟੇਅਰ ਭੂਮੀ ਤੇ ਵਿਭਿੰਨਤਾ ਲਿਆਉਣ ਦਾ ਸੁਝਾਉ ਦਿੱਤਾ ਹੈ । ਜਿਸ ਨਾਲ ਭਾਰਤ ਸਰਕਾਰ ਨੂੰ ਅਨੁਮਾਨਿਤ 5.000 ਕਰੋੜ ਰੁਪਏ ਦੀ ਬਚਤ ਹੋਵੇਗੀ । ਇਸ ਸਕੀਮ ਲਈ ਭਾਰਤ ਸਰਕਾਰ ਨੂੰ ਸਿਫਾਰਸ਼ ਕੀਤੀ ਗਈ ਹੈ ਜਿਸ ਉੱਤੇ ਗੌਰ ਕੀਤਾ ਜਾ ਰਿਹਾ ਹੈ ।

**ਅਨਾਜ ਦੀ ਪ੍ਰਾਪਤੀ**

32. ਖ਼ੁਰਾਕ ਅਤੇ ਸਪਲਾਈ ਵਿਭਾਗ ਅਤੇ ਪ੍ਰਾਪਤੀ ਏਜੰਸੀਆਂ ਨੇ ਸਾਲ 2001-2002 ਦੀ ਹਾੜ੍ਹੀ ਦੀ ਫ਼ਸਲ ਦੌਰਾਨ 99 ਲੱਖ ਮੀਟਰਕ ਟਨ ਕਣਕ ਖਰੀਦੀ ਸੀ ਅਤੇ ਸਾਲ 2002-2003 ਦੇ ਝੋਨੇ ਦੀ ਫ਼ਸਲ ਦੌਰਾਨ 120 ਲੱਖ ਮੀਟਰਕ ਟਨ ਝੋਨਾ ਖਰੀਦਿਆ ਸੀ । ਅਨਾਜ ਖਰੀਦਣ ਦਾ ਇਹ ਕਾਰਜ ਇਤਨਾ ਨਿਰਵਿਘਨ ਸੀ ਜਿਹਾ ਕਿ ਇਸ ਰਾਜ ਦੇ ਇਤਿਹਾਸ ਵਿਚ ਪਹਿਲਾਂ ਕਦੇ ਨਹੀਂ ਹੋਇਆ ਅਤੇ ਕਿਸਾਨਾਂ ਨੂੰ ਜ਼ਰਾ ਜਿੰਨੀ ਵੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਨਹੀਂ ਪਿਆ । ਕਿਸੇ ਵੀ ਕਿਸਾਨ ਨੂੰ ਆਪਣੀ ਉਪਜ ਵੇਚਣ ਵਿਚ ਦਿੱਕਤ ਨਹੀਂ ਆਈ ਅਤੇ ਸਾਰੇ ਕਿਸਾਨਾਂ ਨੂੰ ਪੂਰੀ ਨਿਊਨਤਮ ਸਹਾਇਤਾ ਕੀਮਤ ਅਦਾ ਕੀਤੀ ਗਈ ਸੀ । ਪ੍ਰਤੀ ਕੁਇੰਟਲ ਝੋਨੇ ਉੱਤੇ 20 ਰੁਪਏ ਦੀ ਦਰ ਨਾਲ ਬੋਨਸ ਦੇ ਰੂਪ ਵਿਚ ਸੋਕਾ ਰਾਹਤ ਦੀ ਮਨਜ਼ੂਰੀ ਦਿੱਤੀ ਗਈ ਹੈ ਅਤੇ ਉਸ ਨੂੰ ਵੰਡ ਦਿੱਤਾ ਗਿਆ ਹੈ । ਹੁਕਮਰਾਨ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਕੀਤੀ ਵਚਨਬੱਧਤਾ ਨੂੰ ਪੂਰਾ ਕਰਨ ਲਈ ਖਰੀਫ਼ 2001-02 ਦੀ ਫਸਲ ਦੀ ਨਿਰਵਿਘਨ ਜਨਕ ਵਿਕਰੀ ਉੱਤੇ 30 ਰੁਪਏ ਪ੍ਰਤੀ ਕੁਇੰਟਲ ਦੀ ਦਰ ਨਾਲ ਬੋਨਸ ਵੰਡਣਾ ਸ਼ੁਰੂ ਕਰ

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਦਿੱਤਾ ਹੈ ਅਤੇ 10 ਰੁਪਏ ਪ੍ਰਤੀ ਕੁਇੰਟਲ ਦੀ ਪਹਿਲੀ ਕਿਸ਼ਤ ਕਣਕ ਦੀ ਖਰੀਦ ਤੋਂ ਪਹਿਲਾਂ ਵੰਡੀ ਜਾਵੇਗੀ । ਦਸ-ਦਸ ਰੁਪਏ ਦੀਆਂ ਬਾਕੀ ਦੋ ਕਿਸ਼ਤਾਂ ਸਾਲ 2002-03 ਦੀ ਹਾੜੀ ਦੀ ਫ਼ਸਲ ਦੀ ਖਰੀਦ ਅਤੇ ਸਾਲ 2003-04 ਦੀ ਝੋਨੇ ਦੀ ਖਰੀਦ ਦੌਰਾਨ ਵੰਡੀ ਜਾਵੇਗੀ ।

**ਸਹਿਕਾਰਤਾ**

33. ਸਹਿਕਾਰਤਾਵਾਂ ਰਾਜ ਦੇ ਆਰਥਿਕ ਵਿਕਾਸ ਵਿਚ ਮੁੱਖ ਭੂਮਿਕਾਵਾਂ ਨਿਭਾਉਂਦੀਆਂ ਰਹੀਆਂ ਹਨ । ਬਦਲੇ ਹੋਏ ਆਰਥਿਕ ਸੰਦਰਭ ਵਿਚ ਸਹਿਕਾਰੀ ਸੁਸਾਇਟੀਆਂ ਤੋਂ ਵੀ ਮੰਗ ਕੀਤੀ ਜਾਂਦੀ ਹੈ ਕਿ ਉਹ ਖੁਦ-ਮੁਖਤਿਆਰ ਅਤੇ ਲੋਕਤੰਤਰੀ ਵਪਾਰਕ ਵਜੂਦਾਂ ਦੇ ਰੂਪ ਵਿੱਚ ਕੰਮ ਕਰਨ ਜੋ ਕਿ ਮੈਂਬਰਾਂ ਦੁਆਰਾ ਚਲਾਈਆਂ ਜਾਂਦੀਆਂ ਹਨ, ਮੈਂਬਰ ਹੀ ਉਨ੍ਹਾਂ ਲਈ ਧਨ ਰਾਸ਼ੀ ਜੁਟਾਉਂਦੇ ਹਨ ਅਤੇ ਮੈਂਬਰ ਹੀ ਉਨ੍ਹਾਂ ਦਾ ਪ੍ਰਬੰਧ ਚਲਾਉਂਦੇ ਹਨ । ਸਹਿਕਾਰੀ ਸੁਸਾਇਟੀਆਂ ਦੇ ਪੁਨਰ-ਗਠਨ ਅਤੇ ਉਨ੍ਹਾਂ ਦੀ ਕਾਰਜ-ਸ਼ੀਲਤਾ ਵਿੱਚ ਸੁਧਾਰ ਲਿਆਉਣ ਲਈ ਸਰਕਾਰ ਦੀ ਤਜਵੀਜ਼ ਹੈ ਕਿ "ਪੰਜਾਬ ਸਵੈ-ਸਹਾਇਤਾ ਸਹਿਕਾਰਤਾ ਸੁਸਾਇਟੀਜ਼ ਐਕਟ" ਨਾਂ ਦਾ ਇੱਕ ਨਵੀਨ ਸਹਿਕਾਰਤਾ ਕਾਨੂੰਨ ਬਣਾਇਆ ਜਾਵੇ ।

34. ਸਹਿਕਾਰੀ ਖੰਡ-ਮਿੱਲਾਂ ਦੀ ਮਾਲੀ ਹਾਲਤ ਵਿਚ ਸੁਧਾਰ ਲਿਆਉਣ ਲਈ ਸਰਕਾਰ ਨੇ 190 ਕਰੋੜ ਰੁਪਏ ਦੇ ਕਰਜ਼ੇ ਅਤੇ ਉਸ ਉਪਰ ਲੱਗੇ ਵਿਆਜ ਨੂੰ ਸਹਾਇਤਾ ਅਨੁਦਾਨ ਵਿੱਚ ਬਦਲ ਦਿੱਤਾ ਹੈ । ਇਸ ਕਦਮ ਨਾਲ ਖੰਡ ਮਿੱਲਾਂ ਇਸ ਯੋਗ ਹੋ ਗਈਆਂ ਹਨ ਕਿ ਉਹ ਮਾਲੀ ਸਹਾਇਤਾ ਹਾਸਲ ਕਰ ਸਕਦੀਆਂ ਹਨ । ਸਰਕਾਰ ਨੇ ਗੰਨਾ ਉਤਪਾਦਨਾਂ ਦੇ ਬਕਾਏ ਦੀ ਅਦਾਇਗੀ ਕਰਨ ਲਈ 79 ਕਰੋੜ ਰੁਪਏ ਵੀ ਜਾਰੀ ਕਰ ਦਿੱਤੇ ਹਨ । (ਥੰਪਿੰਗ) ਸਹਿਕਾਰੀ ਕਤਾਈ ਅਤੇ ਖੰਡ ਮਿੱਲਾਂ ਦੁਆਰਾ ਪ੍ਰਾਪਤ ਕੀਤੇ ਇਕੋ ਸਮੇਂ ਨਿਪਟਾਰੇ ਵਾਲੇ ਕਰਜ਼ਿਆਂ ਰਾਹੀਂ ਸਰਕਾਰ ਨੇ 190.00 ਕਰੋੜ ਰੁਪਏ ਦੇ ਕਰਜ਼ੇ ਦਾ ਬੋਝ ਘਟਾਅ ਦਿੱਤਾ ਹੈ । (ਥੰਪਿੰਗ) ਇਕੋ ਸਮੇਂ ਨਿਪਟਾਰੇ ਦੀ ਅਦਾਇਗੀ ਲਈ 60.90 ਕਰੋੜ ਰੁਪਏ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ ।

35. ਕਿਸਾਨਾਂ ਨੂੰ ਹੋਰ ਰਾਹਤ ਦੇਣ ਲਈ ਸਰਕਾਰ ਦੀ ਇਹ ਤਜਵੀਜ਼ ਹੈ ਕਿ ਪਹਿਲੀ ਅਪ੍ਰੈਲ, 2003 ਤੋਂ ਹੇਠਲੇ ਕਦਮਾਂ ਨੂੰ ਪ੍ਰਭਾਵਕਾਰੀ ਕੀਤਾ ਜਾ ਸਕੇ ।

—ਚਾਲੂ ਸਾਲ ਦੌਰਾਨ, ਸਹਿਕਾਰੀ ਕਰਜ਼ਿਆਂ ਉਤੇ ਵਿਆਜ 100 ਬੁਨਿਆਦੀ ਪੁਆਇੰਟਾਂ ਦੁਆਰਾ $14\frac{1}{2}\%$ ਤੋਂ ਘਟਾ ਕੇ $13\frac{1}{2}\%$ ਕਰ ਦਿੱਤਾ ਗਿਆ ਹੈ । (ਥੰਪਿੰਗ) ਸਰਕਾਰ ਦੀ ਅੱਗੇ ਤਜਵੀਜ਼ ਇਹ ਹੈ ਕਿ ਸਹਿਕਾਰੀ ਕਰਜ਼ਿਆਂ ਉਪਰ ਵਿਆਜ ਦੀ ਦਰ ਅੱਧਾ ਪ੍ਰਤੀਸ਼ਤ ਤੱਕ ਹੋਰ ਘਟਾਈ ਜਾਵੇ । (ਥੰਪਿੰਗ) ਤਿੰਨ ਸਾਲਾਂ ਦੇ ਸਮੇਂ ਵਿਚ ਸਹਿਕਾਰੀ ਕਰਜ਼ਿਆਂ ਉਪਰ ਵਿਆਜ ਦੀ ਦਰ ਨੂੰ ਵਪਾਰਕ ਬੈਂਕਾਂ ਦੁਆਰਾ ਵਸੂਲ ਕੀਤੇ ਜਾ ਰਹੇ ਖੇਤੀਬਾੜੀ ਕਰਜ਼ਿਆਂ ਉਤੇ ਵਿਆਜ ਦੀ ਦਰ ਦੇ ਬਰਾਬਰ ਕੀਤਾ ਜਾਵੇਗਾ ।

Original with;
Punjab Vidhan Sabha
Digitized by;
Punjab Digital Library

—ਸਹਿਕਾਰੀ ਕਰਜ਼ਿਆ ਦੀ ਵਸੂਲੀ ਲਈ ਪੰਜਾਬ ਭੋਂ-ਮਾਲੀਆ ਐਕਟ ਦੀ ਧਾਰਾ 67(ਏ) ਅਧੀਨ ਸਖਤੀ ਵਾਲੀ ਪ੍ਰਕ੍ਰਿਆ ਨੂੰ ਖਤਮ ਕੀਤਾ ਜਾ ਰਿਹਾ ਹੈ ਅਤੇ ਸਹਿਕਾਰੀ ਕਰਜ਼ਿਆਂ ਦੀ ਵਸੂਲੀ ਲਈ ਕਿਸੇ ਵੀ ਕਿਸਾਨ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਵੇਗਾ । (ਥੰਪਿੰਗ)

—ਸਹਿਕਾਰੀ ਸੁਸਾਇਟੀਆਂ ਨੂੰ ਇਸ ਗੱਲ ਲਈ ਮਜਬੂਰ ਨਹੀਂ ਕੀਤਾ ਜਾਵੇਗਾ ਕਿ ਉਹ ਖਾਦ ਨੂੰ ਮਾਰਕਫੈਡ ਪਾਸੋਂ ਖਰੀਦਣ ਅਤੇ ਉਹ ਇਸ ਗੱਲ ਲਈ ਸੁਤੰਤਰ ਹੋਣਗੀਆਂ ਕਿ ਆਪਣੀ ਮਰਜ਼ੀ ਦੇ ਕਿਸੇ ਵੀ ਸ੍ਰੋਤ ਤੋਂ ਖਾਦ ਖਰੀਦ ਸਕਦੀਆਂ ਹਨ । (ਥੰਪਿੰਗ)

**ਗ੍ਰਾਮ ਵਿਕਾਸ ਤੇ ਪੰਚਾਇਤਾਂ**

36. ਰਾਜ ਵਿਚ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਚੋਣਾਂ ਜੋ ਕਿ ਪਿਛਲੀ ਸਰਕਾਰ ਦੁਆਰਾ ਜੂਨ 1999 ਤੋਂ ਲਟਕਾਈਆਂ ਜਾ ਰਹੀਆਂ ਸਨ ਉਹ ਇਸ ਸਰਕਾਰ ਨੇ ਤਾਕਤ ਵਿਚ ਆਉਂਦੇ ਸਾਰ ਤੁਰੰਤ ਸਫਲਤਾ ਨਾਲ ਕਰਵਾਈਆਂ ਸਨ । ਇਸੇ ਪ੍ਰਕਾਰ ਇਨ੍ਹਾਂ ਸੰਗਠਨਾਂ ਦੇ ਚੇਅਰਮੈਨਾਂ ਦੀਆ ਚੋਣਾਂ ਵੀ ਲਗਭੱਗ ਸਫਲਤਾ ਨਾਲ ਕੀਤੀਆਂ ਗਈਆਂ ਹਨ । ਇਸ ਲਈ ਰਾਜ ਵਿਚ ਪੰਚਾਇਤੀ ਰਾਜ ਸੰਸਥਾਵਾਂ ਦੇ ਤਿੰਨ ਧੁਰਿਆਂ ਨੂੰ ਹੇਠਲੇ ਲੋਕਤੰਤਰੀ ਢਾਂਚੇ ਵਿਚ ਸੱਚੀ ਭਾਵਨਾ ਨਾਲ ਸਥਾਪਤ ਕੀਤਾ ਗਿਆ ਹੈ ।

37. ਰਾਜ ਦੇ ਪਿੰਡਾਂ ਜਿਥੇ 70% ਅਬਾਦੀ ਰਹਿੰਦੀ ਹੈ ਦੇ ਬਹੁਪੱਖੀ ਵਿਕਾਸ ਲਈ "ਸਮੂਹਕ ਗ੍ਰਾਮ ਵਿਕਾਸ ਪ੍ਰੋਗਾਮ" ਦੇ ਨਾਂ ਦੀ ਇਕ ਨਵੀਂ ਸਕੀਮ ਸ਼ੁਰੂ ਕੀਤੀ ਗਈ ਹੈ । ਇਸ ਸਕੀਮ ਦੀਆਂ ਮੁੱਖ ਵਿਸ਼ੇਸ਼ਤਾਵਾ ਇਸ ਪ੍ਰਕਾਰ ਹਨ :—ਜ਼ਮੀਨ ਦੋਜ਼ ਸੀਵਰੇਜ਼ ਵਿਛਾਉਣਾ, ਪੀਣ ਵਾਲੇ ਪਾਣੀ ਦੀ ਸਪਲਾਈ, ਪੂਰਵ ਬਣਾਏ ਠੋਸ ਬਲਾਕਾਂ ਨਾਲ ਗਲੀਆਂ ਦੇ ਫੁਟਪਾਥ ਬਣਾਉਣਾ, ਫੋਟੋਵੋਲਟਿਕ ਸੋਲਰ ਲਾਈਟਾਂ ਲਗਾਉਣਾ, ਗ੍ਰਾਮ ਸਭਾ ਹਾਲ ਬਣਾਉਣੇ, ਪਿੰਡ ਦੇ ਤਲਾਬਾਂ ਨੂੰ ਸਾਫ ਕਰਨ ਲਈ ਡੱਕਵੀਡ ਪ੍ਰਣਾਲੀ ਨੂੰ ਲਾਗੂ ਕਰਨਾ ਆਦਿ । ਇਸ ਮੰਤਵ ਲਈ ਸਾਲ 2002-03 ਲਈ 148.28 ਕਰੋੜ ਰੁਪਏ ਦੀ ਰਕਮ ਮਖ਼ਸੂਸ ਕੀਤੀ ਗਈ ਸੀ । (ਥੰਪਿੰਗ) ਜਦ ਕਿ ਸਾਲ 2003-04 ਲਈ 161.58 ਕਰੋੜ ਰੁਪਏ ਦੀ ਰਕਮ ਪ੍ਰਸਤਾਵਿਤ ਕੀਤੀ ਗਈ ਹੈ । ਇਸ ਸਕੀਮ ਅਧੀਨ ਸ਼ੁਰੂ ਸ਼ੁਰੂ ਵਿਚ ਹਰ ਜ਼ਿਲ੍ਹੇ ਦੇ ਇਕ ਬਲਾਕ ਵਿਚੋਂ ਦੋ ਪਿੰਡ ਲਏ ਗਏ ਹਨ । 110.00 ਕਰੋੜ ਰੁਪਏ (ਅਨੁਮਾਨਿਤ) ਦੀ ਰਕਮ ਪਹਿਲਾ ਹੀ ਇਸ ਸਕੀਮ ਅਧੀਨ ਜਾਰੀ ਕੀਤੀ ਜਾ ਚੁੱਕੀ ਹੈ । (ਥੰਪਿਗ)

38. ਦੂਸਰੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਧੀਨ 57.50 ਕਰੋੜ ਰੁਪਏ ਰਾਜ ਦੇ ਟੈਕਸਾਂ ਵਿਚੋਂ ਉਨ੍ਹਾਂ ਦੇ ਹਿੱਸੇ ਵਜੋਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ । ਜਦ ਕਿ ਸਾਲ 2001-02 ਦੌਰਾਨ 3.70 ਕਰੋੜ ਰੁਪਏ ਵੰਡੇ ਗਏ ਸਨ । ਸਾਲ 2003-04 ਲਈ 161.58 ਕਰੋੜ ਰੁਪਏ ਦਾ ਉਪਬੰਧ ਕੀਤਾ ਜਾ ਰਿਹਾ ਹੈ । ਇਸ ਤੋਂ ਇਲਾਵਾ ਗਿਆਰਵੇਂ ਵਿੱਤ ਕਮਿਸ਼ਨ ਦੇ ਅਵਾਰਡ ਅਧੀਨ 15.46 ਕਰੋੜ ਰੁਪਏ

Original with;
Punjab Vidhan Sabha
Digitized by;

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਦੀ ਰਕਮ ਵੀ ਜਾਰੀ ਕੀਤੀ ਜਾ ਚੁੱਕੀ ਹੈ । ਸਮੁੱਚੇ ਤੌਰ ਤੇ ਸਾਲ 2002-03 ਦੌਰਾਨ ਪੰਚਾਇਤੀ ਰਾਜ ਸੰਸਥਾਵਾਂ ਨੂੰ 110.46 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਸੀ ਜਦ ਕਿ ਸਾਲ 2001-02 ਦੌਰਾਨ ਸਿਰਫ 28.70 ਕਰੋੜ ਰੁਪਏ ਜਾਰੀ ਕੀਤੇ ਗਏ ਸਨ । ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਬਣਾਉਣ ਲਈ ਅਤੇ ਹੋਰ ਜ਼ਰੂਰੀ ਕਦਮ ਚੁੱਕਣ ਲਈ ਜਿਵੇਂ ਕਿ ਭਾਰਤੀ ਸੰਵਿਧਾਨ ਦੀ 73ਵੀਂ ਅਤੇ 74ਵੀਂ ਸੋਧ ਦੀ ਭਾਵਨਾ ਨੂੰ ਧਿਆਨ ਵਿਚ ਰੱਖਦੇ ਹੋਏ ਕਾਰਜਾਂ, ਫੰਡਾਂ, ਕਾਰਜਕਰਤਾਵਾਂ ਅਤੇ ਇਨ੍ਹਾਂ ਸੰਸਥਾਵਾਂ ਦੇ ਕੰਟਰੋਲ ਨੂੰ ਪੰਚਾਇਤੀ ਰਾਜ ਸੰਸਥਾਵਾਂ ਨੂੰ ਹੱਥਬਦਲੀ ਕਰਨ ਲਈ ਜ਼ਰੂਰੀ ਕਦਮ ਚੁੱਕਣ ਅਤੇ ਜ਼ਿਲ੍ਹਾ ਯੋਜਨਾਬੰਦੀ ਕਮੇਟੀ ਬਣਾਉਣ ਲਈ ਇਕ ਨਵੇਂ ਕਾਨੂੰਨ ਦੀ ਸਿਰਜਨਾ ਤੇ ਵਿਚਾਰ ਕਰਨ ਲਈ ਮੰਤਰੀ ਸਾਹਿਬਾਨ ਅਤੇ ਅਫ਼ਸਰਾਂ ਦੀ ਕਮੇਟੀ ਬਣਾਈ ਗਈ ਹੈ ।

**ਸਿੰਜਾਈ**

39. ਪਿਛਲੇ ਕੁਝ ਸਾਲਾਂ ਵਿਚ ਪ੍ਰਣਾਲੀ ਦੀ ਉਚਿਤ ਮੁਰੰਮਤ ਅਤੇ ਸਾਂਭ-ਸੰਭਾਲ ਲਈ ਫੰਡ ਉਪਲੱਬਧ ਨਾ ਹੋਣ ਕਾਰਨ ਨਹਿਰ ਪ੍ਰਣਾਲੀ ਦੀ ਕਾਰਗਰਤਾ ਨੂੰ ਕਾਫ਼ੀ ਨੁਕਸਾਨ ਪੁਜਿਆ ਹੈ । ਇਸੇ ਪ੍ਰਕਾਰ ਫ਼ੰਡਾਂ ਦੀ ਕਮੀ ਕਾਰਨ ਪੰਜਾਬ ਰਾਜ ਟਿਊਬਵੈੱਲ ਕਾਰਪੋਰੇਸ਼ਨ (ਪੀ.ਐਸ.ਟੀ.ਸੀ.) ਆਪਣੀ ਅਧਿਕਤਮ ਸਮਰੱਥਾ ਅਨੁਸਾਰ ਕਾਰਜ ਨਹੀਂ ਕਰ ਸਕੀ ਸੀ । ਇਸ ਦੇ ਸਿੱਟੇ ਵਜੋਂ ਨਹਿਰਾਂ ਦੇ ਪਾਣੀ ਨੂੰ ਢੋਣ ਦੀ ਸਮਰੱਥਾ ਕੇਵਲ 65% ਹੈ ਅਤੇ ਨਹਿਰਾਂ ਦੇ ਖ਼ਤਮ ਹੋਣ ਵਾਲੇ ਸਥਾਨਾਂ ਤੇ ਕਿਸਾਨਾਂ ਨੂੰ ਸਿੰਜਾਈ ਲਈ ਪਾਣੀ ਉਪਲੱਬਧ ਨਹੀਂ ਹੁੰਦਾ । ਸਿੰਜਾਈ ਵਾਲੇ ਪਾਣੀ ਦੀ ਸਪਲਾਈ ਲਈ ਖਪਤਕਾਰੀ ਖ਼ਰਚਿਆਂ ਨੂੰ ਲਾਗੂ ਕਰਕੇ ਸਰਕਾਰ ਇਸ ਗੱਲ ਲਈ ਵਚਨਬੱਧ ਹੈ ਕਿ ਨਹਿਰੀ ਪ੍ਰਣਾ-ਲੀਆਂ ਦੀ ਸਾਂਭ ਸੰਭਾਲ ਲਈ ਫੰਡਾਂ ਦਾ ਉਚਿਤ ਪ੍ਰਬੰਧ ਕੀਤਾ ਜਾਵੇ । ਇਸ ਗੱਲ ਲਈ ਕਾਫੀ ਯਤਨ ਕੀਤੇ ਜਾ ਰਹੇ ਹਨ ਕਿ ਪੀ.ਐਸ.ਟੀ.ਸੀ. ਦੇ ਟਿਊਬਵੈੱਲ ਆਪਣੀ ਪੂਰੀ ਸਮਰੱਥਾ ਅਨੁਸਾਰ ਚੱਲਣ । ਇਸ ਮੰਤਵ ਲਈ ਸਾਲ 2003-04 ਦੇ ਬਜਟ ਅਨੁਮਾਨਾਂ ਵਿਚ 21.38 ਕਰੋੜ ਰੁਪਏ ਦੇ ਉਪਬੰਧ ਬਾਰੇ ਸੁਝਾਓ ਦਿਤਾ ਜਾ ਰਿਹਾ ਹੈ । ਖਪਤਕਾਰੀ ਖ਼ਰਚਿਆਂ ਨੂੰ ਲਗਾਏ ਜਾਣ ਤੋਂ ਪੈਦਾ ਹੋਣ ਵਾਲੇ ਵਧੀਕ ਸ੍ਰੋਤਾਂ ਨੂੰ ਵਾਪਸ ਲੈ ਕੇ ਉਨ੍ਹਾਂ ਨੂੰ ਨਹਿਰੀ ਪ੍ਰਣਾਲੀ ਦੀ ਉਚਿਤ ਸਾਂਭ ਸੰਭਾਲ ਤੇ ਇਸਤੇਮਾਲ ਕੀਤਾ ਜਾਵੇਗਾ ।

**ਬਿਜਲੀ ਸੈਕਟਰ ਸੁਧਾਰ**

40. ਪੰਜਾਬ ਵਿਚ ਆਰਥਿਕ ਅਤੇ ਤਕਨੀਕੀ ਵਿਕਾਸਾਂ ਦੇ ਫਲਸਰੂਪ ਬਿਜਲੀ ਉਦਯੋਗ ਪਾਸੋਂ ਕੀਤੀ ਵਧੀਕ ਮੰਗ ਵਿਸਤ੍ਰਿਤ ਤਕਨੀਕੀ ਸੁਧਾਰਾਂ ਦੀ ਮੰਗ ਕਰਦੀ ਹੈ । ਜੇਕਰ ਨਿਕਟਤਮ ਭਵਿੱਖ ਵਿਚ ਨਿਰਭਰ ਕਰਨ ਯੋਗ ਅਤੇ ਖ਼ਰੀਦੇ ਜਾਣ ਯੋਗ ਬਿਜਲੀ ਸਭਨਾਂ ਨੂੰ ਉਪਲੱਬਧ ਕਰਨ ਦੇ ਟੀਚੇ ਨੂੰ ਪ੍ਰਾਪਤ ਕਰਨਾ ਹੈ ਤਾਂ ਹੁਣ ਇਸ ਉਦਯੋਗ ਦੀ ਪੁਨਰਸਿਰਜਨਾ ਅਤੇ ਆਧੁਨਿਕੀਕਰਨ ਕੀਤਾ ਜਾਣਾ ਅਤਿ ਜ਼ਰੂਰੀ ਹੈ । ਬਿਜਲੀ ਬੋਰਡ ਦਾ ਵਰਤਮਾਨ ਢਾਂਚਾ ਜੋ ਇਕ ਸਮਾਨ ਅਤੇ ਏਕਾਧਿਕਾਰ ਵਾਲਾ ਹੈ ਇਸ ਦੀ ਪੁਨਰ ਸਿਰਜਨਾ ਅਤੇ ਵਿਕੇਂਦ੍ਰੀਕਰਣ ਕਰਨ ਦੀ ਲੋੜ ਹੈ ਅਤੇ ਇਸ ਦੀ ਪੈਦਾਵਾਰ ਸੰਚਾਰ ਅਤੇ

Original with;
Punjab Vidhan Sabha
Digitized by;
Panjab Digital Library

ਵੰਡ ਦੇ ਮੁੱਖ ਕਾਰਜਾਂ ਨੂੰ ਜ਼ਿੰਮੇਵਾਰ ਬਣਾਉਣ ਦੀ ਲੋੜ ਹੈ, ਨਹੀਂ ਤਾਂ ਇਹ ਲੋੜੀਂਦੇ ਨਿਵੇਸ਼ ਨੂੰ ਪ੍ਰਾਪਤ ਕਰਨ ਦੀ ਸਥਿਤੀ ਵਿਚ ਨਹੀਂ ਹੋਵੇਗਾ । ਇਸ ਲਈ ਸਰਕਾਰ ਦੀ ਇਹ ਤਜਵੀਜ਼ ਹੈ ਕਿ ਬਿਜਲੀ ਸੈਕਟਰ ਵਿਚ ਵਿਸਤ੍ਰਿਤ ਸੁਧਾਰ ਲਿਆਂਦਾ ਜਾਵੇ ਅਤੇ ਇਸ ਦੀ ਪੁਨਰ ਸਿਰਜਨਾ ਕੀਤੀ ਜਾਵੇ ।

41. ਸੁਧਾਰ ਦੇ ਪਹਿਲੇ ਪੜਾਅ ਵਿਚ ਮੌਜੂਦਾ ਰੈਗੂਲੇਟਰੀ ਢਾਂਚੇ ਨੂੰ ਮਜ਼ਬੂਤ ਕਰਨ ਤੋਂ ਇਲਾਵਾ ਇਸ ਗੱਲ ਦੇ ਪ੍ਰਭਾਵਕਾਰੀ ਯਤਨ ਕੀਤੇ ਜਾਣਗੇ ਕਿ ਪੰਜਾਬ ਰਾਜ ਬਿਜਲੀ ਬੋਰਡ ਦੀ ਕਾਰਜਸ਼ੀਲਤਾ ਅਤੇ ਮਾਲੀ ਕਾਰਗੁਜ਼ਾਰੀ ਵਿਚ ਸੁਧਾਰ ਕੀਤਾ ਜਾ ਸਕੇ । ਇਸ ਉਦੇਸ਼ ਨੂੰ ਪੂਰਾ ਕਰਨ ਲਈ ਇਹ ਜ਼ਰੂਰੀ ਹੈ ਕਿ ਇਸ ਤੱਕ ਸੁਤੰਤਰ ਪਹੁੰਚ ਕਰਨ ਦੀ ਆਗਿਆ ਦਿੱਤੀ ਜਾਵੇ ਅਤੇ ਬਿਜਲੀ ਦੀ ਪੈਦਾਵਾਰ ਅਤੇ ਸਪਲਾਈ ਵਿਚ ਮੁਕਾਬਲੇ ਦਾ ਤੱਤ ਲਿਆਂਦਾ ਜਾਵੇ ਅਤੇ ਬਿਜਲੀ ਦੇ ਖ਼ਪਤਕਾਰਾਂ ਨੂੰ ਸੁਤੰਤਰ ਚੋਣ ਕਰਨ ਦੀ ਆਗਿਆ ਦਿੱਤੀ ਜਾਵੇ । ਬਿਜਲੀ ਦੇ ਸੈਕਟਰ ਵਿਚ ਵਿਸਤ੍ਰਿਤ ਸੁਧਾਰ ਕਰਨ ਲਈ ਸਰਕਾਰ ਦੀ ਇਹ ਤਜਵੀਜ਼ ਹੈ ਕਿ ਚਾਲੂ ਬਜਟ ਸੈਸ਼ਨ ਵਿਚ ਪੰਜਾਬ ਬਿਜਲੀ ਬਿਲ ਪੇਸ਼ ਕੀਤਾ ਜਾਵੇ ਅਤੇ ਜਿਸ ਨਾਲ ਪੰਜਾਬ ਰਾਜ ਬਿਜਲੀ ਬੋਰਡ ਦੀ ਪੁਨਰ ਸਿਰਜਨਾ ਅਤੇ ਵਿਕੇਂਦਰੀਕਰਨ ਲਈ ਜ਼ਰੂਰੀ ਕਾਨੂੰਨੀ ਢਾਂਚਾ ਉਪਲਬਧ ਹੋਵੇਗਾ ।

42. ਸੁਧਾਰ ਲਈ ਜੋ ਬੁਨਿਆਦੀ ਰੂਪ ਰੇਖਾ ਉਲੀਕੀ ਜਾਣੀ ਹੈ ਉਸ ਵੱਲ ਧਿਆਨ ਦੇਣ ਦੀ ਲੋੜ ਹੈ ਤਾਂ ਕਿ ਮਹਿਸੂਲਾਂ ਵਿਚ ਤੇਜ਼ੀ ਨਾਲ ਵਾਧੇ ਨੂੰ ਰੋਕਿਆ ਜਾ ਸਕੇ ਅਤੇ ਉਨ੍ਹਾਂ ਖਪਤਕਾਰਾਂ ਦੇ ਹਿੱਤਾਂ ਦੀ ਸੁਰੱਖਿਆ ਕੀਤੀ ਜਾ ਸਕੇ ਜੋ ਕਿ ਬਿਜਲੀ ਦੀ ਪੂਰੀ ਲਾਗਤ ਅਦਾ ਕਰਨ ਦੇ ਯੋਗ ਨਹੀਂ ਹਨ । ਇਸ ਗੱਲ ਨੂੰ ਧਿਆਨ ਵਿਚ ਰਖਦੇ ਹੋਏ ਕਿ ਬਦਲੀ ਦੀ ਲਾਗਤ ਖਪਤਕਾਰ ਉਪਰ ਨਾ ਪਵੇ, ਸਰਕਾਰ ਮਹਿਸੂਲਾਂ ਦੇ ਤਾਰਕਕੀਕਰਣ, ਟੀ ਅਤੇ ਡੀ ਨੁਕਸਾਨਾਂ ਨੂੰ ਘਟਾਉਣ ਅਤੇ ਕਰਮਚਾਰੀ ਲਾਗਤ-ਆਦਿ ਘੱਟ ਕਰਕੇ ਜ਼ਰੂਰੀ ਮਾਲੀ ਸਹਾਇਤਾ ਦੇਵੇਗੀ ਤਾਂ ਕਿ ਬਿਜਲੀ ਸੈਕਟਰ ਦੀ ਚਲਣ-ਸ਼ੀਲਤਾ ਸੁਨਿਸ਼ਚਿਤ ਹੋ ਸਕੇ ।

43. ਦੇਸ਼ ਵਿਚ ਭਾਰੀ ਸੋਕੇ ਦੀਆਂ ਹਾਲਤਾਂ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਨੂੰ ਖੇਤੀਬਾੜੀ ਟਿਊਬਵੈਲਾਂ ਲਈ ਉਚਿਤ ਬਿਜਲੀ ਸਪਲਾਈ ਕੀਤੇ ਜਾਣ ਨਾਲ ਮੌਨਸੂਨ ਦੀ ਅਨਿਸ਼ਚਿਤਤਾ ਤੋਂ ਬਚਾਇਆ ਗਿਆ ਸੀ । ਇਸ ਮੰਤਵ ਲਈ ਪੰਜਾਬ ਰਾਜ ਬਿਜਲੀ ਬੋਰਡ ਨੂੰ 300.00 ਕਰੋੜ ਰੁਪਏ ਦੀ ਲਾਗਤ ਨਾਲ ਵਧੀਕ ਬਿਜਲੀ ਖਰੀਦਣੀ ਪਈ ਸੀ ਜਿਸ ਲਾਗਤ ਨੂੰ ਚਾਲੂ ਸਾਲ ਦੌਰਾਨ ਰਾਜ ਸਰਕਾਰ ਦੁਆਰਾ 950 ਕਰੋੜ ਰੁਪਏ ਦੀ ਵਿੱਤੀ ਸਬਸਿਡੀ ਵਿਚੋਂ ਪੂਰਾ ਕੀਤਾ ਗਿਆ ਸੀ ।

44. ਇਹ ਗੱਲ ਵੇਖਣ ਵਿਚ ਆਈ ਹੈ ਕਿ ਬਿਜਲੀ ਦੇ ਉਨ੍ਹਾਂ ਕੁਨੈਕਸ਼ਨਾਂ ਵਿਚ ਵੀ ਕੰਮ ਕਾਫ਼ੀ ਪਛੜਿਆ ਹੋਇਆ ਹੈ ਜਿਥੇ ਕਿ ਪੇਸ਼ਗੀ ਧਨ ਰਾਸ਼ੀ ਜਮ੍ਹਾਂ ਕਰਵਾਈ ਗਈ ਅਤੇ ਮੰਗ ਨੋਟਿਸ ਜਾਰੀ ਕੀਤੇ ਗਏ ਹਨ । ਸਰਕਾਰ ਨੇ ਅਗਲੇ ਸਾਲਾਂ ਦੀ ਸ਼ੁਰੂਆਤ ਤੋਂ ਅਜਿਹੇ 45000 ਟਿਊਬਵੈਲ ਕੁਨੈਕਸ਼ਨਾਂ ਦੇ ਪਛੜੇ ਕੰਮ ਨੂੰ ਦੋ ਸਾਲਾਂ ਵਿੱਚ ਪੂਰਾ ਕਰਨ ਦਾ ਫੈਸਲਾ ਕੀਤਾ ਹੈ । ਪੰਜਾਬ ਰਾਜ ਬਿਜਲੀ ਬੋਰਡ ਨੂੰ ਇਹ ਹਦਾਇਤ ਕੀਤੀ ਜਾ ਰਹੀ ਹੈ ਕਿ ਉਹ ਪ੍ਰਾਪਤ ਕੀਤੀ ਧਨ ਰਾਸ਼ੀ ਅਤੇ ਜਾਰੀ ਕੀਤੇ ਮੰਗ ਨੋਟਿਸਾਂ ਸਮੇਤ ਬਿਜਲੀ ਦੇ ਕੁਨੈਕਸ਼ਨਾਂ ਦੇ ਸਬੰਧ ਵਿੱਚ ਬਕਾਇਆ ਦਰਖ਼ਾਸਤਾਂ ਬਾਰੇ ਇਕ ਸ਼ਵੇਤ ਪੱਤਰ ਜਾਰੀ ਕਰੇ ।

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

**ਨਵੀਂ ਉਦਯੋਗਿਕ ਨੀਤੀ**

45. ਸਾਲ 2002-03 ਲਈ ਬਜਟ ਨੂੰ ਪੇਸ਼ ਕਰਦੇ ਸਮੇਂ ਮੈਂ ਇਸ ਅਜ਼ੀਮ ਸਦਨ ਨੂੰ ਵਿਸ਼ਵਾਸ ਦੁਆਇਆ ਸੀ ਕਿ ਸਰਕਾਰ, ਰਾਜ ਵਿਚ, ਉਦਯੋਗਿਕ ਵਿਕਾਸ ਵਿਚ ਤੇਜ਼ੀ ਲਿਆਉਣ ਅਤੇ ਉਦਯੋਗ ਨੂੰ "ਇੰਸਪੈਕਟਰੀ ਰਾਜ" ਤੋਂ ਮੁਕਤ ਕਰਨ ਲਈ ਇਕ ਨਵੀਂ ਉਦਯੋਗਿਕ ਨੀਤੀ ਬਣਾਵੇਗੀ। ਮਾਨਯੋਗ ਮੈਂਬਰ ਸਾਹਿਬਾਨ ਨੂੰ ਇਹ ਸੂਚਿਤ ਕਰਦੇ ਹੋਏ ਮੈਨੂੰ ਖੁਸ਼ੀ ਹੋ ਰਹੀ ਹੈ ਕਿ ਸਰਕਾਰ ਇਕ ਨਵੀਂ ਉਦਯੋਗਿਕ ਨੀਤੀ ਨੂੰ ਮਨਜ਼ੂਰੀ ਦੇ ਚੁੱਕੀ ਹੈ ਜੋ ਕਿ ਇਕ ਅਪ੍ਰੈਲ, 2003 ਤੋਂ ਲਾਗੂ ਹੋਵੇਗੀ। ਨਵੀਂ ਉਦਯੋਗਿਕ ਨੀਤੀ ਦਾ ਉਦੇਸ਼ ਆਧਾਰਿਕ ਸੰਰਚਨਾ ਪੈਦਾ ਕਰਕੇ ਰੈਗੂਲੇਸ਼ਨ ਨੂੰ ਘਟਾ ਕੇ ਅਤੇ ਸੁਵਿਧਾਜਨਕ ਬਣਾ ਕੇ ਨਿਵੇਸ਼ ਲਈ ਅਨੁਕੂਲ ਮਾਹੌਲ ਪੈਦਾ ਕਰਨਾ ਹੈ। ਨਵੀਂ ਉਦਯੋਗਿਕ ਨੀਤੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਨਿਮਨ ਅਨੁਸਾਰ ਹਨ :—

— 17 ਰਾਜ ਅਤੇ ਕੇਂਦਰੀ ਕਾਨੂੰਨਾਂ ਅਧੀਨ ਸਰਕਾਰੀ ਇੰਸਪੈਕਟਰਾਂ ਦੀ ਬਜਾਇ ਚਾਰਟਰਡ ਇੰਜੀਨੀਅਰਾਂ ਰਾਹੀਂ ਸਵੈ-ਤਸਦੀਕੀਕਰਨ ਲਾਗੂ ਕੀਤਾ ਗਿਆ ਹੈ। ਇਸ ਨਾਲ "ਇੰਸਪੈਕਟਰੀ ਰਾਜ" ਪ੍ਰਭਾਵਕਾਰੀ ਤਰੀਕੇ ਨਾਲ ਖਤਮ ਹੋਵੇਗਾ। (ਥੰਪਿੰਗ)

— ਮੁੱਖ ਬਿਜਲੀ ਪੈਦਾਵਾਰ ਸੁਤੰਤਰ ਰੂਪ ਵਿਚ ਕਰਨ ਦਿੱਤੀ ਜਾਵੇਗੀ ਜੋ ਕਿ ਬਿਜਲੀ ਕਰ ਤੋਂ ਮੁਕਤ ਹੋਵੇਗੀ।

— ਭਾਰੀ ਖਪਤਕਾਰਾਂ ਨੂੰ ਕਿਸੇ ਵੀ ਮੁਕਾਬਲੇ ਵਾਲੇ ਸਪਲਾਈ ਕਰਤਾ ਪਾਸੋਂ ਬਿਜਲੀ ਖਰੀਦਣ ਦੀ ਆਗਿਆ ਰੈਗੂਲੇਟਰੀ ਅਧਿਕਾਰੀਆਂ ਦੀ ਮਨਜ਼ੂਰੀ ਦੇ ਅਧੀਨ ਹੋਵੇਗੀ। ਉਦਯੋਗ ਨੂੰ ਇਸ ਗੱਲ ਦੀ ਆਗਿਆ ਹੋਵੇਗੀ ਕਿ ਉਹ ਪੀ. ਐਸ. ਈ. ਬੀ. ਦੀ ਪ੍ਰਣਾਲੀ ਰਾਹੀਂ ਬਿਜਲੀ ਲੈ ਸਕਣਗੇ ਪਰ ਉਨ੍ਹਾਂ ਨੂੰ ਉਹ ਬਿਜਲੀ ਖਿੱਚਣ ਲਈ ਰੈਗੂਲੇਟਰੀ ਅਧਿਕਾਰੀ ਰਾਹੀਂ ਮਨਜ਼ੂਰ ਖਰਚੇ ਦੇਣੇ ਪੈਣਗੇ।

— ਸਥਾਨਕ ਉਦਯੋਗ ਵਿਚ ਮੁਕਾਬਲੇ ਨੂੰ ਵਧਾਉਣ ਲਈ ਅਤੇ ਕੁਝ ਹੱਦ ਤੱਕ ਸਥਾਨਕ ਨੁਕਸਾਂ ਨੂੰ ਘਟਾਉਣ ਲਈ ਨਿਰਯਾਤ ਕੀਤੀਆਂ ਵਸਤੂਆਂ ਦੇ ਐਫ. ਓ. ਬੀ. ਮੁਲ ਦੇ 1% ਤੱਕ ਭਾੜੇ ਦੀ ਸਬਸਿਡੀ ਦਿੱਤੀ ਜਾਵੇਗੀ ਤੇ ਹਰ ਇਕਾਈ ਲਈ ਇਸ ਦੀ ਅਧਿਕਤਮ ਸੀਮਾ 50 ਲੱਖ ਰੁਪਏ ਹੋਵੇਗੀ।

— ਆਧੁਨਿਕੀਕਰਨ ਅਤੇ ਤਕਨਾਲੋਜੀ ਦੇ ਦਰਜੇ ਨੂੰ ਵਧਾਉਣ ਲਈ ਛੋਟੇ ਅਤੇ ਦਰਮਿਆਨੇ ਉਦਮਾਂ ਨੂੰ ਅਚੱਲ ਪੂੰਜੀ ਨਿਵੇਸ਼ ਤੇ 25% ਤੱਕ ਪੂੰਜੀਗਤ ਸਬਸਿਡੀ ਦਿੱਤੀ ਜਾਵੇਗੀ ਪਰੰਤੂ ਹਰ ਇਕਾਈ ਨੂੰ ਇਹ ਸਬਸਿਡੀ 25 ਲੱਖ ਰੁਪਏ ਤੱਕ ਦਿੱਤੀ ਜਾਵੇਗੀ। ਤਕਨਾਲੋਜੀ ਦੇ ਦਰਜੇ ਨੂੰ ਵਧਾਉਣ ਦੀ ਸਕੀਮ ਦਾ ਆਧੁਨਿਕੀਕਰਨ ਉਨ੍ਹਾਂ ਉਦਯੋਗਿਕ ਸਮੂਹਾਂ ਤੇ ਕੇਂਦਰਿਤ

Original with;
Punjab Vidhan Sabha
Digitized by;
Panjab Digital Library

ਹੋਵੇਗਾ ਜਿਨ੍ਹਾਂ ਵਿਚ ਪੰਜਾਬ ਰਾਜ ਮੁਕਾਬਲੇ ਵਾਲੀ ਸਥਿਤੀ ਵਿਚ ਵਿਚਰ ਰਿਹਾ ਹੈ ।

— ਰਾਜ ਦੇ ਸੀਮਾਵਰਤੀ ਖੇਤਰਾਂ ਵਿਚ ਨਿਵੇਸ਼ ਨੂੰ ਵਧਾਉਣ ਲਈ ਤਿੰਨ ਸੀਮਾਵਰਤੀ ਜ਼ਿਲ੍ਹਿਆਂ ਵਿਚ ਸਥਾਪਿਤ ਕੀਤੀਆਂ ਜਾ ਰਹੀਆਂ ਨਵੀਆਂ ਇਕਾਈਆਂ ਨੂੰ ਅਚੱਲ ਪੂੰਜੀਗਤ ਨਿਵੇਸ਼ ਤੇ 30% ਦੀ ਦਰ ਨਾਲ ਪੂੰਜੀਗਤ ਸਬਸਿਡੀ ਦਿਤੀ ਜਾਵੇਗੀ ਪਰ ਇਸ ਦੀ ਅਧਿਕਤਮ ਹੱਦ 30 ਲੱਖ ਰੁਪਏ ਪ੍ਰਤੀ ਇਕਾਈ ਹੋਵੇਗੀ ।

— ਪੀ.ਐਸ.ਆਈ.ਡੀ.ਸੀ, ਅਤੇ ਰਾਜ ਦੀਆਂ ਫੰਡ ਦੇਣ ਵਾਲੀਆਂ ਏਜੰਸੀਆਂ ਇਕੋ ਸਮੇਂ ਨਿਪਟਾਰੇ ਵਾਲੀ ਸਕੀਮ (ੳ.ਟੀ.ਐਸ.) ਉਲੀਕਣਗੀਆਂ ਤਾਂਕਿ ਸਾਂਝੇ/ਸਹਾਇਤਾ ਵਾਲੇ ਪ੍ਰਾਜੈਕਟਾਂ ਦੇ ਪ੍ਰੋਮੋਟਰ ਉਸ ਸਮੇਂ ਲਈ, ਜਦ ਤੱਕ ਕਿ ਇਕਵਿਟੀ ਇਸਤੇਮਾਲ ਕੀਤੀ ਗਈ ਹੈ, ਤੱਕ 10% ਦੀ ਸਧਾਰਨ ਵਿਆਜ ਦਰ ਵਸੂਲ ਕਰਕੇ ਇਕਵਿਟੀ ਨਿਵੇਸ਼ ਨੂੰ ਵਾਪਸ ਹਾਸਿਲ ਕਰ ਸਕਣ ।

— ਰਾਜ ਦੀਆਂ ਮਾਲੀ, ਸੰਸਥਾਵਾਂ ਦੁਆਰਾ ਦਿਤੇ ਗਏ ਕਰਜ਼ਿਆਂ ਲਈ ਇਕ ਆਕਰਸ਼ਿਕ ਇਕੋ ਸਮੇਂ ਨਿਪਟਾਰੇ (ੳ. ਟੀ. ਐਸ.) ਵਾਲੀ ਸਕੀਮ ਜੋਕਿ ਰਿਜ਼ਰਵ ਬੈਂਕ ਆਫ਼ ਇੰਡੀਆ ਦੁਆਰਾ ਜਾਰੀ ਨਵੀਨਤਮ ਸੇਧਾਂ ਨਾਲੋਂ ਬਿਹਤਰ ਹੋਵੇਗੀ, ਨੂੰ ਉਲੀਕਿਆ ਜਾਵੇ ਅਤੇ 1 ਅਪ੍ਰੈਲ 2003 ਤੋਂ ਪ੍ਰਭਾਵਕਾਰੀ ਕੀਤਾ ਜਾਵੇਗਾ ।

— ਮਲਟੀਪਲੈਕਸ ਕੰਪਲੈਕਸਾਂ ਨੂੰ ਉਦਯੋਗ ਦਾ ਦਰਜਾ ਦਿਤਾ ਜਾਵੇਗਾ ਜਿਨ੍ਹਾਂ ਨੂੰ ਪੰਜ ਸਾਲਾਂ ਤੱਕ ਮਨੋਰੰਜਨ ਟੈਕਸ ਤੋਂ ਛੋਟ ਦਿਤੀ ਜਾਵੇਗੀ । (ਥੰਪਿੰਗ)

— ਉਦਯੋਗਿਕ ਪਾਰਕ, ਆਈ. ਟੀ. ਪਾਰਕ, ਐਗਰੋਪਾਰਕ ਅਤੇ ਵਿਸ਼ੇਸ਼ ਆਰਥਿਕ ਜ਼ੋਨ, ਜਿਨ੍ਹਾਂ ਦੀ ਸਥਾਪਨਾ ਪ੍ਰਾਈਵੇਟ ਸੈਕਟਰ ਦੇ ਯੋਗਦਾਨ ਨਾਲ ਕੀਤੀ ਜਾਂਦੀ ਹੈ, ਉਹ ਪੰਜਾਬ ਅਪਾਰਟਮੈਂਟ ਅਤੇ ਸੰਪਤੀ ਰੈਗੂਲੇਸ਼ਨ ਐਕਟ (ਪੀ.ਏ.ਪੀ.ਆਰ.ਏ.) 1995, ਦੇ ਉਪਬੰਧ ਤੋਂ ਮੁਕਤ ਹੋਣਗੇ ।

— ਐਗਰੋ ਪ੍ਰਾਸੈਸਿੰਗ ਇਕਾਈਆਂ ਆਈ. ਟੀ. ਅਤੇ ਬੀ. ਟੀ. ਉਦਯੋਗ ਵੱਲ ਵਿਸ਼ੇਸ਼ ਧਿਆਨ ਦਿਤਾ ਜਾਵੇਗਾ ।

— ਉਹ ਵੱਡੀਆਂ ਇਕਾਈਆਂ ਜਿਨ੍ਹਾਂ ਵਿਚ ਸੌ ਕਰੋੜ ਰੁਪਏ ਜਾਂ ਇਸ ਤੋਂ ਵੱਧ ਅਚੱਲ ਪੂੰਜੀਗਤ ਨਿਵੇਸ਼ ਹੋਇਆ ਹੈ ਅਤੇ ਸੀਮਾਵਰਤੀ ਜ਼ਿਲ੍ਹਿਆਂ ਵਿਚ ਜਿਨ੍ਹਾਂ ਵਿਚ 25 ਕਰੋੜ ਰੁਪਏ ਜਾਂ ਇਸ ਤੋਂ ਵੱਧ ਨਿਵੇਸ਼ ਹੋਇਆ ਹੈ, ਨੂੰ ਲਾਭਾਂ ਦਾ ਇਕ ਵਿਸ਼ੇਸ਼ ਪੈਕੇਜ ਦਿਤਾ ਜਾਵੇਗਾ । ਜਿਸ ਦਾ ਫੈਸਲਾ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਅਧਿਕਾਰਤ ਕਮੇਟੀ ਕਰੇਗੀ ।

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਅਧਿਕਾਰਿਤ ਕਮੇਟੀ, ਮੌਜੂਦਾ ਵੱਡੀਆਂ ਇਕਾਈਆਂ ਦੀਆਂ ਸਮੱਸਿਆਵਾਂ ਨੂੰ ਵੀ ਦੇਖੇਗੀ ਤਾਂ ਕਿ ਉਨ੍ਹਾਂ ਦਾ ਪ੍ਰਭਾਵਕਾਰੀ ਤਰੀਕੇ ਨਾਲ ਨਿਪਟਾਰਾ ਕੀਤਾ ਜਾ ਸਕੇ ।

46. ਨਵੀਂ ਉਦਯੋਗਿਕ ਨੀਤੀ ਵਿਚ ਐਲਾਨੇ ਗਏ ਲਾਭਾਂ ਦੀ ਵੰਡ ਲਈ ਸਾਲ 2003-04 ਦੇ ਬਜਟ ਅਨੁਮਾਨਾਂ ਵਿਚ 100 ਕਰੋੜ ਰੁਪਏ ਦੇ ਉਪਬੰਧ ਦੀ ਤਜਵੀਜ਼ ਦਿੱਤੀ ਜਾਂਦੀ ਹੈ ।

ਆਧਾਰਿਕ ਸੰਰਚਨਾ :

47. ਆਧਾਰਿਕ ਸੰਰਚਨਾ ਵਿਕਾਸ ਵਿਚ ਸਾਰੇ ਖਿਡਾਰੀਆਂ ਨੂੰ ਇਕ ਸਮਾਨ-ਖੇਡ ਮੈਦਾਨ ਉਪਲੱਬਧ ਕਰਨ ਲਈ ਪੰਜਾਬ ਆਧਾਰਿਕ ਸੰਰਚਨਾ ਵਿਕਾਸ ਅਤੇ ਰੈਗੂਲੇਸ਼ਨ ਐਕਟ ਬਣਾਇਆ ਗਿਆ ਹੈ ਜੋ ਵੱਖ-ਵੱਖ ਖਿਡਾਰੀਆਂ ਦੇ ਝਗੜਿਆਂ ਦੇ ਨਿਰਪੱਖ ਸਾਲਸ ਵਜੋਂ ਪੰਜਾਬ ਆਧਾਰਿਕ ਸੰਰਚਨਾ ਰੈਗੂਲੇਟਰੀ ਅਥਾਰਟੀ ਦੀ ਸਿਰਜਨਾ ਦਾ ਉਪਬੰਧ ਕਰਦਾ ਹੈ । ਪੰਜਾਬ ਆਧਾਰਿਕ ਸੰਰਚਨਾ ਵਿਕਾਸ ਬੋਰਡ (ਪੀ. ਆਈ. ਡੀ. ਬੀ.) ਪਿਛਲੇ ਤਿੰਨ ਸਾਲਾਂ ਤੋਂ ਕਾਰਜ ਕਰ ਰਿਹਾ ਹੈ ਜਿਸ ਨੇ ਰਾਜ ਵਿਚ ਵੱਖ-ਵੱਖ ਆਧਾਰਿਕ ਸੰਰਚਨਾ ਪ੍ਰਾਜੈਕਟ ਦੇ ਵਿਕਾਸ ਤੇ ਲੱਗਭੱਗ 360 ਕਰੋੜ ਰੁਪਏ ਨਿਵੇਸ਼ ਕੀਤੇ ਹਨ । ਜ਼ਿਆਦਾਤਰ ਪ੍ਰਾਜੈਕਟ ਜੋ ਲਾਗੂ ਹੋਣ ਅਧੀਨ ਹਨ ਉਨ੍ਹਾਂ ਦੇ 30 ਜੂਨ, 2003 ਤਕ ਪੂਰੇ ਹੋਣ ਦੀ ਸੰਭਾਵਨਾ ਹੈ । ਇਸ ਉਪਰੰਤ ਪੀ. ਆਈ. ਡੀ. ਬੀ. ਰਾਜ ਵਿਚ ਆਧਾਰਿਕ ਸੰਰਚਨਾ ਵਿਕਾਸ ਦਾ ਦੂਜਾ ਪੜ੍ਹਾਅ ਆਰੰਭ ਕਰੇਗਾ ਜੋ ਸੜਕਾਂ ਤੇ ਪੁਲਾਂ ਦੇ ਹਿੱਸੇ ਵਿਚ ਆਧਾਰਿਕ ਸੰਰਚਨਾ ਪ੍ਰਾਜੈਕਟਾਂ ਨੂੰ ਵਿਕਸਤ ਕਰਨ ਤੋਂ ਇਲਾਵਾ ਸ਼ਹਿਰੀ ਆਧਾਰਿਕ ਸੰਰਚਨਾ, ਉਦਯੋਗਿਕ ਆਧਾਰਿਕ ਸੰਰਚਨਾ ਤੇ ਟਰਾਂਸਪੋਰਟ ਦੇ ਪ੍ਰਾਜੈਕਟ ਵੀ ਹੱਥਾਂ ਵਿਚ ਲਵੇਗਾ ਹੁਣ ਤੱਕ ਪੀ.ਆਈ.ਡੀ.ਬੀ. ਇਨ੍ਹਾਂ ਪ੍ਰਾਜੈਕਟਾਂ ਤੇ ਫੰਡ ਆਧਾਰਿਕ ਸੰਰਚਨਾ ਉਪ ਕਰ/ ਫ਼ੀਸ ਦੀਆਂ ਵੱਟਕਾਂ ਤੋਂ ਅਤੇ ਪੂੰਜੀਗਤ ਮਾਰਕੀਟ ਪਾਸੋਂ ਫੰਡ ਲੈ ਕੇ ਪੂਰਾ ਕਰਦਾ ਰਿਹਾ ਹੈ । ਦੂਜੇ ਪੜ੍ਹਾਅ ਵਿਚ ਆਧਾਰਿਕ ਸੰਰਚਨਾ ਵਿਚ ਪ੍ਰਾਈਵੇਟ ਸੈਕਟਰ ਨਿਵੇਸ਼ ਨੂੰ ਖਿੱਚਣ ਅਤੇ ਰੈਵੇਨਿਊ ਮਾਡਲਾਂ ਵਿਚੋਂ ਅਜਿਹੇ ਪ੍ਰਾਜੈਕਟਾਂ ਨੂੰ ਫ਼ੰਡ ਮੁਹੱਈਆ ਕਰਨ ਤੇ ਜ਼ੋਰ ਦਿਤਾ ਜਾਵੇਗਾ ਜੋ ਕਿ ਚੁੰਗੀਆਂ ਅਤੇ ਮਹਿਸੂਲਾਂ ਤੇ ਨਿਰਭਰ ਹਨ । ਸਾਲ 2003-04 ਦੌਰਾਨ ਪੀ.ਆਈ ਡੀ.ਬੀ. ਦੁਆਰਾ ਲਗਭਗ 400 ਕਰੋੜ ਰੁਪਏ ਦੇ ਆਧਾਰਿਤ ਸੰਰਚਨਾ ਪ੍ਰਾਜੈਕਟ ਹੱਥਾਂ ਵਿਚ ਲਏ ਜਾਣਗੇ ।

48. ਇਸ ਤੋਂ ਇਲਾਵਾ ਮੈਂ ਪ੍ਰਾਈਵੇਟ ਨਿਵੇਸ਼ ਨੂੰ ਆਧਾਰਿਕ ਸੰਰਚਨਾ ਪ੍ਰਾਜੈਕਟਾਂ ਲਈ ਪ੍ਰਾਪਤ ਕਰਨ ਲਈ ਸਾਲ 2003-04 ਦੇ ਬਜਟ ਅਨੁਮਾਨਾਂ ਲਈ 100 ਕਰੋੜ ਰੁਪਏ ਦੇ ਉਪਬੰਧ ਦੀ ਤਜਵੀਜ਼ ਦੇ ਰਿਹਾ ਹਾਂ । ਪੀ.ਆਈ. ਡੀ. ਬੀ. ਇਸ ਮੰਤਵ ਲਈ ਇਕ ਵਿਸਤ੍ਰਿਤ ਸਕੀਮ ਉਲੀਕੇਗੀ ਤਾਂ ਕਿ ਵੱਖ ਵੱਖ ਵਿਭਾਗ ਇਸ ਉਪਬੰਧ ਤੋਂ ਲਾਭ ਉਠਾ ਸਕਣ ।

ਸਮਾਜਿਕ ਆਧਾਰਿਕ-ਸੰਰਚਨਾ :

49. ਇਸ ਸਰਕਾਰ ਦਾ ਪਹਿਲਾ ਬਜਟ ਪੇਸ਼ ਕਰਦ ਸਮੇਂ ਮੈਂ ਪਾਲਿਸੀ ਵਿਚ ਮਿਸਾਲੀ ਬਦਲੀ ਕਰਨ ਬਾਰੇ ਵਿਸਥਾਰ ਵਿਚ ਦੱਸਿਆ ਸੀ ਤਾਂ ਕਿ ਸਿਹਤ ਅਤੇ ਸਿੱਖਿਆ

Original with;
Punjab Vidhan Sabha
Digitized by;
Panjab Digital Library

ਸੇਵਾਵਾਂ ਉਪਲੱਬਧ ਕੀਤੀਆਂ ਜਾ ਸਕਣ । ਇਸ ਨਵੀਂ ਪਾਲਿਸੀ ਅਧੀਨ ਸੰਸਥਾਵਾਂ ਨੂੰ ਬੇਨਿਯਮੇ ਤਰੀਕੇ ਨਾਲ ਵਧਾਉਣ ਦੇ ਰੁਝਾਨ ਨੂੰ ਬਦਲਿਆ ਜਾਣਾ ਸੀ ਅਤੇ ਮਿਆਰੀ ਸਿਹਤ ਸੰਭਾਲ ਅਤੇ ਸਿੱਖਿਆ ਸੇਵਾਵਾਂ ਉਪਲੱਬਧ ਕਰੋਨ ਲਈ ਜਨਤਕ ਭਾਈਵਾਲੀ ਨੂੰ ਉਤਸ਼ਾਹਿਤ ਕੀਤਾ ਜਾਣਾ ਸੀ । ਇਨ੍ਹਾਂ ਸੇਵਾਵਾਂ ਨੂੰ ਸਥਾਪਤ ਕਰਨ ਲਈ ਵਿਕੇਂਦਰੀਕਰਨ ਰਾਹੀਂ ਅਤੇ ਭਾਈਚਾਰਕ ਯੋਗਦਾਨ ਨੂੰ ਉਤਸ਼ਾਹਿਤ ਕਰਕੇ ਅਤਿ ਅਧਿਕ ਘਟਾਉਣ ਦੀ ਤਜਵੀਜ਼ ਵੀ ਦਿੱਤੀ ਗਈ ਸੀ ।

50. ਭਾਵੇਂ ਚਾਲੂ ਸਾਲ ਦੌਰਾਨ ਇਸ ਦਿਸ਼ਾ ਵਿਚ ਕੋਈ ਖਾਸ ਪ੍ਰਗਤੀ ਨਹੀਂ ਹੋਈ ਪਰ ਫਿਰ ਵੀ ਸਰਕਾਰ ਪ੍ਰਸਤਾਵਿਤ ਪਾਲਿਸੀ ਬਦਲੀ ਨੂੰ ਲਾਗੂ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤਾਂ ਕਿ ਰਾਜ ਦੇ ਸ਼ਹਿਰੀਆਂ ਨੂੰ ਵਾਜਬ ਲਾਗਤ ਉੱਤੇ ਮਿਆਰੀ ਸਿੱਖਿਆ ਅਤੇ ਸਿਹਤ ਸੰਭਾਲ ਉਪਲਬਧ ਕਰਵਾਈ ਜਾ ਸਕੇ । ਅਜ਼ਿਹਾ ਕਰਦੇ ਸਮੇਂ ਸਰਕਾਰ ਮੁੱਢਲੀ ਸਿੱਖਿਆ ਨੂੰ ਵਿਆਪਕ ਕਰਨ ਦਾ ਪੂਰਾ ਯਤਨ ਕਰੇਗੀ ਜਿਸ ਵਿਚ ਵਿਸ਼ੇਸ਼ ਜ਼ੋਰ ਲੜਕੀਆਂ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਅਤੇ ਅਤਿ ਗਰੀਬ ਪਰਿਵਾਰਾਂ ਦੇ ਬੱਚਿਆਂ ਉੱਤੇ ਦਿੱਤਾ ਜਾਵੇਗਾ । ਸਰੋਤਾਂ ਦੀ ਅਤਿ ਅਧਿਕ ਕਮੀ ਦੇ ਬਾਵਜੂਦ 214.40 ਕਰੋੜ ਰੁਪਏ ਦਾ ਉਪਬੰਧ "ਸਰਬ ਸਿੱਖਿਆ ਅਭਿਆਨ" ਲਈ ਕੀਤਾ ਗਿਆ ਹੈ ਜਿਸ ਨੂੰ ਚਾਲੂ ਸਾਲ ਦੌਰਾਨ ਪੂਰਨ ਤੌਰ ਤੇ ਕਾਰਜਸ਼ੀਲ ਬਣਾਇਆ ਜਾਵੇਗਾ ।

51. ਸਰਕਾਰੀ ਸੰਸਥਾਵਾਂ ਵਿਚ ਮਿਆਰੀ ਸਿਹਤ ਸੰਭਾਲ ਦੀ ਕਮੀ ਕਾਰਨ ਨਾਗਰਿਕਾਂ ਨੂੰ ਅਤਿ ਅਧਿਕ ਲਾਗਤ ਉੱਤੇ ਪ੍ਰਾਈਵੇਟ ਸਿਹਤ ਸੇਵਾਵਾਂ ਲੈਣ ਲਈ ਮਜਬੂਰ ਹੋਣਾ ਪੈਂਦਾ ਹੈ । ਮਿਆਰੀ ਸਿਹਤ ਸੇਵਾ ਉਪਲਬਧ ਕਰਨ ਲਈ ਹੀ "ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ" ਦੁਆਰਾ ਵਿਸ਼ਵ ਬੈਂਕ ਦੀ ਸਹਾਇਤਾ ਵਾਲਾ ਪ੍ਰਾਜੈਕਟ ਲਾਗੂ ਕੀਤਾ ਜਾ ਰਿਹਾ ਹੈ ਜਿਸ ਵਿਚ 155 ਸਰਕਾਰੀ ਹਸਪਤਾਲਾਂ ਵਿਚ ਵੱਡੇ ਪੱਧਰ ਤੇ ਸੁਧਾਰ ਕੀਤਾ ਜਾਵੇਗਾ । ਇਹ ਯਤਨ ਕੀਤੇ ਜਾਣਗੇ ਕਿ ਵਿਸ਼ਵ ਬੈਂਕ ਦੁਆਰਾ ਫੰਡਾਂ ਦੀ ਵਰਤੋਂ ਕਰਨ ਤੋਂ ਬਾਅਦ ਵੀ ਇਨ੍ਹਾਂ ਸੁਧਾਰਾਂ ਨੂੰ ਸਵੈ-ਵਿੱਤੀ ਸਹਾਇਤਾ ਦੇ ਅਧਾਰ ਤੇ ਬਰਕਰਾਰ ਰੱਖਿਆ ਜਾਵੇ ।

52. ਪਟਿਆਲਾ, ਅੰਮ੍ਰਿਤਸਰ ਅਤੇ ਫਰੀਦਕੋਟ ਦੇ ਤਿੰਨ ਮੈਡੀਕਲ ਕਾਲਜਾਂ ਦੀ ਆਧਾਰਿਕ ਸੰਰਚਨਾ ਵਿੱਚ ਸੁਧਾਰ ਲਿਆਉਣ ਲਈ 32 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ । ਸਰਕਾਰ ਨੇ ਇਹ ਫ਼ੈਸਲਾ ਕੀਤਾ ਹੈ ਕਿ ਫੀਸਾਂ ਅਤੇ ਹੋਰ ਵਸੂਲੀਆਂ ਦੇ ਵਾਧੇ ਨਾਲ ਇਨ੍ਹਾਂ ਕਾਲਜਾਂ ਦੁਆਰਾ ਜੋ ਵਧੀਕ ਰੈਵੇਨਿਊ ਪੈਦਾ ਕੀਤਾ ਜਾ ਰਿਹਾ ਹੈ, ਨੂੰ ਆਧਾਰਿਕ ਸੰਰਚਨਾ ਅਤੇ ਹੋਰ ਸਹੂਲਤਾਂ ਦੇ ਅਗਲੇਰੇ ਸੁਧਾਰ ਵਿੱਚ ਲਾਇਆ ਜਾਵੇ ਤਾਂ ਕਿ ਭਵਿੱਖ ਵਿੱਚ ਇਹ ਕਾਲਜ ਆਕਰਸ਼ਨ ਦੇ ਕੇਂਦਰ ਬਣ ਸਕਣ ।

**ਖੇਡਾਂ ਅਤੇ ਯੁਵਕ ਸੇਵਾਵਾਂ**

53. ਨੌਜਵਾਨ ਸਾਡੇ ਰਾਸ਼ਟਰ ਦਾ ਭਵਿੱਖ ਹਨ । ਹੁਣ ਸਰਕਾਰ ਦੁਆਰਾ ਖੇਡਾਂ ਅਤੇ ਯੁਵਕ ਸੇਵਾਵਾਂ ਨੂੰ ਉਚਿਤ ਮਹੱਤਵ ਦਿੱਤਾ ਜਾ ਰਿਹਾ ਹੈ ਤਾਂ ਕਿ ਨੌਜਵਾਨਾਂ ਦੀ ਸ਼ਕਤੀ ਨੂੰ ਉਚਿੱਤ ਦਿਸ਼ਾ ਵੱਲ ਲਗਾਇਆ ਜਾਵੇ । ਪੰਜਾਬ ਦੇ ਨੌਜਵਾਨਾਂ

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਲਈ ਸਿਖਲਾਈ ਅਤੇ ਰੋਜ਼ਗਾਰ ਦਾ ਕੇਂਦਰ (ਸੀ-ਪਾਈਟ) ਰਾਜ ਵਿਚ ਨੌਜਵਾਨਾਂ ਨੂੰ ਸਿਖਲਾਈ ਦੇਣ ਅਤੇ ਉਨ੍ਹਾਂ ਨੂੰ ਰੋਜ਼ਗਾਰ ਅਤੇ ਸਵੈ-ਰੋਜ਼ਗਾਰ ਲਈ ਯੋਗ ਬਣਾਉਣ ਵਿੱਚ ਬੜਾ ਸਫ਼ਲ ਸਾਬਤ ਹੋਇਆ ਹੈ। ਇਸ ਦੀ ਤਜਵੀਜ਼ ਇਹ ਹੈ ਕਿ ਮਾਲੀ ਸਾਲ 2003-04 ਦੌਰਾਨ 7000 ਨੌਜਵਾਨਾਂ ਨੂੰ ਭਰਤੀ ਕਰਕੇ ਸਿਖਲਾਈ ਦਿੱਤੀ ਜਾਵੇ। ਇਸ ਗੱਲ ਦੀ ਕਲਪਨਾ ਵੀ ਕੀਤੀ ਗਈ ਹੈ ਕਿ ਨਰਸਾਂ ਅਤੇ ਵੈਟਰਨਰੀ ਸਹਾਇਕਾਂ ਆਦਿ ਦੇ ਕੋਰਸਾਂ ਦੀ ਸਿਖਲਾਈ ਦੀ ਇਕ ਨਵੀਂ ਸਕੀਮ ਸ਼ੁਰੂ ਕੀਤੀ ਜਾਵੇ। ਸਾਲਾਨਾ ਯੋਜਨਾ 2003-04 ਵਿੱਚ ਸੀ-ਪਾਈਟ ਲਈ 4.00 ਕਰੋੜ ਰੁਪਏ ਦੀ ਰਕਮ ਮਖ਼ਸੂਸ ਕੀਤੀ ਗਈ ਹੈ।

**ਸਾਬਕਾ ਸੈਨਿਕਾਂ ਦੀ ਭਲਾਈ :**

54. ਮੇਰੀ ਸਰਕਾਰ ਨੇ ਰਾਜ ਦੇ ਸਾਬਕਾ ਸੈਨਿਕਾਂ ਨੂੰ ਉੱਚ ਤਰਜੀਹ ਦਿੱਤੀ ਹੈ ਅਤੇ 6.11.2002 ਤੋਂ ਭੂਮੀ/ਨਕਦੀ ਇਨਾਮ/ਰਕਮ/ਮਹੀਨਾਵਾਰ ਪੈਨਸ਼ਨ ਵਿਚ ਨਿਮਨ ਅਨੁਮਾਨ ਵਾਧਾ ਕੀਤਾ ਹੈ :—

(ਰਕਮ ਰੁਪਿਆਂ ਵਿਚ)

| | | |
|---|---|---|
| i) | ਪਰਮਵੀਰ/ਅਸ਼ੋਕ ਚੱਕਰ | 25 ਲੱਖ |
| ii) | ਮਹਾਂਵੀਰ/ਕੀਰਤੀ ਚੱਕਰ | 15 ਲੱਖ |
| iii) | ਵੀਰ/ਸ਼ੌਰਿਆ ਚੱਕਰ | 10 ਲੱਖ |
| iv) | ਐਸ.ਐਮ./ਵੀ.ਐਸ.ਐਮ./ ਵਾਈ. ਐਸ. ਐਮ. (ਬਹਾਦਰੀ ਲਈ) | 5 ਲੱਖ |

55. ਸਾਬਕਾ ਸੈਨਿਕਾਂ ਨੂੰ ਉੱਚਾ ਚੁੱਕਣ ਲਈ ਵੱਖ ਵੱਖ ਭਲਾਈ ਸਕੀਮਾਂ ਅਧੀਨ ਅਗਲੇ ਮਾਲੀ ਸਾਲ ਦੌਰਾਨ 8.5 ਕਰੋੜ ਰੁਪਏ ਨਾਲੋਂ ਵੱਧ ਧਨ ਰਾਸ਼ੀ ਮੁਹੱਈਆ ਕੀਤੀ ਗਈ ਹੈ।

**ਕਮਜ਼ੋਰ ਤਬਕੇ**

56. ਸਰਕਾਰ ਕਮਜ਼ੋਰ ਵਰਗਾਂ, ਵਿਸ਼ੇਸ਼ ਕਰਕੇ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਨੂੰ ਵਿਸ਼ੇਸ਼ ਮਹੱਤਵ ਦਿੰਦੀ ਹੈ। ਬੱਚਿਆਂ ਨੂੰ ਪੁਸਤਕਾਂ ਅਤੇ ਵਜ਼ੀਫੇ ਦੇਣ, ਬੇਘਰਿਆਂ ਨੂੰ ਪਲਾਟ ਅਤੇ ਮਕਾਨ ਅਤੇ ਅਨੁਸੂਚਿਤ ਜਾਤੀਆਂ/ਪਛੜੇ ਵਰਗਾਂ ਦੇ ਪਰਿਵਾਰਾਂ ਨੂੰ ਸਹਾਇਤਾ ਦੇਣ ਲਈ ਵੱਖ-ਵੱਖ ਸਕੀਮਾਂ ਲਾਗੂ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਉਹ ਲਾਭਦਾਇਕ ਸਵੈਰੋਜ਼ਗਾਰ ਦੇ ਧੰਦਿਆਂ ਵਿਚੋਂ ਲੈ ਸਕਣ। ਸਾਲ 2001-02 ਦੌਰਾਨ ਪਿਛਲੀ ਸਰਕਾਰ ਦੁਆਰਾ ਇਨ੍ਹਾਂ ਸਾਰੀਆਂ ਸਕੀਮਾਂ ਅਧੀਨ 25.45 ਕਰੋੜ ਰੁਪਏ ਜਾਰੀ ਕੀਤੇ ਗਏ ਸਨ। ਚਾਲੂ ਸਾਲ ਦੌਰਾਨ 61.00 ਕਰੋੜ ਰੁਪਏ

Original with;
Punjab Vidhan Sabha
Digitized by;

ਜਾਰੀ ਕੀਤੇ ਜਾ ਚੁੱਕੇ ਹਨ ਅਤੇ ਇਸ ਮੰਤਵ ਲਈ ਸਾਲ 2003-04 ਦੇ ਬਜਟ ਅਨੁਮਾਨਾਂ ਵਿਚ 89.99 ਕਰੋੜ ਰੁਪਏ ਦੀ ਤਜਵੀਜ਼ ਦਿੱਤੀ ਜਾ ਰਹੀ ਹੈ ।

57. ਸਾਲ 1994-95 ਦੌਰਾਨ ਅਨੁਸੂਚਿਤ ਜਾਤੀਆਂ ਲਈ ਵਿਸ਼ੇਸ਼ ਸੰਘਟਕ ਯੋਜਨਾ ਸ਼ੁਰੂ ਕੀਤੀ ਗਈ ਸੀ ਪਰੰਤੂ ਇਸ ਦੀ ਕਾਰਜਸ਼ੀਲਤਾ ਵਿਅਕਤੀਗਤ ਪ੍ਰਬੰਧਕੀ ਵਿਭਾਗਾਂ ਦੇ ਕੰਟਰੋਲ ਹੇਠ ਰਹੀ ਸੀ । ਜਿਸ ਦੇ ਸਿੱਟੇ ਵਜੋਂ ਕੋਈ ਠੋਸ ਸਿੱਟੇ ਹਾਸਿਲ ਨਹੀਂ ਕੀਤੇ ਜਾ ਸਕੇ ਸਨ । ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਹੋਰ ਤੇਜ਼ੀ ਲਿਆਉਣ ਲਈ ਰਾਜ ਸਰਕਾਰ ਨੇ ਮਹਾਂਰਾਸ਼ਟਰ ਮਾਡਲ ਅਪਨਾਉਣ ਦਾ ਫੈਸਲਾ ਕੀਤਾ ਹੈ । ਜਿਸ ਅਧੀਨ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਵਿਭਾਗ ਦੇ ਪ੍ਰਬੰਧਕੀ ਕੰਟਰੋਲ ਅਧੀਨ ਪਲਾਨ ਫੰਡਾਂ ਦੀ ਸੰਯੁਕਤ ਵੰਡ ਕੀਤੀ ਜਾ ਰਹੀ ਹੈ । ਇਸ ਨਾਲ ਵੱਖ-ਵੱਖ ਸਕੀਮਾਂ ਲਈ ਮਖ਼ਸੂਸ ਫੰਡਾਂ ਦੀ ਵੱਧ ਤੋਂ ਵੱਧ ਵਰਤੋਂ ਹੋ ਸਕੇਗੀ ।

58. ਰਾਜ ਵਿਚ ਅਨੁਸੂਚਿਤ ਜਾਤੀਆਂ ਦੀ ਆਬਾਦੀ ਨੂੰ ਇਸ ਯੋਗ ਬਣਾਉਣ ਲਈ ਕਿ ਉਹ ਵੱਖ-ਵੱਖ ਪ੍ਰੋਗਰਾਮਾਂ ਨੂੰ ਲਾਗੂ ਕਰਨ ਵਿਚ ਯੋਗਦਾਨ ਪਾ ਸਕਣ, ਸਰਕਾਰ ਨੇ ਪਿੰਡ, ਬਲਾਕ, ਜ਼ਿਲ੍ਹਾ ਅਤੇ ਰਾਜ ਪੱਧਰ ਤੇ ਗੈਰ ਸਰਕਾਰੀ ਸੰਗਠਨਾਂ (ਐਨ.ਜੀ.ਓ.ਜ਼) ਨੂੰ ਉਤਸ਼ਾਹਿਤ ਕਰਨ ਦਾ ਫੈਸਲਾ ਕੀਤਾ ਹੈ । ਅਨੁਸੂਚਿਤ ਜਾਤੀਆਂ ਦੀ ਭਲਾਈ ਨਾਲ ਸਬੰਧਿਤ ਜ਼ਿਆਦਾਤਰ ਸਕੀਮਾਂ/ਪ੍ਰੋਗਰਾਮਾਂ ਨੂੰ ਐਨ.ਜੀ.ਓਜ਼ ਰਾਹੀਂ ਲਾਗੂ ਕਰਵਾਇਆ ਜਾਵੇਗਾ ਜਿਸ ਨਾਲ ਲਾਭ ਪਾਤਰਾਂ ਨੂੰ ਇਖਤਿਆਰ ਮਿਲਣ ਦੀ ਉਮੀਦ ਕੀਤੀ ਜਾਂਦੀ ਹੈ ।

59. ਸੀਨੀਅਰ ਸ਼ਹਿਰੀਆਂ, ਵਿਧਵਾਵਾਂ ਤੇ ਮੁਥਾਜ਼ਾਂ ਲਈ ਪੈਨਸ਼ਨਾਂ ਦੀ ਵੰਡ ਦੀ ਪ੍ਰਣਾਲੀ ਵਿਚ ਵੀ ਸੁਧਾਰ ਕੀਤਾ ਗਿਆ ਹੈ । ਸਰਕਾਰ ਦੁਆਰਾ ਕੀਤੀ ਗਈ ਛਾਣਬੀਣ ਦੇ ਸਿੱਟੇ ਵਜੋਂ 1.14 ਲੱਖ ਜਾਅਲੀ ਪੈਨਸ਼ਨਰਾਂ ਨੂੰ ਸੂਚੀ ਵਿਚੋਂ ਕੱਟ ਦਿਤਾ ਗਿਆ ਹੈ । ਪੈਨਸ਼ਨਾਂ ਦੀ ਵੰਡ ਦੀ ਵਿਧੀ ਨੂੰ ਵੀ ਮੁੜ ਸ਼ੁਰੂ ਕੀਤਾ ਗਿਆ ਹੈ ਅਤੇ 77.50 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ । ਇਸ ਮੰਤਵ ਲਈ ਅਸੀਂ 38.75 ਕਰੋੜ ਰੁਪਏ ਹੋਰ ਜਾਰੀ ਕਰਾਂਗੇ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਹਰ ਇਕ ਯੋਗ ਪੈਨਸ਼ਨਰ ਨੂੰ ਦਸੰਬਰ, 2002 ਤੱਕ ਦੀ ਪੈਨਸ਼ਨ ਪ੍ਰਾਪਤ ਹੋ ਜਾਵੇ । ਇਸ ਮੰਤਵ ਲਈ ਸਾਲ 2003-04 ਦੇ ਬਜਟ ਅਨੁਮਾਨਾਂ ਵਿਚ 195.00 ਕਰੋੜ ਰੁਪਏ ਦੇ ਉਪਬੰਧ ਦੀ ਤਜਵੀਜ਼ ਦਿਤੀ ਗਈ ਹੈ ।

60. ਇਹ ਸੁਨਿਸ਼ਚਿਤ ਕਰਨ ਲਈ ਕਿ ਕਮਜ਼ੋਰ ਵਰਗਾਂ ਲਈ ਬਜਟ ਦੇ ਉਪਬੰਧ ਵਿਚ ਕੋਈ ਕਟੌਤੀ ਨਾ ਹੋਵੇ ਅਤੇ ਇਹ ਸਮੇਂ ਸਿਰ ਜਾਰੀ ਹੋਵੇ, ਰਾਜ ਸਰਕਾਰ ਨੇ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਨਾਲ ਸਬੰਧਿਤ ਵੱਖ-ਵੱਖ ਸਕੀਮਾਂ ਅਤੇ ਪੈਨਸ਼ਨਾਂ ਦੀ ਵੰਡ ਤੇ ਅਦਾਇਗੀ ਵਿਚ ਕਟੌਤੀ ਨਾ ਕੀਤੇ ਜਾਣ ਲਈ ਵੱਖ-ਵੱਖ ਸ਼ਕੀਮਾਂ ਦੇ ਉਪਬੰਧਾਂ ਨੂੰ ਮੁਤਰਰ ਕਰਨ ਦਾ ਫੈਸਲਾ ਕੀਤਾ ਹੈ । (ਥੰਪਿੰਗ) ਕਿਉਂਕਿ ਇਨ੍ਹਾਂ ਸਕੀਮਾਂ ਨੂੰ ਉਹੀ ਤਰਜੀਹ ਦਿੱਤੀ ਜਾਵੇਗੀ ਜਿਹੜੀ ਕਿ ਸਰਕਾਰੀ ਕਰਮਚਾਰੀਆਂ ਦੀ ਤਨਖਾਹ ਦੀ ਅਦਾਇਗੀ ਵਿਚ ਦਿੱਤੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

**ਸੈਰ ਸਪਾਟਾ ਅਤੇ ਸਭਿਆਚਾਰਕ ਵਿਰਸਾ :**

61. ਅਨੰਦਪੁਰ ਸਾਹਿਬ ਵਿਖੇ ਖਾਲਸਾ ਵਿਰਸਾ ਕੰਪਲੈਕਸ ਬੜੀ ਧੂਮ ਧਾਮ ਨਾਲ ਖਾਲਸੇ ਦੀ ਸਿਰਜਨਾ ਤ੍ਰੈਸ਼ਤਾਬਦੀ ਤੇ ਇਕ ਸ਼ਰਧਾਂਜਲੀ ਵਜੋਂ ਲਏ ਗਏ ਸਾਰੇ ਫੰਡ ਖ਼ਪਤ ਹੋ ਗਏ ਸਨ। ਪੰਜਾਬ ਦੇ ਅਮੀਰ ਵਿਰਸੇ ਦੇ ਇਸ ਅਹਿਮ ਪ੍ਰਾਜੈਕਟ ਦੀ ਪੁਨਰ ਉਸਾਰੀ ਸ਼ੁਰੂ ਕਰਨ ਲਈ ਰਾਜ ਸਰਕਾਰ ਨੇ ਸਾਲ 2002-03 ਦੌਰਾਨ 17.70 ਕਰੋੜ ਰੁਪਏ ਜਾਰੀ ਕੀਤੇ ਸਨ। ਇਸ ਪ੍ਰਾਜੈਕਟ ਲਈ ਮੈਚਿੰਗ ਗ੍ਰਾਂਟ ਪ੍ਰਾਪਤ ਕਰਨ ਲਈ ਭਾਰਤ ਸਰਕਾਰ ਕੋਲ ਪਹੁੰਚ ਕੀਤੀ ਗਈ ਸੀ। ਇਹ ਕੰਪਲੈਕਸ ਸਤੰਬਰ 2004 ਵਿਚ ਜਨਤਾ ਲਈ ਖੋਲ੍ਹਿਆ ਜਾਵੇਗਾ ਜੋ ਕਿ ਸਾਹਿਬਜ਼ਾਦਿਆਂ ਦੀ 300 ਸਾਲਾ ਸ਼ਹਾਦਤ ਤੇ ਇਕ ਸ਼ਰਧਾਂਜਲੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ੍ਰੀ ਹਰਮਿੰਦਰ ਸਾਹਿਬ ਵਿਚ ਸਥਾਪਨਾ ਦੇ 400 ਸਾਲਾ ਦਿਵਸ ਦੇ ਸਮਕਾਲੀਨ ਹੈ। ਜੋ ਦਿਹਾੜਾ ਸ੍ਰੀ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਉਤਸਵ ਦਾ ਵੀ ਸਮਕਾਲੀਨ ਹੈ। ਸਾਲ 2003-04 ਵਿਚ ਇਸ ਮੰਤਵ ਲਈ 22.96 ਕਰੋੜ ਰੁਪਏ ਦਾ ਉਪਬੰਧ ਕੀਤਾ ਜਾ ਰਿਹਾ ਹੈ। (ਥੰਪਿੰਗ)

62. ਪਟਿਆਲਾ ਵਿਰਾਸਤ ਤਿਉਹਾਰ ਸ਼ਹਿਰ ਦੇ ਸਭਿਆਚਾਰਕ ਵਿਰਸੇ ਨੂੰ ਉਜਾਗਰ ਕਰਨ ਲਈ ਮਨਾਇਆ ਗਿਆ ਸੀ। ਪਟਿਆਲਾ ਸ਼ਹਿਰ ਨੂੰ ਵਿਸ਼ਵ ਸੈਰ ਸਪਾਟਾ ਨਕਸ਼ੇ ਤੇ ਉਭਰਨ ਵਿਚ ਸਹਾਇਤਾ ਮਿਲੇਗੀ। ਇਸ ਮੰਤਵ ਲਈ ਪੰਜਾਬ ਸਰਕਾਰ ਨੇ 'ਪਟਿਆਲਾ ਵਿਰਾਸਤ ਸੁਸਾਇਟੀ'' ਨੂੰ ਇਕ ਕਰੋੜ ਰੁਪਏ ਦੀ ਗ੍ਰਾਂਟ ਦਿੱਤੀ ਹੈ।

63. ਯੂਨੈਸਕੋ ਨੂੰ ਇਹ ਸਿਫਾਰਸ਼ ਕੀਤੀ ਗਈ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਇਕ ਵਿਰਾਸਤ ਅਸਥਾਨ ਘੋਸ਼ਿਤ ਕੀਤਾ ਜਾਵੇ। ''ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਰਲ ਹੈਰੀਟੇਜ'' ਨਵੀਂ ਦਿੱਲੀ ਰਾਹੀਂ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਅਤੇ ਚੱਢਾ ਪਰਿਵਾਰ ਫਾਊਂਡੇਸ਼ਨ ਕਨੇਡਾ ਦੀ ਮਾਲੀ ਸਹਾਇਤਾ ਨਾਲ ਇਕ ਡੋਜ਼ੀਅਰ ਤਿਆਰ ਗਿਆ ਹੈ।

64. ਰਾਜ ਦੇ ਅਮੀਰ ਸਭਿਆਚਾਰਕ ਵਿਰਸੇ ਨੂੰ ਸੰਭਾਲਣ ਤੇ ਪੇਸ਼ ਕਰਨ ਲਈ ਅਤੇ ਰਾਜ ਦੀ ਸੈਰ ਸਪਾਟਾ ਸਮਰੱਥਾ ਤੋਂ ਪੂਰਾ ਲਾਭ ਲੈਣ ਲਈ ਪੰਜਾਬ ਦੇ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਸਭਿਆਚਾਰਕ ਵਿਰਸਾ ਅਤੇ ਸੈਰ ਸਪਾਟਾ ਤਰੱਕੀ ਬੋਰਡ ਦੀ ਸਿਰਜਨਾ ਕੀਤੀ ਗਈ ਹੈ। ਇਹ ਬੋਰਡ ਇਕ ਉੱਚ ਤਾਕਤੀ ਸੰਗਠਨ ਹੋਵੇਗਾ ਅਤੇ ਸਭਿਆਚਾਰਕ ਵਿਰਸੇ ਦੇ ਪ੍ਰਾਜੈਕਟਾਂ ਦੀ ਯੋਜਨਾ ਬਣਾ ਕੇ ਉਨ੍ਹਾਂ ਨੂੰ ਅਮਲ ਵਿਚ ਲਿਆਵੇਗਾ।

**ਪੁਲਿਸ**

65. ਰਾਜ ਦੀ ਪੁਲਿਸ ਜਨਤਕ ਸ਼ਾਂਤੀ ਅਤੇ ਵਿਵਸਥਾ ਦੀ ਬਰਕਰਾਰੀ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇੱਕ ਵੱਡੀ ਗਿਣਤੀ ਵਾਲੀ ਫੋਰਸ ਜੋ ਚੰਗੀ ਤਰ੍ਹਾਂ ਲੈਸ ਨਾ ਹੋਵੇ ਉਹ ਇਕ ਸੰਪਤੀ ਬਣਨ ਦੀ ਬਜਾਏ ਦੇਣਦਾਰੀ ਬਣ ਜਾਂਦੀ ਹੈ। ਇਸ ਲਈ ਸਰਕਾਰ ਪੁਲਿਸ ਫੋਰਸ ਦੇ ਆਧੁਨਿਕੀਕਰਨ ਅਤੇ ਇਸ ਦੀ

Original with;
Punjab Vidhan Sabha
Digitized by;
Panjab Digital Library

ਭਲਾਈ ਲਈ ਵੱਖ ਵੱਖ ਉਪਾਅ ਕਰਨ ਨੂੰ ਪਰਮ ਅਗੇਤ ਦਿੰਦੀ ਹੈ । ਪੁਲਿਸ ਦੇ ਆਧੁਨਿਕੀਕਰਣ ਲਈ ਕੇਂਦਰੀ ਸਰਪਰੱਸਤੀ ਵਾਲੀ ਇਕ ਸਕੀਮ ਲਾਗੂ ਕੀਤੀ ਜਾ ਰਹੀ ਹੈ ।

**ਸਲਾਨਾ ਯੋਜਨਾ 2003-04**

66. ਸਾਲਾਨਾ ਯੋਜਨਾ, 2002-03 ਵਿਚ 2793 ਕਰੋੜ ਰੁਪਏ ਨਾਲ ਤਿਆਰ ਕੀਤੀ ਗਈ ਸੀ ਅੈਪਰ ਰਾਜ ਦੀ ਮੰਦੀ ਆਰਥਿਕ ਹਾਲਤ ਕਾਰਨ ਵਾਸਤਵਿਕ ਖ਼ਰਚਾ 2428.03 ਕਰੋੜ ਰੁਪਏ ਹੋਣ ਦੀ ਸੰਭਾਵਨਾ ਸੀ ਜੋ ਕਿ ਪਲਾਨ ਦੀ ਕਾਰਗੁਜ਼ਾਰੀ 86.93% ਦਰਸਾਉਂਦੀ ਹੈ । ਇਹ ਸਾਲ 2001-02 ਦੌਰਾਨ 59.51% ਦੀ ਪਲਾਨ ਕਾਰਗੁਜ਼ਾਰੀ ਦੀ ਤੁਲਨਾ ਵਿਚ ਹੈ । ਇਹ ਤਜਵੀਜ਼ ਦਿੱਤੀ ਜਾਂਦੀ ਹੈ ਕਿ 2517.40 ਕਰੋੜ ਰੁਪਏ ਦੇ ਉਪਲਬਧ ਸਰੋਤਾਂ ਦੇ ਵਿਰੁੱਧ ਸਲਾਨਾ ਯੋਜਨਾ 2003-04 ਦਾ ਆਕਾਰ 3200 ਕਰੋੜ ਰੁਪਏ ਨਿਰਧਾਰਤ ਕੀਤਾ ਜਾਵੇ । (ਥੰਪਿੰਗ) 682.60 ਕਰੋੜ ਰੁਪਏ ਦੇ ਸਰੋਤ ਅੰਤਰ ਨੂੰ ਵਧੀਕ ਸਰੋਤ ਜੁਟਾਅ ਕੇ ਅਤੇ ਗ਼ੈਰ ਲਾਭਕਾਰੀ ਖਰਚਾ ਘਟਾਅ ਕੇ ਪੂਰਾ ਕੀਤਾ ਜਾਵੇਗਾ ।

67. ਚਾਲੂ ਮਾਲੀ ਸਾਲ ਦੇ ਮੁਕਾਬਲੇ ਪਿਛਲੇ ਸਾਲ ਦੀ ਕਾਰਗੁਜ਼ਾਰੀ ਅਤੇ ਸੈਕਟਰਲ ਯੋਜਨਾ ਅਤੇ ਅਗਲੇ ਸਾਲ ਲਈ ਪਲਾਨ ਵਿਧੀ ਦੀ ਚਰਚਾ ਮੇਰੇ ਭਾਸ਼ਨ ਦੇ ਭਾਗ-ਅ ਵਿਚ ਕੀਤੀ ਗਈ ਹੈ । ਹੁਣ ਮੈਂ ਸਾਲ 2003-04 ਦੀਆਂ ਬਜਟ ਤਜਵੀਜ਼ਾਂ ਵੱਲ ਆਉਂਦਾ ਹਾਂ ।

**ਭਾਗ-ਅ**

**ਸਾਲਾਨਾ ਯੋਜਨਾ 2003-04**

68. ਸ਼੍ਰੀਮਾਨ ਜੀ, ਹੁਣ, ਮੈਂ ਉਸ ਵਿਕਾਸ ਯੋਜਨਾ ਵੱਲ ਆਉਂਦਾ ਹਾਂ ਜੋ ਕਿ ਨਿਮਨ ਮਹੱਤਵਪੂਰਣ ਖੇਤਰਾਂ ਲਈ ਜ਼ੋਰਦਾਰ ਤਰੀਕੇ ਨਾਲ ਅਰੰਭ ਕੀਤੀ ਗਈ ਹੈ :—

(i) ਵਧੀਕ ਉਤਪਾਦਿਕਤਾ ਅਤੇ ਵਿਕਾਸ ਲਈ ਖੇਤੀਬਾੜੀ ਉਤਪਾਦਨ ਪੱਧਤੀ ਦਾ ਸਮਾਯੋਜਨ ਅਤੇ ਪ੍ਰਸਥਿਤੀ ਵਿਗਿਆਨ ਵਿਚ ਸੁਧਾਰ ਕਰਨਾ ਅਤੇ ਮਿੱਟੀ ਦੀ ਖੀਣਤਾ, ਪਾਣੀ ਪ੍ਰਦੂਸ਼ਣ ਅਤੇ ਪਾਣੀ ਦੀ ਸਤ੍ਹਾ ਨੂੰ ਘੱਟ ਹੋਣ ਤੋਂ ਰੋਕਣਾ ।

(ii) ਤੇਜ਼ੀ ਨਾਲ ਹੇਠਾਂ ਜਾਂ ਰਹੀ ਜ਼ਮੀਨ ਦੋਜ਼ ਪਾਣੀ ਦੀ ਸਤ੍ਹਾ ਨੂੰ ਰੋਕਣਾ ਅਤੇ ਜ਼ਮੀਨ ਦੋਜ਼ ਪਾਣੀ ਦੀ ਤਾਰਕਿਕ ਵਰਤੋਂ ਕਰਨੀ, ਪਿੰਡ ਦੇ ਛੱਪੜਾਂ ਨੂੰ ਡੂੰਘਾ ਅਤੇ ਸਾਫ ਕਰਨਾ ਅਤੇ ਝੀਲਾਂ, ਨਹਿਰਾਂ ਦੇ ਪਾਣੀ ਦੇ ਭੰਡਾਰਾਂ ਵਿਚ ਵਾਧਾ ਕਰਨਾ ਤਾਂ ਕਿ ਜ਼ਮੀਨਦੋਜ਼ ਪਾਣੀ ਦੀ ਸਤ੍ਹਾ ਨੂੰ ਮੁੜ ਉਪਰ ਚੁੱਕਿਆ ਜਾ ਸਕੇ ਅਤੇ ਪਾਣੀ ਦੇ ਸੂਤਾਂ ਦੀ ਸੰਭਾਲ ਕਰਨੀ ।

(iii) ਉਦਯੋਗਾਂ ਨੂੰ ਕਰਾਇਤੀ ਅਤੇ ਮਿਕਦਾਰੀ ਬਣਾਉਣ ਲਈ ਉਨ੍ਹਾਂ ਦਾ ਆਧੁਨਿਕੀਕਰਨ ਕਰਨਾ ਤਾਂ ਕਿ ਮੁਕਾਬਲੇ ਵਾਲੀ ਅੰਤਰ-ਰਾਸ਼ਟਰੀ ਮੰਡੀ

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਦੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ ਜਾ ਸਕੇ । ਨਵੀਂ ਉਦਯੋਗਿਕ ਨੀਤੀ ਅਨੁਸਾਰ, ਸਰਕਾਰ ਦੀ ਭੂਮਿਕਾ ਵਿਚ ਬਦਲੀ ਕੀਤੀ ਜਾਣੀ ਹੈ ਜੋ ਪਹਿਲਾਂ ਸਿੱਧੀ ਪ੍ਰੋਤਸਾਹਕ ਅਤੇ ਧਨ ਜੁਟਾਉਣ ਵਾਲੀ ਸੀ । ਜਿਸ ਨੇ ਹੁਣ ਨਿਵੇਸ਼ ਅਤੇ ਉਦਯੋਗਿਕ ਵਿਕਾਸ ਲਈ ਵਾਸਤਵਿਕ ਅਤੇ ਸੰਸਥਾਗਤ ਆਧਾਰਕ ਸ਼ੰਰਚਨਾ ਪੈਦਾ ਕਰਕੇ ਇਕ ਸਹਾਇਕ ਅਤੇ ਨਿਯੁੰਤਕ ਬਣਨਾ ਹੈ ।

(iv) ਰਾਜ ਦੇ ਰਾਸ਼ਟਰੀ ਸ਼ਾਹ ਮਾਰਗਾਂ ਨੂੰ ਚੌੜਾ ਕਰਕੇ ਅਤੇ ਚਾਰਮਾਰਗੀ ਬਣਾ ਕੇ ਟ੍ਰੈਫਿਕ ਦੀਆਂ ਗਤੀਵਿਧੀਆਂ ਨੂੰ ਤੇਜ਼ ਕਰਨਾ ਅਤੇ ਸੁੱਤਖਿਅਤ ਬਣਾਉਣਾ ਪੁਲਾਂ ਅਤੇ ਓਵਰ-ਬਰਿਜਾਂ ਦੀ ਉਸਾਰੀ, ਕਾਰਜਸ਼ੀਲਤਾ ਅਤੇ ਬਦਲਾਓ ਯੋਜਨਾ (ਬੀ.ਓ.ਟੀ) ਨੂੰ ਸੁਨਿਸ਼ਚਤ ਕਰਨਾ ।

(v) ਮੁੱਢਲੀ ਸਕੂਲ ਸਿਖਿਆ ਦੇ ਅਧਿਆਪਕਾਂ ਅਤੇ ਮੁਢਲੀ ਸਿਹਤ ਵਾਲੇ ਕੇਂਦਰਾਂ ਦੇ ਡਾਕਟਰਾਂ ਅਤੇ ਉਨ੍ਹਾਂ ਦੇ ਸਟਾਫ ਦੀ ਪਿੰਡ ਪੱਧਰ ਤੇ ਭਰਤੀ ਵਿਚ ਪੰਚਾਇਤੀ ਰਾਜ ਸੰਸਥਾਵਾਂ ਦੀ ਸ਼ਮੂਲੀਅਤ ਲਈ ਯੋਜਨਾ ਤਿਆਰ ਕਰਨੀ ।

(vi) ਪਿੰਡਾਂ ਦੇ ਸਕੂਲਾਂ ਵਿਚ ਅੰਗ੍ਰੇਜ਼ੀ ਅਤੇ ਕੰਪਿਊਟਰ ਸਿਖਿਆ ਨੂੰ ਪ੍ਰਭਾਵਕਾਰੀ ਢੰਗਾਂ ਨਾਲ ਲਾਗੂ ਕਰਨਾ ਤਾਂ ਕਿ ਸਿਖਿਆ ਵੱਲ ਆਕਰਸ਼ਣ ਵਧਾਇਆ ਜਾ ਸਕੇ ਅਤੇ ਪੜ੍ਹਾਈ ਨੂੰ ਵਿੱਚੇ ਛੱਡਣ ਦੀ ਦਰ ਨੂੰ ਘਟਾਇਆ ਜਾ ਸਕੇ ਜਿਹਾ ਕਿ ਰਾਜ ਵਿਚ ਵੱਧ ਰੁਝਾਨ ਪਾਇਆ ਜਾਂਦਾ ਹੈ ਅਤੇ ਪਿੰਡਾਂ ਦੇ ਨੌਜਵਾਨਾਂ ਨੂੰ 'ਸੂਚਨਾ ਤਕਨਾਲੋਜੀ ਦੇ ਯੋਗ' ਬਣਾਇਆ ਜਾਵੇ ਤਾਂ ਕਿ ਉਹ ਇਹੋ ਜਿਹੀਆਂ ਸ਼ਹਿਰੀ ਸੰਸਥਾਵਾਂ ਦਾ ਮੁਕਾਬਲਾ ਕਰ ਸਕਣ ਜਿਨ੍ਹਾਂ ਕੋਲ ਬਿਹਤਰ ਆਧਾਰਕ ਸੰਰਚਨਾ ਅਤੇ ਸਿਖਿਆ ਦੇ ਮੌਕੇ ਹਨ ।

(vii) ਦਸਵੀਂ ਕੇਂਦਰੀ ਯੋਜਨਾ ਦਾ ਉਦੇਸ਼ ਸਾਲ 2012 ਤੱਕ ਗਰੀਬੀ ਦੇ ਅਨੁਪਾਤ ਨੂੰ 5% ਤੱਕ ਘਟਾਉਣਾ ਹੈ । ਰਾਜ ਵਿਚ ਅਨੁਸੂਚਿਤ ਜਾਤੀਆਂ ਦੀ ਆਬਾਦੀ ਸਭ ਤੋਂ ਵੱਧ (31%) ਹੈ । ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦਾ ਵਿਭਾਗ ਅਨੁਸੂਚਿਤ ਜਾਤੀਆਂ ਨੂੰ ਉੱਚਾ ਚੁੱਕਣ ਲਈ ਵਿਸ਼ੇਸ਼ ਸਕੀਮਾਂ ਅਤੇ ਪ੍ਰੋਗਰਾਮ ਉਲੀਕੇਗਾ ।

(viii) ਵਿਸ਼ੇਸ਼ ਕਰਕੇ ਅਨੁਸੂਚਿਤ ਜਾਤੀਆਂ ਅਤੇ ਲੜਕੀਆਂ ਨੂੰ ਸਕੂਲ ਪੱਧਰ ਤੇ ਮਿਆਰੀ ਸਿੱਖਿਆ ਸੁਨਿਸ਼ਚਿਤ ਕਰਨਾ ।

(ix) ਨਿਰੰਤਰ ਵਿਕਾਸ ਲਈ ਇਕ ਆਧਾਰ ਮੁਹੱਈਆ ਕਰਨ ਲਈ ਗ੍ਰਾਮ ਆਧਾਰਿਕ-ਸੰਰਚਨਾ ਵਿਚ ਵਿਕਾਸ ਕਰਨਾ ਅਤੇ ਪਿੰਡਾਂ ਵਿਚ ਗਰੀਬੀ ਘਟਾਉਣ ਦੇ ਪ੍ਰੋਗਰਾਮਾਂ ਨੂੰ ਜਾਰੀ ਰੱਖਣਾ ।

Original with;
Punjab Vidhan Sabha
Digitized by;
Panjab Digital Library

69. ਸਾਲਾਨਾ ਯੋਜਨਾ 2003-04 ਦੇ ਵੇਰਵੇ ਦੇਣ ਤੋਂ ਪਹਿਲਾਂ ਮੈਂ ਬੜੇ ਫ਼ਖਰ ਨਾਲ ਇਹ ਦਾਅਵਾ ਕਰਦਾ ਹਾਂ ਕਿ ਉਪ-ਚੇਅਰਮੈਨ ਯੋਜਨਾਬੰਦੀ ਕਮਿਸ਼ਨ ਅਤੇ ਮੁੱਖ ਮੰਤਰੀ, ਪੰਜਾਬ ਦੀ ਮੀਟਿੰਗ ਵਿਚ ਮਾਨਯੋਗ ਉਪ ਚੇਅਰਮੈਨ ਦੇ ਅਖ਼ਤਿਆਰੀ ਫੰਡਾਂ ਵਿਚੋਂ 43 ਕਰੋੜ ਰੁਪਏ ਦੀ ਵਧੀਕ ਕੇਂਦਰੀ ਸਹਾਇਤਾ (ਏ.ਸੀ.ਏ.) ਦਿਤੀ ਗਈ ਸੀ ਜੋ ਸਭ ਤੋਂ ਵੱਧ ਸੀ । ਇਸ ਗੱਲ ਦਾ ਸਿਹਰਾ ਕੇਵਲ ਕੈਪਟਨ ਅਮਰਿੰਦਰ ਸਿੰਘ ਜੀ ਦੇ ਸਿਰ ਜਾਂਦਾ ਹੈ (ਥੰਪਿੰਗ) ਜਿਨ੍ਹਾਂ ਨੇ ਡਿਪਟੀ ਚੇਅਰਮੈਨ ਸਨਮੁੱਖ ਪੰਜਾਬ ਦੀਆਂ ਮਾਲੀ ਲੋੜਾਂ ਦਾ ਪ੍ਰਗਟਾਵਾ ਬੜੇ ਸੁਚੱਜੇ ਢੰਗ ਨਾਲ ਕੀਤਾ ।

70. ਮੈਂ ਦਸਵੀਂ ਪੰਜ ਸਾਲਾ ਯੋਜਨਾ ਨੂੰ ਲਾਗੂ ਕਰਨ ਲਈ ਵਚਨਬੱਧ ਹਾਂ ਜੋ ਕਿ ਰਾਸ਼ਟਰੀ ਵਿਕਾਸ ਕੌਂਸਲ ਵਜੋਂ ਮਨਜ਼ੂਰ ਕੀਤੀ ਗਈ ਹੈ ਜਿਸ ਨੇ ਗਰੀਬੀ ਨੂੰ ਘਟਾਉਣ, ਲਾਭਕਾਰੀ ਰੋਜ਼ਗਾਰ ਯੋਜਨਾ ਦੇਣ, ਅਨਪੜ੍ਹਤਾ ਨੂੰ ਖਤਮ ਕਰਨ, ਲੜਕੀ-ਲੜਕੇ ਦੇ ਅੰਤਰ ਨੂੰ ਘਟਾਉਣ, ਆਬਾਦੀ ਦੇ ਵਾਧੇ ਦੀ ਦਹਾਕਾ ਦਰ ਨੂੰ ਘਟਾਉਣ, ਬਾਲ-ਮੌਤ ਦੀ ਦਰ ਨੂੰ ਘਟਾਉਣ, ਇਸਤਰੀ-ਮੌਤ ਅਨੁਪਾਤ ਵਿਚ ਕਮੀ ਕਰਨ, ਜੰਗਲਾਤ ਅਧੀਨ ਖੇਤਰ ਵਿਚ ਵਾਧਾ ਕਰਨ, ਸਭਨਾਂ ਲਈ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ ਅਤੇ ਪ੍ਰਮੁੱਖ ਪ੍ਰਦੂਸ਼ਤ ਦਰਿਆਵਾਂ ਨੂੰ ਸਾਫ਼ ਕਰਨ ਲਈ ਨਿਰਧਾਰਤ ਟੀਚੇ ਰੱਖੇ ਹਨ । ਇਨ੍ਹਾਂ ਟੀਚਿਆਂ ਨੂੰ ਪੂਰਾ ਕਰਨ ਲਈ 2793 ਕਰੋੜ ਰੁਪਏ ਦੀ ਰਕਮ ਨਾਲ ਸਾਲਾਨਾ ਯੋਜਨਾ 2002-03 ਮਨਜ਼ੂਰ ਕੀਤੀ ਗਈ ਹੈ । ਮੈਨੂੰ ਇਹ ਵਿਸ਼ਵਾਸ ਹੈ ਕਿ ਚਾਲੂ ਮਾਲੀ ਸਾਲ ਦੇ ਅੰਤ ਤਕ ਸਾਡੀਆਂ ਯੋਜਨਾ ਪ੍ਰੋਗਰਾਮਾਂ ਦੀਆਂ ਪ੍ਰਾਪਤੀਆਂ ਪਿਛਲੇ ਸਾਲਾਂ ਨਾਲੋਂ ਕਿਤੇ ਵੱਧ ਹੋਣਗੀਆਂ । ਰਾਜ ਦੇ ਮਾਲੀ ਸਰੋਤ ਭਾਵੇਂ ਘੱਟ ਹਨ ਪਰ ਉਨ੍ਹਾਂ ਵਿਚ ਵਾਧਾ ਕਰਕੇ ਮੈਂ 3200 ਕਰੋੜ ਰੁਪਏ ਦੀ ਸਾਲ 2003-04 ਦੀ ਸਾਲਾਨਾ ਯੋਜਨਾ ਤਿਆਰ ਕੀਤੀ ਹੈ ।

71. ਅਸੀਂ ਅਰਥ-ਭਰਪੂਰ ਵਿਕੇਂਦਰੀਕਰਨ ਦੀ ਯੋਜਨਾਬੰਦੀ ਨੂੰ ਅਤਿ ਅਧਿਕ ਮਹੱਤਵ ਦਿੰਦੇ ਹਾਂ । ਪੰਜਾਬ ਰਾਜ ਯੋਜਨਾਬੰਦੀ ਬੋਰਡ ਦੀ ਪੁਨਰ-ਸਿਰਜਨਾ ਕੀਤੀ ਗਈ ਹੈ ਜਿਸ ਵਿਚ ਵੱਖ ਵੱਖ ਖੇਤਰਾਂ ਜਿਵੇਂ ਕਿ ਖੇਤੀਬਾੜੀ, ਉਦਯੋਗ, ਸਿੱਖਿਆ ਅਤੇ ਮਨੁੱਖੀ ਸਰੋਤ ਵਿਭਾਗ ਦੇ ਵੱਖ-ਵੱਖ ਮਾਹਿਰ ਅਤੇ ਵਿਸ਼ੇਸ਼ੱਗ ਸ਼ਾਮਲ ਕੀਤੇ ਗਏ ਹਨ । ਜ਼ਿਲ੍ਹਾ ਯੋਜਨਾਬੰਦੀ ਤੇ ਵਿਕਾਸ ਬੋਰਡਾਂ ਦੀ ਸਿਰਜਨਾ ਕੀਤੀ ਗਈ ਹੈ ਅਤੇ ਹਰ ਬੋਰਡ ਦਾ ਮੁੱਖੀ ਇਕ ਕੈਬਨਿਟ ਮੰਤਰੀ/ਰਾਜ ਮੰਤਰੀ, ਇਕ ਚੇਅਰਮੈਨ/ਉਪ ਚੇਅਰਮੈਨ ਹੁੰਦਾ ਹੈ । ਇਨ੍ਹਾਂ ਬੋਰਡਾਂ ਕੋਲ ਜ਼ਿਲ੍ਹਾ ਪੱਧਰੀ ਸਕੀਮਾਂ ਨੂੰ ਪ੍ਰਭਾਵਕਾਰੀ ਅਤੇ ਕਿਫ਼ਾਇਤੀ ਢੰਗ ਨਾਲ ਲਾਗੂ ਕਰਨ ਦੇ ਪੂਰੇ ਇਖਤਿਆਰ ਹੁੰਦੇ ਹਨ ਅਤੇ ਇਹ ਹੇਠਲੇ ਪੱਧਰ ਤੇ ਅਜਿਹੇ ਖੇਤਰਾਂ ਅਤੇ ਲੋਕਾਂ ਦੇ ਸਮੂਹਾਂ ਦੀ ਸ਼ਨਾਖ਼ਤ ਕਰਦੇ ਹਨ ਜਿਨ੍ਹਾਂ ਵੱਲ ਉਚਿਤ ਸਮਾਜਿਕ-ਆਰਥਿਕ ਵਿਕਾਸ ਕਰਨ ਲਈ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੁੰਦੀ ਹੈ । ਅਸੀਂ ਰਾਜ ਲਈ ਵਿਸਤ੍ਰਿਤ ਜ਼ਿਲ੍ਹਾ ਵਿਕਾਸ ਯੋਜਨਾਵਾਂ ਤਿਆਰ ਕਰਨ ਦਾ ਫ਼ੈਸਲਾ ਕੀਤਾ ਹੈ ਤਾਂ ਕਿ ਹਰ ਜ਼ਿਲ੍ਹੇ ਦੀ ਵਿਕਾਸ ਸਥਿਤੀ ਵਿਚ ਅਹਿਮ ਅੰਤਰਾਂ ਦੀ ਪਛਾਣ ਕੀਤੀ ਜਾਵੇ ਅਤੇ ਇਨ੍ਹਾਂ ਅੰਤਰਾਂ ਨੂੰ ਦੂਰ ਕਰਨ ਲਈ ਕੋਈ ਵਿਧੀ ਬਣਾਈ ਜਾਵੇ । ਸ਼ੁਰੂ ਸ਼ੁਰੂ ਵਿਚ ਨਵਾਂ ਸ਼ਹਿਰ, ਮਾਨਸਾ, ਬਠਿੰਡਾ ਅਤੇ ਪਟਿਆਲਾ ਜ਼ਿਲ੍ਹਿਆਂ ਲਈ ਜ਼ਿਲ੍ਹਾ ਯੋਜਨਾ ਤਿਆਰ ਕੀਤੀ ਜਾ ਰਹੀ ਹੈ । ਸਾਲ 2003-04 ਲਈ 596.10 ਕਰੋੜ ਰੁਪਏ ਦੀ ਰਕਮ ਵੱਖ ਵੱਖ ਜ਼ਿਲ੍ਹਾ

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਪੱਧਰੀ ਸਕੀਮਾਂ ਅਧੀਨ ਮਨਜ਼ੂਰ ਕੀਤੀ ਗਈ ਹੈ। ਜਿਸ ਵਿਚ ਰਾਜ ਦੇ ਸੀਮਾਵਰਤੀ ਖੇਤਰਾਂ ਵਿਚ ਅਧਾਰਕ-ਸੰਰਚਨਾ ਸਹੂਲਤਾਂ ਪੈਦਾ ਕਰਨ ਲਈ 10.08 ਕਰੋੜ ਰੁਪਏ ਦੀ ਧਨਰਾਸ਼ੀ ਸ਼ਾਮਿਲ ਹੈ।

72. ਸੰਵਿਧਾਨ ਦੇ 73ਵੇਂ ਅਤੇ 74 ਵੇਂ ਸੰਸ਼ੋਧਨਾਂ ਦੀ ਪਾਲਣਾ ਵਿਚ ਫ਼ੰਡਾਂ, ਕਾਰਜਾਂ ਅਤੇ ਕਾਰਜ ਕਰਤਾਵਾਂ ਦੀ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਗਠਨਾਂ ਨੂੰ ਹੱਥਬਦਲੀ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਹੇਠਲੇ ਪੱਧਰ ਦੇ ਸਥਾਨਕ ਸੰਗਠਨਾਂ ਨੂੰ ਇਖਤਿਆਰ ਦੇਣ ਲਈ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਅਤੇ ਮਹਾਂਨਗਰੀ ਯੋਜਨਾਬੰਦੀ ਕਮੇਟੀਆਂ ਦੀ ਸਿਰਜਨਾ ਕਰਨ ਲਈ ਸਰਕਾਰ ਮੌਜੂਦਾ ਕਾਨੂੰਨ ਵਿਚ ਸ਼ੋਧਨ ਕਰਨ ਦੀ ਪ੍ਰਕ੍ਰਿਆ ਵਿਚ ਹੈ। ਮੈਂ ਇਸ ਅਜ਼ੀਮ ਸਦਨ ਨੂੰ ਇਹ ਦੱਸਣ ਵਿਚ ਫ਼ਖਰ ਮਹਿਸੂਸ ਕਰ ਰਿਹਾ ਹਾਂ ਕਿ ਪੰਚਾਇਤੀ ਰਾਜ ਸੰਸਥਾਵਾਂ ਦੀ ਦੋ ਅਤੇ ਤਿੰਨ-ਧੁਰੀ ਪ੍ਰਣਾਲੀ ਲਈ ਚੋਣਾਂ ਕਰਵਾਈਆਂ ਜਾ ਚੁੱਕੀਆਂ ਹਨ ਜਿਨ੍ਹਾਂ ਚੋਣਾਂ ਨੂੰ ਪਿਛਲੀ ਸਰਕਾਰ ਨੇ ਲੱਗਭਗ ਤਿੰਨ ਸਾਲਾਂ ਤਕ ਲਮਕਾਇਆ ਹੋਇਆ ਸੀ ਜਿਸ ਦੇ ਕਾਰਣ ਉਹ ਆਪ ਹੀ ਦੱਸ ਸਕਦੇ ਹਨ। ਇਹ ਸੁਨਿਸ਼ਚਤ ਕਰਨ ਲਈ ਕਿ ਵਿਭਾਗਾਂ ਦੁਆਰਾ ਵਿਕੇਂਦਰੀਕਰਨ ਦੀ ਯੋਜਨਾਬੰਦੀ ਵੱਲ ਉਚਿਤ ਧਿਆਨ ਦਿੱਤਾ ਜਾਵੇ, ਇਹ ਯਤਨ ਕੀਤੇ ਜਾਣਗੇ ਕਿ ਵਿਭਾਗਾਂ ਵਿਚ ਵਿਕੇਂਦਰੀਕਰਨ ਦੀ ਹੱਦ ਤਕ ਅਹਿਮ ਸੈਕਟਰਾਂ ਵਿਚ ਪਲਾਨ ਫ਼ੰਡਾਂ ਨੂੰ ਜਾਰੀ ਕੀਤਾ ਜਾਵੇ।

73. ਮੈਂ ਪੰਜਾਬ ਦੇ ਲੋਕਾਂ ਨੂੰ ਬਿਹਤਰ ਸੇਵਾਵਾਂ ਮੁਹੱਈਆ ਕਰਨ ਲਈ ਵਚਨਬੱਧ ਹਾਂ। ਅਸੀਂ ਖੇਤਰੀ ਪੱਧਰ ਦੀਆਂ ਕੁਝ ਸੇਵਾਵਾਂ ਨੂੰ ਬਿਹਤਰ ਅਤੇ ਸਵੈ-ਨਿਰਭਰ ਬਣਾਉਣ ਲਈ ਸ਼ੁਰੂਆਤ ਕਰਨ ਦੀ ਯੋਜਨਾ ਬਣਾ ਰਹੇ ਹਾਂ। ਇਸ ਲਈ ਮੈਂ ਇਹ ਤਜਵੀਜ਼ ਦਿੰਦਾ ਹਾਂ ਕਿ ਕੁਝ ਪ੍ਰੋਗਰਾਮਾਂ ਲਈ ਇਸ ਸ਼ਰਤ ਤੇ ਇਕੋ ਸਮੇਂ ਵਧ ਫ਼ੰਡ ਵੰਡੇ ਜਾਣ ਕਿ ਵਿਭਾਗ ਇਸ ਗੱਲ ਲਈ ਜ਼ਿੰਮੇਵਾਰ ਹੋਵੇਗਾ ਜਾਂ ਹੋਣਗੇ ਕਿ ਉਹ ਭਵਿੱਖ ਵਿਚ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਵੱਧ ਤੋਂ ਵੱਧ ਲਾਗੂ ਕਰਨ ਲਈ ਸਰੋਤ ਪੈਦਾ ਕਰਨਗੇ। ਸੇਵਾਵਾਂ ਵਿਚ ਸੁਧਾਰ ਲਿਆਉਣ ਅਤੇ ਸੇਵਾਵਾਂ ਦੇ ਖੇਤਰ ਵਿਚ ਵਾਧਾ ਕਰਨ ਲਈ ਉਨ੍ਹਾਂ ਨੂੰ ਖਪਤਕਾਰੀ ਖਰਚੇ ਆਪਣੇ ਕੋਲ ਰੱਖਣ ਦੀ ਆਗਿਆ ਹੋਵੇਗੀ ਤਾਂ ਕਿ ਉਹ ਇਨ੍ਹਾਂ ਫੰਡਾਂ ਨੂੰ ਆਉਣ ਵਾਲੇ ਸਾਲਾਂ ਦੌਰਾਨ ਮੁੜ ਖਰਚ ਕਰ ਸਕਣ।

74. ਅਸੀਂ ਰਾਜ ਦੀ ਅਰਥ-ਵਿਵਸਥਾ ਨੂੰ ਵਿਕਾਸ ਦੇ ਉੱਚੇ ਮਾਰਗ ਉਤੇ ਲਿਜਾਣ ਲਈ ਪਾਰਦਰਸ਼ੀ ਅਤੇ ਯੋਗ ਨਿਗਰਾਨੀ, ਠੋਸ ਆਧਾਰਕ ਸੰਰਚਨਾ ਅਤੇ ਮੰਗ ਉਤੇ ਆਧਾਰਤ ਮਿਆਰੀ ਸਿੱਖਿਆ ਦੇਣ ਲਈ ਵਚਨਬੱਧ ਹਾਂ। ਚਾਲੂ ਸਾਲ ਵਿਚ ਸਰਕਾਰ ਸੂਚਨਾ ਤਕਨਾਲੋਜੀ ਨੂੰ ਸਭ ਤੋਂ ਜ਼ਿਆਦਾ ਮਹੱਤਵ ਦੇਵੇਗੀ ਜੋ ਕਿ ਸਾਰੇ ਰਾਜ ਦੇ ਵਰਤਾਰਿਆਂ ਵਿਚ ਸਾਰੀ ਈ-ਗਵਰਨੈਂਸ ਨੂੰ ਸੁਗਠਿਤ ਕਰਨ ਲਈ ਇਕ ਬੁਨਿਆਦੀ ਆਧਾਰਕ-ਸੰਰਚਨਾ ਹੈ। ਅਸੀਂ ਸਮਾਜਿਕ ਸੁਰੱਖਿਆ ਸਕੀਮਾਂ ਜਿਵੇਂ ਕਿ ਪੈਨਸ਼ਨਾਂ, ਖ਼ਜ਼ਾਨਾ ਅਤੇ ਲੇਖੇ ਅਤੇ ਐਡਵੋਕੇਟ ਜਨਰਲ ਦਾ ਦਫਤਰ ਜਿੱਥੇ ਇਕ ਮੋਢੀ ਪ੍ਰਾਜੈਕਟ ਮੁਕੰਮਲ ਕੀਤਾ ਜਾ ਚੁੱਕਾ ਹੈ, ਨੂੰ ਸੰਪੂਰਣ ਰੂਪ ਵਿਚ ਕੰਪਿਊਟਰੀਕ੍ਰਿਤ ਕਰਨ ਲਈ

Original with;
Punjab Vidhan Sabha
Digitized by;
Panjab Digital Library

ਵਚਨਬੱਧ ਹਾਂ । ਚਾਲੂ ਮਾਲੀ ਸਾਲ ਦੌਰਾਨ ਪੰਜਾਬ ਊਰਜਾ ਵਿਕਾਸ ਏਜੰਸੀ (ਪੀ.ਈ.ਡੀ.ਏ) ਖੱਟਕੜ ਕਲਾਂ ਵਿਖੇ 4.80 ਕਰੋੜ ਰੁਪਏ ਦੀ ਲਾਗਤ ਨਾਲ ਭਾਰਤ ਦਾ ਸਭ ਤੋਂ ਵੱਡਾ 200 ਕਿਲੋਵਾਟ ਪਾਵਰ ਦਾ ਸੋਲਰ ਫੋਟੋਵੈਲਟਿਕ ਗ੍ਰਿਡ ਇੰਟਰ-ਐਕਟਿਵ ਪਲਾਂਟ ਲਗਾਉਣ ਅਤੇ ਉਸ ਲਈ ਭਰਤੀ ਕਰਨ ਲਈ ਬਿਲਕੁਲ ਤਿਆਰ ਹੈ, ਅਸੀਂ ਸਭ ਇਹ ਜਾਣਦੇ ਹਾਂ ਕਿ ਭਾਰਤ ਦੇ ਰਾਸ਼ਟਰਪਤੀ ਜੀ ਨੇ ਇਸ ਪ੍ਰਾਜੈਕਟ ਦਾ ਉਦਘਾਟਨ ਕੱਲ੍ਹ 23 ਮਾਰਚ ਨੂੰ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਹਾੜੇ ਉਤੇ ਕੀਤਾ ਸੀ ।

75. ਰਾਜ ਦੇ ਮੈਡੀਕਲ ਅਤੇ ਡੈਂਟਲ ਕਾਲਜਾਂ ਨੂੰ ਆਧੁਨਿਕ ਬਣਾਉਣ ਅਤੇ ਲੋੜੀਂਦਾ ਸਾਜ਼-ਸਮਾਨ ਮੁਹੱਈਆ ਕਰਨ ਲਈ ਭਾਰਤ ਸਰਕਾਰ ਦੇ ਵਧੀਕ ਕੇਂਦਰੀ ਪ੍ਰੋਗਰਾਮ ਰਾਹੀਂ 13.00 ਕਰੋੜ ਰੁਪਏ ਦੀ ਧਨਰਾਸ਼ੀ ਸਾਲ 2002-03 ਦੌਰਾਨ ਖਰਚੀ ਗਈ ਸੀ ਤਾਂ ਕਿ ਮੈਡੀਕਲ ਕੌਂਸਲ ਆਫ ਇੰਡੀਆ ਅਤੇ ਡੈਂਟਲ ਕੌਂਸਲ ਆਫ਼ ਇੰਡੀਆ ਇਨ੍ਹਾਂ ਦੀ ਮਾਨਤਾ ਖਤਮ ਨਾ ਕਰ ਸਕੇ ।

76. ਅਸੀਂ ਪਟਿਆਲਾ ਸ਼ਹਿਰ ਦੇ ਵਿਕਾਸ ਲਈ ਪਟਿਆਲਾ ਵਿਕਾਸ ਅਥਾਰਿਟੀ (ਪੀ.ਡੀ.ਏ) ਸਥਾਪਤ ਕੀਤੀ ਹੈ ਜੋ ਕਿ ਨੈਸ਼ਨਲ ਕੈਪੀਟਲ ਰਿਜਨ' ਨਵੀਂ ਦਿੱਲੀ ਦਾ ਕਾਊਂਟਰ ਮੈਗਨਟ ਹੈ । ਦੋ ਪ੍ਰਾਜੈਕਟ ਅਰਥਾਤ "ਸਮੂਹਿਕ ਟਾਊਨਸ਼ਿਪ ਦਾ ਵਿਕਾਸ" 66.24 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਅਤੇ "ਜਲਪੂਰਤੀ, ਸੀਵਰੇਜ ਅਤੇ ਠੋਸ ਵੇਸਟ ਮੈਨੇਜਮੈਂਟ" ਨੂੰ ਅਨੁਮਾਨਤ 59.93 ਕਰੋੜ ਰੁਪਏ ਦੀ ਲਾਗਤ ਨਾਲ ਨੈਸ਼ਨਲ ਕੈਪੀਟਲ ਰਿਜਨ (ਐਨ.ਸੀ.ਆਰ) ਬੋਰਡ, ਨਵੀਂ ਦਿੱਲੀ ਦੁਆਰਾ ਮਨਜ਼ੂਰ ਕੀਤਾ ਗਿਆ ਹੈ । ਚਾਲੂ ਮਾਲੀ ਸਾਲ ਦੌਰਾਨ ਇਸ ਪ੍ਰਾਜੈਕਟ ਨੂੰ ਲਾਗੂ ਕਰਨ ਲਈ ਪੀ.ਡੀ.ਏ. ਦੁਆਰਾ ਐਨ.ਸੀ.ਆਰ ਬੋਰਡ ਪਾਸੋਂ 45.00 ਕਰੋੜ ਰੁਪਏ ਦਾ ਕਰਜ਼ਾ ਲੈਣ ਲਈ ਰਾਜ ਸਰਕਾਰ ਨੇ 15.00 ਕਰੋੜ ਰੁਪਏ ਦੀ ਵਧੀਕ ਧਨਰਾਸ਼ੀ ਮੁਹੱਈਆ ਕੀਤੀ ਹੈ । ਇਸੇ ਪ੍ਰਕਾਰ ਐਨ.ਸੀ.ਆਰ. ਬੋਰਡ ਪਾਸੋਂ 35.96 ਕਰੋੜ ਰੁਪਏ ਦਾ ਕਰਜ਼ਾ ਲੈਣ ਲਈ ਸਾਲ 2003-2004 ਲਈ 11.99 ਕਰੋੜ ਰੁਪਏ ਦਾ ਰਾਜ ਦੇ ਹਿੱਸੇ ਵਜੋਂ ਉਪਬੰਧ ਕੀਤਾ ਗਿਆ ਹੈ । ਸਾਲ 2002-2003 ਦੌਰਾਨ ਕਪੂਰਥਲਾ ਅਤੇ ਸੁਲਤਾਨਪੁਰ ਲੋਧੀ ਵਿਖੇ ਸੀਵਰੇਜ ਦੇ ਪਾਣੀ ਦੀ ਸੋਧ ਲਈ 15.00 ਕਰੋੜ ਰੁਪਏ ਦੀ ਲਾਗਤ ਨਾਲ ਇਕ ਪ੍ਰਾਜੈਕਟ ਸ਼ੁਰੂ ਕੀਤਾ ਜਾਣਾ ਹੈ ਜਿਸ ਵਿਚ ਭਾਰਤ ਸਰਕਾਰ ਅਤੇ ਰਾਜ ਸਰਕਾਰ ਦਾ ਹਿੱਸਾ 70:30 ਦੇ ਅਨੁਪਾਤ ਵਿਚ ਹੋਵੇਗਾ । ਇਸ ਪ੍ਰਾਜੈਕਟ ਵਿਚ ਰਾਜ ਦੇ ਹਿੱਸੇ ਵਜੋਂ 3.00 ਕਰੋੜ ਰੁਪਏ ਦੀ ਰਕਮ ਸਾਲ 2003-2004 ਦੀ ਸਾਲਾਨਾ ਯੋਜਨਾ ਵਿਚ ਉਪਲਬਧ ਕੀਤੀ ਗਈ ਹੈ ।

77. ਸਾਲ 2002-2003 ਦੌਰਾਨ ਵਿਸ਼ਵ ਬੈਂਕ ਦੀ ਸਹਾਇਤਾ ਵਾਲੇ ਦੋ ਪ੍ਰਾਜੈਕਟ ਅਰਥਾਤ "ਮੁੱਢਲੀ ਸਿਹਤ ਸੰਭਾਲ ਨੂੰ ਮਜ਼ਬੂਤ ਕਰਨਾ" 150.00 ਕਰੋੜ ਰੁਪਏ ਦੀ ਅੰਤਰਿਮ ਲਾਗਤ ਨਾਲ ਅਤੇ "ਦਿਮਾਗੀ ਸਿਹਤ ਸੰਭਾਲ, ਬਾਇਓ ਮੈਡੀਕਲ ਵੇਸਟ ਪ੍ਰਬੰਧ ਅਤੇ ਡਾਇਗਨੋਸਟਿਕ ਸੇਵਾਵਾਂ ਨੂੰ ਮਜ਼ਬੂਤ ਕਰਨਾ" ਅਨੁਮਾਨਤ 35.50 ਕਰੋੜ ਰੁਪਏ ਦੀ ਲਾਗਤ ਨਾਲ ਰਾਜ ਵਿਚ ਸ਼ੁਰੂ ਕੀਤੇ ਗਏ ਹਨ । ਅਸੀਂ 1790.00 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਲਹਿਰਾ ਮੁਹੱਬਤ ਵਿਖੇ ਗੁਰੂ ਹਰਗੋਬਿੰਦ ਥਰਮਲ

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਪਲਾਂਟ (ਸਟੇਜ-2X250 ਮੈਗਾਵਾਟ) ਸ਼ੁਰੂ ਕੀਤਾ ਹੈ । ਸਾਲਾਨਾ ਯੋਜਨਾ 2003-2004 ਵਿਚ ਇਸ ਪ੍ਰਾਜੈਕਟ ਲਈ ਅਨੁਮਾਨਤ 225.00 ਕਰੋੜ ਰੁਪਏ ਦੀ ਰਕਮ ਮਨਜ਼ੂਰ ਕੀਤੀ ਗਈ ਹੈ । ਚਾਲੂ ਮਾਲੀ ਸਾਲ ਦੌਰਾਨ "ਵਿਸਤ੍ਰਿਤ ਬਿਜਲੀ ਵਿਕਾਸ ਪ੍ਰੋਗਰਾਮ (ਏ.ਪੀ. ਡੀ.ਪੀ.) ਅਧੀਨ ਇਕ ਨਵਾਂ ਪ੍ਰਾਜੈਕਟ ਅਰਥਾਤ "ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਂਟ ਦਾ ਨਵੀਨੀਕਰਣ ਅਤੇ ਆਧੁਨੀਕੀਕਰਣ (ਜੀ.ਜੀ.ਐਸ.ਐਸ.ਪੀ.ਪੀ.) ਅਨੁਮਾਨਤ 24.20 ਕਰੋੜ ਰੁਪਏ ਦੀ ਲਾਗਤ ਨਾਲ ਸ਼ੁਰੂ ਕੀਤਾ ਜਾ ਚੁੱਕਾ ਹੈ । ਸਾਲਾਨਾ ਯੋਜਨਾ 2003-2004 ਵਿਚ ਇਸ ਪ੍ਰਾਜੈਕਟ ਲਈ 5.00 ਕਰੋੜ ਰੁਪਏ ਦੀ ਰਕਮ ਉਪਲਬਧ ਕੀਤੀ ਗਈ ਹੈ ।

78. ਸਾਲਾਨਾ ਯੋਜਨਾ 2003-2004 ਵਿਚ ਸੋਧੇ ਪਾਣੀ ਦੇ ਅਲਾਊਂਸ ਨੂੰ ਪੂਰਾ ਕਰਨ ਲਈ ਯੂ.ਬੀ.ਡੀ.ਸੀ. ਪ੍ਰਣਾਲੀਆਂ ਦੇ ਜਲ ਮਾਰਗਾਂ ਦੀ ਪੁਨਰ ਸਿਰਜਨਾ ਲਈ ਇਕ ਪ੍ਰਾਜੈਕਟ 177.80 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਮੁਕੰਮਲ ਕੀਤਾ ਜਾਵੇਗਾ ਜਿਸ ਵਿਚ ਭਾਰਤ ਸਰਕਾਰ ਅਤੇ ਰਾਜ ਸਰਕਾਰ ਦਾ ਹਿੱਸਾ 60:40 ਦੇ ਅਨੁਪਾਤ ਵਿਚ ਹੋਵੇਗਾ । ਇਸ ਪ੍ਰਾਜੈਕਟ ਦੇ ਪੂਰਾ ਹੋਣ ਨਾਲ ਸਿੰਜਾਈ ਸਮੱਰਥਾ 65% ਤੋਂ ਵੱਧ ਕੇ 85% ਹੋ ਜਾਵੇਗੀ । ਸਾਲਾਨਾ ਯੋਜਨਾ 2003-2004 ਵਿਚ ਇਸ ਪ੍ਰਾਜੈਕਟ ਲਈ 40.45 ਕਰੋੜ ਰੁਪਏ ਦੀ ਧਨਰਾਸ਼ੀ ਮੁਹੱਈਆ ਕੀਤੀ ਗਈ ਹੈ । ਪੰਜਾਬ ਵਿਚ ਸਿਹਤ ਸੰਭਾਲ ਪ੍ਰਣਾਲੀ ਦੇ ਵਿਕਾਸ ਲਈ ਵਿਸ਼ਵ ਬੈਂਕ ਦੀ ਸਹਾਇਤਾ ਵਾਲਾ ਇਕ ਪ੍ਰਾਜੈਕਟ ਸਾਲ 2003-04 ਦੌਰਾਨ ਮੁੰਕਮਲ ਕੀਤੇ ਜਾਣ ਦੀ ਤਜਵੀਜ਼ ਹੈ ਜਿਸ ਵਿਚ ਭਾਰਤ ਸਰਕਾਰ ਤੇ ਰਾਜ ਸਰਕਾਰ ਦਾ ਹਿੱਸਾ 90:10 ਦੇ ਅਨੁਪਾਤ ਵਿਚ ਹੋਵੇਗਾ । ਸਾਲਾਨਾ ਯੋਜਨਾ 2003-04 ਵਿਚ ਇਸ ਪ੍ਰਾਜੈਕਟ ਨੂੰ ਪੂਰਾ ਕਰਨ ਲਈ 59.77 ਕਰੋੜ ਰੁਪਏ ਦੀ ਧਨ ਰਾਸ਼ੀ ਮੁਹੱਈਆ ਕੀਤੀ ਗਈ ਹੈ । ਸਾਲ 2003-04 ਦੌਰਾਨ ਬੋਂਵਾਸੀ ਅਤੇ ਜਗੇਰਾ ਵਿਖੇ ਦੋ ਛੋਟੇ ਮਾਈਕਰੋ-ਹਾਈਡਲ ਪ੍ਰਾਜੈਕਟ ਪੂਰੇ ਕੀਤੇ ਜਾਣਗੇ ਜਿਸ ਲਈ 2.13 ਕਰੋੜ ਰੁਪਏ ਦੀ ਧਨਰਾਸ਼ੀ ਦਾ ਉਪਬੰਧ ਕੀਤਾ ਗਿਆ ਹੈ । ਪਬਲਿਕ ਪ੍ਰਾਈਵੇਟ ਭਾਈਵਾਲੀ ਨੂੰ ਉਤਸ਼ਾਹਿਤ ਕਰਨ ਲਈ ਅਨੁਮਾਨਤ 60.00 ਕਰੋੜ ਰੁਪਏ ਦੀ ਲਾਗਤ ਨਾਲ 15 ਮੈਗਾਵਾਟ ਦਾ ਸਾਂਝਾ ਬਿਜਲੀ ਪੈਦਾਵਾਰ ਪ੍ਰਾਜੈਕਟ ਲਾਏ ਜਾਣ ਦੀ ਵੀ ਮੈਂ ਤਜਵੀਜ ਦਿੰਦਾ ਹਾਂ । ਇਸ ਮੰਤਵ ਲਈ ਪ੍ਰਾਈਵੇਟ ਸੈਕਟਰ ਵਿਚ ਬੀ.ਓ.ਟੀ. ਦੇ ਆਧਾਰ ਤੇ ਮਾਈਕਰੋ-ਹਾਈਡਲ ਪ੍ਰਾਜੈਕਟ ਸਥਾਪਤ ਕਰਨ ਲਈ 78 ਸਥਾਨਾਂ ਨੂੰ ਮਖਸੂਸ ਕੀਤਾ ਜਾ ਰਿਹਾ ਹੈ ਜਿਸ ਵਿਚ ਸਾਲ 2003-04 ਵਿਚ 490.20 ਕਰੋੜ ਰੁਪਏ ਦੇ ਨਿਵੇਸ਼ ਹੋਣ ਦੀ ਸੰਭਾਵਨਾ ਹੈ ।

**ਖੇਤੀਬਾੜੀ**

79. ਨਿਰਸੰਦੇਹ ਪੰਜਾਬ ਨੇ 60ਵਿਆਂ ਦੇ ਅਖੀਰ ਤੇ ਹਰਾ ਇਨਕਲਾਬ ਲਿਆਉਣ ਵਿਚ ਮੁੱਢਲੀ ਭੂਮਿਕਾ ਨਿਭਾਈ ਹੈ ਅਤੇ ਰਾਸ਼ਟਰ ਨੂੰ ਅਨਾਜ ਦੀ ਕਮੀ ਵਾਲੀ ਸਥਿਤੀ ਵਿਚੋਂ ਕੱਢ ਕੇ ਵਾਧੂ ਅਨਾਜ ਵਾਲੇ ਦੇਸ਼ ਦੇ ਰੂਪ ਵਿਚ ਬਦਲਣ ਵਿਚ ਇੱਕ ਪਰਉਪਕਾਰੀ ਸੇਵਾ ਕੀਤੀ ਹੈ । ਪੰਜਾਬ ਰਾਜ ਲੱਖਾਂ ਭਾਰਤੀਆਂ ਲਈ ਖੁਰਾਕ ਉਪਲਬਧ ਕਰਨ ਵਿਚ ਮੋਹਰੀ ਰਿਹਾ ਹੈ ਅਤੇ ਇਹ ਪੰਜਾਬ ਦੇ ਕਿਸਾਨਾਂ ਦੇ ਅਣਥੱਕ ਯਤਨਾਂ ਦਾ ਸਿੱਟਾ ਹੈ ਕਿ

Original with;
Punjab Vidhan Sabha
Digitized by;
Panjab Digital Library

ਦੁਨੀਆਂ ਵਿਚ ਭਾਰਤ ਅਨਾਜ ਦੇ ਖੇਤਰ ਵਿਚ ਰਸ਼ਕਯੋਗ ਹੈਸੀਅਤ ਰੱਖਦਾ ਹੈ । ਲੇਕਿਨ ਰਾਜ, ਵਾਧੂ ਖੇਤੀਬਾੜੀ ਉਪਜ ਲਈ ਬਾਰਾਮਾਸੀ ਅਤੇ ਲਾਭਕਾਰੀ ਪ੍ਰਾਸੈਸਿੰਗ ਸਮੱਰਥਾ ਦਾ ਪ੍ਰਬੰਧ ਕਰਨ ਵਿਚ ਅਸਫਲ ਰਿਹਾ ਹੈ ।

80. ਪੰਜਾਬ ਦੀ ਖੇਤੀਬਾੜੀ ਦੇ ਖੇਤਰ ਵਿਚ ਅਨੇਕਾਂ ਸਮੱਸਿਆਵਾਂ ਪੈਦਾ ਹੋ ਗਈਆਂ ਹਨ ਜਿਵੇਂ ਕਿ ਮਿੱਟੀ ਦੀ ਕਿਸਮ ਵਿਚ ਲਗਾਤਾਰ ਗਿਰਾਵਟ, ਪਾਣੀ ਦੀ ਸਤ੍ਹਾ ਦਾ ਘਟਣਾ, ਮੌਸਮ ਵਿਗਿਆਨਕ ਅਤੇ ਵਾਤਾਵਰਣੀ ਪ੍ਰਦੂਸ਼ਣ, ਜੋਤ-ਭੋਇੰ ਦੇ ਆਕਾਰ ਦਾ ਛੋਟਾ ਹੋਣਾ, ਵਾਢੀ ਉਪਰੰਤ ਮੰਡੀਕਰਨ ਆਧਾਰਕ ਸੰਰਚਨਾ ਦੀ ਘਾਟ । ਇਸ ਲਈ ਰਾਜ ਨੇ ਨਾ ਕੇਵਲ ਇਕ ਅਜਿਹੀ ਵਿਧੀ ਅਪਨਾਉਣੀ ਹੈ, ਜਿਸ ਨਾਲ ਖੇਤੀਬਾੜੀ ਦੀ ਉਤਪਾਦਿਕਤਾ ਵਿਚ ਕੁਝ ਵਾਧਾ ਹੋਵੇ ਸਗੋਂ ਕ੍ਰਿਸ਼ੀਪ੍ਰਾਸੈਸਿੰਗ ਤੇ ਜ਼ੋਰ ਦੇਣਾ, ਕੂਲ ਚੇਨਜ ਪੈਦਾ ਕਰਨਾ, ਗਰੇਡਿੰਗ, ਮਾਰਕੀਟਿੰਗ ਨਿਰਯਾਤ ਆਧਾਰਤ ਸੰਰਚਨਾ ਅਤੇ ਇਸ ਤੋਂ ਇਲਾਵਾ ਖੋਜ ਤੇ ਵਿਕਾਸ (ਆਰ. ਅਤੇ ਡੀ.) ਨੂੰ ਮਜ਼ਬੂਤ ਕਰਨਾ ਵੀ ਹੈ ਤਾਂ ਕਿ ਖੇਤੀਬਾੜੀ, ਵਧ ਮੁੱਲ ਦੇਣ ਵਾਲੀਆਂ ਵਪਾਰਕ ਫਸਲਾਂ ਪੈਦਾ ਕਰ ਸਕੇ ।

81. ਖੇਤੀਬਾੜੀ ਬਾਰੇ ਮੁੱਖ ਮੰਤਰੀ ਜੀ ਦੀ ਸਲਾਹਕਾਰ ਕਮੇਟੀ ਜਿਸ ਦੀ ਸਿਰਜਨਾ ਰਾਜ ਸਰਕਾਰ ਦੁਆਰਾ ਡਾ ਐਸ.ਐਸ. ਜੌਹਲ ਦੀ ਪ੍ਰਧਾਨਗੀ ਹੇਠ ਕੀਤੀ ਗਈ ਸੀ, ਨੇ ਪੰਜਾਬ ਵਿਚ "ਉਤਪਾਦਿਕਤਾ ਅਤੇ ਵਾਧੇ ਲਈ ਖੇਤੀਬਾੜੀ ਪੈਦਾਵਾਰ ਪੱਧਤੀ ਐਡਜਸਟਮੈਂਟ ਪ੍ਰੋਗਰਾਮ" ਬਾਰੇ ਆਪਣੀ ਰਿਪੋਰਟ ਪੇਸ਼ ਕੀਤੀ ਹੈ । ਪੰਜਾਬ ਸਰਕਾਰ ਨੇ ਇਨ੍ਹਾਂ ਸਿਫਾਰਸ਼ਾਂ ਨੂੰ ਗੰਭੀਰਤਾ ਨਾਲ ਲਿਆ ਹੈ । ਜੌਹਲ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਮਾਲੀ ਉਪਬੰਧਾਂ ਲਈ ਭਾਰਤ ਸਰਕਾਰ ਨੇ ਸੰਸਥਾਈ ਪ੍ਰਬੰਧ ਕਰਨ ਦੇ ਅਧੀਨ ਬਦਲਵੀਆਂ ਫਸਲਾਂ ਜਿਵੇਂ ਕਿ ਤੇਲਾਂ ਵਾਲੇ ਬੀਜਾਂ, ਦਾਲਾਂ, ਮੱਕੀ, ਬਾਸਮਤੀ ਚਾਵਲ ਤੇ ਸਬਜ਼ੀਆਂ ਲਈ ਠੇਕੇ ਵਾਲੀ ਕਾਸ਼ਤ ਦਾ ਅਨੁਸਰਣ ਕੀਤਾ ਜਾ ਰਿਹਾ ਹੈ ਤਾਂ ਕਿ ਕਣਕ-ਚਾਵਲ ਦੀ ਆਵਰਤਨ ਅਧੀਨ 25 ਲੱਖ ਹੈਕਟੇਅਰ ਭੂਮੀ ਦੀ ਬਦਲੀ ਕੀਤੀ ਜਾ ਸਕੇ । ਇਸ ਪ੍ਰਕ੍ਰਿਆ ਵਿਚ ਮਹਿੰਦਰਾ ਅਤੇ ਪੈਪਸੀਕੋ ਵਰਗੀਆਂ ਵਪਾਰਕ ਕੰਪਨੀਆਂ ਨੂੰ ਸ਼ਾਮਿਲ ਕੀਤਾ ਜਾ ਰਿਹਾ ਹੈ ।

82. ਖੇਤੀਬਾੜੀ ਵਿਚ ਵਿਭਿੰਨਤਾ ਲਿਆਉਣ ਤੇ ਉਪਜ ਨੂੰ ਮੁੱਲਵਾਨ ਬਣਾਉਣ ਲਈ 'ਪੰਜਾਬ ਖੇਤੀਬਾੜੀ ਵਿਚ ਦੂਜੇ ਹੰਭਲੇ ਦਾ ਮਿਸ਼ਨ" ਅਧੀਨ 9.17 ਕਰੋੜ ਰੁਪਏ ਦੀ ਰਕਮ ਮੁਹੱਈਆ ਕੀਤੀ ਗਈ ਹੈ । ਇਸ ਵਿਚ ਮੁੱਖ ਤੌਰ ਤੇ ਅਜਿਹੀ ਸਕੀਮ ਸ਼ਾਮਿਲ ਹੋਵੇਗੀ ਜਿਸ ਨਾਲ ਕੂਲ ਚੇਨ ਆਧਾਰਕ ਸੰਰਚਨਾ ਦੀ ਸਥਾਪਨਾ ਕ੍ਰਿਸ਼ੀ ਪ੍ਰਾਸੈਸਿੰਗ ਇਕਾਈਆਂ ਦੀ ਸਥਾਪਨਾ ਹੋਵੇਗੀ । ਰਾਜ ਵਿਚ ਬਾਗਬਾਨੀ ਰਾਹੀਂ ਖੇਤੀਬਾੜੀ ਦੀ ਵਿਭਿੰਨਤਾ ਲਈ ਕਿ ਵੱਖਰੀ ਨਵੀਂ ਸਕੀਮ ਨੂੰ 1.00 ਕਰੋੜ ਰੁਪਏ ਦੀ ਲਾਗਤ ਨਾਲ ਸਾਲ 2003-04 ਦੀ ਸਾਲਾਨਾ ਯੋਜਨਾ ਵਿਚ ਸ਼ਾਮਿਲ ਕੀਤਾ ਗਿਆ ਹੈ ।

83. ਰਾਜ, ਕੇਂਦਰੀ ਸਰਪ੍ਰਸਤੀ ਵਾਲੀ "ਖੇਤੀਬਾੜੀ ਵਿਕਾਸ ਤੇ ਵਿਭਿੰਨਤਾ ਲਈ ਵਿਸਤ੍ਰਿਤ ਮੈਨਜਮੈਂਟ ਕਾਰਜੀ ਯੋਜਨਾ" ਦੀ 90:10 ਦੇ ਅਨੁਪਾਤ ਵਿਚ ਲਾਗੂ ਕਰ ਰਿਹਾ ਹੈ ਜਿਸ ਲਈ ਸਾਲਾਨਾ ਯੋਜਨਾ 2003-04 ਵਿਚ 2.47 ਕਰੋੜ ਰੁਪਏ (ਰਾਜ

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਦਾ ਹਿੱਸਾ 10%) ਦਾ ਉਪਬੰਧ ਕੀਤਾ ਗਿਆ ਹੈ। ਸਾਲ 2003-04 ਲਈ ਉਪ-ਮੱਦ "ਫਸਲ ਪਾਲਣ" ਅਧੀਨ 16.30 ਕਰੋੜ ਰੁਪਏ ਦੇ ਖਰਚੇ ਨੂੰ ਸ਼ਾਮਿਲ ਕੀਤਾ ਗਿਆ ਹੈ ਜਦੋਂ ਕਿ ਚਾਲੂ ਸਾਲ ਲਈ ਇਹ ਉਪਬੰਧ 10.45 ਕਰੋੜ ਰੁਪਏ ਦਾ ਹੈ।

84. ਵੱਧ ਝਾੜ ਵਾਲੀਆਂ ਬਿਮਾਰੀ ਮੁਕਤ ਕਿਸਮਾਂ ਰਾਹੀਂ ਖੇਤੀਬਾੜੀ ਦੀ ਕੁਸ਼ਲਤਾ ਵਿਚ ਸੁਧਾਰ ਲਿਆਉਣ ਲਈ ਖੋਜ ਅਤੇ ਵਿਕਾਸ (ਆਰ ਅਤੇ ਡੀ) ਦੇ ਮਹੱਤਵ ਨੂੰ ਮਹਿਸੂਸ ਕਰਦੇ ਹੋਏ ਅਤੇ ਰਾਜ ਦੇ ਵੱਖ-ਵੱਖ ਜ਼ੋਨਾਂ ਲਈ ਵਰਤਾਰਿਆਂ ਦੇ ਢੁਕਵੇਂ ਪੈਕੇਜਾਂ ਲਈ ਸਾਲਾਨਾ ਯੋਜਨਾ ਵਿਚ 2.00 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ ਜਿਸ ਵਿਚ ਬਾਇਓ ਤਕਨਾਲੋਜੀ/ਟਿਸ਼ੂ ਕਲਚਰ ਤੇ ਜ਼ੋਰ ਦਿਤਾ ਗਿਆ ਹੈ। ਪਾਣੀ ਪ੍ਰਬੰਧ, ਖੇਤੀਬਾੜੀ ਉਪਰੰਤ ਹੈਂਡਲਿੰਗ, ਕੁਝ ਪ੍ਰਮੁੱਖ ਫਸਲਾਂ ਦੇ ਸਬੰਧ ਵਿਚ ਬਿਮਾਰੀਆਂ/ਕੀੜਿਆਂ ਤੇ ਕੰਟਰੋਲ ਜਿਨ੍ਹਾਂ ਵਿਚ ਮੁਕਾਬਲੇ ਦੀ ਸ਼ਕਤੀ ਵਧ ਗਈ ਹੈ ਜਿਨ੍ਹਾਂ ਨੇ ਰਾਜ ਦੇ ਕੁਝ ਖੇਤਰਾਂ ਵਿਚ ਬਰਬਾਦੀ ਕੀਤੀ ਹੈ, ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਸ ਤੋਂ ਇਲਾਵਾ ਖੋਜ ਦਾ ਕੇਂਦਰ ਬਿੰਦੂ ਆਰਗੈਨਿਕ ਕਲਚਰ ਹੈ ਅਰਥਾਤ ਹਰੀਆਂ ਖਾਦਾਂ, ਕਿਰਮਨਾਸ਼ਕ ਦਵਾਈਆਂ ਅਤੇ ਸਮੂਹਿਕ ਬਿਮਾਰੀ ਕੰਟਰੋਲ ਆਦਿ ਤਾਂ ਕਿ ਰਸਾਇਣਕ ਖਾਦਾਂ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾ ਸਕੇ।

85. ਰਾਜ ਵਿਚ ਪਟਿਆਲਾ, ਰੋਪੜ, ਨਵਾਂ ਸ਼ਹਿਰ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਵਿਚ 1-4-1999 ਤੋਂ ਵਿਸ਼ਵ ਬੈਂਕ ਦੀ ਸਹਾਇਤਾ ਵਾਲਾ 233.96 ਕਰੋੜ ਰੁਪਏ ਦੀ ਲਾਗਤ ਦਾ "ਸਮੂਹਿਕ ਵਾਟਰਸ਼ੈੱਡ ਵਿਕਾਸ ਪ੍ਰਾਜੈਕਟ (ਪਹਾੜੀਆਂ-II), ਪੰਜਾਬ" ਵੀ ਲਾਗੂ ਕੀਤਾ ਗਿਆ ਹੈ ਜਿਸ ਦਾ ਉਦੇਸ਼ ਵਰਖਾ ਵਾਲੀਆਂ/ਪਾਣੀ ਸੰਭਾਲ ਵਾਲੀਆਂ ਤਕਨਾਲੋਜੀਆਂ ਦੀ ਵਰਤੋਂ ਕਰਕੇ ਅਤੇ ਭਾਈਚਾਰਕ ਯੋਗਤਾਵਾਂ ਰਾਹੀਂ ਪ੍ਰਾਜੈਕਟ ਦੇ ਖੇਤਰ ਦੀ ਉਤਪਾਦਕਤਾ ਸੰਭਾਵਨਾ ਵਿਚ ਵਾਧਾ ਕਰਨਾ ਹੈ। 31-12-2002 ਤਕ ਇਸ ਪ੍ਰਾਜੈਕਟ ਉਤੇ 21.28 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਗਈ ਹੈ ਅਤੇ ਸਾਲ 2003-04 ਲਈ 60.12 ਕਰੋੜ ਰੁਪਏ ਦੀ ਰਕਮ ਇਸ ਖਰਚੇ ਲਈ ਮਖਸੂਸ ਕੀਤੀ ਗਈ ਹੈ।

## ਭੂਮੀ ਅਤੇ ਪਾਣੀ ਸੰਭਾਲ

86. "ਭੂਮੀ ਅਤੇ ਪਾਣੀ ਸੰਭਾਲ" ਵਿਭਾਗ, ਭੂਮੀ ਵਿਕਾਸ, ਮਿੱਟੀ ਨੂੰ ਉਪਜਾਊ ਬਣਾ ਕੇ ਅਤੇ ਵੱਖ ਵੱਖ ਵਾਟਰਸ਼ੈੱਡ ਮੈਨੇਜਮੈਂਟ ਪ੍ਰੋਗਰਾਮਾਂ ਰਾਹੀਂ ਅਹਿਮ ਭੂਮਿਕਾ ਨਿਭਾ ਰਿਹਾ ਹੈ। ਕੇਂਦਰੀ ਸਰਪਰਸਤੀ ਵਾਲੀ ਸਕੀਮ (90:10) "ਮੈਕਰੋ ਮੈਨੇਜਮੈਂਟ ਵਰਕ ਪਲਾਨ" ਅਧੀਨ ਸਾਲ 2003-2004 ਦੌਰਾਨ 83.45 ਲੱਖ ਰੁਪਏ (ਰਾਜ ਦਾ ਹਿੱਸਾ 10%) ਦੀ ਰਕਮ ਮੁਹੱਈਆ ਕੀਤੀ ਗਈ ਹੈ ਤਾਂ ਕਿ ਵਰਖਾ ਵਾਲੇ ਖੇਤਰਾਂ ਵਿਚ ਪਾਣੀ ਵਿਕਾਸ ਦੇ ਪ੍ਰੋਗਰਾਮ ਸ਼ੁਰੂ ਕੀਤੇ ਜਾ ਸਕਣ, ਨਾਲੇ ਵਾਲਿਆਂ ਖੇਤਾਂ ਵਿਚ ਜ਼ਮੀਨ ਉਪਜਾਊ ਬਣਾਈ ਜਾ ਸਕੇ, ਅਲਕਲੀ ਮਿੱਟੀ ਖੇਤੀਬਾੜੀ ਵਾਲੇ ਖੇਤਾਂ ਵਿਚ ਡਰੇਨੇਜ

Original with;
Punjab Vidhan Sabha
Digitized by;

ਪ੍ਰਣਾਲੀ ਲਗਾਈ ਜਾ ਸਕੇ ਅਤੇ ਰਾਜ ਵਿਚ ਸਿੰਜਾਈ ਵਾਲੇ ਪਾਣੀ ਦੀ ਵਰਤੋਂ ਚੰਗੀ ਤਰ੍ਹਾਂ ਕੀਤੀ ਜਾ ਸਕੇ। ਇਸ ਤੋਂ ਇਲਾਵਾ ਇਹ ਤਜਵੀਜ਼ ਵੀ ਦਿੱਤੀ ਜਾਂਦੀ ਹੈ ਕਿ 90:10 ਦੇ ਆਧਾਰ ਤੇ ਗਰਾਮ ਆਧਾਰਕ ਸੰਰਚਨਾ ਵਿਕਾਸ ਫੰਡ (ਨਬਾਰਡ) ਅਧੀਨ ਕੁਝ ਪ੍ਰਾਜੈਕਟ ਸ਼ੁਰੂ ਕੀਤੇ ਜਾਣ, ਜਿਨ੍ਹਾਂ ਦੇ ਪਾਣੀ ਨਾਲ ਖੇਤੀ ਦੇ ਛੋਟੇ ਪੱਧਰ ਦੇ ਪ੍ਰਾਜੈਕਟਾਂ, ਲਿਫਟ ਸਿੰਜਾਈ ਨਾਲ ਅਤੇ ਕੰਢੀ ਖੇਤਰ ਵਿਚ ਗੰਦੇ ਪਾਣੀ ਦੀ ਸੋਧ ਨਾਲ ਇਸ ਖੇਤਰ ਵਿਚ ਸਿੰਜਾਈ ਦੀ ਸਮੱਰਥਾ ਵਧਾਈ ਜਾਵੇਗੀ। ਸਾਲ 2003-04 ਦੌਰਾਨ ਇਸ ਪ੍ਰਾਜੈਕਟ ਲਈ 3.00 ਕਰੋੜ ਰੁਪਏ ਦੀ ਰਕਮ ਮੁਹੱਈਆ ਕੀਤੀ ਗਈ ਹੈ। ਸਾਲ 2003-04 ਦੌਰਾਨ ਪਾਣੀ ਜੁਟਾਉਣ ਦੇ ਪੁਰਾਣੇ ਢਾਂਚਿਆਂ ਦੇ ਪੁਨਰ ਨਵੀਨੀਕਰਣ ਦੀ ਦੀ ਇਕ ਵਿਸਤ੍ਰਿਤ ਸਕੀਮ ਸ਼ੁਰੂ ਕੀਤੀ ਜਾਵੇਗੀ ਤਾਂ ਕਿ ਉਨ੍ਹਾਂ ਦੀ ਪਾਣੀ ਸਟੋਰੇਜ਼ ਸਮੱਰਥਾ ਵਿਚ ਵਾਧਾ ਹੋ ਸਕੇ ਅਤੇ ਉਸ ਦੇ ਸਿੱਟੇ ਵਜੋਂ ਸਿੰਜਾਈ ਦੀ ਸਮੱਰਥਾ ਵਧ ਸਕੇ।

ਪਸ਼ੂ ਪਾਲਣ

87. ਪੰਜਾਬ ਦੀ ਅਰਥ-ਵਿਵਸਥਾ ਵਿਚ ਪਸ਼ੂ-ਧਨ ਇਕ ਅਹਿਮ ਭੂਮਿਕਾ ਨਿਭਾਉਂਦਾ ਹੈ ਜੋ ਅਰਥ-ਵਿਵਸਥਾ ਮੁੱਖ ਤੌਰ ਤੇ ਖੇਤੀਬਾੜੀ ਅਤੇ ਆਪਣੇ ਪਸ਼ੂ ਧਨ ਉਤੇ ਆਧਾਰਿਤ ਹੈ। ਪਸ਼ੂ ਧਨ ਰਾਜ ਦੇ ਸਮੁੱਚੇ ਘਰੇਲੂ ਉਤਪਾਦਨ (ਜੀ.ਐਸ.ਡੀ.ਪੀ) ਵਿਚ 17% ਤੋਂ ਵੱਧ ਯੋਗਦਾਨ ਪਾ ਰਿਹਾ ਹੈ। ਇਹ ਉਪ-ਸੈਕਟਰ ਰਾਜ ਵਿਚ ਖੇਤੀਬਾੜੀ ਦੀ ਵਿਭਿੰਨਤਾ ਵਿਚ ਮਹੱਤਵਪੂਰਣ ਭੂਮਿਕਾ ਨਿਭਾਅ ਸਕਦਾ ਹੈ ਜਿਸ ਦਾ ਉਲੇਖ ਖੇਤੀਬਾੜੀ ਪਾਲਿਸੀ ਬਾਰੇ ਮੁੱਖ ਮੰਤਰੀ ਜੀ ਦੀ ਸਲਾਹਕਾਰ ਕਮੇਟੀ ਦੀ ਰਿਪੋਰਟ ਵਿਚ ਕੀਤਾ ਗਿਆ ਹੈ: ਡਬਲਿਊ.ਟੀ.ਓ. ਦੇ ਦੌਰ ਅਧੀਨ ਵਿਸ਼ਵ ਅਰਥ-ਵਿਵਸਥਾ ਵਿਚ ਉਦਾਰੀਕਰਨ ਨਾਲ ਅਤੇ ਡੇਅਰੀ, ਮੁਰਗੀ ਪਾਲਣ, ਮੱਛੀ ਪਾਲਣ ਆਦਿ ਨਾਲ ਵਧੀ ਨਿਰਭਰਤਾ ਕਾਰਨ ਪਸ਼ੂ ਪਾਲਣ ਗਤੀਵਿਧੀਆਂ ਦਾ ਮਹੱਤਵ ਹੋਰ ਵੀ ਵੱਧ ਗਿਆ ਹੈ। ਜਿਸ ਨਾਲ ਸਵੈ-ਰੋਜ਼ਗਾਰ ਦੇ ਮੌਕਿਆ ਰਾਹੀਂ ਘੱਟ ਪੇਂਡੂ ਆਮਦਨ ਵਿਚ ਵਾਧਾ ਹੋਇਆ ਹੈ। ਵਿਸ਼ਵ ਮੰਡੀ ਵਿਚ ਮੁਕਾਬਲੇ ਲਈ ਪਸ਼ੂ ਧਨ ਦੀਆਂ ਨਸਲਾਂ ਵਿਚ ਸੁਧਾਰ ਕਰਨਾ ਪਵੇਗਾ। ਰਾਜ ਕੋਲ ਪਸ਼ੂ ਧਨ ਪੈਦਾਵਾਰ ਨੂੰ ਵਿਦੇਸ਼ੀ ਮੰਡੀਆ ਨਿਰਯਾਤ ਕਰਕੇ ਆਮਦਨ ਲੈਣ ਦੀ ਕਾਫੀ ਸੰਭਾਵਨਾ ਹੈ ਪਰ ਸ਼ਰਤ ਇਹ ਹੈ ਕਿ ਪਸ਼ੂਆਂ ਦੀ ਪੈਦਾਵਾਰ ਦਾ ਖੇਤਰ ਬਿਮਾਰੀ ਮੁਕਤ ਕੀਤਾ ਜਾਵੇ। ਰਾਜ ਦੇ ਪਸ਼ੂ ਧਨ ਨੂੰ ਬਿਮਾਰੀ ਮੁਕਤ ਕਰਨ ਲਈ ਕੇਂਦਰੀ ਸਰਪਰਸਤੀ ਵਾਲੀਆਂ ਸਕੀਮਾਂ ਅਧੀਨ ਭਾਰਤ ਸਰਕਾਰ ਦੀ ਸਹਾਇਤਾ ਨਾਲ ਛੂਤ ਦੀਆਂ ਵੱਖ-ਵੱਖ ਬਿਮਾਰੀਆਂ ਜਿਵੇਂ ਕਿ ਮੂੰਹ ਖੁਰੇ ਅਤੇ ਗਲਘੋਟੂ ਨੂੰ ਖਤਮ ਕਰਨ ਲਈ ਵੱਡੀ ਪੱਧਰ ਤੇ ਟੀਕਾਕਰਨ ਕਰਨਾ ਪਵੇਗਾ। ਪਸ਼ੂਆਂ ਦੀਆਂ ਵੱਖ-ਵੱਖ ਬਿਮਾਰੀਆਂ ਦੀ ਛੇਤੀ ਅਤੇ ਉਚਿਤ ਤਸ਼ਖੀਸ ਕਰਨ ਲਈ ਉੱਚ-ਤਕਨਾਲੋਜੀ ਮੁਹੱਈਆ ਕਰਨ ਲਈ ਭਾਰਤ ਸਰਕਾਰ ਦੀ ਸੌ ਪ੍ਰਤੀਸ਼ਤ ਸਹਾਇਤਾ ਨਾਲ ਇਕ ਖੇਤਰੀ ਬਿਮਾਰੀ ਤਸ਼ਖੀਸ਼ ਦੀ ਪ੍ਰਯੋਗਸ਼ਾਲਾ ਸਥਾਪਤ ਕੀਤੀ ਗਈ ਹੈ ਜਿਸ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।

88. ਪੰਛੀਆਂ ਦੇ ਟਕਰਾਉਣ ਨਾਲ ਹਵਾਈ ਹਾਦਸਿਆਂ ਤੋਂ ਬਚਣ ਲਈ ਅਤੇ ਪਿੰਜਰਾਂ ਦੇ ਉਚਿਤ ਨਿਪਟਾਰੇ ਲਈ ਸਾਲ 2003-04 ਦੌਰਾਨ ਭਾਰਤ ਸਰਕਾਰ ਦੀ

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਸਹਾਇਤਾ ਨਾਲ ਰਾਜਾਸਾਂਸੀ (ਅੰਮ੍ਰਿਤਸਰ) ਵਿਖੇ ਇਕ ਪਿੰਜਰ ਉਪਯੋਗਤਾ ਕੇਂਦਰ ਸਥਾਪਤ ਕੀਤਾ ਜਾਵੇਗਾ । ਇਸ ਤੋਂ ਇਲਾਵਾ ਅੰਮ੍ਰਿਤਸਰ ਦੇ ਮੌਜੂਦਾ ਬੁੱਚੜਖਾਨਿਆਂ ਦਾ ਆਧੁਨਿਕੀਕਰਨ ਕੀਤਾ ਜਾਵੇਗਾ ਤਾਂ ਜੋ ਸਿਹਤ ਵਿਗਿਆਨ ਪੱਖੋਂ ਸ਼ੁੱਧ ਮੀਟ ਦੀ ਸਪਲਾਈ ਸੁਨਿਸ਼ਚਿਤ ਕੀਤੀ ਜਾ ਸਕੇ ਜੋ ਕਿ ਅੰਤਰ-ਰਾਸ਼ਟਰੀ ਸਵੱਛਤਾ ਮਿਆਰਾਂ ਦੇ ਅਨੁਕੂਲ ਹੋਵੇ ।

89. ਰਾਜ ਵਿਚ ਦੁੱਧ ਦਾ ਉਤਪਾਦਨ ਜੋ ਸਾਲ 2000-01 ਵਿਚ 77.74 ਲੱਖ ਟਨ ਸੀ, ਉਹ 2001-2002 ਵਿਚ ਵਧ ਕੇ 79.30 ਲੱਖ ਟਨ ਹੋ ਗਿਆ ਹੈ । ਦੁੱਧ ਦਾ ਪ੍ਰਤੀ ਜੀਅ ਪ੍ਰਤੀ ਦਿਨ ਉਤਪਾਦਨ 876 ਗ੍ਰਾਮ ਤੋਂ 887 ਗ੍ਰਾਮ, ਮੱਛੀ ਦਾ ਉਤਪਾਦਨ ਜੋ 2000-01 ਵਿਚ 52 ਹਜ਼ਾਰ ਟਨ ਸੀ, ਤੋਂ ਵਧ ਕੇ ਸਾਲ 2001-02 ਵਿਚ 58.02 ਹਜ਼ਾਰ ਟਨ ਅਤੇ ਮੱਛੀ ਪੂੰਗ ਉਤਪਾਦਨ ਜੋ ਸਾਲ 2000-2001 ਵਿਚ 79.78 ਮਿਲੀਅਨ ਸੀ, ਤੋਂ ਵਧ ਕੇ ਸਾਲ 2001-02 ਵਿਚ 91.70 ਮਿਲੀਅਨ ਹੋ ਗਿਆ ਹੈ ਜਿਸ ਨਾਲ ਇਨ੍ਹਾਂ ਸਬੰਧਿਤ ਖਰਚਿਆਂ ਨਾਲ ਕਾਫੀ ਪ੍ਰਗਤੀ ਹੋਈ ਹੈ ।

ਜੰਗਲਾਤ

90. ਪੰਜਾਬ ਰਾਜ ਵਿਚ ਜੰਗਲਾਤ ਅਧੀਨ ਰਕਬਾ 3.05 ਲੱਖ ਹੈਕਟੇਅਰ ਹੈ ਜੋ ਕਿ ਰਾਜ ਦੇ ਭੂਗੋਲਿਕ ਖੇਤਰ ਦਾ ਲਗਭਗ 6 ਪ੍ਰਤੀਸ਼ਤ ਬਣਦਾ ਹੈ । ਰਾਜ ਵਿਚ ਜੰਗਲਾਤ ਅਧੀਨ ਇਲਾਕੇ ਨੂੰ ਵਧਾਉਣ ਲਈ ਅਤੇ ਜੰਗਲਾਤ ਦੀ ਉਤਪਾਦਿਕਤਾ ਵਿਚ ਵਾਧਾ ਕਰਨ ਲਈ ਅਤੇ ਜੰਗਲ ਉਤਪਾਦਨ ਦੀ ਮੰਗ ਅਤੇ ਸਪਲਾਈ ਦੇ ਅੰਤਰ ਨੂੰ ਪੂਰਾ ਕਰਨ ਲਈ ਚਲ ਰਹੇ ਬਾਹਰੀ ਸਹਾਇਤਾ ਵਾਲੇ ਜੰਗਲਾਤ ਵਿਕਾਸ ਪ੍ਰਾਜੈਕਟ ਵਿਚ ਸਾਲ 2003-04 ਦੌਰਾਨ 10300 ਹੈਕਟੇਅਰ ਖੇਤਰ ਨੂੰ ਲਿਆਉਣ ਲਈ 81.38 ਕਰੋੜ ਰੁਪਏ ਦੀ ਰਕਮ ਮੁਹੱਈਆ ਕੀਤੀ ਗਈ ਹੈ । ਇਸ ਪ੍ਰਾਜੈਕਟ ਦੀ ਮੂਲ ਲਾਗਤ ਸਾਲ 2004-05 ਤੱਕ ਅੱਠ ਸਾਲਾਂ ਦੇ ਸਮੇਂ ਲਈ 408.10 ਕਰੋੜ ਰੁਪਏ ਸੀ ਜੋ ਹੁਣ ਵਧਾਅ ਕੇ 31-3-2007 ਤੱਕ ਕਰ ਦਿਤੀ ਗਈ ਹੈ । ਇਸ ਪ੍ਰਾਜੈਕਟ ਦੇ ਪਹਿਲੇ ਹਿੱਸੇ ਵਿਚ (31-12-02) ਤੱਕ 253.39 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਗਈ ਹੈ । ਇਸ ਪ੍ਰਾਜੈਕਟ ਦਾ ਦੂਜਾ ਹਿੱਸਾ ਮਾਰਚ, 2003 ਤੋਂ ਸ਼ੁਰੂ ਹੋਵੇਗਾ ਜੋ 262.61 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਮਾਰਚ 2007 ਵਿਚ ਮੁਕੰਮਲ ਹੋਵੇਗਾ । ਜੰਗਲੀ ਜਾਨਵਰਾਂ ਨੂੰ ਕਿਸਾਨਾਂ ਦੇ ਨਾਲ ਲਗਦੇ ਖੇਤਾਂ ਵਿਚ ਜਾਣ ਤੋਂ ਰੋਕਣ ਲਈ ਜੰਗਲੀ ਜੀਵਾਂ ਦੀਆਂ ਰੱਖਾਂ ਦੁਆਲੇ ਵਾੜ ਲਾਉਣ ਦੀ ਇਕ ਨਵੀ ਸਕੀਮ ਲਾਗੂ ਕੀਤੀ ਜਾਵੇਗੀ ਜਿਸ ਲਈ ਸਾਲ 2003-04 ਦੌਰਾਨ 1.00 ਕਰੋੜ ਰੁਪਏ ਦੀ ਰਕਮ ਮੁਹੱਈਆ ਕੀਤੀ ਗਈ ਹੈ ।

ਸਹਿਕਾਰਤਾ

91. ਸਹਿਕਾਰਤਾਵਾਂ ਪੰਜਾਬ ਦੇ ਸਮਾਜਿਕ ਆਰਥਿਕ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ ਰਹੀਆਂ ਹਨ । ਰਾਜ ਵਿਚ ਲਗਭਗ 22060 ਸਹਿਕਾਰੀ ਸੁਸਾਇਟੀਆਂ ਹਨ ਜਿਨ੍ਹਾਂ ਦੇ 45 ਲੱਖ ਮੈਂਬਰ ਤੇ 3000.00 ਕਰੋੜ ਰੁਪਏ ਦੀ ਕਾਰਜੀ ਪੂੰਜੀ ਹੈ ।

Original with;
Punjab Vidhan Sabha
Digitized by;
Panjab Digital Library

ਵਰਤਮਾਨ ਬਦਲੇ ਹੋਏ ਹਾਲਾਤ ਵਿਚ ਸਹਿਕਾਰਤਾਵਾਂ ਨੂੰ ਨਿਸ਼ਚੇ ਹੀ ਇਕ ਸੁਤੰਤਰ, ਖੁਦਮੁਖਤਿਆਰ, ਲੋਕਤੰਤਰੀ ਤੇ ਗਤੀਸ਼ੀਲ ਵਪਾਰਕ ਉਦਮਾਂ ਵਜੋਂ ਕਾਰਜ ਕਰਨਾ ਚਾਹੀਦਾ ਹੈ। ਇਸ ਲਈ ਰਾਜ ਸਰਕਾਰ ਦੀ ਇਹ ਤਜਵੀਜ਼ ਹੈ ਕਿ "ਪੰਜਾਬ ਸਵੈ ਸਹਾਇਤਾ ਸਹਿਕਾਰੀ ਸੁਸਾਇਟੀਜ਼ ਐਕਟ" ਨਾਂ ਦਾ ਇਕ ਨਵਾਂ ਸਹਿਕਾਰੀ ਕਾਨੂੰਨ ਬਣਾਇਆ ਜਾਵੇ ਤਾਂ ਕਿ ਸਰਕਾਰ ਦੀ ਭੂਮਿਕਾ ਨੂੰ ਨਿਊਨਤਮ ਕੀਤਾ ਜਾਵੇ ਤਾਂ ਕਿ ਇਹ ਸਹਿਕਾਰਤਾਵਾਂ ਇਕ ਸੁਤੰਤਰ ਤੇ ਖੁਦਮੁਖਤਿਆਰ ਸੰਗਠਨਾਂ ਦੇ ਰੂਪ ਵਿਚ ਕਾਰਜ ਕਰ ਸਕਣ।

92. ਰਾਜ ਸਰਕਾਰ ਨੇ ਚਾਲੂ ਮਾਲੀ ਸਾਲ ਦੌਰਾਨ ਕਿਸਾਨਾਂ ਤੇ ਕਰਜ਼ੇ ਦਾ ਬੋਝ ਘਟਾਉਣ ਲਈ ਕਰਜ਼ੇ ਤੇ ਵਿਆਜ ਦੀ ਦਰ ਘੱਟ ਕਰਕੇ ਸਹਿਕਾਰੀ ਕਰਜ਼ਾ ਸੰਸਥਾਵਾਂ ਦੇ ਚਿਰੋਕੇ ਬਕਾਇਆਂ ਦੇ ਨਿਪਟਾਰੇ ਲਈ ਲੋਕ ਅਦਾਲਤਾਂ ਦੀ ਸਿਰਜਨਾ ਕਰਕੇ ਮੁੱਖ ਪਹਿਲਕਦਮੀ ਕੀਤੀ ਹੈ। ਸਹਿਕਾਰੀ ਬੈਂਕ ਅਗਲੇ ਮਾਲੀ ਸਾਲ ਦੌਰਾਨ ਕਿਸਾਨਾਂ ਨੂੰ 2800.00 ਕਰੋੜ ਰੁਪਏ ਦਾ ਕਰਜ਼ਾ ਦੇਣਗੇ ਤਾਂ ਕਿ ਉਹ ਆਪਣੀਆਂ ਸੰਖੇਪ ਮਿਆਦ ਵਾਲੀਆਂ ਕਰਜ਼ਾ ਲੋੜਾਂ ਨੂੰ ਪੂਰਾ ਕਰ ਸਕਣ। ਇਹ ਬੈਂਕ ਇਕ ਲੱਖ ਕਿਸਾਨਾਂ ਨੂੰ 950.00 ਕਰੋੜ ਰੁਪਏ ਦਾ ਰੀਵਾਲਵਿੰਗ ਨਗਦੀ ਕਰਜ਼ਾ ਦੇਣਗੇ। ਪੰਜਾਬ ਵਿਚ ਪ੍ਰਮੁੱਖ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਅਗਲੀ ਮਾਲੀ ਸਾਲ ਦੌਰਾਨ ਘੱਟੋ ਘੱਟ 400.00 ਕਰੋੜ ਰੁਪਏ ਦਾ ਕਰਜ਼ਾ ਦੇਣਗੇ ਤਾਂ ਕਿ ਰਾਜ ਦੇ ਕਿਰਸਾਨ ਆਪਣੀਆਂ ਦੀਰਘਕਾਲੀਨ ਨਿਵੇਸ਼ ਕਰਜ਼ਾ ਲੋੜਾਂ ਨੂੰ ਪੂਰਾ ਕਰ ਸਕਣ।

93. ਪੰਜਾਬ ਕੋਲ ਗ੍ਰਾਮ ਪੱਧਰ ਦੀਆਂ 6500 ਦੁੱਧ ਉਤਪਾਦਕ ਸਹਿਕਾਰੀ ਸੁਸਾਇਟੀਆਂ ਦਾ ਇਕ ਮਜ਼ਬੂਤ ਨੈੱਟਵਰਕ ਹੈ। ਦੁੱਧ ਉਤਪਾਦਕ ਸਹਿਕਾਰੀ ਸੁਸਾਇਟੀਆਂ ਦੀ ਚੋਟੀ ਦੀ ਸੰਸਥਾ "ਮਾਰਕਫੈੱਡ" ਦੀ ਇਹ ਤਜਵੀਜ਼ ਹੈ ਕਿ ਸਾਲ 2003-04 ਦੌਰਾਨ 1000 ਸੁਸਾਇਟੀਆਂ ਵਿਚ ਸਵੈਚਾਲਕ ਕੰਪਿਊਟਰੀਕ੍ਰਿਤ ਦੁੱਧ ਸੰਗ੍ਰਹਿਣ ਕੇਂਦਰ ਸਥਾਪਿਤ ਕੀਤੇ ਜਾਣ ਤਾਂ ਕਿ ਕਿਸਾਨਾਂ ਪਾਸੋਂ ਦੁੱਧ ਪ੍ਰਾਪਤੀ ਦੇ ਕਾਰਜ ਨੂੰ ਪਾਰਦਰਸ਼ੀ, ਕਿਫ਼ਾਇਤੀ ਬਣਾਇਆ ਜਾ ਸਕੇ ਅਤੇ ਕਿਸਾਨਾਂ ਨੂੰ ਮੌਕੇ ਤੇ ਅਦਾਇਗੀ ਕੀਤੀ ਜਾ ਸਕੇ।

94. ਸਹਿਕਾਰੀ ਖੰਡ ਮਿੱਲਾਂ ਦੀ ਮਾਲੀ ਹਾਲਤ ਵਿਚ ਸੁਧਾਰ ਲਿਆਉਣ ਲਈ ਰਾਜ ਸਰਕਾਰ ਨੇ 190.00 ਕਰੋੜ ਰੁਪਏ ਦੇ ਕਰਜ਼ੇ ਤੇ ਉਸ ਤੇ ਬਣੇ ਵਿਆਜ ਨੂੰ ਪੰਜਾਬ ਗ੍ਰਾਮ ਵਿਕਾਸ ਬੋਰਡ ਦੁਆਰਾ ਸਹਾਇਤਾ ਅਨੁਦਾਨ ਵਿਚ ਬਦਲਣ ਦਾ ਫ਼ੈਸਲਾ ਕੀਤਾ ਹੈ। ਇਸ ਕਦਮ ਨਾਲ ਸਭ ਖੰਡ ਮਿੱਲਾਂ ਸਕਾਰਾਤਮਕ ਨੈੱਟਵਰਕਿੰਗ ਵਿਚ ਆ ਗਈਆਂ ਹਨ ਜਿਸ ਨਾਲ ਉਹ ਆਧੁਨਿਕੀਕਰਨ, ਵਿਸਥਾਰ ਤੇ ਸਹਿ-ਪੈਦਾਵਾਰ ਲਈ ਮਾਲੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋ ਗਈਆਂ ਹਨ।

95. ਪੰਜਾਬ ਰਾਜ ਸਹਿਕਾਰੀ ਸਪਲਾਈ ਅਤੇ ਮੰਡੀਕਰਨ ਫੈਡਰੇਸ਼ਨ ਲਿਮਟਿਡ (ਮਾਰਕਫੈੱਡ) ਨੇ ਪੰਜਾਬ ਵਿਚ ਆਲੂ ਤੇ ਬਾਸਮਤੀ ਚਾਵਲ ਕ੍ਰਿਸ਼ੀ ਨਿਰਯਾਤ ਜ਼ੋਨ ਸਥਾਪਿਤ ਕੀਤਾ ਹੈ ਅਤੇ ਪੰਜਾਬ ਵਿਚੋਂ 908.00 ਕਰੋੜ ਰੁਪਏ ਦੇ ਮੁੱਲ ਦੇ ਅਨਾਜ ਨੂੰ ਨਿਰਯਾਤ ਕਰਨ ਤੋਂ ਇਲਾਵਾ ਸ਼ਹਿਦ ਲਈ ਕ੍ਰਿਸ਼ੀ-ਨਿਰਯਾਤ ਜ਼ੋਨ ਸਥਾਪਿਤ ਕਰਨ ਦੀ ਤਜਵੀਜ਼ ਰਖਦੀ ਹੈ ਤੇ ਨਿਰਯਾਤ ਦਾ ਕੰਮ ਅਗਲੇ ਸਾਲ ਦੌਰਾਨ ਵੀ ਚਾਲੂ ਰਹੇਗਾ।

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

96. ਸਾਲ 2003-04 ਲਈ ਉਪ ਮੱਦ "ਸਹਿਕਾਰਤਾ" ਅਧੀਨ 6.93 ਕਰੋੜ ਰੁਪਏ ਦਾ ਖਰਚਾ ਮੁਹੱਈਆ ਕੀਤਾ ਗਿਆ ਹੈ ਜਿਸ ਵਿਚੋਂ 6.00 ਕਰੋੜ ਰੁਪਏ ਨਾਬਾਰਡ ਦੀ ਸਹਾਇਤਾ ਵਾਲੀ ਸਕੀਮ "ਸਿਖਰਲੀਆਂ, ਕੇਂਦਰੀ ਤੇ ਮੁਢਲੀਆਂ ਕਰਜ਼ਾ ਸੰਸਥਾਵਾਂ ਤੇ ਸੁਸਾਇਟੀਆਂ ਨੂੰ ਹਿੱਸਾ ਪੂੰਜੀ ਯੋਗਦਾਨ" ਲਈ ਹਨ ਜਿਸ ਨਾਲ ਉਨ੍ਹਾਂ ਦੀ ਕਰਜ਼ਾ ਲੈਣ ਦੀ ਸਮਰੱਥਾ ਵਧ ਜਾਵੇਗੀ ਤੇ ਸਹਿਕਾਰਤਾਵਾਂ ਦੇ ਮੈਂਬਰਾਂ ਦੀਆਂ ਵਧ ਰਹੀਆਂ ਕਰਜ਼ਾ ਲੋੜਾਂ ਪੂਰੀਆਂ ਹੋ ਸਕਣਗੀਆਂ । ਇਸ ਤੋਂ ਇਲਾਵਾ ਦੁੱਧ ਯੂਨੀਅਨਾਂ ਦੇ ਪੁਨਰਵਾਸ ਲਈ ਰਾਜ ਦੇ 50% ਹਿੱਸੇ ਵਜੋਂ 3.00 ਕਰੋੜ ਰੁਪਏ ਦੀ ਰਕਮ ਮੁਹੱਈਆ ਕੀਤੀ ਗਈ ਹੈ । ਪੰਜਾਬ ਦੀ "ਦਾ ਪੰਜਾਬ ਰਾਜ ਸਟੇਟ ਫੈਡਰੇਸ਼ਨ ਆਫ ਕੋ-ਆਪਰੇਟਿਵ ਹਾਊਸ ਬਿਲਡਿੰਗ ਸੁਸਾਇਟੀਜ਼ ਲਿਮਟਿਡ (ਹਾਊਸਫੈਡ)" ਦੇ ਇਕਵਿਟੀ ਦੇ ਆਧਾਰ ਨੂੰ ਮਜ਼ਬੂਤ ਕਰਨ ਲਈ 2.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ਤਾਂ ਕਿ ਇਹ ਪੇਂਡੂ ਤੇ ਸ਼ਹਿਰੀ ਖੇਤਰਾਂ ਵਿਚ 8750 ਮਕਾਨਾਂ ਦੀ ਉਸਾਰੀ ਲਈ 175.00 ਕਰੋੜ ਰੁਪਏ ਦਾ ਕਰਜ਼ਾ ਦੇ ਸਕੇ ।

## ਗ੍ਰਾਮ ਵਿਕਾਸ

97. 66% ਤੋਂ ਵਧ ਅਬਾਦੀ ਪੇਂਡੂ ਖੇਤਰਾਂ ਵਿਚ ਰਹਿੰਦੀ ਹੈ । ਇਸ ਲਈ ਪੇਂਡੂ ਸੈਕਟਰ ਨੂੰ ਉਚਿਤ ਤਰਜੀਹ ਦਿੱਤੀ ਗਈ ਹੈ । ਸਾਲਾਨਾ ਯੋਜਨਾ 2003-04 ਲਈ 261.42 ਕਰੋੜ ਰੁਪਏ ਦਾ ਖਰਚਾ ਉਪਲਬਧ ਕੀਤਾ ਗਿਆ ਹੈ ਤਾਂ ਕਿ ਪਿੰਡਾਂ ਦੀ ਕਿਸਮ ਵਿਚ ਮਹੱਤਵਪੂਰਨ ਪ੍ਰਗਤੀ ਹੋ ਸਕੇ । ਇਸ ਨਾਲ ਸ਼ਹਿਰਾਂ ਵਲ ਭੱਜਣ ਦਾ ਰੁਝਾਨ ਘਟੇਗਾ ਅਤੇ ਨਾਲ ਹੀ ਪਿੰਡਾਂ ਵਿਚ ਰੋਜ਼ਗਾਰ ਦੇ ਮੌਕੇ ਮਿਲਣਗੇ ।

98. ਸਾਲਾਨਾ ਯੋਜਨਾ 2003-04 ਦੌਰਾਨ "ਸੰਪੂਰਨ ਗ੍ਰਾਮੀਣ ਰੋਜ਼ਗਾਰ ਯੋਜਨਾ" ਅਧੀਨ ਰੋਜ਼ਗਾਰ ਦੇ 60 ਲੱਖ ਕਾਰਜੀ ਦਿਨ ਪੈਦਾ ਕੀਤੇ ਜਾਣਗੇ ਜਿਸ ਲਈ 31.20 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ਅਤੇ "ਸਵਰਨ ਜੈਯੰਤੀ ਗ੍ਰਾਮੀਨ ਸਵੈ-ਰੋਜ਼ਗਾਰ ਯੋਜਨਾ" ਅਧੀਨ 10.50 ਕਰੋੜ ਰੁਪਏ ਦੇ ਖਰਚੇ ਨਾਲ ਵੱਖ ਵੱਖ ਸਵੈ-ਰੋਜ਼ਗਾਰ ਉੱਦਮਾਂ ਰਾਹੀਂ 10,000 ਸਵੈ-ਰੋਜ਼ਗਾਰੀਆਂ/ਲਾਭਪਾਤਰਾਂ ਨੂੰ ਇਸ ਅਧੀਨ ਲਿਆਂਦਾ ਜਾਵੇਗਾ । "ਇੰਦਰਾ ਆਵਾਸ ਯੋਜਨਾ" ਅਤੇ ਰੂਰਲ ਸੈਕਟਰ (ਗ੍ਰਾਮੀਣ ਆਵਾਸ) ਸਕੀਮਾਂ ਅਧੀਨ 9600 ਘਰਾਂ ਦੀ ਉਸਾਰੀ/ਸੁਧਾਰ ਲਈ 8.44 ਕਰੋੜ ਰੁਪਏ ਮੁਹੱਈਆ ਕੀਤੇ ਗਏ ਹਨ ।

99. ਪੰਚਾਇਤੀ ਰਾਜ ਸੰਸਥਾਵਾਂ ਨੂੰ ਮਜ਼ਬੂਤ ਕਰਨ ਲਈ ਰਾਜ ਵਿੱਤ ਕਮਿਸ਼ਨ ਅਧੀਨ 168.58 ਕਰੋੜ ਰੁਪਏ ਅਤੇ 11ਵੇਂ ਵਿੱਤ ਕਮਿਸ਼ਨ ਅਧੀਨ 31.33 ਕਰੋੜ ਰੁਪਏ ਦੇ ਖਰਚੇ ਦਾ ਉਪਬੰਧ ਸਾਲਾਨਾ ਯੋਜਨਾ 2003-04 ਲਈ ਕੀਤਾ ਗਿਆ ਹੈ ਤਾਂ ਕਿ ਬੁਨਿਆਦੀ ਸਹੂਲਤਾਂ ਜਿਵੇਂ ਕਿ ਗਲੀਆਂ ਦੀ ਦਰਜਾਬੰਦੀ, ਗੰਦੇ ਪਾਣੀ ਦਾ ਨਿਕਾਸ, ਨਾਲਿਆਂ ਦੀ ਉਸਾਰੀ ਅਤੇ ਜ਼ਰੂਰੀ ਪੇਂਡੂ ਆਧਾਰਕ-ਸੰਰਚਨਾ ਆਦਿ ਨੂੰ ਮਜ਼ਬੂਤ ਕੀਤਾ ਜਾ ਸਕੇ ।

Original with;
Punjab Vidhan Sabha
Digitized by;
Panjab Digital Library

100. ਰਾਜ ਦੇ ਸਮਾਜਿਕ ਆਰਥਿਕ ਵਿਕਾਸ ਲਈ ਸਮਾਜਿਕ ਆਰਥਿਕ ਵਿਕਾਸ ਵਿਚ ਐਨ.ਆਰ. ਆਈਜ਼ ਨੂੰ ਯੋਗਦਾਨ ਲਈ ਉਤਸ਼ਾਹਿਤ ਕਰਨ ਲਈ ਸਕੀਮ "ਐਨ.ਆਰ. ਆਈਜ਼. ਦੇ ਯੋਗਦਾਨ ਰਾਹੀਂ ਸਕੂਲਾਂ ਅਤੇ ਹੋਰ ਭਾਈਚਾਰਕ ਸੇਵਾ ਕਾਰਜਾਂ ਵਿਚ ਬੁਨਿਆਦੀ ਆਧਾਰਕ-ਸੰਰਚਨਾ ਮੁਹੱਈਆ ਕਰਨ ਲਈ 100% ਮੈਚਿੰਗ ਹਿੱਸੇ ਦਾ ਉਪਬੰਧ" ਅਧੀਨ ਸਾਲਾਨਾ ਯੋਜਨਾ 2003-04 ਵਿਚ 5.00 ਕਰੋੜ ਰੁਪਏ ਦੇ ਖਰਚੇ ਦਾ ਉਪਬੰਧ ਕੀਤਾ ਗਿਆ ਹੈ ।

**ਸਿੰਜਾਈ**

101. ਪੰਜਾਬ ਕਿਉਂਕਿ ਇਕ ਖੇਤੀਬਾੜੀ ਵਾਲਾ ਰਾਜ ਹੈ, ਇਸ ਲਈ ਕਿਸਾਨਾਂ ਨੂੰ ਅਧਿਕਤਮ ਸਿੰਜਾਈ ਸਹੂਲਤਾਂ ਦੇ ਕੇ ਖੇਤੀਬਾੜੀ ਸੈਕਟਰ ਦੇ ਵਿਕਾਸ ਨੂੰ ਵਧ ਤਰਜੀਹ ਦਿੱਤੀ ਜਾਂਦੀ ਹੈ । ਰਾਜ ਦੀ ਖੇਤੀਬਾੜੀ ਦੀ ਲੋੜ ਦੇ ਮੁਕਾਬਲੇ ਪੰਜਾਬ ਕੋਲ ਪਾਣੀ ਦੀ ਉਪਲਬਧਤਾ ਬਹੁਤ ਘੱਟ ਹੈ । ਸਰਕਾਰ ਨੇ ਨਵੇਂ ਖੇਤਰਾਂ ਵਿਚ ਸਿੰਜਾਈ ਸਹੂਲਤਾਂ ਮੁਹੱਈਆ ਕਰਕੇ ਅਤੇ ਮੌਜੂਦਾ ਸਿੰਜਾਈ ਪ੍ਰਣਾਲੀ ਦੀ ਪੁਨਰ ਸਿਰਜਨਾ ਕਰਕੇ ਪਾਣੀ ਉਪਲਬਧ ਕਰਨ ਲਈ ਇਕ ਪ੍ਰਾਜੈਕਟ ਪਹਿਲਾਂ ਹੀ ਸ਼ੁਰੂ ਕੀਤਾ ਹੋਇਆ ਹੈ । ਸਾਲਾਨਾ ਯੋਜਨਾ 2003-04 ਲਈ 315.85 ਕਰੋੜ ਰੁਪਏ ਦੀ ਰਕਮ ਉਪਲਬਧ ਕੀਤੀ ਗਈ ਹੈ । ਸਾਲ 2003-04 ਦੌਰਾਨ ਮੁੱਖ ਜ਼ੋਰ ਚਲ ਰਹੇ ਪ੍ਰਾਜੈਕਟਾਂ ਨੂੰ ਪੂਰਾ ਕਰਨ, ਜਲ ਮਾਰਗਾਂ ਨੂੰ ਪੱਕਾ ਕਰਨ, ਪੁਨਰਵਾਸ/ਪੁਨਰ ਮਾਡਲਿੰਗ, ਸਿੰਜਾਈ ਸਮਰੱਥਾ ਵਧਾਉਣ ਲਈ ਖੇਤੀ ਖਾਲਾਂ ਦੀ ਉਸਾਰੀ, ਕੰਢੀ ਖੇਤਰ ਵਿਚ ਡੂੰਘੇ ਟਿਊਬਵੈੱਲ ਲਗਾਉਣ, ਮੌਜੂਦਾ ਟਿਊਬਵੈੱਲਾਂ ਦੀ ਥਾਂ ਤੇ ਨਵੇਂ ਟਿਊਬਵੈੱਲ ਲਗਾਉਣ/ਉਨ੍ਹਾਂ ਦੇ ਨਵੀਨੀਕਰਨ, ਦਰਿਆਵਾਂ ਅਤੇ ਚੋਆਂ ਦੇ ਨਾਲ ਨਾਲ ਹੜ੍ਹ ਰੋਕੂ ਸੁਰੱਖਿਆ ਕਾਰਜ ਉਸਾਰਨ ਤੇ ਮਜ਼ਬੂਤ ਕਰਨ ਸਮੇਤ ਲਿੰਕ ਡਰੇਨੇਜ, ਪੱਕਾ ਕਾਰਜ ਉਸਾਰਨ/ਮੌਜੂਦਾ ਨਾਲਿਆਂ ਤੇ ਕੰਢੀ ਖੇਤਰਾਂ ਵਿਚ ਨੀਵੇਂ ਡੈਮਾਂ ਵਿਚੋਂ ਗਾਰ ਨੂੰ ਕੱਢਣ ਤੇ ਦਿੱਤਾ ਜਾਵੇਗਾ ।

**ਊਰਜਾ ਦੇ ਗੈਰ-ਰਿਵਾਜੀ ਸਰੋਤ**

102. ਪੰਜਾਬ ਊਰਜਾ ਵਿਕਾਸ ਏਜੰਸੀ (ਪੀ.ਈ.ਡੀ.ਏ.) ਨੇ ਮੈਸਰਜ਼ ਰਾਣਾ ਸ਼ੂਗਰ ਲਿਮਟਿਡ ਨਾਲ ਸਾਂਝੇ ਸੈਕਟਰ ਵਿਚ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਬੁੱਟਰ ਸੀਵੀਆਂ ਵਿਖੇ ਨਹਿਰੀ ਗਿਰਾਵਟਾਂ ਤੇ 10.2 ਮੈਗਾਵਾਟ ਸਹਿ-ਪੈਦਾਵਾਰ ਪਾਵਰ ਪਲਾਂਟ ਅਤੇ ਕੁਲ 8.8 ਮੈਗਾਵਾਟ ਦੀ ਸਮਰਥਾ ਵਾਲੇ 7 ਛੋਟੇ ਹਾਈਡਲ ਪ੍ਰਾਜੈਕਟ ਕਮਿਸ਼ਨ ਕੀਤੇ ਹਨ । ਪੀ.ਈ.ਡੀ.ਏ. ਨੇ ਰਾਜ ਵਿਚ ਸਿੰਜਾਈ ਲਈ 2 ਹਾਸ ਪਾਵਰ ਸਮਰਥਾ ਵਾਲੇ 1000 ਨੰ: ਦੇ ਸੋਲਰ ਵਾਟਰ ਪੰਪ ਲਗਾਏ ਹਨ । ਪੀ.ਈ.ਡੀ.ਏ. ਨੇ ਜ਼ਿਲ੍ਹਾ ਨਵਾਂ ਸ਼ਹਿਰ ਵਿਖੇ ਪਿੰਡ ਖਟਕੜ ਕਲਾਂ ਵਿਖੇ 200 ਕੇ.ਡਬਲਯੂ.ਪੀ. ਦਾ ਸੋਲਰ ਫੋਟੋਵੋਲਟਿਕ ਗ੍ਰਿਡ ਇੰਟਰ-ਐਕਟਿਵ ਪਾਵਰ ਪਲਾਂਟ ਵੀ ਲਗਾਇਆ ਹੈ । ਅਗਲੇ ਮਾਲੀ ਸਾਲ ਦੌਰਾਨ 78 ਸਾਈਟ, ਛੋਟੇ ਹਾਈਡਲ ਪ੍ਰਾਜੈਕਟ ਲਾਉਣ ਲਈ ਪ੍ਰਾਈਵੇਟ ਵਿਕਸਤਕਾਰਾਂ ਨੂੰ ਉਸਾਰੀ, ਕਾਰਜ-ਸ਼ੀਲਤਾ ਅਤੇ ਮਲਕੀਅਤ ਦੇ ਆਧਾਰ ਤੇ ਦਿੱਤੇ ਜਾਣਗੇ ਜਿਸ ਨਾਲ ਰਾਜ ਵਿਚ ਅਨੁਮਾਨਤ 490 ਕਰੋੜ ਰੁਪਏ ਦਾ ਪ੍ਰਾਈਵੇਟ ਨਿਵੇਸ਼ ਆਕਰਸ਼ਿਤ ਕੀਤੇ ਜਾਣ ਦੀ ਸੰਭਾਵਨਾ ਹੈ ।

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

**ਬਿਜਲੀ**

103. ਬਿਜਲੀ, ਰਾਜ ਦੇ ਸਮੁੱਚੇ ਆਰਥਿਕ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ । ਸਾਲ 2002-03 ਦੌਰਾਨ ਪੰਜਾਬ ਰਾਜ ਵਿਚ ਬਿਜਲੀ ਸਪਲਾਈ ਦੀ ਸਥਿਤੀ ਸੰਤੋਸ਼ਜਨਕ ਰਹੀ ਸੀ । ਮਾਲੀ ਤੰਗੀਆਂ ਦੇ ਬਾਵਜੂਦ ਪੰਜਾਬ ਰਾਜ ਬਿਜਲੀ ਬੋਰਡ (ਪੀ.ਐਸ.ਈ.ਬੀ.) ਨੇ ਖੇਤੀਬਾੜੀ ਪੰਪ ਸੈੱਟਾਂ ਨੂੰ 10 ਘੰਟੇ ਬਿਜਲੀ ਸਪਲਾਈ ਸੁਨਿਸ਼ਚਿਤ ਕੀਤਾ ਜਿਸ ਦੇ ਸਿੱਟੇ ਵਜੋਂ ਅਭੂਤਪੂਰਵ ਲੰਬੇ ਸੋਕੇ ਦੇ ਬਾਵਜੂਦ ਝੋਨੇ ਦੀ ਭਰਪੂਰ ਫ਼ਸਲ ਹੋਈ ਸੀ । ਮੌਜੂਦਾ ਥਰਮਲ ਤੇ ਹਾਈਡਰੋ ਸਮਰੱਥਾ ਸਮੇਤ ਕੇਂਦਰੀ ਬਿਜਲੀ ਉਪਯੋਗਤਾ 5700 ਮੈਗਾਵਾਟ ਹੈ । ਇਹ ਤਜਵੀਜ਼ ਹੈ ਕਿ ਕੇਂਦਰੀ ਪ੍ਰਾਜੈਕਟਾਂ ਤੋਂ 459 ਮੈਗਾਵਾਟ ਸ਼ਾਮਿਲ ਕੀਤੇ ਜਾਣ ਜਿਨ੍ਹਾਂ ਨੂੰ 10ਵੀਂ ਯੋਜਨਾ ਵਿਚ ਕਮਿਸ਼ਨ ਕਰਨ ਦਾ ਟੀਚਾ ਹੈ । ਇਸ ਤੋਂ ਇਲਾਵਾ 2 X 250 ਮੈਗਾਵਾਟ ਦਾ ਗੁਰੂ ਹਰਗੋਬਿੰਦ ਥਰਮਲ ਪਲਾਂਟ ਜੀ.ਐਚ.ਟੀ.ਪੀ. ਸਟੇਜ-II, ਲਹਿਰਾ ਮੁਹੱਬਤ ਛੇਤੀ ਸ਼ੁਰੂ ਕੀਤਾ ਜਾਵੇਗਾ ਜਿਸ ਦੀ ਮਨਜ਼ੂਰੀ ਪਾਵਰ ਫਾਇਨਾਂਸ ਕਾਰਪੋਰੇਸ਼ਨ ਦੇ ਚੁੱਕੀ ਹੈ । ਮੁਕੇਰੀਆਂ ਹਾਈਡਲ ਪ੍ਰਾਜੈਕਟ ਫੇਜ਼-II ਹੁਸ਼ਿਆਰਪੁਰ (16 ਐਮ.ਡਬਲਯੂ.) (16 ਮੈਗਾਵਾਟ) ਦਾ ਕਾਰਜ ਵੀ 10ਵੀਂ ਯੋਜਨਾ ਦੌਰਾਨ ਕਮਿਸ਼ਨ ਲਈ ਹੱਥਾਂ ਵਿਚ ਲਿਆ ਜਾਵੇਗਾ । ਬਹੁਮੰਤਵੀ ਰਣਜੀਤ ਸਾਗਰ ਡੈਮ ਪ੍ਰਾਜੈਕਟ (600 ਮੈਗਾਵਾਟ) ਕਮਿਸ਼ਨ ਕਰ ਲਿਆ ਹੈ । ਸਰਕਾਰ ਸਾਲ 2003-04 ਦੌਰਾਨ ਸ਼ਾਹਪੁਰ ਕੰਢੀ ਪ੍ਰਾਜੈਕਟ ਨੂੰ ਤਰਜੀਹ ਨਾਲ ਲੈ ਰਹੀ ਹੈ ਜਿਸ ਲਈ ਸਭ ਪਾਸਿਓਂ ਮਨਜ਼ੂਰੀ ਮਿਲ ਗਈ ਹੈ । ਸਮੂਹਿਕ ਸ਼ਾਹਪੁਰ ਕੰਢੀ ਡੈਮ ਪ੍ਰਾਜੈਕਟ ਸਮੇਤ ਰਣਜੀਤ ਸਾਗਰ ਡੈਮ (ਆਰ.ਐਸ.ਡੀ.) ਪ੍ਰਾਜੈਕਟ ਦੇ 900 ਮੈਗਾਵਾਟ ਬਿਜਲੀ ਪੈਦਾ ਕਰੇਗਾ । ਇਸ ਤੋਂ ਇਲਾਵਾ 3.16 ਲੱਖ ਹੈਕਟੇਅਰ ਦੀ ਸਿੰਜਾਈ ਅਪਰ ਬਾਰੀ ਦੋਆਬ ਕੈਨਾਲ (ਯੂ.ਬੀ. ਡੀ.ਸੀ.) ਨੈੱਟਵਰਕ ਰਾਹੀਂ ਕੀਤੀ ਜਾਵੇਗੀ । ਇਸ ਤੋਂ ਇਲਾਵਾ ਸਰਕਾਰ ਕੋਲੇ ਦੀ ਅੱਗ ਵਾਲੇ 2000 ਮੈਗਾਵਾਟ ਥਰਮਲ ਪਲਾਂਟ ਵਿਚ ਯੋਗਦਾਨ ਤੇ ਵਿਚਾਰ ਵੀ ਕਰ ਰਹੀ ਹੈ ਜਿਸ ਨੂੰ ਛਤੀਸਗੜ੍ਹ ਰਾਜ ਵਿਚ ਕੋਲਾ ਖਾਨ ਹੈੱਡ ਤੇ ਨੈਸ਼ਨਲ ਥਰਮਲ ਪਾਵਰ ਕਾਰਪੋਰੇਸ਼ਨ (ਐਨ.ਟੀ.ਪੀ.ਸੀ.) ਨਾਲ ਸਾਂਝੇ ਉੱਦਮ ਵਜੋਂ ਵਿਕਸਤ ਕੀਤਾ ਜਾਵੇਗਾ ਜਿਸ ਵਿਚ ਪੰਜਾਬ ਰਾਜ ਬਿਜਲੀ ਬੋਰਡ ਦਾ ਹਿੱਸਾ 500 ਮੈਗਾਵਾਟ ਹੋਵੇਗਾ । ਕਈ ਥਰਮਲ ਸਟੇਸ਼ਨਾਂ ਨੂੰ ਹੱਥ ਵਿਚ ਲਿਆ ਗਿਆ ਹੈ ਤਾਂ ਕਿ ਉਨ੍ਹਾਂ ਦੀ ਕੁਸ਼ਲਤਾ ਵਿਚ ਸੁਧਾਰ ਕੀਤਾ ਜਾ ਸਕੇ ਅਤੇ ਪੈਦਾਵਾਰ ਲਾਗਤ ਘਟਾਈ ਜਾ ਸਕੇ । ਬਿਜਵਾਈ ਦੇ ਨੁਕਸਾਨਾਂ ਨੂੰ ਘਟਾਉਣ ਲਈ ਸਟੇਸ਼ਨ ਹੀਟ ਦਰ ਵਿਚ ਵਾਧਾ ਕਰਨ ਲਈ ਤੇ ਜੇਨਰੇਟਿੰਗ ਪਲਾਂਟਾਂ ਤੇ ਲੇਖੇ ਤੇ ਵਿਸ਼ਲੇਸ਼ਨ ਨੂੰ ਅਧਿਕਤਮ ਕਰਨ ਲਈ ਕਾਰਵਾਈ ਸ਼ੁਰੂ ਕੀਤੀ ਗਈ ਹੈ । ਸਾਲ 2003-04 ਦੌਰਾਨ ਗੁਰੂ ਨਾਨਕ ਦੇਵ ਥਰਮਲ ਪਲਾਂਟ (ਜੀ.ਐਨ.ਡੀ.ਟੀ.ਸੀ.) ਬਠਿੰਡਾ-ਯੂਨਿਟ-1 ਦਾ ਨਵੀਨੀਕਰਨ ਅਤੇ ਆਧੁਨਿਕੀਕਰਨ ਕੀਤਾ ਜਾ ਰਿਹਾ ਹੈ । ਰਾਜ ਵਿਚ ਬਿਜਲੀ ਦੀ ਕਿਸਮ ਵਿਚ ਸੁਧਾਰ ਲਿਆਉਣ ਲਈ ਸੰਚਾਰ ਤੇ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੇ ਕਾਰਜ ਨੂੰ ਅਤਿ ਅਧਿਕ ਮਹੱਤਵ ਦਿੱਤਾ ਜਾ ਰਿਹਾ ਹੈ । ਨਵੀਆਂ ਲਾਈਨਾਂ ਤੇ ਉਪ ਸਟੇਸ਼ਨ ਸਥਾਪਿਤ ਕਰਕੇ ਸੰਚਾਰ ਤੇ ਵੰਡ (ਟੀ. ਤੇ ਡੀ.) ਨੈੱਟਵਰਕ ਨੂੰ ਹੋਰ ਵਿਸਤ੍ਰਿਤ ਕੀਤਾ ਗਿਆ ਹੈ । ਇਹ ਦੀ ਵੰਡ ਨੈੱਟਵਰਕ ਨੂੰ ਉੱਚ ਤਰਜੀਹ

Original with;
Punjab Vidhan Sabha
Digitized by;
Panjab Digital Library

ਦਿੱਤੀ ਗਈ ਹੈ। ਉਪ-ਸੰਚਾਰ/ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ 501.23 ਕਰੋੜ ਰੁਪਏ ਦੀਆਂ ਸਕੀਮਾਂ ਨੂੰ ਵਿਸਤ੍ਰਿਤ ਬਿਜਲੀ ਵਿਕਾਸ ਸੁਧਾਰ ਪ੍ਰੋਗਰਾਮ (ਏ.ਪੀ.ਡੀ.ਪੀ.) ਅਧੀਨ ਭਾਰਤ ਸਰਕਾਰ ਦੇ ਬਿਜਲੀ ਮੰਤਰਾਲੇ ਪਾਸੋਂ ਮੰਨਜ਼ੂਰ ਕਰਵਾਇਆ ਗਿਆ ਹੈ। ਇਹ ਯਤਨ ਵੀ ਕੀਤੇ ਜਾਣਗੇ ਕਿ ਸਾਲ 2003-04 ਦੌਰਾਨ ਇਲੈਕਟ੍ਰਾਨਿਕ ਮੀਟਰ ਲਾ ਕੇ, ਉਰਜਾ ਆਡਿਟ ਤੇ ਸੰਭਾਲ ਰਾਹੀਂ ਟੀ. ਤੇ ਡੀ. ਨੁਕਸਾਨਾਂ ਨੂੰ ਘੱਟ ਕੀਤਾ ਜਾਵੇ। ਅਨੁਸੂਚਿਤ ਜਾਤੀਆਂ ਤੇ ਘਰੇਲੂ ਖਪਤਕਾਰਾਂ ਨੂੰ ਜਿਨ੍ਹਾਂ ਦਾ ਕੁਨੈਕਟਿਡ ਲੋਡ 300 ਵਾਟ ਤੱਕ ਹੈ, ਨੂੰ ਪ੍ਰਤੀ ਮਹੀਨਾ 50 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਸ਼ਹਿਰੀ ਪੱਧਤੀ ਤੇ ਪੇਂਡੂ ਖੇਤਰਾਂ ਨੂੰ 24 ਘੰਟੇ ਬਿਜਲੀ ਦੀ ਸਪਲਾਈ ਕਰਨ ਲਈ ਵੱਖ ਲਾਈਨਾਂ ਵਿਛਾਈਆਂ ਜਾ ਰਹੀਆਂ ਹਨ। ਰਾਜ ਵਿਚ ਬਿਜਲੀ ਚੋਰੀ ਨੂੰ ਰੋਕਣ ਲਈ ਸਮੂਹਿਕ ਯਤਨ ਕੀਤੇ ਜਾ ਰਹੇ ਹਨ। ਚੋਰੀ ਵਿਰੁੱਧ ਕਾਨੂੰਨ ਸਾਜ਼ੀ ਲਈ ਵੀ ਪ੍ਰਕ੍ਰਿਆ ਜਾਰੀ ਹੈ।

104. ਪੰਜਾਬ ਸਰਕਾਰ ਚਾਲੂ ਬਜਟ ਸੈਸ਼ਨ ਵਿਚ ਡਰਾਫਟ ਪੰਜਾਬ ਬਿਜਲੀ ਬਿਲ-2 ਜਾਂ 3 ਲਿਆਵੇਗੀ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਪੀ.ਐਸ.ਈ.ਆਰ.ਸੀ.) ਨੇ ਸਤੰਬਰ 2002 ਵਿਚ ਪਹਿਲਾਂ ਮਹਿਸੂਲ ਹੁਕਮ ਜਾਰੀ ਕੀਤਾ ਹੈ। ਇਸ ਹੁਕਮ ਅਨੁਸਾਰ ਖੇਤੀਬਾੜੀ ਪੰਪ ਸੈਟਾਂ ਤੇ ਮਹਿਸੂਲ ਪ੍ਰਤੀ ਬੀ.ਐਚ.ਪੀ. 212/- ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਜਾਂ ਮੀਟਰ ਰਾਹੀਂ ਕੀਤੀ ਗਈ ਵਿਕਰੀ ਤੇ 2/- ਪ੍ਰਤੀ ਯੂਨਿਟ ਹੋਵੇਗਾ। ਪੰਜਾਬ ਸਰਕਾਰ ਨੇ ਖੇਤੀ ਸੈਕਟਰ ਅਤੇ ਸਮਾਜ ਦੇ ਆਰਥਿਕ ਤੌਰ ਤੇ ਪੱਛੜੇ ਵਰਗਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਖੇਤੀਬਾੜੀ ਮਹਿਸੂਲ 212/- ਰੁਪਏ ਪ੍ਰਤੀ ਬੀ.ਐਚ.ਪੀ. ਪ੍ਰਤੀ ਮਹੀਨਾ ਤੋਂ ਘਟਾ ਕੇ 60/- ਰੁਪਏ ਪ੍ਰਤੀ ਬੀ.ਐਚ.ਪੀ. ਪ੍ਰਤੀ ਮਹੀਨਾ ਕਰਕੇ ਅਤੇ ਮੀਟਰ ਵਾਲੀ ਵਿਕਰੀ ਤੇ ਇਹ ਮਹਿਸੂਲ 2/- ਰੁਪਏ ਪ੍ਰਤੀ ਯੂਨਿਟ ਤੋਂ ਘਟਾ ਕੇ 0.57 ਰੁਪਏ ਪ੍ਰਤੀ ਯੂਨਿਟ ਕਰਕੇ ਪੰਜਾਬ ਰਾਜ ਬਿਜਲੀ ਬੋਰਡ ਨੂੰ 1000 ਕਰੋੜ ਰੁਪਏ ਤੋਂ ਵਧ ਸਬਸਿਡੀ ਦਿੱਤੀ ਹੈ।

**ਉਦਯੋਗ**

105. ਆਰਥਿਕ ਉਦਾਰੀਕਰਨ ਅਤੇ ਵਿਸ਼ਵੀ ਰੁਝਾਨਾਂ ਦੇ ਸਿੱਟੇ ਵਜੋਂ ਪੰਜਾਬ ਦੇ ਉਦਯੋਗ ਨੂੰ ਉਚਿਤ ਘਰੇਲੂ ਸਹਾਇਤਾ ਦੀ ਲੋੜ ਹੈ। ਪੰਜਾਬ ਸਰਕਾਰ ਨੇ ਹੁਣੇ ਜਿਹੇ ਨਵੀਂ ਉਦਯੋਗਿਕ ਨੀਤੀ-2003 ਦਾ ਐਲਾਨ ਕੀਤਾ ਹੈ ਜਿਸ ਦਾ ਟੀਚਾ ਇਹ ਹੈ ਕਿ ਆਧਾਰ-ਸੰਰਚਨਾ ਵਿਕਾਸ ਰਾਹੀਂ ਵਿਨਿਯਮੀਕਰਨ ਤੇ ਕੰਟਰੋਲਾਂ ਨੂੰ ਘਟਾ ਕੇ ਤੇ ਆਮ ਸੁਵਿਧਾ ਰਾਹੀਂ ਅਨੁਕੂਲ ਨਿਵੇਸ਼ ਵਾਲਾ ਮਾਹੌਲ ਪੈਦਾ ਕੀਤਾ ਜਾਵੇ। ਜਿਵੇਂ ਕਿ ਮੈਂ ਆਪਣੇ ਪਿਛਲੇ ਬਜਟ ਵਿਚ ਵਾਇਦਾ ਕੀਤਾ ਸੀ ਕਿ ਨਵੀਂ ਨੀਤੀ ਚਾਰਟਡ ਇੰਜੀਨੀਅਰਾਂ ਰਾਹੀਂ ਨਵੇਂ-ਤਸਦੀਕੀਕਰਨ/ਮੁਆਇਨੇ/ਪੜਤਾਲ ਲਈ ਇੰਸਪੈਕਟਰੀ ਰਾਜ ਨੂੰ ਖਤਮ ਕਰਨ ਦਾ ਪ੍ਰਬੰਧ ਕਰਦੀ ਹੈ। ਇਸ ਨੀਤੀ ਦਾ ਇਹ ਉਦੇਸ਼ ਵੀ ਹੈ ਕਿ ਮੌਜੂਦਾ ਉਦਯੋਗਾਂ ਵਿਸ਼ੇਸ਼ ਕਰਕੇ ਛੋਟੇ ਅਤੇ ਦਰਮਿਆਨੇ ਪੈਮਾਨੇ ਦੇ ਸੈਕਟਰ ਵਾਲੇ ਉਦਯੋਗਾਂ ਨੂੰ ਮਜ਼ਬੂਤ ਕਰਨ ਲਈ ਕਦਮ ਚੁੱਕੇ ਜਾਣ ਤੇ ਇਨ੍ਹਾਂ ਵਿਚ ਮੁਕਾਬਲੇ ਦੀ ਭਾਵਨਾ ਨੂੰ ਵਧਾਇਆ

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਜਾਵੇ । ਨਵੀਂ ਉਦਯੋਗਿਕ ਨੀਤੀ ਨਾਲ ਇਹ ਕਲਪਨਾ ਵੀ ਕਰਦੀ ਹੈ ਕਿ ਨਿਯਮ ਲਾਭ ਮੁਹੱਈਆ ਕੀਤੇ ਜਾਣ :—

i) ਵਸਤੂਆ ਦੇ ਨਿਰਯਾਤ ਮੁੱਲ ਤੇ 1% ਤਕ ਭਾੜੇ ਦੀ ਸਬਸਿਡੀ ਦੇਣੀ ਅਤੇ ਨਿਰਯਾਤ ਤੇ ਪ੍ਰਤੀ ਇਕਾਈ ਨੂੰ ਵਧ ਤੋਂ ਵਧ 50.50 ਲੱਖ ਰੁਪਏ ਤੱਕ ਇਹ ਸਬਸਿਡੀ ਦੇਣੀ ।

ii) ਮੌਜੂਦਾ ਛੋਟੇ ਪੈਮਾਨੇ ਦੀਆਂ ਇਕਾਈਆਂ ਦੇ ਆਧੁਨਿਕੀਕਰਨ ਅਤੇ ਤਕਨਾ-ਲੋਜੀ ਦੇ ਦਰਜੇ ਨੂੰ ਵਧਾਉਣ ਲਈ ਅਚੱਲ ਪੂੰਜੀਗਤ ਨਿਵੇਸ਼ ਤੇ 25% ਤੱਕ ਪੂੰਜੀਗਤ ਸਬਸਿਡੀ ਜੋ 25.00 ਲੱਖ ਰੁਪਏ ਪ੍ਰਤੀ ਇਕਾਈ ਤੱਕ ਹੋਵੇਗੀ ।

iii) ਸੀਮਾਵਰਤੀ ਖੇਤਰਾਂ ਵਿਚ ਉਦਯੋਗਿਕ ਇਕਾਈਆਂ ਨੂੰ ਅਚੱਲ ਪੂੰਜੀਗਤ ਨਿਵੇਸ਼ ਤੇ 30% ਦੀ ਦਰ ਨਾਲ ਪੂੰਜੀਗਤ ਸਬਸਿਡੀ ਜੋ ਅਧਿਕਤਮ 30.00 ਲੱਖ ਰੁਪਏ ਹੋਵੇਗੀ ।

106. ਇਨ੍ਹਾਂ ਨਵੇਂ ਉਦਯੋਗਾਂ ਦੀ ਪ੍ਰੇਰਨਾ ਲਈ ਸਾਲਾਨਾ ਯੋਜਨਾ 2003-04 ਵਿਚ 100.00 ਕਰੋੜ ਰੁਪਏ ਵੰਡੇ ਜਾਣਗੇ । ਇਹ ਯਤਨ ਕੀਤੇ ਜਾ ਰਹੇ ਹਨ ਕਿ ਜੰਮੂ ਤੇ ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਦੇ ਗਵਾਂਢੀ ਰਾਜਾਂ ਨੂੰ ਦਿਤੇ ਰਿਆਇਤੀ ਆਰਥਿਕ ਪੈਕੇਜ ਦਾ ਪ੍ਰਭਾਵ ਘੱਟ ਤੋਂ ਘੱਟ ਪਵੇ ਅਤੇ ਭਾਰਤ ਸਰਕਾਰ ਪਾਸੋਂ ਕਾਨੂੰਨੀ ਰੂਪ ਵਿਚ ਕੋਈ ਪੈਕੇਜ ਪ੍ਰਾਪਤ ਕੀਤਾ ਜਾਵੇ । ਵਿਸ਼ੇਸ਼ ਆਰਥਿਕ ਜ਼ੋਨਾਂ ਤੋਂ ਇਲਾਵਾ ਆਰਥਿਕ ਤਕਨਾਲੋਜੀ ਦਰਜਾ ਉੱਚਾ ਚੁੱਕਣ, ਕਿਸਮ ਵਿਚ ਸੁਧਾਰ, ਸਾਂਝੀਆਂ ਜਾਂਚ ਸਹੂਲਤਾਂ, ਕੁਸ਼ਲਤਾ ਦਾ ਦਰਜਾ ਉੱਚਾ ਚੁੱਕਣ, ਸਾਈਕਲਾਂ ਲਈ ਕਲਸਚਰ ਸਥਾਪਿਤ ਕਰਨ, ਸਟੀਲ ਰੋਲਿੰਗ ਆਦਿ ਲਈ ਨਵੇਂ ਪ੍ਰੋਗਰਾਮ ਉਲੀਕੇ ਜਾ ਰਹੇ ਹਨ ।

**ਸੜਕਾਂ ਤੇ ਪੁਲ**

107. ਰਾਜ ਸਰਕਾਰ, ਰਾਜ ਵਿਚ ਚੰਗੀ ਮਿਆਰੀ ਸੜਕ ਆਧਾਰਕ-ਸੰਰਚਨਾ ਉਪਲਬਧ ਕਰਨ ਲਈ ਵਚਨਬੱਧ ਹੈ । ਰਾਜ ਵਿਚ ਸੜਕਾਂ ਦੀ ਕੁਲ ਲੰਬਾਈ 52423 ਕਿਲੋਮੀਟਰ ਹੈ ਜਿਨ੍ਹਾਂ ਵਿਚ 1666 ਕਿਲੋਮੀਟਰ ਰਾਸ਼ਟਰੀ ਮਹਾਂ ਮਾਰਗ, 1485 ਕਿਲੋਮੀਟਰ ਰਾਜ ਮਹਾਂ ਮਾਰਗ, 1808 ਕਿਲੋਮੀਟਰ ਮੁੱਖ ਜ਼ਿਲ੍ਹਾ ਸੜਕਾਂ ਅਤੇ 4081 ਕਿਲੋਮੀਟਰ ਹੋਰ ਜ਼ਿਲ੍ਹਾ ਸੜਕਾਂ ਸ਼ਾਮਿਲ ਹਨ । ਬਾਕੀ ਦੀਆਂ 39564 ਕਿਲੋਮੀਟਰ ਪੇਂਡੂ ਲਿੰਕ ਸੜਕਾਂ ਹਨ ਅਤੇ 3819 ਕਿਲੋਮੀਟਰ ਸ਼ਹਿਰੀ ਸੜਕਾਂ ਹਨ । ਰਾਜ ਮਹਾਂ ਮਾਰਗਾਂ ਦਾ 911% ਅਤੇ ਮੁਖ ਜ਼ਿਲ੍ਹਾ ਸੜਕਾਂ ਦਾ 94% ਦੋ ਮਾਰਗੀ ਨਾਲੋਂ ਘੱਟ ਹਨ ਜੋ ਟ੍ਰੈਫਿਕ ਸੁਰੱਖਿਆ ਖਤਰਾ ਹੈ । ਲੋਕ ਨਿਰਮਾਣ ਵਿਭਾਗ ਇਨ੍ਹਾਂ ਸਕੀਮਾਂ ਨੂੰ ਮੁਖ ਰੂਪ ਵਿਚ ਨਬਾਰਡ ਕੇਂਦਰੀ ਸੜਕ ਫੰਡ (ਸੀ.ਆਰ.ਐਫ.) ਦੀ ਸਹਾਇਤਾ ਨਾਲ ਲਾਗੂ ਕਰਦਾ ਰਿਹਾ ਹੈ ਅਤੇ ਫੰਡ ਭਾਰਤ ਸਰਕਾਰ ਅਤੇ ਪੰਜਾਬ ਆਧਾਰਕ ਸੰਰਚਨਾ ਵਿਕਾਸ ਬੋਰਡ (ਪੀ.ਆਈ.ਡੀ.ਬੀ) ਦੁਆਰਾ ਮੁਹੱਈਆ ਕੀਤੇ ਜਾਂਦੇ ਹਨ ।

Original with;
Punjab Vidhan Sabha
Digitized by;

108. ਸੜਕਾਂ ਤੇ ਪੁਲਾਂ ਦੀ ਆਧਾਰਕ ਸੰਰਚਨਾ ਨੂੰ ਮਜ਼ਬੂਤ ਕਰਨ ਲਈ ਸਾਲ 2003-04 ਦੌਰਾਨ 297.44 ਕਰੋੜ ਰੁਪਏ ਦੀ ਰਕਮ ਮੁਹੱਈਆ ਕੀਤੀ ਗਈ ਹੈ ਜਿਸ ਵਿਚ 150.00 ਕਰੋੜ ਰੁਪਏ ਨਾਬਾਰਡ ਸਕੀਮਾਂ ਲਈ, 100.00 ਕਰੋੜ ਰੁਪਏ ਰਾਜ ਵਿਚ ਆਧਾਰਕ ਸੰਰਚਨਾ ਦੇ ਵਿਕਾਸਕਾਰਾਂ ਲਈ, ਪੂੰਜੀਗਤ ਸਬਸਿਡੀ ਦੀ ਨਵੀਂ ਸਕੀਮ ਲਈ ਅਤੇ 40.43 ਕਰੋੜ ਰੁਪਏ ਸੀ.ਆਰ.ਐਫ ਵਿਚੋਂ ਸਕੀਮਾਂ ਲਈ ਹਨ । ਇਸ ਤੋਂ ਇਲਾਵਾ ਸਾਲਾਨਾ ਯੋਜਨਾ 2003-04 ਵਿਚ ਸੜਕ ਸੁਰੱਖਿਆ ਉਪਾਵਾਂ ਦੀ ਇਕ ਹੋਰ ਨਵੀਂ ਸਕੀਮ 7.00 ਕਰੋੜ ਰੁਪਏ ਦੀ ਕੁਲ ਲਾਗਤ ਵਿਚ ਸ਼ਾਮਿਲ ਕੀਤੀ ਗਈ ਹੈ ।

109. ਰਾਜ ਸਰਕਾਰ ਨੇ "ਪੰਜਾਬ ਆਧਾਰਕ-ਸੰਰਚਨਾ (ਵਿਕਾਸ ਅਤੇ ਰੈਗੂਲੇਸ਼ਨ) ਐਕਟ 2002" ਨਾਂ ਦਾ ਇੱਕ ਕਾਨੂੰਨ ਬਣਾਇਆ ਹੈ ਜਿਸ ਵਿਚ ਪ੍ਰਾਈਵੇਟ ਯੋਗਦਾਨ ਦੀ ਮਿਆਰੀ ਪ੍ਰਕ੍ਰਿਆ ਅਤੇ ਪੰਜਾਬ ਆਧਾਰਕ ਸੰਰਚਨਾ; ਰੈਗੂਲੇਟਰੀ ਅਥਾਰਟੀ (ਪੀ.ਆਈ ਆਰ.ਏ) ਦੀ ਸਥਾਪਨਾ ਵਲ ਧਿਆਨ ਦੇਵੇਗਾ । ਪੀ.ਆਈ.ਡੀ.ਬੀ. ਨੇ ਅਨੁਮਾਨਤ 500.00 ਕਰੋੜ ਰੁਪਏ ਦੇ ਕਾਰਜ ਸੌਂਪੇ ਹਨ ਜਿਨ੍ਹਾਂ ਦੀ ਨੇੜਲੇ ਭਵਿੱਖ ਵਿੱਚ ਸੰਪੂਰਨ ਹੋਣ ਦੀ ਸੰਭਾਵਨਾ ਹੈ । ਸੜਕਾਂ ਅਤੇ ਪੁਲ ਸੈਕਟਰ ਵਿੱਚ ਪੀ.ਆਈ.ਡੀ.ਬੀ. ਨੇ ਚੰਡੀਗੜ੍ਹ-ਲੁਧਿਆਣਾ ਸ਼ਾਹ ਮਾਰਗ, ਜ਼ੀਰਕਪੁਰ-ਪਟਿਆਲਾ ਸ਼ਾਹ ਮਾਰਗ, ਖੰਨਾ-ਮਾਛੀਵਾੜਾ-ਨਵਾਂ ਸ਼ਹਿਰ ਸੜਕ, ਰੋਪੜ-ਨਵਾਂ ਸ਼ਹਿਰ-ਫਗਵਾੜਾ ਸ਼ਾਹ ਮਾਰਗ, ਜਗਰਾਓਂ-ਨਕੋਦਰ ਰੋਡ, ਗੁਰਦਾਸਪੁਰ-ਮੁਕੇਰੀਆਂ ਰੋਡ, ਨੂੰ ਚੋੜਾ ਅਤੇ ਪੱਕਾ ਕਰਨ ਲਈ ਮੁੱਖ ਪ੍ਰਾਜੈਕਟ ਸ਼ੁਰੂ ਕਰ ਚੁੱਕਾ ਹੈ/ਅਮਲ ਵਿਚ ਲਿਆ ਰਿਹਾ ਹੈ । ਇਸ ਤੋਂ ਇਲਾਵਾ ਕੁਝ ਸ਼ਹਿਰਾਂ ਵਿੱਚ ਚਾਰ-ਮਾਰਗੀ ਸੜਕਾਂ ਅਤੇ ਉੱਚ ਪੱਧਰ ਦੇ ਅਤੇ ਰੇਲਵੇ ਓਵਰ ਬ੍ਰਿਜ ਵੀ ਉਸਾਰੇ ਜਾਣੇ ਹਨ । ਪੀ.ਆਈ.ਡੀ.ਬੀ ਦਾ ਮੁੱਖ ਸਰੋਤ ਪੈਟ੍ਰੋਲ ਅਤੇ ਖੇਤੀਬਾੜੀ ਉਪਜ ਉਪਰ ਉਪ-ਕਰ/ਫੀਸ ਹੈ ਸਿਵਾਏ ਫਲਾਂ ਅਤੇ ਸਬਜੀਆਂ ਦੇ ਜਿਸ ਤੋਂ ਫਰਵਰੀ 2003 ਤੱਕ 129.00 ਕਰੋੜ ਰੁਪਏ ਦੀ ਆਮਦਨ ਹੋਈ ਹੈ ਜਿਸ ਤੋਂ ਸਾਲ 2001-02 ਦੇ ਮੁਕਾਬਲੇ 45% ਦਾ ਵਾਧਾ ਹੋਇਆ ਹੈ । ਇਸ ਤੋਂ ਇਲਾਵਾ ਪੀ.ਆਈ.ਡੀ.ਬੀ. ਬਾਂਡ ਜਾਰੀ ਕਰਕੇ ਫੰਡ ਜੁਟਾਉਂਦਾ ਰਿਹਾ ਹੈ । ਮਿਆਰੀ ਆਧਾਰਕ ਸੰਰਚਨਾ ਮੁਹੱਈਆ ਕਰਨ ਲਈ ਅਤੇ ਉਸ ਵਿਚ ਵਾਧੇ ਲਈ ਪੀ.ਆਈ.ਡੀ.ਬੀ. ਵੱਖ-ਵੱਖ ਆਧਾਰਕ ਸੰਰਚਨਾ ਸੈਕਟਰਾਂ ਜਿਵੇਂ ਕਿ ਟ੍ਰਾਂਸਪੋਰਟ, ਸਿਹਤ, ਉਦਯੋਗ, ਹਾਊਸਿੰਗ ਅਤੇ ਬਿਜਲੀ ਆਦਿ ਵਿਚ ਪ੍ਰਾਈਵੇਟ ਨਿਵੇਸ਼ ਕਰਵਾਉਣ ਦਾ ਯਤਨ ਕਰ ਰਿਹਾ ਹੈ । ਪੀ.ਆਈ.ਡੀ.ਬੀ. ਸਾਲ 2003-04 ਦੌਰਾਨ ਵੱਖ ਵੱਖ ਆਧਾਰਕ ਸੰਰਚਨਾ ਸਕੀਮਾਂ/ਪ੍ਰਾਜੈਕਟਾਂ ਤੇ 375.00 ਕਰੋੜ ਰੁਪਏ ਖਰਚ ਕਰੇਗਾ ।

### ਵਿਗਿਆਨਕ ਖੰਜ

110. ਜਲੰਧਰ-ਕਪੂਰਥਲਾ ਸੜਕ ਤੇ 71 ਏਕੜ ਜ਼ਮੀਨ ਤੇ ਪੁਸ਼ਪਾ ਗੁਜਰਾਲ ਵਿਗਿਆਨ ਸ਼ਹਿਰ ਸਥਾਪਤ ਕੀਤਾ ਜਾ ਰਿਹਾ ਹੈ । ਭਾਰਤ ਸਰਕਾਰ ਨੇ ਇਸ ਪ੍ਰਾਜੈਕਟ ਲਈ 70.00 ਕਰੋੜ ਰੁਪਏ ਦੇਣ ਦੀ ਵਚਨਬੱਧਤਾ ਕੀਤੀ ਹੈ । ਇਸ ਵਿਚ ਜ਼ਮੀਨ ਦੇ ਵਿਕਾਸ ਲਈ ਰਾਜ ਸਰਕਾਰ ਦਾ ਯੋਗਦਾਨ 30.00 ਕਰੋੜ ਰੁਪਏ ਹੈ । ਭਾਰਤ ਸਰਕਾਰ

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਪਾਸੋਂ ਪ੍ਰਾਪਤ ਕੀਤੀ 37.00 ਕਰੋੜ ਰੁਪਏ ਦੀ ਧਨ ਰਾਸ਼ੀ ਵਰਤੀ ਜਾ ਚੁਕੀ ਹੈ। ਬਾਕੀ ਬਚਦੀ 33.00 ਕਰੋੜ ਰੁਪਏ ਦੀ ਧਨ ਰਾਸ਼ੀ ਸਾਲ 2003-04 ਵਿਚ ਪ੍ਰਾਪਤ ਕੀਤੀ ਜਾਵੇਗੀ। ਇਹ ਵਿਗਿਆਨਕ ਸ਼ਹਿਰ ਜਦੋਂ ਮੁਕੰਮਲ ਹੋ ਜਾਵੇਗਾ ਤਾਂ ਉੱਤਰੀ ਭਾਰਤ ਵਿਚ ਜੀਵਨ ਦੇ ਸਾਰੇ ਖੇਤਰਾਂ ਦੇ ਲੋਕਾਂ ਲਈ ਇਕ ਅੱਦਭੁਤ ਕੇਂਦਰ ਹੋਵੇਗਾ।

111. ਵਿਗਿਆਨ ਅਤੇ ਤਕਨਾਲੋਜੀ ਲਈ ਪੰਜਾਬ ਰਾਜ ਕੌਂਸਲ ਨੇ ਛੋਟੇ ਪੈਮਾਨੇ ਦੇ ਉਦਯੋਗ ਨੂੰ ਪ੍ਰਦੂਸ਼ਣ ਕੰਟ੍ਰੋਲ ਵਿਧੀਆਂ ਲਗਾਉਣ ਦੇ ਸਬੰਧ ਵਿਚ ਸੇਧ ਦੇਣ ਲਈ ਇਕ ਸਲਾਹਕਾਰ ਸੈਲ ਦੀ ਸਥਾਪਨਾ ਕੀਤੀ ਹੈ। ਕੌਂਸਲ ਨੇ ਛੋਟੇ ਬੋਰ ਸੀਵਰੇਜ ਪ੍ਰਣਾਲੀ ਰਾਹੀਂ ਪਿੰਡਾਂ ਦੇ ਸਮੂਹਕ ਵਿਕਾਸ ਪ੍ਰਾਜੈਕਟ ਸ਼ੁਰੂ ਕੀਤੇ ਹਨ ਤਾਂ ਕਿ ਡੱਕਵੀਡ ਪ੍ਰਣਾਲੀ ਰਾਹੀਂ ਸੀਵਰੇਜ ਸੋਧ ਕੀਤੀ ਜਾ ਸਕੇ ਅਤੇ ਗਊ ਦੇ ਗੋਹੇ ਅਤੇ ਗੰਦਗੀ ਦੀ ਖਾਦ ਬਣਾਈ ਜਾ ਸਕੇ। ਕੌਂਸਲ ਨੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਜ਼ਮੀਨਦੋਜ਼ ਖਾਰੇ ਪਾਣੀ ਵਿਚੋਂ ਖਾਰ ਕੱਢਣ ਲਈ ਪ੍ਰਦਰਸ਼ਨੀ ਪ੍ਰਾਜੈਕਟ ਨੂੰ ਵੀ ਅੰਤਿਮ ਰੂਪ ਦਿੱਤਾ ਹੈ ਤਾਂ ਕਿ ਲੋਕਾਂ ਦੀ ਸਿਹਤ ਅਤੇ ਵਾਤਾਵਰਣ ਵਿਚ ਸੁਧਾਰ ਕੀਤਾ ਜਾ ਸਕੇ। ਕੌਂਸਲ ਨੇ ਫਿਲੌਰ ਵਿਚ ਚਮੜਾ ਰੰਗਣ ਦੇ 40 ਕਾਰਖਾਨਿਆਂ ਵਿਚ ਇਕ ਸਮੂਹਕ ਨਿਰਗਮ ਸੋਧ ਪਲਾਂਟ ਸਥਾਪਤ ਕਰਨ ਵਿਚ ਵੀ ਸਹਾਇਤਾ ਕੀਤੀ ਹੈ। ਕੌਂਸਲ ਵਾਤਾਵਰਣੀ ਸਿੱਖਿਆ ਦੇ ਖੇਤਰ ਵਿਚ ਵਿਸ਼ਵ ਪੱਧਰ ਤੇ ਯੋਗਦਾਨ ਪਾ ਰਹੀ ਹੈ। ਯੂਨੈਸਕੋ ਨੇ ਤਕਨੀਕੀ ਅਤੇ ਪੇਸ਼ਾਵਰ ਸਿੱਖਿਆ ਵਿਚ ਵਾਤਾਵਰਣੀ ਵਿਸ਼ਿਆ ਨੂੰ ਸ਼ਾਮਿਲ ਕਰਨ ਲਈ ਇਸ ਨੂੰ ਏਸ਼ੀਆ ਲਈ ਇਕ ਖੇਤਰੀ ਭਾਈਵਾਲ ਦੇ ਤੌਰ ਤੇ ਜਾਣਿਆ ਹੈ।

**ਵਾਤਾਵਰਣ**

112. ਪੰਜਾਬ ਪ੍ਰਦੂਸ਼ਣ ਕੰਟ੍ਰੋਲ ਬੋਰਡ ਨੇ ਸਾਲ 2002-03 ਦੌਰਾਨ 161 ਨਿਰਗਮ ਸੋਧ ਪਲਾਂਟ ਅਤੇ 821 ਹਵਾ ਪ੍ਰਦੂਸ਼ਣ ਕੰਟ੍ਰੋਲ ਪ੍ਰਣਾਲੀਆਂ ਲਗਵਾਈਆਂ ਹਨ। ਬੋਰਡ ਨੇ ਮੁਖ ਸੜਕਾਂ ਦੇ ਨਾਲ ਨਾਲ 100% ਕਾਲਾ ਧੂੰਆਂ ਛੱਡਣ ਵਾਲੇ ਉਦਯੋਗਾਂ ਦਾ ਨਿਰੀਖਣ ਕੀਤਾ ਹੈ ਅਤੇ ਉਨ੍ਹਾਂ ਨੂੰ ਇਸ ਗੱਲ ਲਈ ਪ੍ਰੇਰਿਤ ਕੀਤਾ ਹੈ ਕਿ ਉਹ ਹਵਾ ਪ੍ਰਦੂਸ਼ਣ ਕੰਟ੍ਰੋਲ ਲਈ ਉਚਿਤ ਪ੍ਰਬੰਧ ਕਰਨ। ਬੋਰਡ ਨੇ ਉਦਯੋਗਿਕ, ਰਿਹਾਇਸ਼ੀ ਅਤੇ ਵਪਾਰਕ ਖੇਤਰਾਂ ਵਿਚ ਹਵਾ ਨਿਰੀਖਣ ਲਈ 19 ਸਥਾਈ ਨਿਰੀਖਣ ਸਟੇਸ਼ਨ ਕਾਇਮ ਕੀਤੇ ਹਨ। ਬੋਰਡ, ਰਾਜ ਦੇ ਚਾਰ ਦਰਿਆਵਾਂ ਅਰਥਾਤ ਰਾਵੀ, ਬਿਆਸ, ਸਤਲੁਜ ਤੇ ਘੱਗਰ ਤੇ 37 ਸੈਂਪਲ ਭਰਨ ਵਾਲੇ ਸਟੇਸ਼ਨਾਂ ਤੇ ਪਾਣੀ ਦੀ ਕਿਸਮ ਦਾ ਨਿਰੀਖਣ ਕਰ ਰਿਹਾ ਹੈ। ਬਾਇਓ ਮੈਡੀਕਲ ਵੇਸਟ ਨਿਯਮ 1998 ਅਨੁਸਾਰ ਬਾਇਓ ਮੈਡੀਕਲ ਵੇਸਟ ਪੈਦਾ ਕਰਨ ਵਾਲੇ ਹਸਪਤਾਲਾਂ/ਨਰਸਿੰਗ ਹੋਮਾਂ ਦੀ ਸੂਚੀ ਮੁਕੰਮਲ ਕੀਤੀ ਹੈ।

**ਸੈਰ ਸਪਾਟਾ**

113. ਧਾਰਮਿਕ ਅਤੇ ਸਭਿਆਚਾਰਕ ਵਿਰਸੇ ਤੇ ਵਿਸ਼ੇਸ਼ ਤੌਰ ਤੇ ਧਿਆਨ ਕੇਂਦਰਿਤ ਕਰਕੇ ਅਤੇ ਰਾਜ ਵਿਚ ਸੈਰ ਸਪਾਟਾ ਮੰਡੀਕਰਣ ਅਤੇ ਆਧਾਰਿਤ ਸੰਰਚਨਾ ਵਿਚ ਵਿਭਿੰਨਤਾ ਲਿਆਂਦੀ ਜਾਵੇ ਅਤੇ ਉਸ ਨੂੰ ਵਿਸਤ੍ਰਿਤ ਕਰਕੇ ਸੈਰ ਸਪਾਟਾ ਸਥਾਨਾਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਨੂੰ ਵਿਕਸਤ ਕਰਨ ਦੀ ਇਕ ਨਵੀਂ ਸੈਰ ਸਪਾਟਾ ਨੀਤੀ ਬਣਾਈ

Original with;
Punjab Vidhan Sabha
Digitized by;

ਜਾ ਰਹੀ ਹੈ ਕਿਉਂਕਿ ਸੈਰ ਸਪਾਟਾ ਸੇਵਾ ਵਾਲਾ ਇਕ ਸੈਕਟਰ ਹੈ ਜ ਸਮੁੱਚਾ ਰਾਜ ਘਰੇਲੂ ਉਤਪਾਦਨ (ਜੀ.ਐਸ.ਡੀ.ਪੀ.) ਵਿਚ ਯੋਗਦਾਨ ਪਾਵੇਗਾ ਅਤੇ ਰੋਜ਼ਗਾਰ ਨੂੰ ਵਧਾਵੇਗਾ ।

**ਸਿੱਖਿਆ**

114. ਅਰਥ-ਵਿਵਸਥਾ ਦੇ ਵਿਕਾਸ ਦੇ ਬਾਵਜੂਦ ਪੰਜਾਬ, ਸਿੱਖਿਆ ਦੇ ਖੇਤਰ ਵਿਚ ਦੂਜੇ ਰਾਜਾਂ ਦੇ ਮੁਕਾਬਲੇ 15ਵੇਂ ਸਥਾਨ ਤੇ ਚਲਾ ਗਿਆ ਹੈ ਜਿਸਦੀ ਸਾਖ਼ਰਤਾ ਦਰ 69.95% ਹੈ । ਇਸ ਲਈ ਸਿੱਖਿਆ, ਜੋ ਕਿ ਮਨੁੱਖੀ ਵਿਕਾਸ ਦਾ ਆਧਾਰ ਹੈ ਚਿੰਤਾ ਦਾ ਮੁੱਖ ਕਾਰਣ ਬਣ ਗਿਆ ਹੈ ।

115. ਸਕੂਲ ਪ੍ਰਣਾਲੀ ਦੀ ਯੋਗਤਾ ਨੂੰ ਵਧਾਉਣ ਲਈ ਅਤੇ ਸਾਲ 2010 ਤੱਕ ਮੁੱਢਲੀ ਸਿੱਖਿਆ ਨੂੰ ਸਰਬ ਵਿਆਪਕ ਕਰਨ ਦੇ ਟੀਚੇ ਨੂੰ ਹਾਸਿਲ ਕਰਨ ਲਈ ਸਿੱਖਿਆ ਦੀ ਦੋ ਧੁਰੀ ਪ੍ਰਣਾਲੀ ਅਰਥਾਤ ਅੱਠਵੀਂ ਜਮਾਤ ਤਕ ਮੁੱਢਲੀ ਸਿੱਖਿਆ ਅਤੇ 10+2 ਕਲਾਸ ਦੀ ਸੈਕੰਡਰੀ ਸਿੱਖਿਆ ਦੀ ਪ੍ਰਣਾਲੀ ਲਾਗੂ ਕੀਤੀ ਗਈ ਹੈ । ਰਾਜ ਸਰਕਾਰ ਵਧੀਕ ਕਲਾਸ ਰੂਮਾਂ ਅਤੇ ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਉਪਲੱਬਧ ਕਰਕੇ ਮੁੱਢਲੀ ਸਿੱਖਿਆ ਵਿਚ ਭਰਤੀ ਨੂੰ ਵਧਾਉਣ ਲਈ ਜ਼ਰੂਰੀ ਕਦਮ ਚੁੱਕ ਰਹੀ ਹੈ । "ਸਰਵ ਸਿੱਖਿਆ ਅਭਿਆਨ" (ਐਸ.ਐਸ ਏ) ਦੇ ਅਧੀਨ ਸਾਲ 2003-04 ਦੌਰਾਨ 214.70 ਕਰੋੜ ਰੁਪਏ ਦੀ ਰਕਮ ਮੁਹੱਈਆ ਕੀਤੀ ਗਈ ਹੈ ਜਿਸ ਵਿਚ ਰਾਜ ਦਾ ਹਿੱਸਾ 53.70 ਕਰੋੜ ਰੁਪਏ ਹੈ । ਮੁੱਢਲੀ ਪੱਧਰ ਦੀ ਸਿੱਖਿਆ ਵਿਚ ਪੰਚਾਇਤੀ ਰਾਜ ਸੰਸਥਾਵਾਂ (ਪੀ.ਆਰ.ਆਈ.'ਜ) ਨੂੰ ਕ੍ਰਿਆਸ਼ੀਲ ਰੂਪ ਵਿੱਚ ਸ਼ਾਮਿਲ ਕੀਤਾ ਜਾ ਰਿਹਾ ਹੈ । ਲੱਗਭਗ 19329 ਮੁੱਢਲੇ ਸਕੂਲਾਂ ਵਿੱਚ ਗ੍ਰਾਮ ਸਿੱਖਿਆ ਵਿਕਾਸ ਕਮੇਟੀਆਂ (ਵੀ ਈ.ਡੀ.ਸੀ'ਜ਼) ਸਥਾਪਿਤ ਕੀਤੀਆਂ ਗਈਆਂ ਹਨ ਅਤੇ ਐਸ.ਐਸ ਏ. ਅਧੀਨ ਸਕੂਲਾਂ ਲਈ ਨਿਰਧਾਰਿਤ ਸਾਰੇ ਫੰਡ ਇਨ੍ਹਾਂ ਗ੍ਰਾਮ ਸਿੱਖਿਆ ਵਿਕਾਸ ਕਮੇਟੀਆਂ ਰਾਹੀਂ ਵੰਡੇ ਜਾ ਰਹੇ ਹਨ । ਐਸ.ਐਸ.ਏ ਦੇ ਪ੍ਰੋਗਰਾਮ ਅਧੀਨ ਅਗਲੇ ਅਕਾਦਮਿਕ ਸੈਸ਼ਨ ਤੋਂ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਗੈਰ-ਅਨੁਸੂਚਿਤ ਜਾਤੀਆਂ ਦੀਆਂ ਸਾਰੀਆ ਲੜਕੀਆਂ ਨੂੰ ਮੁਫਤ ਪਾਠ ਪੁਸਤਕਾਂ ਵੀ ਦਿੱਤੀਆ ਜਾਣਗੀਆਂ ।

116. ਅਗਲੇ ਸਾਲ ਦੀ ਯੋਜਨਾ ਵਿੱਚ 1.17 ਕਰੋੜ ਰੁਪਏ ਦੀ ਲਾਗਤ ਨਾਲ ਅੰਗਹੀਣ ਵਿਦਿਆਰਥੀਆਂ ਨੂੰ ਸਿੱਖਿਆ ਸਹੂਲਤਾਂ ਦੇਣ ਲਈ ਇੱਕ ਵਿਸ਼ੇਸ਼ ਸਕੀਮ ਸ਼ਾਮਿਲ ਕੀਤੀ ਗਈ ਹੈ । ਸੂਚਨਾ ਅਤੇ ਤਕਨਾਲੋਜੀ ਕ੍ਰਾਂਤੀ ਦੀਆਂ ਭਵਿੱਖਤ ਚੁਣੌਤੀਆਂ ਦਾ ਸਾਹਮਣਾ ਕਰਨ ਲਈ 6ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਲਾਜ਼ਮੀ ਕੰਪਿਊਟਰ ਸਿੱਖਿਆ ਦਿੱਤੇ ਜਾਣ ਦੀ ਤਜਵੀਜ਼ ਵੀ ਹੈ ।

117. ਉਚੇਰੀ ਸਿੱਖਿਆ ਵਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ ਜਿਸ ਲਈ ਸਾਲ 2003-04 ਦੌਰਾਨ 6.39 ਕਰੋੜ ਰੁਪਏ ਰੱਖੇ ਗਏ ਹਨ । ਸਾਲਾਨਾ ਯੋਜਨਾ 2003-04 ਦੌਰਾਨ ਪਿੰਡਾਂ ਦੇ ਗੈਰ-ਸਹਾਇਤਾ ਪ੍ਰਾਪਤ ਕਾਲਜਾਂ ਜਿਨ੍ਹਾਂ ਦਾ ਪ੍ਰਬੰਧ ਪ੍ਰਾਈਵੇਟ ਕੀਤਾ ਜਾਂਦਾ ਹੈ, ਨੂੰ ਬੁਨਿਆਦੀ ਆਧਾਰਿਤ ਸੰਰਚਨਾ ਮੁਹੱਈਆ ਕਰਨ ਲਈ ਇਕੋ ਸਮੇਂ

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਦਿੱਤੀ ਜਾਣ ਵਾਲੀ ਮਾਲੀ ਸਹਾਇਤਾ ਦੀ ਇਕ ਨਵੀਂ ਸਕੀਮ ਨੂੰ ਸਵੀਕਾਰ ਕੀਤਾ ਗਿਆ ਹੈ ।

118. ਇਨ੍ਹਾਂ ਸਾਰੇ ਪ੍ਰਗਤੀਸ਼ੀਲ ਕਦਮਾਂ ਨੂੰ ਆਮ ਸਿੱਖਿਆ ਦੀ ਉਪ ਮੱਦ ਅਧੀਨ ਸਾਲ 2002-2003 ਲਈ 115.90 ਕਰੋੜ ਰੁਪਏ ਦੀ ਸੋਧੀ ਬਜਟ ਵੰਡ ਨੂੰ ਸਾਲ 2003-04 ਲਈ ਵਧਾਈ ਗਈ 146.20 ਕਰੋੜ ਰੁਪਏ ਦੀ ਵੰਡ ਵਿੱਚ ਦਰਸਾਇਆ ਗਿਆ ਹੈ ।

ਤਕਨੀਕੀ ਸਿੱਖਿਆ

119. ਰਾਜ ਸਰਕਾਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਨੂੰ ਉੱਚ ਤਰਜੀਹ ਦਿੰਦੀ ਹੈ । ਸਾਲ 2003-04 ਦੌਰਾਨ ਇਸ ਗੱਲ ਲਈ ਯਤਨ ਕੀਤਾ ਜਾਵੇਗਾ ਕਿ ਤਕਨੀਕੀ ਸਿੱਖਿਆ, ਉਦਯੋਗ ਦੀਆਂ ਲੋੜਾਂ ਨੂੰ ਪੂਰਾ ਕਰ ਸਕੇ । ਵਿਭਾਗ ਮੁੱਖ ਰੂਪ ਵਿਚ ਸਰੋਤਾਂ ਨੂੰ ਇਕੱਤਰ ਕਰਨ ਤੇ ਜ਼ੋਰ ਦੇਵੇਗਾ ਤਾਂ ਕਿ ਸਿਖਲਾਈ ਦੀ ਕਿਸਮ ਵਿੱਚ ਸੁਧਾਰ ਅਤੇ ਇਸ ਦੀ ਅਧਿਕਤਮ ਵਰਤੋਂ ਦੇ ਨਾਲ ਨਾਲ ਪੇਸ਼ਾਵਰੀ ਸਿਖਲਾਈ ਸਹੂਲਤਾਂ ਦਾ ਦਰਜਾ ਉੱਚਾ ਚੁੱਕਿਆ ਜਾਵੇ ਅਤੇ ਇਨਾਂ ਦਾ ਆਧੁਨਿਕੀਕਰਨ ਕੀਤਾ ਜਾਵੇ । ਸਿੱਖਿਆ ਦੀ ਕਿਸਮ ਵਿੱਚ ਸੁਧਾਰ ਲਿਆਉਣ ਲਈ ਤਕਨਾਲੋਜੀ ਾਂ ਨਵਾਂ ਜ਼ੋਰ ਦਿੱਤਾ ਜਾਵੇਗਾ । ਤਕਨੀਕੀ ਸਿੱਖਿਆ ਪ੍ਰਣਾਲੀ ਨੂੰ ਸਵੈ-ਸਹਾਇਕ ਬਨਾਉਣ ਦੇ ਯਤਨ ਵੀ ਕੀਤੇ ਜਾ ਰਹੇ ਹਨ । ਇਸ ਗੱਲ ਲਈ ਉਚਿਤ ਕਦਮ ਚੁੱਕੇ ਜਾਣਗੇ ਕਿ ਪ੍ਰਾਪਤ ਕਰਨ ਯੋਗ ਤਕਨੀਕੀ ਸਿੱਖਿਆ ਅਤੇ ਪੇਸ਼ਾਵਰ ਸਿਖਲਾਈ ਨੂੰ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ, ਅਨੁਸੂਚਿਤ ਜਾਤੀਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਲਈ ਉਪਲੱਬਧ ਕੀਤਾ ਜਾਵੇ । ਸਾਲ 2003-04 ਦੌਰਾਨ ਮਸ਼ੀਨਰੀ ਦੇ ਆਧੁਨਿਕੀਕਰਨ, ਮੈਨੇਜਮੈਂਟ ਸੂਚਨਾ ਪ੍ਰਣਾਲੀ ਸਥਾਪਿਤ ਕਰਨ, ਅਨੁਸੂਚਿਤ ਜਾਤੀਆਂ ਦੇ ਸਿੱਖਿਆਰਥੀਆਂ ਨੂੰ ਮੁਫਤ ਪੁਸਤਕਾਂ ਅਤੇ ਔਜ਼ਾਰ ਕਿੱਟਾਂ ਦੇਣ, ਪੁਰਾਣੇ ਅਤੇ ਸਮਾਂ-ਅਤੀਤ ਹੋਏ ਕੋਰਸਾਂ ਵਿੱਚ ਵਿਭਿੰਨਤਾ ਲਿਆਉਣ ਨੂੰ ਉਚਿਤ ਤਰਜੀਹ ਦਿੱਤੀ ਜਾਵੇਗੀ । ਸਾਲਾਨਾ ਯੋਜਨਾ 2003-04 ਵਿਚ ਇਸ ਸੈਕਟਰ ਲਈ 5.62 ਕਰੋੜ ਰੁਪਏ ਦਾ ਖਰਚਾ ਮਨਜ਼ੂਰ ਕੀਤਾ ਗਿਆ ਹੈ ।

ਡਾਕਟਰੀ ਅਤੇ ਜਨ ਸਿਹਤ

120. ਸਿਹਤ ਸੰਭਾਲ ਇਕ ਅਜਿਹੀ ਬੁਨਿਆਦੀ ਮਨੁੱਖੀ ਲੋੜ ਹੈ ਜੋ ਖੁਸ਼ੀ ਭਰੀ ਅਤੇ ਸਿਹਤਮੰਦ ਜ਼ਿੰਦਗੀ ਲਈ ਅਤੀ ਜ਼ਰੂਰੀ ਹੈ । ਦੂਜੇ ਪਾਸੇ ਮਾੜੀ ਸਿਹਤ ਦਾ ਵਿਅਕਤੀ ਉਸ ਦੇ ਪਰਿਵਾਰ, ਭਾਈਚਾਰੇ ਅਤੇ ਸਮਾਜ ਤੇ ਪ੍ਰਤਿਕੂਲ ਪ੍ਰਭਾਵ ਪੈਂਦਾ ਹੈ । ਉਪ ਕੇਂਦਰਾਂ, ਸਹਾਇਕ ਸਿਹਤ ਕੇਂਦਰਾਂ/ਡਿਸਪੈਂਸਰੀਆਂ, ਮੁੱਦਲੇ ਅਤੇ ਭਾਈਚਾਰਕ ਕੇਂਦਰਾਂ ਵਰਗੀਆਂ ਸਿਹਤ ਸੰਸਥਾਵਾਂ ਦੇ ਇੱਕ ਚੰਗੇ ਨੈਟੱਵਰਕ ਰਾਹੀਂ ਇਕ ਵਿਸਤ੍ਰਿਤ ਸਿਹਤ ਸੰਭਾਲ ਸੁਨਿਸ਼ਚਿਤ ਕਰਨ ਲਈ ਨਿਰੰਤਰ ਜ਼ੋਰਦਾਰ ਯਤਨ ਕੀਤੇ ਜਾ ਰਹੇ ਹਨ । ਇਸ ਲਈ ਸਾਲ 2003-04 ਦੀ ਸਾਲਾਨਾ ਯੋਜਨਾ ਵਿਚ 104.50 ਕਰੋੜ ਰੁਪਏ ਦਾ ਉਪਬੰਧ

Original with;
Punjab Vidhan Sabha
Digitized by;
Panjab Digital Library

ਕੀਤਾ ਗਿਆ ਹੈ ਤਾਂ ਕਿ ਰਾਜ ਵਿਚ ਅਤਿ ਜ਼ਰੂਰੀ ਮੁੱਢਲੀਆਂ, ਦੂਜੇ ਅਤੇ ਤੀਜੇ ਦਰਜੇ ਦੀਆਂ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕੀਤੀਆਂ ਜਾ ਸਕਣ ਅਤੇ ਇਨ੍ਹਾਂ ਵਿਚ ਵਾਧਾ ਕੀਤਾ ਜਾ ਸਕੇ ।

121. ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ ਦੁਆਰਾ ਵਿਸ਼ਵ ਬੈਂਕ ਦੀ ਸਹਾਇਤਾ ਵਾਲੇ ਪ੍ਰਾਜੈਕਟ ਦੇ ਲਾਗੂ ਹੋਣ ਨਾਲ 154 ਸਰਕਾਰੀ ਹਸਪਤਾਲਾਂ ਦੀ ਕਾਰਗੁਜ਼ਾਰੀ ਵਿਚ ਸੁਧਾਰ ਹੋਇਆ ਹੈ ਜਦ ਕਿ ਸਾਰੇ ਹਸਤਪਾਲਾਂ ਵਿਚ ਸਿਵਲ ਕਾਰਜ ਮੁਕੰਮਲ ਕੀਤੇ ਗਏ ਹਨ, 90% ਮਸ਼ੀਨਰੀ ਤੇ ਸਾਜ਼ ਸਮਾਨ ਲਗਾਇਆ ਗਿਆ ਹੈ ਜਿਸ ਨਾਲ ਇਹ ਸੰਸਥਾਵਾਂ ਲੋਕਾਂ ਦੀ ਸੇਵਾ ਸ੍ਰੇਸ਼ਟ ਤਰੀਕੇ ਨਾਲ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ । ਹਸਤਪਾਲ ਦੇ ਵਸੂਲੇ ਖਪਤਕਾਰੀ ਖਰਚਿਆਂ ਦੀ ਮਿਕਦਾਰ ਵਧੀ ਹੈ ਤੇ ਇਨ੍ਹਾਂ ਨੂੰ ਸਹੂਲਤ ਪੱਧਰ ਤੇ ਰੱਖਿਆ ਜਾਂਦਾ ਹੈ । ਮੁੱਢਲੀ ਸਿਹਤ ਸੰਭਾਲ ਤੇ ਦਿਮਾਗੀ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਲਈ ਵਿਸ਼ਵ ਬੈਂਕ/ਬਹਿਰੂਨੀ ਸਹਾਇਤਾ ਵਾਲੇ ਪ੍ਰਾਜੈਕਟ ਮਜ਼ਬੂਤ ਕਰਨ ਲਈ ਹੱਥਾਂ ਵਿਚ ਲਏ ਗਏ ਹਨ । ਸਾਲ 2003-04 ਲਈ ਵਿਸ਼ਵ ਬੈਂਕ/ਬਹਿਰੂਨੀ ਸਹਾਇਤਾ ਵਾਲੇ ਪ੍ਰਾਜੈਕਟਾਂ ਲਈ 79.07 ਕਰੋੜ ਰੁਪਏ ਦੀ ਰਕਮ ਮਖਸੂਸ ਕੀਤੀ ਗਈ ਹੈ । ਇਸ ਤੋਂ ਇਲਾਵਾ "ਪ੍ਰਧਾਨ ਮੰਤਰੀ ਗ੍ਰਾਮੋਦਿਆ ਯੋਜਨਾ" ਅਧੀਨ ਮੁਢਲੀਆਂ ਸਿਹਤ ਸੰਭਾਲ ਸੇਵਾਵਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ । ਪਿੰਡਾਂ ਅਤੇ ਦੁਰੇਡੇ ਖੇਤਰਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਚਲਦੀਆਂ ਫਿਰਦੀਆਂ ਗੱਡੀਆਂ ਰਾਹੀਂ ਡਾਕਟਰੀ ਸੇਵਾਵਾਂ ਉਪਲੱਬਧ ਕਰਨ ਲਈ 1.00 ਕਰੋੜ ਰੁਪਏ ਦੀ ਰਕਮ ਮੁਹੱਈਆ ਕੀਤੀ ਗਈ ਹੈ । ਜਦੋਂ ਗੈਰ ਸਰਕਾਰੀ ਸੰਗਠਨ ਪਹਿਲਕਦਮੀ ਕਰਨਗੇ ਤਾਂ ਮੋਬਾਈਲ ਮੈਡੀਕਲ ਵੈਨਾਂ ਦੇ ਪ੍ਰੋਗਰਾਮ ਅਧੀਨ ਸਿਹਤ ਨਾਲ ਸਬੰਧਿਤ ਗੈਰ ਸਰਕਾਰੀ ਸੰਗਠਨਾਂ ਨੂੰ ਸ਼ਾਮਿਲ ਕਰਨ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ ।

122. "ਰਾਸ਼ਟਰੀ ਟੀ.ਬੀ. ਕੰਟਰੋਲ ਪ੍ਰੋਗਰਾਮ" ਅਧੀਨ ਸਿੱਧਾ ਦੇਖਿਆ ਇਲਾਜ ਵਾਲੇ (ਡੀ.ਓ.ਟੀ.) ਕੇਂਦਰ ਵਰਤਮਾਨ ਸਮੇਂ 9 ਜ਼ਿਲ੍ਹਿਆਂ ਵਿਚ ਕਾਰਜਸ਼ੀਲ ਹਨ ਜਦ ਕਿ ਬਾਕੀ ਬਚੇ 8 ਜ਼ਿਲ੍ਹਿਆਂ ਨੂੰ ਸਾਲ 2003-04 ਦੌਰਾਨ ਇਸ ਅਧੀਨ ਲਿਆਂਦਾ ਜਾਵੇਗਾ । 'ਨੇਤਰਹੀਣਤਾ ਤੇ ਕੰਟਰੋਲ ਕਰਨ ਵਾਲੇ ਰਾਸ਼ਟਰੀ ਪ੍ਰੋਗਰਾਮ' ਅਧੀਨ ਰਾਜ ਨੇਤਰਹੀਣਤਾ ਕੰਟਰੋਲ ਸੋਸਾਇਟੀ ਬਣਾਈ ਗਈ ਹੈ । "ਰਾਸ਼ਟਰੀ ਮਲੇਰੀਆ ਖਾਤਮਾ ਪ੍ਰੋਗਰਾਮ" ਨੂੰ ਬਿਹਤਰ ਢੰਗ ਨਾਲ ਲਾਗੂ ਕਰਨ ਕਾਰਨ ਰਾਜ ਵਿਚ ਮਲੇਰੀਏ ਦੇ ਕੇਸਾਂ ਵਿਚ ਬਹੁਤ ਜ਼ਿਆਦਾ ਕਮੀ ਆਈ ਹੈ । ਰਾਜ ਵਿਚ ਕੋਹੜ ਦੀ ਵਰਤਮਾਨ ਦਰ ਭਾਰਤ ਸਰਕਾਰ ਦੁਆਰਾ ਨਿਰਧਾਰਤ ਕੀਤੀ ਦਰ ਨਾਲੋਂ ਘੱਟ ਹੈ । ਏਡਜ਼ ਪ੍ਰੋਗਰਾਮ ਅਧੀਨ ਲੋਕਾਂ ਨੂੰ ਆਪਣੇ ਆਪ ਨੂੰ ਐਚ.ਆਈ.ਵੀ.ਛੂਤ ਤੋਂ ਬਚਾਉਣ ਲਈ ਜਾਣਕਾਰੀ ਤੇ ਸਿੱਖਿਆ ਦਿੱਤੀ ਜਾਂਦੀ ਹੈ । ਲੋੜਵੰਦਾਂ ਨੂੰ ਸੁਰੱਖਿਅਤ ਖੂਨ ਉਪਲੱਬਧ ਕਰਨ ਲਈ 67 ਬਲੱਡ ਬੈਂਕਾਂ ਨੂੰ ਲਸੰਸ ਦਿੱਤਾ ਗਿਆ ਹੈ । ਦੇਸ਼ ਵਿਚ ਪੰਜਾਬ ਪਹਿਲਾ ਰਾਜ ਹੈ ਜਿਸ ਨੇ ਵਿਸਤ੍ਰਿਤ ਡੈਂਟਲ ਸਿਹਤ ਸੰਭਾਲ ਪ੍ਰੋਗਰਾਮ ਸ਼ੁਰੂ ਕੀਤਾ ਹੈ ਅਤੇ 17.42 ਲੱਖ ਰੋਗੀਆਂ ਦਾ ਵੱਖ ਵੱਖ ਕਿਸਮ ਦਾ ਮੁਫਤ ਇਲਾਜ ਕੀਤਾ ਗਿਆ ਹੈ । ਪੁਨਰ ਉਤਪਾਦਕ ਤੇ ਬੱਚਾ ਸਿਹਤ ਪ੍ਰੋਗਰਾਮ ਦੇ ਲਾਗੂ ਹੋਣ ਨਾਲ ਇਸ ਗੱਲ ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ ਕਿ ਵੱਧ ਜੋਖਮ ਵਾਲੀਆਂ ਗਰਭਵਤੀ ਮਾਵਾਂ ਤੇ ਨਵੇਂ ਜਨਮੇ ਵਧ ਜੋਖਮ ਵਾਲੇ ਬੱਚਿਆਂ ਨੂੰ

Original with;
Punjab Vidhan Sabha
Digitized by;
Panjab Digital Li...

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਸੰਕਟਕਾਲੀ ਪ੍ਰਸੂਤੀ ਸਹੂਲਤਾਂ ਤੇ ਸਹਾਇਤਾ ਦਿੱਤੀ ਜਾਵੇ । ਇਸ ਤੋਂ ਇਲਾਵਾ ਜਾਗਰੂਕਤਾ ਪੈਦਾ ਕਰਕੇ ਅਤੇ ਪੀ.ਐਨ.ਡੀ. ਦੇ ਐਕਟ ਲਾਗੂ ਕਰਕੇ ਲੜਕੀ ਭਰੂਣ ਹੱਤਿਆ ਦੀ ਰੋਕਥਾਮ ਕਰਨ ਨੂੰ ਪਰਮ ਅਗੇਤ ਦਿੱਤੀ ਜਾਵੇਗੀ ।

123. ਰਾਜ ਦੇ ਮੈਡੀਕਲ/ਡੈਂਟਲ ਕਾਲਜਾਂ ਅਤੇ ਉਨ੍ਹਾਂ ਨਾਲ ਸਬੰਧਿਤ ਹਸਪਤਾਲਾਂ ਵਿਚ ਵੱਖ ਵੱਖ ਸਹੂਲਤਾਂ ਵਿਚ ਵਾਧਾ ਕਰਨ ਲਈ ਲੋੜੀਂਦੀ ਸਿਹਤ ਆਧਾਰਕ ਸੰਰਚਨਾ ਉਪਲੱਬਧ ਕੀਤੀ ਜਾਵੇਗੀ । ਸਿਹਤ ਸੇਵਾਵਾਂ ਬਾਰੇ ਬਾਬਾ ਫਰੀਦ ਯੂਨੀਵਰਸਿਟੀ ਲਈ 5.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ਜੋ ਕਿ ਰਾਜ ਵਿਚ ਡਾਕਟਰੀ ਤੇ ਸਿਹਤ ਸਿੱਖਿਆ ਦੇ ਮਿਆਰਾਂ ਨੂੰ ਉੱਚਾ ਚੁੱਕੇਗੀ । ਇਹ ਫੈਸਲਾ ਕੀਤਾ ਗਿਆ ਹੈ ਕਿ ਹਸਪਤਾਲਾਂ ਨੂੰ ਕੁਸ਼ਲਤਾ ਨਾਲ ਚਲਾਉਣ, ਵਿਦਆਰਥੀਆਂ ਨੂੰ ਬਿਹਤਰ ਸਹੂਲਤਾਂ ਦੇਣ ਤੇ ਰੋਗੀਆਂ ਦੇ ਬਿਹਤਰ ਇਲਾਜ ਲਈ ਖਪਤਕਾਰੀ "ਖਰਚਿਆਂ ਤੇ ਐਨ.ਆਰ.ਆਈ. ਫੀਸ" ਦੀ ਵਰਤੋਂ ਕੀਤੀ ਜਾਵੇ । 11ਵੇਂ ਵਿੱਤ ਕਮਿਸ਼ਨ ਦੀਆਂ ਸ਼ਿਫਾਰਸ਼ਾਂ ਅਨੁਸਾਰ ਰਾਜ ਵਿਚ ਚਾਰ ਖੇਤਰ ਤਸ਼ਖੀਸ਼ ਕੇਂਦਰਾਂ ਵਿਚ ਨਵੀਨਤਮ ਸਾਜ਼ ਸਮਾਨ ਲਗਾਇਆ ਜਾਵੇਗਾ ।

**ਸ਼ਹਿਰੀ ਵਿਕਾਸ**

124. ਅਸੀਂ ਸ਼ਹਿਰੀ ਆਧਾਰਕ ਸੰਰਚਨਾ ਵਿਕਸਤ ਕਰਨ ਲਈ ਪ੍ਰਾਈਵੇਟ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹਾਂ । ਇਸ ਲਈ ਸਾਲ 2003-04 ਦੌਰਾਨ ਸ਼ਹਿਰੀ ਵਿਕਾਸ ਲਈ ਤੇ ਸ਼ਹਿਰੀ ਪਾਣੀ ਸਪਲਾਈ ਲਈ 117.31 ਕਰੋੜ ਰੁਪਏ ਦੇ ਖਰਚੇ ਦਾ ਉਪਬੰਧ ਕੀਤਾ ਗਿਆ ਹੈ । ਲੁਧਿਆਣਾ, ਜਲੰਧਰ, ਫਗਵਾੜਾ ਅਤੇ ਫਿਲੌਰ ਦੇ ਚਾਰ ਸ਼ਹਿਰਾਂ ਵਿਚ 230.00 ਕਰੋੜ ਰੁਪਏ ਦੀ ਸਤਲੁਜ ਕਾਰਜੀ ਯੋਜਨਾ ਚਲ ਰਹੀ ਹੈ । ਇਸ ਪ੍ਰਾਜੈਕਟ ਅਧੀਨ ਐਕਵਾਇਰ ਕੀਤੀ ਜ਼ਮੀਨ ਦੀ ਲਾਗਤ ਰਾਜ ਸਰਕਾਰ ਦੁਆਰਾ ਅਦਾ ਕੀਤੀ ਜਾਣੀ ਹੈ ਤੇ ਸੀਵਰੇਜ ਸੋਧ ਪਲਾਂਟ ਲਗਾਉਣ ਲਈ 70.00 ਕਰੋੜ ਰੁਪਏ ਭਾਰਤ ਸਰਕਾਰ ਪਾਸੋਂ ਪ੍ਰਾਪਤ ਕੀਤੇ ਜਾਣ ਦੀ ਉਮੀਦ ਹੈ । ਪੱਛਮੀ ਬੇਈਂ ਦਰਿਆ ਦੇ ਪ੍ਰਦੂਸ਼ਨ ਨੂੰ ਰੋਕਣ ਲਈ ਇਕ ਹੋਰ ਪ੍ਰਾਜੈਕਟ ਜਿਸ ਦੀ ਲਾਗਤ 14.98 ਕਰੋੜ ਰੁਪਏ ਹੈ, ਕਪੂਰਥਲੇ ਅਤੇ ਸੁਲਤਾਨਪੁਰ ਲੋਧੀ ਵਿਖੇ ਚਲ ਰਿਹਾ ਹੈ । ਇਸ ਪ੍ਰਾਜੈਕਟ ਲਈ ਰਾਜ ਦਾ 3.00 ਕਰੋੜ ਰੁਪਏ ਦਾ ਹਿੱਸਾ ਸਾਲ 2003-04 ਦੌਰਾਨ ਮੁਹੱਈਆ ਕੀਤਾ ਗਿਆ ਹੈ । ਰਾਜ ਸਰਕਾਰ ਨੇ 536.00 ਕਰੋੜ ਰੁਪਏ ਦੀ ਘੱਗਰ ਕਾਰਜੀ ਯੋਜਨਾ ਦੀ ਤਜਵੀਜ਼ ਭਾਰਤ ਸਰਕਾਰ ਦੀ ਮਨਜ਼ੂਰੀ ਲਈ ਦਿੱਤੀ ਹੈ ।

125. 12 ਕਸਬਿਆਂ ਵਿਚ 65.00 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਪਾਣੀ ਸਪਲਾਈ ਸਕੀਮਾਂ ਅਤੇ 33 ਕਸਬਿਆਂ ਵਿਚ 328.00 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਸੀਵਰੇਜ ਸਕੀਮਾਂ ਹੁਡਕੋ ਦੀ ਸਹਾਇਤਾ ਨਾਲ ਚਲ ਰਹੀਆਂ ਹਨ । ਲੁਧਿਆਣੇ ਦਾ ਅਤੀ ਅਧਿਕ ਆਬਾਦੀ ਵਾਲਾ ਸ਼ਹਿਰ ਜਿਸ ਨੂੰ ਭਾਰਤ ਦਾ ਮਾਨਚੈਸਟਰ ਕਿਹਾ ਜਾਂਦਾ ਹੈ ਨੂੰ ਅਨੁਮਾਨਿਤ 9.30 ਕਰੋੜ ਰੁਪਏ ਦੀ ਲਾਗਤ ਨਾਲ 100% ਪਾਣੀ ਸਪਲਾਈ ਅਧੀਨ ਲਿਆਂਦਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

126. ਰਾਜ ਦੇ 24 ਕਸਬਿਆਂ ਵਿਚ "ਰਾਸ਼ਟਰੀ ਗੰਦੀ ਬਸਤੀ ਵਿਕਾਸ ਪ੍ਰੋਗਰਾਮ" ਨਾਂ ਦਾ ਵਿਸ਼ੇਸ਼ ਪ੍ਰੋਗਰਾਮ ਰਾਜ ਦੇ 24 ਕਸਬਿਆਂ ਵਿਚ ਸ਼ੁਰੂ ਕੀਤਾ ਗਿਆ ਹੈ । ਇਸ ਪ੍ਰੋਗਰਾਮ ਅਧੀਨ ਭਾਰਤ ਸਰਕਾਰ ਪਾਸੋਂ 9.42 ਕਰੋੜ ਰੁਪਏ ਦੀ ਸਹਾਇਤਾ ਦੀ ਉਮੀਦ ਹੈ ਜਿਸ ਨੂੰ ਗੰਦੀਆਂ ਬਸਤੀਆਂ ਵਿਚ ਬੁਨਿਆਦੀ ਸਹੂਲਤਾਂ ਜਿਵੇਂ ਕਿ ਪੀਣ ਦੀ ਸਪਲਾਈ, ਸੀਵਰੇਜ, ਸੜਕਾਂ, ਗਲੀਆਂ ਦੀਆਂ ਸੜਕਾਂ ਤੇ ਰੋਸ਼ਨੀ, ਨਾਲਿਆਂ ਆਦਿ ਦੀ ਉਸਾਰੀ ਤੇ ਖਰਚ ਕੀਤਾ ਜਾਵੇਗਾ । ਵੱਧ ਭੀੜ ਭੜੱਕੇ ਤੇ ਆਬਾਦੀ ਦੇ ਸ਼ਹਿਰਾਂ ਵਲ ਪ੍ਰਵਾਸ ਦੀ ਪ੍ਰਕ੍ਰਿਆ ਨੂੰ ਰੋਕਣ ਲਈ ਰਾਜ ਵਿਚ ਛੋਟੇ ਤੇ ਦਰਮਿਆਨੇ ਕਸਬੇ ਦੇ ਵਿਕਾਸ ਦਾ ਸਮੂਹਕ ਪ੍ਰੋਗਰਾਮ ਲਾਗੂ ਕੀਤਾ ਜਾ ਰਿਹਾ ਹੈ ਜਿਸ ਲਈ ਸਾਲ 2003-04 ਦੀ ਸਾਲਾਨਾ ਯੋਜਨਾ ਵਿਚ 5.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ।

**ਪਿੰਡ ਜਲ ਸਪਲਾਈ ਤੇ ਸਵੱਛਤਾ**

127. ਪਾਣੀ ਇਕ ਕੀਮਤੀ ਵਸਤੂ ਹੈ ਅਤੇ ਭਾਈਚਾਰਕ ਯੋਗਦਾਨ ਰਾਹੀਂ ਗ੍ਰਾਮ ਜਲ ਸਪਲਾਈ ਸਕੀਮਾਂ ਦੀ ਕਾਰਜਸ਼ੀਲਤਾ ਅਤੇ ਸਾਂਭ ਸੰਭਾਲ ਲਈ ਅਜਿਹੇ ਕਦਮ ਚੁੱਕੇ ਜਾਣਗੇ ਜਿਸ ਨਾਲ ਪਾਣੀ ਦੀ ਸੰਭਾਲ ਕੀਤੀ ਜਾ ਸਕੇ । ਰਾਜ ਵਿਚ ਵਸੋਂ ਵਾਲੇ ਕੁੱਲ 12402 ਪਿੰਡ ਹਨ ਜਿਨ੍ਹਾਂ ਵਿਚੋਂ 11849 ਪਿੰਡਾਂ ਦੀ ਸ਼ਨਾਖਤ ਸਮੱਸਿਆ ਵਾਲੇ ਪਿੰਡਾਂ ਦੇ ਰੂਪ ਵਿਚ ਕੀਤੀ ਗਈ ਹੈ । 7700 ਪਿੰਡਾਂ ਵਿਚ ਪਾਣੀ ਸਪਲਾਈ ਉਪਲੱਬਧ ਕੀਤੀ ਜਾ ਚੁੱਕੀ ਹੈ । ਮੇਰੀ ਇਹ ਇੱਛਾ ਹੈ ਕਿ 31-3-2004 ਤੱਕ 1138 ਅਣਸ਼ਮੂਲੀਅਤ ਵਾਲੇ ਅਤੇ 980 ਅੰਸ਼ਕਰੂਪ ਵਿਚ ਸ਼ਮੂਲੀਅਤ ਵਾਲੇ ਪਿੰਡਾਂ ਨੂੰ ਇਸ ਸਕੀਮ ਅਧੀਨ ਲਿਆਂਦਾ ਜਾਵੇ । ਇਸ ਨਾਲ ਕੁਲ 25.41 ਲੱਖ ਆਬਾਦੀ ਨੂੰ ਲਾਭ ਪੁੱਜੇਗਾ । ਰਾਜ ਸਰਕਾਰ ਨੇ ਪਿੰਡਾਂ ਵਿਚ ਜਲ ਸਪਲਾਈ ਤੇ ਸਵੱਛਤਾ ਵਿਚ ਸੁਧਾਰ ਲਈ ਇਕ ਨਵਾਂ ਪ੍ਰੋਗਰਾਮ "ਪਾਣੀ ਸਰੋਤ ਮੈਨੇਜਮੈਂਟ ਪ੍ਰਾਜੈਕਟ" ਸ਼ੁਰੂ ਕੀਤਾ ਹੈ ਤਾਂ ਕਿ ਵਿਸ਼ਵ ਬੈਂਕ ਪਾਸੋਂ ਸਹਾਇਤਾ ਹਾਸਿਲ ਕੀਤੀ ਜਾ ਸਕੇ । ਇਸ ਪ੍ਰਾਜੈਕਟ ਅਧੀਨ ਪ੍ਰਸਤਾਵਿਤ ਸੇਵਾ ਪੱਧਰ 100 ਐਲ.ਪੀ.ਸੀ.ਡੀ. (ਪੱਧਰ ਪ੍ਰਤੀ ਜੀਅ ਪ੍ਰਤੀ ਦਿਨ) ਹੈ । ਸਾਰੇ ਪਿੰਡਾਂ ਵਿਚ ਨਵੀਂ ਸੀਵਰੇਜ ਪ੍ਰਣਾਲੀ ਲਗੇਗੀ । ਪ੍ਰਾਜੈਕਟ ਦੇ ਪੜਾਅ-I ਦੀ ਅਨੁਮਾਨਿਤ ਲਾਗਤ 686.68 ਕਰੋੜ ਰੁਪਏ ਹੈ ਜਿਸ ਵਿਚ ਲਾਭ ਪਾਤਰ, ਲਾਗਤ ਦਾ 16% ਯੋਗਦਾਨ ਪਾਉਣਗੇ । ਰਾਜ ਸਰਕਾਰ ਦਾ ਯੋਗਦਾਨ 14% ਹੋਵੇਗਾ ਅਤੇ ਵਿਸ਼ਵ ਬੈਂਕ ਕਰਜ਼ੇ ਦੇ ਰੂਪ ਵਿਚ ਅਨੁਮਾਨਿਤ ਲਾਗਤ ਵਿਚ 70% ਹਿੱਸਾ ਪਾਵੇਗਾ ।

128. ਰਾਜ ਸਰਕਾਰ ਨੇ ਯੋਜਨਾ 2003-04 ਵਿਚ ਗ੍ਰਾਮ ਪਾਣੀ ਸਪਲਾਈ ਸਕੀਮਾਂ ਨੂੰ ਲਾਗੂ ਕਰਨ ਲਈ 101.83 ਕਰੋੜ ਰੁਪਏ ਦੀ ਰਕਮ ਰੱਖੀ ਹੈ । ਇਸ ਲਈ ਨਬਾਰਡ ਦੀ ਸਹਾਇਤਾ ਵਾਲੀਆਂ ਗ੍ਰਾਮ ਜਲ ਸਪਲਾਈ ਸਕੀਮਾਂ ਲਈ 57.43 ਕਰੋੜ ਰੁਪਏ ਦੀ ਧਨ ਰਾਸ਼ੀ ਸ਼ਾਮਿਲ ਹੈ ।

129. ਜਨ ਸਿਹਤ ਵਿਭਾਗ ਪਿੰਡਾਂ ਵਿਚ ਸੰਧੀ ਸੀਵਰੇਜ ਪ੍ਰਣਾਲੀ ਮੁਹੱਈਆ ਕਰਨ ਲਈ ਇਕ ਵਿਸਤ੍ਰਿਤ ਸਕੀਮ ਨੂੰ ਅੰਤਿਮ ਰੂਪ ਦੇਵੇਗਾ ਤਾਂ ਕਿ ਪਿੰਡਾਂ ਦੇ ਹਰ ਘਰ ਵਿਚ ਫਲੱਸ਼ ਪ੍ਰਣਾਲੀ ਲਾਈ ਜਾ ਸਕੇ । ਇਹ ਫੈਸਲਾ ਕੀਤਾ ਗਿਆ ਹੈ ਕਿ ਪੰਜ

*Original with;*
Punjab Vidhan Sabha
*Digitized by;*
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਜ਼ਿਲ੍ਹਿਆਂ ਅਰਥਾਤ ਪਟਿਆਲਾ, ਬਠਿੰਡਾ, ਫਤਹਿਗੜ੍ਹ ਸਾਹਿਬ ਤੇ ਰੋਪੜ ਦੇ 32 ਪਿੰਡਾਂ ਵਿਚ ਨਬਾਰਡ ਦੀ ਸਹਾਇਤਾ ਨਾਲ ਸੀਵਰੇਜ ਸਹੂਲਤਾਂ ਮੁਹੱਈਆ ਕੀਤੀਆਂ ਜਾਣ। ਜਿਸ ਲਈ ਸਾਲਾਨਾ ਯੋਜਨਾ 2003-04 ਵਿਚ 5.00 ਕਰੋੜ ਰੁਪਏ ਉਪਲੱਬਧ ਕੀਤੇ ਗਏ ਹਨ। ਰਾਜ ਦੇ ਪੰਜ ਜ਼ਿਲ੍ਹੇ ਅਰਥਾਤ ਬਠਿੰਡਾ, ਮੁਕਤਸਰ, ਮੋਗਾ, ਪਟਿਆਲਾ ਅਤੇ ਸੰਗਰੂਰ 23.86 ਕਰੋੜ ਰੁਪਏ ਦੀ ਲਾਗਤ ਨਾਲ ਭਾਰਤ ਸਰਕਾਰ ਦੁਆਰਾ ਮਨਜ਼ੂਰ ਸਮੁੱਚੇ, ਸਵੱਛਤਾ ਮੁਹਿੰਮ ਪ੍ਰੋਗਰਾਮ ਅਧੀਨ ਲਿਆਂਦੇ ਜਾ ਰਹੇ ਹਨ। ਸਾਲਾਨਾ ਯੋਜਨਾ 2003-04 ਅਧੀਨ ਰਾਜ ਦੇ ਹਿੱਸੇ ਵਜੋਂ ਇਸ ਪ੍ਰੋਗਰਾਮ ਲਈ 1.00 ਕਰੋੜ ਰੁਪਏ ਮੁਹੱਈਆ ਕੀਤੇ ਗਏ ਹਨ। 189.47 ਕਰੋੜ ਰੁਪਏ ਦੀ ਲਾਗਤ ਨਾਲ 8 ਹੋਰ ਜ਼ਿਲ੍ਹਿਆਂ ਨੂੰ ਇਹ ਸਹੂਲਤਾਂ ਦੇਣ ਲਈ ਪ੍ਰਾਜੈਕਟਾਂ ਨੂੰ ਭਾਰਤ ਸਰਕਾਰ ਕੋਲ ਪੇਸ਼ ਕੀਤਾ ਗਿਆ ਹੈ।

**ਹਾਊਸਿੰਗ**

130. ਸਰਕਾਰ ਦਾ ਇਹ ਟੀਚਾ ਹੈ ਕਿ ਸਭਨਾਂ ਨੂੰ ਛੱਤ ਉਪਲੱਬਧ ਕਰਨਯੋਗ ਮਕਾਨ ਮੁਹੱਈਆ ਕੀਤਾ ਜਾਵੇ। ਸਾਲਾਨਾ ਯੋਜਨਾ 2003-04 ਵਿਚ ਹਾਊਸਿੰਗ ਸਕੀਮਾਂ ਲਈ 15.01 ਕਰੋੜ ਰੁਪਏ ਦੀ ਧਨਰਾਸ਼ੀ ਉਪਲੱਬਧ ਕੀਤੀ ਗਈ ਹੈ। ਪਟਿਆਲੇ ਨੂੰ ਨੈਸ਼ਨਲ ਕੈਪੀਟਲ ਰਿਜਨ (ਐਨ.ਸੀ.ਆਰ.) ਅਧੀਨ ਇਕ ਆਦਰਸ਼ਿਕ ਕੇਂਦਰੀ ਸਥਾਨ ਵਜੋਂ ਵਿਕਸਤ ਕਰਨ ਲਈ 3-5-2003 ਨੂੰ ਪਟਿਆਲਾ ਸ਼ਹਿਰੀ ਯੋਜਨਾਬੰਦੀ ਤੇ ਵਿਕਾਸ ਅਥਾਰਟੀ(ਪੀ.ਡੀ.ਏ) ਦੀ ਸਥਾਪਨਾ ਕੀਤੀ ਗਈ ਹੈ। ਪਟਿਆਲੇ ਦੀ ਵਿਕਾਸ ਯੋਜਨਾ ਵਿਚ ਪੀ.ਡੀ.ਏ. 66.24 ਕਰੋੜ ਰੁਪਏ ਦੀ ਲਾਗਤ ਨਾਲ ਇਕ ਸਮੂਹਕ ਟਾਊਨਸ਼ਿਪ ਨੂੰ ਵਿਕਸਤ ਕਰੇਗਾ। ਪਟਿਆਲੇ ਵਿਚ ਪਾਣੀ ਦੀ ਸਪਲਾਈ ਨੂੰ ਵਧਾਉਣ ਅਤੇ ਸੀਵਰੇਜ ਵਿਛਾਉਣ ਲਈ 59.93 ਕਰੋੜ ਰੁਪਏ ਦੀ ਲਾਗਤ ਵਾਲੀ ਸਕੀਮ ਬਣਾਈ ਗਈ ਹੈ।

131. ਪੰਜਾਬ ਸ਼ਹਿਰੀ ਵਿਕਾਸ ਏਜੰਸੀ (ਪੁਡਾ) 20 ਨੁਕਾਤੀ ਆਰਥਿਕ ਪ੍ਰੋਗਰਾਮ ਅਧੀਨ ਅਤੇ "ਦੋ ਮਿਲੀਅਨ ਹਾਊਸਿੰਗ ਸਕੀਮ" ਅਧੀਨ ਅਨੁਮਾਨਿਤ 199.50 ਕਰੋੜ ਰੁਪਏ ਦੀ ਲਾਗਤ ਨਾਲ 8800 ਘਰਾਂ ਦੀ ਉਸਾਰੀ ਕਰੇਗੀ। 80% ਤੋਂ ਵਧ ਘਰ ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਤੇ ਘੱਟ ਆਮਦਨ ਵਾਲੇ ਸਮੂਹਾਂ ਲਈ ਹਨ। ਪੁਡਾ ਗਰੁਪ ਹਾਊਸਿੰਗ ਸਕੀਮ ਅਧੀਨ ਰਾਜ ਦੇ ਵੱਖ ਵੱਖ 6 ਸਥਾਨਾਂ ਤੇ ਸਹਿਕਾਰੀ ਮਕਾਨ ਉਸਾਰੀ ਸੋਸਾਇਟਆਂ ਨੂੰ ਜ਼ਮੀਨ ਅਲਾਟ ਕਰਨ ਦੀ ਪ੍ਰਕ੍ਰਿਆ ਵਿਚ ਹੈ। ਨਾਭਾ, ਬਰਨਾਲਾ, ਜਗਰਾਓਂ, ਸਰਹਿੰਦ, ਫਤਹਿਗੜ੍ਹ ਸਾਹਿਬ, ਮੁਕਤਸਰ, ਗੁਰੂ ਹਰ ਸਹਾਇ, ਬਟਾਲਾ, ਨਵਾਂ ਸ਼ਹਿਰ, ਅੰਮ੍ਰਿਤਸਰ, ਖੰਨਾ, ਗੁਰਦਾਸਪੁਰ ਤੇ ਪਠਾਨਕੋਟ ਵਿਖੇ ਨਵੀਆਂ ਅਰਬਨ ਐਸਟੇਟਾਂ ਦੀ ਸਥਾਪਨਾ ਕੀਤੀ ਜਾਵੇਗੀ। ਹਾਊਸਿੰਗ ਸੈਕਟਰ ਵਿਚ ਪ੍ਰਾਈਵੇਟ ਯੋਗਦਾਨ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ 1995 ਅਧੀਨ ਪ੍ਰਾਈਵੇਟ ਬਸਤੀਵਾਦੀ ਵਾਲਿਆਂ ਨੂੰ ਲਸੰਸ ਦਿੱਤੇ ਜਾ ਰਹੇ ਹਨ। ਇਸ ਨਾਲ ਰਾਜ ਦੇ ਲਸੰਸਸ਼ੁਦਾ ਖੇਤਰ ਵਿਚ 344.30 ਏਕੜ ਭੂਮੀ

Original with;
Punjab Vidhan Sabha
Digitized by;
Panjab Digital Library

ਸ਼ਾਮਿਲ ਹੋਵੇਗੀ ਅਤੇ ਰਾਜ ਵਿਚ ਲੱਗਭਗ 4050 ਰਿਹਾਇਸ਼ੀ ਸਥਾਨ ਮਕਾਨ ਦੇ ਸਟਾਕ ਵਿਚ ਵਧਣਗੇ ।

132. ਵਰਤਮਾਨ ਸਮੇਂ ਕੋਈ ਰਾਜ ਏਜੰਸੀ ਨਹੀਂ ਹੈ ਜੋ ਕਿ ਰਾਜ ਵਿਚ ਹਾਊਸਿੰਗ ਗਤੀਵਿਧੀ ਵਿਚ ਤਾਲਮੇਲ ਤੇ ਉਸ ਦੀ ਨਿਗਰਾਨੀ ਕਰ ਸਕੇ । ਹੁਣ ਤੋਂ ਬਾਅਦ ਹਾਊਸਿੰਗ ਵਿਭਾਗ ਰਾਜ ਵਿਚ ਮਕਾਨ ਉਸਾਰੀ ਗਤੀਵਿਧੀ ਵਿਚ ਲੱਗੇ ਹੋਰ ਵਿਭਾਗਾਂ/ਏਜੰਸੀਆਂ ਨਾਲ ਮਕਾਨ ਉਸਾਰੀ ਦੇ ਤਾਲਮੇਲ ਲਈ ਇਕ ਕੇਂਦਰੀ ਵਿਭਾਗ ਹੋਵੇਗਾ ।

133. ਇੰਡੀਅਨ ਨੈਸ਼ਨਲ ਕਾਂਗਰਸ ਦ ਚੋਣ ਮਨੋਰਥ ਪੱਤਰ ਦੇ ਅਨੁਸਰਣ ਵਿਚ ਅਸੀਂ ਪਾਰਦਰਸ਼ੀ, ਯੋਗ ਤੇ ਭ੍ਰਿਸ਼ਟਾਚਾਰ ਮੁਕਤ ਰਾਜ ਉਪਲੱਬਧ ਕਰਨ ਲਈ ਵਚਨਬੱਧ ਹਾਂ । ਸੂਚਨਾ ਤਕਨਾਲੋਜੀ ਦੀ ਵਰਤੋਂ ਪ੍ਰਣਾਲੀ ਵਿਚ ਅੰਦਰੂਨੀ ਪ੍ਰਕ੍ਰਿਆਵਾਂ ਨੂੰ ਬਦਲਣ ਅਤੇ ਉਨ੍ਹਾਂ ਵਿਚ ਸੁਧਾਰ ਲਿਆਉਣ ਲਈ ਅਤੇ ਚੰਗੀਆਂ ਸ਼ਹਿਰੀ ਸੇਵਾਵਾਂ ਤੇ ਸੰਪੂਰਨ ਸਥਾਨ ਉਪਲੱਬਧ ਕਰਨ ਵਿਚ ਕੀਤੀ ਜਾਵੇਗੀ । ਰਾਜ ਸਰਕਾਰ "ਸੁਖਮਨੀ" (ਫੁਰਤੀਲਾ, ਏਕਤਾ ਵਾਲਾ, ਗਿਆਨਵਾਨ, ਇਮਾਨਦਾਰ/ਨਿਮਾਣਾਂ, ਨੈਤਿਕ, ਉਤਰਦੇਹੀ ਨਵੀਨ ਤੇ ਪਹਿਲਕਦਮੀ ਵਾਲਾ) ਪ੍ਰਾਜੈਕਟ ਪੇਸ਼ ਕਰਨ ਲਈ ਤਿਆਰ ਪਰ ਤਿਆਰ ਹੈ ਤਾਂ ਕਿ ਪਟਿਆਲਾ ਅਤੇ ਲੁਧਿਆਣਾ ਦੇ ਦੋ ਜ਼ਿਲ੍ਹਿਆਂ ਵਿਚ ਸਮੂਹਕ ਸ਼ਹਿਰੀ ਸੇਵਾਵਾਂ ਮੁੱਢਲੇ ਆਧਾਰ ਤੇ ਮੁਹੱਈਆ ਕੀਤੀਆਂ ਜਾ ਸਕਣ । ਆਬਕਾਰੀ ਅਤੇ ਕਰ ਵਿਭਾਗ ਦਾ ਕੰਪਿਊਟ੍ਰੀਕਰਣ ਅਤੇ ਮੁੱਲ ਦੀ ਸ਼ਮੂਲੀਅਤ ਵਾਲੀ ਟੈਕਸ ਸਕੀਮ (ਵੀ.ਏ.ਟੀ). ਸਮਾਜਿਕ ਸੁਰੱਖਿਆ ਵਿਭਾਗ ਅਤੇ ਵਿੱਤ ਵਿਭਾਗ ਵਿਚ ਖਜ਼ਾਨਾ ਅਤੇ ਲੇਖਿਆਂ ਆਦਿ ਵਿੱਚ ਪੈਨਸ਼ਨ ਸਕੀਮਾਂ ਨੂੰ ਜ਼ੋਰ ਸ਼ੋਰ ਨਾਲ ਸ਼ੁਰੂ ਕੀਤਾ ਜਾ ਰਿਹਾ ਹੈ । ਭੂਮੀ ਦੇ ਰਿਕਾਰਡਾਂ ਦਾ ਕੰਪਿਊਟਰੀਕਰਣ ਸ਼ੁਰੂ ਸ਼ੁਰੂ ਵਿੱਚ ਕੇਵਲ ਇਕ ਜ਼ਿਲ੍ਹੇ ਵਿਚ ਕੀਤਾ ਜਾਵੇਗਾ ਜੋ ਬਾਦ ਵਿੱਚ ਹੋਰ ਜ਼ਿਲ੍ਹਿਆਂ ਵਿੱਚ ਵੀ ਕੀਤਾ ਜਾਵੇਗਾ । ਸਾਲਾਨਾ ਯੋਜਨਾ 2003-04 ਵਿਚ ਉਪ ਮੱਦ "ਸੂਚਨਾ ਤਕਨਾਲੋਜੀ" ਲਈ 5.00 ਕਰੋੜ ਰੁਪਏ ਦਾ ਖਰਚਾ ਮੁਹੱਈਆ ਕੀਤਾ ਗਿਆ ਹੈ ।

**ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ**

134. ਸਾਲ 2001 ਦੀ ਜਨ-ਗਣਨਾ ਅਨੁਸਾਰ ਰਾਜ ਵਿਚ ਅਨੁਸੂਚਿਤ ਜਾਤੀਆਂ ਦੀ ਅਬਾਦੀ ਕੁਲ ਅਬਾਦੀ ਦਾ ਲੱਗਭਗ 31% ਹੈ ਜੋ ਦੇਸ਼ ਵਿਚ ਸਭ ਤੋਂ ਵਧ ਹੈ । ਅਸੀਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਨੂੰ ਉੱਚ ਤਰਜੀਹ ਦਿੰਦੇ ਹਾਂ । ਵੱਖ ਵੱਖ ਭਲਾਈ ਪ੍ਰੋਗਰਾਮਾਂ/ਸਕੀਮਾਂ ਨੂੰ ਲਾਗੂ ਕਰਨ ਲਈ 35.77 ਕਰੋੜ ਰੁਪਏ ਦੀ ਰਕਮ ਉਪਲੱਬਧ ਕੀਤੀ ਗਈ ਹੈ ।

135. ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਵੱਲ ਸਾਡਾ ਵਿਸ਼ੇਸ਼ ਧਿਆਨ ਹੈ । ਅਨੁਸੂਚਿਤ ਜਾਤੀਆਂ ਦੀਆ ਪ੍ਰਾਇਮਰੀ ਦੀਆਂ ਲੜਕੀਆਂ ਨੂੰ ਪੜ੍ਹਾਈ ਵਿੱਚੋ ਛੱਡਣ ਤੋਂ ਰੋਕਣ ਲਈ "ਹਾਜ਼ਰੀ ਵਜ਼ੀਫਾ" ਦਿੱਤਾ ਜਾ ਰਿਹਾ ਹੈ । ਸਾਲਾਨਾ ਯੋਜਨਾ 2003-04 ਵਿਚ ਮੰਤਵ ਇਸ ਲਈ 21.54 ਕਰੋੜ ਰੁਪਏ ਦੀ ਰਕਮ ਉਪਲੱਬਧ ਕੀਤੀ ਜਾ ਰਹੀ ਹੈ ।

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

136. ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀਆਂ ਅਨੁਸੂਚਿਤ ਜਾਤੀ ਦੀਆਂ ਵਿਦਿਆਰਥਣਾਂ ਨੂੰ ਪਲੱਸ-1 ਅਤੇ ਪਲੱਸ-2 ਵਿਚ ਪੜ੍ਹਾਈ ਲਈ ਮੁਫਤ ਪਾਠ ਪੁਸਤਕਾਂ ਦੇਣ ਦੀ ਇਕ ਨਵੀਂ ਸਕੀਮ ਲਾਗੂ ਕੀਤੀ ਗਈ ਹੈ। ਇਸ ਮੰਤਵ ਲਈ 1.00 ਕਰੋੜ ਰੁਪਏ ਦੇ ਖਰਚੇ ਨੂੰ ਮਖਸੂਸ ਕੀਤਾ ਗਿਆ ਹੈ।

137. ਰਾਜ ਸਰਕਾਰ ਨੇ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਦੇ ਸਕੂਲ ਜਾਣ ਵਾਲੇ ਬੱਚਿਆਂ ਨੂੰ ਬਸਤੇ ਦੇਣ ਦੀ ਇਕ ਨਵੀਂ ਸਕੀਮ ਚਾਲੂ ਸਾਲ ਦੌਰਾਨ ਸ਼ੁਰੂ ਕੀਤੀ ਹੈ। ਇਸ ਸਕੀਮ ਅਧੀਨ ਸਾਲਾਨਾ ਯੋਜਨਾ 2003-04 ਵਿਚ 2.10 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਚਾਲੂ ਮਾਲੀ ਸਾਲ ਦੌਰਾਨ ਇਹ ਸਕੀਮ 50.00 ਲੱਖ ਰੁਪਏ ਦੀ ਲਾਗਤ ਨਾਲ ਮੁੱਢਲੇ ਆਧਾਰ ਤੇ ਜਲੰਧਰ ਜ਼ਿਲ੍ਹੇ ਵਿਚ ਸ਼ੁਰੂ ਕੀਤੀ ਗਈ ਹੈ। ਰਾਜ ਸਰਕਾਰ ਦੀ ਇਹ ਤਜਵੀਜ਼ ਹੈ ਕਿ ਸਾਲ 2003-04 ਤੋਂ ਇਹ ਸਕੀਮ ਰਾਜ ਦੇ ਸਾਰੇ ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤੀ ਜਾਵੇਗੀ।

138. ਰਾਜ ਸਰਕਾਰ ਰਾਜ ਵਿਚ ਬੇਘਰੇ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਨੂੰ ਪਲਾਟ ਅਤੇ ਮਕਾਨ ਉਪਲੱਬਧ ਕਰਨ ਵੱਲ ਧਿਆਨ ਦੇ ਰਹੀ ਹੈ। ਚਾਲੂ ਮਾਲੀ ਸਾਲ ਦੌਰਾਨ ਇਸ ਪ੍ਰਾਜੈਕਟ ਅਧੀਨ 18.00 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ ਸਾਲ 2003-04 ਵਿੱਚ 5.00 ਕਰੋੜ ਰੁਪਏ ਦੀ ਰਕਮ ਮੁਹਈਆ ਕੀਤੀ ਜਾ ਰਹੀ ਹੈ। ਰਾਜ ਸਰਕਾਰ ਨੇ ਜ਼ਿਲ੍ਹਾ ਸਦਰ ਮੁਕਾਮਾਂ ਤੇ ਡਾ. ਬੀ. ਆਰ. ਅੰਬੇਦਕਰ ਭਵਨ ਸੰਪੂਰਣ ਕਰਨ ਲਈ 1.00 ਕਰੋੜ ਰੁਪਏ ਦੀ ਰਕਮ ਮਖਸੂਸ ਕੀਤੀ ਹੈ।

139. ਅਸੀਂ ਰਾਜ ਵਿਚ ਅਨੁਸੂਚਿਤ ਜਾਤੀਆਂ ਦੀ ਲਗਭਗ 31% ਅਬਾਦੀ ਦੇ ਨਿਰੋਲ ਲਾਭ ਲਈ ਵਿਸ਼ੇਸ਼ ਸੰਘਟਕ ਯੋਜਨਾ ਲਾਗੂ ਕਰਨ ਲਈ ਵਚਨਬੱਧ ਹਾਂ। ਅਸੀਂ ਵਿਸ਼ੇਸ਼ ਸੰਘਟਕ ਯੋਜਨਾ ਨੂੰ ਸਾਲ 2003-04 ਤੋਂ ਮਹਾਂਰਾਸ਼ਟਰ ਮਾਡਲ ਤੇ ਲਾਗੂ ਕਰਨ ਦਾ ਫੈਸਲਾ ਕੀਤਾ ਹੈ ਅਤੇ ਜਿਥੋਂ ਤਕ ਸੰਭਵ ਹੋ ਸਕਿਆ ਉਸੇ ਅਨੁਸਾਰ ਫੰਡ ਮਖਸੂਸ ਕੀਤੇ ਜਾਣਗੇ।

**ਸਮਾਜਿਕ ਸੁਰੱਖਿਆ ਅਤੇ ਔਰਤ ਅਤੇ ਬੱਚਾ ਵਿਕਾਸ**

140. ਰਾਜ ਸਰਕਾਰ ਬੱਚਿਆਂ, ਵਿਧਵਾਵਾਂ, ਅੰਗਹੀਣਾਂ ਅਤੇ ਬਜ਼ੁਰਗ ਲੋਕਾਂ ਨੂੰ ਸਮਾਜਿਕ ਸੁਰੱਖਿਆ ਦੇਣ ਲਈ ਵਚਨਬੱਧ ਹੈ। ਇਸ ਲਈ 202.65 ਕਰੋੜ ਰੁਪਏ ਦੀ ਰਕਮ ਉਪਲੱਬਧ ਕੀਤੀ ਗਈ ਹੈ ਜੋ ਕਿ ਚਾਲੂ ਸਾਲ ਦੀ ਸੰਸ਼ੋਧਿਤ ਵੰਡ ਵਿਚ 25.77% ਦਾ ਵਾਧਾ ਹੈ। ਅਸੀਂ ਇਹ ਜਾਣਦੇ ਹਾਂ ਕਿ ਕਈ ਅਯੋਗ ਵਿਅੱਕਤੀਆਂ ਨੂੰ ਪੈਨਸ਼ਨਾਂ ਦਿੱਤੀਆਂ ਜਾ ਰਹੀਆਂ ਹਨ। ਸਾਡੇ ਮਾਣਯੋਗ ਮੁੱਖ ਮੰਤਰੀ, ਪੰਜਾਬ ਕੈਪਟਨ ਅਮਰਿੰਦਰ ਸਿੰਘ ਜੀ ਦੀਆਂ ਹਦਾਇਤਾਂ ਅਧੀਨ ਅਯੋਗ ਲਾਭਪਾਤਰਾਂ ਦੀ ਸ਼ਨਾਖਤ ਕਰਨ ਲਈ ਇਕ ਸਰਵੇਖਣ ਕੀਤਾ ਗਿਆ ਸੀ ਜਿਸ ਦੇ ਸਿੱਟੇ ਵਜੋਂ 1.14 ਲੱਖ ਕੇਸ ਅਯੋਗ ਪਾਏ ਗਏ ਅਤੇ ਉਨ੍ਹਾਂ ਨੂੰ ਰੱਦ ਕਰ ਦਿੱਤਾ ਗਿਆ ਸੀ। ਵੱਖ ਵੱਖ ਸ਼੍ਰੇਣੀਆਂ ਨੂੰ ਪੈਨਸ਼ਨਾਂ ਦੇਣ

Original with;
Punjab Vidhan Sabha
Digitized by;
Panjab Digital Library

ਲਈ 195.00 ਕਰੋੜ ਰੁਪਏ ਦੀ ਰਕਮ ਅਗਲੇ ਸਾਲ ਦੀ ਯੋਜਨਾ ਦੌਰਾਨ ਤਜਵੀਜ਼ ਕੀਤੀ ਗਈ ਹੈ ਜਿਸ ਵਿਚ 200/- ਰੁਪਏ ਪ੍ਰਤੀ ਮਹੀਨੇ ਦੀ ਦਰ ਨਾਲ 9.25 ਲੱਖ ਲਾਭ ਪਾਤਰ ਇਹ ਲਾਭ ਉਠਾਉਣਗੇ ।

141. 26.1.1996 ਤੋਂ ਬਾਅਦ ਗਰੀਬੀ ਰੇਖਾ ਤੋਂ ਹੇਠਾਂ ਵਾਲੇ ਪਰਿਵਾਰਾਂ ਵਿੱਚ ਜਨਮੀਆਂ ਲੜਕੀਆਂ ਸਮਾਜਿਕ ਰੁਤਬਾ ਦੇਣ ਲਈ "ਕੰਨਿਆਂ ਜਾਗ੍ਰਿਤੀ ਜਯੋਤੀ ਸਕੀਮ" ਅਧੀਨ ਐਲ.ਆਈ.ਸੀ. ਕੋਲ 5000/-ਰੁਪਏ ਦੀ ਰਕਮ ਜਮ੍ਹਾਂ ਕਰਵਾਈ ਜਾਂਦੀ ਹੈ । ਇਸ ਨਾਲ 6 ਅਤੇ 12 ਸਾਲ ਦੀਆਂ ਲੜਕੀਆਂ ਨੂੰ ਕ੍ਰਮਵਾਰ 100/- ਰੁਪਏ ਅਤੇ 200/- ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਸਿੱਖਿਆ ਵਜ਼ੀਫ਼ਾ ਮਿਲੇਗਾ । ਇਸ ਤੋਂ ਇਲਾਵਾ 18/21 ਸਾਲ ਦੀ ਉਮਰ ਉਪਰੰਤ 22170/- ਰੁਪਏ ਦੀ ਯਕਮੁਸ਼ਤ ਰਕਮ ਵੀ ਅਦਾ ਕੀਤੀ ਜਾਣੀ ਹੈ ।

142. ਬੱਚਿਆਂ ਨੂੰ ਮਿਲਣ ਵਾਲੀ ਅਪੂਰਣ ਖੁਰਾਕ ਵਾਲੀ ਸਥਿਤੀ ਨੂੰ ਖਤਮ ਕਰਨ ਲਈ 28.69 ਕਰੋੜ ਰੁਪਏ ਦੀ ਰਕਮ ਮਖ਼ਸੂਸ ਕੀਤੀ ਗਈ ਹੈ ਤਾਂ ਕਿ ਛੇ ਸਾਲ ਦੀ ਉਮਰ ਤੋਂ ਛੋਟੇ ਬੱਚਿਆਂ ਨੂੰ ਪੂਰਕ ਪੌਸ਼ਟਿਕ ਖੁਰਾਕ ਦਿੱਤੀ ਜਾ ਸਕੇ ।

**ਵਿਕਾਸ ਵਿਚ ਗ਼ੈਰ-ਸਰਕਾਰੀ ਸੰਗਠਨਾਂ ਦੀ ਭੂਮਿਕਾ**

143. ਵੱਖ ਵੱਖ ਵਿਕਾਸਸ਼ੀਲ ਅਤੇ ਸਮਾਜ ਭਲਾਈ ਵਾਲੀਆਂ ਗਤੀਵਿਧੀਆਂ ਵਿਚ ਸਵੈਇਛੱਤ ਸੰਗਠਨਾਂ ਨੂੰ ਉਚਿਤ ਤਰੀਕੇ ਨਾਲ ਸ਼ਾਮਿਲ ਕਰਨ ਲਈ ਰਾਜ ਸਰਕਾਰ ਅਜਿਹੇ ਸੰਗਠਨਾਂ ਨੂੰ ਕਾਫੀ ਮਾਲੀ ਸਹਾਇਤਾ ਦੇ ਰਹੀ ਹੈ ਤਾਂ ਕਿ ਉਹ ਵਿਕਾਸ ਪ੍ਰੀਕ੍ਰਿਆ ਵਿਚ ਉਚਿੱਤ ਭੂਮਿਕਾ ਨਿਭਾ ਸਕਣ । ਉਹ ਸੈਕਟਰ ਜਿਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਟੀਚੇ ਵਿਚ ਲਿਆ ਜਾਵੇਗਾ, ਉਹ ਇਸ ਪ੍ਰਕਾਰ ਹਨ । ਮੁੱਢਲੀ ਅਤੇ ਬਾਲਗ ਸਿੱਖਿਆ, ਗਰੀਬ ਅਤੇ ਲੋੜਵੰਦ ਪਰਿਵਾਰਾਂ ਦੀਆਂ ਨੌਜਵਾਨ ਲੜਕੀਆਂ ਅਤੇ ਔਰਤਾਂ, ਪੁਨਰ ਉਤਪਾਦਕ ਅਤੇ ਬੱਚਾ ਸਿਹਤ ਪ੍ਰੋਗਰਾਮ, ਰਾਸ਼ਟਰੀ ਸਿਹਤ ਪ੍ਰੋਗਰਾਮ, ਪੇਂਡੂ ਖੇਤਰਾਂ ਵਿਚ ਔਰਤਾਂ ਅਤੇ ਬੱਚਿਆਂ ਦਾ ਵਿਕਾਸ, ਸ਼ਹਿਰੀ ਗੰਦੀਆਂ ਬਸਤੀਆਂ ਦੇ ਵਾਤਾਵਰਣ ਵਿਚ ਸੁਧਾਰ ਅਤੇ ਅਨੁਸੂਚਿਤ ਜਾਤੀਆਂ/ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਆਦਿ । ਇਸ ਗੱਲ ਤੇ ਜ਼ੋਰ ਦਿੱਤਾ ਜਾਵੇਗਾ ਕਿ ਕੁਸ਼ਲਤਾ ਵਿਕਾਸ ਨਾਲ ਸਵੈ-ਰੋਜ਼ਗਾਰ ਵਧਾਇਆ ਜਾਵੇ । ਬੇ-ਰੋਜ਼ਗਾਰ ਨੌਜਵਾਨਾਂ ਨੂੰ ਵਿਸ਼ੇਸ਼ ਖੇਤਰਾਂ ਵਿਚ ਲਾਭਕਾਰੀ ਰੋਜ਼ਗਾਰ ਦੇਣ ਲਈ ਉੱਘੀਆਂ ਸੰਸਥਾਵਾਂ ਉਚਿੱਤ ਰੂਪ ਵਿਚ ਸ਼ਾਮਿਲ ਹਨ । ਸਮਾਜ ਦੇ ਅਣਗੌਲੇ ਤਬਕਿਆਂ ਨੂੰ ਅਪਣਾਉਂਦੇ ਸਮੇਂ ਇਸ ਗੱਲ ਤੇ ਜ਼ੋਰ ਦਿੱਤਾ ਜਾਵੇਗਾ ਕਿ ਜਨਤਕ ਅਧਾਰ ਵਾਲੇ ਸਵੈ ਨਿਰਭਰ ਸੰਗਠਨਾਂ ਦੀ ਸਹਾਇਤਾ ਨਾਲ ਯੋਜਨਾਬੰਦੀ ਅਤੇ ਇਸ ਨੂੰ ਲਾਗੂ ਕਰਨ ਲਈ ਭਾਈਚਾਰਕ ਯੋਗਦਾਨ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕੀਤਾ ਜਾਵੇ ਅਤੇ ਪਹਿਲਾਂ ਹੀ ਕੀਤੀਆਂ ਪ੍ਰਾਪਤੀਆਂ ਨੂੰ ਬਰਕਰਾਰ ਰੱਖਣ ਲਈ ਪ੍ਰਾਜੈਕਟ ਸ਼ੁਰੂ ਕੀਤੇ ਜਾਣ ।

144. ਅਸੀਂ ਐਨ.ਜੀ.ਓ'ਜ਼ ਦੀ ਸ਼ਮੂਲੀਅਤ ਰਾਹੀ ਸਮਾਜ ਦੇ ਅਤਿ ਲੋੜਵੰਦ ਲੋਕਾਂ ਤੱਕ ਪੁੱਜਣ ਦਾ ਯਤਨ ਕਰਾਂਗੇ । ਇਕ ਸਕੀਮ ਪੀ.ਐਮ. 1.10 ਅਰਥਾਤ "ਐਨ.ਜੀ.ਓ'ਜ਼ ਨੂੰ ਸਹਾਇਤਾ" ਅਧੀਨ ਦਸਵੀਂ ਯੋਜਨਾ ਲਈ 15.00 ਕਰੜ ਰੁਪਏ ਅਤ ਸਾਲਾਨਾ ਯੋਜਨਾ 2003-04 ਲਈ 1.90 ਕਰੋੜ ਰੁਪਏ ਦਾ ਖਰਚਾ ਮਨਜ਼ੂਰ ਕੀਤਾ ਹੈ ।

Original with;
Punjab Vidhan Sabha
Digitized by;
Panjab Digital Library

[ਵਿੱਤ ਅਤੇ ਯੋਜਨਾ ਮੰਤਰੀ]

145. ਹੁਣ ਮੈਂ ਬਜਟ ਤਜਵੀਜ਼ਾਂ ਵੱਲ ਆਉਂਦਾ ਹਾਂ ।

**ਬਜਟ ਦੀਆਂ ਤਜਵੀਜ਼ਾਂ**

146. ਰਾਜ ਦੀ ਮਾਲੀ ਸਥਿਤੀ ਵਿਚ ਸੁਧਾਰ ਲਿਆਉਣ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਰਾਹਤ ਦੇਣ ਅਤੇ ਆਰਥਿਕ ਵਿਕਾਸ ਨੂੰ ਵਧਾਉਣ ਲਈ ਮੈਂ ਨਿਮਨ ਤਜਵੀਜ਼ਾਂ ਨੂੰ ਪੇਸ਼ ਕਰਦਾ ਹਾਂ :—

ੳ) ਖਾਦਾਂ ਉਪਰ ਵਿਕਰੀ ਕਰ 4% ਤੋਂ ਘਟਾ ਕੇ 0% ਤੱਕ ਲਿਆਉਣ ਦੀ ਤਜਵੀਜ਼ ਹੈ । (ਥੰਪਿੰਗ)

ਅ) ਦੁੱਧ ਦੀ ਪ੍ਰਾਸੈਸਿੰਗ ਨੂੰ ਉਤਸ਼ਾਹਿਤ ਕਰਨ ਲਈ ਦੁੱਧ ਉਪਰ ਖਰੀਦ ਕਰ 4% ਤੋਂ ਘਟਾ ਕੇ 2% ਕਰਨ ਦੀ ਤਜਵੀਜ਼ ਹੈ । (ਥੰਪਿੰਗ)

ੲ) ਜਿਹਾ ਕਿ ਇੰਡੀਅਨ ਨੈਸ਼ਨਲ ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿਚ ਵਾਅਦਾ ਕੀਤਾ ਗਿਆ ਸੀ, 1 ਜੁਲਾਈ 2003 ਤੋਂ ਚੁੰਗੀ ਖ਼ਤਮ ਕਰਨ ਦੀ ਤਜਵੀਜ਼ ਹੈ । (ਥੰਪਿੰਗ) ਜਿਸ ਦੀ ਥਾਂ ਤੇ ਰਾਜ ਵਿਚ ਬਾਹਰੋਂ ਆਯਾਤ ਕੀਤੀਆਂ ਸਾਰੀਆਂ ਚੀਜ਼ਾਂ ਤੇ 2% ਦੀ ਦਰ ਨਾਲ ਸਥਾਨਕ ਖੇਤਰੀ ਵਿਕਾਸ ਕਰ (ਐਲ. ਏ. ਡੀ. ਟੀ.) ਲਾਇਆ ਜਾਵੇਗਾ । ਵਿਸ਼ੇਸ਼ ਉਦਯੋਗਿਕ ਕੱਚੇ ਮਾਲ ਸੰਘਟਕਾਂ ਅਤੇ ਮਧਿਅਸਥਾਂ ਤੇ ਅਦਾ ਕੀਤੇ ਸਥਾਨਕ ਖੇਤਰੀ ਵਿਕਾਸ ਕਰ ਦੀ ਪ੍ਰਤਿਤੁਲਨਾ ਤਿਆਰ ਵਸਤੂਆਂ ਦੇ ਵਿਕਰੀ ਕਰ/ਵੀ.ਏ.ਟੀ. ਨਾਲ ਕੀਤੀ ਜਾਵੇਗੀ ।

ਸ) ਪੁਰਾਣੀ ਲੰਬਿਤਾ ਨੂੰ ਦੂਰ ਕਰਨ ਲਈ ਅਤੇ ਵਪਾਰੀਆਂ ਨੂੰ ਰਾਹਤ ਦੇਣ ਲਈ ਇਹ ਤਜਵੀਜ਼ ਦਿੱਤੀ ਜਾਂਦੀ ਹੈ ਕਿ 31 ਮਾਰਚ 2002 ਤੱਕ ਸਾਰੇ ਪੈਂਡਿੰਗ ਕੇਸਾ ਦਾ ਨਿਪਟਾਰਾ "ਸਵੈ ਨਿਰਧਾਰਣ ਸਕੀਮ" ਅਧੀਨ ਕੀਤਾ ਜਾਵੇ । (ਥੰਪਿੰਗ) ਜਿਸ ਨੂੰ ਆਬਕਾਰੀ ਅਤੇ ਕਰ ਵਿਭਾਗ ਦੁਆਰਾ ਨੋਟ ਕੀਤਾ ਜਾਵੇਗਾ । ਇਸ ਨਾਲ ਇਕ ਲੱਖ ਪੈਂਡਿੰਗ ਕੇਸਾਂ ਦਾ ਨਿਪਟਾਰਾ ਹੋਵੇਗਾ ਅਤੇ ਰਾਜ ਸਰਕਾਰ ਨੂੰ 10 ਕਰੋੜ ਰੁਪਏ ਦੇ ਰੈਵੀਨਿਊ ਦੀ ਆਮਦਨ ਹੋਵੇਗੀ । (ਥੰਪਿੰਗ)

ਹ) ਇਹ ਤਜਵੀਜ਼ ਦਿੱਤੀ ਜਾਂਦੀ ਹੈ ਕਿ ਵਪਾਰੀਆਂ ਨੂੰ ਨਿਰਧਾਰਣ ਅਧਿਕਾਰੀ ਦੇ ਦਫ਼ਤਰ ਵਿਚ ਬੁਲਾਉਣ ਤੋਂ ਬਿਨ੍ਹਾਂ ਕੱਚੇ ਆੜ੍ਹਤੀਆਂ ਦੇ ਸਾਰੇ ਪੈਂਡਿੰਗ ਕੇਸਾਂ ਦਾ ਨਿਪਟਾਰਾ ਸਮਰੀ ਨਿਰਧਾਰਣ ਸਕੀਮ ਅਧੀਨ ਕੀਤਾ ਜਾਵੇ । (ਥੰਪਿੰਗ)

ਕ) ਭਾਰਤ ਸਰਕਾਰ ਦੁਆਰਾ ਨਿਰਯਾਤਕਾਰਾਂ ਨੂੰ ਐਗਜ਼ਿਮ ਸਕਰਿਪ ਭਰਤੀ ਲਸੰਸ ਅਤੇ ਡਿਊਟੀ ਇਨਲਿਸਟਮੈਂਟ ਪਾਸਬੁੱਕ ਦੇ ਰੂਪ ਵਿਚ ਦਿੱਤੀ ਰਾਹਤ ਨੂੰ

Original with;
Punjab Vidhan Sabha
Digitized by;

ਵਿਕਰੀ ਟੈਕਸ ਦੀ ਅਦਾਇਗੀ ਤੋਂ ਛੋਟ ਦੇਣ ਦੀ ਤਜਵੀਜ਼ ਹੈ। (ਥੰਪਿੰਗ)

(ਖ) ਸਿਨੇਮਾ ਮਾਲਕਾਂ ਬਾਰੇ ਇਹ ਤਜਵੀਜ਼ ਹੈ ਕਿ ਉਨ੍ਹਾਂ ਨੂੰ ਇਸ ਗੱਲ ਦੀ ਛੋਟ ਦਿੱਤੀ ਜਾਵੇ ਕਿ ਉਹ ਜਾਂ ਤਾਂ ਯਕਮੁਸ਼ਤ ਵਿਕਰੀ ਕਰ ਦੀ ਅਦਾਇਗੀ ਕਰਨ ਜਾਂ ਵਾਸਤਵਿਕ ਅਧਾਰ ਤੇ ਟੈਕਸ ਦੇਣ। ਇਹ ਤਜਵੀਜ਼ ਦਿੱਤੀ ਜਾਂਦੀ ਹੈ ਕਿ ਯਕਮੁਸ਼ਤ ਟੈਕਸ ਮੌਜੂਦਾ ਪੱਧਰ ਤੋਂ 33% ਅਤੇ ਮਨੋਰੰਜਨ ਕਰ ਨੂੰ 125% ਤੋਂ ਘਟਾ ਕੇ 50% ਕੀਤਾ ਜਾਵੇ। (ਥੰਪਿੰਗ)

(ਗ) ਮਨੋਰੰਜਨ ਪਾਰਕਾਂ ਦੀ ਸਥਾਪਨਾ ਨੂੰ ਉਤਸ਼ਾਹਿਤ ਕਰਨ ਲਈ ਇਹ ਤਜਵੀਜ਼ ਦਿੱਤੀ ਜਾਂਦੀ ਹੈ ਕਿ ਮਨੋਰੰਜਨ ਪਾਰਕਾਂ ਨੂੰ ਇਹ ਛੋਟ ਦਿੱਤੀ ਜਾਵੇ ਕਿ ਉਹ ਜਾਂ ਤਾਂ ਯਕਮੁਸ਼ਤ ਟੈਕਸ ਦੀ ਅਦਾਇਗੀ ਕਰਨ ਜਾਂ ਵਾਸਤਵਿਕ ਆਧਾਰ ਤੇ ਮਨੋਰੰਜਨ ਕਰ ਦੀ ਅਦਾਇਗੀ ਕਰਨ। ਮਨੋਰੰਜਨ ਕਰ ਦੀ ਦਰ 75% ਤੋਂ ਘਟਾ ਕੇ 50% ਕੀਤੀ ਜਾਂਦੀ ਹੈ। (ਥੰਪਿੰਗ)

(ਘ) ਇਹ ਤਜਵੀਜ਼ ਕੀਤਾ ਜਾਂਦਾ ਹੈ ਕਿ ਯਾਤਰਾ ਸਹੂਲਤ ਸਰਕਾਰੀ ਕਰਮਚਾਰੀ ਨੂੰ ਮਿਤੀ 1.4.2003 ਤੋਂ ਬਹਾਲ ਕਰ ਦਿੱਤੀ ਜਾਵੇ।

ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਦੇ ਆਧਾਰ ਤੇ 12.5% ਟੈਲੀਫੂਨ ਰੈਂਟਲ ਟੈਕਸ ਜੋ ਕਿ ਭਾਰਤ ਸੰਚਾਰ ਨਿਗਮ ਲਿਮਟਿਡ ਵਲੋਂ ਸੈਲੂ ਫੋਨ ਸੇਵਾਵਾਂ ਮੁਹੱਈਆ ਕਰਨ ਤੇ ਚਾਰਜ ਕੀਤਾ ਜਾਂਦਾ ਹੈ, ਲਗਾਉਣ ਦਾ ਪ੍ਰਸਤਾਵ ਹੈ ਜਿਸ ਤੋਂ ਸਲਾਨਾ ਰੈਵਨਿਊ 100 ਕਰੋੜ ਰੁਪਏ ਲਗਭੱਗ ਹੋਣ ਦੀ ਸੰਭਾਵਨਾ ਹੈ ਜੋ ਕਿ ਬਜਟ ਵਿੱਚ ਦਿੱਤੀਆਂ ਗਈਆਂ ਰਿਆਇਤਾਂ ਨਾਲ ਹੋਣ ਵਾਲੇ ਸਮੁੱਚੇ ਘਾਟੇ ਨੂੰ ਪੂਰਾ ਕਰ ਦੇਵੇਗਾ। ਮੈਨੂੰ ਖੇਦ ਹੈ ਕਿ ਇਹ ਪ੍ਰਸਤਾਵ ਮੇਰੇ ਭਾਸ਼ਣ ਵਿੱਚ ਜੋ ਮਾਨਯੋਗ ਮੈਂਬਰ ਸਾਹਿਬ ਨੂੰ ਦਿੱਤੀਆਂ ਕਾਪੀਆਂ ਹਨ, ਵਿੱਚ ਸ਼ਾਮਲ ਨਹੀਂ ਕਰ ਸਕੇ। ਇਸ ਦੀ ਅੱਜ ਸਵੇਰੇ ਹੀ ਮੰਤਰੀ ਮੰਡਲ ਵਲੋਂ ਪ੍ਰਵਾਨਗੀ ਦਿਤੀ ਗਈ ਹੈ। ਇਸ ਲਈ ਇਸ ਪ੍ਰਸਤਾਵ ਨੂੰ ਵੀ ਬਜਟ ਪ੍ਰਸਤਾਵਾਂ ਦੇ ਭਾਗ ਵਜੋਂ ਹੀ ਪੜ੍ਹਿਆ ਜਾਵੇ।

147. ਉਪਰੋਕਤ ਤਜਵੀਜ਼ਾਂ ਦੇ ਸਿੱਟੇ ਵਜੋਂ ਸਾਲ 2003-04 ਦੌਰਾਨ ਲੱਗਭੱਗ 90 ਕਰੋੜ ਰੁਪਏ ਦੇ ਨਿਰੋਲ ਰੈਵੀਨਿਊ ਦੇ ਘਾਟੇ ਦੀ ਸੰਭਾਵਨਾ ਹੈ, ਜੋ ਰਿਆਇਤਾਂ ਦਿਤੀਆਂ ਗਈਆਂ ਹਨ ਉਹ 90 ਕਰੋੜ ਰੁਪਏ ਦੀਆਂ ਹਨ ਅਤੇ ਜੋ ਇਹ ਰੈਂਟਲ ਟੈਕਸ ਲਗਾਇਆ ਹੈ ਇਹ 100 ਕਰੋੜ ਰੁਪਏ ਦਾ ਹੈ, ਇਹ ਬਰਾਬਰ ਹੀ ਸਮਝਿਆ ਜਾਵੇ।

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

**ਸਾਲਾਨਾ ਵਿੱਤੀ ਵਿਵਰਣ**

148. ਬਜਟ ਅਨੁਮਾਨ ਸਾਲ 2003-04 ਅਨੁਸਾਰ ਸਾਲਾਨਾ ਮਾਲੀ ਵਿਵਰਣ ਦਾ ਸਾਰ ਹੇਠਾਂ ਦਿੱਤਾ ਗਿਆ ਹੈ :-

| | | |
|---|---|---|
| | ਸੰਚਿਤ ਫੰਡ | (ਰੁਪਏ ਕਰੋੜਾਂ ਵਿਚ) |
| 1. | ਰੈਵੀਨਿਊ ਲੇਖਾ | |
| | ਪ੍ਰਾਪਤੀਆਂ | 13541.99 |
| | ਖਰਚਾ | 16652.84 |
| | ਨਿਰੋਲ | (-)3110.85 |
| 2. | ਪੂੰਜੀਗਤ ਖਰਚਾ | 2026.59 |
| 3. | ਸਰਕਾਰੀ ਕਰਜ਼ਾ | |
| | ਖਰਚ ਕੀਤਾ ਕਰਜ਼ਾ | 12199.37 |
| | ਅਦਾਇਗੀਆਂ | 8212.04 |
| | ਨਿਰੋਲ | 3987.33 |
| 4. | ਕਰਜ਼ੇ ਅਤੇ ਪੇਸ਼ਗੀਆਂ | |
| | ਪੇਸ਼ਗੀਆਂ | 278.36 |
| | ਵਸੂਲੀਆਂ | 96.45 |
| | ਨਿਰੋਲ | (-)181.91 |
| 5. | ਕੁਲ ਸੰਚਿਤ ਫੰਡ (ਨਿਰੋਲ) (ਉਪਰੋਕਤ ਨੰ: 1 ਤੋਂ 4) | (-)1332.02 |
| 6, | ਪਬਲਿਕ ਲੇਖਾ (ਨਿਰੋਲ) (ਛੋਟੀਆਂ ਬੱਚਤਾਂ, ਜੀ.ਪੀ.ਐਫ., ਜੀ.ਆਈ.ਐਸ., ਆਫ਼ਤ ਰਾਹਤ ਫੰਡ, ਸਿਵਲ ਡਿਪਾਜ਼ਿਟ ਆਦਿ) | 897.45 |
| 7. | ਕੁਲ ਲੈਣ ਦੇਣ (5+6) | (-)434.57 |
| 8 | ਆਰੰਭਕ ਬਕਾਇਆ | (-)248 03 |
| 9 | ਅੰਤਮ ਬਕਾਇਆ | (-)682,60 |

Original with;
Punjab Vidhan Sabha
Digitized by;
Panjab Digital Library

149. ਸਾਲ 2003-04 ਲਈ ਰੈਵੀਨਿਊ ਲੇਖੇ ਵਿਚ ਅਨੁਮਾਨਤ ਘਾਟਾ 3110.85 ਕਰੋੜ ਰੁਪਏ ਸੀ ਜਦ ਕਿ ਸਾਲ 2002-03 ਵਿਚ ਉਹ ਘਾਟਾ 3312.56 ਕਰੋੜ ਰੁਪਏ ਸੀ । ਸਾਲ 2002-03 ਵਿਚ ਰੈਵੀਨਿਊ ਘਾਟੇ ਦੀ ਕਮੀ ਦਾ ਮੁੱਖ ਕਾਰਣ ਕੇਂਦਰੀ ਸਰਕਾਰ ਦੁਆਰਾ ਕੀਤੇ ਮਾਲੀ ਸੁਧਾਰਾਂ ਦਾ ਸਿੱਟਾ ਸੀ । ਜਿਸ ਦੇ ਸਿੱਟੇ ਵਜੋਂ ਰੈਵੀਨਿਊ ਪ੍ਰਾਪਤੀਆਂ ਵਿਚ ਵਾਧਾ ਹੋਇਆ ਅਤੇ ਗ਼ੈਰ ਲਾਭਕਾਰੀ ਖ਼ਰਚੇ ਵਿਚ ਕਮੀ ਆਈ । ਮੇਰੀ ਸਰਕਾਰ ਦੁਆਰਾ ਮਾਲੀ ਸੁਧਾਰਾਂ ਦਾ ਜੋ ਮਾਰਗ ਅਪਣਾਇਆ ਗਿਆ ਹੈ ਉਸ ਨਾਲ ਅਗਲੇ ਸਾਲ ਵਿਚ ਰੈਵੀਨਿਊ ਘਾਟਾ 3110.85 ਕਰੋੜ ਰੁਪਏ ਦੇ ਵਰਤਮਾਨ ਪੱਧਰ ਤੋਂ ਹੇਠਾਂ ਆ ਜਾਵੇਗਾ ।

ਸਿੱਟਾ

150. ਅੰਤ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਰਾਜ ਦੀ ਅਰਥ ਵਿਵਸਥਾ ਬੜੀ ਨਾਜ਼ੁਕ ਹਾਲਤ ਵਿਚ ਹੈ । ਜੇਕਰ ਵਿਕਾਸ ਦੀ ਘਟਦੀ ਦਰ ਤੇ ਕਾਬੂ ਨਹੀਂ ਪਾਇਆ ਜਾਂਦਾ ਤਾਂ ਇਸ ਗੱਲ ਦਾ ਖ਼ਦਸ਼ਾ ਹੈ ਕਿ ਰਾਜ ਘੱਟ ਵਿਕਾਸ ਦੇ ਪ੍ਰਪੇਖ ਪੱਥ ਤੇ ਭਟਕ ਸਕਦਾ ਹੈ । ਵਿਕਾਸ ਦੀ ਦਰ ਨੂੰ ਉੱਚਾ ਚੁੱਕਣ ਲਈ ਇਹ ਜ਼ਰੂਰੀ ਹੈ ਕਿ ਖੇਤੀਬਾੜੀ ਅਤੇ ਸਿੰਜਾਈ ਵਿਚ ਨਿਵੇਸ਼ ਨੂੰ ਵਧਾਇਆ ਜਾਵੇ ਅਤੇ ਭੌਤਿਕੀ ਤੇ ਸਮਾਜਿਕ ਆਧਾਰਕ ਸੰਰਚਨਾ ਨੂੰ ਮਜ਼ਬੂਤ ਕੀਤਾ ਜਾਵੇ ਤਾਂ ਕਿ ਰਾਜ, ਉਦਮੀਆਂ ਲਈ ਨਿਵੇਸ਼ ਕਰਨ ਲਈ ਆਕਰਸ਼ਣ ਦਾ ਇਕ ਕੇਂਦਰ ਬਣ ਸਕੇ । ਅਜਿਹਾ ਤਦ ਤੱਕ ਸੰਭਵ ਨਹੀਂ ਹੋਵੇਗਾ ਜਦ ਕਿ ਮੇਰੇ ਪਹਿਲੇ ਬਜਟ ਭਾਸ਼ਣ ਵਿਚ ਵਰਣਿਤ ਮਾਲੀ ਸੁਧਾਰ ਦੇ ਮਾਰਗ ਨੂੰ ਅਪਨਾਇਆ ਨਹੀਂ ਜਾਂਦਾ ਅਤੇ ਨਿਵੇਸ਼ ਲਈ ਵਧੀਕ ਬਹੁਲਤਾ ਨਹੀਂ ਲਿਆਂਦੀ ਜਾਂਦੀ । ਇਸ ਲਈ ਮੈਂ ਇਸ ਅਜ਼ੀਮ ਸਦਨ ਦੇ ਸਾਰੇ ਤਬਕਿਆਂ ਪਾਸੋਂ ਦਿਲੀ ਸਹਾਇਤਾ ਦੀ ਮੰਗ ਕਰਦਾ ਹਾਂ । ਸਪੀਕਰ ਸਾਹਿਬ, ਅਖੀਰ ਵਿਚ ਮੈਂ ਪ੍ਰੈਸ ਗੈਲਰੀ ਲਈ ਸੱਤ ਲੱਖ ਰੁਪਏ ਦੇਣ ਦਾ ਐਲਾਨ ਕਰਦਾ ਹਾਂ । ਇਨ੍ਹਾਂ ਸ਼ਬਦਾਂ ਨਾਲ ਸ੍ਰੀਮਾਨ ਜੀ ਮੈਂ ਸਾਲ 2003-04 ਦੇ ਬਜਟ ਨੂੰ ਇਸ ਅਜ਼ੀਮ ਸਦਨ ਸਨਮੁੱਖ ਪ੍ਰਸਤੁਤ ਕਰਦਾ ਹਾਂ ।

ਜੈ ਹਿੰਦ

---

**MR. SPEAKER :** Now the House stands adjourned till 10.00 A.M. on Tuesday, the 25th March, 2003.

*11.51 A.M. (The Sabha then adjourned* till 10.00 A.M. on Tuesday, the 25th March, 2003

---

ਪੰਜਾਬ ਸਰਕਾਰ ਪ੍ਰੈਸ, ਮੁਹਾਲੀ—4776—6—2003/305 ਕਾਪੀਆਂ

Original with;
Punjab Vidhan Sabha
Digitized by;

Original with;
Punjab Vidhan Sabha
Digitized by;

*Original with;*
Punjab Vidhan Sabha
*Digitized by;*
Panjab Digital Library

© 2003

Published under the authority of the Punjab Vidhan Sabha and printed by the Controller, Printing and Stationery, Punjab, at Govt. Press, S.A.S. Nagar.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*25th March, 2003*

**Vol. IV - No. 6**

OFFICIAL REPORT

CONTENTS


| | | Page |
|---|---|---|
| Starred Questions and Answers | .. | (6)1 |
| Matter raised during Zero Hour | .. | (6)16 |
| Second Report of the Rules Committee laid on the Table of the House | .. | (6)17 |
| Call Attention Notices under Rule 66 | .. | (6)17 |
| Paper Laid on the Table of the House | .. | (6)20 |
| Presentation of Reports of the Committees | .. | (6)20 |
| Resolution re. recommending to the State Government to take effective steps to check the menace of stray cattle on the roads of various cities of the State leading to many road accidents | .. | (6)21 |


---


**Punjab Vidhan Sabha Secretariat, Chandigarh.**

**Price : Rs. ...............**



*Original with;*
Punjab Vidhan Sabha
*Digitized by;*
Panjab Digital Library

O inal with;
P b Vidhan Sabha
D ed by;
P

# PUNJAB VIDHAN SABHA

*Tuesday, the 25th March, 2003*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 10.00 A.M. Mr. Speaker (Doctor Kewal Krishan) in the Chair.*

---

## STARRED QUESTIONS AND ANSWERS

### Supplementaries to Starred Question No. 493**

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਪਲੀਮੈਂਟਰੀਆਂ ਪੇਸ਼ ਨਹੀਂ ਹੋਈਆਂ।)

---

### ਨਿਸ਼ਾਨ ਵਾਲਾ ਪ੍ਰਸ਼ਨ ਨੰ: 262***

**ਮਾਨਯੋਗ ਸਪੀਕਰ** : ਇਹ ਸਵਾਲ ਮਿਤੀ 28 ਮਾਰਚ, 2003 ਤੱਕ ਪੋਸਟਪੋਨ ਕੀਤਾ ਜਾਂਦਾ ਹੈ।

---

### ਨਿਸ਼ਾਨ ਵਾਲਾ ਪ੍ਰਸ਼ਨ ਨੰ: 476 ਅਤੇ 477

(ਸਬੰਧਿਤ ਮਾਨਯੋਗ ਮੈਂਬਰਾਂ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

---

### ਸਕੂਲਾਂ ਵਿਚ ਸਾਇੰਸ ਦੇ ਵਿਸ਼ੇ ਪੜ੍ਹਾਉਣਾ

***528. ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਕੀ ਸਕੂਲ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਲੁਧਿਆਣਾ ਵਿਚ ਅਜਿਹੇ ਹਾਈ/ਹਾਇਰ ਸੈਕੰਡਰੀ ਸਕੂਲਾਂ ਦੇ ਬਲਾਕ-ਵਾਰ ਨਾਂ ਕੀ-ਕੀ ਹਨ ਜਿਥੇ ਸਾਇੰਸ ਦੇ ਵਿਸ਼ੇ ਪੜ੍ਹਾਏ ਜਾ ਰਹੇ ਹਨ ?

---

** For Starred Question No. 493 and reply thereto, please see P.V.S. Debates dated 21st March, 2003.

*** For Starred Question no. 262 and reply thereto, please see P.V.S. debates dated 28th March, 2003.

Original with;
Punjab Vidhan Sabha
Digitized by;
Panjab Digital Library

**State Minister for School Education (Professor Darbari Lal) :** Science subjects are being taught in all the High schools in Ludhiana. There is no Higher Secondary School in district Ludhiana.

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਡਿਪਾਰਟਮੈਂਟ ਵੱਲੋਂ ਜਵਾਬ ਬਹੁਤ ਦੇਰ ਨਾਲ ਪਹੁੰਚਦਾ ਹੈ। ਵਿਧਾਨ ਸਭਾ ਵੱਲੋਂ ਤਾਂ ਜਦੋਂ ਜਵਾਬ ਪਹੁੰਚਦਾ ਹੈ, ਉਦੋਂ ਪਹੁੰਚਾ ਦਿੱਤਾ ਜਾਂਦਾ ਹੈ। ਇਸ ਲਈ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਜਵਾਬ ਸਮੇਂ ਸਿਰ ਮਿਲ ਜਾਣ।

**ਮਾਨਯੋਗ ਸਪੀਕਰ** : ਇਹ ਤੁਹਾਡਾ ਸੁਝਾਓ ਹੈ। ਇਹ ਨੋਟ ਕਰ ਲਿਆ ਹੈ। ਹੁਣ ਸਵਾਲ ਕਰੋ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਸਪੀਕਰ ਸਾਹਿਬ, ਜੋ ਮੰਤਰੀ ਜੀ ਨੇ ਜਵਾਬ ਦਿੱਤਾ ਹੈ, ਕੀ ਉਹ ਦਰੁਸਤ ਹੈ, ਠੀਕ ਹੈ ? ਜੇ ਬਿਲਕੁਲ ਠੀਕ ਹੈ ਤਾਂ ਮਾਨਯੋਗ ਮੰਤਰੀ ਜੀ ਕਿਰਪਾ ਕਰਕੇ ਦੱਸਣ ਕਿ ਕੂਮਕਲਾਂ ਹਲਕੇ ਵਿੱਚ ਕਿੰਨੇ ਸਕੂਲਾਂ ਵਿੱਚ ਸਾਇੰਸ ਸਬਜੈਕਟ ਹੈ ਅਤੇ ਇਹ ਕਿਹੜੇ ਕਿਹੜੇ ਸਕੂਲਾਂ ਵਿੱਚ ਪੜ੍ਹਾਇਆ ਜਾਂਦਾ ਹੈ ਕਿਉਂਕਿ ਲਿਖਤੀ ਤੌਰ ਤੇ ਵੀ ਮੇਰਾ ਇਹੀ ਸਵਾਲ ਸੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਦਾ ਕੁਐਸਚਨ ਸੀ : "Will the School Education Minister be pleased to state the blockwise names of High/Higher Secondary Schools in district Ludhiana where Science subjects are being taught?" ਇਸ ਦਾ ਜਵਾਬ ਦਿੱਤਾ ਹੈ ਕਿ ਇਹ ਜਿਹੜਾ ਸਾਇੰਸ ਸਬਜੈਕਟ ਹੈ, ਇਹ ਆਲਮੋਸਟ ਸਾਰੇ ਹਾਈ ਸਕੂਲਾਂ ਵਿੱਚ ਪੜ੍ਹਾਇਆ ਜਾਂਦਾ ਹੈ। ਹਾਇਰ ਸੈਕੰਡਰੀ ਸਕੂਲ ਤਾਂ ਇਸ ਸਮੇਂ ਨਹੀਂ ਹਨ, ਸੀਨੀਅਰ ਸੈਕੰਡਰੀ ਸਕੂਲ ਹਨ ਅਤੇ ਇਨ੍ਹਾਂ 136 ਸੀਨੀਅਰ ਸੈਕੰਡਰੀ ਸਕੂਲਾਂ ਵਿਚੋਂ 40 ਸਕੂਲਾਂ ਵਿੱਚ ਸਾਇੰਸ ਸਬਜੈਕਟ ਪੜ੍ਹਾਏ ਜਾਂਦੇ ਹਨ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਸਪੀਕਰ ਸਾਹਿਬ, ਮੈਂ ਬੇਨਤੀ ਕੀਤੀ ਸੀ ਕਿ ਕੂਮਕਲਾਂ ਹਲਕੇ ਦੀ ਬਲਾਕਵਾਈਜ਼ ਇਨਫਰਮੇਸ਼ਨ ਦਿੱਤੀ ਜਾਵੇ। ਇੱਕ ਪਾਸੇ ਤਾਂ ਮੰਤਰੀ ਜੀ ਕਹਿ ਰਹੇ ਹਨ ਕਿ ਜ਼ਿਲ੍ਹੇ ਵਿੱਚ ਕੋਈ ਐਸਾ ਸਕੂਲ ਨਹੀਂ ਜਿੱਥੇ ਸਾਇੰਸ ਸਬਜੈਕਟ ਨਹੀਂ ਹੈ ਪਰ ਦੂਸਰੇ ਪਾਸੇ ਕਹਿ ਰਹੇ ਹਨ ਕਿ ਸਿਰਫ 40 ਸਕੂਲਾਂ ਵਿੱਚ ਪੜ੍ਹਾਇਆ ਜਾਂਦਾ ਹੈ। ਮੇਰੀ ਬੇਨਤੀ ਹੈ ਕਿ ਕੂਮਕਲਾਂ ਹਲਕੇ ਵਿੱਚ ਤਿੰਨ ਸਕੂਲ ਹਨ : ਕੂਮਕਲਾਂ, ਮਾਛੀਵਾੜਾ ਅਤੇ ਹੈਬੋਵਾਲ ਬੇਟ। ਹੈਬੋਵਾਲ ਬੇਟ ਵਿੱਚ ਤਾਂ ਇੱਕ ਵੀ ਟੀਚਰ ਨਹੀਂ ਹੈ। ਕੂਮਕਲਾਂ ਬਲਾਕ ਵਿੱਚ ਤਿੰਨ ਸਕੂਲ ਹਨ ਅਤੇ ਮੰਤਰੀ ਜੀ ਦੱਸਣ ਕਿ ਕਿਹੜੇ ਕਿਹੜੇ ਸਕੂਲ ਵਿੱਚ ਸਾਇੰਸ ਸਬਜੈਕਟ ਪੜ੍ਹਾਇਆ ਜਾਂਦਾ ਹੈ ?

Original with;
Punjab Vidhan Sabha
Digitized by;
Punjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਆਲਰੇਡੀ ਜਵਾਬ ਦੇ ਚੁੱਕਾ ਹਾਂ। ਜਿਹੜਾ ਸਵਾਲ ਇਨ੍ਹਾਂ ਨੇ ਪੁੱਛਿਆ ਹੈ, ਉਸ ਦਾ ਤਸੱਲੀਬਖਸ਼ ਜਵਾਬ ਦਿੱਤਾ ਜਾ ਚੁੱਕਾ ਹੈ। ਇਹ ਸੈਕਿੰਡ ਕੁਐਸਚਨ ਹੈ। If he wants to get more information, he should submit another question.

**Mr. Speaker :** Alright.

---

## ਸੱਕੀ ਨਾਲਾ, ਜ਼ਿਲ੍ਹਾ ਅੰਮ੍ਰਿਤਸਰ ਦੇ ਪੁਲ ਦੀ ਉਸਾਰੀ

*456. (1) **ਸਰਦਾਰ ਵੀਰ ਸਿੰਘ ਲੋਪੋਕੇ**
(2) **ਡਾਕਟਰ ਰਤਨ ਸਿੰਘ** } : ਕੀ ਸਿੰਜਾਈ ਮੰਤਰੀ ਕਿਰਪਾ

ਕਰਕੇ ਦੱਸਣਗੇ ਕਿ ਪਿੰਡ ਲੋਧੀ ਗੁੱਜਰ, ਬਲਾਕ ਚੋਗਾਵਾਂ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸੱਕੀ ਨਾਲੇ ਤੇ ਬਣਾਏ ਜਾ ਰਹੇ ਪੁਲ ਦੀ ਤਾਜ਼ਾ ਸਥਿਤੀ ਕੀ ਹੈ ਅਤੇ ਉਕਤ ਪੁਲ ਦੀ ਉਸਾਰੀ ਨੂੰ ਕਦੋਂ ਤਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਰਾਜ ਮੰਤਰੀ, ਜਨ ਸਿਹਤ ਅਤੇ ਪੇਂਡੂ ਵਿਕਾਸ ਅਤੇ ਪੰਚਾਇਤਾਂ (ਸਰਦਾਰ ਜਸਜੀਤ ਸਿੰਘ ਰੰਧਾਵਾ)** : ਪਿੰਡ ਲੋਧੀ ਗੁੱਜਰ ਵਿਖੇ ਸੱਕੀ ਨਾਲੇ ਤੇ ਬਣਾਏ ਜਾ ਰਹੇ ਪੁਲ ਦਾ ਤਕਰੀਬਨ 75% ਕੰਮ ਪੂਰਾ ਹੋ ਚੁੱਕਾ ਹੈ ਅਤੇ ਪੰਜਾਬ ਰਾਜ ਸੜਕਾਂ ਅਤੇ ਪੁਲ ਵਿਕਾਸ ਬੋਰਡ, ਚੰਡੀਗੜ੍ਹ ਨੂੰ ਬਾਕੀ ਰਹਿੰਦੇ ਫੰਡਜ਼ ਉਪਲਬਧ ਕਰਾਉਣ ਲਈ ਬੇਨਤੀ ਕੀਤੀ ਗਈ ਸੀ, ਪਰ ਉਹਨਾਂ ਵੱਲੋਂ ਇਸ ਕੰਮ ਲਈ ਹੋਰ ਰਾਸ਼ੀ ਨਹੀਂ ਦਿੱਤੀ ਜਾ ਰਹੀ ਹੈ। ਫੰਡਜ਼ ਪ੍ਰਾਪਤ ਹੋਣ ਉਪਰੰਤ ਇਹ ਪੁਲ 2-3 ਮਹੀਨਿਆਂ ਵਿੱਚ ਪੂਰਾ ਕਰ ਦਿੱਤਾ ਜਾਵੇਗਾ।

**ਸਰਦਾਰ ਵੀਰ ਸਿੰਘ ਲੋਪੋਕੇ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ 75% ਕੰਮ ਮੁਕੰਮਲ ਕੀਤਾ ਗਿਆ ਹੈ, ਇਸ ਵਿੱਚ ਪੁਲ ਦੇ ਕਿਹੜੇ ਕਿਹੜੇ ਕੰਮ ਮੁਕੰਮਲ ਹੋਏ ਹਨ ਅਤੇ 25% ਕਿਹੜਾ ਕੰਮ ਬਾਕੀ ਰਹਿੰਦਾ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਪੁਲ ਦਾ ਟੋਟਲ 75% ਕੰਮ ਕੰਪਲੀਟ ਹੋ ਚੁੱਕਾ ਹੈ। ਇਹ 2001 ਵਿੱਚ ਸ਼ੁਰੂ ਹੋਇਆ ਸੀ। ਇਸ ਵਾਸਤੇ ਟੋਟਲ 97 ਲੱਖ 76 ਹਜ਼ਾਰ 712 ਰੁਪਏ ਵਿੱਚੋਂ 50 ਲੱਖ ਰੁਪਿਆ ਦਿੱਤਾ ਜਾ ਚੁੱਕਾ ਹੈ। 20 ਲੱਖ ਰੁਪਿਆ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੇ ਡਿਸਟ੍ਰਿਕਟ ਪਲੈਨਿੰਗ ਬੋਰਡ ਵਿੱਚੋਂ ਦਿੱਤਾ ਸੀ। 30 ਲੱਖ ਰੁਪਿਆ ਏ.ਡੀ.ਸੀ. (ਡਿਵੈਲਪਮੈਂਟ) ਨੇ ਦਿੱਤਾ ਸੀ। 75% ਵਿੱਚ ਰਲਵਾਂ ਮਿਲਵਾਂ ਕੰਮ ਹੋ ਗਿਆ ਹੈ ਅਤੇ 25% ਰਹਿੰਦਾ ਹੈ, ਜਦੋਂ ਫੰਡ ਆ ਗਏ ਤਾਂ ਦੋ-ਤਿੰਨ ਮਹੀਨਿਆਂ ਵਿੱਚ ਉਹ ਕੰਮ ਵੀ ਮੁਕੰਮਲ ਹੋ ਜਾਵੇਗਾ।

Original with;
Punjab Vidhan Sabha
Digitized by:
Panjab Digital Library

**ਸਰਦਾਰ ਵੀਰ ਸਿੰਘ ਲੋਪੋਕੇ** : ਸਪੀਕਰ ਸਾਹਿਬ, ਇਨ੍ਹਾਂ ਨੂੰ ਪੂਰਾ ਜਵਾਬ ਦੇਣਾ ਚਾਹੀਦਾ ਹੈ। ਪੈਸੇ ਅਸੀਂ ਹੀ ਭੇਜੇ ਸੀ, ਉਹ ਸਾਨੂੰ ਪਤਾ ਹੈ। ਮੈਂ ਇਹ ਪੁੱਛਿਆ ਹੈ ਕਿ ਜਿਹੜਾ 25% ਕੰਮ ਰਹਿੰਦਾ ਹੈ, ਉਹ ਕਿਹੜਾ ਕੰਮ ਰਹਿੰਦਾ ਹੈ ?

**ਮਾਨਯੋਗ ਸਪੀਕਰ** : ਕੰਮ ਦੀ ਡਿਟੇਲ ਜਾਣਦੇ ਹੋ ਤਾਂ ਦੱਸ ਦਿਓ।

**ਰਾਜ ਮੰਤਰੀ** : ਸਪੀਕਰ ਸਾਹਿਬ, ਕੰਮ ਦੀ ਡਿਟੇਲ ਤਾਂ ਮੈਨੂੰ ਪਤਾ ਨਹੀਂ। ਇਹ ਵੱਖਰਾ ਪੁੱਛ ਲੈਣ ਤਾਂ ਮੈਂ ਦੱਸ ਦੇਵਾਂਗਾ ਪਰ ਇਹ ਐਸ਼ੋਅਰ ਕਰਵਾਉਂਦਾ ਹਾਂ ਕਿ ਜਦੋਂ ਫੰਡਜ਼ ਆ ਗਏ ਤਾਂ ਦੋ-ਤਿੰਨ ਮਹੀਨਿਆਂ ਵਿੱਚ ਮੁਕੰਮਲ ਹੋ ਜਾਵੇਗਾ।

**ਮਾਨਯੋਗ ਸਪੀਕਰ** : ਜਵਾਬ ਆ ਗਿਆ ਹੈ।

**ਸਰਦਾਰ ਵੀਰ ਸਿੰਘ ਲੋਪੋਕੇ** : ਸਪੀਕਰ ਸਾਹਿਬ, ਆਪ ਜੀ ਦੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੋ-ਤਿੰਨ ਮਹੀਨੇ ਕਿਹਾ ਹੈ . . . . .

**ਮਾਨਯੋਗ ਸਪੀਕਰ** : ਉਨ੍ਹਾਂ ਨੇ ਦੋ-ਤਿੰਨ ਮਹੀਨੇ ਕਹਿ ਦਿੱਤਾ ਹੈ।

**ਸਰਦਾਰ ਵੀਰ ਸਿੰਘ ਲੋਪੋਕੇ** : ਇਹ ਦੋ-ਤਿੰਨ ਮਹੀਨੇ ਫੰਡ ਪ੍ਰਾਪਤ ਹੋਣ ਤੋਂ ਬਾਅਦ ਲੱਗਣਗੇ ਜਾਂ ਫੰਡ ਪ੍ਰਾਪਤ ਕਰਨ ਨੂੰ ਦੋ-ਤਿੰਨ ਮਹੀਨੇ ਲੱਗਣਗੇ ? ਕੀ ਪੈਸੇ ਪਹਿਲਾਂ ਲੈਣ ਵਾਸਤੇ ਵੀ ਖੇਚਲ ਕਰਨਗੇ ?

**ਮਾਨਯੋਗ ਸਪੀਕਰ** : ਫੰਡਜ਼ ਤੋਂ ਬਗੈਰ ਤਾਂ ਬਣਨਾ ਨਹੀਂ।

**ਰਾਜ ਮੰਤਰੀ** : 41.74 ਲੱਖ ਰੁਪਿਆ ਲੱਗਣ ਵਾਲਾ ਰਹਿੰਦਾ ਹੈ। ਆਰ.ਡੀ.ਐਫ. ਅਤੇ ਨਾਬਾਰਡ ਨੂੰ ਲਿਖ ਕੇ ਭੇਜਿਆ ਹੈ, ਜਦੋਂ ਫੰਡਜ਼ ਆ ਗਏ, ਉਸ ਤੋਂ ਬਾਅਦ 2-3 ਮਹੀਨਿਆਂ ਵਿੱਚ ਮੁਕੰਮਲ ਹੋ ਜਾਵੇਗਾ।

---

### ਅੰਮ੍ਰਿਤਸਰ-ਰਾਜਾ ਸਾਂਸੀ ਏਅਰਪੋਰਟ ਸੜਕ ਨੂੰ ਚਹੁੰ-ਮਾਰਗੀ ਬਣਾਉਣਾ

*459. (1) **ਸਰਦਾਰ ਵੀਰ ਸਿੰਘ ਲੋਪੋਕੇ**
(2) **ਡਾਕਟਰ ਰਤਨ ਸਿੰਘ** } : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅੰਮ੍ਰਿਤਸਰ ਤੋਂ ਰਾਜਾ ਸਾਂਸੀ ਹਵਾਈ ਅੱਡੇ ਨੂੰ ਜਾਂਦੀ ਸੜਕ ਨੂੰ ਚਹੁੰ-ਮਾਰਗੀ ਬਣਾਉਣ ਲਈ ਕਿੰਨਾ ਕੰਮ ਮੁਕੰਮਲ ਹੋ ਗਿਆ ਹੈ ਅਤੇ ਰਾਜਾ ਸਾਂਸੀ ਹਵਾਈ ਅੱਡੇ ਤੱਕ ਉਕਤ ਸੜਕ ਨੂੰ ਚਹੁੰ-ਮਾਰਗੀ ਬਣਾਉਣ ਦਾ ਕੰਮ ਕਦੋਂ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ?

**Sardar Partap Singh Bajwa :** The work of four-laning from Amritsar to Raja Sansi Airport has been completed upto 28%. It is likely to be completed by 31st March, 2004 subject to the availability of full funds from Govt. of India, as it has been funded under C.R.F. Scheme.

Original with;
Punjab Vidhan Sabha
Digitized by;
Panjab Digital Library

**ਸਰਦਾਰ ਵੀਰ ਸਿੰਘ ਲੋਪੋਕੇ:** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਦੋ ਪੁਲ ਆਉਂਦੇ ਹਨ, ਉਨ੍ਹਾਂ ਦਾ ਕੰਮ ਸ਼ੁਰੂ ਹੋਇਆ ਹੈ ਜਾਂ ਨਹੀਂ ਹੋਇਆ ?

**ਮੰਤਰੀ :** ਸਰ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਤੇ ਦੋ ਪੁਲ ਆਉਂਦੇ ਹਨ। ਇੱਕ ਗੁਮਤਾਲਾ ਬਰਿੱਜ ਹੈ ਜਿਹੜਾ ਸੱਤ ਕਿਲੋਮੀਟਰ ਤੇ ਹੈ। ਇਸ ਦੇ ਸੱਤ ਸਪੈਨ ਹਨ, ਇਹ ਸੱਤ ਮੀਟਰ ਦਾ ਪੁਲ ਹੈ। ਇਸ ਤੇ 56 ਲੱਖ ਰੁਪਿਆ ਲੱਗਣਾ ਹੈ। ਇਸ ਦੇ ਟੈਂਡਰ ਕੰਡਕਟ ਕਰਕੇ ਚੰਦ ਦਿਨ ਪਹਿਲਾਂ ਹੀ ਇਸ ਦਾ ਕੰਮ ਸ਼ੁਰੂ ਹੋਇਆ ਹੈ ਅਤੇ 6 ਮਹੀਨਿਆਂ ਵਿੱਚ ਇਹ ਪੁਲ ਕੰਪਲੀਟ ਕਰ ਦੇਵਾਂਗੇ। ਦੂਸਰਾ ਪੁਲ ਸੱਕੀ ਨਾਲਾ ਹੈ। ਇਹ ਅੰਮ੍ਰਿਤਸਰ ਤੋਂ ਅੱਠ ਕਿਲੋਮੀਟਰ ਤੇ ਪੈਂਦਾ ਹੈ। ਇਸ ਦੇ ਪੰਜ ਸਪੈਨ ਹਨ, ਪੰਜ ਮੀਟਰ ਦਾ ਪੁਲ ਹੈ। ਇਸ ਤੇ 45 ਲੱਖ ਰੁਪਿਆ ਲੱਗਣਾ ਹੈ। ਇਸ ਦੇ ਟੈਂਡਰਾਂ ਦੀ ਅਜੇ ਅਲਾਟਮੈਂਟ ਨਹੀਂ ਹੋ ਸਕੀ। 10-15 ਦਿਨਾਂ ਵਿੱਚ ਇਸ ਦੀ ਅਲਾਟਮੈਂਟ ਤੋਂ ਬਾਅਦ 6 ਮਹੀਨਿਆਂ ਦੇ ਵਿੱਚ, ਇਸ ਦਾ ਮੈਂ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਕੰਮ ਹੋ ਜਾਵੇਗਾ।

**ਮਾਨਯੋਗ ਸਪੀਕਰ :** ਐਸ਼ੋਰੈਂਸ ਤਾਂ ਦੇ ਦਿੱਤੀ ਹੈ, ਅਜੇ ਵੀ ਕੁਝ ਪੁੱਛਣਾ ਹੈ ?

**ਸਰਦਾਰ ਵੀਰ ਸਿੰਘ ਲੋਪੋਕੇ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਚਾਰ ਲੇਨ ਸੜਕ ਬਣੀ ਹੈ, ਉਥੇ ਸਫੈਦਾ ਬਹੁਤ ਸੀ। ਉਸ ਸਫੈਦੇ ਦੀ ਇਨ੍ਹਾਂ ਨੇ ਕਟਾਈ ਕੀਤੀ ਹੈ। ਉਸ ਦੀ ਗਿਣਤੀ ਕਿੰਨੀ ਸੀ ਅਤੇ ਉਸ ਦੇ ਫੰਡਜ਼ ਕਿਨ੍ਹਾਂ ਕੋਲ ਗਏ ਹਨ ?

**ਮੰਤਰੀ :** ਸਰ, ਇਨ੍ਹਾਂ ਨੇ ਇਸ ਦੇ ਵਿੱਚ ਇਹ ਸਵਾਲ ਨਹੀਂ ਕੀਤਾ ਪਰ ਫਿਰ ਵੀ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਤਕਰੀਬਨ 1650 ਸਫੈਦੇ ਦੇ ਦਰਖ਼ਤ ਸਨ। ਇਸ ਦਾ ਸਿਸਟਮ ਇਹ ਹੁੰਦਾ ਹੈ ਕਿ ਜਦੋਂ ਇਹ ਦਰਖਤ ਕੱਟੇ ਜਾਂਦੇ ਹਨ ਤਾਂ ਪੰਜਾਬ ਗੌਰਮਿੰਟ ਦੇ ਫਾਰੈਸਟ ਡਿਪਾਰਟਮੈਂਟ ਕੋਲ ਇਹ ਦਰਖਤ ਜਮ੍ਹਾਂ ਹੋ ਜਾਂਦੇ ਹਨ ਅਤੇ ਬਾਅਦ ਵਿੱਚ ਉਹ ਆਕਸ਼ਨ ਕਰਕੇ ਇਹ ਦਰਖਤ ਵੇਚ ਦਿੰਦੇ ਹਨ। ਪੈਸਾ ਵੀ ਉਨ੍ਹਾਂ ਕੋਲ ਹੀ ਜਾਂਦਾ ਹੈ। ਸਾਡੇ ਡਿਪਾਰਟਮੈਂਟ ਨੇ ਇਹ ਸਫੈਦੇ ਪੁੱਟ ਲੈਣ ਤੋਂ ਬਾਅਦ ਨਵੇਂ ਬੂਟੇ ਲਾਉਣ ਵਾਸਤੇ ਉਨ੍ਹਾਂ ਕੋਲ ਪੈਸੇ ਜਮ੍ਹਾਂ ਕਰਵਾ ਦਿੱਤੇ ਹਨ। ਇਹ ਫਾਰੈਸਟ ਡਿਪਾਰਟਮੈਂਟ ਹੀ ਕਰਦਾ ਹੈ।

**ਡਾਕਟਰ ਰਤਨ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਜੇ ਤੱਕ ਵੀ ਬਹੁਤ ਸਾਰੇ ਸਫੈਦੇ ਖੜ੍ਹੇ ਹਨ, ਜਿਹੜੇ ਲੋਕਾਂ ਦੇ ਲੰਘਣ ਵਾਸਤੇ ਖਤਰਾ ਹਨ। ਉਥੇ ਦੁਕਾਨਾਂ ਵੀ ਹਨ। ਕੀ ਉਨ੍ਹਾਂ ਨੂੰ ਪੁਟਾਉਣ ਲਈ ਕੋਈ ਉਪਰਾਲਾ ਕਰਨਗੇ ?

**ਮੰਤਰੀ :** ਜਿਹੜੇ ਖੜ੍ਹੇ ਹਨ, ਉਹ ਵੀ ਤੁਹਾਨੂੰ ਪਤਾ ਹੀ ਹੈ ਕਿ ਬਾਕੀ ਕੱਟੇ ਗਏ ਹਨ ਤਾਂ ਦੋ-ਚਾਰ ਖੜ੍ਹੇ ਨਹੀਂ ਰਹਿਣਗੇ। ਕੱਟਣੇ ਸਾਰੇ ਹੀ ਹਨ। ਪ੍ਰੋਸੈਸ ਆਨ ਹੈ, ਮੈਂ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਉਹ ਵੀ ਟਾਈਮ ਆਉਣ ਤੇ ਕੱਟ ਦਿੱਤੇ ਜਾਣਗੇ।

Original with;
Punjab Vidhan Sabha
Digitized by;
Panjab Digital Library

**ਡਾਕਟਰ ਰਤਨ ਸਿੰਘ** : ਸਪੀਕਰ ਸਾਹਿਬ, ਕੋਈ ਪ੍ਰੋਸੈਸ ਨਹੀਂ ਹੈ। ਇਹ ਆਪ ਇਨੀਸ਼ੀਏਟਿਵ ਲੈਣਗੇ ਤਾਂ ਕੱਟੇ ਜਾਣੇ ਹਨ। ਮੈਂ ਬੇਨਤੀ ਕਰਦਾ ਹਾਂ ਕਿ ਇਹ ਕੋਈ ਇਨੀਸ਼ੀਏਟਿਵ ਲੈ ਲੈਣ।

**ਮਾਨਯੋਗ ਸਪੀਕਰ** : ਇਨਫਰਮੇਸ਼ਨ ਦੇ ਦਿੱਤੀ ਹੈ। No need to reply.

---

### ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 263*

**ਮਾਨਯੋਗ ਸਪੀਕਰ** : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ। ਇਹ ਸਵਾਲ 28 ਮਾਰਚ ਨੂੰ ਲੱਗੇਗਾ।

---

### ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 495

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

### ਡਿਸਟਿਲਰੀਜ਼ ਲਈ ਲਾਇਸੰਸ

*522. **ਸਰਦਾਰ ਮਨਪ੍ਰੀਤ ਸਿੰਘ ਬਾਦਲ** : ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਜਿਹੇ ਵਿਅਕਤੀਆਂ ਦੀ ਗਿਣਤੀ, ਨਾਂ ਅਤੇ ਪਤੇ ਕੀ-ਕੀ ਹਨ ਜਿਨ੍ਹਾਂ ਨੂੰ ਰਾਜ ਸਰਕਾਰ ਦੁਆਰਾ ਰਾਜ ਵਿਚ ਡਿਸਟਿਲਰੀਜ਼ ਲਗਾਉਣ ਲਈ ਪਿਛਲੇ ਸਾਲ ਦੌਰਾਨ ਲਾਇਸੰਸ ਜਾਰੀ ਕੀਤੇ ਸਨ ?

**ਰਾਜ ਮੰਤਰੀ, ਸ਼ਿਕਾਇਤ ਨਿਵਾਰਣ ਅਤੇ ਪੰਜਾਬ ਸਰਕਾਰ ਪੈਨਸ਼ਨਰਾਂ ਦੀ ਭਲਾਈ ਮਾਮਲੇ ਅਤੇ ਸਹਿਕਾਰਤਾ (ਡਾਕਟਰ ਰਮੇਸ਼ ਦੱਤ ਸ਼ਰਮਾ)** : ਸਾਲ 2001-02 ਵਿਚ ਡਿਸਟਿਲਰੀ ਲਗਾਉਣ ਲਈ ਫਾਰਮ ਡੀ-2 ਵਿਚ ਕੋਈ ਲਾਇਸੰਸ ਜਾਰੀ ਨਹੀਂ ਕੀਤਾ ਗਿਆ ਜੀ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਜੋ ਮੈਂ ਸਵਾਲ ਪੁੱਛਿਆ ਸੀ ਉਹ ਇਹ ਸੀ ਕਿ ਕੀ ਪਿਛਲੇ ਇੱਕ ਸਾਲ ਦੇ ਵਿੱਚ ਕੋਈ ਡਿਸਟਿਲਰੀ ਦਾ ਲਾਇਸੰਸ ਦਿੱਤਾ ਗਿਆ ਹੈ ਜਾਂ ਨਹੀਂ ਪਰ ਅਫ਼ਸਰਸ਼ਾਹੀ ਨੇ ਇਸ ਨੂੰ ਬਦਲ ਦਿੱਤਾ ਹੈ ਜਿਵੇਂ ਬੀਰਬਲ ਲਫਜ਼ਾਂ ਨੂੰ ਬਦਲ ਦਿੰਦਾ ਸੀ। ਇਨ੍ਹਾਂ ਨੇ ਮੈਨੂੰ 2001-02 ਦਾ ਕਹਿ ਦਿੱਤਾ ਹੈ ਕਿ ਕੋਈ ਡਿਸਟਿਲਰੀ ਦਾ ਲਾਇਸੰਸ ਨਹੀਂ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੌਜੂਦਾ ਸਾਲ ਦੇ ਵਿਚ, ਜਦੋਂ ਤੋਂ ਕਾਂਗਰਸ ਸਰਕਾਰ ਬਣੀ ਹੈ ਕੀ ਪੰਜਾਬ ਦੇ ਵਿੱਚ ਕੋਈ ਡਿਸਟਿਲਰੀ ਦਾ ਲਾਇਸੰਸ ਜਾਂ ਲੈਟਰ ਆਫ ਇੰਨਡੈਂਟ ਇਨ੍ਹਾਂ ਨੇ ਇਸ਼ੂ ਕੀਤਾ ਹੈ, ਜੇਕਰ ਕੀਤਾ ਹੈ ਤਾਂ ਉਹ ਕਿਸ ਪਾਲਿਸੀ ਦੇ ਤਹਿਤ ਕੀਤਾ ਹੈ ?

---

*For Starred Question No. 263 and reply thereto, please see P.V.S. Debates dated 28 March, 2003.

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਵੈਸੇ ਤਾਂ ਮਾਨਯੋਗ ਮੈਂਬਰ ਸਾਹਿਬ ਪੜ੍ਹ ਲੈਣ, ਸਵਾਲ ਤਾਂ ਇਨ੍ਹਾਂ ਦਾ ਇਹੋ ਹੀ ਲਿਖਿਆ ਹੈ ਕਿ ਪਿਛਲੇ ਸਾਲ ਦਾ ਕੋਈ ਲਾਇਸੰਸ ਜਾਰੀ ਕੀਤਾ ਹੈ। ਪਿਛਲਾ ਸਾਲ ਤਾਂ 2001-02 ਹੀ ਆਉਂਦਾ ਹੈ ਜਦਕਿ 2002-03 ਤਾਂ ਅਗਲੇ ਸਾਲ, 31 ਮਾਰਚ ਨੂੰ ਮੁੱਕਦਾ ਹੈ। ਫਿਰ ਵੀ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ, ਜੋ ਇਨ੍ਹਾਂ ਨੇ ਸਵਾਲ ਪੁੱਛਿਆ ਹੈ, ਉਸ ਦੇ ਬਾਰੇ ਦਸ ਦਿੰਦਾ ਹਾਂ ਕਿ ਪਿਛਲੀ ਸਰਕਾਰ ਵਲੋਂ ਇਨ੍ਹਾਂ ਦੇ ਵਾਸਤੇ ਪਬਲਿਕ ਨੋਟਿਸ ਕੱਢੇ ਗਏ ਸਨ, ਅਖਬਾਰਾਂ ਦੇ ਵਿਚ ਐਡਵਰਟਾਈਜ਼ਮੈਂਟਸ ਦਿੱਤੀਆਂ ਗਈਆਂ ਸਨ। ਹਾਲਾਂ ਤੱਕ ਸਾਡੀ ਸਰਕਾਰ ਨੇ ਕੋਈ ਲਾਇਸੰਸ ਜਾਰੀ ਨਹੀਂ ਕੀਤਾ ਹੈ। ਇਸ ਦੀਆਂ ਕੰਡੀਸ਼ਨਾਂ ਦੇ ਮੁਤਾਬਿਕ ਜਿਹੜੇ ਲੈਟਰ ਆਫ਼ ਇੰਡੈਂਟ ਹਨ, ਉਹ ਛੇ ਫਰਮਾਂ ਨੂੰ ਜਾਰੀ ਕੀਤੇ ਗਏ ਹਨ। ਮੇਰਾ ਖਿਆਲ ਹੈ ਕਿ ਮਾਨਯੋਗ ਮੈਂਬਰ ਦਾ ਪ੍ਰਸ਼ਨ ਵੀ ਇਹੀ ਸੀ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਜਿਹੜੀਆਂ ਛੇ ਫਰਮਾਂ ਨੂੰ ਲੈਟਰ ਆਫ਼ ਇੰਡੈਂਟ ਜਾਰੀ ਕੀਤੇ ਗਏ ਹਨ, ਮੰਤਰੀ ਜੀ ਉਨ੍ਹਾਂ ਫਰਮਾਂ ਦੇ ਨਾਮ ਪੜ੍ਹ ਦੇਣ ਕਿ ਉਹ ਕਿਹੜੀਆਂ-ਕਿਹੜੀਆਂ ਫਰਮਾਂ ਹਨ।

**ਰਾਜ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਛੇ ਫਰਮਾਂ ਦੇ ਨਾਮ ਇਹ ਹਨ। ਮੈਸ: ਭਗਤ ਇੰਡਸਟਰੀਅਲ ਕਾਰਪੋਰੇਸ਼ਨ ਲਿਮਟਿਡ, ਇਹ ਰੋਪੜ ਵਾਸਤੇ ਹੈ। ਮੈਸ: ਮੋਹਨ ਮੀਕਨ ਲਿ:, ਮੋਹਨ ਨਗਰ, ਗਾਜੀਆਬਾਦ, ਯੂ.ਪੀ., ਇਹ ਪਟਿਆਲਾ ਵਾਸਤੇ ਹੈ। ਮੈਸ: ਪਾਇਓਨੀਰ ਇੰਡਸਟਰੀਜ਼ ਲਿਮ., ਛੋਟੀ ਨਹਿਰ ਮਲਕਪੁਰ, ਪਠਾਨਕੋਟ, ਜ਼ਿਲ੍ਹਾ ਗੁਰਦਾਸਪੁਰ, ਇਹ ਗੁਰਦਾਸਪੁਰ ਵਾਸਤੇ ਹੈ। ਮੈਸ: ਭਾਂਖਰਪੁਰ ਡਿਸਟਲਰੀਜ਼ ਲਿਮ:, 38, ਬੰਗਲਾ ਰੋਡ, ਦਿੱਲੀ, ਇਹ ਫਿਰੋਜ਼ਪੁਰ ਵਾਸਤੇ ਹੈ। ਮੈਸ: ਗੁਰੂ ਤੇਗ ਬਹਾਦਰ ਸ਼ੂਗਰਜ਼ ਲਿਮ:, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਇਹ ਹੁਸ਼ਿਆਰਪੁਰ ਵਾਸਤੇ ਹੈ ਅਤੇ ਮੈਸ: ਰਾਣਾ ਸ਼ੂਗਰਜ਼ ਲਿਮ:, ਐਸ.ਸੀ.ਓ. ਨੰ: 49-50, ਸੈਕਟਰ 8-ਸੀ, ਮੱਧਿਆ ਮਾਰਗ, ਚੰਡੀਗੜ੍ਹ, ਇਹ ਅੰਮ੍ਰਿਤਸਰ ਵਾਸਤੇ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਡਿਸਟਿਲਰੀ ਦੀ ਕੀ ਕਪੈਸਿਟੀ ਹੈ। ਜੋ ਇਨ੍ਹਾਂ ਨੇ ਛੇ ਫਰਮਾਂ ਦੇ ਲਈ ਲੈਟਰ ਆਫ਼ ਇੰਡੈਂਟ ਡਿਸਟਿਲਰੀ ਦੇ ਲਈ ਜਾਰੀ ਕੀਤੇ ਹਨ, ਇਸ ਦੇ ਨਾਲ ਡਿਸਟਿਲਰੀ ਦੀ ਕਪੈਸਿਟੀ ਦੇ ਵਿਚ ਹੋਰ ਕਿੰਨਾ ਇਜ਼ਾਫਾ ਹੋਵੇਗਾ। ਦੂਸਰਾ ਇਹ ਕਿ ਜੋ ਇਨ੍ਹਾਂ ਨੇ ਲਾਇਸੰਸ ਜਾਂ ਲੈਟਰ ਆਫ਼ ਇੰਡੈਂਟ ਜਾਰੀ ਕੀਤੇ ਹਨ, ਕੀ ਇਨ੍ਹਾਂ ਨੂੰ ਸਰਕਾਰ ਨੇ ਕੋਈ ਟੈਕਸ ਐਗਜੰਪਸ਼ਨ ਦਿੱਤੀ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜੋ ਲੈਟਰ ਆਫ਼ ਇੰਡੈਂਟ ਦੀਆਂ ਟਰਮਜ਼ ਐਂਡ ਰੈਫਰੈਂਸਿਜ਼, ਇਨਾਂ ਦੀਆਂ ਕੰਡੀਸ਼ਨਜ਼ ਹਨ, ਇਹ ਮੇਰੇ ਕੋਲ ਪਈਆਂ ਹਨ। ਜੇਕਰ ਮੈਂਬਰ ਸਾਹਿਬ ਚਾਹੁੰਣਗੇ ਤਾਂ ਮੈਂ ਇਨ੍ਹਾਂ ਨੂੰ ਦੇ ਦੇਵਾਂਗਾ। ਲੈਟਰ ਆਫ਼ ਇੰਡੈਂਟ ਜਾਂ ਲਾਇਸੰਸ ਦੇਣ ਦੇ ਲਈ ਇਕ ਕਮੇਟੀ ਬਣੀ ਹੋਈ ਹੈ। ਲੈਟਰ ਆਫ ਇਡੈਂਟ ਤੇ ਲਾਇਸੰਸ ਵਿਚ ਫਰਕ ਹੁੰਦਾ ਹੈ। ਲੈਟਰ ਆਫ ਇੰਡੈਂਟ ਦੀਆਂ ਕੰਡੀਸ਼ਨਾਂ ਪੂਰੀਆਂ ਕਰਨ ਤੋਂ ਬਾਅਦ ਹੀ ਲਾਇਸੰਸ ਜਾਰੀ ਕੀਤਾ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਟੈਕਸ ਦੀ ਐਗਜੰਪਸ਼ਨ ਦੇ ਬਾਰੇ ਕੋਈ ਤਜਵੀਜ਼ ਹੈ ?

**ਰਾਜ ਮੰਤਰੀ** : ਹਾਲੇ ਕੋਈ ਤਜਵੀਜ਼ ਨਹੀਂ ਹੈ।

---

**ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਖੇਡ ਪੁਰਸਕਾਰ**

*478. (1) **ਸਰਦਾਰ ਗੁਰਜੰਟ ਸਿੰਘ**
(2) **ਸ਼੍ਰੀ ਤਰਲੋਚਨ ਸਿੰਘ** } : ਕੀ ਸਮਾਜਿਕ ਸੁਰੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਖੇਡ ਪੁਰਸਕਾਰ ਦੇਣ ਲਈ ਕ੍ਰਮਵਾਰ ਸਾਲ 2000-01, 2001-02 ਅਤੇ 2002-03 ਲਈ ਬਜਟ ਅਨੁਮਾਨਾਂ ਵਿਚ ਸਾਲ-ਵਾਰ ਕਿੰਨੀ ਰਕਮ ਮਖਸੂਸ ਕੀਤੀ ਗਈ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਉਕਤ ਮੰਤਵ ਲਈ ਖਰਚ ਕਰ ਲਈ ਗਈ ਹੈ ; ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ੳ) ਸਾਲ 2000-01, 2001-02 ਅਤੇ 2002-03 ਦੌਰਾਨ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਖੇਡ ਪੁਰਸਕਾਰ ਦੇਣ ਦੀ ਸਕੀਮ ਅਧੀਨ ਮਖਸੂਸ ਰੱਖੀ ਰਾਸ਼ੀ ਦਾ ਵੇਰਵਾ ਹੇਠ ਅਨੁਸਾਰ ਹੈ :—

(ਰਕਮ ਲੱਖਾਂ ਵਿੱਚ)

| ਸਾਲ | ਬਜਟ ਅਲਾਟਮੈਂਟ/ ਮਖਸੂਸ ਰੱਖੀ ਰਾਸ਼ੀ | ਵਿਸ਼ੇਸ਼ ਕਥਨ |
|---|---|---|
| 2000-01 | 30.80 | — |
| 2001-02 | 15.40 | — |
| 2002-03 | | ਕੋਈ ਬਜਟ ਉਪਬੰਧ ਨਹੀਂ ਕੀਤਾ ਗਿਆ ਹੈ। |

Original with;
Punjab Vidhan Sabha
Digitized by;
Panjab Digital Library

(ਅ) ਵਰਤੀ ਗਈ ਰਾਸ਼ੀ/ਖਰਚੇ ਦਾ ਸਾਲ-ਵਾਰ ਵੇਰਵਾ :

(ਰਕਮ ਲੱਖਾਂ ਵਿੱਚ)

| ਸਾਲ | ਵਰਤੀ ਰਾਸ਼ੀ/ਖਰਚਾ | ਵਿਸ਼ੇਸ਼ ਕਥਨ |
|---|---|---|
| 2000-01 | 10.36 | ਜ਼ਿਲ੍ਹਾ ਪਲਾਨਿੰਗ ਅਤੇ ਵਿਕਾਸ ਬੋਰਡਾਂ ਵੱਲੋਂ ਸਿਰਫ 20.67 ਲੱਖ ਰੁਪਏ ਦੀ ਰਾਸ਼ੀ ਰਲੀਜ਼ ਕੀਤੀ ਗਈ ਸੀ ਪਰ 10.31 ਲੱਖ ਰੁਪਏ ਦੀ ਰਾਸ਼ੀ ਦੇ ਬਿੱਲ ਖਜ਼ਾਨਿਆਂ ਵਿਚੋਂ ਪਾਸ ਨਹੀਂ ਹੋਏ। |
| 2001-02 | 4.26 | ਜ਼ਿਲ੍ਹਾ ਪਲਾਨਿੰਗ ਅਤੇ ਵਿਕਾਸ ਬੋਰਡਾਂ ਵੱਲੋਂ ਸਿਰਫ 6.24 ਲੱਖ ਰੁਪਏ ਦੀ ਰਾਸ਼ੀ ਰਲੀਜ਼ ਕੀਤੀ ਗਈ ਸੀ ਅਤੇ ਬਾਕੀ ਰਹਿੰਦੀ ਰਾਸ਼ੀ 1.98 ਲੱਖ ਰੁਪਏ ਖਜ਼ਾਨਿਆਂ ਤੇ ਰੋਕ ਲੱਗਣ ਕਾਰਨ ਕਢਵਾਈ ਨਹੀਂ ਜਾ ਸਕੀ। |
| 2002-2003 | — | ਕੋਈ ਬਜਟ ਉਪਬੰਧ ਨਹੀਂ ਕੀਤਾ ਗਿਆ ਹੈ। |

**ਮਾਨਯੋਗ ਸਪੀਕਰ** : ਮੰਤਰੀ ਜੀ ਜਿਹੜੇ ਛੋਟੇ-ਛੋਟੇ ਜਵਾਬ ਹੁੰਦੇ ਹਨ, ਉਹ ਹਾਊਸ ਵਿੱਚ ਬੋਲ ਦਿਆ ਕਰੋ ਤਾਂ ਕਿ ਹੋਰ ਮੈਂਬਰ ਵੀ ਸਪਲੀਮੈਂਟਰੀ ਕਰ ਸਕਣ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਰਕਮ ਟਰੇਜ਼ਰੀ ਵਿੱਚ ਭੇਜ ਦਿੱਤੀ ਹੈ ਪਰ ਟਰੇਜ਼ਰੀ ਵਾਲਿਆਂ ਨੂੰ ਕਹਿ ਦਿੱਤਾ ਗਿਆ ਹੈ ਕਿ ਪੈਸੇ ਰਿਲੀਜ਼ ਨਹੀਂ ਕਰਨੇ। ਇਸ ਕਰਕੇ ਇਹ ਰਕਮ ਖਜ਼ਾਨੇ ਵਿੱਚ ਪਈ ਰਹੀ। ਇਸ ਲਈ ਚੰਗਾ ਇਹ ਹੋਵੇਗਾ ਕਿ ਜੇ ਇਹ ਸਕੀਮ ਹੀ ਬੰਦ ਕਰ ਦਿੱਤੀ ਜਾਵੇ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਲ 2000-01 ਵਿੱਚ 20.67 ਲੱਖ ਰੁਪਏ ਵਿੱਚੋਂ 10.36 ਲੱਖ ਰੁਪਿਆ ਖਰਚ ਹੋਇਆ ਸੀ। ਇਸ ਵਿੱਚ 3056 ਵਿਦਿਆਰਥੀ ਲਾਭ-ਪਾਤਰੀ ਸਨ। ਸਾਲ 2001-02 ਵਿੱਚ ਗਰਾਂਟ 6.24 ਲੱਖ ਰੁਪਿਆ ਰਿਲੀਜ਼ ਹੋਈ ਅਤੇ ਇਸ ਵਿੱਚੋਂ 4.26 ਲੱਖ ਰੁਪਿਆ ਖਰਚ ਹੋਇਆ। ਇਸ ਨਾਲ 1420 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਗਰਾਂਟ ਤੇ ਸਮੇਂ-ਸਮੇਂ ਤੇ ਰੋਕ ਲੱਗਣ ਕਾਰਨ ਨਹੀਂ ਕਢਵਾਈ ਗਈ ਸੀ। ਸਾਲ 2002-2003 ਵਿੱਚ ਕੋਈ ਬਜਟ ਉਪਬੰਧ ਨਹੀਂ ਕੀਤਾ ਗਿਆ। ਮੈਂ ਆਸ਼ਵਾਸਨ ਦਿੰਦਾ ਹਾਂ ਕਿ ਅਗਲੇ ਸਾਲ ਵਿੱਚ ਪ੍ਰਬੰਧ ਕਰਕੇ ਇਸ ਸਕੀਮ ਨੂੰ ਪਰਮੋਟ ਕੀਤਾ ਜਾਵੇਗਾ।

---

## ਅਧਿਸੂਚੀ ਵਿਚੋਂ ਕੱਢੇ ਕਬੀਲਿਆਂ ਦੀ ਭਲਾਈ ਤੇ ਕੀਤਾ ਗਿਆ ਖਰਚਾ

*479. (1) **ਸਰਦਾਰ ਗੁਰਜੰਟ ਸਿੰਘ**
(2) **ਸ਼੍ਰੀ ਤਰਲੋਚਨ ਸਿੰਘ** } : ਕੀ ਸਮਾਜਿਕ ਸੁਰੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਧਿਸੂਚੀ ਵਿਚੋਂ ਕੱਢੇ ਕਬੀਲਿਆਂ ਦੀ ਭਲਾਈ ਲਈ ਕ੍ਰਮਵਾਰ ਸਾਲਾਂ 2000-01, 2001-02 ਅਤੇ 2002-03 ਲਈ ਬਜਟ ਅਨੁਮਾਨਾਂ ਵਿਚ ਸਾਲ-ਵਾਰ ਕਿੰਨੀ ਰਕਮ ਮਖਸੂਸ ਕੀਤੀ ਗਈ ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਉਕਤ ਮੰਤਵ ਲਈ ਵਰਤ ਲਈ ਗਈ ਹੈ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ੳ) ਸਾਲ 2000-2001, 2001-2002 ਤੇ 2002-2003 ਦੌਰਾਨ ਰਾਜ ਵਿਚ ਅਧਿਸੂਚੀ ਵਿੱਚੋਂ ਕੱਢੇ ਕਬੀਲਿਆਂ ਦੀ ਭਲਾਈ (ਵਿਮੁਕਤ ਜਾਤੀਆਂ) ਸਕੀਮ ਅਧੀਨ ਮਖਸੂਸ ਰੱਖੀ ਰਾਸ਼ੀ ਦਾ ਵੇਰਵਾ ਹੇਠ ਅਨੁਸਾਰ ਹੈ :—

(ਰਕਮ ਲੱਖਾਂ ਵਿੱਚ)

| ਸਾਲ | ਬਜਟ ਅਲਾਟਮੈਂਟ/ਮਖਸੂਸ ਰੱਖੀ ਰਾਸ਼ੀ |
|---|---|
| 2000-01 | 21.30 |
| 2001-02 | 21.30 |
| 2002-03 | 21.30 |

Original with;
Punjab Vidhan Sabha
Digitized by;
Panjab Digital Library

(ਅ) ਵਰਤੀ ਗਈ ਰਾਸ਼ੀ/ਖਰਚੇ ਦਾ ਸਾਲ-ਵਾਰ ਵੇਰਵਾ :

(ਰਕਮ ਲੱਖਾਂ ਵਿੱਚ)

| ਸਾਲ | ਵਰਤੀ ਰਾਸ਼ੀ/ਖਰਚਾ | ਵਿਸ਼ੇਸ਼ ਕਥਨ |
|---|---|---|
| 2000-01 | 15.92 | ਬਾਕੀ ਰਕਮ ਖਜ਼ਾਨੇ ਵਿਚੋਂ ਰਲੀਜ਼ ਨਹੀਂ ਕੀਤੀ ਗਈ। |
| 2001-02 | — | ਇਹ ਰਾਸ਼ੀ ਖਜ਼ਾਨਿਆਂ ਤੇ ਸਮੇਂ-ਸਮੇਂ ਤੇ ਰੋਕ ਲੱਗਣ ਕਾਰਨ ਖਜ਼ਾਨਿਆਂ ਵਿਚੋਂ ਕਢਵਾਈ ਨਹੀਂ ਗਈ। |
| 2002-03 | 4.73 | 28-2-03 ਤੱਕ (ਬਾਕੀ ਰਕਮ 31-3-2003 ਤੱਕ ਖਜ਼ਾਨੇ ਤੋਂ ਰਲੀਜ਼ ਕਰਵਾ ਕੇ ਖਰਚੀ ਜਾਵੇਗੀ) |

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਵੈਸੇ ਤਾਂ ਇਹ ਸਵਾਲ ਪਿਛਲੇ ਸਵਾਲ ਨਾਲ ਰਲਦਾ ਮਿਲਦਾ ਹੈ। ਇਹ ਰਕਮ ਵੀ ਸ਼ਡਿਊਲਡ ਕਾਸਟ ਵਿਦਿਆਰਥੀਆਂ ਲਈ ਦਿੱਤੀ ਗਈ ਸੀ ਪਰ ਰਕਮ ਖਜ਼ਾਨੇ ਵਿੱਚੋਂ ਨਹੀਂ ਕਢਵਾਈ ਜਾ ਸਕੀ ਕਿਉਂਕਿ ਉਪਰੋਂ ਅਫ਼ਸਰ ਖਜ਼ਾਨੇ ਵਿੱਚੋਂ ਪੈਸੇ ਕਢਵਾਉਣ ਲਈ ਰੋਕ ਲਗਾ ਦਿੰਦੇ ਸਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਆਸ਼ਵਾਸਨ ਦੇਣਗੇ ਕਿ ਅੱਗੇ ਤੋਂ ਇਸ ਕੰਮ ਦੀ ਕੁਤਾਹੀ ਨਹੀਂ ਹੋਵੇਗੀ ?

**ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸ਼ਡਿਊਲਡ ਕਾਸਟ ਵਿਦਿਆਰਥੀਆਂ ਲਈ ਸਕੀਮਾਂ ਡੀ-ਨੋਟੀਫਾਈ ਕੀਤੀਆਂ ਹੋਈਆਂ ਸਨ। ਇਹ ਸਕੀਮਾਂ ਡੀ.ਪੀ.ਆਈ. (ਸਕੂਲਜ਼) ਵੱਲੋਂ ਚਲਾਈਆਂ ਗਈਆਂ ਸਨ। ਸਾਲ 2000-2001 ਵਿੱਚ 21.30 ਲੱਖ ਰੁਪਿਆ ਰਿਲੀਜ਼ ਹੋਇਆ ਸੀ ਜਿਸ ਵਿੱਚੋਂ 15.92 ਲੱਖ ਰੁਪਿਆ ਖਰਚ ਕੀਤਾ ਗਿਆ। ਇਸ ਨਾਲ 4700 ਵਿਦਿਆਰਥੀਆਂ ਨੂੰ ਲਾਭ ਪ੍ਰਾਪਤ ਹੋਇਆ। ਸਾਲ 2001-2002 ਵਿੱਚ ਖਜ਼ਾਨੇ ਵੱਲੋਂ ਰੋਕ ਲੱਗਣ ਕਾਰਨ ਕੋਈ ਰਾਸ਼ੀ ਨਹੀਂ ਕਢਵਾਈ ਜਾ ਸਕੀ। ਸਾਲ 2002-03 ਵਿੱਚ 21.30 ਲੱਖ ਰੁਪਿਆ ਰਿਲੀਜ਼ ਕੀਤਾ ਗਿਆ ਸੀ। ਇਸ ਵਿਚੋਂ 13.62 ਲੱਖ ਰੁਪਿਆ ਖਰਚ ਕੀਤਾ ਗਿਆ ਅਤੇ ਇਹ 15 ਮਾਰਚ ਤੱਕ ਖਰਚ ਕੀਤਾ ਗਿਆ ਹੈ। ਬਾਕੀ ਦੇ ਵਿਦਿਆਰਥੀਆਂ ਨੂੰ 31 ਮਾਰਚ, 2003 ਤੱਕ ਲਾਭ ਦੇ ਦਿੱਤਾ ਜਾਵੇਗਾ। ਇਸ ਦੀ ਡਿਟੇਲ ਮੈਂਬਰ ਸਾਹਿਬ ਨੂੰ ਭੇਜ ਦੇਵਾਂਗੇ।

Original with;
Punjab Vidhan Sabha
Digitized by;
Panjab Digital Library

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਸਪੀਕਰ ਸਾਹਿਬ, ਜਿਹੜੀ ਗੱਲ ਇੱਥੇ ਆਈ ਹੈ ਕਿ ਖਜ਼ਾਨੇ ਵਿੱਚ ਰਕਮ ਰੋਕ ਦਿੱਤੀ ਗਈ ਸੀ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ। ਅਸੀਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਵਿਭਾਗ ਨੂੰ 31 ਮਾਰਚ ਤੱਕ ਪੈਸਾ ਰਿਲੀਜ਼ ਕਰ ਦੇਵਾਂਗੇ। ਇਨ੍ਹਾਂ ਦੀ ਮਰਜ਼ੀ ਹੈ, ਇਹ ਕਢਵਾ ਸਕਦੇ ਹਨ।

---

## ਅੰਮ੍ਰਿਤਸਰ-ਬਟਾਲਾ ਸੜਕ ਦੀ ਮੁਰੰਮਤ

*470. **ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਟਾਲਾ-ਅੰਮ੍ਰਿਤਸਰ ਸੜਕ ਖਸਤਾ ਹਾਲਤ ਵਿਚ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਮੁਰੰਮਤ ਕਰਨ ਅਤੇ ਇਸ ਨੂੰ ਮਜ਼ਬੂਤ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

**Sardar Partap Singh Bajwa** : Yes please. Pot holes repair has been started with funds provided by Government of India and will be completed shortly. The strengthening of this road has been proposed for inclusion in the Annual Plan 2003-04 of the Ministry of Road Transport and Highways, Government of India, New Delhi. The work will be taken in hand on inclusion of this work in Annual Plan of 2003-04.

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਸਪੀਕਰ ਸਾਹਿਬ, ਇਹ ਜਿਹੜੀ ਬਟਾਲਾ ਰੋਡ ਜੇ. ਐਂਡ ਕੇ. ਅਤੇ ਵੈਸ਼ਨੂੰ ਦੇਵੀ ਨੂੰ ਜਾਂਦੀ ਹੈ, ਕੀ ਇਸ ਸੜਕ ਨੂੰ ਬਣਾਉਣ ਲਈ ਸਰਕਾਰ ਵੱਲੋਂ ਸਾਲ 2003-04 ਵਿੱਚ ਗੌਰਮਿੰਟ ਆਫ ਇੰਡੀਆ ਵਿੱਚ ਮਨਿਸਟਰੀ ਆਫ ਰੋਡਜ਼, ਟਰਾਂਸਪੋਰਟ ਐਂਡ ਹਾਈਵੇਜ਼ ਕੋਲ ਤਜਵੀਜ਼ ਭੇਜੀ ਜਾਵੇਗੀ ? ਕੀ ਮੰਤਰੀ ਸਾਹਿਬ ਉਪਰਾਲਾ ਕਰਕੇ ਸਪੈਸ਼ਲ ਤੌਰ ਤੇ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਇਹ ਸਕੀਮ ਸਾਲ 2003 ਵਿਚ ਭੇਜ ਕੇ ਇਸ ਤੇ ਪੂਰਾ ਅਮਲ ਵੀ ਕਰਾਇਆ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਗੱਲ ਕਹੀ ਹੈ, ਇਹ ਬਿਲਕੁਲ ਠੀਕ ਹੈ। ਇਹ ਜਿਹੜਾ ਜ਼ਿਕਰ ਕਰ ਰਹੇ ਹਨ, ਇਹ 6 ਕਿਲੋਮੀਟਰ ਦਾ ਟੋਟਾ ਹੈ ਜਿਹੜਾ ਵੇਰਕਾ ਸ਼ਹਿਰ ਵਿਚੋਂ ਗੁਜ਼ਰਦਾ ਹੈ। ਇਹ ਪਿਛਲੇ ਸਾਲ ਵਿਚ ਨੈਸ਼ਨਲ ਹਾਈਵੇਅ ਦਾ ਹਿੱਸਾ ਨਹੀਂ ਸੀ ਅਤੇ ਅੰਮ੍ਰਿਤਸਰ ਮਿਉਂਸਪਲ ਕਾਰਪੋਰੇਸ਼ਨ ਦਾ ਹਿੱਸਾ ਸੀ। ਅਸੀਂ ਉਪਰਾਲਾ ਕੀਤਾ ਹੈ, ਇਨ੍ਹਾਂ ਵੱਲੋਂ ਵੀ (ਆਪੋਜ਼ੀਸ਼ਨ ਬੈਂਚਾਂ ਵੱਲ ਇਸ਼ਾਰਾ) ਕਾਫੀ ਰਿਕੁਐਸਟ ਕੀਤੀ ਗਈ ਸੀ ਤੇ ਪਹਿਲੀ ਮਾਰਚ ਨੂੰ ਨੈਸ਼ਨਲ ਹਾਈਵੇਅ ਅਥਾਰਟੀ ਨੇ ਇਸ ਰੋਡ ਨੂੰ ਟੇਕ ਅੱਪ ਕਰ ਲਿਆ ਹੈ। ਅਸੀਂ ਪੈਚ ਵਰਕ ਦਾ ਕੰਮ 20 ਦਿਨਾਂ ਵਿਚ ਪੂਰਾ ਕਰ ਦੇਣਾ ਹੈ ਤੇ ਬਾਕੀ ਦਾ ਕੰਮ ਇਸ ਸਾਲ ਵਿਚ ਗੌਰਮਿੰਟ ਆਫ ਇੰਡੀਆ ਤੋਂ ਪੈਸੇ ਲੈ ਕੇ ਮੁਕੰਮਲ ਕਰ ਦੇਵਾਂਗੇ।

**Shri Jugal Kishore Sharma** : Thank you, sir.

Original with;
Punjab Vidhan Sabha
Digitized by;
Panjab Digital Library

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਸ਼ਹਿਰ ਬਟਾਲਾ ਵਾਸਤੇ ਇਸ ਸੜਕ ਤੇ ਬਾਈ ਪਾਸ ਬਣ ਰਿਹਾ ਹੈ, ਉਹ ਕਦੋਂ ਤੱਕ ਪੂਰਾ ਹੋ ਜਾਵੇਗਾ ?

**ਮਾਨਯੋਗ ਸਪੀਕਰ** : ਇਹ ਸਵਾਲ ਵਿਚੋਂ ਅਰਾਈਜ਼ ਨਹੀਂ ਹੁੰਦਾ।

**ਮੰਤਰੀ** : ਸਪੀਕਰ ਸਾਹਿਬ, ਇਹ ਇਸ ਬਾਰੇ ਸੈਪਰੇਟ ਸਵਾਲ ਦੇ ਦੇਣ, ਜਵਾਬ ਜ਼ਰੂਰ ਦੇ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ** : ਅਗਲਾ ਸਵਾਲ, ਸ੍ਰੀ ਪ੍ਰਕਾਸ਼ ਸਿੰਘ ਜੀ।

---

## ਰਾਹੋਂ-ਮਾਛੀਵਾੜਾ ਪੁਲ ਦੀ ਉਸਾਰੀ

***504. ਸ੍ਰੀ ਪ੍ਰਕਾਸ਼ ਸਿੰਘ ਨਵਾਂ ਸ਼ਹਿਰ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਤਲੁਜ ਦਰਿਆ ਤੇ ਰਾਹੋਂ-ਮਾਛੀਵਾੜਾ ਪੁਲ ਦੀ ਉਸਾਰੀ ਕਦੋਂ ਤੱਕ ਮੁਕੰਮਲ ਅਤੇ ਇਸ ਨੂੰ ਆਵਾਜਾਈ ਲਈ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ; ਅਤੇ

(ਅ) ਕੀ ਉਕਤ ਪੁਲ ਲਈ ਪਹੁੰਚ ਸੜਕਾਂ ਦੀ ਉਸਾਰੀ ਮੁਕੰਮਲ ਹੋ ਗਈ ਹੈ ; ਜੇਕਰ ਨਹੀਂ, ਤਾਂ ਉਕਤ ਸੜਕਾਂ ਦੇ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**Sardar Partap Singh Bajwa :** (a) The construction of High Level Bridge across river Sutlej on Machhiwara-Rahon Road is likely to be completed by November, 2003 and this bridge is likely to be thrown open to traffic in December, 2003.

(b) The approach roads to this High Level Bridge across river Sutlej are part of this project and are likely to be completed by November, 2003.

**Shri Parkash Singh Nawanshahar :** Speaker Sahib, can he give an assurance that it will be completed in November this year? ਕੀ ਨਵੰਬਰ ਤੱਕ ਕੰਪਲੀਟ ਕਰਨ ਦੀ ਕੋਈ ਸੰਭਾਵਨਾ ਹੈ ? Can the Minister give an assurance about that ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਕੋਸ਼ਿਸ਼ ਪੂਰੀ ਕਰਾਂਗੇ। ਇਹ ਗੱਲ ਬਿਲਕੁਲ ਠੀਕ ਹੈ ਕਿ ਇਹ ਕਾਂਟਰੈਕਟ ਜਿਸ ਕਾਂਟਰੈਕਟਰ ਨੂੰ ਦਿੱਤਾ ਗਿਆ ਸੀ, ਉਸਦਾ ਕੰਮ ਕੁਝ ਸਲੋ ਚਲ ਰਿਹਾ ਸੀ। There were some technical problems. ਉਸਨੇ 6 ਮਹੀਨਿਆਂ ਦੀ ਐਕਸਟੈਨਸ਼ਨ ਮੰਗੀ ਹੈ ਤੇ ਡਿਪਾਰਟਮੈਂਟ ਨੇ ਉਸਨੂੰ ਐਕਸਟੈਨਸ਼ਨ ਦੇ ਦਿੱਤੀ ਹੈ। ਇਹ ਬੜਾ ਇੰਪਾਰਟੈਂਟ ਪੁਲ ਹੈ। ਇਹ ਯਕੀਨ ਮੈਂ ਜ਼ਰੂਰ ਦਿਵਾਉਂਦਾ ਹਾਂ ਕਿ ਕੋਈ ਕਸਰ ਨਹੀਂ ਰਹੇਗੀ, We are trying our level best ਕਿ ਇਹ ਪੁਲ ਕੰਪਲੀਟ ਹੋ ਜਾਵੇ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਕੀ ਕਦੇ ਮੰਤਰੀ ਜੀ ਨੇ ਰਾਹੋਂ-ਮਾਛੀਵਾੜਾ ਪੁਲ ਤੇ ਜਾ ਕੇ ਦੇਖਿਆ ਹੈ ?

**ਮੰਤਰੀ** : ਸਪੀਕਰ ਸਾਹਿਬ, ਬੇਨਤੀ ਹੈ ਕਿ ਇਸ ਲਈ ਮੈਂ ਆਪਣਾ ਰੋਲ ਪੂਰਾ ਅਦਾ ਕੀਤਾ ਹੈ। ਮੈਂ ਉਥੇ ਪਿਛਲੇ ਸਾਲ ਅਪ੍ਰੈਲ ਵਿਚ ਗਿਆ ਸੀ। ਮੇਰੇ ਕੋਲੋਂ ਗਲਤੀ ਇਹ ਹੋਈ ਕਿ ਮੈਨੂੰ ਮੈਂਬਰ ਸਾਹਿਬ ਨੂੰ ਨਾਲ ਲੈ ਕੇ ਜਾਣਾ ਚਾਹੀਦਾ ਸੀ। ਇਹ ਨਰਾਜ਼ਗੀ ਮੈਂ ਇਨ੍ਹਾਂ ਦੀ ਦੂਰ ਕਰ ਦੇਵਾਂਗਾ ਤੇ ਹੁਣ ਦੋਨੋਂ ਮੈਂਬਰਾਂ ਨੂੰ ਨਾਲ ਲੈ ਕੇ ਜਾਵਾਂਗਾ।

**ਮਾਨਯੋਗ ਸਪੀਕਰ** : ਅਗਲਾ ਸਵਾਲ। ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ।

---

## ਵਜ਼ੀਫ਼ਿਆਂ ਲਈ ਆਮਦਨ ਦੀ ਹੱਦ ਵਧਾਉਣਾ

*527. **ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਕੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਹਿਣ ਸਹਿਣ ਦਾ ਖਰਚਾ ਵਧ ਜਾਣ ਦੇ ਮੱਦੇ ਨਜ਼ਰ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਵਿਦਿਆਰਥੀਆਂ ਨੂੰ ਮਾਲੀ ਸਹਾਇਤਾ (ਵਜ਼ੀਫ਼ੇ) ਮੁਹੱਈਆ ਕਰਨ ਲਈ ਉਨ੍ਹਾਂ ਦੇ ਮਾਂ-ਬਾਪ ਦੀ ਸਾਲਾਨਾ ਆਮਦਨ ਦੀ ਹੱਦ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਨਹੀਂ, ਸ਼੍ਰੀਮਾਨ ਜੀ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਮਾਨਯੋਗ ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਇਹ ਜਿਹੜੀ ਵਜ਼ੀਫੇ ਦੇਣ ਦੀ ਆਮਦਨ ਹੱਦ ਮਿਥੀ ਗਈ ਹੈ, ਇਹ ਕਿੰਨੀ ਮਿਥੀ ਗਈ ਹੈ ? ਵਜ਼ੀਫੇ ਦੇਣ ਵਾਸਤੇ ਬੱਚਿਆਂ ਦੇ ਮਾਪਿਆਂ ਦੀ ਇਨਕਮ ਹੱਦ ਕਿੰਨੀ ਰੱਖੀ ਗਈ ਹੈ ?

**ਮੰਤਰੀ** : ਸਪੀਕਰ ਸਾਹਿਬ, ਅਨੁਸੂਚਿਤ ਜਾਤੀਆਂ ਦੇ ਬੱਚਿਆਂ ਲਈ ਵਜ਼ੀਫੇ ਦੇਣ ਵਾਸਤੇ ਪਹਿਲਾਂ ਉਨ੍ਹਾਂ ਦੇ ਮਾਪਿਆਂ ਦੀ ਇਨਕਮ ਦੀ ਹੱਦ 15,000 ਰੁਪਏ ਸੀ ਤੇ ਹੁਣ ਨਵੀਂ ਸੋਧੀ ਹੋਈ ਆਮਦਨ ਹੱਦ 50,000 ਰੁਪਏ ਹੈ। ਪਛੜੀਆਂ ਸ਼੍ਰੇਣੀਆਂ ਦੇ ਬੱਚਿਆਂ ਨੂੰ ਵਜ਼ੀਫੇ ਦੇਣ ਲਈ ਪਹਿਲਾਂ ਉਨ੍ਹਾਂ ਦੇ ਮਾਪਿਆਂ ਦੀ ਆਮਦਨ ਹੱਦ 6,000 ਰੁਪਏ ਸੀ ਜਿਹੜੀ ਕਿ ਹੁਣ ਸੋਧੀ ਹੋਈ 24,000 ਰੁਪਏ ਹੈ। ਇਸ ਤਰ੍ਹਾਂ ਨਾਲ ਸਾਲ 2002 ਵਿਚ

Original with;
Punjab Vidhan Sabha
Digitized by;
Panjab Digital Library

ਅਨੁਸੂਚਿਤ ਜਾਤੀਆਂ ਦੇ ਬੱਚਿਆਂ ਦੇ ਮਾਪਿਆਂ ਦੀ ਸਾਲਾਨਾ ਆਮਦਨ ਹੱਦ ਹੇਠ ਲਿਖੀਆਂ ਸਕੀਮਾਂ ਅਧੀਨ ਵਧਾਈ ਗਈ ਸੀ :—

ਅਨੁਸੂਚਿਤ ਜਾਤੀਆਂ ਦੀਆਂ ਪੋਸਟ ਮੈਟ੍ਰਿਕ ਅਤੇ ਪੋਸਟ ਗ੍ਰੈਜੂਏਟ ਕਲਾਸਾਂ ਵਿਚ ਪੜ੍ਹ ਰਹੀਆਂ ਲੜਕੀਆਂ ਨੂੰ ਸਪੈਸ਼ਲ ਗਰਾਂਟ ਦੇਣ ਦੀ ਸਕੀਮ :

ਪਹਿਲੀ ਆਮਦਨ ਹੱਦ 24,000 ਰੁਪਏ।

ਹੁਣ ਨਵੀਂ ਸੋਧੀ ਆਮਦਨ ਹੱਦ 60,965 ਰੁਪਏ।

ਅਨੁਸੂਚਿਤ ਜਾਤੀਆਂ ਦੇ ਮੈਡੀਕਲ ਤੇ ਇੰਜੀਨੀਅਰਿੰਗ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਗਰਾਂਟ ਦੇਣ ਦੀ ਸਕੀਮ :

ਪਹਿਲੀ ਆਮਦਨ 24,000 ਰੁਪਏ।

ਸੋਧੀ ਹੋਈ ਆਮਦਨ ਦਰ ਦੇ ਨਾਲ 60,965 ਰੁਪਏ ਹੈ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਲਾਸ-4 ਦੀ ਜਿਹੜੀ ਤਨਖਾਹ ਬਣਦੀ ਹੈ, ਉਹ ਵੀ ਤਕਰੀਬਨ 51,000 ਰੁਪਏ ਸਾਲਾਨਾ ਬਣਦੀ ਹੈ। ਕੀ ਇਹ ਇਸ ਹੱਦ ਨੂੰ ਵਧਾਉਣ ਬਾਰੇ ਸੋਚਣਗੇ ਤਾਂਕਿ ਜਿਹੜਾ ਕਲਾਸ-4 ਵੀ ਹੈ, ਉਹ ਵੀ ਆਪਣੇ ਬੱਚਿਆਂ ਨੂੰ ਚੰਗੀ ਪੜ੍ਹਾਈ ਦੇ ਸਕੇ ?

**ਮੰਤਰੀ** : ਸਪੀਕਰ ਸਾਹਿਬ, ਇਸ ਨੂੰ ਭਾਰਤ ਸਰਕਾਰ ਦੇ ਪ੍ਰਾਈਸ ਇੰਡੈਕਸ ਨਾਲ ਲਿੰਕ ਕਰਨ ਦਾ ਇਕ ਪੈਟਰਨ ਹੈ। ਉਸ ਦੇ ਬਾਰੇ ਮੈਂ ਦੱਸ ਦਿੰਦਾ ਹਾਂ ਕਿ ਭਾਰਤ ਸਰਕਾਰ ਨੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਉਪਭੋਗਤਾ ਕੀਮਤ ਸੂਚੀ ਅੰਕ ਨੂੰ ਲਿੰਕ ਕਰਦੇ ਹੋਏ ਆਮਦਨ ਹੱਦ ਉਦਯੋਗਿਕ ਕੰਮਾਂ ਲਈ ਹਰ ਦੋ ਸਾਲ ਬਾਅਦ ਸੋਧਣ ਦਾ ਫੈਸਲਾ ਕੀਤਾ ਹੈ। ਇਸ ਲਈ ਮਿਤੀ 1 ਅਪ੍ਰੈਲ, 1998 ਤੋਂ ਉਪਭੋਗਤਾ ਕੀਮਤ ਸੂਚੀ ਨੂੰ ਮੁੱਖ ਰੱਖਦੇ ਹੋਏ ਉਦਯੋਗਿਕ ਕਾਮਿਆਂ ਲਈ 50,920 ਰੁਪਏ ਆਮਦਨ ਹੱਦ ਨਿਸ਼ਚਿਤ ਕੀਤੀ ਜੋ ਕਿ ਚਾਲੂ ਮਾਲੀ ਸਾਲ ਦੌਰਾਨ ਵਧਾ ਕੇ 65,990 ਰੁਪਏ ਕਰ ਦਿੱਤੀ ਗਈ ਹੈ। ਇਸ ਦੇ ਨਾਲ ਮੈਂ ਹੋਰ ਦੱਸਦਾ ਹਾਂ ਕਿ ਭਾਰਤ ਸਰਕਾਰ ਦੇ ਪੈਟਰਨ ਤੇ ਅਰਥਾਤ ਪ੍ਰਾਈਸ ਇੰਡੈਕਸ ਨਾਲ ਇਸ ਨੂੰ ਲਿੰਕ ਕਰਨ ਵਾਸਤੇ ਪੰਜਾਬ ਸਰਕਾਰ ਦੀ ਵਿਚਾਰ ਹੋ ਰਹੀ ਹੈ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਸਪੀਕਰ ਸਾਹਿਬ, ਕੀ ਮਾਨਯੋਗ ਮੰਤਰੀ ਸਾਹਿਬ ਵਿਸ਼ਵਾਸ ਦਿਵਾਉਣਗੇ ਕਿ ਬਕਾਇਦਾ ਤੌਰ ਤੇ ਜਿਸ ਤਰ੍ਹਾਂ ਗੌਰਮਿੰਟ ਆਫ਼ ਇੰਡੀਆ ਨੇ ਪ੍ਰਾਈਸ ਇੰਡੈਕਸ ਦੇ ਨਾਲ ਕੋਰਿਲੇਟ ਕੀਤਾ ਹੈ, ਆਉਣ ਵਾਲੇ ਸਮੇਂ ਵਿਚ ਪੰਜਾਬ ਸਰਕਾਰ ਵੱਲੋਂ ਵੀ ਕਿੰਨੇ ਸਮੇਂ ਵਿੱਚ ਤੇ ਪੱਕੇ ਤੌਰ ਤੇ ਇਸ ਨੂੰ ਪ੍ਰਾਈਸ ਇੰਡੈਕਸ ਨਾਲ ਕਲੱਬ ਕਰ ਦਿੱਤਾ ਜਾਵੇਗਾ ਤਾਂਕਿ ਜੋ ਗਰੀਬ ਲੋਕ ਹਨ, ਉਹ ਵੀ ਆਪਣੇ ਬੱਚਿਆਂ ਨੂੰ ਪੜ੍ਹਾਈ ਕਰਵਾ ਸਕਣ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਰ, ਸਟੇਟ ਸਰਕਾਰ ਦੀ ਕੇਂਦਰ ਸਰਕਾਰ ਨਾਲ ਇਸ ਬਾਰੇ ਗਲਬਾਤ ਹੋ ਰਹੀ ਹੈ ਅਤੇ ਇਹ ਸਾਡੇ ਵਿਚਾਰ ਅਧੀਨ ਹੈ ਕਿ ਸਟੇਟ ਦੇ ਪ੍ਰਾਈਸ ਇੰਡੈਕਸ ਨੂੰ ਕੇਂਦਰ ਸਰਕਾਰ ਨਾਲ ਜੋੜ ਦਿੱਤਾ ਜਾਵੇ।

---

**ਨਿਸ਼ਾਨ ਵਾਲੇ ਪ੍ਰਸ਼ਨ ਨੰ: 508 ਅਤੇ 509**

(ਸਬੰਧਤ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 523***

**ਮਾਨਯੋਗ ਸਪੀਕਰ** : ਸਰਦਾਰ ਮਨਪ੍ਰੀਤ ਸਿੰਘ ਬਾਦਲ ਦਾ ਇਹ ਕੁਐਸ਼ਚਨ ਪੋਸਟਪੋਨ ਕੀਤਾ ਜਾਂਦਾ ਹੈ ਕਿਉਂਕਿ ਸੀ.ਐਮ. ਸਾਹਿਬ ਕਹਿੰਦੇ ਹਨ ਕਿ ਉਹ ਇਸ ਸਵਾਲ ਦਾ ਜਵਾਬ ਆਪ ਦੇਣਗੇ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਕੀ ਇਸੇ ਸੈਸ਼ਨ ਵਿਚ ਜਵਾਬ ਮਿਲ ਜਾਵੇਗਾ?

**ਮਾਨਯੋਗ ਸਪੀਕਰ** : ਹਾਂ ਜੀ।

---

**ਨਿਸ਼ਾਨ ਵਾਲੇ ਪ੍ਰਸ਼ਨ ਨੰ: 529 ਅਤੇ 532**

(ਸਬੰਧਤ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

**ਮਾਨਯੋਗ ਸਪੀਕਰ** : ਕੁਐਸਚਨਜ਼ ਭੇਜ ਦਿੰਦੇ ਹਨ ਪਰ ਪੁੱਛਣ ਵਾਸਤੇ ਤਸ਼ਰੀਫ਼ ਨਹੀਂ ਲਿਆਉਂਦੇ। Questions are over. Now we will take the next item on the Agenda.

---

## MATTER RAISED DURING ZERO HOUR

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਦੇ ਵਿਚ ਇੱਕ ਐਸਾ ਮਸਲਾ ਲਿਆਉਣਾ ਚਾਹੁੰਦਾ ਹਾਂ ਜਿਹੜਾ ਕਿ ਇਸ ਸੂਬੇ, ਇਸ ਹਿੰਦੁਸਤਾਨ ਦੀ ਵਜੂਹਤ ਦੇ ਨਾਲ ਹੀ ਜੁੜਿਆ ਹੋਇਆ ਹੈ। ਗਵਰਨਰ ਸਾਹਿਬ ਦੇ ਐਡਰੈਸ ਦੇ ਵਿਚ ਵੀ ਇਸ ਦਾ ਵਾਰ-ਵਾਰ ਜ਼ਿਕਰ ਆਇਆ ਸੀ ਕਿ ਜੋ ਮਿਊਂਸਿਪਲ ਇਲੈਕਸ਼ਨ ਪੰਜਾਬ ਦੇ ਵਿਚ ਹੋਏ ਹਨ, ਉਨ੍ਹਾਂ ਵਿੱਚ ਪਹਿਲਾਂ ਤਾਂ ਵੋਟਾਂ ਨਹੀਂ ਬਣਨ ਦਿੱਤੀਆਂ ਗਈਆਂ ਤੇ ਫਿਰ ਬੂਥ ਕੈਪਚਰਿੰਗ ਹੋ ਗਈ। ਫਿਰ ਕਾਊਂਟਿੰਗ ਵੇਲੇ ਜਿਹੜੇ ਆਪੋਜ਼ੀਸ਼ਨ ਦੇ ਕੈਂਡੀਡੇਟਸ ਸਨ, ਉਨ੍ਹਾਂ ਦੇ ਰਿਜ਼ਲਟ ਇਨਵੈਲੀਡੇਟ ਕਰ ਦਿੱਤੇ ਗਏ। ਕੱਲ੍ਹ ਜ਼ੀਰਕਪੁਰ ਦੇ ਵਿੱਚ ਤੇ ਜੈਤੋਂ ਵਿੱਚ ਜਿਹੜੇ ਮਿਊਂਸੀਪਲ ਕਮੇਟੀ ਦੇ ਪ੍ਰਧਾਨ ਬਣਾਉਣੇ ਸਨ, ਉਨ੍ਹਾਂ ਵਿਚ ਜਿਹੜੇ ਆਪੋਜ਼ੀਸ਼ਨ ਦੇ ਕੈਂਡੀਡੇਟ ਸਨ ਜਾਂ ਉਸ ਦੇ ਜਿਹੜੇ ਐਮ.ਸੀਜ਼. ਸਨ, ਉਨ੍ਹਾਂ ਨੂੰ ਪੁਲਿਸ ਨੇ ਕਿਡਨੈਪ ਕਰ ਲਿਆ। ਉਨ੍ਹਾਂ ਨੂੰ ਕਹਿੰਦੇ ਕਿ ਤੁਹਾਡੇ ਉਤੇ ਅਫੀਮ ਜਾਂ ਭੁੱਕੀ ਦੇ ਕੇਸ ਪਾ ਦਿਆਂਗੇ ਵਰਨਾ ਤੁਸੀਂ ਇਸ ਪਾਸੇ ਆ ਜਾਓ। ਕੱਲ੍ਹ ਜ਼ੀਰਕਪੁਰ ਦੇ ਵਿੱਚ ਕੈਪਟਨ ਕੰਵਲਜੀਤ ਸਿੰਘ ਹੁਰਾਂ ਨੂੰ ਵੀ ਮਾਰਿਆ ਗਿਆ।

*For Starred Question No. 523 and reply thereto, please see P.V.S. Debates dated 1st April, 2003.

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਤੁਸੀਂ ਇਸ ਦੇ ਬਾਰੇ ਸਬਸਟੈਂਟਿਵ ਮੋਸ਼ਨ ਲੈ ਕੇ ਆਓ। (ਵਿਘਨ)

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਇਹ ਬੜਾ ਅਹਿਮ ਮਸਲਾ ਹੈ। ਮੈਨੂੰ ਆਪਣੀ ਗੱਲ ਕਹਿ ਲੈਣ ਦਿਉ। (ਵਿਘਨ) ਸਪੀਕਰ ਸਾਹਿਬ, ਅਸੀਂ ਇਸ ਮਸਲੇ ਤੇ (ਵਿਘਨ) ** **

**ਮਾਨਯੋਗ ਸਪੀਕਰ** : ਜੋ ਕੁਝ ਆਨਰੇਬਲ ਮੈਂਬਰ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

(ਇਸ ਵਕਤ ਆਪੋਜ਼ੀਸ਼ਨ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉਚੀ-ਉਚੀ ਬੋਲ ਰਹੇ ਸਨ ਜੋ ਕਿ ਰਿਕਾਰਡ ਨਹੀਂ ਕੀਤਾ ਗਿਆ।)

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ** : ਸਪੀਕਰ ਸਾਹਿਬ, ਇਹ ਆਪਣੇ ਵੇਲੇ ਤਾਂ ਇਸ ਤਰ੍ਹਾਂ ਦੇ ਕੰਮ ਕਰਦੇ ਹੁੰਦੇ ਸਨ, ਅੱਜ ਇਹ ਐਂਵੇ ਰੌਲਾ ਪਾਉਂਦੇ ਹਨ। ਸਪੀਕਰ ਸਾਹਿਬ, ਇਹ (ਵਿਰੋਧੀ ਧਿਰ ਵੱਲ ਇਸ਼ਾਰਾ) ਤੁਹਾਡੀ ਮਨਜ਼ੂਰੀ ਤੋਂ ਬਿਨਾਂ ਕਹਿ ਰਹੇ ਹਨ ਇਸ ਨੂੰ ਐਕਸਪੰਜ ਕਰਵਾਉ। ਇਹ ਪੁਆਇੰਟ ਆਫ ਆਰਡਰ ਤਾਂ ਇਨ੍ਹਾਂ ਦਾ ਬਣਦਾ ਹੀ ਨਹੀਂ ਹੈ।

**ਮਾਨਯੋਗ ਸਪੀਕਰ** : ਮੈਂ ਇਨ੍ਹਾਂ ਨੂੰ ਅਲਾਓ ਨਹੀਂ ਕਰਦਾ। ਜੋ ਕੁਝ ਵੀ ਮੈਂਬਰ ਆਪਣੀ ਸੀਟ ਤੇ ਬਿਨਾਂ ਪਰਮਿਸ਼ਨ ਤੋਂ ਕਹਿੰਦੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

---

## SECOND REPORT OF THE RULES COMMITTEE LAID ON THE TABLE OF THE HOUSE

**Mr. Speaker :** I lay a copy of the Second Report of the Rules Committee on the Table of the House. This will remain so laid for a period of five days, as required under Rule 232 of the Rules of Procedure and Conduct of Business in the Punjab Vidhan Sabha (Punjab Legislative Assembly).

---

## CALL ATTENTION NOTICES UNDER RULE 66

**Mr. Speaker :** Now Call Attentions, Shri Avinash Rai Khanna Ji is not present.

Next Call Attention, Sardarni Satwant Kaur Ji.

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀਮਤੀ ਸਤਵੰਤ ਕੌਰ ਸੰਧੂ : ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ . . . . . . . .

(ਇਸ ਵੇਲੇ ਹਾਊਸ ਵਿੱਚ ਕਾਫੀ ਸ਼ੋਰ ਸੀ ਅਤੇ ਸਮੁੱਚੀ ਵਿਰੋਧੀ ਧਿਰ ਦੇ ਹਾਜ਼ਰ ਮੈਂਬਰ ਸਾਹਿਬ ਹਾਊਸ ਵਿੱਚ ਨਾਅਰੇ ਲਗਾ ਰਹੇ ਸਨ, ਪਰੰਤੂ ਸਰਦਾਰਨੀ ਸਤਵੰਤ ਕੌਰ ਸੰਧੂ ਆਪਣੀ ਸੀਟ ਤੇ ਖੜ੍ਹੇ ਆਪਣਾ ਧਿਆਨ ਦਿਵਾਊ ਮਤਾ ਪੜ੍ਹ ਰਹੇ ਸਨ)

**Mr. Speaker :** Nothing to be recorded. I would not allow.** ਇਹ ਜੋ ਕੁਝ ਵੀ ਹਾਊਸ ਵਿੱਚ ਹੋ ਰਿਹਾ ਹੈ ਇਹ ਰਿਕਾਰਡ ਨਾ ਕੀਤਾ ਜਾਵੇ। Slogans ਰਿਕਾਰਡ ਨਾ ਕੀਤੇ ਜਾਣ। . . . . . . (ਵਿਘਨ) . . . . . . ਤੁਸੀਂ ਆਪਣੇ ਮੈਂਬਰ ਨੂੰ ਉਸਦੀ ਕਾਲ ਅਟੈਂਸ਼ਨ ਤਾਂ ਬੋਲ ਲੈਣ ਦਿਓ, ਉਹ ਬੋਲ ਰਹੇ ਹਨ।

(ਇਸ ਵਕਤ ਵਿਰੋਧੀ ਧਿਰ ਦੇ ਸਮੂਹ ਮੈਂਬਰ ਸਾਹਿਬਾਨ ਵੈੱਲ ਆਫ ਦੀ ਹਾਊਸ ਵਿੱਚ ਆ ਗਏ।)

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ :** ਤੁਸੀਂ (ਵਿਰੋਧੀ ਧਿਰ ਵੱਲ ਇਸ਼ਾਰਾ) ਸਾਡੀ ਭੈਣ ਨੂੰ ਬੋਲਣ ਹੀ ਨਹੀਂ ਦਿੰਦੇ। ਇਸ ਤਰ੍ਹਾਂ ਕਰਕੇ ਤੁਸੀਂ ਬੀਬੀਆਂ ਨਾਲ ਇਕ ਤਰ੍ਹਾਂ ਨਾਲ ਧੱਕਾ ਕਰ ਰਹੇ ਹੋ। . . . . . . (ਵਿਘਨ) . . . . .

ਮਾਨਯੋਗ ਸਪੀਕਰ (ਖੜ੍ਹੇ ਹੋ ਕੇ) : ਤੁਸੀਂ ਆਪਣੀ ਪਾਰਟੀ ਦੇ ਇਕ ਮੈਂਬਰ ਨੂੰ ਹੀ ਬੋਲਣ ਨਹੀਂ ਦੇ ਰਹੇ। (ਵਿਘਨ) ਕ੍ਰਿਪਾ ਕਰਕੇ ਹੁਣ ਤੁਸੀਂ ਆਪਣੀ ਸੀਟ ਤੇ ਵਾਪਸ ਜਾਓ। Please go to your places. ਇਹ ਤੁਹਾਡੀ ਜਗ੍ਹਾ ਨਹੀਂ ਹੈ। ਤੁਸੀਂ ਆਪਣੀ ਜਗ੍ਹਾ ਤੇ ਜਾਓ। ਇਸ ਤਰ੍ਹਾਂ ਸਾਰੇ ਮੈਂਬਰਾਂ ਨੂੰ ਤਾਂ ਮੈਂ ਬੋਲਣ ਨਹੀਂ ਦਿਆਂਗਾ। When I am standing, you please sit down. Let the decorum of the House be maintained.(ਇਸ ਵੇਲੇ ਵੈੱਲ ਆਫ ਦੀ ਹਾਊਸ ਵਿੱਚੋਂ ਵਿਰੋਧੀ ਧਿਰ ਦੇ ਸਮੂਹ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਵਾਪਸ ਆ ਗਏ।)

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਪੀਕਰ ਸਾਹਿਬ ਕਿਸੇ ਸ਼ਾਇਰ ਨੇ ਲਿਖਿਆ ਹੈ—

ਨਾ ਫਰਿਆਦ ਕੀ ਇਜਾਜ਼ਤ ਹੈ, ਨਾ ਤੜਪਨੇ ਕੀ ਇਜਾਜ਼ਤ ਹੈ।
ਘੁੱਟ-ਘੁੱਟ ਕਰ ਮਰ ਜਾਊਂ ਯਹ ਮਰਜ਼ੀ ਮੇਰੇ ਸਯਾੱਦ ਕੀ ਹੈ।

ਸਪੀਕਰ ਸਾਹਿਬ, ਸਾਡੇ ਕੋਲੋਂ ਸੁਣ ਲਓ, ਇਹ ਜਮਹੂਰੀਅਤ ਦੀਆਂ ਜੜ੍ਹਾਂ ਤੇ ਪਿਛਲੇ ਪੰਜ ਇਲੈਕਸ਼ਨਾਂ ਵਿੱਚ ਹਮਲਾ ਹੋਇਆ ਹੈ। ਇਸ ਲਈ ਤੁਹਾਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇਕਰ ਅਸੀਂ ਇਸ ਤੇ ਸਬਸਟਾਂਟਿਵ ਮੋਸ਼ਨ ਲੈ ਆਈਏ ਤਾਂ will you allow us because this will go to the route of the democratic process.

**Mr. Speaker :** Yes, I allow substantive motion on this subject. ਹਾਂ ਜੀ, ਬੀਬੀ ਜੀ, ਹੁਣ ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ।

**Not recorded as ordered by the Chair.

Original with;
Punjab Vidhan Sabha
Digitized by;

(ਕ੍ਰਮ ਨੰ: 14)

**ਸ਼੍ਰੀਮਤੀ ਸਤਵੰਤ ਕੌਰ ਸੰਧੂ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਹਿਮ ਜ਼ਰੂਰੀ ਮਾਮਲੇ ਵੱਲ ਦਿਵਾਉਂਦੀ ਹਾਂ ਅਰਥਾਤ ਕਿ ਤਹਿਸੀਲ ਰੋਪੜ ਵਿਚ ਖ਼ਾਸ ਕਰਕੇ ਅਤੇ ਸਾਰੇ ਜ਼ਿਲ੍ਹੇ ਰੋਪੜ ਵਿੱਚ ਪੰਜਾਬ ਟਿਊਬਵੈਲ ਕਾਰਪੋਰੇਸ਼ਨ ਵਲੋਂ ਡੂੰਘੇ ਟਿਊਬਵੈਲ ਲਾਏ ਗਏ ਸਨ ਉਨ੍ਹਾਂ ਸਭ ਦੇ ਪੰਜਾਬ ਰਾਜ ਬਿਜਲੀ ਬੋਰਡ ਵੱਲੋਂ ਕੁਨੈਕਸ਼ਨ ਕੱਟ ਦਿੱਤੇ ਗਏ ਹਨ। ਲੋਕਾਂ ਦੀਆਂ ਫਸਲਾਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ ਤੇ ਕਿਸਾਨ ਵਰਗ ਵਿੱਚ ਭਾਰੀ ਗੁੱਸਾ ਅਤੇ ਰੋਹ ਪਾਇਆ ਜਾ ਰਿਹਾ ਹੈ। ਇਸ ਕਾਰਨ ਕਿਸਾਨਾਂ ਦੀਆਂ ਅਗਲੀਆਂ ਸਾਰੀਆਂ ਫਸਲਾਂ ਤੇ ਬਹੁਤ ਮਾੜਾ ਅਸਰ ਪੈਣ ਦਾ ਡਰ ਹੈ। ਸਰਕਾਰ ਵੱਲੋਂ ਇਨ੍ਹਾਂ ਟਿਊਬਵੈਲਾਂ ਦੇ ਕੁਨੈਕਸ਼ਨ ਦੁਬਾਰਾ ਚਾਲੂ ਕਰਾ ਕੇ ਕਿਸਾਨਾਂ ਨੂੰ ਭਾਰੀ ਨੁਕਸਾਨ ਤੋਂ ਬਚਾਇਆ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ, (ਸਰਦਾਰ ਲਾਲ ਸਿੰਘ) :** ਰੋਪੜ ਜ਼ਿਲ੍ਹੇ ਵਿੱਚ ਤਕਰੀਬਨ 209 ਪੰਜਾਬ ਸਟੇਟ ਟਿਊਬਵੈਲ ਕਾਰਪੋਰੇਸ਼ਨ ਦੇ ਕੁਨੈਕਸ਼ਨ ਹਨ, ਜਿਨ੍ਹਾਂ ਦੇ ਬਿਜਲੀ ਦੇ ਬਿਲ ਦੇ ਬਕਾਏ ਤਕਰੀਬਨ 107 ਲੱਖ ਰੁਪਏ ਦੇ ਪੀ.ਐਸ.ਟੀ.ਸੀ. ਵੱਲ ਨਵੰਬਰ, 2002 ਤੋਂ ਨਹੀਂ ਦਿੱਤੇ ਗਏ। ਬਿਜਲੀ ਦੇ ਬਿਲ ਨਾ ਭਰਨ ਕਰਕੇ ਇਹ ਕੁਨੈਕਸ਼ਨ ਮਹੀਨਾ ਜਨਵਰੀ, 2003 ਅਤੇ ਫਰਵਰੀ, 2003 ਵਿੱਚ ਕੱਟ ਦਿੱਤੇ ਗਏ ਸਨ। ਹੁਣ ਪੀ.ਐਸ.ਟੀ.ਸੀ. ਨੇ ਦੱਸਿਆ ਹੈ ਕਿ ਉਨ੍ਹਾਂ ਨੂੰ ਬਿਜਲੀ ਦੇ ਬਿਲ ਮੁਹੱਈਆ ਕਰਵਾਉਣ ਲਈ ਪੈਸੇ ਸਰਕਾਰ ਵੱਲੋਂ ਅਲਾਟ ਹੋ ਚੁੱਕੇ ਹਨ। ਇਹ ਵੀ ਭਰੋਸਾ ਦਿੱਤਾ ਗਿਆ ਹੈ ਕਿ 31 ਮਾਰਚ, 2003 ਤੱਕ ਬਕਾਇਆ ਬਿਲ ਦੀ ਰਕਮ ਬਿਜਲੀ ਬੋਰਡ ਨੂੰ ਜਮ੍ਹਾਂ ਕਰਵਾ ਦਿੱਤੀ ਜਾਵੇਗੀ। ਇਹ ਭਰੋਸਾ ਮਿਲਣ ਤੋਂ ਬਾਅਦ ਇਨ੍ਹਾਂ ਟਿਊਬਵੈਲ ਕੁਨੈਕਸ਼ਨਾਂ ਨੂੰ ਦੁਬਾਰਾ ਚਾਲੂ ਕਰ ਦਿੱਤਾ ਗਿਆ ਹੈ।

**ਸ਼੍ਰੀਮਤੀ ਸਤਵੰਤ ਕੌਰ ਸੰਧੂ :** ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਚਾਲੂ ਕਰ ਦਿੱਤੇ ਗਏ ਹਨ, ਪ੍ਰੰਤੂ ਅਸਲ ਵਿੱਚ ਇਹ ਚਾਲੂ ਨਹੀਂ ਕੀਤੇ ਗਏ। ਕਦੋਂ ਤੱਕ, ਕਿੰਨੀ ਦੇਰ ਤੱਕ ਅਤੇ ਕਿਹੜੇ ਮਹੀਨੇ ਤੱਕ ਇਹ ਕੁਨੈਕਸ਼ਨ ਚਾਲੂ ਹੋ ਜਾਣਗੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਕਿਹਾ ਜੀ ਕਿ ਇਹ ਚਾਲੂ ਕਰ ਦਿੱਤੇ ਗਏ ਹਨ।

**ਸ਼੍ਰੀਮਤੀ ਸਤਵੰਤ ਕੌਰ ਸੰਧੂ :** ਸਪੀਕਰ ਸਾਹਿਬ, ਜਿਹੜੀ ਇਨਫਰਮੇਸ਼ਨ ਸਾਡੇ ਕੋਲ ਆਈ ਹੈ ਅਤੇ ਜਿਹੜੀ ਗੱਲ ਸਾਡੇ ਨੋਟਿਸ ਵਿਚ ਆਈ ਹੈ, ਉਸ ਦੇ ਮੁਤਾਬਿਕ ਹੀ ਮੈਂ ਸਵਾਲ ਕੀਤਾ ਹੈ। ਕਿਰਪਾ ਕਰਕੇ ਮੰਤਰੀ ਜੀ ਸਹੀ ਜਵਾਬ ਦੇਣ।

**ਮੰਤਰੀ :** ਸਪੀਕਰ ਸਾਹਿਬ, ਮੈਂ ਬੜੀ ਜ਼ਿੰਮੇਵਾਰੀ ਨਾਲ ਜਵਾਬ ਦੇ ਰਿਹਾ ਹਾਂ। ਇਹ ਭਾਵੇਂ ਜਾ ਕੇ ਚੈਕ ਕਰ ਲੈਣ। ਜੇਕਰ ਇਨ੍ਹਾਂ ਨੂੰ ਕੋਈ ਕਮੀ-ਪੇਸ਼ੀ ਨਜ਼ਰ ਆਵੇ ਤਾਂ ਕੱਲ੍ਹ ਨੂੰ ਮੈਨੂੰ ਦੱਸ ਦੇਣ। ਕੁਨੈਕਸ਼ਨ ਚਾਲੂ ਕਰ ਦਿੱਤੇ ਗਏ ਹਨ।

Original with;
Punjab Vidhan Sabha
Digitized by;
Panjab Digital Library

(ਕ੍ਰਮ ਨੰ : 16)

(1) **ਬੀਬੀ ਜਗੀਰ ਕੌਰ**
(2) **ਸਰਦਾਰ ਬਲਬੀਰ ਸਿੰਘ ਮਿਆਣੀ** } : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਹਿਮ ਜ਼ਰੂਰੀ ਮਾਮਲੇ ਵੱਲ ਦਿਵਾਉਂਦੀ ਹਾਂ ਕਿ ਫਰਵਰੀ, 2003 ਵਿੱਚ ਜੋ ਬੇ-ਮੌਸਮੀ ਬਰਸਾਤ ਹੋਈ ਹੈ। ਜਿਸ ਨਾਲ ਕਾਫੀ ਜਗ੍ਹਾ ਉੱਤੇ ਪਾਣੀ ਗੋਡੇ ਗੋਡੇ ਖੜ੍ਹਾ ਹੋ ਗਿਆ ਹੈ ਤੇ ਇਹ ਤਬਾਹੀ ਦਾ ਕਾਰਨ ਬਣਿਆ ਹੋਇਆ ਹੈ। ਇਹ ਪਾਣੀ ਅਜੇ ਵੀ ਉਸੀ ਤਰ੍ਹਾਂ ਖੜ੍ਹਾ ਹੈ। ਇਸ ਨਾਲ ਕਾਲੀ ਬੇਈਂ ਦੇ ਨਾਲ-ਨਾਲ ਖਾਸ ਕਰਕੇ ਦਸੂਹਾ, ਟਾਂਡਾ, ਗੜਦੀਵਾਲਾ, ਭੁਲੱਥ, ਕਪੂਰਥਲਾ ਅਤੇ ਸੁਲਤਾਨਪੁਰ ਲੋਧੀ ਦੇ ਪਿੰਡਾਂ ਦੇ ਪੈਂਦੇ ਕਾਸ਼ਤ ਵਾਲੇ ਰਕਬੇ ਵਿੱਚ ਬੇਈਂ ਦੇ ਓਵਰ ਫਲੋਅ ਕਾਰਨ ਕਾਫੀ ਨੁਕਸਾਨ ਹੋਇਆ ਹੈ। ਪਸ਼ੂ ਚਾਰਾ ਮਾਰਿਆ ਗਿਆ ਹੈ। ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਫਸਲ ਦੀ ਸਪੈਸ਼ਲ ਗਿਰਦਾਵਰੀ ਕਰਵਾਈ ਜਾਏ ਅਤੇ ਤੁਰੰਤ ਮੁਆਵਜ਼ਾ ਦਿੱਤਾ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਰਾਜ ਮੰਤਰੀ, ਮਾਲ ਅਤੇ ਪੁਨਰਵਾਸ ਅਤੇ ਖੇਤੀਬਾੜੀ (ਸਰਦਾਰ ਅਮਰਜੀਤ ਸਿੰਘ ਸਮਰਾ)** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬਾਨ ਦੀ ਮੰਗ ਅਨੁਸਾਰ ਫਰਵਰੀ, 2003 ਵਿਚ ਬੇ-ਮੌਸਮੀ ਬਰਸਾਤ ਕਾਰਨ, ਕਾਲੀ ਬੇਈਂ ਦੇ ਓਵਰ ਫਲੋਅ ਹੋਣ ਕਰਕੇ, ਦਸੂਹਾ, ਟਾਂਡਾ, ਗੜ੍ਹਦੀਵਾਲਾ, ਭੁਲੱਥ, ਕਪੂਰਥਲਾ ਅਤੇ ਸੁਲਤਾਨਪੁਰ ਲੋਧੀ ਦੇ ਪਿੰਡਾਂ ਦੇ ਪੈਂਦੇ ਕਾਸ਼ਤ ਵਾਲੇ ਰਕਬੇ ਵਿਚ ਜੋ ਫਸਲਾਂ ਨੂੰ ਨੁਕਸਾਨ ਹੋਇਆ ਹੈ, ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਅਤੇ ਕਪੂਰਥਲਾ ਨੂੰ ਸਪੈਸ਼ਲ ਗਿਰਦਾਵਰੀ ਕਰਵਾਉਣ ਲਈ ਕਹਿ ਦਿੱਤਾ ਗਿਆ ਹੈ। ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਅਤੇ ਕਪੂਰਥਲਾ ਤੋਂ ਸਪੈਸ਼ਲ ਗਿਰਦਾਵਰੀ ਕਰਾਉਣ ਉਪਰੰਤ ਫਸਲਾਂ ਨੂੰ ਹੋਏ ਨੁਕਸਾਨ ਬਾਰੇ ਰਿਪੋਰਟਾਂ ਪ੍ਰਾਪਤ ਹੋਣ ਤੇ ਹਦਾਇਤਾਂ ਅਨੁਸਾਰ ਬਣਦੀ ਰਾਹਤ ਦੀ ਰਕਮ ਕੁਦਰਤੀ ਆਫਤਾਂ ਰਾਹਤ ਫੰਡ ਵਿਚੋਂ ਪ੍ਰਭਾਵਿਤ ਵਿਅਕਤੀਆਂ ਨੂੰ ਵੰਡਣ ਲਈ ਰਿਲੀਜ਼ ਕਰ ਦਿੱਤੀ ਜਾਵੇਗੀ।

**ਸਰਦਾਰ ਬਲਬੀਰ ਸਿੰਘ ਮਿਆਣੀ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਫਸਲਾਂ ਨੂੰ ਹੋਏ ਨੁਕਸਾਨ ਦਾ ਪ੍ਰਤੀ ਏਕੜ ਕਿੰਨਾ ਮੁਆਵਜ਼ਾ ਦੇਣਗੇ?

**ਰਾਜ ਮੰਤਰੀ** : ਸਪੀਕਰ ਸਾਹਿਬ, ਪੰਜਾਬ ਸਰਕਾਰ ਵੱਲੋਂ ਸਾਲ 1995 ਵਿਚ ਜੋ ਨਿਯਮ ਬਣਾਏ ਗਏ ਹਨ, ਉਸ ਦੇ ਹਿਸਾਬ ਨਾਲ ਜਿਹੜੀ ਫਸਲ ਮੁਢਲੀ ਸਟੇਜ ਵਿਚ ਹੀ ਪੂਰੀ ਤਰ੍ਹਾਂ ਤਬਾਹ ਹੋ ਗਈ ਹੋਵੇ ਪਰ ਰਕਬਾ ਉਸ ਸੀਜ਼ਨ ਵਿਚ ਦੁਬਾਰਾ ਬੀਜਿਆ ਜਾ ਸਕਦਾ ਹੋਵੇ, ਕਿਸਾਨਾਂ ਨੂੰ ਬੀਜਾਂ ਅਤੇ ਖਾਦਾਂ ਆਦਿ ਲਈ 700/- ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਰਾਹਤ ਦਿੱਤੀ ਜਾਂਦੀ ਹੈ।

ਜਿਥੇ ਫਸਲ ਮੁਢਲੀ ਸਟੇਜ ਵਿਚ ਹੀ ਪੂਰੀ ਤਰ੍ਹਾਂ ਤਬਾਹ ਹੋ ਗਈ ਹੋਵੇ ਪਰ ਰਕਬਾ ਉਸ ਸੀਜ਼ਨ ਵਿਚ ਦੁਬਾਰਾ ਨਹੀਂ ਬੀਜਿਆ ਜਾ ਸਕਦਾ ਹੋਵੇ, 1,000/- ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਰਾਹਤ ਦਿੱਤੀ ਜਾਂਦੀ ਹੈ। ਜਿਥੇ ਖੜ੍ਹੀ/ਕੱਟੀ ਫਸਲ ਦਾ ਨੁਕਸਾਨ 75% ਤੋਂ ਵੱਧ ਹੋਵੇ ਉਥੇ 2,000/- ਰੁਪਏ ਪ੍ਰਤੀ ਏਕੜ, ਜਿਥੇ ਖੜ੍ਹੀ/ਕੱਟੀ ਫਸਲ ਦਾ ਨੁਕਸਾਨ 50% ਤੋਂ ਵੱਧ ਹੋਵੇ ਪਰ 75% ਤੋਂ ਜ਼ਿਆਦਾ ਨਾ ਹੋਵੇ ਉਥੇ 1,000/- ਰੁਪਏ ਪ੍ਰਤੀ ਏਕੜ, ਜਿਥੇ ਖੜ੍ਹੀ/ਕੱਟੀ ਫਸਲ ਦਾ ਨੁਕਸਾਨ 25% ਤੋਂ ਵੱਧ ਹੋਵੇ ਪਰ 50% ਤੋਂ ਜ਼ਿਆਦਾ ਨਾ ਹੋਵੇ ਉਥੇ 700/- ਰੁਪਏ ਪ੍ਰਤੀ ਏਕੜ ਅਤੇ ਜਿਥੇ ਖੜ੍ਹੀ/ਕੱਟੀ ਫਸਲ ਅਸਮਾਨੀ ਬਿਜਲੀ

Original with;
Punjab Vidhan Sabha
Digitized by;

ਜਾਂ ਕਿਸੇ ਹੋਰ ਕਾਰਨ ਕਰਕੇ (ਬਿਜਲੀ/ਸ਼ਾਰਟ ਸਰਕਟ ਨੂੰ ਛੱਡ ਕੇ) ਲੱਗੀ ਅੱਗ ਨਾਲ ਪੂਰੀ ਤਰ੍ਹਾਂ ਤਬਾਹ ਹੋ ਜਾਵੇ ਉਥੇ 3,000/- ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਂਦਾ ਹੈ।

---

PAPER LAID ON THE TABLE OF THE HOUSE

**Local Government, Parliamentary Affairs and Labour & Employment Minister (Chaudhary Jagjit Singh) :** Sir, I beg to lay on the Table the Annual Financial Statement of the Punjab State Electricity Board for the year 2003-2004, as required under section 61 of the Electricity (Supply) Act, 1948.

---

PRESENTATION OF REPORTS OF THE COMMITTEES

**Member, Committee on Public Accounts (Doctor Rattan Singh)** : Sir, I beg to present the 141st Report of the Committee on Public Accounts on the Appropriation Accounts of the Government of Punjab for the years 1993-94 and 1994-95 and the Reports of the Comptroller and Auditor General of India for the years 1993-94 and 1994-95 (Civil) relating to Education Department.

**2. Member, Committee on Public Undertakings (Smt. Gurkanwal Kaur) :** Sir, I beg to present the —

(i) 71st Report of the Committee on Public Undertakings for the year 2002-03 on the audit paras appearing in the Report of the Comptroller and Auditor General of India for the year 1986-87 (Commercial) relating to the Punjab State Civil Supplies Corporation Limited.

and

(ii) 74th Report of the Committee on Public Undertakings for the year 2002-03 on the General Working relating to the Punjab Urban Planning and Development Authority.

**ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ (ਸਰਦਾਰ ਮਲਕੀਅਤ ਸਿੰਘ ਦਾਖਾ)** : ਮਾਨਯੋਗ ਸਪੀਕਰ ਸਾਹਿਬ, ਮੈਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ ਤੇ ਸਾਲ 2002-2003 ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ ਦੀ 29ਵੀਂ ਰਿਪੋਰਟ ਪੇਸ਼ ਕਰਦਾ ਹਾਂ ਜੀ।

Original with;
Punjab Vidhan Sabha
Digitized by;
Panjab Digital Library

## RESOLUTION RE. RECOMMENDING TO THE STATE GOVERNMENT TO TAKE EFFECTIVE STEPS TO CHECK THE MENACE OF STRAY CATTLE ON THE ROADS OF VARIOUS CITIES OF THE STATE LEADING TO MANY ROAD ACCIDENTS

**ਸਰਦਾਰ ਹਰੀ ਸਿੰਘ ਜ਼ੀਰਾ** : ਮਾਨਯੋਗ ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ—

> "ਇਹ ਸਦਨ ਰਾਜ ਸਰਕਾਰ ਨੂੰ ਰਾਜ ਦੇ ਵੱਖ-ਵੱਖ ਸ਼ਹਿਰਾਂ ਦੀਆਂ ਸੜਕਾਂ ਤੇ ਅਵਾਰਾ ਪਸ਼ੂਆਂ ਦੇ ਖਤਰੇ, ਜਿਸ ਕਾਰਨ ਬਹੁਤ ਜ਼ਿਆਦਾ ਸੜਕ ਦੁਰਘਟਨਾਵਾਂ ਵਾਪਰਦੀਆਂ ਹਨ, ਤੇ ਕਾਬੂ ਪਾਉਣ ਲਈ ਰਾਜ ਸਰਕਾਰ ਨੂੰ ਪ੍ਰਭਾਵਸ਼ਾਲੀ ਕਦਮ ਚੁੱਕਣ ਲਈ ਸਿਫਾਰਸ਼ ਕਰਦਾ ਹੈ"।

**Mr. Speaker :** Motion Moved —

> "This House recommends to the State Government to take effective steps to check the menace of stray cattle on the roads of various cities of the State leading to many road accidents".

ਜ਼ੀਰਾ ਸਾਹਿਬ, ਪਾਰਲੀਮਾਨੀ ਮਾਮਲਿਆਂ ਦੇ ਮੰਤਰੀ ਜੀ ਖੜ੍ਹੇ ਹਨ। ਪਹਿਲਾਂ ਇਨ੍ਹਾਂ ਨੂੰ ਸੁਣ ਲਈਏ।

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ** : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਹ ਬਹੁਤ ਛੋਟਾ ਜਿਹਾ ਰੈਜ਼ੋਲਿਊਸ਼ਨ ਹੈ, ਇਸ ਲਈ ਕੋਈ ਟਾਈਮ ਲਿਮਟ ਫਿਕਸ ਕਰ ਲਈ ਜਾਵੇ ਜੀ ਕਿਉਂਕਿ ਅੱਜ ਮਿਉਂਸਪਲ ਕਮੇਟੀਆਂ ਦੇ ਪ੍ਰਧਾਨਾਂ ਦੀਆਂ ਚੋਣਾਂ ਹੋ ਰਹੀਆਂ ਹਨ ਅਤੇ ਉਥੇ ਵੋਟਾਂ ਲਈ ਜਾਣਾ ਹੈ। ਇਸ ਲਈ ਕੋਈ ਸਮਾਂ ਨਿਸ਼ਚਿਤ ਕਰ ਲਿਆ ਜਾਵੇ ਜੀ।

**Mr. Speaker :** If the House agrees, the time up to 12.00 noon be fixed for discussion on this Resolution.

(Voices : Yes, Yes.)

**ਮਾਨਯੋਗ ਸਪੀਕਰ** : ਇਸ ਮਤੇ ਤੇ 12.00 ਵਜੇ ਦੁਪਹਿਰ ਤੱਕ ਬਹਿਸ ਹੋਵੇਗੀ। ਹਾਂ ਜੀ, ਜ਼ੀਰਾ ਸਾਹਿਬ ਤੁਸੀਂ ਬੋਲੋ।

**ਸਰਦਾਰ ਹਰੀ ਸਿੰਘ ਜ਼ੀਰਾ (ਜ਼ੀਰਾ)** : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿਤਾ ਹੈ। ਇਹ ਅਵਾਰਾ ਪਸ਼ੂਆਂ ਦਾ ਜੋ ਮਸਲਾ ਹੈ, ਇਹ ਕਾਫੀ ਅਹਿਮ ਹੋ ਗਿਆ ਹੈ। ਅਵਾਰਾ ਪਸ਼ੂ ਇੰਨੇ ਹੋ ਗਏ ਹਨ ਕਿ ਇਕੱਠੇ ਹੋ ਕੇ . . .

(ਇਸ ਸਮੇਂ ਕੁਝ ਮੈਂਬਰ ਸਾਹਿਬਾਨ ਆਪਸ ਵਿੱਚ ਗੱਲਾਂ ਕਰ ਰਹੇ ਸਨ।)

**ਮਾਨਯੋਗ ਸਪੀਕਰ** : ਸਦਨ ਵਿੱਚ ਗੱਲਾਂ ਨਾ ਕਰੋ, ਤੁਸੀਂ ਜ਼ੀਰਾ ਸਾਹਿਬ ਨੂੰ ਸੁਣੋ।

**ਸਰਦਾਰ ਹਰੀ ਸਿੰਘ ਜ਼ੀਰਾ** : ਸਪੀਕਰ ਸਾਹਿਬ, ਅਵਾਰਾ ਪਸ਼ੂ 100-100 ਇਕੱਠੇ ਹੋ ਕੇ, ਦੋ-ਦੋ, ਤਿੰਨ-ਤਿੰਨ ਏਕੜ ਫਸਲਾਂ ਤਬਾਹ ਕਰ ਦਿੰਦੇ ਹਨ ਅਤੇ ਕਿਸਾਨ ਦੀ ਛੇ ਮਹੀਨੇ ਦੀ ਕਮਾਈ ਖ਼ਤਮ ਹੋ ਜਾਂਦੀ ਹੈ। ਕਈ ਥਾਵਾਂ ਤੇ ਲੜਾਈ ਝਗੜੇ ਵੀ ਹੁੰਦੇ ਹਨ ਕਿਉਂਕਿ ਕਈ ਪਿੰਡਾਂ ਦੇ ਲੋਕ ਪਸ਼ੂਆਂ ਨੂੰ ਟਰਾਲੀਆਂ ਵਿੱਚ ਲੱਦ ਕੇ ਦੂਸਰੇ ਪਿੰਡ ਛੱਡ ਆਉਂਦੇ ਹਨ, ਜਿਸ ਕਾਰਨ ਉਨ੍ਹਾਂ ਦੇ ਆਪਸ ਵਿੱਚ ਝਗੜੇ ਵੀ ਹੁੰਦੇ ਹਨ। ਇਹ ਪਸ਼ੂ ਉਦੋਂ ਤੋਂ ਵੱਧ ਹੋ ਗਏ ਹਨ ਜਦੋਂ ਦੀ ਮਸ਼ੀਨਰੀ ਆਈ ਹੈ। ਮਸ਼ੀਨਰੀ ਨੇ ਕਿਸਾਨਾਂ ਦੇ ਮਸਲੇ ਹੱਲ ਵੀ ਕੀਤੇ ਹਨ। ਅਵਾਰਾ ਪਸ਼ੂਆਂ ਵਿੱਚ ਜ਼ਿਆਦਾ ਗਿਣਤੀ ਗਊਆਂ ਦੀ ਹੈ, ਜਿਨ੍ਹਾਂ ਨੂੰ ਅਸੀਂ ਗਊ ਮਾਤਾ ਵੀ ਕਹਿੰਦੇ ਹਾਂ ਅਤੇ ਉਨ੍ਹਾਂ ਦਾ ਸਤਿਕਾਰ ਵੀ ਕਰਦੇ ਹਾਂ। ਉਨ੍ਹਾਂ ਦੇ ਵੱਛਿਆਂ ਨੂੰ

Original with;
Punjab Vidhan Sabha
Digitized by;
Panjab Digital Library

ਪਹਿਲਾਂ ਹਲ ਵਾਹੁਣ ਲਈ ਵਰਤਿਆਂ ਜਾਂਦਾ ਸੀ ਅਤੇ ਗਊ ਤੋਂ ਸਾਨੂੰ ਦੁੱਧ ਮਿਲਦਾ ਹੈ, ਇਸ ਕਰਕੇ ਸਤਿਕਾਰ ਨਾਲ ਗਊ ਨੂੰ ਗਊ ਮਾਤਾ ਕਹਿੰਦੇ ਹਾਂ। ਟਰੈਕਟਰਾਂ ਨੇ ਬਲਦਾਂ ਦਾ ਕੰਮ ਖ਼ਤਮ ਕਰ ਦਿੱਤਾ ਹੈ ਅਤੇ ਖਾਸ ਕਰਕੇ ਜਿਹੜੇ ਸਾਡੇ ਪਸ਼ੂ-ਗਊਆਂ ਅਤੇ ਵੱਛੇ ਫਿਰਦੇ ਹਨ, ਉਨ੍ਹਾਂ ਨੂੰ ਸਤਿਕਾਰ ਕਰਕੇ ਮਾਰਨ ਵੀ ਨਹੀਂ ਦਿਤਾ ਜਾ ਸਕਦਾ ਅਤੇ ਮੈਂ ਵੀ ਨਹੀਂ ਚਾਹੁੰਦਾ ਕਿ ਉਨ੍ਹਾਂ ਨੂੰ ਮਾਰਿਆ ਜਾਵੇ। ਅਗਰ ਕੋਈ ਵਿਅਕਤੀ ਦੁੱਧ ਲੈਣ ਤੋਂ ਬਾਅਦ ਗਾਂ ਨੂੰ ਛੱਡਦਾ ਹੈ ਤਾਂ ਸਰਕਾਰ ਉਸ ਨੂੰ ਜੁਰਮਾਨਾ ਕਰੇ, ਉਸ ਤੋਂ ਖਰਚਾ ਲਵੇ। ਅਗਰ ਕੋਈ ਵਿਅਕਤੀ ਦੁੱਧ ਲੈਣ ਤੋਂ ਬਾਅਦ ਗਾਂ ਨੂੰ ਛੱਡਦਾ ਹੈ ਤਾਂ ਉਸ ਤੋਂ ਪੈਸੇ ਜਮ੍ਹਾਂ ਕਰਵਾਏ ਜਾਣ ਤਾਂ ਕਿ ਉਸ ਛੱਡੀ ਗਾਂ ਜਾਂ ਵੱਛੀ ਦਾ ਖਰਚਾ ਪੂਰਾ ਹੋ ਸਕੇ। ਮੈਂ ਵੀ ਜ਼ੀਰਾ ਸ਼ਹਿਰ ਵਿੱਚ ਰਹਿੰਦਾ ਹਾਂ। ਉਥੇ ਮੈਂ ਦੇਖਦਾ ਹਾਂ ਕਿ 2-2 ਕਿਲੋਮੀਟਰ ਤੱਕ ਜਿਨ੍ਹਾਂ ਕਿਸਾਨਾਂ ਦੇ ਖੇਤ ਪੈਂਦੇ ਹਨ, ਉਨ੍ਹਾਂ ਨੇ ਤਾਰਾਂ ਲਗਾ ਲਈਆਂ ਹਨ, ਕੰਧਾਂ ਬਣਾ ਲਈਆਂ ਹਨ ਕਿਉਂਕਿ ਗਾਵਾਂ ਜੇ ਖੇਤ ਵਿੱਚ ਵੜ ਜਾਣ ਤਾਂ ਸਾਰੀ ਫਸਲ ਉਜਾੜ ਦਿੰਦੀਆਂ ਹਨ। ਕਈ ਵਾਰ ਇਨ੍ਹਾਂ ਅਵਾਰਾ ਪਸ਼ੂਆਂ ਕਰਕੇ ਹਾਦਸੇ ਹੋਏ ਹਨ। ਸਿਆਲ ਦੇ ਦਿਨਾਂ ਵਿੱਚ ਤਾਂ ਇਹ ਪਸ਼ੂ ਠੰਢ ਨਾਲ ਮਰ ਜਾਂਦੇ ਹਨ। ਇਸ ਲਈ ਇਨ੍ਹਾਂ ਦੇ ਸੰਭਾਲਣ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਇਸੇ ਤਰ੍ਹਾਂ ਅਵਾਰਾ ਕੁੱਤਿਆਂ ਦਾ ਮਸਲਾ ਹੈ। ਕਈ ਅਵਾਰਾ ਕੁੱਤੇ ਸਾਈਕਲ, ਸਕੂਟਰ ਸਵਾਰਾਂ ਨੂੰ ਲੰਘਣ ਨਹੀਂ ਦਿੰਦੇ। ਫਿਰੋਜ਼ਪੁਰ ਜ਼ਿਲ੍ਹੇ ਦੇ ਅਬੋਹਰ ਸ਼ਹਿਰ ਵਿੱਚ ਅਵਾਰਾ ਕੁੱਤਿਆਂ ਨੇ 1-2 ਬੱਚਿਆਂ ਨੂੰ ਵੀ ਖਾ ਲਿਆ ਹੈ। ਪਹਿਲਾਂ ਤਾਂ ਕੁੱਤੇ ਮਾਰੇ ਜਾਂਦੇ ਸਨ ਪਰ ਅੱਜਕਲ੍ਹ ਅਜਿਹਾ ਨਹੀਂ ਕੀਤਾ ਜਾਂਦਾ। ਸੋ, ਮੇਰਾ ਸੁਝਾਓ ਹੈ ਕਿ ਕੁੱਤਿਆਂ ਦੀ ਨਸਬੰਦੀ ਕਰਵਾਉਣੀ ਚਾਹੀਦੀ ਹੈ। ਅਗਰ ਕਿਸੇ ਨੇ ਕੁੱਤਾ ਰੱਖਣਾ ਹੈ ਤਾਂ ਉਹ ਕੁੱਤੇ ਨੂੰ ਬੰਨ੍ਹ ਕੇ ਰੱਖੇ ਕਿਉਂਕਿ ਅਵਾਰਾ ਫਿਰਨ ਨਾਲ ਲੋਕਾਂ ਦਾ ਨੁਕਸਾਨ ਹੁੰਦਾ ਹੈ। ਭਾਵੇਂ ਇਹ ਛੋਟੀ ਜਿਹੀ ਗੱਲ ਲਗਦੀ ਹੈ ਪਰ ਇਸ ਦਾ ਨੁਕਸਾਨ ਕਾਫੀ ਵੱਡਾ ਹੈ। ਅਵਾਰਾ ਕੁੱਤੇ ਆਉਣ ਜਾਣ ਵਾਲਿਆਂ ਨੂੰ ਕਾਫੀ ਤੰਗ ਕਰਦੇ ਹਨ। ਅਗਰ ਉਹ ਹਲਕ ਜਾਣ ਤਾਂ ਲੋਕਾਂ ਦੇ ਨਾਲ-ਨਾਲ ਜਾਨਵਰਾਂ ਨੂੰ ਵੀ ਵੱਢਦੇ ਹਨ। ਸਪੀਕਰ ਸਾਹਿਬ, ਹਲਕੇ ਬੰਦੇ ਦਾ ਕੋਈ ਇਲਾਜ ਨਹੀਂ ਹੈ। ਇਸ ਨਾਲ ਬਹੁਤ ਵੱਡਾ ਨੁਕਸਾਨ ਹੁੰਦਾ ਹੈ। ਸਰਕਾਰ ਨੂੰ ਇਸ ਪਾਸੇ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਇਹੋ ਜਿਹੀਆਂ ਭਿਆਨਕ ਬਿਮਾਰੀਆਂ ਤੋਂ ਬਚਿਆ ਜਾ ਸਕੇ।

ਸਪੀਕਰ ਸਾਹਿਬ, ਗਾਈਆਂ ਦੇ ਮਸਲੇ ਵੱਲ ਖਾਸ ਤੌਰ ਤੇ ਧਿਆਨ ਦੇਣ ਦੀ ਜ਼ਰੂਰਤ ਹੈ ਕਿਉਂਕਿ ਇਸ ਨਾਲ ਧਾਰਮਿਕ ਭਾਵਨਾ ਵੀ ਜੁੜੀ ਹੋਈ ਹੈ। ਜਦੋਂ ਗਾਈਆਂ ਨੁਕਸਾਨ ਕਰਦੀਆਂ ਹਨ ਤਾਂ ਲੋਕ ਉਨ੍ਹਾਂ ਨੂੰ ਮਾਰਦੇ ਹਨ, ਛੱਡ ਦਿੰਦੇ ਹਨ, ਇਸ ਨਾਲ ਸਤਿਕਾਰ ਘਟਦਾ ਹੈ। ਇਸ ਲਈ ਸਰਕਾਰ ਨੂੰ ਅਵਾਰਾ ਗਾਈਆਂ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਕਈ ਛੋਟੇ ਛੋਟੇ ਕਿਸਾਨ ਜਿਨ੍ਹਾਂ ਦੀ ਇੱਕ ਕਿੱਲਾ ਜਾਂ ਦੋ ਕਿੱਲੇ ਜ਼ਮੀਨ ਹੈ, ਉਥੇ 100-100 ਗਈਆਂ ਵੜ ਜਾਣ ਤਾਂ ਸਾਰੀ ਫਸਲ ਖ਼ਤਮ ਕਰ ਦਿੰਦੀਆਂ ਹਨ। ਇਸ ਨਾਲ ਕਾਫੀ ਨੁਕਸਾਨ ਹੁੰਦਾ ਹੈ। ਅਗਰ ਉਹ ਕਿਸਾਨ ਕੁੱਟ ਕੇ ਗਾਈਆਂ ਨੂੰ ਕੱਢਦਾ ਹੈ ਤਾਂ ਇਸ ਨਾਲ ਸਤਿਕਾਰ ਘਟਦਾ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਦਾ ਇੰਤਜ਼ਾਮ ਕਰੇ। ਸਪੀਕਰ ਸਾਹਿਬ, ਅੰਤ ਵਿੱਚ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਪਾਸੇ ਸੋਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰੀ ਸਿੰਘ ਜ਼ੀਰਾ]

ਵਿਚਾਰ ਕਰਕੇ ਇੰਤਜ਼ਾਮ ਕੀਤਾ ਜਾਵੇ ਤਾਂ ਕਿ ਜੋ ਨੁਕਸਾਨ ਹੋ ਰਿਹਾ ਹੈ, ਉਸ ਤੋਂ ਬਚਿਆ ਜਾ ਸਕੇ ਔਰ ਸਮਾਜਿਕ ਭਾਵਨਾ ਵੀ ਕਾਇਮ ਰਹਿ ਸਕੇ। ਬਹੁਤ ਬਹੁਤ ਧੰਨਵਾਦ।

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ (ਅੰਮ੍ਰਿਤਸਰ ਉੱਤਰੀ)** : ਸਪੀਕਰ ਸਾਹਿਬ, ਅੱਜ ਜਿਹੜਾ ਮਤਾ ਹਾਊਸ ਵਿੱਚ ਲਿਆਂਦਾ ਗਿਆ ਹੈ, ਇਹ ਬੜਾ ਅਹਿਮ ਮਤਾ ਹੈ। ਕਈ ਵਾਰ ਦੇਖਿਆ ਗਿਆ ਹੈ ਕਿ ਕਈ ਅਵਾਰਾ ਪਸ਼ੂ ਜਿਹੜੇ ਸੜਕਾਂ ਤੇ ਫਿਰਦੇ ਹਨ, ਉਨ੍ਹਾਂ ਨਾਲ ਕਈ ਕਿਸਮ ਦੇ ਹਾਦਸੇ ਹੋ ਚੁੱਕੇ ਹਨ। ਮੈਂ ਸਮਝਦਾ ਹਾਂ ਕਿ ਗਊ ਨੂੰ ਮਾਤਾ ਕਹਿ ਕੇ ਭਾਰਤ ਵਿੱਚ ਸਤਿਕਾਰ ਦਿੱਤਾ ਜਾਂਦਾ ਹੈ, ਉਸ ਨੂੰ ਪੂਜਿਆ ਜਾਂਦਾ ਹੈ ਅਤੇ ਮਾਣ ਕੀਤਾ ਜਾਂਦਾ ਹੈ ਪਰ ਕਈ ਇਹੋ ਜਿਹੇ ਇਨਸਾਨ ਹਨ, ਜਿਹੜੇ ਇਨਸਾਨੀ ਕਦਰਾਂ ਕੀਮਤਾਂ ਤੋਂ ਹਟ ਕੇ ਪਸ਼ੂਆਂ ਨੂੰ ਸਵੇਰੇ ਛੱਡ ਦਿੰਦੇ ਹਨ, ਰਾਤ ਨੂੰ ਉਹ ਦੁੱਧ ਚੋ ਲੈਂਦੇ ਹਨ ਅਤੇ ਦੂਸਰੇ ਦਿਨ ਫਿਰ ਛੱਡ ਦਿੰਦੇ ਹਨ। ਇਸ ਕਰਕੇ ਇਹ ਪਸ਼ੂ ਫਿਰ ਟ੍ਰੈਫਿਕ ਵਿੱਚ ਕਾਫੀ ਰੁਕਾਵਟ ਬਣਦੇ ਹਨ। ਸ਼ਹਿਰਾਂ ਵਿੱਚ ਮੈਂ ਕਈ ਜਗ੍ਹਾ ਤੇ ਦੇਖਿਆ ਹੈ ਕਿ ਜਦੋਂ ਸੜਕਾਂ ਉੱਤੇ ਇਹ ਪਸ਼ੂ ਚਲਦੇ ਹਨ ਤਾਂ ਟ੍ਰੈਫਿਕ ਵਿੱਚ ਰੁਕਾਵਟ ਆਉਂਦੀ ਹੈ। ਜੀ.ਟੀ. ਰੋਡ 'ਤੇ ਵਹੀਕਲ ਬੜੀ ਤੇਜ਼ੀ ਨਾਲ ਚਲਦੇ ਹਨ, ਬੜੀ ਸਪੀਡ ਨਾਲ ਚਲਦੇ ਹਨ ਔਰ ਦੂਸਰੇ ਪਾਸੇ ਕੋਈ ਅਵਾਰਾ ਪਸ਼ੂ ਸੜਕ ਤੇ ਆ ਜਾਵੇ ਤਾਂ ਇਸ ਨਾਲ ਦੁਰਘਟਨਾ ਹੋ ਜਾਂਦੀ ਹੈ। ਅਗਰ ਸੜਕ ਦੇ ਐਕਸੀਡੈਂਟਾਂ ਦਾ ਰਿਕਾਰਡ ਦੇਖਿਆ ਜਾਵੇ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸਭ ਤੋਂ ਜ਼ਿਆਦਾ ਦੁਰਘਟਨਾਵਾਂ ਅਵਾਰਾ ਪਸ਼ੂਆਂ ਕਰਕੇ ਹੁੰਦੀਆਂ ਹਨ। ਜਿੱਥੇ ਲੋਕ ਇਨ੍ਹਾਂ ਦੁਰਘਟਨਾਵਾਂ ਕਰਕੇ ਜ਼ਖਮੀ ਹੁੰਦੇ ਹਨ, ਉਥੇ ਕਈਆਂ ਦੀ ਮੌਤ ਵੀ ਹੋ ਜਾਂਦੀ ਹੈ। ਅੱਜ ਹਾਊਸ ਵਿੱਚ ਮੈਂ ਇਸ ਮਤੇ ਤੇ ਗੱਲ ਕਰਨੀ ਚਾਹੁੰਦਾ ਹਾਂ ਕਿ ਇਸ ਤੇ ਪੂਰਾ ਕੰਟਰੋਲ ਕੀਤਾ ਜਾਵੇ। ਕਈ ਸ਼ਹਿਰਾਂ ਅਤੇ ਕਸਬਿਆਂ ਵਿੱਚ ਗਊਸ਼ਾਲਾਵਾਂ ਬਣੀਆਂ ਹੋਈਆਂ ਹਨ ਪਰ ਇਨ੍ਹਾਂ ਗਊਸ਼ਾਲਾਵਾਂ ਦਾ ਮਾੜਾ ਹਾਲ ਹੈ। ਉਹ ਗਊਸ਼ਾਲਾ ਜਿਥੇ ਸਰਕਾਰ ਥੋੜ੍ਹੀ ਬਹੁਤ ਮੱਦਦ ਕਰਦੀ ਹੈ, ਉਹ ਚਲਦੀ ਹੈ ਜਾਂ ਲੋਕਾਂ ਦੇ ਧਨ ਨਾਲ, ਲੋਕ ਦਾਨ ਦੇ ਕੇ ਗਊਸ਼ਾਲਾਵਾਂ ਨੂੰ ਚਲਾਉਂਦੇ ਹਨ। ਮੈਂ, ਸਪੀਕਰ ਸਾਹਿਬ, ਆਪ ਜੀ ਦੀ ਸੇਵਾ ਵਿੱਚ ਅੰਮ੍ਰਿਤਸਰ ਦੀ ਗਊਸ਼ਾਲਾ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਸਾਡੇ ਅੰਮ੍ਰਿਤਸਰ ਵਿੱਚ ਬਹੁਤ ਵੱਡੀ ਗਊਸ਼ਾਲਾ ਹੈ, ਜਿਸ ਵਿੱਚ ਆਵਾਰਾ ਪਸ਼ੂਆਂ ਨੂੰ ਛੱਡਿਆ ਜਾਂਦਾ ਹੈ ਔਰ ਉਥੇ ਕਈ ਇਹੋ ਜਿਹੀਆਂ ਗਊਆਂ ਹਨ, ਜਿਹੜੀਆਂ ਦੁੱਧ ਨਹੀਂ ਦਿੰਦੀਆਂ। ਲੇਕਿਨ ਫਿਰ ਵੀ ਉਨ੍ਹਾਂ ਦਾ ਪਾਲਣ-ਪੋਸ਼ਣ ਕਰਦੇ ਹਨ ਪਰ ਉਨ੍ਹਾਂ ਦੇ ਮਾਲੀ ਹਾਲਾਤ ਇੰਨੇ ਮਾੜੇ ਹਨ ਕਿ ਉਹ ਸਹੀ ਢੰਗ ਨਾਲ ਪਸ਼ੂਆਂ ਦਾ ਰੱਖ-ਰਖਾਵ ਨਹੀਂ ਕਰ ਸਕਦੇ। ਮੈਂ, ਸਰਕਾਰ ਅੱਗੇ ਇਹ ਵੀ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਦਾ ਰੱਖ-ਰਖਾਵ ਕਰਨ ਵਾਸਤੇ ਜਿੰਨੀ ਜ਼ਿਆਦਾ ਮਾਲੀ ਸਹਾਇਤਾ ਇਨ੍ਹਾਂ ਗਊਸ਼ਾਲਾਵਾਂ ਨੂੰ ਦਿੱਤੀ ਜਾਵੇ ਉਨ੍ਹੀਂ ਥੋੜ੍ਹੀ ਹੈ। ਇਸ ਨਾਲ ਇਨ੍ਹਾਂ ਦੇ ਹਾਲਾਤ ਤੇ ਫਰਕ ਪਵੇਗਾ।

ਇਸ ਦੇ ਨਾਲ-ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਇਹ ਅਵਾਰਾ ਪਸ਼ੂ ਟਰੈਫਿਕ ਵਿੱਚ ਰੁਕਾਵਟ ਪਾਉਂਦੇ ਹਨ, ਉਥੇ ਇਨ੍ਹਾਂ ਆਵਾਰਾ ਪਸ਼ੂਆਂ ਦਾ, ਸ਼ਹਿਰ ਵਿੱਚ ਜਿਹੜੇ ਬਾਗ ਹੁੰਦੇ ਹਨ, ਫੁਲਵਾੜੀਆਂ ਲੱਗੀਆਂ ਹੁੰਦੀਆਂ ਹਨ, ਪਿੰਡਾਂ ਵਿੱਚ ਫਸਲਾਂ ਹਨ, ਉਨ੍ਹਾਂ ਨੂੰ ਤਬਾਹ ਕਰਨ ਵਿੱਚ ਵੀ ਹਿੱਸਾ ਹੁੰਦਾ ਹੈ। ਪਹਿਲਾਂ ਇਨ੍ਹਾਂ ਨੂੰ ਛੱਡਿਆ ਜਾਂਦਾ ਹੈ ਔਰ ਫਿਰ ਬਾਅਦ ਵਿੱਚ ਇਹ ਜਿਨ੍ਹਾਂ ਨੇ ਰੱਖੇ ਹੁੰਦੇ ਹਨ, ਉਨ੍ਹਾਂ ਦੇ ਘਰ ਵਿੱਚ ਚਲੇ ਜਾਂਦੇ ਹਨ। ਮਤਲਬ ਇਸ ਦੀ ਰੋਕਥਾਮ ਕਰਨੀ ਚਾਹੀਦੀ ਹੈ। ਮੈਂ ਇੱਕ ਸੁਜੈਸ਼ਨ ਦੇਣੀ

Original with;
Punjab Vidhan Sabha
Digitized by;
Panjab Digital Library

ਚਾਹੁੰਦਾ ਹਾਂ ਕਿ ਇਹੋ ਜਿਹੀਆਂ ਕਮੇਟੀਆਂ ਬਣਾ ਲੈਣੀਆਂ ਚਾਹੀਦੀਆਂ ਹਨ, ਜਿਸ ਦੇ ਚੇਅਰਮੈਨ, ਡਿਪਟੀ ਕਮਿਸ਼ਨਰ ਹੋਣ ਔਰ ਇਨ੍ਹਾਂ ਦੇ ਵਿੱਚ ਚਾਹੇ ਮਾਨਯੋਗ ਮੈਂਬਰ ਨੂੰ ਵੀ ਪਾ ਲਵੋ ਜਾਂ ਸ਼ਹਿਰ ਦੇ ਆਮ ਪਤਵੰਤੇ ਸਾਥੀ ਪਾ ਲਵੋ। ਉਨ੍ਹਾਂ ਨੂੰ ਇਸ ਵਿੱਚ ਪਾ ਕੇ ਇਸ ਦਾ ਚੰਗੇ ਢੰਗ ਨਾਲ ਇੰਤਜ਼ਾਮ ਕਰਨਾ ਚਾਹੀਦਾ ਹੈ ਤਾਂ ਕਿ ਇਹ ਜਿਹੜੇ ਹਾਦਸੇ ਹੁੰਦੇ ਹਨ ਅਤੇ ਫਸਲਾਂ ਦੀ ਖਰਾਬੀ ਹੁੰਦੀ ਹੈ, ਉਸ ਤੋਂ ਬਚ ਸਕੀਏ। ਇਨ੍ਹਾਂ ਅਵਾਰਾ ਪਸ਼ੂਆਂ ਦੇ ਨਾਲ ਪਲਿਊਸ਼ਨ ਵੀ ਬਹੁਤ ਹੁੰਦਾ ਹੈ ਕਿਉਂਕਿ ਤੁਹਾਨੂੰ ਪਤਾ ਹੈ ਕਿ ਜਿਹੜੀਆਂ ਸਾਡੇ ਸ਼ਹਿਰਾਂ ਦੀਆਂ ਕਾਰਪੋਰੇਸ਼ਨਾਂ ਹੁੰਦੀਆਂ ਹਨ, ਉਥੇ ਜਿਹੜਾ ਸੀਵਰੇਜ ਹੈ, ਜਿਵੇਂ ਮੈਂ ਗਵਰਨਰ ਦੇ ਭਾਸ਼ਣ ਤੇ ਸਪੀਚ ਕਰਦੇ ਹੋਏ ਦੱਸਿਆ ਸੀ ਕਿ ਇਹ ਜਿਹੜਾ ਸੀਵਰੇਜ ਹੈ, ਇਹ ਬਹੁਤ ਪੁਰਾਣਾ ਪਿਆ ਹੈ। ਮੈਂ, ਅੰਮ੍ਰਿਤਸਰ ਦੀ ਗੱਲ ਕਰਾਂਗਾ ਕਿ ਇਹ ਸੀਵਰੇਜ 30 ਸਾਲ ਪੁਰਾਣਾ ਹੋ ਗਿਆ ਹੈ। ਅੱਜ ਪਾਪੂਲੇਸ਼ਨ ਵਧਣ ਕਰਕੇ ਉਸ ਸੀਵਰੇਜ ਦੀ ਕਪੈਸਿਟੀ ਵੀ ਬਹੁਤ ਘਟ ਗਈ ਹੈ। ਇਨ੍ਹਾਂ ਪਸ਼ੂਆਂ ਦਾ ਜਿਹੜਾ ਗੋਹਾ ਹੈ ਜਾਂ ਇਨ੍ਹਾਂ ਦਾ ਜੋ ਵੀ ਹੈ, ਉਹ ਸੀਵਰੇਜ ਵਿੱਚ ਜਾਂਦਾ ਹੈ ਅਤੇ ਸੀਵਰੇਜ ਵਿੱਚ ਉਸ ਨਾਲ ਰੁਕਾਵਟ ਹੁੰਦੀ ਹੈ। ਸੜਕਾਂ ਤੇ ਜਿਸ ਵੇਲੇ ਪਸ਼ੂ ਜਾਂਦੇ ਹਨ, ਉਥੇ ਵੀ ਉਹ ਗੰਦਗੀ ਫੈਲਾਉਂਦੇ ਹਨ। ਇਸ ਕਰਕੇ ਮੈਂ ਇਹੋ ਹੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਇਨਵਾਲਵ ਕਰੀਏ। ਲੋਕਾਂ ਵਿੱਚ ਇਸ ਬਾਰੇ ਪ੍ਰਚਾਰ ਵੀ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਲੋਕਾਂ ਵਿੱਚ ਜਾਗ੍ਰਿਤੀ ਆਵੇ। ਜਿਹੜੇ ਲੋਕ ਪਸ਼ੂਆਂ ਨੂੰ ਆਪਣੇ ਘਰ ਇਸ ਕਰਕੇ ਰੱਖ ਲੈਂਦੇ ਹਨ ਕਿ ਦੁੱਧ ਲੈਣਾ ਹੈ ਜਾਂ ਸੇਵਾ ਕਰਨੀ ਚਾਹੁੰਦੇ ਹਨ, ਉਨ੍ਹਾਂ ਤੇ ਕੰਟਰੋਲ ਕੀਤਾ ਜਾਣਾ ਚਾਹੀਦਾ ਹੈ। ਜਿਨ੍ਹਾਂ ਲੋਕਾਂ ਦੇ ਪਸ਼ੂ ਫੜ੍ਹੇ ਜਾਣ, ਉਨ੍ਹਾਂ ਤੇ ਜੁਰਮਾਨਾ ਪਾ ਕੇ ਛੱਡਣਾ ਚਾਹੀਦਾ ਹੈ ਤਾਂ ਕਿ ਦੂਸਰੀ ਵਾਰੀ ਸੜਕਾਂ ਤੇ ਪਸ਼ੂ ਨਾ ਚੱਲ ਸਕਣ। ਇਹੀ ਕਹਿੰਦਾ ਹੋਇਆ ਮੈਂ, ਆਪ ਜੀ ਤੋਂ ਇਜਾਜ਼ਤ ਲੈਂਦਾ ਹਾਂ। ਜੈ ਹਿੰਦ।

**ਸਰਦਾਰ ਤੋਤਾ ਸਿੰਘ (ਮੋਗਾ)** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਜਿਨ੍ਹਾਂ ਨੇ ਬਹੁਤ ਵੱਡੀ ਮਹੱਤਤਾ ਵਾਲੇ ਮਤੇ ਤੇ ਮੈਨੂੰ ਬੋਲਣ ਦੀ ਆਗਿਆ ਦਿਤੀ ਹੈ। ਇਥੇ ਚੌਧਰੀ ਸਾਹਿਬ ਨੇ ਕਿਹਾ ਹੈ ਕਿ ਮਤਾ ਬੜਾ ਛੋਟਾ ਹੈ ਪਰ ਇਸ ਦੀ ਮਹੱਤਤਾ ਬਹੁਤ ਜ਼ਿਆਦਾ ਹੈ। ਮੈਂ ਫੀਲਡ ਵਿੱਚ ਗਿਆ ਹਾਂ ਔਰ ਸਭ ਤੋਂ ਜ਼ਿਆਦਾ ਉਨ੍ਹਾਂ ਦੇ ਜੀਵਨ ਵਿੱਚ ਅਵਾਰਾ ਪਸ਼ੂਆਂ ਕਰਕੇ ਤੰਗੀ ਆ ਰਹੀ ਹੈ। ਇਹ ਦੋ-ਤਿੰਨ ਤਰ੍ਹਾਂ ਦੇ ਪਸ਼ੂ ਹਨ। ਇੱਕ ਤਾਂ ਉਹ ਅਵਾਰਾ ਪਸ਼ੂ ਹਨ, ਜਿਨ੍ਹਾਂ ਨੂੰ ਘਰੋਂ ਛੱਡ ਦਿੰਦੇ ਹਨ ਅਤੇ ਉਹ ਮੰਡੀਆਂ ਵਿੱਚ ਜਾਂਦੇ ਹਨ ਜਾਂ ਜਿਥੇ ਡੰਗਰਾਂ ਦੀਆਂ ਮੰਡੀਆਂ ਲੱਗਦੀਆਂ ਹਨ, ਉਥੇ ਛੱਡ ਦਿੰਦੇ ਹਨ, ਸ਼ਹਿਰਾਂ ਵਿੱਚ ਛੱਡ ਦਿੰਦੇ ਹਨ ਅਤੇ ਇਹ 100-200 ਦੇ ਕਰੀਬ ਝੁੰਡ ਹੁੰਦਾ ਹੈ, ਜਿਹੜਾ ਕਿ ਬਹੁਤ ਨੁਕਸਾਨ ਕਰਦਾ ਹੈ। ਦੂਸਰੇ ਪਸ਼ੂ ਉਹ ਹਨ ਜੋ ਖੇਤਾਂ ਵਿੱਚ ਫਿਰਦੇ ਹਨ। ਜਿਵੇਂ ਰੋਜ ਹਨ, ਇਹ ਅਬੋਹਰ ਬਠਿੰਡਾ ਇਲਾਕਿਆਂ ਵੱਲ ਹਨ। ਇਹ ਵੀ ਬਹੁਤ ਨੁਕਸਾਨ ਕਰਦੇ ਹਨ ਔਰ ਜਦੋਂ ਸੜਕਾਂ ਉਪਰੋਂ ਲੰਘਦੇ ਹਨ ਤਾਂ ਕਈ ਵਾਰ ਅੱਗੇ ਆ ਜਾਂਦੇ ਹਨ ਅਤੇ ਐਕਸੀਡੈਂਟ ਦਾ ਬਹੁਤ ਵੱਡਾ ਕਾਰਨ ਬਣਦੇ ਹਨ ਅਤੇ ਇਸ ਨਾਲ ਮਨੁੱਖੀ ਜਾਨਾਂ ਵੀ ਚਲੀਆਂ ਜਾਂਦੀਆਂ ਹਨ। ਉਥੇ ਡੰਗਰਾਂ ਦੀ ਮੌਤ ਤਾਂ ਹੁੰਦੀ ਹੀ ਹੈ ਪਰ ਕੀਮਤੀ ਮਨੁੱਖੀ ਜਾਨਾਂ ਵੀ ਚਲੀਆਂ ਜਾਂਦੀਆਂ ਹਨ। ਜਦੋਂ ਹਨੇਰੇ ਸਵੇਰੇ ਸੜਕ ਕਰਾਸ ਕਰਦੇ ਹਾਂ, ਉਸ ਵੇਲੇ ਬਹੁਤ ਸਾਰੇ ਐਕਸੀਡੈਂਟਸ ਦਾ ਇਹ ਕਾਰਨ ਬਣਦੇ ਹਨ। ਇਸ ਕਰਕੇ ਇਸ ਦਾ ਹੱਲ ਹੋਣਾ ਬਹੁਤ ਜ਼ਰੂਰੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਹੈ। ਜਿਸ ਤਰ੍ਹਾਂ ਪਹਿਲਾਂ ਸਤਿਕਾਰਯੋਗ ਐਮ.ਐਲ.ਏ. ਨੇ ਬੋਲਿਆ ਹੈ ਕਿ ਜ਼ਿਲ੍ਹਾ ਲੈਵਲ ਤੇ ਕਮੇਟੀਆਂ ਬਣਾਉਣੀਆਂ ਚਾਹੀਦੀਆਂ ਹਨ। ਉਸ ਵਿੱਚ ਪੁਲੀਟੀਕਲ ਲੋਕ ਹੋਣ ਅਤੇ ਦਾਨੀ ਸੱਜਣ ਵੀ ਹੋਣ। ਇਹ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਥੱਲੇ ਹੋਵੇ ਜਾਂ ਹੋਰ ਕਿਸੇ ਢੰਗ ਨਾਲ ਬਣੇ ਪਰ ਇਸ ਦਾ ਹੱਲ ਕੱਢਣਾ ਚਾਹੀਦਾ ਹੈ। ਇਹ ਆਪਣੇ ਸਾਰਿਆਂ ਤੇ ਰੋਜ਼ ਬੀਤਦੀ ਹੈ। ਜਦੋਂ ਆਪਾਂ ਸ਼ਾਮ ਨੂੰ ਸੜਕਾਂ ਤੋਂ ਲੰਘਦੇ ਹਾਂ ਤਾਂ ਵੇਖਦੇ ਹਾਂ ਕਿ ਕਿਵੇਂ ਪਿੰਡਾਂ ਦੇ ਵਿਚ ਨੌਜਵਾਨ ਮੁੰਡੇ ਆਪਣੇ-ਆਪਣੇ ਪਿੰਡਾਂ ਦੀਆਂ ਹੱਦਾਂ ਦੇ ਉਤੇ ਆ ਕੇ ਗੰਡਾਸੇ ਲੈ ਕੇ ਬੈਠ ਜਾਂਦੇ ਹਨ, ਕੋਈ ਡਰੇਨ ਦੇ ਪੁਲ ਦੇ ਉਤੇ ਆ ਕੇ ਬੈਠ ਜਾਂਦੇ ਹਨ, ਕੋਈ ਆਪਣੇ ਪਿੰਡ ਦੀ ਹੱਦ ਦੇ ਨਾਲ ਆ ਕੇ ਗੰਡਾਸੇ ਲੈ ਕੇ ਬੈਠ ਜਾਂਦੇ ਹਨ, ਕੋਈ ਕਿਸੇ ਹੋਰ ਜਗ੍ਹਾ ਦੇ ਉਤੇ ਆ ਕੇ ਬੈਠ ਜਾਂਦੇ ਹਨ। ਕੁਝ ਲੋਕ ਇਧਰਲੇ ਪਿੰਡ ਦੇ ਤੇ ਕੁਝ ਲੋਕ ਦੂਸਰੇ ਪਿੰਡ ਦੇ ਗੰਡਾਸੇ ਲੈ ਕੇ ਰਾਤਾਂ ਨੂੰ ਬੈਠ ਜਾਂਦੇ ਹਨ ਅਤੇ ਜਦੋਂ ਇਹ ਅਵਾਰਾ ਪਸ਼ੂ, ਜਿਨ੍ਹਾਂ ਦੀ ਗਿਣਤੀ ਵੀ ਕਾਫੀ ਜ਼ਿਆਦਾ ਹੁੰਦੀ ਹੈ, ਜਦੋਂ ਉਹ ਫਸਲਾਂ ਦਾ ਨੁਕਸਾਨ ਕਰਦੇ ਹਨ ਤਾਂ ਇਨ੍ਹਾਂ ਲੋਕਾਂ ਵਲੋਂ ਉਨ੍ਹਾਂ ਦੇ ਉਤੇ ਗੰਡਾਸੇ ਚਲਾਏ ਜਾਂਦੇ ਹਨ। ਸਪੀਕਰ ਸਾਹਿਬ, ਇਨ੍ਹਾਂ ਦੇ ਵਿੱਚ ਕਈ ਗਊਆਂ ਵੀ ਹੁੰਦੀਆਂ ਹਨ, ਜਿਸ ਨੂੰ ਕਿ ਅਸੀਂ ਪੂਜਦੇ ਵੀ ਹਾਂ ਪਰ ਮਜਬੂਰੀ ਹੁੰਦੀ ਹੈ ਕਿਉਂਕਿ ਉਹ ਫਸਲਾਂ ਦਾ ਬਹੁਤ ਨੁਕਸਾਨ ਕਰਦੀਆਂ ਹਨ। ਜਦੋਂ 100 ਜਾਂ 200 ਅਵਾਰਾ ਡੰਗਰਾਂ ਦਾ ਝੁੰਡ ਆ ਕੇ ਫਸਲਾ ਦਾ ਨੁਕਸਾਨ ਕਰਦਾ ਹੈ ਤਾਂ ਫਿਰ ਕਿਸਾਨ ਦਾ ਬਹੁਤ ਨੁਕਸਾਨ ਹੋ ਜਾਂਦਾ ਹੈ। ਇਸ ਲਈ ਕਿਸਾਨਾਂ ਨੂੰ ਕਿਸ ਤਰ੍ਹਾਂ ਸਾਰੀ-ਸਾਰੀ ਰਾਤ ਆਪਣੇ ਖੇਤਾਂ ਦੀ ਰਾਖੀ ਕਰਨ ਲਈ ਉਥੇ ਨੀਂਦਰੇ ਹੀ ਝਾਕਣਾ ਪੈਂਦਾ ਹੈ। ਇਸ ਲਈ ਇਸ ਦਾ ਹੱਲ ਕੱਢਣ ਦੀ ਲੋੜ ਹੈ। ਸਪੀਕਰ ਸਾਹਿਬ, ਜਦੋਂ ਮੈਂ ਮੰਡੀ ਬੋਰਡ ਦਾ ਚੇਅਰਮੈਨ ਸੀ ਤਾਂ ਉਦੋਂ ਅਸੀਂ ਕੈਟਲ ਸਕੇਅਰ ਇਨ੍ਹਾਂ ਡੰਗਰਾਂ ਦੀ ਰੋਕਥਾਮ ਲਈ ਰੱਖੇ ਸਨ ਅਤੇ ਇਨ੍ਹਾਂ ਨੂੰ ਅਸੀਂ ਕਿਹਾ ਸੀ ਕਿ ਅਸੀਂ ਤੁਹਾਨੂੰ ਕਲਾਸ ਫੋਰ ਦੇ ਵਿੱਚ ਤਾਂ ਨਹੀਂ ਰੱਖ ਸਕਦੇ, ਤੁਹਾਨੂੰ ਕਲਰਕ ਦਾ ਗਰੇਡ ਦੇ ਦਿੰਦੇ ਹਾਂ ਉਦੋਂ ਅਸੀਂ ਕੈਟਲ ਸਕੇਅਰ ਰੱਖੇ ਸਨ। ਉਦੋਂ ਇਹ ਕਰਮਚਾਰੀ ਜਦੋਂ ਕਿਸੇ ਵੀ ਦਾਣਾ ਮੰਡੀ ਦੇ ਵਿੱਚ ਕੋਈ ਡੰਗਰ ਆਉਂਦਾ ਸੀ ਤਾਂ ਉਸ ਨੂੰ ਉਥੋਂ ਖਦੇੜ ਦਿੰਦੇ ਸਨ ਜਾਂ ਫਿਰ ਉਸ ਨੂੰ ਐਂਟਰ ਹੀ ਨਹੀਂ ਸਨ ਹੋਣ ਦਿੰਦੇ। ਉਦੋਂ ਇਸ ਤਰ੍ਹਾਂ ਦੇ ਅਵਾਰਾ ਪਸ਼ੂਆਂ ਦੀ ਗਿਣਤੀ ਵੀ ਕਾਫੀ ਘੱਟ ਸੀ ਪਰ ਹੁਣ ਤਾਂ ਇਨ੍ਹਾਂ ਦੀ ਗਿਣਤੀ ਵੀ ਕਾਫੀ ਵਧ ਚੁੱਕੀ ਹੈ। ਇਸ ਲਈ ਇਨ੍ਹਾਂ ਨੂੰ ਰੋਕਣ ਦੇ ਲਈ ਕੈਟਲ ਸਕੇਅਰ ਦੀ ਭਰਤੀ ਕੀਤੀ ਜਾਣੀ ਚਾਹੀਦੀ ਹੈ। ਸਪੀਕਰ ਸਾਹਿਬ, ਜਦੋਂ ਕੋਈ ਕਿਸਾਨ ਕਣਕ, ਝੋਨਾ, ਕਪਾਹ, ਸਰ੍ਹੋਂ ਜਾਂ ਕੋਈ ਹੋਰ ਫਸਲ ਦਾਣਾ ਮੰਡੀ ਦੇ ਵਿੱਚ ਲੈ ਕੇ ਆਉਂਦਾ ਹੈ ਤਾਂ ਕਈ-ਕਈ ਦਿਨਾਂ ਤੱਕ ਇਨ੍ਹਾਂ ਫਸਲਾਂ ਦੀ ਖਰੀਦ ਨਹੀਂ ਹੁੰਦੀ। ਫਿਰ ਉਸ ਕਿਸਾਨ ਨੂੰ ਇਨ੍ਹਾਂ ਅਵਾਰਾ ਪਸ਼ੂਆਂ, ਜਿਨ੍ਹਾਂ ਦੀ ਕਈ ਜਗ੍ਹਾ ਤੇ ਗਿਣਤੀ ਚਾਰ ਸੌ ਜਾਂ ਪੰਜ ਸੌ ਤੱਕ ਵੀ ਹੁੰਦੀ ਹੈ ਤਾਂ ਉਨ੍ਹਾਂ ਤੋਂ ਕਿਵੇਂ ਰਾਤ ਨੂੰ ਰਾਖੀ ਕਰਨੀ ਪੈਂਦੀ ਹੈ ਤੇ ਕਿਸ ਤਰ੍ਹਾਂ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਬਾਰੇ ਆਪਾਂ ਨੂੰ ਪਤਾ ਹੀ ਹੈ। ਹੁਣ ਤਾਂ ਪੰਜਾਬ ਦੇ ਵਿੱਚ ਦਾਣਾ ਮੰਡੀਆਂ ਦੀ ਗਿਣਤੀ ਵੀ ਕਾਫੀ ਵਧ ਚੁੱਕੀ ਹੈ ਪਰ ਇਸ ਦੇ ਲਈ ਕੈਟਲ ਸਕੇਅਰ ਉਸ ਅਨੁਸਾਰ ਨਹੀਂ ਰੱਖੇ ਗਏ। ਸਪੀਕਰ ਸਾਹਿਬ, ਜਦੋਂ ਕੋਈ ਗਰੀਬ ਕਿਸਾਨ, ਜਿਸ ਦੀ ਜ਼ਮੀਨ ਸਿਰਫ ਦੋ ਜਾਂ ਚਾਰ ਏਕੜ ਹੀ ਹੁੰਦੀ ਹੈ ਅਤੇ ਉਹ ਵੀ ਕਈ ਵਾਰੀ ਠੇਕੇ ਦੇ ਉਤੇ ਹੀ ਲਈ ਹੁੰਦੀ ਹੈ, ਜਦੋਂ ਉਹ ਆਪਣੀ ਫਸਲ ਦਾਣਾ ਮੰਡੀ ਦੇ ਵਿਚ ਲੈ ਕੇ ਆਉਂਦਾ ਹੈ, ਅੱਗੇ ਇਨ੍ਹਾਂ ਅਵਾਰਾ ਪਸ਼ੂਆਂ, ਜਿਨ੍ਹਾਂ ਦੀ ਗਿਣਤੀ 100-200 ਤੱਕ ਹੁੰਦੀ ਹੈ ਤਾਂ ਉਹ ਨੁਕਸਾਨ ਕਰ ਜਾਂਦੇ ਹਨ ਤਾਂ ਉਹ ਵਿਚਾਰਾ ਕਿਸਾਨ ਮੁੜ ਕੇ ਆਪਣੇ ਪੈਰਾਂ ਦੇ ਉਤੇ ਖੜ੍ਹਾ ਹੀ ਨਹੀਂ ਹੋ

Original with;
Punjab Vidhan Sabha
Digitized by;

ਸਕਦਾ। ਇਸ ਦੇ ਲਈ ਇਸ ਦੇ ਚੰਗੇ ਤਰੀਕੇ ਦੇ ਨਾਲ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ। ਇਸ ਦੇ ਲਈ ਦੋ ਤਿੰਨ ਚੀਜ਼ਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਜਿਵੇਂ ਮਾਨਯੋਗ ਮੈਂਬਰ ਸਾਹਿਬ ਨੇ ਵੀ ਕਿਹਾ ਹੈ ਕਿ ਚਾਹੇ ਇਸ ਦੇ ਲਈ ਕੋਈ ਕਮੇਟੀ ਬਣਾ ਦਿੱਤੀ ਜਾਵੇ। ਅਸੀਂ ਤਿੰਨ ਸਾਲ ਪਹਿਲਾਂ ਮੋਗਾ ਤੋਂ ਟਰੱਕਾਂ ਦੇ ਟਰੱਕ ਇਨ੍ਹਾਂ ਪਸ਼ੂਆਂ ਦੇ ਭਰ ਕੇ ਦੂਸਰੇ ਸੂਬਿਆਂ ਦੇ ਵਿੱਚ ਛੱਡ ਕੇ ਆਏ ਸੀ ਜਿਥੇ ਕਿ ਇਨ੍ਹਾਂ ਦੀ ਜ਼ਿਆਦਾ ਲੋੜ ਵੀ ਸੀ। ਉਦੋਂ ਇਸ ਤਰ੍ਹਾਂ ਦੇ ਅਵਾਰਾ ਪਸ਼ੂਆਂ ਦੀ ਗਿਣਤੀ ਕਾਫੀ ਘੱਟ ਗਈ ਸੀ ਪਰ ਹੁਣ ਸਾਲ ਡੇਢ ਸਾਲ ਦੇ ਵਿੱਚ ਫਿਰ ਇਨ੍ਹਾਂ ਅਵਾਰਾ ਪਸ਼ੂਆਂ ਦੀ ਗਿਣਤੀ ਬਹੁਤ ਵਧ ਗਈ ਹੈ। ਹੁਣ ਬਹੁਤ ਸਾਰੇ ਲੋਕ ਅਵਾਰਾ ਪਸ਼ੂ, ਜਿਵੇਂ ਵੱਛੇ ਹਨ, ਜਦੋਂ ਮੰਡੀਆਂ ਲਗਦੀਆਂ ਹਨ ਤਾਂ ਇਹ ਲੋਕ ਇਨ੍ਹਾਂ ਨੂੰ ਉਥੇ ਛੱਡ ਕੇ ਚਲੇ ਜਾਂਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਦਾ ਬਹੁਤ ਵੱਡਾ ਝੁੰਡ ਬਣ ਜਾਂਦਾ ਹੈ, ਜਿਸ ਦੇ ਨਾਲ ਨੇੜਲੇ ਪਿੰਡਾਂ ਵਾਲੇ ਲੋਕਾਂ ਦੀਆਂ ਫਸਲਾਂ ਦਾ ਨੁਕਸਾਨ ਹੁੰਦਾ ਹੈ। ਇਸ ਦੇ ਨਾਲ ਹੀ ਜਿਹੜੇ ਨਰ ਪਸ਼ੂ ਹਨ, ਉਨ੍ਹਾਂ ਦੀ ਨਸਬੰਦੀ ਕਰ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਹੋਰ ਜ਼ਿਆਦਾ ਇਸ ਤਰ੍ਹਾਂ ਦੇ ਅਵਾਰਾ ਪਸ਼ੂਆਂ ਦੀ ਗਿਣਤੀ ਵਿਚ ਵਾਧਾ ਨਾ ਹੋਵੇ। ਇਸ ਦੇ ਲਈ ਪੰਜਾਬ ਪੱਧਰ ਦੇ ਉਤੇ ਕੋਈ ਯੋਜਨਾ ਬਣਾਈ ਜਾਣੀ ਚਾਹੀਦੀ ਹੈ। ਜਿਥੇ ਜ਼ਿਆਦਾ ਫਾਰੈਸਟ ਹਨ, ਸਾਡੇ ਬਠਿੰਡਾ ਵਾਲੇ ਪਾਸੇ ਤਾਂ ਜ਼ਿਆਦਾ ਫਾਰੈਸਟ ਨਹੀਂ ਹਨ ਪਰ ਕੰਡੀ ਏਰੀਏ ਦੇ ਵਿੱਚ ਜਿਥੇ ਜ਼ਿਆਦਾ ਫਾਰੈਸਟ ਹਨ, ਉਥੇ ਕਾਫੀ ਗਿਣਤੀ ਦੇ ਵਿੱਚ ਫਾਰੈਸਟ ਹਨ ਔਰ ਉਥੇ ਘਾਹ ਵਗੈਰਾ ਵੀ ਬਹੁਤ ਜ਼ਿਆਦਾ ਉਗਦਾ ਰਹਿੰਦਾ ਹੈ, ਇਸ ਲਈ ਇਨ੍ਹਾਂ ਪਸ਼ੂਆਂ ਨੂੰ ਉਥੇ ਛੱਡਿਆ ਜਾਣਾ ਚਾਹੀਦਾ ਹੈ, ਇਸ ਤਰ੍ਹਾਂ ਹੋਣ ਨਾਲ ਇਹ ਪਸ਼ੂ ਘਾਹ ਵਗੈਰਾ ਚਰ ਕੇ ਠੀਕ ਰਹਿਣਗੇ ਤੇ ਇਧਰ ਫਸਲਾਂ ਦਾ ਨੁਕਸਾਨ ਵੀ ਨਹੀਂ ਹੋਵੇਗਾ। ਸਪੀਕਰ ਸਾਹਿਬ, ਉਤਰਾਂਚਲ ਦੇ ਵਿੱਚ ਬਹੁਤ ਜਗ੍ਹਾ ਦੇ ਉਤੇ 200-400 ਕਿਲੋਮੀਟਰ ਦਾ ਏਰੀਆ ਅਜਿਹਾ ਹੈ ਜਿਥੇ ਕਿ ਫਾਰੈਸਟ ਹੀ ਹਨ ਔਰ ਉਥੇ ਘਾਹ ਵੀ ਬਹੁਤ ਚੰਗਾ ਹੁੰਦਾ ਹੈ ਤਾਂ ਸਾਨੂੰ ਉਨ੍ਹਾਂ ਦੀ ਸਰਕਾਰ ਨਾਲ ਇਹ ਮਾਮਲਾ ਵਿਚਾਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਪਰਮਿਸ਼ਨ ਲੈ ਕੇ ਇਹ ਜਾਨਵਰ ਉਥੇ ਛੱਡ ਆਉਣੇ ਜਾਣੇ ਚਾਹੀਦੇ ਹਨ। ਮੈਂ ਇਹ ਗੱਲ ਦਾਅਵੇ ਨਾਲ ਕਹਿੰਦਾ ਹਾਂ ਕਿ ਇਸ ਦੇ ਲਈ ਸਰਕਾਰ ਦਾ ਕੋਈ ਜ਼ਿਆਦਾ ਖਰਚਾ ਨਹੀਂ ਹੋਵੇਗਾ। ਲੋਕੀਂ ਆਪਣੇ ਲੈਵਲ ਦੇ ਉਤੇ ਹੀ ਇਨ੍ਹਾਂ ਪਸ਼ੂਆਂ ਨੂੰ ਟਰੱਕਾਂ ਦੇ ਵਿੱਚ ਚੜ੍ਹਾ ਕੇ ਉਥੇ ਛੱਡ ਆਉਣਗੇ ਕਿਉਂਕਿ ਉਹ ਲੋਕ ਇਨ੍ਹਾਂ ਤੋਂ ਬਹੁਤ ਜ਼ਿਆਦਾ ਦੁਖੀ ਹੋਈ ਪਏ ਹਨ। ਦੂਸਰਾ, ਸਪੀਕਰ ਸਾਹਿਬ, ਇਨ੍ਹਾਂ ਨਰ ਤੇ ਮਾਦਾ ਦੋਨਾਂ ਪਸ਼ੂਆਂ ਦੀ ਨਸਬੰਦੀ ਕਰ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਜਿਹੜਾ ਇਨ੍ਹਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ, ਉਹ ਘੱਟ ਜਾਵੇ ਅਤੇ ਫਸਲਾਂ ਦਾ ਨੁਕਸਾਨ ਨਾ ਹੋਵੇ। ਇਸ ਤਰ੍ਹਾਂ ਹੋਣ ਨਾਲ ਕਾਫੀ ਫਰਕ ਪੈ ਸਕਦਾ ਹੈ। ਇਸ ਮਤੇ ਦੇ ਉਤੇ ਗੰਭੀਰਤਾ ਦੇ ਨਾਲ ਵਿਚਾਰ ਕਰਨਾ ਚਾਹੀਦਾ ਹੈ। ਇਸ ਨੂੰ ਹੱਲ ਕਰਨ ਦੇ ਲਈ ਇਹੀ ਚਾਰ ਪੰਜ ਸੁਝਾਅ ਹਨ। ਜੇਕਰ ਸਾਡੀ ਸਰਕਾਰ ਉਤਰਾਂਚਲ ਸਰਕਾਰ ਤੋਂ ਇਨ੍ਹਾਂ ਪਸ਼ੂਆਂ ਨੂੰ ਆਪਣੀ ਸਟੇਟ ਵਿਚ ਛੱਡਣ ਦੀ ਪ੍ਰਵਾਨਗੀ ਲੈ ਲਵੇ ਤਾਂ ਇਸ ਦੇ ਨਾਲ ਇਹ ਮਸਲਾ ਹੱਲ ਹੋ ਜਾਵੇਗਾ ਅਤੇ ਜਿਹੜੀਆਂ ਗਊਆਂ ਜਿਸ ਨੂੰ ਅਸੀਂ ਗਊ ਮਾਤਾ ਦੇ ਤੌਰ ਤੇ ਵੀ ਪੂਜਦੇ ਹਾਂ, ਉਹ ਵੀ ਭੁੱਖੀਆਂ ਨਹੀਂ ਮਰਨਗੀਆਂ ਅਤੇ ਸਾਡੇ ਕਿਸਾਨਾਂ ਦਾ, ਜਿਨ੍ਹਾਂ ਦਾ ਇਹ ਪਸ਼ੂ ਬਹੁਤ ਜ਼ਿਆਦਾ ਨੁਕਸਾਨ ਕਰਦੇ ਹਨ, ਉਨ੍ਹਾਂ ਦਾ ਫਾਇਦਾ ਹੋ ਸਕਦਾ ਹੈ। ਇੰਨਾ ਕਹਿੰਦਾ ਹੋਇਆ, ਮੈਂ, ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ।

Original with;
Punjab Vidhan Sabha
Digitized by;

**ਸਰਦਾਰ ਮਨਪ੍ਰੀਤ ਸਿੰਘ ਬਾਦਲ (ਗਿੱਦੜਬਾਹਾ)** : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਇਸ ਅਹਿਮ ਮਤੇ ਦੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਜਿਸ ਵੇਲੇ ਅਸੀਂ ਨਾਨ-ਆਫ਼ੀਸ਼ੀਅਲ ਰੈਜ਼ੋਲਿਊਸ਼ਨ ਦਾਖਲ ਕਰ ਰਹੇ ਸੀ ਤਾਂ ਉਸ ਵੇਲੇ ਮਨ ਦੇ ਵਿੱਚ ਇਹ ਵੀ ਖਿਆਲ ਸੀ ਕਿ ਪੰਜਾਬ ਦੇ ਹੋਰ ਵੀ ਬਹੁਤ ਵੱਡੇ ਮਸਲੇ ਹਨ, ਜਿਵੇਂ, ਬਿਜਲੀ ਦਾ ਮਸਲਾ ਹੈ, ਤਾਲੀਮ ਦਾ ਮਸਲਾ ਹੈ, ਡਰਿੰਕਿੰਗ ਵਾਟਰ ਦਾ ਮਸਲਾ ਹੈ, ਹੋਰ ਬੜੇ ਮਸਲੇ ਸਨ। ਚੌਧਰੀ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਇਹ ਮਤਾ ਬੜਾ ਛੋਟਾ ਹੈ। ਪਰ ਜੇਕਰ ਇਸ ਦੀ ਮਹੱਤਤਾ ਨੂੰ ਦੇਖਿਆ ਜਾਵੇ ਤਾਂ ਇਹ ਮਤਾ ਬਹੁਤ ਮੱਹਤਤਾ ਰੱਖਦਾ ਹੈ। ਅੱਜ ਇਹ ਮਸਲਾ ਏਨਾ ਗੁੰਝਲਦਾਰ ਰੂਪ ਅਖਤਿਆਰ ਕਰਦਾ ਜਾ ਰਿਹਾ ਹੈ ਕਿ ਇਸ ਤੇ ਕੁਝ ਨਾ ਕੁਝ ਸਰਕਾਰੀ ਤੌਰ ਤੇ ਕਰਨਾ ਪਵੇਗਾ। ਮੈਂ ਕੱਲ੍ਹ ਸ਼ਾਮ ਨੂੰ ਹੀ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਨਾਲ ਗੱਲਬਾਤ ਕੀਤੀ ਸੀ, ਜਦੋਂ ਇਸ ਰੈਜ਼ੋਲਿਊਸ਼ਨ ਤੇ ਬੈਲਟ ਹੋਇਆ। ਮੈਨੂੰ ਉਨ੍ਹਾਂ ਨੇ ਦੱਸਿਆ ਕਿ ਪੰਜਾਬ ਵਿੱਚ 61 ਲੱਖ ਮੱਝਾਂ ਹਨ ਅਤੇ ਇਸ ਵਿੱਚੋਂ 24 ਲੱਖ ਮੱਝਾਂ ਦੁੱਧ ਦੇ ਰਹੀਆਂ ਹਨ। ਬਾਕੀ ਦੀਆਂ ਅਨ-ਪ੍ਰੋਡਕਟਿਵ ਹਨ। ਪੰਜਾਬ ਵਿੱਚ 26 ਲੱਖ ਗਊਆਂ ਹਨ। 26 ਲੱਖ ਵਿੱਚੋਂ ਸਾਢੇ 8 ਲੱਖ ਗਊਆਂ ਦੁੱਧ ਦੇ ਰਹੀਆਂ ਹਨ ਅਤੇ ਬਾਕੀ ਅਨ-ਪ੍ਰੋਡਕਟਿਵ ਹਨ। ਜਿਸ ਤਰ੍ਹਾਂ ਇੱਥੇ ਜ਼ੀਰਾ ਸਾਹਿਬ ਨੇ ਦੱਸਿਆ ਕਿ ਸਾਡਾ ਐਗਰੀਕਲਚਰ ਸਿਸਟਮ ਮਕੈਨਿਜ਼ਮ ਹੋ ਗਿਆ ਹੈ, ਜਿਸ ਕਰਕੇ ਇਹ ਅਵਾਰਾ ਪਸ਼ੂਆਂ ਦੀ ਪਰਾਬਲਮ ਕਾਫੀ ਕਰੀਏਟ ਹੋਈ ਹੈ। ਜਿਹੜੀਆਂ ਮੇਲ ਗਊਆਂ ਹਨ ਇਹ ਅਵਾਰਾ ਹੋ ਗਈਆਂ ਹਨ। ਪਹਿਲਾਂ ਇਹ ਐਗਰੀਕਲਚਰ ਸੈਕਟਰ ਵਿੱਚ ਯੂਜ਼ ਹੋ ਜਾਂਦੀਆਂ ਸਨ ਅਤੇ ਇਨ੍ਹਾਂ ਤੋਂ ਕੰਮ ਲਿਆ ਜਾਂਦਾ ਸੀ ਪਰ ਹੁਣ ਮਸ਼ੀਨਰੀ ਆਉਣ ਕਾਰਨ ਇਨ੍ਹਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਮੇਰੀ ਬੇਨਤੀ ਹੈ ਕਿ ਇੱਕ ਤਜਵੀਜ਼ ਮਿਊਂਸਿਪਲ ਕਾਰਪੋਰੇਸ਼ਨ, ਲੁਧਿਆਣਾ ਨੇ ਬਣਾਈ ਹੈ, ਜਿਸ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਵਿੱਚ ਇਕ ਅਰਬਨ ਸੈਂਟਰ ਬਣਾਇਆ ਜਾਵੇ ਜਿੱਥੇ ਗਊਸ਼ਾਲਾ ਬਣਾਈ ਜਾਵੇ ਅਤੇ ਉਥੇ ਸ਼ਹਿਰ ਤੇ ਦਿਹਾਤ ਦੇ ਅਵਾਰਾ ਪਸ਼ੂ ਇਕੱਠੇ ਕੀਤੇ ਜਾਣ। ਉਥੇ ਡਾਕਟਰਾਂ ਦੀ ਬਕਾਇਦਾ ਡਿਊਟੀ ਲਗਾਈ ਜਾਵੇ। ਇਸ ਨਾਲ 10 ਤੋਂ 15 ਪਰਸੈਂਟ ਇੰਤਜ਼ਾਮ ਹੋ ਸਕਦਾ ਹੈ ਅਤੇ ਪ੍ਰੋਡਕਟੀਵਿਟੀ ਵੱਧ ਸਕਦੀ ਹੈ। ਸਪੀਕਰ ਸਾਹਿਬ, ਦੂਸਰੇ ਪਾਸੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਐਕਸਪਰਟ ਇਸ ਤੇ ਰਿਸਰਚ ਕਰ ਰਹੇ ਹਨ। ਉਹ ਇਨ੍ਹਾਂ ਪਸ਼ੂਆਂ ਤੇ ਟੈਸਟਿੰਗ ਆਫ ਸੀਮਨ ਕਰ ਰਹੇ ਹਨ ਤਾਂ ਕਿ ਇਨ੍ਹਾਂ ਵਿੱਚ ਫੀਮੇਲ ਦੀ ਪ੍ਰੋਡਕਟੀਵਿਟੀ ਨੂੰ ਵਧਾਇਆ ਜਾ ਸਕੇ ਤੇ ਮੇਲ ਪ੍ਰੋਡਕਟੀਵਿਟੀ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ। ਪੰਜਾਬ ਵਿੱਚ ਤਿੰਨ ਲੱਖ ਮੇਲ ਅਵਾਰਾ ਪਸ਼ੂ ਪੈਦਾ ਹੁੰਦੇ ਹਨ। ਇਨ੍ਹਾਂ ਨੂੰ 10 ਤੋਂ 15 ਪਰਸੈਂਟ ਨਵੀਂ ਤਕਨੀਕ ਰਾਹੀਂ ਘਟਾਇਆ ਜਾ ਸਕਦਾ ਹੈ। ਪੰਜਾਬ ਇੱਕ ਬਿਹਤਰੀਨ ਸੂਬਾ ਹੈ। ਹਿੰਦੁਸਤਾਨ ਵਿੱਚ ਪਸ਼ੂਆਂ ਦੀ ਬਹੁਤ ਤਾਦਾਦ ਹੈ। ਇਨ੍ਹਾਂ ਦੀ ਪਾਪੂਲੇਸ਼ਨ ਨੂੰ ਘਟਾਉਣ ਲਈ ਯਤਨ ਕਰਨੇ ਚਾਹੀਦੇ ਹਨ। ਹੋਰ ਮੁਲਕਾਂ ਵਿੱਚ ਜਿੱਥੇ ਵੱਡੇ-ਵੱਡੇ ਡੇਅਰੀ ਫਾਰਮ ਹਨ, ਜਿਵੇਂ ਕੈਨੇਡਾ, ਆਸਟਰੇਲੀਆ ਉਥੇ ਵੀ ਪਾਪੂਲੇਸ਼ਨ ਬਹੁਤ ਜ਼ਿਆਦਾ ਹੈ। ਸਪੀਕਰ ਸਾਹਿਬ, ਜਿਹੜਾ ਪਸ਼ੂਆਂ ਦਾ ਡਾਈਜੈਸਟਿਕ ਸਿਸਟਮ ਹੈ, ਜਦੋਂ ਇਹ ਚਾਰਾ ਖਾਂਦੇ ਹਨ ਤਾਂ ਉਸ ਸਮੇਂ ਇਸ ਵਿੱਚੋਂ ਅਮੋਨੀਆ ਗੈਸ ਪੈਦਾ ਹੁੰਦੀ ਹੈ। ਇਸ ਨਾਲ ਬੜਾ ਵੱਡਾ ਇਨਵਾਇਰਮੈਂਟ ਤੇ ਇਕਲੋਜੀਕਲ ਇਫੈਕਟ ਹੁੰਦਾ ਹੈ ਕਿਉਂਕਿ ਅਮੋਨੀਆ ਗੈਸ ਦੀ ਇਨਵਾਇਰਮੈਂਟ ਵਿੱਚ ਬਹੁਤ ਲੋੜ ਹੁੰਦੀ ਹੈ। ਪਸ਼ੂਆਂ ਦੇ ਚਾਰੇ ਖਾਣ ਨਾਲ ਕਾਫੀ ਗੈਸ ਪੈਦਾ ਹੋ ਸਕਦੀ ਹੈ। ਸਾਡੇ ਕੋਲ ਪਸ਼ੂਆਂ ਦੀ ਕੁਆਂਟਿਟੀ ਬਹੁਤ ਜ਼ਿਆਦਾ ਹੈ ਪਰ ਕੁਆਲਿਟੀ ਬਹੁਤ ਘੱਟ ਹੈ, ਜਿਸ

Original with;
Punjab Vidhan Sabha
Digitized by;
Panjab Digital Library

ਕਰਕੇ ਇਹ ਪਰਾਬਲਮ ਵਧ ਰਹੀ ਹੈ। ਹਿੰਦੁਸਤਾਨ ਦਾ ਕਲਾਈਮੇਟ ਬਹੁਤ ਡਰਾਈ ਹੈ, ਜਿਸ ਕਰਕੇ ਚਾਰੇ ਦੀ ਬਹੁਤ ਸ਼ਾਰਟੇਜ਼ ਰਹਿੰਦੀ ਹੈ। ਜਿਹੜੇ ਜੰਗਲਾਤ ਜਾਂ ਚਰਾਗਾਹ ਹਨ, ਕਿਉਂਕਿ ਬਾਰਸ਼ ਬਹੁਤ ਘੱਟ ਪੈਂਦੀ ਹੈ, ਉਹ ਸੁੱਕ ਜਾਂਦੇ ਹਨ। ਅੱਜ ਅਸੀਂ ਆਪਣੇ ਪਿੰਡਾਂ ਵਿਚ ਵੀ ਦੇਖਦੇ ਹਾਂ ਕਿ ਜੇ 40 ਕਿਲੋ ਚਾਰੇ ਦੀ ਕਿਸੇ ਪਸ਼ੂ ਨੂੰ ਜ਼ਰੂਰਤ ਹੈ ਤਾਂ ਅਸੀਂ 20 ਕਿਲੋ ਹਰਾ ਚਾਰਾ ਪਾ ਦਿੰਦੇ ਹਾਂ ਤੇ 20 ਕਿਲੋ ਤੂੜੀ ਪਾ ਦਿੰਦੇ ਹਾਂ। ਇਹ ਜਿਹੜੇ ਅਵਾਰਾ ਪਸ਼ੂ ਹਨ, ਜਿਨ੍ਹਾਂ ਦੀ ਅੱਜ ਇਥੇ/ਗੱਲ ਚੱਲ ਰਹੀ ਹੈ, ਇਨ੍ਹਾਂ ਕਰਕੇ ਜਿਹੜੇ ਥੋੜ੍ਹੇ ਬਹੁਤ ਜੰਗਲਾਤ ਜਾਂ ਚਰਾਗਾਹ ਪੰਜਾਬ ਵਿਚ ਬਚੇ ਹਨ ਜਾਂ ਸੜਕਾਂ ਦੇ ਨਜ਼ਦੀਕ ਥੋੜ੍ਹੇ ਬਹੁਤ ਹਰੇ ਪੌਦੇ ਜਾਂ ਜੰਗਲਾਤ ਹਨ, ਉਸ ਵਿਚੋਂ ਇਲੀਟ ਪਸ਼ੂਆਂ ਨੂੰ ਹਰਾ ਚਾਰਾ ਦੇਣ ਵਾਸਤੇ ਅਵਾਰਾ ਪਸ਼ੂਆਂ ਦੇ ਮੁਕਾਬਲੇ ਇਕ ਕੰਪੀਟੀਸ਼ਨ ਖੜ੍ਹਾ ਹੋ ਗਿਆ ਹੈ। ਇਹ ਵੀ ਇਕੋਲੌਜੀਕਲ ਡਿਜ਼ਾਸਟਰ ਹੈ।

ਸਪੀਕਰ ਸਾਹਿਬ, ਕਿਉਂਕਿ ਇਹ ਮਤਾ ਕੱਲ੍ਹ ਸ਼ਾਮ ਨੂੰ ਆਇਆ, ਇਕ ਹੋਰ ਗੱਲ ਇਸ ਦੇ ਮੁਤੱਲਕ ਮੈਂ ਇੰਟਰਨੈਟ ਤੇ ਦੇਖ/ਰਿਹਾ ਸੀ। ਕਿਉਂਕਿ ਮੈਂ ਸੋਚਦਾ ਸੀ ਕਿ ਰੈਲੇਵੈਂਟ ਬੋਲਣ ਵਾਸਤੇ ਜਾਣਕਾਰੀ ਲੈ ਲੈਣੀ ਜ਼ਰੂਰੀ ਹੈ, ਉਥੇ ਇਕ ਇੰਟਰਸਟਿੰਗ ਫੈਕਟ ਮੈਂ ਨੋਟ ਕੀਤਾ ਕਿ ਜਦੋਂ ਪਸ਼ੂ ਦਿਹਾਤੀ ਖੁਸ਼ਕ ਇਲਾਕਿਆਂ ਵਿਚ ਤੁਰਦੇ ਹਨ ਤਾਂ ਪਸ਼ੂਆਂ ਦੇ ਖੁਰਾਂ ਨਾਲ ਧੂੜ ਉਡਦੀ ਹੈ। ਜਦੋਂ ਕਿਸੇ ਵੱਡੀ ਸੰਖਿਆ ਵਿਚ ਪਸ਼ੂ ਚਲਦੇ ਹਨ ਤਾਂ ਅੰਦਾਜ਼ਾ ਲਗਾਉ ਸਾਰੇ ਹਿੰਦੁਸਤਾਨ ਵਿਚ ਇਸ ਤਰ੍ਹਾਂ ਨਾਲ ਹੀ ਕਿੰਨੀ ਧੂੜ ਉਡਦੀ ਹੈ ਜਿਹੜੀ ਹਵਾ ਵਿਚ ਜਾਂਦੀ ਹੈ। ਇਹ ਵੀ ਪਾਲਿਊਸ਼ਨ ਦਾ ਇਕ ਵੱਡਾ/ਕਾਜ਼ ਬਣ ਗਈ ਹੈ। ਇਹ ਜਿਹੜਾ ਸੈਡੀਮੈਂਟ ਹਵਾ ਵਿਚ ਆਉਂਦਾ ਹੈ, ਇਹ ਉਦੋਂ ਤਕ ਖਤਮ ਨਹੀਂ ਹੁੰਦਾ ਜਦੋਂ ਤੱਕ ਬਾਰਸ਼ ਨਾ ਹੋਵੇ। ਮੇਰੇ ਕਹਿਣ ਦਾ ਭਾਵ ਹੈ ਕਿ ਇਨ੍ਹਾਂ ਅਵਾਰਾ ਪਸ਼ੂਆਂ ਤੇ ਕਿਵੇਂ ਨਾ ਕਿਵੇਂ ਕਿਸੇ ਵੀ ਤਰੀਕੇ ਨਾਲ ਕਾਬੂ ਪਾਉਣਾ ਬੇਹੱਦ ਜ਼ਰੂਰੀ ਹੋ ਗਿਆ ਹੈ। ਕਿਉਂਕਿ ਪੰਜਾਬ ਡੇਅਰੀ ਸੈਕਟਰ ਨਾਲ ਰਿਲੇਟਿਡ ਹੈ, ਇਸ ਦੀ ਪਰ ਕੈਪੀਟਾ ਕੰਜ਼ਪਸ਼ਨ, ਪਰ ਕੈਪੀਟਾ ਪ੍ਰੋਡਕਸ਼ਨ ਸਾਰੇ ਹਿੰਦੁਸਤਾਨ ਵਿਚ ਸਭ ਨਾਲੋਂ ਵੱਧ ਹੈ। ਇਸ ਖੇਤਰ ਵਿਚ ਵੀ ਲੀਡ, ਪਹਿਲਕਦਮੀ ਸਾਨੂੰ ਹੀ ਕਰਨੀ ਪਵੇਗੀ ਤੇ ਹਿੰਦੁਸਤਾਨ ਨੂੰ ਮਾਰਗਦਰਸ਼ਨ ਦੇਣਾ ਪਵੇਗਾ।

ਸਪੀਕਰ ਸਾਹਿਬ, ਇਕ ਪਸ਼ੂ ਦੀ ਉਮਰ ਤਕਰੀਬਨ 14-15 ਸਾਲ ਹੁੰਦੀ ਹੈ। ਜਿਹੜੇ ਇਲੀਟ ਪਸ਼ੂ ਹਨ, ਚੰਗੇ ਤੋਂ ਚੰਗੇ ਪਸ਼ੂ ਹਨ, ਉਨ੍ਹਾਂ ਦੀ 6-7 ਵਾਰੀ ਲੈਕਟੇਸ਼ਨ ਹੁੰਦੀ ਹੈ, ਬੱਚੇ ਹੁੰਦੇ ਹਨ। ਪੰਜਾਬ ਵਿਚ ਡੇਅਰੀ ਕਿਉਂਕਿ ਲਾਹੇਵੰਦ ਧੰਦਾ ਨਹੀਂ। ਯੂਰਪ ਵਿਚ, ਜਿਥੇ ਇਹ ਇਕ ਲਾਹੇਵੰਦ ਧੰਦਾ ਹੈ, ਉਥੇ ਇਕ ਗਾਂ ਦੀ ਜਿਹੜੀ ਉਹ ਵੈਲਿਊ ਲੈਂਦੇ ਹਨ, ਉਸਦਾ 60 ਪ੍ਰਤੀਸ਼ਤ ਮਿਲਕ ਪ੍ਰੋਡਕਸ਼ਨ ਹੁੰਦੀ ਹੈ ਤੇ ਜਦੋਂ ਉਹ ਪੀਕ ਪ੍ਰੋਡਕਸ਼ਨ ਖਤਮ ਹੋ ਜਾਂਦੀ ਹੈ, ਤਾਂ ਉਸਦੀ 40 ਪ੍ਰਤੀਸ਼ਤ ਕੀਮਤ ਜਿਹੜੀ ਹੈ, ਉਸਦੀ ਮੀਟ ਵੈਲਿਊ ਹੁੰਦੀ ਹੈ। ਸਪੀਕਰ ਸਾਹਿਬ, ਸਾਡਾ ਧਰਮ, ਸਾਡੇ ਜਜ਼ਬਾਤ ਤੇ ਸਾਡੀ ਸਭਿਅਤਾ ਗਾਂ ਨਾਲ ਜੁੜੀ ਹੋਈ ਹੈ, ਅਸੀਂ ਇਹ ਗੱਲਾਂ ਨਹੀਂ ਕਰ ਸਕਦੇ ਪਰ ਇਸ ਤਰ੍ਹਾਂ ਤਾਂ ਜ਼ਰੂਰ ਹੋ ਸਕਦਾ ਹੈ ਕਿ ਜਿਹੜੀ ਪਸ਼ੂਆਂ ਦੀ ਜਨਸੰਖਿਆ ਹੈ, ਅਸੀਂ ਹਿੰਦੁਸਤਾਨ ਦੀ ਹਿਊਮਨ ਪਾਪੂਲੇਸ਼ਨ ਬਾਰੇ ਤਾਂ ਕਹਿੰਦੇ ਹਾਂ ਕਿ ਘਟਾਈ ਜਾਵੇ, ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਪਸ਼ੂਆਂ ਦੀ ਪਾਪੂਲੇਸ਼ਨ ਵਿਚ ਵੀ ਕਿਵੇਂ ਨਾ ਕਿਵੇਂ ਘਾਟ ਲਿਆਂਦੀ ਜਾਵੇ।

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਸਪੀਕਰ ਸਾਹਿਬ, ਹਿੰਦੁਸਤਾਨ ਵਿਚ ਜਿਹੜਾ ਗਰੀਬ ਤੋਂ ਗਰੀਬ ਬੰਦਾ ਵੀ ਹੈ, ਜਾਂ ਜਿਸ ਕੋਲ ਕੋਈ ਜ਼ਮੀਨ ਨਹੀਂ ਹੈ, ਉਹ ਵੀ ਆਪਣਾ ਗੁਜ਼ਾਰਾ ਗਾਂ, ਬੱਕਰੀ ਜਾਂ ਭੇਡ ਪਾਲ ਕੇ ਕਰਦਾ ਹੈ। ਜਿਸ ਤਰ੍ਹਾਂ ਮੈਂ ਅਰਜ਼ ਕੀਤੀ ਸੀ ਕਿ ਜਿਹੜੇ ਗਰੀਬ ਤੋਂ ਗਰੀਬ ਕਿਸਾਨ ਹਨ, ਮਜ਼ਦੂਰ ਹਨ, ਕਿਉਂਕਿ ਪਿੰਡਾਂ ਵਿਚ ਵੀ ਜਿਹੜੀਆਂ ਚਰਾਗਾਹ ਹਨ, ਉਹ ਵੀ ਖਤਮ ਹੋ ਚੁੱਕੀਆਂ ਹਨ, ਇਸ ਕਰਕੇ ਉਨ੍ਹਾਂ ਲੋਕਾਂ ਦਾ ਧੰਦਾ ਵੀ ਸੰਕਟ ਵਿਚ ਪੈ ਗਿਆ ਹੈ। ਮੈਂ ਕੱਲ੍ਹ ਵੀ ਮਾਹਿਰਾਨ ਨਾਲ ਗੱਲ ਕਰ ਰਿਹਾ ਸੀ, ਸਾਡੇ ਪੰਜਾਬ ਵਿਚ ਜਿਥੇ ਸਾਨੂੰ ਹੋਰ ਫਾਈਨਾਂਸ਼ਲ ਮਸਲੇ ਹਨ, ਐਨੀਮਲ ਹਸਬੈਂਡਰੀ ਡਿਪਾਰਟਮੈਂਟ ਵਾਲਿਆਂ ਨੇ ਬੜੀ ਕੋਸ਼ਿਸ਼ ਕੀਤੀ ਹੈ ਤੇ ਕਿਸੇ ਹੱਦ ਤੱਕ ਉਹ ਕਾਮਯਾਬ ਵੀ ਰਹੇ ਹਨ ਕਿ ਉਨ੍ਹਾਂ ਨੇ ਪੰਜਾਬ ਨੂੰ ਕਈ ਪਸ਼ੂਆਂ ਦੀਆਂ ਬੀਮਾਰੀਆਂ ਜਿਵੇਂ ਮੂੰਹ-ਖੁਰ ਦੀ ਬੀਮਾਰੀ, ਰਿੰਡਰਪੈਸਟ ਆਦਿ ਤੋਂ ਕਾਫੀ ਹੱਦ ਤੱਕ ਮੁਕਤ ਕਰ ਦਿੱਤਾ ਸੀ ਪਰ ਪਿਛਲੇ ਸਮੇਂ ਵਿਚ ਦੇਖਣ ਨੂੰ ਆਇਆ ਹੈ, ਅਸੀਂ ਸੜਕਾਂ ਤੇ ਵੀ ਦੇਖਦੇ ਹਾਂ ਕਿ ਰਾਜਸਥਾਨ ਜਾਂ ਹਰਿਆਣਾ ਤੋਂ ਪਸ਼ੂਆਂ ਦੇ ਵੱਡੇ-ਵੱਡੇ ਝੁੰਡ ਲੈ ਕੇ ਲੋਕ ਸਾਡੇ ਸੂਬੇ ਵਿਚ ਆ ਜਾਂਦੇ ਹਨ। ਉਨ੍ਹਾਂ ਸੂਬਿਆਂ ਵਿਚ, ਮੈਂ ਇਹ ਜਿਹੜੀਆਂ ਬੀਮਾਰੀਆਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਤੇ ਕਾਬੂ ਨਹੀਂ ਪਾਇਆ ਜਾ ਸਕਿਆ। ਹੋ ਸਕਦਾ ਹੈ ਕਿ ਪੰਜਾਬ ਨੂੰ ਫੇਰ ਇਨ੍ਹਾਂ ਬੀਮਾਰੀਆਂ ਦਾ ਸਾਹਮਣਾ ਕਰਨਾ ਪਵੇ। ਹਾਲਾਂ ਕਿ ਪੰਜਾਬ ਦੇ ਵੀ ਫਾਈਨਾਂਸ਼ੀਅਲ ਕੰਸਟਰੇਂਟਸ ਹਨ ਅਤੇ ਇਹ ਵਾਰ-ਵਾਰ ਨਹੀਂ ਹੋ ਸਕਦਾ। ਪਿਛਲੇ 3-4 ਸਾਲਾਂ ਤੋਂ ਰਾਜਸਥਾਨ, ਗੁਜਰਾਤ ਅਤੇ ਮੱਧ ਪ੍ਰਦੇਸ਼ ਵਿਚ ਸੋਕਾ ਚੱਲ ਰਿਹਾ ਹੈ। ਮੈਂ ਇਹ ਅਖਬਾਰ ਵਿਚ ਪੜ੍ਹਿਆ ਸੀ ਕਿ ਮੱਧ ਪ੍ਰਦੇਸ਼ ਨੇ ਉਥੇ ਪਸ਼ੂਆਂ ਦੀ ਐਂਟਰੀ ਤੇ ਐਂਟਰੀ ਟੈਕਸ ਲਾ ਦਿੱਤਾ ਹੈ। ਕੋਈ ਵੀ ਗਾਂ ਅਗਰ ਰਾਜਸਥਾਨ ਤੋਂ ਮੱਧ ਪ੍ਰਦੇਸ਼ ਵਿਚ ਦਾਖਲ ਹੁੰਦੀ ਹੈ ਤਾਂ ਉਸ ਦੇ ਲਈ 300 ਰੁਪਿਆ ਵਸੂਲਿਆ ਜਾਂਦਾ ਹੈ ਅਤੇ ਇਕ ਭੇਡ ਦੀ ਐਂਟਰੀ ਵਾਸਤੇ 100 ਰੁਪਿਆ ਲਿਆ ਜਾਂਦਾ ਹੈ। ਇਸ ਤਰ੍ਹਾਂ ਕਰਕੇ ਬੇਸੀਕਲੀ ਉਹ ਇਸ ਗੱਲ ਨੂੰ ਡਿਸਕਰੇਜ਼ ਕਰਦੇ ਹਨ ਕਿ ਦੂਜੇ ਸੂਬਿਆਂ ਤੋਂ ਪਸ਼ੂ ਨਾ ਆ ਸਕਣ। ਪੰਜਾਬ ਵਿਚ ਪਿਛਲੇ ਸਮੇਂ ਵਿਚ ਇਕ ਮੀਟ ਪਲਾਂਟ ਲੱਗਿਆ ਸੀ, ਜਿਸ ਵਿਚ ਬਫੈਲੋ ਮੀਟ ਪ੍ਰਾਸੈਸ ਹੁੰਦਾ ਸੀ। ਜਿਹੜਾ ਮੱਝ ਦਾ ਮੀਟ ਹੈ, ਉਹ ਕਾਫੀ ਹੱਦ ਤੱਕ ਦੂਜੀ ਕਿਸਮ ਦੇ ਮੀਟ ਨਾਲੋਂ ਚੰਗਾ ਗਿਣਿਆ ਜਾਂਦਾ ਹੈ। ਇਸ ਦੇ ਵਾਸਤੇ ਇਕ ਟੈਕਨੀਕਲ ਲਫਜ਼ ਹੈ—marbling of meat. ਅਜਿਹਾ ਮੀਟ ਤਿਆਰ ਕਰਨ ਨਾਲ ਸਾਡੇ ਕਿਸਾਨ ਦੀ ਆਮਦਨੀ ਵਿਚ ਵੀ ਕੁਝ ਨਾ ਕੁਝ ਵਾਧਾ ਹੋ ਸਕਦਾ ਸੀ ਲੇਕਿਨ ਇਹ ਪਲਾਂਟ ਇਸ ਵੇਲੇ ਬੰਦ ਪਿਆ ਹੈ। ਕੁਝ ਸਾਲ ਪਹਿਲਾਂ ਯੂਰਪ ਵਿਚ ਪਸ਼ੂਆਂ ਦੀ ਇਕ ਬਿਮਾਰੀ ਫੈਲੀ ਸੀ ਜਿਸ ਨੂੰ mad cow ਦਾ ਨਾਂ ਦਿੱਤਾ ਗਿਆ ਸੀ। ਉਸ ਮੀਟ ਨੂੰ ਜੇ ਕੋਈ ਇਨਸਾਨ ਖਾ ਲੈਂਦਾ ਸੀ ਤਾਂ ਉਹ ਵੀ ਬਿਮਾਰ ਹੋ ਜਾਂਦਾ ਸੀ। ਉਹ ਸਾਡੇ ਵਾਸਤੇ ਇਕ ਚੰਗੀ ਅਪੁਰਚੂਨਿਟੀ ਸੀ ਮੀਟ ਬਾਹਰ ਭੇਜਣ ਵਾਸਤੇ ਅਤੇ ਇਸ ਦੇ ਵਿਚ ਕਾਫੀ ਐਕਸਪੋਰਟ ਪੋਟੈਨਸ਼ੀਅਲ ਸੀ। ਮੱਧ ਪ੍ਰਦੇਸ਼ ਜਾਂ ਹੋਰ ਵੀ ਜਿਥੇ ਬੀ.ਜੇ.ਪੀ. ਦੀਆਂ ਸਰਕਾਰਾਂ ਹਨ, ਉਥੇ ਗਊਸ਼ਾਲਾ ਡਿਵੈਲਪਮੈਂਟ ਬੋਰਡ ਕਾਇਮ ਕੀਤੇ ਹੋਏ ਹਨ ਤਾਂ ਕਿ ਜਿੰਨੇ ਵੀ ਅਵਾਰਾ ਪਸ਼ੂ ਹਨ, ਉਨ੍ਹਾਂ ਦੀ ਸੰਭਾਲ ਕੀਤੀ ਜਾ ਸਕੇ ਅਤੇ ਅੱਗੇ ਉਨ੍ਹਾਂ ਦੀ ਆਬਾਦੀ ਘਟਾਈ ਜਾ ਸਕੇ। ਬਿਮਾਰ ਪਸ਼ੂਆਂ ਦਾ ਇਲਾਜ ਕੀਤਾ ਜਾ ਸਕੇ। ਇਸ ਕਿਸਮ ਦੀਆਂ ਉਨ੍ਹਾਂ ਨੇ ਸਕੀਮਾਂ ਚਲਾਈਆਂ ਹਨ। ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਕੁਝ ਨਾ ਕੁਝ ਸੈਂਟਰ ਤੋਂ ਵੀ ਇਸ ਮਸਲੇ

Original with;
Punjab Vidhan Sabha
Digitized by;

ਵਿਚ ਮਦਦ ਮਿਲ ਸਕਦੀ ਹੈ। ਜਿਸ ਤਰ੍ਹਾਂ ਮੇਰੇ ਸਾਥੀਆਂ ਨੇ ਇਥੇ ਕੁਝ ਤਜਵੀਜ਼ਾਂ ਲਿਆਂਦੀਆਂ ਹਨ, ਜ਼ਿਲ੍ਹਾ ਪੱਧਰ ਤੇ ਇਸ ਸਬੰਧੀ ਉਪਰਾਲੇ ਕੀਤੇ ਜਾਣ ਅਤੇ ਕੁਝ ਸਿਆਸੀ ਬੰਦੇ ਇਸ ਵਿਚ ਸ਼ਾਮਲ ਕੀਤੇ ਜਾਣ। ਕੁਝ ਨਾ ਕੁਝ ਸਰਕਾਰੀ ਪੱਧਰ ਤੇ ਉਪਰਾਲਾ ਜ਼ਰੂਰ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਵਾਸਤੇ ਮੌਕਾ ਦਿੱਤਾ ਹੈ।

**ਸ਼੍ਰੀਮਤੀ ਗੁਰਕੰਵਲ ਕੌਰ (ਜਲੰਧਰ ਛਾਉਣੀ)** : ਸਰ, ਅਵਾਰਾ ਪਸ਼ੂਆਂ ਦੀ ਸਮੱਸਿਆ ਤੇ ਮੇਰੇ ਤੋਂ ਪਹਿਲਾਂ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਬੋਲਿਆ ਹੈ। ਪੰਜਾਬ ਇਕ ਖੇਤੀ ਪ੍ਰਧਾਨ ਰਾਜ ਹੈ। ਖੇਤੀਬਾੜੀ ਨਾਲ ਸਬੰਧਤ ਕਿੱਤਿਆਂ ਨੂੰ ਕਿਸਾਨਾਂ ਵੱਲੋਂ ਮੁੱਖ ਤੌਰ ਤੇ ਅਪਣਾਇਆ ਗਿਆ ਹੈ। ਪਸ਼ੂ ਪਾਲਣ ਅਤੇ ਸਬੰਧਤ ਧੰਦੇ ਰਾਜ ਦੀ ਆਰਥਿਕਤਾ ਵਿਚ 17% ਯੋਗਦਾਨ ਪਾਉਂਦੇ ਹਨ। ਪੰਜਾਬ ਰਾਜ ਦੇਸ਼ ਦੀ 3% ਪਸ਼ੂ ਸੰਖਿਆ ਨਾਲ 10% ਦੁੱਧ ਉਤਪਾਦਨ ਕਰਦਾ ਹੈ। ਰਾਜ ਵਿਚ 1997 ਦੀ ਪਸ਼ੂ ਧਨ ਗਣਨਾ ਮੁਤਾਬਿਕ 88.10 ਲੱਖ ਦੀ ਕੈਟਲ ਪਾਪੂਲੇਸ਼ਨ ਹੈ ਜੋ ਕਿ ਸਾਰੇ ਸੂਬੇ ਵਿਚ ਫੈਲੀ ਹੋਈ ਹੈ। ਇਸ ਵਿਚ 55.78 ਲੱਖ ਮੱਝਾਂ ਅਤੇ 28.32 ਲੱਖ ਗੋਕਿਆਂ ਦੀ ਆਬਾਦੀ ਹੈ। ਗੋਕਿਆਂ ਵਿਚ ਕਰਾਸ ਬਰੀਡਿੰਗ ਦਾ ਪ੍ਰੋਗਰਾਮ ਸ਼ੁਰੂ ਹੋ ਜਾਣ ਕਾਰਨ ਹਰ ਸਾਲ 1.46 ਲੱਖ ਦੋਗਲੇ ਵੱਛੇ ਪੈਦਾ ਹੋ ਜਾਂਦੇ ਹਨ। ਰਾਜ ਵਿਚ ਖੇਤੀਬਾੜੀ ਦੀ ਮਸ਼ੀਨੀਕਰਣ ਹੋ ਜਾਣ ਕਾਰਣ ਇਹ ਵੱਛੇ ਖੇਤੀਬਾੜੀ ਅਤੇ ਵਾਹੀ ਦੀ ਵਰਤੋਂ ਵਿਚ ਘੱਟ ਆਉਂਦੇ ਹਨ ਅਤੇ ਇਨ੍ਹਾਂ ਵਿਚੋਂ ਬਹੁ ਗਿਣਤੀ ਵਿਚ ਦੋਗਲੇ ਵੱਛੇ ਪਸ਼ੂ ਪਾਲਕਾਂ ਵੱਲੋਂ ਛੱਡ ਦਿੱਤੇ ਜਾਂਦੇ ਹਨ ਅਤੇ ਸੜਕਾਂ ਤੇ ਅਵਾਰਾ ਫਿਰਦੇ ਹਨ, ਜਿਥੇ ਇਹ ਬ੍ਰੀਡਿੰਗ ਕਰਕੇ ਬੇਕਾਰ ਨਾ ਲੋੜੀਂਦੀ ਪਸ਼ੂ ਸੰਖਿਆ ਵਿਚ ਵਾਧਾ ਕਰਦੇ ਹਨ। ਇਸ ਦੇ ਨਾਲ ਹੀ ਪਸ਼ੂ ਪਾਲਕਾਂ ਵੱਲੋਂ ਦੁੱਧ ਤੋਂ ਸੁੱਕੀਆਂ, ਬੀਮਾਰ, ਨਾ ਇਲਾਜਯੋਗ ਅਤੇ ਗੈਰ-ਕਿਫ਼ਾਇਤੀ ਜਾਨਵਰ ਵੀ ਸੜਕਾਂ ਤੇ ਛੱਡ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਇਨ੍ਹਾਂ ਅਵਾਰਾ ਪਸ਼ੂਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਇਸ ਸਮੇਂ ਇਹ ਗਿਣਤੀ ਤਕਰੀਬਨ 95 ਹਜ਼ਾਰ ਹੋ ਗਈ ਹੈ।

ਪੰਜਾਬ ਰਾਜ ਵਿੱਚ ਕਾਓ ਸਲਾਟਰ ਐਕਟ ਲਾਗੂ ਹੈ ਜਿਸ ਕਾਰਨ ਅਵਾਰਾ ਗਊਆਂ-ਵੱਛਿਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਸਮਾਜ ਵਿਚ ਇਨਸਾਨੀ ਕਦਰਾਂ ਕੀਮਤਾਂ ਘਟਣ ਅਤੇ ਪੱਛਮੀ ਸਭਿਅਤਾ ਦਾ ਪ੍ਰਭਾਵ ਵਧਣ ਕਾਰਣ ਆਮ ਲੋਕਾਂ ਵਿਚ ਸੇਵਾ ਭਾਵਨਾ ਅਤੇ ਦਯਾ ਦਾ ਮਾਦਾ ਖਤਮ ਹੁੰਦਾ ਜਾ ਰਿਹਾ ਹੈ। ਜਦ ਕਿ ਪਹਿਲਾਂ ਅਵਾਰਾ ਪਸ਼ੂਆਂ ਦੇ ਰੱਖ ਰਖਾਓ ਲਈ ਧਾਰਮਿਕ ਸਵੈ ਸੇਵਿਕ ਸੰਸਥਾਵਾਂ ਅਤੇ ਆਮ ਦਾਨੀ ਲੋਕ ਇਸ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਅੱਜ ਕੱਲ੍ਹ ਇਹ ਭਾਵਨਾ ਖਤਮ ਹੁੰਦੀ ਜਾ ਰਹੀ ਹੈ ਅਤੇ ਆਮ ਲੋਕ, ਆਪਣੀ ਜ਼ਿੰਮੇਵਾਰੀ ਨਾ ਸਮਝਦੇ ਹੋਏ ਸਰਕਾਰ ਪਾਸੋਂ ਹੀ ਇਸ ਸਮੱਸਿਆ ਦਾ ਸਮਾਧਾਨ ਭਾਲਦੇ ਹਨ। ਅਸਲ ਵਿਚ ਇਸ ਸਮੱਸਿਆ ਦਾ ਸਮਾਧਾਨ ਆਮ ਲੋਕਾਂ, ਗੈਰ ਸਰਕਾਰੀ ਸਮਾਜ ਸੇਵੀ ਸੰਸਥਾਵਾਂ ਅਤੇ ਸਰਕਾਰ ਦੇ ਇਕੱਠੇ ਉਪਰਾਲਿਆਂ ਨਾਲ ਹੀ ਲੱਭਿਆ ਜਾ ਸਕਦਾ ਹੈ।

Original with;
Punjab Vidhan Sabha
Digitized by;

[ਸ਼੍ਰੀਮਤੀ ਗੁਰਕੰਵਲ ਕੌਰ]

ਅਵਾਰਾ ਪਸ਼ੂਆਂ ਤੋਂ ਹੇਠ ਲਿਖੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ :—

ਸ਼ਹਿਰਾਂ ਵਿਚ ਸੜਕਾਂ ਤੇ ਅਵਾਰਾ ਫਿਰਦੇ ਜਾਨਵਰ ਬਹੁਤ ਸਾਰੇ ਗੰਭੀਰ ਸੜਕ ਹਾਦਸਿਆਂ ਦਾ ਕਾਰਨ ਬਣਦੇ ਹਨ। ਇਨ੍ਹਾਂ ਵਿਚ ਕਈ ਵਾਰੀ ਲੋਕ ਗੰਭੀਰ ਰੂਪ ਵਿਚ ਜ਼ਖਮੀ ਹੋ ਜਾਂਦੇ ਹਨ ਅਤੇ ਕਈ ਵਾਰ ਇਹ ਹਾਦਸੇ ਮਾਰੂ ਵੀ ਸਿੱਧ ਹੁੰਦੇ ਹਨ। ਸੜਕਾਂ ਉਪਰ ਜਾਂ ਚੌਕਾਂ ਉਪਰ ਇਹ ਜਾਨਵਰ ਝੁੰਡ ਬਣਾ ਕੇ ਬੈਠ ਜਾਂਦੇ ਹਨ ਜਾਂ ਖੜ੍ਹੇ ਰਹਿੰਦੇ ਹਨ ਅਤੇ ਟਰੈਫਿਕ ਵਿਚ ਰੁਕਾਵਟ ਪਾਉਣ ਦੇ ਨਾਲ ਨਾਲ ਸੜਕ ਹਾਦਸਿਆਂ ਦਾ ਕਾਰਨ ਵੀ ਬਣਦੇ ਹਨ। ਕਈ ਵਾਰ ਅਵਾਰਾ ਜਾਨਵਰ ਸੜਕਾਂ ਉਪਰ ਜਾਂਦੇ ਬੱਚੇ, ਬੁੱਢੇ ਅਤੇ ਔਰਤਾਂ ਨੂੰ ਟਕਰਾਂ ਮਾਰ ਕੇ ਜ਼ਖਮੀ ਕਰ ਦਿੰਦੇ ਹਨ, ਜਿਸ ਸਦਕੇ ਇਹ ਲੋਕ ਬਾਹਰ ਨਿਕਲਣਾ ਸੁਰੱਖਿਅਤ ਮਹਿਸੂਸ ਨਹੀਂ ਕਰਦੇ।.

ਮੁਹੱਲਿਆਂ, ਗਲੀਆਂ ਅਤੇ ਪਾਰਕਾਂ ਵਿਚ ਇਹ ਅਵਾਰਾ ਪਸ਼ੂ ਘਾਹ, ਫੁੱਲ ਬੂਟੇ ਆਦਿ ਖਾ ਕੇ ਬਰਬਾਦੀ ਕਰਦੇ ਹਨ ਅਤੇ ਖੁੱਲ੍ਹੇ ਆਮ ਸੜਕਾਂ, ਰਸਤਿਆਂ ਉਤੇ ਗੋਹਾ ਅਤੇ ਪਿਸ਼ਾਬ ਕਰਕੇ ਗੰਦਗੀ ਫੈਲਾਉਂਦੇ ਹਨ। ਇਸ ਨਾਲ ਵਾਤਾਵਰਣ ਨੂੰ ਦੂਸ਼ਿਤ ਕਰਦੇ ਹਨ। ਇਨ੍ਹਾਂ ਵਿਚੋਂ ਕਈ ਪਸ਼ੂ ਜੋ ਛੂਤ ਦੀਆਂ ਬੀਮਾਰੀਆਂ ਨਾਲ ਪੀੜਤ ਹੁੰਦੇ ਹਨ, ਤੰਦਰੁਸਤ ਪਸ਼ੂਆਂ ਵਿਚ ਮੂੰਹਖੁਰ, ਹਲਕਾਅ ਆਦਿ ਦੀਆਂ ਬੀਮਾਰੀਆਂ ਫੈਲਾਉਂਦੇ ਹਨ। ਕਈ ਵਾਰ ਇਹ ਅਵਾਰਾ ਪਸ਼ੂ ਖੁਦ ਵੀ ਹਾਦਸਿਆਂ ਵਿਚ ਜ਼ਖਮੀ ਹੋ ਜਾਂਦੇ ਹਨ ਜਾਂ ਲੋਕਾਂ ਵੱਲੋਂ ਲਤਾੜੇ, ਮਾਰੇ-ਕੁੱਟੇ ਜਾਣ ਕਾਰਨ ਗੰਭੀਰ ਰੂਪ ਵਿੱਚ ਜ਼ਖਮੀ ਹੋ ਜਾਂਦੇ ਹਨ ਅਤੇ ਸੜਕਾਂ ਉਪਰ ਤਰਸਯੋਗ ਹਾਲਤਾਂ ਵਿਚ ਪਏ ਹੁੰਦੇ ਹਨ ਜੋ ਕਿ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ। ਭਾਰਤਵਾਸੀ ਗਊ ਨੂੰ ਮਾਤਾ ਸਮਝ ਕੇ ਇਸ ਦੀ ਪੂਜਾ ਕਰਦੇ ਹਨ। ਇਸ ਦੀ ਸੇਵਾ ਅਤੇ ਸੰਭਾਲ ਕਰਨਾ ਸਾਡਾ ਧਾਰਮਿਕ, ਸਮਾਜਿਕ ਅਤੇ ਮੌਲਿਕ ਫਰਜ਼ ਹੈ, ਪਰੰਤੂ ਜਦੋਂ ਅਸੀਂ ਇਨ੍ਹਾਂ ਨੂੰ ਸੜਕਾਂ ਤੇ ਭੁੱਖੀਆਂ ਪਿਆਸੀਆਂ, ਗੰਦ ਮੰਦ ਖਾਂਦੀਆਂ ਅਤੇ ਲੋਕਾਂ ਵੱਲੋਂ ਬੁਰੀ ਤਰ੍ਹਾਂ ਖੜ੍ਹੀਆਂ ਅਤੇ ਮਾਰੀਆਂ ਜਾਂਦੀਆਂ ਵੇਖਦੇ ਹਾਂ ਤਾਂ ਮਨ ਨੂੰ ਬਹੁਤ ਦੁਖ ਹੁੰਦਾ ਹੈ।

ਅਵਾਰਾ ਪਸ਼ੂਆਂ ਦੀ ਸਮੱਸਿਆ ਦਾ ਸਮਾਧਾਨ ਇਨ੍ਹਾਂ ਨੂੰ ਇਕੱਠੇ ਕਰਕੇ ਕਿਸੀ ਸੁਰੱਖਿਅਤ ਸਥਾਨ ਤੇ ਰੱਖਣਾ ਅਤੇ ਵਿਗਿਆਨਕ ਢੰਗ ਨਾਲ ਇਨ੍ਹਾਂ ਦੀ ਪਾਲਣਾ ਕਰਨਾ ਹੈ। ਇਨ੍ਹਾਂ ਨੂੰ ਫੜ ਕੇ ਨੇੜੇ ਦੀ ਗਊਸ਼ਾਲਾ, ਕੈਟਲ ਸ਼ੈਲਟਰ ਵਿੱਚ ਰੱਖਣ ਦਾ ਪ੍ਰਬੰਧ ਕਰਨਾ। ਇਨ੍ਹਾਂ ਲਈ ਸ਼ੈਲਟਰ, ਪੀਣ ਦਾ ਪਾਣੀ ਅਤੇ ਖਾਦ ਖੁਰਾਕ ਦਾ ਇੰਤਜ਼ਾਮ ਕਰਨਾ ਬਣਦਾ ਹੈ। ਇਕੱਠੇ ਕੀਤੇ ਜਾਨਵਰਾਂ ਵਿਚੋਂ ਵੱਛਿਆਂ ਨੂੰ ਅਲੱਗ ਕਰਕੇ ਖੱਸੀ ਕਰਕੇ ਰੱਖਣਾ ਤਾਂ ਜੋ ਇਹ ਅਣਚਾਹੀ ਬਰੀਡਿੰਗ ਨਾ ਕਰ ਸਕਣ। ਖੱਸੀ ਕਰਨ ਲਈ ਜ਼ਿਲ੍ਹਾ ਪੱਧਰ ਤੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਵੱਛੇ ਖੱਸੀ ਕਰਨ ਦਾ ਪ੍ਰੋਗਰਾਮ ਬਣਾਉਣਾ ਚਾਹੀਦਾ ਹੈ, ਜਿਸ ਵਿੱਚ ਆਮ ਲੋਕਾਂ ਅਤੇ ਐਨ.ਜੀ.ਓਜ਼. ਦੀਆਂ ਕਮੇਟੀਆਂ ਬਣਾ ਕੇ ਅਤੇ ਇਸ ਨੂੰ ਵੱਡੇ ਪੱਧਰ ਤੇ ਸ਼ੁਰੂ ਕਰਕੇ ਅਣਚਾਹੀ ਅਵਾਰਾ ਪਸ਼ੂਆਂ ਦੀ ਆਬਾਦੀ ਤੇ ਕਾਬੂ ਪਾਇਆ ਜਾ ਸਕਦਾ ਹੈ। ਬੀਮਾਰ ਫੰਡਰ ਪਸ਼ੂਆਂ ਦਾ ਇਲਾਜ ਕਰਕੇ ਇਨ੍ਹਾਂ ਦੀ ਵਧੀਆ ਕਿਸਮ ਦੇ ਵੀਰਜ ਨਾਲ ਬਰੀਡਿੰਗ ਕਰਨਾ ਤਾਂ ਜੋ ਇਹ ਲਾਹੇਵੰਦ ਹੋ ਸਕਣ ਅਤੇ ਦੁੱਧ ਤੇ ਵੱਛੀਆਂ ਪੈਦਾ ਕਰ ਸਕਣ। ਲਾ ਇਲਾਜ ਬੁੱਢੇ ਤੇ ਬੇਕਾਰ ਜਾਨਵਰਾਂ ਨੂੰ ਖਾਦ ਖੁਰਾਕ ਦੇਣਾ ਤਾਂ ਜੋ ਉਹ ਆਪਣੀ ਬਾਕੀ ਦੀ ਜ਼ਿੰਦਗੀ ਅਰਾਮ ਨਾਲ ਕੱਟ ਸੱਕਣ।

Original with;
Punjab Vidhan Sabha
Digitized by:
Panjab Digital Library

ਪੰਚਾਇਤ ਰਾਜ ਐਕਟ, 1994 ਅਧੀਨ ਚੈਪਟਰ ਤਿੰਨ, ਸੈਕਸ਼ਨ 30 ਧਾਰਾ 2 (ਐਫ) ਅਧੀਨ ਕੈਟਲ ਪਾਊਂਡ ਸਥਾਪਿਤ ਕਰਵਾਉਣਾ, ਅਵਾਰਾ ਜਾਨਵਰਾਂ ਨੂੰ ਪਕੜਣ ਦੀ ਜ਼ਿੰਮੇਵਾਰੀ ਪੰਚਾਇਤਾਂ ਦੀ ਬਣਦੀ ਹੈ। ਇਸੇ ਤਰ੍ਹਾਂ ਹੀ ਸ਼ਹਿਰਾਂ ਵਿੱਚ ਲੋਕਲ ਬਾਡੀਜ਼ ਰਾਹੀਂ ਵੀ ਇਸ ਮੰਤਵ ਲਈ ਕੈਟਲ ਪਾਊਂਡ ਸਥਾਪਿਤ ਕਰਨ ਦਾ ਉਪਬੰਧ ਹੈ।

ਰਾਜ ਵਿੱਚ ਕੁਲ 109 ਗਊਸ਼ਾਲਾਵਾਂ ਹਨ। ਇਨ੍ਹਾਂ ਵਿੱਚੋਂ 49 ਰਜਿਸਟਰਡ ਅਤੇ 60 ਅਨਰਜਿਸਟਰਡ ਹਨ। ਇਨ੍ਹਾਂ ਵਿੱਚ ਕ੍ਰਮਵਾਰ 15728 ਅਤੇ 23094 ਪਸ਼ੂ ਰੱਖੇ ਹੋਏ ਹਨ। ਇਹ ਗਊਸ਼ਾਲਾਵਾਂ ਸ਼ਰਧਾਲੂਆਂ ਵੱਲੋਂ ਦਿੱਤੇ ਗਏ ਚੰਦੇ, ਦਾਨ ਦੀ ਰਾਸ਼ੀ ਆਦਿ ਨਾਲ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਦੀ ਵਿਗਿਆਨਕ ਢੰਗ ਨਾਲ ਮਜ਼ਬੂਤੀਕਰਨ ਦੀ ਜ਼ਰੂਰਤ ਹੈ। ਮਾਨਯੋਗ ਪਸ਼ੂ ਪਾਲਣ ਮੰਤਰੀ ਜੀ ਨੇ ਗਊਸ਼ਾਲਾ ਮਹਾਂਸੰਘ ਦੇ ਨੁਮਾਇੰਦਿਆਂ ਨਾਲ ਮਿਤੀ 20 ਮਈ, 2002 ਦੀ ਮੀਟਿੰਗ ਵਿੱਚ ਗਊਸ਼ਾਲਾਵਾਂ ਨੂੰ ਹੋਰ ਵਧੀਆ ਬਣਾਉਣ, ਇਨ੍ਹਾਂ ਦੇ ਆਮਦਨ ਦੇ ਵਸੀਲੇ ਵਧਾਉਣ ਅਤੇ ਅਵਾਰਾ ਪਸ਼ੂਆਂ ਦੀ ਸਮੱਸਿਆ ਨਾਲ ਨਜਿੱਠਣ ਸਬੰਧੀ ਵਿਚਾਰ ਕੀਤਾ ਹੈ। ਇਸ ਤਰ੍ਹਾਂ ਸਰਕਾਰ ਇਸ ਮਾਮਲੇ ਬਾਰੇ ਗੰਭੀਰ ਹੈ ਅਤੇ ਲੋੜੀਂਦੇ ਕਦਮ ਚੁੱਕ ਰਹੀ ਹੈ।

ਰਾਜ ਸਰਕਾਰ ਨੇ ਪਟਿਆਲਾ, ਰੋਪੜ ਅਤੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਤਿੰਨ ਗਊਸ਼ਾਲਾਵਾਂ, ਪ੍ਰਤੀ ਜ਼ਿਲ੍ਹਾ ਇਕ ਦੇ ਵਿਕਾਸ ਲਈ ਪਾਇਲਟ ਪ੍ਰਾਜੈਕਟ ਦੇ ਤੌਰ ਤੇ ਭਾਰਤ ਸਰਕਾਰ ਪਾਸੋਂ ਐਨੀਮਲ ਵੈਲਫੇਅਰ ਬੋਰਡ ਆਫ ਇੰਡੀਆ ਦੀ ਪਸ਼ੂਆਂ ਦੀ ਦੇਖਭਾਲ ਅਤੇ ਸ਼ੈਲਟਰ ਪ੍ਰਦਾਨ ਕਰਨ ਦੀ ਸਕੀਮ ਅਧੀਨ ਪ੍ਰਤੀ ਗਊਸ਼ਾਲਾ ਲਈ 25 ਲੱਖ ਰੁਪਏ ਦੀ ਗਰਾਂਟ (ਟੋਟਲ ਪ੍ਰਾਜੈਕਟ ਕਾਸਟ 75 ਲੱਖ ਰੁਪਏ) ਦੀ ਮੰਗ ਪੱਤਰ ਨੰ: 8369 ਡੀ 4-02, ਮਿਤੀ 4 ਸਤੰਬਰ, 2002 ਰਾਹੀਂ ਕੀਤੀ ਹੈ, ਜਿਸ ਦੀ ਜਲਦੀ ਹੀ ਪ੍ਰਾਪਤ ਹੋ ਜਾਣ ਦੀ ਉਮੀਦ ਹੈ। ਇਹ ਸਕੀਮ ਹੌਲੀ-ਹੌਲੀ ਆਉਂਦੇ ਸਮੇਂ ਵਿੱਚ ਰਾਜ ਦੀਆ ਬਾਕੀ ਗਊਸ਼ਾਲਾਵਾਂ ਲਈ ਵੀ ਲਾਗੂ ਕਰਨ ਲਈ ਉਪਰਾਲੇ ਕੀਤੇ ਜਾਣਗੇ। ਇਸ ਤਰ੍ਹਾਂ ਰਾਜ ਵਿੱਚ ਗਊਸ਼ਾਲਾਵਾਂ ਦਾ ਮਜ਼ਬੂਤੀਕਰਨ ਹੋ ਜਾਣ ਨਾਲ ਅਵਾਰਾ ਪਸ਼ੂਆਂ ਦੀ ਦੇਖ ਰੇਖ ਦੇ ਕੰਮ ਵਿੱਚ ਸੁਧਾਰ ਆ ਜਾਵੇਗਾ।

ਪਿਛੇ ਜਿਹੇ ਰਾਜ ਨੇ ਕੁਦਰਤੀ ਆਫਤਾਂ ਵਿਚ ਸ਼ਿਕਾਰ ਹੋਏ ਜਾਨਵਰਾਂ ਲਈ ਭਾਰਤ ਸਰਕਾਰ ਤੋਂ 40.95 ਲੱਖ ਰੁਪਏ ਦੀ ਗਰਾਂਟ ਲਈ ਬਿਨੈ ਪੱਤਰ ਭੇਜਿਆ ਸੀ। ਇਸ ਵਿਚੋਂ 5.00 ਲੱਖ ਰੁਪਏ ਦੀ ਮਨਜ਼ੂਰੀ ਪ੍ਰਾਪਤ ਹੋ ਚੁੱਕੀ ਹੈ ਅਤੇ ਇਹ ਰਾਸ਼ੀ ਜ਼ਿਲ੍ਹਾ ਮਾਨਸਾ, ਬਠਿੰਡਾ ਅਤੇ ਫਰੀਦਕੋਟ ਵਿਚ ਗਊਸ਼ਾਲਾਵਾਂ ਲਈ 30,000 ਰੁਪਏ ਪ੍ਰਤੀ ਗਊਸ਼ਾਲਾ ਨੂੰ ਐਮਰਜੈਂਸੀ ਲਈ ਪਾਣੀ, ਸ਼ੈਲਟਰ ਅਤੇ ਨਾਲੀਆਂ ਆਦਿ ਦੇ ਕੰਮਾਂ ਦੇ ਸੁਧਾਰ ਲਈ ਦਿੱਤਾ ਜਾਵੇਗਾ, ਜਿਸ ਨਾਲ ਗਊਸ਼ਾਲਾਵਾਂ ਦੇ ਕੰਮਕਾਜ ਵਿਚ ਚੋਖਾ ਸੁਧਾਰ ਆਵੇਗਾ। ਇਸ ਸਕੀਮ ਅਧੀਨ ਹੋਰ ਫੰਡਜ਼ ਪ੍ਰਾਪਤ ਕਰਨ ਦੇ ਉਪਰਾਲੇ ਵੀ ਕੀਤੇ ਜਾਣਗੇ।

ਅਵਾਰਾ ਪਸ਼ੂਆਂ ਨੂੰ ਪਕੜਣ ਲਈ ਪਸ਼ੂ ਪਾਲਣ ਮਹਿਕਮੇ ਵਿਚ ਇਕ ਕੈਟਲ ਕੈਚਿੰਗ ਪਾਰਟੀ ਹੈ। ਜਿਸ ਦਾ ਇੰਚਾਰਜ ਵੈਟਰਨਰੀ ਅਫਸਰ ਹੈ ਅਤੇ ਇਸ ਦਾ ਸਦਰ ਮੁਕਾਮ

Original with;
Punjab Vidhan Sabha
Digitized by;
Panjab Digital Library

[**ਸ਼੍ਰੀਮਤੀ ਗੁਰਕੰਵਲ ਕੌਰ**]

ਪਟਿਆਲਾ ਵਿਖੇ ਹੈ। ਰਾਜ ਵਿਚੋਂ ਕਿਸੀ ਥਾਂ ਤੋਂ ਗਰਾਮ ਪੰਚਾਇਤ ਜਾਂ ਹੋਰ ਸ਼ਿਕਾਇਤ ਕਰਤਾ ਤੋਂ ਸ਼ਿਕਾਇਤ ਪ੍ਰਾਪਤ ਹੋਣ ਤੇ ਇਹ ਪਾਰਟੀ ਸ਼ਿਕਾਇਤ ਦੀ ਥਾਂ ਜਾ ਕੇ ਉਸ ਇਲਾਕੇ ਦੇ ਅਵਾਰਾ ਪਸ਼ੂਆਂ ਨੂੰ ਪਕੜ ਕੇ ਸ਼ਿਕਾਇਤ ਕਰਤਾ ਦੇ ਹਵਾਲੇ ਕਰਦੀ ਹੈ। ਪਕੜੇ ਗਏ ਜਾਨਵਰਾਂ ਨੂੰ ਟਰਾਂਸਪੋਰਟ ਕਰਨ ਅਤੇ ਗਊਸ਼ਾਲਾ ਆਦਿ ਵਿਚ ਛੱਡਣ ਦਾ ਖਰਚ ਸ਼ਿਕਾਇਤ ਕਰਤਾ ਵਲੋਂ ਕੀਤਾ ਜਾਂਦਾ ਹੈ।

ਅਵਾਰਾ ਪਸ਼ੂਆਂ ਦੀ ਸਮੱਸਿਆ ਤੇ ਅਸਰਦਾਰ ਢੰਗ ਨਾਲ ਕਾਬੂ ਪਾਉਣ ਲਈ ਰਾਜ ਵਿਚ ਰਾਜ ਪੱਧਰ ਤੇ ਗਊਸ਼ਾਲਾ ਡਿਵੈਲਪਮੈਂਟ ਬੋਰਡ ਸਥਾਪਿਤ ਕਰਨ ਦੀ ਜ਼ਰੂਰਤ ਹੈ ਜੋ ਕਿ ਰਾਜ ਵਿਚ ਗਊਸ਼ਾਲਾਵਾਂ ਦੀ ਸਥਾਪਨਾ, ਪ੍ਰਬੰਧ ਅਤੇ ਸੁਧਾਰ ਲਈ ਕੰਮ ਕਰੇਗਾ। ਇਸੇ ਤਰ੍ਹਾਂ ਜ਼ਿਲ੍ਹਾ ਪੱਧਰ ਤੇ ਵੀ ਇਸ ਦੀਆਂ ਇਕਾਈਆਂ ਸਥਾਪਿਤ ਕਰਨ ਦੀ ਜ਼ਰੂਰਤ ਹੈ ਜੋ ਕਿ ਜ਼ਿਲ੍ਹੇ ਵਿਚ ਸਬੰਧਤ ਕੰਮ ਕਰੇਗਾ। ਅਵਾਰਾ ਪਸ਼ੂਆਂ ਦੀ ਸਮੱਸਿਆ ਬਹੁਤ ਗੰਭੀਰ ਹੈ। ਇਸ ਮੰਤਵ ਲਈ ਸਰਕਾਰ ਨੂੰ 1,00,000 ਅਵਾਰਾ ਪਸ਼ੂਆਂ ਦੇ ਰੱਖ-ਰਖਾਵ ਅਤੇ ਖਾਦ-ਖੁਰਾਕ ਲਈ ਤਰਕਰੀਬਨ 30 ਰੁਪਏ ਪ੍ਰਤੀ ਪਸ਼ੂ ਪ੍ਰਤੀ ਦਿਨ ਦੇ ਹਿਸਾਬ ਨਾਲ 108.00 ਕਰੋੜ ਰੁਪਏ ਸਰਕਾਰ ਸਲਾਨਾ ਗਰਾਂਟ ਇਸ ਬੋਰਡ ਦੀ ਵਰਤੋਂ ਵਾਸਤੇ ਰੱਖੇ ਅਤੇ 10.00 ਕਰੋੜ ਰੁਪਏ ਸਲਾਨਾ ਇਨ੍ਹਾਂ ਦੇ ਸ਼ੈਲਟਰ ਬਣਾਉਣ ਵਾਸਤੇ ਈਅਰਮਾਰਕ ਕਰੇ। ਇਸ ਮੰਤਵ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਪੰਜਾਬ ਰਾਜ ਵਿਚੋਂ ਚੁਣੇ ਗਏ ਮਾਨਯੋਗ ਐਮ.ਪੀਜ਼ ਅਤੇ ਐਮ.ਐਲ.ਏਜ਼ ਆਪਣੇ ਏਰੀਆ ਡਿਵੈਲਪਮੈਂਟ ਫੰਡਜ਼ ਵਿਚੋਂ ਘੱਟੋ-ਘੱਟ 50% ਰਕਮ ਦੀ ਗਰਾਂਟ ਅਵਾਰਾਂ ਪਸ਼ੂਆਂ ਦੇ ਰੱਖ-ਰਖਾਵ ਅਤੇ ਸੰਭਾਲ ਲਈ ਦੇਣ ਜਿਸ ਦਾ ਇਸਤੇਮਾਲ ਗਊਸ਼ਾਲਾ ਡਿਵੈਲਪਮੈਂਟ ਬੋਰਡ ਰਾਹੀਂ ਕੀਤਾ ਜਾਵੇ। ਧੰਨਵਾਦ

**ਕੈਪਟਨ ਬਲਬੀਰ ਸਿੰਘ ਬਾਠ (ਸ੍ਰੀ ਹਰਗੋਬਿੰਦਪੁਰ)** : ਸਪੀਕਰ ਸਾਹਿਬ, ਆਪ ਜੀ ਦਾ ਬਹੁਤ-ਬਹੁਤ ਧੰਨਵਾਦ ਕਿ ਅੱਜ ਬਹੁਤ ਹੀ ਚਿੰਤਾ ਵਾਲੇ ਵਿਸ਼ੇ ਦੇ ਮਤੇ ਉਤੇ ਬੋਲਣ ਲਈ ਸਮਾਂ ਦਿੱਤਾ ਹੈ। ਅੱਜ ਪਾਲਤੂ ਜਾਨਵਰਾਂ ਦੀ ਗੱਲ ਆਈ ਹੈ ਅਤੇ ਇਹ ਚਰਚਾ ਦਾ ਵਿਸ਼ਾ ਹੈ। ਜਾਨਵਰ ਜੇਕਰ ਅਵਾਰਾ ਹੋ ਜਾਵੇ ਤਾਂ ਉਹ ਸਾਡੇ ਵਾਸਤੇ ਚਰਚਾ ਦਾ ਵਿਸ਼ਾ ਬਣ ਜਾਂਦਾ ਹੈ ਪਰ, ਸਪੀਕਰ ਸਾਹਿਬ, ਜੇਕਰ ਆਦਮੀ ਅਵਾਰਾ ਹੋ ਜਾਵੇ ਬੇਵਫਾ ਹੋ ਜਾਵੇ ਤਾਂ ਉਸ ਦੇ ਸਾਨੂੰ ਭੁੱਲੇ ਵਿਸਰੇ ਬੋਲ ਯਾਦ ਆਉਂਦੇ ਹਨ, "ਅਵਾਰਾ ਹੂੰ, ਅਵਾਰਾ ਹੂੰ, ਗਰਦਿਸ਼ ਮੇ ਮੈਂ ਆਸਮਾਨ ਕਾ ਤਾਰਾ ਹੂੰ" ਉਹ ਤਾਂ ਸਾਨੂੰ ਚੰਗੇ ਲਗਦੇ ਹਨ ਪਰ ਜਾਨਵਰ ਚੰਗੇ ਨਹੀਂ ਲਗਦੇ। ਖਾਸ ਕਰਕੇ ਜਿਹੜੇ ਅਵਾਰਾ ਹੋ ਜਾਂਦੇ ਹਨ, ਉਹ ਤਾਂ ਸਾਨੂੰ ਬਿਲਕੁਲ ਹੀ ਚੰਗੇ ਨਹੀਂ ਲਗਦੇ। ਅਵਾਰਾ ਕੁੱਤੇ ਜਿਹੜੇ ਕਿ ਬਹੁਤ ਸਾਰੀਆਂ ਭਿਆਨਕ ਬਿਮਾਰੀਆਂ ਦਾ ਕਾਰਣ ਬਣਦੇ ਹਨ, ਉਹ ਚੰਗੇ ਨਹੀਂ ਲਗਦੇ। ਜਿਨ੍ਹਾਂ ਦਾ ਜ਼ਿਕਰ ਮੇਰੇ ਸਾਥੀਆਂ ਨੇ ਕੀਤਾ ਹੈ। ਪਸ਼ੂ ਜਦੋਂ ਫੰਡਰ ਹੋ ਜਾਂਦਾ ਹੈ, ਤਾਂ ਅਸੀਂ ਉਸ ਨੂੰ ਆਪਣੇ ਘਰੋਂ ਬਾਹਰ ਕੱਢ ਦਿੰਦੇ ਹਾਂ ਅਤੇ ਫਿਰ ਉਹ ਸਾਨੂੰ ਚੰਗਾ ਨਹੀਂ ਲਗਦਾ। ਇਸ ਵਾਸਤੇ ਕਾਨੂੰਨ ਬਣਾਉਣ ਦੀ ਲੋੜ ਹੈ। ਜਿਵੇਂ ਜ਼ੀਰਾ ਸਾਹਿਬ ਨੇ ਵੀ ਕਿਹਾ ਹੈ ਕਿ ਪਸ਼ੂ ਧਨ ਅਵਾਰਾ ਹੋ ਕੇ ਪੈਲੀਆਂ ਵਿੱਚ ਘੁੰਮਦਾ ਹੈ ਅਤੇ ਇਹ ਵਿਨਾਸ਼ਕਾਰੀ ਬਣ ਜਾਂਦਾ ਹੈ ਅਤੇ ਫਸਲਾਂ ਉਜਾੜਦਾ ਹੈ ਅਤੇ ਦਰਖਤਾਂ ਦਾ ਨੁਕਸਾਨ ਕਰਦਾ ਹੈ, ਇਸ ਵਾਸਤੇ ਕਾਨੂੰਨ ਬਣਾਉਣ ਦੀ ਲੋੜ ਹੈ। ਅੱਜ ਬਿਲਕੁਲ ਤਾਂਡਵ ਨਾਚ, ਵਿਨਾਸ਼ਕਾਰੀ ਤਾਂਡਵ ਨਾਚ ਇਰਾਕ ਵਿੱਚ ਨੱਚਿਆ ਜਾ ਰਿਹਾ ਹੈ। ਸਪੀਕਰ ਸਾਹਿਬ, ਉਥੇ

Original with;
Punjab Vidhan Sabha
Digitized by;
Panjab Digital Library

ਉਹ ਭੋਲੀਆਂ-ਭਾਲੀਆਂ ਬੱਕਰੀਆਂ ਕਹਿ ਦਈਏ, ਉਨ੍ਹਾਂ ਲੋਕਾਂ ਨੂੰ ਅਤੇ ਅਮਰੀਕਾ ਵਾਲਿਆਂ ਨੂੰ ਜੋ ਮਰਜ਼ੀ ਕਹਿ ਲਓ, ਅੱਜ ਉਨ੍ਹਾਂ ਲੋਕਾਂ ਨੂੰ ਵਿਨਾਸ਼ ਦੇ ਮੂੰਹ ਵਿੱਚ ਧੱਕ ਰਹੇ ਹਨ। ਅੱਜ ਦੀ ਜੋ ਖਬਰ ਅਖਬਾਰ ਵਿਚ ਹੈ, ਜੋ ਕੱਲ੍ਹ ਕਸ਼ਮੀਰ ਵਿੱਚ ਵਾਪਰਿਆ ਹੈ, ਸਾਡੇ ਲਈ ਇਹ ਬੜੀ ਅਫਸੋਸ ਵਾਲੀ ਗੱਲ ਹੈ ਕਸ਼ਮੀਰ ਵਾਦੀ ਦੇ ਪਿੰਡ, ਜਿਸ ਦਾ ਨਾਮ ਨਾਦੀਮਰਗ ਹੈ, ਜੋ ਕੁਝ ਉਥੇ ਵਾਪਰਿਆ, ਉਹ ਇਨਸਾਨੀਅਤ ਦੇ ਵਜੂਦ ਨੂੰ ਫਨਾਂਹ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸਪੀਕਰ ਸਾਹਿਬ, ਉਹ ਵੀ ਚਿੰਤਾ ਦਾ ਇਕ ਹਿੱਸਾ ਹੈ। ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਜੇਕਰ ਕੋਈ ਘਟਨਾ ਵਾਪਰ ਜਾਵੇ ਤਾਂ ਉਹ ਮਨ ਤੇ ਬਹੁਤ ਗਹਿਰਾ ਅਸਰ ਛੱਡ ਜਾਂਦੀ ਹੈ ਅਤੇ ਜੇ ਕੋਈ ਐਕਸੀਡੈਂਟ ਹੋ ਜਾਂਦਾ ਹੈ ਤਾਂ ਇਹ ਘਟਨਾ ਜ਼ਿੰਦਗੀ ਜਾਂ ਪਰਿਵਾਰ ਦਾ ਹਿੱਸਾ ਹੀ ਤਬਾਹ ਕਰ ਦਿੰਦੀ ਹੈ। ਅੱਜ ਸਾਡਾ ਜੋ ਚਰਚਾ ਦਾ ਵਿਸ਼ਾ ਹੈ, ਜਿਸ ਤੇ ਅਸੀਂ ਅੱਜ ਬਹਿਸ ਕਰਨ ਜਾ ਰਹੇ ਹਾਂ, ਸਪੀਕਰ ਸਾਹਿਬ, ਮੈਂ ਇਹ ਮਾਣ ਵੀ ਮਹਿਸੂਸ ਕਰ ਰਿਹਾ ਹਾਂ ਕਿ ਜਿਹੜੇ ਸਾਡੇ ਪਸ਼ੂ, ਜਾਨਵਰ ਹਨ, ਇਹ ਮਨੁੱਖ ਦੇ ਸਾਥੀ ਵੀ ਰਹੇ ਹਨ। ਕੁੱਤਿਆਂ ਦੀ ਗੱਲ ਚੱਲੀ ਹੈ, ਘੋੜਿਆਂ ਦੀ ਗੱਲ ਚੱਲੀ ਹੈ, ਗਊ ਦੀ ਗੱਲ ਚੱਲੀ ਹੈ, ਪਰ ਜੇ ਆਪਾਂ ਇਹ ਕਹਿ ਲਈਏ ਕਿ ਮਨੁੱਖ ਦਾ ਸਭ ਤੋਂ ਨੇੜੇ ਦਾ ਸਾਥੀ ਜੇ ਕੋਈ ਹੈ ਤਾਂ ਉਹ ਕੁੱਤਾ ਹੈ, ਤਾਂ ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ। ਮਹਾਨ ਭਗਤ ਸੂਫੀ ਫਕੀਰ ਬੁਲ੍ਹੇ ਸ਼ਾਹ ਨੂੰ ਮੈਂ ਨਮਸਕਾਰ ਕਰਦਾ ਹਾਂ। ਉਹ ਲਿਖਦੇ ਹਨ :

ਤੈਥੋਂ ਬਾਜ਼ੀ ਲੈ ਗਏ ਕੁੱਤੇ,

ਰਾਤੀਂ ਜਾਗੇ, ਪੀਰ ਮਨਾਵੇ, ਰਾਤੀਂ ਜਾਗਣ ਕੁੱਤੇ,

ਤੈਥੋਂ ਬਾਜ਼ੀ ਲੈ ਗਏ ਕੁੱਤੇ, ਤੈਥੋਂ ਬਾਜੀ ਲੈ ਗਏ ਕੁੱਤੇ।

ਮਾਲਕ ਦਾ ਦਰ ਕਦੇ ਨਾ ਛੱਡਣ, ਭਾਵੇਂ ਸੌ-ਸੌ ਵੱਜਣ ਜੁੱਤੇ,

ਤੈਥੋਂ ਬਾਜ਼ੀ ਲੈ ਗਏ ਕੁੱਤੇ, ਤੈਥੋਂ ਬਾਜ਼ੀ ਲੈ ਗਏ ਕੁੱਤੇ।

ਉਨ੍ਹਾਂ ਨੂੰ ਲਗਾਮ ਪਾਉਣ ਦੀ ਅੱਜ ਕੋਸ਼ਿਸ਼ ਕਰਨ ਲੱਗੇ ਹਾਂ, ਉਨ੍ਹਾਂ ਦੀ ਗੱਲ ਹੈ। ਅੱਜ ਜਾਨਵਰ ਦੀ ਜਾਤੀ ਦੀ ਗੱਲ ਹੈ, ਉਸ ਦੀ ਹੋਂਦ ਦੀ ਗੱਲ ਹੈ, ਉਸ ਦੀ ਹੋਂਦ ਦਾ ਵਿਸ਼ਾ ਹੈ, ਉਸਦੀ ਹੋਂਦ ਦੀ ਚਰਚਾ ਹੈ। ਸਪੀਕਰ ਸਾਹਿਬ, ਜੇ ਥੋੜ੍ਹਾ ਜਿਹਾ ਪਿਛਾਂਹ ਨੂੰ ਜਾਈਏ ਤਾਂ ਹੀਰ ਸਲੇਟੀ ਭਾਵੇਂ ਚੂਰੀ ਕੁੱਟਦੀ ਲੇਟ ਹੋ ਗਈ ਹੋਵੇ ਤਾਂ ਵੀ ਲੋਕਾਂ ਨੇ ਉਸ ਤੇ ਗੀਤ ਬਣਾ ਦਿਤੇ। ਸਾਹਿਬਾਂ ਨੇ ਭਰਾਵਾਂ ਨੂੰ ਬਚਾਉਣ ਲਈ ਕਾਨੀਆਂ ਹੀ ਤੋੜ ਦਿਤੀਆਂ। ਉਸ ਤੇ ਕਿਸੇ ਨੇ ਕਿੰਤੂ ਨਹੀਂ ਕੀਤਾ ਅਤੇ ਉਹ ਇਤਿਹਾਸ ਦਾ, ਸਾਡੀ ਜ਼ਿੰਦਗੀ ਦਾ ਹਿੱਸਾ ਹੀ ਬਣ ਗਿਆ ਹੈ। ਪਰ ਇਨ੍ਹਾਂ ਜਾਨਵਰਾਂ ਦੀਆਂ ਵਫਾ ਦੀਆਂ ਵੀ ਗੱਲਾਂ ਚਲਦੀਆਂ ਹਨ, ਇਹ ਸਾਡੇ ਨਾਲ ਵਫਾਦਾਰ ਵੀ ਰਹੇ ਹਨ। ਅੱਜ ਮੈਂ ਕੁੱਤੇ ਤੋਂ ਅੱਗੇ, ਜੋ ਆਦਮੀ ਦੀ ਜ਼ਿੰਦਗੀ ਦਾ ਵਫਾਦਾਰ ਸਾਥੀ ਹੈ, ਉਹ ਹੈ ਘੋੜਾ, ਉਸ ਦੀ ਗੱਲ ਕਰਦਾ ਹਾਂ। ਸਾਰੀ ਉਮਰ ਆਦਮੀ ਟਾਂਗੇ ਵਾਲੇ ਘੋੜੇ ਨੂੰ ਵਾਹੁੰਦਾ ਹੈ, ਉਸਦੀ ਕਮਾਈ ਖਾਂਦਾ ਹੈ ਪਰ ਜਦੋਂ ਲਾਗਾ ਲੱਗ ਜਾਂਦਾ ਹੈ, ਪੈਰ ਤੇ ਰੋੜਾ

Original with;
Punjab Vidhan Sabha
Digitized by;
Panjab Digital Library

[ਕੈਪਟਨ ਬਲਬੀਰ ਸਿੰਘ ਬਾਠ]

ਵੱਜ ਜਾਂਦਾ ਹੈ ਜਾਂ ਬੁੱਢਾ ਹੋ ਜਾਂਦਾ ਹੈ ਤਾਂ ਮਾਲਕ ਉਸ ਨੂੰ ਸੜਕ ਤੇ ਛੱਡ ਦਿੰਦਾ ਹੈ ਕਿ ਮੈਂ ਹੁਣ ਇਸ ਨੂੰ ਕੀ ਕਰਨਾ ਹੈ। ਮਾਰਦਾ ਵੀ ਨਹੀਂ। ਇਸ ਲਈ ਨਹੀਂ ਮਾਰਦਾ ਕਿ ਮੈਂ ਇਕ ਚੰਗਾ ਕੰਮ ਕਰਨ ਲੱਗਿਆ ਹਾਂ ਅਤੇ ਉਸ ਨੂੰ ਸੜਕ ਤੇ ਛੱਡ ਦਿੰਦਾ ਹੈ। ਉਹੀ ਘੋੜਾ ਜਿਸ ਨੇ ਸੈਂਕੜੇ, ਲੱਖਾਂ ਲੋਕਾਂ ਨੂੰ ਆਪਣੀ ਮੰਜ਼ਿਲ ਤੇ ਪਹੁੰਚਾਇਆ ਹੁੰਦਾ ਹੈ, ਉਸ ਨੂੰ ਕਾਂ ਠੂੰਗੇ ਮਾਰਨ ਲੱਗ ਪੈਂਦਾ ਹੈ, ਲੱਤ ਕੰਮ ਨਹੀਂ ਕਰਦੀ, ਸਰੀਰ ਦਰਦ ਨਾਲ ਦੁਖ ਰਿਹਾ ਹੈ, ਉਹੀ ਘੋੜਾ ਸੜਕ ਤੇ ਆ ਜਾਂਦਾ ਹੈ ਅਤੇ ਜਦੋਂ ਕੋਈ ਕਾਰ ਜਾਂ ਕੋਈ ਗੱਡੀ ਆਉਂਦੀ ਹੈ ਤਾਂ ਉਸ ਨਾਲ ਐਕਸੀਡੈਂਟ ਹੋ ਜਾਂਦਾ ਹੈ ਅਤੇ ਪਰਿਵਾਰਾਂ ਦੇ ਪਰਿਵਾਰ ਖਤਮ ਹੋ ਜਾਂਦੇ ਹਨ। ਉਹੀ ਘੋੜਾ ਜਿਹੜਾ ਕਦੇ ਮੰਜ਼ਿਲੇ ਮਕਸੂਦ ਤੇ ਲੋਕਾਂ ਨੂੰ ਪਹੁੰਚਾਉਂਦਾ ਸੀ, ਐਕਸੀਡੈਂਟ ਦਾ ਕਾਰਨ ਬਣ ਜਾਂਦਾ ਹੈ। ਉਹੀ ਘੋੜਾ, ਸਪੀਕਰ ਸਾਹਿਬ, ਜਿਹੜਾ ਮਨੁੱਖ ਦਾ ਬਹੁਤ ਵੱਡਾ ਸਾਧਨ ਰਿਹਾ ਹੈ, ਸਾਥੀ ਰਿਹਾ ਹੈ, ਜਿਸ ਨੇ ਨੈਪੋਲੀਅਨ ਵਰਗਿਆਂ ਨੂੰ, ਮਹਾਰਾਜਾ ਰਣਜੀਤ ਸਿੰਘ ਵਰਗਿਆਂ ਨੂੰ ਅਤੇ ਚੰਗੇਜ ਖਾਂ ਵਰਗਿਆਂ ਦੀ ਡਾਕ ਨੂੰ ਚਾਰ ਚਾਰ ਸੌ ਮੀਲ ਇਕ ਦਿਨ ਵਿੱਚ ਪਹੁੰਚਾਇਆ, ਅੱਜ ਚਰਚਾ ਦਾ ਵਿਸ਼ਾ ਬਣ ਗਿਆ ਹੈ। ਅਵਾਰਾਪੁਣੇ ਵਿੱਚ ਆਦਮੀਆਂ ਦੀਆਂ ਨਜ਼ਰਾਂ ਤੋਂ ਗਿਰਦਾ ਜਾ ਰਿਹਾ ਹੈ। ਘੋੜਾ, ਕੁੱਤਾ ਜਾਂ ਕੋਈ ਇੱਧਰ ਹੋਵੇ। ** ** ** **ਇਥੇ ਅੱਜ ਜਾਨਵਰਾਂ ਦੀ ਗੱਲ ਹੋ ਰਹੀ ਹੈ। ਸਪੀਕਰ ਸਾਹਿਬ, ਇਨ੍ਹਾਂ ਦੇ ਕਾਰਨਾਂ ਨੂੰ ਜਾਨਣ ਦੀ ਲੋੜ ਹੈ। ਅੱਜ ਇਸ ਪਵਿੱਤਰ ਪਾਕ ਵਿਸ਼ੇ ਨੂੰ ਦੁਹਰਾਉਣ ਦੀ ਵੀ ਲੋੜ ਹੈ।

**ਮਾਨਯੋਗ ਸਪੀਕਰ** : ਇਹ ਜੋ ** ** ਕਿਹਾ ਗਿਆ ਹੈ, ਇਸ ਨੂੰ ਪ੍ਰੋਸੀਡਿੰਗ ਦਾ ਪਾਰਟ ਨਾ ਬਣਾਇਆ ਜਾਵੇ। ਇਹ ਮੈਂਬਰਾਂ ਨੂੰ ਅਵਾਰਾ ਜਾਨਵਰਾਂ ਨਾਲ ਮਿਲਾ ਰਹੇ ਹਨ। ਚਾਹੇ ਮੰਤਰੀ ਹੋਣ। Kindly, to the point ਤੁਸੀਂ ਪੋਅਟਿਕ ਨਾ ਬਣੋ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੈਂ ਖਿਮਾ ਮੰਗਦਾ ਹੈ। ਇਸ ਗੱਲ ਨੂੰ ਇੱਥੇ ਹੀ ਰੋਕ ਦਿੰਦਾ ਹਾਂ ਜੀ।

**ਮਾਨਯੋਗ ਸਪੀਕਰ** : ਤੁਸੀਂ ਮੈਂਬਰਾਂ ਨੂੰ ਪਸ਼ੂਆਂ ਨਾਲ ਮਿਲਾ ਰਹੇ ਹੋ। ਕਾਂਈਡਲੀ ਇਸ ਤਰ੍ਹਾਂ ਨਾ ਕਰੋ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੈਂ ਇਸ ਗੱਲ ਨੂੰ ਰੋਕ ਦਿੰਦਾ ਹਾਂ ਔਰ ਖਿਮਾਂ ਮੰਗਦਾ ਹਾਂ। ਜਾਨਵਰਾਂ ਅਤੇ ਆਦਮੀਆਂ ਦਾ ਬਹੁਤ ਹੀ ਪਾਕ ਪਵਿੱਤਰ ਰਿਸ਼ਤਾ ਹੈ। ਮੈਂ ਇਸ ਰਿਸ਼ਤੇ ਵੱਲ ਹਾਉਸ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਮੇਰਾ ਮਤਲਬ ਹੈ ਗਾਂ ਤੋਂ। ਗਾਂ ਦੇ ਰਿਸ਼ਤੇ ਦੀ ਗੱਲ ਮੇਰੀ ਭੈਣ ਨੇ ਵੀ ਕੀਤੀ ਹੈ, ਹੋਰਨਾਂ ਨੇ ਵੀ ਕੀਤੀ ਹੈ। ਸਾਡੇ ਇਸ਼ਟ ਮੁਤਾਬਕ ਗਾਂ ਦਾ ਰੁਤਬਾ ਬਹੁਤ ਵੱਡਾ ਹੈ। ਬਾਕੀ ਜਾਨਵਰਾਂ ਵਿੱਚੋਂ ਕਿਸੇ ਨੂੰ ਮਾਂ ਦਾ ਅਹੁਦਾ ਨਹੀਂ ਮਿਲਿਆ, ਗਾਂ ਨੂੰ ਮਿਲਿਆ ਹੈ। ਇਹ ਬੜੀ ਵੱਡੀ ਗੱਲ ਹੈ। ਜਾਂ ਤਾਂ ਜ਼ਮੀਨ ਨੂੰ ਮਾਂ ਦਾ ਰੁਤਬਾ ਮਿਲਿਆ ਹੈ ਜਾਂ ਫਿਰ ਗਾਂ ਨੂੰ। ਬਾਬਾ ਫਰੀਦ ਜੀ ਤਾਂ ਬਹੁਤ ਅਗਾਂਹ ਚਲੇ ਗਏ ਹਨ, ਮੈਂ ਉਨ੍ਹਾਂ ਨੂੰ ਨਮਸਕਾਰ ਕਰਦਾ ਹਾਂ, ਫਰਮਾਇਆ ਹੈ :

ਫਰੀਦਾ ਖਾਕੁ ਨ ਨਿੰਦੀਐ ਖਾਕੁ ਜੇਡ ਨ ਕੋਇ ॥
ਜੀਵਦਿਆਂ ਪੈਰ ਤਲੇ ਮੋਇਆਂ ਉਪਰਿ ਹੋਇ ॥

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਇਸ ਲਈ ਜਾਂ ਤਾਂ ਧਰਤੀ ਨੂੰ ਮਾਂ ਦਾ ਰੁਤਬਾ ਦਿੱਤਾ ਗਿਆ ਹੈ ਅਤੇ ਜਾਂ ਫਿਰ ਗਾਂ ਨੂੰ। ਬਾਕੀ ਹੋਰ ਕਿਸੇ ਜਾਨਵਰ ਨੂੰ ਇਹ ਰੁਤਬਾ ਨਹੀਂ ਮਿਲਿਆ। ਇਸ ਦੇ ਕਈ ਕਾਰਨ ਹਨ। ਸਭ ਤੋਂ ਪਹਿਲਾਂ, ਸਪੀਕਰ ਸਾਹਿਬ, ਜੇ ਇਜਾਜ਼ਤ ਦਿਓ ਤਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਗਾਂ ਦਾ ਗੋਬਰ ਕੀਟਨਾਸ਼ਕ ਹੈ। ਇਸ ਵਿੱਚ ਕਈ ਕੀਟਨਾਸ਼ਕ ਚੀਜ਼ਾਂ ਹਨ। ਸਾਡੀਆਂ ਮਾਤਾਵਾਂ ਚੁੱਲੇ ਨੂੰ ਗੋਬਰ ਦਾ ਲੇਪ ਕਰਦੀਆਂ ਸਨ ਕਿਉਂਕਿ ਇਸ ਲੇਪ ਨਾਲ ਫਿਰ ਕੀੜੇ-ਮਕੌੜੇ ਜਾਂ ਮੱਖੀ ਨਹੀਂ ਸੀ ਆ ਸਕਦੀ। ਚੇਤਾ ਕਰੋ, ਜੇ ਕਿਸੇ ਨੇ ਆਪਣੇ ਹੱਥੀਂ ਟਰੈਕਟਰ ਵਾਹਿਆ ਹੋਵੇ। ਅੱਜਕੱਲ੍ਹ ਤਾਂ ਨਵੇਂ ਟਰੈਕਟਰ, ਨਵੀਂ ਮਸ਼ੀਨਰੀ ਆ ਗਈ ਹੈ। ਅੱਜ ਤੋਂ ਕੋਈ 25 ਕੁ ਸਾਲ ਪਹਿਲਾਂ ਜਦੋਂ ਪੁਰਾਣੇ ਟਰੈਕਟਰ ਹੁੰਦੇ ਸਨ ਤਾਂ ਕਿਸੇ ਦੇ ਹੱਥ ਗਰੀਸ ਨਾਲ ਲਿਬੜ ਜਾਣ ਤੇ ਸਾਬਣ ਨਾਲ ਸਾਫ ਨਾ ਹੋਣ ਤਾਂ ਸਭ ਤੋਂ ਵਧੀਆ ਗਾਂ ਦਾ ਗੋਬਰ ਗਿਣਿਆ ਜਾਂਦਾ ਸੀ, ਹੱਥ ਸਾਫ ਕਰਨ ਲਈ। ਇਸ ਨਾਲ ਹੱਥ ਸਾਫ ਹੋ ਜਾਂਦੇ ਸਨ। ਇਹ ਬੜੀ ਵਧੀਆ ਗੱਲ ਸੀ। ਸਪੀਕਰ ਸਾਹਿਬ, ਗਾਂ ਦਾ ਗੋਬਰ ਔਸ਼ਧੀ ਵੀ ਹੈ। ਇਹ ਬੜੀ ਵੱਡੀ ਔਸ਼ਧੀ ਹੈ। ਸਾਡੇ ਗਵਾਂਢੀ ਸੂਬੇ ਯੂ.ਪੀ. ਵਿੱਚ ਗਾਂ ਦੇ ਪਿਸ਼ਾਬ ਦਾ ਰੇਟ ਬੰਨ ਦਿੱਤਾ ਗਿਆ ਹੈ ਔਰ ਇਹ 5 ਰੁਪਏ ਲੀਟਰ ਵਿਕਦਾ ਹੈ। ਇਹ ਸਿਰਫ ਇਸ ਦੀਆਂ ਔਸ਼ਧੀਆਂ, ਇਸ ਦੇ ਗੁਣਾਂ ਦੀ ਬਦੌਲਤ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਨੂੰ ਵੀ ਇਸ ਪਾਸੇ ਕੁਝ ਕਰਨਾ ਚਾਹੀਦਾ ਹੈ। ਧਾਰਮਿਕ ਪੱਖ ਤੋਂ ਮੈਂ ਬੇਨਤੀ ਕਰਦਾ ਹਾਂ ਕਿ ਸਾਡੇ ਮੰਦਰਾਂ ਵਿੱਚ ਗਾਂ ਦਾ ਬਹੁਤ ਹੀ ਪਾਕ ਪਵਿੱਤਰ ਅਸਥਾਨ ਹੈ। ਗੁਰੂ ਨਾਨਕ ਸਾਹਿਬ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ :

ਧੌਲੁ ਧਰਮੁ ਦਇਆ ਕਾ ਪੂਤੁ ॥

**ਮਾਨਯੋਗ ਸਪੀਕਰ** : ਸਾਹਿਤਿਕ ਨਾ ਬਣੋ । ਸੁਝਾਓ ਦਿਓ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਅਸੀਂ ਡੰਗਰਾਂ ਦੇ ਗੁਣਾਂ ਨੂੰ ਬਾਖੂਬੀ ਸਮਝਦੇ ਹਾਂ। ਮੈਂ ਇਨ੍ਹਾਂ ਸਾਰੇ ਗੁਣਾਂ ਤੋਂ ਵਾਕਫ ਹਾਂ। ਜਿਹੜੇ ਅਵਾਰਾ ਪਸ਼ੂ ਹਨ, ਇਨ੍ਹਾਂ ਨੂੰ ਕੰਟਰੋਲ ਕਰਨ ਦੀ ਲੋੜ ਹੈ, ਜਿਸ ਨਾਲ ਕੀਮਤੀ ਜਾਨਾਂ ਬਚ ਸਕਣ। ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਨੇ ਬਹੁਤ ਵਧੀਆ ਸੁਝਾਓ ਦਿੱਤੇ ਔਰ ਮੇਰਾ ਵੀ ਸੁਝਾਓ ਹੈ ਕਿ ਕਿਸਾਨੀ ਸਾਡਾ ਅਹਿਮ ਅੰਗ ਹੈ। ਛੋਟੇ ਕਿਸਾਨਾਂ ਲਈ ਇਹ ਡੰਗਰ ਬਹੁਤ ਮਹੱਤਵ ਰੱਖਦਾ ਹੈ, ਦਲਿਤਾਂ ਲਈ ਬਹੁਤ ਮਹੱਤਵ ਰੱਖਦਾ ਹੈ, ਜਿਨ੍ਹਾਂ ਨੇ ਡੇਲੀ ਮਜ਼ਦੂਰੀ ਕਰਕੇ ਆਪਣਾ ਗੁਜ਼ਾਰਾ ਕਰਨਾ ਹੈ। ਮੈਂ ਹਾਊਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਬੁੱਚੜਖਾਨੇ ਬੰਦ ਕਰਨ ਦੀ ਲੋੜ ਨਹੀਂ, ਸਗੋਂ ਖੋਲ੍ਹਣ ਦੀ ਲੋੜ ਹੈ। ਇਨ੍ਹਾਂ ਦੀ ਨਸਲਕੁਸ਼ੀ ਬੰਦ ਕੀਤੀ ਜਾਵੇ ਔਰ ਪਾਪੂਲੇਸ਼ਨ ਤੇ ਕੰਟਰੋਲ ਕੀਤਾ ਜਾਵੇ। ਅੱਜ ਇਨ੍ਹਾਂ ਗੱਲਾਂ ਦੀ ਲੋੜ ਹੈ ਤਾਂ ਕਿ ਐਕਸੀਡੈਂਟ ਤੋਂ ਬਚਾਅ ਕੀਤਾ ਜਾ ਸਕੇ। ਇਨ੍ਹਾਂ ਪਸ਼ੂਆਂ ਨੂੰ ਸੜਕਾਂ ਤੇ ਆਉਣ ਤੋਂ ਰੋਕਿਆ ਜਾ ਸਕੇ। ਸਪੀਕਰ ਸਾਹਿਬ, ਜਿਸ ਤਰ੍ਹਾਂ ਅਸੀਂ ਆਪਣੇ ਬਜ਼ੁਰਗ ਮਾਪਿਆਂ ਦਾ ਸਤਿਕਾਰ ਕਰਦੇ ਹਾਂ, ਕਈ ਤਾਂ ਘਰੋਂ ਕੱਢ ਦਿੰਦੇ ਹਨ ਜੋ ਚੰਗਾ ਨਹੀਂ ਪਰ ਇਨ੍ਹਾਂ ਜਾਨਵਰਾਂ ਨੂੰ ਕੱਢਣ ਦੀ ਜਗ੍ਹਾ ਕਨੂੰਨ ਬਣਾਏ ਜਾਣ। ਇਹੀ ਮੇਰੀ ਬੇਨਤੀ ਹੈ। ਧੰਨਵਾਦ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਸਰਦਾਰ ਤਰਲੋਚਨ ਸਿੰਘ ਜੀ . . . . ਹਾਂ ਜੀ, ਨਹੀਂ ਹੈ। ਡਾਕਟਰ ਰਤਨ ਸਿੰਘ ਜੀ।

**ਡਾਕਟਰ ਰਤਨ ਸਿੰਘ (ਅਜਨਾਲਾ)** : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਬਹੁਤ ਅਹਿਮ ਮਤੇ ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਚੌਧਰੀ ਸਾਹਿਬ ਕਹਿ ਰਹੇ ਸਨ ਕਿ ਮਤਾ ਬਹੁਤ ਛੋਟਾ ਹੈ ਪਰ ਮੈਂ ਕਹਿੰਦਾ ਹਾਂ ਕਿ ਇਹ ਮਤਾ ਲੋਕਾਂ ਦੀ ਜ਼ਿੰਦਗੀ ਨਾਲ ਸਬੰਧਤ ਹੈ। ਇਸ ਮਤੇ ਵਿੱਚ ਸਾਰਾ ਪੰਜਾਬ ਇਨਵਾਲਵਡ ਹੈ, ਭਾਵੇਂ ਕੋਈ ਪਿੰਡਾਂ ਵਿੱਚ ਰਹਿੰਦਾ ਹੈ ਔਰ ਭਾਵੇਂ ਸ਼ਹਿਰਾਂ ਵਿੱਚ ਰਹਿੰਦਾ ਹੈ। ਸਪੀਕਰ ਸਾਹਿਬ, ਜਿਹੜਾ ਆਵਾਰਾ ਲਫ਼ਜ਼ ਹੈ, ਆਵਾਰਾ ਡੰਗਰ ਵੀ ਮਾੜਾ ਹੈ ਅਤੇ ਆਵਾਰਾ ਬੰਦਾ ਵੀ ਮਾੜਾ ਹੈ। ਆਵਾਰਾ ਡੰਗਰ ਨੂੰ ਸੰਭਾਲਣਾ ਬਹੁਤ ਮੁਸ਼ਕਲ ਹੈ। ਆਵਾਰਾ ਡੰਗਰ ਉਹ ਹੁੰਦਾ ਹੈ, ਜਿਸ ਦੀ ਲੋੜ ਨਹੀਂ ਹੁੰਦੀ। ਆਵਾਰਾ ਬੰਦਾ ਉਹ ਹੁੰਦਾ ਹੈ, ਜਿਸ ਦੀ ਘਰ ਲੋੜ ਨਹੀਂ ਹੁੰਦੀ। ਹੈ ਤਾਂ ਦੋਨੋਂ ਗੱਲਾਂ ਮਾੜੀਆਂ। ਜਿਹੜਾ ਆਵਾਰਾ ਡੰਗਰ ਹੈ, ਉਹ ਮਨੁੱਖਤਾ ਲਈ ਬਹੁਤ ਮਾੜਾ ਹੈ। ਇਸ ਲਈ ਜਿਹੜਾ ਮਤਾ ਸਰਦਾਰ ਹਰੀ ਸਿੰਘ ਜ਼ੀਰਾ ਨੇ ਲਿਆਂਦਾ ਹੈ, ਇਹ ਬਹੁਤ ਮਹੱਤਵਪੂਰਣ ਹੈ। ਪੰਜਾਬ ਵਿੱਚ ਆਵਾਰਾ ਡੰਗਰ ਕਿਹੜੇ-ਕਿਹੜੇ ਹਨ। ਸਭ ਤੋਂ ਵੱਡੀ ਗੱਲ ਜਿਹੜੀ ਮੇਰੇ ਸਾਥੀਆਂ ਨੇ ਦੱਸੀ ਹੈ ਕਿ ਜਿਹੜੇ ਵੱਛੇ ਪੈਦਾ ਹੁੰਦੇ ਹਨ, ਇਨ੍ਹਾਂ ਦੀ ਲੋੜ ਨਹੀਂ ਕਿਉਂਕਿ ਸਮੇਂ ਦੇ ਨਾਲ ਲੋੜਾਂ ਬਦਲਦੀਆਂ ਰਹਿੰਦੀਆਂ ਹਨ। ਕੋਈ ਟਾਈਮ ਸੀ ਜਦੋਂ ਹਲ ਵਾਹੁੰਦੇ ਸੀ ਤਾਂ ਇਨ੍ਹਾਂ ਬਲਦਾਂ ਦੀ ਲੋੜ ਪੈਂਦੀ ਸੀ ਪਰ ਕਿਉਂਕਿ ਹੁਣ ਸਮਾਂ ਬਦਲ ਗਿਆ ਹੈ, ਮਸ਼ੀਨਰੀ ਆ ਗਈ ਹੈ, ਇਸ ਕਰਕੇ ਇਨ੍ਹਾਂ ਦੀ ਲੋੜ ਖਤਮ ਹੋ ਗਈ ਹੈ। ਇਸੇ ਕਰਕੇ ਹੀ ਬਹੁਤ ਸਾਰੀ ਗਿਣਤੀ ਆਵਾਰਾ ਵੱਛਿਆਂ ਦੀ ਹੈ। ਦੂਸਰੀ ਜਿਹੜੀ ਆਵਾਰਾ ਪਸ਼ੂਆਂ ਦੀ ਵੱਡੀ ਗਿਣਤੀ ਹੈ, ਉਹ ਗਾਵਾਂ ਹਨ। ਸਪੀਕਰ ਸਾਹਿਬ, ਜਿਹੜੀ ਪੰਜਾਬ ਵਿੱਚ ਗਊਆਂ ਦੀ ਦੋਗਲੀ ਨਸਲ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਨਾਲ ਪੰਜਾਬ ਦੇ ਡੇਅਰੀ ਸਿਸਟਮ ਵਿੱਚ ਬਹੁਤ ਵੱਡੀ ਤਬਦੀਲੀ ਆਈ ਹੈ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਦੁੱਧ ਦਾ ਉਤਪਾਦਨ ਵਧਿਆ ਹੈ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਲੋਕਾਂ ਦਾ ਜਿਹੜਾ ਡੇਅਰੀ ਦਾ ਧੰਦਾ ਸੀ, ਉਹ ਵਧਿਆ ਹੈ ਪਰ ਮੁਸ਼ਕਲ ਇਸ ਗੱਲ ਦੀ ਹੈ ਕਿ ਜਿਹੜੇ ਡੰਗਰ ਦੁਬਾਰਾ ਨਵੇਂ ਦੁੱਧ ਨਹੀਂ ਹੁੰਦੇ, ਉਹ ਅਵਾਰਾ ਕਰ ਦਿੱਤੇ ਜਾਂਦੇ ਹਨ। ਇਸ ਕਰਕੇ ਆਵਾਰਾ ਪਸ਼ੂਆਂ ਦੀ ਦੂਸਰੀ ਵੱਡੀ ਗਿਣਤੀ ਗਾਵਾਂ ਦੀ ਹੈ। ਤੀਸਰੀ ਆਵਾਰਾ ਪਸ਼ੂਆਂ ਦੀ ਵੱਡੀ ਗਿਣਤੀ ਜਿਹੜੀ ਹੈ, ਜਿਸ ਤਰ੍ਹਾਂ ਹੋਰ ਮੈਂਬਰ ਸਾਹਿਬਾਨ ਨੇ ਵੀ ਦੱਸਿਆ ਹੈ, ਉਹ ਕੁੱਤਿਆਂ ਦੀ ਹੈ। ਇਹ ਵੀ ਬਹੁਤ ਵੱਡੀ ਮੁਸੀਬਤ ਹੈ, ਖਾਸ ਤੌਰ ਤੇ ਜਦੋਂ ਆਪਾਂ ਸੜਕਾਂ ਤੇ ਚਲਦੇ ਹਾਂ। ਚੌਥੀ ਵੱਡੀ ਗਿਣਤੀ ਜਿਹੜੀ ਹੈ, ਜਿਹੜੇ ਸਾਡੇ ਗਵਾਂਢੀ ਸੂਬੇ ਹਨ, ਜਿਸ ਤਰ੍ਹਾਂ ਆਪਣੇ ਨਾਲ ਹਰਿਆਣਾ ਲਗਦਾ ਹੈ, ਉਥੋਂ ਬਹੁਤ ਸਾਰੇ ਆਵਾਰਾ ਡੰਗਰ ਆਉਂਦੇ ਹਨ। ਜਿਹੜੇ ਬਾਰਡਰ ਤੇ ਜ਼ਿਲ੍ਹੇ ਹਨ, ਜਿਵੇਂ ਬਠਿੰਡਾ, ਸੰਗਰੂਰ ਅਤੇ ਮਾਨਸਾ, ਇਨ੍ਹਾਂ ਜ਼ਿਲ੍ਹਿਆਂ ਵਿੱਚ ਆਵਾਰਾ ਪਸ਼ੂਆਂ ਦੀ ਗਿਣਤੀ ਜ਼ਿਆਦਾ ਹੈ ਕਿਉਂਕਿ ਜਿਹੜੀ ਗਵਾਂਢੀ ਸਟੇਟ ਹੈ,

Original with;
Punjab Vidhan Sabha
Digitized by:
Panjab Digital Library

ਉਹ ਆਪਣੇ ਆਵਾਰਾ ਪਸ਼ੂ ਉਥੇ ਛੱਡ ਦਿੰਦੀ ਹੈ। ਬਹੁਤ ਸਾਰੇ ਡੰਗਰ, ਤੁਹਾਨੂੰ ਵੀ ਪਤਾ ਹੈ, ਤੁਸੀਂ ਮੁਕੇਰੀਆਂ ਦੇ ਰਹਿਣ ਵਾਲੇ ਹੋ, ਜਿਹੜਾ ਕੰਡੀ ਏਰੀਆ ਹੈ, ਉਥੇ ਆਵਾਰਾ ਪਸ਼ੂਆਂ ਦੀ ਬਹੁਤ ਵੱਡੀ ਪਰਾਬਲਮ ਹੈ। ਰਾਤ ਨੂੰ ਪਸ਼ੂ ਜੰਗਲਾਂ ਵਿੱਚੋਂ ਆ ਕੇ ਜ਼ਿਮੀਦਾਰਾਂ ਦੀਆਂ ਫ਼ਸਲਾਂ ਦਾ ਨੁਕਸਾਨ ਕਰਕੇ, ਆਪਣਾ ਪੇਟ ਭਰ ਕੇ ਫਿਰ ਜੰਗਲ ਵਿੱਚ ਚਲੇ ਜਾਂਦੇ ਹਨ। ਇਹ ਪੰਜਾਬ ਦੇ ਲੋਕਾਂ ਲਈ ਆਵਾਰਾ ਪਸ਼ੂਆਂ ਦੀ ਵੱਡੀ ਪਰਾਬਲਮ ਹੈ। ਆਵਾਰਾ ਪਸ਼ੂ ਇਕੱਠੇ ਕਿਥੇ ਹੁੰਦੇ ਹਨ? ਮੇਰੇ ਸਾਥੀ ਸਰਦਾਰ ਤੋਤਾ ਸਿੰਘ ਹੁਰਾਂ ਨੇ ਦੱਸਿਆ ਹੈ ਕਿ ਜਿਥੇ ਪੰਜਾਬ ਵਿੱਚ ਮੰਡੀਆਂ ਲਗਦੀਆਂ ਹਨ ਅਤੇ ਲੋਕ ਡੰਗਰ ਵੇਚਣ ਲਈ ਲੈ ਕੇ ਜਾਂਦੇ ਹਨ, ਉਥੇ ਨਾਲ ਹੀ ਆਵਾਰਾ ਡੰਗਰ ਲੈ ਜਾਂਦੇ ਹਨ। ਉਹ ਵੇਚਣ ਵਾਲੇ ਡੰਗਰ ਵੇਚ ਦਿੰਦੇ ਹਨ ਅਤੇ ਆਵਾਰਾ ਡੰਗਰ ਇਕੱਠੇ ਕਰਕੇ ਛੱਡ ਦਿੰਦੇ ਹਨ। ਦੂਸਰੀ ਵੱਡੀ ਗਿਣਤੀ ਆਵਾਰਾ ਪਸ਼ੂਆਂ ਦੀ ਕਿੱਥੇ ਹੁੰਦੀ ਹੈ ? ਸਪੀਕਰ ਸਾਹਿਬ, ਸ਼ਹਿਰਾਂ ਵਿੱਚ ਹੁੰਦੀ ਹੈ। ਜਦੋਂ ਵੀ ਲੋਕ ਸ਼ਹਿਰਾਂ ਵਿੱਚ ਜਾਂਦੇ ਹਨ ਤਾਂ ਜਿਹੜਾ ਡੰਗਰ ਸਾਡੇ ਕੋਲ ਵਾਧੂ ਹੁੰਦਾ ਹੈ, ਉਸ ਨੂੰ ਸ਼ਹਿਰ ਵਿੱਚ ਲੈ ਆਈਦਾ ਹੈ। ਸ਼ਹਿਰਾਂ ਵਿੱਚ ਬਾਹਲੇ ਡੰਗਰ ਫਿਰ ਤੁਰ ਕੇ, ਦੁਕਾਨਾਂ ਅੱਗੇ ਫਿਰ ਕੇ ਆਪਣਾ ਗੁਜ਼ਾਰਾ ਕਰਦੇ ਹਨ। ਇਹ ਦੋ ਚੀਜ਼ਾਂ ਜਿਹੜੀਆਂ ਹਨ, ਸ਼ਹਿਰਾਂ ਦੀਆਂ ਮੰਡੀਆਂ ਅਤੇ ਸ਼ਹਿਰ, ਮੈਂ ਕਹਿ ਲਵਾਂ ਕਿ ਆਵਾਰਾ ਪਸ਼ੂਆਂ ਦੀ ਮੈਕਸੀਮਮ ਗਿਣਤੀ ਇਥੇ ਹੁੰਦੀ ਹੈ। ਮੁਸ਼ਕਲ ਇਸ ਗੱਲ ਦੀ ਹੈ ਕਿ ਜਦੋਂ ਕੋਈ ਵੀ ਆਵਾਰਾ ਪਸ਼ੂ ਬਿਮਾਰ ਹੋਵੇ, ਜਿਸ ਤਰ੍ਹਾਂ ਮੂੰਹ ਖੁਰ ਦੀ ਬਿਮਾਰੀ ਹੈ, ਇਸ ਨੂੰ ਕਿਵੇਂ ਹੱਲ ਕੀਤਾ ਜਾਵੇ। ਮੈਨੂੰ ਪਤਾ ਹੈ 1997 ਵਿੱਚ ਮੋਗੇ ਵਿੱਚ ਮੂੰਹ ਖੁਰ ਦੀ ਬਿਮਾਰੀ ਨਾਲ ਬਹੁਤ ਸਾਰੇ ਪਸ਼ੂ ਮਰੇ ਸਨ। ਉਸ ਦਾ ਕਾਰਨ ਇਹ ਸੀ ਕਿ ਰਾਜਸਥਾਨ ਵਿਚੋਂ ਕੋਈ ਬਿਮਾਰੀ ਵਾਲਾ ਪਸ਼ੂ ਮੋਗੇ ਆ ਗਿਆ। ਇਸ ਨਾਲ ਪੰਜਾਬ ਦੇ ਬਹੁਤ ਸਾਰੇ ਪਸ਼ੂਆਂ ਦਾ ਨੁਕਸਾਨ ਹੋਇਆ। ਲੋੜ ਹੈ ਇਨ੍ਹਾਂ ਚੀਜ਼ਾਂ ਨੂੰ ਕੰਟਰੋਲ ਕਰਨ ਦੀ। ਜਿਥੇ ਫ਼ਸਲਾਂ ਦੀ ਬਿਜਾਈ ਹੋਣੀ ਹੈ, ਉਥੇ ਸਭ ਤੋਂ ਅਹਿਮ ਮਸਲਾ, ਸਪੀਕਰ ਸਾਹਿਬ, ਜੋ ਸਭ ਦੇ ਸਾਹਮਣੇ ਪੇਸ਼ ਆ ਰਿਹਾ ਹੈ, ਉਹ ਸੜਕਾਂ ਦੀ ਆਵਾਜਾਈ ਦਾ ਹੈ। ਪਹਿਲਾਂ ਗੱਡੀਆਂ ਕਾਰਾਂ ਦੀ ਗਿਣਤੀ ਬਹੁਤ ਘੱਟ ਸੀ ਪਰ ਹੁਣ ਤਾਂ ਇਨ੍ਹਾਂ ਦੀ ਗਿਣਤੀ ਵਿਚ ਅਣਗਿਣਤ ਵਾਧਾ ਹੋ ਗਿਆ ਹੈ ਔਰ ਖਾਸ ਤੌਰ ਤੇ ਜਿਹੜੇ ਸਫਰ ਕਰਨ ਵਾਲੇ ਲੋਕ ਹਨ, ਉਨ੍ਹਾਂ ਦੇ ਵਾਸਤੇ ਇਹ ਅਵਾਰਾ ਪਸ਼ੂ ਬਹੁਤ ਵੱਡੀ ਸਮੱਸਿਆ ਬਣ ਚੁੱਕੇ ਹਨ। ਸਪੀਕਰ ਸਾਹਿਬ, ਤੁਹਾਨੂੰ ਵੀ ਬਾਹਰਲੇ ਮੁਲਕਾਂ ਦੇ ਵਿੱਚ ਜਿਵੇਂ ਅਮਰੀਕਾ ਜਾਂ ਕੈਨੇਡਾ ਵਰਗੇ ਦੇਸ਼ ਹਨ, ਉਨ੍ਹਾਂ ਵਿਚ ਜਾਣ ਦਾ ਮੌਕਾ ਮਿਲਿਆ ਹੋਵੇਗਾ। ਉਥੇ ਜਿੰਨੇ ਵੀ ਹਾਈਵੇਜ਼ ਹੁੰਦੇ ਹਨ, ਉਥੇ ਇਨ੍ਹਾਂ ਦੀ ਪ੍ਰੋਟੈਕਸ਼ਨ ਵਾਸਤੇ, ਸਾਰਿਆਂ ਹਾਈਵੇਜ਼ ਦੇ ਉਤੇ ਤਾਰਾਂ ਲਗਾਈਆਂ ਹੁੰਦੀਆਂ ਹਨ ਤਾਂਕਿ ਇਸ ਤਰ੍ਹਾਂ ਦੇ ਅਵਾਰਾ ਪਸ਼ੂ ਇਨ੍ਹਾਂ ਹਾਈਵੇਜ਼ ਦੇ ਉਤੇ ਐਂਟਰ ਨਾ ਕਰ ਸਕਣ ਤੇ ਲੋਕਾਂ ਦਾ ਜਾਨੀ ਤੇ ਮਾਲੀ ਨੁਕਸਾਨ ਨਾ ਹੋਵੇ। ਸਪੀਕਰ ਸਾਹਿਬ, ਆਪਾਂ ਤਾਂ ਗਰੀਬ ਹਾਂ ਔਰ ਸਾਡੇ ਤਾਂ ਇਸ ਤਰ੍ਹਾਂ ਖਰਚਾ ਨਹੀਂ ਕਰ ਸਕਦੇ ਅਤੇ ਇਸ ਤਰ੍ਹਾਂ ਦੀਆਂ ਤਾਰਾਂ ਨਹੀਂ ਲਗ ਸਕਦੀਆਂ ਪਰ ਹੋਰ

Original with;
Punjab Vidhan Sabha
Digitized by;
Panjab Digital Library

[ਡਾਕਟਰ ਰਤਨ ਸਿੰਘ]

ਤਰੀਕਿਆਂ ਦੇ ਨਾਲ ਅਸੀਂ ਇਨ੍ਹਾਂ ਪਸ਼ੂਆਂ ਦੇ ਉਤੇ ਕੰਟਰੋਲ ਕਰਨ ਵਿਚ ਕਾਫੀ ਯੋਗਦਾਨ ਪਾ ਸਕਦੇ ਹਾਂ। ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਵਿਚ ਹੁਣ ਤਾਂ ਇਹ ਪ੍ਰੰਪਰਾ ਨਹੀਂ ਰਹੀ ਹੈ। ਜਦੋਂ ਅਸੀਂ ਛੋਟੇ ਛੋਟੇ ਹੁੰਦੇ ਸੀ ਤਾਂ ਉਦੋਂ ਹਰੇਕ ਪਿੰਡ ਦੇ ਵਿੱਚ ਫਾਟਕ ਹੁੰਦੇ ਸਨ ਅਤੇ ਜੇਕਰ ਕਿਸੇ ਜ਼ਿਮੀਂਦਾਰ ਦਾ ਅਵਾਰਾ ਪਸ਼ੂ ਕਿਸੇ ਦੇ ਖੇਤ ਵਿਚ ਚਲਿਆ ਜਾਂਦਾ ਸੀ ਤਾਂ ਉਸ ਨੂੰ ਫੜ੍ਹ ਕੇ ਫਾਟਕ ਦੇ ਇੰਚਾਰਜ਼ ਕੋਲ ਲਿਆ ਦਿੰਦੇ ਸੀ। ਜਦੋਂ ਇਨ੍ਹਾਂ ਫਾਟਕਾਂ ਦੇ ਵਿੱਚ ਕਿਸੇ ਕਿਸਾਨ ਜਾਂ ਜ਼ਿਮੀਂਦਾਰ ਦਾ ਪਸ਼ੂ ਚਲਿਆ ਜਾਂਦਾ ਸੀ ਤਾਂ ਉਹ ਇਨ੍ਹਾਂ ਪਸ਼ੂਆਂ ਦੇ ਮਾਲਕਾਂ ਤੋਂ ਨਾਮੀਨਲ ਜੁਰਮਾਨਾ ਲੈਂਦਾ ਸੀ ਕਿ ਤੇਰਾ ਪਸ਼ੂ ਸਾਡੇ ਕੋਲ ਦੋ, ਤਿੰਨ ਜਾਂ ਜ਼ਿਆਦਾ ਦਿਨ ਰਿਹਾ ਹੈ ਅਤੇ ਤੇਰੇ ਪਸ਼ੂ ਦੇ ਉਤੇ ਏਨਾ ਖਰਚਾ ਹੋਇਆ ਹੈ। ਉਹ ਜ਼ਿਮੀਂਦਾਰ ਇਹ ਖਰਚਾ ਭਰ ਕੇ ਆਪਣਾ ਪਸ਼ੂ ਵਾਪਸ ਲੈ ਜਾਂਦਾ ਸੀ। ਇਸ ਤਰ੍ਹਾਂ ਉਦੋਂ ਲੋਕੀਂ ਡਰਦੇ ਸਨ ਕਿ ਜੇਕਰ ਸਾਡਾ ਪਸ਼ੂ ਕਿਸੇ ਦੀ ਫਸਲ ਦਾ ਨੁਕਸਾਨ ਕਰਦਾ ਫੜ੍ਹਿਆ ਜਾਵੇਗਾ ਤਾਂ ਸਾਨੂੰ ਇਸ ਦਾ ਜੁਰਮਾਨਾ ਦੇਣਾ ਪਵੇਗਾ। ਮੈਂ ਸਬੰਧਤ ਮੰਤਰੀ, ਜੋ ਕਿ ਹਾਊਸ ਦੇ ਵਿਚ ਬੈਠੇ ਹਨ, ਹੁਰਾਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਤਰ੍ਹਾਂ ਦੇ ਸਿਸਟਮ ਨੂੰ ਦੁਬਾਰਾ ਚਾਲੂ ਕਰ ਲੈਣਾ ਚਾਹੀਦਾ ਹੈ। ਇਸ ਦੇ ਵਿਚ ਪਿੰਡਾਂ ਦੀਆਂ ਪੰਚਾਇਤਾਂ ਨੂੰ ਨਾਲ ਲੈ ਕੇ ਇਸ ਸਿਸਟਮ ਨੂੰ ਰਿਵਾਈਵ ਕਰਨਾ ਚਾਹੀਦਾ ਹੈ ਤਾਂਕਿ ਇਸ ਤਰ੍ਹਾਂ ਜਿਹੜੇ ਅਵਾਰਾ ਪਸ਼ੂ ਹਨ ਉਨ੍ਹਾਂ ਨੂੰ ਇਕੱਠਾ ਕਰ ਸਕੀਏ ਅਤੇ ਜਿਸ ਦਾ ਅਵਾਰਾ ਪਸ਼ੂ ਹੋਵੇਗਾ, ਉਸ ਨੂੰ ਨਾਮੀਨਲ ਜੁਰਮਾਨਾ ਦੇਣਾ ਪਵੇਗਾ। ਇਸ ਤਰ੍ਹਾਂ ਪਿੰਡਾਂ ਦੇ ਵਿਚ ਇਹ ਸਮੱਸਿਆ ਹੱਲ ਕਰ ਸਕਦੇ ਹਾਂ। ਸਪੀਕਰ ਸਾਹਿਬ, ਜੋ ਗਊਸ਼ਾਲਾ ਦੀ ਗੱਲ ਕੀਤੀ ਗਈ ਹੈ, ਜਿੰਨੀਆਂ ਵੀ ਗਊਸ਼ਾਲਾਵਾਂ ਹਨ, ਜਦੋਂ ਉਨ੍ਹਾਂ ਦੇ ਵਿੱਚ ਕੋਈ ਡੰਗਰ ਭੇਜਦਾ ਹੈ ਤਾਂ ਉਸ ਦੇ ਪੈਸੇ ਲਏ ਜਾਂਦੇ ਹਨ। ਪਰ ਬਹੁਤ ਸਾਰੇ ਲੋਕ ਇਹ ਮਹਿਸੂਸ ਨਹੀਂ ਕਰਦੇ ਕਿ ਇਨ੍ਹਾਂ ਅਵਾਰਾ ਪਸ਼ੂਆਂ ਨੂੰ ਇਨ੍ਹਾਂ ਗਊਸ਼ਾਲਾਵਾਂ ਵਿੱਚ ਭੇਜਿਆ ਜਾਵੇ । ਕਿਉਂਕਿ ਉਹ ਪੈਸੇ ਦੇਣਾ ਨਹੀਂ ਚਾਹੁੰਦੇ ਬਲਕਿ ਆਪਣੇ ਪਸ਼ੂ ਅਵਾਰਾ ਛੱਡਣ ਦੇ ਵਿੱਚ ਜ਼ਿਆਦਾ ਖੁਸ਼ੀ ਮਹਿਸੂਸ ਕਰਦੇ ਹਨ। ਇਸ ਲਈ ਸਾਨੂੰ ਇਨ੍ਹਾਂ ਗਊਸ਼ਾਲਾਵਾਂ ਨੂੰ ਸਟਰੋਂਗ ਕਰਨਾ ਚਾਹੀਦਾ ਹੈ ਤਾਂਕਿ ਜਿਹੜੇ ਅਵਾਰਾ ਪਸ਼ੂ ਹਨ, ਉਨ੍ਹਾਂ ਨੂੰ ਉਥੇ ਭੇਜ ਸਕੀਏ। ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਮੇਰੇ ਸਾਥੀ ਨੇ ਸਲਾਟਰੀ ਦੇ ਬਾਰੇ ਕੀਤੀ ਹੈ। ਸਪੀਕਰ ਸਾਹਿਬ, ਆਪਾਂ ਸੜਕਾਂ ਦੇ ਉਤੇ ਰੋਜ਼ ਘੁੰਮਦੇ ਰਹਿੰਦੇ ਹਾਂ। ਆਪਾਂ ਨੂੰ ਕਿਤੇ ਵੀ ਕੋਈ ਮੱਝ ਨਹੀਂ ਮਿਲੇਗੀ, ਕੋਈ ਵੀ ਕੱਟਾ ਨਹੀਂ ਮਿਲੇਗਾ, ਕੋਈ ਵੀ ਝੋਟਾ ਨਹੀਂ ਮਿਲੇਗਾ ਕਿਉਂਕਿ ਇਨ੍ਹਾਂ ਦੀ ਸਲਾਟਰਿੰਗ ਹੋ ਜਾਂਦੀ ਹੈ, ਜੇ ਉਹ ਵੀ ਨਾ ਹੁੰਦੀ ਹੋਵੇ ਤਾਂ ਜਿਹੜੀ ਉਹ ਨਸਲ ਹੈ, ਉਹ ਵੀ ਸੜਕਾਂ ਤੇ ਅਵਾਰਾ ਮਿਲੇਗੀ। ਸੋ, ਮੇਰੀ ਬੇਨਤੀ ਹੈ ਕਿ ਜਿਹੜੇ ਪਸ਼ੂ ਸਲਾਟਰਿੰਗ ਲਈ ਹਨ, ਉਨ੍ਹਾਂ ਨੂੰ ਵੀ ਆਪਾਂ ਨੂੰ ਐਨਕਰਿਜ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਖਾਸ ਤੌਰ ਤੇ ਮਾਲਵੇ ਦੀ ਬੈਲਟ ਦੇ ਪਿੰਡਾਂ ਵਿਚ ਦੇਖਿਆ ਹੈ, ਜਿਥੇ ਕਿ ਯੂ.ਪੀ. ਤੋਂ ਵਪਾਰੀ ਆਉਂਦੇ ਹਨ, ਉਹ ਜਿੰਨੇ ਵੀ ਕੱਟੇ ਹੁੰਦੇ ਹਨ ਜਾਂ ਹੋਰ ਜਿਨ੍ਹਾਂ ਪਸ਼ੂਆਂ ਦੀ ਲੋੜ ਹੁੰਦੀ ਹੈ, ਉਹ ਸਾਰੇ ਲੈ ਜਾਂਦੇ ਹਨ ਇਸ ਕਰਕੇ ਇਸ ਵੈਰਾਇਟੀ ਦਾ ਜੋ ਅਵਾਰਾਪਨ ਹੈ, ਉਹ ਬਹੁਤ ਘੱਟ ਹੈ। ਸਪੀਕਰ

Original with;
Punjab Vidhan Sabha
Digitized by;
Panjab Digital Library

ਸਾਹਿਬ, ਖਾਸ ਤੌਰ ਤੇ ਜਿਹੜੀਆਂ ਦੋਗਲੀਆਂ ਗਊਆਂ ਹਨ ਜਾਂ ਵੱਛੇ ਹਨ ਉਨ੍ਹਾਂ ਦੀ ਕਾਸਟਰੇਸ਼ਨ ਕਰਨੀ ਬਹੁਤ ਜ਼ਰੂਰੀ ਹੈ। ਜੇਕਰ ਇਸ ਤਰ੍ਹਾਂ ਹੋ ਜਾਂਦਾ ਹੈ ਤਾਂ ਇਨ੍ਹਾਂ ਅਵਾਰਾ ਪਸ਼ੂਆਂ ਦੀ ਗਿਣਤੀ ਕਾਫੀ ਘੱਟ ਸਕਦੀ ਹੈ। ਦੂਜੀ, ਸਪੀਕਰ ਸਾਹਿਬ, ਇਹ ਗੱਲ ਹੈ ਕਿ ਜਿਹੜੀਆਂ ਸਾਡੇ ਬਾਰਡਰ ਦੇ ਨਾਲ ਲਗਦੀਆਂ ਸਟੇਟਾਂ ਹਨ, ਉਨ੍ਹਾਂ ਨੂੰ ਵੀ ਬੇਨਤੀ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਦੇ ਪਸ਼ੂ ਸਾਡੇ ਇਧਰ, ਸਾਡੀ ਸਟੇਟ ਦੇ ਵਿੱਚ ਨਾ ਆਉਣ। ਸਪੀਕਰ ਸਾਹਿਬ, ਮੈਂ ਤੁਹਾਨੂੰ ਅੰਮ੍ਰਿਤਸਰ ਤੇ ਗੁਰਦਾਸਪੁਰ ਦੀ ਗੱਲ ਦਸਦਾ ਹਾਂ ਕਿ 1984 ਤੋਂ ਪਹਿਲਾਂ ਜਦੋਂ ਬਾਰਡਰ ਤੇ ਤਾਰ ਨਹੀਂ ਲਗੀ ਸੀ, ਉਦੋਂ ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਇਸ ਤਰ੍ਹਾਂ ਦੇ ਪਸ਼ੂਆਂ ਦੀ ਸਮੱਸਿਆ ਨਹੀਂ ਸੀ ਆਉਂਦੀ। ਉਦੋਂ ਬਹੁਤ ਸਾਰੇ ਅਵਾਰਾ ਪਸ਼ੂ, ਜਿਹੜੇ ਕਿ ਸਾਡੀ ਵਰਤੋਂ ਵਿਚ ਨਹੀਂ ਆਉਂਦੇ ਸਨ, ਉਹ (ਪਾਕਿਸਤਾਨ ਵਾਲੇ) ਲੈ ਜਾਂਦੇ ਸਨ ਅਤੇ ਜੋ ਸੂਰ ਵਗੈਰਾ ਹੁੰਦੇ ਸਨ, ਜਿਸ ਨੂੰ ਉਹ ਨਹੀਂ ਸਨ ਖਾਂਦੇ, ਉਹ ਇਧਰ ਸਾਡੇ ਵਾਲੇ ਪਾਸੇ ਆ ਜਾਂਦੇ ਸਨ। ਦੂਸਰਾ, ਸਪੀਕਰ ਸਾਹਿਬ, ਜਿਹੜੇ ਸੂਰ ਹਨ, ਇਨ੍ਹਾਂ ਨੇ ਵੀ ਕਾਫੀ ਵੱਡੀ ਸਮੱਸਿਆ ਪੈਦਾ ਕੀਤੀ ਹੋਈ ਹੈ। ਤਕਰੀਬਨ ਇੱਕ ਸਾਲ ਦੀ ਗੱਲ ਹੈ, ਮੈਂ ਅਜਨਾਲੇ ਤੋਂ ਇਕ ਡਿਲੀਵਰੀ ਕੇਸ ਭੇਜਿਆ ਅਤੇ ਜਦੋਂ ਉਹ ਕੇਸ ਅੰਮ੍ਰਿਤਸਰ ਦੇ ਵਿਚ ਐਂਟਰ ਹੋਇਆ ਤਾਂ ਇੱਕ ਮਾਰੂਤੀ ਕਾਰ ਦੇ ਵਿੱਚ ਇੱਕ ਸੂਰ ਵੱਜਿਆ ਅਤੇ ਉਹ ਮਾਰੂਤੀ ਕਾਰ ਤਾਂ ਉਲਟ ਗਈ ਪਰ ਉਸ ਸੂਰ ਦਾ ਕੁਝ ਨਹੀਂ ਵਿਗੜਿਆ ਅਤੇ ਉਹ ਤੁਰਦਾ ਬਣਿਆ। ਇਸ ਤਰ੍ਹਾਂ ਇਹ ਬਹੁਤ ਵੱਡੀ ਸਮੱਸਿਆ ਹੈ ਜੇਕਰ ਆਪਾਂ ਇਸ ਦੀ ਬਰੀਕੀ ਵਿਚ ਜਾਈਏ। ਇਸ ਤੋਂ ਇਲਾਵਾ ਥੋੜ੍ਹੇ ਦਿਨ ਹੋਏ ਹਨ, ਮੈਂ ਤੇ ਮੇਰੇ ਇਕ ਸਾਥੀ ਦਿੱਲੀ ਤੋਂ ਆ ਰਹੇ ਸੀ ਤਾਂ ਇਕ ਸਾਹਮਣੇ ਤੋਂ ਵੱਛਾ ਆ ਰਿਹਾ ਸੀ। ਅਸੀਂ ਆਪਣੇ ਡਰਾਈਵਰ ਨੂੰ ਕਿਹਾ ਕਿ ਤੂੰ ਇਸ ਤੋਂ ਬਚ ਪਰ ਜਿਹੜੀ ਸਾਡੇ ਪਿਛੇ ਕਾਰ ਆ ਰਹੀ ਸੀ ਉਸ ਦੇ ਉਤੇ ਉਹ ਵੱਛਾ ਚੜ੍ਹ ਗਿਆ ਕਿਉਂਕਿ ਉਹ ਏਨੀ ਫਾਸਟ ਆ ਰਿਹਾ ਸੀ। ਸੋ, ਇਸ ਤਰ੍ਹਾਂ ਇਹ ਅਵਾਰਾ ਪਸ਼ੂਆਂ ਦੀ ਬਹੁਤ ਵੱਡੀ ਸਮੱਸਿਆ ਹੈ। ਇਹ ਮਤਾ ਜੋ ਸਰਦਾਰ ਹਰੀ ਸਿੰਘ ਜੀ ਨੇ ਪੇਸ਼ ਕੀਤਾ ਹੈ, ਇਸ ਸਬੰਧੀ ਸਾਨੂੰ ਸਾਰਿਆਂ ਨੂੰ ਰਲ ਕੇ ਇਸ ਸਮੱਸਿਆ ਦਾ ਹੱਲ ਕੱਢਣਾ ਚਾਹੀਦਾ ਹੈ ਤਾਂਕਿ ਆਉਣ ਵਾਲੇ ਸਮੇਂ ਦੇ ਵਿੱਚ ਜਿਹੜੇ ਸੜਕਾਂ ਦੇ ਉਤੇ ਇਸ ਤਰ੍ਹਾਂ ਦੇ ਅਵਾਰਾ ਪਸ਼ੂਆਂ ਦੇ ਨਾਲ ਸੜਕੀ ਹਾਦਸੇ ਹੁੰਦੇ ਹਨ, ਜਿਨ੍ਹਾਂ ਦੇ ਨਾਲ ਲੋਕਾਂ ਦਾ ਜਾਨੀ ਤੇ ਮਾਲੀ ਨੁਕਸਾਨ ਹੁੰਦਾ ਹੈ ਅਤੇ ਨਾਲ ਹੀ ਕਿਸਾਨਾਂ ਦੀਆਂ ਫਸਲਾਂ ਦਾ ਇਹ ਅਵਾਰਾ ਪਸ਼ੂ ਨੁਕਸਾਨ ਕਰਦੇ ਹਨ, ਉਨ੍ਹਾਂ ਤੋਂ ਬਚਿਆ ਜਾ ਸਕਦਾ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ। 175

**ਰਾਜ ਮੰਤਰੀ, ਸਕੂਲ ਸਿੱਖਿਆ (ਪ੍ਰੋਫੈਸਰ ਦਰਬਾਰੀ ਲਾਲ)** : ਸਪੀਕਰ ਸਾਹਿਬ, ਮੈਂ ਆਪ ਜੀ ਦਾ ਬੜਾ ਧੰਨਵਾਦੀ ਹਾਂ ਕਿ ਜੋ ਅੱਜ ਰੈਜ਼ੋਲਿਊਸ਼ਨ ਮਾਨਯੋਗ ਮੈਂਬਰ ਸਰਦਾਰ ਹਰੀ ਸਿੰਘ ਜ਼ੀਰਾ ਜੀ ਨੇ ਪੇਸ਼ ਕੀਤਾ ਹੈ, ਉਸ ਤੇ ਮੈਨੂੰ ਆਪਣੀ ਰਾਏ ਦੇਣ ਦਾ ਮੌਕਾ ਦਿੱਤਾ ਹੈ। ਮੇਰੇ ਤੋਂ ਪਹਿਲਾ ਬਹੁਤ ਸਾਰੇ ਮਾਨਯੋਗ ਮੈਂਬਰਾਂ ਨੇ, ਜਿਨ੍ਹਾਂ ਵਿੱਚ ਸ਼੍ਰੀ ਜੁਗਲ ਕਿਸ਼ੋਰ ਸ਼ਰਮਾ,

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਸਕੂਲ ਸਿੱਖਿਆ]

ਜਥੇਦਾਰ ਤੋਤਾ ਸਿੰਘ, ਸਰਦਾਰ ਮਨਪ੍ਰੀਤ ਸਿੰਘ ਬਾਦਲ, ਬੀਬੀ ਗੁਰਕੰਵਲ ਕੌਰ, ਕੈਪਟਨ ਬਲਬੀਰ ਸਿੰਘ ਬਾਠ, ਡਾਕਟਰ ਰਤਨ ਸਿੰਘ ਆਦਿ ਨੇ ਆਪਣੀ ਆਪਣੀ ਰਾਏ ਇਨ੍ਹਾਂ ਅਵਾਰਾ ਪਸ਼ੂਆਂ ਬਾਰੇ ਦਿੱਤੀ ਹੈ। ਇਹ ਜਿਹੜੀਆਂ ਗਊਆਂ, ਬਛੜੇ, ਕੁੱਤੇ, ਸੂਰ ਆਵਾਰਾ ਹਨ, ਇਨ੍ਹਾਂ ਦੀ ਸੰਭਾਲ ਬਹੁਤ ਹੀ ਚਿੰਤਾਜਨਕ ਵਿਸ਼ਾ ਹੈ। ਨਵਾਂ ਯੁੱਗ ਆਉਣ ਕਰਕੇ ਇਨ੍ਹਾਂ ਦੀ ਲੋੜ ਮਹਿਸੂਸ ਨਹੀਂ ਹੋ ਰਹੀ। ਇੱਥੇ ਡਿਸਕਸ਼ਨ ਤੋਂ ਇਹ ਚੀਜ਼ ਸਾਬਤ ਹੋਈ ਹੈ ਅਤੇ ਸਾਰੇ ਮੈਂਬਰ ਸਾਹਿਬਾਨ ਦਾ ਵਿਚਾਰ ਸੀ ਕਿ ਇਸ ਗੰਭੀਰ ਮਸਲੇ ਦਾ ਸਾਨੂੰ ਸਾਰਿਆਂ ਨੂੰ ਕੋਈ ਨਾ ਕੋਈ ਹੱਲ ਲੱਭਣਾ ਚਾਹੀਦਾ ਹੈ ਤਾਂ ਕਿ ਇਹ ਜਿਹੜੀ ਸਮੱਸਿਆ ਦਿਨੋ ਦਿਨ ਵੱਧ ਰਹੀ ਹੈ, ਇਸ ਨੂੰ ਦੂਰ ਕੀਤਾ ਜਾ ਸਕੇ। ਇਹ ਸਿਰਫ ਪੰਜਾਬ ਦਾ ਮਸਲਾ ਨਹੀਂ, ਬਲਕਿ ਹਿੰਦੁਸਤਾਨ ਦਾ ਮਸਲਾ ਹੈ। ਅਗਰ ਅਸੀਂ ਇੱਥੇ ਇਸ ਤਰ੍ਹਾਂ ਦੇ ਰੈਜ਼ੋਲਿਊਸ਼ਨ ਲਿਆ ਕੇ ਔਰ ਦਿਲਚਸਪੀ ਵਿਖਾ ਕੇ ਰਾਏ ਜ਼ਾਹਰ ਕਰੀਏ ਔਰ ਇਸ ਸਬਜੈਕਟ ਦੀ ਮਹੱਤਤਾ ਨੂੰ ਸਮਝੀਏ ਤਾਂ ਇਨ੍ਹਾਂ ਮਸਲਿਆਂ ਦਾ ਹੱਲ ਕੋਈ ਨਾ ਕੋਈ ਕੱਢਿਆ ਜਾ ਸਕਦਾ ਹੈ। ਗਊਆਂ ਅਤੇ ਬਛੜਿਆਂ ਦਾ ਐਗਰੀਕਲਚਰ ਸੈਕਟਰ ਵਿੱਚ ਅਹਿਮ ਰੋਲ ਰਿਹਾ ਹੈ। ਕਿਸਾਨੀ ਇਨ੍ਹਾਂ ਤੇ ਨਿਰਭਰ ਸੀ ਤੇ ਕਿਸਾਨ ਇਸ ਨੂੰ ਆਪਣੇ ਪਰਿਵਾਰ ਦਾ ਮਹੱਤਵਪੂਰਨ ਅੰਗ ਸਮਝਦੇ ਸਨ। ਕਿਸਾਨ ਲਈ ਇਹ ਅਨਾਜ ਪੈਦਾ ਕਰਦੇ ਸਨ। ਹੁਣ ਕਿਉਂਕਿ ਯੁੱਗ ਬਦਲ ਗਿਆ ਹੈ, ਹਿਸਟਰੀ ਬਦਲ ਗਈ ਹੈ, ਮਾਡਰਨ ਮਸ਼ੀਨਰੀ ਆ ਗਈ ਹੈ, ਜਿਸ ਕਰਕੇ ਇਨ੍ਹਾਂ ਦੀ ਜ਼ਰੂਰਤ ਮਹਿਸੂਸ ਨਹੀਂ ਹੋ ਰਹੀ। ਅਸੀਂ ਦੇਖਿਆ ਹੈ ਕਿ ਪਿਛਲੇ ਪੰਜਾਹ ਸਾਲਾਂ ਤੋਂ ਕਾਫੀ ਬਦਲਾਅ ਆ ਗਿਆ ਹੈ। ਜਿੱਥੇ ਇਹੋ ਜਿਹਾ ਬਦਲਾਅ ਪਿਛਲੇ 5000 ਸਾਲਾਂ ਵਿੱਚ ਨਹੀਂ ਸੀ ਆਇਆ, ਉਥੇ ਹੁਣ ਕਾਫੀ ਬਦਲਾਅ ਆ ਗਿਆ ਹੈ। ਤੁਸੀਂ ਦੇਖਿਆ ਹੋਵੇਗਾ ਕਿ ਜਿੰਨਾ ਪੈਟਰੋਲ ਅਸੀਂ ਪਿਛਲੇ ਵੀਹ ਸਾਲਾਂ ਵਿੱਚ ਯੂਜ਼ ਕਰਦੇ ਸੀ, ਉਹ ਅਸੀਂ ਸਿਰਫ ਇੱਕ ਸਾਲ ਵਿੱਚ ਯੂਜ਼ ਕਰ ਰਹੇ ਹਾਂ। ਇੰਨਾ ਵੱਡਾ ਰੈਵੋਲੂਸ਼ਨ ਆ ਗਿਆ ਹੈ। ਮਸ਼ੀਨੀ ਯੁੱਗ ਦਾ ਬੋਲਬਾਲਾ ਹੈ। ਬਲਦਾਂ ਦੀ ਲੋੜ ਨਹੀਂ ਰਹੀ ਟਰੈਕਟਰ ਆ ਗਏ ਹਨ। ਹੁਣ ਕਿਸਾਨ ਬਲਦਾਂ ਦੀ ਜਗ੍ਹਾ ਟਰੈਕਟਰਾਂ ਦਾ ਇਸਤੇਮਾਲ ਕਰਦਾ ਹੈ। ਇਸ ਨਾਲ ਟਾਈਮ ਦੀ ਬੱਚਤ ਹੁੰਦੀ ਹੈ। ਪੁਰਾਣੇ ਜ਼ਮਾਨੇ ਵਿੱਚ ਇਨ੍ਹਾਂ ਬਛੜਿਆਂ ਦਾ ਕਾਫੀ ਵੱਡਾ ਰੋਲ ਰਿਹਾ ਹੈ। ਸਾਡੀ ਇਨ੍ਹਾਂ ਨੇ ਐਗਰੀਕਲਚਰ ਸੈਕਟਰ ਵਿੱਚ ਕਾਫੀ ਮਦਦ ਕੀਤੀ ਹੈ। ਇਸ ਲਈ ਹੁਣ ਇਨ੍ਹਾਂ ਲਈ ਸਰਕਾਰ ਨੂੰ ਗਊਸ਼ਾਲਾਵਾਂ ਬਣਾਉਣੀਆਂ ਚਾਹੀਦੀਆਂ ਹਨ। ਚਾਹੇ ਕਿਸੇ ਐਨ.ਜੀ.ਓ. ਰਾਹੀਂ ਇਸ ਸਮੱਸਿਆ ਦਾ ਸਮਾਧਾਨ ਕੀਤਾ ਜਾਵੇ ਜਾਂ ਸਰਕਾਰ ਦੀ ਮਦਦ ਨਾਲ ਇਨ੍ਹਾਂ ਨੂੰ ਚਲਾਇਆ ਜਾਵੇ। ਯੂਰਪ ਵਿੱਚ ਹਰ ਚੀਜ਼ ਨੂੰ ਕਾਨੂੰਨ ਰਾਹੀਂ ਨਹੀਂ ਬਦਲਿਆ ਜਾਂਦਾ ਪਰ ਚੂੰਕਿ ਸਾਡੇ ਲੋਕ ਡਿਫਰੈਂਟ ਕਿਸਮ ਦੇ ਹਨ, ਇਸ ਲਈ ਸਾਨੂੰ ਆਪਣੇ ਸਮਾਜ ਦੀ ਲੋੜ ਨੂੰ ਸਮਝਣਾ ਚਾਹੀਦਾ ਹੈ ਔਰ ਐਨ.ਜੀ.ਓ. ਵਿੱਚ ਦਿਲਚਸਪੀ ਪੈਦਾ ਕਰਨੀ ਚਾਹੀਦੀ ਹੈ। ਪੰਚਾਇਤ ਲੈਵਲ ਤੇ, ਮਿਊਂਸਿਪਲ ਕਮੇਟੀ ਲੈਵਲ ਤੇ, ਮਿਊਂਸਿਪਲ ਕਾਰਪੋਰੇਸ਼ਨ ਲੈਵਲ ਤੇ ਔਰ ਸਟੇਟ ਲੈਵਲ ਤੇ ਬੈਠ ਕੇ ਇਨ੍ਹਾਂ ਦਾ ਸਮਾਧਾਨ ਕਰਨ ਲਈ ਦਿਲਚਸਪੀ ਪੈਦਾ ਕਰਨੀ

Original with;
Punjab Vidhan Sabha
Digitized by;
Panjab Digital Library

ਚਾਹੀਦੀ ਹੈ। ਪੰਜਾਬ ਦੇ ਲੋਕਾਂ ਵਿੱਚ ਜ਼ੁੰਮੇਵਾਰੀ ਪੈਦਾ ਕਰਨੀ ਚਾਹੀਦੀ ਹੈ ਤਾਂ ਕਿ ਇੱਕ ਐਸਾ ਕਲਚਰ ਪੈਦਾ ਹੋਵੇ ਜਿਸ ਨਾਲ ਸਾਰੇ ਲੋਕ ਦੇਸ਼ ਅਤੇ ਆਪਣੇ ਪੰਜਾਬ ਨੂੰ ਅੱਛਾ ਬਣਾਉਣ ਦਾ ਸੁਪਨਾ ਲੈਂਦੇ ਹੋਣ। ਇਸ ਨਾਲ ਪੰਜਾਬ ਦਾ ਅੱਛਾ ਨਿਰਮਾਣ ਹੋ ਸਕੇਗਾ। ਇਸੇ ਤਰ੍ਹਾਂ ਇਸ ਸਮੱਸਿਆ ਲਈ ਵੀ ਭਾਵਨਾ ਪੈਦਾ ਕੀਤੀ ਜਾਵੇ ਜਿਸ ਨਾਲ ਜਜ਼ਬਾਤ ਜੁੜੇ ਹੋਏ ਹਨ ਔਰ ਇਹ ਭਾਵਨਾ ਦਿਲਚਸਪੀ ਨਾਲ ਹੀ ਪੈਦਾ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਕਰਕੇ ਹੀ ਇਸ ਦਾ ਅਸੀਂ ਹੱਲ ਕੱਢਣਾ ਹੈ, ਫੇਰ ਕਾਨੂੰਨ ਦੀ ਲੋੜ ਨਹੀਂ ਪੈਂਦੀ। ਲੋਕ ਆਪਣੇ ਆਪ ਚੱਲ ਪੈਂਦੇ ਹਨ। ਇਹ ਜਿਹੜੀਆਂ ਪ੍ਰਾਬਲਮਜ਼ ਸਾਡੇ ਸਾਹਮਣੇ ਇਸ ਵੇਲੇ ਆ ਰਹੀਆਂ ਹਨ, ਉਨ੍ਹਾਂ ਦੇ ਸਭ ਤੋਂ ਪਹਿਲਾਂ ਕੁਝ ਕਾਰਨ ਹਨ। ਕਾਰਨਾਂ ਦੇ ਨਾਲ ਇਹ ਵੀ ਦੇਖਣਾ ਹੈ ਕਿ ਇਹ ਕਿਸ ਤਰ੍ਹਾਂ ਦੂਰ ਕੀਤੀਆਂ ਜਾ ਸਕਦੀਆਂ ਹਨ। ਗੌਰਮਿੰਟ ਲੈਵਲ ਤੇ ਕੀ ਮਦਦ ਕੀਤੀ ਜਾ ਸਕਦੀ ਹੈ ਜਾਂ ਪ੍ਰਾਈਵੇਟ ਲੈਵਲ ਤੇ ਕੀ ਕੀਤਾ ਜਾ ਸਕਦਾ ਹੈ। ਸਪੀਕਰ ਸਾਹਿਬ, ਮੇਰੇ ਕਹਿਣ ਦਾ ਭਾਵ ਸਿਰਫ ਇਹ ਹੈ ਕਿ ਮੈਂ ਸਮਝਦਾ ਹਾਂ ਜਿਸ ਤਰ੍ਹਾਂ ਡਾਕਟਰ ਰਤਨ ਸਿੰਘ ਜੀ ਨੇ ਫਰਮਾਇਆ ਹੈ, ਵਾਕਿਆ ਹੀ ਗੱਲ ਠੀਕ ਹੈ, ਮੱਝਾਂ, ਜਾਂ ਉਨ੍ਹਾਂ ਦੇ ਜਿਹੜੇ ਕੱਟੇ ਹਨ, ਇਸ ਤਰ੍ਹਾਂ ਦੇ ਪਸ਼ੂ ਬਜ਼ਾਰ ਵਿਚ ਨਹੀਂ ਮਿਲਣਗੇ। ਗਾਵਾਂ ਅਤੇ ਉਨ੍ਹਾਂ ਦੇ ਵਿਹੜਕੇ ਤੁਹਾਨੂੰ ਮੇਨ ਰੋਡ ਤੇ ਹੀ ਨਹੀਂ, ਸ਼ਹਿਰਾਂ ਦੀਆਂ ਗਲੀਆ, ਬਜ਼ਾਰਾਂ, ਕੂਚਿਆਂ ਵਿਚ ਜਿਥੇ ਵੀ ਚਲੇ ਜਾਉ, ਕਾਫੀ ਤਾਦਾਦ ਵਿਚ ਗਾਵਾਂ ਘੁੰਮਦੀਆਂ ਤੇ ਕੁੱਤੇ ਘੁੰਮਦੇ ਨਜ਼ਰ ਆਉਣਗੇ। ਆਪਣੀ ਗਲੀ ਵਿਚ, ਆਪਣੇ ਘਰ ਵਿਚ ਵੀ ਜਾਣਾ ਹੋਵੇ ਤਾਂ 15-20 ਕੁੱਤੇ ਗਲੀ ਵਿਚ ਬੈਠੇ ਮਿਲਣਗੇ ਤੇ ਤੁਹਾਨੂੰ ਆਪਣੇ ਘਰ ਜਾਂਦਿਆਂ ਵੀ ਡਰ ਲਗੇਗਾ ਕਿ ਕਿਤੇ ਲੱਤ ਹੀ ਨਾ ਫੜ੍ਹ ਲੈਣ। ਅੱਜ ਇਹ ਹਾਲਤ ਹੋ ਗਈ ਹੈ।

ਸਪੀਕਰ ਸਾਹਿਬ, ਸੈਂਟਰਲ ਸਰਕਾਰ ਨੇ ਕੁਝ ਪਹਿਲਾਂ ਕਾਨੂੰਨ ਬਣਾ ਦਿੱਤਾ ਕਿ ਕਿਸੇ ਵੀ ਪਸ਼ੂ ਨੂੰ, ਕੁੱਤੇ ਨੂੰ ਮਾਰਿਆ ਨਾ ਜਾਵੇ। ਇਸ ਦਾ ਰਿਜ਼ਲਟ ਇਹ ਨਿਕਲਿਆ ਕਿ ਅੱਜ ਕਿਸੇ ਵੀ ਕੁੱਤੇ ਨੂੰ ਜਾਂ ਕੁੱਤੀ ਨੂੰ ਮਾਰਿਆ ਨਹੀਂ ਜਾ ਸਕਦਾ, ਜਿਸ ਕਾਰਨ ਇਨ੍ਹਾਂ ਦੀ ਤਾਦਾਦ ਬਹੁਤ ਜ਼ਿਆਦਾ ਵੱਧ ਗਈ। ਉਨ੍ਹਾਂ ਨੇ ਕਾਨੂੰਨ ਤਾਂ ਬਣਾ ਦਿੱਤਾ ਪਰ ਇਸ ਸਮੱਸਿਆ ਦਾ ਕੀ ਸਮਾਧਾਨ ਹੋਵੇਗਾ, ਇਹ ਦੱਸਿਆ ਨਹੀਂ। ਕਿਉਂਕਿ ਸਾਡਾ ਮੁਲਕ ਅਹਿੰਸਾਵਾਦੀ ਹੈ, ਇਥੇ ਕਿਸੇ ਜੀਵ ਨੂੰ ਵੀ ਮਾਰਨਾ ਅਸੀਂ ਪਾਪ ਸਮਝਦੇ ਹਾਂ। ਅਸੀਂ ਲੋਕ ਪਹਿਲਾਂ ਕੁੱਤਿਆਂ ਨੂੰ ਜ਼ਹਿਰ ਦੇ ਕੇ ਮਾਰ ਦਿੰਦੇ ਸੀ ਤਾਂ ਇਨ੍ਹਾਂ ਦੀ ਤਾਦਾਦ ਤੇ ਵੀ ਕੰਟਰੋਲ ਰਹਿੰਦਾ ਸੀ। ਇਹ ਵੀ ਗੱਲ ਠੀਕ ਹੈ, 1945 ਦੀ ਗੱਲ ਮੈਨੂੰ ਯਾਦ ਹੈ, ਅਸੀਂ ਆਪਣੇ ਪਿੰਡ ਦੇ 10-15 ਕੁੱਤੇ ਇਕੱਠੇ ਕਰਕੇ ਨਾਲ ਦੇ ਪਿੰਡਾਂ ਵਿਚ ਛੱਡ ਆਏ। ਸਪੀਕਰ ਸਾਹਿਬ, ਹੈਰਾਨੀ ਵੀ ਹੁੰਦੀ ਹੈ, ਸਾਡੇ ਪਹੁੰਚਣ ਤੋਂ ਪਹਿਲਾਂ ਹੀ ਉਹ ਸਾਰੇ ਦੇ ਸਾਰੇ ਪਹਿਲਾਂ ਹੀ ਸਾਡੇ ਪਿੰਡ ਪਹੁੰਚੇ ਹੋਏ ਸੀ। ਕਿਸ ਤਰ੍ਹਾਂ ਦੀ ਇਨ੍ਹਾਂ ਦੀ ਯਾਦਦਾਸ਼ਤ ਹੈ, ਕਿਤਨੀ ਜਲਦੀ ਇਹ ਵਾਪਸ ਆ ਗਏ। ਸਪੀਕਰ ਸਾਹਿਬ, ਬਾਠ ਸਾਹਿਬ ਨੇ ਕੁੱਤਿਆਂ ਦਾ ਜ਼ਿਕਰ ਕਰਦਿਆਂ ਇਹ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਸਕੂਲ ਸਿੱਖਿਆ]

ਗੱਲ ਕਹੀ। ਮੈਂ ਇਹ ਜ਼ਰੂਰ ਕਹਾਂਗਾ ਕਿ ਬਾਠ ਸਾਹਿਬ ਜ਼ਰੂਰ ਬੁੱਲੇਸ਼ਾਹ ਦੀ ਗਾਈ ਕਾਫੀ ਵਿਚ ਤਰਮੀਮ ਕਰ ਲੈਣ। ਇਹ ਕਾਫੀ ਇਹ ਸੀ —

ਰਾਤੀਂ ਜਾਗੇ ਕਰੇ ਇਬਾਦਤ, ਰਾਤੀਂ ਜਾਗਣ ਕੁੱਤੇ, ਤੈਥੋਂ ਉਤੇ।
ਭੌਂਕਣੋਂ ਮੂਲੋਂ ਬੰਦ ਨਾ ਹੁੰਦੇ, ਜਾ ਰੂੜੀ ਤੇ ਸੁੱਤੇ, ਤੈਥੋਂ ਉਤੇ।
ਮਾਲਕ ਦਾ ਦਰ ਕਦੇ ਨਾ ਛੱਡਦੇ, ਭਾਵੇਂ ਵੱਜਣ ਜੁੱਤੇ, ਤੈਥੋਂ ਉਤੇ।
ਐ ਬੁੱਲਿਆ, ਕੋਈ ਵਸਤ ਵਰਜ ਲੈ, ਨਹੀਂ ਤਾਂ ਬਾਜੀ ਲੈ ਗਏ ਕੁੱਤੇ, ਤੈਥੋਂ ਉਤੇ।

ਸਪੀਕਰ ਸਾਹਿਬ, ਬੁੱਲੇਸ਼ਾਹ ਹਜ਼ਰਤ ਮੁਹੰਮਦ ਦੇ ਪਰਿਵਾਰ ਨਾਲ ਸਬੰਧ ਰਖਦੇ ਸਨ। ਉਨ੍ਹਾਂ ਨੇ ਇਥੇ ਹਿੰਦੁਸਤਾਨ, ਪਾਕਿਸਤਾਨ ਦੇ ਏਰੀਏ ਵਿਚ ਆ ਕੇ ਕਾਫੀਆਂ ਲਿਖੀਆਂ। ਉਨ੍ਹਾਂ ਨੇ ਭਗਤੀ ਦੇ ਮੁਤੱਲਕ ਜੋ ਉਨ੍ਹਾਂ ਦੇ ਭਾਵ ਸਨ, ਉਹ ਇਸ ਕਾਫੀ ਵਿਚ ਪ੍ਰਗਟ ਕੀਤੇ ਹਨ ਕਿ ਐ ਇਨਸਾਨ, ਉਸ ਮਾਲਕ ਦੀ ਭਗਤੀ ਕਰਦਿਆਂ ਤੂੰ ਸੌਂ ਵੀ ਜਾਂਦਾ ਹੈ ਪਰ ਕੁੱਤੇ ਫਿਰ ਵੀ ਜਾਗਦੇ ਰਹਿੰਦੇ ਹਨ। ਤੂੰ ਮਾਲਕ ਦਾ ਨਾਂ ਲੈ ਲੈ ਕੇ ਥੱਕ ਕੇ ਚੁੱਪ ਵੀ ਕਰ ਜਾਂਦਾ ਹੈ ਪਰ ਕੁੱਤੇ ਫਿਰ ਵੀ ਭੌਂਕੀ ਜਾਂਦੇ ਹਨ। ਐ ਇਨਸਾਨ, ਤੂੰ ਥੱਕ ਕੇ ਗੁਦਗੁਦਾ ਗਦੇਲਾ ਭਾਲਦਾ ਹੈ, ਪਰ ਕੁੱਤੇ ਰੂੜੀ ਤੇ ਹੀ ਸੌਂ ਜਾਂਦੇ ਹਨ। ਤੇ ਕੁੱਤਾ ਅਗਰ ਇਕ ਵਾਰ ਕਿਸੇ ਨੂੰ ਮਾਲਕ ਤਸਲੀਮ ਕਰ ਲਵੇ ਭਾਵੇਂ 100 ਜੁੱਤੇ ਮਾਰ ਲਓ, ਉਹ ਆਪਣਾ ਮੂੰਹ ਬੰਦ ਰਖਦਾ ਹੈ ਤੇ ਪੂੰਛ ਹਿਲਾਈ ਜਾਂਦਾ ਹੈ। ਤੂੰ ਤਾਂ ਆਪਣਾ ਕੰਮ ਲੈਣ ਵਾਸਤੇ ਨਿੱਤ ਨਵਾਂ ਖਸਮ ਕਰਦਾ ਹੈਂ ਪਰ ਕੁੱਤੇ ਤਾਂ ਇਕੋ ਮਾਲਕ ਦੇ ਵਫਾਦਾਰ ਰਹਿੰਦੇ ਹਨ। ਇਹ ਭਗਤੀ ਭਾਵ ਦੱਸਣ ਦਾ ਉਨ੍ਹਾਂ ਦਾ ਆਪਣਾ ਤਰੀਕਾਕਾਰ ਹੈ। ਬੁੱਲੇਸ਼ਾਹ ਸਾਡੇ ਬਹੁਤ ਵੱਡੇ ਸੂਫੀ ਸੰਤ ਹੋਏ ਹਨ। ਉਨ੍ਹਾਂ ਦੇ ਗਾਏ ਗੀਤਾਂ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਟੀਕਾ-ਟਿੱਪਣੀਆਂ ਵੀ ਕੀਤੀਆਂ ਗਈਆਂ। ਸੋ, ਸਪੀਕਰ ਸਾਹਿਬ, ਮੈਂ ਜ਼ਿਕਰ ਕਰ ਰਿਹਾ ਸੀ, ਪੰਜਾਬ ਸਾਡਾ ਕ੍ਰਿਸ਼ੀ ਪ੍ਰਧਾਨ ਸੂਬਾ ਹੈ, ਖੇਤੀਬਾੜੀ ਪ੍ਰਧਾਨ ਸੂਬਾ ਹੈ। ਇਸ ਦੀ ਆਰਥਿਕਤਾ ਵਿਚ 17 ਪ੍ਰਤੀਸ਼ਤ ਯੋਗਦਾਨ ਪਸ਼ੂਆਂ ਦਾ ਹੈ। 3 ਪ੍ਰਤੀਸ਼ਤ ਪਸ਼ੂਆਂ ਦੀ ਸੰਖਿਆ ਨਾਲ ਅਸੀਂ 10 ਪ੍ਰਤੀਸ਼ਤ ਦੁੱਧ ਦੀ ਪ੍ਰੋਡਕਸ਼ਨ ਕਰਦੇ ਹਾਂ। 1997 ਵਿਚ ਜਿਹੜੀ ਪਸ਼ੂ ਧਨ ਗਣਨਾ ਹੋਈ, ਉਸਦੇ ਮੁਤਾਬਿਕ 98.10 ਲੱਖ ਦੇ ਕਰੀਬ ਸਾਡੇ ਸੂਬੇ ਅੰਦਰ ਕੈਟਲ ਪਾਪੂਲੇਸ਼ਨ ਹੈ, ਜਿਹੜੀ ਸਾਰੇ ਸੂਬੇ ਵਿਚ ਇਸ ਵੇਲੇ ਫੈਲੀ ਹੋਈ ਹੈ। ਜਿਨ੍ਹਾਂ ਵਿਚ 55.78 ਲੱਖ ਮੱਝਾਂ ਹਨ ਤੇ 28.32 ਲੱਖ ਦੇ ਕਰੀਬ ਗਾਵਾਂ ਹਨ। ਪਸ਼ੂਆਂ ਦੀ ਏਨੀ ਆਬਾਦੀ ਹੈ ਤੇ ਇਸ ਦੇ ਨਾਲ ਨਾਲ ਕਰਾਸ ਬਰੀਡਿੰਗ ਨਾਲ ਕਰੀਬ 1.46 ਲੱਖ ਦੋਗਲੇ ਵਛੜੇ ਪੈਦਾ ਹੁੰਦੇ ਹਨ ਔਰ ਇਹ ਲਗਾਤਾਰ ਉਨ੍ਹਾਂ ਦੁਆਰਾ ਹੀ ਪੈਦਾ ਕੀਤੀ ਹੋਈ ਪ੍ਰਾਬਲਮ ਹੈ। ਚਾਹੇ ਪਿੰਡਾਂ ਵਿਚ ਤੇ ਸ਼ਹਿਰਾਂ ਵਿਚ ਚਲੇ ਜਾਓ, ਮਸ਼ੀਨੀਕਰਨ ਨਾਲ ਸਾਰੀ ਤਬਦੀਲੀ ਆਈ ਹੋਈ ਹੈ। ਇਥੇ ਮੇਰੇ ਫਾਜ਼ਲ ਯੋਗ ਦੋਸਤਾਂ ਨੇ ਇਹ ਕਿਹਾ ਕਿ ਜਦੋਂ ਇਕ ਪਿੰਡ ਦੇ ਪਸ਼ੂਆਂ ਨੂੰ ਦੂਜੇ ਪਿੰਡਾਂ ਵਿਚ ਛੱਡ ਦਿੰਦੇ ਹਾਂ ਤਾਂ ਇਸ ਦੇ ਨਾਲ ਸਮਾਜਿਕ ਸਮੱਸਿਆਵਾਂ ਵੀ ਪੈਦਾ ਹੁੰਦੀਆਂ ਹਨ ਅਤੇ ਆਰਥਿਕ ਉਲਝਨਾਂ ਵੀ ਪੈਦਾ ਹੁੰਦੀਆਂ ਹਨ। ਜਿਥੇ ਉਹ ਖੇਤੀਬਾੜੀ ਦਾ ਨੁਕਸਾਨ ਕਰਦੇ ਹਨ, ਉਥੇ ਆਪਸ ਵਿਚ ਲੜਦੇ

Original with;
Punjab Vidhan Sabha
Digitized by;

ਝਗੜਦੇ ਵੀ ਰਹਿੰਦੇ ਹਨ। ਗੌਰਮਿੰਟ ਲੈਵਲ ਤੇ ਕੋਈ ਐਸਾ ਤਰੀਕਾਕਾਰ ਬਣਾਉਣਾ ਚਾਹੀਦਾ ਹੈ, ਜਿਸ ਨਾਲ ਉਨ੍ਹਾਂ ਨੂੰ ਸ਼ੋਸ਼ਲ ਆਰਗੇਨਾਈਜ਼ੇਸ਼ਨਜ਼ ਵੱਲੋਂ ਗਊਸ਼ਾਲਾਵਾਂ ਵਿਚ ਰੱਖਿਆ ਜਾ ਸਕੇ। ਸਰਕਾਰ ਵੱਲੋਂ ਇਨ੍ਹਾਂ ਸ਼ੋਸ਼ਲ ਆਰਗੇਨਾਈਜ਼ੇਸ਼ਨਜ਼ ਨੂੰ ਸਾਧਨ ਦਿੱਤੇ ਜਾਣੇ ਚਾਹੀਦੇ ਹਨ। ਪਸ਼ੂ ਪਾਲਕਾਂ ਦੇ ਇਕ ਮਹਾਂ ਸੰਘ ਨੇ ਇਸ ਮਾਮਲੇ ਵਿਚ ਇਕ ਮੀਟਿੰਗ ਕੀਤੀ ਸੀ ਅਤੇ ਗੌਰਮਿੰਟ ਆਫ ਇੰਡੀਆ ਨੂੰ ਵੀ ਰਿਕੁਐਸਟ ਕੀਤੀ ਸੀ ਕਿ ਕਿਵੇਂ ਇਸ ਮਸਲੇ ਨੂੰ ਹੱਲ ਕੀਤਾ ਜਾ ਸਕਦਾ ਹੈ। ਸਾਨੂੰ ਚਾਹੀਦਾ ਹੈ ਕਿ ਜਿੰਨੀਆਂ ਵੀ ਡੇਅਰੀਆਂ ਜਾਂ ਗਊਸ਼ਾਲਾਵਾਂ ਹਨ, ਉਨ੍ਹਾਂ ਦੀ ਅਸੀਂ ਮਦਦ ਕਰੀਏ ਤਾਂ ਕਿ ਇਹ ਸਾਰੇ ਜਾਨਵਰ ਉਥੇ ਰੱਖੇ ਜਾ ਸਕਣ। ਜਿਹੜੀਆਂ ਸਾਡੀਆਂ ਕਾਰਪੋਰੇਸ਼ਨਾਂ ਹਨ, ਉਹ ਇਨ੍ਹਾਂ ਅਵਾਰਾ ਪਸ਼ੂਆਂ ਨੂੰ ਫੜ ਕੇ ਲੈ ਜਾਂਦੀਆਂ ਹਨ। ਉਹ ਉਨ੍ਹਾਂ ਦੇ ਮਾਲਕਾਂ ਨੂੰ ਜ਼ੁਰਮਾਨਾ ਵੀ ਕਰਦੀਆਂ ਹਨ ਪਰ ਉਹ ਦੁਬਾਰਾ ਆਪਣੇ ਪਸ਼ੂਆਂ ਨੂੰ ਖੁਲ੍ਹਾ ਛੱਡ ਦਿੰਦੇ ਹਨ, ਜਿਸ ਕਰਕੇ ਗੱਲ ਉਥੇ ਦੀ ਉਥੇ ਰਹਿ ਜਾਂਦੀ ਹੈ। ਇਨ੍ਹਾਂ ਅਵਾਰਾ ਪਸ਼ੂਆਂ ਕਰਕੇ ਕਈ ਵਾਰ ਬੜੀਆਂ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ। ਕਈ ਡਾਕਟਰ ਜਾਂ ਇੰਜੀਨੀਅਰ ਮਾਰੇ ਜਾਂਦੇ ਹਨ। ਇਨਸਾਨੀ ਜ਼ਿੰਦਗੀ ਤਾਂ ਵੈਸੇ ਹੀ ਬੜੀ ਇੰਪਾਰਟੈਂਟ ਹੈ। ਇਕ ਆਦਮੀ ਨੂੰ ਪੜ੍ਹਾਉਣ ਲਿਖਾਉਣ ਤੇ ਕਈ ਕਈ ਸਾਲ ਲੱਗ ਜਾਂਦੇ ਹਨ ਲੇਕਿਨ ਉਹ ਇਕ ਅਵਾਰਾ ਪਸ਼ੂ ਕਰਕੇ ਐਕਸੀਡੈਂਟ ਵਿਚ ਮਾਰਿਆ ਜਾਂਦਾ ਹੈ। ਉਸ ਨੇ ਕਈ ਕਈ ਸਾਲ ਇਨਸਾਨੀਅਤ ਦੀ ਸੇਵਾ ਕਰਨੀ ਸੀ। ਪਿੰਡਾਂ ਵਿਚੋਂ ਨਿਕਲ ਕੇ ਪਸ਼ੂ ਵੱਡੀਆਂ ਸੜਕਾਂ ਤੇ ਆ ਜਾਂਦੇ ਹਨ ਅਤੇ ਉਥੇ ਆ ਕੇ ਐਕਸੀਡੈਂਟਾਂ ਦਾ ਕਾਰਣ ਬਣਦੇ ਹਨ। ਮੈਨੂੰ ਬਾਹਰ ਜਾਣ ਦਾ ਮੌਕਾ ਤਾਂ ਨਹੀਂ ਮਿਲਿਆ ਲੇਕਿਨ ਜਿਹੜੇ ਲੋਕ ਗਏ ਹਨ, ਉਹ ਦੱਸਦੇ ਹਨ ਕਿ ਲੋਕਾਂ ਦੁਆਰਾ ਸਾਢੇ ਤਿੰਨ ਲੱਖ ਕੁੱਤੇ ਅਤੇ ਬਿੱਲਿਆਂ ਦੇ ਆਈਡੈਂਟਿਟੀ ਕਾਰਡ ਬਣਾਏ ਗਏ ਹਨ, ਜਿਨ੍ਹਾਂ ਤੋਂ ਪਤਾ ਲੱਗ ਜਾਂਦਾ ਹੈ ਕਿ ਉਨ੍ਹਾਂ ਨੂੰ ਕੀ ਬਿਮਾਰੀ ਹੈ ਅਤੇ ਕੀ ਮੁਸ਼ਕਲ ਹੈ। ਪਟੇ ਤੋਂ ਬਗੈਰ, ਸੰਗਲੀ ਤੋਂ ਬਗੈਰ ਕੋਈ ਉਨ੍ਹਾਂ ਨੂੰ ਬਾਹਰ ਲਿਜਾ ਨਹੀਂ ਸਕਦਾ ਲੇਕਿਨ ਸਾਡੇ ਦੇਸ਼ ਵਿਚ ਇਸ ਤਰ੍ਹਾਂ ਦਾ ਰਿਵਾਜ ਨਹੀਂ ਹੈ। ਇਥੋਂ ਦੇ ਲੋਕਾਂ ਵਿਚ ਇਹ ਸ਼ੌਕ ਪੈਦਾ ਕੀਤਾ ਜਾਵੇ ਕਿ ਤੁਸੀਂ ਜਿਹੜੇ ਜਾਨਵਰ ਰੱਖੇ ਹਨ, ਉਨ੍ਹਾਂ ਨੂੰ ਘਰਾਂ ਵਿਚ ਰੱਖੋ। ਇਥੇ ਮੇਰੇ ਕੁਝ ਸਾਥੀਆਂ ਨੇ ਕਿਹਾ ਹੈ ਕਿ ਲੋਕ ਅਵਾਰਾ ਪਸ਼ੂਆਂ ਦਾ ਦੁੱਧ ਚੋਅ ਲੈਂਦੇ ਹਨ ਅਤੇ ਫਿਰ ਬਾਹਰ ਛੱਡ ਦਿੰਦੇ ਹਨ। ਇਹ ਗੱਲ ਠੀਕ ਹੋ ਸਕਦੀ ਹੈ ਲੇਕਿਨ ਇਹ ਦੁੱਧ ਕੋਈ ਐਨਾ ਜ਼ਿਆਦਾ ਨਹੀਂ ਹੁੰਦਾ, ਸਿਰਫ ਚਾਹ ਪੀਣ ਜੋਗਾ ਹੀ ਹੁੰਦਾ ਹੈ। ਗੱਲ ਉਥੇ ਦੀ ਉਥੇ ਰਹਿੰਦੀ ਹੈ। ਜਿਹੜੇ ਸਕੈਂਡੇਨੇਵੀਅਨ ਕੰਟਰੀਜ਼ ਹਨ, ਉਥੇ ਇਕ ਪਸ਼ੂ ਤਕਰੀਬਨ 80-80 ਕਿੱਲੋ ਦੁੱਧ ਦੇ ਸਕਦਾ ਹੈ ਜਦ ਕਿ ਸਾਡੇ ਇਥੇ ਕੇਵਲ 5-10 ਕਿੱਲੋ ਹੀ ਦੁੱਧ ਦਿੰਦੇ ਹਨ। ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜਿਹੜਾ ਸਾਡਾ ਪਸ਼ੂ ਧਨ ਹੈ, ਇਸ ਦੇ ਵਿਚ ਅਸੀਂ ਇਜ਼ਾਫਾ ਵੀ ਕਰੀਏ ਲੇਕਿਨ ਜਿਹੜੇ ਅਵਾਰਾ ਪਸ਼ੂ ਹਨ—ਕੁੱਤੇ ਹਨ ਜਾਂ ਸੂਰ ਹਨ, ਉਨ੍ਹਾਂ ਤੇ ਵੀ ਕੰਟਰੋਲ ਕਰੀਏ। ਭਾਵੇਂ ਪਿਗਰੀਜ਼ ਵੀ ਬਣੀਆਂ ਹੋਈਆਂ ਹਨ, ਫਿਰ ਵੀ ਉਨ੍ਹਾਂ ਨੂੰ ਖੁੱਲ੍ਹਾ ਛੱਡ ਦਿੱਤਾ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਸਕੂਲ ਸਿੱਖਿਆ]

ਜਾਂਦਾ ਹੈ। ਇਥੇ ਸਰਦਾਰ ਬਲਬੀਰ ਸਿੰਘ ਬਾਠ ਹੋਰਾਂ ਨੇ ਜ਼ਿਕਰ ਕੀਤਾ ਹੈ ਕਿ ਜਿਹੜਾ ਗਊ ਮੂਤਰ ਹੈ, ਇਹ ਇੰਪਾਰਟੈਂਟ ਹੈ। ਸਾਡੇ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਮੁਰਾਰਜੀ ਡਿਸਾਈ ਇਕ ਵਾਰ ਅਮਰੀਕਾ ਗਏ ਸੀ। ਉਥੇ ਅਮਰੀਕੀਆਂ ਨੇ ਪੁੱਛਿਆ ਕਿ ਤੁਹਾਡੀ ਸਿਹਤ ਦਾ ਰਾਜ਼ ਕੀ ਹੈ ਤਾਂ ਉਨ੍ਹਾਂ ਨੇ ਦੱਸਿਆ ਕਿ ਮੈਂ ਰਾਤ ਪਿਸ਼ਾਬ ਕਰਕੇ ਸਵੇਰੇ ਉਠ ਕੇ ਪੀ ਲੈਂਦਾ ਹਾਂ, ਇਸ ਕਰਕੇ ਮੈਂ ਠੀਕ ਰਹਿੰਦਾ ਹਾਂ। ਸੋ, ਇਹ ਗਊ ਮੂਤਰ ਬੜਾ ਗੁਣਕਾਰੀ ਹੈ। ਅਮਰੀਕਾ ਵਾਲੇ ਹੁਣ ਇਸ ਦਾ ਪੇਟੈਂਟ ਕਰਨ ਬਾਰੇ ਸੋਚ ਰਹੇ ਹਨ। ਇਹ ਵੀ ਖੋਜ ਹੋ ਰਹੀ ਹੈ ਕਿ ਕੀ ਕੈਂਸਰ ਦੀ ਬਿਮਾਰੀ ਦਾ ਇਲਾਜ ਗਊ ਮੂਤਰ ਨਾਲ ਹੋ ਸਕਦਾ ਹੈ ? ਅਗਰ ਇਹ ਚੀਜ਼ ਸਾਬਤ ਹੋ ਗਈ ਤਾਂ ਇਹ ਭਾਰਤ ਵਾਸਤੇ ਬੜੀ ਲਾਹੇਵੰਦ ਚੀਜ਼ ਹੋ ਜਾਵੇਗੀ। ਕੈਂਸਰ ਇਕ ਲਾਇਲਾਜ ਬਿਮਾਰੀ ਹੈ ਅਤੇ ਬਹੁਤ ਨੁਕਸਾਨ ਕਰ ਰਹੀ ਹੈ। ਇਸ ਤੋਂ ਇਲਾਵਾ ਵੀ ਮੈਂ ਕੁਝ ਗੱਲਾਂ ਤੁਹਾਡੇ ਸਾਹਮਣੇ ਰੱਖਣੀਆਂ ਚਾਹੁੰਦਾ ਹਾਂ। ਸਾਡੇ ਰਾਜ ਵਿਚ ਕੁੱਲ 109 ਗਊਸ਼ਾਲਾਵਾਂ ਹਨ, ਜਿਨ੍ਹਾਂ ਵਿਚੋਂ 49 ਰਜਿਸਟਰਡ ਹਨ ਅਤੇ 60 ਅਨਰਜਿਸਟਰਡ ਹਨ ਅਤੇ ਇਨ੍ਹਾਂ ਵਿਚ 15788 ਪਸ਼ੂ ਰੱਖੇ ਗਏ ਹਨ। ਗਊਸ਼ਾਲਾ ਦਾ ਕੰਮ ਪਹਿਲਾਂ ਸ਼ਰਧਾਲੂ ਲੋਕ ਕਰਦੇ ਸਨ ਲੇਕਿਨ ਹੁਣ ਯੂਰਪੀਨ ਸਿਸਟਮ ਚੱਲ ਰਿਹਾ ਹੈ ਅਤੇ ਅਸੀਂ ਸਾਰੇ ਵੈਸਟਰਨਾਈਜ਼ ਹੋ ਰਹੇ ਹਾਂ।

**Mr. Speaker :** As earlier decided by the House, the House stands adjourned till 10.00 A.M. on Wednesday, the 26th March, 2003.

* 12.00 Noon.

(The Sabha then adjourned *till 10.00 A.M. on Wednesday, the 26th March, 2003)

---

3083/7-3-2005-305ਕਾਪੀਆਂ-ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;

© 2005

Published under the authority of the Punjab Vidhan Sabha and Printed by the Controller, Printing and Stationry, Punjab, at Pb. Govt. Press, Patiala.

Original with;
Punjab Vidhan Sabha
Digitized by;
Punjab Digital Library

# PUNJAB VIDHAN SABHA

## DEBATES

*26th March, 2003*

Vol. IV - No. 7

OFFICIAL REPORT

CONTENTS

*Wednesday, the 26th March, 2003*



| | | *Page* |
|---|---|---|
| Starred Questions and Answers | .. | (7)1 |
| Written Answers to Starred Questions laid on the Table of the House under Rule 38 | .. | (7)34 |
| Matters Raised during Zero Hour | ... | (7)40 |
| Walk out | .. | (7)42 |
| Call Attention Notices under Rule 66 | .. | (7)42 |
| General Discussion on the Budget Estimates for the year 2003-2004 | .. | (7)49 |



**Punjab Vidhan Sabha Secretariat, Chandigarh.**

**Price : Rs.** 110-0

*Original with;*
Punjab Vidhan Sabha
*Digitized by;*
Punjab Digital Library

*Th*

ਹੋਣਗੀਅ

ਮੰਤਰੀ ਜੀ

ਲਾਲ) :
ਚੁੱਕਣ ਬ
ਮਹਿਕਮੇ
ਬਕਾਇਦ
ਇਕ ਮਾਏ
ਦਿੱਤਾ ਗਿ
ਇਨਕੁਆ
ਮੁਤਾਬਿਕ

ਮੇਰਾ ਸਪਲ
ਸੀ.. . .

---

*For St
Debate

*Original with;*
Punjab Vidhan Sabha
*Digitized by;*
Panjab Digital Library

# PUNJAB VIDHAN SABHA

*Wednesday, the 26th March, 2003*

*The Vidhan Sabha met in the Punjab Vidhan Sabha Hall,*

*Vidhan Bhavan, Sector 1, Chandigarh at 10.00 A.M.*

*Mr. Speaker (Doctor Kewal Krishan) in the Chair.*

---

## STARRED QUESTIONS AND ANSWERS

SUPPLEMENTARIES TO STARRED QUESTION No. *271

**Mr. Speaker :** ਪਹਿਲਾਂ Postponed Question ਤੇ ਸਪਲੀਮੈਂਟਰੀਜ਼ ਹੋਣਗੀਆਂ। ਹਾਂ ਜੀ, ਸ਼੍ਰੀ ਤਿਕਸ਼ਨ ਸੂਦ ਜੀ।

**ਸ਼੍ਰੀ ਤਿਕਸ਼ਨ ਸੂਦ :** ਪੋਸਟਪੋਨਡ ਕੁਐਸਚਨ ਨੰ: 271 ਦੀਆਂ ਸਪਲੀਮੈਂਟਰੀਆਂ ਤੇ ਮੰਤਰੀ ਜੀ ਨੇ ਜਵਾਬ ਦੇਣਾ ਹੈ ਜੀ।

**ਸ਼੍ਰੀ ਸਪੀਕਰ :** ਹਾਂ ਜੀ, ਡਾਕਟਰ ਹਰਬੰਸ ਲਾਲ ਜੀ, ਜਵਾਬ ਦਿਓ।

**ਰਾਜ ਮੰਤਰੀ, ਜੰਗਲਾਤ, ਖੁਰਾਕ ਤੇ ਸਪਲਾਈ ਅਤੇ ਸਹਿਕਾਰਤਾ (ਡਾਕਟਰ ਹਰਬੰਸ ਲਾਲ) :** ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਸਵਾਲ ਕੀਤਾ ਸੀ ਉਹ ਨਦੀਆਂ ਵਿੱਚੋਂ ਰੇਤਾ ਚੁੱਕਣ ਬਾਰੇ ਸੀ, ਉਸ ਬਾਰੇ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਇਸ ਸਬੰਧ ਵਿੱਚ ਮਹਿਕਮੇ ਨੂੰ ਸ਼ਕਾਇਤ ਆਈ ਹੈ ਉਸ ਬਾਰੇ ਉਥੇ ਇਕ ਡੀ.ਐਫ.ਓ. ਦੀ ਡਿਊਟੀ ਲਗਾ ਕੇ ਬਕਾਇਦਾ ਇਨਕੁਆਰੀ ਕਰਵਾਈ ਗਈ ਹੈ ਔਰ ਜੋ ਰੇਤਾ ਹੈ, ਇੰਡਸਟਰੀ ਡਿਪਾਰਟਮੈਂਟ ਦਾ ਇਕ ਮਾਈਨਿੰਗ ਵਿਭਾਗ ਹੈ ਉਸ ਮਾਈਨਿੰਗ ਵਿਭਾਗ ਵੱਲੋਂ ਇਹ ਰੇਤਾ ਚੁੱਕਣ ਦਾ ਠੇਕਾ ਦਿੱਤਾ ਗਿਆ ਹੈ ਅਤੇ ਉਹ ਠੇਕੇ ਤੇ ਰੇਤਾ ਚੁੱਕਵਾ ਰਹੇ ਸੀ। ਇਸ ਸਬੰਧੀ ਡੀ.ਐਫ.ਓ. ਨੇ ਇਨਕੁਆਰੀ ਕਰਕੇ ਆਪਣੀ ਰਿਪੋਰਟ ਦਿੱਤੀ ਹੈ ਅਤੇ ਸੁਪਰੀਮ ਕੋਰਟ ਦੀਆਂ ਹਦਾਇਤਾਂ ਮੁਤਾਬਿਕ ਉਸ ਨੂੰ ਰੋਕਿਆ ਗਿਆ ਹੈ।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਇਹ ਮੇਰੇ ਸਵਾਲ ਦਾ ਜਵਾਬ ਨਹੀਂ ਹੈ। ਮੇਰਾ ਸਪਲੀਮੈਂਟਰੀ ਤਾਂ ਇਹ ਸੀ ਜਿਸ ਕਰਕੇ ਇਸ ਸਵਾਲ ਨੂੰ ਪੋਸਟਪੋਨ ਕੀਤਾ ਗਿਆ ਸੀ.. . . .

**ਸ਼੍ਰੀ ਸਪੀਕਰ :** ਤੁਸੀਂ ਸਵਾਲ ਕਰੋ।

**ਰਾਜ ਮੰਤਰੀ :** ਉਨ੍ਹਾਂ ਨੂੰ ਹਦਾਇਤ ਕੀਤੀ ਗਈ ਹੈ ਕਿ . . . . . .

---

*For Starred Question No. 271 and reply thereto, please see P.V.S. Debates dated 24th March, 2003.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਹ ਸਵਾਲ ਇਸ ਕਰਕੇ ਪੋਸਟਪੋਨ ਹੋਇਆ ਸੀ, ਆਪ ਜੀ ਦੇ ਧਿਆਨ ਵਿੱਚ ਵੀ ਹੈ, ਆਪ ਜੀ ਨੇ ਵੀ ਪੁੱਛਿਆ ਸੀ ਕਿ ਉਸ ਅਫਸਰ ਦਾ ਨਾਂ ਕੀ ਹੈ, ਕਿਸ ਨੇ ਇਨਕੁਆਰੀ ਕੀਤੀ ਅਤੇ ਉਸ ਇਨਕੁਆਰੀ ਰਿਪੋਰਟ ਦਾ ਸਿੱਟਾ ਕੀ ਹੈ ? ਇਹ ਹੁਣ ਏਥੇ ਹੋਰ ਹੀ ਗੱਲਾਂ ਕਰੀ ਜਾ ਰਹੇ ਹਨ।

**ਰਾਜ ਮੰਤਰੀ** : ਸਪੀਕਰ ਸਾਹਿਬ, ਸਾਡੇ ਇਕ ਡੀ.ਐਫ.ਓ. ਨੇ ਇਨਕੁਆਰੀ ਕੀਤੀ ਹੈ ਅਤੇ ਉਸ ਇਨਕੁਆਰੀ ਤੋਂ ਬਾਅਦ ਇਹ ਪਤਾ ਲੱਗਾ ਹੈ ਕਿ ਇਹ ਠੇਕਾ ਉਸ ਨੂੰ ਦਿੱਤਾ ਗਿਆ ਸੀ ਅਤੇ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੇ ਅਨੁਸਾਰ ਉਸ ਨੂੰ ਰੋਕ ਦਿੱਤਾ ਗਿਆ ਹੈ। ਜੇਕਰ ਉਸ ਤੋਂ ਬਾਅਦ ਵੀ ਇਨ੍ਹਾਂ ਕੋਲ ਕੋਈ ਸ਼ਕਾਇਤ ਆਈ ਹੈ ਤਾਂ ਇਹ ਸਾਨੂੰ ਦੱਸਣ। ਇਸ ਸਬੰਧੀ ਮਹਿਕਮੇ ਨੂੰ ਸਖਤ ਹਦਾਇਤ ਦੇ ਦਿੱਤੀ ਗਈ ਹੈ. . . . . .

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਹ ਤਾਂ ਭਾਸ਼ਣ ਦੇ ਰਹੇ ਹਨ, ਇਹ ਮੇਰੀ ਸਪਲੀਮੈਂਟਰੀ ਦਾ ਠੀਕ ਜਵਾਬ ਨਹੀਂ ਦੇ ਰਹੇ।

**ਸ਼੍ਰੀ ਸਪੀਕਰ** : ਤੁਸੀਂ ਇਨ੍ਹਾਂ ਨੂੰ ਜਵਾਬ ਤਾਂ ਦੇਣ ਦਿਓ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਨਕੁਆਰੀ ਅਫਸਰ ਦਾ ਨਾਂ ਕੀ ਹੈ, ਮੈਂ ਤਾਂ ਇਸ ਬਾਰੇ ਬੜਾ ਸਪੈਸੇਫਿਕ ਕੁਐਸਚਨ ਕੀਤਾ ਹੈ, ਇਹ ਸੁਪਰੀਮ ਕੋਰਟ ਦੀ ਕਹਾਣੀ ਬੋਲੀ ਜਾ ਰਹੇ ਹਨ . . . . . .

**Mr. Speaker :** Please put the question.

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਸਪੈਸੇਫਿਕ ਕੁਐਸਚਨ ਕਰਨ ਲੱਗਾ ਹਾਂ। ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸ਼੍ਰੀ ਪਰਮਜੀਤ ਸ਼ਰਮਾ ਵਣ ਰੇਂਜ ਅਫਸਰ ਨੇ ਇਨਕੁਆਰੀ ਕੀਤੀ ਔਰ ਉਸ ਵੇਲੇ ਉਸ ਦੀਆਂ ਦੋ ਸਲਾਨਾ ਤਰੱਕੀਆਂ ਬੰਦ ਕਰਨ ਦੀ ਸਿਫਾਰਸ਼ ਸਕੱਤਰ ਸ਼੍ਰੀਮਤੀ ਗੁਰਬਿੰਦਰ ਚਾਹਲ, ਆਈ.ਏ.ਐਸ. ਵੱਲੋਂ ਕੀਤੀ ਗਈ ਸੀ। ਮੈਂ ਇਨ੍ਹਾਂ ਨੂੰ ਇਹ ਸਪੈਸੇਫਿਕ ਕੁਐਸਚਨ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸਿਫਾਰਸ਼ ਕੀਤੀ ਗਈ ਸੀ, ਉਸ ਦਾ ਕੀ ਬਣਿਆ ? ਇਸ ਗੱਲ ਦਾ ਇਹ ਜਵਾਬ ਨਹੀਂ ਦੇ ਰਹੇ। ਪਰਮਜੀਤ ਸ਼ਰਮਾ, ਵਣ ਰੇਂਜ ਅਫਸਰ ਦੀਆਂ ਦੋ ਸਲਾਨਾ ਤਰੱਕੀਆਂ ਬੰਦ ਕਰਨ ਦੀ ਉਨ੍ਹਾਂ ਨੇ ਸਿਫਾਰਸ਼ ਕੀਤੀ ਸੀ ਉਸ ਦਾ ਕੀ ਬਣਿਆ ? ਇਸ ਬਾਰੇ ਇਹ ਦੱਸ ਦੇਣ।

**ਸ਼੍ਰੀ ਸਪੀਕਰ** : ਦੱਸੋ ਜੀ, ਉਸ ਸਿਫਾਰਸ਼ ਦਾ ਕੀ ਬਣਿਆ ਜਿਹੜੀ ਉਨ੍ਹਾਂ ਨੇ ਕੀਤੀ ਸੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਇਨ੍ਹਾਂ ਨੂੰ ਦੱਸਿਆ ਹੈ ਕਿ ਜੋ ਇਨ੍ਹਾਂ ਨੇ ਸਵਾਲ ਕੀਤਾ ਸੀ ਉਹ ਇਹ ਸੀ ਕਿ ਕੀ ਮਹਿਕਮੇ ਨੂੰ ਰੇਤਾ ਚੁੱਕਣ ਬਾਰੇ ਕੋਈ ਸ਼ਕਾਇਤ ਆਈ ਹੈ ? . . . . .

**ਸ਼੍ਰੀ ਸਪੀਕਰ** : ਤੁਸੀਂ ਇਨ੍ਹਾਂ ਦੀ ਇਸ ਸਪਲੀਮੈਂਟਰੀ ਦਾ ਜਵਾਬ ਦਿਓ।

Original with;
Punjab Vidhan Sabha
Digitized by;
Punjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਕੇਸ ਵਿੱਚ ਇਕ ਡੀ.ਐਫ.ਓ. ਨੇ ਇਨਕੁਆਰੀ ਕੀਤੀ ਸੀ ਔਰ ਇਨਕੁਆਰੀ ਰਿਪੋਰਟ ਵਿੱਚ ਇਸ ਗੱਲ ਦਾ ਪਤਾ ਲੱਗਾ ਹੈ ਕਿ ਰੇਤਾ ਚੁੱਕਣ ਬਾਰੇ ਇੰਡਸਟਰੀ ਡਿਪਾਰਟਮੈਂਟ ਦੇ ਮਾਈਨਿੰਗ ਡਿਪਾਰਟਮੈਂਟ ਨੇ ਠੇਕਾ ਦਿੱਤਾ ਸੀ। ਵਾਤਾਵਰਣ ਨੂੰ ਮੁੱਖ ਰਖਦੇ ਹੋਏ ਹੁਣ ਸਮੁੱਚੇ ਪੰਜਾਬ ਵਿੱਚ ਇਹ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ . . . . .

**ਸ਼੍ਰੀ ਸਪੀਕਰ** : ਤੁਸੀਂ ਇਸ ਪ੍ਰਸ਼ਨ ਦਾ ਜਵਾਬ ਦਿਓ ਕਿ ਉਹ ਸਿਫਾਰਸ਼ ਰੱਦ ਕਰ ਦਿੱਤੀ ਗਈ ਹੈ ਜਾਂ ਨਹੀਂ ਕੀਤੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜਿਹੜਾ ਰੇਤਾ ਚੁੱਕਿਆ ਗਿਆ ਸੀ ਉਸਨੂੰ ਚੁੱਕਣ ਵਾਲੇ ਦੇ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ . . . . .

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਬੜਾ ਸਪੈਸੇਫਿਕ ਸਵਾਲ ਪੁੱਛਿਆ ਹੈ, ਲਗਦਾ ਹੈ ਕਿ ਇਹ ਪਰਮਜੀਤ ਸ਼ਰਮਾ ਨੂੰ ਬਚਾਉਣਾ ਚਾਹੁੰਦੇ ਹਨ। ਸਿਰਫ ਏਨੀ ਕੁ ਗੱਲ ਹੈ। ਮੈਂ ਤਾਂ ਇਨ੍ਹਾਂ ਕੋਲੋਂ ਸਿਰਫ਼ ਏਨਾ ਕੁ ਹੀ ਜਾਣਨਾ ਚਾਹੁੰਦਾ ਹਾਂ ਕਿ ਉਸਦੇ ਖਿਲਾਫ ਜੋ ਸਜ਼ਾ ਦੀ ਸਿਫਾਰਸ਼ ਕੀਤੀ ਗਈ ਹੈ ਕੀ ਉਸ ਬਾਰੇ ਉਸ ਨੂੰ ਨੋਟਿਸ ਜਾਰੀ ਹੋਇਆ ਹੈ ਜਾਂ ਨਹੀਂ ?

**ਸ਼੍ਰੀ ਸਪੀਕਰ** : ਤੁਸੀਂ ਇਸ ਗੱਲ ਦਾ ਜਵਾਬ ਦਿਓ।

**ਰਾਜ ਮੰਤਰੀ** : ਸਪੀਕਰ ਸਾਹਿਬ, ਜੇਕਰ ਉਸਦੇ ਖਿਲਾਫ ਸਾਡੇ ਕੋਲ ਕੋਈ ਅਜਿਹੀ ਗੱਲ ਆਈ ਹੈ ਤਾਂ ਜ਼ਰੂਰ ਅਸੀਂ ਕਾਰਵਾਈ ਕਰਾਂਗੇ।

**ਸ਼੍ਰੀ ਤਿਕਸ਼ਨ ਸੂਦ** : ਇਹ ਕੋਈ ਜਵਾਬ ਹੈ ?

**Mr. Speaker :** I think this is not a proper answer.

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੇਰਾ ਤਾਂ ਬੜਾ ਸਪੈਸੇਫਿਕ ਸਵਾਲ ਹੈ, ਪਰ ਇਹ ਉਸ ਦਾ ਜਵਾਬ ਹੀ ਨਹੀਂ ਦੇ ਰਹੇ। ਮੈਂ ਤਾਂ ਇਨ੍ਹਾਂ ਨੂੰ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਉਹ ਸਿਫਾਰਸ਼ ਮੰਨੀ ਗਈ ਜਾਂ ਨਹੀਂ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਇਨ੍ਹਾਂ ਦੀ ਸਰਕਾਰ ਵੇਲੇ ਦਾ ਮਸਲਾ ਹੈ . . . . .

**ਸ਼੍ਰੀ ਸਪੀਕਰ** : ਤੁਸੀਂ ਇਹ ਗੱਲ ਛੱਡੋ, ਤੁਸੀਂ ਪਰਾਪਰ ਜਵਾਬ ਦਿਓ।

**ਰਾਜ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਦੇ ਬੰਦੇ ਰੇਤਾ ਚੁੱਕਦੇ ਸੀ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਸਾਡੇ ਬੰਦੇ ਕਿੱਥੋਂ ਆ ਗਏ।

**Mr. Speaker :** Shri Tikshan Sud is not satisfied. I am also not satisfied with the answer. I postpone this question again.

Now regular list of Starred Questions will be taken up.

---

Original with;
Punjab Vidhan Sabha
Digitized by;

## ਗੰਦੇ ਨਾਲੇ ਤੇ ਪੁਲ ਦੀ ਉਸਾਰੀ

*309. **ਸਰਦਾਰ ਗੁਲਜ਼ਾਰ ਸਿੰਘ ਰਣੀਕੇ (ਡਾਕਟਰ ਰਤਨ ਸਿੰਘ ਵੱਲੋਂ ਪੇਸ਼ ਕੀਤਾ ਗਿਆ)** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡਾਂ ਅਚਿੰਤਕੋਟ ਅਤੇ ਲਹੌਰੀ ਮੱਲ ਨੂੰ ਜੋੜਨ ਲਈ ਜ਼ਿਲ੍ਹਾ ਅੰਮ੍ਰਿਤਸਰ ਵਿਚ ਪਿੰਡ ਹੁਸ਼ਿਆਰ ਨਗਰ ਦੇ ਨਾਲ-ਨਾਲ ਲੰਘਦੇ 'ਗੰਦੇ ਨਾਲੇ' ਉਪਰ ਪੁਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਪੁਲ ਦੀ ਉਸਾਰੀ ਦਾ ਕੰਮ ਕਦੋਂ ਤੱਕ ਸ਼ੁਰੂ ਅਤੇ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀਮਤੀ ਰਜਿੰਦਰ ਕੌਰ ਭੱਠਲ** : ਪਿੰਡਾਂ ਅਚਿੰਤਕੋਟ ਅਤੇ ਲਹੌਰੀ ਮੱਲ ਨੂੰ ਜੋੜਨ ਲਈ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪਿੰਡ ਹੁਸ਼ਿਆਰ ਨਗਰ ਦੇ ਨਾਲ-ਨਾਲ ਲੰਘਦੇ ਗੰਦੇ ਨਾਲੇ ਉਪਰ ਪੁਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਡਾਕਟਰ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਬੜਾ ਇੰਪਾਰਟੈਂਟ ਪੁਲ ਹੈ, ਜੇਕਰ ਇਹ ਬਣ ਜਾਵੇਗਾ ਤਾਂ ਇਹ ਦੋ ਪਿੰਡਾਂ ਨੂੰ ਆਪਸ ਵਿਚ ਜੋੜੇਗਾ। ਕੀ ਮੰਤਰੀ ਜੀ ਦੱਸਣਗੇ ਕਿ ਕੀ ਕੋਈ ਅਜਿਹੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਦੋਨੋਂ ਪਿੰਡ ਆਪਸ ਵਿਚ ਕੁਨੈਕਟ ਹੋ ਜਾਣ ?

**ਮੰਤਰੀ** : ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਜਿਵੇਂ ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਇਹ ਪੁਲ ਦੀ ਲੋੜ ਹੈ ਅਤੇ ਦੋਨੋਂ ਪਿੰਡਾਂ ਨੂੰ ਆਪਸ ਵਿੱਚ ਜੋੜਣ ਲਈ ਇਹ ਬਹੁਤ ਜਰੂਰੀ ਹੈ। ਲੇਕਿਨ ਸੜਕਾਂ ਵੱਖ-ਵੱਖ ਹੋਣ ਕਾਰਨ ਅਸੀਂ ਬਾਰਡਰ ਰੋਡ ਡਿਵੈਲਪਮੈਂਟ ਅਥਾਰਿਟੀ ਨੂੰ ਮਿਤੀ 20 ਜਨਵਰੀ, 2003 ਨੂੰ ਇਸ ਬਾਰੇ ਲਿਖਿਆ ਹੈ। ਆਸ ਹੈ ਕਿ ਉਹ ਆਪਣੇ ਆਪ ਹੀ ਇਸ ਨੂੰ ਦੇਖਣਗੇ ਅਤੇ ਬਾਰਡਰ ਦਾ ਏਰੀਆ ਹੋਣ ਕਰਕੇ ਇਸ ਨੂੰ ਆਪ ਪੂਰਾ ਕਰਨਗੇ।

---

## ਗ੍ਰਾਮ ਸੇਵਕਾਂ ਦੀਆਂ ਨਿਯੁਕਤੀਆਂ

*373. **ਸਰਦਾਰ ਜਸਬੀਰ ਸਿੰਘ ਗਿੱਲ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 2001 ਵਿਚ ਅਪਾਹਜ ਸ਼੍ਰੇਣੀ ਅਧੀਨ ਨਿਯੁਕਤ ਕੀਤੇ ਗਏ ਗ੍ਰਾਮ-ਸੇਵਕਾਂ ਦੇ ਨਾਂ ਕੀ-ਕੀ ਹਨ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਨਿਯੁਕਤੀਆਂ ਅਪਾਹਜ ਸ਼੍ਰੇਣੀ ਦੇ ਬੈਕਲਾਗ ਨੂੰ ਪੂਰਾ ਕਰਨ ਲਈ ਭਾਰਤ ਦੀ ਸੁਪਰੀਮ ਕੋਰਟ ਦੇ ਫੈਸਲੇ ਦੀ ਪੈਰਵੀ ਵਿੱਚ ਕੀਤੀਆਂ ਗਈਆਂ ਹਨ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : (ੳ) ਸਾਲ 2001 ਵਿਚ ਅੰਗਹੀਣ ਸ਼੍ਰੇਣੀ ਅਧੀਨ ਨਿਯੁਕਤ ਕੀਤੇ ਗਏ ਗਰਾਮ ਸੇਵਕਾਂ ਦੇ ਨਾਵਾਂ ਦੀ ਲਿਸਟ ਨਾਲ ਨੱਥੀ ਕੀਤੀ ਜਾਂਦੀ ਹੈ ਜੀ।

(ਅ) ਹਾਂ ਜੀ।

Original with;
Punjab Vidhan Sabha
Digitized by;
Panjab Digital Library

**ਸਾਲ 2001 ਦੌਰਾਨ ਅੰਗਹੀਣ ਕੋਟੇ ਵਿਚ ਭਰਤੀ ਕੀਤੇ ਗਏ ਗਰਾਮ ਸੇਵਕਾਂ ਦੀ ਸੂਚੀ :**

1. ਸ਼੍ਰੀ ਬਲਕਾਰ ਸਿੰਘ, ਪੁੱਤਰ ਸ਼੍ਰੀ ਸੁਖਦੇਵ ਸਿੰਘ
2. ਸ਼੍ਰੀ ਮਿੱਤਰਮਾਨ ਸਿੰਘ, ਪੁੱਤਰ ਸ਼੍ਰੀ ਰਛਪਾਲ ਸਿੰਘ
3. ਸ਼੍ਰੀ ਗੁਰਮੇਲ ਸਿੰਘ, ਪੁੱਤਰ ਸ਼੍ਰੀ ਕੌਰ ਸਿੰਘ
4. ਸ਼੍ਰੀ ਅਮਿਤ ਕੁਮਾਰ, ਪੁੱਤਰ ਸ਼੍ਰੀ ਜੁਗਲ ਕਿਸ਼ੋਰ
5. ਸ਼੍ਰੀ ਕਾਰਜ ਸਿੰਘ, ਪੁੱਤਰ, ਸਿੰਗਾਰਾ ਸਿੰਘ
6. ਸ਼੍ਰੀ ਗੁਰਇਕਬਾਲ ਸਿੰਘ, ਪੁੱਤਰ ਸ਼੍ਰੀ ਮੱਖਣ ਸਿੰਘ
7. ਸ਼੍ਰੀ ਜਤਿੰਦਰ ਸਿੰਘ, ਪੁੱਤਰ ਸ਼੍ਰੀ ਅਜੈਬ ਸਿੰਘ
8. ਸ਼੍ਰੀ ਜਤਿੰਦਰ ਸਿੰਘ, ਪੁੱਤਰ ਸ਼੍ਰੀ ਗੁਰਚਰਨ ਸਿੰਘ
9. ਸ਼੍ਰੀ ਰੂਲਦੂ ਸਿੰਘ, ਪੁੱਤਰ ਸ਼੍ਰੀ ਲਛਮਣ ਸਿੰਘ
10. ਸ਼੍ਰੀ ਨਿਰਭੈ ਸਿੰਘ, ਪੁੱਤਰ ਸ਼੍ਰੀ ਜਗੀਰ ਸਿੰਘ
11. ਸ਼੍ਰੀ ਗੁਰਵਿੰਦਰ ਸਿੰਘ, ਪੁੱਤਰ ਸ਼੍ਰੀ ਸੋਹਨ ਸਿੰਘ
12. ਸ਼੍ਰੀ ਗੁਰਤੇਜ ਸਿੰਘ, ਪੁੱਤਰ ਸ਼੍ਰੀ ਬਲਦੇਵ ਸਿੰਘ
13. ਸ਼੍ਰੀ ਦਿਲਬਾਗ ਸਿੰਘ, ਪੁੱਤਰ ਸ਼੍ਰੀ ਸਾਵਨ ਸਿੰਘ
14. ਸ਼੍ਰੀ ਰਣਜੋਧ ਸਿੰਘ, ਪੁੱਤਰ ਸ਼੍ਰੀ ਗੁਰਮੁੱਖ ਸਿੰਘ
15. ਸ਼੍ਰੀ ਜੋਗਿੰਦਰ ਸਿੰਘ, ਪੁੱਤਰ ਸ਼੍ਰੀ ਅਜੈਬ ਸਿੰਘ
16. ਸ਼੍ਰੀ ਹੀਰਾ ਸਿੰਘ, ਪੁੱਤਰ ਸ਼੍ਰੀ ਰਤਨ ਸਿੰਘ
17. ਸ਼੍ਰੀ ਰਮੇਸ਼ ਗਰਗ, ਪੁੱਤਰ ਸ਼੍ਰੀ ਚਮਨ ਲਾਲ
18. ਸ਼੍ਰੀ ਗੁਰਦੇਵ ਸਿੰਘ, ਪੁੱਤਰ ਸ਼੍ਰੀ ਅਮਰੀਕ ਸਿੰਘ
19. ਸ਼੍ਰੀ ਬਲਕਾਰ ਸਿੰਘ, ਪੁੱਤਰ ਸ਼੍ਰੀ ਹਰਦਿਆਲ ਸਿੰਘ
20. ਸ਼੍ਰੀ ਜਤਿੰਦਰ ਸਿੰਘ, ਪੁੱਤਰ ਸ਼੍ਰੀ ਗੁਰਵਿੰਦਰ ਸਿੰਘ
21. ਸ਼੍ਰੀ ਸੁਰਜੀਤ ਸਿੰਘ, ਪੁੱਤਰ ਸ਼੍ਰੀ ਬਾਵਾ ਸਿੰਘ
22. ਸ਼੍ਰੀ ਅਮਰਜੀਤ ਸਿੰਘ, ਪੁੱਤਰ ਸ਼੍ਰੀ ਹੀਰਾ ਸਿੰਘ

**ਸਰਦਾਰ ਜਸਬੀਰ ਸਿੰਘ ਗਿੱਲ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਲਿਸਟ ਮੈਨੂੰ ਸਪਲਾਈ ਕੀਤੀ ਗਈ ਹੈ ਉਸ ਦੇ ਵਿਚ ਇਕ ਵਿਅਕਤੀ ਸ਼੍ਰੀ ਰਣਜੋਧ ਸਿੰਘ, ਪੁੱਤਰ ਸ਼੍ਰੀ ਗੁਰਮੁਖ ਸਿੰਘ ਨੂੰ ਮੈਂ ਜਾਤੀ ਤੌਰ ਤੇ ਜਾਣਦਾ ਹਾਂ। ਉਹ ਕੋਈ ਲੰਗੜਾ-ਲੂਲਾ, ਕਾਣਾ ਜਾਂ ਹੋਰ ਕਿਸੇ ਤਰ੍ਹਾਂ ਵੀ ਅੰਗਹੀਣ ਨਹੀਂ ਹੈ। ਪ੍ਰੰਤੂ ਉਹ ਅੰਗਹੀਣਾਂ ਦੀ ਕੈਟਾਗਰੀ ਵਿਚ ਨੌਕਰੀ ਕਰ ਰਿਹਾ ਹੈ। ਕੀ ਮੰਤਰੀ ਜੀ ਉਸ ਚੰਗੇ-ਭਲੇ ਬੰਦੇ ਨੂੰ ਨੌਕਰੀ ਵਿਚੋਂ ਕੱਢ ਕੇ ਬਾਹਰ ਸੁੱਟਣ ਲਈ ਕਾਰਵਾਈ ਕਰਨਗੇ ?

Original with;
Punjab Vidhan Sabha
Digitized by;

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਸੇ ਤਰ੍ਹਾਂ ਦੀਆਂ ਹੋਰ ਵੀ ਕਈ ਸ਼ਕਾਇਤਾਂ ਮਿਲੀਆਂ ਹਨ ਕਿ ਕਈ ਠੀਕ-ਠਾਕ ਮੁਲਾਜ਼ਮ ਅੰਗਹੀਣਾਂ ਦੇ ਕੋਟੇ ਵਿਚ ਨੌਕਰੀ ਕਰ ਰਹੇ ਹਨ। ਇਸ ਬਾਰੇ ਕੇਸ ਹਾਈ ਕੋਰਟ ਵਿਚ ਚਲ ਰਿਹਾ ਹੈ ਅਤੇ ਅਸੀਂ ਵੀ ਡਿਪਾਰਟਮੈਂਟਲ ਤੌਰ ਤੇ ਵੇਖ ਰਹੇ ਹਾਂ। ਜੋ ਵੀ ਕੋਰਟ ਫੈਸਲਾ ਕਰੇਗੀ ਉਸ ਦੇ ਮੁਤਾਬਿਕ ਹੀ ਅਸੀਂ ਐਕਸ਼ਨ ਲਵਾਂਗੇ।

---

## ਜਗਰਾਉਂ ਸ਼ਹਿਰ ਵਿਖੇ ਬਾਈਪਾਸ ਦੀ ਉਸਾਰੀ

*510. **ਸਰਦਾਰ ਭਾਗ ਸਿੰਘ ਮੱਲ੍ਹਾ** : ਕੀ ਲੋਕ ਕਾਰਜ ਅਤੇ (ਭ. ਮ.) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜਗਰਾਉਂ ਸ਼ਹਿਰ ਵਿਚ ਬਾਈਪਾਸ ਬਣਾਉਣ ਦੀ ਤਜਵੀਜ਼ ਰੱਖਦੀ ਹੈ ਕਿਉਂਕਿ ਸਿੱਧਵਾਂ ਬੇਟ ਤੋਂ ਮਹਿਤਪੁਰ ਤਕ ਸਤਲੁਜ ਦਰਿਆ ਤੇ ਹੁਣ ਪੁਲ ਬਣਾ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਬਾਈਪਾਸ ਬਣਾਉਣ ਦੀ ਸੰਭਾਵਨਾ ਕਦੋਂ ਤਕ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਨਹੀਂ ਜੀ।

**ਸਰਦਾਰ ਭਾਗ ਸਿੰਘ ਮੱਲ੍ਹਾ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਗਰਾਉਂ ਸੜਕ ਤੋਂ ਤਕਰੀਬਨ ਇਕ ਲੱਖ ਵਹੀਕਲ ਲੰਘਦਾ ਹੈ। ਟ੍ਰੈਫਿਕ ਕਈ ਗੁਣਾ ਵੱਧ ਗਈ ਹੋਈ ਹੈ ਅਤੇ ਹੋਰ ਵੀ ਵਧ ਰਹੀ ਹੈ। ਰੇਲਵੇ ਫਾਟਕ ਜਦੋਂ ਬੰਦ ਹੁੰਦਾ ਹੈ ਤਾਂ ਡੇਢ-ਦੋ ਕਿਲੋਮੀਟਰ ਲੰਬੀ ਲਾਈਨ ਵਾਹਨਾਂ ਦੀ ਲਗ ਜਾਂਦੀ ਹੈ। ਕੀ ਪਬਲਿਕ ਦੀ ਤਕਲੀਫ ਨੂੰ ਮੁੱਖ ਰੱਖਦੇ ਹੋਏ ਮਨਿਸਟਰ ਸਾਹਿਬ ਇਸ ਉਤੇ ਵਿਚਾਰ ਕਰਨ ਦਾ ਭਰੋਸਾ ਦਿਵਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਜੀ ਨੇ ਜਿਹੜੀ ਪ੍ਰਪੋਜ਼ਲ ਰੱਖੀ ਹੈ ਇਸ ਵਾਸਤੇ ਬਹੁਤ ਜ਼ਿਆਦਾ ਜ਼ਮੀਨ ਐਕਵਾਇਰ ਕਰਨੀ ਪਵੇਗੀ ਅਤੇ ਇਹ ਇਕ ਬਹੁਤ ਹੀ ਵੱਡਾ ਪ੍ਰੋਜੈਕਟ ਹੈ ਅਤੇ ਬਹੁਤ ਜ਼ਿਆਦਾ ਪੈਸਾ ਲਗਣਾ ਹੈ। ਪਰ ਮੈਂ ਮਾਨਯੋਗ ਮੈਂਬਰ ਜੀ ਦੀ ਇਸ ਗੱਲ ਨਾਲ ਸਹਿਮਤ ਹਾਂ ਕਿ ਟ੍ਰੈਫਿਕ ਬਹੁਤ ਵੱਧ ਗਿਆ ਹੈ ਅਤੇ ਫਾਟਕ ਬੰਦ ਹੋਣ ਤੇ ਵਾਹਨਾਂ ਦੀਆਂ ਲੰਬੀਆਂ ਲਾਈਨਾਂ ਲਗ ਜਾਂਦੀਆਂ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਜਗਰਾਉਂ-ਰਾਏਕੋਟ ਰੋਡ ਉਤੇ ਆਰ.ਓ.ਬੀ. ਮਨਜ਼ੂਰ ਕੀਤਾ ਹੈ ਅਤੇ ਅਸੀਂ ਇਸ ਨੂੰ ਸੈਕਿੰਡ ਫੇਜ਼ ਵਿਚ ਟੇਕ-ਅੱਪ ਕਰ ਰਹੇ ਹਾਂ। ਜਦੋਂ ਇਹ ਬਣ ਜਾਵੇਗਾ ਤਾਂ ਫਿਰ ਬਾਈ-ਪਾਸ ਦੀ ਜਰੂਰਤ ਨਹੀਂ ਰਹੇਗੀ।

---

## ਅਪਨਿਵੇਸ਼ ਤੇ ਗਠਿਤ ਕੀਤੀ ਗਈ ਉੱਚ-ਪੱਧਰੀ ਕਮੇਟੀ

*279. **ਸਰਦਾਰ ਬੀਰ ਦਵਿੰਦਰ ਸਿੰਘ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਸਰਕਾਰ ਨੇ ਰਾਜ ਵਿਚ ਬੋਰਡਾਂ, ਕਾਰਪੋਰੇਸ਼ਨਾਂ ਅਤੇ ਹੋਰ ਕੰਪਨੀਆਂ ਵਿਚ ਅਪਨਿਵੇਸ਼ ਲਈ ਇਕ ਉੱਚ-ਪੱਧਰੀ ਕਮੇਟੀ ਗਠਿਤ ਕੀਤੀ ਹੈ;

Original with;
Punjab Vidhan Sabha
Digitized by;
Panjab Digital Library

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਉਕਤ ਕਮੇਟੀ ਨੇ ਆਪਣੀ ਰਿਪੋਰਟ ਪੇਸ਼ ਕਰ ਦਿੱਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

**ਸਰਦਾਰ ਲਾਲ ਸਿੰਘ :** (ੳ) ਹਾਂ ਜੀ।

(ਅ) ਕੈਬਨਿਟ ਕਮੇਟੀ ਆਨ ਡਿਸਇਨਵੈਸਟਮੈਂਟ ਵਲੋਂ ਸਰਕਾਰੀ ਨਿਗਮਾਂ/ਕੰਪਨੀਆਂ ਵਿਚ ਅਪਨਿਵੇਸ਼ ਸਬੰਧੀ ਕੋਈ ਰਿਪੋਰਟ ਸਰਕਾਰ ਨੂੰ ਦੇਣੀ ਨਹੀਂ ਬਣਦੀ ਕਿਉਂਕਿ ਮੰਤਰੀ ਮੰਡਲ ਨੇ ਇਸ ਨੂੰ ਇਹ ਅਖਤਿਆਰ ਦਿੱਤਾ ਹੈ ਕਿ ਉਹ ਕਿਸੇ ਵੀ ਮਾਮਲੇ ਵਿਚ ਅੰਤਿਮ ਫੈਸਲਾ ਲੈ ਸਕਦੀ ਹੈ, ਜਿਹੜਾ ਕਿ ਉਸਨੂੰ ਪੇਸ਼ ਕੀਤਾ ਜਾਵੇਗਾ।

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਪਾਸੋਂ ਪੁੱਛਣਾ ਚਾਹੁੰਦਾ ਹਾਂ ਕਿ ਡਿਸਇਨਵੈਸਟਮੈਂਟ ਵਾਸਤੇ ਕਾਰਪੋਰੇਸ਼ਨਜ਼, ਬੋਰਡਜ਼ ਅਤੇ ਕੰਪਨੀਜ਼ ਦੇ ਨਾਮ ਕੀ ਹਨ ਜਿਹੜੇ ਹਾਈ-ਪਾਵਰਡ ਕਮੇਟੀ ਸਾਹਮਣੇ ਪੇਸ਼ ਕੀਤੇ ਗਏ ਅਤੇ ਜਿਨ੍ਹਾਂ ਦਾ ਅੰਤਿਮ ਫੈਸਲਾ ਕੀਤਾ ਜਾ ਚੁੱਕਿਆ ਹੈ ?

**ਮੰਤਰੀ :** ਸਪੀਕਰ ਸਾਹਿਬ, ਟੋਟਲ ਪੰਜ ਐਸੇ ਆਦਾਰੇ ਹਨ, ਨੰਬਰ (1) ਪੀ.ਟੀ.ਐਲ., (2) ਪੀ.ਸੀ.ਐਲ., (3) ਪੰਜਾਬ ਟੂਰਿਜ਼ਮ ਕਾਰਪੋਰੇਸ਼ਨ, (4) ਪੰਜਾਬ ਐਲਕਲੀਜ਼, (5) ਕੋਨਵੇਅਰ। ਇਨ੍ਹਾਂ ਵਾਸਤੇ ਹੀ ਡਿਸਇਨਵੈਸਟਮੈਂਟ ਕਮਿਸ਼ਨ ਬਣਾਇਆ ਹੈ ਅਤੇ ਇਕ ਅਫੀਸਰਜ਼ ਦਾ ਕੋਰ ਗੁਰੱਪ ਹੈ ਜਿਸ ਨੂੰ ਮੁੱਖ ਸਕੱਤਰ ਸਾਹਿਬ ਚੇਅਰ ਕਰਦੇ ਹਨ। ਕੈਬਨਿਟ ਸਬ ਕਮੇਟੀ ਜਿਸ ਨੇ ਅੰਤਿਮ ਫੈਸਲਾ ਕਰਨਾ ਹੈ ਨੂੰ ਮੁੱਖ ਮੰਤਰੀ ਸਾਹਿਬ ਚੇਅਰ ਕਰਦੇ ਹਨ। ਪ੍ਰੋਸੈੱਸ ਅਜੇ ਜ਼ਾਰੀ ਹੈ। ਅੰਤਿਮ ਫੈਸਲਾ ਅਜੇ ਕੋਈ ਨਹੀਂ ਹੋਇਆ।

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਜਿਹੜਾ ਡਿਸਇਨਵੈਸਟਮੈਂਟ ਦਾ ਪ੍ਰੋਸੈੱਸ ਚਲ ਰਿਹਾ ਹੈ, ਸਪੀਕਰ ਸਾਹਿਬ, ਇਕ ਵੈਸ਼ਣਵ ਕਮੇਟੀ ਪਹਿਲਾਂ ਵੀ ਬਣੀ ਸੀ ਜਿਸ ਦੀ ਰਿਪੋਰਟ ਸ਼ਾਇਦ ਆ ਚੁੱਕੀ ਹੋਵੇ, ਉਸ ਰਿਪੋਰਟ ਬਾਰੇ ਵੀ ਸਦਨ ਨੂੰ ਜਾਣਕਾਰੀ ਨਹੀਂ ਹੈ। ਕੀ ਉਸ ਬਾਰੇ ਵੀ ਮੰਤਰੀ ਜੀ ਦੱਸਣਗੇ ? ਮੈਂ ਇਹ ਵੀ ਜਾਣਨਾ ਚਾਹੁੰਦਾ ਹਾਂ ਕਿ ਇਹ ਜਿਹੜੀ ਡਿਸਇਨਵੈਸਟਮੈਂਟ ਹੋ ਰਹੀ ਹੈ, ਇਸ ਦੀਆਂ ਟਰਮਜ਼ ਐਂਡ ਕੰਡੀਸ਼ਨਜ਼ ਕੀ ਹਨ ਅਤੇ ਦੂਸਰਾ ਇਹ ਕਿ ਸਾਰੇ ਬੋਰਡ ਅਤੇ ਕਾਰਪੋਰੇਸ਼ਨਾਂ ਲਈ ਕੀ ਟਰਮਜ਼ ਅਤੇ ਕੰਡੀਸ਼ਨਜ਼ ਇਕੋ ਹੀ ਹਨ ਜਾਂ ਵੇਰੀ ਕਰਦੀਆਂ ਹਨ ?

**ਮੰਤਰੀ :** ਸਪੀਕਰ ਸਾਹਿਬ, ਜਿੱਥੋਂ ਤੱਕ ਡਿਸਇਨਵੈਸਟਮੈਂਟ ਕਮਿਸ਼ਨ ਦਾ ਸਵਾਲ ਹੈ, ਵੈਸ਼ਣਵ ਸਾਹਿਬ ਦੀ ਰਿਪੋਰਟ ਆ ਚੁੱਕੀ ਹੈ ਅਤੇ ਉਨ੍ਹਾਂ ਨੇ 29 ਬੋਰਡ ਕਾਰਪੋਰੇਸ਼ਨਾਂ ਨੂੰ ਬੰਦ ਕਰਨ ਦੀ ਸਿਫਾਰਸ਼ ਕੀਤੀ ਹੈ ਪਰ ਸਰਕਾਰ ਇਸ ਗੱਲ ਦੀ ਪਾਬੰਦ ਨਹੀਂ ਕਿ ਸਾਰੀ ਰਿਪੋਰਟ ਮੰਨੀ ਜਾਵੇ। ਸਰਕਾਰ ਵਲੋਂ ਫਿਲਹਾਲ ਜਿਨ੍ਹਾਂ 5 ਬੋਰਡ ਕਾਰਪੋਰੇਸ਼ਨ ਦਾ ਮੈਂ ਉਪਰ ਜ਼ਿਕਰ ਕੀਤਾ ਹੈ, ਉਨ੍ਹਾਂ ਤੇ ਵਿਚਾਰ-ਵਟਾਂਦਰਾ ਜ਼ਾਰੀ ਹੈ। ਟਰਮਜ਼ ਐਂਡ ਕੰਡੀਸ਼ਨਜ਼ ਵੱਖਰੀਆਂ-ਵੱਖਰੀਆਂ ਹਨ ਅਤੇ ਇਸ ਬਾਰੇ ਜੋ ਵੀ ਇਨਫਰਮੇਸ਼ਨ ਇਨ੍ਹਾਂ ਨੂੰ ਚਾਹੀਦੀ ਹੈ, ਕਿਉਂਕਿ ਬੜਾ ਲੰਬਾ-ਚੌੜਾ ਹਿਸਾਬ ਕਿਤਾਬ ਹੈ, ਜਦੋਂ ਵੀ ਚਾਹੁਣ ਮੇਰੇ ਕੋਲ ਆ ਜਾਣ, ਮੈਂ ਦੇ ਦੇਵਾਂਗਾ ਜੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਕਿਸੇ ਕੰਪਨੀ ਬਾਰੇ ਕੋਈ ਬਿਡਿੰਗ ਵੀ ਹੋਈ ਹੈ ਅਤੇ ਜੇ ਹੋਈ ਹੈ ਤਾਂ ਹਾਈਐਸਟ ਬਿਡ (highest bid) ਕੀ ਸੀ ?

**ਮੰਤਰੀ** : ਸਪੀਕਰ ਸਾਹਿਬ, ਇਹ ਕਿਸੇ ਇਕ ਕੰਪਨੀ ਬਾਰੇ ਪਰਟੀਕੁਲਰਲੀ ਪੁੱਛ ਲੈਣ ਮੈਂ ਦੱਸ ਦੇਵਾਂਗਾ ਜੀ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ 5 ਦਾ ਜ਼ਿਕਰ ਕੀਤਾ ਹੈ। ਕੀ ਇਨ੍ਹਾਂ ਪੰਜਾਂ ਵਿਚੋਂ ਕਿਸੇ ਇਕ ਦੀ ਬਿਡਿੰਗ ਹੋਈ ਹੈ, ਅਤੇ ਸਰਕਾਰ ਦੀ ਐਕਸਪੈਕਟੇਸ਼ਨ ਕੀ ਸੀ ? ਕੀ ਕੋਈ ਅੰਤਿਮ ਫੈਸਲਾ ਹੋਇਆ ਹੈ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਅਜੇ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ। ਬਿਡਿੰਗ ਵੀ ਹੋਈ ਹੈ ਪਰ ਸਾਡੀ ਮਰਜ਼ੀ ਮੁਤਾਬਿਕ ਨਹੀਂ ਹੋਈ ਹੈ। ਇਸ ਕਰਕੇ ਅਸੀਂ ਰੀਜੈਕਟ ਕਰ ਦਿਤੀ ਹੈ ਅਤੇ ਦੋਬਾਰਾ ਹੋਣ ਦੀ ਸੰਭਾਵਨਾ ਹੈ। ਇਨ੍ਹਾਂ ਪੰਜਾਂ ਬਾਰੇ ਹੀ ਦੋ-ਤਿੰਨ ਮੀਟਿੰਗਾਂ ਹੋ ਚੁੱਕੀਆਂ ਹਨ ਜੀ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਡਿਸਇਨਵੈਸਟਮੈਂਟ ਦੇ ਪ੍ਰੋਸੈਸ ਦੇ ਵਿੱਚ ਜਿਹੜੀ ਕਮੇਟੀ ਵਗੈਰਾ ਬੈਠਦੀ ਹੈ, ਕੀ ਉਸ ਵਿੱਚ ਇਮਪਲਾਈਜ਼ ਦੇ ਨੁਮਾਇੰਦਿਆਂ ਨੂੰ ਵੀ ਜੁਆਇਨ ਕਰਵਾਇਆ ਜਾਂਦਾ ਹੈ ਜਾਂ ਨਹੀਂ ?

**ਮੰਤਰੀ** : ਨਹੀਂ ਜੀ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਜਿਹੜੇ 29 ਬੋਰਡ, ਕਾਰਪੋਰੇਸ਼ਨਾਂ ਦੀ ਰਿਕਮੈਂਡੇਸ਼ਨ ਹੋਈ ਸੀ ਕਿ ਡਿਸਇਨਵੈਸਟਮੈਂਟ ਕਰ ਦਿਓ, ਉਨ੍ਹਾਂ ਤੋਂ ਇਲਾਵਾ ਕੀ ਕੋਈ ਹੋਰ ਬੋਰਡ, ਕਾਰਪੋਰੇਸ਼ਨ ਬਚਦਾ ਹੈ ? ਮੰਤਰੀ ਜੀ ਦੱਸਣ ਦੀ ਖੇਚਲ ਕਰਨ।

**ਮੰਤਰੀ** : ਸਪੀਕਰ ਸਾਹਿਬ, ਇਹ ਵੱਖਰਾ ਕੁਐਸਚਨ ਕਰ ਦੇਣ, ਮੈਂ ਦੱਸ ਦਿਆਂਗਾ ਜੀ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬੋਰਡ, ਕਾਰਪੋਰੇਸ਼ਨ ਡਿਸਇਨਵੈਸਟਮੈਂਟ ਅਧੀਨ ਆ ਰਹੇ ਹਨ, ਜਿਹੜੀ ਵੈਸ਼ਣਵ ਰਿਪੋਰਟ ਹੈ, ਉਨ੍ਹਾਂ ਬੋਰਡ ਕਾਰਪੋਰੇਸ਼ਨ ਦੇ ਜਿਹੜੇ ਅਨੁਸੂਚਿਤ ਜਾਤੀਆਂ ਦੇ ਕਰਮਚਾਰੀ ਹਨ ਉਨ੍ਹਾਂ ਬਾਰੇ ਕੀ ਇਸ ਵਿੱਚ ਕੋਈ ਜ਼ਿਕਰ ਹੈ ? ਜਿਹੜੀਆਂ ਪੰਜ ਕਾਰਪੋਰੇਸ਼ਨਾਂ ਦੀ ਡਿਸਇਨਵੈਸਟਮੈਂਟ ਕੀਤੀ ਜਾ ਰਹੀ ਹੈ, ਕੀ ਉਨ੍ਹਾਂ ਵਿੱਚ ਰਿਜ਼ਰਵ ਕਲਾਸ ਦੇ ਇੰਪਲਾਈਜ਼ ਬਾਰੇ ਵੀ ਕੁਝ ਸੋਚਿਆ ਗਿਆ ਹੈ ? ਸਰਕਾਰ ਦੀ ਉਨ੍ਹਾਂ ਬਾਰੇ ਕੀ ਪਾਲਿਸੀ ਹੈ ?

**ਮੰਤਰੀ** : ਸਪੀਕਰ ਸਾਹਿਬ, ਪਾਲਿਸੀ ਸਾਰਿਆਂ ਵਾਸਤੇ ਬਰਾਬਰ ਹੈ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਸਪੀਕਰ ਸਾਹਿਬ, ਮੈਂ ਪੁੱਛਿਆ ਸੀ ਕਿ ਕੀ ਸ਼ਡਿਊਲਡ ਕਾਸਟ ਇੰਪਲਾਈਜ਼ ਬਾਰੇ ਰਿਜ਼ਰਵੇਸ਼ਨ ਪਾਲਿਸੀ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸਿਆ ਹੈ ਕਿ ਪਾਲਿਸੀ ਸਭ ਵਾਸਤੇ ਬਰਾਬਰ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਇਨ੍ਹਾਂ ਪੰਜ ਕੰਪਨੀਆਂ ਵਿੱਚੋਂ ਇੱਕ ਕੰਪਨੀ ਪਨਕਾਮ ਹੈ ਜਿਸ ਦੀ ਬਿਡ ਵੀ ਹੋਈ ਪਰ ਉਹ ਬਿਡ ਸਰਕਾਰ ਦੀ ਤਵੱਕੋ ਤੋਂ ਥੋੜ੍ਹੀ ਰਹਿ ਗਈ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਕੰਪਨੀ ਚਾਲੂ ਹਾਲਤ ਵਿੱਚ ਹੈ ਜਾਂ ਬੰਦ ਹੈ ?

**ਮੰਤਰੀ** : ਸਪੀਕਰ ਸਾਹਿਬ, ਪਨਕਾਮ ਬਾਰੇ ਜੋ ਕਾਰਵਾਈ ਹੋਈ ਹੈ, ਉਸ ਬਾਰੇ ਵਿਸਥਾਰ ਪੂਰਵਕ ਰਿਪੋਰਟ ਮੈਂ ਤੁਹਾਡੇ ਸਾਹਮਣੇ ਰੱਖਦਾ ਹਾਂ। ਪਨਕਾਮ, ਪੰਜਾਬ ਸੂਚਨਾ ਤੇ ਸੰਚਾਰ ਟੈਕਨਾਲੋਜੀ ਨਿਗਮ ਦਾ ਸਮੁੱਚਾ 69.79% ਅਪਨਿਵੇਸ਼ ਕੀਤਾ ਜਾ ਚੁੱਕਾ ਹੈ।

(ਇਸ ਸਮੇਂ ਸਦਨ ਦੇ ਸਾਰੇ ਮਾਈਕ ਬੰਦ ਹੋ ਗਏ ਸਨ।)

ਇਸ ਬਾਰੇ ਕਾਨੂੰਨੀ ਸਲਾਹਕਾਰ ਤੇ ਮੁਲਾਂਕਣ ਦੀ ਨਿਯੁਕਤੀ ਕੀਤੀ ਗਈ ਸੀ। ਸੰਭਾਵੀ ਬੋਲੀ ਦੇਣ ਵਾਲਿਆਂ ਪਾਸੋਂ ਵਿੱਤੀ ਪੇਸ਼ਕਸ਼ਾਂ ਤੇ ਫਾਇਨਾਂਸ਼ੀਅਲ ਬਿਡਸ ਮਿਤੀ 6 ਮਾਰਚ, 2003 ਨੂੰ ਮੰਗੀਆਂ ਗਈਆਂ ਸਨ। ਦੋ ਬੋਲੀਕਾਰ ਪੇਸ਼ਕਸ਼ਾਂ ਦੇਣ ਲਈ ਆਏ ਪਰ ਉਨ੍ਹਾਂ ਵਿੱਚੋਂ ਇੱਕ ਨੇ ਖੇਦ ਦਾ ਪ੍ਰਗਟਾਵਾ ਕਰਦਿਆਂ ਪੱਤਰ ਪੇਸ਼ ਕੀਤਾ। ਸਿਰਫ ਇੱਕ ਹੀ ਜਾਇਜ਼ ਬੋਲੀ ਪ੍ਰਾਪਤ ਹੋਈ ਜਿਹੜੀ ਕਿ ਰਿਜ਼ਰਵ ਕੀਮਤ ਤੋਂ ਘੱਟ ਹੋਣ ਕਾਰਨ ਸਵੀਕਾਰ ਨਹੀਂ ਕੀਤੀ ਗਈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਤਾਂ ਇਹ ਹੀ ਪੁੱਛਿਆ ਸੀ ਕਿ ਕੀ ਕੰਪਨੀ ਚਾਲੂ ਹੈ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਇਹ ਪੰਜੇ ਕੰਪਨੀਆਂ ਨਾ ਚੱਲਿਆਂ ਵਰਗੀਆਂ ਹਨ। ਜੇ ਚਲਦੀਆਂ ਹੁੰਦੀਆਂ ਤਾਂ ਡਿਸਇਨਵੈਸਟਮੈਂਟ ਕਰਨ ਦੀ ਕੀ ਲੋੜ ਸੀ।

---

### ਜ਼ਿਲ੍ਹਾ ਯੋਜਨਾਬੰਦੀ ਬੋਰਡਾਂ ਦਾ ਗਠਨ

*290. (1) **ਸਰਦਾਰ ਬੀਰ ਦਵਿੰਦਰ ਸਿੰਘ**
(2) **ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** } : ਕੀ ਵਿੱਤ ਅਤੇ

ਯੋਜਨਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਰਕਾਰ ਦੁਆਰਾ ਰਾਜ ਵਿਚ ਗਠਿਤ ਕੀਤੇ ਗਏ ਜ਼ਿਲ੍ਹਾ ਯੋਜਨਾਬੰਦੀ ਬੋਰਡਾਂ ਦੀ ਬਣਤਰ ਜ਼ਿਲ੍ਹਾ-ਵਾਰ ਕੀ ਹੈ ਅਤੇ ਇਨ੍ਹਾਂ ਬੋਰਡਾਂ ਦਾ ਗਠਨ ਕਿਸ-ਕਿਸ ਮਿਤੀ ਨੂੰ ਕੀਤਾ ਗਿਆ ਸੀ;

(ਅ) ਕੀ ਸਬੰਧਤ ਯੋਜਨਾਬੰਦੀ ਬੋਰਡਾਂ ਨੂੰ ਲੋੜੀਂਦੇ ਫੰਡ ਮੁਹੱਈਆ ਕਰ ਦਿੱਤੇ ਗਏ ਹਨ; ਅਤੇ

(ੲ) ਉਪਰੋਕਤ ਵਰਣਿਤ ਹਰ ਇਕ ਯੋਜਨਾਬੰਦੀ ਬੋਰਡ ਦੁਆਰਾ ਕਿੰਨੀਆਂ-ਕਿੰਨੀਆਂ ਮੀਟਿੰਗਾਂ ਕੀਤੀਆਂ ਗਈਆਂ ?

**ਸਰਦਾਰ ਲਾਲ ਸਿੰਘ** : (ੳ) ਅਧਿਸੂਚਨਾ 4 ਜੁਲਾਈ, 2002 ਜਿਸ ਅਨੁਸਾਰ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡਾਂ ਦਾ ਗਠਨ ਕੀਤਾ ਗਿਆ ਹੈ ਸਦਨ ਦੀ ਮੇਜ ਤੇ ਬਤੌਰ ਸਟੇਟਮੈਂਟ-1 ਰੱਖੀ ਜਾਂਦੀ ਹੈ। ਇਸ ਨੋਟੀਫਿਕੇਸ਼ਨ ਵਿੱਚ ਬਾਅਦ ਵਿੱਚ ਅੰਸ਼ਿਕ ਸੋਧ ਮਿਤੀ 21 ਫਰਵਰੀ, 2003 ਦੀ ਨੋਟੀਫਿਕੇਸ਼ਨ ਰਾਹੀਂ ਕੀਤੀ ਗਈ ਹੈ ਜੋ ਕਿ ਸਦਨ ਦੀ ਮੇਜ਼ ਤੇ ਬਤੌਰ ਸਟੇਟਮੈਂਟ-II ਰੱਖੀ ਜਾਂਦੀ ਹੈ।

Original with;
Punjab Vidhan Sabha
Digitized by;

[ਵਿੱਤ ਅਤੇ ਯੋਜਨਾ ਮੰਤਰੀ]

(ਅ) ਹਾਂ ਸ਼੍ਰੀਮਾਨ ਜੀ।

(ੲ) ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡਾਂ ਦੁਆਰਾ ਕੀਤੀਆਂ ਗਈਆਂ ਮੀਟਿੰਗਾਂ ਦੀ ਗਿਣਤੀ ਨੂੰ ਦਰਸਾਉਂਦੀ ਸਟੇਟਮੈਂਟ ਸਦਨ ਦੀ ਮੇਜ਼ ਤੇ ਬਤੌਰ ਸਟੇਟਮੈਂਟ-III ਰੱਖੀ ਜਾਂਦੀ ਹੈ।

**Statement—I**

**Government of Punjab**

**Department of Planning**

(Local Plan Division)

**Notification**

The 4th July, 2002

**No. 2/1/PSPB/LPD/02/3800.**—In supersession of Punjab Governments Notifications No. 2/1/PSPB/LPD/RO (II)-97/3987, dated 3rd June, 1997, No. 2/1/PSPB/LPD/RO (II)-97/3129, dated 7th May, 1998 and No. 2/1/PSPB/LPD/RO (II)-98/1612, dated 22nd February, 1999, the Governor of Punjab is pleased to reconstitute District Planning and Development Board for each district of the State consisting of the following :

| | | | |
|---|---|---|---|
| 1. | Cabinet Minister | : | Chairman* |
| 2. | Minister of State | : | Chairman/Vice-Chariman* |
| 3. | All sitting members of the Lok Sabha whose constituency wholly or partially lies within the district. | : | Member |
| 4. | One member to be nominated by the Speaker, Deputy Speaker of Punjab Vidhan Sabha and Ministers in their place from their constituencies. | : | Member |
| 5. | One member to be nominated by the Union Ministers from the State in their place from their constituencies | : | Member |
| 6. | All sitting M.L.As of the district | : | Member |
| 7. | Chairman Zila Parishad | : | Member |
| 8. | Six non-official members including one Ex-serviceman to be appointed by the State Government on the recommendations of the district Administration. | : | Member |

*Already appointed,—*vide* Punjab Governments Notification No. 2/1/PSPB/LPD/2002/2462, dated 2nd May, 2002

Original with;
Punjab Vidhan Sabha
Digitized by;
Punjab Digital Library

| | | |
|---|---|---|
| 9. One Sarpanch or Samiti Member from each sub-division of the district to be appointed on the recommendations of the District Administration | : | Member |
| 10. Mayor of the Municipal Corporations falling in the district. | : | Member |
| 11. Presidents of Class 'A' Municipal Councils falling in the District. | : | Member |
| 12. One or Two Presidents of Class 'B' & 'C' Mcs. falling in the District, depending on the number of such Councils in the District. | : | Member |
| 13. Deputy Commissioner | : | Member Secretary |
| 14. Additional Deputy Commissioner (Dev.) | : | Additional Secretary |
| 15. Deputy Economic & Statistical Adviser in the district. | : | Additional Secretary |

**1.2** While making nominations of the non-official members, the State Government will ensure that due representation in each District Planning & Development Board is given to the members belonging to Industry, Trade, Scheduled Castes, Backward Classes, Women and other Minorities in the district.

**1.3** In case of nominations made by the Speaker, Deputy Speaker, Ministers or Union Minister(s) in their place, only the nominee will attend the meetings in case, at some time, Speaker, Deputy Speaker, Ministers or Union Minister(s) wishes to attend these meetings in person, the nominated member in their place will not attend such meeting(s).

**1.4** In the absence of Chairman, Vice Chariman will preside over the meeting.

**2. Term :**

**2.1** The term of an elected member shall be the duration of his tenure in the respective capacity, whereas the term of a nominated and non-official member(s) shall be at the discretion of the State Government. If any nominated member fails to attend three consecutive meetings of the Board without sufficient cause/prior intimation to the Chairman, he/she shall be deemed to have ceased to be the member of the Board and a new member will be nominated in his/her place.

**2.2** It shall be the duty of the Member Secretary to intimate the Government in the Department of Planning the name(s) of the Member(s) who fail to attend the meetings of the Board in term of clause 2.1 above.

**2.3** All the concerned district level officers will remain in attendance in the meetings of the District Planning & Development Boards, Deputy Economic & Statistical Adviser of the district would ensure necessary Secretarial assistance

Original with;
Punjab Vidhan Sabha
Digitized by;

[ਵਿੱਤ ਅਤੇ ਯੋਜਨਾਬੰਦੀ ਮੰਤਰੀ]

for the functioning of District Planning & Development Boards and ensure that all the instructions issued by the State Planning Department from time to time are brought to the notice of the members of the District Planning & Development Boards for compliance. He will have the authority to inspect all the works/schemes and send regular reports to the Planning Department.

**3. Functions :**

**3.1** The functions of the District Planning and Development Boards shall be as follows :—

(i) to formulate a long term district perspective plan and to evolve a strategy of planned development for the district on the basis of felt needs of the people and local priorities.

(ii) To prepare priority-wise list of schemes/programmes taking into account the resources available from plan funds, State Mandikaran Board, State Rural Development Board and Community contribution well before the beginning of each year;

(iii) To take appropriate measures for proper implementation of schemes/ programmes and projects;

(iv) To monitor the progress of projects; and for this purpose the District Planning and Development Board may meet as frequently as necessary. The Board will send performance reports to the State Planning Board at regular intervals.

(v) To encourage the panchayats and other local bodies to take up implementation of development projects themselves with a view to ensuring maximum involvement of people and to maximize the confidence in their leadership and implementing capability. The involvement should be both in terms of financial and physical parameters;

(vi) To make efforts to generate additional resources for developmental works with the cooperation of people, NGOs, NRIs and other agencies; and

(vii) Any other related function that may be assigned by the State Planning Board.

4 District Planning and Development Board shall meet from time to time at a place to be decided by the Chairman of the District Planning and Development Board.

Chandigarh : J.S. KESAR,

The 4th July, 2002. Principal Secretary to Government, Punjab, Department of Planning.

Original with;
Punjab Vidhan Sabha
Digitized by;
Panjab Digital Library

**Statement—II**

**Government of Punjab**

**Department of Planning**
(Local Plan Division)

**Notification**

The 21st February, 2003

**No. 2/1/PSPB/LPD/02/1216.**—In partial modification of Punjab Government Notification No. 2/1/PSPB/LPD/02/3800, dated 4th July, 2002 for the reconstitution of District Planning and Development Boards in the State, the following amendments are made :

The present clause 9 is substituted as under :

(i) One Sarpanch or Samiti Member or Zila Parishad Member (The Zila Parishad Member nominated from the block should be one who has his name in the voters list of the block) from each block of the district to be nominated by the State Government on the recommendations of the District Administration.

The present clause 3 is amended as under :—

(ii) All sitting members of Lok Sabha/Rajya Sabha whose constituency wholly or partially lies within the district are members of District Planning and Development Boards in the State.

Chandigarh : J.S. KESAR,

The 21st February, 2003. Principal Secretary to Government, Punjab, Department of Planning.

**Statement—III**

**Districtwise information regarding number of meetings held by District Planning and Development Boards during current financial Year 2002-2003**

| Sr. No. | Name of the District | No. of Meetings |
|---|---|---|
| 1 | Amritsar | 1 |
| 2 | Ferozepur | 2 |
| 3 | Gurdaspur | 1 |

Original with;
Punjab Vidhan Sabha
Digitized by;

[ਵਿੱਤ ਅਤੇ ਯੋਜਨਾਬੰਦੀ ਮੰਤਰੀ]

| Sr.No. | Name of the District | No. of Meetings |
|---|---|---|
| 4 | Jalandhar | 1 |
| 5 | Kapurthala | 1 |
| 6 | Ludhiana | 1 |
| 7 | Fatehgarh Sahib | 1 |
| 8 | Hoshiarpur | 1 |
| 9 | Sangrur | 2 |
| 10 | Bathinda | — |
| 11 | Mansa | — |
| 12 | Patiala | 1 |
| 13 | Ropar | 1 |
| 14 | Faridkot | 1 |
| 15 | Nawanshehar | 1 |
| 16 | Mukatsar | — |
| 17 | Moga | — |

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੇਰਾ ਕੁਐਸਚਨ ਸੀ ਕਿ ਜ਼ਿਲ੍ਹਾ ਯੋਜਨਾ ਬੋਰਡਾਂ ਦੀ ਬਣਤਰ ਕੀ ਹੈ ਔਰ ਜਿਹੜੀ ਇਨਫਰਮੇਸ਼ਨ ਦਿੱਤੀ ਗਈ ਹੈ, ਉਸ ਵਿੱਚ ਮੀਟਿੰਗਾਂ ਬਾਰੇ ਦੱਸਿਆ ਗਿਆ ਹੈ ਕਿ ਇੱਕ ਸਾਲ ਕਈ ਜ਼ਿਲ੍ਹਿਆਂ ਵਿੱਚ 1-1 ਮੀਟਿੰਗ ਹੋਈ। ਸਿਰਫ 2 ਜ਼ਿਲ੍ਹੇ ਐਸੇ ਹਨ ਜਿੱਥੇ ਦੋ ਮੀਟਿੰਗਾਂ ਹੋਈਆਂ ਅਤੇ ਕੁਝ ਜ਼ਿਲ੍ਹਿਆਂ ਵਿੱਚ ਮੀਟਿੰਗ ਹੋਈ ਹੀ ਨਹੀਂ। ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਮੀਟਿੰਗਾਂ ਦੇ ਵੇਰਵੇ ਵਿੱਚ ਤਾਰੀਖ ਨਹੀਂ ਦਿੱਤੀ ਗਈ ਕਿ ਇਹ ਮੀਟਿੰਗਾਂ ਕਿਹੜੀ ਤਾਰੀਖ ਨੂੰ ਹੋਈਆਂ? ਦੂਸਰਾ ਸਵਾਲ ਮੇਰਾ ਐਲੋਕੇਸ਼ਨ ਆਫ ਫੰਡਜ਼ ਟੂ ਦੀ ਡਿਸਟ੍ਰਿਕਟ ਪਲਾਨਿੰਗ ਬੋਰਡ ਬਾਰੇ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਟੋਟਲ ਐਲੋਕੇਸ਼ਨ ਆਫ ਫੰਡਜ਼ ਟੂ ਦਿ ਡਿਸਟ੍ਰਿਕਟ ਪਲਾਨਿੰਗ ਬੋਰਡ ਕਿੰਨੀ ਕੀਤੀ ਗਈ ਹੈ ਔਰ ਪਿਛਲੇ ਸਾਲ ਵਿੱਚ ਇਸ ਵਿਚੋਂ ਕਿੰਨੀ ਕੀਤੀ ਗਈ ਹੈ ਔਰ ਪਿਛਲੇ ਸਾਲ ਵਿੱਚ ਇਸ ਵਿਚੋਂ ਕਿੰਨਾ ਖਰਚ ਕੀਤਾ ਗਿਆ ਹੈ?

**ਸ਼੍ਰੀ ਸਪੀਕਰ** : ਤੁਸੀਂ ਇੱਕ ਸਮੇਂ ਇੱਕ ਸਵਾਲ ਕਰੋ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੇਰਾ ਸਵਾਲ ਤਿੰਨ ਹਿੱਸਿਆ ਵਿੱਚ ਹੈ: ੳ, ਅ ਅਤੇ ੲ।

**Mr. Speaker :** You can put one question at one time.

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੇਰਾ ਪਹਿਲਾ ਸਵਾਲ ਹੈ ਕਿ ਜ਼ਿਲ੍ਹਾ ਯੋਜਨਾ ਬੋਰਡ ਨੂੰ ਕੁੱਲ ਕਿੰਨਾ ਫੰਡ ਅਵੇਲੇਬਲ ਕੀਤਾ ਗਿਆ?

Original with;
Punjab Vidhan Sabha
Digitized by;

**ਮੰਤਰੀ** : ਸਪੀਕਰ ਸਾਹਿਬ, ਫੰਡਜ਼ ਜਿਹੜੇ ਸਾਰੇ ਪਲਾਨਿੰਗ ਬੋਰਡਾਂ ਨੂੰ ਐਲੋਕੇਟ ਕੀਤੇ ਗਏ ਹਨ, ਇਹ 160 ਕਰੋੜ 34 ਲੱਖ 37 ਹਜ਼ਾਰ ਰੁਪਏ ਹਨ ਔਰ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਇੱਕ ਮੀਟਿੰਗ ਹੋਈ ਹੈ, ਇਹ ਜ਼ਿਲ੍ਹਾ ਯੋਜਨਾ ਬੋਰਡ ਫਰਵਰੀ ਵਿੱਚ ਕਾਂਸਟੀਚਿਊਟ ਹੋਏ ਹਨ, ਇਸ ਕਰਕੇ ਬਹੁਤਾ ਸਮਾਂ ਨਹੀਂ ਲੰਘਿਆ। ਪਰ, ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਹਾਊਸ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਤਾਂ ਪੰਜ ਸਾਲ ਵਿੱਚ ਮੀਟਿੰਗਾਂ ਪੰਜ ਵੀ ਨਹੀਂ ਬੁਲਾਈਆਂ।

(**ਵਿਰੋਧੀ ਬੈਂਚਾਂ ਵੱਲੋਂ ਆਵਾਜ਼ਾਂ** : ਹਰ ਮਹੀਨੇ ਮੀਟਿੰਗ ਹੁੰਦੀ ਸੀ।)

**Minister** : No. No.

**ਸ਼੍ਰੀ ਸਪੀਕਰ** : ਪਿਛਲੀ ਸਰਕਾਰ ਦਾ ਜਵਾਬ ਦੇਣ ਦੀ ਤੁਹਾਨੂੰ ਲੋੜ ਨਹੀਂ ਹੈ।

**ਮੰਤਰੀ** : ਸਪੀਕਰ ਸਾਹਿਬ, ਇਹ ਦੋ ਸਾਲ ਬਾਅਦ ਮੀਟਿੰਗ ਹੋਈ ਹੈ।.....(ਵਿਘਨ)

**ਸ਼੍ਰੀ ਸਪੀਕਰ** : ਆਰਡਰ, ਆਰਡਰ।

**ਸਰਦਾਰ ਬੀਰ ਦਵਿੰਦਰ ਸਿੰਘ** : ਸਰ, ਜੋ ਵੇਰਵੇ ਮੰਤਰੀ ਸਾਹਿਬ ਨੇ ਦਿੱਤੇ ਹਨ, ਮੈਂ ਸਮਝਦਾ ਹਾਂ ਕਿ ਇਹ ਕਾਫੀ ਗੰਭੀਰ ਅਤੇ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਪਲੈਨਿੰਗ ਹੀ ਕਿਸੇ ਸਟੇਟ ਦੀ ਸਭ ਤੋਂ ਵੱਡੀ ਡਿਵੈਲਪਮੈਂਟ ਦਾ ਆਧਾਰ ਹੁੰਦੀ ਹੈ। ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੀ ਪਲੈਨਿੰਗ ਬੋਰਡ ਨੂੰ ਕਾਂਸਟੀਚਿਊਟ ਕਰਨ ਵਿੱਚ ਦੇਰੀ ਹੋਈ ਹੈ, ਉਸ ਦੇ ਲਈ ਨਟੋਰੀਅਸਲੀ ਸਲੋਅ ਪੇਸ ਕਿਉਂ ਰਿਹਾ ਹੈ ?

**ਸ਼੍ਰੀ ਸਪੀਕਰ** : ਪ੍ਰੋਸੀਜਰ ਸੁਸਤ ਕਿਉਂ ਰਿਹਾ ਹੈ ? ਦੱਸੋ ਜੀ।

**ਮੰਤਰੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਪੰਜ ਸਾਲਾਂ ਦਾ ਸਾਰਾ ਰਿਕਾਰਡ ਕਢਵਾ ਕੇ ਦੇਖ ਲੈਣ; ਮੈਂ ਇਨ੍ਹਾਂ ਨੂੰ ਅਤੇ ਸਾਰੇ ਹਾਊਸ ਨੂੰ ਇਹ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਜਿਹੜੇ ਯੋਜਨਾ ਬੋਰਡ ਕਾਂਸਟੀਚਿਊਟ ਕੀਤੇ ਹਨ, ਉਥੇ ਬਕਾਇਦਾ ਇਹ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਹਰ ਮਹੀਨੇ ਲਗਾਤਾਰ ਇਸ ਦੀ ਮੀਟਿੰਗ ਹੋਇਆ ਕਰੇਗੀ। ਇਨ੍ਹਾਂ ਨੂੰ ਚਿੰਤਾ ਕਰਨ ਦੀ ਲੋੜ ਨਹੀਂ ਹੈ। ਦੇਰੀ ਜਿਹੜੀ ਹੋਈ ਹੈ, ਉਹ ਇਸ ਕਰਕੇ ਹੋਈ ਹੈ ਕਿ ਸਾਡੇ ਸਾਹਮਣੇ ਬੜੀਆਂ ਚੁਣੌਤੀਆਂ ਸਨ, ਜਿਵੇਂ ਫੰਡਾਂ ਦੀ ਚੁਣੌਤੀ । ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਕੇ ਹੁਣ ਅੱਗੇ ਨੂੰ ਇਸ ਤੇ ਪੂਰਾ ਧਿਆਨ ਦਿੱਤਾ ਜਾਵੇਗਾ ਔਰ ਜ਼ਿਲ੍ਹਾ ਯੋਜਨਾ ਬੋਰਡਾਂ ਨੂੰ ਪੂਰੀ ਤਰ੍ਹਾਂ ਐਕਟਿਵ ਕੀਤਾ ਜਾਵੇਗਾ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਜਾਣਨਾ ਚਾਹੁੰਦਾ ਹਾਂ ਕਿ ਜੋ ਜ਼ਿਲ੍ਹਾ ਯੋਜਨਾ ਬੋਰਡਾਂ ਦੀ ਬਣਤਰ ਹੈ, ਜੋ ਗਾਈਡ ਲਾਈਨਜ਼ ਹਨ, ਉਸ ਦੇ ਮੁਤਾਬਿਕ ਵਿਰੋਧੀ ਪਾਰਟੀ ਦੇ ਐਮ.ਐਲ.ਏ. ਦਾ ਨੁਮਾਇੰਦਾ ਅਤੇ ਇੱਕ ਨੁਮਾਇੰਦਾ ਹਰ ਪਾਰਟੀ ਵੱਲੋਂ ਵੀ ਲਿਆ ਜਾਂਦਾ ਹੈ। ਮੈਂ ਵਿੱਤ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮਾਨਸਾ ਜ਼ਿਲ੍ਹੇ ਵਿੱਚ ਐਮ.ਐਲ.ਏ. ਦਾ ਅਤੇ ਅਕਾਲੀ ਦਲ ਦਾ ਕੋਈ ਨੁਮਾਇੰਦਾ ਕਿਉਂ ਨਹੀਂ ਲਿਆ ?

Original with;
Punjab Vidhan Sabha
Digitized by;

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਨੂੰ ਭਲੀ ਭਾਂਤੀ ਪਤਾ ਹੈ ਕਿ ਹਰ ਅਸੈਂਬਲੀ ਹਲਕੇ ਦਾ ਮੈਂਬਰ ਜ਼ਿਲ੍ਹਾ ਯੋਜਨਾ ਬੋਰਡ ਦਾ ਮੈਂਬਰ ਹੁੰਦਾ ਹੈ। ਇਸ ਦੇ ਨਾਲ ਹੀ ਹਰ ਮੈਂਬਰ ਪਾਰਲੀਮੈਂਟ ਜ਼ਿਲ੍ਹਾ ਯੋਜਨਾ ਬੋਰਡ ਦਾ ਮੈਂਬਰ ਹੁੰਦਾ ਹੈ। ਕਿਸੇ ਵੀ ਐਮ.ਐਲ.ਏ. ਚਾਹੇ ਆਪੋਜ਼ੀਸ਼ਨ ਦਾ ਹੈ, ਚਾਹੇ ਸਰਕਾਰੀ ਬੈਂਚਿਜ਼ ਦਾ ਹੈ, ਉਸ ਦਾ ਨਾਮਨੀ ਕਿਤੇ ਵੀ ਨਹੀਂ ਲਿਆ ਜਾਂਦਾ। ਜਿਥੋਂ ਤੱਕ ਮੈਂਬਰ ਪਾਰਲੀਮੈਂਟ ਦਾ ਸਵਾਲ ਹੈ, ਮੈਂਬਰ ਪਾਰਲੀਮੈਂਟ ਦੇ ਹਲਕੇ ਵਿੱਚ ਕਈ ਵਾਰ ਕਈ ਹਲਕੇ ਹੁੰਦੇ ਹਨ ਅਤੇ ਦੋ-ਦੋ ਡਿਸਟ੍ਰਿਕਟਸ ਵੀ ਪੈਂਦੇ ਹਨ, ਇਸ ਵਾਸਤੇ ਅਸੀਂ ਜ਼ਰੂਰ ਇਹ ਫੈਸਲਾ ਕੀਤਾ ਹੈ ਕਿ ਮੈਂਬਰ ਪਾਰਲੀਮੈਂਟ ਹਰ ਡਿਸਟ੍ਰਿਕਟ ਵਿੱਚ ਨਹੀਂ ਜਾ ਸਕਦਾ। ਜੇਕਰ ਕਿਸੇ ਡਿਸਟ੍ਰਿਕਟ ਵਿੱਚ ਉਸ ਦਾ 10% ਤੋਂ ਵੱਧ ਏਰੀਆ ਪੈਂਦਾ ਹੈ ਤਾਂ ਉਸ ਨੂੰ ਆਪਣਾ ਨਾਮਨੀ ਭੇਜਣ ਦਾ ਅਖਤਿਆਰ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਇਹ ਗਾਈਡ ਲਾਈਨਜ਼ ਵਿੱਚ ਹੈ ਕਿ ਐਮ.ਐਲ.ਏ. ਦਾ ਨੁਮਾਇੰਦਾ ਲਿਆ ਜਾਂਦਾ ਹੈ। ਇਸ ਬਾਰੇ ਤੁਹਾਨੂੰ ਵੀ ਪਤਾ ਹੈ ਅਤੇ ਸਾਨੂੰ ਵੀ ਪਤਾ ਹੈ। ਲੇਕਿਨ ਮੰਤਰੀ ਸਾਹਿਬ ਜਵਾਬ ਹੋਰ ਦੇ ਰਹੇ ਹਨ। ਤੁਸੀਂ ਸਾਡੇ ਕਸਟੋਡੀਅਨ ਹੋ। ਤੁਸੀਂ ਠੀਕ ਜਵਾਬ ਦਿਵਾਉ।

**ਸ਼੍ਰੀ ਸਪੀਕਰ** : ਉਨ੍ਹਾਂ ਕਿਹਾ ਹੈ ਕਿ ਐਮ.ਐਲ.ਏ. ਦਾ ਕੋਈ ਨੁਮਾਇੰਦਾ ਨਹੀਂ ਲੈਂਦੇ, ਐਮ.ਐਲ.ਏ. ਆਪ ਮੈਂਬਰ ਹੁੰਦਾ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਹਰ ਪਾਰਟੀ ਦਾ ਨੁਮਾਇੰਦਾ ਲਿਆ ਜਾਂਦਾ ਹੈ ਪਰ ਅਕਾਲੀ ਦਲ ਦਾ ਕਿਸੇ ਜ਼ਿਲ੍ਹੇ ਵਿੱਚ ਨਹੀਂ ਲਿਆ ਗਿਆ।

**ਮੰਤਰੀ** : ਸਪੀਕਰ ਸਾਹਿਬ, ਕੀ ਇਹ ਆਪਣੇ ਆਪ ਨੂੰ ਅਕਾਲੀ ਦਲ ਦਾ ਨੁਮਾਇੰਦਾ ਨਹੀਂ ਸਮਝਦੇ . . . (ਵਿਘਨ) ਕੀ ਐਮ.ਐਲ.ਏ. ਸਾਹਿਬ ਆਪਣੇ ਆਪ ਨੂੰ ਅਕਾਲੀ ਦਲ ਦਾ ਨੁਮਾਇੰਦਾ ਨਹੀਂ ਸਮਝਦੇ ?

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਇਹ ਹਰ ਵਾਰੀ ਜਵਾਬ ਟਾਲਦੇ ਹਨ, ਇਹ ਅੱਛੀ ਗੱਲ ਨਹੀਂ ਹੈ। ਤੁਸੀਂ ਸੀਨੀਅਰ ਮਨਿਸਟਰ ਹੋ, ਤੁਸੀਂ ਅੱਛੀ ਤਰ੍ਹਾਂ ਜਵਾਬ ਦਿਓ। ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਕਸਟੋਡੀਅਨ ਹੋ। ਇਹ ਕੋਈ ਅੱਛਾ ਰਿਵਾਜ ਨਹੀਂ ਹੈ। ਇਸ ਤਰ੍ਹਾਂ ਤਾਂ ਨਵੀਆਂ ਪਿਰਤਾਂ ਪੈ ਰਹੀਆਂ ਹਨ । ਇਹ ਹਰ ਕੁਐਸਚਨ ਨੂੰ ਹੀ ਅਵਾਇਡ ਕਰਦੇ ਹਨ। ਤੁਸੀਂ ਕਹਿ ਦਿਓ ਨੋ, ਅਸੀਂ ਨਹੀਂ ਲੈਣਾ।

**Mr. Speaker :** No supplementary. You please address the Chair and get my permission. ਮਨਿਸਟਰ ਸਾਹਿਬ, ਇਹ ਦੱਸੋ ਕਿ ਕੀ ਤੁਸੀਂ ਕਿਸੇ ਪੁਲੀਟੀਕਲ ਪਾਰਟੀ ਦਾ ਨੁਮਾਇੰਦਾ ਲੈਂਦੇ ਹੋ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਇਹ ਬੇਨਤੀ ਕੀਤੀ ਹੈ ਕਿ ਕਿਸੇ ਵੀ ਪੁਲੀਟੀਕਲ ਪਾਰਟੀ ਦੇ ਐਮ.ਐਲ.ਏ. ਦਾ ਨੁਮਾਇੰਦਾ ਕਿਸੇ ਵੀ ਜ਼ਿਲ੍ਹੇ ਵਿੱਚ ਮੈਂਬਰ ਨਹੀਂ ਹੈ। ਐਮ.ਐਲ.ਏ. ਆਪ ਨੁਮਾਇੰਦਗੀ ਕਰਦਾ ਹੈ। ਇਹ ਆਪਣੀ ਪਾਰਟੀ ਦੀ ਨੁਮਾਇੰਦਗੀ ਕਰਦੇ ਹਨ ਅਤੇ ਸਾਡੇ ਐਮ.ਐਲ.ਏ. ਆਪਣੀ ਪਾਰਟੀ ਦੀ ਨੁਮਾਇੰਦਗੀ ਕਰਦੇ ਹਨ। ਜਾਂ ਤਾਂ ਇਹ ਦੱਸਣ ਕਿ ਇਹ ਆਪਣੀ ਪਾਰਟੀ ਦੀ ਨੁਮਾਇੰਦਗੀ ਨਹੀਂ ਕਰਦੇ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ... . . . .

**ਸ਼੍ਰੀ ਸਪੀਕਰ** : ਭੂੰਦੜ ਸਾਹਿਬ, ਪਲੀਜ਼ ਤੁਸੀਂ ਵਿੱਚ ਨਾ ਬੋਲੋ. ਪਹਿਲਾਂ ਬੈਠ ਜਾਓ। ਪਹਿਲਾਂ ਮਨਿਸਟਰ ਸਾਹਿਬ, ਆਪਣਾ ਜਵਾਬ ਪੂਰਾ ਕਰ ਲੈਣ, ਫਿਰ ਤੁਸੀਂ ਬੋਲ ਲੈਣਾ।

**ਮੰਤਰੀ** : ਸਪੀਕਰ ਸਾਹਿਬ, ਮੇਰੇ ਕਹਿਣ ਦਾ ਭਾਵ ਹੈ ਕਿ ਜਿਥੋਂ ਤੱਕ ਪੁਲੀਟੀਕਲ ਪਾਰਟੀਆਂ ਦੀ ਨੁਮਾਇੰਦਗੀ ਦਾ ਸਵਾਲ ਹੈ ਉਸ ਦੇ ਵਿਚ ਸਾਰੇ ਹੀ ਐਮ.ਐਲ.ਏ. ਸਾਹਿਬਾਨ ਆਪਣੀ-ਆਪਣੀ ਪਾਰਟੀ ਵੱਲੋਂ ਜ਼ਿਲ੍ਹਾ ਬੋਰਡਾਂ ਦੇ ਵਿਚ ਨੁਮਾਇੰਦਗੀ ਕਰਦੇ ਹਨ, ਮੈਂਬਰ ਪਾਰਲੀਮੈਂਟ ਵੀ ਨੁਮਾਇੰਦਗੀ ਕਰ ਰਹੇ ਹਨ, ਐਮ.ਐਲ.ਏਜ਼ ਵੀ ਕਰ ਰਹੇ ਹਨ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਇਥੇ ਮੈਂ ਮੰਤਰੀ ਜੀ ਨੂੰ ਥੋੜ੍ਹਾ ਜਿਹਾ ਕਲੀਅਰ ਕਰ ਦਿੰਦਾ ਹਾਂ ਤੇ ਮੈਂ ਸਿਰਫ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਹਰ ਪਲਾਨਿੰਗ ਬੋਰਡ ਦੇ ਵਿੱਚ ਇਸ ਦੇ ਮੈਂਬਰ ਹਰ ਜ਼ਿਲ੍ਹੇ ਦੇ ਵਿੱਚੋਂ ਚਾਹੇ ਉਹ ਕਮਿਊਨਿਸਟ ਪਾਰਟੀ ਦਾ, ਅਕਾਲੀ ਪਾਰਟੀ ਜਾਂ ਕਾਂਗਰਸ ਪਾਰਟੀ ਦੇ ਤੌਰ ਤੇ ਇਹ ਇਨ੍ਹਾਂ ਪਲਾਨਿੰਗ ਬੋਰਡਾਂ ਦੇ ਵਿੱਚ ਇੱਕ-ਇੱਕ ਮੈਂਬਰ ਨਾਮੀਨੇਸ਼ਨ ਦੇ ਤੌਰ ਤੇ ਲੈਂਦੇ ਹਨ ਜਾਂ ਨਹੀਂ ?

**ਸ਼੍ਰੀ ਸਪੀਕਰ** : ਹਾਂ ਜੀ, ਪਾਰਟੀ ਦਾ ਨੁਮਾਇੰਦਾ ਲੈਂਦੇ ਹੋ ਜਾਂ ਨਹੀਂ ? ਦਸੋ।

**ਮੰਤਰੀ** : ਸਪੀਕਰ ਸਾਹਿਬ, ਹਰ ਬਲਾਕ ਵਿਚੋਂ ਲੋਕਾਂ ਦੇ ਰਾਹੀਂ ਚੁਣਿਆ ਹੋਇਆ ਨੁਮਾਇੰਦਾ ਚਾਹੇ ਉਹ ਪਿੰਡ ਦਾ ਸਰਪੰਚ ਹੋਵੇ, ਜ਼ਿਲ੍ਹਾ ਪ੍ਰੀਸ਼ਦ ਦਾ ਮੈਂਬਰ ਹੋਵੇ ਜਾਂ ਸੰਮਤੀ ਦਾ ਮੈਂਬਰ ਹੋਵੇ, ਮੈਂਬਰ ਹੋ ਸਕਦਾ ਹੈ। ਡੀ.ਸੀ. ਦੀ ਰਿਕੂਮੈਂਡੇਸ਼ਨ ਦੇ ਉਤੇ ਸਾਰੇ ਬਲਾਕਾਂ ਦੇ ਵਿਚੋਂ ਨੁਮਾਇੰਦਗੀ ਦਿੱਤੀ ਹੋਈ ਹੈ। ਸਪੀਕਰ ਸਾਹਿਬ, ਉਹ ਵੀ ਲੋਕਾਂ ਦੇ ਰਾਹੀਂ ਹੀ ਚੁਣੇ ਹੁੰਦੇ ਹਨ........ (ਵਿਘਨ)

**ਸ਼੍ਰੀ ਸਪੀਕਰ** : ਇਸ ਦਾ ਮਤਲਬ ਇਹ ਹੋਇਆ ਕਿ ਪਾਰਟੀ ਦਾ ਨੁਮਾਇੰਦਾ ਨਹੀਂ ਲੈਂਦੇ। ਇਸ ਸਵਾਲ ਤੇ ਕਾਫੀ ਸਪਲੀਮੈਂਟਰੀਆਂ ਹੋ ਗਈਆਂ ਹਨ, ਜਵਾਬ ਆ ਗਿਆ ਹੈ, ਠੀਕ ਹੈ।

(ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਮਾਨਯੋਗ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਹੋਰ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਸ਼੍ਰੀ ਸਪੀਕਰ** : ਵੈਸੇ ਕਾਫੀ ਡੀਟੇਲਡ ਜਵਾਬ ਆ ਗਿਆ ਹੈ। ਚਲੋ, ਹਾਂ ਜੀ ਅਟਵਾਲ ਸਾਹਿਬ ਜੀ, ਤੁਸੀ ਪੁੱਛ ਲਓ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਪੰਜਾਬ ਦੇ ਵਿੱਚ ਮਾਨਸਾ, ਬਠਿੰਡਾ, ਮੁਕਤਸਰ ਅਤੇ ਮੋਗਾ ਜ਼ਿਲ੍ਹਿਆਂ ਦੀ ਕੋਈ ਅਹਿਮੀਅਤ ਹੀ ਨਹੀਂ ਹੈ ? ਇਸ ਦਾ ਕੀ ਕਾਰਨ ਹੈ ਕਿ ਪੂਰਾ ਇਕ ਸਾਲ ਬੀਤ ਜਾਣ ਦੇ ਬਾਵਜੂਦ ਇਨ੍ਹਾਂ ਜ਼ਿਲ੍ਹਿਆਂ ਦੇ ਵਿਚ ਪਲਾਨਿੰਗ ਬੋਰਡਾਂ ਦੀ ਕੋਈ ਮੀਟਿੰਗ ਨਹੀਂ ਹੋਈ ? ਕੀ ਇਨ੍ਹਾਂ ਜ਼ਿਲ੍ਹਿਆਂ ਨੂੰ ਪਲਾਨਿੰਗ ਦੀ ਲੋੜ ਨਹੀਂ ਹੈ, ਯੋਜਨਾ ਦੀ ਲੋੜ ਨਹੀਂ ਹੈ, ਡਿਵੈਲਪਮੈਂਟ ਦੀ ਲੋੜ ਨਹੀਂ ਹੈ ?

Original with;
Punjab Vidhan Sabha
Digitized by;

**ਮੰਤਰੀ** : ਇਹ ਠੀਕ ਹੈ, ਇਹ ਪਲਾਨਿੰਗ ਬੋਰਡ ਫਰਵਰੀ ਮਹੀਨੇ ਦੇ ਵਿਚ ਵਜੂਦ ਵਿੱਚ ਆਇਆ ਸੀ। ਇਹ ਠੀਕ ਹੈ ਕਿ ਇਨ੍ਹਾਂ ਚਾਰ ਜ਼ਿਲ੍ਹਿਆਂ ਦੇ ਵਿਚ ਕੋਈ ਵੀ ਮੀਟਿੰਗ ਨਹੀਂ ਹੋਈ। ਬਾਕੀ ਸਭ ਜ਼ਿਲ੍ਹਿਆਂ ਦੇ ਵਿਚ ਮੀਟਿੰਗਾਂ ਹੋਈਆਂ ਹਨ, ਕਈਆਂ ਦੇ ਵਿਚ ਤਾਂ ਦੋ ਦੋ ਮੀਟਿੰਗਾਂ ਵੀ ਹੋਈਆਂ ਹਨ। ਆਉਣ ਵਾਲੇ ਸਮੇਂ ਵਿਚ ਇਸ ਗੱਲ ਦਾ ਧਿਆਨ ਰੱਖਿਆ ਜਾਵੇਗਾ ਔਰ ਇਹ ਮੀਟਿੰਗਾਂ ਵੀ ਜਲਦੀ ਹੋ ਜਾਣਗੀਆਂ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਕਿਹਾ ਕਿ ਅਕਾਲੀ ਸਰਕਾਰ ਦੇ ਵੇਲੇ ਪਿਛਲੇ ਪੰਜਾਂ ਸਾਲਾਂ ਦੇ ਵਿੱਚ ਕੋਈ ਵੀ ਪਲਾਨਿੰਗ ਬੋਰਡ ਦੀ ਮੀਟਿੰਗ ਨਹੀਂ ਹੋਈ.......(ਵਿਘਨ)

**ਮੰਤਰੀ (ਬੈਠੇ ਬੈਠੇ)** : ਮੈਂ ਇਹ ਨਹੀਂ ਕਿਹਾ ਕਿ ਮੀਟਿੰਗ ਨਹੀਂ ਹੋਈ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਰਿਕਾਰਡ ਕਢਵਾ ਕੇ ਵੇਖ ਲਵੋ ਜੋ ਇਨ੍ਹਾਂ ਨੇ ਕਿਹਾ ਹੈ। ਮੈਂ ਇਹ ਸਵਾਲ ਕਰਾਂਗਾ ਕਿ ਮੰਤਰੀ ਜੀ ਸਾਡੀ ਸਰਕਾਰ ਦੇ ਪਲਾਨਿੰਗ ਬੋਰਡ ਦੀਆਂ ਜਿਹੜੀਆਂ ਮੀਟਿੰਗਾਂ ਹੋਈਆਂ ਹਨ ਉਨ੍ਹਾਂ ਦਾ ਸਰਕਾਰੀ ਰਿਕਾਰਡ ਪੇਸ਼ ਕਰਕੇ, ਜੋ ਇਨ੍ਹਾਂ ਦਾ ਬਿਆਨ ਹੈ ਤੇ ਜੋ ਸਰਕਾਰੀ ਰਿਕਾਰਡ ਹੈ ਜੇਕਰ ਉਹ ਆਪਸ ਵਿਚ ਮੇਲ ਨਾ ਖਾਂਦਾ ਹੋਇਆ ਅਤੇ ਮੀਟਿੰਗ ਹੋਈਆਂ ਹੋਣ ਤਾਂ ਕੀ ਮੰਤਰੀ ਜੀ ਇਸ ਹਾਊਸ ਨੂੰ ਮਿਸ-ਗਾਈਡ ਕਰਨ ਵਾਸਤੇ ਇਸ ਮਹਾਨ ਸਦਨ ਤੋਂ ਮੁਆਫੀ ਮੰਗਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਹ ਨਹੀਂ ਕਿਹਾ ਕਿ ਪੰਜ ਸਾਲਾਂ ਦੇ ਵਿਚ ਕੋਈ ਮੀਟਿੰਗਾਂ ਨਹੀਂ ਹੋਈਆਂ, ਮੈਂ ਕਿਹਾ ਹੈ ਕਿ ਬਹੁਤ ਘੱਟ ਮੀਟਿੰਗਾਂ ਹੋਈਆਂ ਹਨ। ਸਪੀਕਰ ਸਾਹਿਬ, ਮੈਂ ਲੁਧਿਆਣਾ ਪਲਾਨਿੰਗ ਬੋਰਡ ਦਾ ਚੇਅਰਮੈਨ ਹਾਂ ਔਰ ਮੈਂ ਉਥੇ ਦੀ ਮੀਟਿੰਗ ਅਟੈਂਡ ਕਰਕੇ ਆਇਆ ਹਾਂ। ਉਸ ਮੀਟਿੰਗ ਵਿਚ ਪਿਛਲੇ ਦੋ ਸਾਲ ਦੀ ਪ੍ਰੋਸੀਡਿੰਗ ਵੀ ਕਰਨਫਰਮ ਕਰਕੇ ਆਇਆ ਹਾਂ। ਇਸ ਗੱਲ ਤੋਂ ਤਾਂ ਮੈਂ ਅਨੁਭਵ ਕਰ ਸਕਦਾ ਹਾਂ ਔਰ ਇਹ ਸਬੂਤ ਵੀ ਹੈ ਕਿ ਲੁਧਿਆਣਾ ਵਰਗੇ ਜ਼ਿਲ੍ਹੇ ਦੇ ਵਿੱਚ ਇੱਕ ਸਾਲ ਦੇ ਵਿੱਚ ਇੱਕ ਵੀ ਮੀਟਿੰਗ ਨਾ ਹੋਈ ਹੋਵੇ ਤਾਂ ਇਸ ਤੋਂ ਤਾਂ ਇਹੀ ਅਨੁਭਵ ਕਰ ਸਕਦਾ ਹਾਂ ਕਿ ਬਾਕੀ ਜ਼ਿਲ੍ਹਿਆਂ ਦੇ ਵਿੱਚ ਵੀ ਇਸੇ ਤਰ੍ਹਾਂ ਹੀ ਹੋਇਆ ਹੋਵੇਗਾ।

**ਸ਼੍ਰੀ ਸਪੀਕਰ** : ਅਗਲਾ ਸਵਾਲ, ਸ਼੍ਰੀ ਤਿਕਸ਼ਨ ਸੂਦ।

(ਇਸ ਵੇਲੇ ਸ਼੍ਰੋਮਣੀ ਅਕਾਲੀ ਦੇ ਮਾਨਯੋਗ ਮੈਂਬਰ ਕੈਪਟਨ ਕੰਵਲਜੀਤ ਸਿੰਘ, ਸਰਦਾਰ ਤੋਤਾ ਸਿੰਘ ਅਤੇ ਸਰਦਾਰ ਬਲਵਿੰਦਰ ਸਿੰਘ ਭੂੰਦੜ ਪਿਛਲੇ ਸਵਾਲ ਉਤੇ ਹੀ ਹੋਰ ਸਪਲੀਮੈਂਟਰੀ ਕਰਨ ਦੀ ਮੰਗ ਕਰ ਰਹੇ ਸਨ।)

**ਸ਼੍ਰੀ ਸਪੀਕਰ** : ਤੁਸੀਂ ਬੈਠੋ। ਇਸ ਸਵਾਲ ਤੇ ਕਾਫੀ ਸਪਲੀਮੈਂਟਰੀਜ਼ ਹੋ ਗਈਆਂ ਹਨ। Next question.

---

**ਨਯਾ ਗਾਉਂ—ਨਾਡਾ ਸੜਕ ਉਤੇ ਪੁਲੀ (ਕਾਜ਼ਵੇ) ਦੀ ਉਸਾਰੀ**

*270. **ਸ਼੍ਰੀ ਤਿਕਸ਼ਨ ਸੂਦ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਤਹਿਸੀਲ ਖਰੜ, ਜ਼ਿਲ੍ਹਾ ਰੋਪੜ ਵਿਚ ਨਯਾ ਗਾਉਂ-ਨਾਡਾ ਸੜਕ ਉਪਰ ਨਾਡਾ ਨਦੀ ਤੇ ਬਣਾਈ ਗਈ ਪੁਲੀ (ਕਾਜ਼ਵੇ) ਭਾਰੀ ਬਾਰਸ਼ਾਂ ਪੈਣ ਕਾਰਨ ਰੁੜ੍ਹ ਗਈ ਹੈ; ਅਤੇ

Original with;
Punjab Vidhan Sabha
Digitized by;
Panjab Digital Library

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੈ, ਤਾਂ ਕੀ ਉਕਤ ਪੁਲੀ (ਕਾਜ਼ਵੇ) ਨੂੰ ਮੁੜ-ਬਣਾਉਣ ਜਾਂ ਉਸ ਦੀ ਥਾਂ ਤੇ ਪੁਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ, ਤਾਂ ਉਕਤ ਪੁਲੀ/ਪੁਲ ਦੀ ਉਸਾਰੀ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**Sardar Partap Singh Bajwa :** (a) Yes Please.

(b) (i) Yes, there is a proposal for the construction of High Level Bridge at this place under NABARD RIDF-VIII Scheme.

(ii) The construction of this bridge is likely to be started by 30th June, 2003.

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਪੁਲ ਦੀ ਉਸਾਰੀ ਦਾ ਕੰਮ ਮਿਤੀ 30 ਜੂਨ, 2003 ਤੱਕ ਸ਼ੁਰੂ ਕਰਨ ਦੀ ਆਸ ਹੈ ਪਰ ਮੈਂ ਸੜਕ ਦੀ ਮਹੱਤਤਾ ਨੂੰ ਦੇਖਦੇ ਹੋਏ ਇਹ ਭਰੋਸਾ ਲੈਣਾ ਚਾਹੁੰਦਾ ਹਾਂ ਕਿ ਕੀ ਇਹ ਕੰਮ 30 ਜੂਨ, 2003 ਨੂੰ ਹੀ ਸ਼ੁਰੂ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਤਸੱਲੀ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਇੱਥੇ ਕਾਜ਼-ਵੇਅ ਹੁੰਦਾ ਸੀ ਪਰ ਪਿਛਲੀ ਬਰਸਾਤ ਵਿੱਚ ਇਹ ਕਾਜ਼-ਵੇਅ ਖਤਮ ਹੋ ਗਿਆ ਹੈ। ਇਸ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਉਥੇ ਨਵਾਂ ਪੁਲ ਬਣਾਉਣ ਦੀ ਅਸੀਂ ਤਜਵੀਜ਼ ਰੱਖੀ ਹੈ। ਇਸ ਦੀ ਇੰਪਾਰਟੈਂਸ ਨੂੰ ਦੇਖਦੇ ਹੋਏ ਹੀ ਅਸੀਂ ਉਥੇ ਪੁਲ ਬਣਾ ਰਹੇ ਹਾਂ, ਨਹੀਂ ਤਾਂ ਇੱਥੇ ਕਾਜ਼-ਵੇਅ ਹੀ ਬਣਾ ਦਿੰਦੇ। ਇਹ ਬਰਿਜ ਸ਼ੁਰੂ ਵੀ ਹੋ ਜਾਏਗਾ ਅਤੇ ਅਗਲੇ ਸਾਲ 31 ਮਾਰਚ, 2004 ਤੱਕ ਮੁਕੰਮਲ ਵੀ ਹੋ ਜਾਵੇਗਾ।

---

**ਹੁਸ਼ਿਆਰਪੁਰ—ਜਲੰਧਰ ਸੜਕ ਨੂੰ ਚੌੜਾ ਅਤੇ ਅੱਪ-ਗਰੇਡ ਕਰਨਾ**

*283. **ਸ਼੍ਰੀ ਤਿਕਸ਼ਨ ਸੂਦ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹੁਸ਼ਿਆਰਪੁਰ—ਜਲੰਧਰ ਸੜਕ ਨੂੰ ਚੌੜਾ ਅਤੇ ਅਪ-ਗਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ?

**Sardar Partap Singh Bajwa :** Jalandhar-Hoshiarpur-Dharamshala Road is National Highway No. 70. The work for improvement of riding quality from KM. 2.00 to 15.00 has been included in the Annual Plan 2002-2003 and the detailed estimate amounting to Rs. 308.71 lacs stands submitted to the Director General (Road Development), Ministry of Road Transport and Highways, Government of India, for according necessary approval. Approval is still awaited. The work will be taken in hand on receipt of approval. The proposal to improve the riding quality from Km. 1.74 to 2.00,. Km. 15 to 17.50 and proposal for hard shouldering in Km. 15 to 17.50 and Km. 20 to 24 is under active consideration for inclusion in the Annual Plan 2003-2004. However, there is no proposal to widen this road for the time being.

Original with;
Punjab Vidhan Sabha
Digitized by;

**ਸਰਦਾਰ ਬਲਵਿੰਦਰ ਸਿੰਘ** ਭੂੰਦੜ : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਪੰਜਾਬੀ ਵਿੱਚ ਜਵਾਬ ਦੇਣ।

**ਸ਼੍ਰੀ ਤਿਕਸ਼ਨ ਸੂਦ** : ਅੱਛੀ ਗੱਲ ਹੈ ਕਿ ਜੇ ਇਹ ਜਵਾਬ ਪੰਜਾਬੀ ਵਿੱਚ ਦੇ ਦੇਣ ਤਾਂ ਕਿ ਸਾਰਿਆਂ ਨੂੰ ਸਮਝ ਆ ਸਕੇ।

**ਮੰਤਰੀ** : ਸਪੀਕਰ ਸਾਹਿਬ, ਸੂਦ ਸਾਹਿਬ ਤਾਂ ਵਕੀਲ ਹਨ, ਵਕਾਲਤ ਕਰਦੇ ਹਨ, ਅਦਾਲਤ ਵਿੱਚ ਵੀ ਅੰਗਰੇਜ਼ੀ ਵਿੱਚ ਕੰਮ ਕਰਦੇ ਹਨ, ਪੰਜਾਬੀ ਨਾਲੋਂ ਅੰਗਰੇਜ਼ੀ ਵਿੱਚ ਇਨ੍ਹਾਂ ਨੂੰ ਜਲਦੀ ਸਮਝ ਆ ਜਾਵੇਗੀ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਜਵਾਬ ਵਿੱਚ ਦੱਸਿਆ ਹੈ ਕਿ 2 ਤੋਂ 15 ਕਿਲੋਮੀਟਰ ਤੱਕ ਸੜਕ ਤੇ ਕੰਮ ਹੋਣਾ ਹੈ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਜਲੰਧਰ ਵੱਲੋਂ ਸ਼ੁਰੂ ਹੋਣੀ ਹੈ ਜਾਂ ਹੁਸ਼ਿਆਰਪੁਰ ਵੱਲੋਂ ਸ਼ੁਰੂ ਹੋਣੀ ਹੈ? ਇਸ ਬਾਰੇ ਇਹ ਕਲੀਅਰ ਕਰ ਦੇਣ। ਦੂਜਾ, ਗੌਰਮਿੰਟ ਆਫ ਇੰਡੀਆ ਦੀ ਮਨਜ਼ੂਰੀ ਲੈਣ ਲਈ ਮਹਿਕਮੇ ਦੇ ਕਿਸੇ ਜ਼ਿੰਮੇਵਾਰ ਅਫਸਰ ਦੀ ਡਿਊਟੀ ਲਗਾਉਣ ਤਾਂ ਕਿ ਉਹ ਉੱਥੇ ਟਾਈ-ਅੱਪ ਕਰਕੇ ਮਨਜ਼ੂਰੀ ਲੈ ਕੇ ਆਵੇ ਜਿਸ ਕਰਕੇ ਕੰਮ ਜਲਦੀ ਤੋਂ ਜਲਦੀ ਹੋ ਸਕੇ। ਆਦਮਪੁਰ ਦਾ ਹਵਾਈ ਅੱਡਾ ਬਹੁਤ ਹੀ ਮਹੱਤਵ ਵਾਲਾ ਹੈ। ਇਸ ਕਰਕੇ ਇਹ ਬੜੀ ਇੰਪਾਰਟੈਂਟ ਸੜਕ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਗੱਲ ਬਿਲਕੁਲ ਠੀਕ ਹੈ। ਇਸ ਸੜਕ ਦੀ ਬੜੀ ਇੰਪਾਰਟੈਂਸ ਹੈ। ਰਾਸ਼ਟਰਪਤੀ ਜੀ ਵੀ ਪਿੱਛੇ ਜਿਹੇ ਇੱਥੇ ਆਏ ਸਨ ਅਤੇ ਹੋਰ ਕਾਫੀ ਸੀਨੀਅਰ ਲੀਡਰ ਵੀ ਆਏ ਸਨ। ਉਥੇ ਉਸ ਸੜਕ ਦੀ ਹਾਲਤ ਬਹੁਤ ਮਾੜੀ ਹੈ। ਮੈਂ ਇਨ੍ਹਾਂ ਦੀ ਇਸ ਗੱਲ ਨਾਲ ਸਹਿਮਤ ਹਾਂ। ਸਾਲ, 1999 ਵਿੱਚ ਪਹਿਲਾਂ ਇਹ ਸਟੇਟ ਹਾਈਵੇ ਹੁੰਦੀ ਸੀ ਪਰ ਬਾਅਦ ਵਿੱਚ ਇਸ ਨੂੰ ਗੌਰਮਿੰਟ ਆਫ ਇੰਡੀਆ ਨੇ ਨੈਸ਼ਨਲ ਹਾਈਵੇ ਵਿੱਚ ਕਨਵਰਟ ਕਰ ਦਿੱਤਾ। ਅਸੀਂ ਪਿਛਲੇ ਪੰਜ ਮਹੀਨਿਆਂ ਤੋਂ ਇਸ ਸੜਕ ਨੂੰ ਸਟਰੈਂਥਨ ਕਰਨ ਲਈ ਪਰਪੋਜ਼ਲ ਗੌਰਮਿੰਟ ਆਫ ਇੰਡੀਆ ਨੂੰ ਭੇਜੀ ਹੋਈ ਹੈ। ਮੈਂ ਹਾਊਸ ਨੂੰ ਜਾਣਕਾਰੀ ਦੇਣੀ ਚਾਹੁੰਦਾ ਹਾਂ ਕਿ ਅਸੀਂ ਦੋ ਵਾਰੀ ਮੁੱਖ ਮੰਤਰੀ ਜੀ ਦੀ ਅਗਵਾਈ ਵਿੱਚ ਮਨਿਸਟਰੀ ਆਫ ਸਰਫੇਸ ਟਰਾਂਸਪੋਰਟ ਨਾਲ ਮੈਟਰ ਟੇਕ-ਅੱਪ ਕੀਤਾ ਸੀ। ਉਥੇ ਅਸੀਂ 14 ਐਸਟੀਮੇਟ ਸੜਕਾਂ ਦੇ ਬਣਾਉਣ ਲਈ ਭੇਜੇ ਸਨ ਪਰ ਬਦਕਿਸਮਤੀ ਹੈ ਕਿ ਹਾਲੇ ਤੱਕ ਕੋਈ ਵੀ ਐਸਟੀਮੇਟ ਕਲੀਅਰ ਨਹੀਂ ਹੋਇਆ। ਮੈਂ ਸੂਦ ਸਾਹਿਬ ਦੀ ਪਾਰਟੀ ਦੀ ਮਦਦ ਲੈਣੀ ਚਾਹੁੰਦਾ ਹਾਂ ਕਿਉਂਕਿ ਇਨ੍ਹਾਂ ਦੀ ਸੈਂਟਰ ਵਿੱਚ ਸਰਕਾਰ ਹੈ। ਇਹ ਵੀ ਆਪਣਾ ਯੋਗਦਾਨ ਦੇਣ ਕਿਉਂਕਿ ਅਸੀਂ ਪਿਛਲੇ ਪੰਜ ਮਹੀਨਿਆਂ ਤੋਂ ਲਗਾਤਾਰ ਇਸ ਮੈਟਰ ਨੂੰ ਟੇਕ-ਅੱਪ ਕੀਤਾ ਹੋਇਆ ਹੈ ਪਰ ਹਾਲੇ ਤੱਕ ਇਹ ਮਾਮਲਾ ਕਲੀਅਰ ਨਹੀਂ ਹੋਇਆ। ਪਤਾ ਨਹੀਂ ਸਾਡੇ ਨਾਲ ਕਿਉਂ ਵਿਤਕਰਾ ਹੋ ਰਿਹਾ ਹੈ? ਮੈਂ ਇਹ ਗੁਜ਼ਾਰਿਸ਼ ਇਨ੍ਹਾਂ ਨੂੰ ਵੀ ਕਰਾਂਗਾ ਕਿ ਇਹ ਵੀ ਸਾਡੀ ਮੱਦਦ ਕਰਨ। ਮੈਂ ਇਨ੍ਹਾਂ ਦੀ ਇਸ ਗੱਲ ਨਾਲ ਬਿਲਕੁਲ ਸਹਿਮਤ ਹਾਂ ਕਿ ਇਨ੍ਹਾਂ ਸੜਕਾਂ ਦੀ ਹਾਲਤ ਮਾੜੀ ਹੈ। ਮੈਂ ਇਨ੍ਹਾਂ ਦੀ ਜਾਣਕਾਰੀ ਲਈ ਹੋਰ ਦੱਸਣਾ ਚਾਹਵਾਂਗਾ ਕਿ ਥੋੜ੍ਹੇ ਦਿਨਾਂ ਤੋਂ ਲਗਾਤਾਰ ਮੈਂ ਇਸ ਕੰਮ ਨੂੰ ਖੁਦ ਮੋਨੀਟਰ ਕਰ ਰਿਹਾ ਹਾਂ ਅਤੇ ਚੀਫ ਇੰਜੀਨੀਅਰ, ਨੈਸ਼ਨਲ ਹਾਈਵੇ ਦਾ ਖੁਦ ਉਥੇ ਬੈਠਾ ਹੈ। ਅਸੀਂ ਵੀ ਇਹੀ ਚਾਹੁੰਦੇ ਹਾਂ ਕਿ ਜਲਦੀ ਤੋਂ ਜਲਦੀ ਪੰਜਾਬ ਵੱਲ ਇਨ੍ਹਾਂ ਦਾ ਧਿਆਨ ਹੋਵੇ ਅਤੇ ਇਹ ਸਾਡੇ ਭੇਜੇ ਹੋਏ ਐਸਟੀਮੇਟਸ ਕਲੀਅਰ ਕਰਨ ਤਾਂਕਿ ਸਾਡਾ ਇਹ ਕੰਮ ਹੋਵੇ।

Original with;
Punjab Vidhan Sabha
Digitized by;

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਕਿ ਦੂਸਰੇ ਤੇ ਹੀ ਸਾਰੀ ਜ਼ਿੰਮੇਵਾਰੀ ਪਾ ਦਿੱਤੀ ਜਾਵੇ। ਮੈਂ ਵੀ ਇਨ੍ਹਾਂ ਤੋਂ ਪੁੱਛ ਲੈਂਦਾ ਹਾਂ ਕਿ ਇਨ੍ਹਾਂ ਨੇ ਇਹ ਕੰਮ ਕਦੋਂ ਤੋਂ ਸ਼ੁਰੂ ਕੀਤਾ ਹੋਇਆ ਹੈ ? ਬਜਾਏ ਕਿਸੇ ਕੰਟਰੋਵਰਸੀ ਵਿਚ ਪੈਣ ਦੇ ਸਾਨੂੰ ਸਾਰਿਆਂ ਨੂੰ ਲੋਕਾਂ ਦਾ ਹਿਤ ਦੇਖਣਾ ਚਾਹੀਦਾ ਹੈ। ਮੈਂ ਇਨ੍ਹਾਂ ਤੋਂ, ਸਪੀਕਰ ਸਾਹਿਬ, ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਮੇਂ ਕੀ ਇਹ ਉਥੇ ਟੈਂਪਰੇਰੀ ਤੌਰ ਤੇ ਕੋਈ ਪੈਚ ਵਰਕ ਕਰਾ ਦੇਣਗੇ ਜਾਂ ਸੜਕ ਦੀ ਕੋਈ ਰਿਪੇਅਰ ਕਰਾ ਦੇਣਗੇ ? ਇਸ ਦੇ ਨਾਲ-ਨਾਲ ਇਨ੍ਹਾਂ ਨੇ ਇਸ ਗੱਲ ਦਾ ਵੀ ਜਵਾਬ ਨਹੀਂ ਦਿੱਤਾ ਕਿ ਇਨ੍ਹਾਂ ਨੇ ਸੜਕ ਕਿਸ ਪਾਸੇ ਤੋਂ ਸ਼ੁਰੂ ਕੀਤੀ ਹੈ— ਜਲੰਧਰ ਵਲੋਂ ਜਾਂ ਹੁਸ਼ਿਆਰਪੁਰ ਵਲੋਂ, ਇਸ ਗੱਲ ਦਾ ਵੀ ਇਹ ਜਵਾਬ ਦੇਣ।

**ਮੰਤਰੀ** : ਸਪੀਕਰ ਸਾਹਿਬ, ਮੈਂ ਆਲਰੇਡੀ ਦੱਸ ਚੁੱਕਾ ਹਾਂ ਕਿ ਮਿਤੀ 29 ਅਕਤੂਬਰ, 2002 ਦੇ ਉਥੇ ਐਸਟੀਮੇਟਸ ਗਏ ਹੋਏ ਹਨ। ਮੈਂ ਬੇਨਤੀ ਕਰਾਂਗਾ, ਮੈਂ ਆਪਣੇ ਖਰਚੇ ਤੇ ਆਪਣੇ ਵੀਰ ਨੂੰ ਆਪਣੇ ਨਾਲ ਉਥੇ ਲੈ ਕੇ ਚਲਾਂਗਾ ਤਾਂਕਿ ਇਹ ਵੀ ਕਹਿ ਦੇਣ ਕਿ ਮੰਤਰੀ ਜੀ ਦੀ ਮਦਦ ਕਰੋ। ਪਤਾ ਨਹੀਂ ਕਿਉਂ ਉਥੇ ਜਰਨੈਲ ਸਾਹਿਬ ਪੰਜਾਬ ਤੇ ਗੁੱਸਾ ਖਾਈ ਬੈਠੇ ਹਨ ?

**ਮਾਨਯੋਗ ਸਪੀਕਰ** : ਅਗਲਾ ਸਵਾਲ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਨ੍ਹਾਂ ਨੇ ਕੋਈ ਪੈਚ ਵਰਕ ਜਾਂ ਰਿਪੇਅਰ ਕਰਾ ਦੇਣ ਬਾਰੇ ਤਾਂ ਜਵਾਬ ਦਿੱਤਾ ਹੀ ਨਹੀਂ।

**Mr. Speaker :** No need. Next question, Shri Zora Singh Bhagike. Not present. Next question Shri Avinash Rai Khanna Ji.

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 533**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੰਜਾਬ ਰਾਜ ਟਿਊਬਵੈੱਲ ਕਾਰਪੋਰੇਸ਼ਨ ਦੇ ਟਿਊਬਵੈੱਲ**

*347. (1) **ਸ਼੍ਰੀ ਅਵਿਨਾਸ਼ ਰਾਏ ਖੰਨਾ**
(2) **ਸ਼੍ਰੀ ਤਿਕਸ਼ਨ ਸੂਦ** } ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੰਜਾਬ ਰਾਜ ਟਿਊਬਵੈੱਲ ਕਾਰਪੋਰੇਸ਼ਨ ਦੁਆਰਾ ਲਗਾਏ ਗਏ ਟਿਊਬਵੈੱਲਾਂ ਦੀ ਬਲਾਕ-ਵਾਰ ਗਿਣਤੀ ਕਿੰਨੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਾਰੇ ਟਿਊਬਵੈੱਲ ਚਲ ਰਹੇ ਹਨ ਅਤੇ ਇਨ੍ਹਾਂ ਟਿਊਬਵੈੱਲਾਂ ਨਾਲ ਕਿੰਨੀ ਜ਼ਮੀਨ ਦੀ ਸਿੰਜਾਈ ਕੀਤੀ ਜਾ ਰਹੀ ਹੈ;

Original with;
Punjab Vidhan Sabha
Digitized by;

[ਸ਼੍ਰੀ ਅਵਿਨਾਸ਼ ਰਾਏ ਖੰਨਾ]

(ੲ) ਉਪਰੋਕਤ ਵਰਣਿਤ ਟਿਊਬਵੈੱਲਾਂ ਵਿਚੋਂ ਅਜਿਹੇ ਟਿਊਬਵੈੱਲਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਖ਼ਰਾਬ ਪਏ ਹਨ; ਅਤੇ

(ਸ) ਉਪਰੋਕਤ ਭਾਗ (ੲ) ਵਿਚ ਵਰਣਿਤ ਟਿਊਬਵੈੱਲਾਂ ਦੀ ਮੁਰੰਮਤ ਕਰਵਾਉਣ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਦੀ ਮੁਰੰਮਤ ਕਦੋਂ ਤਕ ਹੋਣ ਦੀ ਸੰਭਾਵਨਾ ਹੈ ?

**ਸਰਦਾਰ ਗੁਰਚੇਤ ਸਿੰਘ ਭੁੱਲਰ :** (ੳ) ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੰਜਾਬ ਰਾਜ ਟਿਊਬਵੈੱਲ ਕਾਰਪੋਰੇਸ਼ਨ ਦੁਆਰਾ 438 ਟਿਊਬਵੈੱਲ ਲਗਾਏ ਜਾ ਚੁੱਕੇ ਹਨ। ਜਿਨ੍ਹਾਂ ਦੀ ਬਲਾਕ ਵਾਈਜ਼ ਸਾਰਨੀ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਬਲਾਕ ਦਾ ਨਾਂ | ਟਿਊਬਵੈੱਲਾਂ ਦੀ ਗਿਣਤੀ |
|---|---|---|
| 1 | ਬਜਵਾੜਾ | 52 |
| 2 | ਹੁਸ਼ਿਆਰਪੁਰ | 47 |
| 3 | ਮਾਹਿਲਪੁਰ | 121 |
| 4 | ਗੜ੍ਹਸ਼ੰਕਰ | 51 |
| 5 | ਭੂੰਗਾ | 95 |
| 6 | ਦਸੂਆ | 29 |
| 7 | ਹਾਜ਼ੀਪੁਰ | 3 |
| 8 | ਤਲਵਾੜਾ | 25 |
| 9 | ਮੁਕੇਰੀਆਂ | 15 |
| | ਜੋੜ : | 438 |

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ 438 ਟਿਊਬਵੈੱਲਾਂ ਵਿਚੋਂ 342 ਟਿਊਬਵੈੱਲ ਚਾਲੂ ਹਾਲਤ ਵਿੱਚ ਹਨ ਅਤੇ 64179 ਏਕੜ ਜ਼ਮੀਨ ਦੀ ਸਿੰਚਾਈ ਕੀਤੀ ਜਾ ਰਹੀ ਹੈ।

(ੲ) ਉਪਰੋਕਤ 342 ਟਿਊਬਵੈੱਲਾਂ ਵਿੱਚੋਂ 20 ਟਿਊਬਵੈੱਲ ਆਰਜ਼ੀ ਤੌਰ ਤੇ ਖ਼ਰਾਬ ਹਨ। 68 ਟਿਊਬਵੈੱਲ ਨਕਾਰਾ ਹੋ ਚੁੱਕੇ ਹਨ ਤੇ 28 ਸਮੱਸਿਆਪੂਰਣ ਟਿਊਬਵੈੱਲ ਹਨ ਜਿਨ੍ਹਾਂ ਦੀ ਵੱਡੀ ਭਾਰੀ ਮੁਰੰਮਤ ਦੀ ਜ਼ਰੂਰਤ ਹੈ।

(ਸ) ਪੰਜਾਬ ਸਰਕਾਰ ਵੱਲੋਂ ਟਿਊਬਵੈੱਲਾਂ ਦੀ ਮੁਰੰਮਤ ਲਈ ਕੁਝ ਫੰਡਜ਼ ਜਾਰੀ ਕੀਤੇ ਗਏ ਹਨ, 20 ਟਿਊਬਵੈੱਲਾਂ ਦੀ ਮੁਰੰਮਤ ਦਾ ਕੰਮ ਚਾਲੂ ਕਰ ਦਿੱਤਾ ਗਿਆ ਹੈ ਜੋ ਕਿ ਮਿਤੀ 31 ਮਾਰਚ, 2003 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। 28 ਸਮੱਸਿਆ-ਪੂਰਣ ਟਿਊਬਵੈੱਲ ਪੈਸਿਆਂ ਦੀ ਘਾਟ ਕਰਕੇ ਚਾਲੂ ਨਹੀਂ ਕੀਤੇ ਜਾ ਸਕਦੇ।

Original with;
Punjab Vidhan Sabha
Digitized by;

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਕ ਟਿਊਬਵੈੱਲ ਹੈ, ਉਹ ਘੱਟੋ ਘੱਟ 200 ਏਕੜ ਜ਼ਮੀਨ ਨੂੰ ਸਿੰਜਦਾ ਹੈ.......(ਵਿਘਨ)

(**ਇਕ ਆਵਾਜ਼** : ਇਹ ਤੁਹਾਨੂੰ ਕਿਸ ਨੇ ਕਹਿ ਦਿੱਤਾ ?)

**ਮਾਨਯੋਗ ਸਪੀਕਰ** : ਖੰਨਾ ਜੀ, ਤੁਸੀਂ ਸਵਾਲ ਪੁੱਛੋ ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਮੈਂ ਜੀ ਸਵਾਲ ਹੀ ਪੁੱਛਣ ਲੱਗਾ ਹਾਂ। ਇਹ 200 ਏਕੜ ਦੀ ਫਿਗਰ ਡਾਟੇ ਵਿਚ ਅਵੇਲੇਬਲ ਹੈ। ਮਾਨਯੋਗ ਸਪੀਕਰ ਸਾਹਿਬ, ਗੜ੍ਹਸ਼ੰਕਰ ਬਲਾਕ ਅਤੇ ਮਾਹਿਲਪੁਰ ਬਲਾਕ ਵਿਚ 11 ਟਿਊਬਵੈੱਲ ਐਸੇ ਹਨ ਜਿਨ੍ਹਾਂ ਉਤੇ ਸਰਕਾਰ ਦਾ ਸਿਰਫ 6 ਲੱਖ ਰੁਪਿਆ ਖਰਚ ਆਉਣਾ ਹੈ। ਕੀ ਮੰਤਰੀ ਜੀ ਭਰੋਸਾ ਦਿਵਾਉਂਦੇ ਹਨ ਕਿ ਇਨ੍ਹਾਂ ਟਿਊਬਵੈੱਲਾਂ ਲਈ ਇਹ ਪੈਸਾ ਮੁਹਈਆ ਕਰਾ ਦੇਣਗੇ ? ਉਥੇ ਕੁਝ ਮੋਟਰਾਂ ਰਿਪੇਅਰ ਹੋਣ ਵਾਲੀਆਂ ਹਨ ਅਤੇ ਕੁਝ ਨਵੀਆਂ ਪੈਣ ਵਾਲੀਆਂ ਹਨ ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੇ 28 ਟਿਊਬਵੈੱਲ ਹਨ, ਇਨ੍ਹਾਂ ਤੇ 21 ਲੱਖ ਰੁਪਿਆ ਖਰਚਾ ਆਉਣ ਦੀ ਸੰਭਾਵਨਾ ਹੈ ਅਤੇ ਅਸੀਂ ਇਹ ਜਲਦੀ ਚਾਲੂ ਕਰਾ ਦੇਣੇ ਹਨ ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਮਾਨਯੋਗ ਸਪੀਕਰ ਸਾਹਿਬ, ਹੁਸ਼ਿਆਰਪੁਰ ਜ਼ਿਲ੍ਹਾ ਇਕ ਐਸਾ ਜ਼ਿਲ੍ਹਾ ਹੈ ਜਿਸ ਵਿਚ ਟਿਊਬਵੈੱਲਾਂ ਨੂੰ ਅੰਡਰਗਰਾਊਂਡ ਪਾਈਪਾਂ ਨਾਲ ਨਹੀਂ ਜੋੜਿਆ ਗਿਆ। ਉਥੇ ਹੋ ਕੀ ਰਿਹਾ ਹੈ ਮੈਂ ਤੁਹਾਨੂੰ ਉਹ ਦਸਦਾ ਹਾਂ .........?

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਵਾਲ ਹੀ ਕਰ ਰਿਹਾ ਹਾਂ ਜੀ ।

**ਮਾਨਯੋਗ ਸਪੀਕਰ** : ਤੁਸੀਂ ਤਾਂ ਇਨਫਰਮੇਸ਼ਨ ਦੇ ਰਹੇ ਹੋ ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਜੋ ਇਨ੍ਹਾਂ ਦਾ ਡਾਟਾ ਹੈ, ਉਸ ਮੁਤਾਬਿਕ ਇਕ ਟਿਊਬਵੈੱਲ 200 ਏਕੜ ਜ਼ਮੀਨ ਸਿੰਜਦਾ ਹੈ ਲੇਕਿਨ ਅੰਡਰਗਰਾਊਂਡ ਪਾਈਪਾਂ ਨਾ ਹੋਣ ਕਰਕੇ ਸਿਰਫ 40-50 ਏਕੜ ਹੀ ਸਿੰਜੇ ਜਾਂਦੇ ਹਨ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ 18-19 ਟਿਊਬਵੈੱਲ ਹਨ ਕੀ ਇਨ੍ਹਾਂ ਨੂੰ ਪਾਈਪਾਂ ਨਾਲ ਜੋੜਿਆ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੋਈ ਵੀ ਟਿਊਬਵੈੱਲ 200 ਏਕੜ ਜ਼ਮੀਨ ਨਹੀਂ ਸਿੰਜਦਾ । ਇਕ ਟਿਊਬਵੈੱਲ ਸਿਰਫ 107 ਏਕੜ ਜ਼ਮੀਨ ਨੂੰ ਹੀ ਪਾਣੀ ਦੇ ਸਕਦਾ ਹੈ ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਟਿਊਬਵੈੱਲਾਂ ਦੀ ਰਿਪੇਅਰ ਵਾਸਤੇ ਰੈਗੂਲਰ ਫੰਡਜ਼ ਨਹੀਂ ਜਾ ਰਹੇ। ਲੋਕਾਂ ਨੂੰ ਆਪਣੀ ਜੇਬ ਵਿਚੋਂ ਟਿਊਬਵੈੱਲ ਠੀਕ ਕਰਾਉਣੇ ਪੈਂਦੇ ਹਨ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੀ ਪਰਾਪਰ ਮੇਨਟੀਨੈਂਸ ਵਾਸਤੇ ਰੈਗੂਲਰ ਫੰਡਜ਼ ਮੁਹੱਈਆ ਕਰਵਾਏ ਜਾਣਗੇ ?

Original with;
Punjab Vidhan Sabha
Digitized by;

**ਮੰਤਰੀ :** ਸਪੀਕਰ ਸਾਹਿਬ, ਅਸੀਂ ਤਾਂ ਕਾਫੀ ਸਾਰੇ ਟਿਊਬਵੈੱਲ ਚਾਲੂ ਕਰ ਦਿੱਤੇ ਹਨ। ਇਸ ਤੋਂ ਅੱਗੇ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਟਿਊਬਵੈੱਲ ਖਰਾਬ ਸੀ, ਉਹ ਅਸੀਂ ਚਾਲੂ ਕਰ ਰਹੇ ਹਾਂ ਅਤੇ ਮਿਤੀ 31-3-2003 ਤੱਕ ਚਾਲੂ ਕਰ ਦਿੱਤੇ ਜਾਣਗੇ ।

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਸਪੀਕਰ ਸਾਹਿਬ, ਮੰਤਰੀ ਜੀ ਨੇ ਹੁਸ਼ਿਆਰਪੁਰ ਵਿਚ 47 ਟਿਊਬਵੈੱਲਾਂ ਬਾਰੇ ਦੱਸਿਆ ਹੈ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਵਿਚੋਂ ਕਿੰਨੇ ਆਰਜ਼ੀ ਤੌਰ ਤੇ ਖਰਾਬ ਹਨ ਅਤੇ ਉਨ੍ਹਾਂ ਦਾ ਇਹ ਕੀ ਹੱਲ ਕੱਢ ਰਹੇ ਹਨ ?

**ਮੰਤਰੀ :** ਇਸ ਦੇ ਵਾਸਤੇ ਇਹ ਸੈਪਰੇਟ ਕੁਐਸਚਨ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ ।

**ਮਾਨਯੋਗ ਸਪੀਕਰ :** ਤੁਸੀਂ ਪਹਿਲਾਂ ਦੱਸ ਚੁੱਕੇ ਹੋ ਕਿ ਹੁਸ਼ਿਆਰਪੁਰ ਬਲਾਕ ਵਿਚ 47 ਟਿਊਬਵੈੱਲ ਹਨ। ਇਹ ਪੁੱਛਦੇ ਹਨ ਕਿ ਇਨ੍ਹਾਂ ਵਿਚੋਂ ਕਿੰਨੇ ਚਲਦੇ ਹਨ ਅਤੇ ਕਿੰਨੇ ਬੰਦ ਹਨ ? ਜੇ ਤੁਹਾਡੇ ਕੋਲ ਇਹ ਇਨਫਰਮੇਸ਼ਨ ਹੈ ਤਾਂ ਦੇ ਦਿਓ ।

**ਮੰਤਰੀ :** ਇਸ ਵੇਲੇ ਤਾਂ ਇਹ ਇਨਫਰਮੇਸ਼ਨ ਮੇਰੇ ਕੋਲ ਨਹੀਂ ਹੈ ਜੀ।

**Mr. Speaker :** I postpone this question for supplementaries again.

---

## ਰਾਜ ਵਿਚ ਪਾਣੀ ਦਾ ਲੈਵਲ ਘਟਣਾ

*353. **ਸ਼੍ਰੀ ਤਰਲੋਚਨ ਸਿੰਘ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿਚ ਦਿਨ ਪ੍ਰਤੀ ਦਿਨ ਪਾਣੀ ਦਾ ਲੈਵਲ ਘਟ ਰਿਹਾ ਹੈ; ਜੇਕਰ ਅਜਿਹਾ ਹੋਵੇ, ਤਾਂ ਸਰਕਾਰ ਦੁਆਰਾ ਰਾਜ ਵਿਚ ਪਾਣੀ ਦੇ ਲੈਵਲ ਨੂੰ ਉੱਚਾ ਚੁੱਕਣ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

**ਸਰਦਾਰ ਗੁਰਚੇਤ ਸਿੰਘ ਭੁੱਲਰ :** ਰਾਜ ਦੇ ਲਗਭਗ 79% ਖੇਤਰ ਵਿੱਚ ਪਾਣੀ ਦਾ ਪੱਧਰ ਘੱਟ ਰਿਹਾ ਹੈ। ਪੰਜਾਬ ਸਿੰਚਾਈ ਵਿਭਾਗ ਦੁਆਰਾ ਧਰਤੀ ਹੇਠਲੇ ਪਾਣੀ ਨੂੰ ਰਿਚਾਰਜ ਕਰਨ ਲਈ ਕੇਂਦਰੀ ਗਰਾਊਂਡ ਵਾਟਰ ਬੋਰਡ, ਭਾਰਤ ਸਰਕਾਰ, ਦੀ ਵਿੱਤੀ ਸਹਾਇਤਾ ਨਾਲ 8 ਨੰਬਰ ਪਾਈਲਟ ਸਕੀਮਾਂ ਮੁਕੰਮਲ ਕੀਤੀਆਂ ਗਈਆਂ ਹਨ। ਇਨ੍ਹਾਂ ਸਕੀਮਾਂ ਦਾ ਅਸਰ 2-3 ਸਾਲਾਂ ਵਿੱਚ ਹੋਵੇਗਾ। ਜੇਕਰ ਇਹ ਨਤੀਜੇ ਉਤਸ਼ਾਹਜਨਕ ਪਾਏ ਗਏ ਤਾਂ ਇਸੇ ਤਰ੍ਹਾਂ ਦੀਆਂ ਸਕੀਮਾਂ ਰਾਜ ਦੇ ਦੂਸਰੇ ਖੇਤਰਾਂ ਵਿੱਚ ਜਿੱਥੇ ਧਰਤੀ ਹੇਠਲੇ ਪਾਣੀ ਦਾ ਪੱਧਰ ਗਿਰ ਰਿਹਾ ਹੈ, ਵਿੱਚ ਵੀ ਚਲਾਈਆਂ ਜਾਣਗੀਆਂ ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਜਿਹੜੀਆਂ 8 ਪਾਇਲਟ ਸਕੀਮਾਂ ਇਨ੍ਹਾਂ ਨੇ ਦੱਸੀਆਂ ਹਨ, ਇਹ ਕੀ ਹਨ ? ਕੀ ਮੰਤਰੀ ਜੀ ਵਿਸਥਾਰ ਨਾਲ ਇਨ੍ਹਾਂ ਬਾਰੇ ਦੱਸਣਗੇ ?

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੀਆਂ 8 ਪਾਇਲਟ ਸਕੀਮਾਂ ਅਸੀਂ ਚਲਾਈਆਂ ਹਨ, ਇਹ ਇਸ ਤਰ੍ਹਾਂ ਹਨ—ਇਕ ਸਕੀਮ ਪਿੰਡ ਧੂਰੀ ਵਿਚ ਹੈ। ਇਹ ਜ਼ਿਲ੍ਹਾ

Original with;
Punjab Vidhan Sabha
Digitized by;

ਸੰਗਰੂਰ ਵਿਚ ਹੈ। ਦੂਜੀ ਸਕੀਮ ਧੂਰੀ ਲਿੰਕ ਡਰੇਨ ਦੀ ਹੈ। ਇਹ ਵੀ ਜ਼ਿਲ੍ਹਾ ਸੰਗਰੂਰ ਵਿਚ ਹੈ। ਤੀਜੀ ਬਿਲਗਾ ਸ਼ਹਿਰੀ ਕੈਨਾਲ ਕਾਲੋਨੀ ਹੈ, ਜੋ ਜ਼ਿਲ੍ਹਾ ਜਲੰਧਰ ਵਿਚ ਹੈ। ਚੌਥੀ ਸਰਹਿੰਦ ਚੋਅ ਹੈ, ਜੋ ਜ਼ਿਲ੍ਹਾ ਪਟਿਆਲਾ ਵਿਚ ਹੈ। ਪੰਜਵੀਂ ਬਾਸੀਆਂ ਡਰੇਨ, ਮੋਗਾ ਹੈ। ਛੇਵੀਂ ਮਲੇਰਪੁਰ ਚੌਕ, ਪਟਿਆਲਾ ਹੈ। ਸੱਤਵੀਂ ਪਟਿਆਲਾ ਨਦੀ ਹੈ, ਇਹ ਵੀ ਪਟਿਆਲਾ ਜ਼ਿਲ੍ਹੇ ਵਿਚ ਹੈ ਅਤੇ ਅੱਠਵੀਂ ਭੱਟੀਆਂ ਕੈਨਾਲ ਕਾਲੋਨੀ, ਲੁਧਿਆਣਾ ਹੈ। ਇਨ੍ਹਾਂ ਸਕੀਮਾਂ ਨਾਲ ਅਸੀਂ ਤਜਰਬਾ ਕਰ ਰਹੇ ਹਾਂ। ਜੇ ਇਨ੍ਹਾਂ ਦੇ ਰਿਜ਼ਲਟ ਠੀਕ ਆਉਣਗੇ ਤਾਂ ਫਿਰ ਹੋਰ ਵੀ ਚਲਾਈਆਂ ਜਾਣਗੀਆਂ।

**ਸਰਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਇਹ ਜਿਹੜਾ ਪਾਣੀ ਦਾ ਲੈਵਲ ਹੇਠਾਂ ਜਾ ਰਿਹਾ ਹੈ, ਇਸ ਦੇ ਦੋ ਕਾਰਨ ਹਨ। 1955 ਤੋਂ ਬਾਅਦ ਜਦੋਂ ਵੱਡੇ ਫਲੱਡ ਆਏ ਸਨ ਤਾਂ ਉਸ ਵੇਲੇ ਸੇਮ ਤੋਂ ਬਚਾਉਣ ਵਾਸਤੇ ਡਰੇਨਾਂ ਕੱਢੀਆਂ ਗਈਆਂ ਸਨ ਜੋ ਮੁਕੰਮਲ ਹੋ ਚੁੱਕੀਆਂ ਹਨ। ਹੁਣ ਪਿਛੇ ਜਿਹੇ ਇਕ ਹਫਤਾ ਲਗਾਤਾਰ ਮੀਂਹ ਪੈਂਦਾ ਰਿਹਾ ਹੈ ਅਤੇ ਇਹ ਪਾਣੀ ਡਰੇਨਾਂ ਵਿਚ ਭਰ ਕੇ ਪਾਕਿਸਤਾਨ ਵਾਲੇ ਪਾਸੇ ਜਾਂਦਾ ਰਿਹਾ ਹੈ। ਇਹ ਜਿਹੜੀਆਂ ਡਰੇਨਾਂ ਹਨ, ਇਨ੍ਹਾਂ ਬਾਰੇ ਬਾਦਲ ਸਾਹਿਬ ਦੀ ਸਰਕਾਰ ਵੇਲੇ ਇਕ ਸਕੀਮ ਬਣੀ ਸੀ ਜਿਸ ਵਿਚ ਖੂਹ ਬਣਾ-ਬਣਾ ਕੇ ਉਨ੍ਹਾਂ ਵਿਚ ਮੀਂਹ ਦਾ ਪਾਣੀ ਇੱਕਠਾ ਕਰਨਾ ਸੀ ਤਾਂ ਕਿ ਜਦੋਂ ਵੀ ਮੀਂਹ ਪਵੇ, ਉਹ ਪਾਣੀ ਬਾਹਰ ਨਾ ਜਾਵੇ ਅਤੇ ਥੱਲੇ ਜਮੀਨ ਵਿਚ ਹੀ ਜਜ਼ਬ ਹੋ ਜਾਵੇ। ਮੈਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਉਸ ਸਕੀਮ ਦੀ ਹੁਣ ਕੀ ਪੁਜ਼ੀਸ਼ਨ ਹੈ, ਕੀ ਪ੍ਰਾਗਰੈੱਸ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਅੱਗੇ ਹੀ ਦੱਸ ਚੁੱਕਾ ਹਾਂ ਕਿ 8 ਸਕੀਮਾਂ ਹਨ ਜਿਹੜੀਆਂ ਅਸੀਂ ਸ਼ੁਰੂ ਕੀਤੀਆਂ ਹਨ। ਇਨ੍ਹਾਂ ਸਕੀਮਾਂ ਦੇ ਤਜ਼ਰਬੇ ਦਾ ਰਿਜ਼ਲਟ ਸਾਨੂੰ 2-3 ਸਾਲਾਂ ਵਿਚ ਪਤਾ ਲੱਗ ਜਾਵੇਗਾ। ਜੇਕਰ ਚੰਗਾ ਹੋਇਆ ਤਾਂ ਫਿਰ ਹੋਰ ਸਕੀਮਾਂ ਵੀ ਸ਼ੁਰੂ ਕਰਾਂਗੇ।

**ਸਰਦਾਰ ਤੋਤਾ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਦੇਖਿਆ ਹੈ ਨਿਹਾਲ ਸਿੰਘ ਵਾਲਾ, ਮੋਗੇ ਹਲਕੇ ਵਿੱਚ ਜਿਹੜੀ ਚੰਦ ਭਾਨ ਡ੍ਰੇਨ ਹੈ ਉਥੇ ਖੂਹੀਆਂ ਬਣਾਈਆਂ ਸੀ, ਉਸ ਕਰਕੇ ਡਰੇਨਾਂ ਦਾ ਸਾਰਾ ਪਾਣੀ ਡਰੇਨ ਹੋ ਗਿਆ ਔਰ ਇਹ ਤਜਰਬਾ ਬੜਾ ਕਾਮਯਾਬ ਹੋਇਆ ਹੈ ਕੀ ਸਰਕਾਰ ਇਸ ਤੇ ਵਿਚਾਰ ਕਰਕੇ ਇਸਤੇ ਅਮਲ ਕਰੇਗੀ ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

**Mr. Speaker** : Yes Nabha Ji. ਤੁਸੀਂ ਬੈਠੋ ਸਰਦਾਰ ਤੋਤਾ ਸਿੰਘ ਜੀ।

**ਸਰਦਾਰ ਰਣਦੀਪ ਸਿੰਘ ਨਾਭਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਾਣੀ ਇਨਸਾਨ ਦੀ ਜ਼ਿੰਦਗੀ ਲਈ ਬੜਾ ਅਹਿਮ ਹੁੰਦਾ ਹੈ ਜਿਵੇਂ ਇਨਸਾਨ ਨੂੰ ਆਕਸੀਜਨ ਦੀ ਲੋੜ ਹੈ, ਬਿਲਕੁਲ ਉਸੇ ਤਰ੍ਹਾਂ ਹੀ ਪਾਣੀ ਦੀ ਵੀ ਲੋੜ ਹੈ। ਜਿਵੇਂ ਸਾਡੇ ਮੈਂਬਰ ਸਾਹਿਬਾਨ ਬਾਰ-ਬਾਰ ਜ਼ਿਕਰ ਕਰ ਰਹੇ ਹਨ ਕਿ ਸਰਕਾਰ ਨੇ ਪੰਜਾਬ ਦੇ ਸੂਬੇ ਵਿੱਚ ਡਾਈਵਰਸੀਫਿਕੇਸ਼ਨ ਕਰਨੀ ਹੈ। ਕੀ ਸਰਕਾਰ ਨੇ ਕੋਈ ਸਪੈਸ਼ਲ ਫੰਡਜ਼ ਡ੍ਰਿਪ ਇਰੀਗੇਸ਼ਨ ਵਾਸਤੇ ਸਾਡੇ ਬਜਟ ਵਿੱਚ ਰੱਖੇ ਹਨ, ਤਾਂ ਕਿ ਪਾਣੀ ਦੀ ਬੱਚਤ ਹੋ ਸਕੇ ?

**ਮੰਤਰੀ** : ਨਹੀਂ ਜੀ। ਹਾਲੇ ਕੋਈ ਪ੍ਰੋਵੀਜ਼ਨ ਨਹੀਂ ਹੈ।

Original with;
Punjab Vidhan Sabha
Digitized by;

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਵਜ਼ੀਰ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਜਿਹੜੀ ਸਕੀਮ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਉਹ ਸਕੀਮ ਗੌਰਮਿੰਟ ਆਫ ਇੰਡੀਆ ਦੀ ਮਨਿਸਟਰੀ ਆਫ ਵਾਟਰ ਰੀਸੋਰਸਿਜ ਐਂਡ ਮੈਨੇਜਮੈਂਟ ਦੀ ਹੈ, ਮੈਂ ਇਨ੍ਹਾਂ ਤੋਂ ਇਹ ਜਾਨਣਾ ਚਾਹੁੰਦਾ ਹਾਂ ਜਿਹੜੇ ਸਾਡੇ ਪੰਜਾਬ ਦੇ ਚੋਅ ਵਗਦੇ ਹਨ, ਜਿਹੜੇ ਕਿ ਵਾਟਰ ਨੂੰ ਰੀਚਾਰਜ ਕਰਦੇ ਸਨ, ਉਹ ਤਾਂ ਹੁਣ ਲਗਭਗ ਸਾਰੇ ਬੰਦ ਹੋ ਗਏ ਹਨ ਅਤੇ ਲੋਕਾਂ ਨੇ ਉਨ੍ਹਾਂ ਤੇ ਕਬਜ਼ੇ ਕਰ ਲਏ ਹਨ ? ਕੀ ਉਨ੍ਹਾਂ ਚੋਆਂ ਨੂੰ ਖਾਲੀ ਕਰਵਾਉਣ ਵਾਸਤੇ ਇਨ੍ਹਾਂ ਦਾ ਡਿਪਾਰਟਮੈਂਟ ਕੋਈ ਕਾਰਵਾਈ ਕਰ ਰਿਹਾ ਹੈ ? ਮੇਰਾ ਇਹ ਸੁਝਾਅ ਹੈ ਕਿ ਉਨ੍ਹਾਂ ਚੋਆਂ ਨੂੰ ਖਾਲੀ ਕਰਾਉਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਵਿੱਚ ਪਾਣੀ ਵਗੇ ਅਤੇ ਗਰਾਊਂਡ ਵਾਟਰ ਰੀਚਾਰਜ ਹੋਵੇ।

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਇਸ ਤਰ੍ਹਾਂ ਦੇ ਚੋਅ ਹਨ, ਜਿਹੜੇ ਬੰਦ ਪਏ ਹਨ, ਉਨ੍ਹਾਂ ਦੀ ਇਹ ਸਾਨੂੰ ਲਿਸਟ ਦੇ ਦੇਣ ਅਸੀਂ ਚਾਲੂ ਕਰਵਾ ਦਿਆਂਗੇ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਹ ਜਿਹੜਾ ਰੀਚਾਰਜਿੰਗ ਦਾ ਮੈਥਡ ਹੈ ਇਹ ਬੜਾ ਵਧੀਆ ਹੈ । ਕੰਡੀ ਏਰੀਆ ਵਿੱਚ ਖਾਸ ਤੌਰ ਤੇ ਛੋਟੇ ਡੈਮ ਬਣਾਉਣ ਦਾ ਜਿਸ ਨੂੰ ਅਸੀਂ ਅਰਬਨ ਡੈਮ ਕਹਿੰਦੇ ਹਾਂ, ਇਰੀਗੇਸ਼ਨ ਡੈਮ ਵੀ ਉਨ੍ਹਾਂ ਨੂੰ ਕਹਿੰਦੇ ਹਨ। ਮੈਂ ਤੁਹਾਡੇ ਰਾਹੀ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਰਬਨ ਡੈਮਜ਼ ਬਾਰੇ ਕੀ ਸਰਕਾਰ ਕੋਲ ਕੋਈ ਪਰੋਪੋਜ਼ਲ ਹੈ ਜਿਸ ਤਰ੍ਹਾਂ ਹੁਸ਼ਿਆਰਪੁਰ ਵਿੱਚ ਅਰਨਿਆਲਾ ਸ਼ਾਹਪੁਰ ਡੈਮ ਅਤੇ ਨਾੜਾ ਡੈਮ ਹੈ। ਇਨ੍ਹਾਂ ਡੈਮਾਂ ਲਈ ਕਿਉਂਕਿ ਰੀਚਾਰਜਿੰਗ ਦਾ ਇਹ ਸਭ ਤੋਂ ਵਧੀਆ ਤਰੀਕਾ ਹੈ, ਕੀ ਇਨ੍ਹਾਂ ਲਈ ਇਹ ਕੋਈ ਸਪੈਸ਼ਲ ਫੰਡਜ਼ ਮੁਹੱਈਆ ਕਰਾਉਣ ਲਈ ਯਤਨ ਕਰਨਗੇ ਤਾਂ ਕਿ ਉਹ ਡੈਮ ਜਲਦੀ ਬਣਨ ਔਰ ਵਾਟਰ ਰੀਚਾਰਜਿੰਗ ਹੋਵੇ ?

**ਮੰਤਰੀ** : ਅਸੀਂ ਜ਼ਰੂਰ ਯਤਨ ਕਰਾਂਗੇ ਜੀ।

---

## ਜੀਵਨ ਬਚਾਊ ਦਵਾਈਆਂ ਤੇ ਵਿਕਰੀ ਕਰ

*535. **ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਜੀਵਨ ਬਚਾਊ ਦਵਾਈਆਂ ਤੇ ਲੱਗਣਯੋਗ ਵਿਕਰੀ ਕਰ ਦੀ ਦਰ ਕੀ ਹੈ; ਅਤੇ

(ਅ) ਕੀ ਸਰਕਾਰ ਜੀਵਨ ਬਚਾਊ ਦਵਾਈਆਂ ਤੇ ਵਿਕਰੀ ਕਰ ਖਤਮ ਕਰਨ ਜਾਂ ਮੌਜੂਦਾ ਦਰ ਨੂੰ ਘੱਟ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ?

**ਸਰਦਾਰ ਸਰਦੂਲ ਸਿੰਘ** : (ੳ) ਜੀਵਨ ਬਚਾਊ ਦਵਾਈਆਂ ਪੰਜਾਬ ਆਮ ਵਿਕਰੀ ਕਰ ਐਕਟ, 1948 ਦੇ ਸ਼ੀਡਿਊਲ "ਬੀ" ਦੀ ਐਂਟਰੀ 68 ਵਿੱਚ ਦਿੱਤੀ ਲਿਸਟ ਅਨੁਸਾਰ ਵਿਕਰੀ ਕਰ ਤੋਂ ਮੁਕਤ ਹਨ।

(ਅ) ਵਿਚਾਰ ਅਧੀਨ ਨਹੀਂ ਹੈ।

Original with;
Punjab Vidhan Sabha
Digitized by;

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਇਨ੍ਹਾਂ ਨੇ ਇਸ ਗੱਲ ਦਾ ਜਵਾਬ ਦਿੱਤਾ ਹੈ ਕਿ ਵਿਕਰੀ ਕਰ ਤੋਂ ਜਿਹੜੀਆਂ ਲਾਈਫ ਸੇਵਿੰਗ ਡਰੱਗਜ਼ ਹਨ ਉਹ ਮੁਕਤ ਹਨ ਪਰ ਅਸਲੀਅਤ ਇਹ ਹੈ ਕਿ ਇਹ ਮੇਰੇ ਕੋਲ ਓਸਵਾਲ ਕੈਂਸਰ ਹਸਪਤਾਲ, ਲੁਧਿਆਣਾ ਦੇ ਸਾਰੇ ਬਿਲ ਮੈਂ ਲੈ ਕੇ ਆਇਆ ਹਾਂ ਉਸ ਵਿੱਚ ਇਕ ਫੀਮਰ ਟੇਬਲੇਟ ਯੂਜ਼ ਹੁੰਦੀ ਹੈ ਜਿਹੜੀ ਕਿ 5,109 ਰੁਪਏ ਦੀ ਆਉਂਦੀ ਹੈ ਅਤੇ ਉਹ ਹਰ ਰੋਜ਼ ਪੇਸ਼ੈਂਟ ਨੂੰ ਲੈਣੀ ਪੈਂਦੀ ਹੈ। ਇਹ ਟੇਬਲੇਟ ਦੋ ਤਿੰਨ ਸਾਲ ਲਗਾਤਾਰ ਲੈਣੀ ਪੈਂਦੀ ਹੈ। ਅੱਜ ਦੀ ਤਰੀਕ ਵਿੱਚ ਇਸ ਦੀ ਕੀਮਤ 4,661 ਰੁਪਏ ਹੈ, ਇਸ ਤੇ ਚੁੰਗੀ 96 ਰੁਪਏ ਲਗਾਈ ਗਈ ਹੈ ਅਤੇ 413 ਰੁਪਏ ਇਸ ਦੇ ਉੱਤੇ ਸੇਲਜ਼ ਟੈਕਸ ਲਾਇਆ ਜਾ ਰਿਹਾ ਹੈ।......

**ਮਾਨਯੋਗ ਸਪੀਕਰ** : ਤੁਹਾਡਾ ਸਵਾਲ ਸੇਲ ਟੈਕਸ ਬਾਰੇ ਹੈ, ਚੁੰਗੀ ਬਾਰੇ ਨਹੀਂ ਹੈ। ਤੁਸੀਂ ਸੇਲ ਟੈਕਸ ਦੀ ਗੱਲ ਪੁੱਛੋ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਸਪੀਕਰ ਸਾਹਿਬ, ਜਿਹੜਾ ਪੇਸ਼ੈਂਟ ਹੈ ਉਹ ਮੌਤ ਦੇ ਮੂੰਹ ਵਿੱਚੋਂ ਨਿਕਲ ਰਿਹਾ ਹੈ ਔਰ ਇਸ ਤਰ੍ਹਾਂ ਕਰਕੇ ਉਸ ਤੋਂ ਚੁੰਗੀ ਵੀ ਲਈ ਜਾ ਰਹੀ ਹੈ।

**ਮਾਨਯੋਗ ਸਪੀਕਰ** : ਤੁਹਾਡਾ ਸਵਾਲ ਸੇਲ ਟੈਕਸ ਬਾਰੇ ਹੈ।

**ਮੰਤਰੀ** : ਸਪੀਕਰ ਸਾਹਿਬ, ਜਿਹੜੀਆਂ ਦਵਾਈਆਂ ਪੰਜਾਬ ਜਨਰਲ ਸੇਲਜ਼ ਟੈਕਸ ਐਕਟ, 1948 ਦੇ ਤਹਿਤ ਐਗਜ਼ੈਂਪੱਟ ਹਨ ਅਤੇ ਸ਼ੈਡੀਊੱਲ 'ਬੀ' ਵਿੱਚ ਹਨ ਉਨ੍ਹਾਂ ਤੇ ਕੋਈ ਟੈਕਸ ਨਹੀਂ ਲਗਦਾ। ਅਗਰ ਇਨ੍ਹਾਂ ਦੇ ਧਿਆਨ ਵਿੱਚ ਕੋਈ ਐਸੀ ਚੀਜ਼ ਹੈ ਜਿੱਥੇ ਉਸ ਤੋਂ ਬਾਅਦ ਵੀ ਇਸ ਤਰ੍ਹਾਂ ਦਾ ਕੋਈ ਟੈਕਸ ਲੱਗ ਰਿਹਾ ਹੈ ਤਾਂ ਇਹ ਸਾਨੂੰ ਦੱਸ ਦੇਣ ਅਸੀਂ ਉਸਦੀ ਇਨਕੁਆਰੀ ਕਰਾਉਣ ਲਈ ਤਿਆਰ ਹਾਂ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਲਾਈਫ ਸੇਵਿੰਗ ਡਰੱਗਜ਼ ਤੋਂ ਇਲਾਵਾ ਲਾਈਫ ਸੇਵਿੰਗ ਬਾਰੇ ਜਿਹੜੇ ਟਰੀਟਮੈਂਟ ਦੇ ਇੰਸਟਰੂਮੈਂਟ ਹਨ, ਉਨ੍ਹਾਂ ਨੂੰ ਕਰ ਮੁਕਤ ਕੀਤਾ ਗਿਆ ਹੈ। ਕੀ ਪੰਜਾਬ ਸਰਕਾਰ ਇਸ ਬਜਟ ਦੇ ਵਿੱਚ ਜਾਂ ਕਿਸੇ ਹੋਰ ਤਰੀਕੇ ਨਾਲ ਕੋਈ ਐਸੀ ਸਕੀਮ ਬਣਾਏਗੀ ਕਿ ਮੌਤ ਅਤੇ ਜ਼ਿੰਦਗੀ ਦੀ ਲੜਾਈ ਲੜ ਰਹੇ ਮਰੀਜ਼ ਨੂੰ ਕਿਸੇ ਤਰੀਕੇ ਕੋਈ ਰਾਹਤ ਦਿੱਤੀ ਜਾ ਸਕੇ, ਕੀ ਇਨ੍ਹਾਂ ਤੇ ਸੇਲਜ਼ ਟੈਕਸ ਖਤਮ ਕੀਤਾ ਜਾ ਸਕਦਾ ਹੈ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਸਾਡੇ ਕੋਲ ਲਿਸਟ ਹੈ, ਮੇਰੇ ਕੋਲੋਂ ਇਹ ਲੈ ਲੈਣ ਅਤੇ ਪੜ੍ਹ ਲੈਣ। ਉਸ ਵਿਚ ਜਿਹੜੀਆਂ ਲਾਈਫ-ਸੇਵਿੰਗ ਡਰੱਗਜ਼ ਹਨ ਉਹ ਸਾਰੀਆਂ ਟੈਕਸ ਤੋਂ ਐਗਜ਼ੈਂਪਟ ਹਨ। ਅਗਰ ਇਨ੍ਹਾਂ ਦੇ ਧਿਆਨ ਵਿਚ ਕੋਈ ਹੋਰ ਹੈ ਜਾਂ ਕੋਈ ਹੋਰ ਸੁਝਾਓ ਹੈ ਜਿਥੇ ਕਿ ਰਾਹਤ ਹੋਣੀ ਚਾਹੀਦੀ ਹੈ ਉਹ ਵੀ ਇਹ ਦੱਸ ਦੇਣ, ਸਰਕਾਰ ਉਸ ਉਤੇ ਵਿਚਾਰ ਕਰੇਗੀ।

**ਮਾਨਯੋਗ ਸਪੀਕਰ** : ਮੰਤਰੀ ਜੀ ਨੇ ਦੱਸ ਦਿੱਤਾ ਹੈ ਕਿ ਜੇਕਰ ਉਹ ਲਾਈਫ ਸੇਵਿੰਗ ਡਰੱਗ ਹੋਈ ਤਾਂ ਉਸ ਉਤੇ ਵੀ ਸੇਲਜ਼ ਟੈਕਸ ਮੁਆਫ ਕਰ ਦਿੱਤਾ ਜਾਵੇਗਾ।

Original with;
Punjab Vidhan Sabha
Digitized by;

**ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਸਟੈਨੋਗ੍ਰਾਫੀ ਦੀ ਕੋਚਿੰਗ**

*480. (1) **ਸ਼੍ਰੀ ਤਰਲੋਚਨ ਸਿੰਘ**
(2) **ਸਰਦਾਰ ਗੁਰਜੰਟ ਸਿੰਘ** } : ਕੀ ਸਮਾਜਿਕ ਸੁਰੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਨੂੰ ਸਟੈਨੋਗ੍ਰਾਫੀ ਦੀ ਕੋਚਿੰਗ ਦੇਣ ਲਈ ਕ੍ਰਮਵਾਰ ਸਾਲਾਂ 2000-2001, 2001-2002 ਅਤੇ 2002-2003 ਲਈ ਬਜਟ ਅਨੁਮਾਨਾਂ ਵਿਚ ਸਾਲਵਾਰ ਕਿੰਨੀ ਰਕਮ ਮਖ਼ਸੂਸ ਕੀਤੀ ਗਈ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਉਕਤ ਮੰਤਵ ਲਈ ਵਰਤ ਲਈ ਗਈ ਹੈ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਸਦਨ ਦੀ ਟੇਬਲ ਤੇ ਸਟੇਟਮੈਂਟ ਰੱਖੀ ਜਾਂਦੀ ਹੈ।

(ੳ) ਸਾਲ 2000-2001, 2001-2002 ਅਤੇ 2002-2003 ਦੌਰਾਨ ਕੋਚਿੰਗ ਫਾਰ ਸਟੈਨੋਗ੍ਰਾਫੀ (ਨਾਨ-ਪਲਾਨ) ਸਕੀਮ ਅਧੀਨ ਮਖ਼ਸੂਸ ਰਾਸ਼ੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:—

(ਰਕਮ ਲੱਖਾਂ ਵਿੱਚ)

| ਸਾਲ | ਬਜਟ |
|---|---|
| 2000-2001 | 7.75 |
| 2001-2002 | 7.75 |
| 2002-2003 | 7.75 |

(ਅ) ਵਰਤੀ ਗਈ ਰਾਸ਼ੀ/ਖਰਚੇ ਦਾ ਸਾਲ-ਵਾਰ ਵੇਰਵਾ :—

(ਰਕਮ ਲੱਖਾਂ ਵਿੱਚ)

| ਸਾਲ | ਵਰਤੀ ਰਾਸ਼ੀ/ਖਰਚਾ | ਵਿਸ਼ੇਸ਼ ਕਥਨ |
|---|---|---|
| 2000-2001 | 6.22 | ਬਾਕੀ ਰਹਿੰਦੀ ਰਾਸ਼ੀ ਖਜ਼ਾਨਿਆਂ ਵੱਲੋਂ ਬਿੱਲ ਨਾ ਪਾਸ ਕਰਨ ਕਰਕੇ ਕਢਵਾਈ ਨਹੀਂ ਜਾ ਸਕੀ। |
| 2001-2002 | 1.52 | ਬਾਕੀ ਰਹਿੰਦੀ ਰਾਸ਼ੀ ਸਮੇਂ-ਸਮੇਂ ਤੇ ਖਜ਼ਾਨਿਆਂ ਤੇ ਰੋਕ ਲੱਗਣ ਕਾਰਣ ਕਢਵਾਈ ਨਹੀਂ ਜਾ ਸਕੀ। |
| 2002-2003 | 4.40 (28 ਫਰਵਰੀ 2003 ਤੱਕ) | ਬਾਕੀ ਰਹਿੰਦੀ ਰਾਸ਼ੀ 31 ਮਾਰਚ, 2003 ਤੱਕ ਖਜ਼ਾਨਿਆਂ ਵਿਚੋਂ ਕਢਵਾ ਕੇ ਖਰਚ ਲਈ ਜਾਵੇਗੀ। |

Original with;
Punjab Vidhan Sabha
Digitized by;
Punjab Digital Library

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਸਟੈਨੋਗ੍ਰਾਫੀ ਦਾ ਕੋਰਸ ਗੌਰਮਿੰਟ ਵੱਲੋਂ ਗਰੀਬ ਬੱਚਿਆਂ ਨੂੰ ਪੜ੍ਹਾਉਣ ਵਾਸਤੇ ਚਲਾਇਆ ਜਾ ਰਿਹਾ ਹੈ ਕੀ ਉਸ ਨੂੰ ਆਈ.ਟੀ.ਆਈ. ਵਿਚ ਤਬਦੀਲ ਕਰਨ ਦੀ ਸਰਕਾਰ ਦੀ ਕੋਈ ਸਕੀਮ ਹੈ ?

**ਮੰਤਰੀ** : ਸਪੀਕਰ ਸਾਹਿਬ, ਐਸੀ ਕੋਈ ਸਕੀਮ ਨਹੀਂ ਹੈ ਜੀ।

**ਮਾਨਯੋਗ ਸਪੀਕਰ** : ਅਗਲਾ ਪ੍ਰਸ਼ਨ ਸਰਦਾਰ ਗੁਰਜੰਟ ਸਿੰਘ।

**ਸ਼੍ਰੀ ਤਰਲੋਚਨ ਸਿੰਘ** : ਸਪਲੀਮੈਂਟਰੀ ਸਰ।

**ਮਾਨਯੋਗ ਸਪੀਕਰ** : ਤੁਸੀਂ ਦੇਰ ਨਾਲ ਉਠੇ ਹੋ, ਚਲੋ ਬੋਲੋ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਜਿਹੜੇ ਇੰਸਟਰੱਕਟਰ ਸਟੈਨੋਗ੍ਰਾਫੀ ਦੀ ਸਿਖਲਾਈ ਦਿੰਦੇ ਹਨ, ਉਨ੍ਹਾਂ ਦੀ ਪ੍ਰਮੋਸ਼ਨ ਐਵਨਿਊ ਬਾਰੇ ਸਰਕਾਰ ਦੇ ਵਿਚਾਰ ਅਧੀਨ ਕੁਝ ਹੈ ?

**ਮਾਨਯੋਗ ਸਪੀਕਰ** : ਇਹ ਡਿਫਰੈਂਟ ਕੁਐਸਚਨ ਹੈ। ਇਸ ਨਾਲ ਰਿਲੇਟਡ ਨਹੀਂ ਹੈ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਇਸ ਦੇ ਨਾਲ ਬਿਲਕੁਲ ਰਿਲੇਟਡ ਹੈ। ਜਿਹੜੇ ਇੰਸਟਰਕਟਰ ਉਥੇ ਸਟੈਨੋਗ੍ਰਾਫੀ ਸਿਖਾਉਂਦੇ ਹਨ ਉਨ੍ਹਾਂ ਦੇ ਪ੍ਰਮੋਸ਼ਨ ਐਵਨਿਊ ਬਿਲਕੁਲ ਨਹੀਂ ਹਨ। ਇਸ ਕਰਕੇ ਸਰਕਾਰ ਦੇ ਕੋਈ ਵਿਚਾਰ ਅਧੀਨ ਹੈ ਕਿ ਉਸ ਕੋਰਸ ਨੂੰ ਆਈ.ਟੀ.ਆਈਜ਼ ਵਿਚ ਤਬਦੀਲ ਕਰ ਦਿੱਤਾ ਜਾਵੇ।

**ਮੰਤਰੀ** : ਸਰ, ਇਹ ਸੈਪਰੇਟ ਸਵਾਲ ਬਣਦਾ ਹੈ, ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।

---

## ਮੁਕਾਬਲੇ ਦੇ ਇਮਤਿਹਾਨਾਂ ਲਈ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਲਈ ਕੋਚਿੰਗ

*481. (1) **ਸ਼੍ਰੀ ਤਰਲੋਚਨ ਸਿੰਘ**
(2) **ਸਰਦਾਰ ਗੁਰਜੰਟ ਸਿੰਘ** } : ਕੀ ਸਮਾਜਿਕ ਸੁਰੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਮੁਕਾਬਲੇ ਦੀਆਂ ਵੱਖ-ਵੱਖ ਪ੍ਰੀਖਿਆਵਾਂ ਦੇਣ ਵਾਲੇ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਨੂੰ ਪ੍ਰੀਖਿਆ ਤੋਂ ਪਹਿਲਾਂ ਕੋਚਿੰਗ ਦੇਣ ਲਈ ਕ੍ਰਮਵਾਰ ਸਾਲਾਂ 2000-2001, 2001-2002 ਅਤੇ 2002-2003 ਲਈ ਬਜਟ ਅਨੁਮਾਨਾਂ ਵਿਚ ਕਿੰਨੀ ਰਕਮ ਮਖ਼ਸੂਸ ਕੀਤੀ ਗਈ ਸੀ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਉਕਤ ਮੰਤਵ ਲਈ ਖਰਚ ਕਰ ਲਈ ਗਈ ਹੈ ?

Original with;
Punjab Vidhan Sabha
Digitized by;

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਵਿਵਰਣ ਸਦਨ ਦੇ ਮੇਜ਼ ਤੇ ਰੱਖਿਆ ਜਾਂਦਾ ਹੈ।

**ਵਿਵਰਣ**

(ੳ) ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਨੂੰ ਮੁਕਾਬਲੇ ਦੀਆਂ ਵੱਖ-ਵੱਖ ਪ੍ਰੀਖਿਆਵਾਂ ਲਈ ਪ੍ਰੀਖਿਆ ਤੋਂ ਪਹਿਲਾਂ ਕੋਚਿੰਗ ਦੇਣ ਲਈ ਸਾਲ 2000-2001, 2001-2002 ਅਤੇ 2002-2003 ਵਿੱਚ ਮਖਸੂਸ ਕੀਤੇ ਗਏ ਬਜਟ ਉਪਬੰਧ ਦਾ ਵੇਰਵਾ ਇਸ ਪ੍ਰਕਾਰ ਹੈ :—

| ਸਾਲ | ਮਖਸੂਸ ਕੀਤੀ ਰਾਸ਼ੀ |
|---|---|
| 2000-2001 | 24.27 ਲੱਖ ਰੁਪਏ |
| 2001-2002 | 26.94 ਲੱਖ ਰੁਪਏ |
| 2002-2003 | 27.60 ਲੱਖ ਰੁਪਏ |

(ਅ) ਉਕਤ ਭਾਗ (ੳ) ਵਿੱਚ ਦਰਜ ਮਖ਼ਸੂਸ ਕੀਤੀ ਗਈ ਰਾਸ਼ੀ ਵਿੱਚੋਂ ਸਾਲ-ਵਾਰ ਖਰਚ ਹੋਈ ਰਾਸ਼ੀ ਦਾ ਵੇਰਵਾ ਇਸ ਪ੍ਰਕਾਰ ਹੈ :—

| ਸਾਲ | ਖਰਚ ਕੀਤੀ ਰਾਸ਼ੀ | ਕਾਰਨ |
|---|---|---|
| 2000-2001 | 20.09 ਲੱਖ ਰੁਪਏ | ਬਾਕੀ ਰਾਸ਼ੀ ਖਜ਼ਾਨੇ ਵਲੋਂ ਬਿੱਲ ਪਾਸ ਨਾ ਕਰਨ ਕਰਕੇ ਕਢਵਾਈ ਨਹੀਂ ਗਈ |
| 2001-2002 | 21.42 ਲੱਖ ਰੁਪਏ | ਬਾਕੀ ਰਾਸ਼ੀ ਖਜ਼ਾਨੇ ਵਲੋਂ ਬਿੱਲ ਪਾਸ ਨਾ ਕਰਨ ਕਰਕੇ ਕਢਵਾਈ ਨਹੀਂ ਗਈ |
| 2002-2003 | 25.65 ਲੱਖ ਰੁਪਏ | ਬਾਕੀ ਰਾਸ਼ੀ 31 ਮਾਰਚ, 2003 ਤੱਕ ਖਜ਼ਾਨੇ ਤੋਂ ਕਢਵਾ ਕੇ ਖਰਚ ਲਈ ਜਾਵੇਗੀ |

**ਮਾਨਯੋਗ ਸਪੀਕਰ** : ਤੁਸੀਂ ਹਰ ਵਾਰੀ ਉੱਤਰ ਸਦਨ ਦੀ ਮੇਜ਼ ਤੇ ਰੱਖ ਦਿੰਦੇ ਹੋ। ਜੇਕਰ ਜਵਾਬ ਛੋਟਾ ਹੋਵੇ ਤਾਂ ਬੋਲਣ ਵਿਚ ਕੋਈ ਹਰਜ਼ ਨਹੀਂ, ਸਾਰਾ ਹਾਊਸ ਸੁਣ ਸਕਦਾ ਹੈ।

**ਮੰਤਰੀ** : ਸਰ, ਇਹ ਪਹਿਲਾਂ ਦੇ ਜਵਾਬ ਬਣੇ ਹੋਏ ਆਏ ਹਨ। ਅੱਗੇ ਤੋਂ ਖਿਆਲ ਰੱਖਿਆ ਜਾਵੇਗਾ।

**Shri Tarlochan Singh :** No supplementary, Sir, Thank you.

Original with;
Punjab Vidhan Sabha
Digitized by;
Panjab Digital Library

## ਮਾਲਟਾ ਕਿਸ਼ਤੀ ਦੁਰਘਟਨਾ ਵਿਚ ਮਰੇ ਪੰਜਾਬੀ

*355. **ਸ਼੍ਰੀ ਅਵਿਨਾਸ਼ ਰਾਏ ਖੰਨਾ** : ਕੀ ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਮਾਲਟਾ ਕਿਸ਼ਤੀ ਦੁਰਘਟਨਾ ਵਿਚ ਮਰੇ ਪੰਜਾਬੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਪੰਜਾਬੀਆਂ ਦੇ ਪਰਿਵਾਰਾਂ ਨੂੰ ਰਾਜ ਸਰਕਾਰ ਦੁਆਰਾ ਕੋਈ ਵਿੱਤੀ ਜਾਂ ਕੋਈ ਹੋਰ ਸਹਾਇਤਾ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ 'ਨਾਂਹ' ਵਿਚ ਹੋਵੇ, ਤਾਂ ਕੀ ਪ੍ਰਭਾਵਿਤ ਹੋਏ ਪਰਿਵਾਰਾਂ ਨੂੰ ਸਹਾਇਤਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਸਰਦਾਰ ਅਮਰਜੀਤ ਸਿੰਘ ਸਮਰਾ** : (ੳ) ਮਾਲਟਾ ਬੋਟ ਦੁਰਘਟਨਾ ਵਿਚ ਮਾਰੇ ਗਏ ਪੰਜਾਬੀਆਂ ਦੀ ਗਿਣਤੀ 79 ਹੈ।

(ਅ) 78 ਪ੍ਰਭਾਵਿਤ ਪਰਿਵਾਰਾਂ ਨੂੰ 50,000 ਰੁਪਏ ਪ੍ਰਤੀ ਮ੍ਰਿਤਕ ਵਿਅਕਤੀ ਦੀ ਦਰ ਨਾਲ ਰਾਹਤ ਤਕਸੀਮ ਕਰਨ ਲਈ ਡਿਪਟੀ ਕਮਿਸ਼ਨਰਾਂ ਨੂੰ 39.00 ਲੱਖ ਰੁਪਏ (ਉਂਤਾਲੀ ਲੱਖ ਰੁਪਏ ਕੇਵਲ) ਮਿਤੀ 27 ਜਨਵਰੀ, 1997 ਨੂੰ ਮੰਨਜ਼ੂਰ ਕੀਤੇ ਗਏ ਸਨ। ਕਿਉਂਕਿ ਇੱਕ ਮ੍ਰਿਤਕ ਵਿਅਕਤੀ ਦਾ ਪਤਾ ਭਾਰਤ ਸਰਕਾਰ ਤੋਂ ਪ੍ਰਾਪਤ ਨਹੀਂ ਹੋਇਆ, ਇਸ ਲਈ ਉਸ ਕੇਸ ਵਿਚ ਰਾਹਤ ਰਾਸ਼ੀ ਮੰਜ਼ੂਰ ਨਹੀਂ ਕੀਤੀ ਜਾ ਸਕੀ।

(ੲ) ਨਹੀਂ ਜੀ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਉਸ ਸਮੇਂ ਦੀ ਬਹੁਤ ਵੱਡੀ ਟਰੈਜਡੀ ਹੋਈ ਸੀ ਅਤੇ ਇਸ ਵਿਚ ਬਹੁਤ ਜ਼ਿਆਦਾ ਪੰਜਾਬੀ ਅਫੈਕਟਡ ਹੋਏ ਸਨ। ਕੀ ਸਰਕਾਰ ਨੇ ਕੋਈ ਐਸਾ ਸੈਲ ਬਣਾਇਆ ਹੈ ਕਿ ਜਿਸ ਸੈਲ ਰਾਹੀਂ ਇਨਕੁਆਰੀ ਕੀਤੀ ਜਾਵੇ। ਕੀ ਅਸਲ ਵਿੱਚ ਇਸ ਟਰੈਜਡੀ ਦੇ ਕਾਰਨ ਕਿੰਨੇ ਲੋਕ ਪ੍ਰਭਾਵਿਤ ਹੋਏ ਸਨ।

**ਰਾਜ ਮੰਤਰੀ** : ਸਪੀਕਰ ਸਾਹਿਬ, ਜਿਹੜੀ ਇਨਫਰਮੇਸ਼ਨ ਸਾਨੂੰ ਪ੍ਰਾਪਤ ਹੋਈ ਸੀ, ਉਸ ਅਨੁਸਾਰ 79 ਵਿਅਕਤੀ ਮਾਰੇ ਗਏ ਸਨ ਅਤੇ ਇਹ ਸਾਰੇ ਹੀ ਪੰਜਾਬੀ ਸਨ ਜਿਹੜੇ ਕਿ ਵੱਖ ਵੱਖ ਜ਼ਿਲ੍ਹਿਆਂ ਵਿਚੋਂ ਸਨ। ਕਪੂਰਥਲਾ ਜ਼ਿਲ੍ਹੇ ਦੇ 23 ਵਿਅਕਤੀ ਸਨ ਜਿਨ੍ਹਾਂ ਨੂੰ 11 ਲੱਖ 50 ਹਜ਼ਾਰ ਰੁਪਏ ਦਿੱਤੇ ਗਏ, ਅੰਮ੍ਰਿਤਸਰ ਜ਼ਿਲ੍ਹੇ ਦਾ ਇਕ ਵਿਅਕਤੀ ਸੀ ਜਿਸ ਨੂੰ 50 ਹਜ਼ਾਰ ਰੁਪਏ ਦਿੱਤੇ ਗਏ, ਹੁਸ਼ਿਆਰਪੁਰ ਜ਼ਿਲ੍ਹੇ ਦੇ 17 ਵਿਅਕਤੀ ਸਨ ਜਿਨ੍ਹਾਂ ਨੂੰ 8 ਲੱਖ 50 ਹਜ਼ਾਰ ਰੁਪਏ ਦਿੱਤੇ ਗਏ, ਨਵਾਂ ਸ਼ਹਿਰ ਦੇ 2 ਵਿਅਕਤੀ ਸਨ ਜਿਨ੍ਹਾਂ ਨੂੰ ਇਕ ਲੱਖ ਰੁਪਏ ਦਿੱਤੇ ਗਏ, ਰੋਪੜ ਜ਼ਿਲ੍ਹੇ ਦੇ 4 ਵਿਅਕਤੀ ਸਨ ਜਿਨ੍ਹਾਂ ਨੂੰ 2 ਲੱਖ ਰੁਪਏ ਦਿੱਤੇ ਗਏ, ਜਲੰਧਰ ਜ਼ਿਲ੍ਹੇ ਦੇ 29 ਵਿਅਕਤੀ ਸਨ ਜਿਨ੍ਹਾਂ ਨੂੰ 14 ਲੱਖ 50 ਹਜ਼ਾਰ ਰੁਪਏ ਦਿੱਤੇ ਗਏ, ਲੁਧਿਆਣੇ

Original with;
Punjab Vidhan Sabha
Digitized by;

[ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ]

ਜ਼ਿਲ੍ਹੇ ਦਾ ਇਕ ਵਿਅਕਤੀ ਸੀ ਜਿਸ ਨੂੰ 50 ਹਜ਼ਾਰ ਰੁਪਏ ਦਿਤੇ ਗਏ ਅਤੇ ਗੁਰਦਾਸਪੁਰ ਜ਼ਿਲ੍ਹੇ ਦਾ ਇਕ ਵਿਅਕਤੀ ਸੀ ਜਿਸ ਨੂੰ 50 ਹਜ਼ਾਰ ਰੁਪਏ ਦਿੱਤੇ ਗਏ ਹਨ। ਸਬੰਧਤ ਡਿਪਟੀ ਕਮਿਸ਼ਨਰਾਂ ਨੇ ਇਹ ਰਾਸ਼ੀ ਮ੍ਰਿਤਕ ਵਿਅਕਤੀਆਂ ਦੇ ਨਜਦੀਕੀ ਰਿਸ਼ਤੇਦਾਰਾਂ ਰਾਹੀਂ ਪੂਰੀ ਜਾਂਚ-ਪੜਤਾਲ ਕਰਨ ਉਪਰੰਤ ਹੀ ਵੰਡਣ ਲਈ ਕਿਹਾ ਗਿਆ ਸੀ ? ਇਸ ਤੋਂ ਇਲਾਵਾ ਹੋਰ ਕੁਝ ਦੇਣ ਬਾਰੇ ਸਾਡੇ ਵਿਚਾਰ ਅਧੀਨ ਨਹੀਂ ਹੈ। ਸਾਰੇ ਲੋਕ ਸੈਟੀਸਫਾਈ ਹਨ। ਇਕ ਵਿਅਕਤੀ ਦਾ ਐਡ੍ਰੈਸ ਨਾ ਹੋਣ ਕਰਕੇ ਉਸ ਨੂੰ ਇਹ ਰਾਸ਼ੀ ਨਹੀਂ ਦਿਤੀ ਜਾ ਸਕਦੀ। ਜੇਕਰ ਮੈਂਬਰ ਸਾਹਿਬ ਨੂੰ ਪਤਾ ਹੋਵੇ ਤਾਂ ਦੱਸ ਦੇਣ ਤਾਂ ਜੋ ਉਸ ਨੂੰ ਜਲਦੀ ਇਹ ਰਾਸ਼ੀ ਦਿੱਤੀ ਜਾ ਸਕੇ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦੇ ਧਿਆਨ ਵਿੱਚ ਇਹ ਗੱਲ ਹੈ ਕਿ ਇਕ ਮਾਲਟਾ ਬੋਟ ਟਰੈਜ਼ਡੀ ਪ੍ਰੋਬ ਕਮਿਸ਼ਨ ਬਣਿਆ ਸੀ, ਕੀ ਇਸ ਦੀ ਰਿਪੋਰਟ ਸਰਕਾਰ ਨੂੰ ਪ੍ਰਾਪਤ ਹੋ ਗਈ ਹੈ ਜਾਂ ਨਹੀਂ ?

**ਰਾਜ ਮੰਤਰੀ** : ਸਾਨੂੰ ਕੋਈ ਰਿਪੋਰਟ ਪ੍ਰਾਪਤ ਨਹੀਂ ਹੋਈ ਜੀ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਸਪਲੀਮੈਂਟਰੀ ਜੀ........

**ਸ਼੍ਰੀ ਸਪੀਕਰ** : ਉਨ੍ਹਾਂ ਨੇ ਕਹਿ ਦਿਤਾ ਹੈ ਕਿ ਕੋਈ ਰਿਪੋਰਟ ਪ੍ਰਾਪਤ ਨਹੀਂ ਹੋਈ। ਅਗਲਾ ਪ੍ਰਸ਼ਨ ਚੌਧਰੀ ਨੰਦ ਲਾਲ ਜੀ।

---

## ਤਹਿਸੀਲ ਬਲਾਚੌਰ ਵਿਚ ਲਗਾਏ ਗਏ ਪੌਦੇ

*518. **ਚੌਧਰੀ ਨੰਦ ਲਾਲ** : ਕੀ ਜੰਗਲਾਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਬਲਾਚੌਰ ਵਿਚ ਪਿਛਲੇ ਦੋ ਸਾਲ ਦੇ ਦੌਰਾਨ ਜੰਗਲਾਤ ਵਿਭਾਗ ਦੁਆਰਾ ਲਗਾਏ ਗਏ ਪੌਦਿਆਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਵਿਚੋਂ ਕਿੰਨੇ ਪੌਦੇ ਚੱਲ ਪਏ ਹਨ ?

**ਡਾਕਟਰ ਹਰਬੰਸ ਲਾਲ** : ਬਲਾਚੌਰ ਤਹਿਸੀਲ ਗੜ੍ਹਸ਼ੰਕਰ ਵਣ ਮੰਡਲ ਵਿਚ ਪਿਛਲੇ ਦੋ ਸਾਲਾਂ 2000-2001 ਅਤੇ ਸਾਲ 2001-2002 ਦੌਰਾਨ ਕ੍ਰਮਵਾਰ 2,82,500 ਅਤੇ 1,80,500 ਪੌਦੇ ਲਗਾਏ ਗਏ ਸਨ। ਇਹਨਾਂ ਵਿਚੋਂ ਕ੍ਰਮਵਾਰ 2,35,005 ਅਤੇ 1,54,708 ਪੌਦੇ ਇਸ ਸਮੇਂ ਜੀਵਤ ਹਨ।

**ਚੌਧਰੀ ਨੰਦ ਲਾਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਲਾਚੌਰ ਦੇ ਨਾਲ ਦੇ ਪਿੰਡਾਂ ਦੇ ਜੰਗਲਾਂ ਵਿੱਚ ਕਿੰਨੇ-ਕਿੰਨੇ ਪੌਦੇ ਲਗਾਏ ਗਏ ਹਨ ?

**ਸ਼੍ਰੀ ਸਪੀਕਰ** : ਹਾਂ ਜੀ ਮੰਤਰੀ ਜੀ, ਇਹ ਪਿੰਡ ਵਾਈਜ਼ ਵੇਰਵਾ ਚਾਹੁੰਦੇ ਹਨ।

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਵੱਖਰਾ ਸਵਾਲ ਦੇ ਦੇਣ, ਪਿੰਡ ਵਾਈਜ਼ ਇਨਫਰਮੇਸ਼ਨ ਦੇ ਦੇਵਾਂਗਾ ਜੀ।

Original with;
Punjab Vidhan Sabha
Digitized by;

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਜਿਹੜੀ ਸੈਪਲਿੰਗ ਦੀ ਲਿਸਟ ਦਿਤੀ ਹੈ, ਕਿਹੜੇ ਕਿਹੜੇ ਟਰੀਜ਼ ਦੀ ਸੈਪਲਿੰਗ ਹੋਈ ਹੈ? ਦੂਸਰਾ ਕਿੱਕਰ ਦਾ ਜਿਹੜਾ ਦਰੱਖਤ ਹੈ, ਪੰਜਾਬ ਵਿੱਚ ਪਿਛਲੇ ਸਾਲ ਕਿੱਕਰਾਂ ਨੂੰ ਤੁੱਕੇ ਹੀ ਨਹੀਂ ਲੱਗੇ। ਕੀ ਮੰਤਰੀ ਜੀ ਨੇ ਇਸ ਦੀ ਕੋਈ ਇਨਕੁਆਰੀ ਕਰਵਾਈ ਹੈ ਕਿ ਕਿੱਕਰ ਦੇ ਦਰੱਖਤ ਕਿਉਂ ਸੁੱਕ ਰਹੇ ਹਨ?

**ਰਾਜ ਮੰਤਰੀ** : ਸਪੀਕਰ ਸਾਹਿਬ, ਸਾਡਾ ਜਿਹੜਾ ਰੀਸਰਚ ਇੰਸਟੀਚੂਟ ਹੈ, ਉਸ ਦੇ ਰਾਹੀਂ ਅਸੀਂ ਜਾਂਚ ਕਰਵਾ ਰਹੇ ਹਾਂ ਕਿ ਇਹ ਦੱਰਖਤ ਕਿਉਂ ਸੁੱਕ ਰਹੇ ਹਨ ਅਤੇ ਜਿਹੜੀਆਂ ਕਮੀਆਂ ਹਨ ਆਉਣ ਵਾਲੇ ਸਮੇਂ ਵਿੱਚ ਅਸੀਂ ਉਨ੍ਹਾਂ ਨੂੰ ਦੂਰ ਕਰਾਂਗੇ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਜਿਹੜੀ ਸੈਪਲਿੰਗ ਬਲਾਚੌਰ ਦੇ ਪਿੰਡਾਂ ਵਿੱਚ ਕੀਤੀ ਗਈ ਹੈ, ਉਨ੍ਹਾਂ ਵਿੱਚ ਕਿਹੜੀ-ਕਿਹੜੀ ਕਿਸਮ ਦੇ ਦਰੱਖਤ ਲਗਾਏ ਗਏ ਹਨ?

**ਰਾਜ ਮੰਤਰੀ** : ਸਪੀਕਰ ਸਾਹਿਬ, ਕਈ ਤਰ੍ਹਾਂ ਦੇ ਦਰਖਤ ਲਗਵਾਏ ਗਏ ਹਨ। ਇਹ ਵੱਖਰਾ ਸਵਾਲ ਕਰ ਦੇਣ, ਮੈਂ ਦੱਸ ਦਿਆਂਗਾ ਕਿ ਕਿਹੜੇ-ਕਿਹੜੇ ਰੁੱਖ ਲਗਵਾਏ ਗਏ ਹਨ।

**ਚੌਧਰੀ ਨੰਦ ਲਾਲ** : ਸਪੀਕਰ ਸਾਹਿਬ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਕਿੱਕਰ ਦੇ, ਕਿੰਨੇ ਟਾਹਲੀ ਦੇ ਅਤੇ ਕਿੰਨੇ ਖੈਰ ਦੇ ਦੱਰਖਤ ਲਗਾਏ ਗਏ ਹਨ?

**ਰਾਜ ਮੰਤਰੀ** : ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਸਵਾਲ ਕੀਤਾ ਸੀ, ਉਸਦੇ ਮੁਤਾਬਿਕ ਇਨਫਰਮੇਸ਼ਨ ਦੇ ਦਿਤੀ ਗਈ ਹੈ। ਦਰਖਤਾਂ ਦੀ ਗਿਣਤੀ ਬਾਰੇ ਮੇਰੇ ਕੋਲ ਇਸ ਸਮੇਂ ਇੰਨਫਰਮੇਸ਼ਨ ਨਹੀਂ ਹੈ ਕਿ ਕਿਹੜੀ-ਕਿਹੜੀ ਕਿਸਮ ਦੇ ਕਿੰਨੇ-ਕਿੰਨੇ ਦਰੱਖਤ ਲਗਾਏ ਗਏ ਹਨ। ਮੈਂ ਦੱਸਿਆ ਹੈ ਕਿ ਇੰਨੇ ਰੁੱਖ ਲਗਾਏ ਗਏ ਹਨ ਅਤੇ ਕਿੰਨੇ ਮੌਜੂਦ ਹਨ। ਇਹ ਜਨਵਰੀ, 2003 ਵਿੱਚ ਅਸੀਂ ਡਿਪਟੀ ਕਮਿਸ਼ਨਰ ਰਾਹੀਂ ਸੂਚਨਾ ਪ੍ਰਾਪਤ ਕੀਤੀ ਹੈ। ਜੇ.ਵੀ.ਆਈ.ਸੀ. ਸਕੀਮ ਅਧੀਨ ਕਰਵਾਏ ਗਏ ਕੰਮਾਂ ਦੀ ਜਾਂਚ ਅਸੀਂ ਐਸ.ਡੀ.ਐਮ. ਬਲਾਚੌਰ ਅਤੇ ਬੀ.ਡੀ.ਪੀ.ਓ. ਰਾਹੀਂ ਕਰਵਾਈ ਹੈ.......

**Mr. Speaker** : Sorry, I postpone the supplementaries to this question also.

---

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 536*

**ਸ਼੍ਰੀ ਸਪੀਕਰ** : ਇਸ ਸਵਾਲ ਸਬੰਧੀ ਮੁੱਖ ਮੰਤਰੀ ਸਾਹਿਬ ਨੇ ਸਮਾਂ ਮੰਗਿਆ ਹੈ ਕਿਉਂਕਿ ਉਹ ਇਸ ਸਵਾਲ ਦਾ ਖੁਦ ਜਵਾਬ ਦੇਣਾ ਚਾਹੁੰਦੇ ਹਨ ਅਤੇ ਮੈਂ ਅਲਾਓ ਕਰ ਦਿੱਤਾ ਹੈ।

---

*For Starred Question No. 536 and reply thereto, please *see* P.V.S. Debates dated 1st April, 2003.

Original with;
Punjab Vidhan Sabha
Digitized by;

**ਲਿੰਕ ਸੜਕਾਂ ਦੀ ਮੁਰੰਮਤ**

*516. **ਚੌਧਰੀ ਨੰਦ ਲਾਲ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹੇਠ ਲਿਖੀਆਂ ਲਿੰਕ ਸੜਕਾਂ, ਅਰਥਾਤ—

1. ਸਿੰਘਪੁਰ-ਭੱਦੀ;

2. ਭੱਦੀ-ਕਾਠਗੜ੍ਹ;

3. ਚੰਦੀਆਨੀ ਖੁਰਦ-ਬਲਾਚੌਰ ਬਰਾਸਤਾ ਬਿਛੋੜੀ; ਜਗਤਪੁਰ; ਅਤੇ

4. ਪੋਜੇਵਾਲ-ਤੋਰੋਵਾਲ ਦੀ ਮੁਰੰਮਤ ਕਰਨੀ ਬਣਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਸੜਕਾਂ ਦੀ ਮੁਰੰਮਤ ਕਦੋਂ ਤਕ ਕਰਵਾਏ ਜਾਣ ਦੀ ਸੰਭਾਵਨਾ ਹੈ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਲੜੀ ਨੰ: 2 ਤੇ ਦਰਜ ਸੜਕ ਨੂੰ ਛੱਡਕੇ ਬਾਕੀ ਸੜਕਾਂ ਦੀ ਮੁਰੰਮਤ ਕਰਨੀ ਅਜੇ ਨਹੀਂ ਬਣਦੀ। ਇਸ ਸੜਕ ਦੀ ਲੰਬਾਈ 13.60 ਕਿਲੋਮੀਟਰ ਹੈ, ਵਿੱਚੋਂ 7.60 ਕਿਲੋਮੀਟਰ ਲਿੰਕ ਰੋਡ ਹੈ ਅਤੇ 6 ਕਿਲੋਮੀਟਰ ਪਲਾਨ ਰੋਡ ਹੈ। ਲਿੰਕ ਰੋਡ ਦੇ ਹਿੱਸੇ ਦੀ ਦੁਬਾਰਾ ਮੁਰੰਮਤ ਅਤੇ ਡਿਊ ਨਹੀਂ ਹੈ। ਪਲਾਨ ਰੋਡ ਦੇ ਵਿੱਚੋਂ ਵੀ ਕੇਵਲ 2 ਕਿਲੋਮੀਟਰ ਦਾ ਹਿੱਸਾ ਮੁਰੰਮਤ ਲਈ ਡਿਊ ਹੈ, ਪਰ ਫੰਡਾਂ ਦੀ ਘਾਟ ਹੋਣ ਕਾਰਨ ਇਸ ਦੀ ਮੁਰੰਮਤ ਨਹੀਂ ਕੀਤੀ ਜਾ ਸਕੀ। ਸੜਕਾਂ ਦੀ ਮੁਰੰਮਤ ਸਬੰਧੀ ਪਾਲਿਸੀ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਜੋ ਪਾਲਿਸੀ ਨਿਸ਼ਚਿਤ ਹੋਵੇਗੀ ਉਸ ਅਨੁਸਾਰ ਇਸ ਸੜਕ ਦੀ ਮੁਰੰਮਤ ਸਬੰਧੀ ਕਾਰਵਾਈ ਕਰ ਲਈ ਜਾਵੇਗੀ

**Mr. Speaker** : Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

**ਰਾਜ ਵਿਚ ਸੜਕਾਂ ਦੀ ਮੁਰੰਮਤ**

*354. **ਸ੍ਰੀ ਤਰਲੋਚਨ ਸਿੰਘ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਚਾਲੂ ਵਿੱਤੀ ਸਾਲ ਦੌਰਾਨ ਹੁਣ ਤਕ ਰਾਜ ਸਰਕਾਰ ਦੁਆਰਾ ਲੋਕ ਕਾਰਜ (ਭਵਨ ਅਤੇ ਮਾਰਗ) ਵਿਭਾਗ ਦੀਆਂ ਵਿਕਾਸ, ਬਲਾਕ-ਵਾਰ ਕਿੰਨੇ-ਕਿੰਨੇ ਕਿਲੋਮੀਟਰ ਸੜਕਾਂ ਦੀ ਮੁਰੰਮਤ ਕੀਤੀ ਗਈ ਅਤੇ ਇਨ੍ਹਾਂ ਤੇ ਕਿੰਨੀ ਰਕਮ ਖਰਚ ਕੀਤੀ ਗਈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਬਲਾਕ-ਵਾਈਜ਼ ਮੁਰੰਮਤ ਸੜਕਾਂ ਦੀ ਲੰਬਾਈ ਅਤੇ ਖਰਚੀ ਗਈ ਰਕਮ ਸਦਨ ਦੀ ਮੇਜ਼ ਤੇ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

**Annexure "A"**

BLOCK WISE LENGTH OF ROADS REPAIRED & AMOUNT SPENT

| Sr. No. | Name of Circle | | Name of Block | Length (KM) | Cost spent (Rs. in lacs) |
|---|---|---|---|---|---|
| 1 | Amritsar | 1. | Ajnala | — | — |
| | | 2. | Rayya | — | — |
| | | 3. | Khandoor Sahib | — | — |
| | | 4. | Patti | — | — |
| | | 5. | Valtoha | — | — |
| | | 6. | Chogawan | — | — |
| | | 7. | Harsha Chhina | — | — |
| | | 8. | Majitha | — | — |
| | | 9. | Tarsika | — | — |
| | | 10. | Chohla Sahib | — | — |
| | | | Total | — | — |
| 2 | Bhatinda | 1. | Bhatinda | 7.14 | 27.38 |
| | | 2. | Bhagta | 40.22 | 185.27 |
| | | 3. | Nathana | 8.90 | 49.25 |
| | | 4. | Phul | 6.05 | 14.53 |
| | | 5. | Talwandi Sabo | 23.15 | 581.65 |
| | | 6. | Maur | — | — |
| | | 7. | Rampura | — | — |
| | | 8. | Sangat | — | — |
| | | 9. | Mansa | 11.07 | 146.18 |
| | | 10. | Budhlada | 2.00 | 20.66 |
| | | 11. | Jhunir | 7.38 | 85.39 |
| | | 12. | Bhikhi | 9.30 | 36.87 |
| | | 13. | Joga | — | — |
| | | | Total | 115.21 | 1147.18 |
| 3 | Chandigarh | 1. | Anandpur Sahib | 2.50 | 3.34 |
| | | 2. | Nurpur Bedi | 15.34 | 94.81 |
| | | 3. | Rup Nagar | 0.60 | 8.34 |
| | | 4. | Chamkaur Sahib | — | — |

Original with;
Punjab Vidhan Sabha
Digitized by;

[ਲੋਕ ਨਿਰਮਾਣ (ਭਵਨ ਅਤੇ ਮਾਰਗ) ਮੰਤਰੀ]

| Sr. No. | Name of Circle | | Name of Block | Length (KM) | Cost spent (Rs. in lacs) |
|---|---|---|---|---|---|
| | | 5. | Morinda | 3.68 | 12.56 |
| | | 6. | Majri | — | — |
| | | 7. | Kharar | 36.30 | 99.56 |
| | | | Total | 58.42 | 218.61 |
| 4 | Ferozepur | 1. | Abohar | 2.21 | 34.71 |
| | | 2. | Makhu | 3.61 | 28.13 |
| | | 3. | Guru Har Sahai | 1.69 | 37.14 |
| | | 4. | Ferozepur | 4.68 | 79.20 |
| | | 5. | Mamdot | — | — |
| | | 6. | Zira | — | — |
| | | 7. | Jallalabad | — | — |
| | | 8. | Khulkhurd | — | — |
| | | | Total | 12.38 | 179.18 |
| 5 | Faridkot | 1. | Faridkot | 1.00 | — |
| | | 2. | Kotkpura | 3.821 | 8.25 |
| | | 3. | Mukatsar | 1.00 | 12.41 |
| | | 4. | Lambi | 4.69 | 54.84 |
| | | 5. | Gidderbaha | 2.20 | 24.79 |
| | | 6. | Moga-I | 20.42 | 148.30 |
| | | 7. | Baghapurana | 12.40 | 93.91 |
| | | 8. | Nihal Singh Wala | 12.80 | 96.97 |
| | | 9. | Moga-II | — | — |
| | | 10. | Malout | — | — |
| | | | Total | 58.331 | 439.47 |
| 6 | Hoshiarpur | 1. | Hoshiarpur-I | 3.00 | 27.90 |
| | | 2. | Hoshiarpur-II | 6.77 | 109.06 |
| | | 3. | Bhunga | 6.19 | 92.91 |
| | | 4. | Mahilpur | 2.93 | 43.22 |
| | | 5. | Garhshankar | 1.39 | 12.31 |
| | | 6. | Dasuya | 20.89 | 121.65 |
| | | 7. | Mukerian | 2.98 | 11.72 |

Original with;
Punjab Vidhan Sabha
Digitized by;
Panjab Digital Library

| Sr. No. | Name of Circle | | Name of Block | Length (KM) | Cost spent (Rs. in lacs) |
|---|---|---|---|---|---|
| | | 8. | Talwara | 8.98 | 55.36 |
| | | 9. | Hajipur | 1.30. | 2.40 |
| | | 10. | Tanda | 15.85 | 51.29 |
| | | | Total | 70.16 | 527.82 |
| 7 | Jalandhar-I | 1. | Adampur | 2.00 | 9.62 |
| | | 2. | Jalandhar East | 4.04 | 16.58 |
| | | 3. | Jalandhar West | 12.73 | 81.67 |
| | | 4. | Phillaur | 11.27 | 46.80 |
| | | 5. | Bhogpur | 3.66 | 4.75 |
| | | | Total | 33.70 | 159.42 |
| 8 | Jalandhar-II | 1. | Kapurthala | 66.93 | 8.45 |
| | | 2. | Nadala | 64.43 | 1.21 |
| | | 3. | Sultanpur Lodhi | 37.54 | 1.60 |
| | | 4. | Phagwara including part of Hoshiarpur Circle | 26.40 | 60.35 |
| | | 5. | Dhilwan | — | — |
| | | 6. | Banga | — | — |
| | | 7. | Aur | — | — |
| | | 8. | Nawanshahr | — | — |
| | | | Total | 195.30 | 71.61 |
| 9 | Ludhiana | 1. | Machhiwara | 16.37 | 109.51 |
| | | 2. | Ludhiana-I | 17.78 | 146.55 |
| | | 3. | Ludhiana-II | 16.27 | 76.81 |
| | | 4. | Khanna | 8.06 | 71.01 |
| | | 5. | Dehlon | 6.55 | 59.88 |
| | | 6. | Pakhowal | 10.85 | 76.85 |
| | | 7. | Sidhanbet | 18.29 | 153.92 |
| | | 8. | Doraha | 8.43 | 62.22 |
| | | 9. | Samrala | 3.75 | 42.28 |
| | | | Total | 106.35 | 808.24 |

Original with;
Punjab Vidhan Sabha
Digitized by;

[ਲੋਕ ਨਿਰਮਾਣ (ਭਵਨ ਅਤੇ ਮਾਰਗ) ਮੰਤਰੀ]

| Sr. No. | Name of Circle | | Name of Block | Length (KM) | Cost spent (Rs. in lacs) |
|---|---|---|---|---|---|
| 10 | Pathankot | 1. | Dera Baba Nanak | 3.19 | 24.95 |
| | | 2. | Kalanaur | 13.97 | 56.55 |
| | | 3. | Kahnuwan | — | — |
| | | 4. | Dinanagar | 30.74 | 125.40 |
| | | 5 | Dhariwal | 1.33 | 8.14 |
| | | 6. | Pathankot | 17.85 | 97.92 |
| | | 7. | Dhar Kalan | 9.03 | 6.53 |
| | | 8. | Narot Jaimal Singh | 5.64 | 6.39 |
| | | 9. | Bamial | 91.30 | 25.75 |
| | | | Total | 91.15 | 351.63 |
| 11 | Sangrur | 1. | Sangrur | 19.61 | 28.66 |
| | | 2. | Bhawanigarh | 11.24 | 5.55 |
| | | 3. | Sunam | 6.21 | 2.26 |
| | | 4. | Lehra | 1.10 | 7.56 |
| | | 5. | Malerkotla-I | 9.50 | — |
| | | 6. | Malerkotla-II | 1.35 | 9.55 |
| | | 7. | Anadana | — | — |
| | | 8. | Barnala | — | — |
| | | 9. | Sahina | — | — |
| | | 10. | Amargarh | — | — |
| | | | Total | 49.09 | 53.58 |
| 12 | Patiala-I | 1. | Nabha | 7.70 | 19.87 |
| | | 2. | Patran | 7.86 | 20.38 |
| | | 3 | Ghanour | 8.40 | 4.43 |
| | | 4. | Bhunerkheri | — | 16.50 |
| | | 5. | Sanaour | — | — |
| | | 6. | Patiala | — | — |
| | | | Total | 23.96 | 61.28 |

Original with;
Punjab Vidhan Sabha
Digitized by;
Panjab Digital Library

| Sr. No. | Name of Circle | Name of Block | Length (KM) | Cost spent (Rs. in lacs) |
|---|---|---|---|---|
| 13. | Patiala-II | 1. Sirhind | 5.55 | 20.14 |
| | | 2. Khera | — | — |
| | | 3. Amloh | — | — |
| | | 4. Bassi Pathana | — | — |
| | | 5. Rajpura | 9.49 | 22.61 |
| | | 6. Khamano | — | — |
| | | Total | 15.04 | 42.75 |
| | | Grand Total | 829.541 | 4060.77 |

---

### ਸ਼ੇਰ ਸ਼ਾਹ ਸੂਰੀ ਮਾਰਗ ਨੂੰ ਚੌੜਾ ਕਰਨਾ

*423. **ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਝਬਾਲ ਤੋਂ ਅਟਾਰੀ ਤਕ ਸ਼ੇਰ ਸ਼ਾਹ ਸੂਰੀ ਮਾਰਗ ਨੂੰ ਚੌੜਾ ਕਰਨ ਦਾ, ਜੋ ਕੰਮ ਰੁਕਿਆ ਪਿਆ ਹੈ, ਨੂੰ ਕਦੋਂ ਤਕ ਮੁੜ ਸ਼ੁਰੂ ਕਰਨ ਅਤੇ ਮੁਕੰਮਲ ਕਰਨ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਅੰਮ੍ਰਿਤਸਰ ਜ਼ਿਲ੍ਹੇ ਵਿਚ ਝਬਾਲ ਤੋਂ ਅਟਾਰੀ ਸੜਕ ਨੂੰ ਚੌੜਾ ਕਰਨ ਦਾ ਕੰਮ ਰੋਕਿਆ ਨਹੀਂ ਗਿਆ ਹੈ। ਇਸ ਸੜਕ ਦੀ ਕੁਲ ਲੰਬਾਈ 26.98 ਕਿਲੋਮੀਟਰ ਹੈ। ਜਿਸ ਵਿਚੋਂ 12.13 ਤੋਂ 26.98 ਨੂੰ ਸੈਂਟਰਲ ਰੋਡ ਫੰਡ ਸਕੀਮ ਅਧੀਨ ਚੌੜਾ ਕੀਤਾ ਗਿਆ ਹੈ। ਬਾਕੀ ਕਿਲੋਮੀਟਰ 0 ਤੋਂ 12.13 ਨੂੰ ਚੌੜਾ ਕਰਨ ਦਾ ਕੰਮ ਜਦੋਂ ਵੀ ਫੰਡ ਉਪਲੱਬਧ ਹੋਣਗੇ, ਕੀਤਾ ਜਾਵੇਗਾ। ਇਸ ਕੰਮ ਲਈ ਪੱਕਾ ਸਮਾਂ ਨਿਰਧਾਰਤ ਨਹੀਂ ਕੀਤਾ ਜਾ ਸਕਦਾ ਹੈ।

---

### ਰਾਏਕੋਟ-ਮੁੱਲਾਂਪੁਰ ਦਾਖਾ-ਸੜਕ ਦੀ ਮੁਰੰਮਤ

*431. **ਸਰਦਾਰ ਰਣਜੀਤ ਸਿੰਘ ਤਲਵੰਡੀ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੁਧਿਆਣਾ-ਬਰਨਾਲਾ ਮੇਨ ਸੜਕ ਦਾ ਰਾਏਕੋਟ ਤੋਂ ਮੁੱਲਾਂਪੁਰ (ਦਾਖਾ) ਤੱਕ ਦਾ ਹਿੱਸਾ ਕਿਹੜੇ ਸਾਲ ਵਿਚ ਪਿਛਲੀ ਵਾਰ ਮੁਰੰਮਤ ਕੀਤਾ ਗਿਆ ਸੀ ਅਤੇ ਹੁਣ ਕਿਹੜੇ ਸਾਲ ਵਿਚ ਉਕਤ ਸੜਕ ਦੀ ਮੁਰੰਮਤ ਕੀਤੀ ਜਾਣੀ ਬਣਦੀ ਹੈ ਅਤੇ ਇਸ ਦੀ ਮੁਰੰਮਤ ਕਦੋਂ ਤੱਕ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਾਲ 1999-2000 ਦੌਰਾਨ ਕਿਲੋਮੀਟਰ 0 ਤੋਂ 6.00, 11.00 ਤੋਂ 17.00 ਅਤੇ 22.00 ਤੋਂ 22.84 ਦੀ ਮੁਰੰਮਤ ਕੀਤੀ ਗਈ ਸੀ। ਬਾਕੀ ਕਿਲੋਮੀਟਰ ਅਕਤੂਬਰ 2002 ਵਿੱਚ ਡਿਊ ਸਨ। ਜੇਕਰ ਫੰਡ ਉਪਲਬਧ ਕਰਵਾ ਦਿੱਤੇ ਜਾਂਦੇ ਹਨ ਤਾਂ ਮੁਰੰਮਤ/ਸਰਫੇਸਿੰਗ ਦਾ ਕੰਮ ਮੁਕੰਮਲ ਕਰ ਦਿੱਤਾ ਜਾਵੇਗਾ।

Original with;
Punjab Vidhan Sabha
Digitized by;

## MATTERS RAISED DURING ZERO HOUR

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮਿਊਂਸਿਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਵਿਚ ਧਾਂਦਲੀਆਂ ਦਾ ਮਸਲਾ ਕੱਲ੍ਹ ਵੀ ਆਇਆ ਸੀ—

**ਸ਼੍ਰੀ ਸਪੀਕਰ** : ਤੁਹਾਡੀ ਸਬਸਟਾਂਟਿਵ ਮੋਸ਼ਨ ਆ ਗਈ ਹੈ। ਮੈਂ ਐਗਜ਼ਾਮਿਨ ਕਰ ਰਿਹਾ ਹਾਂ। ਅੱਜ ਹੀ ਇਸ ਤੇ ਫੈਸਲਾ ਕਰਾਂਗੇ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਅਸੀਂ ਵਾਕ-ਆਊਟ ਨਹੀਂ ਕਰਨਾ ਚਾਹੁੰਦੇ। ਪਰ ਮੇਰੀ ਗੱਲ ਸੁਣ ਲਓ। ਕੱਲ੍ਹ ਵੀ ਮਸਲਾ ਆਇਆ ਸੀ। ਮਿਊਂਸਿਪਲ ਕਮੇਟੀ ਦੀਆਂ ਇਲੈਕਸ਼ਨਾਂ ਵਿੱਚ ਧਾਂਦਲੀਆਂ ਹੋ ਰਹੀਆਂ ਹਨ। ਮੀਟਿੰਗਾਂ ਪੋਸਟਪੋਨ ਹੋ ਰਹੀਆਂ ਹਨ। ਜਿੱਥੇ ਕਾਂਗਰਸ ਪਾਰਟੀ ਦਾ ਪ੍ਰੈਜ਼ੀਡੈਂਟ ਨਹੀਂ ਬਣ ਸਕਦਾ ਉਥੇ ਮੀਟਿੰਗਾਂ ਪੋਸਟਪੋਨ ਹੋ ਰਹੀਆਂ ਹਨ। ਅਖਬਾਰਾਂ ਵਿੱਚ ਇਸ ਬਾਰੇ ਖਬਰਾਂ ਛਪ ਰਹੀਆਂ ਹਨ। ਸਪੀਕਰ ਸਾਹਿਬ, ਸਦਨ ਦੀ ਕਾਰਵਾਈ ਜਿਹੜੀ ਆਪਾਂ ਚਲਾ ਰਹੇ ਹਾਂ, ਤੁਹਾਨੂੰ ਕਾਹਲੀ ਹੈ ਕਿ ਕਾਲ ਅਟੈਨਸ਼ਨ ਮੋਸ਼ਨ ਲਈ ਜਾਵੇ। ਇਹ ਸਾਰੀ ਮੀਨਿੰਗਲੈੱਸ ਹੈ, ਜੇ ਡੈਮੋਕਰੇਸੀ ਨਾਲ ਇਸ ਤਰ੍ਹਾਂ ਦਾ ਖਿਲਵਾੜ ਕੀਤਾ ਜਾਵੇ। ਸੀ.ਐਮ.ਸਾਹਿਬ ਨੇ ਹਾਊਸ ਵਿੱਚ ਕਿਹਾ ਸੀ ਕਿ ਮੈਨੂੰ ਇੱਕ ਵੀ ਇੰਸੀਡੈਂਟ ਦੱਸ ਦਿਓ ਜਿੱਥੇ ਕਿ ਲਾਅ ਐਂਡ ਆਰਡਰ ਤੇ ਡੈਮੋਕਰੇਸੀ ਨਾਲ ਖਿਲਵਾੜ ਕੀਤਾ ਗਿਆ ਹੋਵੇ। (ਵਿਘਨ)

**Mr. Speaker :** You can easily explain these items and problems during budget speech. ਤੁਸੀਂ ਡਿਊਰਿੰਗ ਬਜਟ ਡਿਸਕਸ਼ਨ ਕਹਿ ਲੈਣਾ। ਤੁਸੀਂ ਹੁਣੇ ਹੀ ਸਪੀਚ ਕਰਨ ਲੱਗ ਗਏ ਹੋ। ਇਹ ਸਾਰੀਆਂ ਗੱਲਾਂ ਬਜਟ ਤੇ ਬੋਲੀਆਂ ਜਾ ਸਕਦੀਆਂ ਹਨ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਟਾਈਮ ਨਹੀਂ ਲਵਾਂਗਾ। ਮੈਂ ਲੈਕਚਰ ਨਹੀਂ ਕਰ ਰਿਹਾ। ਮੇਰੀ ਬੇਨਤੀ ਸੁਣ ਲਓ – –(ਵਿਘਨ)

**ਸ਼੍ਰੀ ਸਪੀਕਰ** : ਬਜਟ ਤੇ ਡਿਸਕਸ਼ਨ ਹੋਣੀ ਹੈ। You can easily speak on everything at that time. Your motion is also under consideration and I will take a decision.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ** ** **

**Mr. Speaker :** I do not allow. Not to be recorded. ਗਵਰਨਰ ਐਡਰੈਸ ਤੇ ਡਿਸਕਸ਼ਨ ਹੋਈ ਹੈ ਔਰ ਉਸ ਦਾ ਜਵਾਬ ਦਿੱਤਾ ਗਿਆ ਹੈ। ਬਜਟ ਤੇ ਤੁਸੀਂ ਬੋਲ ਲੈਣਾ ਤੇ ਉਸ ਦਾ ਜਵਾਬ ਦਿੱਤਾ ਜਾਵੇਗਾ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ** ** ** (ਵਿਘਨ)

**ਸ਼੍ਰੀ ਸਪੀਕਰ** : ਇਹ ਅਲਾਊਡ ਨਹੀਂ ਹੈ। ਇਹ ਜ਼ਰੂਰੀ ਨਹੀਂ ਕਿ ਤੁਸੀਂ ਜੋ ਕਹੋ, ਉਸ ਬਾਰੇ ਸਰਕਾਰ ਕੁਝ ਬੋਲੇ। ਤੁਸੀਂ ਬਜਟ ਸਪੀਚ ਤੇ ਜੋ ਕੁਝ ਕਹਿਣਾ ਚਾਹੁੰਦੇ ਹੋ, ਕਹਿ ਲੈਣਾ। ਗੌਰਮਿੰਟ ਉਸਦਾ ਜਵਾਬ ਦੇ ਦੇਵੇਗੀ।

** Not recorded/Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿੱਚ ਸਪੈਸ਼ਲ ਪੁਆਇੰਟ ਲਿਆਉਣਾ ਚਾਹੁੰਦਾ ਹਾਂ।

**ਸ਼੍ਰੀ ਸਪੀਕਰ** : ਕੀ ਇਹ ਪੁਆਇੰਟ ਆਫ ਆਰਡਰ ਹੈ ?

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ........(ਵਿਘਨ)..........

**ਸ਼੍ਰੀ ਸਪੀਕਰ** : ਭੂੰਦੜ ਸਾਹਿਬ ਤੁਸੀਂ ਬੈਠ ਜਾਓ। ਹੁਣ ਸਰਦਾਰ ਬੀਰ ਦਵਿੰਦਰ ਸਿੰਘ ਜੀ ਦਾ ਪੁਆਇੰਟ ਆਫ ਆਰਡਰ ਸੁਣ ਲਈਏ।

**Sardar Bir Devinder Singh** : Sir, kindly control the disorder, before I speak on my Point of Order. They are creating disorder. How can I ask? (Interruption)

**ਸ਼੍ਰੀ ਸਪੀਕਰ** : ਜੋ ਕੁਝ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੇ ਬੜੇ ਨਾਮਵਰ ਲੇਖਕ ਲੜੀਵਾਰ ਭੁੱਖ ਹੜਤਾਲ ਤੇ ਬੈਠੇ ਹੋਏ ਹਨ। ਪੰਜਾਬੀ ਸਾਡੀ ਮਾਂ ਬੋਲੀ ਹੈ ਅਤੇ ਰਾਜ ਭਾਸ਼ਾ ਵੀ ਹੈ। ਮੈਂ ਤੁਹਾਡੇ ਰਾਹੀਂ ਭਾਸ਼ਾ ਮੰਤਰੀ ਜੀ ਅਤੇ ਸਰਕਾਰ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਭਾਵੇਂ ਭਾਸ਼ਾ ਸਕੱਤਰ ਜਾਂ ਡਾਇਰੈਕਟਰ ਹੀ ਸਹੀ, ਉਹ ਜ਼ਰੂਰ ਜਾ ਕੇ ਉਨ੍ਹਾਂ ਨੂੰ ਮਿਲ ਕੇ ਪੁੱਛਣ। ਪੰਜਾਬੀ ਦੇ ਸਾਰੇ ਰਾਈਟਰ ਭੁੱਖ ਹੜਤਾਲ ਤੇ ਬੈਠੇ ਹਨ, ਉਨ੍ਹਾਂ ਨਾਲ ਉਥੇ ਜਾ ਕੇ ਗੱਲ ਕਰਕੇ ਉਨ੍ਹਾਂ ਨੂੰ ਉਠਾਉਣਾ ਚਾਹੀਦਾ ਹੈ। ਉਨ੍ਹਾਂ ਨੇ ਪੰਜਾਬੀ ਮਾਂ ਬੋਲੀ ਦੀ ਬੜੀ ਸੇਵਾ ਕੀਤੀ ਹੈ। ਮੈਂ ਤੁਹਾਡੀ ਪ੍ਰੋਟੈਕਸ਼ਨ ਚਾਹੁੰਦਾ ਹਾਂ ਅਤੇ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਨੂੰ ਅਤੇ ਭਾਸ਼ਾ ਮੰਤਰੀ ਜੀ ਨੂੰ ਜਾ ਕੇ . . .

**ਸ਼੍ਰੀ ਸਪੀਕਰ** : ਇਸ ਦਾ ਹੱਲ ਕਾਲ ਅਟੈਨਸ਼ਨ ਹੈ, ਉਹ ਤੁਸੀਂ ਦੇ ਦਿਓ।

**ਸਰਦਾਰ ਬੀਰ ਦਵਿੰਦਰ ਸਿੰਘ** : ਉਨ੍ਹਾਂ ਦੀ ਗੱਲ ਸੁਣੀ ਜਾਵੇ ਕਿ ਉਨ੍ਹਾਂ ਦੇ ਤੌਖਲੇ ਕੀ ਹਨ ?

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਤੁਸੀਂ ਸਬਸਟਾਂਟਿਵ ਮੋਸ਼ਨ ਤੇ ਟਾਈਮ ਦੇ ਦੇਵੋ ਪਰ ਅੱਜ ਸਰਕਾਰ ਤੋਂ ਸਟੇਟਮੈਂਟ ਦਿਵਾਓ। ਰੋਜ਼ ਪੰਜਾਬ ਵਿੱਚ ਕੀ ਹੋ ਰਿਹਾ ਹੈ, ਸਰਕਾਰ ਵੱਲੋਂ ਇਸ ਤੇ ਬਿਆਨ ਦਿੱਤਾ ਜਾਵੇ।

---

**Not recorded/Expunged as ordered by the Chair.

Original with;
Punjab Vidhan Sabha
Digitized by;

**ਸ਼੍ਰੀ ਸਪੀਕਰ** : ਅੱਜ ਬਿਜ਼ਨਿਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਹੈ, ਉਸ ਵਿੱਚ ਵਿਚਾਰ ਕਰਕੇ ਟਾਈਮ ਜ਼ਰੂਰ ਦੇਵਾਂਗੇ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਇਨ੍ਹਾਂ ਮਸਲਿਆਂ ਤੇ ਸਰਕਾਰ ਦੇ ਮੰਤਰੀ ਜਵਾਬ ਦੇਣ।

**ਸ਼੍ਰੀ ਸਪੀਕਰ** : ਜੋ ਤੁਸੀਂ ਬੋਲੋਗੇ, ਸਰਕਾਰ ਨੇ ਉਸ ਦਾ ਜਵਾਬ ਦੇਣਾ ਹੀ ਹੈ। ਹੁਣ ਅਗਲਾ ਬਿਜ਼ਨਿਸ ਕਾਲ ਅਟੈਨਸ਼ਨ ਨੋਟਿਸਜ਼।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਵੀ ਕੁਝ ਕਹਿਣਾ . . . . . .

**ਸ਼੍ਰੀ ਸਪੀਕਰ** : ਸੂਦ ਸਾਹਿਬ, ਤੁਸੀਂ ਤਸ਼ਰੀਫ ਰੱਖੋ। ਜ਼ਰੂਰੀ ਨਹੀਂ ਕਿ ਸਾਰਿਆਂ ਨੂੰ ਟਾਈਮ ਦਿੱਤਾ ਜਾਵੇ।

---

## WALK OUT

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਹਾਊਸ ਵਿੱਚ ਹਾਜ਼ਰ ਮੈਂਬਰ, ਉਨ੍ਹਾਂ ਨੂੰ ਮਾਨਯੋਗ ਸਪੀਕਰ ਸਾਹਿਬ ਵੱਲੋਂ ਜ਼ੀਰੋ ਆਵਰ ਵਿਚ ਬੋਲਣ ਦਾ ਸਮਾਂ ਨਾ ਦਿੱਤੇ ਜਾਣ ਕਾਰਨ ਰੋਸ ਵਜੋਂ ਸਦਨ ਵਿੱਚੋਂ ਵਾਕ ਆਊਟ ਕਰ ਗਏ।)

## CALL ATTENTION NOTICES

## UNDER RULE 66

(ਕ੍ਰਮ ਨੰ: 18)

**ਸ਼੍ਰੀਮਤੀ ਸਤਵੰਤ ਕੌਰ ਸੰਧੂ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਹਿਮ ਜ਼ਰੂਰੀ ਮਾਮਲੇ ਵੱਲ ਦਿਵਾਉਂਦੀ ਹਾਂ, ਅਰਥਾਤ ਕਿ ਚਮਕੌਰ ਸਾਹਿਬ ਤੋਂ ਰੋਪੜ ਨੂੰ ਜਾਂਦੇ ਰਸਤੇ ਵਿਚ ਕਮਾਲਪੁਰ ਨਦੀ (ਜ਼ਿਲ੍ਹਾ ਰੋਪੜ) ਦਾ ਪੁਲ ਆਉਂਦਾ ਹੈ ਜਿਸ ਉਪਰ ਲੈਂਟਰ ਪੈ ਚੁੱਕਿਆ ਹੈ ਪਰੰਤੂ ਅਜੇ ਤੱਕ ਉਸ ਪੁਲ ਦੇ ਦੋਨੋ ਪਾਸੇ ਮਿੱਟੀ ਪਾਉਣੀ ਬਾਕੀ ਰਹਿੰਦੀ ਹੈ। ਇਹ ਰਸਤਾ ਬਹੁਤ ਹੀ ਮਹੱਤਤਾ ਵਾਲਾ ਹੈ ਅਤੇ ਇਸ ਉਤੇ ਆਵਾਜਾਈ ਬਹੁਤ ਜ਼ਿਆਦਾ ਹੈ। ਇਸ ਨਦੀ ਵਿੱਚੋਂ ਲੰਘਣ ਵਾਲੇ ਲੋਕਾਂ ਨੂੰ ਬਹੁਤ ਜ਼ਿਆਦਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੁਲ ਦੇ ਦੋਨੋਂ ਪਾਸੇ ਮਿੱਟੀ ਪਾਉਣੀ ਬਹੁਤ ਜ਼ਰੂਰੀ ਹੈ ਜਿਸ ਦੇ ਨਾਲ ਆਵਾਜਾਈ ਪੁਲ ਉਤੋਂ ਲੰਘਣ ਲੱਗ ਜਾਵੇਗੀ। ਇਸ ਲਈ ਮੈਂ ਸਰਕਾਰ ਦਾ ਧਿਆਨ ਇਸ ਵੱਲ ਦਿਵਾਉਣਾ ਚਾਹੁੰਦੀ ਹਾਂ ਕਿ ਇਸ ਪੁਲ ਦੇ ਦੋਨੋਂ ਪਾਸੇ ਤੁਰੰਤ ਮਿੱਟੀ ਪੁਆਈ ਜਾਵੇ ਤਾਂ ਜੋ ਲੋਕਾਂ ਨੂੰ ਲ਼ੰਘਣ ਵਿੱਚ ਮੁਸ਼ਕਲ ਪੇਸ਼ ਨਾ ਆਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

Original with;
Punjab Vidhan Sabha
Digitized by;
Panjab Digital Library

**P.W.D. (B&R) and Elections Minister (Sardar Partap Singh Bajwa) :** Sir, the work of construction of High Level Bridge (5 span 24:75 mtrs each) over Siswan (Kamalpur Nadi) crossing Ropar-Chamkaur Sahib Road (along Sirhind Canal) . . . . . .

**ਸ਼੍ਰੀਮਤੀ ਸਤਵੰਤ ਕੌਰ ਸੰਧੂ** : ਸਪੀਕਰ ਸਾਹਿਬ, ਮੇਰੇ ਕੁਐਸਚਨ ਦਾ ਜਵਾਬ ਪੰਜਾਬੀ ਵਿੱਚ ਆਵੇ, ਅੰਗਰੇਜ਼ੀ ਵਿੱਚ ਨਹੀਂ।

**ਮੰਤਰੀ** : ਮੈਂ ਤਾਂ ਸਰ, ਉਹੀ ਕਰ ਰਿਹਾ ਹਾਂ ਜੋ ਇਨ੍ਹਾਂ ਦੀ ਪਾਲਿਸੀ ਹੈ। ਇਨ੍ਹਾਂ ਨੇ ਤਾਂ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰ ਦਿੱਤੀ ਸੀ।

**ਸ਼੍ਰੀ ਸਪੀਕਰ** : ਉਨ੍ਹਾਂ ਨੇ ਆਪਣੀ ਕਾਲ ਅਟੈਂਨਸ਼ਨ ਪੰਜਾਬੀ ਵਿਚ ਪੜ੍ਹੀ ਹੈ, ਤੁਸੀਂ ਵੀ ਪੰਜਾਬੀ ਵਿੱਚ ਜਵਾਬ ਦਿਓ।

**ਮੰਤਰੀ** : ਸਪੀਕਰ ਸਾਹਿਬ, ਸਿਸਵਾਂ ਕਮਾਲਪੁਰ ਨਦੀ ਉਪਰ ਹਾਈ ਲੈਵਲ ਦੇ ਪੁਲ ਦੀ ਉਸਾਰੀ (ਪੰਜ ਸਪੈਨ 24.75 ਮੀਟਰ ਹਰੇਕ) ਕਰਾਸਿੰਗ ਰੋਪੜ-ਚਮਕੌਰ ਸਾਹਿਬ ਸੜਕ (ਸਰਹੰਦ ਕੈਨਾਲ ਦੇ ਨਾਲ-ਨਾਲ) 9 ਕਿਲੋਮੀਟਰ ਦੀ ਉਸਾਰੀ ਦੇ ਕੰਮ ਦੀ ਤਕਨੀਕੀ ਪ੍ਰਵਾਨਗੀ 190.58 ਲੱਖ ਰੁਪਏ ਦੀ ਅਨੁਮਾਨਤ ਲਾਗਤ ਨਾਲ ਹੁਡਕੋ ਸਕੀਮ ਅਧੀਨ ਦਿੱਤੀ ਗਈ ਸੀ। 190.58 ਲੱਖ ਰੁਪਏ ਦੀ ਅਨੁਮਾਨਤ ਲਾਗਤ ਵਿੱਚ 630 ਮੀਟਰ ਲੰਬਾਈਆਂ ਅਪਰੋਚਾਂ ਅਤੇ ਪੁਲ ਦੀ ਪ੍ਰੋਟੈਕਸ਼ਨ ਦੇ ਕੰਮ ਦੀ ਲਾਗਤ ਵੀ ਸ਼ਾਮਿਲ ਹੈ। ਅੱਜ ਤੱਕ 47.52 ਲੱਖ ਰੁਪਏ ਇਸ ਕੰਮ ਲਈ ਪ੍ਰਾਪਤ ਹੋਏ ਹਨ। ਪੁਲ ਦੀ ਉਸਾਰੀ ਦਾ ਕੰਮ ਸਿਵਾਏ ਮਾਸਟਿਕ ਐਸਫਾਲਟ ਅਤੇ ਫਿਨਿਸ਼ਿੰਗ ਦੇ ਕੰਮ ਨੂੰ ਛੱਡ ਕੇ ਪੂਰਾ ਹੋ ਚੁੱਕਾ ਹੈ। ਪੁਲ ਦੀ ਉਸਾਰੀ ਦੇ ਬਾਕੀ ਰਹਿੰਦੇ ਕੰਮ ਅਪਰੋਚਿਜ਼ ਅਤੇ ਪ੍ਰੋਟੈਕਸ਼ਨ ਦਾ ਕੰਮ ਅਗਸਤ, 2003 ਦੌਰਾਨ ਪੂਰਾ ਹੋਣ ਦੀ ਸੰਭਾਵਨਾ ਹੈ ਅਤੇ ਇਸ ਲਈ ਹੁਡਕੋ ਤੋਂ ਰਹਿੰਦੇ ਫੰਡਜ਼ ਪ੍ਰਾਪਤ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

**ਸ਼੍ਰੀਮਤੀ ਸਤਵੰਤ ਕੌਰ ਸੰਧੂ** : ਸਪੀਕਰ ਸਾਹਿਬ, ਛੱਤ ਪੈ ਗਈ ਹੈ ਔਰ ਉਸ ਤੋਂ ਉਸ ਦੇ ਉਪਰ ਪੁਲ ਬਣਿਆ ਹੈ ਪਰ ਜਦੋਂ ਤੱਕ ਇਹ ਪੁਲ ਪੂਰੀ ਤਰ੍ਹਾਂ ਕੰਪਲੀਟ ਨਹੀਂ ਹੁੰਦਾ ਉਦੋਂ ਤੱਕ ਉਥੇ ਇਸ ਦੀ ਕੋਈ ਅਹਿਮੀਅਤ ਨਹੀਂ ਰਹਿੰਦੀ। ਸਪੀਕਰ ਸਾਹਿਬ, ਬਾਰਸ਼ਾਂ ਦਾ ਸੀਜ਼ਨ ਆਉਣ ਵਾਲਾ ਹੈ ਜਿਸ ਦੇ ਨਾਲ ਲੋਕਾਂ ਨੂੰ ਆਵਾਜਾਈ ਦੇ ਪੱਖ ਤੋਂ ਬਹੁਤ ਜ਼ਿਆਦਾ ਔਖ ਹੋ ਜਾਵੇਗੀ। ਇਸ ਪੁਲ ਦੀ ਅਹਿਮੀਅਤ ਨੂੰ ਔਰ ਲੋਕਾਂ ਦੀਆਂ ਮੁਸ਼ਕਲਾਂ ਨੂੰ ਮੁੱਖ ਰੱਖਦੇ ਹੋਏ ਕੀ ਮੰਤਰੀ ਜੀ ਇਹ ਯਕੀਨ ਦਿਵਾਉਣਗੇ ਕਿ ਬਾਰਸ਼ਾਂ ਦੇ ਦਿਨਾਂ ਤੋਂ ਪਹਿਲਾਂ ਦੋ ਤਿੰਨ ਮਹੀਨੇ ਦੇ ਵਿਚ-ਵਿਚ ਇਸ ਪੁਲ ਦੀ ਉਸਾਰੀ ਕੰਪਲੀਟ ਕਰ ਦਿੱਤੀ ਜਾਵੇਗੀ, ਕਿਉਂਕਿ ਅਗਸਤ ਦਾ ਮਹੀਨਾ ਤਾਂ ਹਾਲੇ ਬਹੁਤ ਦੂਰ ਹੈ ?

**ਮੰਤਰੀ** : ਸਪੀਕਰ ਸਾਹਿਬ, ਬੇਨਤੀ ਹੈ ਕਿ ਹੁਡਕੋ ਕੋਲੋਂ 1999 ਦੇ ਵਿੱਚ ਕੋਈ ਤਕਰੀਬਨ 50 ਕਰੋੜ ਰੁਪਏ ਦਾ ਲੋਨ 55 ਕੰਮਾਂ ਦੇ ਵਾਸਤੇ ਲਿਆ ਸੀ ਜਿਨ੍ਹਾਂ ਦੇ ਵਿੱਚੋਂ 46 ਕੰਮ ਮੁਕੰਮਲ ਹੋ ਚੁੱਕੇ ਹਨ ਅਤੇ ਇਸ ਰਕਮ ਦੇ ਵਿਚੋਂ ਤਕਰੀਬਨ 4.5 ਕਰੋੜ ਰੁਪਿਆ ਹਾਲੇ ਹੁਡਕੋ ਤੋਂ ਲੈਣਾ ਰਹਿੰਦਾ ਹੈ। ਮੈਂ ਮਾਨਯੋਗ ਮੈਂਬਰ ਸਾਹਿਬਾ ਨੂੰ ਯਕੀਨ ਦਿਵਾਉਂਦਾ ਹਾਂ ਕਿ

Original with;
Punjab Vidhan Sabha
Digitized by;

[ਲੋਕ ਨਿਰਮਾਣ (ਭਵਨ ਅਤੇ ਮਾਰਗ) ਅਤੇ ਚੋਣਾਂ ਦੇ ਮੰਤਰੀ]

ਇਹ ਪੁਲ ਜਲਦੀ ਤੋਂ ਜਲਦੀ, ਹੁਡਕੋ ਤੋਂ ਫੰਡਜ਼ ਮਿਲਣ ਤੇ ਜ਼ਰੂਰ ਪੂਰਾ ਕਰ ਦਿੱਤਾ ਜਾਵੇਗਾ। ਵੈਸੇ ਇਸ ਦਾ ਕੰਮ ਅਗਸਤ ਦੇ ਮਹੀਨੇ ਤੋਂ ਪਹਿਲਾਂ ਹੋ ਨਹੀਂ ਸਕਦਾ ਅਤੇ ਇਸ ਸਬੰਧ ਵਿਚ ਮੈਂ ਇਸ ਸਦਨ ਦੇ ਵਿੱਚ ਕੋਈ ਇਸ ਕਿਸਮ ਦੀ ਸਟੇਟਮੈਂਟ ਨਹੀਂ ਦੇਣਾ ਚਾਹੁੰਦਾ ਜਿਹੜੀ ਕਿ ਪੂਰੀ ਨਾ ਹੋ ਸਕਦੀ ਹੋਵੇ। ਅਗਸਤ ਦੇ ਮਹੀਨੇ ਵਿੱਚ ਇਹ ਜ਼ਰੂਰ ਕੰਮ ਮੁਕੰਮਲ ਕਰ ਦਿਆਂਗੇ।

(ਕ੍ਰਮ ਨੰ: 19)

**ਡਾਕਟਰ ਉਪਿੰਦਰਜੀਤ ਕੌਰ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਹਿਮ ਜ਼ਰੂਰੀ ਮਾਮਲੇ ਵੱਲ ਦਿਵਾਉਂਦੀ ਹਾਂ ਅਰਥਾਤ ਕਿ ਜ਼ਿਲ੍ਹਾ ਕਪੂਰਥਲਾ ਵਿੱਚ ਮੰਡ ਦੇ ਏਰੀਏ ਵਿੱਚ ਜਿਹੜੀ ਜ਼ਮੀਨ ਛੋਟੇ ਤੇ ਭੂਮੀ - ਰਹਿਤ ਕਿਸਾਨਾਂ ਨੇ ਜੰਗਲ ਬੂਟੇ ਕਟ ਕੇ ਕਰੜੀ ਮਿਹਨਤ ਕਰਕੇ ਆਬਾਦ ਕੀਤੀ ਸੀ ਅਤੇ ਜਿਸ ਨਾਲ ਉਹ ਆਪਣੇ ਪਰਿਵਾਰਾਂ ਦਾ ਕਈ ਸਾਲਾਂ ਤੋਂ ਪੇਟ ਪਾਲ ਰਹੇ ਹਨ, ਉਸ ਜ਼ਮੀਨ ਨੂੰ ਹੁਣ ਸਰਕਾਰ ਨੇ ਨਿਲਾਮੀ ਰਾਹੀਂ ਠੇਕੇ ਤੇ ਦੇਣ ਦਾ ਫੈਸਲਾ ਕਰ ਲਿਆ ਹੈ। ਸਿੱਟੇ ਵਜੋਂ ਇਹ ਜ਼ਮੀਨ ਵੱਡੇ ਤੇ ਸਰਮਾਏਦਾਰ ਕਿਸਾਨਾਂ ਕੋਲ ਚਲੀ ਜਾਵੇਗੀ ਅਤੇ ਉਹ ਗਰੀਬ ਕਿਸਾਨ ਜਿਨ੍ਹਾਂ ਨੇ ਇਹ ਜ਼ਮੀਨਾਂ ਆਬਾਦ ਕੀਤੀਆਂ ਅਤੇ ਲੰਮੇ ਸਮੇਂ ਤੋਂ ਕਾਬਜ਼ ਹਨ, ਉਹ ਭੂਮੀ ਹੀਣ ਹੋਕੇ ਉਜੜ ਜਾਣਗੇ। ਉਨ੍ਹਾਂ ਗਰੀਬ ਕਿਸਾਨਾਂ ਵਿੱਚ ਬਹੁਤ ਭਾਰੀ ਬੇਚੈਨੀ ਹੈ ਅਤੇ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰਾਂ ਦਾ ਭਵਿੱਖ ਖਤਰੇ ਤੇ ਹਨੇਰੇ ਵਿੱਚ ਹੈ। ਮੈਂ ਬੇਨਤੀ ਕਰਾਂਗੀ ਕਿ ਸਰਕਾਰ ਇਸ ਮਾਮਲੇ ਤੇ ਤੁਰੰਤ ਦਖਲ ਦੇਵੇ ਅਤੇ ਇਨ੍ਹਾਂ ਗਰੀਬ ਕਿਸਾਨਾਂ ਨੂੰ ਉਜਾੜੇ ਤੋਂ ਬਚਾਉਣ ਲਈ ਤੁਰੰਤ ਕਾਰਵਾਈ ਕਰੇ ਅਤੇ ਇਹ ਜ਼ਮੀਨ ਇਨ੍ਹਾਂ ਹੀ ਛੋਟੇ ਕਿਸਾਨਾਂ ਨੂੰ ਕਿਸ਼ਤਾਂ ਤੇ ਅਲਾਟ ਕੀਤੀ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਰਾਜ ਮੰਤਰੀ, ਮਾਲ ਤੇ ਪੁਨਰਵਾਸ (ਸਰਦਾਰ ਅਮਰਜੀਤ ਸਿੰਘ ਸਮਰਾ)** : ਰਾਜ ਸਰਕਾਰ ਦੀ ਜਿਹੜੀ ਪਿੰਡਾਂ ਵਿਚ ਖੇਤੀਬਾੜੀ ਯੋਗ ਜ਼ਮੀਨ ਉਪਲਬਧ ਹੈ, ਉਹ ਬਹੁਤ ਸਮੇਂ ਤੋਂ ਹਰ ਸਾਲ ਚਕੋਤੇ ਤੇ ਦਿੱਤੀ ਜਾਂਦੀ ਹੈ। ਅਜਿਹੀਆਂ ਜ਼ਮੀਨਾਂ ਚਕੋਤੇ ਤੇ ਦੇਣ ਲਈ ਸਮਾਂ ਬੱਧ ਕਾਰਵਾਈ ਕਰਨ ਲਈ ਸਮੂਹ ਮੰਡਲ ਕਮਿਸ਼ਨਰਾਂ ਨੂੰ ਮਿਤੀ 13 ਫਰਵਰੀ, 2003 ਨੂੰ ਹਦਾਇਤ ਕੀਤੀ ਗਈ ਸੀ। ਕੇਵਲ ਕਪੂਰਥਲਾ ਜ਼ਿਲ੍ਹੇ ਦੇ ਮੰਡ ਦੇ ਏਰੀਏ ਵਿਚ ਪੈਂਦੀਆਂ ਅਜਿਹੀਆਂ ਜ਼ਮੀਨਾਂ ਨੂੰ ਚਕੋਤੇ ਤੇ ਦੇਣ ਲਈ ਕੋਈ ਅਲੱਗ ਤੌਰ ਤੇ ਹਦਾਇਤ ਜਾਰੀ ਨਹੀਂ ਕੀਤੀ ਗਈ।

ਰਾਜ ਸਰਕਾਰ ਦੀ ਮਾਲਕੀਅਤ ਵਾਲੀ ਭੌਂ, ਉਨ੍ਹਾਂ ਦੀ ਪ੍ਰਾਪਤੀ ਦੇ ਸੋਮੇ ਨੂੰ ਮੁੱਖ ਰੱਖਦੇ ਹੋਏ, ਕਈ ਕਿਸਮਾਂ ਵਿਚ ਵੰਡੀ ਹੋਈ ਹੈ ਜਿਵੇਂ ਕਿ ਨਜ਼ੂਲ ਭੂਮੀ, ਦਿਹਾਤੀ ਨਿਕਾਸੀ ਭੂਮੀ, ਨਿਰੋਲ ਪ੍ਰਾਂਤਕ ਸਰਕਾਰ ਦੀ ਭੂਮੀ ਆਦਿ। ਇਨ੍ਹਾਂ ਕਿਸਮਾਂ ਦੀ ਭੂਮੀ ਦਾ ਨਿਪਟਾਰੇ ਲਈ ਨਜ਼ੂਲ ਅਲੱਗ-ਅਲੱਗ ਵਿਧੀਆਂ ਨਿਰਧਾਰਤ ਹਨ। ਨਜ਼ੂਲ ਭੂਮੀ ਦੇ ਨਿਪਟਾਰੇ ਲਈ ਨਜ਼ੂਲ ਲੈਂਡਜ਼ (ਟਰਾਂਸਫਰ) ਰੂਲਜ਼, 1956, ਦਿਹਾਤੀ ਨਿਕਾਸੀ ਭੌਂ ਦੇ ਨਿਪਟਾਰੇ ਲਈ ਪੰਜਾਬ ਪੈਕੇਜ ਡੀਲ ਪ੍ਰਾਪਰਟੀਜ਼ (ਡਿਸਪੋਜ਼ਲ) ਐਕਟ, 1976 ਅਤੇ ਉਸ ਅਧੀਨ ਬਣੇ ਨਿਯਮਾਂ/ਹਦਾਇਤਾਂ ਅਧੀਨ ਕਾਰਵਾਈ ਹੁੰਦੀ ਹੈ ਅਤੇ ਨਿਰੋਲ ਪ੍ਰਾਂਤ ਸਰਕਾਰ ਦੀ ਭੂਮੀ ਸਬੰਧੀ ਸਬੰਧਿਤ ਵਿਭਾਗਾਂ ਦੀਆਂ ਅਲੱਗ-ਅਲੱਗ ਪਾਲਿਸੀਆਂ ਹਨ। ਉਪਰ ਦੱਸੀਆਂ

Original with;
Punjab Vidhan Sabha
Digitized by;

ਵਿਧੀਆਂ ਅਧੀਨ ਸਬੰਧਿਤ ਵਿਅਕਤੀਆਂ ਦੀ ਪਾਤਰਤਾ ਵੀ ਨਿਸ਼ਚਿਤ ਕੀਤੀ ਹੋਈ ਹੈ। ਇਸ ਤਰ੍ਹਾਂ ਧਿਆਨ ਦਿਵਾਊ ਨੋਟਿਸ ਅਨੁਸਾਰ ਮੰਡ ਏਰੀਏ ਦੇ ਸਬੰਧਿਤ ਪਿੰਡਾਂ ਵਿਚ ਜ਼ਮੀਨ ਅਲਾਟ/ਟਰਾਂਸਫਰ ਕਰਨ ਲਈ ਵੀ ਉਨ੍ਹਾਂ ਅਨੁਸਾਰ ਹੀ ਕਾਰਵਾਈ ਕੀਤੀ ਜਾ ਸਕਦੀ ਹੈ, ਜੇਕਰ ਇਹ ਉਨ੍ਹਾਂ ਉਪਬੰਧਾਂ ਅਧੀਨ ਹੱਕਦਾਰ ਬਣਦੇ ਹੋਣ।

(ਇਸ ਸਮੇਂ ਕੁਝ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਬੈਠ ਕੇ ਆਪਸ ਵਿੱਚ ਗੱਲਾਂ ਕਰ ਰਹੇ ਸਨ)।

**ਸ਼੍ਰੀ ਸਪੀਕਰ** : ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਹਾਊਸ ਵਿੱਚ ਪਿੱਛੇ ਮੁੜ ਕੇ ਗੱਲਾਂ ਨਾ ਕਰਨ। ਕ੍ਰਿਪਾ ਕਰਕੇ ਉਹ ਲਾਬੀ ਵਿੱਚ ਜਾ ਕੇ ਗੱਲਾਂ ਕਰ ਸਕਦੇ ਹਨ।

**ਡਾਕਟਰ ਉਪਿੰਦਰਜੀਤ ਕੌਰ** : ਸਪੀਕਰ ਸਾਹਿਬ, ਮੈਂ ਚਕੋਤੇ ਦਾ ਮਤਲਬ ਸਮਝਣਾ ਚਾਹੁੰਦੀ ਹਾਂ ਕਿ ਇਹ ਕੀ ਹੁੰਦਾ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜਿਹੜੀ ਜ਼ਮੀਨ ਹੱਲ ਵਾਹੁਣ ਲਈ ਠੇਕੇ ਤੇ ਦਿੱਤੀ ਜਾਂਦੀ ਹੈ, ਉਸ ਨੂੰ ਚਕੋਤਾ ਕਹਿੰਦੇ ਹਨ।

**ਡਾਕਟਰ ਉਪਿੰਦਰਜੀਤ ਕੌਰ** : ਸਪੀਕਰ ਸਾਹਿਬ, ਮੰਤਰੀ ਜੀ ਨੇ ਤਿੰਨ ਕਿਸਮ ਦੀਆਂ ਜ਼ਮੀਨਾਂ ਦਾ ਜ਼ਿਕਰ ਕੀਤਾ ਹੈ। ਮੈਂ ਸਪੈਸਫਿਕ ਸਵਾਲ ਪੁੱਛਿਆ ਸੀ ਜਿਸ ਦਾ ਇਨ੍ਹਾਂ ਨੇ ਨਿਸ਼ਚਿਤ ਤੌਰ ਤੇ ਕੋਈ ਜਵਾਬ ਨਹੀਂ ਦਿੱਤਾ। ਮੈਂ ਜਿਸ ਜ਼ਮੀਨ ਬਾਰੇ ਇਨ੍ਹਾਂ ਦਾ ਧਿਆਨ ਦਿਵਾਉਣਾ ਚਾਹੁੰਦੀ ਹੈ, ਉਹ ਪੰਜਾਬ ਸਰਕਾਰ ਦੀ ਜ਼ਮੀਨ ਹੈ ਤੇ ਜ਼ਿਲ੍ਹਾ ਕਪੂਰਥਲਾ ਦੇ ਮੰਡ ਇਲਾਕੇ ਦੀ ਹੈ। ਇਹ ਗਰੀਬ ਅਤੇ ਛੋਟੇ ਕਿਸਾਨਾਂ ਵਾਸਤੇ ਹੈ। ਅਜੇ ਤੱਕ ਸਰਕਾਰ ਵੱਲੋਂ ਕੋਈ ਰਕਮ ਜਾਂ ਆਰਡਰ ਜਾਰੀ ਨਹੀਂ ਕੀਤਾ ਗਿਆ ਪਰ ਅਚਾਨਕ ਉਥੇ ਬੋਲੀ ਦੀਆਂ ਤਾਰੀਖਾਂ ਨਿਸ਼ਚਿਤ ਕਰ ਦਿੱਤੀਆਂ ਹਨ। ਕਿਸਾਨ ਉਥੇ ਬੋਲੀ ਦੇ ਖਿਲਾਫ ਮੁਜ਼ਾਹਰੇ ਕਰ ਰਹੇ ਹਨ, ਧਰਨੇ ਦੇ ਰਹੇ ਹਨ, ਰੈਲੀਆਂ ਕਰ ਰਹੇ ਹਨ। ਇਸ ਨਾਲ ਸਰਕਾਰ ਨੇ ਬੋਲੀ ਮੁਲਤਵੀ ਕਰ ਦਿੱਤੀ ਹੈ। ਮੇਰਾ ਸਵਾਲ ਹੈ ਕਿ ਮੰਤਰੀ ਜੀ ਕ੍ਰਿਪਾ ਕਰਕੇ ਇਹ ਭਰੋਸਾ ਦੇਣਗੇ ਕਿ ਕੀ ਅਜਿਹੀਆਂ ਜ਼ਮੀਨਾਂ ਦੀ ਮਾਲਕੀਅਤ ਉਨ੍ਹਾਂ ਦੇ ਹੱਕ ਵਿੱਚ ਕਰ ਦਿੱਤੀ ਜਾਵੇਗੀ ਅਤੇ ਉਨ੍ਹਾਂ ਨੂੰ ਜ਼ਮੀਨ ਟਰਾਂਸਫਰ ਕਰ ਦਿੱਤੀ ਜਾਵੇਗੀ ? ਇਸ ਨੂੰ ਕਦੋਂ ਤੱਕ ਅਮਲੀ ਜਾਮਾ ਪਹਿਨਾਇਆ ਜਾਵੇਗਾ ? ਸਪੀਕਰ ਸਾਹਿਬ, ਇਸੇ ਤਰ੍ਹਾਂ ਜਿਹੜੀ ਜ਼ਮੀਨ ਨੀਲਾਮ ਕਰਨ ਦਾ ਫੈਸਲਾ ਕੀਤਾ ਹੈ, ਉਸ ਤੇ ਇਹ ਦੁਬਾਰਾ ਵਿਚਾਰ ਕਰਨ ਤੇ ਜਿਹੜੀ ਪਰਵੈਂਟਿਵ ਜ਼ਮੀਨ ਹੈ, ਉਸ ਦੇ ਕੁਝ ਕੇਸਿਜ਼ ਕਪੂਰਥਲਾ ਵਿੱਚ ਚੱਲ ਰਹੇ ਹਨ। ਉਨ੍ਹਾ ਦੀ ਕਨਵੇਅੰਸ ਡੀਡ ਹੋਈ ਹੈ। ਕੀ ਇਹ ਉਥੇ ਮਾਲਕੀਅਤ ਹੱਕ ਟਰਾਂਸਫਰ ਕਰ ਦੇਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਇਹ ਨਿਯਮ ਪਹਿਲਾਂ ਦੇ ਬਣੇ ਹੋਏ ਹਨ। ਹਰ ਸਾਲ ਬੋਲੀ ਹੁੰਦੀ ਹੈ ਜਿਸ ਦੀ ਬਾਅਦ ਵਿੱਚ ਡੀ.ਸੀ. ਅਤੇ ਤਹਿਸੀਲਦਾਰ ਵੱਲੋਂ ਬੋਲੀ ਸਬੰਧੀ ਪਰਮਿਸ਼ਨ ਭੇਜੀ ਜਾਂਦੀ ਹੈ। ਪਹਿਲਾਂ ਇਹ 28 ਫਰਵਰੀ, 2003 ਤੱਕ ਬੋਲੀਆਂ ਮੁਕੰਮਲ ਹੋਣੀਆਂ ਸਨ। ਇਕੱਲੇ ਕਪੂਰਥਲਾ ਜ਼ਿਲ੍ਹੇ ਵਿੱਚ ਨਹੀਂ ਹੋਈ ਸਗੋਂ ਸਾਰੇ ਪੰਜਾਬ ਵਿੱਚ ਬੋਲੀ ਦੀ ਹਦਾਇਤ ਕਮਿਸ਼ਨਰ ਵੱਲੋਂ ਕੀਤੀ ਗਈ ਸੀ। ਪੰਜਾਬ ਸਰਕਾਰ ਦੀ ਕਿੰਨੀ ਜ਼ਮੀਨ ਹੈ, ਕਿੰਨੀ ਅਨਯੂਜ਼ਡ ਲੈਂਡ ਹੈ, ਕਿੰਨੀ ਨਿਕਾਸੀ ਲੈਂਡ ਹੈ, ਇਸ ਤਰ੍ਹਾਂ ਇਹ ਤਿੰਨ ਤਰ੍ਹਾਂ ਦੀ ਮਿਕਸ ਜ਼ਮੀਨ ਹੈ ਅਤੇ ਪੰਜਾਬ ਸਰਕਾਰ ਸਾਰੀ ਦੀ ਬੋਲੀ ਕਰਦੀ ਹੈ। ਪਹਿਲਾਂ ਫੈਸਲਾ ਕੀਤਾ ਗਿਆ ਸੀ ਔਰ ਅਨਯੂਜ਼ਡ ਲੈਂਡ ਲਈ 15 ਜੁਲਾਈ, 1997 ਤੱਕ ਦੀਆਂ ਅਰਜ਼ੀਆਂ ਮੰਗੀਆਂ ਸਨ। ਫਿਰ 31 ਜਨਵਰੀ, 2002 ਤੱਕ ਅਤੇ ਇਹ ਫਿਰ 31 ਦਸੰਬਰ, 2002 ਤੱਕ ਦੀਆਂ ਅਰਜ਼ੀਆਂ ਲਈਆਂ ਗਈਆਂ ਸਨ। ਇਹ ਕਬਜ਼ਾ ਉਨ੍ਹਾਂ ਨੂੰ ਹੀ ਦਿੱਤਾ ਜਾਵੇਗਾ ਜਿਨ੍ਹਾਂ ਦੀਆਂ ਐਪਲੀਕੇਸ਼ਨਾਂ ਆਉਣਗੀਆਂ।

Original with;
Punjab Vidhan Sabha
Digitized by;
Panjab Digital Library

[ਮਾਲ ਤੇ ਪੁਨਰਵਾਸ ਦੇ ਰਾਜ ਮੰਤਰੀ]

ਨਿਰੋਲ ਅਤੇ ਨਿਜ਼ੂਲ ਲੈਂਡ ਤੇ ਹੀ ਕਬਜ਼ਾ ਦਿੱਤਾ ਜਾਵੇਗਾ ਤੇ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ। ਮਾਲ ਅਤੇ ਪੁਨਰਵਾਸ ਵਿਭਾਗ ਅਧੀਨ ਪ੍ਰਾਂਤਕ ਸਰਕਾਰ ਦੀ ਭੌਂ ਦੇ ਨਿਪਟਾਰੇ ਲਈ ਇਸ ਵਿਭਾਗ ਦੇ ਪੱਤਰ ਮਿਤੀ 20 ਫਰਵਰੀ, 1984 ਦੁਆਰਾ ਜਾਰੀ ਕੀਤੀ ਗਈ ਪਾਲਿਸੀ ਅਨੁਸਾਰ ਇਹ ਪਹਿਲਾਂ ਵਣ ਵਿਭਾਗ, ਬਾਗਬਾਨੀ ਵਿਭਾਗ ਅਤੇ ਗੈਲੰਟਰੀ ਅਵਾਰਡ ਜੇਤੂਆਂ ਨੂੰ ਦੇਣ ਦਾ ਉਪਬੰਧ ਹੈ। ਜੇਕਰ ਅਜਿਹੇ ਮੰਤਵਾਂ ਲਈ ਇਹ ਭੂਮੀ ਲੋੜੀਂਦੀ ਨਾ ਹੋਵੇ ਤਾਂ ਇਹ ਖੁੱਲ੍ਹੀ ਬੋਲੀ ਰਾਹੀਂ ਚਾਲੂ ਬਾਜ਼ਾਰੀ ਕੀਮਤਾਂ ਤੇ ਵੇਚੀ ਜਾਂਦੀ ਹੈ। ਇਸ ਪਾਲਿਸੀ ਦੀ ਨਕਲ, ਜਿਹੜੀ ਪਾਲਿਸੀ ਵੱਖਰੇ ਤੌਰ ਤੇ ਬਣਾਈ ਗਈ ਸੀ, ਇਨ੍ਹਾਂ ਨੂੰ ਸਪਲਾਈ ਕਰ ਦੇਵਾਂਗੇ। ਜੇਕਰ ਹਾਲੇ ਵੀ ਕਿਸੇ ਕਿਸਮ ਦੀ ਇਨ੍ਹਾਂ ਨੂੰ ਕੋਈ ਸ਼ੰਕਾ ਹੈ ਤਾਂ ਇਹ ਮੈਨੂੰ ਦੱਸ ਦੇਣ, ਮੈਂ ਆਪ ਜਾ ਕੇ ਇਨ੍ਹਾਂ ਨੂੰ ਦੱਸ ਦੇਵਾਂਗਾ, ਇਨ੍ਹਾਂ ਦੀ ਪੂਰੀ ਤਸੱਲੀ ਕਰਵਾ ਦਿੱਤੀ ਜਾਵੇਗੀ। ਕਿਸੇ ਕਿਸਮ ਦੀ ਵੀ ਕੋਈ ਜ਼ਮੀਨ ਜੇਕਰ ਕਿਸੇ ਨੇ ਆਪਣੇ ਕਬਜ਼ੇ ਅਧੀਨ ਕਰ ਰਖੀ ਹੈ, ਉਸਨੂੰ ਛੁਡਾਉਣ ਦੇ ਲਈ, ਸਿਰਫ ਰੈਗੂਲਰ ਕਰਨ ਲਈ ਇਹ ਉਪਰਾਲਾ ਕੀਤਾ ਗਿਆ ਹੈ ਤਾਂ ਕਿ ਪਤਾ ਲਗ ਸਕੇ ਕਿ ਪੰਜਾਬ ਸਰਕਾਰ ਦੀ ਜਿਹੜੀ ਜ਼ਮੀਨ ਹੈ, ਉਹ ਕਿਹੜੀ ਹੈ ਅਤੇ ਕਿਸ-ਕਿਸ ਕੋਲ ਹੈ ? ਇਹ ਉਪਰਾਲਾ ਇਸ ਕਰਕੇ ਕੀਤਾ ਗਿਆ ਸੀ।

**(Serial No. 20)**

**Sardar Bir Devinder Singh :** Sir, I beg to draw the attention of the Government towards a matter of urgent public importance, namely, 86 more cases showing symptoms of jaundice and tested positive for Hepatitis Virus A & E in the area surrounding Kurali, Sub Division Kharar, District Ropar. The break of Hepatitis A & E has caused widespread fear and worry among the people of the area.

Keeping in view the obvious and urgent importance of the matter, the Minister concerned may please be asked to make a statement on the floor of the House.

**Minister for Health and Family Welfare (Shri Ramesh Chander Dogra) :** Sir, after two cases of Jaundice were reported at Community Health Centre, Kurali, on 14th March, 2003, the Civil Surgeon, Ropar constituted six Medical teams under the supervision of the committee consisting of Deputy Medical Commissioner, Ropar, Senior Medical Officer Incharge, PHC, Boothgarh and District Epidemiologist, Ropar, on 15th March, 2003. On 16th and 17th March, 2003, ten Medical teams were sent in the affected areas. From 15th March, 2003 to 17th March, 2003, these teams under the supervision of above said committee, did house to house survey in Kurali town and visited 4734 houses. On 20th March, 2003 and 21st March, 2003, free Medical Camps were also organized in the affected areas in which all required investigations were done and treatment was given, free of cost. A total of 330 (earlier figure was 296) persons suspected to be suffering from jaundice were detected, out of which 152 (earlier figure

Original with;
Punjab Vidhan Sabha
Digitized by;

was 147) persons were confirmed as cases of jaundice after laboratory tests. These cases were only of Hepatitis A & E. No Hepatitis B case was detected.

All these cases were investigated and free treatment during camps was given and in the local hospital, 36800 (now 40400) Chlorine tablets were distributed in the township for purification of water and this free distribution of Chlorine tablets by the department is continuing. Uncovered eatables, sugar-cane juice, raw and cut fruits were destroyed by the Food Inspector.

Jaundice occurred due to taking of contaminated water. 25 samples of water were collected from various sources i.e. tubewell, water taps in the houses and hand pumps and were sent for testing. The results of 12 samples were declared, out of which two were found unfit for human consumption. The result of remaining 13 samples is awaited. Results of these tests have been conveyed to Deputy Commissioner, Ropar.

On direction by the Department of Health, urgent repair of leaking pipes was done by the Nagar Council. The drinking water supply was super-chlorinated. The cleanliness drive was launched in Kurali Township. Malathion dusting on the rubbish heaps was done.

The people were given Health Education by way of personal talks, distributing hand bills and through public address system by the doctors and para Medical Staff. People were advised to take boiled water only. They were also asked to use chlorine tablets for purification of drinking water. Public was also told that this jaundice is very much curable disease and that the jaundice cases should be reported to the Government Hospital in the Town, where free investigations are being done and free treatment is given.

The department of Health is fully alert and ready to meet any eventuality. Further spread of the disease is under control and the number of jaundice cases is declining. There is no jaundice case in surrounding areas of Kurali.

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਕਲੋਰੀਨੇਸ਼ਨ ਵਾਸਤੇ ਇੰਡਵੀਜੂਅਲਜ਼ ਨੂੰ ਗੋਲੀਆਂ ਵਗੈਰਾ ਦਿੱਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਮਿਊਂਸਿਪਲ ਕਮੇਟੀ ਦੇ ਟੈਪਸ ਵਿਚੋਂ ਜਿਹੜਾ ਪਾਣੀ ਆ ਰਿਹਾ ਸੀ, ਉਸ ਦੇ ਸੈਂਪਲ ਫੇਲ੍ਹ ਹੋਏ ਹਨ। ਮੈਂ ਜਾਣਨਾ ਚਾਹੁੰਦਾ ਹਾਂ ਕਿ ਇਸ ਦੀ ਕੀ ਵਜ੍ਹਾ ਹੈ ? ਮੈਂ ਸਮਝਦਾ ਹਾਂ ਕਿ ਮਿਊਂਸਿਪਲ ਕਮੇਟੀ ਦੇ ਪਾਣੀ ਵਿਚ ਹਾਈਪਰ ਕਲੋਰੀਨੇਸ਼ਨ ਪਹਿਲਾਂ ਹੀ ਹੋਣੀ ਚਾਹੀਦੀ ਹੈ। ਫਿਰ ਇਹ ਟੈਸਟ ਫੇਲ੍ਹ ਕਿਉਂ ਹੋਇਆ ? ਕੀ ਹੈਲਥ ਡਿਪਾਰਟਮੈਂਟ ਨੇ ਪਹਿਲਾਂ ਵੀ ਕਦੀ ਵਾਟਰ ਸੈਂਪਲ ਲਏ ਸਨ ਜਾਂ ਚੈੱਕ ਕਰਵਾਏ ਸਨ ? ਹੋਰ ਇਨ੍ਹਾਂ ਨੇ ਦੱਸਿਆ ਹੈ ਕਿ ਹੈਪੇਟਾਈਟਿਸ ਏ ਅਤੇ ਈ ਦੇ ਟੈਸਟ ਪਾਜ਼ੇਟਿਵ ਹੋਏ ਹਨ। ਹੈਪੇਟਾਈਟਿਸ ਏ ਤੋਂ ਜੀ ਤੱਕ ਜਿਹੜੇ ਕੇਸ ਹਨ, ਉਨ੍ਹਾਂ ਵਿਚੋਂ ਕਿਹੜੇ ਕਿਹੜੇ ਹੈਪੇਟਾਈਟਿਸ ਲਈ ਪ੍ਰੀਵੇਂਟਿਵ ਵੇਕਸੀਨੇਸ਼ਨ

Original with;
Punjab Vidhan Sabha
Digitized by;

[ਸਰਦਾਰ ਬੀਰ ਦਵਿੰਦਰ ਸਿੰਘ]

ਡਿਪਾਰਟਮੈਂਟ ਵੱਲੋਂ ਦਿੱਤੇ ਜਾ ਰਹੇ ਹਨ? ਹੈਪੇਟਾਈਟਿਸ ਬੀ ਵਾਸਤੇ ਕਿਹੜੇ ਪ੍ਰੀਵੇਂਟਿਵ ਮਈਅਰਜ਼ ਲਏ ਜਾ ਰਹੇ ਹਨ ਅਤੇ ਕੀ-ਕੀ ਡਾਇਰੈਕਸ਼ਨਜ਼ ਦਿੱਤੀਆਂ ਜਾ ਰਹੀਆਂ ਹਨ? ਇਹ ਜਿਹੜਾ ਵਾਇਰਸ ਕੁਰਾਲੀ ਵਿਚ ਬ੍ਰੇਕ ਹੋਇਆ ਹੈ, ਇਹ ਪੂਰੀ ਸਟੇਟ ਵਿਚ ਨਾ ਫੈਲੇ, ਇਸ ਦੇ ਵਾਸਤੇ ਹੈਲਥ ਡਿਪਾਰਟਮੈਂਟ ਵੱਲੋਂ ਕੀ-ਕੀ ਉਪਰਾਲੇ ਕੀਤੇ ਜਾ ਰਹੇ ਹਨ? ਇਸ ਤੋਂ ਅਗਲੀ ਗੱਲ ਕੋਆਰਡੀਨੇਸ਼ਨ ਦੀ ਹੈ। ਮਿਊਂਸਿਪਲ ਕਮੇਟੀ ਦੇ ਪਾਣੀ ਦੇ ਸੈਂਪਲ ਫੇਲ੍ਹ ਹੋਏ ਹਨ। ਇਸ ਦੇ ਵਾਸਤੇ ਕੌਣ ਕੁਆਰਡੀਨੇਟ ਕਰ ਰਿਹਾ ਹੈ ਤਾਂ ਕਿ ਲੋਕਾਂ ਨੂੰ ਸਾਫ ਸੁਥਰਾ ਪਾਣੀ ਪੀਣ ਵਾਸਤੇ ਮਿਲੇ? ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਲੋਕਾਂ ਨਾਲ ਰਾਬਤਾ ਕਾਇਮ ਕਰਨ ਲਈ ਕੁਰਾਲੀ ਵਿਜ਼ਟ ਕੀਤਾ ਹੈ? ਜੇ ਕੀਤਾ ਹੈ ਤਾਂ ਕਿਹੜੀ ਟੀਮ ਤੁਸੀਂ ਨਾਲ ਲੈ ਕੇ ਗਏ ਸੀ .......... ?

**ਸ਼੍ਰੀ ਸਪੀਕਰ** : ਹੁਣ ਬੱਸ ਵੀ ਕਰੋ, ਤੁਸੀਂ ਤਾਂ ਸਵਾਲਾਂ ਦੀ ਝੜੀ ਲਗਾ ਦਿੱਤੀ ਹੈ। ਹਾਂ ਜੀ, ਮੰਤਰੀ ਜੀ।

**Minister** : Sir, in fact, first I would like to say that I did not visit Kurali myself but my officers up to Director level, have gone there because I was not well, that is why I could not go there. This is the answer to one of the questions. The next is Hepatitis A and E. No other Hepatitis is involved. B is not there. So the reply with me for A and E is how to protect the people from this. That is the main thing. ਇਸ ਬਿਮਾਰੀ ਵਾਸਤੇ ਕੰਟੈਮੀਨੇਟਿਡ ਵਾਟਰ ਮੇਨ ਚੀਜ਼ ਹੈ। ਕੁਰਾਲੀ ਵਿਚ ਲੋਕਾਂ ਨੇ ਜ਼ਮੀਨ ਦੇ ਥੱਲੇ ਆਪਣੀਆਂ ਲੈਟਰੀਨਜ਼ ਬਣਾਈਆਂ ਹੋਈਆਂ ਹਨ ਅਤੇ ਉਨ੍ਹਾਂ ਦੇ ਸੈਪਟਿਕ ਟੈਂਕਸ ਦਾ ਪਾਣੀ ਕਾਫੀ ਥੱਲੇ ਤੱਕ ਚਲਾ ਜਾਂਦਾ ਹੈ। ਇਸ ਸੀਵਰੇਜ਼ ਸਿਸਟਮ ਕਰਕੇ ਹੈਂਡ ਪੰਪਾਂ ਦਾ ਪਾਣੀ ਕੰਟੇਮੀਨੇਟਿਡ ਹੋ ਜਾਂਦਾ ਹੈ। ਇਸ ਵਜ੍ਹਾ ਕਰਕੇ ਫਿਰ ਬਿਮਾਰੀ ਫੈਲਦੀ ਹੈ। ਅਸੀਂ ਬਹੁਤ ਸਾਰੇ ਹੈਂਡ ਪੰਪ ਪੁੱਟ ਵੀ ਦਿੱਤੇ ਹਨ। ਹੈਪੇਟਾਈਟਿਸ ਏ ਅਤੇ ਈ ਵਾਸਤੇ ਕੁਝ ਪ੍ਰੀਕਾਸ਼ਨਜ਼ ਇਹ ਹਨ ਕਿ ਬੁਆਇਲਡ ਅਤੇ ਸਾਫ ਪਾਣੀ ਪੀਤਾ ਜਾਵੇ। There water is not found fit. That is one of the reasons what has been done. Similarly, for A & E, in addition to this, takes a little time to cure itself. These things have been told to the people and they are doing it and Sir, in due course of time, this will vanish. Third, Sir, liaison is already there. ਅਗਲੀ ਗੱਲ ਲਾਇਜ਼ਨ ਦੀ ਹੈ। ਇਹ ਦੂਸਰੇ ਡਿਪਾਰਟਮੈਂਟ ਨਾਲ ਲਾਇਜ਼ਨ ਸਾਡਾ ਪਹਿਲਾਂ ਹੀ ਹੈ। ਮਿਊਂਸਿਪਲ ਵਾਟਰ ਵੈਸੇ ਤਾਂ ਠੀਕ ਹੀ ਹੈ ਜਦ ਤੱਕ ਕਿ ਸੀਵਰੇਜ਼ ਪਾਈਪ ਅਤੇ ਵਾਟਰ ਸਪਲਾਈ ਵਾਲੀ ਪਾਈਪ ਆਪਸ ਵਿਚ ਮਿਲ ਨਾ ਜਾਵੇ। ਕਈ ਵਾਰ ਆਪਸ ਵਿਚ ਰਗੜ ਲੱਗਣ ਕਰਕੇ ਜਾ ਰਸਟ ਲੱਗਣ ਕਰਕੇ ਉਹ ਆਪਸ ਵਿਚ ਮਿਲ ਜਾਂਦੀਆਂ ਹਨ ਜਿਸ ਕਰਕੇ ਪਾਣੀ ਕੰਟੇਮੀਨੇਟਿਡ ਹੋ ਜਾਂਦਾ ਹੈ ਅਤੇ ਹੈਪੇਟਾਈਟਿਸ ਏ ਅਤੇ ਈ ਬਿਮਾਰੀ ਹੋ ਜਾਂਦੀ ਹੈ।

People get suffered from this. We have asked the Municipality also to take all measures and they are taking measures so that these such things should be avoided. This is the reply, Sir.

Original with;
Punjab Vidhan Sabha
Digitized by;

## GENERAL DISCUSSION ON THE BUDGET ESTIMATES FOR THE YEAR 2003-2004

**ਕੈਪਟਨ ਕੰਵਲਜੀਤ ਸਿੰਘ (ਬਨੂੜ)** : ਮਾਨਯੋਗ ਸਪੀਕਰ ਸਾਹਿਬ, ਮੌਜੂਦਾ ਕਾਂਗਰਸ ਸਰਕਾਰ ਦੇ ਦੂਸਰੇ ਬਜਟ ਸਾਲ 2003-2004 ਲਈ ਜਿਹੜਾ ਕਿ ਵਿੱਤ ਮੰਤਰੀ ਜੀ ਨੇ ਇਸ ਮਹਾਨ ਸਦਨ ਵਿੱਚ 24 ਮਾਰਚ, 2003 ਨੂੰ ਪੇਸ਼ ਕੀਤਾ ਹੈ ਤੇ ਮੈਂ ਆਪਣੀ ਪਾਰਟੀ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਾ ਪੱਖ ਪੇਸ਼ ਕਰਨ ਲਈ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਇਸ ਬਜਟ ਦੀ ਝਲਕ ਵਿੱਚੋਂ ਵਿੱਤੀ, ਆਰਥਕ ਵਿਕਾਸ ਅਤੇ ਪ੍ਰਬੰਧਕੀ ਨਿਘਾਰ ਦੀ ਝਲਕ ਉਭਰ ਕੇ ਸਾਹਮਣੇ ਆਉਂਦੀ ਹੈ। ਪੇਸ਼ ਕੀਤੇ ਗਏ ਬਜਟ ਤੇ ਮੈਨੂੰ ਕੋਈ ਬਹੁਤੀ ਵਿਸਥਾਰ ਪੂਰਵਕ ਟਿੱਪਣੀ ਕਰਨ ਦੀ ਲੋੜ ਨਹੀਂ ਕਿਉਂਕਿ ਵਿੱਤ ਮੰਤਰੀ ਜੀ ਨੇ ਆਪਣੇ ਭਾਸ਼ਣ ਦੇ ਸ਼ੁਰੂ ਵਿੱਚ ਹੀ ਇਹ ਸਵੀਕਾਰ ਕੀਤਾ ਹੈ ਕਿ ਪਿਛਲੇ ਸਾਲ ਵਿਕਾਸ ਦਾ ਕੰਮ ਲਗਭੱਗ ਸਾਰਾ ਸਾਲ ਪੰਜਾਬ ਵਿੱਚ ਠੱਪ ਰਿਹਾ। ਅੰਕੜੇ ਦਰਸਾਉਂਦੇ ਹਨ ਅਤੇ ਪੰਜਾਬ ਪੁਲਿਸ ਦੇ ਮੁਖੀ ਨੇ ਖੁਦ ਸਵੀਕਾਰ ਕੀਤਾ ਹੈ ਕਿ ਅਮਨ ਅਤੇ ਕਾਨੂੰਨ ਦੀ ਸਥਿਤੀ ਵਿੱਚ ਭਾਰੀ ਨਿਘਾਰ ਆਇਆ ਹੈ। ਕਾਂਗਰਸ ਦੀ ਸਰਕਾਰ ਪੰਜਾਬ ਦੀ ਵਿੱਤੀ ਹਾਲਤ ਸਬੰਧੀ ਅਤੇ ਪੰਜਾਬ ਸਿਰ ਚੜ੍ਹੇ ਭਾਰੀ ਕਰਜ਼ੇ ਲਈ ਸਾਡੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਲਗਾਤਾਰ ਕੋਸਦੀ ਆ ਰਹੀ ਹੈ। ਸਪੀਕਰ ਸਾਹਿਬ, ਲੇਕਿਨ ਵਿੱਤ ਮੰਤਰੀ ਜੀ ਨੇ ਭਾਵੇਂ ਇਹ ਦਾਵਾ ਕੀਤਾ ਹੈ ਕਿ ਉਨ੍ਹਾਂ ਵੱਲੋਂ ਚੁਕੇ ਕਦਮਾਂ ਦੇ ਸਿੱਟੇ ਵਜੋਂ ਵਿੱਤੀ ਅਤੇ ਆਰਥਕ ਸੁਧਾਰ ਹੋਇਆ ਹੈ ਲੇਕਿਨ ਇਹ ਦਾਵੇ ਨਿਰਮੂਲ ਹਨ ਕਿਉਂਕਿ ਪੇਸ਼ ਕੀਤੇ ਗਏ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਸਿਰ ਚੜ੍ਹਿਆ ਕਰਜ਼ਾ ਇਸ ਮੌਜੂਦਾ ਕਾਂਗਰਸ ਸਰਕਾਰ ਦੇ ਕਾਰਜ ਭਾਰ ਸੰਭਾਲਣ ਤੋਂ ਬਾਅਦ 32495.77 ਕਰੋੜ ਰੁਪਏ ਤੋਂ ਵਧ ਕੇ 42055.99 ਕਰੋੜ ਰੁਪਏ ਹੋ ਗਿਆ ਹੈ। ਇਹ ਇਸੇ ਸਰਕਾਰ ਦਾ ਪੰਜਾਬ ਦੀ ਜਨਤਾ ਨੂੰ ਇਕ ਤੋਹਫਾ ਹੈ ਜਿਸ ਨੇ ਥੋੜ੍ਹੇ ਸਮੇਂ ਵਿੱਚ ਹੀ ਪੰਜਾਬ ਦੀ ਜਨਤਾ ਉਤੇ ਸਪੀਕਰ ਸਾਹਿਬ, 10,000 ਕਰੋੜ ਰੁਪਏ ਦਾ ਕਰਜ਼ਾ ਵਧ ਚੜ੍ਹਾਇਆ ਹੈ ਅਤੇ ਪੰਜਾਬ ਨੂੰ ਇਨ੍ਹਾਂ ਨੇ ਭਾਰੀ ਕਰਜ਼ੇ ਹੇਠ ਦੱਬ ਦਿੱਤਾ ਹੈ। ਯਕੀਨਨ ਇਹ ਨਾ-ਅਹਿਲ ਸਰਕਾਰ ਸਿਰਫ ਕਰਜ਼ੇ ਲੈ ਕੇ ਹੀ ਚੱਲ ਰਹੀ ਹੈ ਜਿਹੜੀ ਕਿ ਇਨ੍ਹਾਂ ਵੱਲੋਂ ਵਿੱਤੀ ਸੁਧਾਰਾਂ ਦੇ ਕੰਮਾਂ ਦੇ ਦਾਵੇ ਨੂੰ ਯਕੀਨਨ ਤੌਰ ਤੇ ਝੁਠਲਾਉਂਦੀ ਹੈ। ਜੋ ਕੁਝ ਵੀ ਵਾਧੂ ਆਮਦਨ ਦਰਸਾਈ ਗਈ ਹੈ ਉਹ ਪਿਛਲੇ ਸਾਲ ਲਗਭੱਗ 3000 ਕਰੋੜ ਰੁਪਏ ਦੇ ਸਿੱਧੇ ਅਤੇ ਅਸਿੱਧੇ ਟੈਕਸਾਂ ਦੇ ਕਾਰਨ ਹੀ ਹੋਇਆ ਹੈ, ਨਾ ਕਿ ਪ੍ਰਸ਼ਾਸਨਿਕ ਅਤੇ ਆਰਥਕ ਸੁਧਾਰਾਂ ਦੇ ਸਿੱਟੇ ਵਜੋਂ ਪ੍ਰਾਪਤੀ ਹੋਈ ਹੈ। ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਸਾਲ 2003-2004 ਨੂੰ ਵਿਕਾਸ ਦਾ ਵਰ੍ਹਾ ਮਨਾਉਣ ਦਾ ਐਲਾਨ ਕੀਤਾ ਹੈ ਲੇਕਿਨ ਬਜਟ ਤਜਵੀਜ਼ਾਂ ਦੀ ਝਲਕ ਮਾਰਨ ਤੇ ਇਹ ਦਾਵਾ . . . . . .

**ਸਰਦਾਰ ਬੀਰ ਦਵਿੰਦਰ ਸਿੰਘ** : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ ਭਾਸ਼ਣ ਵਿੱਤ ਮੰਤਰੀ ਪੜ੍ਹ ਸਕਦਾ ਹੈ ਜਾਂ ਸਾਬਕਾ ਵਿੱਤ ਮੰਤਰੀ ਵੀ ਪੜ੍ਹ ਸਕਦਾ ਹੈ ?

**ਸ਼੍ਰੀ ਸਪੀਕਰ** : ਨਹੀਂ, ਪੜ੍ਹਨ ਦੀ ਇਜਾਜ਼ਤ ਤਾਂ ਨਹੀਂ ਦਿੱਤੀ ਜਾ ਸਕਦੀ। ਨੋਟ ਦੇਖ ਸਕਦੇ ਹਨ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਇਹ ਜਿਹੜਾ ਪੜ੍ਹ ਕੇ ਭਾਸ਼ਣ ਹੋ ਰਿਹਾ ਹੈ, ਇਹ ਤਾਂ ਨਵੀਂ ਪਿਰਤ ਪੈ ਰਹੀ ਹੈ।

Original with;
Punjab Vidhan Sabha

**ਸ਼੍ਰੀ ਸਪੀਕਰ** : ਕੈਪਟਨ ਕੰਵਲਜੀਤ ਸਿੰਘ ਜੀ, ਤੁਸੀਂ ਐਡਰੈਸ ਦੇ ਬਦਲੇ ਐਡਰੈਸ ਨਾਂ ਪੜ੍ਹੋ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਇਹ ਨੋਟ ਹੀ ਹਨ ਜੀ। ਨੋਟਸ ਦੇਖ ਕੇ ਹੀ ਬੋਲ ਰਿਹਾ ਹਾਂ। ਸਪੀਕਰ ਸਾਹਿਬ, ਬਜਟ ਤਜਵੀਜ਼ਾਂ ਨੂੰ ਦੇਖਦੇ ਹੋਏ ਅਤੇ ਉਸ ਤੇ ਝਲਕ ਮਾਰਨ ਉਪਰੰਤ ਇਹ ਪਤਾ ਲਗਦਾ ਹੈ ਕਿ ਇਹ ਜਿਹੜੇ ਦਾਅਵੇ ਹਨ, ਇਹ ਸਾਰੇ ਖੋਖਲੇ ਹਨ ਕਿਉਂਕਿ ਇਨ੍ਹਾਂ ਦਾਅਵਿਆਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਨਾ ਤਾਂ ਕੋਈ ਵਿੱਤੀ ਪ੍ਰਬੰਧ ਕੀਤੇ ਗਏ ਹਨ ਅਤੇ ਨਾ ਹੀ ਕੋਈ ਪ੍ਰਸ਼ਾਸਨਿਕ ਸੁਧਾਰ ਦਰਸਾਏ ਗਏ ਹਨ। ਪੇਸ਼ ਕੀਤਾ ਗਿਆ ਬਜਟ ਰਾਜਨੀਤਿਕ ਵਚਨਬਧਤਾ ਤੋਂ ਸੱਖਣਾ ਹੈ, ਦਿਸ਼ਾਹੀਣ ਹੈ ਅਤੇ ਡੂੰਘੀ ਸੋਚ ਤੋਂ ਵਾਂਝਾ ਹੈ। ਸਪੀਕਰ ਸਾਹਿਬ, ਮੈਂ ਭਰੋਸੇ ਦੇ ਨਾਲ ਇਹ ਕਹਿ ਸਕਦਾ ਹਾਂ ਕਿ ਪੇਸ਼ ਕੀਤੀਆਂ ਗਈਆਂ ਬਜਟ ਤਜਵੀਜ਼ਾਂ ਦੇ ਸਿੱਟੇ ਵਜੋਂ ਪੰਜਾਬ ਹੋਰ ਕਰਜ਼ਾਈ ਹੋਵੇਗਾ। ਵਿਕਾਸ ਦੀ ਗਤੀ ਪਹਿਲਾਂ ਨਾਲੋਂ ਵੀ ਹੋਰ ਧੀਮੀ ਹੋਵੇਗੀ ਅਤੇ ਪੰਜਾਬ ਦੇ ਅੰਦਰ ਵਿੱਤੀ ਭੰਬਲਭੂਸੇ ਹੋਰ ਵਧਣਗੇ। ਮੈਨੂੰ ਇਹ ਦੁੱਖ ਹੈ ਕਿ ਵਿੱਤ ਮੰਤਰੀ ਜੀ ਨੇ ਲਗਾਤਾਰ ਦੂਸਰੇ ਸਾਲ ਪੰਜਾਬ ਨੂੰ ਪ੍ਰਗਤੀ ਅਤੇ ਖੁਸ਼ਹਾਲੀ ਦੇ ਰਸਤੇ ਤੇ ਤੋਰਨ ਵਾਸਤੇ ਆਪਣੇ ਵੱਲੋਂ ਕੋਈ ਠੋਸ ਤਜਵੀਜ਼ਾਂ ਇਸ ਬਜਟ ਵਿਚ ਪੇਸ਼ ਨਹੀਂ ਕੀਤੀਆਂ। ਮੈਂ ਇਹ ਵੀ ਕਹਾਂਗਾ ਕਿ ਕਾਂਗਰਸ ਪਾਰਟੀ ਵੱਲੋਂ ਚੋਣਾਂ ਵੇਲੇ ਪੰਜਾਬ ਦੀ ਜਨਤਾ ਨਾਲ ਕੀਤੇ ਹੋਏ ਵਾਅਦਿਆਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਵਿੱਤ ਮੰਤਰੀ ਜੀ ਨੇ ਕੋਈ ਯਤਨ ਨਹੀਂ ਕੀਤਾ ਅਤੇ ਨਾ ਹੀ ਇਸ ਬਜਟ ਵਿਚ ਉਨ੍ਹਾਂ ਨੂੰ ਪੂਰਾ ਕਰਨ ਵਾਸਤੇ ਕੋਈ ਤਜ਼ਵੀਜ ਰੱਖੀ ਹੈ। ਸਪੀਕਰ ਸਾਹਿਬ, ਮੈਂ ਇਹ ਵੀ ਕਹਾਂਗਾ ਕਿ ਪੰਜਾਬ ਦੀ ਜਨਤਾ ਦੇ ਨਾਲ ਆਪਣੇ ਵਾਅਦਿਆਂ ਤੋਂ ਮੁਨਕਰ ਹੋ ਕੇ ਕਾਂਗਰਸ ਸਰਕਾਰ ਨੇ ਪੰਜਾਬ ਦੀ ਜਨਤਾ ਨਾਲ ਬੜੀ ਵੱਡੀ ਬੇਇਨਸਾਫੀ ਅਤੇ ਬੇ-ਵਫਾਈ ਕੀਤੀ ਹੈ। ਮੈਂ ਇਹ ਵੀ ਕਹਾਂਗਾ ਕਿ ਵਿੱਤ ਮੰਤਰੀ ਨੇ ਰਾਜ ਨੂੰ ਦਰਪੇਸ਼ ਸਮੱਸਿਆਵਾਂ ਜਿਵੇਂ ਕਿ ਖੇਤੀਬਾੜੀ ਵਿਚ ਆਈ ਖੜੋਤ ਦਾ ਉਤਪਾਦਨ, ਕਿਸਾਨਾਂ ਦੀ ਵਿੱਤੀ ਖਸਤਾ ਹਾਲਤ ਬਾਰੇ ਅਤੇ ਨਾਂ-ਮਾਤਰ ਉਦਯੋਗਿਕ ਵਿਕਾਸ, ਦਲਿਤਾਂ ਲਈ ਲੋੜੀਂਦੀ ਰਾਹਤ ਜੋ ਕਿ ਰਾਜ ਦੀ ਵਿੱਤੀ ਪ੍ਰਗਤੀ ਲਈ ਆਵਸ਼ਕ ਹਨ, ਦਾ ਹੱਲ ਲੱਭਣ ਲਈ ਕੋਈ ਕਾਰਜਪ੍ਰਣਾਲੀ ਬਣਾਉਣ ਤੋਂ ਵਿੱਤ ਮੰਤਰੀ ਜੀ ਨੇ ਬਿਲਕੁਲ ਹੀ ਪਾਸਾ ਵੱਟ ਲਿਆ ਹੈ। ਸਪੀਕਰ ਸਾਹਿਬ, ਜ਼ਾਹਰ ਹੈ ਕਿ ਬਜਟ ਬਣਾਉਣ ਦੀ ਪ੍ਰਕਿਰਿਆ ਸਿਰਫ ਵਿਸ਼ਵ ਬੈਂਕ ਨੂੰ ਖੁਸ਼ ਕਰਨ ਦੀ ਤਰਜੀਹ ਦੇ ਨਾਲ ਫਾਲੋ ਕੀਤੀ ਗਈ ਹੈ ਬਨਿਸਪਤ ਇਸ ਦੇ ਕਿ ਬਜਟ ਵਿਚ ਬੁਨਿਆਦੀ ਸੁਧਾਰ ਜੋ ਕਿ ਪੰਜਾਬ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਸਹਾਈ ਹੋ ਸਕਦੇ ਹਨ, ਵਿੱਤ ਮੰਤਰੀ ਤੇ ਉਨ੍ਹਾਂ ਦੀ ਸਰਕਾਰ ਵੱਲੋਂ ਵਿਸ਼ਵ ਬੈਂਕ ਵੱਲੋਂ ਦਿੱਤੀ ਗਈ ਥਾਪੀ ਜੋ ਕਿ ਇਸ ਗੱਲ ਤੇ ਕੇਂਦਰਤ ਹੈ ਕਿ ਨਵੇਂ ਟੈਕਸ ਭਾਰੀ ਮਾਤਰਾ ਵਿਚ ਲਾਏ ਜਾਣ ਅਤੇ ਆਮ ਜਨਤਾ ਉਤੇ ਭਾਰੀ ਆਰਥਿਕ ਵਜ਼ਨ ਪਾਇਆ ਜਾਵੇ। ਇਹੀ ਆਪਣੀ ਖੁਸ਼ੀ ਪ੍ਰਗਟ ਕਰਦੇ ਹੋਏ ਤਸੱਲੀ ਪ੍ਰਗਟ ਕੀਤੀ ਹੈ। ਮੈਂ ਇਸ ਬਜਟ ਦਾ ਸਾਰੇ ਦਾ ਸਾਰਾ ਫਲਸਫਾ ਵਿਸ਼ਵ ਬੈਂਕ ਵੱਲੋਂ ਪੰਜਾਬ ਸਰਕਾਰ ਉਤੇ ਲਗਾਈਆਂ ਹੋਈਆਂ ਸ਼ਰਤਾਂ ਨੂੰ ਪੂਰਾ ਕਰਨ ਤੇ ਹੀ ਕੇਂਦਰਤ ਕੀਤਾ ਹੈ। ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਪੰਜਾਬ ਦੇ ਸਿਰ ਕਰਜ਼ਾ ਚੜ੍ਹੇ ਹੋਣ ਕਰਕੇ ਵਿਸ਼ਵ ਬੈਂਕ ਕੋਲੋਂ 5,000 ਕਰੋੜ ਰੁਪਏ ਦਾ ਕਰਜ਼ਾ ਹੋਰ ਲੈਣਾ ਹੈ ਅਤੇ ਪੰਜਾਬ ਨੂੰ ਹੋਰ ਕਰਜ਼ਾਈ ਬਣਾਉਣਾ ਹੈ, ਇਹ ਸਾਰੀਆਂ ਪੇਸ਼ੀਨਗੋਈਆਂ ਹਨ, ਲੇਕਿਨ ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਆਪਣੇ ਬਜਟ ਦੇ ਵਿਚ ਇਸ ਗੱਲ ਦਾ ਜ਼ਿਕਰ ਤੱਕ ਨਹੀਂ ਕੀਤਾ, ਹਿੰਟ ਤੱਕ ਨਹੀਂ ਦਿੱਤਾ ਕਿ ਕੀ ਵਿਸ਼ਵ ਬੈਂਕ ਇਨ੍ਹਾਂ ਦਾ 5000 ਕਰੋੜ ਰੁਪਏ ਦਾ ਕਰਜ਼ਾ ਮਨਜ਼ੂਰ ਕਰੇਗਾ ਜਾਂ ਨਹੀਂ ਕਰੇਗਾ ਕਿਉਂਕਿ ਅੱਜ ਮੈਂ ਕਹਿਣਾ ਚਾਹਾਂਗਾ ਕਿ ਇਸ ਦੀ ਕੋਈ ਪੁਸ਼ਟੀ

Original with;
Punjab Vidhan Sabha
Digitized by:
Panjab Digital Library

ਨਹੀਂ ਹੈ। ਪਹਿਲੇ ਸਾਲ ਜਦੋਂ ਇਹ ਸਰਕਾਰ ਵਿਚ ਆਏ ਸਨ ਤਾਂ ਬੜਾ ਰੌਲਾ ਪਿਆ, ਬੜਾ ਜ਼ਿਕਰ ਹੋਇਆ ਕਿ ਨਿਊਯਾਰਕ ਵਿਚ ਇੰਟਰਨੈਸ਼ਨਲ ਫਾਈਨੈਂਸ਼ੀਅਲ ਕਨਸੋਰਟੀਅਮ ਹੈ, ਉਸ ਕੋਲੋਂ 5000 ਕਰੋੜ ਰੁਪਏ ਦਾ ਕਰਜ਼ਾ ਬਿਨਾਂ ਵਿਆਜ ਸਹਾਇਤਾ ਵਜੋਂ ਦਿੱਤਾ ਜਾ ਰਿਹਾ ਹੈ ਅਤੇ ਜਦੋਂ ਇਹ ਗਰਾਂਟ ਆਵੇਗੀ ਤਾਂ ਪੰਜਾਬ ਮਾਲੋਮਾਲ ਹੋ ਜਾਵੇਗਾ। ਪਰ, ਸਪੀਕਰ ਸਾਹਿਬ, ਜਦੋਂ ਸਾਰਾ ਕੁਝ ਦੇਖਿਆ ਅਤੇ ਪਹਾੜ ਪੁਟਿਆ ਤਾਂ ਵਿਚੋਂ ਕੁਝ ਵੀ ਨਾ ਨਿਕਲਿਆ। ਮੈਂ ਮਹਾਨ ਸਦਨ ਨੂੰ ਕਹਾਂਗਾ ਕਿ ਵਿੱਤ ਮੰਤਰੀ ਜੀ ਵਿਸ਼ਵ ਬੈਂਕ ਤੋਂ ਵੀ ਆਸ ਨਾ ਕਰਨ, ਇਨ੍ਹਾਂ ਨੂੰ ਉਥੋਂ ਵੀ ਕੱਖ ਨਹੀਂ ਆਉਣਾ। ਲੇਕਿਨ ਮੈਂ ਇਕ ਗੱਲ ਕਹਾਂਗਾ, ਸਪੀਕਰ ਸਾਹਿਬ, ਕਿ ਇਸ ਬਜਟ ਦਾ ਆਧਾਰ ਹੈ ਖਪਤਕਾਰੀ ਖਰਚਿਆਂ ਵਿਚ ਭਾਰੀ ਵਾਧਾ ਕਰਨਾ, ਬੇਲਗਾਮ ਨਿਜੀਕਰਨ ਕਰਨਾ, ਭਾਰੀ ਮਾਤਰਾ ਵਿਚ ਸਿੱਧੇ ਜਾਂ ਅਸਿਧੇ ਟੈਕਸ ਲਗਾਉਣੇ, ਬਿਜਲੀ ਬੋਰਡ ਵੱਲੋਂ ਹਰ ਵਰਗ ਦੇ ਬਿਜਲੀ ਬਿੱਲਾਂ ਦੇ ਵਿਚ ਭਾਰੀ ਵਾਧਾ ਕਰਨਾ ਅਤੇ ਖੇਤੀਬਾੜੀ ਖੇਤਰ ਵਿਚ ਵੱਡੀਆਂ-ਵੱਡੀਆਂ ਕੰਪਨੀਆਂ ਦਾ ਦਾਖਲਾ ਕਰਾ ਕੇ ਪੰਜਾਬ ਦੇ ਕਿਸਾਨ ਨੂੰ ਹੋਰ ਸੰਕਟ ਵਿਚ ਪਾਉਣਾ। ਇਹ ਪੰਜ ਮੁੱਦਿਆਂ ਉਤੇ ਹੀ ਇਹ ਬਜਟ ਦੀ ਪ੍ਰਕਿਰਿਆ ਤਿਆਰ ਕੀਤੀ ਗਈ ਹੈ। ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਵਿੱਤ ਮੰਤਰੀ ਜੀ ਨੇ ਆਪਣੇ ਭਾਸ਼ਣ ਵਿਚ ਇਹ ਦਾਅਵਾ ਕੀਤਾ ਹੈ ਕਿ ਇਨ੍ਹਾਂ ਬਜਟ ਤਜਵੀਜ਼ਾਂ ਦੇ ਵਿਚ ਉਨ੍ਹਾਂ ਨੇ ਕੋਈ ਨਵੇਂ ਟੈਕਸ ਨਹੀਂ ਲਗਾਏ। ਲੇਕਿਨ ਜੇਕਰ ਥੋੜ੍ਹੀ ਜਿਹੀ ਘੋਖ ਕੀਤੀ ਜਾਵੇ ਤਾਂ ਮੈਂ ਕਹਾਂਗਾ ਕਿ ਇਹ ਬਜਟ ਸੱਚ ਤੋਂ ਕੋਹਾਂ ਦੂਰ ਹੈ। ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੂੰ ਪਤਾ ਨਹੀਂ ਕਿਉਂ ਸ਼ਰਮ ਆਉਂਦੀ ਹੈ। ਇਹ ਘੁੰਡ ਕੱਢਣ ਦੇ ਆਦੀ ਹਨ। ਘੁੰਡ ਕੱਢ ਕੇ ਇਹ ਮੂੰਹ ਛੁਪਾਉਣਾ ਚਾਹੁੰਦੇ ਹਨ, ਪਰ ਮੈਂ ਹਰ ਵੇਰ ਇਨ੍ਹਾਂ ਦਾ ਘੁੰਡ ਚੁੱਕ ਦਿੰਦਾ ਹਾਂ ਅਤੇ ਇਨ੍ਹਾਂ ਦਾ ਚਿਹਰਾ ਮੈਂ ਸਦਨ ਦੇ ਅੱਗੇ ਨੰਗਾ ਕਰਦਾ ਹਾਂ ਕਿਉਂਕਿ ਇਸ ਚਿਹਰੇ ਦੇ ਅੱਗੇ ਬਹੁਤ ਹੀ ਭਿਆਨਕ ਰੂਪ ਹੈ, ਜਿਸ ਦਾ ਪੰਜਾਬ ਦੀ ਜਨਤਾ ਨੂੰ ਸਾਹਮਣਾ ਕਰਨਾ ਪਵੇਗਾ। ਪਿਛਲੇ ਸਾਲ 3000 ਕਰੋੜ ਰੁਪਏ ਦੇ ਪੰਜਾਬ ਦੀ ਜਨਤਾ ਤੇ ਟੈਕਸ ਲਗਾਏ ਗਏ ਅਤੇ ਐਤਕੀਂ ਵੀ ਲਗਾਏ ਗਏ। ਮੈਂ ਇਨ੍ਹਾਂ ਦਾ ਵੇਰਵਾ ਦੇਵਾਂਗਾ। ਸਭ ਤੋਂ ਪਹਿਲਾਂ ਇਨ੍ਹਾਂ ਨੇ ਵੇਰਵਾ ਦਿੰਦੇ ਹੋਏ ਜਿਹੜੇ ਫਿਗਰ ਸਦਨ ਵਿੱਚ ਦਿਤੇ ਹਨ ਉਨ੍ਹਾਂ ਦੇ ਵਿੱਚ 682.60 ਕਰੋੜ ਰੁਪਏ ਦਾ ਇਨ੍ਹਾਂ ਨੇ ਖੱਪਾ ਖਾਲੀ ਰੱਖਿਆ ਹੈ ਕਿਉਂਕਿ ਇਹ ਡਰਦੇ ਹਨ, ਘਬਰਾਉਂਦੇ ਹਨ ਕਿ ਜੇ ਖੱਪਾ ਭਰੀਏ ਤਾਂ ਟੈਕਸ ਲਗਾਉਣੇ ਪੈਣਗੇ। ਇਸ ਲਈ ਮੈਂ ਮਹਿਸੂਸ ਕਰਦਾ ਹਾਂ ਕਿ ਇਨ੍ਹਾਂ ਨੇ ਇਸ ਸਦਨ ਨੂੰ ਹਨੇਰੇ ਵਿੱਚ ਰੱਖਿਆ ਹੈ ਅਤੇ ਇਨ੍ਹਾਂ ਨੇ ਆਪਣੇ ਬਜਟ ਵਿੱਚ ਕਿਹਾ ਹੈ ਕਿ ਇਸ ਖੱਪੇ ਨੂੰ ਪੂਰਾ ਕਰਨ ਲਈ ਬਾਅਦ ਵਿੱਚ ਟੈਕਸ ਲਗਾ ਕੇ ਪੂਰਾ ਕਰਾਂਗੇ। ਮਾਨਯੋਗ ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਇਨ੍ਹਾਂ ਨੇ ਇਸ ਮਹਾਨ ਸਦਨ ਦੇ ਹਕੂਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਦੂਸਰਾ ਜਿਹੜਾ ਇਨ੍ਹਾਂ ਨੇ ਬਿਜਲੀ ਬੋਰਡ ਦੇ ਘਾਟੇ ਨੂੰ ਪੂਰਾ ਕਰਨ ਲਈ ਕਿਹਾ ਕਿ ਇਨ੍ਹਾਂ ਦੀ ਸਰਕਾਰ ਨੇ ਤਜਵੀਜ਼ ਤਿਆਰ ਕਰਕੇ ਇਲੈਕਟਰੀਸਿਟੀ ਰੈਗੂਲੇਟਰੀ ਕਮਿਸ਼ਨ ਨੂੰ ਭੇਜ ਦਿੱਤੀ ਹੈ। ਉਸ ਦੇ ਅੰਦਰ, ਸਪੀਕਰ ਸਾਹਿਬ, ਹਰ ਵਰਗ ਦੇ ਲੋਕ ਚਾਹੇ ਉਹ ਕਿਸਾਨ ਹੋਵੇ, ਚਾਹੇ ਘਰੇਲੂ ਖਪਤਕਾਰ ਹੋਵੇ, ਚਾਹੇ ਕਮਰਸ਼ੀਅਲ ਹੋਵੇ ਅਤੇ ਚਾਹੇ ਉਦਯੋਗਿਕ ਹੋਵੇ, ਇਸ ਘਾਟੇ ਨੂੰ ਪੂਰਾ ਕਰਨ ਲਈ ਇਨ੍ਹਾਂ ਦੀਆਂ ਤਜਵੀਜਾਂ ਵਿੱਚ ਲੱਕ-ਤੋੜਵਾਂ ਅਤੇ ਜਨਤਾ ਨੂੰ ਕੁਚਲਣ ਵਾਲਾ ਵਾਧਾ ਕਰਨ ਦੀ ਤਜਵੀਜ਼ ਹੈ ਅਤੇ ਉਨ੍ਹਾਂ ਅਨੁਸਾਰ 1862 ਕਰੋੜ ਰੁਪਏ ਦੇ ਬਿਜਲੀ ਦੇ ਬਿਲ ਲਗਾਉਣ ਦੀ ਤਜਵੀਜ਼ ਹੈ। ਅੱਗੇ, ਸਪੀਕਰ ਸਾਹਿਬ, ਸ਼ਾਇਦ ਇਹ ਭੁੱਲ ਗਏ ਸਨ ਕਿ ਜਨਤਾ ਨੂੰ ਕਿਵੇਂ ਕੁਚਲਿਆ ਜਾਵੇ, ਇਨ੍ਹਾਂ ਨੇ ਸੋਚਿਆ ਕਿ ਟੈਕਸ ਘੱਟ ਲੱਗਾ ਹੈ ਅਤੇ ਜਨਤਾ ਤੇ ਹੋਰ ਰਗੜਾ ਫੇਰਨ ਲਈ ਇਨ੍ਹਾਂ ਨੇ ਇਥੇ ਕਿਹਾ ਕਿ ਇਹ ਬਜਟ ਵਿੱਚ ਅਸੀਂ ਲਿਖਣਾ ਭੁੱਲ ਗਏ ਹਨ ਅਤੇ ਇਨ੍ਹਾਂ ਨੇ 12.5% ਟੈਕਸ ਸੈਲੂਲਰ ਫੋਨਾਂ ਤੇ ਵੀ

Original with;
Punjab Vidhan Sabha
Digitized by;

[ਕੈਪਟਨ ਕੰਵਲਜੀਤ ਸਿੰਘ]

ਲਗਾ ਦਿੱਤਾ ਅਤੇ ਸ਼ਾਇਦ ਅਗਲੇ ਸਾਲ ਇਹ ਹਵਾ ਤੇ ਵੀ ਟੈਕਸ ਲਾਉਣਗੇ। ਸਪੀਕਰ ਸਾਹਿਬ, 100 ਕਰੋੜ ਰੁਪਏ ਦਾ ਟੈਕਸ ਜਨਤਾ ਤੇ ਲਗਾਇਆ ਗਿਆ ਹੈ। ਬੜੇ ਤਰੀਕੇ ਨਾਲ ਕਹਿ ਦਿਤਾ ਕਿ ਖੱਪਾ ਪੂਰਾ ਕਰਨ ਲਈ ਟੈਕਸ ਲਗਾਵਾਂਗੇ ਪਰ ਉਸ ਦਾ ਕੋਈ ਵੇਰਵਾ ਨਹੀਂ ਦਿਤਾ। ਮੈਂ ਅੱਗੇ ਚੱਲ ਕੇ ਦੱਸਣਾ ਚਾਹਾਂਗਾ ਕਿ ਇਹ ਕਿਹੜੇ ਟੈਕਸ ਲਗਾਉਣਗੇ। ਪੀਣ ਵਾਲੇ ਪਾਣੀ ਦੇ ਬਿਲਾਂ ਵਿੱਚ ਵਾਧਾ ਹੋਵੇਗਾ। ਸਿੰਚਾਈ ਲਈ ਜਿਹੜਾ ਪਾਣੀ ਜਾਂਦਾ ਹੈ, ਜਿਹੜਾ ਸਾਡੀ ਸਰਕਾਰ ਵੇਲੇ ਫਰੀ ਕੀਤਾ ਹੋਇਆ ਸੀ ਉਸਦੇ ਬਿਲਾਂ ਵਿੱਚ ਵੀ ਵਾਧਾ ਹੋਵੇਗਾ। ਇਨ੍ਹਾਂ ਨੇ ਆਪਣੀ ਸਪੀਚ ਵਿੱਚ ਜ਼ਿਕਰ ਕੀਤਾ ਹੈ। ਇਸੇ ਤਰ੍ਹਾਂ ਸੀਵਰੇਜ ਦੇ ਰੇਟਾਂ ਨੂੰ ਵੀ ਵਧਾਉਣ ਦੀ ਗੱਲ ਕੀਤੀ ਗਈ ਹੈ ਔਰ ਮੈਂ ਕਹਾਂਗਾ ਕਿ ਇਨ੍ਹਾਂ ਨੇ ਜਿਹੜਾ ਸਭ ਤੋਂ ਵੱਡਾ ਆਰਥਿਕ ਜਬਰ ਕੀਤਾ ਹੈ, ਉਹ ਸਾਡੇ ਪੰਜਾਬ ਦੇ ਜਿਹੜੇ ਸਭ ਤੋਂ ਵੱਧ ਸਹਾਇਤਾ ਪਾਤਰ ਹਨ, ਜਿਨ੍ਹਾਂ ਨੂੰ ਸਹਾਇਤਾ ਦੇਣ ਦੀ ਲੋੜ ਹੈ, ਸਾਡੇ ਜਿਹੜੇ ਸਟੂਡੈਂਟਸ ਹਨ, ਜਿਹੜੇ ਬੜੀ ਮਿਹਨਤ ਨਾਲ ਕੰਪੀਟੀਸ਼ਨਜ਼ ਲੜਨ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਨੂੰ ਵੀ ਇਨ੍ਹਾਂ ਨੇ ਨਹੀਂ ਬਖਸ਼ਿਆ। ਗਰੀਬ ਜਨਤਾ ਦੇ ਬੱਚੇ ਇਨ੍ਹਾਂ ਦੇ ਟੈਕਸਾਂ ਕਾਰਨ ਪੜ੍ਹਾਈ ਤੋਂ ਵਾਂਝੇ ਰਹਿ ਜਾਣਗੇ। ਵਿੱਤ ਮੰਤਰੀ ਸਾਹਿਬ ਨੇ ਐਲਾਨ ਕਰ ਦਿੱਤਾ ਕਿ ਟੈਕਨੀਕਲ ਐਜੂਕੇਸ਼ਨ, ਮੈਡੀਕਲ ਐਜੂਕੇਸ਼ਨ ਦੀਆਂ ਫੀਸਾਂ ਵਿਚ ਵਾਧਾ ਕੀਤਾ ਜਾਵੇਗਾ। ਯੂਜ਼ਰ ਚਾਰਜ਼ਿਜ਼ 300 ਕਰੋੜ ਰੁਪਏ ਦੇ ਲਗਾ ਦਿਤੇ ਗਏ ਹਨ ਅਤੇ ਫਿਰ ਕਹਿ ਦਿਤਾ ਕਿ ਅਸੀਂ ਪੰਜਾਬ ਦੇ ਅੰਦਰ ਚੁੰਗੀ ਖਤਮ ਕਰਾਂਗੇ ਅਤੇ ਇਸ ਦੀ ਥਾਂ ਇਕ ਨਵਾਂ ਟੈਕਸ 2% ਦੇ ਹਿਸਾਬ ਨਾਲ ਐਲ.ਏ.ਡੀ.ਟੀ. ਲਗਾਇਆ ਜਾਵੇਗਾ। ਮੈਂ ਅੱਗੇ ਜਾ ਕੇ ਐਲ.ਏ.ਡੀ.ਟੀ. ਬਾਰੇ ਵੀ ਦੱਸਾਂਗਾ ਕਿ ਇਸ ਦਾ ਵੇਰਵਾ ਕੀ ਹੈ। ਸਾਡੀ ਸਰਕਾਰ ਨੇ ਚੁੰਗੀ ਖਤਮ ਕੀਤੀ ਸੀ। ਸਾਡੀ ਸਰਕਾਰ ਨੇ ਪੰਜਾਬ ਦੇ ਸ਼ਹਿਰੀ ਵਰਗ ਨੂੰ ਔਰ ਵਪਾਰੀਆਂ ਨੂੰ ਰਾਹਤ ਦਿੱਤੀ ਸੀ। ਇਨ੍ਹਾਂ ਨੇ ਚੋਣਾਂ ਵਿੱਚ ਵਾਇਦਾ ਕੀਤਾ ਸੀ ਕਿ ਚੁੰਗੀ ਮੁਆਫ ਕਰਾਂਗੇ ਲੇਕਿਨ ਇਹ ਵਾਇਦੇ ਤੋਂ ਮੁੱਕਰ ਗਏ ਹਨ। ਇਨ੍ਹਾਂ ਨੇ ਦੁਬਾਰਾ ਚੁੰਗੀ ਲਗਾਈ ਤੇ ਪੰਜਾਬ ਦੇ ਸ਼ਹਿਰੀ ਵਰਗ ਤੇ 550 ਕਰੋੜ ਰੁਪਏ ਦਾ ਵਜ਼ਨ ਪਾਇਆ। ਹੁਣ ਇਹ ਐਲ.ਏ.ਡੀ.ਟੀ. ਲਗਾ ਕੇ 400 ਕਰੋੜ ਰੁਪਏ ਦਾ ਹੋਰ ਵਜ਼ਨ ਪਾ ਰਹੇ ਹਨ। 550 ਕਰੋੜ ਰੁਪਏ ਦਾ ਇਨ੍ਹਾਂ ਨੇ ਪਹਿਲਾਂ ਵਜ਼ਨ ਪਾਇਆ ਤੇ ਇਹ 400 ਕਰੋੜ ਰੁਪਏ ਦਾ ਹੋਰ ਫਾਲਤੂ ਵਜ਼ਨ ਪਾ ਰਹੇ ਹਨ। ਮੈਂ ਕਹਾਂਗਾ ਕਿ ਇਨ੍ਹਾਂ ਨੇ ਤਜਵੀਜ਼ ਬਣਾ ਲਈ ਹੈ ਤਾਂ ਕਿ ਸ਼ਹਿਰਾਂ ਦੇ ਲੋਕ ਆਪਣੀ ਆਪਣੀ ਜ਼ਿੰਦਗੀ ਵਧੀਆ ਢੰਗ ਨਾਲ ਬਤੀਤ ਨਾ ਕਰ ਸਕਣ। ਇਨ੍ਹਾਂ ਨੇ ਸ਼ਹਿਰੀ ਲੋਕਾਂ ਤੇ ਵਜ਼ਨ ਪਾਉਣਾ ਹੀ ਪਾਉਣਾ ਹੈ। ਸਾਡੀ ਸਰਕਾਰ ਨੇ ਸ਼ਹਿਰੀ ਵਰਗ ਦਾ ਹਾਊਸ ਟੈਕਸ ਮਾਫ ਕੀਤਾ ਸੀ ਪਰ ਇਨ੍ਹਾਂ ਦੀ ਸਰਕਾਰ ਨੇ ਹੁਕਮ ਜਾਰੀ ਕੀਤਾ ਕਿ ਅਸੀਂ ਹਾਊਸ ਟੈਕਸ ਦੁਬਾਰਾ ਲਾਗੂ ਕਰਾਂਗੇ। ਇਸ ਤਰ੍ਹਾਂ ਇਹ 60 ਕਰੋੜ ਰੁਪਏ ਦਾ ਬੋਝ ਸ਼ਹਿਰੀ ਵਰਗ ਤੇ ਪਾਉਣਗੇ। ਮੈਂ ਕਹਾਂਗਾ ਕਿ ਵਿੱਤ ਮੰਤਰੀ ਜੀ ਨੇ ਕਈ ਟੈਕਸ ਲੁੱਕ ਛੁੱਪ ਕੇ ਤਜਵੀਜ਼ਤ ਕੀਤੇ ਹਨ ਜਿਨ੍ਹਾਂ ਦਾ ਕੁੱਲ ਜੋੜ 3404.60 ਕਰੋੜ ਰੁਪਏ ਬਣਦਾ ਹੈ। ਇਹ ਟੈਕਸ ਬਜਟ ਤਜਵੀਜ਼ਾਂ ਵਿੱਚ ਲੁੱਕ ਛੁੱਪ ਕੇ ਸਿੱਧੇ ਅਤੇ ਅਸਿੱਧੇ ਤੌਰ ਤੇ ਲਗਾਉਣ ਦੀ ਤਜਵੀਜ਼ ਹੈ। ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਪੰਜਾਬ ਦੀ ਜਨਤਾ ਪਹਿਲਾਂ ਹੀ ਆਰਥਿਕ ਸੰਕਟ, ਆਰਥਿਕ ਤਕਲੀਫਾਂ ਵਿੱਚ ਘਿਰੀ ਹੋਈ ਹੈ। ਪਿਛਲੀ ਵਾਰੀ ਇਨ੍ਹਾਂ ਨੇ 3000 ਕਰੋੜ ਰੁਪਏ ਟੈਕਸ ਲਗਾਏ ਔਰ ਹੁਣ ਤਕਰੀਬਨ 3500 ਕਰੋੜ ਰੁਪਏ ਦੇ ਹੋਰ ਟੈਕਸ ਲਗਾ ਰਹੇ ਹਨ। ਇਸ ਤਰ੍ਹਾਂ, ਸਪੀਕਰ ਸਾਹਿਬ, ਇਹ ਟੈਕਸ ਲਗਾ ਕੇ ਪੰਜਾਬ ਦੀ ਜਨਤਾ ਦਾ ਲੱਕ ਤੋੜਨ ਵਾਲੀ ਗੱਲ ਹੋਵੇਗੀ। ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਗੱਲਾਂ ਆਖੀਆਂ, ਜੋ ਗੱਲਾਂ ਕਹੀਆਂ, ਮੈਂ ਕਹਾਂਗਾ ਕਿ ਇਹ ਉਸ ਤੇ ਪੂਰੇ ਨਹੀਂ ਉਤਰੇ। ਇਨ੍ਹਾਂ ਨੇ

Original with;
Punjab Vidhan Sabha
Digitized by:
Panjab Digital Library

30 ਰੁਪਏ ਪ੍ਰਤੀ ਕੁਇੰਟਲ ਝੋਨੇ ਤੇ ਬੋਨਸ ਦੇਣ ਦਾ ਐਲਾਨ ਕੀਤਾ ਪਰ ਇਹ ਪੂਰਾ ਨਹੀਂ ਕੀਤਾ ਗਿਆ। ਵਿੱਤ ਮੰਤਰੀ ਜੀ ਨੇ ਆਪਣੀ ਬਜਟ ਸਪੀਚ ਵਿੱਚ ਕਿਹਾ ਹੈ ਕਿ ਅਗਲੇ ਸਾਲ ਦੇਖਾਂਗੇ। ਇਹ ਲਾਰਾ ਲਾਉਂਦੇ ਹਨ। ਸਪੀਕਰ ਸਾਹਿਬ, ਤੁਹਾਨੂੰ ਵੀ ਯਾਦ ਹੋਵੇਗਾ ਔਰ ਮੈਨੂੰ ਲੱਗਦਾ ਹੈ ਕਿ ਵਿੱਤ ਮੰਤਰੀ ਜੀ ਇਸ ਦੇ ਉਪਾਸ਼ਕ ਲੱਗਦੇ ਹਨ ਕਿ ਪੰਜਾਬ ਵਿੱਚ ਗਾਣਾ ਚਲਿਆ ਸੀ : ਲਾਰਾ ਲੱਪਾ ਲਾਈ ਰੱਖਦੀ। ਸੋ, ਮੈਂ ਸਮਝਦਾ ਹਾਂ ਕਿ ਇਹ ਲਾਰਿਆਂ ਲੱਪਿਆਂ ਦੀ ਸਰਕਾਰ ਹੈ। ਮੇਰਾ ਖਿਆਲ ਹੈ ਕਿ ਇਨ੍ਹਾਂ ਨੇ ਲਾਰਾ ਲੱਪਾ ਲਾਈ ਰੱਖਦੀ ਵਾਲੀ ਫਿਲਮ ਦੇਖ ਲਈ ਹੈ ਔਰ ਲਾਰਾ ਲਗਾ ਕੇ ਸਾਲ-ਛੇ ਮਹੀਨੇ ਕੱਢਣ ਦੀ ਇਨ੍ਹਾਂ ਦੀ ਤਜਵੀਜ਼ ਹੈ। ਸਪੀਕਰ ਸਾਹਿਬ, ਅੱਜ ਪੰਜਾਬ ਦੀ ਜਨਤਾ ਇਨ੍ਹਾਂ ਦੇ ਲਾਰਿਆਂ, ਇਨ੍ਹਾਂ ਦੇ ਵਾਅਦਿਆਂ ਤੇ ਕੋਈ ਭਰੋਸਾ ਨਹੀਂ ਕਰਦੀ। ਇਨ੍ਹਾਂ ਦਾ ਇੱਕ ਸਾਲ ਵਿੱਚ ਭਰੋਸਾ ਖਤਮ ਹੋ ਗਿਆ ਹੈ, ਉਨ੍ਹਾਂ ਦਾ ਵਿਸ਼ਵਾਸ ਖਤਮ ਹੋ ਗਿਆ ਹੈ ਔਰ ਪੰਜਾਬ ਦੀ ਜਨਤਾ ਇਨ੍ਹਾਂ ਵੱਲੋਂ ਲਾਰੇ ਲੱਪੇ ਲਗਾਉਣ ਕਾਰਨ ਇਨ੍ਹਾਂ ਤੋਂ ਕਾਫੀ ਦੂਰ ਚਲੀ ਗਈ ਹੈ। ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਆਪਣੀ ਸਪੀਚ ਵਿੱਚ ਸਵੀਕਾਰ ਕੀਤਾ ਹੈ ਕਿ ਖੇਤੀਬਾੜੀ ਪੰਜਾਬ ਦੀ ਆਰਥਿਕਤਾ ਵਿੱਚ ਬੜਾ ਵੱਡਾ ਸਾਧਨ ਹੈ ਲੇਕਿਨ ਬਜਟ ਤਜਵੀਜ਼ਾਂ ਕਰਨ ਵੇਲੇ ਇਸ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਿਸਾਨਾਂ ਲਈ ਕੋਈ ਰਾਹਤ ਦੇਣ ਦਾ ਪ੍ਰੋਗਰਾਮ ਨਹੀਂ ਰਖਿਆ ਗਿਆ। ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਨਾ ਤਾਂ ਕੋਈ ਪ੍ਰੋਗਰਾਮ ਦਿੱਤਾ ਗਿਆ ਹੈ ਅਤੇ ਨਾ ਹੀ ਕੋਈ ਠੋਸ ਨੀਤੀ ਦੇਣ ਦੀ ਗੱਲ ਕੀਤੀ ਗਈ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਕਿਸਾਨ ਨੂੰ ਆਰਥਿਕ ਸੰਕਟ ਵਿੱਚੋਂ ਕੱਢਣ ਲਈ ਕੋਈ ਰਾਹਤ ਦੇਣ ਦੀ ਤਜਵੀਜ਼ ਨਹੀਂ ਰੱਖੀ। ਇਸ ਲਈ ਮੈਂ ਕਹਾਂਗਾ ਕਿ ਸਰਕਾਰ ਇਸ ਪੱਖੋਂ ਬਿਲਕੁਲ ਫੇਲ੍ਹ ਹੋ ਗਈ ਹੈ। ਇਹ ਸਰਕਾਰ ਪੰਜਾਬ ਦੀ ਕਿਸਾਨੀ ਦੀ ਆਰਥਿਕਤਾ ਨੂੰ ਬਹਾਲ ਕਰਨ ਲਈ ਪੂਰੀ ਤਰ੍ਹਾਂ ਫੇਲ੍ਹ ਹੋਈ ਹੈ। ਫੇਲ੍ਹ ਇਸ ਕਰਕੇ ਵੀ ਹੋਈ ਕਿਉਂਕਿ ਇਸ ਨੇ ਛੋਟੇ ਅਤੇ ਮੱਧਮ ਵਰਗ ਦੇ ਕਿਸਾਨਾਂ ਨੂੰ ਬਿਲਕੁਲ ਅੱਖੋਂ ਪਰੋਖੇ ਕਰ ਦਿੱਤਾ ਹੈ। ਉਨ੍ਹਾਂ ਨੂੰ ਬਿਜਲੀ ਦੇ ਬਿਲ ਪ੍ਰਾਪਤ ਹੋ ਰਹੇ ਹਨ ਔਰ ਬਿਜਲੀ ਦੇ ਬਿਲ ਵਧਾਏ ਜਾ ਰਹੇ ਹਨ। ਇਸ ਕਰਕੇ ਉਹ ਕਿਸਾਨ ਤਬਾਹ ਹੋ ਰਹੇ ਹਨ। ਮੇਰੇ ਕੋਲ ਇਨ੍ਹਾਂ ਦੇ ਕਾਗਜ਼ ਹਨ। ਮੈਂ ਹੈਲਦੀ ਗੱਲ ਕਹਾਂਗਾ। ਇਸੇ ਤਰ੍ਹਾਂ ਕਿਹਾ ਗਿਆ ਹੈ ਕਿ ਕਾਂਗਰਸ ਪਾਰਟੀ ਜਿਹੜੀ ਹੈ ਇਹ ਬੁਨਿਆਦੀ ਤੌਰ ਤੇ ਮੁੱਢਲੇ ਰੂਪ ਵਿੱਚ, ਜਿਸ ਦਿਨ 1950—1952 ਤੋਂ ਇਨ੍ਹਾਂ ਨੇ ਪੰਜਾਬ ਅਤੇ ਦੇਸ਼ ਦੇ ਵਿੱਚ ਸੱਤਾ ਸੰਭਾਲੀ ਹੈ ਉਦੋਂ ਤੋਂ ਹੀ ਇਹ ਪਾਰਟੀ ਕਿਸਾਨ ਵਿਰੋਧੀ, ਕਿਸਾਨ ਦੀ ਆਰਥਿਕਤਾ ਨੂੰ ਖਤਮ ਕਰਨ ਵਾਸਤੇ, ਕਿਸਾਨੀ ਨੂੰ ਕੁਚਲਣ ਵਾਸਤੇ ਜ਼ਿੰਮੇਵਾਰ ਰਹੀ ਹੈ। ਪੰਜਾਬ ਦੇ ਕਿਸਾਨ ਨੂੰ ਕੁਚਲ ਕੇ ਰੱਖਣ ਲਈ ਅੱਜ ਵੀ ਇਸ ਮਹਾਨ ਸਦਨ ਵਿੱਚ ਇਨ੍ਹਾਂ ਵੱਲੋਂ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ ਹਨ। ਸਪੀਕਰ ਸਾਹਿਬ, ਮਾਨਯੋਗ ਵਿੱਤ ਮੰਤਰੀ ਜੀ ਨੇ ਜਦੋਂ ਭਾਸ਼ਣ ਦਿੱਤਾ ਕਿ ਅਸੀਂ ਪਹਿਲੀ ਜੁਲਾਈ, 2003 ਤੋਂ ਚੁੰਗੀ ਖਤਮ ਕਰ ਰਹੇ ਹਾਂ ਤਾਂ ਇਥੇ ਬੜੇ ਟੇਬਲ ਥਪ-ਥਪਾ ਕੇ, ਬੜਾ ਰੌਲਾ ਪਾਇਆ, ਬੜੀ ਬੱਲੇ ਬੱਲੇ ਹੋਈ। ਲੇਕਿਨ ਜੇ ਚੁੰਗੀ ਖਤਮ ਹੋਈ ਹੁੰਦੀ ਤਾਂ ਮੈਂ ਵੀ ਟੇਬਲ ਥਪਕਾ ਦਿੰਦਾ, ਸਾਡੇ ਵਾਲੇ ਵੀ ਟੇਬਲ ਥਪਕਾ ਦਿੰਦੇ। ਸਪੀਕਰ ਸਾਹਿਬ, ਉਸ ਵਿੱਚ ਵੀ ਧੋਖਾ ਹੈ। ਇਹ ਚੁੰਗੀ ਖਤਮ ਨਹੀਂ ਕਰ ਰਹੇ। ਇਨ੍ਹਾਂ ਨੇ ਚੁੰਗੀ ਦਾ ਨਾਮ ਬਦਲ ਕੇ ਐਲ.ਏ.ਡੀ.ਟੀ. ਰੱਖ ਦਿੱਤਾ ਹੈ, ਇਹ ਟੈਕਸ ਰਹੇਗਾ ਹੀ ਨਹੀਂ ਬਲਕਿ ਟੈਕਸ ਵਧੇਗਾ। ਇਨ੍ਹਾਂ ਨੇ ਉਸ ਦਾ ਨਾਮ ਬਦਲ ਦਿੱਤਾ ਪਰ ਇਹ ਫਿਰ ਵੀ ਟੇਬਲ ਵਜਾਉਂਦੇ ਰਹੇ ਕਿ ਚੁੰਗੀ ਖਤਮ ਕਰ ਦਿੱਤੀ ਗਈ ਹੈ। ਮੈਂ ਕਹਾਂਗਾ ਕਿ ਇਕੱਲਾ ਇੰਨਾ ਹੀ ਨਹੀਂ ਕਰਿਆ ਬਲਕਿ ਇਨ੍ਹਾਂ ਨੇ ਜਿਹੜਾ ਟੈਕਸ ਲਗਾਇਆ ਹੈ ਅਤੇ ਚੁੰਗੀ ਖਤਮ ਕਰਨ ਦੀ ਗੱਲ ਕੀਤੀ ਹੈ, ਇਸ ਤੋਂ ਪਹਿਲਾਂ ਮਿਉਂਸਿਪਲ ਕਮੇਟੀਆਂ ਸਿੱਧਾ ਟੈਕਸ ਕੁਲੈਕਟ

Original with;
Punjab Vidhan Sabha
Digitized by;

[ਕੈਪਟਨ ਕੰਵਲਜੀਤ ਸਿੰਘ]

ਕਰਦੀਆਂ ਸਨ, ਜਿਸ ਨਾਲ ਮਿਊਂਸਿਪਲ ਕਮੇਟੀਆਂ ਨੂੰ ਹਰ ਰੋਜ਼ ਆਮਦਨ ਹੁੰਦੀ ਸੀ। ਹੁਣ ਇਸ ਲੋਕਲ ਮਿਊਂਸਿਪਲ ਟੈਕਸ ਨੂੰ ਬਦਲ ਕੇ ਇਨ੍ਹਾਂ ਨੇ ਸਟੇਟ ਪੱਧਰ ਤੇ ਟੈਕਸ ਲਗਾਉਣ ਦਾ ਫੈਸਲਾ ਕੀਤਾ ਹੈ, ਜਿਸ ਨਾਲ ਇਹ ਵੀ ਮੰਨਣਗੇ ਕਿ ਜਿਹੜੀਆਂ ਇਸ ਟੈਕਸ ਦੀਆਂ ਵੱਖ-ਵੱਖ ਮਿਊਂਸਿਪਲ ਕਮੇਟੀਆਂ ਨੂੰ ਅਦਾਇਗੀਆਂ ਹੋਣੀਆਂ ਹਨ, ਉਸ ਵਿੱਚ ਦੇਰੀ ਹੋਏਗੀ। ਉਸ ਵਿੱਚ ਬੇਲੋੜੀਆਂ ਪ੍ਰਸ਼ਾਸਕੀ ਰੁਕਾਵਟਾਂ ਆਉਣਗੀਆਂ। ਇਸ ਦੇ ਨਾਲ, ਮੈਂ ਸਪੀਕਰ ਸਾਹਿਬ, ਕਹਾਂਗਾ ਕਿ ਸਾਡੀਆਂ ਮਿਊਂਸਿਪਲ ਕਮੇਟੀਆਂ ਨੂੰ ਸਮੇਂ ਸਿਰ ਪੈਸੇ ਨਾ ਮਿਲਣ ਕਾਰਨ ਲਾਜ਼ਮੀ ਤੌਰ ਤੇ ਸ਼ਹਿਰੀ ਵਿਕਾਸ ਵਿੱਚ ਖੜੋਤ ਆਏਗੀ। ਇਹ ਕਹਿੰਦੇ ਹਨ ਕਿ ਅਸੀਂ ਚੁੰਗੀ ਖਤਮ ਕਰੀ ਹੈ ਲੇਕਿਨ ਮੈਂ ਕਹਾਂਗਾ ਕਿ, ਸਪੀਕਰ ਸਾਹਿਬ, ਇਨ੍ਹਾਂ ਨੇ ਐਲ.ਏ.ਡੀ.ਟੀ. ਲਾਇਆ ਹੈ। ਚੁੰਗੀ ਨਾਲ 550 ਕਰੋੜ ਰੁਪਏ ਦਾ ਪੰਜਾਬ ਦੀ ਸ਼ਹਿਰੀ ਜਨਤਾ ਦੇ ਉਪਰ, ਪੰਜਾਬ ਦੇ ਵਪਾਰੀ ਉਪਰ ਭਾਰ ਪੈਂਦਾ ਸੀ। ਇਨ੍ਹਾਂ ਨੇ ਕਿਹਾ ਇਹ ਥੋੜ੍ਹਾ ਹੈ, ਹੋਰ ਗਲਾ ਘੁੱਟਿਆ ਜਾ ਸਕਦਾ ਹੈ। ਹੋਰ ਗਲਾ ਘੁੱਟ ਕੇ ਇਨ੍ਹਾਂ ਵੱਲੋਂ ਐਲ.ਏ.ਡੀ.ਟੀ. ਜਿਹੜਾ 2% ਮੁੱਲ ਦੇ ਆਧਾਰ ਤੇ ਲਾਇਆ ਜਾਵੇਗਾ, ਉਸ ਨਾਲ ਪੰਜਾਬ ਦੀ ਸ਼ਹਿਰੀ ਜਨਤਾ, ਵਪਾਰੀ ਉਪਰ ਅਤੇ ਦੂਸਰੇ ਖਰੀਦਦਾਰਾਂ ਦੇ ਉਪਰ, ਸਪੀਕਰ ਸਾਹਿਬ, 400 ਕਰੋੜ ਰੁਪਏ ਦਾ ਫਾਲਤੂ ਵਜ਼ਨ ਪਵੇਗਾ। ਮੈਂ ਮਿਸਾਲ ਦਿੰਦਾ ਹਾਂ। ਮੈਂ ਦੋ ਮਿਸਾਲਾਂ ਦੇ ਕੇ ਸਿੱਧ ਕਰਾਂਗਾ ਕਿ ਇਹ ਕਿਵੇਂ ਹੋਏਗਾ। ਜੇਕਰ ਅਸੀਂ ਵੇਖ ਲਈਏ ਕਿ ਟਰੈਕਟਰ ਜਿਹੜੇ ਹਨ, ਉਨ੍ਹਾਂ ਤੇ ਮੌਜੂਦਾ ਚੁੰਗੀ 100 ਰੁਪਏ ਲਗਦੀ ਹੈ ਪਰ ਜਿਹੜਾ ਵਿੱਤ ਮੰਤਰੀ ਜੀ ਨੇ ਪ੍ਰਸਤਾਵਿਤ ਕੀਤਾ ਹੈ ਅਤੇ ਸਰਕਾਰ ਨੇ ਮਨਜ਼ੂਰੀ ਦਿੱਤੀ ਹੈ ਕਿ ਐਲ.ਏ.ਡੀ.ਟੀ. ਲੱਗੇਗਾ, ਮੈਂ ਕਹਾਂਗਾ ਕਿ ਪੰਜਾਬ ਦੇ ਅੰਦਰ ਸਾਰੇ ਸ਼ਹਿਰਾਂ ਵਿੱਚ ਆਉਂਦੇ ਹੋਏ ਟਰੈਕਟਰਾਂ ਦੇ ਉਪਰ 4000 ਰੁਪਏ ਤੋਂ ਲੈ ਕੇ 8000 ਰੁਪਏ ਤੱਕ ਐਲ.ਏ.ਡੀ.ਟੀ. ਲੱਗੇਗਾ। ਇਸ ਨਾਲ ਟਰੈਕਟਰਾਂ ਦੀ ਕੀਮਤ ਵਧੇਗੀ। ਇਸ ਤਰ੍ਹਾਂ ਮੈਂ ਕਹਾਂਗਾ ਕਿ ਪੰਜਾਬ ਦੇ ਵਿੱਚੋਂ ਫਿਰ ਕੋਈ ਟਰੈਕਟਰ ਨਹੀਂ ਖਰੀਦੇਗਾ। ਇਸੇ ਤਰ੍ਹਾਂ ਮੈਂ ਹੋਰ ਮਿਸਾਲਾਂ ਦਿੰਦਾ ਹਾਂ। ਇਹ ਗੱਲ ਆਖਾਂਗਾ, ਸਪੀਕਰ ਸਾਹਿਬ, ਕਿ ਜਿਹੜੀਆਂ ਇਥੇ ਟਰੱਕਾਂ ਅਤੇ ਬੱਸਾਂ ਦੀਆਂ ਚੈਸੀਆਂ ਹਨ, ਅੱਜ ਪੰਜਾਬ ਵਿੱਚ ਹਰ ਗਰੀਬ ਵਿਅਕਤੀ, ਹਰ ਸਾਧਾਰਨ ਵਿਅਕਤੀ ਆਪਣੀ ਰੋਜ਼ੀ ਰੋਟੀ ਅਤੇ ਬੱਚੇ ਪਾਲਣ ਵਾਸਤੇ ਕੋਈ ਟਰੱਕ ਪਾ ਲੈਂਦਾ ਹੈ। 5-6 ਬੰਦੇ ਮਿਲ ਕੇ ਟਰੱਕ ਜਾਂ ਬੱਸ ਪਾ ਲੈਂਦੇ ਹਨ ਤਾਂ ਕਿ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕੀਤਾ ਜਾ ਸਕੇ। ਇਨ੍ਹਾਂ ਨੇ, ਸਪੀਕਰ ਸਾਹਿਬ, ਉਹ ਵੀ ਨਹੀਂ ਬਖਸ਼ਿਆ। ਮੈਂ ਕਹਾਂਗਾ ਕਿ ਅੱਜ ਟਰੱਕ ਅਤੇ ਬੱਸਾਂ ਦੀਆਂ ਚੈਸੀਆਂ ਉਪਰ ਜੋ ਚੁੰਗੀ 1000 ਰੁਪਏ ਲਗਦੀ ਹੈ ਤਾਂ ਜਿਹੜਾ ਇਹ ਪ੍ਰਸਤਾਵਿਤ ਕਰ ਰਹੇ ਹਨ, ਉਸ ਦੇ ਨਾਲ ਬੱਸਾਂ ਅਤੇ ਟਰੱਕਾਂ ਦੀਆਂ ਚੈਸੀਆਂ ਉਪਰ 12000 ਰੁਪਏ ਟੈਕਸ ਪਵੇਗਾ। ਜਿਹੜੇ ਇਹ ਥੱਪੜ-ਥੱਪੜ ਮਾਰ ਰਹੇ ਸਨ, ਟੇਬਲ ਖੜਕਾ ਰਹੇ ਸਨ, ਹੁਣ ਉਨ੍ਹਾਂ ਤੇ 12000 ਰੁਪਿਆ ਚੈਸੀ ਪਿੱਛੇ ਵੱਧ ਲੱਗੇਗਾ। ਮੈਂ ਵਿੱਤ ਮੰਤਰੀ ਜੀ ਨੂੰ ਸੁਚੇਤ ਕਰਾਂਗਾ। ਇਸੇ ਤਰ੍ਹਾਂ ਹੋਰ ਮਿਸਾਲਾਂ ਵੀ ਹਨ। ਮੈਂ ਸਾਰਾ ਸਮਾਂ ਨਹੀਂ ਲੈਣਾ ਚਾਹੁੰਦਾ। ਵੇਰਵੇ ਪੂਰਵਕ ਸੈਂਕੜੇ ਐਸੀਆਂ ਮਿਸਾਲਾਂ ਹਨ, ਜਿਸ ਨਾਲ ਮੈਂ ਕਹਾਂਗਾ ਕਿ ਐਲ.ਏ.ਡੀ.ਟੀ. ਲੱਗਣ ਨਾਲ, ਸਪੀਕਰ ਸਾਹਿਬ, ਪੰਜਾਬ ਦਾ ਵਪਾਰੀ ਤਬਾਹ ਹੋਏਗਾ, ਪੰਜਾਬ ਦਾ ਵਪਾਰੀ ਖਤਮ ਹੋਏਗਾ। ਕਿਸਾਨ ਟਰੈਕਟਰ ਦੂਸਰੇ ਸੂਬਿਆਂ ਵਿੱਚੋਂ ਖਰੀਦਣਗੇ। ਜਿਥੇ ਟੈਕਸ ਨਹੀਂ ਹੈ, ਉਥੋਂ ਸਸਤਾ ਮਾਲ ਲੈਣਗੇ। ਇਸੇ ਤਰ੍ਹਾਂ ਹੀ ਇਹ ਟੈਕਸ ਡੀਜ਼ਲ ਤੇ ਵੀ ਲਗੇਗਾ ਤੇ ਪੈਟਰੋਲ ਤੇ ਵੀ ਲਗੇਗਾ ਤੇ ਬਾਕੀ ਮਾਲ ਤੇ ਵੀ ਲਗੇਗਾ। ਸਪੀਕਰ ਸਾਹਿਬ, ਇਕ ਗੱਲ ਦਾ ਮੈਂ ਇਥੇ ਜ਼ਿਕਰ ਕਰਦਾ ਹਾਂ ਕਿ ਇਨ੍ਹਾਂ ਨੂੰ ਪਤਾ ਨਹੀਂ ਕਾਹਦੀ ਕਿੜ ਹੈ, ਇਸ

Original with;
Punjab Vidhan Sabha
Digitized by;
Panjab Digital Library

ਸਰਕਾਰ ਨੂੰ ਪਤਾ ਨਹੀਂ ਸਮਝ ਨਹੀਂ, ਕਿ ਪੰਜਾਬ ਦਾ ਜਿਹੜਾ ਸਰਕਾਰੀ ਕਰਮਚਾਰੀ ਹੈ ਉਨ੍ਹਾਂ ਨੂੰ ਬਾਦਲ ਸਰਕਾਰ ਦੀਆਂ ਜਿਹੜੀਆਂ ਪਾਲਿਸੀਆਂ ਸਨ ਉਨ੍ਹਾਂ ਦੇ ਅਨੁਸਾਰ ਉਨ੍ਹਾਂ ਮੁਲਾਜ਼ਮਾਂ ਨੂੰ 1200 ਕਰੋੜ ਰੁਪਿਆ ਦਿੱਤਾ ਸੀ ਔਰ ਇਸ ਗੱਲ ਦੀ ਖੁਸ਼ੀ ਕਰਕੇ ਹੀ ਪੰਜਾਬ ਦੇ ਮੁਲਾਜ਼ਮ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਨਾਲ ਆਏ। ਪਤਾ ਨਹੀਂ ਇਸ ਸਰਕਾਰ ਨੂੰ ਉਨ੍ਹਾਂ ਮੁਲਾਜ਼ਮਾਂ ਦੇ ਨਾਲ ਕਾਹਦੀ ਕਿੜ ਹੈ, ਉਨ੍ਹਾਂ ਦੇ ਨਾਲ ਇਹ ਨਰਾਜ਼ ਹੋ ਗਏ ਹਨ। ਉਨ੍ਹਾਂ ਤੋਂ ਇਹ ਆਪਣੀ ਰਾਜਨੀਤਿਕ ਕਿੜ ਕੱਢਣ ਵਾਸਤੇ ਜਿਸ ਦਿਨ ਦੀ ਵੀ ਇਹ ਸਰਕਾਰ ਆਈ ਇਨ੍ਹਾਂ ਨੇ ਪੰਜਾਬ ਦੇ ਮੁਲਾਜ਼ਮਾਂ ਨੂੰ ਪੀਸ ਕੇ ਰੱਖ ਦਿੱਤਾ ਹੈ, ਕਰਮਚਾਰੀ ਵਰਗ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਇੱਕ ਗੱਲ ਦੇ ਉਤੇ ਬੜੇ ਮੇਜ਼ ਖੜਕਾਏ ਕਿ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਦੇ ਲਈ ਐਲ.ਟੀ.ਸੀ. ਦੀ ਸਹੂਲਤ ਬਹਾਲ ਕਰ ਦਿੱਤੀ ਹੈ, ਇਹ ਐਲ.ਟੀ.ਸੀ. ਕਿਸ ਨੇ ਵਾਪਸ ਲਈ ਸੀ, ਇਹ ਵੀ ਤਾਂ ਪਿਛਲੇ ਸਾਲ ਵਿੱਤ ਮੰਤਰੀ ਜੀ ਨੇ ਹੀ ਵਾਪਸ ਲਈ ਸੀ। ਸਪੀਕਰ ਸਾਹਿਬ, ਇਹ ਲਾਗੂ ਕਿਉਂ ਕੀਤੀ ਹੈ, ਇਹ ਇਸ ਕਰਕੇ ਕੀਤੀ ਹੈ ਕਿਉਂਕਿ ਭਾਰਤ ਸਰਕਾਰ ਨੇ ਹਦਾਇਤ ਕਰ ਦਿੱਤੀ ਹੈ, ਭਾਰਤ ਸਰਕਾਰ ਨੇ ਹੁਕਮ ਕਰ ਦਿੱਤਾ ਹੈ ਕਿ ਜਿਹੜੀ ਐਲ.ਟੀ.ਸੀ. ਦੀ ਪ੍ਰੋਵੀਜ਼ਨ ਹੈ ਕਰਮਚਾਰੀਆਂ ਦੀ ਉਸ ਸਹੂਲਤ ਨੂੰ ਦੁਬਾਰਾ ਲਾਗੂ ਕੀਤਾ ਜਾਵੇ। ਕੀਤਾ ਭਾਰਤ ਸਰਕਾਰ ਨੇ ਤੇ ਬੈਂਚ ਇਹ ਖੜ੍ਹਕਾ ਰਹੇ ਹਨ। ਇਹ ਇਨ੍ਹਾਂ ਨੇ ਬੰਦ ਕੀਤੀ ਸੀ, ਆਪਣੇ ਬਜਟ ਦੇ ਵਿੱਚ ਔਰ ਇਹ ਰਿਕਾਰਡ ਦੇ ਉਤੇ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਕਰਮਚਾਰੀਆਂ ਦੇ ਨਾਲ ਅਜਿਹੀਆਂ ਅਜਿਹੀਆਂ ਗੱਲਾਂ ਤੇ ਵਾਅਦੇ ਕੀਤੇ ਸਨ ਕਿ ਤੁਹਾਡੇ ਲਈ 4-9-14 ਦਾ ਫਾਰਮੂਲਾ ਲਾਗੂ ਕਰਾਂਗੇ, ਉਨ੍ਹਾਂ ਦੇ ਨਾਲ ਇਹ ਵਾਅਦਾ ਕੀਤਾ ਕਿ ਅਸੀਂ ਸਮਾਂ ਬੱਧ ਪੇ-ਸਕੇਲ ਲਾਗੂ ਕਰਾਂਗੇ, ਕੇਂਦਰ ਪੈਟਰਨ ਦੇ ਉਤੇ ਜਿਹੜਾ ਪੰਜ ਸਾਲ ਦਾ ਬੋਨਸ ਹੈ ਉਹ ਵੀ ਦਿਆਂਗੇ ਔਰ ਇਹ ਵੀ ਵਾਅਦਾ ਕੀਤਾ ਸੀ ਕਿ 500 ਰੁਪਿਆ ਪ੍ਰਤੀ ਮਹੀਨਾ ਮੈਡੀਕਲ ਅਲਾਉਂਸ ਦਾ ਪੰਜਾਬ ਦੇ ਸਰਕਾਰੀ ਕਰਮਚਾਰੀਆਂ ਨੂੰ ਦਿਆਂਗੇ। ਇਸੇ ਤਰ੍ਹਾਂ, ਸਪੀਕਰ ਸਾਹਿਬ, ਜਿਹੜੇ ਸਾਡੇ ਪੈਨਸ਼ਨਰ ਬਜ਼ੁਰਗ ਹਨ, ਜਿਨ੍ਹਾਂ ਦੇ ਨਾਲ ਹਰ ਸਮੇਂ ਬੜੇ ਹੀ ਧਿਆਨ ਔਰ ਹਮਦਰਦੀ ਦੇ ਨਾਲ ਪੇਸ਼ ਆਉਣ ਦੀ ਲੋੜ ਹੈ, ਸਪੀਕਰ ਸਾਹਿਬ, ਉਨ੍ਹਾਂ ਸਾਰਿਆਂ ਦੇ ਵਾਸਤੇ ਇਨ੍ਹਾਂ ਨੇ ਇਸ ਬਜਟ ਦੇ ਵਿੱਚ ਕੁਝ ਨਹੀਂ ਰੱਖਿਆ ਤੇ ਪੂਰਨ ਤੌਰ ਤੇ ਅੱਖੋਂ ਪਰੋਖੇ ਕਰ ਦਿੱਤਾ ਹੈ, ਕਿਤੇ ਵੀ ਜਿਕਰ ਨਹੀਂ ਆਇਆ ਹੈ, ਇਨ੍ਹਾਂ ਨੇ ਕਰਮਚਾਰੀਆਂ ਨੂੰ, ਪੈਨਸ਼ਨਰਜ਼ ਨੂੰ ਕੁਚਲ ਕੇ ਰਖ ਦਿੱਤਾ ਹੈ। ਇਨ੍ਹਾਂ ਨੇ ਤਾਂ ਵੋਟਾਂ ਲੈਣ ਦੇ ਲਈ ਵਾਅਦੇ ਕੀਤੇ ਸਨ ਔਰ ਵੋਟਾਂ ਲੈਣ ਤੋਂ ਬਾਅਦ ਇਨ੍ਹਾਂ ਨੇ ਆਪਣਾ ਝੱਗਾ ਝਾੜ ਦਿੱਤਾ ਹੈ। ਹੁਣ ਇਨ੍ਹਾਂ ਮੁਲਾਜ਼ਮਾਂ ਦਾ ਇਸ ਦੀ ਸਰਕਾਰ ਦੇ ਉਤੋਂ ਭਰੋਸਾ ਉਠ ਗਿਆ ਹੈ ਤੇ ਉਨ੍ਹਾਂ ਨੂੰ ਪਤਾ ਲਗ ਗਿਆ ਹੈ ਕਿ ਇਹ ਸਰਕਾਰ ਸਿਰਫ਼ ਵੋਟਾਂ ਬਟੋਰਨ ਤੱਕ ਹੀ ਸੀਮਤ ਹੈ। ਇਸ ਤੋਂ ਇਲਾਵਾ ਇਨ੍ਹਾਂ ਨੇ ਪੁਲਿਸ ਦੇ ਰਾਹੀਂ, ਉਸ ਦੀ ਗਲਤ ਵਰਤੋਂ ਕਰਕੇ ਲੋਕਾਂ ਦੇ ਨਾਲ ਕਿੜ ਕੱਢਣ ਲਈ ਝੂਠੇ ਕੇਸ ਬਣਾਏ ਹਨ। ਇਹ ਕਹਿੰਦੇ ਹਨ ਕਿ ਅਸੀਂ ਮਿਉਂਸਿਪਲ ਕਮੇਟੀਆਂ ਦੀਆਂ ਚੋਣਾਂ ਜਿੱਤੀਆਂ ਹਨ, ਇਨ੍ਹਾਂ ਦੀ ਵਾਰੀ ਆਉਣ ਵਾਲੀ ਹੈ ਤੇ ਇਨ੍ਹਾਂ ਨੂੰ ਇਹ ਪਤਾ ਲਗ ਜਾਵੇਗਾ ਕਿ ਕਿਸ ਤਰ੍ਹਾਂ ਮਿਉਂਸਿਪਲ ਕਮੇਟੀ ਦੀਆਂ ਔਰ ਕਿਸ ਤਰ੍ਹਾਂ ਨਗਰ ਪਾਲਿਕਾਵਾਂ ਦੀਆਂ ਚੋਣਾਂ ਜਿੱਤੀਆਂ ਹਨ। ਸਪੀਕਰ ਸਾਹਿਬ, ਅੱਜ ਪੰਜਾਬ ਦੇ ਅੰਦਰ ਜੋ ਅਮਨ ਤੇ ਕਾਨੂੰਨ ਦੀ ਹਾਲਤ ਹੈ, ਜੋ ਅੱਜ ਪੰਜਾਬ ਦੇ ਅੰਦਰ ਲੋਕਾਂ ਦੇ ਇਨਸਾਫ ਅਤੇ ਜਮਹੂਰੀਅਤ ਦੀ ਹਾਲਤ ਹੈ ਉਸ ਬਾਰੇ ਮੈਂ ਕਹਾਂਗਾ ਕਿ ਕਿਸੇ ਵੇਲੇ ਸਾਰੇ ਹਿੰਦੁਸਤਾਨ ਦੇ ਵਿੱਚ ਕਿਹਾ ਜਾਂਦਾ ਸੀ, ਸਾਰੀ ਦੁਨੀਆਂ ਦੇ ਵਿੱਚ ਇਸ ਗੱਲ ਦੀ ਜਾਣਕਾਰੀ ਹੁੰਦੀ ਸੀ ਕਿ ਉਥੇ ਕੀ ਹੈ। ਲੇਕਿਨ ਸਪੀਕਰ ਸਾਹਿਬ, ਅੱਜ ਜਿਸ ਦਿਨ ਦੀ ਇਹ ਕਾਂਗਰਸ ਦੀ ਸਰਕਾਰ ਇਸ ਪੰਜਾਬ ਦੇ ਵਿੱਚ ਆਈ ਹੈ ਇਨ੍ਹਾਂ ਨੇ ਅੱਜ ਪੰਜਾਬ ਨੂੰ

Original with;
Punjab Vidhan Sabha
Digitized by;

[ਕੈਪਟਨ ਕੰਵਲਜੀਤ ਸਿੰਘ]

ਬਿਹਾਰ ਬਣਾ ਕੇ ਰੱਖ ਦਿੱਤਾ ਹੈ। ਇਸ ਕਾਂਗਰਸ ਦੀ ਸਰਕਾਰ ਨੇ ਅਮਨ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਪੰਜਾਬ ਦੀ ਪੁਲਿਸ ਦੀ ਦੁਰਵਰਤੋਂ ਕਰਕੇ ਆਪਣੇ ਰਾਜਸੀ ਵਿਰੋਧੀਆਂ ਤੇ ਝੂਠੇ ਕੇਸ ਤੇ ਪ੍ਰਸ਼ਾਸਨਿਕ ਦਬਾਅ ਪਾਉਣ ਵਾਸਤੇ ਕਾਨੂੰਨ ਦੀ ਦੁਰਵਰਤੋਂ ਕੀਤੀ ਹੈ। ਇਸ ਦੇ ਲਈ ਮੈਂ ਕਹਾਂਗਾ ਕਿ ਸ਼੍ਰੋਮਣੀ ਅਕਾਲੀ ਦਲ ਔਰ ਭਾਰਤੀ ਜਨਤਾ ਪਾਰਟੀ ਇਨ੍ਹਾਂ ਨੂੰ ਕਾਨੂੰਨ ਦੀਆਂ ਧੱਜੀਆਂ ਉਡਾਉਣ ਔਰ ਸੰਵਿਧਾਨ ਦੇ ਉਲਟ ਕੰਮ ਕਰਨ ਵਾਸਤੇ ਕਿਸੇ ਕਿਸਮ ਦੀ ਕੋਈ ਆਗਿਆ ਨਹੀਂ ਦੇਣ ਦੇਵੇਗੀ। ਸਪੀਕਰ ਸਾਹਿਬ, ਕਾਂਗਰਸ ਪਾਰਟੀ ਨੇ ਕਈ ਵਾਰ ਵਾਅਦੇ ਕੀਤੇ ਹਨ ਕਿ ਜੋ ਸਾਡੇ ਅਨੁਸੂਚਿਤ ਜਾਤੀਆਂ ਔਰ ਪੱਛੜੀਆਂ ਸ਼੍ਰੇਣੀਆਂ ਦੇ ਲੋਕ ਹਨ ਉਨ੍ਹਾਂ ਦੇ ਅਸੀਂ ਹੀ ਰਖਵਾਲੇ ਹਾਂ। ਲੇਕਿਨ ਇਸ ਗੱਲ ਦਾ ਬੜਾ ਅਫਸੋਸ ਹੈ, ਬੜਾ ਦੁੱਖ ਹੈ ਕਿ ਇਹ ਸਾਰੀਆਂ ਗੱਲਾਂ ਰਾਜਨੀਤਿਕ ਮੰਚ ਤਕ ਹੀ ਸੀਮਤ ਹਨ, ਇਸ ਸਟੇਜ ਤੋਂ ਬਾਹਰ ਨਿਕਲ ਕੇ ਉਨ੍ਹਾਂ ਦੇ ਲਈ ਸਾਰਾ ਕੁਝ ਝਾੜ ਦਿੱਤਾ, ਸਾਰਾ ਕੁਝ ਭੁੱਲ ਗਏ ਹਨ ਹਾਲਾਂਕਿ ਵਿੱਤ ਮੰਤਰੀ ਇਸ ਗੱਲ ਨੂੰ ਜਾਣਦੇ ਹਨ ਕਿ ਪੰਜਾਬ ਦੇ ਵਿੱਚ ਅਨੁਸੂਚਿਤ ਜਾਤੀਆਂ ਔਰ ਦਲਿਤ ਵਰਗ ਦੀ ਅੱਜ 31% ਆਬਾਦੀ ਹੋ ਗਈ ਹੈ। ਲੇਕਿਨ ਕੀ ਇਨ੍ਹਾਂ ਨੇ ਪੰਜਾਬ ਦੀ 1/3 ਵੱਸੋਂ ਲਈ ਆਪਣੇ ਬਜਟ ਵਿੱਚ ਮਾਲੀ ਸਹਾਇਤਾ ਦਾ ਜ਼ਿਕਰ ਕੀਤਾ ਹੈ ? ਬਾਕੀ ਮੈਂ ਕੱਲ੍ਹ ਲਾਲਟੈਨ ਮੰਗਵਾ ਕੇ ਅਤੇ ਟਾਰਚ ਮੰਗਵਾ ਕੇ ਇਸ ਬਜਟ ਸਪੀਚ ਨੂੰ ਵੇਖਣ ਦੀ ਕੋਸ਼ਿਸ਼ ਕੀਤੀ ਪਰ, ਮੈਨੂੰ ਤਾਂ ਕੁਝ ਨਹੀਂ ਮਿਲਿਆ। ਬਿਜਲੀ ਇਨ੍ਹਾਂ ਨੇ ਪਤਾ ਨਹੀਂ ਕਿੱਥੇ ਭੇਜ ਦਿੱਤੀ ਹੈ। ਮੈਂ ਇਨ੍ਹਾਂ ਦੇ ਇੱਥੇ ਪੋਤੜੇ ਖੋਲ੍ਹਾਂਗਾ ਕਿ ਕਿਸ ਤਰ੍ਹਾਂ ਇਹ ਪਾਰਟੀ ਆਪਣੇ ਆਪ ਨੂੰ ਦਲਿਤ ਵਰਗ ਦੀ ਹਮਦਰਦ ਦੱਸਦੀ ਹੈ। ਮੈਨੂੰ ਅਫਸੋਸ ਹੈ ਕਿ ਇਨ੍ਹਾਂ ਦੇ ਜੋ ਅੰਕੜੇ ਸਾਲਾਨਾ ਯੋਜਨਾ ਵਿੱਚੋਂ ਮਿਲੇ ਹਨ, 1/3 ਵੱਸੋਂ ਲਈ ਸਿਰਫ 35.77 ਕਰੋੜ ਰੁਪਿਆ ਹੀ ਰਖਿਆ ਹੈ। ਇਹ ਪੰਜਾਬ ਦੇ ਦਲਿਤ ਵਰਗਾਂ ਨਾਲ ਬੜਾ ਕੌੜਾ ਮਜ਼ਾਕ ਹੈ। ਮੈਂ ਇਸ ਮਹਾਨ ਸਦਨ ਵਿੱਚ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਇੱਥੇ ਭਾਸ਼ਣ ਬੜੇ ਕੀਤੇ ਗਏ ਕਿ ਇੱਥੇ ਡਬਲਿਊ.ਟੀ.ਓ. ਲਾਗੂ ਹੋ ਗਿਆ ਹੈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਡਬਲਿਊ.ਟੀ.ਓ. ਲਾਗੂ ਹੋਣ ਨਾਲ ਪੰਜਾਬ ਦੇ ਕਿਸਾਨ, ਪੰਜਾਬ ਦੇ ਸਨਅਤਕਾਰ ਲਈ ਇਹ ਚੁਣੌਤੀ ਪੈਦਾ ਹੋ ਗਈ ਹੈ। ਸਾਡੇ ਛੋਟੇ ਕਿਸਾਨ ਅਤੇ ਸਨਅਤਕਾਰ ਵਿਦੇਸ਼ੀ ਮੰਡੀਆਂ ਦਾ ਮੁਕਾਬਲਾ ਨਹੀਂ ਕਰ ਸਕਦੇ। ਇਸ ਤਰ੍ਹਾਂ ਕਰਕੇ ਇਨ੍ਹਾਂ ਨੇ ਇਨ੍ਹਾਂ ਨੂੰ ਮੁਸ਼ਕਲ ਵਿੱਚ ਧਕੇਲ ਦਿੱਤਾ ਹੈ। ਇਹ ਉਨ੍ਹਾਂ ਦੇ ਖਿਲਾਫ ਨਹੀਂ ਲੜ ਸਕਦੇ ਕਿਉਂਕਿ ਬਾਹਰਲੇ ਮੁਲਕਾਂ ਵਿੱਚ ਬੜੀ ਭਾਰੀ ਸਬਸਿਡੀ ਹੈ, ਐਕਸਪੋਰਟ ਓਰੀਐਂਟਲ ਸਕੀਮਾਂ ਜੋ ਹਨ ਉਹ ਸਾਡੇ ਦੇਸ਼ ਵਿੱਚ ਨਹੀਂ ਹਨ। ਡਬਲਿਊ.ਟੀ.ਓ. ਉਤੇ ਉਸ ਵਕਤ ਦੇ ਪ੍ਰਧਾਨ ਮੰਤਰੀ, ਸ਼੍ਰੀ ਨਰਸਿਮ੍ਹਾ ਰਾਓ ਨੇ ਦਸਤਖਤ ਕੀਤੇ ਸਨ ਜਿਸ ਨਾਲ ਦੇਸ਼ ਦੇ ਕਿਸਾਨ ਅਤੇ ਛੋਟੇ ਸਨਅਤਕਾਰ ਨੂੰ ਨੁਕਸਾਨ ਹੋਇਆ। ਡਬਲਿਊ.ਟੀ.ਓ. ਬਾਰੇ ਕਾਂਗਰਸ ਪਾਰਟੀ ਵਾਲੇ ਕਹਿੰਦੇ ਹਨ ਕਿ ਇਹ ਯੋਹ ਹੈ, ਵੁਹ ਹੈ, ਪਰ ਅਫਸੋਸ ਹੈ ਕਿ ਇਨ੍ਹਾਂ ਨੇ ਆਪਣੇ ਬਜਟ ਵਿੱਚ ਕਿਸੇ ਵੀ ਜਗ੍ਹਾ ਤੇ ਡਬਲਿਊ.ਟੀ.ਓ. ਦਾ ਕੋਈ ਜ਼ਿਕਰ ਨਹੀਂ ਕੀਤਾ ਕਿ ਇਸ ਦੀਆਂ ਚੁਣੌਤੀਆਂ ਦਾ ਸਾਹਮਣਾ ਏਥੇ ਕਿਸ ਤਰ੍ਹਾਂ ਕੀਤਾ ਜਾਵੇਗਾ ਔਰ ਅਸੀਂ ਆਪਣੇ ਕਿਸਾਨਾਂ ਤੇ ਸਨਅਤਕਾਰਾਂ ਦੀ ਕਿਸ ਤਰ੍ਹਾਂ ਰਾਖੀ ਕਰ ਸਕਾਂਗੇ। ਬਜਟ ਸਪੀਚ ਵਿੱਚ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਤੇ ਇਨ੍ਹਾਂ ਨੇ ਆਪਣੀ ਚੁੱਪੀ ਸਾਧੀ ਹੋਈ ਹੈ। ਫਿਰ ਇਹ ਕਿਸ ਤਰ੍ਹਾਂ ਛੋਟੇ ਕਿਸਾਨਾਂ ਅਤੇ ਸਨਅਤਕਾਰਾਂ ਲਈ ਹਮਦਰਦ ਬਣਦੇ ਹਨ। ਇਸ ਤਰੀਕੇ ਨਾਲ ਇਨ੍ਹਾਂ ਦੀ ਕਾਂਗਰਸ ਪਾਰਟੀ ਦਾ ਜਨਾਜ਼ਾ ਹੀ ਨਿਕਲ ਗਿਆ ਹੈ। ਇਨ੍ਹਾਂ ਨੂੰ ਡਬਲਿਊ.ਟੀ.ਓ. ਖਿਲਾਫ ਪੰਜਾਬ ਦੇ ਲੋਕਾਂ ਦੀ ਰਖਵਾਲੀ ਲਈ ਵਿਚਾਰ ਦੇਣੇ ਚਾਹੀਦੇ ਸਨ ਔਰ ਆਪਣੀਆਂ ਸਕੀਮਾਂ ਦੇਣੀਆਂ ਚਾਹੀਦੀਆਂ ਸਨ ਪਰ ਇਨ੍ਹਾਂ ਨੇ ਨਾ ਤਾਂ ਪਿਛਲੇ ਬਜਟ

Original with;
Punjab Vidhan Sabha
Digitized by;

ਵਿੱਚ ਅਤੇ ਨਾ ਹੀ ਇਸ ਸਾਲ ਦੇ ਬਜਟ ਵਿੱਚ ਕੋਈ ਤਜਵੀਜ਼ਾਂ ਦਿੱਤੀਆਂ ਹਨ ਕਿ ਇਹ ਕਿਸ ਤਰ੍ਹਾਂ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਗੇ। ਇੱਥੇ ਵਾਰ ਵਾਰ ਡਬਲਿਊ.ਟੀ.ਓ. ਦਾ ਜ਼ਿਕਰ ਆਉਂਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਇਸ ਤੇ ਕੋਈ ਸਟੈਂਡ ਨਹੀਂ ਹੈ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਬਾਵਜੂਦ ਇਸ ਦੇ ਸਭ ਤੋਂ ਪਹਿਲਾਂ ਡਬਲਿਊ.ਟੀ.ਓ. ਦੇ ਖਿਲਾਫ ਹਿੰਦੁਸਤਾਨ ਦੇ ਲੋਕਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਸੋਚ ਪੈਦਾ ਕੀਤੀ, ਪੰਜਾਬ ਦੇ ਲੋਕਾਂ ਵਿੱਚ ਜਾਗ੍ਰਿਤੀ ਪੈਦਾ ਕੀਤੀ ਕਿ ਡਬਲਿਊ.ਟੀ.ਓ. ਆਉਣ ਨਾਲ ਜਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਣਾ ਸੀ, ਉਸ ਦਾ ਜ਼ਿਕਰ ਕੀਤਾ ਔਰ ਲੋਕਾਂ ਨੂੰ ਸੁਚੇਤ ਕੀਤਾ ਪਰ ਉਸ ਵਕਤ ਦੇ ਪ੍ਰਧਾਨ ਮੰਤਰੀ, ਸ਼੍ਰੀ ਨਰਸਿਮ੍ਹਾ ਰਾਓ ਨੇ ਡਬਲਿਊ.ਟੀ.ਓ. ਤੇ ਘੁੰਡ ਕੱਢ ਕੇ ਸਾਈਨ ਕੀਤੇ, ਜਿਸ ਦਾ ਸਾਨੂੰ ਸਾਰਿਆਂ ਨੂੰ ਬਹੁਤ ਅਫਸੋਸ ਹੈ ਔਰ ਦੇਸ਼ ਨੂੰ ਇਕ ਬੇਹੱਦ ਤਬਾਹੀ ਦੇ ਰਸਤੇ ਤੇ ਤੋਰਨ ਵਾਸਤੇ ਫੈਸਲਾ ਕਰ ਦਿੱਤਾ। ਲੇਕਿਨ ਮੈਂ ਇਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਚਾਹਵਾਂਗਾ, ਸਪੀਕਰ ਸਾਹਿਬ, ਕਿ ਸ਼੍ਰੋਮਣੀ ਅਕਾਲੀ ਦਲ ਨੇ ਸਟੈਂਡ ਲਿਆ ਅਤੇ ਸਟੈਂਡ ਲੈ ਕੇ ਅਸੀਂ ਜਿਹੜੀ ਦਿੱਲੀ ਵਿਚ 18 ਅਕਤੂਬਰ, 2001 ਨੂੰ ਉਸ ਵੇਲੇ ਦੇ ਕੇਂਦਰੀ ਕਾਮਰਸ ਅਤੇ ਇੰਡਸਟਰੀ ਮਨਿਸਟਰ ਦੀ ਪ੍ਰਧਾਨਗੀ ਥੱਲੇ ਸਾਰੀਆਂ ਪਾਰਟੀਆਂ ਦੀ ਮੀਟਿੰਗ ਹੋਈ, ਜਿਸ ਵਿੱਚ ਡਬਲਿਊ.ਟੀ.ਓ. ਦੀ ਪਾਲਿਸੀ ਬਾਰੇ ਜ਼ਿਕਰ ਹੋਇਆ, ਉਥੇ, ਸਪੀਕਰ ਸਾਹਿਬ, ਮੈਂ ਸ਼੍ਰੋਮਣੀ ਅਕਾਲੀ ਦਲ ਦਾ ਪੱਖ ਪੇਸ਼ ਕਰਕੇ ਆਇਆ, ਮੈਂ ਠੋਸ ਤਜ਼ਵੀਜਾਂ ਪੇਸ਼ ਕੀਤੀਆਂ ਜਿਹੜੀਆਂ ਕਿ ਮੈਂ ਇਸ ਮਹਾਨ ਸਦਨ ਦੀ ਮੇਜ਼ ਤੇ ਰਖਣੀਆਂ ਚਾਹਵਾਂਗਾ ਤਾਂ ਕਿ ਇਹ ਰਿਕਾਰਡ ਵਿਚ ਆ ਜਾਵੇ। ਇਹ ਤਜ਼ਵੀਜਾਂ ਮੈਂ ਪੇਸ਼ ਕੀਤੀਆਂ, ਇਸ ਗੱਲ ਦਾ ਮੈਨੂੰ ਮਾਣ ਹੈ, ਮੈਂ ਫਖਰ ਨਾਲ ਕਹਿ ਸਕਦਾ ਹਾਂ ਕਿ ਜਿਹੜੀਆਂ ਸਾਡੀਆਂ ਤਜ਼ਵੀਜਾਂ ਸਨ, ਉਹ ਕੇਂਦਰ ਸਰਕਾਰ ਨੇ ਪ੍ਰਵਾਨ ਕੀਤੀਆਂ ਔਰ ਉਨ੍ਹਾਂ ਪ੍ਰਵਾਨ ਕੀਤੀਆਂ ਤਜ਼ਵੀਜਾਂ ਦਾ ਸਿੱਟਾ ਇਹ ਹੋਇਆ ਕਿ ਇੰਟਰਨੈਸ਼ਨਲ ਕਾਨਫਰੰਸ, ਜਿਹੜੀ ਡਬਲਿਊ.ਟੀ.ਓ. ਦੇ ਮੁਤੱਲਕ ਦੋਹਾਂ ਵਿਚ ਸਾਲ 2001 ਵਿਚ ਹੋਈ, ਉਥੇ ਸ਼੍ਰੋਮਣੀ ਅਕਾਲੀ ਦਲ ਦੀ ਪਾਲਿਸੀ, ਸ਼੍ਰੋਮਣੀ ਅਕਾਲੀ ਦਲ ਦਾ ਪ੍ਰੋਗਰਾਮ ਗੂੰਜਿਆ ਔਰ ਉਥੇ ਭਾਰਤ ਦੇ ਕਾਮਰਸ ਮਨਿਸਟਰ ਨੇ ਠੋਕ ਕੇ ਆਖਿਆ ਕਿ ਡਬਲਿਊ.ਟੀ.ਓ. ਸਾਨੂੰ ਮਨਜ਼ੂਰ ਨਹੀਂ। ਅਸੀਂ ਜੋ ਇਸ ਵੇਲੇ ਸਮੇਂ ਦੀ ਮੰਗ ਹੈ, ਗਲੋਬਲ ਟਰੇਡ ਵਿਚ ਸ਼ਾਮਲ ਹੋਣ ਤੋਂ ਮੁਨਕਰ ਨਹੀਂ ਹੁੰਦੇ ਲੇਕਿਨ ਜਿਹੜੀਆਂ ਡਬਲਿਊ.ਟੀ.ਓ. ਦੀਆਂ ਮੱਦਾਂ ਹਨ, ਇਹ ਗਰੀਬ ਦੇਸ਼ਾਂ ਵਾਸਤੇ ਵਿਤਕਰੇ ਵਾਲੀਆਂ ਹਨ, ਬੇਇਨਸਾਫੀ ਵਾਲੀਆਂ ਹਨ, ਇਸ ਕਰਕੇ ਅਸੀਂ ਇਸਨੂੰ ਮਨਜ਼ੂਰ ਨਹੀਂ ਕਰਦੇ। ਇਸ ਕਰਕੇ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਸ਼੍ਰੋਮਣੀ ਅਕਾਲੀ ਦਲ ਦੀ ਮੱਦ ਸੀ, ਉਹ ਉਥੇ ਵੀ ਪ੍ਰਵਾਨ ਕੀਤੀ ਗਈ ਅਤੇ ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਇਹ ਨਾ ਸਮਝੋ ਕਿ ਖੇਤਰੀ ਪਾਰਟੀ ਹੈ, ਇਸ ਦੀ ਪਾਲਿਸੀ, ਇਸ ਦੇ ਪ੍ਰੋਗਰਾਮ ਅੰਤਰ ਰਾਸ਼ਟਰੀ ਪੱਧਰ ਤੇ ਵੀ ਗੂੰਜ ਰਹੇ ਹਨ। (ਆਪੋਜ਼ੀਸ਼ਨ ਬੈਂਚਾਂ ਵਲੋਂ ਥੰਪਿੰਗ) ਸਪੀਕਰ ਸਾਹਿਬ, ਉਸ ਕਾਨਫਰੰਸ ਵਿਚ ਫੈਸਲਾ ਇਹ ਹੋਇਆ ਕਿ ਡਬਲਿਊ.ਟੀ.ਓ. ਦੀ ਸੰਧੀ ਲਾਗੂ ਕਰਨੀ ਮੁਲਤਵੀ ਕੀਤੀ ਗਈ ਅਤੇ ਇਹ ਆਖਿਆ ਗਿਆ ਕਿ ਇਸ ਤੇ ਦੋਬਾਰਾ ਵਿਚਾਰ ਹੋਵੇਗਾ, ਦੋਬਾਰਾ ਨੈਗੋਸੀਏਸ਼ਨਜ਼ ਹੋਣਗੇ ਅਤੇ ਵਿਚਾਰ ਵਟਾਂਦਰੇ ਤੋਂ ਬਾਅਦ ਨਵੀਂ ਸੰਧੀ ਦਸਤਖਤ ਕੀਤੀ ਜਾਵੇਗੀ। ਸਪੀਕਰ ਸਾਹਿਬ, ਇਹ ਸਾਡੀ ਪਾਰਟੀ ਦੀ ਪ੍ਰਾਪਤੀ ਹੈ, ਜਿਸ ਦਾ ਮੈਂ ਜ਼ਿਕਰ ਕਰ ਰਿਹਾ ਹਾਂ। ਪਰ ਇਨ੍ਹਾਂ ਨੇ ਆਪਣੀ ਬਜਟ ਸਪੀਚ ਵਿਚ ਡਬਲਿਊ.ਟੀ.ਓ. ਦੇ ਬਾਰੇ ਜ਼ਿਕਰ ਤੱਕ ਨਹੀਂ ਕੀਤਾ, ਕੁਝ ਨਹੀਂ ਆਖਿਆ। ਇਹ ਇਸ ਪੱਖੋਂ ਖੋਖਲੇ ਹਨ।

Original with;
Punjab Vidhan Sabha
Digitized by;

[ਕੈਪਟਨ ਕੰਵਲਜੀਤ ਸਿੰਘ]

ਅੱਗੇ ਚਲੀਏ, ਸਪੀਕਰ ਸਾਹਿਬ, ਅੱਜ ਪੰਜਾਬ ਦੇ ਅੰਦਰ ਜੋ ਸਭ ਤੋਂ ਭਿਆਨਕ ਔਰ ਖਤਰਨਾਕ ਸਥਿਤੀ ਹੈ, ਉਹ ਮੈਂ ਕਹਾਂਗਾ ਕਿ ਬੇਰੁਜ਼ਗਾਰੀ ਹੈ। ਅੱਜ ਪੰਜਾਬ ਦੇ ਲੱਖਾਂ ਨੌਜਵਾਨ ਲੜਕੇ ਲੜਕੀਆਂ ਬੇਰੁਜ਼ਗਾਰੀ ਦਾ ਸ਼ਿਕਾਰ ਹੋ ਕੇ ਫਰਸਟ੍ਰੇਟਿਡ ਹੋਏ ਫਿਰਦੇ ਹਨ। ਮੈਂ ਇਹ ਗੱਲ ਅਫਸੋਸ ਨਾਲ ਕਹਾਂਗਾ, ਬੜੇ ਦੁੱਖ ਨਾਲ ਕਹਾਂਗਾ ਕਿ ਵਿੱਤ ਮੰਤਰੀ ਜੀ ਕੋਲ ਆਪਣੀ ਸਪੀਚ ਵਿਚ ਉਨ੍ਹਾਂ ਲੱਖਾਂ ਬੇਰੋਜ਼ਗਾਰ ਨੌਜਵਾਨ ਲੜਕੇ ਲੜਕੀਆਂ ਲਈ ਰੋਜ਼ਗਾਰ ਦੇਣ ਵਾਸਤੇ ਕੋਈ ਸਮਾਂ ਨਹੀਂ, ਇਨ੍ਹਾਂ ਕੋਲ ਸਪੀਚ ਵਿਚ ਥਾਂ ਨਹੀਂ, ਇਨ੍ਹਾਂ ਨੇ ਉਨ੍ਹਾਂ ਦਾ ਜ਼ਿਕਰ ਤੱਕ ਨਹੀਂ ਕੀਤਾ। ਇਨ੍ਹਾਂ ਨੇ ਆਪਣੀ ਸਪੀਚ ਵਿਚ ਇਸ ਮਸਲੇ ਬਾਰੇ ਇਕ ਸ਼ਬਦ ਦੀ ਵੀ ਵਰਤੋਂ ਨਹੀਂ ਕੀਤੀ। ਇਸ ਤੋਂ ਇਹ ਪਤਾ ਲਗਦਾ ਹੈ ਕਿ ਇਹ ਸਰਕਾਰ ਪੰਜਾਬ ਦੀਆਂ ਸਮੱਸਿਆਵਾਂ ਬਾਰੇ ਕਿੰਨੀ ਕੁ ਸੰਜੀਦਾ ਹੈ। ਇਨ੍ਹਾਂ ਨੇ ਸਮੱਸਿਆ ਦਾ ਹੱਲ ਤਾਂ ਕੀ ਕਰਨਾ ਹੈ, ਇਨ੍ਹਾਂ ਨੇ ਨਾ ਕੋਈ ਜ਼ਿਕਰ ਕੀਤਾ ਅਤੇ ਨਾ ਕੁਝ ਆਖਿਆ ਅਤੇ ਲੱਖਾਂ ਨੌਜਵਾਨ ਲੜਕੇ ਲੜਕੀਆਂ ਨੂੰ ਹੋਰ ਮਾਯੂਸੀ ਵੱਲ ਧੱਕ ਦਿੱਤਾ। ਇਨ੍ਹਾਂ ਨੇ ਚੋਣਾਂ ਵੇਲੇ ਵਾਇਦੇ ਬੜੇ ਕੀਤੇ ਸਨ ਤੇ ਆਖਿਆ ਸੀ ਕਿ ਮੁੰਡੇ, ਕੁੜੀਓ, ਤੁਸੀਂ ਸਾਨੂੰ ਵੋਟਾਂ ਪਾਉ, ਸਾਨੂੰ ਜਿਤਾ ਦਿਉ, ਤੁਹਾਨੂੰ ਇਕੱਲੇ-ਇਕੱਲੇ ਨੂੰ ਨੌਕਰ ਕਰਾ ਦਿਆਂਗੇ। ਇਹ ਵਾਇਦੇ ਵਿੱਤ ਮੰਤਰੀ ਜੀ ਨੇ ਕੀਤੇ ਸਨ, ਮੈਂ ਆਪ ਇਨ੍ਹਾਂ ਦੀ ਸਪੀਚ ਸੁਣੀ ਹੈ, ਇਹ ਕਹਿੰਦੇ ਸਨ ਕਿ ਜੇ ਸਾਡੀ ਸਰਕਾਰ ਬਣ ਗਈ, ਇਕੱਲੇ-ਇਕੱਲੇ ਨੂੰ ਨੌਕਰ ਕਰਾ ਦਿਆਂਗੇ। ਸਪੀਕਰ ਸਾਹਿਬ, ਨੌਕਰ ਤਾਂ ਕੀ ਕਰਾਉਣਾ ਸੀ, ਵਿਚਾਰੇ ਸਾਡੇ ਬੱਚੇ ਇਗਨੋਰੈਂਟ ਹਨ, ਇਨੋਸੈਂਟ ਹਨ, ਸਮਝੇ ਨਹੀਂ। ਉਨ੍ਹਾਂ ਨੇ ਇਨ੍ਹਾਂ ਨੂੰ ਵੋਟਾਂ ਪਾ ਦਿੱਤੀਆਂ ਅਤੇ ਇਹ ਜਿੱਤ ਗਏ। ਅੱਗੋਂ ਇਨ੍ਹਾਂ ਨੇ ਵਾਇਦਾ ਕੀ ਪੂਰਾ ਕੀਤਾ ਕਿ ਸਰਕਾਰ ਬਣਨ ਦੇ ਦੋ ਦਿਨਾਂ ਦੇ ਅੰਦਰ-ਅੰਦਰ ਇਸ ਸਰਕਾਰ ਨੇ ਫੈਸਲਾ ਕਰ ਦਿੱਤਾ ਕਿ ਪੰਜਾਬ ਦੇ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਦੇ ਅੰਦਰ ਭਰਤੀ ਦੇ ਉਪਰ 5 ਸਾਲ ਲਈ ਪੂਰਨ ਤੌਰ ਤੇ ਪਾਬੰਦੀ ਲਾਈ ਜਾਂਦੀ ਹੈ। ਇਸ ਤਰ੍ਹਾਂ ਕਰਕੇ ਉਨ੍ਹਾਂ ਨੂੰ ਪਰ੍ਹੇ ਧੱਕ ਦਿੱਤਾ। ਮੈਂ ਆਸ ਕਰਦਾ ਸੀ, ਸਪੀਕਰ ਸਾਹਿਬ, ਕਿ ਸਾਇਦ ਇਸ ਨੀਤੀ ਬਾਰੇ, ਇਸ ਫੈਸਲੇ ਤੇ ਵਿੱਤ ਮੰਤਰੀ ਜੀ ਕੋਈ ਮੁੜ ਵਿਚਾਰ ਕਰਨਗੇ ਔਰ ਦੱਸਣਗੇ ਪਰ ਇਨ੍ਹਾਂ ਨੇ ਬਜਟ ਸਪੀਚ ਵਿਚ ਇਨ੍ਹਾਂ ਬਾਰੇ ਜ਼ਿਕਰ ਤੱਕ ਨਹੀਂ ਕੀਤਾ।

ਸਪੀਕਰ ਸਾਹਿਬ, ਮੈਂ ਇਸ ਪਵਿੱਤਰ ਸਦਨ ਵਿਚ ਐਲਾਨ ਕਰਨਾ ਚਾਹਾਂਗਾ ਕਿ ਆਉਣ ਵਾਲੇ ਸਮੇਂ ਅੰਦਰ ਬੇਰੋਜ਼ਗਾਰੀ ਪੰਜਾਬ ਅੰਦਰ ਇਕ ਬੜੀ ਭਿਆਨਕ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਕਰੀਏਟ ਕਰਨ ਜਾ ਰਹੀ ਹੈ। ਫਰੱਸਟਰੇਟ ਹੋਏ ਬੱਚੇ ਕਾਨੂੰਨ ਨੂੰ ਆਪਣੇ ਹੱਥ ਵਿਚ ਲੈਣਗੇ ਅਤੇ ਬੜੇ ਗੈਰ-ਜ਼ਿੰਮੇਵਾਰਾਨਾ ਕੰਮ ਕਰਨਗੇ। ਪੰਜਾਬ ਵਿਚ ਗੜਬੜ ਫੈਲੇਗੀ। ਪਹਿਲਾਂ ਜੋ ਅਸੀਂ ਬਿਹਾਰ ਅਤੇ ਯੂ.ਪੀ. ਬਾਰੇ ਸੁਣਿਆ ਕਰਦੇ ਸੀ, ਉਹੀ ਕੁਝ ਪੰਜਾਬ ਵਿਚ ਵੀ ਹੋਣਾ ਸ਼ੁਰੂ ਹੋ ਜਾਵੇਗਾ। ਇਸ ਗੱਲ ਦੀ ਮੈਂ ਚਿਤਾਵਨੀ ਦਿੰਦਾ ਹਾਂ, ਵਾਰਨਿੰਗ ਦਿੰਦਾ ਹਾਂ। ਜੇ ਸਰਕਾਰ ਨੇ ਬੇਰੋਜ਼ਗਾਰੀ ਦੀ ਸਮੱਸਿਆ ਹੱਲ ਕਰਨ ਲਈ ਕੋਈ ਠੋਸ ਕਦਮ ਨਾ ਚੁੱਕੇ ਤਾਂ ਇਸ ਦੇ ਸਿੱਟੇ ਬੜੇ ਗੰਭੀਰ ਅਤੇ ਖਤਰਨਾਕ ਨਿਕਲਣਗੇ।

ਵਿੱਤ ਮੰਤਰੀ ਜੀ ਨੇ ਪਿਛਲੇ ਸਾਲ ਦੇ ਵਿਕਾਸ ਬਾਰੇ ਤਾਂ ਆਪ ਹੀ ਮੰਨ ਲਿਆ ਹੈ ਕਿ ਪਿਛਲੇ ਸਾਲ ਸਟੇਟ ਵਿਚ ਕੋਈ ਵਿਕਾਸ ਨਹੀਂ ਹੋਇਆ। ਇਹ ਗੱਲ ਤਾਂ ਇਹ ਆਪ ਹੀ ਮੰਨ ਗਏ ਹਨ, ਮੈਂ ਹੁਣ ਕੀ ਕਹਾਂ . . . . . .

**ਸ਼੍ਰੀ ਸਪੀਕਰ** : ਤੁਸੀਂ ਹੋਰ ਕਿੰਨਾ ਕੁ ਟਾਈਮ ਲੈਣਾ ਹੈ ?

Original with;
Punjab Vidhan Sabha
Digitized by;
Panjab Digital Li...

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਦਾ ਟਾਈਮ ਲੈ ਰਿਹਾ ਹਾਂ। ਇਸ ਕਰਕੇ ਮੈਨੂੰ ਖੁਲ੍ਹ ਕੇ ਬੋਲ ਲੈਣ ਦਿਓ। ਵਿੱਤ ਮੰਤਰੀ ਜੀ ਦੋ ਘੰਟੇ ਬੋਲੇ ਹਨ। ਮੈਨੂੰ ਵੀ ਬੋਲ ਲੈਣ ਦਿਓ। ਮੈਂ ਤਾਂ 12.44 ਤੇ ਬੋਲਣਾ ਸ਼ੁਰੂ ਕੀਤਾ ਹੈ।

**ਸ਼੍ਰੀ ਸਪੀਕਰ** : ਤੁਹਾਡੀ ਪਾਰਟੀ ਦਾ ਟੋਟਲ 2 ਘੰਟੇ 3 ਮਿੰਟ ਟਾਈਮ ਬਣਦਾ ਹੈ। ਇਸ ਵਿਚੋਂ ਜਿੰਨਾਂ ਟਾਈਮ ਤੁਸੀਂ ਲੈਣਾ ਹੈ, ਲੈ ਲਓ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਖੁਦ ਪ੍ਰਵਾਨ ਕਰ ਲਿਆ ਹੈ ਕਿ ਪਿਛਲੇ ਸਾਲ ਸਾਥੋਂ ਪੰਜਾਬ ਵਿਚ ਕੋਈ ਵਿਕਾਸ ਦਾ ਕੰਮ ਨਹੀਂ ਹੋਇਆ, ਯਾਨੀ ਕਿ ਆਪਣੀ ਫੇਲਿਓਰ ਇਨ੍ਹਾਂ ਨੇ ਆਪ ਹੀ ਮੰਨ ਲਈ ਹੈ। ਅਗਲੇ ਸਾਲ ਵਾਸਤੇ ਜਿਹੜਾ ਬਜਟ ਇਨ੍ਹਾਂ ਨੇ ਪੇਸ਼ ਕੀਤਾ ਹੈ, ਉਸ ਦੇ ਵਿਚ ਵੀ ਇਨ੍ਹਾਂ ਨੇ ਇਕੋ ਗੱਲ ਤੇ ਹੀ ਆਪਣੇ ਆਪ ਨੂੰ ਕੇਂਦਰਤ ਕੀਤਾ ਹੈ ਕਿ ਜੇ ਵਰਲਡ ਬੈਂਕ ਕਰਜ਼ਾ ਦੇਵੇਗਾ, ਉਹ ਕਰਜ਼ਾ ਆਵੇਗਾ ਤਾਂ ਫਿਰ ਅਸੀਂ ਆਪਣਾ ਵਿਕਾਸ ਕਰਾਂਗੇ/ ਕਹਿਣ ਦਾ ਮਤਲਬ ਹੈ ਕਿ ਨਾ ਨੌਂ ਮਣ ਤੇਲ ਹੋਵੇਗਾ ਅਤੇ ਨਾ ਰਾਧਾ ਨੱਚੇਗੀ। ਨਾ ਵਰਲਡ ਬੈਂਕ ਨੇ ਇਨ੍ਹਾਂ ਨੂੰ ਪੈਸਾ ਦੇਣਾ ਹੈ ਅਤੇ ਨਾ ਇਨ੍ਹਾਂ ਨੇ ਵਿਕਾਸ ਕਰਨਾ ਹੈ। ਕਰਜ਼ਾ ਮੁਆਫ ਕਰਨਾ ਤਾਂ ਇਕ ਪਾਸੇ, ਇਸ ਦਾ ਜ਼ਿਕਰ ਤੱਕ ਇਨ੍ਹਾਂ ਨੇ ਨਹੀਂ ਕੀਤਾ। ਕੋਈ ਭਰੋਸਾ ਨਹੀਂ ਦਿੱਤਾ। ਮੈਂ ਕਹਾਂਗਾ ਕਿ ਇਨ੍ਹਾਂ ਦੀ ਸਰਕਾਰ ਨੇ ਜਿਹੜੀਆਂ ਤਜ਼ਵੀਜਾਂ ਬਣਾ ਕੇ ਵਰਲਡ ਬੈਂਕ ਨੂੰ ਭੇਜਣੀਆਂ ਹਨ, ਉਹ ਹਾਲੇ ਤੱਕ ਨਹੀਂ ਭੇਜੀਆਂ। ਦੋ ਸਾਲ ਤੋਂ ਪਹਿਲਾਂ/ਵਰਲਡ ਬੈਂਕ ਕੋਈ ਕਰਜ਼ਾ ਮਨਜ਼ੂਰ ਨਹੀਂ ਕਰਦਾ। ਇੰਨੇ ਨੂੰ ਇਨ੍ਹਾਂ ਦਾ ਭੋਗ ਪੈ ਜਾਣਾ ਹੈ, ਇਨ੍ਹਾਂ ਦਾ ਬਿਸਤਰਾ ਗੋਲ ਹੋ ਜਾਣਾ ਹੈ। ਮੈਂ ਪੰਜਾਬ ਦੇ ਹੱਕ ਵਿਚ, ਪੰਜਾਬ ਦੇ ਹਿੱਤ ਵਿਚ ਇਹ ਗੱਲ ਆਖਾਂਗਾ ਕਿ ਪਿਛਲੇ ਸਾਲ ਦੀ ਫੇਲਿਓਰ ਤਾਂ ਇਨ੍ਹਾਂ ਨੇ ਆਪ ਹੀ ਮੰਨ ਲਈ ਹੈ, ਹੁਣ ਇਹ ਮੇਰਾ ਸੁਝਾਓ ਪ੍ਰਵਾਨ ਕਰਕੇ ਇਸ ਮਹਾਨ ਸਦਨ ਵਿਚ ਇਹ ਐਲਾਨ ਕਰ ਦੇਣ ਕਿ ਅਸੀਂ ਬਜਟ ਅਤੇ ਪਲੈਨ ਹੋਲੀ ਡੇ ਦਾ ਐਲਾਨ/ਕਰ ਦਿੱਤਾ ਹੈ।

ਸਪੀਕਰ ਸਾਹਿਬ, ਹੁਣ ਮੈਂ ਵਿੱਤ ਮੰਤਰੀ ਜੀ ਵੱਲੋਂ ਪੇਸ਼ ਕੀਤੇ ਗਈ ਸਾਲਾਨਾ ਯੋਜਨਾ ਦੀਆਂ ਕੁਝ ਮੱਦਾਂ ਦਾ ਜ਼ਿਕਰ ਕਰਨਾ ਚਾਹਾਂਗਾ। ਇਨ੍ਹਾਂ ਵੱਲੋਂ ਜ਼ਿਲ੍ਹਾ ਪਲਾਨਿੰਗ ਬੋਰਡਾਂ ਦੇ ਬਾਰੇ ਬੜਾ ਕੁਝ ਕਿਹਾ ਗਿਆ ਹੈ ਅਤੇ ਕਾਫੀ ਗਲਤ ਬਿਆਨੀਆਂ ਵੀ ਕੀਤੀਆਂ ਗਈਆਂ ਹਨ। ਵਿੱਤ ਮੰਤਰੀ ਜੀ ਜ਼ਿਲ੍ਹਾ ਪਲੈਨਿੰਗ ਬੋਰਡਾਂ ਲਈ ਬੜੇ ਗੰਭੀਰ ਜਾਪਦੇ ਹਨ। ਪਰ ਹਕੀਕਤ ਇਸ ਦੇ ਉਲਟ ਹੈ। ਇਨ੍ਹਾਂ ਨੇ ਕਿਹਾ ਹੈ ਅਸੀਂ ਰਾਜ ਵਿਚ ਵਿਸਤ੍ਰਿਤ ਜ਼ਿਲ੍ਹਾ ਵਿਕਾਸ ਯੋਜਨਾ/ ਤਿਆਰ ਕਰਨ ਦਾ ਫੈਸਲਾ ਕੀਤਾ ਹੈ ਤਾਂਕਿ ਹਰ ਜ਼ਿਲ੍ਹੇ ਦੀ ਵਿਕਾਸ ਸਥਿਤੀ ਵਿਚ ਅਹਿਮ ਅੰਤਰਾਂ ਦੀ ਪਹਿਚਾਣ ਕੀਤੀ ਜਾਵੇ ਅਤੇ ਇਨ੍ਹਾਂ ਅੰਤਰਾਂ ਨੂੰ ਦੂਰ ਕਰਨ ਲਈ ਕੋਈ ਵਿਧੀ ਬਣਾਈ ਜਾਵੇ। ਭਰੋਸਾ ਬੜਾ ਤਕੜਾ ਹੈ ਪਰ ਜਦੋਂ ਪ੍ਰੋਵੀਜ਼ਨ ਵੱਲ ਵੇਖੀਏ ਕਿ ਪੈਸਾ ਕਿੰਨਾ ਰੱਖਿਆ ਹੈ ਤਾਂ ਪਤਾ ਲੱਗਦਾ ਹੈ ਕਿ ਵਿੱਤ ਮੰਤਰੀ ਜੀ ਦਾ ਖਜ਼ਾਨਾ ਖਾਲੀ ਹੋ ਗਿਆ ਹੈ। ਇਨ੍ਹਾਂ ਦਾ ਖਜ਼ਾਨਾ ਤਾਂ ਖਾਲੀ ਹੀ ਰਹਿੰਦਾ ਹੈ। ਜ਼ਿਲ੍ਹਾ ਪਲੈਨਿੰਗ ਬੋਰਡਾਂ ਵਾਸਤੇ ਜਿਹੜੀ ਰਾਸ਼ੀ ਰੱਖੀ ਗਈ ਹੈ, ਉਹ 28.84 ਕਰੋੜ ਰੁਪਏ ਹੈ। ਪੰਜਾਬ ਵਿਚ 17 ਜ਼ਿਲ੍ਹੇ ਹਨ। ਜੇ ਇਨ੍ਹਾਂ 17 ਜ਼ਿਲ੍ਹਿਆਂ ਵਿਚ ਇਹ ਰਾਸ਼ੀ ਵੰਡ ਦੀਈਏ ਤਾਂ ਇਕ ਜ਼ਿਲ੍ਹੇ ਨੂੰ ਸਿਰਫ ਡੇਢ ਕਰੋੜ ਰੁਪਿਆ ਆਉਂਦਾ ਹੈ। ਇਹ ਪੈਸਾ ਤਾਂ ਉਨ੍ਹਾਂ ਦੀਆਂ ਕਾਰਾਂ ਦੇ ਤੇਲ ਵਿਚ ਨਿਕਲ ਜਾਵੇਗਾ। ਇਸ ਕਰਕੇ ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਤੁਸੀਂ ਪੰਜਾਬ ਵਿਚ ਪਲਾਨ ਦੀ ਹੋਲੀ-ਡੇ ਕਰ ਦਿਓ, ਬਜਟ ਦੀ ਹੋਲੀ-ਡੇ ਕਰ ਦਿਓ।

Original with;
Punjab Vidhan Sabha
Digitized by;

[ਕੈਪਟਨ ਕੰਵਲਜੀਤ ਸਿੰਘ]

ਅੱਗੇ ਚਲਦਾ ਹੋਇਆ, ਸਪੀਕਰ ਸਾਹਿਬ, ਖੇਤੀਬਾੜੀ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਾਫੀ ਲੰਮਾ ਚੌੜਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਔਰ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਆਹ ਕਰਾਂਗੇ,ਵਾਹ ਕਰਾਂਗੇ ਔਰ ਇਨ੍ਹਾਂ ਦੀ ਸਪੀਚ ਤਾਂ ਮੈਂ ਏਥੇ ਹੁਣ ਨਹੀਂ ਪੜ੍ਹਦਾ ਕਿਉਂਕਿ ਉਹ ਸਾਰਿਆਂ ਦੇ ਸਾਹਮਣੇ ਹੈ ਲੇਕਿਨ ਉਸਦੇ ਵਿੱਚ ਮੈਂ ਕਹਾਂਗਾ ਕਿ ਇਨ੍ਹਾਂ ਨੇ ਅੱਜ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਕੀਤਾ ਕਿ ਕਿਸਾਨੀ ਪੈਦਾਵਾਰ ਵਿੱਚ ਪਿਛਲੇ ਸਾਲ ਨਾਲੋਂ ਅੱਜ ਨਿਘਾਰ/ਆਇਆ ਹੈ ਜਿਹੜੀ ਐਗਰੀਕਲਚਰ ਵਿੱਚ ਡਿਕਲਾਈਨਿੰਗ ਔਰ ਸਟੈਗਨੇਸ਼ਨ ਪੈਦਾ ਹੋਈ ਹੈ ਉਸਨੂੰ ਕਿਵੇਂ ਦੂਰ ਕਰਨਾ ਹੈ, ਇਸ ਦਾ ਇਸ ਵਿੱਚ ਕੋਈ ਜ਼ਿਕਰ ਨਹੀਂ ਔਰ ਪੰਜਾਬ ਦੀ ਆਰਥਿਕਤਾ ਦੀ ਜੋ ਮੰਦੀ ਅਤੇ ਬੁਰੀ ਹਾਲਤ ਹੈ ਉਸ ਵਿੱਚੋਂ ਕਿਸਾਨ ਨੂੰ ਕਿਵੇਂ ਕੱਢਣਾ ਹੈ, ਇਸ ਦਾ ਇਸ ਵਿੱਚ ਕੋਈ ਜ਼ਿਕਰ ਨਹੀਂ ਹੈ। ਮੈਂ ਕਹਾਂਗਾ ਕਿ ਇਨ੍ਹਾਂ ਨੇ ਇਸ ਭਾਸ਼ਣ ਵਿੱਚ ਖੇਤੀਬਾੜੀ ਦੇ ਸਬੰਧ ਵਿੱਚ ਬੜੇ ਵਾਅਦੇ ਕੀਤੇ, ਬੜੀਆਂ ਵੱਡੀਆਂ ਤਜ਼ਵੀਜਾਂ ਕੀਤੀਆਂ ਹਨ ਲੇਕਿਨ ਇਸ ਨੂੰ/ਪੂਰਾ ਕਰਨ ਵਾਸਤੇ ਬਜਟ ਵਿੱਚ ਰੱਖਿਆ ਕੀ ਹੈ ? ਸਪੀਕਰ ਸਾਹਿਬ, 2001-2002 ਦੀ ਯੋਜਨਾ ਵਿੱਚ ਮੈਂ 105.14 ਕਰੋੜ ਰੁਪਏ ਰੱਖੇ ਸੀ ਔਰ ਇਨ੍ਹਾਂ ਨੇ ਇਸ ਸਾਲ 124.80 ਕਰੋੜ ਰੁਪਏ ਰੱਖੇ ਹਨ। ਜੇਕਰ ਮਹਿੰਗਾਈ ਵੀ ਇਸਦੇ ਵਿੱਚ ਲਾ ਲਈਏ ਤਾਂ ਖੇਤੀਬਾੜੀ ਖੇਤਰ ਨੂੰ ਪਿਛਲੇ 2 ਸਾਲਾਂ ਦੇ ਰੇਟ ਤੱਕ ਹੀ ਰੱਖਿਆ ਗਿਆ ਹੈ। ਫਿਰ ਇਸ ਵਿੱਚ ਇਕ ਬੜੀ ਵਾਹਦ ਤਜ਼ਵੀਜ ਹੈ ਕਿ ਜੀ ਅਸੀਂ ਕਾਂਟ੍ਰੈਕਟ ਫਾਰਮਿੰਗ ਸ਼ੁਰੂ ਕਰ/ਰਹੇ ਹਾਂ। ਸਪੀਕਰ ਸਾਹਿਬ, ਗਰੀਬ ਜਨਤਾ ਵਾਸਤੇ ਪੈਸਾ ਨਹੀਂ, ਵਿਕਾਸ ਵਾਸਤੇ ਪੈਸਾ ਹੈ ਨਹੀਂ, ਪਰੰਤੂ ਦਿੱਲੀ ਦੀਆਂ ਅਖਬਾਰਾਂ ਦੇ ਵਿੱਚ ਇਸ਼ਤਿਹਾਰ ਲਗਵਾ ਦਿੱਤੇ ਕਿ ਜੀ ਅਸੀਂ ਏਥੇ ਕਾਂਟ੍ਰੈਕਟ ਫਾਰਮਿੰਗ ਕਰਨੀ ਹੈ, ਲੱਖਾਂ ਰੁਪਏ ਇਸ ਇਸ਼ਤਿਹਾਰਬਾਜ਼ੀ ਦੇ ਕੰਮ ਲਈ ਖਰਚ ਕਰ ਦਿੱਤੇ ਗਏ। ਪਤਾ ਨਹੀਂ ਕਾਂਟ੍ਰੈਕਟ ਫਾਰਮਿੰਗ ਕੀ ਹੈ। ਅਸੀਂ ਤਾਂ ਸੋਚਦੇ ਸੀ ਕਿ ਪਤਾ ਨਹੀਂ ਕੀ ਹੋਵੇਗਾ ਪਰ ਜਦੋਂ ਪਹਾੜ ਪੁੱਟਿਆ ਤਾਂ ਵਿਚੋਂ ਨਿਕਲਿਆ ਚੂਹਾ। ਇਹ ਬਿਲਕੁਲ ਬੇਬੁਨਿਆਦ ਹੈ। ਸਪੀਕਰ ਸਾਹਿਬ, ਇਸ ਦਾ ਕੋਈ ਮਾਅਨਾ ਨਹੀਂ। ਚੂਹਾ ਵੀ ਨਿਕਲਿਆ ਉਹ ਵੀ ਮਰਿਆ ਹੋਇਆ। ਇਹ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਅੱਧ ਮਰੇ ਤਾਂ ਪਹਿਲਾਂ ਹੀ ਹੋਏ-ਹੋਏ ਹਨ, ਹੋਰ ਇਨ੍ਹਾਂ ਨੇ ਕੀ ਕਰ ਲੈਣਾ ਹੈ। ਇਨ੍ਹਾਂ ਨੇ ਕਾਂਟ੍ਰੈਕਟ ਫਾਰਮਿੰਗ ਵਿੱਚ ਮੈਂ ਐਲਾਨ ਕਰਦਾ ਹਾਂ ਔਰ ਬੜੇ ਭਰੋਸੇ ਨਾਲ ਐਲਾਨ ਕਰਦਾ ਹਾਂ ਕਿ ਜਿਹੜੀ ਇਹ ਯੋਜਨਾ ਹੈ ਇਹ ਬਿਲਕੁਲ ਫੇਲ੍ਹ ਹੋਏਗੀ, ਇਸ ਦਾ ਕੋਈ ਆਧਾਰ ਨਹੀਂ ਹੈ, ਇਸ ਤੇ ਕੋਈ ਡੂੰਘੀ ਸੋਚ ਨਹੀਂ ਵਰਤੀ ਗਈ, ਘੋਖ ਨਹੀਂ ਕੀਤੀ ਗਈ। ਕਿਹਾ ਗਿਆ ਹੈ ਕਿ ਅਸੀਂ ਮੱਕੀ ਪੈਦਾ ਕਰਾਂਗੇ, ਮੂੰਗੀ ਪੈਦਾ ਕਰਾਂਗੇ, ਅਰਿੰਡ ਪੈਦਾ ਕਰਾਂਗੇ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ, ਸਪੀਕਰ ਸਾਹਿਬ, ਕੀ ਪੰਜਾਬ ਦਾ ਕਿਸਾਨ ਇਹ ਪਹਿਲਾਂ ਪੈਦਾ ਨਹੀਂ ਕਰਨਾ ਜਾਣਦਾ। ਹੁਣ ਇਹ ਦੱਸਣਗੇ ਕਿ ਮੂੰਗੀ ਕਿਵੇਂ ਪੈਦਾ ਕਰੀਦੀ ਹੈ। ਮੁਸ਼ਕਲ ਤਾਂ ਇਹ ਹੈ ਕਿ ਇਹ ਜਿਹੜੀ ਮੂੰਗੀ ਦਾ ਪ੍ਰਸਤਾਵ ਕੀਤਾ ਹੈ ਇਸ ਬਾਰੇ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੂੰਗੀ ਦੀ ਪੈਦਾਵਾਰ ਵਾਸਤੇ ਜਿਹੜੀ ਜ਼ਮੀਨ ਦੀ ਸ਼ਕਤੀ ਹੈ ਉਹ ਕਣਕ ਅਤੇ ਝੋਨੇ ਤੋਂ ਬਹੁਤ ਘੱਟ ਹੈ। ਜੇਕਰ ਇਹ ਫਸਲ ਕਿਸਾਨ ਬੀਜਣਗੇ ਤਾਂ ਲਾਜ਼ਮੀ ਤੌਰ ਤੇ ਉਹ ਘਾਟੇ ਵਿੱਚ ਜਾਣਗੇ। ਲੇਕਿਨ ਇਨ੍ਹਾਂ ਨੇ ਕਿਸਾਨ ਦਾ ਕੋਈ ਖਿਆਲ ਨਹੀਂ ਕੀਤਾ, ਕੋਈ ਉਸ ਬਾਰੇ ਇਹ ਸੋਚ ਨਹੀਂ ਰਖਦੇ। ਇਸ ਬਾਰੇ ਇਨ੍ਹਾਂ ਨੇ ਸੋਚਿਆ ਹੀ ਨਹੀਂ ਕਿ ਉਹ ਇਸ ਨਾਲ ਘਾਟੇ ਵਿੱਚ ਜਾਏਗਾ ਜਾਂ ਨਹੀਂ। ਇਨ੍ਹਾਂ ਨੇ ਬਿਨਾਂ ਸੋਚੇ ਸਮਝੇ ਇਹ ਇਕ ਫੈਸਲਾ ਕਰ ਦਿੱਤਾ। ਇਹ ਯੋਜਨਾ ਜਿਹੜੀ ਇਨ੍ਹਾਂ ਪੇਸ਼ ਕੀਤੀ ਹੈ, ਉਸ ਯੋਜਨਾ ਵਿੱਚ ਕਿਹਾ ਹੈ ਕਿ ਵੱਡੀਆਂ-ਵੱਡੀਆਂ ਕੰਪਨੀਆਂ ਚਾਹੇ ਦੇਸੀ ਹੋਣ ਚਾਹੇ ਵਿਦੇਸ਼ੀ ਹੋਣ, ਏਥੇ, ਸਪੀਕਰ ਸਾਹਿਬ, ਫਿਰ ਵਰਲਡ ਬੈਂਕ

Original with;
Punjab Vidhan Sabha
Digitized by;
Panjab Digital Library

ਆ ਗਿਆ, ਇਹ ਨਹੀਂ ਦੱਸਿਆ ਕਿ ਉਹ ਕੀ ਕਰਨਗੇ, ਇਹ ਜ਼ਰੂਰ ਕਹਿ ਦਿੱਤਾ ਕਿ ਕਿਸਾਨਾਂ ਨੂੰ ਸਿਖਲਾਈ ਦੇਣਗੇ, ਐਕਸਟੈਨਸ਼ਨ ਸਰਵਿਸ ਉਹ ਵੱਡੀਆਂ-ਵੱਡੀਆਂ ਕੰਪਨੀਆਂ ਦੇਣਗੀਆਂ। ਲਓ ਜੀ, ਇਹ ਕੰਮ ਕਰਕੇ ਇਨ੍ਹਾਂ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੀ ਫੇਲ੍ਹ ਕਰ ਦਿੱਤੀ, ਖੇਤੀਬਾੜੀ ਮਹਿਕਮਾ ਵੀ ਫ਼ੇਲ੍ਹ ਕਰ ਦਿੱਤਾ ਅਤੇ ਪੰਜਾਬ ਦੇ ਕਿਸਾਨ ਨੂੰ ਵੀ ਫੇਲ੍ਹ ਕਰ ਦਿੱਤਾ, ਕਿਉਂਕਿ ਹੁਣ ਵੱਡੀਆਂ-ਵੱਡੀਆਂ ਕੰਪਨੀਆਂ ਖੇਤਾਂ ਵਿੱਚ ਜਾ ਕੇ ਕਿਸਾਨਾਂ ਨੂੰ ਦੱਸਣਗੀਆਂ ਕਿ ਉਹ ਮੂੰਗੀ ਕਿਵੇਂ ਪੈਦਾ ਕਰਨਗੇ। ਜਦੋਂ ਕਿਸਾਨ ਮੂੰਗੀ ਦਾ ਭਾਅ ਦੇਖੇਗਾ ਤਾਂ ਕਿਹੜਾ ਕਿਸਾਨ ਮੂੰਗੀ ਜਾਂ ਮੱਕੀ ਪੈਦਾ ਕਰੇਗਾ। ਫਿਰ ਇਹ ਕਹਿੰਦੇ ਹਨ ਕਿ ਅਸੀਂ ਕਾਂਟ੍ਰੈਕਟ ਫਾਰਮਿੰਗ ਕਰਾਂਗੇ ? ਸਪੀਕਰ ਸਾਹਿਬ, ਇਕ ਵਾਰ ਪਹਿਲਾਂ ਵੀ ਇਹ ਕਾਂਟ੍ਰੈਕਟ ਫਾਰਮਿੰਗ ਦੀ ਸਕੀਮ ਚਲਾਈ ਗਈ ਸੀ ਔਰ ਬੜੇ ਜ਼ੋਰ ਸ਼ੋਰ ਨਾਲ ਚਲਾਈ ਗਈ ਸੀ, ਤੁਹਾਨੂੰ ਯਾਦ ਹੋਵੇਗਾ ਹੁਸ਼ਿਆਰਪੁਰ ਵਿੱਚ ਤੁਹਾਡੇ ਜ਼ਿਲ੍ਹੇ ਵਿੱਚ ਪੈਪਸੀ ਕੰਪਨੀ ਵਾਲਿਆਂ ਨੇ ਇਕ ਟਮਾਟਰਾਂ ਦੀ ਫੈਕਟਰੀ ਲਾ ਦਿੱਤੀ ਸੀ। ਠੀਕ ਹੈ, ਉਸ ਨਾਲ ਟੈਕਨਾਲੋਜੀ ਆਈ, ਪੈਦਾਵਾਰ ਵੀ ਵਧੀ ਲੇਕਿਨ ਅੱਜ ਉਹ ਫੈਕਟਰੀ ਕਿੱਥੇ ਹੈ ? ਅੱਜ ਉਹ ਫੈਕਟਰੀ ਬੰਦ ਪਈ ਹੈ ਜਿਹੜੇ ਕਿਸਾਨਾਂ ਨੇ ਟਮਾਟਰ ਉਗਾਏ ਸਨ, ਅੱਜ ਉਹ ਮਾਯੂਸ ਹਨ ਅਤੇ ਉਨ੍ਹਾਂ ਉਤੇ ਆਰਥਿਕ ਸੰਕਟ ਆਇਆ ਹੋਇਆ ਹੈ। ਸਪੀਕਰ ਸਾਹਿਬ, ਮੈਂ ਇਸ ਸਬੰਧ ਵਿਚ ਦੋ ਮਿਸਾਲਾਂ ਦੇਣਾ ਚਾਹਾਂਗਾ। ਇਸੇ ਤਰ੍ਹਾਂ ਹੀ ਪੈਪਸੀ ਵਾਲਿਆਂ ਵੱਲੋਂ ਪੰਜਾਬ ਵਿਚ ਕੰਟਰੈਕਟ ਫਾਰਮਿੰਗ ਦਾ ਜਿਕਰ ਕੀਤਾ ਗਿਆ ਹੈ, ਜਿਸ ਵਾਸਤੇ ਕਰੋੜਾਂ ਰੁਪਏ ਦੇ ਇਸਤਿਹਾਰ ਦਿੱਤੇ ਗਏ ਹਨ। ਮੈਂ ਕਹਿੰਦਾ ਹਾਂ ਕਿ ਟੋਟਲੀ ਫੇਲ੍ਹ ਹੋਣਗੇ। ਇਸੇ ਤਰ੍ਹਾਂ ਸੰਗਰੂਰ ਜ਼ਿਲ੍ਹੇ ਵਿਚ ਮਿਰਚਾਂ ਤੋਂ ਪੇਸਟ ਬਣਾਉਣ ਵਾਸਤੇ ਫੈਕਟਰੀ ਲਗਾਈ ਗਈ। ਇਸ ਵਾਸਤੇ ਕਿਸਾਨਾਂ ਨਾਲ ਮਿਰਚਾਂ ਉਗਾਉਣ ਵਾਸਤੇ ਕੰਟਰੈਕਟ ਕੀਤਾ ਗਿਆ ਸੀ। ਪਰ ਅੱਜ ਉਹ ਫੈਕਟਰੀ ਕਿੱਥੇ ਹੈ ? ਫਿਰ, ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਅਸੀਂ ਵੰਨ-ਸੁਵੰਨਤਾ ਲਿਆਂਵਾਗੇ। ਅਸੀਂ ਤਿੰਨ ਲੱਖ ਏਕੜ ਰਕਬਾ ਇਸ ਥੱਲੇ ਲਿਆਂਵਾਗੇ। ਸਪੀਕਰ ਸਾਹਿਬ, ਇਨ੍ਹਾਂ ਨੇ ਕੋਈ ਛੋਟੀ ਬੁਰਕੀ ਮੂੰਹ ਵਿਚ ਨਹੀਂ ਪਾਈ ਸਗੋਂ ਪੂਰੀ ਰੋਟੀ ਹੀ ਮੂੰਹ ਵਿਚ ਪਾ ਲਈ ਹੈ। ਇਸ ਤਰ੍ਹਾਂ ਦੀਆਂ ਸਕੀਮਾਂ ਫੇਲ੍ਹ ਹੀ ਹੁੰਦੀਆਂ ਹਨ। ਇਸ ਕਰਕੇ ਜਿਹੜੇ ਬੁਨਿਆਦੀ ਮਸਲੇ ਹਨ ਕਿ ਕੀ ਵੰਨ-ਸੁਵੰਨਤਾ ਲਿਆਉਣ ਨਾਲ ਪੰਜਾਬ ਦੇ ਕਿਸਾਨ ਨੂੰ ਖੁਸ਼ਹਾਲੀ ਹੋਵੇਗੀ ਜਾਂ ਕੋਈ ਲਾਭ ਹੋਵੇਗਾ ਜਾਂ ਨਹੀਂ, ਇਸ ਬਾਰੇ ਸੋਚਿਆ ਜਾਵੇ ਫਿਰ ਤਾਂ ਠੀਕ ਹੈ। ਸਪੀਕਰ ਸਾਹਿਬ, ਪੰਜਾਬ ਦਾ ਕਿਸਾਨ ਮੱਕੀ ਅਤੇ ਮੂੰਗੀ ਕਿਸ ਤਰ੍ਹਾਂ ਬੀਜੇਗਾ ? ਫਿਰ ਇਹ ਕਹਿੰਦੇ ਹਨ ਕਿ ਅਰਿੰਡ ਵੀ ਪੈਦਾ ਕਰਾਂਗੇ। ਪਹਿਲਾਂ ਇਹ ਕਹਿੰਦੇ ਸਨ ਕਿ ਅਸੀਂ ਕੰਡੇ ਬੀਜਦੇ ਹਾਂ। ਸਪੀਕਰ ਸਾਹਿਬ, ਹੁਣ ਇਹ ਆਪ ਹੀ ਕੰਡੇ ਬੀਜਣਗੇ ਅਤੇ ਆਪ ਹੀ ਚੁਗਣਗੇ। (ਸਰਦਾਰ ਬਲਵਿੰਦਰ ਸਿੰਘ ਭੂੰਦੜ : (ਬੈਠੇ ਬੈਠੇ) ਇਹ ਤਾਂ ਆਪ ਹੀ ਅਰਿੰਡ ਹਨ।) ਸਪੀਕਰ ਸਾਹਿਬ, ਭੂੰਦੜ ਸਾਹਿਬ ਕਹਿ ਰਹੇ ਹਨ ਕਿ ਇਹ ਤਾਂ ਆਪ ਹੀ ਅਰਿੰਡ ਹਨ।

ਸਪੀਕਰ ਸਾਹਿਬ, ਅੱਗੇ ਮੈਂ ਕੋਆਪਰੇਟਿਵ ਬੈਂਕਾਂ ਬਾਰੇ ਕਹਾਂਗਾ। ਵਿੱਤ ਮੰਤਰੀ ਜੀ ਨੇ ਕਿਹਾ ਹੈ ਕਿ ਜਿਹੜੇ ਕਿਸਾਨਾਂ ਨੂੰ ਕਰਜ਼ੇ ਦਿੱਤੇ ਗਏ ਹਨ ਉਨ੍ਹਾਂ ਉਤੇ ਵਿਆਜ ਦੀ ਦਰ 14% ਤੋਂ ਘਟਾ ਕੇ ਸਾਢੇ ਤੇਰਾਂ ਪ੍ਰਤੀਸ਼ਤ ਕਰ ਦਿੱਤੀ ਗਈ ਹੈ। ਇਹ ਬੜਾ ਵੱਡਾ ਰਹਿਮ ਕੀਤਾ ਹੈ ਪੰਜਾਬ ਦੇ ਕਿਸਾਨ ਉਤੇ। ਬੱਲੇ ਉਏ ਸ਼ੇਰੋ! ਤੁਸੀਂ ਤਾਂ ਕਾਗਜ਼ੀ ਕਾਰਵਾਈ ਹੀ ਕਰਦੇ ਹੋ। ਇਨ੍ਹਾਂ ਨੂੰ ਬੈਂਕਾਂ ਬਾਰੇ ਕੁਝ ਵੀ ਨਹੀਂ ਪਤਾ। ਇਹ ਤਾਂ ਵਿਚਾਰੇ ਜਿਥੇ ਵੀ ਜਾਂਦੇ ਹਨ, ਅਫ਼ਸਰ ਇਨ੍ਹਾਂ ਨੂੰ ਸਪੀਚ ਲਿਖ ਕੇ ਦੇ ਦਿੰਦੇ ਹਨ ਅਤੇ ਇਹ ਉਥੇ ਪੜ੍ਹ ਦਿੰਦੇ ਹਨ। ਜਾਂ ਤਾਂ ਇਹ ਆਪ ਪਹਿਲਾਂ ਅਫਸਰਾਂ ਕੋਲੋਂ ਸਮਝ ਲਿਆ ਕਰਨ। ਇਹ ਸਾਰਾ ਬਜਟ ਹੀ ਅਫ਼ਸਰਾਂ ਦਾ ਤਿਆਰ ਕੀਤਾ ਹੋਇਆ ਹੈ। ਇਹ ਤਾਂ ਬੱਸ ਤੋਤੇ ਵਾਂਗੂ ਪੜ੍ਹਦੇ ਹੀ ਹਨ

Original with;
Punjab Vidhan Sabha
Digitized by;
Panjab Digital Library

[ਕੈਪਟਨ ਕੰਵਲਜੀਤ ਸਿੰਘ]

(ਅਵਾਜਾਂ : ਤੋਤਾ ਤਾਂ ਤੁਹਾਡੇ ਵੱਲ ਹੈ।) ਇਨ੍ਹਾਂ ਨੇ ਸਿਰਫ ਕਿਸਾਨਾਂ ਨੂੰ ਅੱਧਾ ਪਰਸੈਂਟ ਹੀ ਵਿਆਜ ਵਿਚ ਰਾਹਤ ਦਿੱਤੀ ਹੈ। ਸਪੀਕਰ ਸਾਹਿਬ, ਅੱਜ ਪੰਜਾਬ ਅਤੇ ਦੇਸ਼ ਦੇ ਸਾਰੇ ਕਮਰਸ਼ੀਅਲ ਬੈਂਕ ਜਿਹੜੇ ਵੀ ਕਮਰਸ਼ੀਅਲ ਕਰਜੇ ਦੇ ਰਹੇ ਹਨ ਉਨ੍ਹਾਂ ਦਾ ਰੇਟ ਆਫ ਇੰਟਰੈਸਟ 8% ਤੋਂ ਲੈ ਕੇ 11% ਤੱਕ ਹੈ ਕਿਉਂਕਿ ਭਾਰਤ ਸਰਕਾਰ ਦੇ ਰਿਜਰਵ ਬੈਂਕ ਆਫ ਇੰਡੀਆ ਨੇ ਇੰਟਰੈਸਟ ਦੇ ਰੇਟਾਂ ਵਿਚ ਭਾਰੀ ਕਮੀ ਲਿਆਂਦੀ ਹੈ। ਇਹ ਹਾਲੇ ਵੀ ਕਮਰਸ਼ੀਅਲ ਬੈਂਕਾਂ ਨਾਲੋਂ ਢਾਈ ਪਰਸੈਂਟ ਜ਼ਿਆਦਾ ਇੰਟਰੈਸਟ ਲੈ ਰਹੇ ਹਨ। ਸਪੀਕਰ ਸਾਹਿਬ, ਪੰਜਾਬ ਦੇ ਕਿਸਾਨ ਉਤੇ ਵੱਖ-ਵੱਖ ਅਦਾਰਿਆਂ ਦਾ 5700 ਕਰੋੜ ਰੁਪਏ ਦਾ ਕਰਜਾ ਬਕਾਇਆ ਪਿਆ ਹੈ। ਜੇਕਰ ਭਾਰਤ ਸਰਕਾਰ ਨੇ ਕਮਰਸ਼ੀਅਲ ਬੈਂਕਾ ਦੇ ਐਨ.ਪੀ.ਏ. (ਨਾਨ-ਪਰਫਾਰਮਿੰਗ ਅਸੈਟਸ) ਨੂੰ ਰਾਈਟ-ਆਫ ਕਰਨ ਦਾ ਫੈਸਲਾ ਲੈ ਲਿਆ ਹੈ ਤਾਂ ਕੀ ਇਹ ਨਾ-ਅਹਿਲ ਕਾਂਗਰਸ ਸਰਕਾਰ ਕਿਸਾਨਾਂ ਦੇ 5700 ਕਰੋੜ ਰੁਪਏ ਨੂੰ ਐਨ.ਪੀ.ਏ. ਵਾਂਗ ਰਾਈਟ-ਆਫ ਕਰਨ ਲਈ ਕਾਰਵਾਈ ਨਹੀਂ ਕਰ ਸਕਦੀ।

ਅੱਗੇ ਗ੍ਰਾਮ ਵਿਕਾਸ ਬਾਰੇ ਗੱਲ ਕੀਤੀ ਗਈ ਹੈ ਅਤੇ ਇਹ ਵੀ ਆਖਿਆ ਗਿਆ ਹੈ ਕਿ ਪਿੰਡਾਂ ਤੋਂ ਸ਼ਹਿਰਾਂ ਵਿਚ ਆਉਣ ਵਾਲੇ ਲੋਕਾਂ ਨੂੰ ਰੋਕਿਆ ਜਾਵੇਗਾ ਅਤੇ ਪਿੰਡਾਂ ਵਿਚ 66% ਅਬਾਦੀ ਵਸਦੀ ਹੈ। ਪਰ, ਸਪੀਕਰ ਸਾਹਿਬ, ਇਨ੍ਹਾਂ ਨੇ 66% ਅਬਾਦੀ ਵਾਸਤੇ ਆਪਣੇ ਬਜਟ ਵਿਚ ਕੇਵਲ 8% ਪੈਸੇ ਦੀ ਪ੍ਰੋਵੀਜ਼ਨ ਕੀਤੀ ਹੈ। ਬੜੇ ਹੀ ਅਫਸੋਸ ਦੀ ਗੱਲ ਹੈ ਕਿ ਇਸ ਦੇ ਨਾਲ ਤਾਂ ਪਿੰਡਾਂ ਦੀ ਸ਼ਕਲ ਹੋਰ ਵੀ ਵਿਗੜ ਜਾਵੇਗੀ। ਜਿਹੜੇ ਪਿੰਡਾਂ ਦੇ ਬੁਨਿਆਦੀ ਮਸਲੇ ਹਨ ਚਾਹੇ ਉਹ ਕਿਸੇ ਵੀ ਤਰ੍ਹਾਂ ਦੇ ਵਿਕਾਸ ਦੀ ਗੱਲ ਹੋਵੇ, ਸਕੂਲਾਂ ਦੀਆਂ ਬਿਲਡਿੰਗਾਂ ਦੀ ਗੱਲ ਹੋਵੇ, ਹਸਪਤਾਲਾਂ ਦੀ ਗੱਲ ਹੋਵੇ, ਪਿੰਡਾਂ ਦੀਆਂ ਗਲੀਆਂ-ਨਾਲੀਆਂ ਦੀ ਗੱਲ ਹੋਵੇ ਜਾਂ ਗੰਦੇ ਪਾਣੀ ਦੇ ਨਿਕਾਸ ਦੀ ਗੱਲ ਹੋਵੇ, ਉਨ੍ਹਾਂ ਦਾ ਜਿਕਰ ਤੱਕ ਹੀ ਨਹੀਂ ਕੀਤਾ ਗਿਆ। ਕੇਵਲ 66% ਅਬਾਦੀ ਵਾਸਤੇ 8% ਬਜਟ ਹੀ ਰੱਖਿਆ ਗਿਆ ਹੈ। ਇਸ ਤਰ੍ਹਾਂ ਇਹ ਪਿੰਡਾਂ ਨੂੰ ਵੀ ਮਾਰਦੇ ਹਨ ਅਤੇ ਸ਼ਹਿਰਾਂ ਨੂੰ ਵੀ ਮਾਰਦੇ ਹਨ। ਇਹ ਜਨਤਾ ਨੂੰ ਵੀ ਮਿਲਦੇ ਹਨ। ਸਪੀਕਰ ਸਾਹਿਬ ਬਿਜਲੀ ਦੇ ਬਾਰੇ ਮੈਂ ਥੋੜ੍ਹਾ ਜਿਹਾ ਵਿਸਥਾਰਪੂਰਬਕ ਕਹਾਂਗਾ। ਇਨ੍ਹਾਂ ਨੇ ਆਪਣੇ ਬਜਟ ਭਾਸ਼ਣ ਵਿੱਚ ਕਿਹਾ, ਮੈਂ ਪੜ੍ਹ ਕੇ ਸਣਾਉਂਦਾ ਹਾਂ:

"ਮਾਲੀ ਤੰਗੀਆਂ ਦੇ ਬਾਵਜੂਦ ਪੰਜਾਬ ਰਾਜ ਬਿਜਲੀ ਬੋਰਡ ਨੇ ਖੇਤੀਬਾੜੀ ਪੰਪ ਸੈਟਾ ਨੂੰ 10 ਘੰਟੇ ਬਿਜਲੀ ਸਪਲਾਈ ਸੁਨਿਸਚਿਤ ਕੀਤੀ ਹੈ।" ਸਪੀਕਰ ਸਾਹਿਬ ਇਨ੍ਹਾਂ ਨੇ ਪਿਛਲੇ ਸਾਲ ਵੀ ਐਲਾਨ ਕੀਤਾ ਸੀ, ਕੀ ਉਹ ਨਿਭਾਇਆ ਗਿਆ, ਐਤਕੀਂ ਫੇਰ ਐਲਾਨ ਕਰ ਦਿੱਤਾ ਹੈ। ਮੈਂ ਇਸ ਮਹਾਨ ਸਦਨ ਨੂੰ ਅਪੀਲ ਕਰਦਾ ਹਾਂ, ਆਪ ਜੀ ਨੂੰ ਵੀ ਅਪੀਲ ਕਰਦਾ ਹਾਂ ਕਿ ਇਨ੍ਹਾਂ ਦੇ ਐਲਾਨ ਦੀ ਸਚਾਈ ਨੂੰ ਜਾਣਨ ਲਈ ਹਾਊਸ ਦੇ ਮੈਂਬਰਾਂ ਦੀ ਇਕ ਸਬ-ਕਮੇਟੀ ਬਣਾਈ ਜਾਵੇ ਜਿਹੜੀ ਪਿੰਡਾਂ ਵਿੱਚ ਜਾ ਕੇ ਇਹ ਜਾਇਜਾ ਲਵੇ ਕਿ ਕਿੰਨੇ ਘੰਟੇ ਬਿਜਲੀ ਸਪਲਾਈ ਹੁੰਦੀ ਰਹੀ ਹੈ। ਜੇ, ਸਪੀਕਰ ਸਾਹਿਬ, ਇਹ ਸਾਬਤ ਕਰ ਦੇਣ ਕਿ 10 ਘੰਟੇ ਬਿਜਲੀ ਦੀ ਸਪਲਾਈ ਹੁੰਦੀ ਰਹੀ ਹੈ ਤਾਂ ਮੈਂ ਸ਼੍ਰੋਮਣੀ ਅਕਾਲੀ ਦੱਲ ਵਲੋਂ ਐਲਾਨ ਕਰਦਾ ਹਾਂ ਕਿ ਅਸੀਂ ਇਨ੍ਹਾਂ ਦਾ ਸਾਥ ਦੇਵਾਂਗੇ ਅਤੇ ਇਨ੍ਹਾਂ ਦੀ ਸਰਕਾਰ ਚਲਾਉਣ ਲਈ ਇਨ੍ਹਾਂ ਦੀ ਸਹਾਇਤਾ ਕਰਾਂਗੇ ਪਰ ਨਾਲ ਹੀ ਮੈਂ ਇਹ ਵੀ ਕਹਿੰਦਾ ਹਾਂ ਕਿ ਜੇ ਇਹ 10 ਘੰਟੇ ਬਿਜਲੀ ਦੀ ਸਪਲਾਈ ਸਾਬਤ ਨਾ ਕਰ ਸਕੇ ਤਾਂ ਇਹ ਇਸ ਮਹਾਨ ਸਦਨ ਵਿੱਚ ਅਸਤੀਫੇ ਦੇਣ। ਸਪੀਕਰ ਸਾਹਿਬ, ਬਿਜਲੀ ਬੋਰਡ ਬਾਰੇ ਬੜੀਆਂ ਗੱਲਾਂ ਕੀਤੀਆਂ ਗਈਆਂ ਅਤੇ ਬਿਜਲੀ ਬੋਰਡ ਦਾ ਜ਼ਿਕਰ ਵੀ ਆਇਆ ਹੈ। ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਇਕ ਡਰਾਫਟ

Original with;
Punjab Vidhan Sabha
Digitized by;
Panjab Digital Library

ਬਿਜਲੀ ਬਿਲ ਪੇਸ਼ ਕਰਾਂਗੇ। ਉਹ ਕੀ ਹੈ, ਇਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਕੀ ਉਹ ਨਿੱਜੀਕਰਨ ਹੈ ਜਾਂ ਬਿਜਲੀ ਬੋਰਡ ਨੂੰ ਤੋੜਣ ਦੀ ਗੱਲ ਹੈ, ਇਸ ਦਾ ਵੀ ਕੋਈ ਜ਼ਿਕਰ ਨਹੀਂ ਕੀਤਾ ਗਿਆ। ਮੈਂ, ਸਪੀਕਰ ਸਾਹਿਬ, ਕਹਾਂਗਾ ਕਿ ਇਸ ਤਰ੍ਹਾਂ ਦੀਆਂ ਛਪਾਊ ਗੱਲਾਂ ਇਹ ਵਾਰ-ਵਾਰ ਕਰਦੇ ਹਨ। ਇਸ ਸਰਕਾਰ ਦੀ ਤੁਸੀਂ ਕਾਬਲੀਅਤ ਦੇਖ ਲਓ। ਪਿਛਲੇ ਸਾਲ ਬਜਟ ਪੇਸ਼ ਕੀਤਾ ਉਸ ਵਿੱਚ 950 ਕਰੋੜ ਰੁਪਏ ਦਾ ਬਿਜਲੀ ਬੋਰਡ ਦਾ ਘਾਟਾ ਵਿਖਾਇਆ ਗਿਆ ਸੀ ਅਤੇ ਉਸ ਘਾਟੇ ਨੂੰ ਪੂਰਾ ਕਰਨ ਲਈ ਬਿਜਲੀ ਦੇ ਬਿਲ ਵਧਾਉਣ ਬਾਰੇ ਕਿਹਾ ਗਿਆ ਸੀ ਅਤੇ ਇਨ੍ਹਾਂ ਨੂੰ ਆਗਿਆ ਮਿਲ ਗਈ ਅਤੇ ਬਿਜਲੀ ਦੇ ਬਿਲਾਂ ਵਿੱਚ ਵਾਧਾ ਕਰ ਦਿੱਤਾ ਗਿਆ ਅਤੇ ਮੋਟਰਾਂ ਤੇ ਮੁਆਫ ਕੀਤੇ ਬਿਲ ਦੋਬਾਰਾ ਲਾਗੂ ਕਰ ਦਿੱਤੇ। ਲੇਕਿਨ ਬੜੇ ਅਫਸੋਸ ਦੀ ਗੱਲ ਹੈ ਕਿ ਸਾਰਾ ਕੁਝ ਕਰ ਦੇਣ ਦੇ ਬਾਵਜੂਦ ਵੀ, ਇਹ ਕਾਗਜਾਂ ਤੇ ਕੰਮ ਕਰਨ ਵਾਲੀ ਨਾ-ਅਹਿਲ ਸਰਕਾਰ ਨੇ ਪਿਛਲੇ ਸਾਲ ਜਿਹੜਾ ਬਿਜਲੀ ਬੋਰਡ ਦਾ 950 ਕਰੋੜ ਰੁਪਏ ਦਾ ਘਾਟਾ ਸੀ, ਹੁਣ 1862 ਕਰੋੜ ਰੁਪਏ ਤੇ ਪਹੁੰਚਾ ਦਿੱਤਾ ਹੈ। ਇਸ ਲਈ ਮੈਂ ਕਹਿੰਦਾ ਹੈ ਕਿ ਇਨ੍ਹਾਂ ਨੂੰ ਨਾ ਤਾਂ ਕੰਮ ਕਰਨ ਦਾ ਤਰੀਕਾ ਹੈ ਅਤੇ ਨਾ ਹੀ ਕੋਈ ਯੋਜਨਾ ਹੈ, ਨਾ ਅਫ਼ਸਰਾਂ ਤੇ ਇਨ੍ਹਾਂ ਦੀ ਕੋਈ ਪਕੜ ਹੈ। ਇਸ ਲਈ ਮੈਂ ਕਹਾਂਗਾ ਕਿ ਇ੍ਹਨਾਂ ਨੇ ਅੱਗੇ ਕਿਹਾ ਹੈ ਕਿ ਅਸੀਂ ਬਿਜਲੀ ਬੋਰਡ ਰੀਫਾਰਮ ਕਰਾਂਗੇ ਅਤੇ ਤਿੰਨ ਕਾਰਪੋਰੇਸ਼ਨਾਂ ਬਣਾਵਾਂਗੇ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਹਲਦੀਆ ਕਮੇਟੀ ਦੇ ਮੁੱਖੀ ਹਲਦੀਆ ਸਾਹਿਬ ਨੇ ਖੁਦ ਮੰਨਿਆ ਹੈ ਕਿ ਇਹ ਕਾਰਪੋਰੇਸ਼ਨਾਂ ਬਣਾਉਣ ਨਾਲ ਕੁਝ ਨਹੀਂ ਹੋਣਾ। ਉੜੀਸਾ ਵਿੱਚ ਕੀ ਹੋਇਆ, ਉੱਤਰ ਪ੍ਰਦੇਸ਼ ਵਿੱਚ ਕੀ ਹੋਇਆ, ਦਿੱਲੀ ਅਤੇ ਹਰਿਆਣਾ ਵਿੱਚ ਕੀ ਹੋਇਆ, ਜੇ ਉਥੇ ਕੋਈ ਸੁਧਾਰ ਨਹੀਂ ਹੋਇਆ ਤਾਂ ਇਥੇ ਵੀ ਇਨ੍ਹਾਂ ਨਾਲ ਕੋਈ ਸੁਧਾਰ ਨਹੀਂ ਹੋਣਾ ਅਤੇ ਇਹ ਤਜ਼ਰਬਾ ਸਫਲ ਨਹੀਂ ਹੋਣਾ। ਇਸ ਸਮੱਸਿਆ ਨੂੰ ਹੱਲ ਕਰਨ ਦੀ ਬਜਾਏ ਇਹ ਤਜਰਬਾ ਫੇਲ੍ਹ ਹੋਇਆ ਹੈ। ਮੈਂ ਕਹਾਂਗਾ ਕਿ ਜੇ ਬੇ-ਲੋੜੇ ਅਤੇ ਬਿਨਾਂ ਸੋਚੇ ਸਮਝੇ ਇਨ੍ਹਾਂ ਨੇ ਰੀਫਾਰਮ ਦਾ ਐਲਾਨ ਕੀਤਾ ਅਤੇ ਕਾਰਪੋਰੇਸ਼ਨਾਂ ਦਾ ਐਲਾਨ ਕੀਤਾ ਤਾਂ ਸ਼੍ਰੋਮਣੀ ਅਕਾਲੀ ਦਲ ਇਸ ਦਾ ਵਿਰੋਧ ਕਰੇਗਾ। ਬਿਜਲੀ ਬੋਰਡ ਬਿਲਾਂ ਬਾਰੇ ਮੈਂ ਥੋੜ੍ਹਾ ਜਿਹਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਇਲੈਕਟਰੀਸਿਟੀ ਟੈਰਿਫ ਕਮਿਸ਼ਨ ਨੇ ਜੋ ਰਿਪੋਰਟ ਪੇਸ਼ ਕੀਤੀ ਹੈ ਉਸਦੇ ਵਿੱਚ ਲਿਖਿਆ ਹੈ ਕਿ Board has worked out initial revenue requirement of Rs. 1862 crore for the year 2003-04. The Board reviewed the position. ਇਨ੍ਹਾਂ ਨੇ ਇਹ ਮੰਗ ਕੀਤੀ ਸੀ ਕਿ ਇਹ ਘਾਟਾ ਪੂਰਾ ਕਰਨ ਲਈ ਸਾਨੂੰ ਬਿਜਲੀ ਦੇ ਬਿਲ ਵਧਾਉਣ ਦੀ ਆਗਿਆ ਦਿੱਤੀ ਜਾਵੇ, ਇਸ ਦੇ ਬਾਰੇ ਮੈਂ ਥੋੜ੍ਹਾ ਜਿਹਾ ਜ਼ਿਕਰ ਕਰਾਂਗਾ। ਪਹਿਲਾਂ 100 ਯੂਨਿਟ ਦਾ ਮੌਜੂਦਾ ਰੇਟ 179 ਰੁਪਏ ਅਤੇ ਮੀਟਰ ਦਾ ਚਾਰਜ 35 ਰੁਪਏ ਹੈ ਜੋ ਇਨ੍ਹਾਂ ਨੇ ਹੁਣ ਤਜ਼ਵੀਜ਼ ਕੀਤੀ ਹੈ 265 ਰੁਪਏ ਫੀ ਕਿਲੋ ਵਾਟ ਅਤੇ ਮੀਟਰ ਦਾ ਬਿਲ 35 ਤੋਂ 45, ਅਤੇ 300 ਯੂਨਿਟ ਤੱਕ ਮੌਜੂਦਾ 3 ਰੁਪਏ 1 ਪੈਸਾ ਪ੍ਰਤੀ ਯੂਨਿਟ ਅਤੇ 35 ਰੁਪਏ ਮੀਟਰ ਦਾ ਰੈਂਟ ਹੈ ਪ੍ਰਸਤਾਵ ਕੀਤਾ 400 ਰੁਪਏ ਅਤੇ ਮੀਟਰ ਦਾ ਰੈਂਟ 45 ਰੁਪਏ। ਸਪੀਕਰ ਸਾਹਿਬ, 100 ਯੂਨਿਟ ਤੋਂ 300 ਯੂਨਿਟ ਤੱਕ ਮੌਜੂਦਾ ਦਰ 3 ਰੁਪਏ ਅਤੇ ਮੀਟਰ ਤੇ 35 ਰੁਪਏ ਹੈ ਜਦ ਕਿ ਪ੍ਰਸਤਾਵਿਤ ਕੀਤਾ ਹੈ, 4 ਰੁਪਏ ਅਤੇ ਮੀਟਰ ਤੇ 45 ਰੁਪਏ। ਇਸੇ ਤਰ੍ਹਾਂ 300 ਯੂਨਿਟ ਤੋਂ ਉਪਰ ਬਿਜਲੀ ਖਰਚਣ ਵਾਲੇ ਨੂੰ 334 ਰੁਪਏ ਤੋਂ ਚੁੱਕ ਕੇ 400 ਰੁਪਏ ਤੱਕ ਲੈ ਗਏ ਹਨ। ਇਸ ਤਰ੍ਹਾਂ ਇਨ੍ਹਾਂ ਨੇ ਘਰੇਲੂ ਖਪਤਕਾਰਾਂ ਦਾ ਲੱਕ ਤੋੜ ਦਿੱਤਾ ਹੈ। ਇਹ ਦਲਿਤਾਂ ਦੀਆਂ ਕਸਮਾਂ ਖਾਂਦੇ ਹਨ। ਅਸੀਂ ਉਨ੍ਹਾਂ ਦੀ ਬਿਜਲੀ ਮੁਆਫ ਕੀਤੀ ਔਰ ਇਨ੍ਹਾਂ ਨੇ ਚੋਣਾਂ ਸਮੇਂ ਕਿਹਾ ਸੀ ਕਿ ਅਸੀਂ 50 ਯੂਨਿਟ ਤੋਂ 150 ਯੂਨਿਟ ਮੁਆਫ ਕਰਾਂਗੇ। ਚੌਧਰੀ ਸਾਹਿਬ ਬੈਠੇ ਹਨ ਪਰ ਇਨ੍ਹਾਂ ਨੇ ਉਨ੍ਹਾਂ ਨੂੰ ਬਿਜਲੀ ਮੁਆਫ ਨਹੀਂ

Original with;
Punjab Vidhan Sabha
Digitized by;

[ਕੈਪਟਨ ਕੰਵਲਜੀਤ ਸਿੰਘ]

ਕੀਤੀ। ਇਹ ਉਨ੍ਹਾਂ ਨੂੰ ਕੀ ਮੂੰਹ ਦਿਖਾਉਣਗੇ। ਮੇਰਾ ਖਿਆਲ ਹੈ ਕਿ ਪੰਜਾਬ ਦੀ ਗਰੀਬ ਜਨਤਾ ਨੂੰ ਹਜ਼ਾਰਾਂ ਰੁਪਏ ਦੇ ਬਿਜਲੀ ਦੇ ਬਿਲ ਆਉਣਗੇ। ਇਸ ਤਰ੍ਹਾਂ ਇਹ ਲੋਕਾਂ ਦਾ ਖੂਨ ਨਿਚੋੜ ਰਹੇ ਹਨ। ਸਪੀਕਰ ਸਾਹਿਬ, ਸਿੰਜਾਈ ਅਤੇ ਟਿਊਬਵੈਲਾਂ ਦਾ ਜ਼ਿਕਰ ਕੀਤਾ ਗਿਆ ਹੈ। ਮੈਂ ਬਾਕੀ ਗੱਲ ਨਹੀਂ ਕਰਾਂਗਾ, ਸਬਸਿਡੀਆਂ ਦੀ ਗੱਲ ਕਰਾਂਗਾ। ਅੱਜ ਇਹ 60 ਰੁਪਏ ਪਰ ਹਾਰਸ ਪਾਵਰ ਲੈਂਦੇ ਹਨ। ਸਪੀਕਰ ਸਾਹਿਬ, ਇਨ੍ਹਾਂ ਨੇ ਪ੍ਰਸਤਾਵ ਕੀਤਾ ਹੈ ਕਿ 212 ਰੁਪਏ ਬੀ.ਐਚ.ਪੀ. ਨੂੰ ਵਧਾ ਕੇ 330 ਰੁਪਏ ਪ੍ਰਤੀ ਬੀ.ਐਚ.ਪੀ. ਕਰ ਦਿੱਤੀ ਜਾਵੇਗੀ। ਇਸ ਦਾ ਮਤਲਬ ਹੈ ਕਿ ਜਿਸ ਦਾ ਪੰਜ ਹਾਰਸ ਪਾਵਰ ਦਾ ਮੀਟਰ ਦਾ ਬਿਲ ਆਉਂਦਾ ਸੀ, ਉਸ ਦਾ 300 ਰੁਪਏ ਤੋਂ ਵਧਾ ਕੇ 890 ਕਰ ਦਿੱਤਾ ਜਾਵੇਗਾ। ਜਿਹੜਾ ਇਹ ਇਸ ਸਮੇਂ 60 ਰੁਪਏ ਪ੍ਰਤੀ ਹਾਰਸ ਪਾਵਰ ਚਾਰਜ ਕਰਦੇ ਹਨ, ਇਹ ਪ੍ਰਸਤਾਵਿਤ ਕੀਤਾ ਹੈ ਕਿ 178 ਰੁਪਏ ਪ੍ਰਤੀ ਹਾਰਸ ਪਾਵਰ ਕਰ ਦਿੱਤਾ ਜਾਵੇਗਾ। ਇਸ ਤਰ੍ਹਾਂ ਇਨ੍ਹਾਂ ਨੇ ਕਿਸਾਨਾਂ ਨੂੰ ਕੁਚਲ ਦਿੱਤਾ ਹੈ, ਲੋਕਾਂ ਨੂੰ ਕੁਚਲ ਦਿੱਤਾ ਹੈ। ਫਿਰ ਇਹ ਕਹਿੰਦੇ ਹਨ ਕਿ ਇੱਥੇ ਫੈਕਟਰੀਆਂ ਨਹੀਂ ਲਗਦੀਆਂ, ਕਾਰਖਾਨੇ ਨਹੀਂ ਲਗਦੇ। ਇੰਡਸਟਰੀਅਲ ਸੈਕਟਰ ਵਿੱਚ ਪਾਵਰ ਦੀ ਦਰ 290 ਰੁਪਏ ਤੋਂ ਚੁੱਕ ਕੇ 382 ਰੁਪਏ ਕਰ ਦਿੱਤੀ ਹੈ। ਮੀਡੀਅਮ ਵਰਗ ਲਈ ਵੀ ਪਾਵਰ ਦੀ ਦਰ 329 ਰੁਪਏ ਤੋਂ ਵਧਾ ਕੇ 418 ਰੁਪਏ ਕਰ ਦਿੱਤੀ ਹੈ। ਇਸ ਤਰ੍ਹਾਂ ਲਾਰਜ ਪਾਵਰ ਸਪਲਾਈ ਵਿੱਚ ਦਰ 342 ਰੁਪਏ ਤੋਂ ਵਧਾ ਕੇ 418 ਕਰ ਦਿੱਤੀ ਹੈ। ਇਸ ਤਰ੍ਹਾਂ ਲਾਰਜ ਇੰਡਸਟਰੀ ਅਤੇ ਮੀਡੀਅਮ ਇੰਡਸਟਰੀ ਵਿੱਚ ਕੋਈ ਫਰਕ ਨਹੀਂ ਰਹਿ ਗਿਆ। ਸਪੀਕਰ ਸਾਹਿਬ, ਮੈਂ ਜ਼ਿਕਰ ਕਰਾਂਗਾ ਕਿ ਉਦਯੋਗ ਪੰਜਾਬ ਦੀ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਜ਼ਰੂਰੀ ਹੈ। ਪੰਜਾਬ ਦੀ ਖੁਸ਼ਹਾਲੀ, ਤਰੱਕੀ ਅਤੇ ਉਦਯੋਗਿਕ ਵਿਕਾਸ ਲਈ ਇੰਡਸਟਰੀ ਦਾ ਅਹਿਮ ਰੋਲ ਹੈ ਲੇਕਿਨ ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਜਿਸ ਦਿਨ ਤੋਂ ਇਹ ਸਰਕਾਰ ਆਈ ਹੈ, ਉਸ ਦਿਨ ਤੋਂ ਨਾ ਤਾਂ ਕੋਈ ਇਨ੍ਹਾਂ ਨੇ ਅਹਿਮ ਕਾਰਖਾਨਾ ਲਗਾਇਆ ਅਤੇ ਨਾ ਹੀ ਕੋਈ ਇੰਡਸਟਰੀਅਲ ਇਨਵੈਸਟਮੈਂਟ ਕੀਤੀ। ਬੱਸ ਪਾਲਿਸੀਆਂ ਹੀ ਘੜ ਰਹੇ ਹਨ। ਕਹਿੰਦੇ ਹਨ ਕਿ ਇੱਕ ਸਾਲ ਪਾਲਿਸੀਆਂ ਬਨਾਉਣ ਤੇ ਵਿਚਾਰ ਕਰਨੀ ਹੈ। ਸਿਰਫ ਵਿਚਾਰ ਕਰਨ ਤੇ ਹੀ ਇਨ੍ਹਾਂ ਦਾ ਜ਼ੋਰ ਹੈ। ਮੈਂ ਕਹਾਂਗਾ ਕਿ ਜਿੱਥੋਂ ਤੱਕ ਉਦਯੋਗ ਦਾ ਸਵਾਲ ਹੈ, ਪੰਜਾਬ ਦੇ ਉਦਯੋਗ ਤੇ ਬਹੁਤ ਮੰਦਾ ਅਸਰ ਪਿਆ ਹੈ। ਕੇਂਦਰ ਸਰਕਾਰ ਨੇ ਹਿਮਾਚਲ ਪ੍ਰਦੇਸ਼, ਜੰਮੂ ਕਸਮੀਰ, ਆਂਧਰਾ ਪ੍ਰਦੇਸ਼ ਵਿੱਚ ਵਿਸ਼ੇਸ਼ ਰਿਆਇਤਾਂ ਦਿੱਤੀਆਂ ਹਨ। ਇਸ ਨਾਲ ਪੰਜਾਬ ਵਿੱਚ ਉਦਯੋਗ ਤੇ ਗੰਭੀਰ ਰੂਪ ਨਾਲ ਅਸਰ ਪੈਂਦਾ ਹੈ। ਅਸੀਂ ਇਹ ਪੇਸ਼ਕਸ ਕਰਾਂਗੇ ਕਿ ਵਿੱਤ ਮੰਤਰੀ ਜੀ ਰੈਜ਼ੋਲਿਊਸ਼ਨ ਲਿਆਉਣ ਕਿ ਇਸ ਤਰ੍ਹਾਂ ਦੀਆਂ ਰਿਆਇਤਾਂ ਪੰਜਾਬ ਵਿੱਚ ਵੀ ਦਿੱਤੀਆਂ ਜਾਣ। ਅਸੀਂ ਦੂਸਰਿਆਂ ਦੀਆਂ ਰਿਆਇਤਾਂ ਖੋਹਣਾ ਨਹੀਂ ਚਾਹੁੰਦੇ ਪਰ ਇਹ ਰਿਆਇਤਾਂ ਪੰਜਾਬ ਨੂੰ ਵੀ ਦਿੱਤੀਆਂ ਜਾਣ। ਇਹ ਇਸ ਬਾਰੇ ਰੈਜ਼ੋਲਿਊਸ਼ਨ ਲਿਆਉਣ ਔਰ ਅਸੀਂ ਸਰਬਸੰਮਤੀ ਨਾਲ ਇਸ ਨੂੰ ਪਾਸ ਕਰਾਂਗੇ। ਅਸੀਂ ਪੰਜਾਬ ਲਈ ਮਰਨ ਲਈ, ਕੁਰਬਾਨ ਹੋਣ ਲਈ ਤਿਆਰ ਹਾਂ।

ਸਪੀਕਰ ਸਾਹਿਬ, ਸੜਕਾਂ ਦਾ ਜ਼ਿਕਰ ਕੀਤਾ ਗਿਆ ਹੈ। ਇੱਕ ਸਾਲ ਤੋਂ ਤਾਂ ਇਹ ਆਪ ਮੰਨਦੇ ਹਨ ਕਿ ਪੰਜਾਬ ਵਿੱਚ ਨਾ ਤਾਂ ਕੋਈ ਸੜਕ ਬਣੀ ਹੈ ਅਤੇ ਨਾ ਹੀ ਪੁਲ ਬਣਾਇਆ ਗਿਆ ਹੈ। ਇਨ੍ਹਾਂ ਨੇ ਲਿਸਟਾਂ ਤਾਂ ਫੜ੍ਹ ਦਿੱਤੀਆਂ ਹਨ ਪਰ ਇਹ ਵੀ ਕੰਮ ਸਾਡੇ ਵੱਲੋਂ ਹੀ ਸ਼ੁਰੂ ਕੀਤੇ ਗਏ ਸਨ ਅਤੇ 30 ਜੂਨ ਤੱਕ ਖਤਮ ਹੋਣੇ ਸਨ ਪਰ ਇਨ੍ਹਾਂ ਵੱਲੋਂ ਨਵਾਂ ਤਾਂ ਕੁਝ ਵੀ ਨਹੀਂ ਸ਼ੁਰੂ ਕੀਤਾ ਗਿਆ। ਸੜਕਾਂ ਨੂੰ ਵੀ ਇਹ ਡਕਾਰ ਮਾਰ ਰਹੇ ਹਨ। ਸਟੇਟ

Original with;
Punjab Vidhan Sabha
Digitized by;
Panjab Digital Library

ਰੋਡ ਜਾਂ ਪਲਾਨ ਰੋਡ ਨੂੰ ਹੁਣ ਤੱਕ ਇਹ ਡਕਾਰ ਹੀ ਮਾਰਦੇ ਆ ਰਹੇ ਹਨ। ਬੱਸ ਇੱਕੋ ਗੱਲ ਹੀ ਕਹਿੰਦੇ ਹਨ, ਅਖਬਾਰਾਂ ਵਿੱਚ ਵੀ ਆਉਂਦਾ ਹੈ ਕਿ ਕੋਈ ਵੀ ਵਜ਼ੀਰ ਜਾਂ ਮੰਤਰੀ ਹੋਵੇ, ਸਾਰੇ ਇਹੀ ਕਹਿੰਦੇ ਹਨ ਕਿ ਖਜ਼ਾਨਾ ਖਾਲੀ ਹੈ। ਜੇ ਖਜ਼ਾਨੇ ਖਾਲੀ ਹਨ ਤਾਂ ਫਿਰ ਮੰਤਰੀਆਂ ਦੀਆਂ ਕਾਰਾਂ ਵਿੱਚ ਤੇਲ ਕਿੱਥੋਂ ਪੈਂਦਾ ਹੈ ? ਉਨ੍ਹਾਂ ਵਾਸਤੇ ਪੈਸਾ ਕਿੱਥੋਂ ਆਉਂਦਾ ਹੈ ? ਇਨ੍ਹਾਂ ਦੇ ਮੰਤਰੀਆਂ ਦੀਆਂ ਕਾਰਾਂ ਵਾਸਤੇ ਪੈਸਾ ਕਿੱਥੋਂ ਆਉਂਦਾ ਹੈ ? ਕਰੋੜਾਂ ਰੁਪਏ ਇਨ੍ਹਾਂ ਦੇ ਘਰਾਂ ਦੀ ਫਰਨਿਸ਼ਿੰਗ ਤੇ ਲੱਗੇ ਹਨ, ਉਸ ਵਾਸਤੇ ਪੈਸਾ ਕਿੱਥੋਂ ਆਉਂਦਾ ਹੈ ? ਆਪਣੇ ਵਾਸਤੇ ਤਾਂ ਕੋਈ ਤਰਸ ਨਹੀਂ ਲੇਕਿਨ ਵਿਕਾਸ ਔਰ ਗਰੀਬ ਜਨਤਾ ਦੇ ਸੁਧਾਰ ਲਈ ਪੈਸਾ ਨਹੀਂ ਹੈ।

ਲਓ ਜੀ, ਹੁਣ ਸਿੱਖਿਆ ਵਾਲੇ ਪਾਸੇ ਦੇਖ ਲਓ। ਸਿੱਖਿਆ ਵਾਸਤੇ ਸਰਕਾਰ ਨੇ ਬੜਾ ਫਿਕਰ ਜ਼ਾਹਿਰ ਕੀਤਾ ਹੈ। ਇਨ੍ਹਾਂ ਨੇ ਆਖਿਆ ਹੈ-"ਅਰਥ-ਵਿਵਸਥਾ ਦੇ ਵਿਕਾਸ ਦੇ ਬਾਵਜੂਦ ਪੰਜਾਬ, ਸਿੱਖਿਆ ਦੇ ਖੇਤਰ ਵਿੱਚ ਦੂਜੇ ਰਾਜਾਂ ਦੇ ਮੁਕਾਬਲੇ 15ਵੇਂ ਸਥਾਨ ਤੇ ਚਲਾ ਗਿਆ ਹੈ, ਜਿਸ ਦੀ ਸਾਖਰਤਾ ਦਰ 69.95% ਹੈ।..." ਵਿੱਤ ਮੰਤਰੀ ਜੀ ਨੇ ਸਾਖਰਤਾ ਬਾਰੇ ਬੜਾ ਫਿਕਰ ਜ਼ਾਹਿਰ ਕੀਤਾ ਹੈ। ਬੜੀਆਂ ਗੱਲਾਂ ਕੀਤੀਆਂ ਗਈਆਂ ਹਨ ਲੇਕਿਨ ਕੀਤਾ ਕੀ ਹੈ ? ਸਾਖਰਤਾ 69-70% ਤੋਂ ਚੁੱਕ ਕੇ 100% ਤੱਕ ਲਿਆਉਣ ਲਈ ਬੜੇ ਵਧੀਆ ਫੈਸਲਿਆਂ ਦਾ, ਸਪੀਕਰ ਸਾਹਿਬ, ਐਲਾਨ ਕਰ ਦਿੱਤਾ ਕਿ ਪੰਜਾਬ ਦੇ 200 ਸਕੂਲ ਬੰਦ ਕਰਨੇ ਹਨ। ਅਸੀਂ ਖੋਲ੍ਹਦੇ ਮਰ ਗਏ। ਅਸੀਂ ਅਪਗਰੇਡ ਕਰਦੇ ਰਹੇ ਪਰ ਇਨ੍ਹਾਂ ਨੇ ਇੱਕ-ਮੁਸ਼ਤ ਬੰਦ ਹੀ ਕਰ ਦਿੱਤੇ। ਨਾ ਹੋਏਗਾ ਬਾਂਸ, ਨਾ ਵੱਜੇਗੀ ਬੰਸਰੀ। ਨਾ ਹੋਣਗੇ ਸਕੂਲ ਅਤੇ ਨਾ ਕੋਈ ਪੜ੍ਹੇਗਾ, ਲਿਖੇਗਾ। ਜਿਹੜੇ ਸਕੂਲ ਹਨ ਵੀ, ਉਨ੍ਹਾਂ ਦਾ ਵੀ ਮੈਂ ਜ਼ਿਕਰ ਕਰਦਾ ਹਾਂ। ਸਪੀਕਰ ਸਾਹਿਬ, ਅੱਜ 13,600 ਪ੍ਰਾਇਮਰੀ ਸਕੂਲ ਹਨ, 2,500 ਮਿਡਲ ਸਕੂਲ ਹਨ ਅਤੇ 1,760 ਹਾਈ ਸਕੂਲ ਹਨ ਔਰ ਇਹ ਟੋਟਲ ਕਰੀਬ 17,800 ਬਣਦੇ ਹਨ। ਉਨ੍ਹਾਂ ਦੇ ਵਿੱਚ ਇਨ੍ਹਾਂ ਕੋਲ ਅੱਜ ਦੀ ਸਥਿਤੀ ਵਿੱਚ 1,700 ਅਧਿਆਪਕਾਂ ਦੀ ਘਾਟ ਹੈ। ਸਕੂਲ ਕਿਥੋਂ ਚੱਲਣਗੇ ਜਦੋਂ 1,700 ਟੀਚਰ ਹੀ ਹੈ ਨਹੀਂ। ਗੱਲ ਇਥੇ ਹੀ ਨਹੀਂ ਮੁਕਦੀ। 600 ਹੈਡਮਾਸਟਰਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ। 800 ਪ੍ਰਿੰਸੀਪਲਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ, ਯਾਨੀ 1,400 ਸਕੂਲਾਂ ਵਿੱਚ ਹੈਡ ਹੀ ਨਹੀਂ ਹਨ। 1,700 ਟੀਚਰ ਹੈ ਨਹੀਂ। ਕਿੱਥੋਂ ਪੜ੍ਹਾਉਣਗੇ ? ਕੀ ਕਰਨਗੇ ? ਤਾਂ ਹੀ ਮੈਂ ਕਹਿੰਦਾ ਹਾਂ, ਵਿੱਤ ਮੰਤਰੀ ਜੀ, ਛੁੱਟੀ ਤੇ ਚਲੇ ਜਾਓ। ਆਰਾਮ ਕਰ ਲਓ। ਲੱਤ ਤੇ ਲੱਤ ਧਰ ਕੇ ਸੌਂ ਜਾਵੋ। ਪੰਜਾਬ ਨੂੰ ਬਰਬਾਦ ਅਤੇ ਤਬਾਹ ਕਿਉਂ ਕਰਨ ਲੱਗੇ ਹੋ ? ਪੰਜਾਬ ਦੇ ਬੱਚਿਆਂ ਦੀ ਕਿਸਮਤ ਕਿਉਂ ਬਰਬਾਦ ਕਰਨ ਲੱਗੇ ਹੋ ? ਟੀਚਰ ਨਹੀਂ ਰੱਖਦੇ, ਹੈਡਮਾਸਟਰ ਨਹੀਂ ਰੱਖਦੇ। ਜੇਕਰ ਇਨ੍ਹਾਂ ਦੇ ਬੱਚੇ ਉਥੇ ਪੜ੍ਹਦੇ ਹੋਣਗੇ, ਤਾਂ ਹੀ ਰੱਖਣਗੇ। ਇਨ੍ਹਾਂ ਦੇ ਬੱਚੇ ਤਾਂ ਸਨਾਵਰ ਸਕੂਲ ਪੜ੍ਹਦੇ ਹੋਣਗੇ, ਦੂਨ ਸਕੂਲ ਪੜ੍ਹਦੇ ਹੋਣਗੇ। ਇਨ੍ਹਾਂ ਨੂੰ ਕੀ ਪਤਾ ਕਿ ਗਰੀਬ ਜਨਤਾ ਕਿਵੇਂ ਬੱਚੇ ਪੜ੍ਹਾਉਂਦੀ ਹੈ। ਇਹ ਨਾ ਮਾਸਟਰ ਭਰਤੀ ਕਰਦੇ ਹਨ, ਨਾ ਟੀਚਰ ਭਰਤੀ ਕਰਦੇ ਹਨ। ਫਿਰ ਇਹੀ ਹਾਲ ਹੋਣਾ ਹੈ।

ਅੱਗੇ ਸ਼ਹਿਰੀ ਵਿਕਾਸ ਹੈ। ਸ਼ਹਿਰੀ ਵਿਕਾਸ ਦਾ, ਸਪੀਕਰ ਸਾਹਿਬ, ਪਿਛਲੇ ਇੱਕ ਸਾਲ ਵਿੱਚ ਬਿਲਕੁਲ ਪਹੀਆ ਜਾਮ ਕਰ ਦਿੱਤਾ। ਜੇ ਅਸੀਂ ਪਹੀਆ ਜਾਮ ਕਰੀਏ ਤਾਂ ਪੁਲਿਸ ਦਾ ਡੰਡਾ ਵਜਦਾ ਹੈ, ਸਾਡੇ ਗੋਲੀਆਂ ਵੀ ਮਾਰਦੇ ਹਨ ਲੇਕਿਨ ਇਹ ਵਿਕਾਸ ਦਾ ਪਹੀਆ ਜਾਮ ਕਰਦੇ ਹਨ ਤਾਂ ਇਨ੍ਹਾਂ ਨੂੰ ਸਭ ਕੁਝ ਮੁਆਫ ਹੈ ਕਿਉਂਕਿ ਡਕਾਰ ਮਾਰਨਾ ਜਾਣਦੇ ਹਨ। ਪਿਛਲੇ ਇੱਕ ਸਾਲ ਵਿੱਚ ਸ਼ਹਿਰਾਂ ਅੰਦਰ ਨਾ ਕੋਈ ਸੜਕ, ਨਾ ਪੀਣ ਵਾਲਾ ਪਾਣੀ, ਨਾ ਸੈਨੀਟੇਸ਼ਨ, ਨਾ ਸ਼ਹਿਰੀ ਵਿਕਾਸ ਦੀ ਯੋਜਨਾ ਇਨ੍ਹਾਂ ਨੇ ਲਾਗੂ ਕੀਤੀ ਹੈ ਲੇਕਿਨ ਹਾਊਸ ਟੈਕਸ ਜ਼ਰੂਰ ਲਗਾ ਦਿੱਤਾ ਹੈ। ਇਸ ਕਰਕੇ ਮੈਂ ਕਹਾਂਗਾ ਕਿ ਸ਼ਹਿਰੀ ਖੇਤਰ ਦੇ ਵਾਸਤੇ ਇਸ ਸਰਕਾਰ ਨੇ ਹੁਣ ਵੀ ਜਿਹੜੀਆਂ ਤਜਵੀਜ਼ਾਂ ਰੱਖੀਆਂ ਹਨ, ਇਨ੍ਹਾਂ ਨੇ ਸਾਡੇ

Original with;
Punjab Vidhan Sabha
Digitized by;

[ਕੈਪਟਨ ਕੰਵਲਜੀਤ ਸਿੰਘ]

ਸਾਹਮਣੇ ਸ਼ਹਿਰੀ ਵਿਕਾਸ ਦੇ ਜੋ ਅੰਕੜੇ ਰੱਖੇ ਹਨ, ਸਪੀਕਰ ਸਾਹਿਬ, ਮੈਂ ਕਹਾਂਗਾ ਇਹ ਬੜਾ ਫਿਕਰ ਕਰਦੇ ਹਨ ਪਰ ਸ਼ਹਿਰੀ ਵਰਗ ਨੂੰ ਹੋਰ ਹਨੇਰੇ ਵੱਲ ਧੱਕਣ ਵਾਲੀਆਂ ਗੱਲਾਂ ਇਨ੍ਹਾਂ ਨੇ ਕੀਤੀਆਂ ਹਨ। ਇਨ੍ਹਾਂ ਨੇ ਸਫ਼ਾ 69 ਤੇ ਲਿਖਿਆ ਹੈ-"ਸਾਰੇ ਪਿੰਡਾਂ ਵਿੱਚ ਨਵੀਂ ਸੀਵਰੇਜ ਪ੍ਰਣਾਲੀ ਲੱਗੇਗੀ। ਪ੍ਰਾਜੈਕਟ ਦੇ ਪੜਾਅ-1 ਦੀ ਅਨੁਮਾਨਿਤ ਲਾਗਤ 686.68 ਕਰੋੜ ਰੁਪਏ ਹੈ, ਜਿਸ ਵਿੱਚ ਲਾਭ ਪਾਤਰ, ਲਾਗਤ ਦਾ 16% ਯੋਗਦਾਨ ਪਾਉਣਗੇ। ਰਾਜ ਸਰਕਾਰ ਦਾ ਯੋਗਦਾਨ 14% ਹੋਵੇਗਾ ਅਤੇ ਵਿਸ਼ਵ ਬੈਂਕ ਕਰਜ਼ੇ ਦੇ ਰੂਪ ਵਿੱਚ ਅਨੁਮਾਨਿਤ ਲਾਗਤ ਵਿੱਚ 70% ਹਿੱਸਾ ਪਾਵੇਗਾ।" ਇਹ ਸਭ ਹਵਾਈ ਗੱਲਾਂ ਹਨ। ਪਹਾੜ ਬਣਾ ਲਓ, ਮਿੱਟੀ ਦਾ ਪਹਾੜ ਬਣਾ ਲਓ ਅਤੇ ਮੁੜ ਫਿਰ ਢਾਹ ਲਵੋ। ਸਕੀਮ ਹਾਲੇ ਬਣਾਈ ਨਹੀਂ, ਵਿਸ਼ਵ ਬੈਂਕ ਕੋਲ ਪੈਸੇ ਲਈ ਤਜਵੀਜ਼ ਨਹੀਂ ਭੇਜੀ, ਇਹ ਮੇਰੇ ਖਿਆਲ ਵਿੱਚ, ਸਪੀਕਰ ਸਾਹਿਬ, ਜਿਹੜੀਆਂ ਤਜਵੀਜ਼ਾਂ ਪੇਸ਼ ਕੀਤੀਆਂ ਹਨ, ਤੁਹਾਨੂੰ ਇਨ੍ਹਾਂ ਪ੍ਰਤੀ ਸਟਰੌਂਗ ਨੋਟਿਸ ਲੈਣਾ ਚਾਹੀਦਾ ਹੈ। ਤੁਹਾਨੂੰ ਇਸ ਤੇ ਬੜਾ ਕਠੋਰ ਫੈਸਲਾ ਕਰਨਾ ਚਾਹੀਦਾ ਹੈ। ਸਕੀਮ ਦਾ ਆਧਾਰ ਹੀ ਨਹੀਂ ਹੈ ਪਰ ਇਹ ਗੱਲਾਂ ਬਜਟ ਵਿੱਚ ਪੇਸ਼ ਕੀਤੀਆਂ ਜਾਣ, ਸਪੀਕਰ ਸਾਹਿਬ, ਮੈਂ ਆਖਾਂਗਾ ਕਿ ਇਹ ਮਹਾਨ ਸਦਨ ਦੀ ਤੌਹੀਨ ਹੈ।

ਅੱਗੇ ਸਮਾਜਿਕ ਸੁਰੱਖਿਆ ਬਾਰੇ ਹੈ। ਇਹ ਸਮਾਜਿਕ ਸੁਰੱਖਿਆ ਤਾਂ ਬਾਅਦ ਵਿੱਚ ਕਰਨਗੇ ਪਹਿਲਾਂ ਆਪਣੀ ਸੁਰੱਖਿਆ ਕਰ ਲੈਣ। ਉਸ ਵਿੱਚ ਜ਼ਿਆਦਾ ਲੱਗੇ ਹੋਏ ਹਨ ਕਿਉਂਕਿ ਜਦੋਂ ਦੀ ਇਨ੍ਹਾਂ ਦੀ ਸਰਕਾਰ ਆਈ ਹੈ, ਸਾਡੇ ਵੱਲੋਂ.....

**ਵਿੱਤ ਮੰਤਰੀ (ਬੈਠੇ ਬੈਠੇ)** : ਇਹ ਵੀ ਤੁਹਾਡੀ ਹੀ ਹੈ।

**ਕੈਪਟਨ ਕੰਵਲਜੀਤ ਸਿੰਘ** : ਤਾਂ ਹੀ ਸਾਡੇ ਤੇ ਤਾਕਤ ਚਲਾਉਂਦੇ ਹੋ। ਤਾਂ ਹੀ ਲੋਕਾਂ ਦੇ ਨਕਾਰੇ ਹੋਏ ਹੋ। ਲੋਕਾਂ ਨੇ ਤੁਹਾਨੂੰ ਨਕਾਰ ਦਿੱਤਾ ਹੈ, ਧੱਕ ਦਿੱਤਾ ਹੈ ਅਤੇ ਤੁਸੀਂ ਪੁਲਿਸ ਤੋਂ ਸਾਡੇ ਤੇ ਡਾਂਗਾ ਮਰਵਾਉਂਦੇ ਹੋ। ਲੇਕਿਨ ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਾਂਗਾ ਕਿ ਇਨ੍ਹਾਂ ਸਾਡੀ ਸਰਕਾਰ ਵਲੋਂ, ਬਾਦਲ ਸਰਕਾਰ ਵਲੋਂ ਜੋ ਗਰੀਬ ਲੜਕੀਆਂ ਦੀ ਸ਼ਾਦੀ ਦੇ ਵੇਲੇ 5,100 ਰੁਪਏ, ਸਾਡੇ ਵਲੋਂ ਆਪਣੀਆਂ ਬੇਟੀਆਂ ਸਮਝ ਕੇ ਦਿੱਤੇ ਜਾਂਦੇ ਸਨ ਇਨ੍ਹਾਂ ਨੇ ਉਸ ਨੂੰ ਦੂਸਰੇ ਸਾਲ ਲਈ ਵੀ ਬੰਦ ਕਰ ਦਿੱਤਾ ਹੈ। ਇਸੇ ਤਰ੍ਹਾਂ. ਸਪੀਕਰ ਸਾਹਿਬ, ਜਿਹੜਾ ਦਲਿਤ ਵਰਗ ਦੇ ਲੋਕਾਂ ਲਈ ਨਵੇਂ ਮਕਾਨ ਬਣਾਉਣ ਦੇ ਵਾਸਤੇ 55,000 ਰੁਪਿਆ ਸਾਡੀ ਸਰਕਾਰ ਦੇ ਵੇਲੇ ਦਿੱਤਾ ਜਾਂਦਾ ਸੀ, ਉਹ ਵੀ ਇਨ੍ਹਾਂ ਨੇ ਬੰਦ ਕਰ ਦਿੱਤਾ ਹੈ। ਵਿੱਤ ਮੰਤਰੀ ਜੀ 55,000 ਰੁਪਏ ਬਾਰੇ ਨੋਟ ਕਰ ਲੈਣ ਨਾ ਕਿ 20,000 ਰੁਪਏ ਦੇ ਬਾਰੇ ਨੋਟ ਕਰਨ। ਸਪੀਕਰ ਸਾਹਿਬ, ਮੈਂ ਇਹ ਗੱਲ ਕਹਾਂਗਾ ਕਿ ਜਿਹੜਾ ਸਾਡਾ ਦਲਿਤ ਵਰਗ ਹੈ ਔਰ ਜਿਨ੍ਹਾਂ ਦੇ ਨਾਲ ਇਸ ਸਰਕਾਰ ਨੇ ਚੋਣਾਂ ਦੇ ਦੌਰਾਨ ਵਾਅਦੇ ਕੀਤੇ ਸਨ, ਇਨ੍ਹਾਂ ਨੇ ਉਨ੍ਹਾਂ ਦੇ ਬੱਚਿਆਂ ਨੂੰ ਨੌਕਰੀਆਂ ਦੇਣ ਦੇ ਵਾਅਦੇ ਕੀਤੇ ਸਨ, ਬਿਜਲੀ ਦੇ 150 ਯੂਨਿਟ ਤੱਕ ਮੁਆਫ਼ ਕਰਨ ਦੇ ਵਾਅਦੇ ਕੀਤੇ ਸਨ, ਪਰ ਅੱਜ ਇਹ ਸਾਰੀਆਂ ਗੱਲਾਂ ਤੋਂ ਮੁਨਕਰ ਹੋਏ ਹਨ। ਪਤਾ ਨਹੀਂ ਇਹ ਹੁਣ ਉਨ੍ਹਾਂ ਲੋਕਾਂ ਦੇ ਵਿਹੜਿਆਂ ਦੇ ਵਿੱਚ ਜਾ ਕੇ ਕਿਸ ਤਰ੍ਹਾਂ ਵੜਨਗੇ। ਚੌਧਰੀ ਸਾਹਿਬ ਤਾਂ ਹੀ ਮੋਟੇ ਕੱਪੜੇ ਪਾ ਕੇ ਆਉਂਦੇ ਹਨ ਤਾਂ ਕਿ ਇਨ੍ਹਾਂ ਦੇ ਲੀੜੇ ਕੋਈ ਪਾੜ ਨਾ ਦੇਣ।

**ਸ਼੍ਰੀ ਸਪੀਕਰ** : ਤੁਸੀਂ ਇੱਕ ਘੰਟਾ ਲੈ ਲਿਆ ਹੈ, ਹੋਰ ਕਿੰਨਾ ਬੋਲੋਗੇ ?

Original with;
Punjab Vidhan Sabha
Digitized by;

**ਕੈਪਟਨ ਕੰਵਲਜੀਤ ਸਿੰਘ :** ਬੱਸ ਜੀ, ਪੰਜ ਮਿੰਟ ਹੀ ਹੋਰ ਲਵਾਂਗਾ। ਬਾਕੀ ਇਨ੍ਹਾਂ ਨੇ ਪੈਨਸ਼ਨਾਂ ਦੀਆਂ ਗੱਲਾਂ ਕੀਤੀਆਂ ਸਨ। ਇਨ੍ਹਾਂ ਨੇ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਔਰ ਅਪਾਹਿਜ਼ ਪੈਨਸ਼ਨਾਂ ਦੀ ਜੋ ਦੁਬਾਰਾ ਘੋਖ ਕਰਵਾਈ ਹੈ ਔਰ ਅੱਜ ਮੈਂ ਇਸ ਸਦਨ ਦੇ ਵਿਚ ਐਲਾਨ ਕਰਾਂਗਾ ਕਿ ਇਨ੍ਹਾਂ ਨੇ ਇਸ ਘੋਖ ਦੇ ਦੌਰਾਨ ਜੋ 2 ਲੱਖ ਦੇ ਕਰੀਬ ਨਾਮ ਕੱਟੇ ਹਨ ਉਹ ਸਾਰੇ ਰਾਜਨੀਤੀ ਤੋਂ ਪ੍ਰੇਰਿਤ ਹਨ ਔਰ ਇਹ ਜਿਹੜੇ ਲੋਕ ਸਨ ਇਹ ਸਾਰੇ ਸ਼੍ਰੋਮਣੀ ਅਕਾਲੀ ਦਲ ਔਰ ਭਾਰਤੀ ਜਨਤਾ ਪਾਰਟੀ ਦੇ ਸਮਰਥਕ ਸਨ ਜਿਨ੍ਹਾਂ ਨੂੰ ਪੈਨਸ਼ਨਾਂ ਲੱਗੀਆਂ ਵੀ ਹੋਈਆਂ ਹਨ ਉਨ੍ਹਾਂ ਨੂੰ ਕਿਹੜੇ ਇਨ੍ਹਾਂ ਵਲੋਂ ਪੈਨਸ਼ਨਾਂ ਦਿੱਤੀਆਂ ਜਾ ਰਹੀਆਂ ਹਨ। ਇਨ੍ਹਾਂ ਨੇ ਉਨ੍ਹਾਂ ਦੇ ਨਾਲ ਵਾਅਦਾ ਕੀਤਾ ਸੀ ਕਿ ਤੁਸੀਂ ਸਾਨੂੰ ਵੋਟਾਂ ਪਾਉ ਤਾਂ ਅਸੀਂ ਤੁਹਾਨੂੰ ਜਿਹੜੇ ਅਕਾਲੀ 200 ਰੁਪਏ ਪੈਨਸ਼ਨ ਦਿੰਦੇ ਹਨ ਅਸੀਂ ਉਸ ਨੂੰ ਵਧਾ ਕੇ 600 ਰੁਪਏ ਪੈਨਸ਼ਨ ਦਿਆਂਗੇ। ਸਪੀਕਰ ਸਾਹਿਬ, 600 ਰੁਪਏ ਪੈਨਸ਼ਨ ਤਾਂ ਕੀ ਦੇਣੀ ਸੀ, ਇਨ੍ਹਾਂ ਦੇ ਵਲੋਂ ਤਾਂ 200 ਰੁਪਏ ਪੈਨਸ਼ਨ ਵੀ ਨਹੀਂ ਦਿੱਤੀ ਜਾ ਰਹੀ। ਇਨ੍ਹਾਂ ਨੇ ਜੁਲਾਈ ਤੱਕ ਦੀਆਂ ਪੈਨਸ਼ਨਾਂ ਦਿੱਤੀਆਂ ਹਨ, ਹੁਣ ਅੱਠ ਮਹੀਨੇ ਤੋਂ ਵਿਚਾਰੇ ਬਜ਼ੁਰਗ ਪੈਨਸ਼ਨਾਂ ਨੂੰ ਵੇਖ ਰਹੇ ਹਨ, ਪਰ ਵਿੱਤ ਮੰਤਰੀ ਜੀ ਕਹਿੰਦੇ ਹਨ ਕਿ ਖਜ਼ਾਨਾ ਖਾਲੀ ਹੈ।

**ਵਿੱਤ ਮੰਤਰੀ (ਬੈਠੇ ਬੈਠੇ) :** ਦਸੰਬਰ ਤੱਕ ਦੇ ਦਿੱਤੀਆਂ ਹਨ.....

**ਕੈਪਟਨ ਕੰਵਲਜੀਤ ਸਿੰਘ :** ਜੁਲਾਈ ਤਕ ਦਿੱਤੀਆਂ ਹਨ, ਐਵੇਂ ਗੱਪਾਂ ਨਾ ਮਾਰਿਆ ਕਰੋ। ਜਿਹੜੀ ਜੁਲਾਈ ਤੱਕ ਦੀਆਂ ਦਿੱਤੀਆਂ ਹਨ ਉਹ ਵੀ ਕਟੌਤੀ ਕਰ ਕਰਕੇ ਦਿੱਤੀਆਂ ਹਨ। ਸਪੀਕਰ ਸਾਹਿਬ, ਮੈਂ ਇਕ ਗਲ ਇਹ ਵੀ ਕਹਾਂਗਾ ਜਿਹੜੀ ਵਿੱਤ ਮੰਤਰੀ ਜੀ ਔਰ ਖਾਸ ਤੌਰ ਤੇ ਮੁੱਖ ਮੰਤਰੀ ਜੀ ਦੇ ਨਾਲ ਸਬੰਧਤ ਹੈ, ਉਹ ਇਹ ਹੈ ਕਿ ਸਾਡੇ ਤਿੰਨ ਜ਼ਿਲ੍ਹਿਆਂ ਫਤਹਿਗੜ੍ਹ ਸਾਹਿਬ, ਰੋਪੜ ਔਰ ਪਟਿਆਲਾ ਵਿਚ ਪਾਣੀ ਦੀ ਘਾਟ ਹੋਣ ਕਾਰਨ ਉਨ੍ਹਾਂ ਜ਼ਿਲ੍ਹਿਆਂ ਦੇ ਲੋਕਾਂ ਦੀ ਆਰਥਿਕ ਹਾਲਤ ਕਮਜ਼ੋਰ ਹੋ ਗਈ ਹੈ, ਇਨ੍ਹਾਂ ਦੇ ਵਿੱਚ ਸਿੰਜਾਈ ਦੇ ਪਾਣੀ ਦੀ ਬਹੁਤ ਘਾਟ ਹੈ। ਸਪੀਕਰ ਸਾਹਿਬ, ਇਨ੍ਹਾਂ ਜ਼ਿਲ੍ਹਿਆਂ ਦੇ ਵਾਸਤੇ ਮੈਂ ਆਪਣੇ ਆਖਰੀ ਬਜਟ ਦੇ ਵਿੱਚ ਦਸ਼ਮੇਸ਼ ਕੈਨਾਲ ਦੇ ਵਾਸਤੇ 650 ਕਰੋੜ ਰੁਪਏ ਦੀ ਵਿਵਸਥਾ ਵੀ ਕੀਤੀ ਸੀ ਔਰ ਇਸ ਦੀ ਯੋਜਨਾ ਤਿਆਰ ਕੀਤੀ ਸੀ। ਪਰ ਪਤਾ ਨਹੀਂ ਵਿੱਤ ਮੰਤਰੀ ਨੇ ਉਸ ਨੂੰ ਕਿਉਂ ਠੱਪ ਕਰ ਕੇ ਰੱਖ ਦਿੱਤਾ ਹੈ। ਅਸੀਂ ਇਹ ਨਹਿਰ ਤਾਂ ਡਕਾਲੇ ਤੱਕ ਵੀ ਲੈ ਕੇ ਜਾਣੀ ਸੀ ਪਰ ਇਹ ਨਹੀਂ ਸਨ ਚਾਹੁੰਦੇ ਕਿ ਡਕਾਲੇ ਦੇ ਲੋਕ ਖੁਸ਼ਹਾਲ ਹੋ ਜਾਣ, ਰਾਜਪੁਰਾ ਹਲਕੇ ਦੇ ਲੋਕ ਖੁਸ਼ ਹੋ ਜਾਣ, ਘਨੌਰ ਦੇ ਲੋਕ ਖੁਸ਼ਹਾਲ ਹੋ ਜਾਣ। ਇਨ੍ਹਾਂ ਨੂੰ ਪਤਾ ਸੀ ਕਿ ਜੇਕਰ ਇਸ ਤਰ੍ਹਾਂ ਹੋ ਜਾਂਦਾ ਤਾਂ ਇਨ੍ਹਾਂ ਨੂੰ ਉਥੋਂ ਵੋਟਾਂ ਨਹੀਂ ਸਨ ਮਿਲਣੀਆਂ। ਕਾਂਗਰਸ ਸਰਕਾਰ ਨੇ ਇਸ ਦਸ਼ਮੇਸ਼ ਕੈਨਾਲ ਦੀ ਕਾਰਵਾਈ ਨੂੰ ਠੱਪ ਕਰ ਦਿੱਤਾ ਹੈ। ਇਹ ਜੋ ਇਨ੍ਹਾਂ ਨੇ ਕੀਤਾ ਹੈ ਇਹ ਉਨ੍ਹਾਂ ਲੋਕਾਂ ਦੀ ਕਿਸਮਤ ਦੇ ਨਾਲ ਗਲਤ ਕੰਮ ਕੀਤਾ ਗਿਆ ਹੈ ਔਰ ਬੜਾ ਹੀ ਕਠੋਰ ਰਵੱਈਆ ਅਪਣਾਇਆ ਹੈ ਔਰ ਅਫਸੋਸਨਾਕ ਗੱਲ ਕੀਤੀ ਗਈ ਹੈ। ਸਪੀਕਰ ਸਾਹਿਬ, ਇਹ ਸਾਰੀਆਂ ਗੱਲਾਂ ਜੋ ਮੈਂ ਕੀਤੀਆਂ ਹਨ ਔਰ ਜਿਹੜੀਆਂ ਬਜਟ ਤਜ਼ਵੀਜਾਂ ਵਿੱਤ ਮੰਤਰੀ ਨੇ 24 ਮਾਰਚ ਨੂੰ ਪੇਸ਼ ਕੀਤੀਆਂ ਹਨ ਉਨ੍ਹਾਂ ਸਾਰੀਆਂ ਨੂੰ ਮੁੱਖ ਰੱਖਦੇ ਹੋਏ ਮੈਂ ਇਸ ਸਿੱਟੇ ਦੇ ਉਤੇ ਪਹੁੰਚਿਆ ਹਾਂ ਕਿ ਇਸ ਬਜਟ ਦੇ ਨਾਲ ਪੰਜਾਬ ਦੀ ਆਰਥਿਕਤਾ ਦੀ ਤਬਾਹੀ ਹੋਵੇਗੀ, ਵਿਕਾਸ ਠੱਪ ਹੋਵੇਗਾ ਔਰ ਬਿਹਤਰ ਤਾਂ ਇਹੀ ਹੋਵੇਗਾ ਕਿ ਵਿੱਤ ਮੰਤਰੀ ਜੀ ਆਪਣੇ ਜਵਾਬ ਦੇ ਵਿੱਚ ਇਸ ਬਜਟ ਤੇ ਪਲਾਨ ਨੂੰ ਇਸ ਸਾਲ ਲਈ ਛੁੱਟੀ ਦਾ ਐਲਾਨ ਕਰਨ। ਨਹੀਂ ਤਾਂ ਇਸ ਬਜਟ ਦਾ ਸਾਡੇ ਵਲੋਂ ਪੂਰੇ ਤੌਰ ਤੇ ਡੱਟ ਕੇ ਔਰ ਪੂਰੇ ਹੌਸਲੇ ਦੇ ਨਾਲ ਵਿਰੋਧ ਕਰਕੇ ਇਸ ਨੂੰ ਡਿਫੀਟ ਕੀਤਾ ਜਾਵੇਗਾ। ਧੰਨਵਾਦ।

Original with;
Punjab Vidhan Sabha
Digitized by;

ਰਾਣਾ ਗੁਰਜੀਤ ਸਿੰਘ (ਕਪੂਰਥਲਾ) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਾਲ 2003-04 ਦੇ ਬਜਟ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਇਹ ਜਿਹੜਾ ਬਜਟ ਹੈ ਇਸ ਦੇ ਬਾਰੇ ਮੈਂ ਕਹਾਂਗਾ ਕਿ ਇਹ ਗਰੋਥ ਓਰੀਐਂਟਿਡ, ਕਿਸਾਨ, ਟਰੇਡਰ, ਮੁਲਾਜ਼ਮ ਅਤੇ ਇੰਡਸਟਰੀ ਦੇ ਲਈ ਬਹੁਤ ਫਾਇਦੇਮੰਦ ਸਾਬਤ ਹੋਵੇਗਾ। ਇਸ ਬਜਟ ਦੇ ਬਾਰੇ ਮੈਂ ਫਾਈਨਾਂਸ ਮਨਿਸਟਰ ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਜਿਵੇਂ ਪਿਛਲੇ ਸਾਲ ਰੋਡ ਟੂ ਰਿਕਵਰੀ ਦਾ ਬਜਟ ਸੀ, ਉਸੇ ਤਰ੍ਹਾਂ ਜਿਹੜਾ ਇਸ ਸਾਲ ਦਾ ਬਜਟ ਪੇਸ਼ ਕੀਤਾ ਗਿਆ ਹੈ ਇਸ ਨੂੰ ਮੈਂ ਡਿਵੈਲਪਮੈਂਟ ਓਰੀਐਂਟਿਡ ਬਜਟ ਕਹਾਂਗਾ। ਸਪੀਕਰ ਸਾਹਿਬ, ਅੱਜ ਜੋ ਪੰਜਾਬ ਦੇ ਫਾਈਨਾਂਸ ਦੇ ਹਾਲਾਤ ਹਨ, 3200 ਕਰੋੜ ਰੁਪਏ ਦਾ ਸਾਡਾ ਐਨੂਅਲ ਪਲਾਨ ਹੈ ਔਰ ਇਸ ਦੇ ਵਿਚੋਂ ਸਾਡੇ 2517 ਕਰੋੜ ਰੁਪਏ ਦੇ ਰਿਸੋਰਸਿਜ਼ ਅਵੇਲੇਬਲ ਹਨ ਔਰ 683 ਕਰੋੜ ਰੁਪਏ ਦਾ ਡੇਫੀਸਿਟ ਹੈ। ਭਾਵੇਂ ਸਟੇਟ ਦੀ ਫਾਈਨਾਂਸ਼ੀਅਲ ਹਾਲਤ ਵਧੀਆ ਨਹੀਂ ਹੈ ਪਰ ਉਸ ਦੇ ਬਾਵਜੂਦ ਕਾਂਗਰਸ ਸਰਕਾਰ ਨੇ, ਸਾਡੇ ਮੁੱਖ ਮੰਤਰੀ ਨੇ 100 ਕਰੋੜ ਰੁਪਿਆ ਇੰਸਡਟਰੀ ਦੇ ਇਨਸੈਂਟਿਵ ਦੇ ਲਈ ਰੱਖਿਆ ਹੈ ਔਰ 90 ਕਰੋੜ ਰੁਪਿਆ ਕਿਸਾਨਾਂ ਦੇ ਲਈ, ਚਾਹੇ ਫਰਟੀਲਾਈਜ਼ਰ ਦੇ ਉਤੇ 4% ਟੈਕਸ ਦੀ ਮੁਆਫੀ, ਚਾਹੇ ਆਪਾਂ ਦੁੱਧ ਦੀ ਗੱਲ ਕਰ ਲਈਏ, ਜੇ ਦੁੱਧ ਦੇ ਉਤੋਂ 4% ਤੋਂ ਘਟਾ ਕੇ 2% ਟੈਕਸ ਲਗਾਇਆ ਹੈ ਤਾਂ ਵੀ ਇਹ ਕਿਸਾਨਾਂ ਲਈ ਖਾਸ ਤੌਰ ਤੇ ਫਰੈਂਡਲੀ ਬਜਟ ਹੈ। ਜੇਕਰ ਆਪਾਂ ਗੱਲ ਕਰ ਲਈਏ ਪੈਡੀ ਬੋਨਸ ਦੀ, ਜਿਹੜਾ ਡਰਾਉਟ ਰਿਲੀਫ 20 ਰੁਪਏ ਪਰ ਕੁਇੰਟਲ ਸਰਕਾਰ ਨੇ ਦਿੱਤਾ ਹੈ ਜਾਂ ਚੋਣਾਂ ਵੇਲੇ ਜਿਹੜੇ ਸਾਡੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੁਰਾਂ ਨੇ ਸੱਤਾ ਸੰਭਾਲਣ ਤੋਂ ਪਹਿਲਾਂ ਕਿਸਾਨਾਂ ਦੇ ਨਾਲ ਪਰੋਮਿਸ ਕੀਤਾ ਸੀ ਉਹ ਵੀ 30 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਬੋਨਸ ਦਿੱਤਾ ਹੈ ਔਰ ਉਸ ਦੇ ਲਈ ਸਾਡੀ ਸਰਕਾਰ ਵਚਨਬੱਧ ਹੈ ਔਰ ਇਹ ਰਕਮ ਤਿੰਨ ਕਿਸ਼ਤਾਂ ਦੇ ਵਿੱਚ 10, 10 ਰੁਪਏ ਦੇ ਹਿਸਾਬ ਨਾਲ ਦਿੱਤੀ ਜਾ ਰਹੀ ਹੈ। ਇਸ ਦੇ ਲਈ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਔਰ ਇਸੇ ਤਰ੍ਹਾਂ ਜੋ ਇਨ੍ਹਾਂ ਨੇ ਫਰਟੇਲਾਈਜ਼ਰ ਦੇ ਉਤੇ ਸੇਲਜ਼ ਟੈਕਸ ਅਬੌਲਿਸ਼ ਕੀਤਾ ਹੈ, ਮੈਂ ਸਮਝਦਾ ਹਾਂ ਕਿ ਇਹ ਇਕ ਸਹੀ ਕਦਮ ਹੈ, ਕਿਸਾਨਾਂ ਨੂੰ ਇਸ ਨਾਲ ਬਹੁਤ ਰਾਹਤ ਪਹੁੰਚੇਗੀ। ਅੱਜ ਅਗਰ ਵੇਖਿਆ ਜਾਵੇ ਕਿ ਕਿਸਾਨ ਦੇ ਖਰਚੇ ਕਿਵੇਂ ਘਟਾਏ ਜਾਣ, ਆਮਦਨ ਸਟੇਗਨੇਟ ਹੋ ਗਈ ਹੈ।

12.48 ਵਜੇ ਬਾਅਦ ਦੁਪਹਿਰ

(*ਇਸ ਸਮੇਂ ਸ੍ਰੀ ਤਿਕਸ਼ਨ ਸੂਦ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਇਸ ਚੀਜ਼ ਨੂੰ ਸੋਚਦੇ ਹੋਏ ਸਾਡੀ ਸਰਕਾਰ ਨੇ ਇਹ 4% ਟੈਕਸ ਦੀ ਛੋਟ ਕਿਸਾਨਾਂ ਨੂੰ ਦਿੱਤੀ ਹੈ। ਇਸੇ ਤਰ੍ਹਾਂ ਜੇਕਰ ਆਪਾਂ ਗੱਲ ਕਰੀਏ ਕੋਆਪਰੇਟਿਵ ਦੀ ਔਰ ਜੇਕਰ ਸਾਲ 1992 ਤੋਂ 1997 ਤੱਕ ਦੀ ਗੱਲ ਕਰੀਏ, ਜਿੰਨੀਆਂ ਵੀ ਕੋਆਪਰੇਟਿਵ ਸੁਸਾਇਟੀਆਂ ਸਨ ਉਹ ਕਿਤੋਂ ਵੀ ਆਪਣੀ ਖਾਦ ਖਰੀਦ ਸਕਦੀਆਂ ਸੀ ਚਾਹੇ ਕਰਿਭਕੋ, ਇਫਕੋ, ਮਾਰਕਫੈਡ ਸੀ ਲੇਕਿਨ ਜਦੋਂ 1997 ਵਿਚ ਸ਼੍ਰੋਮਣੀ ਅਕਾਲੀ ਦਲ ਔਰ ਬੀ.ਜੇ.ਪੀ. ਦੀ ਸਰਕਾਰ ਆਈ ਤਾਂ ਇਨ੍ਹਾਂ ਨੇ ਸਿਰਫ ਇਕ ਅਦਾਰੇ ਤੋਂ ਭਾਵ ਮਾਰਕਫੈਡ ਤੋਂ ਹੀ ਸੁਸਾਇਟੀਆਂ ਨੂੰ ਖਾਦ ਖਰੀਦਣ ਲਈ ਮਜ਼ਬੂਰ ਕੀਤਾ ਜਿਸ ਦੇ ਸਿੱਟੇ ਵਜੋਂ ਸਾਡੀਆਂ ਸੁਸਾਇਟੀਆਂ ਨੂੰ, ਸਹੀ ਮਾਅਨਿਆਂ ਦੇ ਵਿੱਚ 10 ਰੁਪਏ ਪ੍ਰਤੀ ਕੁਇੰਟਲ ਮਹਿੰਗੀ ਖਾਦ ਮਿਲਦੀ ਸੀ ਕਿਉਂਕਿ ਇਸ ਦੇ ਬਾਰੇ ਤਾਂ ਮੇਰੇ ਸੱਜੇ ਪਾਸੇ ਵੱਲ ਬੈਠੇ ਵੀਰ ਹੀ ਦੱਸ ਸਕਦੇ ਹਨ। ਕਿਸਾਨ ਦੇ ਹੱਕ ਵਿੱਚ ਅੱਜ ਫਿਰ ਇਸ ਕਾਂਗਰਸ ਸਰਕਾਰ ਨੇ ਇਹ ਸਹੂਲਤ ਦਿੱਤੀ ਹੈ ਕਿ ਸੁਸਾਇਟੀਆਂ ਕਿਸੇ ਤੋਂ ਵੀ ਖਾਦ ਖਰੀਦ ਸਕਦੀਆਂ ਹਨ ਜਿਥੋਂ ਉਨ੍ਹਾਂ ਨੂੰ ਸਸਤੀ ਮਿਲੇ। ਉਸ ਰਾਜ ਦੇ ਦੌਰਾਨ ਇੱਕ ਪ੍ਰਾਈਵੇਟ ਕੰਪਨੀ ਤੋਂ ਘਟੀਆ ਖਾਦ ਖਰੀਦੀ ਗਈ ਉਹੀ ਖਾਦ ਪੰਜਾਬ ਦੇ ਵਿੱਚ ਉਵੇਂ ਹੀ ਵਿਕੀ ਪਰ ਹਰਿਆਣਾ ਦੇ ਵਿੱਚ ਜਿਨ੍ਹਾਂ ਨੇ ਇਹ ਖਾਦ ਵੇਚੀ ਸੀ ਉਨ੍ਹਾਂ ਦੇ ਖਿਲਾਫ ਉਥੋਂ ਦੀ ਸਰਕਾਰ ਨੇ

Original with;
Punjab Vidhan Sabha
Digitized by;
Panjab Digital Library

ਪਰਚੇ ਦਰਜ ਕੀਤੇ, ਚਾਹੇ ਉਹ ਪ੍ਰਾਈਵੇਟ ਅਦਾਰੇ ਸਨ ਜਾਂ ਫਿਰ ਕੋਆਪਰੇਟਿਵ ਦੇ ਅਦਾਰੇ ਸਨ, ਇਹ ਜਾਣਕਾਰੀ ਮੈਂ ਇਸ ਸਦਨ ਨੂੰ ਦੇਣੀ ਚਾਹੁੰਦਾ ਹਾਂ। ਇਸ ਦੇ ਨਾਲ ਹੁਣ ਵਧੀਆ ਖਾਦ ਕਿਸਾਨਾਂ ਨੂੰ ਉਪਲਬਧ ਹੋਵੇਗੀ। ਜਿਥੋਂ ਤੱਕ ਸਾਡੀ ਸਰਕਾਰ ਨੇ ਕੋਆਪਰੇਟਿਵ ਬੈਂਕਾਂ ਦੇ ਵਲੋਂ ਜਿਹੜਾ 14.5% ਸੂਦ ਸੀ, ਉਸ ਨੂੰ ਘਟਾ ਕੇ 13.5% ਕੀਤਾ ਹੈ ਔਰ ਇੱਕ ਪ੍ਰਤੀਸ਼ਤ ਦਰ ਘਟਾਈ ਹੈ। ਇਸ ਦੇ ਨਾਲ, ਉਮੀਦ ਰੱਖੀ ਜਾਂਦੀ ਹੈ ਕਿ ਅੱਧਾ ਪ੍ਰਤੀਸ਼ਤ ਦਰ ਹਾਲੇ ਹੋਰ ਵੀ ਘਟੇਗੀ। ਇਸ ਦੇ ਨਾਲ ਜਿਹੜਾ ਰੈਵੇਨਿਊ ਐਕਟ ਦਾ ਸੈਕਸ਼ਨ 67 ਕਿਸਾਨਾਂ ਦੇ ਉਤੇ ਲਗਾ ਹੋਇਆ ਸੀ ਕਿ ਕਿਸਾਨ ਨੂੰ ਰੈਵੇਨਿਊ ਐਕਟ ਦੇ ਤਹਿਤ ਕਰਜ਼ਾ ਨਾ ਅਦਾ ਕਰਨ ਦੇ ਉਤੇ ਉਸ ਨੂੰ ਜੇਲ੍ਹ ਹੋ ਸਕਦੀ ਹੈ, ਇਸ ਤੋਂ ਜਿਹੜੀ ਮੁਕਤੀ ਕਿਸਾਨ ਨੂੰ ਦਿਵਾਈ ਹੈ, ਇਸ ਦੇ ਲਈ ਸਾਡੇ ਮੁੱਖ ਮੰਤਰੀ ਵਧਾਈ ਦੇ ਪਾਤਰ ਹਨ। ਇਸੇ ਤਰ੍ਹਾਂ ਜੇਕਰ ਕੋਆਪਰੇਟਿਵ ਸੈਕਟਰ ਦੀ ਗੱਲ ਕਰ ਲਈਏ, ਸ਼ੂਗਰ ਮਿੱਲਜ਼ ਦੀ ਤਾਂ ਉਸ ਲਈ ਵੀ ਸਾਡੀ ਸਰਕਾਰ ਨੇ 190 ਕਰੋੜ ਰੁਪਏ ਦਾ ਲੋਨ ਗਰਾਂਟ-ਇਨ-ਏਡ ਦੇ ਤਹਿਤ ਦਿੱਤਾ, ਕੋਆਪਰੇਟਿਵ ਮਿੱਲਜ਼ ਦਾ ਮੁਆਫ ਕੀਤਾ ਔਰ ਜੋ ਸ਼ੂਗਰ ਮਿੱਲਾਂ ਦੀ ਨੇਟ ਵਰਥ ਹੈ ਉਸ ਦੇ ਵਿੱਚ ਸੁਧਾਰ ਹੋਇਆ ਹੈ, ਤੇ ਅੱਜ ਇਹ ਸ਼ੂਗਰ ਮਿੱਲਾਂ ਕਿਤੋਂ ਵੀ ਜਾ ਕੇ ਆਪਣਾ ਹੋਰ ਕਰਜ਼ਾ ਲੈ ਕੇ ਐਕਸਪੈਨਸ਼ਨ ਦੀਆਂ ਗੱਲਾਂ ਕਰ ਸਕਦੀਆਂ ਹਨ, ਜਿਵੇਂ ਮੈਂ ਪਹਿਲਾਂ ਵੀ ਡਾਈਵਰਸੀਫਿਕੇਸ਼ਨ ਬਾਰੇ ਕਿਹਾ ਹੈ ਕਿ ਜੇਕਰ ਸ਼ੂਗਰ ਮਿੱਲਾਂ ਕਾਮਯਾਬ ਕਰਨੀਆਂ ਹਨ ਤਾਂ ਉਨ੍ਹਾਂ ਦੇ ਲਈ ਸਾਨੂੰ ਕੋ-ਜੈਨਰੇਸ਼ਨ ਅਤੇ ਡਿਸਟੀਲੇਸ਼ਨ ਵੱਲ ਜਾਣਾ ਪਵੇਗਾ। ਅੱਜ ਜੇਕਰ ਸਾਡੀਆਂ ਸ਼ੂਗਰ ਮਿੱਲਾਂ ਦੀ ਨੇਟ ਵਰਥ ਪਾਜ਼ੇਟਿਵ ਹੋਈ ਹੈ ਤਾਂ ਉਹ ਕਿਸੇ ਵੀ ਅਦਾਰੇ ਤੋਂ ਕਰਜ਼ਾ ਲੈ ਕੇ ਉਨ੍ਹਾਂ ਵਿਚ ਸੁਧਾਰ ਕਰ ਸਕਦੇ ਹਨ। ਚੇਅਰਮੈਨ ਸਾਹਿਬ, ਜਦੋਂ ਮਿਲਾਂ ਵਿਚ ਸੁਧਾਰ ਆਏਗਾ ਤਾਂ ਡੈਫੀਨੇਟਲੀ ਜ਼ਿਮੀਂਦਾਰ ਨੂੰ, ਕਿਸਾਨ ਨੂੰ, ਟਾਈਮ ਸਿਰ ਪੈਸੇ ਮਿਲਣਗੇ। ਇਹ ਸਰਕਾਰ ਦੁਆਰਾ ਚੁਕਿਆ ਗਿਆ ਬਹੁਤ ਵਧੀਆ ਕਦਮ ਹੈ।

ਅੱਗੇ, ਚੇਅਰਮੈਨ ਸਾਹਿਬ, ਡਾਈਵਰਸੀਫਿਕੇਸ਼ਨ ਦੀ ਗੱਲ ਹੈ, ਕਾਂਟਰੈਕਟ ਫਾਰਮਿੰਗ ਦੀ ਗੱਲ ਹੈ। ਕਾਂਟਰੈਕਟ ਫਾਰਮਿੰਗ ਦੇ ਥੱਲੇ ਪਿਛਲੇ ਸਾਲ 28000 ਏਕੜ ਜ਼ਮੀਨ ਲਿਆਂਦੀ ਗਈ ਅਤੇ ਇਸੇ ਸਾਲ ਤਿੰਨ ਲੱਖ ਏਕੜ ਖੇਤਰ ਕਾਂਟਰੈਕਟ ਫਾਰਮਿੰਗ ਥੱਲੇ ਲਿਆਂਦਾ ਜਾਵੇਗਾ ਅਤੇ 2007 ਤੱਕ ਕਰੀਬ 25 ਲੱਖ ਏਕੜ ਖੇਤਰ ਕਾਂਟਰੈਕਟ ਫਾਰਮਿੰਗ ਦੇ ਹੇਠ ਆ ਜਾਵੇਗਾ। ਚੇਅਰਮੈਨ ਸਾਹਿਬ, ਇਸ ਦੇ ਨਾਲ ਝੋਨੇ ਅਤੇ ਕਣਕ ਦਾ ਜੋ ਪ੍ਰੈਸ਼ਰ ਹੈ, ਕਿਉਂਕਿ ਝੋਨੇ ਲਈ ਪਾਣੀ ਵੀ ਵੱਧ ਚਾਹੀਦਾ ਹੈ, ਉਹ ਪ੍ਰੈਸ਼ਰ ਵੀ ਘਟ ਜਾਵੇਗਾ ਅਤੇ ਕਿਸਾਨ ਦੀ ਆਮਦਨ ਵਧੇਗੀ। ਇਸ ਤਰ੍ਹਾਂ ਨਾਲ 2007 ਤੱਕ ਪੰਜਾਬ ਦਾ 10 ਫੀਸਦੀ ਹਿੱਸਾ ਡਾਈਵਰਸੀਫਿਕੇਸ਼ਨ ਥੱਲੇ ਲਿਆਂਦਾ ਜਾਵੇਗਾ। ਇਸ ਲਈ ਮੈਂ ਸੀ.ਐਮ. ਸਾਹਿਬ ਅਤੇ ਆਪਣੇ ਵਿੱਤ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਚਾਲੂ ਸਾਲ ਵਿਚ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਨੂੰ 27 ਕਰੋੜ ਰੁਪਿਆ ਡਾਈਵਰਸੀਫਿਕੇਸ਼ਨ ਦੇ ਪ੍ਰੋਗਰਾਮ ਨੂੰ ਮਜ਼ਬੂਤ ਕਰਨ ਲਈ ਜਾਰੀ ਕੀਤਾ। ਸਰਕਾਰ ਵਲੋਂ ਇਸ ਦੇ ਨਾਲ-ਨਾਲ 16 ਕਰੋੜ ਰੁਪਿਆ ਕੋਲਡ ਸਟੋਰ ਚੇਨ ਵਾਸਤੇ, ਜਿਸਨੂੰ ਕੂਲ ਚੇਨ ਜਾਂ ਇਨਫਰਾਸਟ੍ਰਕਚਰ ਕਹਿ ਲਈਏ, ਉਸ ਲਈ ਪ੍ਰੋਵਾਈਡ ਕੀਤਾ ਹੈ ਜਿਸ ਦੇ ਨਾਲ ਜੋ ਫਰੂਟਸ ਅਤੇ ਵੈਜੀਟੇਬਲਜ਼ ਹਨ, ਉਹ ਸੇਫ ਰਹਿਣਗੇ ਕਿਉਂਕਿ ਫਰੂਟਸ ਅਤੇ ਵੈਜੀਟੇਬਲਜ਼ ਦਾ ਕੰਮ ਡਾਈਵਰਸੀਫਿਕੇਸ਼ਨ ਦੇ ਤਹਿਤ ਹੋਵੇਗਾ ਜਿਸ ਦੇ ਤਹਿਤ ਕਿਸਾਨ ਦਾ ਬਹੁਤ ਫਾਇਦਾ ਹੋਵੇਗਾ। ਚੇਅਰਮੈਨ ਸਾਹਿਬ, ਇਸ ਦੇ ਨਾਲ-ਨਾਲ ਸਾਡੇ ਉਤਪਾਦ, ਅਸੀਂ ਜਿਸ ਨੈਸ਼ਨਲ ਅਤੇ ਇੰਟਰਨੈਸ਼ਨਲ ਮਾਰਕੀਟ ਦੀਆਂ ਗੱਲਾਂ ਕਰਦੇ ਹਾਂ, ਉਥੇ ਤੱਕ ਜਾਂਦੇ ਜਾਂਦੇ ਫਰੂਟਸ ਅਤੇ ਵੈਜੀਟੇਬਲਜ਼ ਖਰਾਬ ਹੋ ਜਾਂਦੇ ਸਨ ਜਿਹੜੇ ਕਿ ਹੁਣ ਨਹੀਂ ਹੋਣਗੇ। ਇਸ ਦੇ ਲਈ ਜਿਹੜਾ 16 ਕਰੋੜ ਰੁਪਿਆ ਦਿੱਤਾ ਗਿਆ ਹੈ ਉਸ ਲਈ ਮੈਂ ਸਰਕਾਰ ਦਾ ਧੰਨਵਾਦੀ ਹਾਂ।

Original with;
Punjab Vidhan Sabha
Digitized by;

[ਰਾਣਾ ਗੁਰਜੀਤ ਸਿੰਘ]

ਚੇਅਰਮੈਨ ਸਾਹਿਬ, ਜਿਥੇ ਪੰਜਾਬ ਸਰਕਾਰ ਏਨਾ ਕੁਝ ਸਾਡੇ ਜ਼ਿਮੀਦਾਰ ਲਈ, ਕਿਸਾਨ ਲਈ ਕਰ ਰਹੀ ਹੈ, ਦੂਜੇ ਪਾਸੇ ਜੇ ਦੇਖਿਆ ਜਾਵੇ, ਪੰਜਾਬ ਸਰਕਾਰ ਨੂੰ ਜੌਹਲ ਕਮੇਟੀ ਨੇ ਜਿਹੜੀ ਰਿਪੋਰਟ ਦਿੱਤੀ ਹੈ ਕਿ ਅਸੀਂ 5000 ਕਰੋੜ ਰੁਪਏ ਦਾ ਫਾਇਦਾ 1280 ਕਰੋੜ ਰੁਪਏ ਵਿਚ ਕਰ ਸਕਦੇ ਹਾਂ, ਉਸਦੇ ਲਈ ਪੰਜਾਬ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਦੇ ਹਿੱਤ ਵਿਚ ਅੱਜ 1280 ਕਰੋੜ ਰੁਪਏ ਦੀ ਡਿਮਾਂਡ ਸੈਂਟਰ ਅੱਗੇ ਰਖੀ ਹੈ, ਜਿਸ ਵਿਚ ਉਨ੍ਹਾਂ ਨੂੰ ਪੰਜਾਬ ਸਰਕਾਰ ਦੀ ਮੱਦਦ ਕਰਨੀ ਚਾਹੀਦੀ ਹੈ, ਪੰਜਾਬ ਦੇ ਕਿਸਾਨ ਦੀ ਮੱਦਦ ਕਰਨੀ ਚਾਹੀਦੀ ਹੈ। ਚੇਅਰਮੈਨ ਸਾਹਿਬ, ਜਿਹੜੇ ਮੇਰੇ ਵੀਰ ਬੜਾ ਕਹਿੰਦੇ ਹਨ ਕਿ ਕਿਸਾਨਾਂ ਦੇ ਹਮਾਇਤੀ ਹਨ, ਜਿਹੜੇ ਤੁਹਾਡੇ ਖੱਬੇ ਹੱਥ ਬੈਠੇ ਹਨ, ਉਨ੍ਹਾਂ ਦਾ ਵੀ ਅੱਜ ਫਰਜ਼ ਬਣਦਾ ਹੈ ਕਿ ਉਹ ਵੀ ਪੰਜਾਬ ਸਰਕਾਰ ਦਾ ਸਾਥ ਦੇਣ, ਕਿਸਾਨ ਦਾ ਸਾਥ ਦੇਣ ਅਤੇ 1280 ਕਰੋੜ ਰੁਪਿਆ ਸੈਂਟਰ ਤੋਂ ਲਿਆਉਣ ਵਿਚ ਆਪਣਾ ਯੋਗਦਾਨ ਪਾਉਣ।

ਏਸੇ ਤਰ੍ਹਾਂ, ਚੇਅਰਮੈਨ ਸਾਹਿਬ, ਐਗਰੀਕਲਚਰ ਐਕਸਪੋਰਟ ਜੋਨ, ਜਿਸ ਦੇ ਵਿਚ ਫਰੂਟ ਅਤੇ ਵੈਜੀਟੇਬਲ, ਆਲੂ ਅਤੇ ਬਾਸਮਤੀ ਵਾਸਤੇ ਖਾਸ ਤੌਰ ਤੇ ਵਖਰੇ ਜੋਨ ਬਣਾਏ ਗਏ ਹਨ, ਉਸ ਦੇ ਤਹਿਤ ਪੰਜਾਬ ਵਿਚ ਇਨ੍ਹਾਂ ਦਾ ਉਤਪਾਦਨ ਕਰਕੇ ਅਸੀਂ ਐਕਸਪੋਰਟ ਦੀ ਗੱਲ ਕਰਾਂਗੇ, ਉਸਦੇ ਲਈ ਬਰਾਂਡ ਇਮੇਜਿੰਗ ਦੀ ਲੋੜ ਹੈ। ਕਿਸਾਨ ਨੇ ਜਿਹੜੇ ਮਾਲ ਦਾ ਉਤਪਾਦਨ ਕੀਤਾ ਹੈ, ਉਹ ਅਸੀਂ ਦੇਸ਼ ਵਿਦੇਸ਼ ਵਿਚ ਪੰਜਾਬ ਦੇ ਨਾਂ ਤੇ ਹੀ ਵੇਚੀਏ। ਇਸਦੀ ਬੜੀ ਲੋੜ ਹੈ।

ਏਸੇ ਤਰ੍ਹਾਂ, ਚੇਅਰਮੈਨ ਸਾਹਿਬ, ਸਰਕਾਰ ਨੇ ਟਿਊਬਵੈਲਜ਼ ਲਈ 21 ਕਰੋੜ ਰੁਪਿਆਂ ਦਾ ਇਸ ਬਜਟ ਦੇ ਅੰਦਰ ਉਪਬੰਧ ਕੀਤਾ ਹੈ ਜਿਸ ਦੇ ਨਾਲ ਸਿੰਜਾਈ ਅਤੇ ਪੀਣ ਵਾਲੇ ਪਾਣੀ ਲਈ ਟਿਊਬਵੈਲਜ਼ ਦਾ ਪ੍ਰਯੋਗ ਕੀਤਾ ਜਾਵੇਗਾ। ਇਹ ਸਰਕਾਰ ਦਾ ਸਟੈਪ ਰਾਈਟ ਡਾਇਰੈਕਸ਼ਨ ਵਿਚ ਹੈ।

ਚੇਅਰਮੈਨ ਸਾਹਿਬ, ਕੈਨਾਲਜ਼ ਦਾ ਜਿਹੜਾ ਪਾਣੀ ਹੈ, ਉਸਦੀ 65 ਪ੍ਰਤੀਸ਼ਤ ਕਪੈਸਟੀ ਹੀ ਯੂਟੇਲਾਈਜ਼ ਹੁੰਦੀ ਹੈ ਕਿਉਂਕਿ ਕੈਨਾਲਜ਼ ਦੀ ਸਫਾਈ ਕਈ ਸਾਲਾਂ ਤੋਂ ਨਹੀਂ ਹੋਈ ਕਿਉਂਕਿ ਪਿਛੇ ਸਾਰਾ ਕੁਝ ਫਰੀ ਕਰ ਦਿੱਤਾ ਸੀ, ਠੀਕ ਹੈ, ਅੱਜ ਯੂਜ਼ਰ ਚਾਰਜਿਜ਼ ਦੀ ਗੱਲ ਚਲ ਰਹੀ ਹੈ। ਉਹ ਵੀ ਸਾਡੀ ਸਰਕਾਰ ਨੇ ਲਾਏ ਹਨ ਤੇ ਜਿਸ ਦਾ ਫਾਇਦਾ ਟੇਲ ਐਂਡ ਤੇ ਬੈਠਿਆਂ ਨੂੰ ਹੋਵੇਗਾ। ਜਿਹੜਾ ਪਾਣੀ ਪਹਿਲਾਂ ਉਥੇ ਨਹੀਂ ਸੀ ਪਹੁੰਚ ਸਕਦਾ, ਉਹ ਹੁਣ ਜਦੋਂ ਕੈਨਾਲਜ਼ ਦੀ ਸਫਾਈ ਹੋਵੇਗੀ, ਉਥੇ ਵੀ ਜ਼ਰੂਰ ਪਹੁੰਚੇਗਾ। ਮੈਂ ਸਰਕਾਰ ਦੇ ਇਸ ਕਦਮ ਦੀ ਸ਼ਲਾਘਾ ਕਰਦਾ ਹਾਂ।

ਚੇਅਰਮੈਨ ਸਾਹਿਬ, ਜਦੋਂ ਅਸੀਂ ਇਸ ਬਜਟ ਦੀ ਗੱਲ ਕਰ ਰਹੇ ਹਾਂ, ਕਿਸਾਨਾਂ ਦੀ ਗੱਲ ਹੋਈ ਹੈ। ਉਥੇ ਸਾਡੀ ਸਰਕਾਰ ਨੇ ਟਰੇਡਰਜ਼ ਬਾਰੇ ਵੀ ਸੋਚਿਆ ਹੈ ਅਤੇ ਉਨ੍ਹਾਂ ਲਈ ਆਕਟਰਾਏ ਮੁਆਫ ਕੀਤਾ ਹੈ ਅਤੇ 2 ਪ੍ਰਤੀਸ਼ਤ ਲੋਕਲ ਏਰੀਆ ਡਿਵੈਲਪਮੈਂਟ ਟੈਕਸ ਲਾਇਆ ਹੈ। ਇਹ ਬਾਰਡਰ ਤੇ ਲਗੇਗਾ ਤੇ ਜਿਹੜੇ ਜਾਮ ਜੀ.ਟੀ. ਰੋਡ ਤੇ ਲਗਦੇ ਸਨ, ਉਹ ਨਹੀਂ ਲਗਣਗੇ ਤੇ ਜਦੋਂ ਸ਼ਹਿਰ ਆਉਣ ਤੇ ਨਾਕੇ ਲਗਦੇ ਸਨ, ਉਹ ਖਤਮ ਹੋ ਜਾਣਗੇ, ਹਰਾਸਮੈਂਟ ਖਤਮ ਹੋ ਜਾਵੇਗੀ। ਇਹ ਸਟੈਪ ਸਰਕਾਰ ਦਾ ਰਾਈਟ ਡਾਇਰੈਕਸ਼ਨ ਵਿਚ ਹੈ। ਇਕੋ ਜਗ੍ਹਾ ਤੇ ਨਾਕਾ ਲਗੇਗਾ ਤੇ ਸਾਰੇ ਪੰਜਾਬ ਵਿਚ ਟਰੇਡਰ ਜਿਥੇ ਮਰਜ਼ੀ ਆਪਣੀ ਚੀਜ਼ ਲੈ ਜਾਵੇ। ਕਈ ਦਫਾ ਗਲਤੀਆਂ ਵੀ ਹੁੰਦੀਆਂ ਹਨ। ਮਾਲ ਦੋ ਜਗ੍ਹਾ ਅਨਲੋਡ ਕਰਨਾ ਹੁੰਦਾ ਹੈ, ਉਦੋਂ ਸਾਡੇ ਟਰੇਡਰਜ਼ ਦੀ ਬੜੀ ਹਰਾਸਮੈਂਟ ਹੁੰਦੀ ਸੀ। ਇਸ ਨਾਲ ਟਰੇਡਰਜ਼ ਦੀ ਉਹ

Original with;
Punjab Vidhan Sabha
Digitized by;

ਹੈਰਾਸਮੈਂਟ ਹੋਣੀ ਬੰਦ ਹੋ ਜਾਵੇਗੀ। ਵਿੱਤ ਮੰਤਰੀ ਜੀ ਨੇ ਅਜਿਹਾ ਕਰਕੇ ਇੰਡਸਟਰੀ ਬਾਰੇ ਵੀ ਠੀਕ ਸੋਚਿਆ ਹੈ। ਰਾਅ ਮੈਟੀਰੀਅਲ ਲੋਕਲ ਏਰੀਆ ਡਿਵੈਲਪਮੈਂਟ ਟੈਕਸ ਦੇ ਅੰਦਰ ਆ ਜਾਣਗੇ ਅਤੇ ਉਸ ਨੂੰ ਸੇਲਜ਼ ਟੈਕਸ ਦੇ ਨਾਲ ਸਬਸਟੀਚਿਊਟ ਕੀਤਾ ਗਿਆ ਹੈ। ਇਸ ਗੱਲ ਦੇ ਲਈ ਮੈਂ ਵਿੱਤ ਮੰਤਰੀ ਜੀ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਇਹ ਬਹੁਤ ਵਧੀਆ ਕਦਮ ਚੁੱਕਿਆ ਹੈ। ਜਿਥੋਂ ਤੱਕ ਗੌਰਮਿੰਟ ਆਫ ਇੰਡੀਆ ਦੇ ਬੈਨੀਫਿਟਸ ਦਾ ਸਵਾਲ ਹੈ, ਸੇਲਜ਼ ਟੈਕਸ ਵੇਵ ਕਰਨ ਬਾਰੇ ਸਾਡੀ ਸਰਕਾਰ ਨੇ ਸੋਚਿਆ ਹੈ। ਐਗਜ਼ਿਮ ਟੈਕਸ ਅਤੇ ਇਸ ਦੇ ਨਾਲ ਹੀ ਸੈਲਫ ਅਸੈਸਮੈਂਟ ਸਕੀਮਾਂ ਸ਼ੁਰੂ ਕਰਨ ਦੀ ਗੱਲ ਕੀਤੀ ਗਈ ਹੈ। ਹੁਣ ਤੱਕ ਲੋਕ ਕਚਹਿਰੀਆਂ ਵਿਚ ਅਤੇ ਦਫ਼ਤਰਾਂ ਵਿਚ ਤਰੀਕਾਂ ਭੁਗਤਦੇ ਰਹੇ ਹਨ ਪਰ ਨਤੀਜਾ ਕੁਝ ਨਹੀਂ ਨਿਕਲਦਾ ਰਿਹਾ। ਹੁਣ ਸਰਕਾਰ ਨੇ ਇਹ ਕੀਤਾ ਹੈ ਕਿ ਜੋ ਤੁਸੀਂ ਖੁਦ ਅਸੈੱਸ ਕਰਦੇ ਹੋ, ਸਰਕਾਰ ਉਸ ਨੂੰ ਮੰਨ ਲਵੇਗੀ। ਇਸ ਦੇ ਨਾਲ 10 ਕਰੋੜ ਰੁਪਿਆ ਸਰਕਾਰ ਦੇ ਖਜ਼ਾਨੇ ਵਿਚ ਆਵੇਗਾ ਅਤੇ ਟਰੇਡਰਜ਼ ਖੱਜਲਖੁਆਰੀ ਤੋਂ ਬਚ ਜਾਣਗੇ। ਇਸ ਦੇ ਲਈ ਵੀ ਮੈਂ ਵਿੱਤ ਮੰਤਰੀ ਜੀ ਦੀ ਸ਼ਾਲਾਘਾ ਕਰਦਾ ਹਾਂ, ਕੱਚੇ ਆੜ੍ਹਤੀਆਂ ਨੂੰ ਵੀ ਰਾਹਤ ਦਿੱਤੀ ਗਈ ਹੈ। ਉਨ੍ਹਾਂ ਦੀ ਖੱਜਲਖੁਆਰੀ ਵੀ ਖਤਮ ਹੋ ਜਾਵੇਗੀ।

ਹੁਣ ਮੈਂ ਵੀਕਰ ਸੈਕਸ਼ਨਜ਼ ਦੀ ਗੱਲ ਕਰਦਾ ਹਾਂ। ਮੇਰੇ ਤੋਂ ਪਹਿਲਾਂ ਬੋਲਦੇ ਹੋਏ ਮੇਰੇ ਸਤਿਕਾਰਯੋਗ ਸਾਥੀ ਕੈਪਟਨ ਕੰਵਲਜੀਤ ਸਿੰਘ ਨੇ ਕਿਹਾ ਕਿ ਸਰਕਾਰ ਨੇ ਵੀਕਰ ਸੈਕਸ਼ਨਜ਼ ਬਾਰੇ ਕੁਝ ਨਹੀਂ ਸੋਚਿਆ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸ਼ਡਿਊਲਡ ਕਾਸਟ ਅਤੇ ਬੈਕਵਰਡ ਕਲਾਸਿਜ਼ ਦੇ ਬੱਚਿਆਂ ਨੂੰ ਸਕੂਲਾਂ ਵਿਚ ਮੁਫਤ ਕਿਤਾਬਾਂ ਅਤੇ ਸਕਾਲਰਸ਼ਿਪ/ਵਜ਼ੀਫੇ ਦੇਣ ਦੀ ਗੱਲ ਇਸ ਬਜਟ ਵਿਚ ਕੀਤੀ ਗਈ ਹੈ। ਇਨ੍ਹਾਂ ਲੋਕਾਂ ਵਾਸਤੇ ਪਲਾਟਾਂ ਦੀ ਗੱਲ ਵੀ ਸਾਡੀ ਸਰਕਾਰ ਨੇ ਕੀਤੀ ਹੈ। ਇਲੈਕਸ਼ਨ ਮੈਨੀਫੈਸਟੋ ਵਿਚ ਜਾਂ ਸਟੇਜਾਂ ਤੇ ਇਨ੍ਹਾਂ ਲੋਕਾਂ ਦੀ ਭਲਾਈ ਵਾਸਤੇ ਜੋ ਕੁਝ ਸਾਡੀ ਸਰਕਾਰ ਕਹਿੰਦੀ ਆਈ ਹੈ, ਉਸ ਦੇ ਵਾਸਤੇ ਇਹ ਵਚਨਬੱਧ ਹੈ ਅਤੇ ਇਨ੍ਹਾਂ ਲੋਕਾਂ ਵਾਸਤੇ ਜ਼ਰੂਰ ਸੋਚਿਆ ਜਾਵੇਗਾ। ਸਾਲ 2002-2003 ਵਿਚ ਇਨ੍ਹਾਂ ਲੋਕਾਂ ਦੀਆਂ ਭਲਾਈ ਸਕੀਮਾਂ ਵਾਸਤੇ ਸਾਡੀ ਸਰਕਾਰ ਵੱਲੋਂ 61 ਕਰੋੜ ਰੁਪਏ ਉਪਲਬਧ ਕਰਵਾਏ ਗਏ ਸਨ ਅਤੇ ਹੁਣ 2003-2004 ਵਿਚ 90 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਜਿਹੜੇ ਸਾਡੇ ਸਤਿਕਾਰਯੋਗ ਐਮ.ਐਲ.ਏ. ਇਥੇ ਮੇਰੇ ਤੋਂ ਪਹਿਲਾਂ ਕਹਿ ਕੇ ਗਏ ਹਨ, ਮੈਂ ਉਨ੍ਹਾਂ ਦੀ ਜਾਣਕਾਰੀ ਵਾਸਤੇ ਇਹ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਆਪਣੀ ਸਰਕਾਰ ਵੇਲੇ ਸਾਲ 2001-2002 ਦੇ ਬਜਟ ਵਿਚ ਇਨ੍ਹਾਂ ਲੋਕਾਂ ਵਾਸਤੇ ਕੁੱਲ 25 ਕਰੋੜ ਰੱਖੇ ਸਨ ਜਦ ਕਿ ਅਸੀਂ ਹੁਣ 90 ਕਰੋੜ ਰੁਪਏ ਰੱਖੇ ਹਨ ਤਕਰੀਬਨ 4 ਗੁਣਾ ਜ਼ਿਆਦਾ। ਹਾਲੇ ਸਾਡੀ ਸਰਕਾਰ ਦੇ ਤਿੰਨ ਸਾਲ ਹੋਰ ਬਕਾਇਆ ਪਏ ਹਨ। ਕਾਂਗਰਸ ਪਾਰਟੀ ਦੀ ਨੀਤੀ ਹੈ ਕਿ ਅਸੀਂ ਸ਼ਡਿਊਲਡ ਕਾਸਟ ਅਤੇ ਬੈਕਵਰਡ ਕਲਾਸਿਜ਼ ਦੇ ਲੋਕਾਂ ਵਾਸਤੇ ਬਹੁਤ ਕੁਝ ਕਰਾਂਗੇ।

ਹੁਣ ਮੈਂ ਇਨਫਰਾਸਟਰਕਚਰ ਦੀ ਗੱਲ, ਰੋਡਜ਼ ਅਤੇ ਬ੍ਰਿਜਜ਼ ਦੀ ਗੱਲ ਕਰਦਾ ਹਾਂ। ਪੰਜਾਬ ਦੀ ਬਿਹਤਰੀ ਲਈ ਪੀ.ਆਈ.ਡੀ.ਬੀ. ਨੇ 400 ਕਰੋੜ ਰੁਪਏ ਦੇ ਪ੍ਰਾਜੈਕਟਸ ਟੇਕ-ਅਪ ਕਰਨੇ ਹਨ। ਚਾਹੇ ਨੈਸ਼ਨਲ ਕੰਪਨੀਆਂ ਹੋਣ ਅਤੇ ਚਾਹੇ ਮਲਟੀ ਨੈਸ਼ਨਲ ਕੰਪਨੀਆਂ ਹੋਣ, ਸਾਡੀ ਸਰਕਾਰ ਬੀ.ਓ.ਟੀ. ਸਕੀਮ ਵਿਚ ਵੱਧ ਤੋਂ ਵੱਧ ਲੋਕਾਂ ਨੂੰ ਸ਼ਾਮਲ ਕਰੇਗੀ ਤਾਂ ਕਿ ਪੰਜਾਬ ਦੇ ਸਿਰ ਤੇ ਕਰਜ਼ਾ ਘੱਟ ਚੜ੍ਹੇ। ਉਹ ਬੀ.ਓ.ਟੀ. ਦੇ ਤਹਿਤ ਪ੍ਰਾਜੈਕਟ ਬਣਾ ਕੇ ਆਪਣੀ ਕੁਲੈਕਸ਼ਨ ਕਰਿਆ ਕਰਨਗੇ। ਉਨ੍ਹਾਂ ਨੂੰ ਪੰਜਾਬ ਵਿਚ ਜ਼ਿਆਦਾ ਤੋਂ ਜ਼ਿਆਦਾ ਇਨਵੈਸਟ ਕਰਨ ਵਾਸਤੇ ਪ੍ਰੇਰਿਤ ਕੀਤਾ ਜਾ ਰਿਹਾ ਹੈ।

Original with;
Punjab Vidhan Sabha
Digitized by;

[ਰਾਣਾ ਗੁਰਜੀਤ ਸਿੰਘ]

ਚੇਅਰਮੈਨ ਸਾਹਿਬ, ਪੰਜਾਬ ਵਿਚ 70 ਫੀਸਦੀ ਲੋਕ ਰੂਰਲ ਏਰੀਆਜ਼ ਵਿਚ ਰਹਿ ਰਹੇ ਹਨ। ਅਗਰ ਵੇਖਿਆ ਜਾਵੇ ਕਿ ਉਨ੍ਹਾਂ ਦੀ ਹਾਲਤ ਕੀ ਹੈ ਤਾਂ ਇਹ ਕੋਈ ਤਸੱਲੀ ਵਾਲੀ ਗੱਲ ਨਹੀਂ ਹੈ। ਉਥੇ ਟੈਲੀਫੋਨ ਕੁਨੈਕਸ਼ਨ ਦੀ ਪ੍ਰਾਬਲਮ ਹੈ ਅਤੇ ਬਿਜਲੀ ਵੀ 24 ਘੰਟੇ ਨਹੀਂ ਰਹਿੰਦੀ। ਕਦੀ ਆਈ ਅਤੇ ਕਦੀ ਨਾ ਆਈ। ਪੀਣ ਵਾਲੇ ਪਾਣੀ ਦੀ ਗੱਲ ਕਰ ਲਓ। ਇਸ ਦੀ ਵੀ ਹਾਲਤ ਠੀਕ ਨਹੀਂ ਲੇਕਿਨ ਸਾਡੀ ਸਰਕਾਰ ਨੇ ਹਰ ਬਲਾਕ ਵਿਚ ਸੀ.ਆਰ.ਡੀ.ਪੀ. ਦੇ ਤਹਿਤ 2 ਪਿੰਡ ਲਏ ਹਨ ਜਿਨ੍ਹਾਂ ਉਤੇ 50 ਲੱਖ ਰੁਪਏ ਤੋਂ ਲੈ ਕੇ ਇਕ ਕਰੋੜ ਰੁਪਏ ਤੱਕ ਖਰਚਿਆ ਜਾਵੇਗਾ। ਪਿੰਡਾਂ ਵਿਚ ਸੀਵਰੇਜ਼, ਹੈਲਥ ਜਾਂ ਛੱਪੜ ਸਾਫ ਕਰਨ ਦੀ ਗੱਲ ਕਰ ਲਈਏ, ਇਹ ਸਾਰਾ ਕੁਝ ਇਸ ਸਕੀਮ ਤਹਿਤ ਇਨ੍ਹਾਂ ਪਿੰਡਾਂ ਵਿਚ ਕੀਤਾ ਜਾਣਾ ਹੈ। ਸਾਡੇ ਪ੍ਰੈਜੀਡੈਂਟ ਦੀ ਸੋਚ ਹੈ ਵੀਜ਼ਨ 2020। ਇਸ ਵਿੱਚ ਉਨ੍ਹਾਂ ਨੇ ਦੱਸਿਆ ਹੈ ਕਿ ਹਿੰਦੁਸਤਾਨ ਕਿਹੋ ਜਿਹਾ ਹੋਣਾ ਚਾਹੀਦਾ ਹੈ। ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਸ਼ਹਿਰਾਂ ਵਿੱਚ ਭੱਜਣ ਤੋਂ ਰੋਕਿਆ ਜਾਵੇ by providing them urban facilities in rural areas. ਇਹ ਉਨ੍ਹਾਂ ਦੀ ਸੋਚ ਹੈ। ਇਹ ਜਿਹੜੀ ਸੀ.ਆਰ.ਡੀ.ਪੀ. ਦੀ ਸਕੀਮ ਹੈ ਮੈਂ ਗੱਲ ਕਰ ਰਿਹਾ ਹਾਂ ਇਹ ਬਿਲਕੁਲ ਉਹੀ ਹੈ। ਉਸ ਤੋਂ ਇਲਾਵਾ ਮੈਂ ਹੋਰ ਕਹਾਂਗਾ ਕਿ ਮੇਰੀ ਕਾਂਸਟੀਚੂਐਂਸੀ ਵਿੱਚ ਇੱਕ ਸਾਇੰਸ ਸਿੱਟੀ ਬਣਾਇਆ ਜਾ ਰਿਹਾ ਹੈ। ਸਾਡੇ ਕਪੂਰਥਲਾ ਦੀ ਐਡਮਨਿਸਟਰੇਸ਼ਨ ਨੇ ਮੁੱਖ ਮੰਤਰੀ ਸਾਹਿਬ ਨੂੰ ਇਕ ਸਕੀਮ ਦਿੱਤੀ ਹੈ ਕਿ ਜਿਹੜੇ 21 ਵਿਲੇਜ ਹਨ ਉਨ੍ਹਾਂ ਨੂੰ ਆਦਰਸ਼ ਵਿਲੇਜ ਬਣਾਇਆ ਜਾਵੇ ਅਤੇ ਉਹ ਇਕ ਤਰ੍ਹਾਂ ਨਾਲ ਰੋਲ ਮਾਡਲ ਹੋਵੇ ਅਤੇ ਸਾਰਾ ਪੰਜਾਬ ਹੀ ਉਸੇ ਤਰ੍ਹਾਂ ਨਾਲ ਬਣਾਈਏ। ਜਿਥੇ ਸਕੂਲ ਦੀ ਗੱਲ ਕਰੀਏ, ਮੈਡੀਕਲ ਦੀ ਗੱਲ ਕਰੀਏ ਉਥੇ ਨਾਲ ਹੀ ਇੰਟਰਨੈਟ ਦੀ ਵੀ ਗੱਲ ਹੋਣੀ ਚਾਹੀਦੀ ਹੈ ਤਾਂ ਕਿ ਹਰ ਪਿੰਡ ਵਿੱਚ ਜਿਹੜੇ ਲੋਕ ਕੰਪਿਊਟਰ ਜਾਣਦੇ ਹਨ ਉਨ੍ਹਾਂ ਨੂੰ ਇਹ ਸਹੂਲਤ ਮਿਲ ਸਕੇ। ਦੇਸ਼ਾਂ ਵਿਦੇਸ਼ਾਂ ਵਿੱਚ ਲੋਕ ਇਸ ਦਾ ਫਾਇਦਾ ਲੈ ਸਕਣ। ਇਸ ਗੱਲ ਦੀ ਸਮਝ ਸਾਡੇ ਮੁੱਖ ਮੰਤਰੀ ਜੀ ਨੂੰ ਹੈ ਅਤੇ ਮੇਰਾ ਖਿਆਲ ਹੈ ਕਿ ਉਹ ਬਹੁਤ ਛੇਤੀ ਇਸ ਸਕੀਮ ਨੂੰ ਪਾਸ ਵੀ ਕਰਨਗੇ ਅਤੇ ਇਸ ਇਲਾਕੇ ਨੂੰ ਮਾਡਲ ਮੰਨ ਕੇ ਸਾਰੇ ਪੰਜਾਬ ਨੂੰ ਇਹ ਸਕੀਮ ਅਪਣਾਉਣ ਦੀ ਜ਼ਰੂਰਤ ਹੈ।

ਇੰਡਸਟਰੀ ਨੂੰ 100 ਕਰੜ ਰੁਪਏ ਦਾ ਬਜਟ ਦੇ ਵਿੱਚ ਇੰਸੈਂਟਿਵ ਦਿੱਤਾ ਗਿਆ ਹੈ ਤਾਂ ਕਿ ਜਿਹੜੀ ਇੰਡਸਟਰੀ ਹੈ ਉਹ ਬਾਰਡਰ ਦੇ ਇਲਾਕੇ ਵਿੱਚ ਲਗਾਈ ਜਾਵੇ। ਏਸੇ ਤਰ੍ਹਾਂ ਹੀ ਸਮਾਲ ਸਕੇਲ ਇੰਡਸਟਰੀ ਲਈ 25 ਲੱਖ ਰੁਪਏ ਦੀ ਲਾਗਤ ਨਾਲ ਮਾਡਰੇਨਾਈਜੇਸ਼ਨ ਟੈਕਨਾਲੋਜੀ ਅਤੇ ਅਪਗ੍ਰੇਡੇਸ਼ਨ ਦੀ ਸਕੀਮ ਹੈ।

ਇਸੇ ਤਰ੍ਹਾਂ ਹੀ ਵਿਲੇਜ਼ ਇੰਡਸਟਰੀ ਨੂੰ ਵੀ ਸਲਾਨਾ 50 ਕਰੋੜ ਰੁਪਏ ਤੱਕ ਸਬਸਿਡੀ ਦਿੱਤੀ ਜਾਵੇਗੀ। ਇਹ, ਚੇਅਰਮੈਨ ਸਾਹਿਬ, ਅਪਰ ਲਿਮਿਟ ਹੈ ਅਤੇ ਏਸੇ ਤਰ੍ਹਾਂ ਹੀ ਜਿਹੜੇ ਬਾਰਡਰ ਦੇ ਵਿੱਚ ਯੂਨਿਟਸ ਲੱਗਣਗੇ ਉਨ੍ਹਾਂ ਨੂੰ ਵੀ ਫਾਇਦਾ ਹੋਵੇਗਾ। ਮੈਂ ਮੁੱਖ ਮੰਤਰੀ ਸਾਹਿਬ ਦੀ ਇਸ ਸੋਚ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਤਰ੍ਹਾਂ ਸੋਚਿਆ ਕਿ ਜਿਥੇ ਵੱਡੀ ਇੰਡਸਟਰੀ ਨੂੰ ਫਾਇਦਾ ਹੋਵੇਗਾ ਉਥੇ ਛੋਟੀ ਇੰਡਸਟਰੀ ਬਾਰੇ ਵੀ ਪੂਰਾ ਖਿਆਲ ਰੱਖਿਆ ਗਿਆ ਹੈ। ਵੱਡੀ ਇੰਡਸਟਰੀ ਦੇ ਵਿੱਚ ਚਾਹੇ ਨੈਸ਼ਨਲ ਇੰਡਸਟਰੀਅਲਿਸਟ ਹੋਣ ਚਾਹੇ ਮਲਟੀ ਨੈਸ਼ਨਲ ਹੋਣ, ਉਨ੍ਹਾਂ ਦਾ ਏਥੇ ਸਵਾਗਤ ਕਰਨ ਲਈ ਅਤੇ ਇੰਡਸਟਰੀ ਏਥੇ ਲਗਾਉਣ ਲਈ ਪ੍ਰੇਰਤ ਕਰਨ ਲਈ 100 ਕਰੋੜ ਰੁਪਏ ਤੋਂ ਉਪਰ ਜਿਹੜੀ ਇੰਡਸਟਰੀ ਪੰਜਾਬ ਵਿੱਚ ਬਾਰਡਰ ਜ਼ਿਲ੍ਹਿਆਂ ਵਿੱਚ ਲਗੇਗੀ ਉਨ੍ਹਾਂ ਨੂੰ ਖਾਸ ਰਿਆਇਤਾਂ ਦੇਣ ਬਾਰੇ ਵੀ ਇਸ ਪਾਲਿਸੀ ਵਿੱਚ ਦੱਸਿਆ ਗਿਆ ਹੈ। ਮੈਂ ਇਸ ਗੱਲ ਲਈ ਸਰਕਾਰ ਦੀ ਸ਼ਲਾਘਾ ਕਰਦਾ ਹਾਂ।

Original with;
Punjab Vidhan Sabha
Digitized by;

ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਲੁਧਿਆਣੇ ਵਿੱਚ 300 ਮਿਲੀਅਨ ਯੂ.ਐਸ. ਡਾਲਰ ਦਾ ਗਾਰਮੈਂਟਸ ਦੀ ਐਕਸਪੋਰਟ ਦਾ ਕੰਮ ਹਰ ਸਾਲ ਹੁੰਦਾ ਹੈ। ਪਿਛਲੇ ਸਾਲ 2002 ਵਿੱਚ ਇਹ 300 ਮਿਲੀਅਨ ਡਾਲਰ ਦਾ ਵਪਾਰ ਹੋਇਆ ਹੈ ਅਤੇ ਇਸ ਵਿੱਚੋਂ ਬਾਹਰ ਭੇਜੇ ਗਏ ਮਾਲ ਦਾ ਵੱਡਾ ਹਿੱਸਾ ਮਿਡਲ ਈਸਟ ਕੰਟਰੀਜ਼ ਨੂੰ ਨਿਰਯਾਤ ਕੀਤਾ ਹੋਇਆ ਹੈ। ਅੱਜ ਈਰਾਕ ਤੇ ਅਟੈਕ ਹੋਣ ਨਾਲ ਉਥੇ ਦੇ ਉਦਯੋਗਪਤੀਆਂ ਨੂੰ ਇਕ ਬਹੁਤ ਵੱਡੀ ਮੁਸ਼ਕਲ ਪੇਸ਼ ਆ ਰਹੀ ਹੈ ਕਿਉਂਕਿ ਉਨ੍ਹਾਂ ਦਾ 300 ਕਰੋੜ ਰੁਪਏ ਦਾ ਮਾਲ ਰਸਤੇ ਵਿੱਚ ਫਸ ਗਿਆ ਹੈ ਜੋ ਕਿ ਇਕ ਤਰ੍ਹਾਂ ਨਾਲ ਇਕ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਅੱਜ ਤੋਂ 20 ਪ੍ਰਤੀਸ਼ਤ ਜਿਹੜੇ ਸਪਲਾਈ ਆਰਡਰ ਹਨ ਉਹ ਕੈਂਸਲ ਹੋਣ ਲੱਗ ਪਏ ਹਨ। ਇੰਡਸਟਰੀ ਨੂੰ ਅੱਜ ਸਰਕਾਰ ਦੀ ਸਪੋਰਟ ਦੀ ਲੋੜ ਹੈ। ਜਿਹੜੀ ਨਿਟਿੰਗ ਇੰਡਸਟਰੀ ਹੈ ਖਾਸ ਤੌਰ ਤੇ ਮੇਰੇ ਜਿਹੜੇ ਵੀਰ ਕਿਉਂਕਿ ਸਾਡੀ ਸਰਕਾਰ ਤਾਂ ਜ਼ੋਰ ਲਾ ਹੀ ਰਹੀ ਹੈ, ਅਸੀਂ ਸਾਰੇ ਪੰਜਾਬ ਲਈ ਕੋਸ਼ਿਸ਼ ਕਰੀਏ ਅਤੇ ਜਿਹੜੀ ਸਾਡੀ ਐਨ.ਡੀ.ਏ. ਦੀ ਸਰਕਾਰ ਜਿਵੇਂ ਉਤਰਾਂਚਲ, ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਸੂਬਿਆਂ ਨੂੰ ਸੈਂਟਰ ਦੀ ਸਰਕਾਰ ਨੇ ਵਿਸ਼ੇਸ਼ ਰਿਆਇਤਾਂ ਦਿੱਤੀਆਂ ਹਨ ਉਸੇ ਪ੍ਰਕਾਰ ਨਾਲ ਪੰਜਾਬ ਨੂੰ ਵੀ ਉਹੀ ਰਿਆਇਤਾਂ ਦਿੱਤੀਆਂ ਜਾਣ। ਵੈਸੇ ਇਹ ਵੱਡੀ ਗੱਲ ਹੈ ਪਰ ਨਾਲ ਹੀ ਮੈਂ ਇਕ ਛੋਟੀ ਗੱਲ ਕਰਨ ਲੱਗਾ ਹਾਂ ਕਿ ਜਿਹੜਾ 10 ਪ੍ਰਤੀਸ਼ਤ ਸੀ.ਐਸ.ਟੀ. ਗਾਰਮੈਂਟਸ ਤੇ ਲੱਗ ਰਿਹਾ ਹੈ ਜੇਕਰ ਇਸ ਨੂੰ ਹਟਾਇਆ ਨਹੀਂ ਜਾਂਦਾ ਤਾਂ ਗਾਰਮੈਂਟ ਇੰਡਸਟਰੀ ਦੇ ਪੈਰ ਉਖੜ ਜਾਣਗੇ ਔਰ ਇਹ ਇੰਡਸਟਰੀ ਗੁਆਂਢੀ ਸੂਬਿਆਂ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਅਤੇ ਉਤਰਾਂਚਲ ਦੇ ਵਿੱਚ ਚਲੀ ਜਾਵੇਗੀ। ਇਹ ਸਾਡੇ ਵਿਰੋਧੀ ਧਿਰ ਦੇ ਵੀਰ ਵੀ ਜ਼ੋਰ ਲਾਉਣ ਤਾਂ ਕਿ ਇੰਡਸਟਰੀਲਿਸਟਾਂ ਦੀ ਇਹ ਵੱਡੀ ਸਮੱਸਿਆ ਦਾ ਵੀ ਹੱਲ ਕੀਤਾ ਜਾਵੇ। ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਅੰਤ ਵਿੱਚ ਇਹ ਕਹਿਣਾ ਚਾਹਾਂਗਾ ਕਿ ਪਿਛਲੇ ਸਾਲ ਬੜਾ ਰੌਲਾ ਪਿਆ ਸੀ ਕਿ ਮੁਲਾਜ਼ਮਾਂ ਨਾਲ ਬੜਾ ਧੱਕਾ ਹੋਇਆ ਹੈ, ਸਾਡੀ ਸਰਕਾਰ ਨੇ ਕਿਹਾ ਸੀ ਕਿ ਇਕ ਸਾਲ ਕੇਵਲ ਗੈਪ ਫਿਲ ਕਰਨ ਲਈ ਮੁਲਾਜ਼ਮਾਂ ਦਾ ਐਲ.ਟੀ.ਸੀ. ਅੱਗੇ ਪਾਇਆ ਗਿਆ ਹੈ ਜੋ ਕਿ ਇਨ੍ਹਾਂ ਨੇ ਹੁਣ ਫਿਰ ਰਿਸਟੋਰ ਕਰ ਦਿੱਤਾ ਹੈ। ਇਸ ਲਈ ਮੈਂ ਪੰਜਾਬ ਸਰਕਾਰ ਨੂੰ ਅਤੇ ਵਿੱਤ ਮੰਤਰੀ ਜੀ ਨੂੰ ਬਹੁਤ-ਬਹੁਤ ਵਧਾਈ ਦਿੰਦਾ ਹਾਂ ਅਤੇ ਇਸ ਬਜਟ ਦੀ ਸ਼ਲਾਘਾ ਕਰਦਾ ਹਾਂ। ਸਾਡੀ ਸੀ.ਆਈ.ਆਈ. ਨੇ, ਭਾਰਤੀ ਕਿਸਾਨ ਯੂਨੀਅਨ ਨੇ ਅਤੇ ਸਿਨੇਮਾ ਆਨਰਜ਼ ਅਤੇ ਫਿਲਮ ਪ੍ਰੋਡਿਊਸਰਜ਼ ਨੇ ਵੀ ਇਸ ਬਜਟ ਦਾ ਬਹੁਤ ਸਵਾਗਤ ਕੀਤਾ ਹੈ ਕਿਉਂਕਿ ਇਹ ਬਜਟ ਹਰ ਪੱਖ ਤੋਂ ਬਹੁਤ ਹੀ ਵਧੀਆ ਬਜਟ ਹੈ ਜਿਹੜਾ ਕਿ ਪੰਜਾਬ ਦੇ ਹਿਤਾਂ ਦੀ ਨੁਮਾਇੰਦਗੀ ਕਰਦਾ ਹੈ। ਇਸ ਨਾਲ ਪੰਜਾਬ ਦੀ ਉਨਤੀ ਹੋਵੇਗੀ ਅਤੇ ਪੰਜਾਬ ਵਿਚ ਖੁਸ਼ਹਾਲੀ ਆਵੇਗੀ। ਏਨਾ ਕਹਿੰਦਾ ਹੋਇਆ, ਮੈਂ, ਚੇਅਰਮੈਨ ਸਾਹਿਬ, ਤੁਹਾਡਾ ਬੜਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਦੇ ਹੱਕ ਵਿਚ ਬੋਲਣ ਦਾ ਮੌਕਾ ਦਿੱਤਾ ਹੈ।

**ਕੈਪਟਨ ਬਲਬੀਰ ਸਿੰਘ ਬਾਠ (ਸ਼੍ਰੀ ਹਰਗੋਬਿੰਦਪੁਰ)** : ਚੇਅਰਮੈਨ ਸਾਹਿਬ, ਬਜਟ ਤੇ ਬੋਲਣ ਵਾਸਤੇ ਸਮਾਂ ਦੇਣ ਲਈ ਆਪ ਦਾ ਬੜਾ-ਬੜਾ ਧੰਨਵਾਦ। ਅੱਜ ਪੰਜਾਬ ਦੇ ਬਜਟ ਦੀ ਚਰਚਾ ਦੀ ਗੱਲ ਹੋਈ ਹੈ। ਪੰਜਾਬ ਜੋ ਆਪਣੀਆਂ ਖੂਬੀਆਂ ਦੀ ਬਦੌਲਤ ਸਾਰੇ ਹਿੰਦੁਸਤਾਨ ਭਰ ਦੇ ਸੂਬਿਆਂ ਵਿਚੋਂ ਇਕ ਵਿਲੱਖਣ ਥਾਂ ਰਖਦਾ ਹੈ, ਉਸ ਦੇ ਬਜਟ ਦੀ ਚਰਚਾ ਦੀ ਗੱਲ ਹੋਈ ਹੈ। ਪੰਜਾਬ ਦੀਆਂ ਕੁਰਬਾਨੀਆਂ ਬਾਰੇ ਤਾਂ ਸਾਨੂੰ ਪਹਿਲਾਂ ਹੀ ਪਤਾ ਹੈ ਅਤੇ ਇਸ ਵਿਚ ਪਾਏ ਯੋਗਦਾਨ ਬਾਰੇ ਵੀ ਪਤਾ ਹੈ, ਉਸਦੀ ਚਰਚਾ ਮੈਂ ਏਥੇ ਹੋਰ ਨਹੀਂ ਕਰਨੀ। ਪਿਛਲੇ ਦਿਨੀਂ ਸਾਡੇ ਰਾਸ਼ਟਰਪਤੀ ਜੀ, ਪੰਜਾਬ ਦੀ ਯਾਤਰਾ ਕਰ ਕੇ ਗਏ ਹਨ। ਉਨ੍ਹਾਂ ਨੇ ਪੰਜਾਬ ਪ੍ਰਤੀ ਅਤੇ ਪੰਜਾਬੀਆਂ ਪ੍ਰਤੀ ਬੜੇ ਪਿਆਰੇ ਅਲਫਾਜ਼ ਕਹੇ ਹਨ ਕਿ ਪੰਜਾਬ ਦਾ ਕਿਸਾਨ ਅਗਾਂਹਵਧੂ ਹੈ ਅਤੇ ਇਹ ਬੜੇ ਦਲੇਰ ਹਨ। ਉਨ੍ਹਾਂ ਦੇ ਕਹੇ ਸ਼ਬਦਾਂ ਦੇ ਨਾਲ ਜਿਥੇ ਸਾਡਾ ਸਿਰ ਉਚਾ ਹੁੰਦਾ ਹੈ

Original with;
Punjab Vidhan Sabha
Digitized by;
Panjab Digital Library

[ਕੈਪਟਨ ਬਲਬੀਰ ਸਿੰਘ ਬਾਠ]

ਉਥੇ ਪੰਜਾਬੀਆਂ ਦੀ ਦਰਿਆ ਦਿਲੀ ਦਾ ਵੀ ਜ਼ਿਕਰ ਹੈ। ਮੈਂ ਸਮਝਦਾ ਹਾਂ ਕਿ ਸਭ ਤੋਂ ਵੱਡੀ ਗੱਲ ਪਰਉਪਕਾਰ ਦੀ ਹੈ, ਜਿਸ ਲਈ ਸਾਰਾ ਸੰਸਾਰ ਕਾਇਲ ਹੈ, ਸਾਰਾ ਹਿੰਦੁਸਤਾਨ ਕਾਇਲ ਹੈ, ਅੱਜ ਉਸ ਪੰਜਾਬ ਦੇ ਬਜਟ ਦੀ ਚਰਚਾ ਦੀ ਗੱਲ ਚਲ ਰਹੀ ਹੈ। ਮੈਂ ਬਜਟ ਦੀ ਗੱਲ ਕਰਦਾ ਹਾਂ ਕਿ ਪੰਜਾਬ ਦੀ ਅਬਾਦੀ ਦਾ 70% ਹਿੱਸਾ ਪਿੰਡਾਂ ਵਿਚ ਵਸਦਾ ਹੈ ਅਤੇ ਉਸ ਵਿਚ ਸਾਡੇ ਪਛੜੇ ਹੋਏ ਦਲਿਤ ਵੀਰ ਵੀ ਰਹਿੰਦੇ ਹਨ। ਇਹ ਵੀ ਇਕ ਚਿੰਤਾ ਦਾ ਵਿਸ਼ਾ ਹੈ ਕਿ ਉਨ੍ਹਾਂ ਬਾਰੇ ਸਰਕਾਰ ਕੀ ਸੋਚ ਰਹੀ ਹੈ, ਕੀ ਕਰ ਰਹੀ ਹੈ। ਪੰਜਾਬ ਦੇ ਮੋਹਰੀ ਪੱਖਾਂ ਬਾਰੇ ਰਾਣਾ ਗੁਰਜੀਤ ਸਿੰਘ ਜੀ ਨੇ ਅਤੇ ਕੈਪਟਨ ਕੰਵਲਜੀਤ ਸਿੰਘ ਜੀ ਨੇ ਵੀ ਕਿਹਾ ਹੈ, ਮੈਂ ਉਹ ਗੱਲਾਂ ਦੁਹਰਾਉਣਾ ਨਹੀਂ ਚਾਹੁੰਦਾ। ਪੰਜਾਬ ਟਰੈਕਟਰਾਂ ਵਿਚ ਮੋਹਰੀ ਹੈ ਅਤੇ ਕਾਰਾਂ, ਮੋਟਰਸਾਈਕਲਾਂ ਅਤੇ ਹੋਰ ਸੁਖ ਸਹੂਲਤ ਦੇ ਹਰੇਕ ਪੱਖ ਤੋਂ ਪੰਜਾਬ ਮੋਹਰੀ ਹੈ। ਸਭ ਤੋਂ ਵੱਡੀ ਜਿਹੜੀ ਗੱਲ ਹੈ, ਉਹ ਇਹ ਹੈ ਕਿ ਪੰਜਾਬ ਦੀ 85% ਤੋਂ ਲੈ ਕੇ 95% ਜ਼ਮੀਨ ਖੇਤੀ ਦੇ ਥੱਲੇ ਆਉਂਦੀ ਹੈ ਅਤੇ ਉਸ ਸਾਰੀ ਨੂੰ ਹੀ ਨਹਿਰੀ ਜਾਂ ਟਿਊਬਵੈਲਾਂ ਦਾ ਪਾਣੀ ਲਗਦਾ ਹੈ। ਮੇਰਾ ਖਿਆਲ ਹੈ ਕਿ ਹੁਣ ਤੱਕ ਪੰਜਾਬ ਵਿਚ ਇੱਕ ਇੰਚ ਵੀ ਥਾਂ ਨਹੀਂ ਬਚੀ ਹੋਣੀ ਜਿਥੇ ਕਿ ਖੇਤੀ ਨਾ ਹੁੰਦੀ ਹੋਵੇ ਅਤੇ ਪਾਣੀ ਨਾ ਲਗਦਾ ਹੋਵੇ। ਹੁਣ ਤਾਂ ਕੇਵਲ ਘਰਾਂ ਦੀਆਂ ਛੱਤਾਂ ਹੀ ਬਾਕੀ ਬਚੀਆਂ ਹਨ। ਇਨ੍ਹਾਂ ਤੋਂ ਇਲਾਵਾ ਕੁਝ ਹੋਰ ਗੱਲਾਂ ਵਿਚ ਵੀ ਪੰਜਾਬ ਮੋਹਰੀ ਹੈ। ਜਿਵੇਂ ਕਿ ਵਿਆਹ-ਸ਼ਾਦੀਆਂ ਉਤੇ ਖਰਚ ਕਰਨ ਵਿਚ ਵੀ ਪੰਜਾਬ ਮੋਹਰੀ ਹੈ। ਸਭ ਤੋਂ ਵੱਧ ਪਿਆਕੜ ਵੀ ਪੰਜਾਬੀ ਹੀ ਹਨ। ਔਰਤਾਂ ਦੀ ਗੱਲ ਕਰਦੇ ਹਾਂ। ਜਿਸ ਤਰ੍ਹਾਂ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ"। ਚੇਅਰਮੈਨ ਸਾਹਿਬ, ਅੱਜ ਪੰਜਾਬ ਵਿਚ ਇਕ ਹਜ਼ਾਰ ਮਰਦਾਂ ਪਿਛੇ 745 ਔਰਤਾਂ ਹੀ ਰਹਿ ਗਈਆਂ ਹਨ, ਇਸ ਦੇ ਕੀ ਕਾਰਨ ਹਨ ? ਇਸ ਬਾਰੇ ਮੈਂ ਬਾਅਦ ਵਿਚ ਗੱਲ ਕਰਾਂਗਾ। ਜਿਥੇ ਸਾਡੀ 70% ਅਬਾਦੀ ਪਿੰਡਾਂ ਵਿਚ ਰਹਿੰਦੀ ਹੈ ਉਥੇ ਸਾਡੇ ਸੂਬੇ ਵਿਚ 39564 ਕਿਲੋਮੀਟਰ ਲਿੰਕ ਸੜਕਾਂ ਹਨ ਜੋਕਿ ਸਭ ਤੋਂ ਵੱਧ ਹਨ/ਲੇਕਿਨ ਅੱਜ ਵਿਦਿਆ ਦੇ ਖੇਤਰ ਵਿਚ ਅਸੀਂ ਅਗਾਂਹਵਧੂ ਹੋਣ ਦੀ ਬਜਾਏ ਪਿਛੇ ਜਾ ਰਹੇ ਹਾਂ। ਅਸੀਂ 15ਵੇਂ ਸਥਾਨ ਤੇ ਆ ਰਹੇ ਹਾਂ ਜਿਹੜਾ ਕਿ ਚਿੰਤਾ ਦਾ ਵਿਸ਼ਾ ਹੈ। ਚੇਅਰਮੈਨ ਸਾਹਿਬ, ਕੁਝ ਗੱਲਾਂ ਮੈਂ ਸਿੱਧੀਆਂ ਬਜਟ ਬਾਰੇ ਕਰਨੀਆਂ ਚਾਹੁੰਦਾ ਹਾਂ। ਇਸ ਬਾਰੇ ਅਖਬਾਰਾਂ ਵਿਚ ਵੀ ਬਹੁਤ ਕੁਝ ਲਿਖਿਆ ਗਿਆ ਹੈ। ਅੰਗਰੇਜ਼ੀ ਟ੍ਰਿਬਿਊਨ ਨੇ ਅਤੇ ਕਾਮਰੇਡ ਦਿਆਲ ਜੀ ਨੇ ਜਿਹੜੇ ਕਿ ਮੈਂ ਸਮਝਦਾ ਹਾਂ ਕਿ ਸਹਿਯੋਗੀ ਵੀ ਹਨ ਸਾਡੇ ਸਾਹਮਣੇ ਬੈਠੇ ਹੋਏ ਵੀਰਾਂ ਦੇ, ਉਨ੍ਹਾਂ ਨੇ ਚੰਦ ਅਲਫਾਜ਼ ਵਿਚ ਕਿਹਾ ਹੈ ਕਿ ਇਹ ਇਕ ਮਿਕਸ ਬੈਗ ਹੈ ਜਿਸ ਦੇ ਵਿੱਚ 682 ਕਰੋੜ ਰੁਪਏ ਦੇ ਘਾਟੇ ਦੀ ਗੱਲ ਕੀਤੀ ਗਈ ਹੈ। ਇਸ ਨੂੰ ਕਿਵੇਂ ਪੂਰਾ ਕਰਨਾ ਹੈ ਇਸ ਦਾ ਕੋਈ ਜਿਕਰ ਨਹੀਂ ਕੀਤਾ ਗਿਆ। ਮੈਂ ਸਮਝਦਾ ਹਾਂ ਕਿ ਜਿਵੇਂ ਕੈਪਟਨ ਕੰਵਲਜੀਤ ਸਿੰਘ ਜੀ ਨੇ ਕਿਹਾ ਕਿ ਘੁੰਡ ਪਿੱਛੇ ਕੋਈ ਪਰਦੇ ਦੀ ਗੱਲ ਕਹੀ ਗਈ ਹੈ, ਇਹ ਇਸ ਘਾਟੇ ਨੂੰ ਕਿਵੇਂ ਪੂਰਾ ਕਰਨਗੇ ਇਹ/ਸਮਝ ਗਏ ਹਨ ਅਤੇ 682 ਕਰੋੜ ਰੁਪਏ ਦੇ ਘਾਟੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨਗੇ। ਕਿਸਾਨਾਂ ਨੂੰ ਖੁਸ਼ ਕਰਨ ਦੀ ਇਨ੍ਹਾਂ ਵਲੋਂ ਕੋਸ਼ਿਸ਼ ਕੀਤੀ ਗਈ ਹੈ ਅਤੇ ਖਾਦਾਂ ਤੇ ਜੋ 4% ਟੈਕਸ ਸੀ ਉਹ ਖਤਮ ਕੀਤਾ ਗਿਆ ਹੈ ਅਤੇ ਇਸੇ ਤਰ੍ਹਾਂ ਦੁੱਧ ਤੇ 2% ਟੈਕਸ ਘਟਾਇਆ ਗਿਆ ਹੈ, ਇਹ ਵੀ ਇਕ ਚੰਗੀ ਗੱਲ ਹੈ। ਇਨ੍ਹਾਂ ਨੇ 200 ਕਰੋੜ ਰੁਪਏ ਸਰਕਾਰੀ ਖਰਚੇ ਨੂੰ ਘੱਟ ਕਰਨ ਦੀ ਗੱਲ ਕਹੀ ਹੈ, ਇਹ/ਗੱਲ ਮੇਰੀ ਸਮਝ ਤੋਂ ਬਾਹਰ ਹੈ। ਮੈਨੂੰ ਇਹ ਸਮਝ ਨਹੀਂ ਆਉਂਦਾ ਕਿ ਜਿਸ ਸੂਬੇ ਦੀ ਟੋਪ ਐਡਮਨਿਸਟਰੇਸ਼ਨ ਇੰਨੀ ਵੱਡੀ ਗਿਣਤੀ ਵਿੱਚ ਹੋਵੇ, ਜਿਸ ਦੀ ਪੁਲਿਸ ਦਾ ਖਰਚਾ ਪਹਿਲਾਂ ਨਾਲੋਂ ਤਿੰਨ ਚਾਰ ਗੁਣਾਂ ਵੱਧ ਗਿਆ ਹੋਵੇ, ਜਿਹੜਾ ਪਹਿਲਾਂ ਤਿੰਨ ਚਾਰ ਸੌ ਕਰੋੜ ਰੁਪਏ ਹੁੰਦਾ ਸੀ ਅਤੇ ਹੁਣ 12-13 ਸੌ ਕਰੋੜ ਰੁਪਏ ਤੱਕ ਪੁੱਜ ਗਿਆ ਹੋਵੇ ਉਹ 200

Original with;
Punjab Vidhan Sabha
Digitized by;

ਕਰੋੜ ਰੁਪਏ ਕਿਵੇਂ ਘਟਾ ਸਕਦਾ ਹੈ। ਇਹ ਗੱਲ ਮੇਰੀ ਸਮਝ ਤੋਂ ਬਾਹਰ ਹੈ। ਜਿਸ ਸਰਕਾਰ ਦਾ ਰੋਜ਼ਾਨਾ ਹੈਲੀਕਾਪਟਰ ਤੇ ਡੇਢ ਕਰੋੜ ਰੁਪਿਆ ਖਰਚਾ ਆਉਂਦਾ ਹੋਵੇ, ਉਹ ਕਿਵੇਂ 200 ਕਰੋੜ ਰੁਪਏ ਦੀ ਸੇਵਿੰਗ ਕਰ ਸਕੇਗੀ, ਇਹ ਸਭ ਮੇਰੀ ਸਮਝ ਤੋਂ ਬਾਹਰ ਹੈ। ਮੈਂ ਇਸ ਤੇ ਬਹਿਸ ਵਿੱਚ ਨਹੀਂ ਜਾਣਾ ਚਾਹੁੰਦਾ, ਚੌਧਰੀ ਸਾਹਿਬ ਕਦੇ ਕੋਈ ਤੰਗ ਦਿਲੀ ਵਾਲਾ ਅਫਸਰ, ਜੋ ਕੁਆਲਿਸ ਸਾਨੂੰ ਮਿਲੀ ਹੈ, ਉਹ ਹੀ ਵਾਪਸ ਨਾ ਲੈ ਲਵੇ ਇਸ ਦਾ ਤੁਸੀਂ ਧਿਆਨ ਰੱਖਣਾ।

ਇਸ ਤੋਂ ਅੱਗੇ, ਮੈਂ, ਹੈਲਥ ਅਤੇ ਸਿੱਖਿਆ ਵਿਭਾਗ ਬਾਰੇ ਵੀ ਕਹਿਣਾ ਚਾਹੁੰਦਾ ਹਾਂ ਕਿ ਬਜਟ ਵਿੱਚ ਇਨ੍ਹਾਂ ਮਹਿਕਮਿਆਂ ਲਈ ਵੀ ਕਾਫੀ ਘੱਟ ਪੈਸਾ ਰੱਖਿਆ ਗਿਆ ਹੈ। ਜਿੰਨੇ ਪੈਸੇ ਦੀ ਲੋੜ ਸੀ ਉਸ ਤੋਂ ਕਿਤੇ ਘੱਟ ਰੱਖਿਆ ਗਿਆ ਹੈ। ਸਾਡੇ ਹਸਪਤਾਲਾਂ ਅਤੇ ਸਕੂਲਾਂ ਦੀ ਹਾਲਤ ਬੜੀ ਖਸਤਾ ਹੈ। ਇਸ ਲਈ ਹੈਲਥ ਅਤੇ ਸਿੱਖਿਆ ਵਿਭਾਗ ਲਈ ਵੱਧ ਪੈਸਾ ਰੱਖਿਆ ਜਾਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਜਿਹੜਾ 100 ਕਰੋੜ ਰੁਪਏ ਦਾ ਟੈਕਸ ਇਨ੍ਹਾਂ ਨੇ ਮੋਬਾਇਲ ਟੈਲੀਫੂਨਾਂ ਤੇ ਲਗਾਇਆ ਹੈ, ਜਿਹੜਾ 12.5% ਦੇ ਹਿਸਾਬ ਨਾਲ ਲਗਾਇਆ ਗਿਆ ਹੈ ਇਸ ਦੇ ਨਾਲ ਜਿਹੜੇ ਸਾਡੇ ਮੁੰਡੇ ਸਕੂਲਾਂ ਕਾਲਜਾਂ ਵਿੱਚ ਮੋਬਾਇਲ ਲਈ ਫਿਰਦੇ ਹਨ ਅਤੇ ਨਕਲਾਂ ਮਾਰਦੇ ਹਨ, ਉਨ੍ਹਾਂ ਤੇ ਕੁਝ ਫਰਕ ਪੈ ਸਕਦਾ ਹੈ, ਬਾਕੀ ਕਿਸੇ ਤੇ ਕੋਈ ਫਰਕ ਨਹੀਂ ਪੈਣਾ। ਇਸ ਤੋਂ ਅੱਗੇ ਪਾਪੂਲੇਸ਼ਨ ਨੂੰ ਕੰਟਰੋਲ ਕਰਨ ਲਈ ਵੀ ਕੋਈ ਜ਼ਿਕਰ ਬਜਟ ਵਿੱਚ ਨਹੀਂ ਆਇਆ, ਜਿਹੜੀ ਕਿ ਸਾਡੇ ਸਮਾਜ ਤੇ ਗ੍ਰਹਿਣ ਲਗਣ ਵਾਲੀ ਗੱਲ ਹੈ। ਚੇਅਰਮੈਨ ਸਾਹਿਬ, ਜਦੋਂ ਵੀ ਸੈਸ਼ਨ ਲਗਦਾ ਹੈ ਤਾਂ ਇਸ ਵਿਸ਼ੇ ਤੇ ਗੱਲਾਂ ਜ਼ਰੂਰ ਹੁੰਦੀਆਂ ਹਨ ਪਰ ਇਸ ਬਾਰੇ ਕੁਝ ਕਰਨ ਦੀ ਲੋੜ ਹੈ ਇਕੱਲੇ ਗੱਲਾਂ ਨਾਲ ਕੁਝ ਨਹੀਂ ਹੋਣਾ। ਚੇਅਰਮੈਨ ਸਾਹਿਬ, ਜੋ ਨੌਕਰੀਆਂ ਤੇ ਪਾਬੰਦੀ ਲਗਾਈ ਗਈ ਹੈ, ਇਸ ਦੇ ਨਾਲ ਵੀ ਸਾਡੇ ਨੌਜਵਾਨ ਬੱਚਿਆਂ ਤੇ ਅਸਰ ਪੈ ਰਿਹਾ ਹੈ ਅਤੇ ਉਹ ਬੇਰੋਜ਼ਗਾਰ ਫਿਰ ਰਹੇ ਹਨ। ਡਿਸਇਨਵੈਸਟਮੈਂਟ ਦੀ ਗੱਲ ਆਈ ਹੈ, ਇਹ ਵੀ ਚਿੰਤਾ ਦਾ ਵਿਸ਼ਾ ਹੈ। ਇਸ ਤੋਂ ਅੱਗੇ ਇਲੈਕਸ਼ਨਾਂ ਦੀ ਗੱਲ ਆਉਂਦੀ ਹੈ, ਇਸ ਦੇ ਬਾਰੇ ਵੀ ਹਾਊਸ ਵਿੱਚ ਬੜਾ ਰੌਲਾ ਰੱਪਾ ਪਿਆ ਹੈ। ਇਲੈਕਸ਼ਨ ਚਾਹੇ ਪੰਚਾਇਤਾਂ ਦੇ ਹੋਣ, ਚਾਹੇ ਮਿਊਂਸਿਪਲ ਕਮੇਟੀਆਂ ਦੇ ਹੋਣ। ਮੈਂ ਸਮਝਦਾ ਹਾਂ ਕਿ, ਚੇਅਰਮੈਨ ਸਾਹਿਬ, ਆਪਾਂ ਭਰਾ-ਭਰਾ ਨੂੰ ਪਾੜਨ ਦਾ ਯਤਨ ਕਰਦੇ ਹਾਂ, ਇਸ ਦੀ ਇੰਤਹਾ ਹੋਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਜਿਸ ਪਾਰਟੀ ਦੀ ਵੀ ਸਰਕਾਰ ਹੋਵੇ, ਆਪਾਂ ਇਕ ਕਾਨੂੰਨ ਹੀ ਬਣਾ ਲਈਏ ਕਿ ਉਹ ਆਪਣੇ ਆਪ ਉਨ੍ਹਾਂ ਦੇ ਨੁਮਾਇੰਦੇ ਨਾਮੀਨੇਟ ਕਰੇ। ਆਪਾਂ ਨੂੰ ਇਸ ਤੇ ਵਿਚਾਰ ਕਰਨੀ ਚਾਹੀਦੀ ਹੈ। ਸਕੂਲਾਂ ਦੇ ਵਿੱਚ ਠੇਕੇ ਤੇ ਮਾਸਟਰ ਰੱਖਣ ਦੀ ਗੱਲ ਆਈ ਹੈ। ਕੋਈ ਨਵੀਂ ਇੰਡਸਟਰੀ ਨਹੀਂ ਲਗ ਰਹੀ। ਨੌਕਰੀਆਂ ਆਪਾਂ ਬੱਚਿਆਂ ਨੂੰ ਕਿੱਥੇ ਦਿਆਂਗੇ, ਕਾਰਖਾਨੇ ਬੰਦ ਕਰਨ ਲੱਗੇ ਹੋਏ ਹਾਂ। ਇਸ ਤਰ੍ਹਾਂ ਇਹ ਸਥਿੱਤੀ ਮਜ਼ਾਕ ਦੀ ਗੱਲ ਬਣ ਕੇ ਰਹਿ ਗਈ ਹੈ। ਇਹ ਹਕੀਕਤ ਹੈ। ਮੈਂ ਲੇਬਰ ਐਂਡ ਇੰਪਲਾਇਮੈਂਟ ਵਰਗੇ ਅਹਿਮ ਪੁਆਇੰਟ ਦੀ ਗੱਲ ਕਰਨੀ ਚਾਹੁੰਦਾ ਹਾਂ। ਚੇਅਰਮੈਨ ਸਾਹਿਬ, ਯੂ.ਪੀ. ਤੋਂ ਜਾਂ ਹੋਰ ਸਟੇਟਾਂ ਤੋਂ ਲੇਬਰ ਆ ਰਹੀ ਹੈ। ਇਸ ਨੂੰ ਕੋਈ ਨਾਂ ਦੇ ਦਿਓ। ਪਰ ਇਨ੍ਹਾਂ ਨੇ ਸਾਡੇ ਸ਼ਹਿਰਾਂ ਨੂੰ ਗ੍ਰਹਿਣ ਲਗਾ ਦਿੱਤਾ ਹੈ। ਇਨ੍ਹਾਂ ਤੇ ਕੋਈ ਕੰਟਰੋਲ ਨਹੀਂ ਹੈ। ਸ਼ਾਇਦ ਅਸੀਂ ਇਲੈਕਸ਼ਨਾਂ ਵਿੱਚ ਵੋਟਾਂ ਖਾਤਰ ਇਨ੍ਹਾਂ ਦੀਆਂ ਵੋਟਾਂ ਬਣਾਉਂਦੇ ਹਾਂ ਪਰ ਇਨ੍ਹਾਂ ਤੇ ਜ਼ਰੂਰ ਪਾਬੰਦੀ ਲਗਾਉਣੀ ਚਾਹੀਦੀ ਹੈ। ਇਨ੍ਹਾਂ ਤੋਂ ਬਗੈਰ ਭਾਵੇਂ ਗੁਜ਼ਾਰਾ ਨਹੀਂ ਹੋ ਸਕਦਾ ਪਰ ਇਨ੍ਹਾਂ ਦੀਆਂ ਵੋਟਾਂ ਤੇ ਤਾਂ ਘੱਟੋ ਘੱਟ ਪਾਬੰਦੀ ਹੋਣੀ ਚਾਹੀਦੀ ਹੈ ਤਾਂ ਕਿ ਇਨ੍ਹਾਂ ਦੀ ਆਬਾਦੀ ਤੇ ਕੰਟਰੋਲ ਪਾਇਆ ਜਾ ਸਕੇ। ਅੱਜ ਸਮਾਂ ਇਸ ਗੱਲ ਦੀ ਮੰਗ ਕਰਦਾ ਹੈ।

Original with;
Punjab Vidhan Sabha
Digitized by;

[ਕੈਪਟਨ ਬਲਬੀਰ ਸਿੰਘ ਬਾਠ]

ਇਸੇ ਤਰ੍ਹਾਂ, ਚੇਅਰਮੈਨ ਸਾਹਿਬ, ਮੈਂ ਪੁੱਡਾ ਬਾਰੇ ਕਹਿਣਾ ਚਾਹੁੰਦਾ ਹਾਂ। ਇਸ ਮਹਿਕਮੇ ਦਾ ਕੰਮ ਹੈ, ਸ਼ਹਿਰਾਂ ਦੀ ਖੂਬਸੂਰਤੀ ਵਧਾਉਣੀ, ਉਥੇ ਵਸਦੀ ਆਬਾਦੀ ਵਾਸਤੇ ਖੂਬਸੂਰਤੀ ਵਧਾਉਣੀ। ਇਹ ਇਸ ਦੀ ਜ਼ੁੰਮੇਵਾਰੀ ਹੈ ਪਰ ਮੈਂ ਸਮਝਦਾ ਹਾਂ ਕਿ ਇਹ ਮਹਿਕਮਾ ਕੁਰੱਪਸ਼ਨ ਦੀ ਮਾਂ ਬਣ ਗਿਆ ਹੈ। ਖੂਬਸੂਰਤੀ ਵਧਾਉਣੀ ਤਾਂ ਇੱਕ ਪਾਸੇ ਰਹੀ ਉਥੇ ਤਾਂ ਨਜਾਇਜ਼ ਕਲੋਨੀਆਂ ਵੱਧ ਰਹੀਆਂ ਹਨ। ਸਾਰੀ ਆਬਾਦੀ ਸੜਕਾਂ ਤੇ ਆ ਜਾਂਦੀ ਹੈ। ਇਹ ਕੋਈ ਡਿਸਿਪਲਨ ਵਾਲੀ ਗੱਲ ਨਹੀਂ ਹੈ। ਇਹ ਵੀ ਵਿਚਾਰ ਦਾ ਵਿਸ਼ਾ ਹੈ। ਇਸ ਬਾਰੇ ਵੀ ਬਜਟ ਵਿੱਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਰਾਣਾ ਸਾਹਿਬ ਬੋਲਦੇ ਹੋਏ ਪਿੰਡਾਂ ਦੇ ਵਿਕਾਸ ਬਾਰੇ ਜ਼ਿਕਰ ਕਰਕੇ ਗਏ ਹਨ ਕਿ ਪੰਜਾਬ ਦੇ ਸਾਰੇ ਪਿੰਡਾਂ ਵਿੱਚੋਂ 402 ਪਿੰਡਾਂ ਵਿੱਚ ਫਲੱਸ਼ ਲੈਟਰੀਨਾਂ ਬਣਾਈਆਂ ਜਾ ਰਹੀਆਂ ਹਨ ਤਾਂਕਿ ਪਿੰਡਾਂ ਦੀ ਡਿਵੈਲਪਮੈਂਟ ਹੋ ਸਕੇ। ਚੇਅਰਮੈਨ ਸਾਹਿਬ, ਇਹ ਚੰਗੀ ਸਕੀਮ ਹੈ। ਪੰਜਾਬ ਦੀ 70% ਆਬਾਦੀ ਪਿੰਡਾਂ ਵਿੱਚ ਰਹਿ ਰਹੀ ਹੈ। ਤੀਜਾ ਹਿੱਸਾ ਦਲਿਤ ਵੀਰ ਹਨ ਔਰ ਉਨ੍ਹਾਂ ਲਈ ਇਹ ਵੱਡੀ ਸਮੱਸਿਆ ਸੀ। ਸਾਰੀਆਂ ਪਾਰਟੀਆਂ ਨੂੰ ਇਸ ਸਕੀਮ ਲਈ ਸਹਿਮਤ ਹੋਣਾ ਚਾਹੀਦਾ ਹੈ। ਪਿੰਡਾਂ ਵਿੱਚ ਇਸ ਦੀ ਲੋੜ ਹੈ।

ਚੇਅਰਮੈਨ ਸਾਹਿਬ, ਹੁਣ ਮੈਂ ਤੁਹਾਡੀ ਇਜਾਜ਼ਤ ਨਾਲ ਆਪਣੇ ਹਲਕੇ ਦੀ ਗੱਲ ਕਰਦਾ ਹਾਂ। ਮੇਰੇ ਹਲਕੇ ਦਾ ਮੁੱਖ ਸਾਧਨ ਖੇਤੀਬਾੜੀ ਹੈ। ਮੇਰਾ ਹਲਕਾ ਖੇਤੀਬਾੜੀ ਤੇ ਆਧਾਰਿਤ ਹੈ ਪਰ ਉਥੇ ਕੋਈ ਆਈ.ਟੀ.ਆਈ. ਨਹੀਂ ਹੈ। ਇਸੇ ਤਰ੍ਹਾਂ ਪਿਛਲੀ ਸਰਕਾਰ ਵੇਲੇ 30-35 ਕਿਲੋਮੀਟਰ ਲਿੰਕ ਸੜਕਾਂ ਬਣੀਆਂ ਸਨ ਪਰ ਬਰਸਾਤ ਆਉਣ ਕਾਰਨ ਉਹ ਸਾਰੀਆਂ ਹੀ ਟੁੱਟ ਗਈਆਂ ਹਨ। ਇਸ ਨਾਲ ਸੜਕਾਂ ਦਾ ਕਾਫ਼ੀ ਮੰਦਾ ਹਾਲ ਹੋ ਗਿਆ ਹੈ। ਮੇਰੇ ਹਲਕੇ ਵਿੱਚ ਇੱਕ ਮੇਜਰ ਸੜਕ ਹੈ ਜੋ ਸਾਨੂੰ ਗੁਰੂ ਕੀ ਨਗਰੀ ਸ਼੍ਰੀ ਹਰਿਮੰਦਰ ਸਾਹਿਬ ਨਾਲ ਜੋੜਦੀ ਹੈ ਅਤੇ ਇਹ ਹੁਸ਼ਿਆਰਪੁਰ ਤੋਂ ਚੰਡੀਗੜ੍ਹ ਵਿਚਕਾਰ ਹੈ। ਇਹ ਸਿਰਫ 13 ਕਿਲੋਮੀਟਰ ਦਾ ਟੋਟਾ ਹੈ। ਬਾਦਲ ਸਾਹਿਬ ਨੇ ਇਹ ਸੜਕ ਸ਼ੁਰੂ ਕਰਵਾਈ ਸੀ ਪਰ ਪਤਾ ਨਹੀਂ ਕਿੰਨੇ ਸਾਲ ਲੱਗਣਗੇ, ਸ਼ਾਇਦ 13 ਸਾਲ ਹੀ ਲੱਗ ਜਾਣ, ਇਹ ਕੰਪਲੀਟ ਕਰਨੀ ਚਾਹੀਦੀ ਹੈ। ਇਹ ਸੜਕ ਮੇਰੇ ਹਲਕੇ ਦੀ ਰੀੜ ਦੀ ਹੱਡੀ ਹੈ। ਇਹ ਅਧੂਰੀ ਪਈ ਹੈ। ਇਸ ਨੂੰ ਕੰਪਲੀਟ ਕਰਵਾਇਆ ਜਾਵੇ। ਚੇਅਰਮੈਨ ਸਾਹਿਬ, ਮੇਰੇ ਹਲਕੇ ਵਿੱਚੋਂ ਦਰਿਆ ਬਿਆਸ ਲੰਘਦਾ ਹੈ। ਲੋਕਾਂ ਨੂੰ ਬੜੀ ਸਮੱਸਿਆ ਆਉਂਦੀ ਹੈ ਕਿਉਂਕਿ ਡਰੇਨੇਜ ਸਿਸਟਮ ਨਾ ਹੋਣ ਕਾਰਨ ਮੇਰੇ ਹਲਕੇ ਦਾ ਚੌਥਾ ਹਿੱਸਾ ਸੇਮ ਦੀ ਮਾਰ ਹੇਠ ਆ ਜਾਂਦਾ ਹੈ। ਇਹ ਬੜੀ ਵੱਡੀ ਸਮੱਸਿਆ ਹੈ। ਇਸ ਨੂੰ ਹੱਲ ਕਰਨਾ ਚਾਹੀਦਾ ਹੈ। ਬਾਕੀ ਸਭ ਠੀਕ ਹੈ। ਬੇਰੁਜ਼ਗਾਰੀ ਜੋਬਨ ਤੇ ਹੈ, ਦਾਜ ਲੈਣਾ ਤੇ ਦੇਣਾ, ਰਿਸ਼ੈਪਸ਼ਨਾਂ ਜ਼ੋਰਾਂ ਤੇ ਹਨ। ਰਿਸ਼ਵਤਖੋਰੀ ਜ਼ੋਰਾਂ ਤੇ ਹੈ। ਥਾਣਿਆਂ ਵਿੱਚ ਸਮੈਕ ਦਾ ਵਿਕਣਾ ਜਾਰੀ ਹੈ। ਨਸ਼ਿਆਂ ਨਾਲ ਜਵਾਨੀ ਨੂੰ ਘੁਣ ਲੱਗ ਗਿਆ ਹੈ। ਆਖਰ ਵਿੱਚ ਜੋ ਤੁਸੀਂ ਡਿਸਇਨਵੈਸਟਮੈਂਟ ਦੀ ਗੱਲ ਕਰਦੇ ਹੋ, ਨੌਕਰੀਆਂ ਨਹੀਂ ਦਿੰਦੇ, ਸਰਦਾਰ ਬਾਦਲ ਵਲੋਂ ਦਿੱਤੀਆਂ ਸਹੂਲਤਾਂ ਖੋਹਦੇ ਹੋ, ਬਿਜਲੀ, ਪਾਣੀ, ਪੈਨਸ਼ਨਾਂ ਤੇ ਸ਼ਗਨ ਸਕੀਮ ਖੋਹਦੇ ਹੋ, ਇਹ ਠੀਕ ਨਹੀਂ ਹੈ। ਲਾਅ ਐਂਡ ਆਰਡਰ ਬਾਰੇ ਮੈਂ ਕਹਾਂਗਾ ਕਿ ਸਰਕਾਰ ਦੇ ਲੀਡਰਾਂ ਦੇ ਚੱਜ ਆਚਾਰ ਦੀਆਂ ਖਬਰਾਂ ਅਖਬਾਰਾਂ ਵਿੱਚ ਆ ਰਹੀਆਂ ਹਨ, ਗੁਰੂ ਨਾਨਕ ਦੇਵ ਜੀ ਨੇ ਹੋਰ ਅਗਾਂਹ ਕਿਹਾ ਹੈ :

ਗਲੀਂ ਅਸੀਂ ਚੰਗੀਆਂ ਆਚਾਰੀ ਬੁਰੀਆਹ ॥
ਮਨਹੁ ਕਸੁਧਾ ਕਾਲੀਆ ਬਾਹਰੋਂ ਚਿਟਵੀਆਹ ॥

ਜੇ ਸਰਕਾਰ ਦੇ ਅਫਸਰਾ ਅਤੇ ਲੀਡਰਾਂ ਦਾਂ ਇਹ ਹਾਲ ਹੈ ਤਾਂ ਮੈਂ ਇਸ ਬਜਟ ਦੀ ਨਿਖੇਧੀ ਕਰਦਾ ਹਾਂ। ਚੇਅਰਮੈਨ ਸਾਹਿਬ, ਇਨ੍ਹ ਸ਼ਬਦਾਂ ਨਾਲ ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਲਈ ਸਮਾਂ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library

**ਰਾਣਾ ਕੰਵਰਪਾਲ ਸਿੰਘ (ਨੰਗਲ)** : ਧੰਨਵਾਦ, ਚੇਅਰਮੈਨ ਸਾਹਿਬ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦੀ ਇਜਾਜ਼ਤ ਦਿੱਤੀ ਹੈ। ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ। ਮੈਂ ਵਿੱਤ ਮੰਤਰੀ ਜੀ ਵਲੋਂ ਇਸ ਸਾਲ ਲਈ ਪੇਸ਼ ਕੀਤੇ ਬਜਟ ਦੀ ਸਪੀਚ ਨੂੰ ਪੜ੍ਹਿਆ ਅਤੇ ਸੁਣਿਆ ਵੀ ਹੈ। ਉਸ ਤੋਂ ਬਾਅਦ ਇਸ ਪਵਿੱਤਰ ਸਦਨ ਵਿੱਚ ਸਾਬਕਾ ਖਜ਼ਾਨਾ ਮੰਤਰੀ, ਕੈਪਟਨ ਕੰਵਲਜੀਤ ਸਿੰਘ ਹੁਰਾਂ ਨੂੰ ਵੀ ਸੁਣਿਆ ਹੈ। ਮੇਰੇ ਸਾਥੀ ਰਾਣਾ ਗੁਰਜੀਤ ਸਿੰਘ ਹੁਰਾਂ ਨੇ ਵੀ ਬਜਟ ਤੇ ਆਪਣੇ ਵਿਚਾਰ ਰੱਖੇ ਅਤੇ ਬਜਟ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਜ਼ਿਕਰ ਕੀਤਾ। ਉਸ ਤੋਂ ਬਾਅਦ ਕੈਪਟਨ ਬਾਠ ਹੁਰਾਂ ਨੇ ਆਪਣੀਆਂ ਦਲੀਲਾਂ ਬਜਟ ਮੁਤਾਬਿਕ ਦਿੱਤੀਆਂ ਅਤੇ ਬਜਟ ਦੇ ਹੱਕ ਵਿੱਚ ਜਾਂ ਬਜਟ ਤੇ ਕਿੰਤੂ-ਪਰੰਤੂ ਕਰਨ ਦੀ ਕੋਸ਼ਿਸ਼ ਕੀਤੀ। ਚੇਅਰਮੈਨ ਸਾਹਿਬ, ਮੇਰੇ ਮੁਤਾਬਿਕ ਕਿਸੇ ਵੀ ਬਜਟ ਨੂੰ ਘੋਖਣ ਲਈ ਅਤੇ ਉਸ ਦੇ ਗੁਣ ਅਤੇ ਦੋਸ਼ ਦੇਖਣ ਲਈ ਦੋ ਚੀਜ਼ਾਂ ਦੇਖਣੀਆਂ ਬੜੀਆਂ ਜ਼ਰੂਰੀ ਹਨ ਕਿ ਬਜਟ ਲੋਕਾਂ ਦੇ ਜੀਵਨ ਪੱਧਰ ਨੂੰ ਸਹੀ ਕਰਨ ਲਈ, ਵਿਗੜੇ ਹੋਏ ਅਰਥਚਾਰੇ ਨੂੰ ਠੀਕ ਕਰਨ ਲਈ ਜਾਂ ਲੋਕਾਂ ਦੇ ਜੀਵਨ ਪੱਧਰ ਵਿੱਚ ਪਿਛਲੇ ਸਮੇਂ ਤੋਂ ਚੱਲ ਰਹੇ ਨਿਘਾਰ ਨੂੰ ਰੋਕ ਲਾਉਣ ਲਈ ਕਿੰਨਾ ਕੁ ਸਾਰਥਿਕ ਹੈ। ਇਸ ਗੱਲ ਤੇ ਵਿਚਾਰ ਕਰਨਾ ਜ਼ਰੂਰੀ ਹੈ। ਇਸ ਦੇ ਨਾਲ ਹੀ ਗਵਰਨਰ ਸਾਹਿਬ ਦਾ ਐਡਰੈਸ ਜੁੜਿਆ ਹੈ, ਜਿਸ ਵਿੱਚ ਉਨ੍ਹਾਂ ਨੇ ਪਿਛਲੇ ਸਮੇਂ ਦੀਆਂ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਹੈ ਅਤੇ ਉਨ੍ਹਾਂ ਪ੍ਰਾਪਤੀਆਂ ਨੂੰ ਬਜਟ ਦੇ ਨਜ਼ਰੀਏ ਨਾਲ ਦੇਖਣਾ ਕਿ ਉਹ ਕਿਵੇਂ ਪੂਰੀਆਂ ਉਤਰੀਆਂ ਹਨ। ਇਹ ਸਾਰੀਆਂ ਚੀਜ਼ਾਂ ਬਜਟ ਤੇ ਨਜ਼ਰ ਮਾਰਨ ਨਾਲ ਅਤੇ ਬਜਟ ਦੇ ਗੁਣ ਦੋਸ਼ ਦੇਖਣ ਲਈ ਜ਼ਰੂਰੀ ਹਨ। ਮੇਰੇ ਤੋਂ ਪਹਿਲਾਂ ਕੈਪਟਨ ਕੰਵਲਜੀਤ ਸਿੰਘ ਹੁਰਾਂ ਨੇ ਬਜਟ ਤੇ ਬੋਲਦਿਆਂ ਬਜਟ ਤੇ, ਕਾਂਗਰਸ ਪਾਰਟੀ 'ਤੇ ਅਤੇ ਕਾਂਗਰਸ ਸਰਕਾਰ ਤੇ ਬੜੇ ਤਿੱਖੇ ਹਮਲੇ ਕਰਦਿਆਂ ਨਿੱਜੀਕਰਨ ਨੂੰ ਬੇਲਗਾਮ ਨਿੱਜੀਕਰਨ ਦੱਸਿਆ ਹੈ। ਲਾਏ ਗਏ ਟੈਕਸਾਂ ਨੂੰ ਪਹਾੜ ਦੱਸਿਆ ਹੈ, ਬਿਜਲੀ ਬੋਰਡ ਦੀ ਬਦ-ਇੰਤਜ਼ਾਮੀ ਦੀ ਗੱਲ ਕੀਤੀ ਹੈ, ਸਿੱਖਿਆ ਤੇ ਪਾਏ ਭਾਰ ਦੀ ਗੱਲ ਕੀਤੀ ਹੈ, ਸ਼ਹਿਰਾਂ ਨੂੰ ਕਿਸੇ ਕਿਸਮ ਦੀ ਕੋਈ ਰਾਹਤ ਨਾ ਮਿਲਣ ਦੀ ਗੱਲ ਕੀਤੀ ਹੈ, ਲੋਕਾਂ ਦਾ ਕਾਂਗਰਸ ਤੋਂ ਅਤੇ ਕਾਂਗਰਸ ਪਾਰਟੀ ਤੋਂ ਭਰੋਸਾ ਉਠਣ ਦੀ ਗੱਲ ਕੀਤੀ ਹੈ ਅਤੇ ਸਭ ਤੋਂ ਵੱਡੀ ਗੱਲ ਕਾਂਗਰਸ ਪਾਰਟੀ ਨੂੰ ਸੰਨ 1950 ਤੋਂ ਲੈ ਕੇ ਹੁਣ ਤੱਕ ਕਿਸਾਨ ਵਿਰੋਧੀ ਗਰਦਾਨਿਆ, ਪੰਜਾਬ ਵਿਚ ਬੇਰੁਜ਼ਗਾਰੀ ਦੀ ਗੱਲ ਕੀਤੀ, ਪੰਜਾਬ ਨੂੰ ਬਿਹਾਰ ਬਣਾਉਣ ਦੀ ਗੱਲ ਕੀਤੀ, ਵਰਲਡ ਬੈਂਕ ਤੋਂ ਪ੍ਰਾਪਤ ਹੋਏ ਕਰਜ਼ੇ ਦੀ ਗੱਲ ਕੀਤੀ, ਕਿਸਾਨਾਂ ਨੂੰ ਬਿਜਲੀ ਨਾ ਮਿਲਣ ਦੀ ਗੱਲ ਕੀਤੀ ਔਰ ਇਹ ਵੀ ਦਰਖਾਸਤ ਕੀਤੀ ਕਿ ਤੁਸੀਂ ਇਸ ਪਵਿੱਤਰ ਸਦਨ ਵਿੱਚੋਂ ਇੱਕ ਕਮੇਟੀ ਬਣਾਓ, ਜਿਹੜੀ ਪਿੰਡ-ਪਿੰਡ ਜਾ ਕੇ ਜਾਇਜ਼ਾ ਲਵੇ ਕਿ ਪਿਛਲੇ ਸਮੇਂ ਵਿੱਚ ਕਿਸਾਨਾਂ ਨੂੰ ਬਿਜਲੀ ਮਿਲੀ ਹੈ ਜਾਂ ਨਹੀਂ ਮਿਲੀ। ਇਨ੍ਹਾਂ ਸਾਰੀਆਂ ਚੀਜ਼ਾਂ ਦਾ ਜ਼ਿਕਰ ਤੁਹਾਡੇ ਸਾਹਮਣੇ ਕੀਤਾ। ਮੈਂ, ਚੇਅਰਮੈਨ ਸਾਹਿਬ, ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਦੋਨੋਂ ਸਿਆਸੀ ਪਾਰਟੀਆਂ, ਜਿਹੜੀਆਂ ਮੁੱਖ ਤੌਰ ਤੇ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਜ਼ਿੰਮੇਵਾਰ ਹਨ ਔਰ ਜੇ ਪੰਜਾਬ ਵਿੱਚ ਕਿਸੇ ਕਿਸਮ ਦੀ ਕਮੀ ਰਹੀ ਹੈ ਤਾਂ ਪੰਜਾਬ ਦੇ ਅੱਜ ਜੋ ਮੌਜੂਦਾ ਹਾਲਾਤ ਹਨ, ਉਸ ਦੇ ਲਈ ਦੋਵੇਂ ਧਿਰਾਂ ਜ਼ਿੰਮੇਵਾਰ ਹਨ ਕਿਉਂਕਿ 1966 ਤੋਂ ਬਾਅਦ ਵਾਰੀ-ਵਾਰੀ ਦੋਨੋਂ ਪਾਰਟੀਆਂ ਨੂੰ ਕਿਸੇ ਨੂੰ ਵੱਧ ਅਤੇ ਕਿਸੇ ਨੂੰ ਘੱਟ ਸਮਾਂ ਰਾਜ ਦੀ ਤਕਦੀਰ ਘੜਨ ਦਾ ਮੌਕਾ ਮਿਲਿਆ ਹੈ। ਮੈਂ ਤੁਹਾਡੇ ਰਾਹੀਂ ਇਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਅਤੇ ਇਸ ਪਵਿੱਤਰ ਸਦਨ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦਾ ਸੂਬਾ, ਜਿਸ ਦੇ ਕਿਸਾਨ ਸੰਨ 1947 ਵਿੱਚ ਮੁਲਕ ਦੀ ਵੰਡ ਤੋਂ ਬਾਅਦ ਬਹੁਤ ਵੱਡੀ ਗਿਣਤੀ ਵਿੱਚ ਪਾਕਿਸਤਾਨ ਤੋਂ ਉਜੜ ਕੇ ਆਏ, ਬਹੁਤ ਵੱਡਾ ਕੈਨਾਲ ਦਾ, ਇਰੀਗੇਸ਼ਨ ਦਾ ਸਿਸਟਮ ਆਪਣੇ ਪਿਛੇ ਛੱਡ ਕੇ ਆਏ ਔਰ ਉਸ ਵਕਤ ਭੁੱਖਮਰੀ ਦੇ ਸ਼ਿਕਾਰ ਭਾਰਤ ਵਰਸ਼ ਦੇ ਵਿੱਚ ਮੁੜ ਕੇ ਆਪਣੀ ਤਕਦੀਰ ਨੂੰ

Original with;
Punjab Vidhan Sabha
Digitized by;
Panjab Digital Library

[ਰਾਣਾ ਕੰਵਰਪਾਲ ਸਿੰਘ]

ਬਦਲਣ ਦੇ ਲਈ ਪੰਜਾਬ ਦੇ ਬਹਾਦਰ ਕਿਸਾਨ ਨੇ ਆਪਣਾ ਜ਼ਿੰਮਾ ਲਿਆ। ਮੈਂ ਇਹ ਗੱਲ ਵੀ ਕਹਿੰਦਾ ਹਾਂ ਕਿ 1.5 ਪ੍ਰਤੀਸ਼ਤ ਦੇਸ਼ ਦਾ ਪੰਜਾਬ ਸੂਬੇ ਦਾ ਕਿਸਾਨ ਉਸ ਵੇਲੇ ਜਦੋਂ ਸਾਰੇ ਦੇਸ਼ ਨੂੰ ਅੰਨ ਦੀ ਥੁੜ੍ਹ ਸੀ, ਸਾਰੇ ਦੇਸ਼ ਨੂੰ ਅਨਾਜ ਬਾਹਰੋਂ ਮੰਗਵਾਉਣਾ ਪੈਂਦਾ ਸੀ, ਕਿਸਾਨ ਦਾ ਬਹੁਤ ਮੰਦਾ ਹਾਲ ਸੀ, ਇੰਡਸਟਰੀ ਦੀ ਕਿਤੇ ਕੋਈ ਗੱਲ ਨਹੀਂ ਸੀ, ਬੇਰੁਜ਼ਗਾਰੀ ਨੂੰ ਦੂਰ ਕਰਨ ਦਾ ਕਿਤੇ ਕੋਈ ਨਾਮੋ ਨਿਸ਼ਾਨ ਨਹੀਂ ਸੀ, ਇਸ ਲਈ ਫਖਰ ਦੀ ਗੱਲ ਹੈ ਕਿ ਪੰਜਾਬ ਦੇ ਲੋਕਾਂ ਨੇ ਕਾਂਗਰਸ ਪਾਰਟੀ ਦੇ ਲੀਡਰਾਂ ਤੇ ਭਰੋਸਾ ਕਰਕੇ ਤੇ ਪੰਜਾਬੀ ਦੀ ਹੋਣੀ ਨੂੰ ਤਬਦੀਲ ਕਰਨ ਲਈ ਪੰਜਾਬ ਦੀ ਸਰਕਾਰ ਕਾਂਗਰਸ ਪਾਰਟੀ ਦੇ ਹਵਾਲੇ ਕੀਤੀ। ਇਹ ਕੈਪਟਨ ਸਾਹਿਬ ਨੇ ਠੀਕ ਕਹਿ ਦਿੱਤਾ ਹੈ ਕਿ ਸੰਨ 1950-52 ਤੋਂ ਲੈ ਕੇ ਕਾਂਗਰਸ ਪਾਰਟੀ ਕਿਸਾਨੀ ਵਿਰੋਧੀ ਰਹੀ ਹੈ, ਪੰਜਾਬ ਵਿਰੋਧੀ ਰਹੀ ਹੈ ਪਰ ਸ਼ਾਇਦ ਉਹ ਭੁੱਲ ਗਏ ਹਨ ਕਿ ਪੰਜਾਬ ਦੀ ਜਿਹੜੀ ਜ਼ਿੱਲਤ ਸੀ, ਉਸ ਜ਼ਿੱਲਤ ਨੂੰ ਦੂਰ ਕਰਨ ਦੇ ਵਾਸਤੇ ਚਾਹੇ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਸੀ, ਚਾਹੇ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਸੀ, ਚਾਹੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਸੀ ਜਾਂ ਫਿਰ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਸੀ, ਇਨ੍ਹਾਂ ਸਾਰਿਆਂ ਨੇ ਆਪਣੇ-ਆਪਣੇ ਸਮਿਆਂ ਦੇ ਵਿੱਚ ਆਪਣੀਆਂ-ਆਪਣੀਆਂ ਸਰਕਾਰਾਂ ਦੇ ਰਾਹੀਂ ਪੰਜਾਬ ਤੇ ਦੇਸ਼ ਦੀ ਸੇਵਾ ਕੀਤੀ ਹੈ। ਅੱਜ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਦੀ ਤਕਦੀਰ ਬਦਲਣ ਦੇ ਲਈ ਸਾਡਾ ਸਭ ਤੋਂ ਵੱਡਾ ਯੋਗਦਾਨ, ਜਿਸ ਤਰ੍ਹਾਂ ਭਾਖੜਾ ਡੈਮ ਜਿਸ ਨੇ ਨਹਿਰਾਂ ਦਾ ਜਾਲ ਵਿਛਾਇਆ, ਜਿਸ ਨੇ ਪੰਜਾਬ ਤੇ ਪੰਜਾਬੀਆਂ ਨੂੰ ਪਾਣੀ ਦਿੱਤਾ, ਪੰਜਾਬ ਨੂੰ ਬਿਜਲੀ ਦਿੱਤੀ ਉਹ ਭਾਖੜਾ ਡੈਮ, ਕਾਂਗਰਸ ਪਾਰਟੀ ਦੀਆਂ ਸਰਕਾਰਾਂ ਦੇ ਵੱਖ-ਵੱਖ ਕਾਰਜਕਾਲਾਂ ਦੇ ਦੌਰਾਨ ਹੀ, ਕਾਂਗਰਸ ਪਾਰਟੀ ਦੀਆਂ ਪਾਲਿਸੀਆਂ ਦੇ ਮੁਤਾਬਿਕ ਹੀ ਬਣਾਇਆ ਗਿਆ ਸੀ। ਇਸੇ ਤਰ੍ਹਾਂ ਨੰਗਲ ਫਰਟੀਲਾਈਜ਼ਰ ਕਾਰਖਾਨਾ ਵੀ ਕਾਂਗਰਸ ਦੀ ਸਰਕਾਰ ਨੇ ਬਣਾਇਆ ਹੈ ਤੇ ਇਸ ਤਰ੍ਹਾਂ ਪੰਜਾਬ ਦੇ ਵਿਚ ਖਾਦ ਦਾ ਉਤਪਾਦਨ ਵੀ ਵਧਾਇਆ ਹੈ। ਘਟੀਆ ਜ਼ਮੀਨਾਂ ਨੂੰ ਇਕੱਠਾ ਕਰਕੇ, ਨਵੀਂ ਖਾਦ ਦਾ ਇੰਤਜ਼ਾਮ ਕਰਕੇ, ਨਵੇਂ ਬੀਜਾਂ ਦਾ ਇੰਤਜ਼ਾਮ ਕਰਕੇ, ਕਿਸਾਨੀ ਦੇ ਲਈ ਜਿਹੜਾ ਕਿ ਇਕ ਤਰ੍ਹਾਂ ਨਾਲ ਮੰਦਿਰ ਐਗਰੀਕਚਲਰਲ ਯੂਨੀਵਰਸਿਟੀ, ਲੁਧਿਆਣਾ ਹੈ, ਦੀ ਸਥਾਪਨਾ ਕਰਕੇ ਔਰ ਇਸ ਤੋਂ ਵੱਡੀ ਗੱਲ ਕਿ ਜਿਥੋਂ ਤੱਕ ਕਿਸਾਨੀ ਦੀ ਖੁਸ਼ਹਾਲੀ ਦਾ ਤੁਅਲਕ ਹੈ ਉਸ ਦੇ ਲਈ ਯੂਨੀਵਰਸਿਟੀ ਤੇ ਐਗਰੀਕਲਚਰਲ ਡਿਪਾਰਟਮੈਂਟ ਦੇ ਅਫਸਰਾਂ ਤੇ ਪੰਜਾਬ ਦੇ ਕਿਸਾਨਾਂ ਵਿੱਚ ਸੁਘੜ ਤੇ ਵਧੀਆ ਰਿਸ਼ਤਾ ਕਾਇਮ ਕਰਕੇ ਪੰਜਾਬ ਦੀ ਕਿਸਾਨੀ ਨੂੰ ਨਵਾਂ ਰਸਤਾ ਦਿੱਤਾ ਹੈ ਔਰ ਇਸ ਗੱਲ ਦਾ ਇਹ ਨਤੀਜਾ ਹੈ ਕਿ ਪੰਜਾਬ ਦੇ ਕਿਸਾਨ ਨੇ ਹਰਾ ਇਨਕਲਾਬ ਲਿਆ ਕੇ ਪੰਜਾਬ ਨੂੰ, ਦੇਸ਼ ਦੇ ਵਿੱਚ ਇਕ ਸਿਰਮੌਰ ਸੂਬਾ ਬਣਾ ਦਿੱਤਾ ਔਰ ਕਿਸੇ ਵਕਤ ਸੂਬੇ ਦੇ ਕੋਲ ਅਨਾਜ ਨਹੀਂ ਸੀ ਹੁੰਦਾ, ਦੇਸ਼ ਦੇ ਕੋਲ ਅਨਾਜ ਨਹੀਂ ਸੀ ਹੁੰਦਾ ਤਾਂ ਪੰਜਾਬ ਦੇ ਕਿਸਾਨ ਨੇ ਮਿਹਨਤ ਕਰਕੇ ਦੇਸ਼ ਦੇ ਅੰਨ ਭੰਡਾਰ ਵਿੱਚ 50% ਹਿੱਸਾ ਪਾਇਆ ਹੈ ਤੇ ਪੰਜਾਬ ਦਾ ਸਿਰ ਉਚਾ ਕੀਤਾ ਹੈ। ਚਾਹੇ ਵਿਦਿਅਕ ਅਦਾਰਿਆਂ ਦੀ ਗੱਲ ਸੀ, ਚਾਹੇ ਖੇਤੀਬਾੜੀ ਦੇ ਮਸਲਿਆਂ ਦੀ ਗੱਲ ਸੀ। ਪੰਜਾਬ ਨੇ ਇਨ੍ਹਾਂ ਦੇ ਵਿਚ ਮਿਹਨਤ ਕਰਕੇ ਸਾਰੇ ਦੇਸ਼ ਵਿਚ ਸਭ ਤੋਂ ਅੱਗੇ ਹੋ ਕੇ ਆਪਣਾ ਸਿਰ ਉਚਾ ਰੱਖ ਕੇ ਦੇਸ਼ ਦੀ ਅਗਵਾਈ ਕੀਤੀ ਹੈ ਪਰ ਉਸ ਤੋਂ ਬਾਅਦ ਜਦੋਂ 1997 ਵਿੱਚ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਈ ਤੇ ਇਨ੍ਹਾਂ ਨੇ ਪੰਜਾਬ ਦੀ ਹਕੂਮਤ ਨੂੰ ਸੰਭਾਲਿਆ ਸੀ, ਇਹ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਸੰਨ 1997 ਵਿਚ ਕਿਧਰੇ ਸਕੂਲਾਂ ਵਿੱਚ ਟੀਚਰ ਸਾਹਿਬਾਨ ਦੀ ਜ਼ਰੂਰਤ ਨਹੀਂ ਸੀ, 1997 ਦੇ ਵਿਚ ਹਸਪਤਾਲਾਂ ਦੇ ਵਿਚ ਸਟਾਫ ਦੀ ਜ਼ਰੂਰਤ ਨਹੀਂ ਸੀ, ਸੰਨ 1997 ਦੇ ਵਿਚ ਜਦੋਂ ਇਨ੍ਹਾਂ ਨੇ ਸਰਕਾਰ ਸੰਭਾਲੀ ਸੀ ਤਾਂ ਉਦੋਂ ਇਨ੍ਹਾਂ ਵਲੋਂ ਪੰਜਾਬ ਦੇ ਸਿਰ ਉਤੇ ਕਰਜ਼ੇ ਦੀ ਏਨੀ ਵੱਡੀ ਪੰਡ ਨਹੀਂ ਚੜਾਈ। ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ

Original with;
Punjab Vidhan Sabha
Digitized by:

ਸਾਲ 1997 ਤੋਂ ਪਹਿਲਾਂ ਪੰਜਾਬ ਦੇ ਕਿਸਾਨਾਂ ਨੂੰ ਜ਼ਹਿਰ ਖਾ-ਖਾ ਕੇ ਮਰਨ ਲਈ ਮਜਬੂਰ ਨਹੀਂ ਹੋਣਾ ਪਿਆ ਕਿਉਂਕਿ ਉਸ ਸਮੇਂ ਦੀ ਸਰਕਾਰ ਨੇ, ਸਰਦਾਰ ਬੇਅੰਤ ਸਿੰਘ ਦੀ ਲੀਡਰਸ਼ਿਪ ਹੇਠ ਭਰਪੂਰ ਉਪਰਾਲੇ ਕਰਕੇ ਪੰਜਾਬ ਨੂੰ ਤਰੱਕੀ ਦੇ ਰਸਤੇ ਤੇ ਲਿਆਂਦਾ ਸੀ ਔਰ 1997 ਤੋਂ ਬਾਅਦ ਕੀ ਹੋਇਆ ਜਿਸ ਦੇ ਬਾਰੇ ਪਲਾਨਿੰਗ ਕਮਿਸ਼ਨ ਨੂੰ ਵੀ ਕਹਿਣਾ ਪਿਆ, ਇਹ ਪਲਾਨਿੰਗ ਕਮਿਸ਼ਨ ਦੀਆਂ ਰਿਪੋਰਟਾਂ ਦੇ ਵਿੱਚ ਦਰਜ ਹੈ ਕਿ ਪੰਜਾਬ ਦੇਸ਼ ਦੇ ਤਿੰਨ ਪੱਛੜੇ ਹੋਏ ਸੂਬਿਆਂ ਵਿਚੋਂ ਇੱਕ ਹੈ। ਸੋ, ਇਨ੍ਹਾਂ ਚੀਜ਼ਾਂ ਦੇ ਕਾਰਨ ਦੇਖਣੇ ਪੈਣਗੇ। ਡੈਮੋਕਰੇਸੀ ਦੇ ਅੰਦਰ ਜਮਹੂਰੀਅਤ ਢਾਂਚੇ ਦੇ ਅੰਦਰ ਕੋਈ ਵੀ ਇੱਕ ਵਿਅਕਤੀ ਕਿਸੇ ਸਿਸਟਮ ਦਾ ਕੋਈ ਨੁਕਸਾਨ ਨਹੀਂ ਕਰ ਸਕਦਾ ਹੈ। ਇਕਲਾ ਵਿਅਕਤੀ ਨਾ ਚੰਗਾ ਤੇ ਨਾ ਹੀ ਮਾੜਾ ਕਰ ਸਕਦਾ ਹੈ। ਕਿੰਨਾ ਮਾੜਾ ਅਸਰ ਹੁੰਦਾ ਹੈ, ਜੇਕਰ ਕਿਸੇ ਸਰਕਾਰ ਦੀ ਪਾਲਿਸੀ ਗਲਤ ਹੋਵੇ। ਉਹ ਲੋਕਾਂ ਨੂੰ ਕੁਰਾਹੇ ਪਾ ਦਿੰਦੀ ਹੈ। ਇਸ ਨਾਲ ਲੋਕਾਂ ਦੇ ਹਿਤਾਂ ਦਾ ਨੁਕਸਾਨ ਹੁੰਦਾ ਹੈ ਜਿਸ ਦਾ ਨਤੀਜਾ ਇਹ ਹੋਇਆ ਕਿ 2002 ਦੀਆਂ ਚੋਣਾਂ ਵਿੱਚ ਪੰਜਾਬ ਵਿੱਚ ਕਾਂਗਰਸ ਸਰਕਾਰ ਨੇ ਸੱਤਾ ਸੰਭਾਲੀ। ਉਸ ਵਕਤ ਪੰਜਾਬ ਵਿੱਚ ਆਈ.ਟੀ.ਆਈਜ਼ ਵਿੱਚ 70% ਸਟਾਫ ਸੀ। ਪੰਜਾਬ ਦੇ ਸਕੂਲਾਂ ਵਿੱਚ ਸਟਾਫ ਘੱਟ ਸੀ ਪਰ ਜਿਹੜੀ ਪਿਛਲੀ ਸਰਕਾਰ ਨੇ ਕਰਜ਼ੇ ਦੀ ਪੰਡ ਸਾਡੇ ਸਿਰ ਤੇ ਲੱਦ ਦਿੱਤੀ, ਉਸ ਬਾਰੇ ਇਹ ਇਨਕਾਰ ਨਹੀਂ ਕਰ ਸਕਦੇ।

**ਕੈਪਟਨ ਕੰਵਲਜੀਤ ਸਿੰਘ :** ** ** **

**ਸ਼੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਰਾਣਾ ਕੰਵਰਪਾਲ ਸਿੰਘ :** ਚੇਅਰਮੈਨ ਸਾਹਿਬ, ਮੈਨੂੰ ਇਸ ਗੱਲ ਦੀ ਇਸ ਕਰਕੇ ਲੋੜ ਪਈ ਕਿਉਂਕਿ ਇਨ੍ਹਾਂ ਨੇ ਕਿਹਾ ਸੀ ਕਿ 1950 ਤੋਂ 1952 ਤੱਕ ਕਾਂਗਰਸ ਸਰਕਾਰ ਕਿਸਾਨਾਂ ਦੀ ਦੁਸ਼ਮਣ ਰਹੀ ਸੀ ਜਿਸ ਕਰਕੇ ਮੈਨੂੰ ਇੱਥੇ ਜ਼ਿਕਰ ਕਰਨਾ ਪਿਆ। ਕਾਂਗਰਸ ਸਰਕਾਰ ਨੇ ਪਿਛਲੇ ਸਾਲ ਵੀ ਇਸੇ ਸਦਨ ਵਿੱਚ ਕੁਝ ਤੱਥ ਪੇਸ਼ ਕੀਤੇ ਸਨ ਅਤੇ ਇੱਥੇ ਮੇਰੇ ਸਾਥੀ ਰਾਣਾ ਗੁਰਜੀਤ ਸਿੰਘ ਨੇ ਕਾਫੀ ਤੱਥ ਪੇਸ਼ ਕਰਕੇ ਇਨ੍ਹਾਂ ਨੂੰ ਚੁੱਪ ਕਰਵਾ ਦਿੱਤਾ ਹੈ। ਇਹ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ। ਆਈ.ਟੀ.ਆਈਜ਼ ਵਿੱਚ ਕੀ ਹਾਲਾਤ ਸਨ ? ਸਕੂਲਾਂ ਵਿੱਚ ਕੀ ਹਾਲਾਤ ਸਨ ? ਸੜਕਾਂ ਦੇ ਕੀ ਹਾਲਾਤ ਸਨ ? ਇਹ ਮਾੜੇ ਹਾਲਾਤ ਸਾਡੀ ਸਰਕਾਰ ਨੇ ਸੱਤਾ ਸੰਭਾਲਦਿਆਂ ਸਾਰ ਦੇਖੇ ਹਨ। ਕਿਸਾਨਾਂ ਉਤੇ ਇਨ੍ਹਾਂ ਨੇ (ਵਿਰੋਧੀ ਧਿਰਾਂ ਵੱਲ ਇਸ਼ਾਰਾ) ਕਾਫੀ ਕਰਜ਼ਾ ਚੜ੍ਹਾ ਦਿੱਤਾ ਸੀ। ਪੰਜਾਬ ਸਰਕਾਰ ਦੇ ਸਿਰ ਕਾਫੀ ਕਰਜ਼ਾ ਸੀ। ਇਹ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ। ਸਾਡੀ ਸਰਕਾਰ ਨੇ ਆ ਕੇ ਇਸ ਵਿੱਚ ਸੁਧਾਰ ਕੀਤਾ ਹੈ। ਮੈਂ ਦੱਸਦਾ ਹਾਂ ਕਿ ਪਿਛਲੀ ਸਰਕਾਰ ਦੇ ਵਕਤ ਬੈਂਕਾਂ ਵਿੱਚ ਚੈਕ ਡਿਸ-ਆਨਰ ਹੁੰਦੇ ਰਹੇ, ਟਰੇਜ਼ਰੀ ਵਿੱਚ ਬਿਲ ਪਾਸ ਨਹੀਂ ਸੀ ਹੁੰਦੇ ਤੇ 31 ਮਾਰਚ ਨੂੰ ਬਹੁਤ ਵੱਡੀ ਹਲਚਲ ਮਚ ਜਾਂਦੀ ਸੀ। ਸਾਡੀ ਸਰਕਾਰ ਨੇ ਇਸ ਸਾਲ ਦੇ ਬਜਟ ਵਿੱਚ ਕਾਫੀ ਸੁਧਾਰ ਕਰਕੇ ਬਜਟ ਤਜ਼ਵੀਜਾਂ ਵਿੱਚ ਸੁਧਾਰ ਕੀਤਾ ਹੈ। ਉਮੀਦ ਹੈ ਕਿ ਆਉਣ ਵਾਲੇ ਅਗਲੇ ਸਾਲਾਂ ਲਈ ਸਾਡੀ ਸਰਕਾਰ ਹੋਰ ਤਜ਼ਵੀਜਾਂ ਲਿਆਵੇਗੀ। ਬਿਜਲੀ ਦੀ ਇੱਥੇ ਗੱਲ ਕੀਤੀ ਗਈ ਹੈ, ਕਿਸਾਨਾਂ ਦੀ ਵੀ ਗੱਲ ਕੀਤੀ ਗਈ ਹੈ ਮੈਂ ਦੱਸਦਾ ਹਾਂ ਕਿ ਇਨ੍ਹਾਂ ਨੇ ਕਿਸਾਨਾਂ ਲਈ ਇਤਨਾ ਕੁਝ ਨਹੀਂ ਕੀਤਾ ਜਿਤਨਾ ਸਾਡੀ ਸਰਕਾਰ ਕਰਨ ਲਈ ਵਚਨਬੱਧ ਹੈ। ਜਦ ਤੱਕ ਅਸੀਂ ਪੰਜਾਬ ਦੇ ਕਿਸਾਨਾਂ ਦੀ ਖੁਸ਼ਹਾਲੀ ਨਿਸ਼ਚਿਤ ਨਹੀਂ ਕਰਦੇ ਉਤਨੀ ਦੇਰ ਤੱਕ ਪੰਜਾਬ ਖੁਸ਼ਹਾਲ ਨਹੀਂ ਹੋ ਸਕਦਾ। ਪੰਜਾਬ ਦੇ ਕਿਸਾਨਾਂ ਨੂੰ ਕਰਜ਼ੇ ਤੋਂ ਮੁਕਤੀ ਦਿਵਾਉਣੀ ਪਵੇਗੀ ਤੇ ਪੰਜਾਬ ਦੀ ਖੇਤੀ ਤੇ ਖਰਚੇ ਨੂੰ ਘਟਾਉਣ ਲਈ ਕੋਈ ਨਾ ਕੋਈ ਤਰੀਕਾ ਅਪਨਾਉਣਾ ਹੀ ਪਵੇਗਾ। ਸਾਡੀ ਸਰਕਾਰ ਨੇ ਪਾਵਰ ਸੰਭਾਲਦਿਆਂ ਹੋਇਆਂ ਪਿਛਲੇ ਬਜਟ ਵਿੱਚ ਇਸ ਗੱਲ ਦਾ ਪ੍ਰਬੰਧ ਕੀਤਾ ਸੀ ਕਿ ਫਸਲਾਂ ਦੀ ਡਾਈਵਰਸੀਫਿਕੇਸ਼ਨ ਕੀਤੀ ਜਾਵੇ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਰਾਣਾ ਕੰਵਰਪਾਲ ਸਿੰਘ]

ਇਸ ਤੇ ਕਾਫੀ ਬਹਿਸ ਹੋਈ ਹੈ ਤੇ ਸਾਰੀਆਂ ਪੁਲੀਟੀਕਲ ਪਾਰਟੀਆਂ ਨੇ ਆਪਣੇ ਵਿਚਾਰ ਦਿੱਤੇ ਹਨ। ਲੋਕਾਂ ਵਿੱਚ ਇਸ ਦੀ ਚਰਚਾ ਵੀ ਹੋਈ ਹੈ ਤੇ ਇਸ ਦੀ ਸ਼ਲਾਘਾ ਵੀ ਕੀਤੀ ਗਈ ਹੈ। ਇਸ ਗੱਲ ਦਾ ਸਾਡੀ ਸਰਕਾਰ ਨੂੰ ਮਾਣ ਹੈ। ਮੁੱਖ ਮੰਤਰੀ ਸਾਹਿਬ ਨੂੰ ਮਾਣ ਹੈ ਜਿਨ੍ਹਾਂ ਨੇ ਡਾਈਵਰਸੀਫਿਕੇਸ਼ਨ ਲਈ ਠੋਸ ਕਦਮ ਚੁੱਕੇ ਹਨ ਤੇ ਜੌਹਲ ਕਮੇਟੀ ਦੀ ਰਿਪੋਰਟ ਤੇ ਆਪਣੀਆਂ ਰਿਕੁਮੈਂਡੇਸ਼ਨਾਂ ਗੌਰਮਿੰਟ ਆਫ਼ ਇੰਡੀਆ ਨੂੰ ਭੇਜੀਆਂ ਹਨ। ਜੌਹਲ ਕਮੇਟੀ ਦੀ ਰਿਪੋਰਟ ਤੇ ਗੌਰਮਿੰਟ ਆਫ ਇੰਡੀਆ ਵਿਚਾਰ ਕਰ ਰਹੀ ਹੈ ਔਰ ਉਸ ਦੇ ਲਾਗੂ ਹੋਣ ਨਾਲ ਪੰਜਾਬ ਦੇ ਲੋਕਾਂ ਦਾ ਕਾਫੀ ਫਾਇਦਾ ਹੋਵੇਗਾ। ਸੂਬੇ ਦੀ ਸਮੁੱਚੀ ਬਿਹਤਰੀ ਲਈ ਡਾਈਵਰਸੀਫਿਕੇਸ਼ਨ ਆਫ ਕਰਾਪਸ ਇੱਕ ਅੱਛਾ ਕਦਮ ਸਾਬਤ ਹੋਵੇਗੀ। ਇਹ ਵੀ ਇਸ ਬਜਟ ਦੀ ਵਿਸ਼ੇਸ਼ਤਾ ਹੈ ਕਿ ਇਕ ਖਾਸ ਫੰਡ ਇਸ ਲਈ ਰਖਿਆ ਗਿਆ ਕਿ ਸਾਡੇ ਫਲ ਅਤੇ ਸਬਜ਼ੀਆਂ ਜਿਨ੍ਹਾਂ ਦੀ ਸਾਂਭ ਸੰਭਾਲ ਲਈ ਪਹਿਲਾਂ ਕੋਈ ਚੰਗਾ ਇੰਤਜ਼ਾਮ ਨਹੀਂ ਸੀ, ਉਨ੍ਹਾਂ ਲਈ ਚੰਗਾ ਇੰਤਜ਼ਾਮ ਕਰਕੇ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਭੇਜਣ ਲਈ ਖਾਸ ਫੰਡ ਰੱਖਿਆ ਗਿਆ ਹੈ ਤੇ ਇਸ ਪਾਸੇ ਕਿਸਾਨਾਂ ਲਈ ਇਹ ਸਾਰਾ ਕੁਝ ਕਰਨ ਨਾਲ ਉਨ੍ਹਾਂ ਨੂੰ ਵੱਡੀ ਰਾਹਤ ਮਿਲੇਗੀ।

ਚੇਅਰਮੈਨ ਸਾਹਿਬ, ਇਥੇ ਬਿਜਲੀ ਦੀ ਗੱਲ ਵਾਰ-ਵਾਰ ਕੀਤੀ ਗਈ। ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ, ਇਥੇ ਇਹ ਵਾਰ-ਵਾਰ ਕਿਹਾ ਜਾਂਦਾ ਹੈ ਕਿ ਕਿਸਾਨਾਂ ਦੇ ਬਿਲ ਮੁਆਫ ਕਰਨ ਨਾਲ ਕਿਸਾਨ ਦੀ ਤਕਦੀਰ ਬਦਲ ਜਾਵੇਗੀ। ਪਰ ਇਹ ਕਾਂਗਰਸ ਪਾਰਟੀ ਦਾ ਮੰਨਣਾ ਨਹੀਂ। ਮੇਰਾ ਕਹਿਣਾ ਹੈ ਕਿ ਜਦੋਂ ਤੱਕ ਕਿਸਾਨ ਨੂੰ ਚੰਗੇ ਬੀਜ ਨਹੀਂ ਦਿੱਤੇ ਜਾਂਦੇ, ਯੂਨੀਵਰਸਿਟੀਆਂ ਵਿਚ ਬੀਜਾਂ ਤੇ ਰਿਸਰਚ ਕਰਕੇ ਚੰਗੀਆਂ ਸੋਧਾਂ ਨਹੀਂ ਕੀਤੀਆਂ ਜਾਂਦੀਆਂ, ਕਿਸਾਨੀ ਵਿਚ ਵਰਤੇ ਜਾਂਦੇ ਸਾਧਨਾਂ ਦੇ ਰੇਟਾਂ ਵਿਚ ਕਟੌਤੀ ਨਹੀਂ ਕੀਤੀ ਜਾਂਦੀ, ਜਦੋਂ ਤੱਕ ਕੋਈ ਖੇਤੀ ਦੇ ਵਾਇਬਲ ਯੂਨਿਟ ਨਹੀਂ ਬਣਾਏ ਜਾਂਦੇ, ਉਦੋਂ ਤੱਕ ਕਿਸਾਨ ਦਾ ਭਲਾ ਨਹੀਂ ਹੋ ਸਕਦਾ। ਇਹ ਭਲਾ ਸਿਰਫ ਬਿਜਲੀ ਦੇ ਬਿਲ ਮੁਆਫ ਕਰਨ ਨਾਲ ਨਹੀਂ ਹੋ ਸਕਦਾ। ਵੈਸੇ ਤਾਂ ਇਹ ਵੀ ਵਾਕਫ ਸਨ ਇਨ੍ਹਾਂ ਗੱਲਾਂ ਤੋਂ ਅਤੇ ਇਹ ਰੈਗੂਲੇਟਰੀ ਕਮਿਸ਼ਨ ਕੋਲ ਵੀ ਆਪ ਗਏ ਹਨ, ਉਥੇ ਇਹ ਗੱਲ ਮੰਨ ਕੇ ਆਏ ਹਨ ਕਿ ਬਿਜਲੀ ਦੇ ਚਾਰਜਿਜ਼ ਲੈਣ ਤੋਂ ਬਿਨਾਂ ਗੁਜ਼ਾਰਾ ਨਹੀਂ। ਇਹ ਸਦਨ ਦੇ ਅੰਦਰ ਕੁਝ ਹੋਰ ਬੋਲਦੇ ਹਨ ਤੇ ਸਦਨ ਤੋਂ ਬਾਹਰ ਕੁਝ ਹੋਰ ਬੋਲਦੇ ਹਨ। ਪਰ ਮੈਂ ਸ਼ਲਾਘਾ ਕਰਦਾ ਹਾਂ ਕਿ ਸਾਡੇ ਮੁੱਖ ਮੰਤਰੀ ਜੀ ਨੇ ਕਲੀਅਰ ਸਟੈਂਡ ਲੈ ਕੇ ਕਿਹਾ ਕਿ ਅਸੀਂ ਬਿਜਲੀ ਦੇ ਬਿਲ ਲਾਵਾਂਗੇ ਕਿਉਂਕਿ ਇਸ ਤੋਂ ਬਿਨਾਂ ਗੁਜ਼ਾਰਾ ਹੀ ਨਹੀਂ। ਮੈਂ ਸਮਝਦਾ ਹਾਂ ਕਿ ਜਿਸ ਪੁਲੀਟੀਕਲ ਕਰੇਜ ਨਾਲ, ਜਿਸ ਸਿਆਸੀ ਦਲੇਰੀ ਨਾਲ ਉਨ੍ਹਾਂ ਨੇ ਇਹ ਕਦਮ ਚੁਕਿਆ ਹੈ, ਉਸ ਦੀ ਪੰਜਾਬ ਨੂੰ ਅੱਜ ਲੋੜ ਸੀ ਤੇ ਇਸ ਦਲੇਰੀ ਤੋਂ ਬਿਨਾਂ ਅੱਜ ਪੰਜਾਬ ਦਾ ਮਸਲਾ ਹੱਲ ਨਹੀਂ ਸੀ ਹੋ ਸਕਦਾ।

ਚੇਅਰਮੈਨ ਸਾਹਿਬ, ਮੈਂ ਪਹਿਲਾਂ ਵੀ ਗਵਰਨਰ ਐਡਰੈਸ ਤੇ ਇਸ ਸਦਨ ਵਿਚ ਬੋਲਦੇ ਹੋਏ ਥੋੜ੍ਹਾ ਜਿਹਾ ਜ਼ਿਕਰ ਕੀਤਾ ਸੀ ਕਿ ਵਧਦੇ ਹੋਏ ਕਰਜ਼ੇ ਨੂੰ, ਵਧਦੇ ਹੋਏ ਘਾਟੇ ਨੂੰ ਠੀਕ ਕਰਨ ਲਈ ਅਸੀਂ ਉਪਰਾਲਾ ਕੀਤਾ ਹੈ। ਪਿਛਲੇ ਸਾਲਾਂ ਨਾਲੋਂ ਬਜਟ ਦੇ ਘਾਟੇ ਨੂੰ ਅਸੀਂ ਘਟਾਇਆ ਹੈ ਪਰ ਪਹਿਲਾਂ ਜਿਹੜੀ ਸਰਕਾਰ ਸੀ, ਉਨ੍ਹਾਂ ਨੇ ਤਾਂ ਸੰਨ 2001-2002 ਦਾ ਬਜਟ ਜਦੋਂ ਕੈਪਟਨ ਕੰਵਲਜੀਤ ਸਿੰਘ ਹੋਰਾਂ ਨੇ ਪੇਸ਼ ਕੀਤਾ ਤਾਂ ਬਜਟ ਮੈਨੇਜਮੈਂਟ ਦਾ ਜਿਹੜਾ ਹੈਡ ਸੀ, ਉਸਦੇ ਥੱਲੇ ਇਹ ਕਹਿ ਦਿੱਤਾ ਕਿ ਪੰਜਾਬ ਦੇ ਸਿਰ ਚੜ੍ਹੇ ਕਰਜ਼ੇ ਦਾ ਕੋਈ ਹੱਲ ਨਹੀਂ ਤੇ ਜਦੋਂ ਤੱਕ ਸੈਂਟਰ ਸਟੇਟ ਰਿਲੇਸ਼ਨਜ਼ ਨੂੰ ਮੁੜ ਵਿਚਾਰ ਕਰਕੇ ਸੂਬਿਆਂ ਨੂੰ ਖੁਦਮੁਖਤਿਆਰੀ ਨਹੀਂ ਦਿੱਤੀ ਜਾਂਦੀ, ਉਦੋਂ ਤੱਕ ਪੰਜਾਬ ਦੇ ਕਰਜ਼ੇ ਦਾ ਕੁਝ ਨਹੀਂ ਬਣਨਾ।

Original with;
Punjab Vidhan Sabha
Digitized by:

ਚੇਅਰਮੈਨ ਸਾਹਿਬ, ਇਥੇ ਮੈਂ ਇਨ੍ਹਾਂ ਤੇ ਇਲਜ਼ਾਮ ਲਾਉਂਦਾ ਹਾਂ ਕਿ ਇਨ੍ਹਾਂ ਵਲੋਂ ਇਹ ਸੋਚਿਆ ਗਿਆ ਕਿ ਸੈਂਟਰ ਸਟੇਟ ਰਿਲੇਸ਼ਨਜ਼ ਵਿਚ ਸੂਬੇ ਨੂੰ ਉਲਝਾ ਦਿੱਤਾ ਜਾਵੇ ਅਤੇ ਕਰਜ਼ੇ ਬਾਰੇ ਬਾਅਦ ਵਿੱਚ ਆਪੇ ਦੇਖਿਆ ਜਾਵੇਗਾ। ਇਸ ਦੇ ਰਾਹੀਂ ਇਕ ਤਰ੍ਹਾਂ ਨਾਲ ਇਨ੍ਹਾਂ ਨੇ ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਦੀ ਵੀ ਗੱਲ ਕਹਿ ਦਿੱਤੀ ਜਿਸਨੂੰ ਸਾਰੇ ਦੇਸ਼ ਦੀ ਜਨਤਾ ਪਹਿਲਾਂ ਹੀ ਰਿਜੈਕਟ ਕਰ ਚੁੱਕੀ ਹੈ। ਇਹ ਇਨ੍ਹਾਂ ਦਾ ਉਸ ਮਤੇ ਦੀ ਪ੍ਰਾਪਤੀ ਲਈ ਇਕ ਕਦਮ ਸੀ। ਇਸ ਲਈ ਸਾਰੀ ਫਿਸਕਲ ਮੈਨੇਜਮੈਂਟ ਪੈਦਾ ਕੀਤੀ ਗਈ ਔਰ ਸਭ ਨੂੰ ਇਸ ਕਰਜ਼ੇ ਦੇ ਭਾਰੀ ਦਬਾਓ ਹੇਠ ਲਿਆ ਕੇ ਖੜ੍ਹਾ ਕੀਤਾ ਗਿਆ। ਅੱਜ ਇਹ ਕਹਿੰਦੇ ਹਨ ਕਿ ਇਹ ਬਜਟ ਕੁਝ ਨਹੀਂ। ਇਸ ਵਿਚ ਨਾ ਕਿਸਾਨਾਂ ਨੂੰ ਕੋਈ ਰਾਹਤ ਦਿੱਤੀ ਗਈ ਹੈ ਅਤੇ ਨਾ ਹੀ ਇੰਡਸਟਰੀ ਨੂੰ ਕੋਈ ਰਾਹਤ ਦਿੱਤੀ ਗਈ। ਅੱਜ ਸਰਕਾਰ ਵਲੋਂ ਗੱਲ ਆਈ ਹੈ ਕਿ ਇਕ ਰੈਜ਼ੋਲਿਊਸ਼ਨ ਸਦਨ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜੇ ਕਿ ਪੰਜਾਬ ਵਿਚ ਵੀ ਹਿਮਾਚਲ ਪ੍ਰਦੇਸ਼, ਜੇ.ਐਂਡ ਕੇ. ਅਤੇ ਉਤਰਾਂਚਲ ਦੀ ਤਰ੍ਹਾਂ ਇੰਡਸਟਰੀ ਤੇ ਟੈਕਸ ਮੁਆਫ਼ ਕੀਤਾ ਜਾਵੇ। ਚੇਅਰਮੈਨ ਸਾਹਿਬ, ਅੱਜ ਇਹ ਇਕ ਸਚਾਈ ਹੈ ਕਿ ਪੰਜਾਬ ਤੋਂ ਬਾਹਰ ਜਾ ਕੇ ਹਿਮਾਚਲ ਦੇ ਸਰਹੱਦੀ ਇਲਾਕੇ ਵਿਚ ਸਾਡੇ ਇੰਡਸਟਰੀਲਿਸਟ ਇੰਡਸਟਰੀਅਲ ਯੂਨਿਟ ਲਗਾ ਰਹੇ ਹਨ ਕਿਉਂਕਿ ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ ਅਤੇ ਉਤਰਾਂਚਲ ਵਿਚ ਕੋਈ ਟੈਕਸ ਨਹੀਂ। ਇਸ ਪ੍ਰਾਬਲਮ ਬਾਰੇ ਇਨ੍ਹਾਂ ਦੀ ਸਰਕਾਰ ਨੇ ਉਦੋਂ ਕੋਈ ਉਪਰਾਲਾ ਨਹੀਂ ਕੀਤਾ ਜਦ ਕਿ ਇਨ੍ਹਾਂ ਨੂੰ ਇਸ ਗੱਲ ਦਾ ਪ੍ਰਬੰਧ ਉਦੋਂ ਕਰ ਲੈਣਾ ਚਾਹੀਦਾ ਸੀ। ਸਾਡੀ ਸਰਕਾਰ ਇਸ ਗੱਲ ਲਈ ਗੰਭੀਰ ਹੈ ਅਤੇ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਇਸ ਦਾ ਉਪਰਾਲਾ ਜ਼ਰੂਰ ਕਰਾਂਗੇ। ਮੈਂ ਆਪਣੇ ਖਜ਼ਾਨਾ ਮੰਤਰੀ ਜੀ ਨੂੰ ਅਪੀਲ ਕਰਦਾ ਹਾਂ ਕਿ ਇਸ ਗੱਲ ਲਈ ਤੁਰੰਤ ਕਦਮ ਉਠਾਏ ਜਾਣ ਤਾਂ ਕਿ ਪੰਜਾਬ ਤੋਂ ਜਿਹੜੇ ਇੰਡਸਟਰੀਲਿਸਟ ਇੰਡਸਟਰੀਅਲ ਯੂਨਿਟ ਲੈ ਕੇ ਬਾਹਰ ਜਾ ਰਹੇ ਹਨ। ਉਨ੍ਹਾਂ ਨੂੰ ਰੋਕਿਆ ਜਾ ਸਕੇ ਤਾਂ ਕਿ ਪੰਜਾਬ ਵਿਚ ਇੰਡਸਟਰੀ ਪ੍ਰਫੁੱਲਤ ਹੋ ਸਕੇ ਅਤੇ ਉਸ ਲਈ ਇਥੇ ਹੀ ਢੁਕਵਾਂ ਵਾਤਾਵਰਣ ਪੈਦਾ ਹੋ ਸਕੇ।

ਚੇਅਰਮੈਨ ਸਾਹਿਬ, ਇਥੇ ਇਕ ਗੱਲ ਵਾਰ-ਵਾਰ ਡਾਊਨ ਟਰੌਡਨਜ਼ ਬਾਰੇ, ਸਾਡੇ ਦਲਿਤ ਵੀਰਾਂ ਬਾਰੇ ਤੇ ਦੱਬੇ ਕੁਚਲੇ ਲੋਕਾਂ ਬਾਰੇ ਕਹੀ ਗਈ ਹੈ ਕਿ ਬਹੁਤ ਮਾੜਾ ਹੋਇਆ ਜਿਹੜਾ ਸਰਕਾਰ ਨੇ ਦਲਿਤ ਵੀਰਾਂ ਲਈ ਜਿਹੜੀ ਸ਼ਗਨ ਸਕੀਮ ਚਲਾਈ ਗਈ ਸੀ, ਉਹ ਬੰਦ ਕਰ ਦਿੱਤੀ ਹੈ। ਅਸੀਂ, ਚੇਅਰਮੈਨ ਸਾਹਿਬ, ਮੁਤਫਿਕ ਹਾਂ ਇਸ ਗੱਲ ਦੇ ਕਿ ਸੂਬੇ ਦਾ ਭਲਾ ਉਦੋਂ ਤੱਕ ਨਹੀਂ ਹੋ ਸਕਦਾ ਜਦੋਂ ਤੱਕ ਦਲਿਤ ਵੀਰਾਂ, ਦਬੇ ਕੁਚਲੇ ਲੋਕਾਂ ਨੂੰ ਸਮਾਜ ਦੇ ਦੂਜੇ ਵਰਗਾਂ ਦੇ ਬਰਾਬਰ ਲਿਆਉਣ ਲਈ ਕੋਈ ਉਪਰਾਲਾ ਨਹੀਂ ਕੀਤਾ ਜਾਂਦਾ। ਪਰ ਮੇਰਾ ਇਹ ਮੰਨਣਾ ਨਹੀਂ ਕਿ ਇਕੱਲੀ ਸ਼ਗਨ ਸਕੀਮ ਦੇ ਕੇ ਕਿਸੇ ਧੀ ਭੈਣ ਦੀ ਸ਼ਾਦੀ ਤੇ 5,000 ਰੁਪਏ ਦਾ ਚੈਕ ਦੇ ਕੇ ਦਲਿਤਾਂ ਦੀ ਤਕਦੀਰ ਬਦਲ ਜਾਵੇਗੀ। ਚੇਅਰਮੈਨ ਸਾਹਿਬ, ਦਲਿਤਾਂ ਬਾਰੇ ਗੰਭੀਰਤਾ ਨਾਲ ਸੋਚਣਾ ਪਵੇਗਾ ਕਿ ਦੇਸ਼ ਦੀ ਆਜ਼ਾਦੀ ਦੇ 50 ਸਾਲ ਬੀਤ ਜਾਣ ਤੋਂ ਬਾਅਦ ਵੀ ਜਿਨ੍ਹਾਂ ਕੋਲ ਰਹਿਣ ਲਈ ਮਕਾਨ ਨਹੀਂ, ਕੋਈ ਪਲਾਟ ਨਹੀਂ, ਉਨ੍ਹਾਂ ਦਾ ਕੀ ਭਵਿੱਖ ਹੈ ? ਮੈਂ ਆਪਣੇ ਖਜ਼ਾਨਾ ਮੰਤਰੀ ਜੀ ਦੀ ਸ਼ਲਾਘਾ ਕਰਦਾ ਹਾਂ ਜਿਨ੍ਹਾਂ ਨੇ ਇਸ ਗੱਲ ਦਾ ਉਪਰਾਲਾ ਕੀਤਾ ਕਿ ਸਭ ਤੋਂ ਪਹਿਲਾਂ ਜਿਨ੍ਹਾਂ ਲੋਕਾਂ ਕੋਲ ਰਹਿਣ ਲਈ ਆਪਣੇ ਮਕਾਨ ਨਹੀਂ ਹਨ, ਉਨ੍ਹਾਂ ਨੂੰ ਪਲਾਟ ਦਿੱਤੇ ਜਾਣਗੇ, ਬੇਘਰਿਆਂ ਨੂੰ ਮਕਾਨ ਬਣਾਉਣ ਵਾਸਤੇ ਜਿਹੜੀ ਸਹਾਇਤਾ ਗੌਰਮਿੰਟ ਆਫ ਇੰਡੀਆ ਦਿੰਦੀ ਹੈ, ਉਸ ਵਿਚ ਪੰਜਾਬ ਸਰਕਾਰ ਨੇ ਵੀ ਆਪਣਾ ਹਿੱਸਾ ਪਾਉਣਾ ਹੁੰਦਾ ਹੈ ਤਾਂ ਕਿ ਉਹ ਲੋਕ ਆਪਣਾ ਘਰ ਬਣਾ ਸਕਣ। ਸਾਡੀ ਸਰਕਾਰ ਨੇ ਉਹ ਰਾਸ਼ੀ ਪਿਛਲੇ ਸਾਲ ਜਾਰੀ ਕੀਤੀ ਹੈ। ਇਸ ਗੱਲ ਦੇ ਲਈ ਮੈਂ, ਵਿੱਤ ਮੰਤਰੀ ਜੀ ਦਾ ਧੰਨਵਾਦੀ ਹਾਂ ਅਤੇ ਆਸ ਕਰਦਾ ਹਾਂ ਕਿ ਅੱਗੇ ਵਾਸਤੇ ਵੀ ਉਹ ਇਸ ਗੱਲ ਦਾ ਉਚੇਚਾ ਖਿਆਲ ਰੱਖਣਗੇ। ਸਭ ਤੋਂ ਪਹਿਲੀ ਗੱਲ ਇਹ ਹੈ ਕਿ ਲੋਕਾਂ ਨੂੰ ਰਹਿਣ ਵਾਸਤੇ

Original with;
Punjab Vidhan Sabha
Digitized by;
Panjab Digital Library

[ਰਾਣਾ ਕੰਵਰਪਾਲ ਸਿੰਘ]

ਆਪਣਾ ਮਕਾਨ ਮਿਲ ਸਕੇ। ਸਿਰਫ ਵੋਟਾਂ ਦੀ ਰਾਜਨੀਤੀ ਕਰਨੀ ਚੰਗੀ ਗੱਲ ਨਹੀਂ ਹੈ। ਅੱਜ ਜੇ ਅਸੀਂ ਆਪਣੇ ਸੂਬੇ ਨੂੰ ਬਚਾਉਣਾ ਹੈ ਤਾਂ ਸਾਨੂੰ ਕੁਝ ਨਿੱਗਰ ਡਿਸੀਜ਼ਨ ਲੈਣੇ ਪੈਣਗੇ ਅਤੇ ਵੋਟਾਂ ਦੀ ਰਾਜਨੀਤੀ ਤੋਂ ਉਪਰ ਉਠਣਾ ਪਵੇਗਾ। ਬਾਰ-ਬਾਰ ਜਿਹੜੀ ਇਥੇ ਮੈਨੀਫੈਸਟੋ ਦੀ ਗੱਲ ਕੀਤੀ ਗਈ ਹੈ, ਉਸ ਦੇ ਬਾਰੇ ਸਾਡੇ ਸੀ.ਐਮ. ਸਾਹਿਬ ਨੇ ਸਾਫ ਤੌਰ ਤੇ ਕਹਿ ਦਿੱਤਾ ਹੈ ਕਿ ਇਹ ਸਰਕਾਰ ਆਪਣੇ 5 ਸਾਲਾਂ ਦੇ ਰਾਜ ਵਿਚ ਜ਼ਰੂਰ ਉਸ ਨੂੰ ਪੂਰਾ ਕਰੇਗੀ।

ਇਕ ਜੁਲਾਈ ਤੋਂ ਸ਼ਹਿਰੀ ਚੁੰਗੀਆਂ ਮੁਆਫ ਕਰਨ ਦੀ ਗੱਲ ਵੀ ਸਾਡੇ ਖਜ਼ਾਨਾ ਮੰਤਰੀ ਜੀ ਨੇ ਕੀਤੀ ਹੈ। ਇਸ ਦੇ ਨਾਲ ਸ਼ਹਿਰੀ ਲੋਕਾਂ ਨੂੰ ਰਾਹਤ ਮਿਲੇਗੀ।

ਇਕ ਗੱਲ ਇੱਥੇ ਪੈਨਸ਼ਨਾਂ ਦੀ ਵੀ ਕੀਤੀ ਗਈ ਹੈ। ਪੈਨਸ਼ਨਾਂ ਬਾਰੇ ਕਿਹਾ ਗਿਆ ਹੈ ਕਿ ਕੁਝ ਅਰਸਾ ਲੋਕਾਂ ਨੂੰ ਪੈਨਸ਼ਨਾਂ ਨਹੀਂ ਮਿਲੀਆਂ। ਇਹ ਠੀਕ ਹੈ ਕਿ ਸਾਡੀ ਸਰਕਾਰ ਕੁਝ ਅਰਸਾ ਪੈਨਸ਼ਨਾਂ ਦੇ ਨਹੀਂ ਸਕੀ ਪਰ ਇਹ ਗੱਲ ਕਿਸ ਨੇ ਕੀਤੀ ਕਿ 1 ਲੱਖ 8 ਹਜ਼ਾਰ ਉਨ੍ਹਾਂ ਲੋਕਾਂ ਨੂੰ ਵੀ ਪੈਨਸ਼ਨਾਂ ਲਗਾ ਦਿੱਤੀਆਂ ਜਿਨ੍ਹਾਂ ਨੂੰ ਪੈਨਸ਼ਨਾਂ ਲੈਣ ਦਾ ਕੋਈ ਹੱਕ ਨਹੀਂ ਸੀ। ਉਹ ਜਿਹੜੀ ਦਰੁਸਤੀ ਸਾਡੀ ਸਰਕਾਰ ਨੇ ਕੀਤੀ ਹੈ, ਉਹ ਸੂਬੇ ਦੇ ਫਾਇਦੇ ਲਈ ਹੈ। ਜਿਹੜੇ ਸਹੀ ਮਾਅਨਿਆਂ ਵਿਚ ਪੈਨਸ਼ਨ ਦੇ ਹੱਕਦਾਰ ਨਹੀਂ, ਉਨ੍ਹਾਂ ਨੂੰ ਪੈਨਸ਼ਨ ਦੇਣ ਦਾ ਕੋਈ ਮਤਲਬ ਨਹੀਂ ਹੈ। ਇਸ ਦੇ ਵਿਚ ਕਿਸੇ ਜਾਤੀ ਦਾ, ਕਿਸੇ ਧਰਮ ਦਾ ਜਾਂ ਕਿਸੇ ਪਾਰਟੀ ਦਾ ਸਵਾਲ ਨਹੀਂ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਫਲਾਣੇ ਨੇ ਰਿਕੁਮੈਂਡ ਕੀਤਾ ਹੈ ਅਤੇ ਪੈਨਸ਼ਨ ਲਗਾ ਦਿਓ। ਜਿਹੜੇ ਡੀਜ਼ਰਵ ਕਰਦੇ ਹਨ, ਉਨ੍ਹਾਂ ਨੂੰ ਹੀ ਪੈਨਸ਼ਨ ਮਿਲਣੀ ਚਾਹੀਦੀ ਹੈ।

**ਸਰਦਾਰ ਸੁਰਜੀਤ ਸਿੰਘ ਰੱਖੜਾ :** ** ** **

**ਸ਼੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਰਾਣਾ ਕੰਵਰਪਾਲ ਸਿੰਘ :** ਆਖੀਰ ਵਿਚ, ਚੇਅਰਮੈਨ ਸਾਹਿਬ, ਮੈਂ ਸਦਨ ਵਿਚ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਸ ਨਵੇਂ ਬਜਟ ਵਿਚ ਖੇਤੀ ਸੈਕਟਰ ਵਿਚ ਸੁਧਾਰ ਕਰਨ ਲਈ ਬੜੇ ਨਿੱਗਰ ਅਤੇ ਹੌਂਸਲੇ ਭਰਪੂਰ ਕਦਮ ਉਠਾਏ ਗਏ ਹਨ। ਇਹ ਠੀਕ ਹੈ ਕਿ ਕੁਝ ਲੋਕਾਂ ਨੇ ਵਿਰੋਧਤਾ ਕਰਨੀ ਹੀ ਹੁੰਦੀ ਹੈ ਅਤੇ ਵਿਰੋਧਤਾ ਕਰਨੀ ਉਨ੍ਹਾਂ ਦੀ ਫਿਤਰਤ ਹੁੰਦੀ ਹੈ ਲੇਕਿਨ ਸਾਨੂੰ ਤਵੱਕੋ ਇਹ ਕਰਨੀ ਚਾਹੀਦੀ ਹੈ ਕਿ ਚੰਗੀ ਗੱਲ ਦੀ ਤਾਈਦ ਕੀਤੀ ਜਾਵੇ। ਜੇ ਕੁਝ ਲੋਕ ਸੰਵਿਧਾਨ ਤੇ ਵੀ ਕਿੰਤੂ ਪ੍ਰੰਤੂ ਕਰ ਸਕਦੇ ਹਨ ਤਾਂ ਉਹ ਬਜਟ ਤੇ ਵੀ ਕਰ ਸਕਦੇ ਹਨ। ਬਜਟ ਨਾਲ ਉਨ੍ਹਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਬਜਟ ਨਾਲ ਐਗਰੀਕਲਚਰ ਵਿਚ ਵੀ ਸੁਧਾਰ ਹੋਵੇਗਾ। ਇਥੇ ਬੇਰੋਜ਼ਗਾਰੀ ਅਤੇ ਡਿਸਇਨਵੈਸਟਮੈਂਟ ਦੀ ਗੱਲ ਵੀ ਕੀਤੀ ਗਈ ਹੈ। ਪਤਾ ਨਹੀਂ ਅੱਜ ਡਿਸਇਨਵੈਸਟਮੈਂਟ ਦੀ ਗੱਲ ਬਾਰ-ਬਾਰ ਕਿਉਂ ਕੀਤੀ ਜਾਂਦੀ ਹੈ। ਉਹੀ ਲੋਕ ਕਮਿਸ਼ਨ ਬਿਠਾਉਣ, ਉਹੀ ਲੋਕ ਰਿਪੋਰਟ ਇਸ ਹਾਊਸ ਵਿਚ ਪੇਸ਼ ਕਰਨ ਅਤੇ ਉਹੀ ਲੋਕ ਕਿੰਤੂ-ਪ੍ਰੰਤੂ ਕਰਨ, ਮੈਂ ਸਮਝਦਾ ਹਾਂ ਕਿ ਕਿਸੇ ਵੀ ਤਰੀਕੇ ਨਾਲ ਇਹ ਸੂਬੇ ਦੀ ਸੇਵਾ ਕਰਨ ਵਾਲੀ ਗੱਲ ਨਹੀਂ ਹੈ। ਮੈਂ ਆਪੋਜ਼ੀਸ਼ਨ ਦੇ ਸੀਨੀਅਰ ਨੇਤਾਵਾਂ ਨੂੰ ਵੀ ਅਪੀਲ ਕਰਦਾ ਹਾਂ ਕਿ ਬਜਾਏ ਇਸ ਗੱਲ ਦੇ ਕਿ ਇਹ ਬਜਟ ਟਰੇਜ਼ਰੀ ਬੈਂਚਿਜ਼ ਨੇ ਪੇਸ਼ ਕੀਤਾ ਹੈ ਅਤੇ ਇਸ ਤੇ ਕਿੰਤੂ-ਪ੍ਰੰਤੂ ਕੀਤਾ ਜਾਵੇ, ਸੂਬੇ ਦੀ ਬਿਹਤਰੀ ਲਈ ਇਸ ਵਿਚ ਜਿਹੜੀਆਂ ਚੰਗੀਆਂ ਗੱਲਾਂ ਹਨ, ਉਨ੍ਹਾਂ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਬਹੁਤ ਬਹੁਤ ਧੰਨਵਾਦ।

**ਸਰਦਾਰ ਤੋਤਾ ਸਿੰਘ (ਮੋਗਾ) :** ਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ 2003-2004 ਦੇ ਬਜਟ ਤੇ ਬੋਲਣ ਲਈ ਮੌਕਾ ਦਿੱਤਾ ਹੈ। ਮੈਂ ਤਾਂ ਕੇਵਲ ਬਜਟ ਦੇ ਸਬੰਧ ਵਿੱਚ ਕੁਝ ਗੱਲਾਂ ਕਰਨੀਆਂ ਚਾਹੁੰਦਾ ਸੀ ਪਰ ਮੇਰੇ ਸਤਿਕਾਰਯੋਗ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਾਥੀ ਨੰਗਲ ਵਾਲੇ ਨੇ ਕੁਝ ਗੱਲਾਂ ਅਜਿਹੀਆਂ ਕਹਿ ਦਿੱਤੀਆਂ ਹਨ ਜਿਨ੍ਹਾਂ ਦਾ ਜਵਾਬ ਦੇਣਾ ਸਾਡਾ ਫਰਜ਼ ਬਣਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਕੈਪਟਨ ਕੰਵਲਜੀਤ ਸਿੰਘ ਨੇ ਇਹ ਗੱਲਾਂ ਕਿਉਂ ਕੀਤੀਆਂ ਹਨ ਕਿ ਕਾਂਗਰਸ ਕਿਸਾਨ ਵਿਰੋਧੀ ਹੈ। ਚੇਅਰਮੈਨ ਸਾਹਿਬ, ਇਹ ਇਕੱਲੇ ਅਸੀਂ ਹੀ ਨਹੀਂ ਕਹਿੰਦੇ, ਇਹ ਤਾਂ ਲੋਕ ਸੱਥਾਂ ਵਿੱਚ ਬੈਠੇ ਗੱਲਾਂ ਕਰਦੇ ਹਨ, ਬੱਸਾਂ ਵਿੱਚ ਗੱਲਾਂ ਕਰਦੇ ਹਨ। ਮੈਂ ਦਲੀਲਾਂ ਦੇ ਕੇ ਇਸ ਹਾਊਸ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਨੂੰ ਕਿਉਂ ਕਿਸਾਨ ਵਿਰੋਧੀ ਕਿਹਾ ਜਾ ਰਿਹਾ ਹੈ। ਚੇਅਰਮੈਨ ਸਾਹਿਬ, ਕਾਂਗਰਸ ਪਾਰਟੀ ਨੇ 1947 ਤੋਂ ਲੈ ਕੇ 1967 ਤੱਕ ਲਗਾਤਾਰ ਰਾਜ ਕੀਤਾ ਹੈ ਔਰ ਉਸ ਵੇਲੇ ਹਾਲਾਤ ਕੀ ਸਨ, ਉਸ ਵੇਲੇ ਕਿਸਾਨੀ ਦੀ ਦਸ਼ਾ ਕੀ ਸੀ, ਉਹ ਤੁਹਾਨੂੰ ਦਸਦਾ ਹਾਂ ਜਦੋਂ ਕਿਸਾਨ ਮੰਡੀ ਵਿੱਚ ਆਪਣੀ ਫਸਲ ਲੈ ਕੇ ਜਾਂਦਾ ਸੀ ਤਾਂ ਉਸਦੀ ਫਸਲ 66/- ਰੁਪਏ ਪ੍ਰਤੀ ਕੁਇੰਟਲ ਵਿਕਦੀ ਸੀ। ਉਸ ਤੋਂ ਬਾਅਦ 68/- ਰੁਪਏ ਪ੍ਰਤੀ ਕੁਇੰਟਲ ਵਿਕਣੀ ਸ਼ੁਰੂ ਹੋਈ ਔਰ ਜਦੋਂ ਸਿਆਲ ਆਉਣਾ ਹੁੰਦਾ ਸੀ ਤਾਂ ਉਹੀ ਕਣਕ ਗਰੀਬ ਲੋਕਾਂ ਨੂੰ ਖਾਣ ਵਾਸਤੇ 100/- ਰੁਪਏ ਪ੍ਰਤੀ ਕੁਇੰਟਲ ਮਿਲਦੀ ਸੀ। ਚੇਅਰਮੈਨ ਸਾਹਿਬ, ਇਹ ਅੰਕੜਿਆਂ ਦੇ ਨਾਲ ਮੈਂ ਤੁਹਾਨੂੰ ਦੱਸ ਰਿਹਾ ਹਾਂ, ਤੁਸੀਂ ਮਾਰਕੀਟ ਕਮੇਟੀ ਵਿੱਚੋਂ ਇਸ ਨਾਲ ਸਬੰਧਤ ਰਿਕਾਰਡ ਕਢਾ ਕੇ ਦੇਖ ਸਕਦੇ ਹੋ। ਕਿਸਾਨ ਦੀ ਹਾਲਤ ਸੁਧਾਰਨ ਲਈ 1967 ਵਿੱਚ ਜਦੋਂ ਪਹਿਲੀ ਵਾਰੀ ਏਥੇ ਸਾਂਝੇ ਫਰੰਟ ਦੀ ਸਰਕਾਰ ਬਣੀ ਤਾਂ ਉਸ ਵੇਲੇ ਪਹਿਲੀ ਵਾਰੀ ਸਾਂਝੇ ਫਰੰਟ ਦੀ ਸਰਕਾਰ ਵੇਲੇ ਕਣਕ ਦੀ ਸਪੋਰਟ ਪ੍ਰਾਈਸ ਮਿਥੀ ਗਈ ਔਰ ਕਣਕ ਦਾ ਭਾਅ 76/- ਰੁਪਏ ਪ੍ਰਤੀ ਕੁਇੰਟਲ ਦਿੱਤਾ ਗਿਆ। ਇਹ ਉਸ ਵੇਲੇ ਦੀ ਗੱਲ ਹੈ ਜਦੋਂ ਏਥੇ ਇਕ ਸਿਪਾਹੀ ਦੀ ਤਨਖਾਹ 90/- ਰੁਪਏ ਪ੍ਰਤੀ ਮਹੀਨਾ ਹੁੰਦੀ ਸੀ, ਟੀਚਰ ਦੀ ਤਨਖਾਹ 90/- ਰੁਪਏ ਪ੍ਰਤੀ ਮਹੀਨਾ ਹੁੰਦੀ ਸੀ। ਉਸ ਵੇਲੇ ਕਣਕ ਦਾ ਭਾਅ 76/- ਰੁਪਏ ਪ੍ਰਤੀ ਕੁਇੰਟਲ ਮਿਥਿਆ ਗਿਆ ਅਤੇ ਸਾਰਾ ਸਾਲ ਉਹੀ ਭਾਅ ਰਿਹਾ। ਚਾਹੇ ਅਕਤੂਬਰ ਵਿੱਚ ਵੇਚਣੀ ਸੀ ਤਾਂ ਵੀ ਉਸੇ ਭਾਅ ਵਿਕਦੀ ਸੀ ਅਤੇ ਚਾਹੇ ਸਿਆਲਾਂ ਨੂੰ ਕਿਸੇ ਗਰੀਬ ਨੇ ਖਾਣੀ ਸੀ ਤਾਂ ਵੀ ਭਾਅ ਉਹੀ ਰਹਿੰਦਾ ਸੀ। ਇਹ ਇਸ ਕਰਕੇ ਹੋਇਆ ਕਿਉਂਕਿ ਇਕ ਸਿਸਟਮ ਬਣਾ ਦਿੱਤਾ ਸੀ ਜਿਸ ਨਾਲ ਕਿਸਾਨ ਨੂੰ ਬਹੁਤ ਵੱਡਾ ਹੌਂਸਲਾ ਮਿਲ ਗਿਆ ਔਰ ਉਸ ਨੂੰ ਵਾਜਬ ਭਾਅ ਮਿਲਣ ਲੱਗੇ ਜਿਸ ਕਾਰਨ ਕਿਸਾਨ ਨੂੰ ਕਿੰਨੀ ਸਫਲਤਾ ਮਿਲੀ। ਟਰੈਕਟਰ ਦੀ ਕੀਮਤ ਉਸ ਵੇਲੇ 9,000 ਰੁਪਏ ਹੁੰਦੀ ਸੀ, ਡੀਜ਼ਲ 37 ਪੈਸੇ ਪ੍ਰਤੀ ਲੀਟਰ ਸੀ ਔਰ ਕਿਸਾਨ ਨੂੰ ਮਿਹਨਤ ਕਰਕੇ ਉਸ ਵੇਲੇ ਚਾਰ ਪੈਸੇ ਬਚਦੇ ਸੀ ਕਿਉਂਕਿ ਪਹਿਲੀ ਵਾਰ 1967 ਵਿੱਚ ਫਸਲ ਦੀ ਸਪੋਰਟ ਪ੍ਰਾਈਸ ਮਿਥੀ ਗਈ ਸੀ ਔਰ ਪੰਜਾਬ ਦੇ ਕਿਸਾਨ ਨੇ ਤਰੱਕੀ ਕੀਤੀ ਔਰ ਪਿੰਡ ਦੀ ਬੰਜਰ ਜ਼ਮੀਨ ਨੂੰ ਵਾਹੀਯੋਗ ਜ਼ਮੀਨ ਬਣਾਇਆ ਗਿਆ। ਫਿਰ ਹਾਲਾਤ ਕੀ ਬਣੇ ਕਿ 1972 ਵਿੱਚ ਏਥੇ ਕਾਂਗਰਸ ਦੀ ਸਰਕਾਰ ਬਣੀ। ਮੈਨੂੰ ਯਾਦ ਹੈ ਕਿ ਉਸ ਵੇਲੇ ਸਾਡੇ ਏਥੇ ਜ਼ਿਮੀਂਦਾਰ ਯੂਨੀਅਨ ਹੁੰਦੀ ਸੀ ਅਤੇ ਅਸੀਂ ਜ਼ਿਮੀਂਦਾਰ ਯੂਨੀਅਨ ਨੂੰ ਨਾਲ ਲੈ ਕੇ ਦਿੱਲੀ ਖੇਤੀਬਾੜੀ ਮਨਿਸਟਰ ਸਾਹਿਬ ਨੂੰ ਮਿਲੇ, ਵੈਸੇ ਮੈਂ ਉਨ੍ਹਾਂ ਦਾ ਏਥੇ ਨਾ ਨਹੀਂ ਲੈਣਾ ਚਾਹੁੰਦਾ ਕਿਉਂਕਿ ਉਹ ਵਿਚਾਰੇ ਇਸ ਵੇਲੇ ਇਸ ਦੁਨੀਆਂ ਵਿੱਚ ਨਹੀਂ ਹਨ, ਚੌਧਰੀ ਜਗਜੀਵਨ ਰਾਮ ਜੀ, ਅਸੀਂ ਉਨ੍ਹਾਂ ਨੂੰ ਆਪਣਾ ਜ਼ਿਮੀਂਦਾਰਾਂ ਦਾ ਡੈਪੂਟੇਸ਼ਨ ਲੈ ਕੇ ਮਿਲੇ ਅਤੇ ਉਨ੍ਹਾਂ ਨੂੰ ਜਾ ਕੇ ਕਿਹਾ ਕਿ ਕਣਕ ਦਾ ਭਾਅ ਬਹੁਤ ਘੱਟ ਹੈ ਇਸ ਨੂੰ ਹੋਰ ਵਧਾਓ। ਇਹ ਜਿਹੜਾ ਭਾਅ ਕਣਕ ਦਾ ਅੱਜ ਹੈ 76/- ਰੁਪਏ ਪ੍ਰਤੀ ਕੁਇੰਟਲ ਇਹ ਪੰਜ ਸਾਲ ਪਹਿਲਾਂ ਦਾ ਮਿਥਿਆ ਹੋਇਆ ਹੈ, ਇਸ ਭਾਅ ਨੂੰ ਹੋਰ ਵਧਾਇਆ ਜਾਵੇ ਕਿਉਂਕਿ ਇਸ ਭਾਅ ਤੇ ਫਸਲ ਵੇਚ ਕੇ ਹੁਣ ਜ਼ਿਮੀਂਦਾਰ ਦੇ ਪੱਲੇ ਕੁਝ ਨਹੀਂ ਪੈਂਦਾ, ਤਾਂ ਉਨ੍ਹਾਂ ਨੇ ਕਿਹਾ ਕਿ ਪੰਜਾਬ ਕੇ ਕਿਸਾਨ ਕਾ ਬੇਟਾ ਤੋ ਟੈਰਾਲੀਨ ਦੀ ਪੈਂਟ ਪਹਿਨਤਾ ਹੈ ਔਰ ਟਰੈਕਟਰ ਚਲਾਤਾ ਹੈ ਇਸ ਲਿਏ ਉਸ ਕੇ ਲਿਏ ਕਣਕ ਕਾ ਭਾਅ ਬੜ੍ਹਾਣੇ ਕੀ ਕਿਆ ਜ਼ਰੂਰਤ ਹੈ, ਇਹ ਸਾਨੂੰ ਉਨ੍ਹਾਂ ਵੱਲੋਂ ਉਦੋਂ ਜਵਾਬ ਮਿਲਿਆ ਸੀ। ਇਹ ਕਾਂਗਰਸ ਪਾਰਟੀ ਇਸ ਤਰ੍ਹਾਂ ਕਿਸਾਨ ਵਿਰੋਧੀ ਹੈ। ਉਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਸਾਨੂੰ ਆਈਸ ਕਰੀਮ ਖਾਣ ਲਈ ਦਿੱਤੀ ਪਰ ਅਸੀਂ ਉਹ ਨਹੀਂ ਖਾਧੀ ਅਤੇ ਅਸੀਂ ਉਸ ਨੂੰ ਛੱਡ ਕੇ ਵਾਪਸ ਆ ਗਏ। ਇਹ ਹਮੇਸ਼ਾ ਕਿਸਾਨ ਦੇ ਖਿਲਾਫ ਸੋਚਦੇ ਰਹੇ ਹਨ। ਫਿਰ ਜਦੋਂ ਸਰਦਾਰ ਪ੍ਰਕਾਸ਼ ਸ਼ਿਘ ਬਾਦਲ ਜੀ ਦੀ ਪੰਜਾਬ ਵਿੱਚ ਸਰਕਾਰ ਬਣੀ ਤਾਂ ਕੰਬਾਈਨਾਂ ਲਿਆਂਦੀਆਂ ਗਈਆਂ ਤਾਂ ਕਿ ਕਿਸਾਨ ਦੀ ਪੱਕੀ ਹੋਈ ਫਸਲ ਸਮੇਂ ਸਿਰ ਛੇਤੀ ਤੋਂ ਛੇਤੀ ਕੱਟੀ ਜਾ ਸਕੇ ਅਤੇ ਕਿਸਾਨ ਦੀ ਖੇਤੀਬਾੜੀ ਸਫਲ ਹੋ ਸਕੇ। 1977 ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣੀ ਅਤੇ ਮਾਨਯੋਗ ਸਰਦਾਰ ਪ੍ਰਕਾਸ਼ ਸਿੰਘ ਬਾਦਲ ਉਸ ਸਰਕਾਰ ਦੇ ਮੁੱਖ ਮੰਤਰੀ ਬਣੇ ਉਦੋਂ ਡਿਸਾਈ ਸਾਹਿਬ ਦੇਸ਼ ਦੇ ਪ੍ਰਧਾਨ ਮੰਤਰੀ ਸਨ ਅਤੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਕੇਂਦਰ ਵਿੱਚ ਖੇਤੀਬਾੜੀ ਮੰਤਰੀ ਸਨ। ਚੇਅਰਮੈਨ ਸਾਹਿਬ, ਤੁਸੀਂ ਰਿਕਾਰਡ ਕਢਵਾ ਕੇ ਦੇਖ ਲਓ ਪਿਛਲੀ ਸਰਕਾਰ ਨੇ 101/- ਰੁਪਿਆ ਯੂਰੀਏ ਦਾ ਭਾਅ ਕਰ ਦਿੱਤਾ ਗਿਆ ਸੀ ਜੋ ਕਿ ਇਨ੍ਹਾਂ ਨੇ ਘਟਾ ਕੇ 73/- ਰੁਪਏ ਤੇ ਲਿਆਂਦਾ। ਕੇਂਦਰ ਸਰਕਾਰ ਵਿੱਚ ਕਦੇ ਕਿਸੇ ਨੇ ਏਨੇ ਭਾਅ ਨਹੀਂ ਘਟਾਏ। ਇਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਏਥੇ ਬੈਠੇ ਹਨ, ਇਨ੍ਹਾਂ ਨੂੰ ਸਾਰੀ ਗੱਲ ਦਾ ਪਤਾ ਹੈ ਕਿ ਜਦੋਂ ਸਰਹਿੰਦ ਨਹਿਰ ਦਾ ਪਾਣੀ ਲਾਉਂਦੇ ਸੀ ਤਾਂ ਕਿਵੇਂ ਪਾਣੀ ਟੁੱਟਦਾ ਸੀ ਅਤੇ ਚੂਹਿਆਂ ਦੀਆਂ ਖੱਡਾਂ ਵਿੱਚ ਪੈਰ ਫਸ ਜਾਂਦੇ ਸਨ। ਫਿਰ ਬਾਦਲ ਸਾਹਿਬ ਨੇ ਖਾਲੇ ਪੱਕੇ ਕਰਨ ਦੀ ਸਕੀਮ ਲਿਆਂਦੀ ਅਤੇ ਇਸ ਸਕੀਮ ਵਾਸਤੇ ਵਰਲਡ ਬੈਂਕ ਤੋਂ 300 ਕਰੋੜ ਰੁਪਏ ਦਾ ਲੋਨ ਲਿਆ। 1980 ਵਿੱਚ ਫਿਰ ਏਥੇ ਕਾਂਗਰਸ ਦੀ ਸਰਕਾਰ ਬਣੀ ਇਨ੍ਹਾਂ ਨੇ ਸਾਡੇ ਤੋਂ, ਕਿਸਾਨਾਂ ਤੋਂ ਉਗਰਾਹੀ ਕਰਨੀ ਸ਼ੁਰੂ ਕਰ ਦਿੱਤੀ ਔਰ ਕਹਿ ਦਿੱਤਾ ਕਿ 2100 ਰੁਪਿਆ ਏਨੇ ਏਕੜ ਦਾ ਦਿਓ ਜਿਨ੍ਹਾਂ ਨੇ ਆਪਣੇ ਖਾਲੇ ਪੱਕੇ ਕੀਤੇ ਹਨ। ਅਸੀਂ ਇਸ ਦੇ ਖਿਲਾਫ ਕੋਰਟ ਵਿੱਚ ਗਏ ਅਤੇ ਬੇਨਤੀ ਕੀਤੀ ਕਿ ਅਸੀਂ ਖਾਲੇ ਪੱਕੇ ਕਰਨ ਲਈ ਲੋਨ ਲਿਆ ਹੈ ਅਤੇ ਦੇਸ਼ ਦੇ ਅੰਨ ਸੰਕਟ ਨੂੰ ਦੂਰ ਕੀਤਾ ਹੈ ਅਤੇ ਇਸ ਨਾਲ ਪਾਣੀ ਫਸਲ ਨੂੰ ਦਿੱਤਾ ਹੈ ਇਸ ਤੇ ਐਜੀਟੇਸ਼ਨਾਂ ਹੋਈਆਂ ਅਤੇ ਸਾਨੂੰ ਧੱਕੇ ਨਾਲ ਜੇਲ੍ਹਾਂ ਵਿੱਚ ਭੇਜਿਆ ਗਿਆ। ਜਦੋਂ ਯੂਨਿਟੀ ਹੋਈ ਤਾਂ ਉਸਨੂੰ ਰੋਕ ਦਿੱਤਾ ਗਿਆ, ਫਿਰ ਵੀ ਕਈਆਂ ਦੇ ਵਾਰੰਟ ਕਢੇ ਗਏ। 1985 ਵਿੱਚ ਸ਼੍ਰੋਮਣੀ ਅਕਾਲੀ ਦੀ ਸਰਕਾਰ ਬਣੀ ਸਰਦਾਰ ਸੁਰਜੀਤ ਸਿੰਘ ਬਰਨਾਲਾ, ਮੁੱਖ ਮੰਤਰੀ ਬਣੇ ਤਾਂ ਲੋਕਾਂ ਦੀ ਮੁਸ਼ਕਲ ਨੂੰ ਮਹਿਸੂਸ ਕੀਤਾ ਅਤੇ ਦੇਖਿਆ ਕਿ ਲੋਕੀਂ ਪੱਕੇ ਖਾਲਾਂ ਦੇ ਬਿਲ ਨਹੀਂ ਦੇ ਸਕਦੇ। ਇਸ ਲਈ ਫੈਸਲਾ ਕਰਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਤੇ 20 ਅਗਸਤ, 1986 ਨੂੰ ਐਲਾਨ ਕਰ ਦਿੱਤਾ ਗਿਆ ਕਿ 300 ਕਰੋੜ ਰੁਪਏ ਦਾ ਜਿਹੜਾ ਲੋਨ ਹੈ, ਉਹ ਕਿਸਾਨਾਂ ਕੋਲੋਂ ਨਹੀਂ ਲਿਆ ਜਾਵੇਗਾ। (ਵਿਰੋਧੀ ਬੈਂਚਾਂ ਵੱਲੋਂ ਥੰਪਿੰਗ) ਇਹ ਅੰਕੜੇ ਦੱਸਦੇ ਹਨ ਭਾਵੇਂ ਰਿਕਾਰਡ ਕਢਾ ਕੇ ਦੇਖ ਲਵੋ। ਮੇਰੇ ਕਹਿਣ ਦਾ ਭਾਵ ਹੈ ਕਿ ਜਦੋਂ ਸਪੋਰਟ ਪ੍ਰਾਈਸ ਦੀ ਗੱਲ ਆਈ ਤਾਂ ਉਦੋਂ ਹੀ ਦਾਣਾ ਮੰਡੀਆਂ ਬਣੀਆਂ। ਜਿਹੜੇ 1600 ਪਰਚੇਜ਼ ਸੈਂਟਰ ਬਣੇ ਹਨ ਉਹ ਅਕਾਲੀ ਦਲ ਦੀ ਸਰਕਾਰ ਦੀ ਹੀ ਦੇਣ ਹੈ। ਜਿਹੜੇ ਫੋਕਲ ਪੁਆਇੰਟ ਬਣਾਏ ਗਏ ਉਹ ਵੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਹੀ ਦੇਣ ਹਨ। ਮੇਰੇ ਕਹਿਣ ਦਾ ਭਾਵ ਹੈ ਕਿ ਜੇ ਕਿਸਾਨ ਦੀ ਡਿਵੈਲਪਮੈਂਟ ਦੀ ਗੱਲ ਕੀਤੀ ਤਾਂ ਅਕਾਲੀ ਦਲ ਨੇ ਹੀ ਮਦਦ ਕੀਤੀ ਕਿਉਂਕਿ ਅਕਾਲੀ ਦਲ ਪਿੰਡਾਂ ਵਿਚ ਵਸਦਾ ਹੈ ਅਤੇ ਲੋਕਾਂ ਦੀਆਂ ਦੁਖ-ਤਕਲੀਫਾਂ ਜਾਣਦਾ ਹੈ। ਇਸੇ ਕਰਕੇ ਹੀ ਕਿਸਾਨਾਂ ਨੂੰ ਸਹੂਲਤਾਂ ਦਿੱਤੀਆਂ ਗਈਆਂ ਸਨ। ਕਿਸਾਨਾਂ ਨੂੰ ਸਹੂਲਤਾਂ ਦੇਣ ਕਰਕੇ ਹੀ ਪੰਜਾਬ ਅੱਜ ਮੋਹਰੀ ਹੈ। ਇਸ ਲਈ ਸਾਨੂੰ ਸਾਰੀਆਂ ਗੱਲਾਂ ਨੂੰ ਵਿਚਾਰਨ ਦੀ ਲੋੜ ਹੈ। ਕਿਸਾਨਾਂ ਨੂੰ ਕੀ ਕੀ ਔਕੜਾਂ ਹਨ, ਕਦੇ ਸੋਚਿਆ ਹੈ ? ਕੋਂਗਰਸ ਨੇ ਆਪਣੇ ਮੈਨੀਫੈਸਟੋ ਵਿਚ ਕਿਸਾਨਾਂ ਨੂੰ ਖੁਸ਼ ਕਰਨ ਲਈ ਕਿਹਾ ਕਿ ਬਿਜਲੀ ਦੇ ਬਿੱਲ ਨਹੀਂ ਲਗਾਵਾਂਗੇ। ਅਸੀਂ ਨਹਿਰੀ ਪਾਣੀ ਦਾ ਮਾਮਲਾ ਨਹੀਂ ਲਵਾਂਗੇ। ਇਹ ਸਿਰਫ ਵੋਟਾਂ ਲੈਣ ਲਈ ਹੀ ਕੀਤਾ। ਕਿਸਾਨਾਂ ਨੇ ਖੁਸ਼ ਹੋ ਕੇ

Original with;
Punjab Vidhan Sabha
Digitized by;

ਤੁਹਾਨੂੰ ਵੋਟਾਂ ਪਾ ਦਿੱਤੀਆਂ। ਤੁਸੀਂ ਇਹ ਵੀ ਕਿਹਾ ਕਿ ਬੁਢਾਪਾ ਪੈਨਸ਼ਨ 200 ਰੁਪਏ ਤੋਂ ਵਧਾ ਕੇ 600 ਰੁਪਏ ਕਰ ਦੇਵਾਂਗੇ, ਸ਼ਗਨ ਸਕੀਮ 5100 ਰੁਪਏ ਤੋਂ ਵਧਾ ਕੇ 11,000 ਰੁਪਏ ਕਰ ਦੇਵਾਂਗੇ। ਬੜੇ ਭੁਲੇਖੇ ਪਾ ਦਿੱਤੇ। ਤੁਹਾਨੂੰ ਪਾਰਲੀਮੈਂਟ ਦੀਆਂ ਚੋਣਾਂ ਸਮੇਂ ਲੋਕਾਂ ਕੋਲ ਜਾਣਾ ਪਵੇਗਾ ਅਤੇ ਸਭ ਸੱਚ ਤੁਹਾਡੇ ਸਾਹਮਣੇ ਆ ਜਾਵੇਗਾ। ਮੈਂ ਕਹਿੰਦਾ ਹਾਂ ਕਿ ਜੇਕਰ ਬੰਦਾ ਵਚਨ ਕਰ ਲਵੇ ਤਾਂ ਫਿਰ ਉਸ ਨੂੰ ਪਿਛੇ ਨਹੀਂ ਹਟਣਾ ਚਾਹੀਦਾ ਭਾਵੇਂ ਕਿੰਨਾ ਵੀ ਘਾਟਾ ਕਿਉਂ ਨਾ ਪੈ ਜਾਵੇ। ਕਿਸਾਨ ਨੇ ਕੀ ਗੁਨਾਹ ਕੀਤਾ ਹੈ ਕਿ ਹਰ ਵਰਗ ਹੀ ਕਿਸਾਨ ਦੇ ਖਿਲਾਫ ਹੈ। ਕਿਸਾਨ ਨੂੰ ਕੇਵਲ 350 ਕਰੋੜ ਰੁਪਏ ਦੀ ਰਿਲੀਫ ਹੀ ਮਿਲੀ ਹੈ। ਉਨ੍ਹਾਂ ਨੂੰ ਉਦੋਂ ਬਿੱਲਾਂ ਵਾਸਤੇ ਲਾਈਨਾਂ ਵਿਚ ਨਹੀਂ ਖੜ੍ਹਨਾ ਪੈਂਦਾ ਸੀ ਹੁਣ ਉਹ ਵਿਚਾਰੇ ਲਾਈਨਾਂ ਵਿਚ ਖੜ੍ਹਦੇ ਹਨ, ਕੀ ਉਨ੍ਹਾਂ ਲੋਕਾਂ ਦੀ ਕੋਈ ਇਜ਼ਤ ਹੈ? ਉਨ੍ਹਾਂ ਨੂੰ ਨਹਿਰੀ ਪਟਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਕਿਸੇ ਦਾ ਮਾਮਲਾ ਕਿਸੇ ਦੂਜੇ ਨੂੰ ਲਗਾ ਦਿੱਤਾ ਜਾਂਦਾ ਸੀ, ਦੂਜੇ ਦਾ ਤੀਜੇ ਨੂੰ ਲਾ ਦਿੱਤਾ ਜਾਂਦਾ ਸੀ ਅਤੇ ਸਿਆਲਾਂ ਵਿਚ ਝਗੜੇ ਪੈਂਦੇ ਸਨ। ਨਹਿਰੀ ਮਾਮਲਾ ਦੋ ਵਾਰੀ ਆਉਂਦਾ ਸੀ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਪੰਜਾਬ ਦੇ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ ਨਹਿਰੀ ਮਾਮਲਾ ਨਹੀਂ ਲਿਆ ਜਾਵੇਗਾ। ਉਸ ਵਾਅਦੇ ਨੂੰ ਉਨ੍ਹਾਂ ਨੇ ਨਿਭਾਇਆ। ਹੁਣ ਕਿਧਰੇ ਨਹਿਰੀ ਪਟਵਾਰੀ ਦਿਸਦੇ ਹਨ, ਬਿਲਕੁਲ ਵੀ ਨਹੀਂ ਦਿਸਦੇ। ਪਹਿਲਾਂ ਕਿਹੜਾ ਤੁਸੀਂ ਖਜ਼ਾਨਾ ਭਰ ਕੇ ਦੇ ਗਏ ਸੀ, ਤੁਸੀਂ ਰਿਕਾਰਡ ਕਢਾ ਕੇ ਵੇਖ ਲਵੋ। ਕੀਤੇ ਵਚਨ ਨੂੰ ਪੂਰਾ ਕਰਨ ਲਈ ਜਦੋਂ 12 ਫਰਵਰੀ, 1997 ਨੂੰ ਬਾਦਲ ਸਾਹਿਬ ਪੰਜਾਬ ਦੇ ਮੁੱਖ ਮੰਤਰੀ ਬਣੇ ਤਾਂ ਦੋ ਦਿਨ ਬਾਅਦ 14 ਫਰਵਰੀ, 1997 ਨੂੰ ਕੈਬਨਿਟ ਦੀ ਪਹਿਲੀ ਮੀਟਿੰਗ ਵਿਚ ਹੀ ਇਹ ਫੈਸਲਾ ਕਰ ਦਿੱਤਾ ਕਿ ਬਿਜਲੀ ਦੇ ਬਿੱਲ ਨਹੀਂ ਲਏ ਜਾਣਗੇ। ਹਰ ਇਕ ਵਰਗ ਲਈ ਕੀਤਾ। ਇਥੇ ਹੀ ਬੱਸ ਨਹੀਂ, ਇਹ ਵੀ ਕਿਹਾ ਕਿ ਨਹਿਰੀ ਮਾਮਲਾ ਨਹੀਂ ਲਿਆ ਜਾਵੇਗਾ। (ਵਿਰੋਧੀ ਬੈਂਚਾਂ ਵੱਲੋਂ ਥੰਪਿੰਗ) ਹੁਣ ਦੱਸੋ ਕਦੀ ਕਿਸੇ ਨੂੰ ਨਹਿਰੀ ਪਟਵਾਰੀ ਦਿੱਸਦਾ ਹੈ? ਪਹਿਲਾਂ ਨਹਿਰੀ ਪਟਵਾਰੀ ਕੋਲੋਂ ਕਿਸਾਨ ਕਿੰਨਾ ਡਰਦੇ ਸਨ। ਅਸੀਂ ਸੱਚਾਈ ਤੋਂ ਦੂਰ ਨਹੀਂ ਜਾ ਸਕਦੇ। ਜੇਕਰ ਕਿਸਾਨਾਂ ਨੂੰ ਸਾਡੀ ਸਰਕਾਰ ਨੇ 2000 ਕਰੋੜ ਰੁਪਏ ਦਾ ਫਾਇਦਾ ਪੰਜ ਸਾਲਾਂ ਵਿਚ ਦੇ ਦਿੱਤਾ ਸੀ ਤਾਂ ਕੀ ਗੁਨਾਹ ਕਰ ਦਿੱਤਾ ਸੀ। ਸਰਕਾਰ ਕੋਲ ਬੜੇ ਸਾਧਨ ਹੁੰਦੇ ਹਨ। ਜੇ ਤੁਸੀਂ ਵਚਨ ਕੀਤਾ ਸੀ ਤਾਂ ਇਹ ਰਾਹਤ ਕਿਸਾਨ ਨੂੰ ਜਾਰੀ ਰੱਖੀ ਜਾਣੀ ਚਾਹੀਦੀ ਸੀ। ਕਿਸਾਨਾਂ ਨੂੰ ਬਿਜਲੀ ਦੇ ਬਿਲ ਲਗਾ ਦਿੱਤੇ ਗਏ ਜਿਸ ਤੋਂ ਅੱਜ ਕਿਸਾਨ ਬੜਾ ਹੀ ਦੁਖੀ ਹੈ। ਉਹ ਵਿਚਾਰੇ ਮਜ਼ਬੂਰੀ ਕਾਰਨ ਤੁਹਾਡੇ ਅੱਗੇ ਬੋਲਦੇ ਨਹੀਂ। ਕਿਉਂਕਿ ਕਈ ਗੱਲਾਂ ਹੁੰਦੀਆਂ ਹਨ, ਕਿਸੇ ਨੂੰ ਕੋਈ ਕੰਮ ਹੁੰਦਾ ਹੈ ਅਤੇ ਕਿਸੇ ਨੂੰ ਕੋਈ। ਪਰ ਸੱਚ ਨੂੰ ਅਸੀਂ ਲੁਕੋ ਨਹੀਂ ਸਕਦੇ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਕਿਸਾਨ ਦੀ ਮਦਦ ਕਰਨ ਦੀ ਲੋੜ ਹੈ। ਅਸੀਂ ਕਿਸਾਨ ਹਾਂ, ਵਿੱਤ ਮੰਤਰੀ ਜੀ ਬੈਠੇ ਹਨ, ਉਹ ਵੀ ਕਿਸਾਨ ਰਹੇ ਹਨ। ਅੱਜ ਪਾਣੀ ਦਾ ਲੈਵਲ ਬੜਾ ਹੀ ਡੂੰਘਾ ਜਾ ਰਿਹਾ ਹੈ। ਇਸ ਦਾ ਕੋਈ ਨਾ ਕੋਈ ਹੱਲ ਲੱਭਿਆ ਜਾਣਾ ਚਾਹੀਦਾ ਹੈ। ਜਦੋਂ 1955 ਤੇ 1962 ਵਿਚ ਡਰੇਨਾਂ ਬਣਾਈਆਂ ਗਈਆਂ ਸਨ, ਉਨ੍ਹਾਂ ਨੇ ਸੇਮ ਤਾਂ ਸਾਰੀ ਚੁੱਕ ਦਿੱਤੀ। ਪਰ ਜਦੋਂ ਜੂਨ-ਜੁਲਾਈ ਵਿਚ ਬਾਰਸ਼ਾਂ ਆਉਂਦੀਆਂ ਹਨ ਚਾਹੇ ਸਿਆਲਾਂ ਵਿਚ ਮੀਂਹ ਪੈਂਦਾ ਹੈ ਤਾਂ ਪਾਣੀ ਡਰੇਨਾਂ ਰਾਹੀਂ ਪਾਕਿਸਤਾਨ ਨੂੰ ਚਲਾ ਜਾਂਦਾ ਹੈ, ਸਮੁੰਦਰ ਵਿਚ ਚਲਾ ਜਾਂਦਾ ਹੈ। ਇਸ ਬਾਰੇ ਸਾਨੂੰ ਬੜੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਇਰੀਗੇਸ਼ਨ ਮਹਿਕਮੇ ਦਾ ਬਜਟ ਬੜਾ ਹੀ ਥੋੜ੍ਹਾ ਹੈ। ਇਤਨੇ ਬਜਟ ਨਾਲ ਕਿਸਾਨਾਂ ਦੇ ਮਸਲੇ ਹੱਲ ਨਹੀਂ ਹੋ ਸਕਦੇ। ਬਹੁਤ ਸਾਰੀਆਂ ਡਰੇਨਾਂ ਪੁੱਟ ਕੇ ਦੇਖੋ, ਕਿਤੇ 5 ਫੁੱਟ ਉਤੇ ਅਤੇ ਕਿਤੇ 10 ਫੁੱਟ ਉਤੇ ਕੱਕਾ ਰੇਤਾ ਆ ਜਾਂਦਾ ਹੈ। ਜੇਕਰ ਖੂਹ ਬਣਾਕੇ ਕਿਸੇ ਢੰਗ ਨਾਲ ਸਾਰਾ ਬਾਰਸ਼ ਦਾ ਪਾਣੀ ਸਟੋਰੇਜ ਕਰਾਇਆ ਜਾਵੇ ਤਾਂ ਉਸ ਦਾ ਫਾਇਦਾ ਹੋ ਸਕਦਾ ਹੈ। ਜਦੋਂ ਡਰੇਨਾਂ ਵਿਚੋਂ ਪਾਣੀ ਵਗ

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਜਾਂਦਾ ਹੈ ਤਾਂ ਵੱਡਾ ਨੁਕਸਾਨ ਕੀ ਹੁੰਦਾ ਹੈ, ਜਦੋਂ ਖੇਤਾਂ ਨੂੰ ਝੋਨਾ ਲਗਾਉਣ ਵਾਸਤੇ ਕੱਦੂ ਕੀਤਾ ਜਾਂਦਾ ਹੈ ਤਾਂ ਖੇਤ ਪਾਣੀ ਨਾਲ ਭਰੇ ਹੁੰਦੇ ਹਨ। ਜਦੋਂ ਜੁਲਾਈ-ਅਗਸਤ ਵਿਚ ਮੀਂਹ ਪੈਂਦੇ ਹਨ ਤਾਂ ਪਾਣੀ ਉਛਲ ਕੇ ਸਾਰਾ ਡਰੇਨਾਂ ਵਿਚ ਆ ਜਾਂਦਾ ਹੈ। ਝੋਨੇ ਦੇ ਖੇਤ ਵਿਚ ਤਾਂ ਸੀਵਰੇਜ ਹੁੰਦਾ ਹੀ ਨਹੀਂ। ਅੱਗੇ ਜਦੋਂ ਬਰਾਨੀ ਫਸਲ ਬੀਜਦੇ ਸਾਂ ਉਦੋਂ ਜਦੋਂ ਮੀਂਹ ਪੈਂਦੇ ਸਨ ਤਾਂ ਉਹ ਪਾਣੀ ਸੀਵਰੇਜ ਹੋ ਜਾਂਦਾ ਸੀ। ਹਰ ਖੇਤ ਆਪੋ ਆਪਣੀ ਥਾਂ ਪਾਣੀ ਸੋਕਦਾ ਸੀ। ਹੁਣ 80-90% ਖੇਤਾਂ ਵਿਚ ਝੋਨਾ ਲਗਾਇਆ ਹੁੰਦਾ ਹੈ, ਉਹਦੇ ਵਿਚ ਪਾਣੀ ਸੀਵਰੇਜ ਹੁੰਦਾ ਹੀ ਨਹੀਂ ਕਿਉਂਕਿ ਖੇਤ ਕੱਦੂ ਕੀਤੇ ਹੋਏ ਹੁੰਦੇ ਹਨ ਅਤੇ ਪਾਣੀ ਥੱਲੇ ਨਹੀਂ ਜਾਂਦਾ। ਹੁਣ ਤਾਂ ਇਕ ਡਰੇਨਾਂ ਹੀ ਆਪਣੇ ਕੋਲ ਇੱਕੋ ਇਕ ਸਾਧਨ ਰਹਿ ਗਿਆ ਹੈ ਕਿ ਡਰੇਨਾਂ ਰਾਹੀਂ ਸੀਵਰੇਜ ਕਰਕੇ ਕਿਸੇ ਢੰਗ ਨਾਲ ਪਾਣੀ ਦਾ ਸਤਰ ਉਪਰ ਲਿਆਂਦਾ ਜਾਵੇ। ਇਸ ਦੇ ਲਈ ਸਾਨੂੰ ਬਹੁਤ ਉਦਮ ਕਰਨਾ ਚਾਹੀਦਾ ਹੈ। ਕੋਈ ਕਮੇਟੀ ਬਣਾ ਕੇ ਜਾਂ ਇਰੀਗੇਸ਼ਨ ਮਹਿਕਮੇ ਦੀ ਮਦਦ ਕਰਕੇ ਪਾਣੀ ਦਾ ਲੇਵਲ ਉਚਾ ਕਰਨ ਲਈ ਪ੍ਰਬੰਧ ਕੀਤੇ ਜਾਣ। ਦੂਸਰੀ ਮੇਰੀ ਬੇਨਤੀ ਹੈ ਕਿ ਨਹਿਰਾਂ ਦੇ ਮਸਲੇ ਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਅਪਰਬਾਰੀ ਦੋਆਬ ਲਈ 80 ਕਰੋੜ ਰੁਪਏ ਦੀ ਕੇਂਦਰ ਸਰਕਾਰ ਦੀ ਪ੍ਰਵਾਨਗੀ ਲੈ ਕੇ ਰਿਆਇਤਾਂ ਲੈ ਕੇ, ਇਸ ਮਸਲੇ ਨੂੰ ਹੱਲ ਕੀਤਾ। ਇਸ ਦਾ ਮਾਝੇ ਨੂੰ ਕਾਫੀ ਫਾਇਦਾ ਹੋਵੇਗਾ। ਚੇਅਰਮੈਨ ਸਾਹਿਬ, ਜੋ ਸਰਹਿੰਦ ਕਨਾਲ ਹੈ, ਇਸ ਦੀ ਵੀ ਸਫਾਈ ਹੋਣ ਵਾਲੀ ਹੈ। ਮੈਂ ਦਾਅਵੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਜੇ ਇਸ ਦੀ ਸਫਾਈ ਹੋ ਜਾਵੇ ਤਾਂ ਆਪਾਂ 20% ਪਾਣੀ ਝੋਨੇ ਦੇ ਦਿਨਾਂ ਵਿੱਚ ਹੋਰ ਵਧਾ ਸਕਦੇ ਹਾਂ। ਆਪਣੇ ਕੋਲ ਸਾਧਨ ਹੈ। ਸਫਾਈ ਨਾ ਹੋਣ ਕਾਰਨ ਹਰੀਕੇ ਪੱਤਣ ਰਾਹੀਂ ਸਾਰਾ ਪਾਣੀ ਨਿਕਲ ਜਾਂਦਾ ਹੈ। ਮੈਂ ਤਾਂ ਬਾਦਲ ਸਾਹਿਬ ਨੂੰ ਕਿਹਾ ਸੀ ਕਿ ਤੁਸੀਂ ਕਾਰ ਸੇਵਾ ਵਾਲੇ ਬਾਬਿਆਂ ਨੂੰ ਹੀ ਕਹੋ ਕਿ ਉਹ ਹੀ ਸਰਹੰਦ ਕਨਾਲ ਦੀ ਸਫਾਈ ਲਈ ਸਰਕਾਰ ਨੂੰ ਸਹਿਯੋਗ ਦੇਣ ਜੇ ਨਹਿਰ ਚੌੜੀ ਹੋ ਜਾਵੇ ਤਾਂ 20% ਪਾਣੀ ਦਾ ਵਾਧਾ ਹੋ ਜਾਵੇਗਾ ਅਤੇ ਇਸ ਦੇ ਨਾਲ ਜਿਹੜਾ ਅਨ-ਕਮਾਂਡਿਡ ਏਰੀਆ ਪਿਆ ਹੈ, ਅਨ-ਕਮਾਂਡ ਏਰੀਏ ਵਿੱਚ ਪਾਣੀ ਦੇ ਕੇ ਉਥੇ ਪਾਣੀ ਦਾ ਲੈਵਲ ਉਪਰ ਆ ਸਕਦਾ ਹੈ ਅਤੇ ਉਸ ਦਾ ਕਈ ਜ਼ਿਲ੍ਹਿਆਂ ਨੂੰ ਫਾਇਦਾ ਹੋ ਸਕਦਾ ਹੈ। ਇਹ ਮੇਰੀ ਸੋਚ ਹੈ। ਜੇ ਬਜਟ ਵਿੱਚ ਸਾਧਨ ਜੁਟਾਏ ਜਾਣ ਤਾਂ ਜੋ ਰਜਵਾਹੇ ਹਨ ਉਨ੍ਹਾਂ ਨੂੰ ਉਚਾ ਕਰਨ ਨਾਲ 20% ਪਾਣੀ ਵਧਾਇਆ ਜਾ ਸਕਦਾ ਹੈ। ਬਾਦਲ ਸਾਹਿਬ ਨੇ ਦੋ ਨਵੇਂ ਮਾਈਨਰ ਕੱਢੇ ਸੀ ਉਸ ਦੇ ਨਾਲ ਬਹੁਤ ਸਾਰੇ ਪਿੰਡਾਂ ਨੂੰ ਨਵਾਂ ਪਾਣੀ ਮਿਲਿਆ ਸੀ ਅਤੇ ਜਿਵੇਂ ਸਾਡੇ ਖੋਟਾ ਮਾਈਨਰ ਹੈ, ਜੋ ਹੋਰ ਦੋ ਤਿੰਨ ਮਾਈਨਰ ਹਨ ਅਤੇ ਜੋ ਅਨ-ਕਮਾਂਡਿਡ ਜ਼ਮੀਨ ਪਈ ਹੈ, ਉਹ ਕਮਾਂਡ ਏਰੀਏ ਅਧੀਨ ਲਿਆਂਦੀ ਜਾ ਸਕਦੀ ਹੈ। ਸੜਕਾਂ ਵਾਲੇ ਪਾਸੇ ਮੈਂ ਬੇਨਤੀ ਕਰਦਾ ਹਾਂ ਕਿ ਤੁਹਾਡੇ ਕੋਲ ਸਾਰੀਆਂ 52423 ਕਿਲੋਮੀਟਰ ਸੜਕਾਂ ਹਨ। ਇਸ ਦੇ ਵਿੱਚ ਹੀ ਪਲੈਨਿੰਗ ਰੋਡਜ਼ ਵੀ ਹਨ, ਨੈਸ਼ਨਲ ਹਾਈਵੇਜ਼ ਵੀ ਹੈ, ਲਿੰਕ ਰੋਡਜ਼ ਆਦਿ ਆ ਜਾਂਦੀਆਂ ਹਨ ਅਤੇ ਲਿੰਕ ਰੋਡਜ਼ ਕੇਵਲ 39564 ਕਿਲੋਮੀਟਰ ਹਨ। ਇਸ ਦੀ ਤਾਂ ਕੋਈ ਮੁਸ਼ਕਲ ਨਹੀਂ ਹੈ। ਇਸ ਦੀ ਰਿਪੇਅਰ ਤਾਂ ਤੁਸੀਂ ਕਰਵਾ ਸਕਦੇ ਹੋ। ਉਸ ਦੇ ਲਈ ਤਾਂ ਮੰਡੀ ਬੋਰਡ ਦੇ ਸਾਧਨ ਬਹੁਤ ਹਨ। ਮੇਰੀ ਬੇਨਤੀ ਹੈ ਅਤੇ ਮੇਰਾ ਸੁਝਾਓ ਵੀ ਹੈ ਕਿ ਤੁਸੀਂ ਇਨ੍ਹਾਂ ਦਾ ਪੈਚ ਵਰਕ ਬੰਦ ਕਰ ਦਿੱਤਾ ਹੈ, ਮੈਂ ਦੇਖਿਆ ਕਿ 7-8 ਮਹੀਨਿਆਂ ਵਿੱਚ ਸਭ ਤੋਂ ਵੱਧ ਸੜਕਾਂ ਟੁੱਟੀਆਂ ਹਨ। ਇਥੇ ਐਗਰੀਕਲਚਰਲ ਅਤੇ ਪੀ.ਡਬਲਯੂ.ਡੀ. ਮਨਿਸਟਰ ਸਾਹਿਬ ਨਹੀਂ ਬੈਠੇ ਹਨ ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਸੀ ਕਿ ਜਿਹੜੀਆਂ ਲਿੰਕ ਰੋਡਜ਼ ਹਨ ਉਨ੍ਹਾਂ ਤੇ ਪੈਚ ਵਰਕ ਸ਼ੁਰੂ ਕਰਵਾਇਆ ਜਾਵੇ। ਪਹਿਲਾਂ ਇਕ ਟੋਆ ਹੁੰਦਾ ਹੈ, ਫਿਰ ਦੋ ਚਾਰ ਹੋ ਜਾਂਦੇ ਹਨ ਅਤੇ ਫਿਰ ਪਹਿਲੇ ਮਹੀਨੇ ਵਿੱਚ ਹੀ 10 ਟੋਏ ਹੋ ਜਾਂਦੇ ਹਨ ਅਤੇ ਅਗਲੇ ਮਹੀਨੇ ਵਿੱਚ 40 ਹੋ ਜਾਂਦੇ ਹਨ ਅਤੇ ਦੋ ਤਿੰਨ ਸਾਲਾਂ ਦੇ ਅੰਦਰ-ਅੰਦਰ ਹੀ ਫਿਰ ਤੁਹਾਡਾ ਦੋ ਤਿੰਨ ਲੱਖ ਰੁਪਏ ਲਗਣ ਦਾ ਕਾਰਣ ਬਣ ਜਾਂਦਾ ਹੈ। ਜੇਕਰ ਨਾਲ ਦੀ ਨਾਲ

Original with;
Punjab Vidhan Sabha
Digitized by;

ਮਾਰਕੀਟ ਕਮੇਟੀ ਨੂੰ ਪਾਵਰਾਂ ਦਿਤੀਆਂ ਜਾਣ ਕਿ 20,000 ਰੁਪਏ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਪੈਚ ਵਰਕ ਕਰਾਉਣ ਦੀ ਇਜ਼ਾਜਤ ਹੈ ਤਾਂ ਇਸ ਦੇ ਨਾਲ ਲੋਕਾਂ ਨੂੰ ਕਾਫੀ ਸਹੂਲਤ ਮਿਲ ਸਕਦੀ ਹੈ। ਨਹੀਂ ਤਾਂ ਸੜਕ ਟੁੱਟਦੀ-ਟੁੱਟਦੀ ਟੁੱਟ ਜਾਂਦੀ ਹੈ। ਦੂਸਰੀ ਬੇਨਤੀ ਹੈ ਕਿ ਜਿਹੜੀਆਂ ਸਾਡੀਆਂ ਨੈਸ਼ਨਲ ਹਾਈਵੇਜ਼ ਹਨ ਉਨ੍ਹਾਂ ਨੂੰ ਤਾਂ ਤੁਸੀਂ ਸੈਂਟਰ ਦੇ ਸਿਰ ਤੇ ਸੁਟ ਦੇਣਾ ਹੈ ਜਿਵੇਂ ਬਾਜਵਾ ਸਾਹਿਬ ਨੇ ਕਿਹਾ ਕਿ ਇੰਨੇ ਐਸਟੀਮੇਟ ਸੈਂਟਰ ਨੂੰ ਭੇਜੇ ਹੋਏ ਹਨ ਅਤੇ ਅਜੇ ਪ੍ਰਵਾਨਗੀ ਨਹੀਂ ਆਈ। ਇਸ ਲਈ ਉਨ੍ਹਾਂ ਨੂੰ ਪਾਸ ਕਰਾਉਣ ਲਈ ਤੁਹਾਨੂੰ ਐਪਰੋਚ ਕਰਨੀ ਚਾਹੀਦੀ ਹੈ। ਪਰ ਅਸੀਂ ਬਾਦਲ ਸਾਹਿਬ ਨੂੰ ਬੇਨਤੀ ਕਰਾਂਗੇ ਕਿ ਪੰਜਾਬ ਦੇ ਹਿੱਤ ਲਈ ਉਹ ਜਨਰਲ ਸਾਹਿਬ ਨੂੰ ਮਿਲਣ ਤਾਂ ਕਿ ਵੱਧ ਤੋਂ ਵੱਧ ਸਾਡੀਆਂ ਸੜਕਾਂ ਠੀਕ ਹੋਣ ਪਰ ਜਿਹੜੀਆਂ ਪਲਾਨਿੰਗ ਰੋਡਜ਼ ਹਨ ਉਨ੍ਹਾਂ ਦੇ ਬਾਰੇ ਵੀ ਬਜਟ ਵਿੱਚ ਕੋਈ ਗੱਲ ਨਹੀਂ ਹੈ। ਪਲਾਨਿੰਗ ਰੋਡਜ਼ ਬਾਰੇ ਕੋਈ ਸਕੀਮ ਨਹੀਂ ਬਣਾਈ ਗਈ ਅਤੇ ਜਿਹੜੀਆਂ ਪਹਿਲਾਂ ਬਣੀਆਂ ਹੋਣੀਆਂ ਹਨ ਉਨ੍ਹਾਂ ਵਿੱਚ ਵੀ ਕੋਈ ਪੈਚ ਵਰਕ ਨਹੀਂ ਹੋਇਆ, ਉਹ ਵੀ ਟੁੱਟ ਗਈਆਂ ਹਨ। ਇਸ ਲਈ ਉਨ੍ਹਾਂ ਦਾ ਪੈਚ ਵਰਕ ਵੀ ਤੁਸੀਂ ਪੀ.ਡਬਲਯੂ.ਡੀ. ਮੰਤਰੀ ਨਾਲ ਗੱਲ ਕਰਕੇ ਜੇਕਰ ਜੰਗੀ ਪੱਧਰ ਤੇ ਕਾਰਵਾਈ ਕਰੋਗੇ ਤਾਂ ਠੀਕ ਹੈ, ਨਹੀਂ ਤਾਂ ਤੁਸੀਂ ਦੇਖੋਗੇ ਕਿ ਆਉਣ ਵਾਲੇ ਸਮੇਂ ਵਿਚ ਸੜਕਾਂ ਦਾ ਇੰਨਾ ਬੁਰਾ ਹਾਲ ਹੋ ਜਾਣਾ ਹੈ ਕਿ ਚਾਰ-ਚਾਰ, ਪੰਜ-ਪੰਜ ਲੱਖ ਰੁਪਏ ਨਾਲ ਵੀ ਇਕ ਕਿਲੋਮੀਟਰ ਸੜਕ ਦੀ ਰਿਪੇਅਰ ਨਹੀਂ ਹੋਣੀ। ਜਿਹੜੀ ਹੁਣ 2 ਲੱਖ ਰੁਪਏ ਨਾਲ ਪ੍ਰਤੀ ਕਿਲੋਮੀਟਰ ਹੋ ਸਕਦੀ ਹੈ ਉਸ ਤੇ ਚਾਰ-ਚਾਰ, ਪੰਜ-ਪੰਜ ਲੱਖ ਰੁਪਏ ਪ੍ਰਤੀ ਕਿਲੋਮੀਟਰ ਲੱਗੇਗਾ। ਇਸ ਤੋਂ ਅੱਗੇ ਬਿਜਲੀ ਦੀ ਗੱਲ ਹੈ। ਅਸੀਂ ਹਾਊਸ ਨੂੰ ਭੁਲੇਖੇ ਵਿੱਚ ਰੱਖ ਲੈਂਦੇ ਹਾਂ।

| 1.58 ਵਜੇ<br>ਬਾਅਦ ਦੁਪਹਿਰ |
|---|

(ਇਸ ਸਮੇਂ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**Mr. Speaker :** Please address the Chair.

**ਸਰਦਾਰ ਤੋਤਾ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਨੂੰ ਪਤਾ ਨਹੀਂ ਲੱਗਿਆ ਕਿ ਤੁਸੀਂ ਕਦੋਂ ਆ ਕੇ ਬੈਠ ਗਏ, ਮੈਂ ਖਿਮਾ ਚਾਹੁੰਦਾ ਹੈ। ਮੈਂ ਵਿੱਤ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਦਨ ਵਿੱਚ ਇਹ ਵਾਰ-ਵਾਰ ਕਿਹਾ ਗਿਆ ਹੈ ਕਿ ਅਸੀਂ 10-10 ਘੰਟੇ ਕਿਸਾਨਾਂ ਨੂੰ ਬਿਜਲੀ ਦਿਤੀ ਹੈ ਤਾਂ ਕਿਸਾਨਾਂ ਦੇ ਝੋਨੇ ਦੀ ਫਸਲ ਚੰਗੀ ਹੋਈ ਹੈ। ਇਹ ਆਪਾਂ ਨੂੰ ਬੜਾ ਭੁਲੇਖਾ ਹੈ। ਕਦੇ ਬਿਜਲੀ-ਘਰ ਵਿੱਚ ਜਾ ਕੇ ਦੇਖੋ। ਕਿਸੇ ਵੀ ਬਿਜਲੀ-ਘਰ ਦਾ ਜਿਹੜਾ ਫੀਡਰ ਸੈਂਟਰ ਹੈ, ਉਹ 10-10 ਘੰਟੇ ਬਿਜਲੀ ਦੇ ਹੀ ਨਹੀਂ ਸਕਦਾ ਮੈਂ ਆਪਣੇ ਸਮੇਂ ਬੈਠ-ਬੈਠ ਕੇ ਵੀ ਦੇਖਿਆ ਹੈ। ਜਿਹੜੇ ਆਪਣੇ ਫੀਡਰ ਹਨ ਇਹ ਚਲਦੇ ਹਨ ਅਤੇ ਕੇਵਲ 8 ਘੰਟੇ ਹੀ ਲੋਡ ਚੁੱਕ ਸਕਦੇ ਹਨ। ਸਾਡਾ ਮਨ ਸੀ ਕਿ 10-10, 11-11 ਘੰਟੇ ਬਿਜਲੀ ਦੇਈਏ ਪਰ ਉਹ 8 ਘੰਟੇ ਤੋਂ ਉਪਰ ਬਿਜਲੀ ਨਹੀਂ ਚੁਕਦੇ। ਜਦੋਂ ਅਸੀਂ 10 ਘੰਟੇ ਦੀ ਐਵਰੇਜ ਬਣਾਵਾਂਗੇ ਤਾਂ ਟ੍ਰਿਪਿੰਗ ਹੋਣ ਲੱਗ ਜਾਂਦੀ ਹੈ। ਇਸ ਲਈ ਜੇ ਤੁਹਾਨੂੰ ਭੁਲੇਖਾ ਹੈ ਤਾਂ ਹਰ ਇਕ ਫੀਡਰ ਸੈਂਟਰ ਦਾ ਰਿਕਾਰਡ ਹੁੰਦਾ ਹੈ, ਨਾਲੇ ਤੁਹਾਨੂੰ ਸੱਚ ਦਾ ਪਤਾ ਲਗ ਜਾਵੇਗਾ, ਨਾਲੇ ਜਿਹੜੀ ਤੁਹਾਨੂੰ ਅਫਸਰਸ਼ਾਹੀ ਭੁਲੇਖੇ ਵਿੱਚ ਰੱਖਦੀ ਹੈ ਕਿ ਅਸੀਂ 10 ਘੰਟੇ ਦੇ ਆਰਡਰ ਕਰ ਦਿਤੇ ਹਨ ਤੁਹਾਨੂੰ ਸਾਰਾ ਪਤਾ ਲਗ ਜਾਵੇਗਾ। ਤੁਸੀਂ ਹਰ ਫੀਡਰ ਸੈਂਟਰ ਦਾ ਰਿਕਾਰਡ ਮੰਗਵਾ ਕੇ ਦੇਖੋ। ਹਰ ਫੀਡਰ ਸੈਂਟਰ ਜਿਹੜਾ ਖੇਤੀਬਾੜੀ ਨੂੰ ਬਿਜਲੀ ਦਿੰਦਾ ਹੈ ਉਸਦਾ ਬਕਾਇਦਾ ਉਥੇ ਰਿਕਾਰਡ ਰਜਿਸਟਰ ਵਿੱਚ ਦਰਜ ਕੀਤਾ ਜਾਂਦਾ ਹੈ। ਤੁਸੀਂ ਉਹ ਰਜਿਸਟਰ ਮੰਗਵਾ ਕੇ ਦੇਖੋ ਤੁਹਾਨੂੰ ਪਤਾ ਲੱਗੇਗਾ ਕਿ 10 ਘੰਟੇ ਬਿਜਲੀ ਦਿਤੀ ਜਾਂ 6 ਘੰਟੇ ਦੀ ਐਵਰੇਜ ਬਣੀ ਹੈ। ਅਸੀਂ ਆਪ ਚੈਕ ਕਰਦੇ ਰਹੇ ਹਾਂ ਕਿ ਕਿਸਾਨ ਨੂੰ ਹਰ ਰੋਜ਼ 8 ਘੰਟੇ ਬਿਜਲੀ ਮਿਲਣੀ ਚਾਹੀਦੀ ਹੈ ਅਤੇ ਮਹੀਨੇ ਦੀ 240 ਘੰਟੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਮਿਲਣੀ ਚਾਹੀਦੀ ਹੈ। ਜੇ ਇੱਕ ਦਿਨ ਫੀਡਰ ਖਰਾਬ ਹੋ ਜਾਵੇ ਤਾਂ ਅਗਲੇ ਦਿਨ ਵੱਧ ਬਿਜਲੀ ਦਿਤੀ ਜਾਵੇ ਅਤੇ ਪ੍ਰਤੀ ਮਹੀਨਾ 240 ਘੰਟੇ ਐਵਰੇਜ ਮੁਤਾਬਿਕ ਬਣਦੀ ਬਿਜਲੀ ਦਿੱਤੀ ਜਾਵੇ, ਚਾਰ ਮਹੀਨੇ ਝੋਨੇ ਦਾ ਸੀਜ਼ਨ ਹੁੰਦਾ ਹੈ। ਪਿਛਲੀ ਵਾਰੀ 300 ਘੰਟੇ ਦੀ ਐਵਰੇਜ ਆਈ ਹੈ। ਤੁਸੀਂ ਰਿਕਾਰਡ ਦੇਖ ਕੇ ਗੱਲ ਕਰੋ। ਫਿਰ ਹਾਊਸ ਵਿੱਚ ਗੱਲ ਕਰੋ ਕਿ ਰਿਕਾਰਡ ਮੁਤਾਬਕ ਕਿੰਨੇ ਘੰਟੇ ਬਿਜਲੀ ਦਿੱਤੀ ਹੈ। ਇਹ ਰਿਕਾਰਡ ਦੇਖੋ।

ਸਪੀਕਰ ਸਾਹਿਬ, ਮੈਂ ਇਹ ਬਜਟ ਸਾਰਾ ਪੜ੍ਹਿਆ ਹੈ ਪਰ ਬਜਟ ਵਿੱਚ ਕਿਤੇ ਵੀ 66 ਕੇ.ਵੀ. ਜਾਂ 132 ਕੇ.ਵੀ. ਗਰਿਡ ਸਟੇਸ਼ਨ ਲਗਾਉਣ ਦੀ ਗੱਲ ਨਹੀਂ ਕੀਤੀ ਗਈ। ਜਦੋਂ ਤੱਕ 66 ਕੇ.ਵੀ. 132 ਕੇ.ਵੀ. ਗਰਿਡ ਸਟੇਸ਼ਨ ਨਹੀਂ ਲਗਾਏ ਜਾਣਗੇ, ਬਿਜਲੀ ਘਰ ਨਹੀਂ ਬਣਾਏ ਜਾਣਗੇ, ਉਦੋਂ ਤੱਕ ਤੁਸੀਂ ਕਿਵੇਂ ਵੱਧ ਬਿਜਲੀ ਦਿਓਗੇ? ਇਸ ਲਈ ਇਹ ਬਿਜਲੀ ਘਰ ਬਣਾਉਣੇ ਪੈਣਗੇ ਤਾਂ ਹੀ ਵੱਧ ਬਿਜਲੀ ਦਿੱਤੀ ਜਾ ਸਕੇਗੀ। ਸਪੀਕਰ ਸਾਹਿਬ, ਇੰਨੇ ਸ਼ਬਦਾਂ ਨਾਲ ਮੈਂ ਸਾਰੇ ਪੱਖਾਂ ਨੂੰ ਵਿਚਾਰਦਾ ਹੋਇਆ ਆਪਣਾ ਲੈਕਚਰ ਬੰਦ ਕਰਦਾ ਹਾਂ। ਵਿੱਤ ਮੰਤਰੀ ਜੀ ਸਾਰੇ ਪੱਖਾਂ ਨੂੰ ਸਮਝਣ। ਮੈਂ ਸਮਝਦਾ ਹਾਂ ਕਿ ਇਹ ਬਜਟ ਲੋਕਾਂ ਦੀਆਂ ਆਸਾਂ ਤੇ ਪੂਰਾ ਨਹੀਂ ਉਤਰਦਾ, ਇਹ ਖੋਖਲਾ ਬਜਟ ਹੈ ਅਤੇ ਲੋਕਾਂ ਦੀਆਂ ਆਸ਼ਾਵਾਂ ਮੁਤਾਬਕ ਨਹੀਂ ਹੈ। ਇਸ ਬਜਟ ਦੇ ਪਾਸ ਹੋਣ ਨਾਲ ਜੋ ਲੋਕਾਂ ਨਾਲ ਧੱਕਾ ਹੋਣਾ ਹੈ, ਉਹ ਤੁਹਾਡੇ ਸਾਹਮਣੇ ਆ ਜਾਣਾ ਹੈ। ਧੰਨਵਾਦ।

**ਸ਼੍ਰੀ ਰਾਜ ਕੁਮਾਰ (ਵੇਰਕਾ ਐਸ.ਸੀ.)** : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਦੇ ਹੱਕ ਵਿੱਚ ਬੋਲਣ ਦੀ ਇਜਾਜ਼ਤ ਦਿੱਤੀ ਹੈ। ਵਿੱਤ ਮੰਤਰੀ ਜੀ ਨੇ ਜਿਹੜਾ ਇਹ ਬਜਟ ਪੇਸ਼ ਕੀਤਾ ਹੈ, ਇਸ ਵਿੱਚ ਕਾਫੀ ਸੁਧਾਰ ਕੀਤੇ ਗਏ ਹਨ। ਵੱਖ-ਵੱਖ ਮੈਂਬਰਾਂ ਵੱਲੋਂ ਇਸ ਵਿੱਚ ਆਪਣੀ ਰਾਏ ਵੀ ਦਿੱਤੀ ਗਈ ਹੈ, ਬਹਿਸ ਵੀ ਹੋਈ ਹੈ ਔਰ ਮੈਂ ਮਹਿਸੂਸ ਕਰਦਾ ਹਾਂ ਕਿ ਕਿਉਂਕਿ ਪੰਜਾਬ ਦੀ ਮਾਲੀ ਹਾਲਤ ਨੂੰ ਦੇਖਦਿਆਂ ਹੋਇਆਂ ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਜਿਸ ਵਕਤ ਇਸ ਸਰਕਾਰ ਨੇ ਆਪਣਾ ਰਾਜ ਭਾਗ ਸੰਭਾਲਿਆ ਸੀ ਉਸ ਵਕਤ ਪੰਜਾਬ ਦੀ ਦਸ਼ਾ ਬਹੁਤ ਤਰਸਯੋਗ ਸੀ। ਇਸ ਦਸ਼ਾ ਵਿੱਚ ਕੋਈ ਵੀ ਆਦਮੀ ਇਹ ਨਹੀਂ ਖੜ੍ਹਾ ਹੋ ਕੇ ਕਹਿ ਸਕਦਾ ਸੀ ਕਿ ਪੰਜਾਬ ਵਿੱਚ ਇਹ ਪਾਰਟੀ ਆਪਣੀ ਸਰਕਾਰ ਚਲਾ ਵੀ ਪਾਵੇਗੀ, ਕੀ ਪੰਜਾਬ ਦੇ ਮੁਲਾਜ਼ਮਾਂ ਨੂੰ ਤਨਖਾਹ ਵੀ ਦਿੱਤੀ ਜਾ ਸਕੇਗੀ? ਕਿਉਂਕਿ ਪੰਜਾਬ ਦੀ ਅਰਥ ਵਿਵਸਥਾ ਹੀ ਵਿਗੜੀ ਹੋਈ ਸੀ। ਮੈਂ ਮੁਬਾਰਕਬਾਦ ਦਿੰਦਾ ਹਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਔਰ ਖਜ਼ਾਨਾ ਮੰਤਰੀ ਸਰਦਾਰ ਲਾਲ ਸਿੰਘ ਜੀ ਨੂੰ ਜਿਨ੍ਹਾਂ ਨੇ ਪਟੜੀ ਤੋਂ ਉਤਰੀ ਗੱਡੀ ਨੂੰ ਫਿਰ ਪਟੜੀ ਤੇ ਲਿਆਂਦਾ ਹੈ। ਪੰਜਾਬ ਦੀ ਅਰਥ ਵਿਵਸਥਾ ਨੂੰ ਠੀਕ ਕੀਤਾ ਹੈ। ਸਿਰਫ ਠੀਕ ਹੀ ਨਹੀਂ ਕੀਤਾ ਸਗੋਂ ਇਸ ਨੂੰ ਤਰੀਕੇ ਨਾਲ, ਸੁਚਾਰੂ ਢੰਗ ਨਾਲ ਚਲਾਉਣ ਦਾ ਯਤਨ ਵੀ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਹ ਇਕ ਬੜਾ ਹੀ ਸ਼ਲਾਘਾਯੋਗ ਕਦਮ ਹੈ। ਨੁਕਤਾਚੀਨੀ ਕਰਨ ਵਾਲੇ ਆਪਣੇ ਵੀਰਾਂ ਨੂੰ ਕਹਿਣ ਚਾਹਵਾਂਗਾ ਕਿ ਤੁਸੀਂ ਕਿਸ ਤਰ੍ਹਾਂ ਦਾ ਪੰਜਾਬ ਇਸ ਸਰਕਾਰ ਨੂੰ ਸੌਂਪਿਆ ਸੀ। ਇਸ ਦੀ ਮਾੜੀ ਅਰਥ ਵਿਵਸਥਾ ਲਈ ਕੌਣ ਜ਼ੁੰਮੇਵਾਰ ਸਨ? ਪੰਜਾਬ ਦੀ ਕੀ ਦਸ਼ਾ ਸੀ? ਇਸ ਨੂੰ ਭੁੱਲਣਾ ਨਹੀਂ ਚਾਹੀਦਾ। ਮੈਂ ਇਹ ਗੱਲ ਕਹਾਂਗਾ ਕਿ ਚਾਹੇ ਕੋਆਪ੍ਰੇਟਿਵ ਸਿਸਟਮ ਦੀ ਗੱਲ ਕਰੋ, ਐਗਰੀਕਲਚਰ ਸਿਸਟਮ ਦੀ ਗੱਲ ਕਰੋ, ਇੰਡਸਟਰੀ ਦੀ ਗੱਲ ਕਰੋ, ਮੈਂ ਪ੍ਰਸੰਸਾ ਕਰਦਾ ਹਾਂ ਪੰਜਾਬ ਦੇ ਖਜ਼ਾਨਾ ਮੰਤਰੀ ਜੀ ਦੀ ਜਿਨ੍ਹਾਂ ਨੇ ਪੰਜਾਬ ਦੀ ਨਬਜ਼ ਨੂੰ ਪਛਾਣਿਆ, ਪੰਜਾਬ ਦੇ ਲੋਕਾਂ ਦੀ ਨਬਜ਼ ਤੇ ਹੱਥ ਰੱਖਿਆ ਔਰ ਸੁਧਾਰ ਲਿਆਉਣ ਦੀ ਗੱਲ ਕੀਤੀ। ਮੈਂ ਇਹ ਗੱਲ ਕਹਾਂਗਾ ਕਿ ਸਾਰੀ ਅਰਥ ਵਿਵਸਥਾ

Original with;
Punjab Vidhan Sabha
Digitized by:

ਰਾਤੋ ਰਾਤ ਠੀਕ ਨਹੀਂ ਹੋ ਜਾਂਦੀ। ਇਹ ਜਲਦੀ ਠੀਕ ਹੋਣ ਵਾਲੀ ਨਹੀਂ ਪਰ ਇਸ ਵਿੱਚ ਜਾਨ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਮੈਂ ਇਸ ਦੀ ਸ਼ਲਾਘਾ ਕਰਦਾ ਹਾਂ। ਐਗਰੀਕਲਚਰਲ ਸਿਸਟਮ ਬਿਲਕੁਲ ਫੇਲ੍ਹ ਹੋ ਗਿਆ ਸੀ। ਬਾਹਰ ਤੋਂ ਕੰਪਨੀਆਂ ਨੂੰ ਕਾਲ ਕੀਤਾ ਗਿਆ ਸੀ, ਕੇਂਦਰੀ ਸਰਕਾਰ ਵਲੋਂ ਵੀ ਇਹ ਗੱਲ ਕਹੀ ਗਈ ਸੀ ਕਿ ਇਹ ਜਿਹੜਾ W.T.O. ਦਾ ਸਮਝੌਤਾ ਸੀ, ਉਹ ਕਾਂਗਰਸ ਦੀ ਉਸ ਵੇਲੇ ਦੀ ਸਰਕਾਰ ਨੇ ਕੀਤਾ ਸੀ ਲੇਕਿਨ ਮੈਂ ਹਾਊਸ ਦੀ ਜਾਣਕਾਰੀ ਲਈ ਇਹ ਗੱਲ ਵੀ ਦੱਸਣੀ ਚਾਹੁੰਦਾ ਹਾਂ ਕਿ ਉਸ ਵਕਤ ਕੇਂਦਰ ਵਿੱਚ ਜਿਹੜੀ ਕਾਂਗਰਸ ਦੀ ਸਰਕਾਰ ਸੀ, ਉਸ ਵੇਲੇ ਚਾਰ ਚੀਜ਼ਾਂ ਤੇ ਸਮਝੌਤਾ ਹੋਇਆ ਸੀ। ਚਾਰ ਚੀਜ਼ਾਂ ਤੇ ਸਮਝੌਤਾ ਸੀ ਕਿ ਤੁਸੀਂ ਸਾਡੀਆਂ ਰੇਲ ਪਟੜੀਆਂ ਬਣਾਵੋਗੇ। ਸਾਡੇ ਹਵਾਈ ਜਹਾਜ਼ਾਂ ਦੀਆਂ ਪਟੜੀਆਂ ਬਣਾਵੋਗੇ। ਸਾਡੇ ਬਿਜਲੀ ਦੇ ਕਾਰਖਾਨੇ ਲਗਾਵੋਗੇ ਔਰ ਇਹ ਕਿਸੇ ਸਮਝੌਤਾ ਨਹੀਂ ਕੀਤਾ ਸੀ ਕਿ ਤੁਸੀਂ ਸਾਰੀਆਂ ਕੰਪਨੀਆਂ ਨੂੰ ਇਥੇ ਕਾਲ ਕਰ ਲਵੋ। 12,000 ਕੰਪਨੀਆਂ ਨੂੰ ਕਾਲ ਕੀਤਾ ਗਿਆ ਹੈ। ਇਹ ਕਿਸ ਸਰਕਾਰ ਨੇ ਕਾਲ ਕੀਤਾ ਹੈ? ਸਾਡੇ ਕੋਆਪ੍ਰੇਟਿਵ ਸਿਸਟਮ ਨੂੰ ਫੇਲ੍ਹ ਕਰਨ ਦੀ ਕੋਸ਼ਿਸ਼ ਕਿਸ ਨੇ ਕੀਤੀ ਹੈ? ਸਾਡੇ ਐਗਰੀਕਲਚਰਲ ਸਿਸਟਮ ਨੂੰ ਸੱਟ ਮਾਰਨ ਲਈ ਕੌਣ ਜ਼ਿੰਮੇਵਾਰ ਹੈ? ਮੈਂ ਇਹ ਗੱਲ ਕਹਿਣੀ ਚਾਹਾਂਗਾ ਕਿ ਮੈਂ ਵਧਾਈ ਦਿੰਦਾ ਹਾਂ, ਜਿਹੜੇ ਸਾਡੇ ਪੰਜਾਬ ਵਿੱਚ ਕਾਂਗਰਸ ਦੇ ਮੈਂਬਰ ਪਾਰਲੀਮੈਂਟ ਹਨ, ਉਨ੍ਹਾਂ ਨੇ ਪਾਰਲੀਮੈਂਟ ਵਿੱਚ ਧਰਨਾ ਦਿੱਤਾ ਕਿ ਅਸੀਂ ਇਸ ਸਿਸਟਮ ਨੂੰ ਲਾਗੂ ਨਹੀਂ ਹੋਣ ਦੇਣਾ ਅਤੇ ਉਹ ਲਾਗੂ ਨਹੀਂ ਹੋਣ ਦਿੱਤਾ ਅਤੇ ਕਿਹਾ ਕਿ ਉਸ ਤੇ 50 ਫੀਸਦੀ ਟੈਕਸ ਲਗਾਓ। ਉਸ ਦਾ ਕਾਰਨ ਸੀ ਕਿ ਅੱਜ ਸਾਡਾ ਪੰਜਾਬ ਦਾ ਕੋਆਪ੍ਰੇਟਿਵ ਸਿਸਟਮ ਅਤੇ ਐਗਰੀਕਲਚਰਲ ਸਿਸਟਮ ਬਚਿਆ ਹੋਇਆ ਹੈ। ਮੈਂ ਸਰਦਾਰ ਲਾਲ ਸਿੰਘ ਹੋਰਾਂ ਨੂੰ ਬੇਨਤੀ ਕਰਾਂਗਾ ਕਿ ਇਹ ਜਿਹੜੀ ਐਗਰੀਕਲਚਰਲ ਸਿਸਟਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੀ ਕੋਸ਼ਿਸ਼ ਕੀਤੀ ਹੈ, ਉਸ ਸਿਸਟਮ ਵਿੱਚ ਜਿਹੜਾ ਇਨ੍ਹਾਂ ਨੇ ਟੈਕਸ ਵਾਪਸ ਲਿਆ ਹੈ, ਉਸ ਨਾਲ ਕਿਸਾਨਾਂ ਨੂੰ ਬਹੁਤ ਫਾਇਦਾ ਪਹੁੰਚੇਗਾ। ਸਾਡੇ ਕੋਆਪਰੇਟਿਵ ਸਿਸਟਮ ਵਿੱਚ ਵੀ ਉਤਪਾਦਨ ਦੇ ਉਪਰ ਟੈਕਸ ਦੇ ਵਿੱਚ ਰਿਲੀਫ਼ ਦੇ ਕੇ ਮੈਂ ਸਮਝਦਾ ਹਾਂ ਪੰਜਾਬ ਦੇ ਕਿਸਾਨ ਨੂੰ ਬੜਾ ਵੱਡਾ ਰਿਲੀਫ ਮਿਲਿਆ ਹੈ। ਇਸ ਤੋਂ ਇਲਾਵਾ ਇਥੇ ਜਿਹੜੀ ਬਹੁਤ ਜ਼ਿਆਦਾ ਲੰਬੇ ਸਮੇਂ ਤੋਂ ਕਿਸਾਨਾਂ ਦੇ ਗੰਨੇ ਦੀਆਂ ਕੀਮਤਾਂ ਦੀ ਗੱਲ ਕੀਤੀ ਗਈ ਸੀ, ਕਿਸਾਨਾਂ ਦੇ ਗੰਨੇ ਦੇ ਬਕਾਏ ਦੀ ਗੱਲ ਕੀਤੀ ਗਈ ਸੀ, ਉਸ ਦੇ ਵਿੱਚ ਵੀ ਸਰਦਾਰ ਲਾਲ ਸਿੰਘ ਜੀ ਦੀ ਬਹੁਤ ਦੂਰ ਅੰਦੇਸ਼ੀ ਵਾਲੀ ਸੋਚ ਸੀ। ਅੱਜ ਜੋ ਕਿਸਾਨਾਂ ਦੇ ਉਪਰ ਬਕਾਇਆ ਸੀ, ਉਹ ਵੀ ਬਹੁਤ ਸਾਰਾ ਬਕਾਇਆ ਲਾਹਿਆ ਹੈ। ਇੰਡਸਟਰੀ ਸੈਕਟਰ ਵਿੱਚ ਵੀ ਬਹੁਤ ਸਾਰੇ ਰਿਲੀਫ ਦਿੱਤੇ ਹਨ। ਮੈਂ ਸਮਝਦਾ ਹਾਂ ਇਹ ਵੀ ਇਨ੍ਹਾਂ ਦਾ ਸ਼ਲਾਘਾਯੋਗ ਕਦਮ ਹੈ। ਖਾਸ ਕਰਕੇ ਕਰਮਚਾਰੀਆਂ ਵਾਸਤੇ ਵੀ ਇਨ੍ਹਾਂ ਨੇ ਵੱਖ-ਵੱਖ ਰਿਆਇਤਾਂ ਦੇ ਕੇ ਮੈਂ ਸਮਝਦਾ ਹਾਂ ਕਿ ਇਸ ਵਰਗ ਨੂੰ ਬਹੁਤ ਸਾਰਾ ਰਿਲੀਫ਼ ਦਿੱਤਾ ਹੈ। ਖਾਸ ਕਰਕੇ ਦਲਿਤਾਂ ਵਾਸਤੇ ਬਹੁਤ ਸਾਰੇ ਨਵੇਂ ਪ੍ਰੋਗਰਾਮ ਇਸ ਬਜਟ ਵਿੱਚ ਆਏ ਹਨ। ਮੈਂ ਹਾਊਸ ਵਿੱਚ ਆਪਣੇ ਸਾਰੇ ਵੀਰਾਂ ਨੂੰ ਬੇਨਤੀ ਕਰਦਾ ਹਾਂ ਕਿ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਾਸਤੇ ਇਸ ਸਰਕਾਰ ਦਾ ਸਹਿਯੋਗ ਦੇਣਾ ਚਾਹੀਦਾ ਹੈ, ਆਪਣੇ ਸਹੀ ਮਸ਼ਵਰੇ ਦੇਣੇ ਚਾਹੀਦੇ ਹਨ, ਸਹੀ ਰਾਏ ਦੇਣੀ ਚਾਹੀਦੀ ਹੈ ਅਤੇ ਹਾਊਸ ਨੂੰ ਮਿਸਗਾਈਡ ਨਹੀਂ ਕਰਨਾ ਚਾਹੀਦਾ। ਜੇਕਰ ਅੱਜ ਹਾਊਸ ਵਿੱਚ ਮੇਰੇ ਵੀਰਾਂ ਨੇ ਕਿਹਾ ਹੈ ਕਿ ਇਥੇ ਟੀਚਰਾਂ ਦੀ ਕਮੀ ਹੈ, ਹੈਡ-ਮਾਸਟਰਾਂ ਦੀ ਕਮੀ ਹੈ, ਪ੍ਰਿੰਸੀਪਲਾਂ ਦੀ ਕਮੀ ਹੈ, ਡਾਕਟਰਾਂ ਦੀ ਕਮੀ ਹੈ। ਕੀ ਇਹ ਸਾਡੀ ਕਮੀ ਇੱਕ ਸਾਲ ਦੇ ਵਿੱਚ ਹੀ ਆ ਗਈ? ਇਸੇ ਸਾਲ ਵਿੱਚ ਹੀ ਇਹ ਸਾਰੀਆਂ ਬਿਮਾਰੀਆਂ ਆਈਆਂ ਹਨ? ਇਹ ਤਾਂ ਤੁਹਾਡੀਆਂ ਦਿੱਤੀਆਂ ਹੋਈਆਂ ਬਿਮਾਰੀਆਂ ਦਾ ਬੋਝ ਜੋ ਇਸ ਸਰਕਾਰ ਦੇ ਸਿਰ ਤੇ ਪਿਆ ਸੀ, ਇਹ ਸਰਕਾਰ ਉਸ ਨੂੰ ਅਹਿਸਤਾ ਅਹਿਸਤਾ ਲਾਹ ਰਹੀ ਹੈ। ਮੈਂ ਇਸ ਸਰਕਾਰ ਦਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਾਜ ਕੁਮਾਰ]

ਧੰਨਵਾਦ ਕਰਦਾ ਹਾਂ ਕਿ ਤੁਹਾਡੇ ਵੱਲੋਂ ਦਿੱਤੇ ਹੋਏ ਏਡੇ ਵੱਡੇ ਬੋਝ ਨੂੰ ਇਹ ਸਰਕਾਰ ਉਤਾਰਨ ਜਾ ਰਹੀ ਹੈ। ਇਸ ਸਰਕਾਰ ਦਾ ਤੁਹਾਨੂੰ ਸਾਰਿਆਂ ਨੂੰ ਧੰਨਵਾਦ ਕਰਨਾ ਚਾਹੀਦਾ ਹੈ ਕਿ ਇਨ੍ਹਾਂ ਨੇ ਇਸ ਦਾ ਉਪਰਾਲਾ ਕੀਤਾ ਹੈ। ਜਿਥੋਂ ਤੱਕ ਟੀਚਰਾਂ ਦਾ ਜਿਕਰ ਕੀਤਾ ਹੈ ਕਿ ਇਥੇ ਸਕੂਲਾਂ ਵਿੱਚ ਟੀਚਰ ਨਹੀਂ ਹਨ, ਖਜ਼ਾਨਾ ਮੰਤਰੀ ਜੀ ਨੇ ਉਸ ਦਾ ਵੀ ਉਪਰਾਲਾ ਕੀਤਾ ਹੈ। ਹੁਣ ਅਗਲੇ ਸਾਲ ਦੇ ਵਿੱਚ ਇਨ੍ਹਾਂ ਨੇ ਕਿਹਾ ਹੈ ਕਿਉਂਕਿ ਪਹਿਲਾਂ ਸਾਲ ਤਾਂ ਖੱਜਲ ਖੁਆਰੀ ਵਿੱਚ ਹੀ ਲੰਘ ਗਿਆ। (ਹਾਸਾ) (ਵਿਘਨ).....ਉਸ ਸਾਲ ਤਾਂ ਮੁਲਾਜ਼ਮਾਂ ਨੂੰ ਤਨਖਾਹ ਦੇਣ ਦਾ ਪੈਸਾ ਵੀ ਨਹੀਂ ਸੀ, ਉਸ ਦਾ ਇੰਤਜ਼ਾਮ ਕਰਨ ਵਿੱਚ ਲੱਗੇ ਰਹੇ। ਹੁਣ ਸੁਧਾਰ ਆ ਰਹੇ ਹਨ ਅਤੇ ਇਨ੍ਹਾਂ ਸੁਧਾਰਾਂ ਨੂੰ ਤੁਸੀਂ ਅਹਿਸਤਾ ਅਹਿਸਤਾ ਵੇਖੋ......(ਵਿਘਨ)

**Mr. Speaker** : No running commentary please.

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਸਾਡੇ ਮੈਂਬਰ ਸਾਹਿਬ ਪਹਿਲੀ ਵਾਰੀ ਬੋਲ ਰਹੇ ਹਨ। ..(ਵਿਘਨ) ਪਲੀਜ਼, ਤੁਸੀਂ ਸੁਣੋ। ਜਦੋਂ ਤੁਸੀਂ ਬੋਲੋਗੇ ਤਾਂ ਅਸੀਂ ਬਿਲਕੁੱਲ ਇੰਟਰਪਟ ਨਹੀਂ ਕਰਾਂਗੇ। ਤੁਸੀਂ ਮਜ਼ਾਕ ਨਾ ਉਡਾਓ।

**ਸ਼੍ਰੀ ਰਾਜ ਕੁਮਾਰ** : ਮੈਂ ਇਸ ਸਰਕਾਰ ਦਾ ਇਸ ਗੱਲ ਲਈ ਧੰਨਵਾਦ ਕਰਦਾ ਹਾਂ ਕਿ ਇਸ ਸਰਕਾਰ ਨੇ ਕੋਸ਼ਿਸ਼ ਕਰਕੇ ਪੰਜਾਬ ਦੀ ਅਰਥ ਵਿਵਸਥਾ ਨੂੰ ਠੀਕ ਕਰਨ ਵਾਸਤੇ ਉਪਰਾਲੇ ਕੀਤੇ ਹਨ ਔਰ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਪੰਜਾਬ ਖੁਸ਼ਹਾਲ ਹੋਵੇਗਾ ਔਰ ਪੰਜਾਬ ਦੇ ਵਿੱਚ ਜੋ ਪਿਛਲੀ ਸਰਕਾਰ ਨੇ ਹੂਕਾਂ ਤੇ ਕੂਕਾਂ ਦਾ ਵਿਹੜਾ ਬਣਾ ਕੇ ਇਸ ਸਰਕਾਰ ਨੂੰ ਸੌਂਪਿਆ ਹੈ, ਕਾਂਗਰਸ ਪਾਰਟੀ ਦੀ ਸਰਕਾਰ ਨੂੰ ਹੂਕਾਂ ਤੇ ਕੂਕਾਂ ਦਾ ਵਿਹੜਾ ਸੌਂਪਿਆ ਗਿਆ ਹੈ, ਸਪੀਕਰ ਸਾਹਿਬ, ਇਹ ਸਰਕਾਰ ਅਗਲੇ ਪੰਜ ਸਾਲਾਂ ਦੇ ਵਿੱਚ ਪੰਜਾਬ ਦੇ ਵਿੱਚ ਗਿੱਧੇ ਤੇ ਭੰਗੜਿਆਂ ਦੀ ਖੁਸ਼ਹਾਲੀ ਲੈ ਕੇ ਆਵੇਗੀ ਕਿਉਂਕਿ ਇਸ ਸਰਕਾਰ ਨੇ ਹਮੇਸ਼ਾ ਹੀ ਦਲਿਤਾਂ ਦੀ ਗੱਲ ਕੀਤੀ ਹੈ, ਕਿਸਾਨਾਂ ਦੀ ਅਗਵਾਈ ਕੀਤੀ ਹੈ, ਇੰਡਸਟਰੀ ਦੀ ਅਗਵਾਈ ਕੀਤੀ ਹੈ। ਕਾਂਗਰਸ ਪਾਰਟੀ ਦਾ ਨਾਮ ਹੀ ਮੂਵਮੈਂਟ ਹੈ, ਸੰਘਰਸ਼ ਨਾਮ ਹੀ ਕਾਂਗਰਸ ਦਾ ਹੈ, ਗਰੀਬ ਨਾਮ ਹੀ ਕਾਂਗਰਸ ਦਾ ਹੈ ਜੋ ਸਰਕਾਰ ਨੇ ਉਪਰਾਲੇ ਕੀਤੇ ਹਨ, ਇਹ ਬਹੁਤ ਹੀ ਸ਼ਲਾਘਾਯੋਗ ਹਨ ਔਰ ਇਸ ਦੇ ਵਿੱਚ ਸਾਨੂੰ ਸਾਰਿਆਂ ਨੂੰ ਸਹਿਯੋਗ ਕਰਨਾ ਚਾਹੀਦਾ ਹੈ, ਇਸ ਦੀ ਤਾਰੀਫ ਕਰਨੀ ਚਾਹੀਦੀ ਹੈ ਔਰ ਜੋ ਪਿਛਲਾ ਬੋਝ ਬਹੁਤ ਸਾਰਾ ਪੰਜਾਬ ਦੇ ਉਤੇ ਸੀ ਉਹ ਹੁਣ ਘਟਦਾ ਜਾ ਰਿਹਾ ਹੈ ਔਰ ਵੱਖ-ਵੱਖ ਮਹਿਕਮਿਆਂ ਦੇ ਵਿਚ ਅੱਜ ਤੁਸੀਂ ਝਾਤੀ ਮਾਰ ਕੇ ਦੇਖੋ ਕਿ ਜੋ ਪਟੜੀ ਗੱਡੀ ਤੋਂ ਉਤਰੀ ਹੋਈ ਸੀ ਉਹ ਗੱਡੀ ਅੱਜ ਦੁਬਾਰਾ ਪਟੜੀ ਤੇ ਚਲ ਰਹੀ ਹੈ। ਮੇਰੇ ਸਾਥੀ (ਆਪੋਜ਼ੀਸ਼ਨ ਵੱਲ ਇਸ਼ਾਰਾ) ਨਰਵਸ ਹਨ ਕਿਉਂਕਿ ਇਹ ਪਿਛਲੇ ਪੰਜਾਂ ਸਾਲਾਂ ਦੇ ਵਿੱਚ, ਜੋ ਇਨ੍ਹਾਂ ਨੇ ਸਰਕਾਰ ਚਲਾਈ ਸੀ ਉਸ ਦਾ ਸਾਰਾ ਕੁਝ ਛੱਡ ਕੇ ਇਹ ਭੱਜ ਗਏ ਸਨ ਔਰ ਇਨ੍ਹਾਂ ਦੇ ਕੋਲ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਦੇ ਲਈ ਵੀ ਪੈਸ਼ਾ ਨਹੀਂ ਸੀ, ਸਰਕਾਰੀ ਸਕੂਲਾਂ ਦਾ ਬੁਰਾ ਹਾਲ ਸੀ, ਸਰਕਾਰੀ ਹਸਪਤਾਲਾਂ ਦਾ ਬੁਰਾ ਹਾਲ ਸੀ, ਇੰਡਸਟਰੀਆਂ ਬੰਦ ਹੋ ਗਈਆਂ ਸਨ, ਗਰੀਬਾਂ ਦੀਆਂ ਪੈਨਸ਼ਨਾਂ ਬੰਦ ਹੋ ਗਈਆਂ ਸਨ। ਸੋ, ਇਸ ਤਰ੍ਹਾਂ ਇਹ ਪੰਜਾਬ ਵਿਚ ਸਾਰਾ ਕੁਝ ਖਰਾਬ ਕਰਕੇ ਭੱਜ ਗਏ ਸਨ। ਅੱਜ ਤੁਸੀਂ ਦੇਖੋਗੇ ਕਿ ਪੰਜਾਬ ਦੇ ਵਿਚ ਅਸਲ ਸਰਕਾਰ ਜੋ ਕੰਮ ਕਰ ਰਹੀ ਹੈ ਉਹ ਕਾਂਗਰਸ ਦੀ ਸਰਕਾਰ ਹੀ ਹੈ। ਅੱਜ ਪੰਜਾਬ ਦੇ ਲੋਕ ਮਹਿਸੂਸ ਕਰਦੇ ਹਨ ਕਿ ਅੱਜ ਅਸਲ ਵਿਚ ਕਾਂਗਰਸ ਦੀ ਵਧੀਆ ਸਰਕਾਰ ਆਈ ਹੈ। ਇਸ ਸਰਕਾਰ ਨੇ ਗਰਾਸ ਰੂਟ ਉਤੇ ਹੋਰ ਗੱਲਾਂ ਦੇ ਉਤੇ ਝਾਤੀ ਮਾਰ ਕੇ ਵੇਖ ਲਵੋ ਚਾਹੇ ਉਹ ਪੰਚਾਇਤਾਂ ਦੀਆਂ ਇਲੈਕਸ਼ਨਾਂ ਸਨ, ਬਲਾਕ ਸੰਮਤੀ ਦੀਆਂ ਇਲੈਕਸ਼ਨਾਂ ਸਨ, ਮਿਊਂਸਿਪਲ ਕਮੇਟੀ ਦੀਆਂ ਇਲੈਕਸ਼ਨਾਂ ਸਨ, ਜ਼ਿਲ੍ਹਾ ਪ੍ਰੀਸ਼ਦ ਦੀਆਂ ਇਲੈਕਸ਼ਨਾਂ ਸਨ, ਸਾਰੇ ਗਰਾਸ ਰੂਟ ਤੇ ਜਾ ਕੇ ਤਮਾਮ ਲੋਕਾਂ ਨੇ ਕਾਂਗਰਸ ਸਰਕਾਰ ਨੂੰ ਰਾਜ ਸੌਂਪਿਆ ਹੈ। ਇਹ ਪਿਛਲੇ ਪੰਜਾਂ ਸਾਲਾਂ

Original with;
Punjab Vidhan Sabha
Digitized by;

ਦੇ ਵਿੱਚ ਲੋਕਾਂ ਤੱਕ ਜਮਹੂਰੀ ਢਾਂਚਾ ਕਾਇਮ ਨਹੀਂ ਸਨ ਕਰ ਸਕੇ, ਲੋਕ ਰਾਜੀ ਢਾਂਚਾ ਕਾਇਮ ਨਹੀਂ ਸਨ ਕਰ ਸਕੇ ਪਰ ਅੱਜ ਕਾਂਗਰਸ ਪਾਰਟੀ ਨੇ ਇਹ ਢਾਂਚਾ ਕਾਇਮ ਕੀਤਾ ਹੈ। ਅੱਜ ਜੇਕਰ ਕਿਤੇ ਦੋ ਚਾਰ ਜਗ੍ਹਾ ਦੇ ਉਤੇ ਮਿਊਂਸੀਪੈਲਟੀ ਦੀਆਂ ਕਮੇਟੀਆਂ ਦੇ ਵਿੱਚ ਕਿਸੇ ਪਾਰਟੀ ਦੇ ਮੈਂਬਰ ਘੱਟ ਵਧ ਗਏ ਤਾਂ ਇਨ੍ਹਾਂ ਨੇ ਇਸ ਗੱਲ ਨੂੰ ਲੈ ਕੇ ਹੀ ਵਾ-ਵਰੋਲਾ ਖੜ੍ਹਾ ਕਰ ਦਿੱਤਾ ਪਰ ਅਸਲ ਵਿੱਚ ਕਾਂਗਰਸ ਪਾਰਟੀ ਨੂੰ ਔਰ ਇਸ ਦੀ ਸਰਕਾਰ ਨੂੰ ਇਸ ਗੱਲ ਦੀ ਵਧਾਈ ਦਿੱਤੀ ਜਾਵੇ ਕਿ ਇਸ ਨੇ ਅਰਥ ਵਿਵਸਥਾ ਨੂੰ ਠੀਕ ਕੀਤਾ ਹੈ ਔਰ ਅੱਜ ਇਹ (ਵਿਰੋਧੀ ਧਿਰ ਵੱਲ ਇਸ਼ਾਰਾ) ਇਸ ਕਰਕੇ ਛੜ੍ਹ ਫੜ੍ਹਾ ਰਹੇ ਹਨ ਕਿਉਂਕਿ ਇਨ੍ਹਾਂ ਨੂੰ ਨਾ ਤਾਂ ਬਲਾਕ ਸੰਮਤੀ ਦੇ ਵਿੱਚ, ਨਾ ਹੀ ਜ਼ਿਲ੍ਹਾ ਪ੍ਰੀਸ਼ਦਾਂ ਦੇ ਵਿੱਚ ਔਰ ਨਾ ਹੀ ਮਿਊਂਸਪਲ ਕਮੇਟੀਆਂ ਦੇ ਵਿੱਚ ਕੋਈ ਸਫਲਤਾ ਹਾਸਲ ਹੋਈ ਹੈ। ਹੁਣ ਇਹ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਦੀ ਗੱਲ ਕਰਦੇ ਹਨ। ਇਸ ਵਾਸਤੇ ਸਾਡੀ ਕਾਂਗਰਸ ਪਾਰਟੀ ਐਕਸਪੈਕਟ ਕਰਦੀ ਹੈ ਕਿ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਵੀ ਕੋਈ ਦੂਰ ਨਹੀਂ ਹਨ ਉਸ ਦੇ ਵਿੱਚ ਵੀ ਅਸੀਂ ਕਾਮਯਾਬ ਹੋਵਾਂਗੇ। ਜੋ ਅਸਲ ਮੁੱਦਾ ਹੈ, ਔਰ ਜਿਹੜਾ ਇਹ ਬਜਟ ਹੈ ਇਹ ਬਹੁਤ ਵਧੀਆ ਬਜਟ ਹੈ, ਅਸੀਂ ਇਸ ਦੀ ਤਾਰੀਫ ਕਰਦੇ ਹਾਂ ਤੇ ਆਉਣ ਵਾਲੇ ਸਮੇਂ ਦੇ ਵਿਚ ਵੀ ਸਾਨੂੰ ਸਾਰਿਆਂ ਨੂੰ ਖਜ਼ਾਨਾ ਮੰਤਰੀ ਜੀ ਦਾ ਸਾਥ ਦੇਣਾ ਚਾਹੀਦਾ ਹੈ ਔਰ ਸਾਰੇ ਮੈਂਬਰ ਸਾਹਿਬਾਨ ਆਪਣੇ-ਆਪਣੇ ਵਲੋਂ ਰਾਏ ਤੇ ਮਸ਼ਵਰੇ ਦੇਣ ਤਾਂਕਿ ਆਉਣ ਵਾਲੇ ਸਮੇਂ ਦੇ ਵਿੱਚ ਹੋਰ ਸੁਧਾਰ ਹੋ ਸਕੇ। ਸਾਨੂੰ ਆਸ ਹੈ ਕਿ ਇਸ ਬਜਟ ਦੇ ਨਾਲ ਆਉਣ ਵਾਲੇ ਸਮੇਂ ਦੇ ਵਿਚ ਹੋਰ ਵੀ ਸੁਧਾਰ ਆਵੇਗਾ। ਮੈਂ ਇਸ ਬਜਟ ਦੀ ਤਾਰੀਫ ਕਰਦਾ ਹਾਂ। ਜੈ ਹਿੰਦ।

**श्री अशोक शर्मा (पठानकोट)** : आदरणीय स्पीकर साहिब, मैं आप का बहुत-बहुत धन्यवाद करता हूँ कि आप ने मुझे इस बजट के ऊपर बोलने और इसकी तारीफ करने का मौका दिया है। स्पीकर साहिब, मैं बजट के ऊपर अपने साथियों के और आपोज़ीशन के जो हमारे साथी हैं उनके विचार बड़े ध्यान से सुन रहा था। मैंने यह देखा है कि हमने एक नीति ही बना ली है कि विरोध के लिये विरोध ही करना है आपोज़ीशन के पास तो विरोध के लिये विरोध करना ही एक Point Programme बनकर रह गया है। इस सदन में बजट और गवर्नर साहिब का भाषण पेश किया गया है। उस पर और किसी important event पर बहस करनी है तो उस में अपना दृष्टिकोण ठीक होना चाहिये, सकारात्मक होना चाहिये। उसमें कोई दुष्ट भावना नहीं होनी चाहिये। इस दुष्ट भावना से हम सरकार का, लोगों का भला नहीं कर सकते। सरकार ने बजट में कई अच्छी स्कीमे निकाली हैं, उसके नतीजे भी अच्छे निकलेंगे पर मेरे Opposition के भाई इस बजट में खामियां ही निकाल रहे हैं और उन खामियों को उजागर करने की इस सदन में कोशिश की जा रही है। हर वित्त मन्त्री के बजट में उसकी बुद्धि और अनुभव की झलक मिलती है । बजट बनाने के वक्त हमेशा से ही यह कोशिश होती है कि हर तरीके से समाज के सभी लोगों को खुश किया जाये और लोगों की जितनी सहायता बजट कर सकता है उस की झलक बजट में मिलती है। इसलिये हमें सरकार की मदद करनी चाहिये, पर Opposition ने तो खामियां ही Point out करनी होती हैं। इस चीज़ की पीड़ा मैं काफी समय से सहन करता रहा हूँ। पंजाब का बजट पहले दो भागों में बंटा हुआ करता था एक Rural और एक Urban लेकिन यह बजट केवल Agriculture Friendly Rural based नहीं बल्कि यह Rural based and Urban based बजट है। इस खाई को मेरी सरकार ने पार किया है जिस को पिछली सरकार पार नहीं कर सकी

Original with;
Punjab Vidhan Sabha
Digitized by;

[ श्री अशोक शर्मा ]

थी। इस सरकार ने बजट में Powers को decentralize किया है, Development को decentralize किया है और इस तरह करके सरकार ने कोई बुरी बात नहीं की है। मैं तो कहता हूँ कि सरकार को हर चीज की decentralization कर देनी चाहिये और इस पर सरकार भी जोर दे रही है। क्या इस पर भी opposition की तरफ से comments करना ठीक है ? यह बिमारी हमें पिछली सरकार से प्राप्त हुई है हम इसे modernization में तबदील कर रहे हैं और सरकार इस रुकावट को दूर करने के लिये पैसे का इन्तजाम कर रही है। इसमें कौन सी बुरी बात है ? जिस इलाके से मैं चुन कर आया हूँ वह दो राज्यों में घिरा हुआ है। एक तरफ हिमाचल प्रदेश और दूसरी तरफ J&K लगता है। Central Govt. ने जो Industrial Packages इन States को दिया उस से मेरे इलाके की Industry तबाह हो रही है और Industry मेरे इलाके से H.P. और J&K में जा रही है जिस पर पिछली सरकार ने कोई ध्यान नहीं दिया और अब वित्त मन्त्री साहिब ने इस को बचाने के लिये अच्छे कदम उठाये हैं ताकि Industry की growth को Promote किया जा सके। इस तरफ पिछली सरकार ने कोई चिन्ता नहीं की थी। वित्त मन्त्री जी ने बजट में इस का प्रबन्ध किया है और Industrialist को Economic Package देने की बात की जा रही है ताकि वहां पर Industries Flourish हो सकें और पड़ोसी स्टेट में जो लोग जा रहे हैं, वह यहीं रुक जायें। और वह पंजाब में ही अपनी Industries को Set up करें। इसलिये सरकार ने अपनी New Industrial Policy का ऐलान किया है। क्या इस तरह करके सरकार ने कोई गलत काम किया है ? इस की सराहना आप को भी करनी चाहिये पर मुझे इन भाईयों की बातें सुन कर काफी पीड़ा हुई है। हमारे वित्त मंत्री जी ने इस दुःख-दर्द को महसूस किया जिस कारण सरकार पंजाब के लोगों के लिये यह नई Industrial Policy लेकर आई है। इसके लिये हमें सब को इस सरकार पर मान होना चाहिये। हमें यह भी सोचना चाहिए कि आज तक, क्या कारण है, कि हमारी योजनाओं के वे desired results नहीं मिले। इसका एक मात्र कारण है developed infrastructure का न होना। हमारी सरकार ने यह चिंता की है कि infrastructure develop होनी चाहिए। यह execution में delay होती है जिसकी वजह से cost बढ़ती है। Cost effective plan बनाने के लिए, Infrastructure को modernize करने की बात की गई है और इसके लिए फंडज़ उपलब्ध कराए हैं।

स्पीकर साहिब, मेरा मानना है कि एग्रीकल्चर के ऊपर ज्यादा ध्यान देना चाहिए क्योंकि हमारा यह जो सूबा है, हमारा प्रांत है, यह agriculture based है। उसके बारे में बात ज़्यादा करनी चाहिए और इस पर ज़्यादा ध्यान देना चाहिए। लेकिन अगर इस पर बार-बार ध्यान देते हुए हमारे सम्मानीय वित्त मंत्री जी ने शहरी क्षेत्रों में PUDA के द्वारा Housing Development Schemes द्वारा कुछ constraint किया है, slum areas के लिए रुपये की व्यवस्था की है, तो क्या यह गलत हो गया ? स्पीकर साहिब, एक तर्क के आधार पर ही सारी बातें नहीं हो सकती क्योंकि मैं मानकर चलता हूँ कि तर्क के आधार पर कई बार सच भी झुठलाया जा सकता है। लेकिन तर्क को भी positive response में देखकर जो होने जा रहा है, उसमें

Original with;
Punjab Vidhan Sabha
Digitized by;

क्या गलत है क्या ठीक है, फिर जो कहा जा सकता हो, वही कहना चाहिए। परन्तु यह कहना कि जो बजट सरकार ने पेश किया है, उसमें कुछ भी नहीं, ऐसा कुछ नहीं है क्योंकि यह वह बजट है जिसमें स्टेट के अंदर comprehensive growth के ऊपर ज़ोर डाला गया है। स्पीकार साहिब, पूरा और सर्वांगीन विकास इस बजट के द्वारा achieve होने वाला है । मैं शायद अपना शब्द पूरी तरह कह सकता हूँ कि comprehensive growth का target इस बजट के द्वारा achieve होगा। यह मेरा पूर्ण विश्वास है। (थंपिंग)।

स्पीकर साहिब, आपोज़ीशन की तरफ बैठे हुए अपने सम्मानीय बड़ों के आगे, और अपनी उम्र के सभी भाईयों के आगे मैं प्रार्थना करता हूँ कि वे बजट ही नहीं, हर ग्राफ को कृप्या positive contents में देखकर उस ढंग से बात करें तो हमें भी लगेगा कि कोई positive suggestions दी जा रही हैं जो हमारे ध्यान में भी नहीं थीं। सिर्फ तर्क और आंकड़ों के आधार पर न जाएं। मेरा यह भी मानना है कि इस बजट के द्वारा हमारी कांग्रेस सरकार जो target achieve करना चाहती थी, उसको काफी हद तक achieve कर चुकी है और अब पूरी दिलेरी के साथ हमारे साथियों ने कहा है कि इस वर्ष को यह विकास वर्ष कहने जा रहे हैं। क्या कोई कल्पना कर सकता है कि एक पूरा वर्ष जिसे विकास वर्ष कहा जाता, उसे यह क्यों नहीं कह पाए ? इसके लिए कौन जिम्मेवार है ? जैसे ही हमने सरकार की बागडोर संभाली, हमें बता दिया गया कि सरकारी खज़ाने में पैसा नहीं है। इसके क्या कारण थे ? क्या हमें अच्छा लगता था कि हम populist measures न लेते ? क्या pensioners की सुविधाओं में कटौती करना हमें अच्छा लगता था ? क्या हमें अच्छा लगता था कि हम अपने employee भाईयों की सुविधाओं में कटौती करके उनका विरोध सुनते ? कौन राजनीति के अंदर ये बातें चाहता है ? हर कोई यही चाहता है कि इस प्रकार के काम करके वाह-वाह ली जाए। यह काम हमें क्यों करने पड़े और इसके लिए कौन ज़िम्मेवार है ? अगर इस तरीके से non-plan expenditure होते रहेंगे तो स्टेट का यही हाल होना था और हुआ। मैं इसके लिए केन्द्रीय सरकार को भी ज़िम्मेवार ठहराता हूँ जिसकी एक भूमिका है। वह भी अपनी भूमिका नहीं निभा पाई । और इस के बाद अगर पंजाब के लोगों ने सरकार बदल दी तो केंद्र सरकार ने आंखें बदल लीं। जो आपोज़ीशन के अंदर बैठे हुए लोग हैं, उन्हें मैं बताना चाहता हूँ कि पिछले 5 साल केंद्र सरकार हमारे प्रति कितनी गंभीर रही है। वह गंभीर होगी ही नहीं क्योंकि हम उन के राजनीतिक दृष्टिकोण के अंदर फिट नहीं बैठते। हम पंजाब की बात कहते हैं कि पंजाब को क्या चाहिए, चाहे वह एस.वाई.ऐल. की बात हो और चाहे मिनीमम सपोर्ट प्राईस की बात हो। इस पंजाब को आगे ले जाने के लिए और इस को प्रासप्रस फयूचर देने के लिए क्या इन का साथ नहीं चाहिए था ? पंजाब की खुशहाली के लिए हमें गंभीर होकर और पोजटिव होकर सोचना पड़ेगा। इस वाले की या उस वाले की बात न करके हमें सिर्फ पंजाब की बात करनी चाहिए। (घंटी) मैं यह मान कर चलता हूँ कि कम-अज़-कम मुझे अपना ज़रूर पता है और मैं समझता हूँ कि मुझे अपनी पार्टी और अपनी सरकार के प्रोग्रामों का पूरी तरह पालन करना है। उस की बात की प्रशंसा करनी है लेकिन साथ ही साथ अपने विचार मुझे सरकार के सामने भी रखने हैं। नम्र निवेदन के साथ आईये इस बजट को इस परीपेक्ष में देखें कि क्या यह बजट पूर्णतम है ? पूर्णतम तो इस विश्व में कोई चीज़ नहीं होती।

Original with;
Punjab Vidhan Sabha
Digitized by;
Panjab Digital Library

[ श्री अशोक शर्मा ]

पूरी तरह न सही, कुछ हद तक (घंटी) 80-90% भी यह बजट अगर अपने टारगैट को अचीव कर लेता है तो हमारे ऐफ.ऐम. साहिब बधाई के पात्र हैं, यह सरकार बधाई की पात्र है । मेरे साथियों ने जो सुझाव दिये हैं, वे मैंने सुने हैं। मेरे कानों में जो कुछ अच्छा पड़ेगा, वह मैं अपने ऐफ.ऐम. के आफिस में जाकर उन्हें ज़रूर बताऊंगा। यह जो बजट है, यह एक पूर्ण बजट है, न्याय संगत बजट है। आईये इस बजट का स्वागत करें। आईये इस बजट के द्वारा इस पंजाब का भला करें। इस बजट को आगे लेकर जाएँ और इस पूरे वर्ष को सुविधाओं और अचीवमैंटस का वर्ष बनाएँ। धन्यवाद।

(ਇਸ ਵਕਤ ਕੁਝ ਮਾਨਯੋਗ ਮੈਂਬਰ ਆਪਸ ਵਿਚ ਗੱਲਾਂ ਕਰ ਰਹੇ ਸਨ।)

**ਸ਼੍ਰੀ ਸਪੀਕਰ** : ਬੈਠੇ ਬੈਠੇ ਆਪਸ ਵਿਚ ਗੱਲਾਂ ਨਾ ਕਰੋ ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ (ਸੁਨਾਮ)** : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਤੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ ਜਿਹੜਾ ਕਿ 24 ਮਾਰਚ ਨੂੰ ਐਫ.ਐਮ. ਸਾਹਿਬ ਨੇ ਇਥੇ ਪੇਸ਼ ਕੀਤਾ ਸੀ। ਮੈਂ ਇਸ ਬਜਟ ਨੂੰ ਲੋਕ ਮਾਰੂ, ਕਿਸਾਨ ਮਾਰੂ, ਦਿਸ਼ਾਹੀਣ ਅਤੇ ਅਧੂਰਾ ਬਜਟ ਕਰਾਰ ਦੇਣਾ ਚਾਹੁੰਦਾ ਹਾਂ। ਸਰਕਾਰ ਦਾ ਜੋ ਸਮਾਜਿਕ ਫਰਜ਼ ਬਣਦਾ ਹੈ, ਉਸ ਤੋਂ ਵੀ ਇਹ ਭੱਜ ਗਈ ਹੈ ਅਤੇ ਜਿਹੜੀਆਂ ਵੀ ਗੱਲਾਂ ਇਨ੍ਹਾਂ ਨੇ ਕੀਤੀਆਂ ਹਨ, ਉਹ ਸਾਰੀਆਂ ** ਤੇ ਆਧਾਰਤ ਹਨ.......

**ਸ਼੍ਰੀ ਸਪੀਕਰ** : ** ਸ਼ਬਦ ਪਾਰਲੀਮੈਂਟਰੀ ਨਹੀਂ ਹੈ, ਇਸ ਨੂੰ ਕੱਟ ਦਿੱਤਾ ਜਾਵੇ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਚਲੋ, ਮੈਂ "ਗਲਤ" ਕਹਿ ਦਿੰਦਾ ਹਾਂ। ਇਹ ਸਾਰੀਆਂ ਗੱਲਾਂ ਗਲਤ ਹਨ। ਇਹ ਸਰਕਾਰ ਜਿਹੜੀ ਕਿਸਾਨਾਂ ਦੀ ਹਿਤੈਸ਼ੀ ਹੋਣ ਦੀ ਗੱਲ ਕਰਦੀ ਹੈ, ਪਿਛਲੇ ਪੂਰੇ ਸੈਸ਼ਨ ਵਿਚ ਜੇ ਆਪਾਂ ਬਜਟ ਵੱਲ ਧਿਆਨ ਮਾਰ ਕੇ ਵੇਖੀਏ ਤਾਂ ਪਤਾ ਲੱਗੇਗਾ ਕਿ ਇਨ੍ਹਾਂ ਨੇ ਇਕ ਵੀ ਗੱਲ ਐਸੀ ਨਹੀਂ ਕੀਤੀ ਜਿਸ ਨਾਲ ਕਿਸਾਨੀ ਦਾ ਫਾਇਦਾ ਹੋਇਆ ਹੋਵੇ। ਕਰਾਪ ਡਾਈਵਰਸੀਫਿਕੇਸ਼ਨ ਜਾਂ ਕਾਂਟਰੈਕਟ ਫਾਰਮਿੰਗ ਜੋ ਹੈ, ਉਸ ਦੇ ਵਾਸਤੇ ਇਨ੍ਹਾਂ ਨੇ ਕੁੱਲ 16 ਕਰੋੜ ਰੁਪਏ ਰੱਖੇ ਹਨ। ਮੈਨੂੰ ਲੱਗਦਾ ਹੈ ਕਿ ਇਸ ਤੋਂ ਵੱਧ ਤਾਂ ਇਨ੍ਹਾਂ ਨੇ ਐਡਵਰਟਾਈਜ਼ਮੈਂਟਸ ਅਤੇ ਇਸ਼ਤਿਹਾਰਾਂ ਤੇ ਹੀ ਖਰਚ ਕਰ ਦਿੱਤੇ ਹੋਣੇ ਹਨ । ਕਾਂਟਰੈਕਟ ਫਾਰਮਿੰਗ ਵਾਸਤੇ ਇਨ੍ਹਾਂ ਨੇ 16 ਕਰੋੜ ਰੁਪਿਆ ਰੱਖਿਆ ਹੈ ......

**Mr. Speaker** : Mr. Dhindsa is on his legs. The House stands adjourned till 10.00 A.M. on Thursday, the 27th March, 2003.

*2.30 P.M.

(The House then adjourned* till 10.00 A.M. on Thursday, the 27th March, 2003).

**Expunged as ordered by the Chair.

3992/PVS—Govt.Press, U.T., Chd.

Original with;
Punjab Vidhan Sabha
Digitized by;
Panjab Digital Library

अचीव
। मेरे
ं अपने
जट है,
ाब का
का वर्ष

ਾਹਿਬ,
ਣ ਦਾ
ਸੀ। ਮੈਂ
ਾ ਦੇਣਾ
ਾ ਗਈ
ਧਾਰਤ

ਾਵੇ।

ਾਂ। ਇਹ
ਦੀ ਗੱਲ
ਹੀਏ ਤਾਂ
ਾਨੀ ਦਾ
ਹੈ, ਉਸ
ਵੱਧ ਤਾਂ
ਏ ਹਨ ।

djourned

00 A.M.
).

Original with;
Punjab Vidhan Sabha
Digitized by;
Panjab Digital Library

© 2003.

Published under the authority of the Punjab Vidhan Sabha and printed by the Controller, Printing and Stationery Department, U.T., Chandigarh.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*27th March, 2003*

Vol. IV—No. 8

OFFICIAL REPORT

CONTENTS

*Thursday, the 27th March, 2003*


| | | *Page* |
|---|---|---|
| Starred Questions and Answers | .. | (8) 1 |
| Matters raised during Zero Hour | .. | (8)24 |
| Election of Deputy Speaker | ... | (8)25 |
| Call Attention Notices under Rule 66 | .. | (8)34 |
| Presentation of Second Report of Business Advisory Committee | .. | (8)35 |
| Presentation of Reports of the Committees | .. | (8)37 |
| Resumption of discussion on the Budget Estimates for the Year 2003-2004 | .. | (8)38 |


**Punjab Vidhan Sabha Secretariat, Chandigarh.**

**Price : Rs.** 107-0

*Original with;*
Punjab Vidhan Sabha
*Digitized by;*
Panjab Digital Library

*Th

S

ਸਪੀਕ
ਸ਼ਿਕਾ
ਅਕਤੂ
ਸੀ। ਮ
ਕੀਤੇ
ਵਣਪ
ਕੋਰਟ
ਅਧਿ

ਨੂੰ ਪੰ
ਦਾਇ
ਮੰਡਲ
200
ਵੱਲੋਂ
ਕੀਤੀ
ਗਈ
ਸੁਪਰੀ

ਪ੍ਰਕਾਰ
ਚੁੱਕਣ

*For
Deb

Original with;
Punjab Vidhan Sabha
Digitized by;

## PUNJAB VIDHAN SABHA

*Thursday, the 27th March, 2003*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 10.00 A.M.*

*Mr. Speaker (Doctor Kewal Krishan) in the Chair.*

---

## STARRED QUESTIONS AND ANSWERS

SUPPLEMENTARIES TO POSTPONED STARRED QUESTION NO. 271*

**ਰਾਜ ਮੰਤਰੀ, ਜੰਗਲਾਤ ਅਤੇ ਖੁਰਾਕ ਤੇ ਸਪਲਾਈ (ਡਾਕਟਰ ਹਰਬੰਸ ਲਾਲ) :** ਸਪੀਕਰ ਸਾਹਿਬ, ਮੈਂਬਰ ਸਾਹਿਬ ਵੱਲੋਂ ਨਾਡਾ ਨਦੀ ਵਿੱਚੋਂ ਰੇਤਾ ਚੁੱਕਣ ਦੇ ਸਬੰਧ ਵਿੱਚ ਜੋ ਸ਼ਿਕਾਇਤ ਪ੍ਰਾਪਤ ਹੋਈ, ਉਹ ਮਿਤੀ 10 ਨਵੰਬਰ, 1999 ਦੀ ਹੈ ਨਾ ਕਿ ਮਿਤੀ 10 ਅਕਤੂਬਰ, 1999। ਇਹ ਸ਼ਿਕਾਇਤ ਉਸ ਸਮੇਂ ਦੇ ਵਣ ਮਨਿਸਟਰ ਸਾਹਿਬ ਨੂੰ ਸੰਬੋਧਿਤ ਸੀ। ਮਾਨਯੋਗ ਵਣ ਮੰਤਰੀ ਜੀ ਨੇ ਇਸ ਕੇਸ ਵਿੱਚ ਕੋਈ ਰੈਗੂਲਰ ਆਰਡਰ ਜਾਰੀ ਨਹੀਂ ਕੀਤੇ ਸੀ, ਬਲਕਿ ਉਨ੍ਹਾਂ ਨੇ ਇਹ ਸ਼ਿਕਾਇਤ ਉਸ ਸਮੇਂ ਦੇ ਸਕੱਤਰ, ਵਣ ਅਤੇ ਪ੍ਰਧਾਨ ਮੁੱਖ ਵਣਪਾਲ ਜੀ ਨੂੰ ਮਾਰਕ ਕਰਦੇ ਹੋਏ ਇਹ ਹੁਕਮ ਜਾਰੀ ਕੀਤੇ ਸਨ ਕਿ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀ ਪੂਰੀ ਪੂਰੀ ਪਾਲਣਾ ਕੀਤੀ ਜਾਵੇ ਅਤੇ ਕਸੂਰਵਾਰ ਕਰਮਚਾਰੀਆਂ/ਅਧਿਕਾਰੀਆਂ ਨੂੰ ਮੁਅੱਤਲ ਕੀਤਾ ਜਾਵੇ।

ਦਰਅਸਲ, ਸ਼ਿਕਾਇਤ ਕਰਤਾ ਨੇ ਇਹੀ ਸ਼ਿਕਾਇਤ ਮਿਤੀ 17 ਨਵੰਬਰ, 1999 ਨੂੰ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਵਿਖੇ ਵੀ ਬਤੌਰ ਮੁਕੱਦਮਾ ਨੰ: 1707/1999 ਦਾਇਰ ਕਰ ਦਿੱਤੀ ਸੀ। ਇਸ ਦਾ ਉਤਰ ਸ਼੍ਰੀ ਆਰ.ਐਸ. ਅਵਸਥੀ, ਉਸ ਸਮੇਂ ਦੇ ਉਪ ਵਣ ਮੰਡਲ ਅਫਸਰ, ਰੂਪਨਗਰ, ਦੁਆਰਾ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਫਰਵਰੀ, 2000 ਵਿੱਚ ਦਿੱਤਾ ਗਿਆ ਸੀ ਜਿਸ ਵਿੱਚ ਇਹ ਸਪਸ਼ਟ ਕੀਤਾ ਗਿਆ ਸੀ ਕਿ ਵਿਭਾਗ ਵੱਲੋਂ ਨਾਡਾ ਨਦੀ ਤੋਂ ਨਜਾਇਜ਼ ਤੌਰ ਤੇ ਰੇਤਾ ਚੁੱਕਣ ਸਬੰਧੀ ਪੂਰੀ ਕਾਨੂੰਨੀ ਕਾਰਵਾਈ ਕੀਤੀ ਗਈ ਹੈ ਅਤੇ ਦੋਸ਼ੀਆਂ ਵਿਰੁੱਧ ਵੀ ਰੂਲਾਂ ਅਨੁਸਾਰ ਪੂਰੀ ਪੂਰੀ ਕਾਰਵਾਈ ਕੀਤੀ ਗਈ ਹੈ। ਇਸ ਤਰ੍ਹਾਂ ਵਣ ਵਿਭਾਗ ਦਾ ਕੋਈ ਵੀ ਅਧਿਕਾਰੀ/ਕਰਮਚਾਰੀ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਉਲੰਘਣਾ ਕਰਨ ਦਾ ਦੋਸ਼ੀ ਨਹੀਂ ਪਾਇਆ ਗਿਆ।

ਨਾਡਾ ਨਦੀ ਵਿਚੋਂ ਰੇਤੇ ਦੀ ਨਜਾਇਜ਼ ਨਿਕਾਸੀ ਸਬੰਧੀ ਕੇਸਾਂ ਦਾ ਪਿਛੋਕੜ ਇਸ ਪ੍ਰਕਾਰ ਹੈ ਕਿ ਕੁਝ ਪੇਸ਼ਾਵਰ ਦੋਸ਼ੀ ਨਾਡਾ ਨਦੀ ਵਿਚੋਂ ਚੋਰੀ ਛੁਪੇ ਗੈਰ-ਕਾਨੂੰਨੀ ਤੌਰ ਤੇ ਰੇਤਾ ਚੁੱਕਣ ਦੇ ਆਦੀ ਸਨ। ਇਨ੍ਹਾਂ ਵਿਰੁੱਧ ਵਿਭਾਗ ਵੱਲੋਂ ਕੀਤੀ ਕਾਰਵਾਈ ਦੇ ਬਾਵਜੂਦ ਜਦੋਂ

---

*For Starred Question No. 271 and reply thereto, please see P.V.S. Debates dated 24th March, 2003.

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਜੰਗਲਾਤ ਅਤੇ ਖੁਰਾਕ ਤੇ ਸਪਲਾਈ]

ਇਹ ਦੋਸ਼ੀ ਇਸ ਨਜਾਇਜ਼ ਹਰਕਤ ਤੋਂ ਨਹੀਂ ਹਟੇ ਤਾਂ ਵਿਭਾਗ ਵੱਲੋਂ ਪੁਲਿਸ ਸਟੇਸ਼ਨ, ਮੁਹਾਲੀ ਵਿਖੇ ਸ਼ਿਕਾਇਤ ਦਰਜ ਕਰਵਾਈ ਗਈ। ਉਸਤੇ ਠੋਸ ਕਾਰਵਾਈ ਨਾ ਹੋਣ ਕਾਰਨ ਅਤੇ ਚੋਰੀ ਛੁਪੇ ਨਜਾਇਜ਼ ਰੇਤੇ ਦੀ ਨਿਕਾਸੀ ਨਾ ਰੁਕਣ ਕਾਰਨ, ਦੋਸ਼ੀਆਂ ਵਿਰੁੱਧ ਐਫ.ਸੀ.ਏ. 1980 ਦੀ ਉਲੰਘਣਾ ਅਧੀਨ ਸੀ.ਜੇ.ਐਮ. ਰੋਪੜ ਦੀ ਕੋਰਟ ਵਿੱਚ 4 ਕੇਸ ਫੋਰੈਸਟ ਕੰਜ਼ਰਵੇਸ਼ਨ ਐਕਟ ਅਧੀਨ ਅਤੇ ਮਾਨਯੋਗ ਸੁਪਰੀਮ ਕੋਰਟ ਦੇ ਹੁਕਮ ਮਿਤੀ 12 ਦਸੰਬਰ, 1996 ਅਨੁਸਾਰ ਰੇਤਾ, ਬਜਰੀ ਅਤੇ ਪੱਥਰ ਦੀ ਵਣ ਰਕਬਿਆਂ ਵਿੱਚੋਂ ਨਿਕਾਸੀ ਤੇ ਮੁਕੰਮਲ ਰੋਕ ਹੈ। ਇਨ੍ਹਾਂ ਕੇਸਾਂ ਦੀ ਅਗਲੀ ਪੇਸ਼ੀ ਮਿਤੀ 16 ਅਪ੍ਰੈਲ, 2003 ਹੈ। ਮਾਮਲਾ ਕੋਰਟ ਵਿੱਚ ਵਿਚਾਰ ਅਧੀਨ ਹੋਣ ਕਾਰਨ ਸਬਜੂਡਿਸ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਤਾਂ ਹੈਰਾਨ ਹਾਂ ਕਿ ਇਹ ਹੋਰ ਹੀ ਜਵਾਬ ਪੜ੍ਹੀ ਜਾਂਦੇ ਹਨ। ਮੈਂ ਪੁੱਛਿਆ ਕਿ ਜਿਹੜੇ ਇਸ ਕੇਸ ਵਿੱਚ ਦੋਸ਼ੀ ਹਨ, ਉਨ੍ਹਾਂ ਦੇ ਖਿਲਾਫ ਕੀ ਕਾਰਵਾਈ ਹੋਈ ਪਰ ਇਹ ਉਸ ਗੱਲ ਦਾ ਜਵਾਬ ਹੀ ਨਹੀਂ ਦਿੰਦੇ।

**Mr. Speaker :** No comments.

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਪਰਸੋਂ ਵੀ ਇਹ ਇਥੇ ਇਹੀ ਪੜ੍ਹਦੇ ਰਹੇ ਹਨ ਔਰ ਅੱਜ ਵੀ ਇਨ੍ਹਾਂ ਨੇ ਉਹੀ ਪੜ੍ਹਣਾ ਸ਼ੁਰੂ ਕਰ ਦਿੱਤਾ ਹੈ। ਮੈਂ ਜੋ ਪੁੱਛਿਆ ਸੀ............

**Mr. Speaker :** No comments. ਤੁਸੀਂ ਆਪਣਾ ਸਵਾਲ ਕਰੋ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਪਰਮਜੀਤ ਸ਼ਰਮਾ ਜੋ ਇਸ ਕੇਸ ਵਿੱਚ ਸ਼ਾਮਲ ਹੈ, ਉਸਦੇ ਖਿਲਾਫ ਕਾਰਵਾਈ ਸ਼ੁਰੂ ਹੋਈ ਸੀ, ਉਸਦਾ ਕੀ ਬਣਿਆ ? ਮੈਂ ਸਵਾਲ ਇਹ ਪੁੱਛਿਆ ਸੀ ਅਤੇ ਜਾਣਨਾ ਚਾਹਿਆ ਸੀ ਕਿ ਇਸ ਕੇਸ ਵਿੱਚ ਵਿਭਾਗ ਦੇ ਕਿਹੜੇ ਕਿਹੜੇ ਅਧਿਕਾਰੀ, ਕਰਮਚਾਰੀ ਲਿਪਤ ਸਨ ?

**ਮਾਨਯੋਗ ਸਪੀਕਰ** : ਤੁਸੀਂ ਸਿਰਫ ਸਵਾਲ ਕਰੋ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਅੱਗੇ ਵੀ ਇਹੀ ਸਵਾਲ ਕੀਤਾ ਸੀ, ਹੁਣ ਵੀ ਇਹੀ ਸਵਾਲ ਕਰਦਾ ਹਾਂ ਕਿ ਜਿਹੜਾ ਪਰਮਜੀਤ ਸ਼ਰਮਾ ਇਸ ਕੇਸ ਵਿੱਚ ਸ਼ਾਮਲ ਹੈ, ਉਸ ਦੀਆਂ ਦੋ ਸਾਲਾਨਾ ਤਰੱਕੀਆਂ ਇਨਕੁਆਇਰੀ ਕਰਨ ਤੋਂ ਮਗਰੋਂ ਬੰਦ ਕਰਨ ਦੇ ਹੁਕਮ ਹੋਏ ਸਨ, ਉਸਦਾ ਕੀ ਬਣਿਆ ?

**ਮਾਨਯੋਗ ਸਪੀਕਰ** : ਹਾਂ ਜੀ, ਦੱਸੋ ਜੀ, ਇਹ ਜਾਣਨਾ ਚਾਹੁੰਦੇ ਹਨ ਕਿ ਉਸ ਕਰਮਚਾਰੀ ਦੇ ਖਿਲਾਫ ਕੀ ਐਕਸ਼ਨ ਲਿਆ ਗਿਆ ਹੈ ?

**ਰਾਜ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਦੱਸ ਕੇ ਹਟਿਆ ਹਾਂ ਕਿ ਮਹਿਕਮੇ ਵੱਲੋਂ ਨਜਾਇਜ਼ ਤੌਰ ਤੇ ਰੇਤ ਦੀ ਨਿਕਾਸੀ ਨੂੰ ਰੋਕਣ ਲਈ ਜ਼ੋਰਦਾਰ ਕਾਰਵਾਈ ਤੋਂ ਬਚਣ ਲਈ ਸ਼੍ਰੀ ਪ੍ਰੀਤਮ ਸਿੰਘ ਅਤੇ ਹੋਰਾਂ ਨੇ ਮਹਿਕਮੇ ਦੇ ਖਿਲਾਫ ਸਿਵਲ ਕੇਸ ਮਾਨਯੋਗ ਸਿਵਲ ਜੱਜ, ਖਰੜ ਦੀ ਅਦਾਲਤ ਵਿੱਚ ਦਾਇਰ ਕੀਤਾ ਸੀ। ਕੋਰਟ ਵੱਲੋਂ ਇਸ ਕੇਸ ਵਿੱਚ ਮਿਤੀ

Original with;
Punjab Vidhan Sabha

25 ਅਕਤੂਬਰ, 1999 ਨੂੰ ਮਹਿਕਮੇ ਦੇ ਖਿਲਾਫ ਐਕਸ ਪਾਰਟੀ ਫੈਸਲਾ ਕਰ ਦਿੱਤਾ ਸੀ, ਕਿਉਂਕਿ ਉਸ ਸਮੇਂ ਦੇ ਵਣ ਰੇਂਜ ਅਫਸਰ ਅਤੇ ਸਰਕਾਰੀ ਵਕੀਲ ਮੌਕੇ ਤੇ ਕੋਰਟ ਵਿੱਚ ਹਾਜ਼ਰ ਨਹੀਂ ਹੋਏ ਸੀ। ਇਸ ਸਬੰਧ ਵਿੱਚ ਵਿਭਾਗ ਵੱਲੋਂ ਉਸ ਸਮੇਂ ਦੇ ਰੇਂਜ ਅਫਸਰ ਸ਼੍ਰੀ ਪਰਮਜੀਤ ਸ਼ਰਮਾ ਨੂੰ ਅਦਾਲਤ ਵਿੱਚ ਕੇਸ ਦੀ ਸਹੀ ਪੈਰਵੀ ਨਾ ਕਰਨ ਕਾਰਨ ਸਰਕਲ ਤੋਂ ਬਾਹਰ ਤਬਦੀਲ ਕਰ ਦਿੱਤਾ ਗਿਆ ਸੀ ਅਤੇ ਸਾਲਾਨਾ ਤਨਖਾਹ ਸਕੇਲ ਦੀ ਇਹ ਸਟੇਜ ਘਟਾਉਣ ਦੀ ਸਜ਼ਾ ਵੀ ਦਿੱਤੀ ਗਈ ਸੀ। ਨਵੇਂ ਨਿਯੁਕਤ ਰੇਂਜ ਅਫਸਰ ਵੱਲੋਂ ਯੋਗ ਕਾਰਵਾਈ ਕਰਦੇ ਹੋਏ ਐਕਸ ਪਾਰਟੀ ਫੈਸਲੇ ਨੂੰ ਮਿਤੀ 13 ਨਵੰਬਰ, 1999 ਨੂੰ ਤੁੜਵਾ ਦਿੱਤਾ ਸੀ ਅਤੇ ਮਾਨਯੋਗ ਜੱਜ ਸਾਹਿਬ ਨੇ ਇਹ ਕੇਸ ਵਿਭਾਗ ਦੇ ਹੱਕ ਵਿੱਚ ਕਰਦੇ ਹੋਏ ਖਾਰਜ ਕਰ ਦਿੱਤਾ ਸੀ।

---

## Supplementaries to Starred Question No. 347*

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਟਿਊਬਵੈਲਾਂ ਦੀ ਰਿਪੇਅਰ ਵਾਸਤੇ ਕੋਈ ਰੈਗੂਲਰ ਫੰਡ ਮੁਹੱਈਆ ਕਰਵਾਏ ਜਾਣਗੇ ਜਾਂ ਨਹੀਂ ?

**ਸਿੰਜਾਈ ਮੰਤਰੀ (ਸਰਦਾਰ ਗੁਰਚੇਤ ਸਿੰਘ ਭੁੱਲਰ)** : ਕਰਵਾਏ ਜਾਣਗੇ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਟਿਊਬਵੈਲ ਚਾਲੂ ਹਨ, ਕਿੰਨੇ ਆਰਜ਼ੀ ਤੌਰ ਤੇ ਖਰਾਬ ਹਨ ਅਤੇ ਕਿੰਨੇ ਗੰਭੀਰ ਤੌਰ ਤੇ ਖਰਾਬ ਹਨ। ਕੀ ਉਨ੍ਹਾਂ ਨੂੰ ਠੀਕ ਕਰਨ ਵਾਸਤੇ ਮੰਤਰੀ ਜੀ ਕੋਈ ਫੰਡ ਜਾਰੀ ਕਰ ਰਹੇ ਹਨ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਬਲਾਕ ਵਿਚ ਕੁੱਲ 47 ਟਿਊਬਵੈਲ ਹਨ। ਇਨ੍ਹਾਂ ਵਿਚੋਂ 27 ਟਿਊਬਵੈਲ ਚੱਲ ਰਹੇ ਹਨ। 14 ਟਿਊਬਵੈਲ ਬਿਲਕੁਲ ਨਕਾਰਾ ਹੋ ਚੁੱਕੇ ਹਨ। 6 ਸਮੱਸਿਆ ਪੂਰਨ ਚੱਲ ਰਹੇ ਹਨ। ਜਿਹੜੇ 27 ਚੱਲ ਰਹੇ ਹਨ, ਉਨ੍ਹਾਂ ਵਿਚੋਂ ਦੋ ਆਰਜ਼ੀ ਤੌਰ ਤੇ ਖਰਾਬ ਹੋ ਗਏ ਸਨ। ਉਨ੍ਹਾਂ ਨੂੰ ਠੀਕ ਕਰਕੇ ਚਾਲੂ ਕਰ ਦਿੱਤਾ ਗਿਆ ਹੈ। ਹੁਣ ਕੋਈ ਟਿਊਬਵੈਲ ਖਰਾਬ ਨਹੀਂ ਹੈ।

---

## Supplementaries to Starred Question No. 518**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਸ ਪ੍ਰਸ਼ਨ ਤੇ ਸਪਲੀਮੈਂਟਰੀਜ਼ ਪੇਸ਼ ਨਹੀਂ ਹੋਈਆਂ।)

**ਮਾਨਯੋਗ ਸਪੀਕਰ** : ਹੁਣ ਰੈਗੂਲਰ ਲਿਸਟ ਟੇਕ ਅਪ ਕੀਤੀ ਜਾਵੇਗੀ।

---

*For Starred Question No. 347 and reply thereto, please see P.V.S. Debates dated 26th March, 2003.

**For Starred Question No. 518 and reply thereto, please see P.V.S. Debates dated 26th March, 2003.

Original with;
Punjab Vidhan Sabha
Digitized by;
Panjab Digital Library

## ਮਿਉਂਸਿਪਲ ਕਮੇਟੀ, ਜ਼ੀਰਕਪੁਰ ਦੀਆਂ ਹੱਦਾਂ ਦੇ ਅੰਦਰ-ਅੰਦਰ ਉਸਾਰੀ ਦੇ ਕੰਮਾਂ ਤੇ ਰੋਕ

***291. ਸਰਦਾਰ ਬੀਰ ਦਵਿੰਦਰ ਸਿੰਘ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕਿ ਇਹ ਠੀਕ ਹੈ ਕਿ ਸਰਕਾਰ ਨੇ ਮਿਉਂਸਿਪਲ ਕਮੇਟੀ, ਜ਼ੀਰਕਪੁਰ, ਜ਼ਿਲ੍ਹਾ ਪਟਿਆਲਾ ਦੀਆਂ ਹੱਦਾਂ ਦੇ ਅੰਦਰ-ਅੰਦਰ ਪੈਂਦੇ ਕੁਝ ਵਿਸ਼ੇਸ਼ ਖੇਤਰਾਂ ਵਿਚ ਹਰ ਕਿਸਮ ਦੀ ਉਸਾਰੀ ਦੇ ਕੰਮਾਂ ਤੇ ਰੋਕ ਲਗਾ ਦਿੱਤੀ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਪਿਛਲੇ ਇਕ ਸਾਲ ਦੇ ਦੌਰਾਨ ਇਸ ਸਬੰਧ ਵਿਚ ਸਮੇਂ-ਸਮੇਂ ਤੇ ਸਰਕਾਰ ਦੁਆਰਾ ਜਾਰੀ ਕੀਤੇ ਗਏ ਹੁਕਮਾਂ ਦੇ ਵੇਰਵੇ ਕੀ ਹਨ ?

**ਚੌਧਰੀ ਜਗਜੀਤ ਸਿੰਘ** : (ੳ) ਹਾਂ ਜੀ।

(ਅ) ਸਰਕਾਰ ਵੱਲੋਂ ਸਮੇਂ-ਸਮੇਂ ਦੌਰਾਨ ਇਸ ਵਿਸ਼ੇ ਸਬੰਧੀ ਨਗਰ ਪੰਚਾਇਤ, ਜ਼ੀਰਕਪੁਰ ਨੂੰ ਜੋ ਹਦਾਇਤਾਂ ਪ੍ਰਾਪਤ ਹੋਈਆਂ ਹਨ, ਉਹ ਅਨੁਲੱਗ* 1 ਤੋਂ 5 ਤੱਕ ਨਾਲ ਨੱਥੀ ਹਨ।

**ਸਰਦਾਰ ਬੀਰ ਦਵਿੰਦਰ ਸਿੰਘ** : ਸਰ, ਜਿਹੜੇ 900 ਮੀਟਰ ਦੇ ਘੇਰੇ ਅੰਦਰ ਕੰਸਟਰਕਸ਼ਨ ਦੇ ਡਿਮਾਲਿਸ਼ ਦੇ ਆਰਡਰ ਇਸ਼ੂ ਕੀਤੇ ਹਨ, ਇਹ ਆਰਡਰ ਕੁਲੈਕਟਰ ਨੇ ਜਾਰੀ ਕਰਨੇ ਹੁੰਦੇ ਹਨ। Collector has to issue the orders under the Works of Defence Act, 1903 of the Govt. of India. ਮੈਂ ਮੰਤਰੀ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਜਿਹੜੀ ਪਾਬੰਦੀ ਲਗਾਈ ਗਈ ਹੈ, ਇਹ ਕੁਲੈਕਟਰ ਵੱਲੋਂ ਉਸ ਐਕਟ ਦੇ ਅਧੀਨ ਲਗਾਈ ਗਈ ਜਾਂ ਕਿ ਇਹ ਪਾਬੰਦੀ ਸਰਕਾਰ ਵੱਲੋਂ ਲਗਾਈ ਗਈ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਚੰਡੀਗੜ੍ਹ ਵਿਖੇ ਹਵਾਈ ਅੱਡਾ ਹੈ, ਡਿਫੈਂਸ ਵਾਲਿਆਂ ਦਾ, ਉਨ੍ਹਾਂ ਦੇ ਇੰਚਾਰਜ ਅਫਸਰ ਵੱਲੋਂ ਪੰਜਾਬ ਦੇ ਚੀਫ ਸੈਕਟਰੀ ਸਾਹਿਬ ਨੂੰ ਇਕ ਸ਼ਿਕਾਇਤ ਪ੍ਰਾਪਤ ਹੋਈ ਸੀ ਜਿਸ ਦੇ ਅਨੁਸਾਰ ਇਹ ਪਾਬੰਦੀ ਲਗਾਈ ਗਈ ਸੀ। ਹੁਣ ਆਉਣ ਵਾਲੇ ਸਮੇਂ ਵਿਚ ਸੀ.ਐਸ. ਸਾਹਿਬ ਨੇ ਇਹ ਕਮੇਟੀ ਮੁਕੱਰਰ ਕੀਤੀ ਹੈ। ਇਸ ਵਿਚ ਫਾਈਨੈਂਸ਼ੀਅਲ ਕਮਿਸ਼ਨਰ, ਰੈਵੇਨਿਊ, ਡੀ.ਸੀ., ਪਟਿਆਲਾ ਅਤੇ ਡੀ.ਸੀ., ਰੋਪੜ ਮੈਂਬਰ ਹਨ। ਇਹ ਡਿਫੈਂਸ ਅਥਾਰਿਟੀ ਦੇ ਨਾਲ ਮੀਟਿੰਗ ਕਰਨਗੇ ਤਾਂ ਜੋ ਕੋਈ ਨਾ ਕੋਈ ਹੱਲ ਕੱਢਿਆ ਜਾ ਸਕੇ।

---

*Placed in Reviser's Branch.

Original with;
Punjab Vidhan Sabha
Digitized by:

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੇਰਾ ਪ੍ਰਸ਼ਨ ਹੈ ਕਿ ਹਵਾਈ ਅੱਡੇ ਦੇ ਨਾਲ 900 ਮੀਟਰ ਦੇ ਅੰਦਰ ਕੰਸਟਰਕਸ਼ਨ ਵਿਚ ਜਿਹੜਾ ਪੰਜਾਬ ਦਾ ਏਰੀਆ ਹੈ, ਉਥੇ ਤਾਂ ਬੈਨ ਲਗਾ ਦਿੱਤਾ ਹੈ ਪਰ ਜਿਹੜਾ ਯੂ.ਟੀ. ਦਾ ਏਰੀਆ ਹੈ, ਉਸ ਦੇ ਵਿਚ ਕੋਈ ਬੈਨ ਨਹੀਂ ਹੈ। ਮੈਂ ਸਪੈਸੀਫਿਕ ਸਵਾਲ ਪੁੱਛਦਾ ਹਾਂ। The Govt. is not authorized to ban and demolish the constructions under the Act. Only the Collector has to do it........ I would like to know why that procedure has not been followed so far. Whether the Govt. is competent to demolish the constructions ?

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਵੀ ਕੰਸਟਰਕਸ਼ਨ ਹੋਈ ਹੈ, ਅਸੀਂ ਉਸ ਨੂੰ ਡਿਮਾਲਿਸ਼ ਨਹੀਂ ਕਰ ਰਹੇ। ਕੇਵਲ ਨਵੇਂ ਨਕਸ਼ੇ ਪਾਸ ਕਰਨ ਤੇ ਸਟੇਅ ਕੀਤਾ ਹੋਇਆ ਹੈ। ਇਸੇ ਲਈ ਕਮੇਟੀ ਬਣਾਈ ਗਈ ਹੈ ਜਿਹੜੀ ਕਿ ਡਿਟੇਲ ਵਿਚ ਘੋਖ ਕਰੇਗੀ ਤਾਂ ਜੋ ਲੋਕਾਂ ਨੂੰ ਰਿਲੀਫ ਦਿੱਤਾ ਜਾ ਸਕੇ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਕੋਲੋਂ ਇਹ ਆਸ਼ਵਾਸਨ ਲੈਣਾ ਚਾਹੁੰਦਾ ਹਾਂ ਕਿ ਡਿਸਕਸ ਕਰਨ ਸਮੇਂ ਯੂ.ਟੀ. ਪੈਟਰਨ ਜਿਹੜਾ ਅਪਣਾਇਆ ਗਿਆ ਹੈ, ਕੀ ਉਸ ਨੂੰ ਫਾਲੋਅ ਕਰਨਗੇ ? ਅਤੇ ਇਸ ਸਬੰਧੀ ਇਹ ਉਸ ਕਮੇਟੀ ਨੂੰ ਕੋਈ ਹਦਾਇਤਾਂ ਜਾਰੀ ਕਰਨਗੇ ?

**ਮੰਤਰੀ** : ਜਦੋਂ ਕਮੇਟੀ ਹੀ ਬਣਾ ਦਿੱਤੀ ਗਈ ਹੈ ਤਾਂ ਉਸ ਦੇ ਸਾਹਮਣੇ ਸਾਰਾ ਕੁਝ ਆਵੇਗਾ ਅਤੇ ਉਹ ਸਾਰਾ ਕੁਝ ਘੋਖ ਕੇ ਅਤੇ ਦੇਖ ਕੇ ਹੀ ਫੈਸਲਾ ਕਰੇਗੀ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਪੁਆਇੰਟ ਤੋਂ ਇਨ੍ਹਾਂ ਨੇ 900 ਮੀਟਰ ਕੈਲਕੂਲੇਟ ਕੀਤਾ ਹੈ, ਕੀ ਉਥੇ ਕੋਈ ਡਿਫੈਂਸ ਵਾਲਿਆਂ ਦੀ ਇੰਸਟਾਲੇਸ਼ਨ ਹੈ ਜਾਂ ਨਹੀਂ ਹੈ ? ਕੀ ਇਹ ਕੋਈ ਇਨਕੁਆਇਰੀ ਕਰਵਾਉਣਗੇ ? ਸਪੀਕਰ ਸਾਹਿਬ, ਮੇਰੀ ਇਨਫਰਮੇਸ਼ਨ ਹੈ ਕਿ ਜਿਸ ਜਗ੍ਹਾ ਤੋਂ 900 ਮੀਟਰ ਦੀ ਦੂਰੀ ਮਾਪੀ ਗਈ ਹੈ, ਉਥੇ ਖਾਲੀ ਜ਼ਮੀਨ ਹੀ ਹੈ, ਡਿਫੈਂਸ ਵਾਲਿਆਂ ਦੀ ਨਾ ਤਾਂ ਕੋਈ ਬਿਲਡਿੰਗ ਹੈ ਅਤੇ ਨਾ ਹੀ ਕੋਈ ਇੰਸਟਾਲੇਸ਼ਨ ਹੈ।

**ਮੰਤਰੀ** : ਸਪੀਕਰ ਸਾਹਿਬ, ਇਹ ਕਮੇਟੀ ਸਾਰਾ ਕੁਝ ਦੇਖੇਗੀ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਭਰੋਸਾ ਲੈਣਾ ਚਾਹੁੰਦਾ ਹਾਂ ਕਿ ਕੀ ਉਹ ਹਾਊਸ ਦੀ ਕੋਈ ਸਬ-ਕਮੇਟੀ ਬਣਵਾਉਣਗੇ ਜਿਹੜੀ ਕਿ ਮੌਕੇ ਤੇ ਜਾ ਕੇ ਦੇਖੇ ਕਿ ਉਥੇ ਕੁਝ ਹੈ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਕਮੇਟੀ ਦੀ ਕੋਈ ਲੋੜ ਨਹੀਂ ਹੈ। ਅਸੀਂ ਤਾਂ ਪਹਿਲਾਂ ਹੀ ਕਮੇਟੀ ਕੰਸਟੀਚਿਊਟ ਕੀਤੀ ਹੋਈ ਹੈ ਜਿਹੜੀ ਕਿ ਸਾਰਾ ਕੁਝ ਦੇਖੇਗੀ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਕੀ ਮੰਤਰੀ ਜੀ ਇਹ ਦੱਸਣਗੇ ਕਿ 900 ਮੀਟਰ ਦੇ ਏਰੀਏ ਵਿੱਚ ਕੋਈ ਡਿਫੈਂਸ ਇੰਸਟਾਲੇਸ਼ਨ ਹੈ ਜਾਂ ਨਹੀਂ ? ਮੇਰੀ ਜਾਣਕਾਰੀ ਅਨੁਸਾਰ ਉਥੇ ਕੋਈ ਡਿਫੈਂਸ ਇੰਸਟਾਲੇਸ਼ਨ ਹੈ ਹੀ ਨਹੀਂ।

Original with;
Punjab Vidhan Sabha
Digitized by:
Panjab Digital Library

**ਮੰਤਰੀ** : ਸਪੀਕਰ ਸਾਹਿਬ, ਜਿੱਥੋਂ ਤੱਕ ਡਿਫੈਂਸ ਇੰਸਟਾਲੇਸ਼ਨ ਦੀ ਗੱਲ ਹੈ, ਏਅਰ ਪੋਰਟ ਦੀ ਜੋ ਅਥਾਰਟੀ ਹੈ, ਉਸਨੇ ਪੰਜਾਬ ਸਰਕਾਰ ਕੋਲ ਸ਼ਿਕਾਇਤ ਕੀਤੀ ਹੈ ਅਤੇ ਉਸ ਸ਼ਿਕਾਇਤ ਦੇ ਆਧਾਰ ਤੇ ਅਸੀਂ ਕੁਝ ਚੀਜ਼ਾਂ ਬੰਦ ਕੀਤੀਆਂ ਹਨ ਅਤੇ ਇਸ ਨੂੰ ਦੇਖਣ ਵਾਸਤੇ ਅਸੀਂ ਇਕ ਹਾਈ ਲੈਵਲ ਦੀ ਕਮੇਟੀ ਕੰਸਟੀਚੂਟ ਕੀਤੀ ਹੈ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ.......

**ਮਾਨਯੋਗ ਸਪੀਕਰ** : ਤੁਹਾਡੇ ਸਵਾਲ ਦਾ ਉੱਤਰ ਆ ਗਿਆ ਹੈ। ਅਗਲਾ ਸਵਾਲ।

---

## ਜ਼ਿਲ੍ਹਾ ਹੁਸ਼ਿਆਰਪੁਰ ਵਿਚ ਨਗਰ ਕੌਂਸਲਾਂ ਲਈ ਫੰਡ

*435. **ਸ਼੍ਰੀ ਅਵਿਨਾਸ਼ ਰਾਏ ਖੰਨਾ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2002-03 ਦੌਰਾਨ 11ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹਰ ਇਕ ਨਗਰ ਕੌਂਸਲ ਲਈ ਜਾਰੀ ਕੀਤੇ ਗਏ ਫੰਡ ਦੇ ਵੇਰਵੇ ਕੀ ਹਨ ?

**ਚੌਧਰੀ ਜਗਜੀਤ ਸਿੰਘ** : (ੳ) 11ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਸਾਲ 2002-03 ਵਿੱਚ 45.00 ਲੱਖ ਰੁਪਏ ਜਾਰੀ ਕੀਤੇ ਗਏ।

(ਅ) ਉਪਰੋਕਤ ਰਾਸ਼ੀ ਵਿਚੋਂ 25 ਲੱਖ ਰੁਪਏ ਹੁਸ਼ਿਆਰਪੁਰ ਅਤੇ 20 ਲੱਖ ਰੁਪਏ ਦਸੂਹਾ ਦੀਆਂ ਕਮੇਟੀ ਨੂੰ ਦਿੱਤੇ ਗਏ। ਇਸ ਜ਼ਿਲ੍ਹੇ ਦੀ ਹੋਰ ਕਿਸੇ ਕਮੇਟੀ ਨੂੰ ਕੋਈ ਰਾਸ਼ੀ ਨਹੀਂ ਦਿੱਤੀ ਗਈ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਾਕੀ ਕਮੇਟੀਆਂ ਨੂੰ ਕਿਉਂ ਇਗਨੋਰ ਕੀਤਾ ਗਿਆ ਹੈ ?

**ਮੰਤਰੀ** : ਸਪੀਕਰ ਸਾਹਿਬ, ਸਾਨੂੰ 16.5 ਕਰੋੜ ਰੁਪਏ ਮਿਲੇ ਸੀ ਜਿਹੜੇ ਅਸੀਂ ਬਹੁਤ ਸਾਰੀਆਂ ਕਮੇਟੀਆਂ ਨੂੰ ਵੰਡ ਦਿਤੇ ਹਨ ਅਤੇ ਜਦੋਂ ਦੂਜੀ ਕਿਸ਼ਤ ਮਿਲੇਗੀ ਤਾਂ ਬਾਕੀ ਕਮੇਟੀਆਂ ਨੂੰ ਦੇ ਦੇਵਾਂਗੇ ਜੀ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਮਾਨਯੋਗ ਸਪੀਕਰ ਸਾਹਿਬ, ਕੀ ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਇਹ ਕਦੋਂ ਤੱਕ ਦੂਜੀ ਕਮੇਟੀਆਂ ਨੂੰ ਵੀ ਪੈਸਾ ਦੇ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਜਦੋਂ ਪੈਸੇ ਆ ਜਾਣਗੇ ਤਾਂ ਦੇ ਦਿਆਂਗੇ ਜੀ।

**ਸ਼੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਹੁਸ਼ਿਆਰਪੁਰ ਕਮੇਟੀ ਲਈ 25 ਲੱਖ ਰੁਪਏ ਦਿੱਤੇ ਦੱਸਿਆ ਗਿਆ ਹੈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਗਿਆਰਵੇਂ ਵਿੱਤ ਕਮਿਸ਼ਨ ਦੀ ਰਿਪੋਰਟ ਅਨੁਸਾਰ ਹੁਸ਼ਿਆਰਪੁਰ ਕਮੇਟੀ ਦਾ ਕਿੰਨਾ ਹਿੱਸਾ ਬਣਦਾ ਸੀ ਅਤੇ ਘੱਟ ਕਿਉਂ ਦਿੱਤਾ ਗਿਆ, ਅਤੇ ਬਾਕੀ ਕਦੋਂ ਤੱਕ ਦੇ ਦੇਣਗੇ ?

Original with;
Punjab Vidhan Sabha
Panjab Digital Library

**ਮੰਤਰੀ** : ਸਪੀਕਰ ਸਾਹਿਬ, ਹੁਸ਼ਿਆਰਪੁਰ ਨਾਲ ਤਾਂ ਸਗੋਂ ਰਿਆਇਤ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਪਹਿਲਾਂ ਪੈਸਾ ਦਿੱਤਾ ਗਿਆ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨ ਕਿ ਹੁਸ਼ਿਆਰਪੁਰ ਕਮੇਟੀ ਦਾ ਅਸਲ ਵਿਚ ਕਿੰਨਾ ਪੈਸਾ ਬਣਦਾ ਸੀ ?

**ਮੰਤਰੀ** : ਸਪੀਕਰ ਸਾਹਿਬ, ਬਾਕੀ ਵੀ ਛੇਤੀ ਹੀ ਦੇ ਦਿਆਂਗੇ ਜੀ। 50% ਤੋਂ ਵੱਧ ਤਾਂ ਦੇ ਦਿੱਤਾ ਹੈ ਅਤੇ ਬਾਕੀ ਵੀ ਛੇਤੀ ਹੀ ਦੇ ਦਿਆਂਗੇ ਜੀ।

---

**ਸਹਿਕਾਰੀ ਖੰਡ ਮਿੱਲਾਂ ਦੁਆਰਾ ਕਿਸਾਨਾਂ ਨੂੰ ਗੰਨੇ ਦੇ ਬਕਾਇਆਂ ਦੀ ਅਦਾਇਗੀ ਨਾ ਕਰਨਾ**

***296. (1) ਸਰਦਾਰ ਬੀਰ ਦਵਿੰਦਰ ਸਿੰਘ**
**(2) ਸਰਦਾਰ ਵੀਰ ਸਿੰਘ ਲੋਪੋਕੇ** } : ਕੀ ਸਹਿਕਾਰਤਾ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਵਿਚ ਸਹਿਕਾਰੀ ਖੰਡ ਮਿੱਲਾਂ ਦੁਆਰਾ ਸਾਲ 2001-02 ਲਈ ਕਿਸਾਨਾਂ ਨੂੰ ਸਪਲਾਈ ਕੀਤੇ ਗਏ ਗੰਨੇ ਲਈ ਅਦਾਇਗੀਆਂ ਨਹੀਂ ਕੀਤੀਆਂ ਗਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਹਰ ਇਕ ਖੰਡ ਮਿੱਲ ਦੁਆਰਾ ਕਿੰਨੀ-ਕਿੰਨੀ ਰਕਮ ਦੀ ਅਦਾਇਗੀ ਕੀਤੀ ਜਾਣੀ ਹੈ ਅਤੇ ਅਦਾਇਗੀਆਂ ਨਾ ਕਰਨ ਦੇ ਕਾਰਣ ਕੀ ਹਨ; ਅਤੇ

(ਅ) ਕਿਸਾਨ ਵਰਗ ਨੂੰ ਮੁਆਵਜ਼ਾ ਦੇਣ ਲਈ ਇਸ ਸਬੰਧ ਵਿਚ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ?

**ਸਰਦਾਰ ਲਾਲ ਸਿੰਘ** : (ੳ) ਸੀਜ਼ਨ 2001-02 ਦੀ ਗੰਨੇ ਦੀ ਕੀਮਤ ਦੀ ਕੁਲ ਅਦਾਇਗੀ ਕਿਸਾਨਾਂ ਨੂੰ ਕਰ ਦਿੱਤੀ ਗਈ ਹੈ।

(ਅ) ਨਹੀਂ।

**ਸਰਦਾਰ ਵੀਰ ਸਿੰਘ ਲੋਪੋਕੇ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਹਿਕਾਰੀ ਖੰਡ ਮਿਲ, ਅਜਨਾਲਾ, ਇਸ ਸੀਜ਼ਨ ਵਿਚ ਕਦੋਂ ਚਾਲੂ ਹੋਈ ਸੀ ਅਤੇ ਇਸ ਸੀਜ਼ਨ ਦੇ ਕਿਹੜੇ ਮਹੀਨੇ ਤੱਕ ਦੇ ਪੈਸੇ ਕਿਸਾਨਾਂ ਨੂੰ ਮਿਲ ਗਏ ਹਨ ?

**ਮੰਤਰੀ** : ਸਪੀਕਰ ਸਾਹਿਬ, ਇਸ ਸਬੰਧੀ ਇਹ ਨਵਾਂ ਕੁਐਸਚਨ ਭੇਜ ਦੇਣ, ਮੈਂ ਦੱਸ ਦੇਵਾਂਗਾ ਜੀ।

---

Original with;
Punjab Vidhan Sabha
Digitized by;

## ਹੁਸ਼ਿਆਰਪੁਰ-ਧਰਮਸ਼ਾਲਾ ਸੜਕ ਉੱਤੇ ਪੁਲ ਦੀ ਮੁੜ ਉਸਾਰੀ

*272. **ਸ਼੍ਰੀ ਤਿਕਸ਼ਨ ਸੂਦ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕਿ ਇਹ ਠੀਕ ਹੈ ਕਿ ਪਿੰਡ ਚੋਹਾਲ ਵਿਖੇ ਹੁਸ਼ਿਆਰਪੁਰ-ਧਰਮਸ਼ਾਲਾ ਸੜਕ ਉੱਤੇ ਪੁਲ ਬਹੁਤ ਹੀ ਖਸਤਾ ਹਾਲਤ ਵਿਚ ਹੈ; ਅਗਰ ਹੈ, ਤਾਂ ਕਦੋਂ ਤੋਂ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਪੁਲ ਦੀ ਮੁੜ-ਉਸਾਰੀ ਲਈ ਅਨੁਮਾਨਤ ਕੁੱਲ ਕਿੰਨੀ ਲਾਗਤ ਆਵੇਗੀ ਅਤੇ ਇਸ ਪੁਲ ਨੂੰ ਕਦੋਂ ਤੱਕ ਮੁੜ ਬਣਾਏ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : (ੳ) ਇਹ ਠੀਕ ਹੈ ਕਿ ਇਹ ਪੁਲ ਦੀ ਹਾਲਤ ਅਗਸਤ, 2001 ਤੋਂ ਬਹੁਤ ਮਾੜੀ ਹੈ।

(ਅ) ਪੁਲ ਦੀ ਮੁੜ ਉਸਾਰੀ ਲਈ 46.06 ਲੱਖ ਰੁਪਏ ਦੀ ਲਾਗਤ ਦਾ ਅਨੁਮਾਨ ਤਿਆਰ ਕੀਤਾ ਗਿਆ ਹੈ ਅਤੇ ਇਹ ਭਾਰਤ ਸਰਕਾਰ, ਸੜਕੀ ਆਵਾਜਾਈ ਅਤੇ ਮਾਰਗ ਮੰਤਰਾਲੇ ਨੂੰ ਪ੍ਰਸ਼ਾਸਕੀ ਪ੍ਰਵਾਨਗੀ ਦੇਣ ਲਈ ਭੇਜ ਦਿੱਤਾ ਗਿਆ ਹੈ। ਇਹ ਕੰਮ ਸਾਲ 2002-2003 ਲਈ ਰਾਸ਼ਟਰੀ ਮਾਰਗਾਂ ਦੀ ਵਿਉਂਤਬੰਦੀ ਵਿਚ ਪਹਿਲਾਂ ਹੀ ਸ਼ਾਮਲ ਕਰ ਲਿਆ ਗਿਆ ਹੈ ਅਤੇ ਪ੍ਰਸ਼ਾਸਕੀ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਇਹ ਪੁਲ 6 ਮਹੀਨੇ ਵਿਚ ਮੁਕੰਮਲ ਕਰ ਦਿੱਤਾ ਜਾਵੇਗਾ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਵਿੱਚ ਲਿਖਿਆ ਹੈ ਕਿ ਅਗਸਤ, 2001 ਤੋਂ ਇਸ ਪੁਲ ਦੀ ਹਾਲਤ ਮਾੜੀ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਥੇ ਤਾਂ ਪੁਲ ਕਾਫੀ ਦੇਰ ਤੋਂ ਡਿੱਗਿਆ ਹੋਇਆ ਹੈ, ਪੁਲ ਤਾਂ ਹੈ ਹੀ ਨਹੀਂ। ਇਸ ਕਰਕੇ ਪੁਲ ਦੀ ਮਾੜੀ ਹਾਲਤ ਨਹੀਂ ਸਗੋਂ ਪੁਲ ਹੈ ਹੀ ਨਹੀਂ। ਸੀ.ਐਮ. ਸਾਹਿਬ ਵੀ ਉਸ ਸੜਕ ਤੋਂ ਜਾਂਦੇ ਰਹੇ ਹਨ ਔਰ ਹੋਰ ਵੀ ਲੋਕ ਪੰਜਾਬ ਤੋਂ ਹਿਮਾਚਲ ਜਾਂਦੇ ਸਮੇਂ ਉਸ ਸੜਕ ਤੋ ਲੰਘ ਕੇ ਜਾਂਦੇ ਹਨ ਕਿਉਂਕਿ ਰਸਤੇ ਵਿੱਚ ਮਾਤਾ ਚਿੰਤਪੁਰਨੀ ਦਾ ਅਸਥਾਨ ਪੈਂਦਾ ਹੈ। ਇਸ ਲਈ, ਮੈਂ, ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਭਰੋਸਾ ਦੇਣਗੇ ਕਿ ਨਿੱਜੀ ਇੰਟਰਸਟ ਲੈ ਕੇ ਇਸ ਨੂੰ ਛੇਤੀ ਤੋਂ ਛੇਤੀ ਕੰਪਲੀਟ ਕਰਵਾਇਆ ਜਾਵੇਗਾ ?

**ਮਾਨਯੋਗ ਸਪੀਕਰ** : ਉਨ੍ਹਾਂ ਨੇ ਕਿਹਾ ਹੈ ਕਿ ਛੇ ਮਹੀਨੇ ਵਿੱਚ ਬਣਾ ਦਿਆਂਗੇ।

---

## ਹੁਸ਼ਿਆਰਪੁਰ-ਗੜ੍ਹਸ਼ੰਕਰ ਸੜਕ ਦੀ ਪ੍ਰੀ-ਮਿਕਸ ਕਾਰਪੈਟਿੰਗ ਕਰਨਾ

*273. **ਸ਼੍ਰੀ ਤਿਕਸ਼ਨ ਸੂਦ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਹੁਸ਼ਿਆਰਪੁਰ-ਗੜ੍ਹਸ਼ੰਕਰ ਸੜਕ ਦੀ ਪ੍ਰੀਮਿਕਸ ਕਾਰਪੈਟਿੰਗ ਪਿਛਲੀ-ਵਾਰ ਕਿਸ ਸਾਲ ਵਿਚ ਕੀਤੀ ਗਈ ਸੀ;

Original with;
Punjab Vidhan Sabha
Digitized by;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸੜਕ ਦੀ ਮੁਰੰਮਤ ਅਤੇ ਪ੍ਰੀਮਿਕਸ ਕਾਰਪੇਟਿੰਗ ਹੁਣ ਕਿਸ ਸਾਲ ਵਿਚ ਕਰਨੀ ਬਣਦੀ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : (ੳ) ਹੁਸ਼ਿਆਰਪੁਰ-ਗੜ੍ਹਸ਼ੰਕਰ ਸੜਕ ਦੀ ਕੁੱਲ ਲੰਬਾਈ 38.50 ਕਿ: ਮੀ: ਹੈ। ਸੜਕ ਦੀ ਉਪਰਲੀ ਪਰਤ ਦੀ ਕੀਤੀ ਗਈ ਸਾਲਵਾਰ ਮੁਰੰਮਤ ਹੇਠ ਲਿਖੇ ਅਨੁਸਾਰ ਹੈ :—

| ਸਾਲ | ਮੁਰੰਮਤ (ਕਿ: ਮੀ:) |
|---|---|
| 1996-1997 | 2.16 ਕਿ: ਮੀ: |
| 1997-1998 | 5.95 ਕਿ: ਮੀ: |
| 1998-1999 | 17.50 ਕਿ: ਮੀ: |
| 2001-2002 | 9.19 ਕਿ: ਮੀ: |
| 2002-2003 | 3.70 ਕਿ: ਮੀ: |

(ਅ) ਸੜਕਾਂ ਦੀ ਲੰਬਾਈ ਅਤੇ ਉਹਨਾਂ ਤੇ ਸਾਲਵਾਰ ਹੋਣ ਵਾਲੀ ਮੁਰੰਮਤ ਅਤੇ ਪ੍ਰੀਮਿਕਸ ਕਾਰਪੇਟਿੰਗ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| ਸੜਕ ਦੀ ਲੰਬਾਈ | ਸਾਲ ਜਿਸ ਵਿਚ ਮੁਰੰਮਤ ਡਿਊ ਹੈ |
|---|---|
| 2.16 ਕਿ: ਮੀ: | 2001-2002 |
| 5.95 ਕਿ: ਮੀ: | 2002-2003 |
| 17.50 ਕਿ: ਮੀ: | 2003-2004 |
| 9.19 ਕਿ: ਮੀ: | 2006-2007 |
| 3.70 ਕਿ: ਮੀ: | 2007-2008 |

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਤੁਸੀਂ ਇਸੇ ਹੀ ਸੜਕ ਤੋਂ ਆਉਂਦੇ ਹੋ ਔਰ ਹੋਰ ਲੋਕ ਵੀ ਜਿਹੜੇ ਗੁਰਦਾਸਪੁਰ ਜਾਂ ਹੁਸ਼ਿਆਰਪੁਰ ਤੋਂ ਆਉਂਦੇ ਹਨ, ਇਸੇ ਸੜਕ ਤੋਂ ਹੀ ਆਉਂਦੇ ਹਨ। ਇਸ ਸੜਕ ਦੀ ਹਾਲਤ ਬਹੁਤ ਹੀ ਜ਼ਿਆਦਾ ਮਾੜੀ ਹੈ। ਮੰਤਰੀ ਜੀ ਦੀ ਨਾਲੇਜ ਵਿੱਚ ਵੀ ਇਹ ਸੜਕ ਹੋਵੇਗੀ। ਸੜਕ ਦੀ ਹਾਲਤ ਬਹੁਤ ਹੀ ਖਰਾਬ ਹੈ ਔਰ ਸਰਕਾਰ ਦੀਆਂ ਗੱਡੀਆਂ ਵੀ ਉਥੋਂ ਜਦੋਂ ਲੰਘਦੀਆਂ ਹਨ ਤਾਂ ਟੁੱਟਦੀਆਂ ਹਨ ਅਤੇ ਉਨ੍ਹਾਂ ਦਾ ਨੁਕਸਾਨ ਹੁੰਦਾ ਹੈ। ਇਸ ਲਈ ਕੀ ਮੰਤਰੀ ਜੀ ਇਸ ਦਾ ਪੈਚ-ਵਰਕ ਕਰਵਾ ਕੇ ਇਸ ਨੂੰ ਜਲਦੀ ਚਾਲੂ ਕਰਵਾ ਦੇਣਗੇ ?

Original with;
Punjab Vidhan Sabha
Digitized by;

**ਮੰਤਰੀ :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ। ਇਹ ਸਟੇਟ ਹਾਈਵੇ ਹੈ ਐਂਰ ਇਸ ਦੀ ਹਾਲਤ ਕਾਫੀ ਮਾੜੀ ਹੈ। ਇਹ ਰੋਡ ਕਈ ਸਾਲਾਂ ਤੋਂ ਨਿਗਲੈਕਟ ਪਈ ਸੀ ਐਂਰ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਸ ਦਾ ਪੈਚ-ਵਰਕ ਦਾ ਕੰਮ ਜਲਦੀ ਕਰਵਾ ਦਿੱਤਾ ਜਾਵੇਗਾ। ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਸ ਸੜਕ ਨੂੰ ਸੀ.ਆਰ.ਐਫ. ਸਕੀਮਾਂ ਵਿੱਚ ਵੀ ਇਨਕਲੂਡ ਕੀਤਾ ਜਾਵੇਗਾ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 544**

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

---

**ਜ਼ਿਲ੍ਹਾ ਜਲੰਧਰ ਵਿਚ ਧੁੱਸੀ ਬੰਧ ਨੂੰ ਮਜ਼ਬੂਤ ਕਰਨਾ**

*546. **ਸਰਦਾਰ ਅਜੀਤ ਸਿੰਘ ਕੋਹਾੜ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਜਲੰਧਰ ਵਿਚ ਸਤਲੁਜ ਦਰਿਆ ਦੇ ਨਾਲ-ਨਾਲ ਗਿੱਦੜਪਿੰਡੀ ਪੁਲ ਤੋਂ ਲੈ ਕੇ ਫਿਲੌਰ ਤਕ ਧੁੱਸੀ ਬੰਧ ਦੀ ਖਸਤਾ ਹਾਲਤ ਅਤੇ ਆਗਾਮੀ ਵਰਖਾ ਰੁੱਤ ਦੇ ਮੱਦੇ ਨਜ਼ਰ, ਇਸ ਨੂੰ ਮਜ਼ਬੂਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਮਜ਼ਬੂਤ ਕਰਨ ਦਾ ਕੰਮ ਕਦੋਂ ਤਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਗੁਰਚੇਤ ਸਿੰਘ ਭੁੱਲਰ :** ਇਸ ਸਮੇਂ ਜ਼ਿਲ੍ਹਾ ਜਲੰਧਰ ਵਿੱਚ ਦਰਿਆ ਸਤਲੁਜ ਤੇ ਗਿੱਦੜਪਿੰਡੀ ਤੋਂ ਫਿਲੌਰ ਤੱਕ ਧੁੱਸੀ ਬੰਧ ਨੂੰ ਮਜ਼ਬੂਤ ਕਰਨ ਦੀ ਤਜਵੀਜ਼ ਹੈ। ਜ਼ਿਲ੍ਹਾ ਕਪੂਰਥਲਾ, ਜਲੰਧਰ, ਨਵਾਂ ਸ਼ਹਿਰ ਅਤੇ ਹੁਸ਼ਿਆਰਪੁਰ ਵਿੱਚ ਹੜ੍ਹ ਰੋਕੂ ਕੰਮ ਅਤੇ ਜਲ ਨਿਕਾਸ ਦੇ ਕੰਮ ਕਰਵਾਉਣ ਲਈ 3321.16 ਲੱਖ ਰੁਪਏ ਦਾ ਇੱਕ ਪ੍ਰੋਜੈਕਟ ਐਸਟੀਮੇਟ ਨਾਬਾਰਡ ਅਥਾਰਟੀ ਨੂੰ ਫੰਡ ਉਪਲੱਬਧ ਕਰਵਾਉਣ ਲਈ ਭੇਜਿਆ ਗਿਆ ਹੈ। ਇਸ ਪ੍ਰੋਜੈਕਟ ਐਸਟੀਮੇਟ ਵਿੱਚ ਧੁੱਸੀ ਬੰਧ ਨੂੰ ਮਜ਼ਬੂਤ ਕਰਨ ਲਈ 540.00 ਲੱਖ ਰੁਪਏ ਦਾ ਉਪਬੰਧ ਵੀ ਕੀਤਾ ਹੋਇਆ ਹੈ। ਇਸ ਪ੍ਰੋਜੈਕਟ ਦੇ ਮਨਜ਼ੂਰ ਹੋ ਜਾਣ ਪਿੱਛੋਂ ਇਸ ਧੁੱਸੀ ਬੰਧ ਨੂੰ ਮਜ਼ਬੂਤ ਕਰਨ ਦਾ ਕੰਮ ਹੱਥ ਵਿੱਚ ਲਿਆ ਜਾਵੇਗਾ।

**ਸਰਦਾਰ ਅਜੀਤ ਸਿੰਘ ਕੋਹਾੜ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਬਰਸਾਤ ਤੋਂ ਪਹਿਲਾਂ ਪਹਿਲਾਂ ਇਹ ਧੁੱਸੀ ਬੰਨ੍ਹ ਠੀਕ ਕਰ ਦਿੱਤਾ ਜਾਵੇਗਾ ਕਿਉਂਕਿ ਉਥੇ ਹੜ੍ਹ ਬਹੁਤ ਆਉਂਦੇ ਹਨ ?

**ਮੰਤਰੀ :** ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ ਦਾ ਕੰਮ ਚਾਲੂ ਹੈ। ਫਿਲੌਰ ਤੋਂ ਦਾਨੇਵਾਲ ਤੱਕ ਨਬਾਰਡ ਦੇ ਫੇਜ਼-7 ਅਧੀਨ ਇਸ ਨੂੰ ਮਜ਼ਬੂਤ ਕਰਨ ਦਾ ਕੰਮ ਚੱਲ ਰਿਹਾ ਹੈ ਐਂਰ ਇਸ ਦੇ ਮਿਤੀ 30 ਜੂਨ, 2003 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ।

---

Original with;
Punjab Vidhan Sabha
Digitized by;

## ਸਮੂਹਿਕ ਕੇਂਦਰਾਂ ਤੇ ਕੀਤਾ ਗਿਆ ਖਰਚਾ

*482. (1) ਸਰਦਾਰ ਗੁਰਜੰਟ ਸਿੰਘ
(2) ਸ੍ਰੀ ਤਰਲੋਚਨ ਸਿੰਘ } : ਕੀ ਸਮਾਜਿਕ ਸੁਰੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਨੁਸੂਚਿਤ ਜਾਤੀਆਂ ਦੀਆਂ ਇਸਤਰੀਆਂ/ਲੜਕੀਆਂ ਲਈ ਸਮੂਹਿਕ ਕੇਂਦਰ ਸਥਾਪਿਤ ਕਰਨ ਲਈ ਕ੍ਰਮਵਾਰ ਸਾਲਾਂ 2000-2001, 2001-2002 ਅਤੇ 2002-2003 ਲਈ ਬਜਟ ਅਨੁਮਾਨਾਂ ਵਿਚ ਕਿੰਨੀ ਰਕਮ ਮਖ਼ਸੂਸ ਕੀਤੀ ਗਈ ਸੀ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਉਕਤ ਮੰਤਵ ਲਈ ਖਰਚ ਕਰ ਲਈ ਗਈ ਹੈ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਵਿਵਰਣ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

### ਵਿਵਰਣ

(ਰਕਮ ਲੱਖਾਂ ਵਿੱਚ)

(ੳ)

| ਸਾਲ | ਬਜਟ ਉਪਬੰਧ |
|---|---|
| 2001-2002 | 64.80 |
| 2001-2002 | 64.80 |
| 2002-2003 | 74.84 |

(ਅ)

| ਸਾਲ | ਖਰਚਾ | ਬਾਕੀ | ਵਿਸ਼ੇਸ਼ ਕਥਨ |
|---|---|---|---|
| 2001-2002 | — | — | ਸਕੀਮ ਤਹਿਤ ਫੰਡਜ਼ ਪ੍ਰਾਪਤ ਨਹੀਂ ਹੋਏ। |
| 2001-2002 | 64.80 | — | — |
| 2002-2003 | — | — | ਸਕੀਮ ਦੀ ਪ੍ਰਵਾਨਗੀ ਅਜੇ ਤੱਕ ਪ੍ਰਾਪਤ ਨਹੀਂ ਹੋਈ। |

**ਸਰਦਾਰ ਗੁਰਜੰਟ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੱਲ੍ਹ ਕੈਪਟਨ ਸਾਹਿਬ ਕਹਿ ਰਹੇ ਸੀ ਕਿ 31% ਆਬਾਦੀ ਐਸ.ਸੀਜ਼. ਅਤੇ ਬੈਕਵਰਡ ਕਲਾਸਿਜ਼ ਦੀ ਹੈ ਲੇਕਿਨ ਜਿਹੜੇ ਅੰਕੜੇ ਦੱਸ ਰਹੇ ਹਨ, ਉਨ੍ਹਾਂ ਮੁਤਾਬਿਕ ਸਾਲ 2000-2001 ਵਿੱਚ ਇਨ੍ਹਾਂ ਲੋਕਾਂ ਲਈ ਸਮੂਹਿਕ ਕੇਂਦਰ ਸਥਾਪਿਤ ਕਰਨ ਵਾਸਤੇ ਕੋਈ ਫੰਡਜ਼ ਨਹੀਂ ਰੱਖੇ ਗਏ। ਜਿਹੜੇ ਸਾਲ 2001-2002 ਵਿੱਚ 64 ਲੱਖ ਰੁਪਏ ਖਰਚ ਕਰਨੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਜੰਟ ਸਿੰਘ]

ਸਨ, ਉਹ ਲੈਪਸ ਹੋ ਗਏ ਅਤੇ ਸਾਲ 2002-2003 ਲਈ ਸਕੀਮ ਅਜੇ ਚੱਲ ਰਹੀ ਹੈ। ਕੀ ਮੰਤਰੀ ਸਾਹਿਬ ਦੱਸਣਗੇ ਕਿ ਇਹ ਸਕੀਮ ਕਦੋਂ ਤੱਕ ਪੂਰੀ ਹੋ ਜਾਵੇਗੀ। ਜਿਹੜੇ ਪਿਛਲੇ ਫੰਡਜ਼ ਨਹੀਂ ਰੱਖੇ ਗਏ, ਉਨ੍ਹਾਂ ਦੇ ਕੀ ਕਾਰਨ ਹਨ ਅਤੇ ਦੇਰੀ ਦੇ ਕੀ ਕਾਰਨ ਹਨ ?

**ਮੰਤਰੀ :** ਸਪੀਕਰ ਸਾਹਿਬ, ਫੰਡਜ਼ ਦੇ ਨਾ ਆਉਣ ਬਾਰੇ ਨਾਲ ਲਿਖਿਆ ਹੋਇਆ ਹੈ ਕਿ ਸਾਲ 2000-2001 ਵਿੱਚ ਇਸ ਸਕੀਮ ਤਹਿਤ ਫੰਡ ਪ੍ਰਾਪਤ ਨਹੀਂ ਹੋਏ। ਮੇਰੇ ਵੱਡੇ ਵੀਰ ਬੈਠੇ ਹਨ (ਆਪੋਜ਼ੀਸ਼ਨ ਵੱਲ ਇਸ਼ਾਰਾ), ਇਨ੍ਹਾਂ ਨੂੰ ਪਤਾ ਹੋਣਾ ਹੈ ਕਿਉਂਕਿ ਇਹ ਇਨ੍ਹਾਂ ਦੇ ਵੇਲੇ ਦਾ ਕੇਸ ਹੈ। ਸਾਲ 2001-2002 ਵਿੱਚ 64.80 ਲੱਖ ਰੁਪਏ ਖਰਚੇ ਜਾ ਚੁੱਕੇ ਹਨ। ਸਾਲ 2003 ਦੌਰਾਨ ਫੰਡਜ਼ ਲੈ ਕੇ ਇਸ ਸਕੀਮ ਤਹਿਤ ਖਰਚ ਕਰ ਦਿੱਤੇ ਜਾਣਗੇ।

**ਸਰਦਾਰ ਗੁਰਜੰਟ ਸਿੰਘ :** ਸਰ, ਅੱਜ 27 ਮਾਰਚ ਹੋ ਗਈ ਹੈ ਅਤੇ ਤਿੰਨ ਦਿਨ ਬਾਕੀ ਰਹਿ ਗਏ ਹਨ। ਕੀ ਮੰਤਰੀ ਸਾਹਿਬ ਯਕੀਨ ਦਿਵਾਉਣਗੇ ਕਿ ਇਨ੍ਹਾਂ ਤਿੰਨ ਦਿਨਾਂ ਵਿੱਚ ਪੈਸੇ ਜ਼ਰੂਰ ਖਰਚ ਦਿੱਤੇ ਜਾਣਗੇ ?

**ਮੰਤਰੀ :** ਸਰ, 2003 ਤਾਂ ਸ਼ੁਰੂ ਹੋਇਆ ਹੈ।

**ਮਾਨਯੋਗ ਸਪੀਕਰ :** ਸਾਲ 2003 ਵਿੱਚ ਦੇ ਦੇਣਗੇ। ਇਹ ਦਸੰਬਰ ਤੱਕ ਹੈ।

---

## ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਪੋਸਟ-ਮੈਟ੍ਰਿਕ ਵਜ਼ੀਫੇ

*483. (1) **ਸਰਦਾਰ ਗੁਰਜੰਟ ਸਿੰਘ**
(2) **ਸ਼੍ਰੀ ਤਰਲੋਚਨ ਸਿੰਘ** } : ਕੀ ਸਮਾਜਿਕ ਸੁਰੱਖਿਆ ਅਤੇ

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਵਜ਼ੀਫ਼ੇ ਦੇਣ ਲਈ ਕ੍ਰਮਵਾਰ ਸਾਲਾਂ 2000-2001, 2001-2002 ਅਤੇ 2002-2003 ਲਈ ਬਜਟ ਅਨੁਮਾਨਾਂ ਵਿਚ ਕਿੰਨੀ-ਕਿੰਨੀ ਰਕਮ ਮਖ਼ਸੂਸ ਕੀਤੀ ਗਈ ਸੀ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਉਕਤ ਮੰਤਵ ਲਈ ਵਰਤ ਲਈ ਗਈ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਸਦਨ ਦੀ ਮੇਜ਼ ਤੇ ਸਟੇਟਮੈਂਟ ਰੱਖੀ ਜਾਂਦੀ ਹੈ।

**ਸਟੇਟਮੈਂਟ**

(ੳ) ਸਾਲ 2000-2001, 2001-2002 ਅਤੇ 2002-2003 ਦੌਰਾਨ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਮਖ਼ਸੂਸ ਰੱਖੀ ਰਾਸ਼ੀ ਦਾ ਵੇਰਵਾ ਹੇਠ ਅਨੁਸਾਰ ਹੈ :—

(ਰਕਮ ਲੱਖਾਂ ਵਿੱਚ)

| ਸਾਲ | ਬਜਟ ਅਲਾਟਮੈਂਟ/ਮਖ਼ਸੂਸ ਰੱਖੀ ਰਾਸ਼ੀ |
|---|---|
| 2000-2001 | 522.00 |
| 2001-2002 | 600.00 |
| 2002-2003 | 600.00 |

(ਅ) ਵਰਤੀ ਗਈ ਰਾਸ਼ੀ/ਖਰਚੇ ਦਾ ਸਾਲ-ਵਾਰ ਵੇਰਵਾ :

(ਰਕਮ ਲੱਖਾਂ ਵਿੱਚ)

| ਸਾਲ | ਵਰਤੀ ਰਾਸ਼ੀ/ਖਰਚਾ | ਵਿਸ਼ੇਸ਼ ਕਥਨ |
|---|---|---|
| 2000-2001 | 451.32 | ਬਾਕੀ ਰਹਿੰਦੀ ਰਾਸ਼ੀ ਖਜ਼ਾਨਿਆਂ ਵੱਲੋਂ ਬਿੱਲ ਨਾ ਪਾਸ ਕਰਨ ਕਰਕੇ ਕਢਵਾਈ ਨਹੀਂ ਜਾ ਸਕੀ। |
| 2001-2002 | 173.30 | ਇਸ ਸਕੀਮ ਅਧੀਨ ਸਰਕਾਰ ਵੱਲੋਂ 280.00 ਲੱਖ ਰੁਪਏ ਦੀ ਰਾਸ਼ੀ ਹੀ ਰਲੀਜ਼ ਕੀਤੀ ਗਈ ਸੀ, ਜਿਸ ਵਿਚੋਂ 173.30 ਲੱਖ ਰੁਪਏ ਹੀ ਖਰਚੇ ਗਏ ਹਨ। ਬਾਕੀ ਰਾਸ਼ੀ ਖਜ਼ਾਨਿਆਂ ਤੇ ਰੋਕ ਲੱਗਣ ਕਾਰਨ ਨਹੀਂ ਕਢਵਾਈ ਜਾ ਸਕੀ। |

ਸਾਲ 2002-2003 ਦੀ 430.86 ਲੱਖ ਰੁਪਏ ਦੀ ਰਾਸ਼ੀ ਮਿਤੀ 24 ਮਾਰਚ, 2003 ਤੱਕ ਕਢਵਾ ਕੇ ਵੰਡੀ ਜਾ ਚੁੱਕੀ ਹੈ ਅਤੇ ਬਾਕੀ ਰਹਿੰਦੀ ਰਾਸ਼ੀ ਵੀ ਖਜ਼ਾਨੇ ਵਿੱਚੋਂ ਕਢਵਾ ਲਈ ਜਾਵੇਗੀ।

Original with;
Punjab Vidhan Sabha
Digitized by;

**ਸਰਦਾਰ ਗੁਰਜੰਟ ਸਿੰਘ** : ਸਪੀਕਰ ਸਾਹਿਬ, ਬਜਟ ਵਿੱਚ ਕਿਹਾ ਗਿਆ ਹੈ ਕਿ ਹਰੀਜਨਾਂ, ਐਸ.ਸੀਜ਼., ਵੀਕਰ ਸੈਕਸ਼ਨ ਵਾਸਤੇ ਏਨੀ ਰਾਸ਼ੀ ਰੱਖੀ ਗਈ ਹੈ ਪਰ ਜਦੋਂ ਖਰਚ ਕਰਦੇ ਹਾਂ ਤਾਂ ਉਸ ਰਾਸ਼ੀ ਵਿੱਚ ਫਰਕ ਹੁੰਦਾ ਹੈ। ਇਸ ਦੇ ਕੀ ਕਾਰਨ ਹਨ ? ਜਿੰਨੀ ਰੱਖੀ ਜਾਂਦੀ ਹੈ, ਉਨੀ ਕਿਉਂ ਨਹੀਂ ਖਰਚ ਕੀਤੀ ਜਾਂਦੀ। ਜਿਹੜੀ ਖਜ਼ਾਨੇ ਤੇ ਰੋਕ ਲਗਾ ਦਿੱਤੀ ਜਾਂਦੀ ਹੈ, ਉਸ ਦੇ ਕੀ ਕਾਰਨ ਹਨ। ਕੀ ਸਰਕਾਰ ਉਸ ਰੋਕ ਨੂੰ ਹਟਾਉਣ ਲਈ ਉਪਰਾਲੇ ਨਹੀਂ ਕਰਦੀ ?

**ਮੰਤਰੀ** : ਸਪੀਕਰ ਸਾਹਿਬ, ਉਪਰਾਲੇ ਬਹੁਤ ਕਰ ਰਹੇ ਹਾਂ ਲੇਕਿਨ ਕਈ ਵਾਰ ਫਾਈਨਾਂਸ਼ੀਅਲ ਕਰਾਈਸਸ ਹੁੰਦਾ ਹੈ। ਫਾਈਨਾਂਸ਼ੀਅਲ ਕਰਾਈਸਸ ਕਰਕੇ ਉਹ ਪੈਸੇ ਕਢਵਾਏ ਨਹੀਂ ਜਾ ਸਕਦੇ। ਕੋਈ ਮਜਬੂਰੀ ਹੋ ਜਾਂਦੀ ਹੈ ਲੇਕਿਨ ਇਸ ਸਾਲ ਦੀ ਐਸ਼ੋਰੈਂਸ ਦਿੱਤੀ ਹੈ ਕਿ ਪੈਸੇ ਕਢਵਾ ਕੇ ਵਰਤੇ ਜਾਣਗੇ। ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਵਜ਼ੀਫੇ ਦੇਣਾ ਆਨ-ਗੋਇੰਗ ਪ੍ਰਾਸੈਸ ਹੈ, ਇਹ ਹਰ ਸਾਲ ਚਲਦਾ ਰਹਿੰਦਾ ਹੈ, ਕੰਟੀਨਿਊ ਹੈ, ਇਸ ਕਰਕੇ ਇਹ ਪੈਸੇ ਕਢਵਾ ਕੇ ਦੇ ਦਿੱਤੇ ਜਾਣਗੇ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 519**

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਥਾਣਾ ਮੁਹਾਲੀ (ਐਸ.ਏ.ਐਸ. ਨਗਰ) ਵਿਚ ਦਰਜ ਕੇਸ**

*537. **ਸਰਦਾਰ ਸ਼ੇਰ ਸਿੰਘ ਗਾਗੋਵਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਜਨਵਰੀ, 2003 ਤੋਂ ਮਿਤੀ ਅੰਤ ਤੱਕ ਦੇ ਦੌਰਾਨ ਥਾਣਾ, ਮੁਹਾਲੀ (ਐਸ.ਏ.ਐਸ. ਨਗਰ) ਵਿਚ ਦਰਜ ਕੀਤੇ ਗਏ ਕੇਸਾਂ ਦੀ ਗਿਣਤੀ ਕਿੰਨੀ ਹੈ;

(ਅ) ਕੀ ਉਕਤ ਵਰਣਿਤ ਸਮੇਂ ਦੌਰਾਨ ਥਾਣਾ, ਮੁਹਾਲੀ (ਐਸ.ਏ.ਐਸ. ਨਗਰ) ਵਿਚ ਝੂਠੇ ਕੇਸ ਦਰਜ ਕਰਨ ਸਬੰਧੀ ਸਰਕਾਰ ਨੂੰ ਕੋਈ ਸ਼ਿਕਾਇਤ ਪ੍ਰਾਪਤ ਹੋਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਤੇ ਕੀ ਕਾਰਵਾਈ ਕੀਤੀ ਗਈ ?

**ਕੈਪਟਨ ਅਮਰਿੰਦਰ ਸਿੰਘ** : (ੳ) ਪੁਲਿਸ ਸਟੇਸ਼ਨ ਮੁਹਾਲੀ, ਜ਼ਿਲ੍ਹਾ ਰੂਪ ਨਗਰ ਵਿਖੇ 1 ਜਨਵਰੀ, 2003 ਤੋਂ 13 ਮਾਰਚ, 2003 ਤੱਕ 109 ਕੇਸ ਰਜਿਸਟਰ ਕੀਤੇ ਗਏ।

(ਅ) ਪੁਲਿਸ ਸਟੇਸ਼ਨ ਮੁਹਾਲੀ ਵਿਖੇ ਝੂਠੇ ਕੇਸ ਦਰਜ ਕਰਨ ਸਬੰਧੀ ਦੋ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਦੀ ਪੜਤਾਲ ਕੀਤੀ ਜਾ ਰਹੀ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸ਼ੇਰ ਸਿੰਘ ਗਾਗੋਵਾਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਇਹ ਵਿਸ਼ਵਾਸ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਦੇ ਕੇਸਾਂ ਦੀ ਇਨਵੈਸਟੀਗੇਸ਼ਨ ਚਲ ਰਹੀ ਹੈ, ਉਹ ਇਸ ਨੂੰ ਸਮਾਂ ਬੱਧ ਕਰਨਗੇ ਤੇ ਜਾਨਣਾ ਚਾਹੁੰਦਾ ਹਾਂ ਕਿ ਇਹ ਕਾਰਵਾਈ ਕਦੋਂ ਤੱਕ ਕੰਪਲੀਟ ਹੋ ਜਾਵੇਗੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਜੋ ਇਹ ਦੋ ਕੇਸ ਹਨ, ਇਨ੍ਹਾਂ ਦੇ ਵਿਚੋਂ ਇੱਕ ਕੇਸ ਦੀ ਕੰਪਲੇਂਟ 2 ਮਾਰਚ ਨੂੰ ਆਈ ਹੈ ਅਤੇ ਦੂਜੇ ਕੇਸ ਦੀ ਕੰਪਲੇਂਟ ਮਿਤੀ 13 ਮਾਰਚ ਨੂੰ ਹੀ ਪਹੁੰਚੀ ਹੈ। ਇਨ੍ਹਾਂ ਦੀ ਇਨਵੈਸਟੀਗੇਸ਼ਨ ਚਲ ਰਹੀ ਹੈ ਔਰ ਜਦੋਂ ਵੀ ਇਨ੍ਹਾਂ ਦੀ ਇਨਵੈਸਟੀਗੇਸ਼ਨ ਪੂਰੀ ਹੋ ਜਾਵੇਗੀ ਤਾਂ ਮਾਨਯੋਗ ਮੈਂਬਰ ਸਾਹਿਬ ਨੂੰ ਮੈਂ ਦੱਸ ਦੇਵਾਂਗਾ ਜੀ।

**ਸਰਦਾਰ ਸ਼ੇਰ ਸਿੰਘ ਗਾਗੋਵਾਲ** : ਠੀਕ ਹੈ ਜੀ।

---

## ਖੇਤੀਬਾੜੀ ਵਿਭਾਗ ਦੇ ਅਫ਼ਸਰ ਦੇ ਵਿਰੁੱਧ ਸ਼ਿਕਾਇਤ

***538. ਸਰਦਾਰ ਸ਼ੇਰ ਸਿੰਘ ਗਾਗੋਵਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਚੌਕਸੀ ਬਿਊਰੋ ਨੂੰ 1 ਜਨਵਰੀ, 2003 ਤੋਂ ਲੈ ਕੇ ਹੁਣ ਤਕ ਦੇ ਸਮੇਂ ਦੌਰਾਨ ਖੇਤੀਬਾੜੀ ਵਿਭਾਗ ਦੇ ਕਿਸੇ ਕਲਾਸ-I ਅਫ਼ਸਰ ਦੇ ਵਿਰੁੱਧ ਕੋਈ ਸ਼ਿਕਾਇਤ ਪ੍ਰਾਪਤ ਹੋਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਸ ਤੇ ਕੀ ਕਾਰਵਾਈ ਕੀਤੀ ਗਈ।

**ਕੈਪਟਨ ਅਮਰਿੰਦਰ ਸਿੰਘ** : ਹਾਂ ਜੀ, ਸਾਲ 2003 ਦੌਰਾਨ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਖਿਲਾਫ਼ ਹੇਠ ਲਿਖੀਆਂ ਦੋ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ :

1. **ਸ਼ਿਕਾਇਤ ਨੰ: 33 ਮਿਤੀ 3 ਮਾਰਚ, 2003.**—ਚੰਡੀਗੜ੍ਹ ਸ਼੍ਰੀ ਹਰਭਜਨ ਸਿੰਘ, ਸੰਯੁਕਤ ਡਾਇਰੈਕਟਰ, ਖੇਤੀਬਾੜੀ (ਪ੍ਰਾਜੈਕਟ ਡਿਵੈਲਪਮੈਂਟ ਇਕਨਾਮਿਸਟ) ਵਿਰੁੱਧ ਪ੍ਰਾਪਤ ਹੋਈ ਹੈ ਜਿਸ ਵਿਚ ਉਸ ਵੱਲੋਂ ਸਰਕਾਰੀ ਗੱਡੀ ਨੂੰ ਆਪਣੇ ਨਿੱਜੀ ਮੰਤਵ ਲਈ ਦੁਰਵਰਤੋਂ ਕਰਨ ਦਾ ਦੋਸ਼ ਹੈ। ਸ਼ਿਕਾਇਤ ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ ਦੇ ਦਫ਼ਤਰ ਵਿਚ ਕਾਰਵਾਈ ਅਧੀਨ ਹੈ।

2. **ਸ਼ਿਕਾਇਤ ਨੰ: 47, ਮਿਤੀ 26 ਫਰਵਰੀ, 2003.**—ਮੁਕਤਸਰ ਸ਼੍ਰੀ ਗੁਰਮੇਲ ਸਿੰਘ, ਖੇਤੀਬਾੜੀ ਵਿਕਾਸ ਅਫ਼ਸਰ, ਬਲਾਕ ਲੰਬੀ, ਮੁਕਤਸਰ (ਹੁਣ ਫਰੀਦਕੋਟ) ਵਿਰੁੱਧ ਪ੍ਰਾਪਤ ਹੋਈ ਹੈ। ਸ਼ਿਕਾਇਤ ਵਿਚ ਅਧਿਕਾਰੀ ਵਿਰੁੱਧ ਪੰਜਾਬ ਰਾਜ ਦੇ ਵਸਨੀਕ ਹੋਣ ਦਾ ਗਲਤ ਸਰਟੀਫੀਕੇਟ ਪ੍ਰਾਪਤ ਕਰਕੇ ਨੌਕਰੀ ਪ੍ਰਾਪਤ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਇਹ ਸ਼ਿਕਾਇਤ ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ, ਫਲਾਇੰਗ ਸੁਕਐਡ, ਪੰਜਾਬ, ਚੰਡੀਗੜ੍ਹ ਨੂੰ ਪੜਤਾਲ ਅਤੇ ਰਿਪੋਰਟ ਹਿੱਤ ਭੇਜੀ ਗਈ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸ਼ੇਰ ਸਿੰਘ ਗਾਗੋਵਾਲ :** ਮਾਨਯੋਗ ਸਪੀਕਰ ਸਾਹਿਬ, ਮੈਂ ਇਸ ਸਵਾਲ ਦੇ ਬਾਰੇ ਵੀ ਇਹ ਜਾਣਕਾਰੀ ਤੇ ਭਰੋਸਾ ਸੀ.ਐਮ. ਸਾਹਿਬ ਤੋਂ ਲੈਣਾ ਚਾਹੁੰਦਾ ਹਾਂ ਕਿ ਇਸ ਦੀ ਜੋ ਪੜਤਾਲ ਚਲ ਰਹੀ ਹੈ, ਉਸ ਦੇ ਲਈ ਇਹ ਕੋਈ ਸਮਾਂ ਨਿਯਤ ਕਰਨਗੇ ਤੇ ਦੱਸਣਗੇ ਕਿ ਇਹ ਕਦੋਂ ਤੱਕ ਕੰਪਲੀਟ ਹੋ ਜਾਵੇਗੀ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਜੋ ਦੋ ਕੇਸ ਐਗਰੀਕਲਚਰਲ ਡਿਪਾਰਟਮੈਂਟ ਦੇ ਹਨ, ਇਨ੍ਹਾਂ ਵਿੱਚੋਂ ਇੱਕ ਕੇਸ ਦੀ ਕੰਪਲੇਂਟ ਮਿਤੀ 3 ਮਾਰਚ ਨੂੰ ਆਈ ਹੈ ਔਰ ਇਸ ਦੇ ਉਤੇ ਵਿਜੀਲੈਂਸ ਡਿਪਾਰਟਮੈਂਟ ਕਾਰਵਾਈ ਕਰ ਰਿਹਾ ਹੈ ਔਰ ਦੂਜਾ ਜਿਹੜਾ ਕੇਸ ਹੈ, ਉਹ ਮਿਤੀ 27 ਫਰਵਰੀ ਨੂੰ ਆਇਆ ਹੈ ਜਿਸ ਨੂੰ ਕਿ ਹਾਲੇ ਮਹੀਨਾ ਹੀ ਹੋਇਆ ਹੈ। ਇਸ ਕੇਸ ਦੀ ਇਨਵੈਸਟੀਗੇਸ਼ਨ ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ, ਚੰਡੀਗੜ੍ਹ ਕਰ ਰਹੇ ਹਨ। ਕੇਸ ਦੀ ਇਨਵੈਸਟੀਗੇਸ਼ਨ ਦੇ ਵਿੱਚ ਇਕ ਮਹੀਨੇ ਤੋਂ ਤਾਂ ਜ਼ਿਆਦਾ ਸਮਾਂ ਲੱਗ ਹੀ ਜਾਂਦਾ ਹੈ। ਇਸ ਦੇ ਬਾਰੇ ਵੀ ਮੈਂਬਰ ਸਾਹਿਬ ਨੂੰ ਇਹ ਹੀ ਕਹਿੰਦਾ ਹਾਂ ਕਿ ਜਦੋਂ ਇਸ ਕੇਸ ਦੀ ਇਨਵੈਸਟੀਗੇਸ਼ਨ ਪੂਰੀ ਹੋ ਗਈ ਤਾਂ ਮੈਂਬਰ ਸਾਹਿਬ ਨੂੰ ਦੱਸ ਦੇਵਾਂਗਾ।

---

## ਗੜ੍ਹਸ਼ੰਕਰ ਅਤੇ ਮਾਹਿਲਪੁਰ ਬਲਾਕਾਂ ਵਿਚ ਗ੍ਰਾਮ ਪੰਚਾਇਤਾਂ ਦੇ ਵਿਰੁੱਧ ਮੁਕੱਦਮੇਬਾਜ਼ੀ ਦੇ ਕੇਸ

***450. ਸ਼੍ਰੀ ਅਵਿਨਾਸ਼ ਰਾਏ ਖੰਨਾ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਹੁਸ਼ਿਆਰਪੁਰ ਵਿਚ ਗੜ੍ਹਸ਼ੰਕਰ ਅਤੇ ਮਾਹਿਲਪੁਰ ਬਲਾਕਾਂ ਵਿਚ ਗ੍ਰਾਮ ਪੰਚਾਇਤਾਂ ਦੀ ਵੱਖ-ਵੱਖ ਗਿਣਤੀ ਕਿੰਨੀ ਹੈ;

(ਅ) ਸ਼ਾਮਲਾਤ ਜ਼ਮੀਨ ਹੜੱਪ ਕਰਨ ਸਬੰਧੀ ਉਪਰੋਕਤ ਭਾਗ (ੳ) ਵਿਚ ਵਰਣਿਤ ਗ੍ਰਾਮ ਪੰਚਾਇਤਾਂ ਵਿਚੋਂ ਕਿੰਨੀਆਂ ਦੁਆਰਾ ਪਿਛਲੇ 3 ਸਾਲਾਂ ਦੇ ਦੌਰਾਨ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਪਾਸ ਕਿੰਨੇ ਕੇਸ ਦਰਜ ਕਰਵਾਏ ਗਏ/ਕਿੰਨੀਆਂ ਪੰਚਾਇਤਾਂ ਦੇ ਵਿਰੁੱਧ ਕੇਸ ਦਰਜ ਕਰਵਾਏ ਗਏ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਕੇਸਾਂ ਵਿਚੋਂ ਕਿੰਨੇ ਕੇਸਾਂ ਦਾ ਹੁਣ ਤਕ ਫੈਸਲਾ ਕਰ ਦਿੱਤਾ ਗਿਆ ਹੈ ਅਤੇ ਇਸ ਸਮੇਂ ਕਿੰਨੇ ਕੇਸ ਪੈਂਡਿੰਗ ਪਏ ਹਨ ਅਤੇ ਪੰਚਾਇਤਾਂ ਦੁਆਰਾਂ ਇਨ੍ਹਾਂ ਕੇਸਾਂ ਦੇ ਸਬੰਧ ਵਿਚ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਨਜਾਇਜ਼ ਕਾਬਜ਼ਦਾਰਾਂ ਤੋਂ ਇਸ ਤਰ੍ਹਾਂ ਬਲਾਕ-ਵਾਰ ਜ਼ਮੀਨ ਦਾ ਕਿੰਨਾ-ਕਿੰਨਾ ਰਕਬਾ ਖਾਲੀ ਕਰਵਾਇਆ ਗਿਆ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** (ੳ) ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਗੜ੍ਹਸ਼ੰਕਰ ਬਲਾਕ ਦੀਆਂ ਕੁੱਲ 144 ਅਤੇ ਬਲਾਕ ਮਾਹਿਲਪੁਰ ਦੀਆਂ ਕੁੱਲ 140 ਪੰਚਾਇਤਾਂ ਹਨ।

Original with;
Punjab Vidhan Sabha
Digitized by;
Panjab Digital Library

(ਅ) ਪਿਛਲੇ ਤਿੰਨ ਸਾਲਾਂ (2000-2001, 2001-2002 ਅਤੇ 2002-2003) ਦੌਰਾਨ ਬਲਾਕ ਗੜ੍ਹਸ਼ੰਕਰ ਦੀਆਂ ਪੰਚਾਇਤਾਂ ਵੱਲੋਂ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਹੁਸ਼ਿਆਰਪੁਰ ਦੀ ਅਦਾਲਤ ਵਿੱਚ 8 ਕੇਸ ਦਰਜ ਕਰਵਾਏ ਗਏ, ਜਦ ਕਿ 2 ਕੇਸ ਪੰਚਾਇਤਾਂ ਦੇ ਵਿਰੁੱਧ ਦਰਜ ਹੋਏ। ਬਲਾਕ ਮਾਹਿਲਪੁਰ ਦੀਆਂ ਪੰਚਾਇਤਾਂ ਵੱਲੋਂ ਇਸ ਅਰਸੇ ਦੌਰਾਨ ਕੁੱਲ 9 ਕੇਸ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਹੁਸ਼ਿਆਰਪੁਰ ਦੀ ਅਦਾਲਤ ਵਿੱਚ ਦਰਜ ਕਰਵਾਏ ਗਏ ਜਦ ਕਿ ਇਸ ਬਲਾਕ ਦੀਆਂ ਪੰਚਾਇਤਾਂ ਵਿਰੁੱਧ ਕੋਈ ਵੀ ਕੇਸ ਦਰਜ ਨਹੀਂ ਹੋਇਆ।

(ੲ) ਹੁਣ ਤੱਕ ਬਲਾਕ ਗੜ੍ਹਸ਼ੰਕਰ ਦੀਆਂ ਪੰਚਾਇਤਾਂ ਦੇ 4 ਕੇਸਾਂ ਦਾ ਫੈਸਲਾ ਹੋ ਚੁੱਕਾ ਹੈ ਜਦ ਕਿ 6 ਕੇਸ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਹੁਸ਼ਿਆਰਪੁਰ ਦੀ ਅਦਾਲਤ ਵਿੱਚ ਲੰਬਿਤ ਹਨ। ਬਲਾਕ ਮਾਹਿਲਪੁਰ ਦੀਆਂ ਪੰਚਾਇਤਾਂ ਦੇ 3 ਕੇਸਾਂ ਦਾ ਫੈਸਲਾ ਹੋ ਚੁੱਕਾ ਹੈ ਅਤੇ 6 ਕੇਸ ਲੰਬਿਤ ਹਨ। ਬਲਾਕ ਗੜ੍ਹਸ਼ੰਕਰ ਦੀਆਂ ਪੰਚਾਇਤਾਂ ਵੱਲੋਂ ਇਨ੍ਹਾਂ ਕੇਸਾਂ ਉਪਰ 4,500 ਰੁਪਏ ਅਤੇ ਬਲਾਕ ਮਾਹਿਲਪੁਰ ਦੀਆਂ ਪੰਚਾਇਤਾਂ ਵੱਲੋਂ ਇਨ੍ਹਾਂ ਕੇਸਾਂ ਉਪਰ ਕੁੱਲ 49,000 ਰੁਪਏ ਪੰਚਾਇਤ ਫੰਡ ਵਿੱਚੋਂ ਖਰਚ ਕੀਤੇ ਗਏ ਹਨ। ਬਲਾਕ ਗੜ੍ਹਸ਼ੰਕਰ ਦੀਆਂ ਪੰਚਾਇਤਾਂ ਦਾ 5 ਕਨਾਲ 11 ਮਰਲੇ ਰਕਬਾ ਨਜਾਇਜ਼ ਕਾਬਜ਼ਾਂ ਪਾਸੋਂ ਛੁਡਾਇਆ ਗਿਆ ਹੈ ਅਤੇ ਬਲਾਕ ਮਾਹਿਲਪੁਰ ਦੀਆਂ ਪੰਚਾਇਤਾਂ ਦਾ ਕੁੱਲ 1 ਏਕੜ 2 ਕਨਾਲ 11 ਮਰਲੇ ਰਕਬਾ ਨਜਾਇਜ਼ ਕਾਬਜ਼ਾਂ ਪਾਸੋਂ ਖਾਲੀ ਕਰਵਾਇਆ ਗਿਆ ਹੈ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਗੜ੍ਹਸ਼ੰਕਰ ਦੇ ਵਿੱਚ 10 ਕੇਸ ਹੋਏ ਹਨ ਔਰ ਉਨ੍ਹਾਂ ਦੇ ਉਤੇ 4,500 ਰੁਪਿਆ ਖਰਚ ਕੀਤਾ ਗਿਆ ਹੈ ਜਦ ਕਿ ਮਾਹਿਲਪੁਰ ਦੇ ਕੁੱਲ 9 ਕੇਸਾਂ ਦੇ ਉਤੇ 49,000 ਰੁਪਿਆ ਖਰਚ ਕੀਤਾ ਗਿਆ ਹੈ। ਇਹ ਖਰਚੇ ਦਾ ਇੰਨਾ ਜ਼ਿਆਦਾ ਡਿਫਰੈਂਸ ਕਿਉਂ ਹੈ, ਇਸ ਦੇ ਬਾਰੇ ਮੰਤਰੀ ਜੀ ਦੱਸਣ ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਦੋਨਾਂ ਦੇ ਰਕਬੇ ਦੇ ਫਰਕ ਹੈ। ਨੰਬਰ ਦੋ ਉਤੇ ਇਨ੍ਹਾਂ ਕੇਸਾਂ ਦੇ ਵਿੱਚ ਕੋਈ ਸੀਮਾ ਫਿਕਸ ਨਹੀਂ ਕੀਤੀ ਹੋਈ ਹੈ, ਕਿਸੇ ਨੇ ਹੋਰ ਤਰੀਕੇ ਦੇ ਨਾਲ, ਕਿਸੇ ਹੋਰ ਵਕੀਲ ਦੇ ਰਾਹੀਂ ਜਾਂ ਆਵਾਜਾਈ ਤੇ ਜ਼ਿਆਦਾ ਖਰਚ ਜਾਂ ਕੁਝ ਹੋਰ ਹੋਇਆ ਹੋਵੇਗਾ। ਇਸ ਤਰ੍ਹਾਂ ਇਹ ਖਰਚਾ ਵੱਧ ਹੋ ਜਾਂਦਾ ਹੈ। ਬਾਕੀ ਇਸ ਦੇ ਲਈ ਖਰਚੇ ਦੀ ਕੋਈ ਸੀਮਾਂ ਨਿਰਧਾਰਤ ਨਹੀਂ ਕੀਤੀ ਹੋਈ ਹੈ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਪੰਚਾਇਤਾਂ ਦੇ ਕੋਲ ਆਮਦਨ ਤਾਂ ਹੈ ਨਹੀਂ ਪਰ ਖਰਚਾ ਉਨ੍ਹਾਂ ਨੇ ਵੀ ਕੀਤਾ ਹੈ। ਇਸ ਦੇ ਉਲਟ ਜਿਨ੍ਹਾਂ ਪੰਚਾਇਤਾਂ ਦੇ ਕੋਲ ਆਮਦਨ ਹੈ, ਕੀ ਉਨ੍ਹਾਂ ਨੇ ਆਪਣੇ ਫੰਡ ਵਿਚੋਂ ਇਨ੍ਹਾਂ ਕੇਸਾਂ ਦੇ ਉਤੇ ਖਰਚਾ ਕੀਤਾ ਹੈ ਜਾਂ ਫਿਰ ਕਿਸੇ ਹੋਰ ਵਿਕਾਸ ਦੇ ਕੰਮ ਵਿਚੋਂ ਪੈਸਾ ਖਰਚਿਆ ਹੈ ? ਇਹ ਪੈਸਾ ਕਿਥੋਂ ਖਰਚ ਕੀਤਾ ਗਿਆ ਹੈ ?

**ਮੰਤਰੀ** : ਸਪੀਕਰ ਸਾਹਿਬ, ਇਸ ਦੇ ਵਿਚ ਦੋ ਤਰ੍ਹਾਂ ਹੈ ਜੀ। ਇੱਕ ਤਾਂ ਜਿਨ੍ਹਾਂ ਪੰਚਾਇਤਾਂ ਦੇ ਕੋਲ ਆਮਦਨ ਹੈ, ਉਨ੍ਹਾਂ ਨੇ ਆਪਣੇ ਫੰਡਾਂ ਵਿਚੋਂ ਖਰਚ ਕੀਤਾ ਹੈ ਅਤੇ ਦੂਜਾ ਜਿਨ੍ਹਾਂ ਦੇ ਕੋਲ ਆਮਦਨ ਨਹੀਂ ਹੈ, ਉਨ੍ਹਾਂ ਨੇ ਆਪਸ ਦੇ ਵਿੱਚ ਰਲ ਕੇ ਪੈਸੇ ਇਕੱਠੇ ਕਰਕੇ

Original with;
Punjab Vidhan Sabha
Digitized by;
Panjab Digital Library

[ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ]

ਖਰਚ ਕੀਤਾ ਹੈ। ਜਿਨ੍ਹਾਂ ਪੰਚਾਇਤਾਂ ਦੀ ਜ਼ਮੀਨ ਖਾਲੀ ਕਰਵਾਈ ਗਈ ਹੈ, ਨੈਚੂਰਲੀ ਉਨ੍ਹਾਂ ਦੀ ਆਮਦਨ ਤਾਂ ਹੋਣੀ ਹੀ ਹੈ। ਇਸ ਕਰਕੇ ਮੈਂ ਆਪਣੇ ਜਵਾਬ ਦੇ ਵਿੱਚ ਬੜਾ ਕਲੀਅਰ ਦੱਸਿਆ ਹੈ ਕਿ ਗੜ੍ਹਸ਼ੰਕਰ ਦੀਆਂ ਪੰਚਾਇਤਾਂ ਦਾ 5 ਕਨਾਲ 11 ਮਰਲੇ ਰਕਬਾ ਖਾਲੀ ਕਰਵਾਇਆ ਹੈ ਤੇ ਮਾਹਿਲਪੁਰ ਦੀਆਂ ਪੰਚਾਇਤਾਂ ਦਾ ਕੁੱਲ ਇੱਕ ਏਕੜ 2 ਕਨਾਲ 11 ਮਰਲੇ ਰਕਬਾ ਖਾਲੀ ਕਰਵਾਇਆ ਹੈ। ਸਪੀਕਰ ਸਾਹਿਬ, ਇਹ ਜ਼ਮੀਨ ਪ੍ਰਾਪਤ ਹੋਈ ਹੈ। ਇਸ ਵਾਸਤੇ ਮੈਂ ਦੱਸਦੀ ਹਾਂ ਕਿ ਜਿਹੜਾ ਨਜਾਇਜ਼ ਕਬਜ਼ਾ ਸੀ, ਉਹ ਖਾਲੀ ਕਰਵਾਇਆ ਹੈ ਅਤੇ ਕੇਸਿਜ਼ ਦਾ ਨਿਪਟਾਰਾ ਕਰਵਾਇਆ ਹੈ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਬਿਜਲੀ ਬੋਰਡ ਤੇ ਹੋਰ ਕਾਰਪੋਰੇਸ਼ਨਾਂ ਦੇ ਆਪਣੇ ਵਕੀਲ ਹੁੰਦੇ ਹਨ, ਕੀ ਪੰਚਾਇਤਾਂ ਨੂੰ ਵੀ ਲੀਗਲ ਕੌਂਸਲ ਦੇਣ ਦਾ ਸਰਕਾਰ ਦਾ ਕੋਈ ਵਿਚਾਰ ਹੈ ?

**ਮੰਤਰੀ** : ਸਪੀਕਰ ਸਾਹਿਬ, ਐਸਾ ਕੋਈ ਵਿਚਾਰ ਨਹੀਂ ਹੈ। ਹੁਣ ਨਵੀਆਂ ਪੰਚਾਇਤਾਂ ਬਣੀਆਂ ਹਨ। ਜੇ ਕੋਈ ਪਰਪੋਜ਼ਲ ਆਵੇਗੀ ਤਾਂ ਵਿਚਾਰ ਕਰ ਲਵਾਂਗੇ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਜਿਸ ਤਰ੍ਹਾਂ ਕੇਸਿਜ਼ ਵਿੱਚ ਅਮਾਊਂਟ ਦਾ ਡਿਫਰੈਂਸ ਆਇਆ ਹੈ, ਕੀ ਇਹ ਇਸ ਦੀ ਇਨਕੁਆਇਰੀ ਕਰਵਾਉਣਗੇ ? ਜਿੱਥੇ ਨਜਾਇਜ਼ ਖਰਚੇ ਹੋਏ, ਕੀ ਉਸ ਦੀ ਇਨਕੁਆਇਰੀ ਕਰਵਾਈ ਜਾਵੇਗੀ ਅਤੇ ਦੋਸ਼ੀਆਂ ਖਿਲਾਫ ਐਕਸ਼ਨ ਲਿਆ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਕੋਰਟ ਵਿੱਚ ਕੇਸ ਚੱਲ ਰਹੇ ਹਨ, ਉਨ੍ਹਾਂ ਦੇ ਖਰਚੇ ਬਾਰੇ ਤਾਂ ਉਹ ਹੀ ਦੱਸ ਸਕਦੇ ਹਨ। ਅਸੀ ਤਾਂ ਕੋਰਟ ਰਾਹੀਂ ਜ਼ਮੀਨਾਂ ਖਾਲੀ ਕਰਵਾਈਆਂ ਹਨ।

---

## ਜਲੰਧਰ-ਮੋਗਾ ਸਟੇਟ ਹਾਈਵੇ ਦੀ ਮੁਰੰਮਤ

*545. **ਸਰਦਾਰ ਅਜੀਤ ਸਿੰਘ ਕੋਹਾੜ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜਲੰਧਰ-ਮੋਗਾ ਸਟੇਟ ਹਾਈਵੇ ਦੀ ਮੁਰੰਮਤ ਪਿਛਲੀ-ਵਾਰ ਕਿਸ ਸਾਲ ਵਿਚ ਕੀਤੀ ਗਈ ਸੀ ਅਤੇ ਇਸ ਦੀ ਦੁਬਾਰਾ ਮੁਰੰਮਤ ਕਦੋਂ ਕੀਤੀ ਜਾਣੀ ਬਣਦੀ ਸੀ ; ਅਤੇ

(ਅ) ਉਕਤ ਸੜਕ ਦੀ ਮੁਰੰਮਤ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : (ੳ) ਇਸ ਸੜਕ ਦਾ 34.87 ਕਿਲੋਮੀਟਰ ਦਾ ਹਿੱਸਾ ਪਿਛੇ ਸਾਲ 2001 ਵਿਚ ਮੁਰੰਮਤ ਕੀਤਾ ਗਿਆ ਸੀ। ਕੁਝ ਹਿੱਸੇ ਜਿਨ੍ਹਾਂ ਦੀ ਲੰਬਾਈ ਤਕਰੀਬਨ 9.50 ਕਿਲੋਮੀਟਰ ਹੈ, ਸਾਲ 1999 ਤੋਂ ਮੁਰੰਮਤ ਲਈ ਡਿਊ ਸਨ।

Original with;
Punjab Vidhan Sabha
Digitized by;

(ਅ) ਇਸ ਸੜਕ ਦੇ 11.30 ਕਿਲੋਮੀਟਰ ਦਾ ਕੰਮ ਸਮੇਂ ਬੱਧ ਮੁਰੰਮਤ ਪ੍ਰੋਗਰਾਮ ਅਧੀਨ ਅਪ੍ਰੈਲ 2003 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਇਸ ਸੜਕ ਦਾ 15 ਕਿਲੋਮੀਟਰ ਹਿੱਸਾ ਜੋ ਮੁਰੰਮਤ ਲਈ ਡਿਊ ਹੈ, ਨੂੰ ਉਚਾ/ਮਜ਼ਬੂਤ ਕਰਨ ਦਾ ਕੰਮ ਭਾਰਤ ਸਰਕਾਰ ਤੋਂ ਫੰਡਜ਼ ਪ੍ਰਾਪਤ ਹੋਣ ਉਪਰੰਤ 9 ਮਹੀਨਿਆਂ ਦੇ ਅੰਦਰ ਮੁਕੰਮਲ ਕਰ ਦਿੱਤਾ ਜਾਵੇਗਾ।

**ਸਰਦਾਰ ਅਜੀਤ ਸਿੰਘ ਕੋਹਾੜ** : ਸਪੀਕਰ ਸਾਹਿਬ, ਜਿਹੜੀ ਮੋਗਾ-ਜਲੰਧਰ ਸੜਕ ਹੈ, ਇਹ ਇੱਕੋ ਵਾਰੀ ਹੀ ਬਣਨੀ ਚਾਹੀਦੀ ਹੈ। ਇਸ ਦਾ ਕੁਝ ਹਿੱਸਾ ਤਾਂ ਬਣ ਗਿਆ ਹੈ। 9.5 ਕਿਲੋਮੀਟਰ ਦਾ ਹਿੱਸਾ 1999 ਤੋਂ ਮੁਰੰਮਤ ਲਈ ਡਿਊ ਹੈ, ਦੱਸਿਆ ਗਿਆ ਹੈ। ਇਹ ਸੜਕ ਨੈਸ਼ਨਲ ਹਾਈਵੇ ਹੋਣ ਕਾਰਨ ਇੱਕੋ ਵਾਰੀ ਬਣਨੀ ਚਾਹੀਦੀ ਹੈ। ਹੁਣ ਇਸ ਸੜਕ ਵਿੱਚ ਟੋਏ ਪਏ ਹੋਏ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸੜਕ ਦੀ ਮਹੱਤਤਾ ਨੂੰ ਦੇਖਦੇ ਹੋਏ ਕਦੋਂ ਤੱਕ ਮੁਰੰਮਤ ਪੂਰੀ ਕਰਵਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਕੱਲ੍ਹ ਵੀ ਇਸ ਹਾਊਸ ਵਿੱਚ ਦੱਸਿਆ ਸੀ ਕਿ ਇਹ ਸੜਕ ਨੈਸ਼ਨਲ ਹਾਈਵੇ ਦਾ ਹਿੱਸਾ ਹੈ। ਇਸ ਸੜਕ ਲਈ ਅਸੀਂ ਪਿਛਲੇ 4-5 ਮਹੀਨਿਆਂ ਤੋਂ ਮਨਿਸਟਰੀ ਆਫ ਸਰਫੇਸ ਟਰਾਂਸਪੋਰਟ ਨਾਲ ਮੈਟਰ ਟੇਕ-ਅੱਪ ਕੀਤਾ ਹੋਇਆ ਹੈ। ਸਾਰੇ ਐਸਟੀਮੇਟ ਉਨ੍ਹਾਂ ਨੂੰ ਭੇਜੇ ਹੋਏ ਹਨ। ਤਕਰੀਬਨ 18 ਸੜਕਾਂ ਜਿਹੜੀਆਂ ਨੈਸ਼ਨਲ ਹਾਈਵੇਜ਼ ਅਤੇ ਸਟੇਟ ਹਾਈਵੇਜ਼ ਹਨ, ਉਨ੍ਹਾਂ ਵਿੱਚ ਇਹ ਸੜਕ ਵੀ ਆਉਂਦੀ ਹੈ ਜਿਹੜੀ ਕਿ 15 ਕਿਲੋਮੀਟਰ ਤੱਕ ਹੈ। ਮੈਂਬਰ ਸਾਹਿਬ ਠੀਕ ਕਹਿੰਦੇ ਹਨ ਕਿ ਇਸ ਸੜਕ ਦੀ ਮਾੜੀ ਹਾਲਤ ਹੈ। ਮੈਂ ਗੁਜ਼ਾਰਿਸ਼ ਕਰਦਾ ਹਾਂ ਕਿ ਅਸੀਂ ਦੋ ਵਾਰੀ ਮੁੱਖ ਮੰਤਰੀ ਜੀ ਦੇ ਨਾਲ ਮਨਿਸਟਰੀ ਆਫ ਸਰਫੇਸ ਟਰਾਂਸਪੋਰਟ ਨੂੰ ਮਿਲੇ ਹਾਂ। ਮੈਂ ਵੀ ਨਾਲ ਗਿਆ ਸੀ। ਚਿੱਠੀਆਂ ਵੀ ਲਿਖੀਆਂ ਹਨ ਔਰ ਸਾਡਾ ਚੀਫ਼ ਇੰਜੀਨੀਅਰ ਉਥੇ ਕਈ ਦਿਨਾਂ ਤੋਂ ਬੈਠਾ ਹੋਇਆ ਹੈ ਤਾਂ ਜੋ ਉਨ੍ਹਾਂ ਦੇ ਧਿਆਨ ਵਿੱਚ ਪੰਜਾਬ ਦਾ ਕੇਸ ਕਲੀਅਰ ਹੋ ਸਕੇ। ਮੈਂ ਕੱਲ੍ਹ ਵੀ ਭਾਜਪਾ ਮੈਂਬਰਾਂ ਨੂੰ ਗੁਜ਼ਾਰਿਸ਼ ਕੀਤੀ ਸੀ ਕਿ ਉਹ ਇਸ ਕੰਮ ਵਿੱਚ ਸਾਡੀ ਮਦਦ ਕਰਨ ਕਿਉਂਕਿ ਸੈਂਟਰ ਵਿੱਚ ਉਨ੍ਹਾਂ ਦੀ ਸਰਕਾਰ ਹੈ। ਮੈਂ ਕੋਹਾੜ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਆਓ, ਇਕੱਠੇ ਹੋ ਕੇ ਚਲੀਏ ਔਰ ਸੈਂਟਰ ਗੌਰਮਿੰਟ ਨਾਲ ਮੈਟਰ ਟੇਕ-ਅੱਪ ਕਰਕੇ ਉਨ੍ਹਾਂ ਨੂੰ ਕਹੀਏ ਕਿ ਜਿਹੜਾ ਸਾਡੇ ਨਾਲ ਵਿਤਕਰਾ ਹੋ ਰਿਹਾ ਹੈ, ਉਹ ਦੂਰ ਕੀਤਾ ਜਾਵੇ। ਸੜਕਾਂ ਦੀ ਮੁਰੰਮਤ ਕਰਵਾਉਣੀ ਬਹੁਤ ਜ਼ਰੂਰੀ ਹੈ। ਦੂਸਰਾ, ਜਿਹੜੀ ਗੱਲ ਇਨ੍ਹਾਂ ਨੇ ਕਹੀ ਹੈ ਕਿ ਇੱਕੋ ਵਾਰੀ ਇਹ ਸੜਕ ਕਿਉਂ ਨਹੀਂ ਠੀਕ ਹੋ ਜਾਂਦੀ, ਉਸ ਬਾਰੇ ਮੈਂ ਦੱਸਦਾ ਹਾਂ ਕਿ ਜਿਵੇਂ ਹੀ ਸਾਡੇ ਕੋਲ ਐਸਟੀਮੇਟ ਆਉਂਦੇ ਹਨ, ਉਸ ਮੁਤਾਬਕ ਹੀ ਕੰਮ ਹੁੰਦਾ ਹੈ। ਚੀਫ ਮਨਿਸਟਰ ਸਾਹਿਬ ਨੇ ਅੱਜ 11.00 ਵਜੇ ਪੰਜਾਬ ਦੀਆਂ ਸੜਕਾਂ ਬਾਰੇ ਮੀਟਿੰਗ ਬੁਲਾਈ ਹੋਈ ਹੈ। ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਨ੍ਹਾਂ ਸੜਕਾਂ ਦੀ ਜਲਦੀ ਤੋਂ ਜਲਦੀ ਮੁਰੰਮਤ ਕਰਵਾ ਲਵਾਂਗੇ।

**ਸਰਦਾਰ ਅਜੀਤ ਸਿੰਘ ਕੋਹਾੜ** : ਸਪੀਕਰ ਸਾਹਿਬ, ਮੈਂ ਨਕੋਦਰ ਰੋਡ ਬਾਰੇ ਗੱਲ ਕੀਤੀ ਸੀ ਪਰ ਇਹ ਤਾਂ ਇਹ ਸਾਰੇ ਪੰਜਾਬ ਦੀਆਂ ਸੜਕਾਂ ਵੱਲ ਲੈ ਗਏ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸੜਕ ਕਦੋਂ ਤੱਕ ਬਣਵਾ ਦਿਓਗੇ ?

**ਮਾਨਯੋਗ ਸਪੀਕਰ** : ਕੀ ਇਹ ਰੋਡ ਨੈਸ਼ਨਲ ਹਾਈਵੇਜ਼ ਵਿੱਚ ਸ਼ਾਮਲ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜੀਤ ਸਿੰਘ ਕੋਹਾੜ** : ਸਪੀਕਰ ਸਾਹਿਬ, ਇਹ ਸੜਕ ਨਕੋਦਰ-ਜਲੰਧਰ ਰੋਡ ਤੇ ਹੈ ਔਰ ਉਥੇ ਟੋਏ ਪਏ ਹੋਏ ਹਨ। ਇਹ ਨੈਸ਼ਨਲ ਹਾਈਵੇ ਹੈ।

**ਮਾਨਯੋਗ ਸਪੀਕਰ** : ਕੀ ਇਹ ਟੋਟਾ ਨੈਸ਼ਨਲ ਹਾਈਵੇਜ਼ ਤੋਂ ਵੱਖਰਾ ਹੈ ?

**ਮੰਤਰੀ** : ਸਰ, ਇਹ ਜਿਹੜਾ ਸਵਾਲ ਸੀ, ਇਹ ਨੈਸ਼ਨਲ ਹਾਈ ਵੇਅ ਦਾ ਸੀ। ਉਂਞ ਜਿਹੜੀ ਸੜਕ ਇਨ੍ਹਾਂ ਨੇ ਕਹੀ ਹੈ, ਮੈਂ ਉਸ ਦਾ ਨੋਟਿਸ ਲੈ ਲਿਆ ਹੈ। ਵੈਸੇ ਵੀ ਹੁਣ ਪੰਜਾਬ ਦੀਆਂ ਸਾਰੀਆਂ ਸੜਕਾਂ ਬਾਰੇ ਇਕ ਅਹਿਮ ਮੀਟਿੰਗ ਹੋਣ ਜਾ ਰਹੀ ਹੈ। ਮੈਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਸ ਸੜਕ ਨੂੰ ਪਹਿਲ ਦੇ ਆਧਾਰ ਤੇ ਜ਼ਰੂਰ ਕਰਾਂਗੇ।

---

## ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਕਿਤਾਬਾਂ

***484. (1) ਸ਼੍ਰੀ ਤਰਲੋਚਨ ਸਿੰਘ**
**(2) ਸ਼੍ਰੀ ਨੱਥੂ ਰਾਮ** } : ਕੀ ਸਮਾਜਿਕ ਸੁਰੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਪਹਿਲੀ ਕਲਾਸ ਤੋਂ ਦਸਵੀਂ ਕਲਾਸ ਤਕ ਪੜ੍ਹ ਰਹੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਮੁਫ਼ਤ ਕਿਤਾਬਾਂ ਦੇਣ ਲਈ ਸਾਲਾਂ 2000-2001, 2001-2002 ਅਤੇ 2002-2003 ਲਈ ਬਜਟ ਅਨੁਮਾਨਾਂ ਵਿਚ ਕਿੰਨੀ-ਕਿੰਨੀ ਰਕਮ ਮਖਸੂਸ ਕੀਤੀ ਗਈ ਸੀ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਉਕਤ ਮੰਤਵ ਲਈ ਹੀ ਖਰਚ ਕੀਤੀ ਗਈ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਸਦਨ ਦੀ ਮੇਜ਼ ਤੇ ਸਟੇਟਮੈਂਟ ਰੱਖੀ ਜਾਂਦੀ ਹੈ।

### ਸਟੇਟਮੈਂਟ

(ੳ) ਰਾਜ ਵਿਚ ਪਹਿਲੀ ਜਮਾਤ ਤੋਂ ਲੈ ਕੇ ਦਸਵੀਂ ਜਮਾਤ ਵਿੱਚ ਪੜ੍ਹ ਰਹੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਮੁਫ਼ਤ ਕਿਤਾਬਾਂ ਵੰਡਣ ਲਈ ਸਾਲਾਂ 2000-2001, 2001-2002 ਅਤੇ 2002-2003 ਲਈ ਬਜਟ ਅਨੁਮਾਨਾਂ ਵਿਚ ਸਾਲਵਾਰ ਮਖਸੂਸ ਕੀਤੀ ਗਈ ਰਕਮ ਦੀ ਡੀਟੇਲ ਹੇਠ ਲਿਖੇ ਅਨੁਸਾਰ ਹੈ :—

(ਰਕਮ ਲੱਖਾਂ ਵਿੱਚ)

| ਸਾਲ | ਬਜਟ ਅਨੁਮਾਨ |
|---|---|
| 2000-2001 | 832.00 |
| 2001-2002 | 832.00 |
| 2002-2003 | 955.00 |

Original with;
Punjab Vidhan Sabha
Digitized by;

(ਅ) ਸਾਲ 2000-2001, 2001-2002 ਅਤੇ 2002-2003 ਵਿੱਚ ਸਾਲਵਾਰ ਖਰਚ ਕੀਤੀ ਰਕਮ ਅਤੇ ਰਕਮ ਨਾ ਖਰਚਣ ਦੇ ਕਾਰਣ ਹੇਠ ਲਿਖੇ ਅਨੁਸਾਰ ਹਨ :—

(ਰਕਮ ਲੱਖਾਂ ਵਿੱਚ)

| ਸਾਲ | ਖਰਚ ਕੀਤੀ ਰਾਸ਼ੀ | ਕਾਰਣ |
|---|---|---|
| 2000-2001 | 832.00 | |
| 2001-2002 | 779.80 | 7.95 ਲੱਖ ਰੁਪਏ ਦੀ ਰਾਸ਼ੀ ਦਾ ਬਿੱਲ ਖਜ਼ਾਨੇ ਵੱਲੋਂ ਕਲੀਅਰ ਨਹੀਂ ਕੀਤਾ ਗਿਆ ਅਤੇ 44.25 ਲੱਖ ਰੁਪਏ ਦੀ ਰਾਸ਼ੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਭਲਾਈ ਵਿਭਾਗ ਨੂੰ ਸਪੈਸ਼ਲ ਮੁਆਫ ਕਰਨ ਕਰਕੇ ਖਜ਼ਾਨੇ ਤੋਂ ਨਹੀਂ ਕਢਵਾਈ ਗਈ। |
| 2002-2003 | 952.12 | ਬਕਾਇਆ ਰਾਸ਼ੀ ਖਜ਼ਾਨੇ ਤੋਂ ਮਿਤੀ 31 ਮਾਰਚ, 2003 ਤੱਕ ਕਢਵਾਈ ਜਾਵੇਗੀ। |

**ਸ਼੍ਰੀ ਤਰਲੋਚਨ ਸਿੰਘ** : ਸਪਲੀਮੈਂਟਰੀ, ਸਰ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਕੀ ਕਾਰਣ ਸਨ, ਮੰਤਰੀ ਸਾਹਿਬ ਉਨ੍ਹਾਂ ਤੇ ਵਿਸਥਾਰਪੂਰਵਕ ਚਾਨਣਾ ਪਾਉਣ, ਜਿਨ੍ਹਾਂ ਕਰਕੇ ਖਜ਼ਾਨੇ ਵਿਚੋਂ ਇਹ ਰਾਸ਼ੀ ਨਹੀਂ ਕਢਵਾਈ ਗਈ ?

**ਮੰਤਰੀ** : ਸਰ, ਸੰਨ 2001-2002 ਵਿਚ ਬਾਦਲ ਸਾਹਿਬ ਦੀ ਸਰਕਾਰ ਸੀ, ਉਨ੍ਹਾਂ ਨੇ ਇਹ ਰਾਸ਼ੀ ਕਿਉਂ ਨਹੀਂ ਕਢਵਾਈ, ਉਸਦੇ ਕਾਰਣ ਉਹੀ ਜਾਣਦੇ ਹਨ। 2002-2003 ਦੀ ਬਾਕੀ ਰਹਿੰਦੀ ਰਾਸ਼ੀ ਇਸ ਪਰਪਜ਼ ਵਾਸਤੇ ਕਢਵਾ ਕੇ ਖਰਚ ਕਰ ਲਈ ਜਾਵੇਗੀ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਉਹ ਇਸ ਬਾਰੇ ਡਾਇਰੈਕਟਰ, ਟਰੇਜ਼ਰੀ ਨੂੰ ਮੰਤਰੀ ਜੀ ਇੰਸਟ੍ਰਕਸ਼ਨ ਜਾਰੀ ਕਰਨਗੇ ਕਿਉਂਕਿ 3-4 ਦਿਨ ਰਹਿ ਗਏ ਹਨ ? ਕੀ ਬਾਕੀ ਰਹਿੰਦੀ ਰਾਸ਼ੀ ਕਢਵਾ ਲਈ ਜਾਵੇਗੀ ਜਾਂ ਨਹੀਂ ?

**ਮੰਤਰੀ** : ਠੀਕ ਹੈ, ਸਰ। ਰਾਸ਼ੀ ਕਢਾ ਲਈ ਜਾਵੇਗੀ ਜੀ।

---

Original with;
Punjab Vidhan Sabha
Digitized by;

**ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥਣਾਂ ਨੂੰ ਵਜ਼ੀਫੇ**

***485. (1) ਸ੍ਰੀ ਤਰਲੋਚਨ ਸਿੰਘ**
**(2) ਸ੍ਰੀ ਨੱਥੂ ਰਾਮ** } : ਕੀ ਸਮਾਜਿਕ ਸੁਰੱਖਿਆ ਅਤੇ

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਪ੍ਰਾਇਮਰੀ ਕਲਾਸਾਂ ਵਿਚ ਪੜ੍ਹ ਰਹੀਆਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥਣਾਂ ਨੂੰ ਹਾਜ਼ਰੀ (ਅਟੈਂਡੈਂਸ) ਵਜ਼ੀਫਾ ਦੇਣ ਲਈ ਸਾਲਾਂ 2000-2001, 2001-2002 ਅਤੇ 2002-2003 ਲਈ ਬਜਟ ਅਨੁਮਾਨਾਂ ਵਿਚ ਸਾਲ-ਵਾਰ ਕਿੰਨੀ-ਕਿੰਨੀ ਰਕਮ ਮਖਸੂਸ ਕੀਤੀ ਗਈ ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਨੂੰ ਉਕਤ ਮੰਤਵ ਲਈ ਖਰਚ ਕਰ ਲਿਆ ਗਿਆ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

**ਸਰਦਾਰ ਜੋਗਿੰਦਰ ਸਿੰਘ ਮਾਨ :** ਸ਼੍ਰੀਮਾਨ ਜੀ, ਸਦਨ ਦੀ ਮੇਜ਼ ਤੇ ਸਟੇਟਮੈਂਟ ਰੱਖੀ ਜਾਂਦੀ ਹੈ।

**ਸਟੇਟਮੈਂਟ**

(ੳ) ਸਾਲ 2000-2001, 2001-2002 ਅਤੇ 2002-2003 ਦੌਰਾਨ ਅਨੁਸੂਚਿਤ ਜਾਤੀਆਂ ਦੀਆਂ ਪ੍ਰਾਇਮਰੀ ਪੱਧਰ ਤੇ ਪੜ੍ਹ ਰਹੀਆਂ ਲੜਕੀਆਂ ਨੂੰ ਹਾਜ਼ਰੀ ਵਜ਼ੀਫਾ ਦੇਣ ਦੀ ਸਕੀਮ ਅਧੀਨ ਮਖਸੂਸ ਰੱਖੀ ਰਾਸ਼ੀ ਦਾ ਵੇਰਵਾ ਹੇਠ ਅਨੁਸਾਰ ਹੈ :—

(ਰਕਮ ਲੱਖਾਂ ਵਿੱਚ)

| ਸਾਲ | ਬਜਟ ਅਲਾਟਮੈਂਟ/ਮਖਸੂਸ ਰੱਖੀ ਰਾਸ਼ੀ |
|---|---|
| 2000-2001 | 2760.00 |
| 2001-2002 | 1005.00 |
| 2002-2003 | 1954.26 |

(ਅ) ਵਰਤੀ ਗਈ ਰਾਸ਼ੀ/ਖਰਚੇ ਦਾ ਸਾਲਵਾਰ ਵੇਰਵਾ

(ਰਕਮ ਲੱਖਾਂ ਵਿੱਚ)

| ਸਾਲ | ਵਰਤੀ ਰਾਸ਼ੀ/ਖਰਚਾ | ਵਿਸ਼ੇਸ਼ ਕਥਨ |
|---|---|---|
| 2000-2001 | 2760.00 | |
| 2001-2002 | 405.90 | ਬਾਕੀ ਰਹਿੰਦੀ ਰਾਸ਼ੀ 595.10 ਲੱਖ ਰੁਪਏ ਸਮੇਂ-ਸਮੇਂ ਤੇ ਖਜ਼ਾਨਿਆਂ ਤੇ ਰੋਕ ਲੱਗਣ ਕਾਰਨ ਕਢਵਾਈ ਨਹੀਂ ਜਾ ਸਕੀ। |

Original with;
Punjab Vidhan Sabha
Digitized by;
Panjab Digital Library

| ਸਾਲ | ਵਰਤੀ ਰਾਸ਼ੀ/ਖਰਚਾ | ਵਿਸ਼ੇਸ ਕਥਨ |
|---|---|---|
| 2002-2003 | 1016.13 | 28 ਫਰਵਰੀ, 2003 ਤੱਕ ਬਾਕੀ ਰਕਮ ਖਜ਼ਾਨੇ ਵਿਚੋਂ 31 ਮਾਰਚ, 2003 ਤੱਕ ਰਲੀਜ਼ ਕਰਵਾ ਕੇ ਖਰਚੀ ਜਾਵੇਗੀ। |

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਜਾਨਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਰਾਸ਼ੀ ਹੈ, ਇਹ ਕਲਾਸਵਾਈਜ਼ ਕਿੰਨੀ-ਕਿੰਨੀ ਦਿੱਤੀ ਜਾਂਦੀ ਹੈ, ਕਿੰਨੇ-ਕਿੰਨੇ ਰੁਪਏ ਕਿਹੜੀ-ਕਿਹੜੀ ਕਲਾਸ ਦੀਆਂ ਵਿਦਿਆਰਥਣਾਂ ਨੂੰ ਦਿੱਤੇ ਜਾਂਦੇ ਹਨ ?

**ਮੰਤਰੀ** : ਸਪੀਕਰ ਸਾਹਿਬ, ਪ੍ਰਾਇਮਰੀ ਪੱਧਰ ਤੇ ਵਿਦਿਅਕ ਸੰਸਥਾਵਾਂ ਵਿਚ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਦੀ ਗਿਣਤੀ ਉਨ੍ਹਾਂ ਦੀ ਆਬਾਦੀ ਤੋਂ ਘੱਟ ਹੈ। ਇਸ ਲਈ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਦੇ ਵਿਦਿਅਕ ਵਿਕਾਸ ਦੇ ਮੰਤਵ ਨੂੰ ਮੁੱਖ ਰਖਦੇ ਹੋਏ ਅਨੁਸੂਚਿਤ ਜਾਤੀਆਂ ਦੀਆਂ ਪ੍ਰਾਇਮਰੀ ਪੱਧਰ ਤੇ ਪੜ੍ਹ ਰਹੀਆਂ ਲੜਕੀਆਂ ਨੂੰ ਹਾਜ਼ਰੀ ਵਜ਼ੀਫਾ ਦੇਣ ਲਈ ਇਹ ਸਕੀਮ 1992-93 ਤੋਂ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੜਕੀਆਂ ਨੂੰ 50 ਰੁਪਏ ਪ੍ਰਤੀ ਮਹੀਨਾ ਅਤੇ ਸਾਲ ਵਿੱਚ ਕੁੱਲ 10 ਮਹੀਨਿਆਂ ਤਕ ਦੀ ਰਾਸ਼ੀ ਦਾ ਵਜ਼ੀਫਾ ਪ੍ਰਾਇਮਰੀ ਪੱਧਰ ਤੇ ਦਿੱਤਾ ਜਾਂਦਾ ਹੈ। ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੀਆਂ ਵਿਦਿਆਰਥਣਾਂ ਜੋ ਪੰਜਾਬ ਰਾਜ ਦੀਆਂ ਵਸਨੀਕ ਹਨ ਅਤੇ ਪ੍ਰਾਇਮਰੀ ਪੱਧਰ ਤੇ ਪੜ੍ਹ ਰਹੀਆਂ ਹਨ, ਨੂੰ ਵਜ਼ੀਫਾ ਦੇਣ ਲਈ ਕੁਝ ਸ਼ਰਤਾਂ ਨਿਰਧਾਰਤ ਕੀਤੀਆਂ ਗਈਆਂ ਹਨ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਕੀ ਇਸ ਰਾਸ਼ੀ ਦੇ ਵਿਚ ਵਾਧਾ ਕੀਤਾ ਜਾਵੇਗਾ ?

**ਮਾਨਯੋਗ ਸਪੀਕਰ** : ਹਾਂ ਜੀ, ਮੰਤਰੀ ਜੀ, ਕੀ ਵਾਧਾ ਕਰਨ ਦੀ ਕੋਈ ਤਜਵੀਜ਼ ਹੈ ?

**ਮੰਤਰੀ** : ਇਸ ਤੇ ਵਿਚਾਰ ਹੋ ਸਕਦਾ ਹੈ ਜੀ।

---

## ਖੰਨਾ ਵਿਖੇ ਖੇਤੀਬਾੜੀ ਪ੍ਰਯੋਗਸ਼ਾਲਾ ਲਈ ਇਮਾਰਤ ਦੀ ਉਸਾਰੀ

*539. **ਸ਼੍ਰੀਮਤੀ ਹਰਬੰਸ ਕੌਰ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਖੰਨਾ ਵਿਚ ਖੇਤੀਬਾੜੀ ਪ੍ਰਯੋਗਸ਼ਾਲਾ ਲਈ ਇਮਾਰਤ ਅਜੇ ਅਧੂਰੀ ਪਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਕਾਰਣ ਕੀ ਹਨ ਅਤੇ ਇਸ ਨੂੰ ਕਦੋਂ ਤਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਇਹ ਠੀਕ ਹੈ ਕਿ ਖੰਨਾ ਵਿੱਖੇ ਭੌਂ ਪਰਖ ਪ੍ਰਯੋਗਸ਼ਾਲਾ ਦੀ ਬਿਲਡਿੰਗ ਦੀ ਉਸਾਰੀ ਦਾ ਕੰਮ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ, ਲੁਧਿਆਣਾ ਤੋਂ ਫੰਡਜ਼ ਨਾ ਉਪਲਬਧ ਹੋਣ ਕਾਰਣ ਅਧੂਰਾ ਪਿਆ ਹੈ। ਫੰਡਜ਼ ਉਪਲਬਧ ਹੋਣ ਤੇ 6 ਮਹੀਨਿਆਂ ਦੇ ਵਿੱਚ ਬਿਲਡਿੰਗ ਦੀ ਉਸਾਰੀ ਦਾ ਬਾਕੀ ਕੰਮ ਮੁਕੰਮਲ ਹੋ ਜਾਵੇਗਾ।

**Shrimati Harbans Kaur** : Thank you, Sir.

---

Original with;
Punjab Vidhan Sabha
Digitized by;
Panjab Digital Library

## ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੁਆਰਾ ਪਨਵਾਇਰ ਨੂੰ ਦਿੱਤਾ ਗਿਆ ਕਰਜ਼ਾ

*540. **ਸ਼੍ਰੀਮਤੀ ਹਰਬੰਸ ਕੌਰ** : ਕੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੁਆਰਾ ਪਨਵਾਇਰ ਨੂੰ ਦਿੱਤੇ ਗਏ ਕਰਜ਼ੇ ਦੀ ਕੋਈ ਅਦਾਇਗੀ ਕਰਨੀ ਰਹਿੰਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਹ ਕਰਜ਼ਾ ਕਿਨ੍ਹਾਂ ਸ਼ਰਤਾਂ ਤੇ ਦਿੱਤਾ ਗਿਆ ਸੀ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਪਨਵਾਇਰ ਕੋਲੋਂ 650.00 ਲੱਖ ਰੁਪਏ ਦੇ ਕਰਜ਼ੇ ਦੀ ਮੂਲ ਰਕਮ ਬਕਾਇਆ ਹੈ। ਪਨਵਾਇਰ ਕੋਲ ਨਿਵੇਸ਼ ਕਰਨ ਸਬੰਧੀ ਟਰਮਜ਼ ਐਂਡ ਕੰਡੀਸ਼ਨਜ਼ ਦਾ ਵੇਰਵਾ ਅਨੁਲੱਗ "ੲ" ਤੇ ਦਿੱਤਾ ਗਿਆ ਹੈ।

### ਅਨੁਲੱਗ "ੲ"

1. ਮਿਤੀ 21 ਅਕਤੂਬਰ, 1997 ਤੋਂ 21 ਅਪ੍ਰੈਲ, 1998 ਤੱਕ ਦਿੱਤੇ ਗਏ ਡਿਪਾਜ਼ਿਟ ਤੇ ਵਿਆਜ਼ ਦੀ ਦਰ 17% ਅਤੇ ਮਿਤੀ 28 ਮਈ, 1998 ਤੋਂ 12 ਜੂਨ, 1998 ਤੱਕ ਦੇ ਡਿਪਾਜ਼ਿਟ ਤੇ 17½% ਸਲਾਨਾ ਦੇ ਹਿਸਾਬ ਨਾਲ ਮਿਆਦ ਪੁੱਗਣ ਤੇ ਅਦਾ ਕੀਤੀ ਜਾਵੇਗੀ।
2. ਡਿਪਾਜ਼ਿਟ ਦੀ ਮਿਆਦ ਛੇ ਮਹੀਨੇ ਦੀ ਹੋਵੇਗੀ।
3. ਅਦਾ ਕਰਨਯੋਗ ਵਿਆਜ਼ ਦੀ ਰਕਮ ਦਾ ਚੈੱਕ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਨਾਂ ਤੇ "ਐਡਵਾਂਸ ਪੇਈਜ਼ ਅਕਾਊਂਟ ਚੈੱਕ" ਹੋਵੇਗਾ।
4. ਕੰਪਨੀ ਮੂਲ ਰਕਮ ਦਾ ਵੀ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਨਾਂ ਤੇ ਐਡਵਾਂਸ ਚੈੱਕ ਦੇਵੇਗੀ।

**Shrimati Harbans Kaur :** No supplementary, Sir.

**Mr. Speaker :** Questions are over. Now we will take the next item on the Agenda of the Table. Election of the Deputy Speaker.

---

## MATTERS RAISED DURING ZERO HOUR

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਤੁਹਾਡੇ ਪਾਸ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਂ ਕੱਲ੍ਹ ਇਕ ਪ੍ਰਿਵਿਲੇਜ ਮੋਸ਼ਨ ਦਾ ਨੋਟਿਸ ਦਿੱਤਾ ਸੀ। ਉਸ ਦਾ ਮੈਨੂੰ ਅਜੇ ਤੱਕ ਕੋਈ ਜਵਾਬ ਨਹੀਂ ਆਇਆ।

**ਮਾਨਯੋਗ ਸਪੀਕਰ** : ਇਹ ਮਾਮਲਾ ਸਬਜਿਊਡਿਸ ਹੈ, ਇਸ ਕਰਕੇ ਸਾਡੇ ਪਰਵਿਊ ਤੋਂ ਬਾਹਰ ਹੋ ਗਿਆ ਹੈ। ਜੋ ਅਦਾਲਤ ਦਾ ਫੈਸਲਾ ਹੋਵੇਗਾ, ਉਸ ਮੁਤਾਬਿਕ ਅਗਲੀ ਕਾਰਵਾਈ ਹੋਵੇਗੀ।

Original with;
Punjab Vidhan Sabha
Digitized by;

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮਾਮਲਾ ਸਬਜਿਊਡਿਸ ਉਦੋਂ ਬਣਦਾ ਹੈ ਜਦੋਂ ਜੁਡੀਸ਼ੀਅਲ ਕੋਰਟ ਵਿਚ ਕੇਸ ਹੋਵੇ। ਇਹ ਤਾਂ ਮੈਂ ਆਪਣੀ ਜ਼ਮਾਨਤ ਕਰਾਈ ਹੈ। ਸਬਜਿਊਡਿਸ ਤਾਂ ਉਦੋਂ ਬਣਦਾ ਹੈ ਜੇ ਕੇਸ ਕੋਰਟ ਵਿਚ ਜਾਵੇ। ਇਹ ਤਾਂ ਪੁਲਿਸ ਵਿਚ ਪਰਚਾ ਦਰਜ ਹੈ। 9 ਤਰੀਕ ਦਾ ਵਾਕਿਆ ਹੈ ਅਤੇ 23 ਤਰੀਕ ਨੂੰ ਪਰਚਾ ਦਰਜ ਹੋਇਆ ਹੈ। ਕੋਈ ਪੇਪਰ ਵਿਚ ਰਿਪੋਰਟਿੰਗ ਨਹੀਂ ਹੈ। 23 ਤਰੀਕ ਨੂੰ ਪੁਲਿਸ ਨੇ ਆਪਣੀ ਮਰਜ਼ੀ ਦੀ ਰਿਪੋਰਟਿੰਗ ਕਰਾ ਲਈ, ਵੋਟ ਨੂੰ ਰੋਕਣ ਵਾਸਤੇ ਕਿਉਂਕਿ 25 ਤਰੀਕ ਨੂੰ ਦੁਬਾਰਾ ਵੋਟਿੰਗ ਸੀ ਜੋ ਕਿ ਤਿੰਨ ਵਾਰ ਪੋਸਟਪੋਨ ਹੋਈ ਸੀ। ਇਸ ਕਰਕੇ ਮੈਂ ਸੀ.ਐਮ. ਸਾਹਿਬ ਨੂੰ ਗੁਜ਼ਾਰਿਸ਼ ਕਰਦਾ ਹਾਂ ਕਿ ਜੇ ਇਸ ਤਰੀਕੇ ਨਾਲ ਐਮ.ਐਲ.ਏਜ਼. ਪਰਚੇ ਦਰਜ ਹੋਣੇ ਹਨ ਤਾਂ ਫਿਰ ਡੈਮੋਕਰੇਸੀ ਕਿਥੇ ਰਹਿ ਜਾਣੀ ਹੈ। ਐਮ.ਐਲ.ਏਜ਼. ਤਾਂ ਡੈਮੋਕਰੇਸੀ ਦਾ ਇਕ ਅੰਗ ਹਨ। ਜੇ ਇਸ ਤਰ੍ਹਾਂ ਨਾਲ ਐਮ.ਐਲ.ਏਜ਼. ਤੇ ਪਰਚੇ ਦਰਜ ਹੋਣ ਲੱਗ ਪਏ ਤਾਂ ਫਿਰ ਡੈਮੋਕਰੇਸੀ ਹੀ ਖਤਮ ਹੋ ਜਾਵੇਗੀ।

**Mr. Speaker :** I will re-consider it later on.

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਅੱਜ ਸਾਰੀਆਂ ਅਖਬਾਰਾਂ ਵਿਚ ਆਇਆ ਹੈ ਕਿ ਖੇਤੀਬਾੜੀ ਮਹਿਕਮੇ ਵਿਚ ..........

**ਮਾਨਯੋਗ ਸਪੀਕਰ** : ਅਖਬਾਰਾਂ ਦੀਆਂ ਕਟਿੰਗਜ਼ ਲੈ ਕੇ ਪੁਆਇੰਟ ਆਫ ਆਰਡਰ ਨਹੀਂ ਬਣਦਾ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਇਹ ਬੜਾ ਬਰਨਿੰਗ ਇਸ਼ੂ ਹੈ। ਇਕ ਪਾਸੇ ਸਰਕਾਰ ਕਹਿ ਰਹੀ ਹੈ ਕਿ ਕੁਰੱਪਸ਼ਨ ਨੂੰ ਨੱਥ ਪਾਉਣੀ ਹੈ ਲੇਕਿਨ ਦੂਜੇ ਪਾਸੇ ਬਿਨਾ ਟੈਂਡਰ ਮੰਗਿਆਂ ਜਿਪਸਮ ਦਾ ਠੇਕਾ ਦੇ ਦਿੱਤਾ ਗਿਆ ਹੈ। ਸਰਕਾਰ ਇਸ ਬਾਰੇ ਜਵਾਬ ਦੇਵੇ।

**ਮਾਨਯੋਗ ਸਪੀਕਰ** : ਤੁਸੀਂ ਹੁਣ ਬੈਠ ਜਾਓ। Next Item.

---

## ELECTION OF DEPUTY SPEAKER

**Mr. Speaker :** Now the House will proceed to elect the Deputy Speaker. C. M. Sahib.

**Chief Minister (Captain Amarinder Singh) :** Sir, I beg to move—

> That Sardar Bir Devinder Singh, a Member of the Punjab Vidhan Sabha, who is present in the House, be elected as Deputy Speaker of the House. (Thumping)

**Local Government, Parliamentary Affairs and Labour & Employment Minister (Chaudhary Jagjit Singh) :** Sir, I second this motion.

Original with;
Punjab Vidhan Sabha
Digitized by;
Panjab Digital Library

**Mr. Speaker :** Motion moved---

That Sardar Bir Devinder Singh, a Member of the Punjab Vidhan Sabha, who is present in the House, be elected as Deputy Speaker of the House.

**Mr. Speaker :** Is there any other proposal ?

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਅਸੀਂ ਇਹ ਇਲੈਕਸ਼ਨ ਯੂਨੇਨੀਮਸਲੀ ਕਰਨੀ ਚਾਹੁੰਦੇ ਹਾਂ ਜੀ। (ਥੰਪਿੰਗ)

**Mr. Speaker :** Since there is no other proposal, I declare Sardar Bir Devinder Singh elected unanimously as Deputy Speaker of the House.

(The Chief Minister, Minister for Local Government, Parliamentary Affairs and Labour & Employment and Sardar Sucha Singh Chhotepur, M.L.A., conducted Sardar Bir Devinder Singh to the chair of the Deputy Speaker). (Thumping)

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਹ ਇਕ ਯੂਨਾਨੀਮਸ ਇਲੈਕਸ਼ਨ ਹੋਈ ਹੈ। ਸਾਰੀ ਯੂਨਾਨੀਮਿਟੀ ਉਦੋਂ ਹੁੰਦੀ ਹੈ ਜਦੋਂ ਲੋਕ ਸਮਝਦੇ ਹਨ ਕਿ ਕੋਈ ਇਨਸਾਨ ਜਿਸ ਨੇ ਕੋਈ ਅਹੁਦਾ ਸੰਭਾਲਿਆ ਹੈ, ਉਹ ਇਕ ਬਹੁਤ ਹੀ ਪਹੁੰਚਿਆ ਹੋਇਆ, ਇਕ ਬਹੁਤ ਹੀ ਡੈਡੀਕੇਟਿਡ ...... (ਹਾਸਾ) ਅਤੇ ਹਰ ਪੱਖੋਂ ਅੱਗੇ ਵਧਿਆ ਹੋਇਆ ਇਨਸਾਨ ਹੈ। ਮੈਂ ਸਰਦਾਰ ਬੀਰ ਦਵਿੰਦਰ ਸਿੰਘ ਜੀ ਨੂੰ 1969 ਤੋਂ ਜਾਣਦਾ ਹਾਂ ਜਦੋਂ ਇਹ ਸਟੂਡੈਂਟ ਲੀਡਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਸੀ ਔਰ 1970 ਵਿੱਚ ਅਸੀਂ ਇਲੈਕਸ਼ਨ ਦੌਰਾਨ ਇਕੱਠੇ ਸਾਥੀ ਵੀ ਰਹੇ ਹਾਂ। ਇਹ ਬਹੁਤ ਹੀ ਡੈਡੀਕੇਟਿਡ ਇਨਸਾਨ ਹਨ। ਕਿਉਂਕਿ ਮੈਨੂੰ 33 ਸਾਲ ਇਨ੍ਹਾਂ ਦੇ ਨਾਲ ਹੋ ਗਏ ਹਨ, ਇਸ ਕਰਕੇ ਮੈਂ ਇਨ੍ਹਾਂ ਨੂੰ ਆਪ ਚੰਗੀ ਤਰ੍ਹਾਂ ਜਾਣਦਾ ਹਾਂ। ਮੇਰੀ ਇਨ੍ਹਾਂ ਦੇ ਨਾਲ ਦੋਸਤੀ ਹੈ। ਇਹ ਜਦੋਂ ਇਕ ਵਾਰ ਕਿਸੇ ਇਸ਼ੂ ਜਾਂ ਕੋਈ ਇਲੈਕਸ਼ਨ ਦੇ ਵਿੱਚ ਹਿੱਸਾ ਪਾਉਣਾ ਚਾਹੁਣ ਤਾਂ ਫਿਰ ਇਹ ਖੱਬੇ ਸੱਜੇ ਨਹੀਂ ਦੇਖਦੇ। ਇਨ੍ਹਾਂ ਦੀ ਬੜੀ ਪਾਜ਼ੇਟਿਵ ਸੋਚ ਹੈ। ਇਹ ਬੜੇ ਪਾਜ਼ੇਟਿਵ ਹਨ। ਇਹੋ ਜਿਹੀ ਕੋਈ ਗੱਲ ਨਹੀਂ ਹੈ ਜਿਸ ਨਾਲ ਮੇਰਾ ਖਿਆਲ ਹੈ ਕਿ ਕੋਈ ਇਨ੍ਹਾਂ ਦੀ ਕਾਬਲੀਅਤ ਬਾਰੇ ਸ਼ੱਕ ਕਰਦਾ ਹੋਵੇ। I have known him personally and I know his ability. ਜਿਸ ਤਰੀਕੇ ਨਾਲ ਇਨ੍ਹਾਂ ਨੇ ਚਾਹਿਆ, ਉਸੇ ਤਰ੍ਹਾਂ ਹੀ ਕਰਕੇ ਵਿਖਾਇਆ। ਇਕ ਸਟੂਡੈਂਟ ਲੀਡਰ ਵਜੋਂ ਜਿਹੜੀ ਇਨ੍ਹਾਂ ਦੀ ਕਾਬਲੀਅਤ ਹੈ ਜਾਂ ਇਕ ਲੈਜਿਸਲੇਟਰ ਦੇ ਤੌਰ ਤੇ ਜਿਹੜੀ ਇਨ੍ਹਾਂ ਦੀ ਕਾਬਲੀਅਤ ਹੈ, ਉਹ ਪ੍ਰਸ਼ੰਸਾਯੋਗ ਹੈ। ਇਹ ਸਾਡੀ ਪਾਰਟੀ ਦੇ ਚੀਫ ਵਿਪ ਵੀ ਰਹੇ ਹਨ ਔਰ ਬਤੌਰ ਲੈਜਿਸਲੇਟਰ ਇਨ੍ਹਾਂ ਨੇ ਬਹੁਤ ਵੱਡੀ ਕੰਟ੍ਰੀਬਿਊਸ਼ਨ ਪਾਈ ਹੈ। ਇਸ ਸਦਨ ਦੀ ਜੋ ਪ੍ਰੰਪਰਾ ਹੈ, ਉਸ ਨੂੰ ਬਰਕਰਾਰ ਰੱਖਣ ਲਈ ਇਨ੍ਹਾਂ ਦਾ ਇਕ ਬਹੁਤ ਵੱਡਾ

Original with;
Punjab Vidhan Sabha
Digitized by;

ਰੋਲ ਹੋਵੇਗਾ, ਇਸ ਵਿੱਚ ਕੋਈ ਸ਼ੱਕ ਨਹੀਂ ਹੈ। ਬੜੀ ਕਾਬਲੀਅਤ ਦੇ ਨਾਲ ਇਨ੍ਹਾਂ ਨੇ ਆਪਣੀ ਡਿਊਟੀ ਨਿਭਾਉਣੀ ਹੈ ਔਰ ਇਸ ਸਦਨ ਦੀ ਪ੍ਰੰਪਰਾ ਨੂੰ ਅੱਗੇ ਤਕੜੇ ਹੋ ਕੇ ਅੱਛੇ ਤਰੀਕੇ ਦੇ ਨਾਲ ਲੈ ਕੇ ਜਾਣਾ ਹੈ। ਅਸੀਂ ਸਾਰੇ ਹਾਊਸ ਵੱਲੋਂ ਇਨ੍ਹਾਂ ਨੂੰ ਵਧਾਈ ਦਿੰਦੇ ਹਾਂ ਅਤੇ ਆਸ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਕਿਉਂਕਿ ਇਹ ਯੂਨਾਨੀਮਸ ਇਲੈਕਸ਼ਨ ਹੋਈ ਹੈ, ਇਹ ਸਦਨ ਦੇ ਵਿੱਚ ਹੋਰ ਕੰਟ੍ਰੀਬਿਊਸ਼ਨ ਕਰਨਗੇ ਅਤੇ ਇਸ ਮਹਾਨ ਸਦਨ ਦੀ ਪ੍ਰੰਪਰਾ ਨੂੰ ਅੱਗੇ ਲੈ ਕੇ ਜਾਣਗੇ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਲੰਬੀ)** : ਮਾਨਯੋਗ ਸਪੀਕਰ ਸਾਹਿਬ, ਮੈਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਰਦਾਰ ਬੀਰ ਦਵਿੰਦਰ ਸਿੰਘ ਨੂੰ ਡਿਪਟੀ ਸਪੀਕਰ ਚੁਣੇ ਜਾਣ ਤੇ ਬਹੁਤ-ਬਹੁਤ ਮੁਬਾਰਕਬਾਦ ਦਿੰਦਾ ਹਾਂ। ਉਨ੍ਹਾਂ ਦੇ ਚੁਣੇ ਜਾਣ ਤੇ ਮੈਨੂੰ ਖੁਸ਼ੀ ਵੀ ਹੋਈ ਹੈ ਪਰ ਥੋੜ੍ਹਾ ਜਿਹਾ ਦੁੱਖ ਵੀ ਹੋਇਆ ਹੈ। ਖੁਸ਼ੀ ਤਾਂ ਹੋਣੀ ਹੀ ਸੀ ਕਿਉਂਜੋ ਉਹ ਪੁਰਾਣੇ ਸਾਥੀ ਹਨ ਅਤੇ ਤਜਰਬੇਕਾਰ ਪਾਰਲੀਮੈਂਟੇਰੀਅਨ ਅਤੇ ਹਾਰਡ ਵਰਕਰ, ਬਹੁਤ ਅੱਛੇ ਸ਼ਾਇਰ ਅਤੇ ਹੋਰ ਵੀ ਜੋ ਉਨ੍ਹਾਂ ਦੀ ਸਿਫਤਾਂ ਕਰੀਏ, ਉਹ ਥੋੜ੍ਹੀਆਂ ਹਨ। ਉਹ ਇਸ ਸੀਟ ਦੇ ਫਿਟ ਵੀ ਹਨ। ਪਰ ਅਫਸੋਸ ਇਹ ਹੈ ਕਿ ਭਾਵੇਂ ਇਹ ਸੀਟ ਬਹੁਤ ਸਤਿਕਾਰਤ ਸੀਟ ਹੈ ਅਤੇ ਇਸ ਨੂੰ ਛੋਟੀ ਨਾ ਸਮਝਿਆ ਜਾਵੇ, ਇਹ ਸੀਟ ਉਨ੍ਹਾਂ ਨੂੰ ਅਸੈਪਟ ਨਹੀਂ ਕਰਨੀ ਚਾਹੀਦੀ ਸੀ। ਜੇਕਰ ਇਤਨਾ ਹੀ ਹੇਠਾਂ ਜਾਣਾ ਸੀ ਤਾਂ ਬਾਹਲਾ ਰੌਲਾ ਕਾਹਨੂੰ ਪਾਉਣਾ ਸੀ। (ਹਾਸਾ) ਚਲੋ, ਇਹ ਤਾਂ ਇਨ੍ਹਾਂ ਦੀ ਮਰਜ਼ੀ ਹੈ ਜਾਂ ਉਨ੍ਹਾਂ ਦੀ (ਟਰੈਜ਼ਰੀ ਬੈਂਚਾਂ ਵੱਲ ਇਸ਼ਾਰਾ) ਮਰਜ਼ੀ ਹੈ। ਜੇਕਰ ਕੋਈ ਹੋਰ ਹੁੰਦਾ ਤਾਂ ਉਸ ਨੇ ਜਵਾਬ ਦੇ ਦੇਣਾ ਸੀ। ਬਹੁਤ ਚੰਗਾ ਹੁੰਦਾ ਜੇਕਰ ਇਹ ਵੀ ਜਵਾਬ ਦੇ ਦਿੰਦੇ। ਮੈਂ ਤਾਂ ਸੋਚਿਆ ਸੀ ਕਿ ਸ਼ਾਇਦ ਇਹ ਆਪਣੀ ਸੀਟ ਤੋਂ ਤੁਰਨ ਵੇਲੇ ਹੀ ਜਵਾਬ ਦੇ ਦੇਣਗੇ। (ਸਾਰੇ ਹਾਊਸ ਵੱਲੋਂ ਹਾਸਾ) ਹਾਂ ਜੇਕਰ ਅਸੀਂ ਕੋਈ ਪਰਦੇ ਵਾਲੀ ਗੱਲ ਕਰਨੀ ਹੋਈ ਤਾਂ ਇਥੇ ਬੈਠੇ ਹੀ ਕਰ ਲਵਾਂਗੇ। ਸੀ.ਆਈ.ਡੀ. ਮੇਰੇ ਮਗਰ ਵੀ ਲੱਗੀ ਹੋਈ ਹੈ ਅਤੇ ਇਨ੍ਹਾਂ ਦੇ ਮਗਰ ਵੀ ਲੱਗੀ ਹੋਈ ਸੀ ਪਰ ਅੱਜ ਤੋਂ ਇਨ੍ਹਾਂ ਦੀ ਤਾਂ ਹਟ ਜਾਵੇਗੀ। (ਹਾਸਾ) ਸਾਨੂੰ ਬਹੁਤ ਫਾਇਦਾ ਹੋਇਆ ਹੈ। ਮੈਂ ਸਮਝਦਾ ਹਾਂ ਕਿ ਜਿਹੜੀ ਡਿਊਟੀ ਇਨ੍ਹਾਂ ਨੂੰ ਸੌਂਪੀ ਗਈ ਹੈ, ਇਹ ਉਸ ਡਿਊਟੀ ਨੂੰ ਬੜੀ ਚੰਗੀ ਤਰ੍ਹਾਂ ਨਿਭਾਉਣਗੇ ਅਤੇ ਇਸ ਸਾਰੇ ਹਾਊਸ ਦੀ ਕਾਰਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਜਿਹੜੀ ਕਿ ਰਾਜ ਦੀ ਇਕ ਵੱਡੀ ਤੇ ਮੇਜਰ ਪਾਰਟੀ ਹੈ, ਉਸ ਨੂੰ ਵੱਧ ਤੋਂ ਵੱਧ ਸਮਾਂ ਦੇਣਗੇ। ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਅਗਰ ਜੇ ਮੈਂ ਕੋਈ ਗਲਤ ਗੱਲ ਕਹਿ ਦਿੱਤੀ ਹੋਵੇ ਤਾਂ ਮੈਂ ਇਨ੍ਹਾਂ ਕੋਲੋਂ ਵੀ ਮੁਆਫੀ ਮੰਗ ਲੈਂਦਾ ਹਾਂ। (ਥੰਪਿੰਗ)

**ਸ਼੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ)** : ਸਪੀਕਰ ਸਾਹਿਬ, ਅੱਜ ਸਰਦਾਰ ਬੀਰ ਦਵਿੰਦਰ ਸਿੰਘ ਜੀ ਜੋ ਇਸ ਵਿਧਾਨ ਸਭਾ ਵਿਚ ਬਤੌਰ ਡਿਪਟੀ ਸਪੀਕਰ ਚੁਣੇ ਗਏ ਹਨ, ਹਾਊਸ ਵਿਚ ਤਾਂ ਉਨ੍ਹਾਂ ਨੂੰ ਮੈਂਬਰ ਵਜੋਂ ਕੰਮ ਕਰਨ ਦਾ ਮੌਕਾ ਮਿਲਿਆ ਹੈ। ਉਹ ਇਕ ਵਧੀਆ ਡੈਮੋਕਰੇਟਿਕ ਸੋਚ ਵਾਲੇ ਹਨ। ਉਹ ਐਡਮਨਿਸਟਰੇਸ਼ਨ ਵਿਚ ਸੁਧਾਰ ਲਿਆਉਣ ਵਾਲੀ ਰੁਚੀ ਰੱਖਦੇ ਹਨ ਅਤੇ ਪੰਜਾਬ ਨੂੰ ਉਚਾ ਉਠਦਾ ਦੇਖਣ ਵਿਚ ਜਿੰਨੀ ਉਨ੍ਹਾਂ ਦੀ ਇਛਾ ਹੈ, ਉਹ ਆਮ ਤੌਰ ਤੇ ਇਕ ਲੈਜਿਸਲੇਟਰ ਵਿਚ ਘੱਟ ਹੀ ਦੇਖਣ ਨੂੰ ਮਿਲਦੀ ਹੈ। ਡੈਮੋਕਰੇਸੀ ਵਿਚ ਕੁਝ ਸਵਸਥ ਪਰੰਪਰਾਵਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਚੁਣੇ ਜਾਣ ਤੋਂ ਬਾਅਦ ਪਾਰਟੀ ਤੋਂ ਉਪਰ ਉਠ ਕੇ ਅਸੀਂ ਸਹੀ ਮਾਅਨਿਆਂ ਵਿਚ ਬੜੀ ਗੰਭੀਰਤਾ ਨਾਲ ਦੇਖਦੇ ਹਾਂ, ਜਿਸ ਦੀ ਕਿ ਇਕ ਬਹੁਤ ਵੱਡੀ ਸਮੱਸਿਆ ਸੀ। ਭਾਵੇਂ ਕਿ ਹੁਣ ਉਹ ਹਾਊਸ ਵਿਚ ਘੱਟ ਬੋਲ ਸਕਣਗੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਤਿਕਸ਼ਨ ਸੂਦ]

ਪ੍ਰੰਤੂ ਹਾਊਸ ਦੇ ਵਿਚ ਲੋਕਾਂ ਦੀ ਡਿਵੈਲਪਮੈਂਟ ਦੇ ਕੰਮ ਕਿਵੇਂ ਕਰਨੇ ਹਨ, ਇਸ ਬਾਰੇ ਇਕ ਬਹੁਤ ਹੀ ਵਧੀਆ ਰਿਪੋਰਟ, ਜਿਸ ਦੇ ਵਿਚ ਸਰਕਾਰ ਨੂੰ ਪਤਾ ਲੱਗ ਸਕੇ ਕਿ ਲੋਕਾਂ ਦੀਆਂ ਕੀ ਮੁਸ਼ਕਲਾਂ ਹਨ, ਇਹ ਸਭ ਗੱਲਾਂ ਸੁਬਾਰਡੀਨੇਟ ਲੈਜਿਸਲੇਸ਼ਨ ਦੀ ਕਮੇਟੀ ਵਿਚ ਇਨ੍ਹਾਂ ਨੇ ਦਿੱਤੀਆਂ ਹਨ। ਕਮੇਟੀ ਦੀ ਇਹ ਰਿਪੋਰਟ ਆਪਣੇ ਆਪ ਵਿਚ ਇਕ ਮੀਲ ਪੱਥਰ ਸਾਬਤ ਹੋਵੇਗੀ। ਬਾਕੀ ਉਨ੍ਹਾਂ ਕੋਲ ਤਜ਼ਰਬਾ ਵੀ ਬਹੁਤ ਹੈ ਅਤੇ ਉਹ ਲੀਡਰ ਵੀ ਰਹੇ ਹਨ। ਉਹ ਸ਼੍ਰੋਮਣੀ ਅਕਾਲੀ ਦਲ ਦੇ ਵਕਤਾ ਪ੍ਰਵਕਤਾ ਵੀ ਰਹੇ ਹਨ। ਕਾਂਗਰਸ ਪਾਰਟੀ ਨੇ ਉਚੇਚਾ ਉਨ੍ਹਾਂ ਨੂੰ ਆਪਣਾ ਸਾਥੀ ਬਣਾਇਆ ਹੈ। ਸੋ, ਉਹ ਇਸ ਹਾਊਸ ਲਈ ਸ਼ਿੰਗਾਰ ਹਨ। ਪਰ ਜਿਸ ਤਰ੍ਹਾਂ ਬਾਦਲ ਸਾਹਿਬ ਨੇ ਕਿਹਾ ਹੈ, ਉਹ ਸਾਡੇ ਪੜੌਸੀ ਸਨ, ਸਾਡੇ ਨੇੜੇ ਬੈਠਦੇ ਸਨ, ਬੜੀਆਂ ਰੌਣਕਾਂ ਲਾਉਂਦੇ ਸਨ ਅਤੇ ਸਾਨੂੰ ਉਨ੍ਹਾਂ ਦਾ ਬੜਾ ਸਹਾਰਾ ਹੁੰਦਾ ਸੀ। ਸਾਨੂੰ ਉਨ੍ਹਾਂ ਦੀ ਕਮੀ ਤਾਂ ਲੱਗੇਗੀ। ਪਰ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸ਼ੁਭ ਕਾਮਨਾਵਾਂ ਦਿੰਦਾ ਹਾਂ ਕਿ ਉਹ ਵਿਧਾਨ ਸਭਾ ਵਿਚ ਇਕ ਪੌੜੀ ਹੋਰ ਉਪਰ ਚੜ੍ਹੇ ਹਨ। ਮੈਂ ਉਮੀਦ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਜਿਹੜਾ ਹੋਰ ਉਚਾ ਦਰਜਾ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ, ਉਹ ਵੀ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਮਿਲੇਗਾ। ਸਪੀਕਰ ਸਾਹਿਬ, ਮੈਂ ਆਪਣੇ ਵੱਲੋਂ ਉਨ੍ਹਾਂ ਨੂੰ ਵਧਾਈ ਦਿੰਦੇ ਹੋਏ ਕਹਿੰਦਾ ਹਾਂ ਕਿ ਉਹ ਇਸ ਹਾਊਸ ਵਿਚ ਇਕ ਵਧੀਆ ਇਨਸਾਨ ਹਨ ਅਤੇ ਉਨ੍ਹਾਂ ਨੂੰ ਇਕ ਦਰਜਾ ਉੱਪਰ ਚੜ੍ਹਨ ਦਾ ਮੌਕਾ ਮਿਲਿਆ ਹੈ।

**ਸਰਦਾਰ ਸੁੱਚਾ ਸਿੰਘ ਛੋਟੇਪੁਰ (ਧਾਰੀਵਾਲ)** : ਮਾਨਯੋਗ ਸਪੀਕਰ ਸਾਹਿਬ, ਬੜੀ ਖੁਸ਼ੀ ਦੀ ਗੱਲ ਹੈ ਕਿ ਸਰਦਾਰ ਬੀਰ ਦਵਿੰਦਰ ਸਿੰਘ ਜੀ ਅੱਜ ਡਿਪਟੀ ਸਪੀਕਰ ਦੀ ਜਗ੍ਹਾ ਤੇ ਨਿਯੁਕਤ ਹੋਏ ਹਨ ਅਤੇ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਉਨ੍ਹਾਂ ਦੀ ਇਲੈਕਸ਼ਨ ਯੂਨਾਨੀਮਸਲੀ ਹੋਈ ਹੈ। ਇਹ ਉਨ੍ਹਾਂ ਦੀ ਹਰ ਦਿਲ ਅਜ਼ੀਜ਼ੀ ਦਾ, ਉਨ੍ਹਾਂ ਦੇ ਨਾਲ ਸਭ ਦਾ ਪਿਆਰ ਹੋਣ ਦਾ ਪ੍ਰਤੀਕ ਹੈ ਕਿ ਕਿਸੇ ਨੇ ਟਾਈਮ ਵੇਸਟ ਨਹੀਂ ਕੀਤਾ ਅਤੇ ਇਕ ਚੰਗੀ ਪ੍ਰੰਪਰਾ ਕਾਇਮ ਕੀਤੀ ਹੈ। ਸਰਦਾਰ ਬੀਰ ਦਵਿੰਦਰ ਸਿੰਘ ਜੀ ਦੇ ਪਿਛੋਕੜ ਨੂੰ ਮੈਂ ਬਹੁਤ ਲੰਮੇ ਸਮੇਂ ਤੋਂ ਜਾਣਦਾ ਹਾਂ ਕਿ ਇਹ ਸਟੂਡੈਂਟਸ ਦੇ ਲੀਡਰ ਵੀ ਰਹੇ ਹਨ ਔਰ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਵੀ ਰਹੇ ਹਨ। ਮੈਨੂੰ ਯਾਦ ਹੈ ਕਿ ਮੈਂ 1975 ਵਿਚ ਪੰਚਾਇਤ ਸੰਮਤੀ ਧਾਰੀਵਾਲ ਦਾ ਚੇਅਰਮੈਨ, ਕਾਲਜ ਤੋਂ ਬਾਹਰ ਆ ਕੇ ਬਣਿਆ ਸੀ, ਉਸ ਵੇਲੇ ਸਰਦਾਰ ਬੀਰ ਦਵਿੰਦਰ ਸਿੰਘ ਵੀ ਪੰਚਾਇਤ ਸੰਮਤੀ ਦੇ ਚੇਅਰਮੈਨ ਸਨ। ਮੰਜੀ ਸਾਹਿਬ ਗੁਰਦੁਆਰਾ ਸਾਹਿਬ ਵਿਖੇ ਇਹ ਬੋਲ ਰਹੇ ਸਨ ਅਤੇ ਇਨ੍ਹਾਂ ਨੇ ਕਿਹਾ ਸੀ ਕਿ ਮੈਂ ਸਭ ਤੋਂ ਛੋਟੀ ਉਮਰ ਦਾ ਚੇਅਰਮੈਨ ਹਾਂ ਅਤੇ ਜਦੋਂ ਇਹ ਸਟੇਜ ਤੋਂ ਥੱਲੇ ਆਏ ਤਾਂ ਮੈਂ ਇਨ੍ਹਾਂ ਨੂੰ ਟੋਕਿਆ ਕਿ ਮੈਂ ਤੁਹਾਡੇ ਨਾਲੋਂ ਵੀ ਛੋਟਾ ਹਾਂ ਅਤੇ ਧਾਲੀਵਾਲ ਬਲਾਕ ਸੰਮਤੀ ਦਾ ਚੇਅਰਮੈਨ ਬਣਿਆ ਹਾਂ। ਇਹ ਬੜੇ ਅੱਛੇ ਪਾਰਲੀਮੈਂਟੇਰੀਅਨ ਹਨ। ਇਹ ਇਥੇ ਅਸੈਂਬਲੀ ਵਿੱਚ ਚੀਫ ਵਿੱਪ ਵੀ ਰਹੇ ਹਨ ਅਤੇ ਇਨ੍ਹਾਂ ਨੇ ਸਮੇਂ-ਸਮੇਂ ਤੇ ਹਾਊਸ ਵਿੱਚ ਵੀ ਅਤੇ ਬਾਹਰ ਵੀ ਹਰ ਵਰਗ ਦੇ ਲੋਕਾਂ ਵਾਸਤੇ ਇਨ੍ਹਾਂ ਨੇ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਇਕ ਬੜਾ ਅੱਛਾ ਇਨਸਾਨ ਸਤਿਕਾਰਯੋਗ ਜਗ੍ਹਾ ਤੇ ਗਿਆ ਹੈ। ਬਾਦਲ ਸਾਹਿਬ ਨੇ ਕਿਹਾ ਹੈ ਕਿ ਇਹ ਚੀਜ਼ ਇਨ੍ਹਾਂ ਦੀ ਪਰਸਨੈਲਟੀ, ਇਨ੍ਹਾਂ ਦੀ ਕਾਬਲੀਅਤ ਦੇ ਅਨੁਕੂਲ ਨਹੀਂ ਹੈ। ਸਪੀਕਰ ਸਾਹਿਬ, ਸਭ ਤੋਂ ਵੱਡੀ ਚੀਜ਼ ਪਾਰਟੀ ਵਿੱਚ ਡਸਿਪਲਨ ਹੁੰਦਾ ਹੈ। ਇਨ੍ਹਾਂ ਨੇ ਡਸਿਪਲਨ ਵਿੱਚ ਰਹਿ ਕੇ, ਜੋ ਵੀ ਪਾਰਟੀ ਨੇ ਇਨ੍ਹਾਂ ਨੂੰ ਸੇਵਾ ਸੌਂਪੀ ਹੈ, ਉਹ ਮਨਜ਼ੂਰ ਕੀਤੀ ਹੈ। ਉਹੀ ਇਨਸਾਨ ਜ਼ਿੰਦਗੀ ਵਿੱਚ ਤਰੱਕੀ ਕਰ ਸਕਦਾ ਹੈ

Original with;
Punjab Vidhan Sabha
Digitized by:

ਜਿਹੜਾ ਬਹੁਤੀਆਂ ਖਾਹਿਸ਼ਾਂ ਨਾ ਰੱਖੇ, ਕੁਦਰਤ ਤੇ ਭਰੋਸਾ ਰੱਖੇ, ਮਿਹਨਤ ਕਰੇ ਅਤੇ ਡਸਿਪਲਨ ਵਿੱਚ ਰਹੇ। ਇਨ੍ਹਾਂ ਨੇ ਇਕ ਚੰਗੀ ਪ੍ਰੰਪਰਾ ਸਥਾਪਤ ਕੀਤੀ ਹੈ। ਮੇਰੇ ਵੀਰ ਸੂਦ ਸਾਹਿਬ ਨੇ ਵੀ ਕਿਹਾ ਹੈ ਕਿ ਇਹ ਇਕ ਅੱਛੇ ਬੁਲਾਰੇ ਹਨ ਜਿਹੜੇ ਸਾਡੇ ਨਾਲ ਬੈਂਚ ਤੇ ਬੈਠਦੇ ਸੀ ਅਤੇ ਸਮੇਂ-ਸਮੇਂ ਤੇ ਉਹ ਪੰਜਾਬ ਦੇ ਲੋਕਾਂ ਦੇ ਹੱਕਾਂ ਦੀ ਗੱਲ, ਜੋ ਸਰਕਾਰ ਵੱਲੋਂ ਕੋਈ ਰਹਿ ਜਾਂਦੀ ਸੀ, ਬੁਲੰਦ ਕਰਦੇ ਸੀ। ਪਰ ਇਹ ਇਕ ਅੱਛੀ ਪ੍ਰੰਪਰਾ ਹੈ। ਪਹਿਲਾਂ ਪ੍ਰੋਫੈਸਰ ਦਰਬਾਰੀ ਲਾਲ ਜੀ ਵੀ ਇੱਧਰੋਂ ਹੀ ਗਏ ਸੀ ਅਤੇ ਹੌਲੀ-ਹੌਲੀ ਦੂਜੇ ਪਾਸੇ ਸਰਕਾਰੀ ਬੈਂਚਾਂ ਤੇ ਬਿਰਾਜਮਾਨ ਹੋ ਗਏ ਹਨ। ਇਹ ਅੱਛੀ ਗੱਲ ਹੈ। ਸਾਨੂੰ ਬੜੀ ਖੁਸ਼ੀ ਹੈ ਔਰ ਅਸੀਂ ਆਸ ਕਰਦੇ ਹਾਂ ਕਿ ਇਹ ਸਾਰੀਆਂ ਪਾਰਟੀਆਂ ਨੂੰ ਨਾਲ ਲੈ ਕੇ ਚੱਲਣਗੇ ਔਰ ਅਸੀਂ ਹਮੇਸ਼ਾਂ ਇਨ੍ਹਾਂ ਨੂੰ ਸਹਿਯੋਗ ਦੇਵਾਂਗੇ। ਅਖੀਰ ਵਿੱਚ ਇਨ੍ਹਾਂ ਨੂੰ ਡਿਪਟੀ ਸਪੀਕਰ ਬਣਨ ਤੇ ਮੈਂ ਬਹੁਤ-ਬਹੁਤ ਵਧਾਈ ਦਿੰਦਾ ਹਾਂ।

**ਮਾਨਯੋਗ ਸਪੀਕਰ** : ਮੈਂ ਵੀ ਹਾਊਸ ਦੀਆਂ ਇਨ੍ਹਾਂ ਖੁਸ਼ੀਆਂ ਵਿੱਚ ਸ਼ਾਮਿਲ ਹੁੰਦੇ ਹੋਏ ਸਰਦਾਰ ਬੀਰ ਦਵਿੰਦਰ ਸਿੰਘ ਜੀ ਨੂੰ ਡਿਪਟੀ ਸਪੀਕਰ ਬਣਨ ਤੇ ਮੁਬਾਰਕਬਾਦ ਦਿੰਦਾ ਹਾਂ। ਮੈਨੂੰ ਯਾਦ ਹੈ ਕਿ ਜਦੋਂ ਅਸੀਂ ਵਿਧਾਨ ਸਭਾ ਦੀ ਗੋਲਡਨ ਜੁਬਲੀ ਮਨਾ ਰਹੇ ਸੀ, ਅਸੀਂ ਸੈਲੀਬਰੇਟ ਕਰ ਰਹੇ ਸੀ ਤਾਂ ਬੀਰ ਦਵਿੰਦਰ ਸਿੰਘ ਨੇ ਉਨ੍ਹਾਂ ਖੁਸ਼ੀਆਂ ਵਿੱਚ ਹੋਰ ਵਾਧਾ ਕਰਨ ਵਾਸਤੇ ਇਕ ਗਜ਼ਲ ਗਾਈ ਸੀ ਅਤੇ ਗਜ਼ਲ ਤੋਂ ਬਾਅਦ ਮੇਰੇ ਰਿਮਾਰਕਸ ਸੀ ਕਿ ਤੁਹਾਡਾ ਦਰਦ ਹੁਣ ਸੁਣਿਆ ਜਾਣਾ ਹੈ, ਚਿੰਤਾ ਨਾ ਕਰੋ। ਮੈਨੂੰ ਖੁਸ਼ੀ ਹੈ ਕਿ 2 ਮਈ ਨੂੰ ਉਸ ਸੈਲੀਬਰੇਸ਼ਨ ਦਾ ਸਾਲ ਪੂਰਾ ਹੋਣਾ ਹੈ ਅਤੇ ਇਹ ਇਸ ਸਾਲ ਦੇ ਵਿੱਚ ਹੀ ਡਿਪਟੀ ਸਪੀਕਰ ਬਣ ਗਏ ਹਨ, ਮੈਂ ਇਨ੍ਹਾਂ ਨੂੰ ਬਹੁਤ-ਬਹੁਤ ਮੁਬਾਰਕਬਾਦ ਦਿੰਦਾ ਹਾਂ ਔਰ ਉਮੀਦ ਕਰਦਾ ਹਾਂ ਕਿ ਇਹ ਮੇਰੇ ਸਾਥੀ ਬਣ ਕੇ ਇਸ ਹਾਊਸ ਦੀ ਪ੍ਰੰਪਰਾ ਨੂੰ ਕਾਇਮ ਰੱਖਣਗੇ ਕਿਉਂਕਿ ਅੱਛੇ ਪਾਰਲੀਮੈਂਟੇਰੀਅਨ, ਅੱਛੇ ਵਿਦਵਾਨ, ਅੱਛੀ ਜਾਣਕਾਰੀ ਰੱਖਣ ਵਾਲੇ ਅਤੇ ਅੱਛੇ ਬੋਲਣ ਵਾਲੇ, ਸਾਡੇ ਇਹ ਸਾਥੀ ਅੱਜ ਡਿਪਟੀ ਸਪੀਕਰ ਬਣੇ ਹਨ। ਮੈਂ ਤੁਹਾਡੇ ਨਾਲ ਸ਼ਾਮਲ ਹੁੰਦਾ ਹੋਇਆ ਇਨ੍ਹਾਂ ਨੂੰ ਬਹੁਤ-ਬਹੁਤ ਮੁਬਾਰਕਬਾਦ ਦਿੰਦਾ ਹਾਂ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਇਹ ਅੱਜ ਵੀ ਉਹ ਗਜ਼ਲ ਸੁਣਾ ਦੇਣ। (ਹਾਸਾ)

**ਮਾਨਯੋਗ ਡਿਪਟੀ ਸਪੀਕਰ (ਸਰਦਾਰ ਬੀਰ ਦਵਿੰਦਰ ਸਿੰਘ)** : ਸਪੀਕਰ ਸਾਹਿਬ, ਲੀਡਰ ਆਫ ਦਿ ਹਾਊਸ ਸਾਡੇ ਚੀਫ ਮਨਿਸਟਰ ਸਾਹਿਬ ਕੈਪਟਨ ਅਮਰਿੰਦਰ ਸਿੰਘ ਜੀ, ਲੀਡਰ ਆਫ ਦਿ ਆਪੋਜ਼ੀਸ਼ਨ ਸਤਿਕਾਰਯੋਗ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ, ਸ਼੍ਰੀ ਅਵਿਨਾਸ਼ ਰਾਏ ਖੰਨਾ ਜੀ, ਇੰਡੀਪੈਂਡੈਂਟ ਗਰੁੱਪ ਦੇ ਲੀਡਰ ਸਰਦਾਰ ਸੁੱਚਾ ਸਿੰਘ ਜੀ ਅਤੇ ਬਹੁਤ ਹੀ ਸਤਿਕਾਰਯੋਗ ਸਾਥੀ ਮੈਂਬਰ ਸਾਹਿਬਾਨ, ਹਰ ਮਨੁੱਖ ਦੀ ਜ਼ਿੰਦਗੀ ਵਿੱਚ ਬਹੁਤ ਕਮ ਮੌਕੇ ਐਸੇ ਆਉਂਦੇ ਹਨ ਜਦੋਂ ਉਸ ਮੌਕੇ ਦੀ ਖੂਬਸੂਰਤੀ ਔਰ ਉਸ ਦੇ ਤਰਕ ਨੂੰ ਬਿਆਨ ਕਰਨ ਵਾਸਤੇ ਕਈ ਵਾਰੀ ਮਨੁੱਖ ਢੁੱਕਵੇਂ ਸ਼ਬਦਾਂ ਦੀ ਤਲਾਸ਼ ਵਿੱਚ ਗਵਾਚ ਜਾਂਦਾ ਹੈ। ਇਸ ਸਦਨ ਵਿੱਚ ਜਾਂ ਇਸ ਇਮਾਰਤ ਦੇ ਗਲਿਆਰਿਆਂ ਵਿੱਚ ਮੈਂ ਪਹਿਲੀ ਵਾਰੀ 1967 ਵਿੱਚ ਵਿਦਿਆਰਥੀ ਦੇ ਤੌਰ ਤੇ ਆਇਆ ਸੀ ਜਦੋਂ ਮਰਹੂਮ ਸਰਦਾਰ ਜੋਗਿੰਦਰ ਸਿੰਘ ਜੀ ਮਾਨ ਇਸ ਸਦਨ ਦੇ ਸਪੀਕਰ ਚੁਣੇ ਗਏ ਸਨ। ਮੈਂ ਵਿਦਿਆਰਥੀ ਦੇ ਤੌਰ ਤੇ ਉਨ੍ਹਾਂ ਨੂੰ ਮਿਲਣ ਆਇਆ। ਉਹ ਸਾਡੇ ਹਲਕੇ ਵਿੱਚੋਂ ਐਮ.ਐਲ.ਏ. ਸਨ। ਮੈਂ ਗੁਰੂ ਗੋਬਿੰਦ ਸਿੰਘ ਕਾਲਜ ਵਿੱਚ ਪੜ੍ਹਦਾ ਸੀ। ਮੈਂ ਇਸ ਸਾਰੇ ਸਦਨ ਨੂੰ ਗਹੁ ਨਾਲ ਵੇਖਿਆ ਅਤੇ ਇੱਕ ਸੁਪਨਾ ਮਨ ਵਿੱਚ

Original with;
Punjab Vidhan Sabha
Digitized by;

[ਮਾਨਯੋਗ ਡਿਪਟੀ ਸਪੀਕਰ]

ਆਇਆ ਕਿ ਸ਼ਾਇਦ ਕਦੀ ਅਸੀਂ ਵੀ ਇਸ ਸਦਨ ਵਿੱਚ ਲੋਕਾਂ ਦੀ ਅਵਾਜ਼ ਬਣ ਕੇ ਆ ਸਕਾਂਗੇ। ਦੂਸਰੇ ਹੀ ਪਲ ਮੇਰੀਆਂ ਭਾਵਨਾਵਾਂ ਜਾਂ ਖਿਆਲਾਂ ਦੀ ਉਡਾਰੀ ਸੀ ਔਰ ਉਸ ਨੂੰ ਮੇਰੇ ਹਾਲਾਤ ਨੇ ਇਕਦਮ ਰੋਕ ਦਿੱਤਾ। ਘਰੋਂ ਮੈਂ ਇੱਕ ਸਧਾਰਨ ਪਰਿਵਾਰ ਵਿੱਚੋਂ ਸਾਂ ਔਰ ਬਹੁਤ ਹੀ ਸਧਾਰਨ ਕਿਸਾਨ ਪਰਿਵਾਰ ਵਿੱਚੋਂ ਸਾਂ। ਮੈਂ ਸੋਚਿਆ ਕਿ ਇਹ ਵੱਡੇ-ਵੱਡੇ ਮਹਿਲ ਸਾਡੇ ਵਰਗੇ ਸਧਾਰਨ ਪਰਿਵਾਰਾਂ ਦੇ ਲੋਕਾਂ ਦੀ ਪਹੁੰਚ ਵਿੱਚ ਨਹੀਂ ਹਨ। ਮੈਂ ਉਨ੍ਹਾਂ ਦਿਨਾਂ ਵਿੱਚ ਹੀ ਇੱਕ ਨਜ਼ਮ ਪੜ੍ਹੀ ਸੀ : ਕਬਰਾਂ ਦੇ ਫੁੱਲ। ਫੁੱਲ ਆਪਣੇ ਆਪ ਨੂੰ ਸੰਬੋਧਨ ਕਰ ਰਿਹਾ ਹੈ। ਕਬਰੀਂ ਉਗਿਆ ਫੁੱਲ ਇਹ ਕਹਿ ਰਿਹਾ ਹੈ :

ਹਸਦੀ ਜ਼ਿੰਦਗੀ ਦੇ ਮੰਡਪ ਵੱਲ
ਉਲਾਰ ਨਾ ਬਾਹਵਾਂ ਮੇਰੀਏ ਮਹਿਕੇ
ਮੜ੍ਹੀਆਂ ਦਾ ਫੁੱਲ ਅਰਥੀ ਉਤੇ ਹੀ ਚੜ੍ਹ ਸਕਦਾ ਹੈ।

ਇਸ ਤੋਂ beyond One should not aspire. ਪਰ, ਸਪੀਕਰ ਸਾਹਿਬ, ਆਫਰੀਨ ਹੈ ਸਾਡੇ ਇਸ ਮੁਲਕ ਦੀ ਡੈਮੋਕਰੇਸੀ, ਇਸ ਦੀ ਪਰੰਪਰਾ ਜਿਸ ਵਿੱਚ ਮੇਰੇ ਜਿਹੇ ਸਧਾਰਨ ਕਿਸਾਨ ਔਰ ਗਰੀਬ ਪਰਵਾਰਾਂ ਦੇ ਨੁਮਾਇੰਦੇ ਜਿਨ੍ਹਾਂ ਨੇ ਜ਼ਿੰਦਗੀ ਵਿੱਚ ਬਹੁਤ ਹੀ ਮਿਹਨਤ ਕੀਤੀ ਹੈ, ਉਨ੍ਹਾਂ ਨੂੰ ਇਸ ਸਦਨ ਵਿੱਚ ਆਉਣ ਦਾ ਮੌਕਾ ਮਿਲਿਆ ਹੈ। ਇਸ ਤੋਂ ਪਹਿਲਾਂ ਕਿ ਮੈਂ ਅਗਲੀ ਗੱਲ ਕਰਾਂ, ਮੈਂ ਇਹ ਸਮਝਦਾ ਹਾਂ ਕਿ ਇਹ ਇੱਕ ਹੁਸੀਨ ਇਤਫਾਕ ਹੈ ਕਿ ਜਿਹੜੇ ਸਤਿਕਾਰਯੋਗ ਮੈਂਬਰ ਜੋ ਇਸ ਹਾਊਸ ਦੀ ਮਰਿਆਦਾ ਦੀ ਬਹੁਤ ਵੱਡੀ ਸ਼ਾਨ ਰਹੇ ਹਨ, ਉਨ੍ਹਾਂ ਨਾਲ ਮੈਨੂੰ 1980 ਤੋਂ ਕੰਮ ਕਰਨ ਦਾ ਮੌਕਾ ਮਿਲਿਆ ਹੈ। ਸਭ ਤੋਂ ਪਹਿਲਾਂ ਮੈਂ ਉਨ੍ਹਾਂ ਨੂੰ ਜੋ ਅੱਜ ਸਵਰਗਾਂ ਵਿੱਚ ਬੈਠੇ ਹਨ, ਬਹੁਤ ਅਦਬ ਨਾਲ ਯਾਦ ਕਰਦਾ ਹਾਂ ਔਰ ਹੁਸੀਨ ਇਤਫਾਕ ਹੈ ਕਿ ਅੱਜ ਉਨ੍ਹਾਂ ਦੀ ਦੂਸਰੀ ਪੀੜ੍ਹੀ, ਉਨ੍ਹਾਂ ਦੇ ਲਖਤੇ-ਜਿਗਰ ਅੱਜ ਇਸ ਅਸੰਬਲੀ ਵਿੱਚ ਬਤੌਰ ਮੈਂਬਰ ਬਿਰਾਜਮਾਨ ਹਨ। ਸਭ ਤੋਂ ਪਹਿਲਾਂ ਸਰਦਾਰ ਆਤਮਾ ਸਿੰਘ ਜੀ ਹਨ ਜੋ ਮੇਰੇ ਬਤੌਰ ਐਮ.ਐਲ.ਏ. ਮਾਡਲ ਰਹੇ ਹਨ। ਮੈਂ ਉਨ੍ਹਾਂ ਤੋਂ ਬਹੁਤ ਕੁਝ ਸਿੱਖਿਆ ਹੈ। ਅੱਜ ਬੀਬੀ ਉਪਿੰਦਰਜੀਤ ਕੌਰ, ਉਨ੍ਹਾਂ ਦੀ ਸਪੁਤਰੀ ਇਸ ਹਾਊਸ ਵਿੱਚ ਮੌਜੂਦ ਹਨ। ਸਰਦਾਰ ਜਸਮੱਤ ਸਿੰਘ ਢਿੱਲੋਂ ਮੇਰੇ ਬਹੁਤ ਗੂੜ੍ਹੇ ਮਿੱਤਰਾਂ ਵਿੱਚੋਂ ਸਨ। ਔਰ ਮੈਨੂੰ ਯਾਦ ਹੈ ਜਦੋਂ 1980 ਵਿੱਚ ਗਵਰਨਰ ਐਡਰੈਸ ਤੇ ਵੋਟਾਂ ਹੋਈਆਂ ਸਨ ਤਾਂ ਕਾਂਗਰਸ ਦੀ ਇੱਕ ਵੋਟ ਵਧ ਗਈ ਸੀ ਔਰ ਬੜਾ ਕਿਹਾ ਗਿਆ ਕਿ ਇਹ ਵੋਟ ਕਿਹੜਾ ਪਾ ਗਿਆ। ਉਸ ਵੇਲੇ ਸਰਦਾਰ ਜਸਮੱਤ ਸਿੰਘ ਢਿੱਲੋਂ ਇੰਡੀਪੈਂਡੈਂਟ ਜਿੱਤ ਕੇ ਆਏ ਸਨ ਅਤੇ ਵੋਟ ਪਾ ਗਏ ਸਨ। ਸ਼ਾਮੀਂ ਸਰਦਾਰ ਦਰਬਾਰਾ ਸਿੰਘ ਉਨ੍ਹਾਂ ਦੇ ਘਰ ਮੁਬਾਰਕਬਾਦ ਦੇਣ ਵਾਸਤੇ ਗਏ ਕਿ ਤੁਸੀਂ ਸਾਨੂੰ ਅੱਜ ਵੋਟ ਪਾਈ ਹੈ ਤਾਂ ਮੈਨੂੰ ਯਾਦ ਹੈ ਸਰਦਾਰ ਜਸਮੱਤ ਸਿੰਘ ਢਿੱਲੋਂ ਨੇ ਕਿਹਾ ਸੀ ਕਿ ਮੈਂ ਵੋਟ ਕਾਂਗਰਸ ਨੂੰ ਨਹੀਂ ਦਿੱਤੀ ਕਿਉਂਕਿ Motion of thanks to the Governor's Address ਮੇਰੇ ਪਿਆਰੇ ਮਿੱਤਰ ਨੇ ਪੇਸ਼ ਕੀਤਾ ਸੀ, ਇਸ ਕਰਕੇ ਮੇਰੀ ਆਤਮਾ ਹੀ ਨਹੀਂ ਮੰਨੀ ਕਿ ਮੈਂ ਉਸ ਮੋਸ਼ਨ ਦੇ ਖਿਲਾਫ਼ ਵੋਟ ਪਾਵਾਂ। ਅੱਜ ਉਨ੍ਹਾਂ ਦੇ ਪੁੱਤਰ ਸਰਦਾਰ ਕੁਸ਼ਲਦੀਪ ਸਿੰਘ ਢਿੱਲੋਂ ਬਿਰਾਜਮਾਨ ਹਨ। ਸਾਡੇ ਸ਼ਹੀਦ ਚੌਧਰੀ ਜਗਤ ਰਾਮ ਜੀ ਹਨ, ਜਿਨ੍ਹਾਂ ਨੇ ਜਦੋਂ ਇਥੇ ਅਮਨ ਵਾਸਤੇ ਪੰਜਾਬ ਵਿੱਚ ਜੰਗ ਲੜੀ ਗਈ ਤਾਂ ਸ਼ਹਾਦਤ ਦਿੱਤੀ। ਉਨ੍ਹਾਂ ਦੇ ਸਪੁੱਤਰ ਸਰਦਾਰ ਤਰਲੋਚਨ ਸਿੰਘ ਬਿਰਾਜਮਾਨ ਹਨ। ਸਰਦਾਰ ਬੇਅੰਤ ਸਿੰਘ, ਜਿਨ੍ਹਾਂ ਨੇ ਇਸ ਸੂਬੇ ਵਿੱਚ ਅਮਨ ਦੀ ਵਾਪਸੀ

Original with;
Punjab Vidhan Sabha
Digitized by:

ਵਾਸਤੇ ਆਪਣੀ ਸ਼ਹਾਦਤ ਦਿੱਤੀ ਔਰ ਜਿਥੇ ਵੀ ਅਮਨ ਦੀ ਗੱਲ ਚੱਲੇਗੀ, ਮੈਂ ਸਮਝਦਾ ਹਾਂ ਜੇ ਉਨ੍ਹਾਂ ਦਾ ਜ਼ਿਕਰ ਨਾ ਆਵੇ ਤਾਂ ਬੜੀ ਬੇਇਨਸਾਫ਼ੀ ਹੋਏਗੀ। ਮੈਨੂੰ ਅੰਮ੍ਰਿਤਾ ਪ੍ਰੀਤਮ ਦੀਆਂ ਦੋ ਲਾਈਨਾਂ ਯਾਦ ਆਈਆਂ ਹਨ –

ਦੁਨੀਆਂ ਵਿੱਚ ਜਦ ਵੀ ਕਦੇ ਇਸ਼ਕ ਅਤੇ ਮੁਹੱਬਤ ਦੀ ਗੱਲ ਚੱਲੇਗੀ,
ਤਾਂ ਯਾਦ ਇਸ਼ਕ ਦੀ ਦਹਿਲੀਜ ਤੇ ਸਜਦਾ ਕਰੇਗਾ ਜਦ ਕੋਈ,
ਯਾਦ ਉਸ ਦਹਿਲੀਜ ਨੂੰ ਮੇਰਾ ਜ਼ਮਾਨਾ ਆਏਗਾ।

ਜਦ ਵੀ ਅੱਤਵਾਦ ਦੇ ਖਿਲਾਫ਼ ਲੜੀ ਅਮਨ ਦੀ ਜੰਗ ਦਾ ਜ਼ਿਕਰ ਹੋਏਗਾ ਤਾਂ ਸਰਦਾਰ ਬੇਅੰਤ ਸਿੰਘ ਜੀ ਦਾ ਜ਼ਿਕਰ ਸ਼ਰੇ-ਫਹਿਰਿਸਤ ਹੋਏਗਾ। ਮੈਂ ਉਨ੍ਹਾਂ ਨੂੰ ਪ੍ਰਣਾਮ ਕਰਦਾ ਹਾਂ। ਅੱਜ ਉਨ੍ਹਾਂ ਦਾ ਬੇਟਾ ਅਤੇ ਬੇਟੀ ਇਸ ਸਦਨ ਦੀ ਸ਼ੋਭਾ ਵਧਾ ਰਹੇ ਹਨ। ਮੈਨੂੰ ਯਾਦ ਆਉਂਦੀ ਹੈ ਸ਼੍ਰੀ ਜੋਗਿੰਦਰ ਪਾਲ ਪਾਂਡੇ ਜੀ ਦੀ। ਉਨ੍ਹਾਂ ਦੇ ਸਪੁੱਤਰ ਸ਼੍ਰੀ ਰਾਕੇਸ਼ ਪਾਂਡੇ ਇਥੇ ਮੌਜੂਦ ਹਨ। ਸਰਦਾਰ ਗੁਰਦਰਸ਼ਣ ਸਿੰਘ ਜੀ ਸਨ, ਉਨ੍ਹਾਂ ਤੋਂ ਮੈਨੂੰ ਬਹੁਤ ਸਰਪ੍ਰਸਤੀ ਮਿਲੀ। ਉਨ੍ਹਾਂ ਦਾ ਬੇਟਾ ਸਰਦਾਰ ਰਣਦੀਪ ਸਿੰਘ ਇਥੇ ਮੌਜੂਦ ਹੈ। ਸਰਦਾਰ ਦਰਸ਼ਨ ਸਿੰਘ ਕੇ.ਪੀ. ਜੀ ਨੇ ਅਮਨ ਵਾਸਤੇ ਬਹੁਤ ਵੱਡੀ ਸ਼ਹਾਦਤ ਦਿੱਤੀ। ਉਨ੍ਹਾਂ ਦਾ ਬੇਟਾ ਸ਼੍ਰੀ ਮਹਿੰਦਰ ਸਿੰਘ ਕੇ.ਪੀ. ਇਥੇ ਮੌਜੂਦ ਹੈ। ਕੁਝ ਹੋਰ ਵੀ ਬਹੁਤ ਸਤਿਕਾਰਤ ਸ਼ਖਸੀਅਤਾਂ ਅੱਜ ਸਾਡੇ ਵਿੱਚ ਮੌਜੂਦ ਹਨ, ਜਿਨ੍ਹਾਂ ਦੀ ਸਰਪ੍ਰਸਤੀ ਸਾਨੂੰ ਮਿਲ ਰਹੀ ਹੈ। ਸਰਦਾਰ ਸੰਤੋਖ ਸਿੰਘ ਜੀ ਰੰਧਾਵਾ, ਸਾਡੇ ਕਾਂਗਰਸ ਦੇ ਲੀਡਰ ਹਨ, ਉਨ੍ਹਾਂ ਦਾ ਬੇਟਾ ਸੁਖਜਿੰਦਰ ਸਿੰਘ ਹੈ। ਸਰਦਾਰ ਸੁਖਦੇਵ ਸਿੰਘ ਢੀਂਡਸਾ, ਜੋ ਕੇਂਦਰੀ ਮੰਤਰੀ ਹਨ ਅਤੇ ਮੇਰੇ ਬੜੇ ਪਰਮ ਮਿੱਤਰ ਹਨ, ਉਨ੍ਹਾਂ ਦਾ ਬੇਟਾ ਪਰਮਿੰਦਰ ਸਿੰਘ ਢੀਂਡਸਾ ਹੈ। ਸਰਦਾਰ ਸੁਰਿੰਦਰ ਸਿੰਘ ਕੈਰੋਂ ਜੋ 1980 ਵਿੱਚ ਸਾਡੇ ਨਾਲ ਰਹੇ ਹਨ, ਉਨ੍ਹਾਂ ਦਾ ਬੇਟਾ ਆਦੇਸ਼ ਪ੍ਰਤਾਪ ਸਿੰਘ ਕੈਰੋਂ। ਸਰਦਾਰ ਸ਼ਮਸ਼ੇਰ ਸਿੰਘ ਦੂਲੋ, ਉਨ੍ਹਾਂ ਦੀ ਧਰਮ ਪਤਨੀ ਹਰਬੰਸ ਕੌਰ ਦੂਲੋਂ ਇਥੇ ਬੈਠੇ ਹਨ। ਜੈ ਮੁਨੀ ਜੀ ਸਾਡੇ ਬਹੁਤ ਸਤਿਕਾਰਤ ਮੈਂਬਰ ਸਾਹਿਬ ਹਨ, ਉਨ੍ਹਾਂ ਦੀ ਬੇਟੀ ਸਾਡੇ ਸਭ ਪਾਸ ਮੌਜੂਦ ਹੈ। ਮੈਂ ਸਭ ਤੋਂ ਪਹਿਲਾਂ ਉਨ੍ਹਾਂ ਸਾਰੀਆਂ ਸ਼ਖਸੀਅਤਾਂ ਨੂੰ ਜੋ ਸਾਥੋਂ ਹਮੇਸ਼ਾਂ ਵਾਸਤੇ ਵਿਦਾ ਹੋ ਗਈਆਂ ਹਨ, ਸਵਰਗਾਂ ਵਿੱਚ ਬੈਠੀਆਂ ਹਨ, ਯਾਦ ਕਰਦਾ ਹਾਂ। ਉਨ੍ਹਾਂ ਦਾ ਆਸ਼ੀਰਵਾਦ ਔਰ ਆਪ ਸਾਰੇ ਮੈਂਬਰਾਂ ਦਾ ਆਸ਼ੀਰਵਾਦ ਜੋ ਹੈ, ਉਹ ਮੈਨੂੰ ਕੰਮ ਕਰਨ ਵਿੱਚ ਮਦਦ ਕਰੇਗਾ। ਇਸ ਤੋਂ ਪਹਿਲਾਂ ਕਿ ਮੈਂ ਇਸ ਸਦਨ ਦੀ ਮਰਿਆਦਾ ਬਾਰੇ ਕੋਈ ਗੱਲ ਕਰਾਂ, ਸਪੀਕਰ ਸਾਹਿਬ, ਮੈਂ ਬਹੁਤ ਮਸ਼ਕੂਰ ਹਾਂ ਸਾਡੇ ਲੀਡਰ ਆਫ਼ ਦਿ ਹਾਊਸ, ਸਾਡੀ ਪਾਰਟੀ ਦੇ ਆਗੂ ਕੈਪਟਨ ਅਮਰਿੰਦਰ ਸਿੰਘ ਜੀ ਦਾ, ਜਿਨ੍ਹਾਂ ਨੇ ਇਸ ਹਾਊਸ ਵਿੱਚ ਪ੍ਰਸਤਾਵ ਕੀਤਾ ਔਰ ਮੈਨੂੰ ਇਸ ਅਹੁਦੇ ਦੀ ਮਰਿਆਦਾ ਨਿਭਾਉਣ ਦੇ ਵਾਸਤੇ ਚੁਣਿਆ ਹੈ। ਮੈਂ ਉਨ੍ਹਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ ਔਰ ਉਨ੍ਹਾਂ ਨੂੰ ਇਸ ਗੱਲ ਦਾ ਭਰੋਸਾ ਦਿਵਾਉਂਦਾ ਹਾਂ ਕਿ ਇਸ ਸਦਨ ਦੀ ਮਰਿਆਦਾ ਨੂੰ ਕਾਇਮ ਰੱਖਣ ਦੇ ਵਾਸਤੇ ਮੈਂ ਹਰ ਤਰ੍ਹਾਂ ਦੀ ਕੋਸ਼ਿਸ਼ ਕਰਾਂਗਾ।

ਦੂਸਰੀ ਗੱਲ, ਸਪੀਕਰ ਸਾਹਿਬ, ਸਾਡੇ ਲੀਡਰ ਆਫ ਦਿ ਆਪੋਜ਼ੀਸ਼ਨ ਨੇ, ਤੇ ਹੁਣ ਤਾਂ ਉਹ ਮੇਰੇ ਗਵਾਂਢੀ ਬਣ ਗਏ ਹਨ, ਆਪਣੇ ਵਿਚਾਰ ਪ੍ਰਗਟ ਕੀਤੇ ਹਨ ਤੇ ਉਨ੍ਹਾਂ ਵਿਚਾਰਾਂ ਦੇ ਵਿਚ ਇਨ੍ਹਾਂ ਨੇ ਕਿਹਾ ਸੀ ਅਤੇ ਤਰਕ ਵੀ ਕੀਤਾ ਸੀ ਕਿ ਸਾਨੂੰ ਇਹ ਮਨਜ਼ੂਰ ਨਹੀਂ ਸੀ ਕਰਨਾ ਚਾਹੀਦਾ। ਮੈਂ ਸਮਝਦਾ ਹਾਂ ਕਿ ਐਸਾ ਕੋਈ ਸਵਾਲ ਨਹੀਂ, ਨਾ ਮਨਜ਼ੂਰ ਕਰਨ ਦੇ ਬਾਰੇ। ਇਹ ਇਸ ਰੁਤਬੇ ਦੀ ਬੇਅਦਬੀ ਹੈ ਔਰ ਇਸ ਦੇ ਨਾਲ ਦੂਸਰੀ ਬੇਅਦਬੀ ਹੈ

Original with;
Punjab Vidhan Sabha
Digitized by;
Panjab Digital Library

[ਮਾਨਯੋਗ ਡਿਪਟੀ ਸਪੀਕਰ]

ਆਪਣੇ ਨੇਤਾ ਔਰ ਪਾਰਟੀ ਦੀ ਮਰਿਯਾਦਾ ਦੀ। ਆਪਣੀ ਜ਼ਿੰਦਗੀ ਦੇ ਵਿੱਚ ਜੋ ਮਰਿਯਾਦਾ ਹੈ, ਉਸ ਦਾ ਪਾਲਣ ਕਰਨਾ ਹੈ, ਉਸਨੂੰ ਨਿਭਾਉਣਾ ਹੈ। ਜੋ ਵੀ ਵੱਡਿਆਂ ਨੇ ਸੇਵਾ ਲਗਾਈ ਹੈ, ਉਹ ਸੇਵਾ ਜਿਹੜੀ ਹੈ, ਉਸ ਨੂੰ ਅਦਬ ਦੇ ਨਾਲ ਨਿਭਾਉਣਾ ਚਾਹੀਦਾ ਹੈ। ਇਹ ਡੈਮੋਕਰੇਸੀ ਦਾ ਮੰਦਰ ਹੈ ਔਰ ਮੈਂ ਬਰਟਨ ਰਸਲ ਦੀ ਕਿਤਾਬ ਪੜ੍ਹ ਰਿਹਾ ਸੀ ਜਿਸ ਦੇ ਵਿੱਚ ਬੜਾ ਖ਼ੂਬਸੂਰਤ ਲਿਖਿਆ ਹੋਇਆ ਸੀ If there is an offer of democracy and grains simultaneously, which stage you will prefer and he said I will prefer democracy not grains. That will determine the limit of our ideals. ਜੇ ਤੁਹਾਨੂੰ ਰੋਜ਼ੀ ਰੋਟੀ ਮਿਲਦੀ ਹੋਵੇ ਅਤੇ ਤੁਸੀਂ ਸਾਈਮਲਟੇਨੀਅਸਲੀ ਡੈਮੋਕਰੇਸੀ ਦੇ ਵਿੱਚ ਆਪਣਾ ਰੋਲ ਨਿਭਾਉਣਾ ਪ੍ਰਵਾਨ ਕਰੋਗੇ ਔਰ ਆਪਣੇ ਆਈਡਲਜ਼ ਜਿਹੜੇ ਹਨ, ਉਹ ਡੈਮੋਕਰੇਸੀ ਦੀ ਪਾਲਣਾ ਕਰਦੇ ਹੋਇਆਂ ਕਿਸ ਹੱਦ ਤਕ ਨਿਭਾਉਂਦੇ ਹੋ, ਇਸ ਤੋਂ ਤੁਹਾਡੇ ਕਿਰਦਾਰ ਦੀ ਪੁਸ਼ਟੀ ਹੁੰਦੀ ਹੈ। ਮੈਂ ਸਮਝਦਾ ਹਾਂ ਕਿ ਹਰ ਅਹੁਦੇ ਦੀ ਆਪਣੀ-ਆਪਣੀ ਮਰਿਯਾਦਾ ਹੈ ਔਰ ਜੋ ਤੁਸੀਂ ਅੱਜ ਮੈਨੂੰ ਡਿਪਟੀ ਸਪੀਕਰ ਦੀ ਜ਼ਿੰਮੇਵਾਰੀ ਮੇਰੇ ਸਪੁਰਦ ਕੀਤੀ ਹੈ, ਉਸ ਦੀ ਆਪਣੀ ਮਰਿਯਾਦਾ ਮੈਂ ਠੀਕ ਤਰੀਕੇ ਦੇ ਨਾਲ ਨਿਭਾਵਾਂਗਾ ਔਰ ਮੈਂ ਸਾਰੇ ਹਾਊਸ ਦੇ ਮੈਂਬਰ ਸਾਹਿਬ ਦਾ ਇਸ ਗੱਲ ਦਾ ਵੀ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਮੇਰੀ ਚੋਣ ਯੂਨਾਨੀਮਸਲੀ ਕੀਤੀ ਹੈ। ਮੈਨੂੰ ਤਾਂ ਇਹੀ ਆਸ ਸੀ ਪਰ ਮੇਰੇ ਹੁਣ ਦੇ ਗਵਾਂਢੀ ਬਾਦਲ ਸਾਹਿਬ ਨੇ ਕਿਹਾ ਕਿ ਤੁਹਾਨੂੰ ਇਧਰ ਨਹੀਂ ਸੀ ਆਉਣਾ ਚਾਹੀਦਾ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਬੈਠੇ ਬੈਠੇ)** : ਅਸੀਂ ਤਾਂ ਤੁਹਾਨੂੰ ਹੋਰ ਪਾਸੇ ਭੇਜ ਰਹੇ ਸੀ। (ਹਾਸਾ)

**ਮਾਨਯੋਗ ਡਿਪਟੀ ਸਪੀਕਰ** : ਸਪੀਕਰ ਸਾਹਿਬ, ਹੋਰ ਥਾਂ ਭੇਜਣ ਬਾਰੇ ਤਾਂ ਅਗਲੀ ਗੱਲ ਹੈ ਕਿਉਂਕਿ ਕਈ ਵਾਰੀ ਇਸ ਤਰ੍ਹਾਂ ਹੁੰਦਾ ਹੈ ਕਿ ਚੱਕੀ ਹੋਈ ਨੰਬਰਦਾਰ ਦੀ ਥਾਣੇਦਾਰ ਦੇ ਬਰਾਬਰ ਬੋਲੇ (ਹਾਸਾ)। ਹੁਣ ਤਾਂ ਬੋਲਣ ਦਾ ਕੰਮ ਵੀ ਖ਼ਤਮ ਹੀ ਹੋ ਗਿਆ ਹੈ। ਸਪੀਕਰ ਸਾਹਿਬ, ਮੈਨੂੰ ਤਾਂ ਲਗਦਾ ਹੈ ਇਹ ਮੇਰਾ ਭਾਸ਼ਣ ਆਖਰੀ ਹੀ ਹੈ। ਅੱਗੇ ਤਾਂ ਸ਼ੇਅਰ ਵਗੈਰਾ ਵੀ ਬੋਲ ਲੈਂਦੇ ਸੀ ਪਰ ਹੁਣ ਤਾਂ ਉਹ ਵੀ ਖ਼ਤਮ ਹੋ ਗਏ ਹਨ।

**ਮਾਨਯੋਗ ਸਪੀਕਰ** : ਤੁਸੀਂ ਡਿਪਟੀ ਸਪੀਕਰ ਦੇ ਤੌਰ ਤੇ ਕਹਿ ਸਕਦੇ ਹੋ।

**ਮਾਨਯੋਗ ਡਿਪਟੀ ਸਪੀਕਰ** : ਮਿਹਰਬਾਨੀ ਜੀ। ਸਪੀਕਰ ਸਾਹਿਬ, ਜਿਹੜੇ ਵੀ ਜ਼ਿੰਦਗੀ ਦੇ ਵਿੱਚ ਅਸੀਂ ਬੋਲ ਬੋਲਦੇ ਹਾਂ। ਸ਼ਬਦ ਉਦੋਂ ਤੱਕ ਤੁਹਾਡੇ ਹਨ ਜਦੋਂ ਤੱਕ ਬੋਲੇ ਨਾ ਜਾਣ ਤੇ ਜਦੋਂ ਵੀ ਕੋਈ ਸ਼ਬਦ ਬੋਲ ਦਿੱਤੇ ਜਾਣ, ਉਭਾਰ ਦਿੱਤੇ ਜਾਣ ਤਾਂ ਇਹ ਫਿਰ ਲੋਕਾਂ ਦੇ ਸਪੁਰਦ ਚਲੇ ਜਾਂਦੇ ਹਨ। ਲੋਕਾਂ ਦੇ ਸਪੁਰਦ ਹੋਣ ਤੋਂ ਬਾਅਦ ਇਹ ਲੋਕਾਂ ਦੀ ਮਰਜ਼ੀ ਹੈ ਕਿ ਉਹ ਉਨ੍ਹਾਂ ਦੇ ਨਾਲ ਨਿਆਂ ਕਰਨ ਜਾਂ ਫਿਰ ਅਨਿਆਂ ਕਰਨ। ਮੇਰੀ ਟਰੈਜਿਡੀ ਇਹ ਹੀ ਰਹੀ ਹੈ ਕਿ ਜਿੰਨੇ ਵੀ ਮੈਂ ਸ਼ਬਦ ਕਹਿੰਦਾ ਰਿਹਾ ਹਾਂ, ਉਹ ਸਾਰੇ ਬੜੀ ਸਿੰਸੀਅਰਿਟੀ ਦੇ ਨਾਲ ਕਹੇ ਹਨ ਪਰ ਉਸ ਨੂੰ ਇੰਟਰਪਰੇਟ ਕਰਨ ਵਾਲੇ ਜੋ ਲੋਕ ਹਨ, ਉਨ੍ਹਾਂ ਨੂੰ ਕਈ ਵਾਰ ਉਹ ਲੋਕ ਕਿਸੇ ਗਲਤ ਤਰੀਕੇ ਦੇ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਦੇ ਬਾਰੇ ਮੈਂ ਦਸਦਾ ਹਾਂ ਕਿ

Original with;
Punjab Vidhan Sabha
Digitized by;

ਮੈਂ ਕਿਸੇ ਵੇਲੇ ਸ਼ਾਮ ਦੀ ਇਕ ਮਹਿਫਲ ਦੇ ਵਿੱਚ ਗਿਆ ਹੋਇਆ ਸੀ। ਉਸ ਦੇ ਵਿੱਚ ਮੈਂ ਇੱਕ ਸ਼ੇਅਰ ਬੋਲ ਦਿੱਤਾ—

ਬੱਸ ਚਲੇ ਉਨਕਾ ਤੋ ਮਾਰ ਹੀ ਡਾਲੇਂਗੇ ਲੋਕ,
ਹਮ ਜੋ ਜ਼ਿੰਦਾ ਹੈਂ ਤੋ ਇਸ ਲੀਏ ਕਿ ਜੀਨੇ ਕਾ ਹੁਨਰ ਰਖਤੇ ਹੈਂ।

ਉਥੇ ਫਿਰ ਕੀ ਗੱਲ ਹੋਈ ਕਿ ਕਿਸੇ ਵਿਅਕਤੀ ਨੇ ਜਿਸ ਨੂੰ ਸ਼ੇਅਰ ਸਮਝ ਨਹੀਂ ਆਇਆ ਹੋਵੇਗਾ, ਉਸ ਨੇ ਅਨੁਵਾਦ ਕਰਕੇ ਉਥੇ ਇਹ ਗੱਲ ਫੈਲਾ ਦਿੱਤੀ ਕਿ ਮੈਨੂੰ ਸ਼ੇਅਰ ਤਾਂ ਸਮਝ ਨਹੀਂ ਆਇਆ ਪਰ ਮੈਨੂੰ ਤਾਂ ਇਹ ਗਾਲ੍ਹਾਂ ਹੀ ਲਗਦੀਆਂ ਸਨ। ਉਦੋਂ ਉਸ ਨੇ ਮੇਰੇ ਸ਼ਿਅਰ ਦਾ ਬੇੜਾ ਹੀ ਗਰਕ ਕਰਕੇ ਰੱਖ ਦਿੱਤਾ। ਉਸ ਤੋਂ ਬਾਅਦ ਮੈਂ ਫੈਸਲਾ ਹੀ ਕਰ ਲਿਆ ਹੈ। ਮੈਂ ਆਪਣੇ ਸਾਥੀਆਂ ਨੂੰ ਰਾਏ ਦੇਵਾਂਗਾ ਕਿ—

ਬਾਤ ਵੁਹ ਕੀਜੀਏ ਜਿਸ ਕੇ ਹਜ਼ਾਰ ਪਹਿਲੂ ਹੋਂ,
ਕੋਈ ਪਹਿਲੂ ਤੋ ਰਹੇ ਬਾਤ ਬਦਲਨੇ ਕੇ ਲੀਏ। (ਹਾਸਾ)

ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਜੋ ਤੁਹਾਡਾ ਰਾਈਟ ਟੂ ਐਕਸਪ੍ਰੈਸ਼ਨ ਹੈ, ਹਾਊਸ ਦੀ ਮਰਿਆਦਾ ਵਿੱਚ ਰਹਿੰਦੇ ਹੋਏ ਉਸ ਨੂੰ ਕਾਇਮ ਰੱਖਣ ਵਾਸਤੇ ਮੈਨੂੰ ਤੁਹਾਡੇ ਸਾਰਿਆਂ ਦਾ ਸਹਿਯੋਗ ਜ਼ਰੂਰੀ ਹੈ ਅਤੇ ਜੋ ਜ਼ਿੰਮੇਵਾਰੀ ਮੇਰੇ ਤੇ ਲੱਗੀ ਹੈ, ਉਸ ਨੂੰ ਮੈਂ ਪੂਰੀ ਤਨਦੇਹੀ ਨਾਲ ਨਿਭਾਵਾਂਗਾ। ਵਾਲਟੇਅਰ ਦਾ ਕਥਨ ਹੈ ਜਿਹੜਾ ਸਾਡਾ ਮਾਰਗ ਦਰਸ਼ਨ ਵੀ ਕਰੇਗਾ,— I may disapprove, what you say but I would defend your right to say till death. ਮੈਂ ਤੁਹਾਡੇ ਨਾਲ ਸਹਿਮਤ ਹੋ ਸਕਦਾ ਹਾਂ। ਤੁਹਾਡੇ ਕਹਿਣ ਦਾ ਹੱਕ ਮੈਂ ਮੌਤ ਤੱਕ ਸੁਰੱਖਿਅਤ ਕਰਾਂਗਾ। ਮੈਂ, ਸਪੀਕਰ ਸਾਹਿਬ, ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਕਹਿੰਦਾ ਹਾਂ ਕਿ ਮੈਂ ਜ਼ਿੰਦਗੀ ਵਿੱਚ ਬੜਾ ਨਿਮਾਣਾ ਗੁਜ਼ਰਾਂਗਾ। ਮੈਂ ਬਹੁਤ ਔਖੇ ਸਮੇਂ ਜੇਲ੍ਹਾਂ ਵੀ ਕੱਟੀਆਂ ਹਨ। ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਕਿ ਮੈਨੂੰ ਵਿਰਾਸਤ ਵਿੱਚ ਕੀ ਮਿਲਿਆ ਹੈ। ਮੈਂ ਇਨ੍ਹਾਂ ਸਾਥੀਆਂ ਨੂੰ ਦਰਦ ਨਾਲ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ :

ਯੇਹ ਫੂਲ ਮੁਝੇ ਕਿਆ ਕੋਈ ਵਿਰਾਸਤ ਮੇਂ ਮਿਲੇ ਹੈਂ,
ਤੂਨੇਂ ਮੇਰਾ ਕਾਂਟੋਂ ਭਰਾ ਬਿਸਤਰ ਨਹੀਂ ਦੇਖਾ।
ਕਸ਼ਤੀ ਕੇ ਮੁਸਾਫਿਰ ਥੇ, ਸਮੰਦਰ ਨਹੀਂ ਦੇਖਾ।

ਇਹ ਸਾਰੀ ਜ਼ਿੰਦਗੀ ਦੇ ਸਫਰ ਵਿੱਚ ਦਰਦ ਭਰਿਆ ਹੋਇਆ ਹੈ। ਇਸ ਵਿੱਚ ਬੜੀਆਂ ਪੇਨਜ਼ ਹੈ। ਇਸ ਦੇ ਪਿੱਛੇ ਬੜਾ ਲੰਬਾ ਇਤਿਹਾਸ ਹੈ ਔਰ ਮੇਰੇ ਦੋਸਤਾਂ ਦਾ ਬੜਾ ਭਾਰੀ ਕੰਟਰੀਬਿਊਸ਼ਨ ਹੈ। ਮੈਂ ਇਨ੍ਹਾਂ ਸਾਰਿਆਂ ਨੂੰ ਸਲਾਮ ਕਰਦਾ ਹਾਂ। ਮੈਂ ਆਪਣੀ ਸੀਟ ਗ੍ਰਹਿਣ ਕਰਨ ਤੋਂ ਪਹਿਲਾਂ ਜਿਸ ਦੇ ਵੀ ਸੰਪਰਕ ਵਿੱਚ ਰਿਹਾ ਹਾਂ, ਉਸ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ ਹੈ। ਮੈਂ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਵੀ ਰਿਹਾ ਹਾਂ ਤੇ ਕਦੇ ਕਦੇ ਅਸਹਿਮਤ ਵੀ ਰਿਹਾ ਹਾਂ। ਇਸ ਤਪਸ਼ ਨੇ ਮੈਨੂੰ ਕਈ ਵਾਰ ਲੂਹਿਆ ਹੈ। ਮੈਂ ਬੇਨਤੀ ਕਰਾਂਗਾ, ਸਪੀਕਰ ਸਾਹਿਬ, ਕਿ ਮੇਰੇ ਸਾਥੀ ਮੇਰੀ ਇਸ ਗੱਲ ਦਾ ਮਜ਼ਾਕ ਨਾ ਉਡਾਉਣ। ਇਸ ਗੱਲ ਦੇ ਪਿੱਛੇ ਜੋ ਮਰਿਆਦਾ ਹੈ, ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਨ। ਇਨ੍ਹਾਂ ਸ਼ਬਦਾਂ ਨਾਲ ਫਿਰ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਮੈਨੂੰ ਆਪ ਜੀ ਦੀ ਸਰਪ੍ਰਸਤੀ ਵਿੱਚ ਕੰਮ ਕਰਨ ਦਾ ਮੌਕਾ

Original with;
Punjab Vidhan Sabha
Digitized by;
Panjab Digital Library

[ਮਾਨਯੋਗ ਡਿਪਟੀ ਸਪੀਕਰ]

ਮਿਲਿਆ ਹੈ। ਤੁਹਾਡਾ ਬੜਾ ਲੰਬਾ ਤਜਰਬਾ ਹੈ ਔਰ ਇੰਨਾ ਲੰਬਾ ਸਮਾਂ ਤੁਸੀਂ ਇਸ ਅਸੰਬਲੀ ਵਿੱਚ ਮੈਂਬਰ ਰਹੇ, ਬਤੌਰ ਫਾਇਨਾਂਸ ਮਨਿਸਟਰ ਅਤੇ ਬਤੌਰ ਸਪੀਕਰ ਵੀ ਤੁਸੀਂ ਇਸ ਸਦਨ ਦੀ ਮਰਿਆਦਾ ਕਾਇਮ ਕਰਦੇ ਰਹੇ। ਤੁਹਾਡੀ ਸਰਪ੍ਰਸਤੀ ਵਿੱਚ ਮੈਂ ਕੰਮ ਕਰਦਾ ਰਹਾਂਗਾ ਅਤੇ ਸਾਰੇ ਸਾਥੀਆਂ ਦਾ ਇੱਥੇ ਧੰਨਵਾਦ ਕਰਦਾ ਹਾਂ। ਮੈਂ ਇਹ ਗੱਲ ਕਹਿਣੀ ਚਾਹਾਂਗਾ —

ਮੇਰੇ ਆਂਸੂਓਂ ਸੇ ਪੂਛ ਮੇਰੀ ਰੂਹ ਕੀ ਹਕੀਕਤ,
ਯੇ ਮਜਲਿਸੀ-ਤਬੱਸੁਮ ਮੇਰਾ ਤਰਜਮਾ ਨਹੀਂ ਹੈ।

ਮੈਂ ਜਿਹੜੀ ਗਜ਼ਲ ਦਾ ਸ਼ੇਅਰ ਕਿਹਾ ਸੀ, ਸਪੀਕਰ ਸਾਹਿਬ, ਉਹ ਇਹ ਸੀ ਕਿ :

ਹਮਨੇ ਤਮਾਮ ਉਮਰ ਅਕੇਲੇ ਸਫਰ ਕੀਆ,
ਹਮਪੇ ਕਿਸੀ ਖੁਦਾ ਕੀ ਇਨਾਇਤ ਨਹੀਂ ਰਹੀ।
ਖੰਡਹਰ ਬਚੇ ਹੂਏ ਹੈਂ ਇਮਾਰਤ ਨਹੀਂ ਰਹੀ,
ਅੱਛਾ ਹੂਆ ਕਿ ਸਰ ਪੇ ਕੋਈ ਛੱਤ ਨਹੀਂ ਰਹੀ।
ਹਿੰਮਤ ਸੇ ਸਚ ਕਹੂੰ ਤੋ ਬੁਰਾ ਮਾਨਤੇ ਹੈਂ ਲੋਗ,
ਰੋ ਰੋ ਕੇ ਬਾਤ ਕਹਿਨੇ ਕੀ ਆਦਤ ਨਹੀਂ ਰਹੀ।

ਇਹ ਮਰਿਆਦਾ ਜ਼ਿੰਦਗੀ ਵਿਚ ਨਿਭਾਉਂਦਿਆਂ ਕਿਤੇ ਦੁਖ ਦਰਦ ਹੰਢਾਉਣਾ ਪਵੇ ਤਾਂ ਵੀ ਕੋਈ ਅਫਸੋਸ ਨਹੀਂ। ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਅੰਤ ਵਿਚ ਮੈਂ ਆਪਣੇ ਬਹੁਤ ਹੀ ਸਤਿਕਾਰਯੋਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ, ਜਿਨ੍ਹਾਂ ਦੇ ਪਿਆਰ, ਜਿਨ੍ਹਾਂ ਦੀ ਦੋਸਤੀ ਦਾ ਮੈਂ ਪਿਛਲੇ 32 ਵਰ੍ਹਿਆਂ ਤੋਂ ਨਿੱਘ ਮਾਣਿਆ ਹੈ, ਅੱਜ ਫੇਰ ਉਨ੍ਹਾਂ ਨੇ ਆਪਣੀ ਬੁੱਕਲ ਵਿਚ, ਗਲਵੱਕੜੀ ਵਿਚ ਲੈ ਕੇ ਮੇਰੇ ਜ਼ਿੰਮੇਂ ਉਨ੍ਹਾਂ ਨੇ ਇਹ ਜ਼ਿੰਮੇਂਵਾਰੀ ਪਾਈ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਉਨ੍ਹਾਂ ਨੂੰ ਫਿਰ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਹਰ ਸਾਹ ਨਾਲ ਇਹ ਅਰਦਾਸ ਕਰਦਾ ਰਹਾਂਗਾ, my endeavor would be, my prayers would be, ਕਿ ਤੁਸੀਂ ਮੇਰੇ ਵਿਚ ਵਿਸ਼ਵਾਸ ਪ੍ਰਗਟ ਕੀਤਾ, ਹੇ ਸੱਚੇ ਪਾਤਸ਼ਾਹ, ਤੁਸੀਂ ਮੈਨੂੰ ਤੌਫੀਕ ਬਖਸ਼ਣਾ ਕਿ ਮੈਂ ਟਰੱਸਟ ਨਾ ਬਿਟਰੇ ਕਰ ਸਕਾਂ ਅਤੇ ਨਾ ਕਰਾਂ। I should be worthy of your trust, Sir, I should be worthy of the trust of all the Hon'ble Members. I should be worthy of the trust of the total wisdom of the House. O' All Mighty, grant me boon to serve as Deputy Speaker and I should be able to uphold the dignity of the House. ਇਨ੍ਹਾਂ ਸ਼ਬਦਾਂ ਦੇ ਨਾਲ, ਸਪੀਕਰ ਸਾਹਿਬ, ਮੈਂ ਆਪ ਜੀ ਦਾ ਅਤੇ ਸਭ ਦਾ ਧੰਨਵਾਦ ਕਰਦਾ ਹਾਂ ਅਤੇ ਆਸਣ ਗ੍ਰਹਿਣ ਕਰਦਾ ਹਾਂ।

## CALL ATTENTION NOTICES UNDER RULE 66

**ਮਾਨਯੋਗ ਸਪੀਕਰ** : ਕਾਲ ਅਟੈਨਸ਼ਨ ਨੋਟਿਸ। ਡਿਪਟੀ ਸਪੀਕਰ ਸਾਹਿਬ, ਤੁਹਾਡੇ ਦੋ ਕਾਲ ਅਟੈਨਸ਼ਨ ਨੋਟਿਸ ਆਏ ਹੋਏ ਹਨ। ਜੇ ਚਾਹੋ ਤਾਂ ਤੁਸੀਂ ਉਨ੍ਹਾਂ ਨੂੰ ਲੈ ਸਕਦੇ ਹੋ ਅਤੇ ਬੋਲ ਸਕਦੇ ਹੋ। ਰੂਲਜ਼ ਵੱਲੋਂ ਇਸ ਮੁਤੱਲਕ ਕੋਈ ਨਾਂਹ ਨਹੀਂ ਹੈ।

Original with;
Punjab Vidhan Sabha
Digitized by;

ਮਾਨਯੋਗ ਡਿਪਟੀ ਸਪੀਕਰ : ਸਪੀਕਰ ਸਾਹਿਬ, ਮੈਂ ਹੁਣੇ ਤਾਂ ਵਾਇਦਾ ਕਰਕੇ ਹਟਿਆ ਹਾਂ। ਮੇਰਾ ਖਿਆਲ ਹੈ, ਸਪੀਕਰ ਸਾਹਿਬ, ਮੈਂ ਅੱਜ ਕਾਲ ਅਟੈਨਸ਼ਨ ਨਹੀਂ ਪੇਸ਼ ਕਰਨਾ ਚਾਹਵਾਂਗਾ।

**Mr. Speaker :** Thank you. Next business.

(ਮਾਨਯੋਗ ਮੈਂਬਰ ਸਰਦਾਰ ਬੀਰ ਦਵਿੰਦਰ ਸਿੰਘ, ਵਲੋਂ ਦਿੱਤੇ ਗਏ ਧਿਆਨ ਦਿਵਾਊ ਨੋਟਿਸ (ਨੰ: 21) ਅਤੇ (ਨੰ: 23) ਉਨ੍ਹਾਂ ਦੇ ਡਿਪਟੀ ਸਪੀਕਰ ਬਣਨ ਉਪਰੰਤ ਉਨ੍ਹਾਂ ਵਲੋਂ ਪੇਸ਼ ਨਹੀਂ ਕੀਤੇ ਗਏ।)

---

## PRESENTATION OF SECOND REPORT OF THE BUSINESS ADVISORY COMMITTEE

**Mr. Speaker :** I present to the House the Second Report of the Business Advisory Committee which is as under :

After re-considering the Programme already settled by the Committee in its meeting held on the 14th March, 2003, the Committee decided that the following business be transacted at the sitting of the Vidhan Sabha from Friday, the 28th March, 2003 to Wednesday, the 2nd April, 2003 :—

| | |
|---|---|
| Friday, the 28th March, 2003 (10.00 A.M.) | Discussion and voting on Demands for Grants for the year 2003-2004.<br><br>The following Demands for Grants to be discussed specifically :—<br><br>(i) Agriculture<br>(ii) Irrigation and Power<br>(iii) Health<br>(iv) Education. |
| Saturday, the 29th March, 2003 (10.00 A.M.) | (i) Motion regarding Constitution of Elected Committees for the year 2003-2004.<br><br>(ii) Appropriation Bill in respect of Budget Estimates for the year 2003-2004. |

Original with;
Punjab Vidhan Sabha
Digitized by;
Panjab Digital Library

[Mr. Speaker]

| | | |
|---|---|---|
| | (iii) | Motion under Rule 77 regarding thrashing of and causing injuries to the Akali/ BJP Councillors during the recent elections to the Nagar Panchayats/Municipal Councils/ Parishads in the State. (1½ Hours) |
| Sunday, the 30th March, 2003. | | Holiday. |
| Monday, the 31st March, 2003. | | Off-Day. |
| Tuesday, the 1st April, 2003 (2.00 P.M.) | (i) | Resolution regarding various aspects of the matter pertaining to SYL Canal. (2 Hours) |
| | (ii) | Discussion on the Statement showing the reasons for not implementing the recommendations of the Committee of the House to inquire into the recruitment of teachers made by the previous Government (1992—97), which was laid on the Table of the House on the 20th March, 2003. |
| Wednesday, the 2nd April, 2003 (10.00 A.M.) | (i) | Motion under Rule 16 regarding adjournment of the House *Sine-die*. |
| | (ii) | Legislative Business. |

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/ are inconsistent with the above recommendations, that/those rule/rules shall stand suspended to that extent.

Original with;
Punjab Vidhan Sabha
Digitized by;

**Minister for Local Government, Parliamentary Affairs and Labour & Employment (Chaudhary Jagjit Singh) :** Sir, I beg to move—

That this House agrees with the recommendations contained in the Second Report of the Business Advisory Committee.

**Mr. Speaker :** Motion Moved—

That this House agrees with the recommendations contained in the Second Report of the Business Advisory Committee.

Any discussion ? (No discussion).

**Mr. Speaker :** Question is—

That this House agrees with the recommendations contained in the Second Report of the Business Advisory Committee.

*The motion was carried unanimously.*

---

## PRESENTATION OF REPORTS OF THE COMMITTEES

**Mr. Speaker :** Chairman, Committee on Subordinate Legislation, Sardar Bir Devinder Singh Ji.

**Chairman, Committee on Subordinate Legislation (Sardar Bir Devinder Singh) :** Sir, I beg to present the 31st Report of the Committee on Subordinate Legislation for the year 2002-2003.

**Mr. Speaker :** Chairman, Committee on Public Accounts to present the Report of the Committee on Public Accounts.

**Chairman, Committee on Public Accounts (Sardar Balwinder Singh Bhunder) :** Sir, I beg to present the 142nd Report of the Committee on Public Accounts on the Appropriation Accounts of the Government of Punjab for the years 1993-94, 1994-95, 1995-96, 1996-97, 1997-98 and 1998-99 and the Reports of the Comptroller and Auditor General of India for the years 1993-94, 1994-95, 1995-96, 1996-97, 1997-98 and 1998-99 (Civil) relating to Jails, Rural Development and Panchayats, Welfare of Scheduled Castes and Backward Classes, Food and Supplies, Agriculture and Elections Departments.

Original with;
Punjab Vidhan Sabha
Digitized by;
Panjab Digital Library

**Mr. Speaker :** Thank you for the hard work you have done. A Member, Committee on Estimates to present the Report.

**Member, Committee on Estimates (Sardar Randeep Singh Nabha) :** Sir, I beg to present the—

(i) Report of the Committee on Estimates for the year 2002-2003 in respect of Health and Family Welfare Department, Punjab; and

(ii) Report of the Committee on Estimates for the year 2002-2003 in respect of Excise and Taxation Department, Punjab.

**Mr. Speaker :** A Member, Committee on Public Undertakings to present the Report.

**Member, Committee on Public Undertakings (Mrs. Gurkanwal Kaur) :** Sir, I beg to present the—

(i) Seventy-Second Report of the Committee on Public Undertakings on the Audit paras appearing in the Report of the Comptroller and Auditor General of India for the year 1986-87 (Commercial) relating to the Punjab State Electricity Board; and

(ii) Seventy Third Report of the Committee on Public Undertakings on the Audit paras appearing in the Report of the Comptroller and Auditor General of India for the year 1988-89 (Commercial) relating to the Punjab Agro Industries Corporation Limited.

**Mr. Speaker :** A Member, Committee on Papers Laid/to be Laid on the Table, to present the report.

**ਮੈਂਬਰ, ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼ ਪੱਤਰਾਂ ਸਬੰਧੀ ਕਮੇਟੀ (ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ) :** ਸ਼੍ਰੀ ਮਾਨ ਜੀ ਮੈਂ ਸਾਲ 2002-2003 ਲਈ ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼ ਪੱਤਰਾਂ ਸਬੰਧੀ ਕਮੇਟੀ ਦੀ ਤੇਰ੍ਹਵੀਂ ਰਿਪੋਰਟ ਪੇਸ਼ ਕਰਦਾ ਹਾਂ।

---

## RESUMPTION OF DISCUSSION ON THE BUDGET ESTIMATES FOR THE YEAR 2003-2004

**Mr. Speaker :** Now, resumption of General Discussion on the Budget Estimates for the year 2003-2004. Sardar Parminder Singh Dhindsa was on his legs.

Original with;
Punjab Vidhan Sabha
Digitized by;
Panjab Digital Library

**ਸਰਦਾਰ ਪਰਮਿੰਦਰ ਸਿੰਘ ਢੀਂਡਸਾ (ਸੁਨਾਮ)** : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ, ਕਿ ਤੁਸੀਂ ਮੈਨੂੰ ਬਜਟ ਤੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ। ਕੱਲ੍ਹ ਬਜਟ ਸਪੀਚ ਦੇ ਸਬੰਧ ਵਿੱਚ ਮੈਂ ਕਿਸਾਨੀ ਦੇ ਮਸਲਿਆਂ ਬਾਰੇ ਵਿਚਾਰ ਰੱਖ ਰਿਹਾ ਸੀ ਤੇ ਮੈਂ ਜਦੋਂ ਬਜਟ ਨੂੰ ਧਿਆਨ ਨਾਲ ਪੜ੍ਹਿਆ ਤਾਂ ਦੇਖਿਆ ਹੈ ਕਿ ਕਿਸਾਨੀ ਨਾਲ ਇਸ ਬਜਟ ਵਿੱਚ ਬਹੁਤ ਅਨਿਆਂ ਕੀਤਾ ਗਿਆ ਹੈ। ਸੱਭ ਤੋਂ ਪਹਿਲੀ ਗੱਲ ਇਹ ਹੈ ਕਿ ਵਿਆਜ ਦੀ ਦਰ ਜਿਹੜੀ ਘਟਾਉਣ ਬਾਰੇ ਬਜਟ ਵਿੱਚ ਕਿਹਾ ਗਿਆ ਹੈ ਅਤੇ ਜਿਸ ਬਾਰੇ ਟਰੇਜ਼ਰੀ ਬੈਂਚਿਜ਼ ਵੱਲੋਂ ਕਾਫੀ ਮੇਜ਼ ਥਪ-ਥਪਾ ਕੇ ਧੰਨਵਾਦ ਕੀਤਾ ਗਿਆ, ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਕਮਰਸ਼ੀਅਲ ਬੈਂਕ ਦੀ ਵਿਆਜ ਦੀ ਦਰ 11% ਤੋਂ ਕਿਤੇ ਵੀ ਵੱਧ ਨਹੀਂ ਹੈ ਅਤੇ ਜਿਹੜੇ ਸਾਡੇ ਕੋਆਪ੍ਰੇਟਿਵ ਬੈਂਕ ਹਨ, ਉਹ ਅੱਜ ਤੱਕ ਵੀ 13.5% ਕਿਸਾਨਾਂ ਤੋਂ ਵਿਆਜ ਲੈ ਰਹੇ ਹਨ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਵਿਆਜ ਦੀ ਦਰ ਹੈ, ਉਹ ਘੱਟ ਕਰਨ ਅਤੇ ਜੇਕਰ ਹੋ ਸਕੇ ਤਾਂ 10% ਤੋਂ ਵੱਧ ਨਾ ਕਰਨ। ਉਹ ਕੋਆਪ੍ਰੇਟਿਵ ਬੈਂਕਾਂ ਦੇ ਜਿਹੜੇ ਕਿਸਾਨਾਂ ਨੇ ਲੋਨ ਦੇਣੇ ਹਨ, ਉਹ ਮੁਆਫ ਕਰ ਦੇਣੇ ਚਾਹੀਦੇ ਹਨ ਜੇਕਰ ਇਹ ਕਿਸਾਨਾਂ ਨਾਲ ਸੱਚੀ ਹਮਦਰਦੀ ਰੱਖਣਾ ਚਾਹੁੰਦੇ ਹਨ।

ਇਸ ਤੋਂ ਇਲਾਵਾ ਸਪੀਕਰ ਸਾਹਿਬ, ਜਿਹੜਾ ਸੈਂਟਰਲ ਸਰਕਾਰ ਵੱਲੋਂ ਬੋਨਸ ਦਿੱਤਾ ਗਿਆ ਸੀ, ਉਹ ਕਿਸਾਨਾਂ ਨੂੰ ਮਿਲ ਚੁੱਕਿਆ ਹੈ ਪਰ ਜਿਹੜਾ 30 ਰੁਪਏ ਬੋਨਸ ਦੇਣ ਦਾ ਪੰਜਾਬ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਸੀ, ਉਹ ਅਜੇ ਤੱਕ ਵੀ ਕਿਸਾਨਾਂ ਨੂੰ ਨਹੀਂ ਮਿਲ ਸਕਿਆ। ਬਜਟ ਦੇ ਵਿੱਚ ਇਹ ਵਾਅਦਾ ਕੀਤਾ ਗਿਆ ਹੈ ਕਿ ਅਗਲੀ ਫਸਲ ਆਉਣ ਤੋਂ ਪਹਿਲਾਂ ਇਹ ਬੋਨਸ ਦੀ ਅਦਾਇਗੀ ਕਰ ਦਿੱਤੀ ਜਾਵੇਗੀ ਪਰ ਅੱਜ ਕੇਵਲ 15 ਦਿਨ ਰਹਿ ਗਏ ਹਨ ਅਤੇ ਅਗਲੀ ਹਾੜ੍ਹੀ ਦੀ ਫਸਲ ਆਉਣ ਵਾਲੀ ਹੈ ਪਰ ਉਸ ਬਾਰੇ ਇਨ੍ਹਾਂ ਨੇ ਕੋਈ ਸਪਸ਼ਟ ਜਵਾਬ ਨਹੀਂ ਦਿੱਤਾ ਅਤੇ ਕਹਿ ਕੇ ਟਾਲ ਦਿੱਤਾ ਹੈ ਕਿ ਹਾੜ੍ਹੀ ਦੀ ਫਸਲ ਤੋਂ ਪਹਿਲਾਂ ਇਹ ਬੋਨਸ ਦੇ ਦਿੱਤਾ ਜਾਵੇਗਾ। ਪਰ ਸਾਨੂੰ ਕੋਈ ਆਸ ਨਹੀਂ ਕਿ ਇਸ ਸਾਲ ਵੀ ਇਹ ਕਿਸਾਨਾਂ ਨੂੰ ਬੋਨਸ ਦੇ ਦੇਣਗੇ।

ਇਸ ਤੋਂ ਅੱਗੇ, ਬਿਜਲੀ ਦੇ ਬਿਲਾਂ ਬਾਰੇ ਇਹ ਕਹਿ ਕੇ ਬਿਲ ਲਾਏ ਗਏ ਹਨ ਕਿ ਜਿਹੜਾ ਵਰਲਡ ਬੈਂਕ ਹੈ, ਜੇਕਰ ਉਸ ਤੋਂ ਹੋਰ ਸਹਾਇਤਾ ਪ੍ਰਾਪਤ ਕਰਨੀ ਹੈ ਤਾਂ ਉਸ ਵਾਸਤੇ ਸਾਨੂੰ ਸਖਤ ਫੈਸਲੇ ਕਰਨੇ ਪੈਣੇ ਹਨ। ਅੱਜ ਤੱਕ ਕੋਈ ਵੀ ਵਰਲਡ ਬੈਂਕ ਤੋਂ ਪੈਸਾ ਪ੍ਰਾਪਤ ਨਹੀਂ ਹੋ ਸਕਿਆ। ਜਿਹੜਾ ਇੰਟਰਨੈਸ਼ਨਲ ਫਾਇਨੈਂਸ਼ੀਅਲ ਕੰਸੋਰਟੀਅਮ ਦੇ 5,000 ਕਰੋੜ ਰੁਪਏ ਦੀ ਗੱਲ ਕੀਤੀ ਗਈ ਸੀ, ਕਿ ਉਹ ਪੈਸਾ ਮਨਜ਼ੂਰ ਹੋਇਆ ਹੈ ਜਾਂ ਨਹੀਂ? ਜੇਕਰ ਮਨਜ਼ੂਰ ਹੋਇਆ ਹੈ ਤਾਂ ਉਹ ਪੈਸਾ ਕਿੱਥੇ ਹੈ? ਜੇਕਰ ਉਹ ਪੈਸਾ ਨਹੀਂ ਆਇਆ ਤਾਂ ਫਿਰ ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਨੂੰ ਇਹ ਭੰਬਲਭੂਸੇ ਵਿੱਚ ਕਿਉਂ ਪਾਇਆ ਗਿਆ ਹੈ?

ਸਪੀਕਰ ਸਾਹਿਬ, ਸਿੰਜਾਈ ਵਿਭਾਗ ਪੰਜਾਬ ਦੇ ਕਿਸਾਨਾਂ ਦੇ ਨਾਲ ਸਬੰਧਤ ਬਹੁਤ ਅਹਿਮ ਵਿਭਾਗ ਹੈ। ਸਿੰਜਾਈ ਵਿਭਾਗ ਦੇ ਬਜਟ ਪਲਾਨ ਵਿੱਚ ਜਿਹੜੀ ਐਲੋਕੇਸ਼ਨ ਹੈ, ਉਹ ਤੁਸੀਂ 2001-2002 ਦੀ ਬਜਟ ਪਲਾਨ ਕੱਢ ਕੇ ਦੇਖ ਲਓ, ਉਹ ਬਜਟ ਪਲਾਨ ਦਾ 14.92% ਸੀ ਜਦੋਂ ਕਿ ਜਿਹੜਾ ਹੁਣ ਬਜਟ ਪਲਾਨ ਹੈ, ਇਸ ਵਾਸਤੇ ਇਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਪਰਮਿੰਦਰ ਸਿੰਘ ਢੀਂਡਸਾ]

10.38% ਐਲੋਕੇਸ਼ਨ ਕੀਤੀ ਹੈ। ਇਸ ਹਿਸਾਬ ਨਾਲ ਇਨ੍ਹਾਂ ਨੇ ਇਸ ਸਾਲ ਇਸ ਵਿੱਚ 4% ਦੀ ਕਟੌਤੀ ਕੀਤੀ ਹੈ। ਦੂਜੇ ਪਾਸੇ ਇਹ ਕਹਿੰਦੇ ਹਨ ਕਿ ਅਸੀਂ ਨਹਿਰਾਂ ਦੀ ਸਫ਼ਾਈ ਕਰਨੀ ਹੈ, ਖਾਲਿਆਂ ਦੀ ਮੁਰੰਮਤ ਕਰਨੀ ਹੈ। ਇਹ ਜਿਹੜੀ ਬਜਟ ਪਲਾਨ ਵਿੱਚ ਕਟੌਤੀ ਕੀਤੀ ਜਾ ਰਹੀ ਹੈ, ਇਸ ਨਾਲ ਜੋ ਤਜਵੀਜਾਂ ਰੱਖੀਆਂ ਗਈਆਂ ਹਨ, ਉਹ ਕਿਸ ਤਰ੍ਹਾਂ ਪੂਰੀਆਂ ਕਰਨਗੇ। ਇਸ ਬਾਰੇ ਵਿੱਤ ਮੰਤਰੀ ਸਾਹਿਬ ਨੂੰ ਏਥੇ ਸਪਸ਼ਟ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਜਿਹੜੇ ਫਰਟੇਲਾਈਜ਼ਰਜ਼ ਹਨ, ਉਨ੍ਹਾਂ ਤੇ ਜਿਹੜਾ ਸੇਲਜ਼ ਟੈਕਸ ਹੈ, ਉਹ ਮੁਆਫ ਕਰਨ ਦੀ ਗੱਲ ਕੀਤੀ ਗਈ ਹੈ ਪਰ ਇਕ ਹੋਰ ਜਿਹੜਾ ਨਾਲ ਜੁੜਵਾਂ ਮਸਲਾ ਹੈ, ਕੀੜੇ ਮਾਰ ਦਵਾਈਆਂ ਤੇ ਜਿਹੜਾ ਸਰਕਾਰ ਵੱਲੋਂ ਟੈਕਸ ਲਾਇਆ ਗਿਆ ਸੀ, ਉਸਦੇ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਜਿਹੜਾ ਪੈਸਟੀਸਾਈਡਜ਼ ਅਤੇ ਇਨਸੈਕਟੀਸਾਈਡਜ਼ ਤੇ ਟੈਕਸ ਲਾਇਆ ਗਿਆ ਹੈ, ਉਸ ਨੂੰ ਖਤਮ ਕੀਤਾ ਜਾਵੇ। ਕਿਸਾਨਾਂ ਨੂੰ ਅਸਲੀ ਰਾਹਤ ਤਾਂ ਹੀ ਮਿਲ ਸਕੇਗੀ। ਸਪੀਕਰ ਸਾਹਿਬ, ਇਸੇ ਤਰ੍ਹਾਂ ਮੈਂ ਇਕ ਹੋਰ ਚੀਜ਼ ਬਾਰੇ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਐਲ.ਏ.ਡੀ.ਟੀ. ਹੈ, ਇਹ ਜਿਹੜਾ 2% ਲਾਇਆ ਗਿਆ ਹੈ, ਕੀ ਇਹ ਫਰਟੇਲਾਈਜ਼ਰ ਤੇ ਲਾਇਆ ਜਾਵੇਗਾ ਜਾਂ ਨਹੀਂ? ਜੇਕਰ ਲਾਇਆ ਜਾਏਗਾ ਤਾਂ ਫਰਟੇਲਾਈਜ਼ਰ ਤੇ ਜਿਹੜਾ ਸੇਲ ਟੈਕਸ ਮੁਆਫ ਕੀਤਾ ਹੈ, ਉਸਦਾ ਕੋਈ ਮਤਲਬ ਨਹੀਂ ਰਹਿ ਜਾਵੇਗਾ ਅਤੇ ਕੀੜੇ ਮਾਰ ਦਵਾਈਆਂ ਤੇ ਟੈਕਸ 6.5% ਹੋ ਜਾਣ ਨਾਲ ਕਿਸਾਨਾਂ ਤੇ ਹੋਰ ਬੋਝ ਵੱਧ ਜਾਵੇਗਾ। ਜੇਕਰ ਇਨ੍ਹਾਂ ਚੀਜ਼ਾਂ ਤੇ ਧਿਆਨ ਮਾਰੀਏ ਤਾਂ ਸਾਫ ਪਤਾ ਚਲਦਾ ਹੈ ਕਿ ਕਿਸਾਨੀ ਵੱਲ ਇਸ ਸਰਕਾਰ ਦਾ ਕੋਈ ਧਿਆਨ ਨਹੀਂ ਹੈ ਅਤੇ ਕਿਸਾਨਾਂ ਨੂੰ ਦਬਾਉਣ ਲਈ ਬਜਟ ਵਿੱਚ ਤਜਵੀਜ਼ਾਂ ਰੱਖੀਆਂ ਗਈਆਂ ਹਨ।

ਬਜਟ ਵਿੱਚ ਐਗਰੀਕਲਚਰ ਅਤੇ ਅਲਾਈਡ ਸੈਕਟਰ ਵਾਸਤੇ ਜਿਹੜੀ ਐਲੋਕੇਸ਼ਨ 2001-2002 ਦੇ ਬਜਟ ਵਿੱਚ 5.29% ਸੀ, ਉਸ ਨੂੰ ਵੀ ਘਟਾ ਕੇ 4% ਕਰ ਦਿੱਤਾ ਗਿਆ ਹੈ। ਇਹ ਬਹੁਤ ਵੱਡੀ ਕਟੌਤੀ ਕੀਤੀ ਗਈ ਹੈ। ਜਿਹੜਾ ਐਗਰੀਕਲਚਰ ਦੇ ਸੈਕਟਰ ਵਿਚ ਘੱਟੋ ਘੱਟ 6-7 ਪ੍ਰਤੀਸ਼ਤ ਐਲੋਕੇਸ਼ਨ ਦਾ ਹਿੱਸਾ ਬਣਦਾ ਹੈ, ਉਹ ਜ਼ਰੂਰ ਮਿਲਣਾ ਚਾਹੀਦਾ ਹੈ।

ਇਕ ਸਰਕਾਰ ਦਾ ਬਹੁਤ ਵੱਡਾ ਫਰਜ਼ ਹੁੰਦਾ ਹੈ। ਉਹ ਫਰਜ਼ ਹੈ ਸੋਸ਼ਲ ਵੈਲਫੇਅਰ ਦਾ ਅਤੇ ਸੋਸ਼ਲ ਸਕਿਓਰਟੀ ਦਾ ਅਤੇ ਹੋਰ ਸਮਾਜਿਕ ਸੇਵਾਵਾਂ, ਸਿੱਖਿਆ, ਸਿਹਤ, ਪੈਨਸ਼ਨਾਂ, ਸੈਨੀਟੇਸ਼ਨ, ਵਾਟਰ-ਸਪਲਾਈ ਆਦਿ ਇਨ੍ਹਾਂ ਸਾਰਿਆਂ ਲਈ ਪੈਸੇ ਦੀ ਐਲੋਕੇਸ਼ਨ ਵਿਚ ਇਸ ਬਜਟ ਵਿਚ ਬੜੀਆਂ ਕਟੌਤੀਆਂ ਕੀਤੀਆਂ ਗਈਆਂ ਹਨ। ਸਮਾਜਿਕ ਸੇਵਾਵਾਂ ਦੀ ਗੱਲ ਕੀਤੀ ਗਈ ਹੈ। ਸਾਲ 2001-02 ਵਿਚ ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੱਲੋਂ ਬਜਟ ਪੇਸ਼ ਕੀਤਾ ਗਿਆ ਸੀ ਤਾਂ ਇਸ ਵਾਸਤੇ 34.73% ਐਲੋਕੇਸ਼ਨ ਕੀਤੀ ਗਈ ਸੀ। ਪਰ ਜਿਹੜਾ ਬਜਟ ਇਸ ਸਾਲ ਪੇਸ਼ ਕੀਤਾ ਗਿਆ ਹੈ, ਇਸ ਵਿਚ ਕੇਵਲ 27.64% ਐਲੋਕੇਸ਼ਨ ਕੀਤੀ ਗਈ ਹੈ। ਸਿੱਧੀ 7% ਦੀ ਕਟੌਤੀ ਕੀਤੀ ਗਈ ਹੈ ਇਸੇ ਤਰ੍ਹਾਂ ਜੇਕਰ ਪੂਰੇ ਧਿਆਨ ਨਾਲ ਵੇਖੀਏ ਤਾਂ ਸਿਹਤ ਲਈ ਸਾਲ 2001-02 ਪਲਾਨ ਵਿਚ 176 ਕਰੋੜ ਰੁਪਏ ਰੱਖੇ ਗਏ ਸਨ ਜਿਹੜੇ ਇਸ ਸਾਲ ਦੇ ਬਜਟ ਵਿਚ 104 ਕਰੋੜ ਰੁਪਏ ਕਰ ਦਿੱਤੇ ਗਏ ਹਨ। ਇਸ ਵਿਚ ਵੀ 70 ਕਰੋੜ ਰੁਪਏ ਦੀ ਕਟੌਤੀ ਲਗਾ ਦਿੱਤੀ ਗਈ ਹੈ। ਅੱਜ ਲੱਖਾਂ ਲੋਕਾਂ

Original with;
Punjab Vidhan Sabha
Digitized by:

ਨੂੰ ਸਿਹਤ ਸੇਵਾਵਾਂ ਖਾਸ ਕਰਕੇ ਗਰੀਬਾਂ ਨੂੰ ਪ੍ਰਾਈਵੇਟ ਤੌਰ ਤੇ ਸਿਹਤ ਸੇਵਾਵਾਂ ਬੜੀਆਂ ਹੀ ਮਹਿੰਗੀਆਂ ਮਿਲਦੀਆਂ ਹਨ ਅਤੇ ਉਹ ਲੋਕ ਇਨ੍ਹਾਂ ਸੇਵਾਵਾਂ ਨੂੰ ਅਫੋਰਡ ਨਹੀਂ ਕਰ ਸਕਦੇ। ਜੇਕਰ ਸਰਕਾਰ ਇਸ ਤਰ੍ਹਾਂ ਕਟੌਤੀ ਹੀ ਲਗਾਈ ਗਈ ਤਾਂ ਫਿਰ ਇਕ ਆਮ ਆਦਮੀ ਨੂੰ ਸਿਹਤ ਸੇਵਾਵਾਂ ਕਿਸ ਤਰ੍ਹਾਂ ਮੁਹੱਈਆ ਹੋ ਸਕਦੀਆਂ ਹਨ। ਇਸੇ ਤਰ੍ਹਾਂ ਸਰਕਾਰ ਵੱਲੋਂ ਸਿੱਖਿਆ ਦੇ ਬਜਟ ਵਿਚ ਕਟੌਤੀ ਕੀਤੀ ਗਈ ਹੈ। ਸਾਲ 2001-02 ਵਿਚ 292.4 ਕਰੋੜ ਰੁਪਏ ਰੱਖੇ ਗਏ ਸਨ ਜਦੋਂ ਕਿ ਇਸ ਵਾਰੀ ਘਟਾ ਕੇ 177 ਕਰੋੜ ਰੁਪਏ ਕਰ ਦਿੱਤੇ ਗਏ ਹਨ। ਜੇਕਰ ਸਰਕਾਰ ਇਸੇ ਤਰ੍ਹਾਂ ਹੀ ਵੱਡੀ ਪੱਧਰ ਤੇ ਕਟੌਤੀਆਂ ਕਰਦੀ ਰਹੀ ਤਾਂ ਫਿਰ ਲੋਕਾਂ ਨੂੰ ਸਰਕਾਰ ਦਾ ਕੀ ਫਾਇਦਾ ਹੋਵੇਗਾ ਅਤੇ ਸਰਕਾਰ ਦਾ ਜੋ ਮਕਸਦ ਹੁੰਦਾ ਹੈ, ਉਸ ਵਿਚ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਹੋ ਜਾਵੇਗੀ। ਇਸ ਤੋਂ ਇਲਾਵਾ 1 ਲੱਖ 14 ਹਜ਼ਾਰ ਪੈਨਸ਼ਨਾਂ ਦੀ ਕਟੌਤੀ ਕੀਤੀ ਗਈ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਦੇ ਵਿਚ ਜਿਹੜੀਆਂ ਪੈਨਸ਼ਨਾਂ ਦੇ ਕੇਸ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਨਾਲ ਸਬੰਧਤ ਸਨ, ਉਨ੍ਹਾਂ ਦੀ ਖਾਸ ਕਰਕੇ ਕਟੌਤੀ ਕੀਤੀ ਗਈ ਹੈ। ਇਹੋ ਜਿਹੀਆਂ ਉਦਾਹਰਨਾਂ ਹਨ ਕਿ ਜਿਨ੍ਹਾਂ ਕੋਲ ਜ਼ਮੀਨਾਂ ਹਨ ਉਨ੍ਹਾਂ ਨੂੰ ਪੈਨਸ਼ਨਾਂ ਅੱਜ ਵੀ ਲੱਗੀਆਂ ਹੋਈਆਂ ਹਨ ਪ੍ਰੰਤੂ ਜਿਨ੍ਹਾਂ ਕੋਲ ਇਕ ਖੁੱਡ ਵੀ ਨਹੀਂ, ਉਨ੍ਹਾਂ ਦੀਆਂ ਪੈਨਸ਼ਨਾਂ ਕੱਟ ਦਿੱਤੀਆਂ ਗਈਆਂ ਹਨ। ਇਸ ਬਾਰੇ ਸਰਕਾਰ ਨੂੰ ਜਵਾਬ ਦੇਣਾ ਪਵੇਗਾ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਹਾਇਰ ਐਜੂਕੇਸ਼ਨ.....

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਬੜੇ ਅਫਸੋਸ ਦੀ ਗੱਲ ਹੈ ਕਿ ਬਜਟ ਉਤੇ ਬੜੀ ਅਹਿਮ ਡਿਬੇਟ ਹੋ ਰਹੀ ਹੈ ਪ੍ਰੰਤੂ ਕੋਈ ਵੀ ਕੈਬਨਿਟ ਮਨਿਸਟਰ ਹਾਊਸ ਵਿਚ ਹਾਜ਼ਰ ਨਹੀਂ ਹੈ।

**ਮਾਨਯੋਗ ਸਪੀਕਰ** : ਸੇਖੜੀ ਸਾਹਿਬ ਬੈਠੇ ਹਨ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਇਸ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਦੀ ਬਜਟ ਵਿਚ ਕਿਤਨੀ ਦਿਲਚਸਪੀ ਹੈ।

**ਮਾਨਯੋਗ ਸਪੀਕਰ** : ਮੈਂ ਕੈਬਨਿਟ ਮੰਤਰੀ ਨੂੰ ਬੁਲਵਾ ਲੈਂਦਾ ਹਾਂ। I agree with you.

**ਸੈਰ ਸਪਾਟਾ, ਕਿਰਤ ਤੇ ਰੁਜ਼ਗਾਰ ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਸਾਰੇ ਪੁਆਇੰਟ ਨੋਟ ਕਰ ਰਿਹਾ ਹਾਂ ਜੀ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸਪੀਕਰ ਸਾਹਿਬ, ਹਾਇਰ ਐਜੂਕੇਸ਼ਨ ਵਾਸਤੇ ਕੇਵਲ 6 ਕਰੋੜ ਰੁਪਏ ਹੀ ਰੱਖੇ ਗਏ ਹਨ। ਅੱਜ ਜੇਕਰ ਆਪਾਂ ਕਾਲਜਾਂ ਵਿਚ ਜਾ ਕੇ ਵੇਖੀਏ ਤਾਂ ਇਨਫਰਾਸਟਰਕਚਰ ਦੀ ਕਮੀ ਨਜ਼ਰ ਆਉਂਦੀ ਹੈ, ਬਿਲਡਿੰਗਾਂ ਨਹੀਂ ਹਨ, ਲਿਬਾਰਟਰੀਆਂ ਨਹੀਂ ਹਨ ਅਤੇ ਇਨ੍ਹਾਂ ਸਭ ਦੇ ਲਈ ਕੇਵਲ 6 ਕਰੋੜ ਰੁਪਏ ਹੀ ਰੱਖੇ ਗਏ ਹਨ। ਇਸ ਦਾ ਵੀ ਪਤਾ ਨਹੀਂ ਕਿ ਕਢਾ ਕੇ ਪੂਰਾ ਦਿੱਤਾ ਜਾਵੇਗਾ ਜਾਂ ਨਹੀਂ ਕਿਉਂਜੋ ਪਿਛਲੇ ਸਾਲ ਇਸ ਦੀ ਬਜਟ ਐਲੋਕੇਸ਼ਨ ਵਿਚੋਂ ਬੜਾ ਥੋੜ੍ਹਾ ਜਿਹਾ ਪੈਸਾ ਹੀ ਕਢਵਾਇਆ ਗਿਆ ਸੀ। ਬਾਕੀ ਦਾ ਸਾਰਾ ਹੀ ਲੈਪਸ ਹੋ ਗਿਆ ਸੀ। ਯੁਵਕ ਸੇਵਾਵਾਂ ਅਤੇ ਖੇਡਾਂ ਇਕ ਬਹੁਤ ਮਹੱਤਵਪੂਰਨ ਵਿਭਾਗ ਹੈ ਪ੍ਰੰਤੂ ਇਸ ਦੇ ਬਾਰੇ ਬਜਟ ਵਿਚ ਕੋਈ ਵੀ ਗੱਲ ਨਹੀਂ ਕੀਤੀ ਗਈ। ਅੱਜ ਖੇਡਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਪਰਮਿੰਦਰ ਸਿੰਘ ਢੀਂਡਸਾ]

ਦਾ ਕੋਈ ਇਨਫਰਾਸਟਰਕਚਰ ਨਹੀਂ ਹੈ। ਜੇਕਰ ਅਸੀਂ ਦੇਖੀਏ ਤਾਂ ਜਿਹੜੇ ਸਟੇਡੀਅਮ ਹਨ ਜਾਂ ਹੋਰ ਖੇਡਾਂ ਨਾਲ ਸਬੰਧਤ ਅਦਾਰੇ ਹਨ, ਉਨ੍ਹਾਂ ਦਾ ਬਹੁਤ ਬੁਰਾ ਹਾਲ ਹੈ। ਇਸ ਬਜਟ ਵਿਚ ਇਸ ਦੇ ਇਨਫ਼ਰਾਸਟਰਕਚਰ ਵਾਸਤੇ ਇਕ ਵੀ ਪੈਸਾ ਨਹੀਂ ਰੱਖਿਆ ਗਿਆ। ਅੱਜ ਪੰਜਾਬ ਦੀ ਖੇਡਾਂ ਵਿਚ ਪਰਫਾਰਮੈਂਸ ਦਿਨ-ਬਦਿਨ ਥੱਲੇ ਵੱਲ ਜਾ ਰਹੀ ਹੈ। ਜੇ ਆਪਾਂ ਖਿਡਾਰੀਆਂ ਨੂੰ ਚੰਗਾ ਇਨਫਰਾਸਟਰਕਚਰ ਨਹੀਂ ਦੇਵਾਂਗੇ, ਚੰਗੀਆਂ ਸਹੂਲਤਾਂ ਨਹੀਂ ਦੇਵਾਂਗੇ ਤਾਂ ਉਹ ਕਿਵੇਂ ਪ੍ਰਫਾਰਮੈਂਸ ਦੇ ਸਕਦੇ ਹਨ ਅਤੇ ਸਰਕਾਰ ਦੀ ਇਸ ਸਬੰਧੀ ਚੁੱਪ ਤੋਂ ਸਾਫ ਪਤਾ ਲੱਗਦਾ ਹੈ ਕਿ ਇਸ ਪਾਸੇ ਸਰਕਾਰ ਦਾ ਕੋਈ ਧਿਆਨ ਨਹੀਂ ਹੈ ਅਤੇ ਨਾ ਹੀ ਯੋਗ ਸਾਧਨ ਦੇਣ ਵੱਲ ਕੋਈ ਧਿਆਨ ਹੈ।

ਇਸ ਤੋਂ ਅੱਗੇ ਮੈਡੀਕਲ ਅਤੇ ਟੈਕਨੀਕਲ ਇੰਸਟੀਚਿਊਟਸ ਜਿਹੜੇ ਹਨ, ਉਨ੍ਹਾਂ ਦੀਆਂ ਫੀਸਾਂ ਵਧਾਉਣ ਦੀ ਗੱਲ ਕੀਤੀ ਜਾ ਰਹੀ ਹੈ। ਫਿਰ ਤਾਂ ਮੈਡੀਕਲ ਅਤੇ ਟੈਕਨੀਕਲ ਕਾਲਜ ਕੇਵਲ ਅਮੀਰਾਂ ਵਾਸਤੇ ਹੀ ਰਹਿ ਜਾਣਗੇ ਕਿਉਂਕਿ ਜਿਹੜੇ ਪ੍ਰਾਈਵੇਟ ਇੰਸਟੀਚਿਊਟਸ ਹਨ, ਉਨ੍ਹਾਂ ਵਿੱਚ ਉਹੀ ਬੱਚੇ ਐਡਮਿਸ਼ਨ ਲੈ ਸਕਦੇ ਹਨ ਜਿਹੜੇ ਵੈਲ ਆਫ ਫੈਮਲੀਜ਼ ਤੋਂ ਹਨ ਅਤੇ ਡੁਨੇਸ਼ਨਜ਼ ਦੇ ਸਕਦੇ ਹਨ। ਜੇ ਸਰਕਾਰੀ ਇੰਸਟੀਚਿਊਟਸ ਵੀ ਫੀਸਾਂ ਵਧਾ ਦੇਣਗੇ ਤਾਂ ਗਰੀਬ ਪ੍ਰਵਾਰਾਂ ਦੇ ਬੱਚੇ ਟੈਕਨੀਕਲ ਅਤੇ ਮੈਡੀਕਲ ਐਜੂਕੇਸ਼ਨ ਪ੍ਰਾਪਤ ਨਹੀਂ ਕਰ ਸਕਣਗੇ। ਇਸ ਲਈ, ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਬੇਨਤੀ ਹੈ ਕਿ ਇਨ੍ਹਾਂ ਫੀਸਾਂ ਵਿੱਚ ਵਾਧਾ ਨਾ ਕੀਤਾ ਜਾਵੇ।

ਇਸ ਤੋਂ ਇਲਾਵਾ ਇੰਡਸਟਰੀ ਪਾਲਿਸੀ ਜਿਹੜੀ ਲਿਆਂਦੀ ਗਈ ਹੈ, ਉਸਦੇ ਵਿੱਚ ਬਾਰਡਰ ਜ਼ਿਲ੍ਹਿਆਂ ਵਿੱਚ ਕੈਪੀਟਲ ਸਬਸਿਡੀ ਦੇਣ ਦੀ ਸਕੀਮ ਕੱਢੀ ਗਈ ਹੈ। ਮੇਰੀ ਬੇਨਤੀ ਹੈ ਕਿ ਜਿਹੜੇ ਹੋਰ ਬੈਕਵਰਡ ਏਰੀਆਜ਼, ਡਿਸਟ੍ਰਿਕਟ ਹਨ ਜਿਵੇਂ ਸਾਡਾ ਏਰੀਆ ਸੁਨਾਮ, ਸੰਗਰੂਰ ਅਤੇ ਬਠਿੰਡਾ ਜ਼ਿਲ੍ਹੇ ਦਾ ਹੈ ਅਤੇ ਉਥੇ ਇੰਡਸਟਰੀ ਦੀ ਬਹੁਤ ਕਮੀ ਹੈ, ਉਥੇ ਵੀ ਇੰਡਸਟਰੀ ਲਗਾਉਣ ਲਈ ਲੋਕਾਂ ਨੂੰ ਸਬਸਿਡੀ ਮਿਲਣੀ ਚਾਹੀਦੀ ਹੈ। ਇਸ ਦੇ ਨਾਲ ਉਸ ਏਰੀਏ ਦੇ ਲੋਕਾਂ ਨੂੰ ਰੋਜ਼ਗਾਰ ਵੀ ਮਿਲੇਗਾ। ਇਸ ਤੋਂ ਇਲਾਵਾ ਜਿਹੜੀ ਓ.ਟੀ. ਸਕੀਮ ਹੈ, ਇਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਸਕੀਮ ਦੇ ਰਾਹੀਂ ਸਰਕਾਰ ਕੀ ਕਰਨਾ ਚਾਹੁੰਦੀ ਹੈ। ਇਕ ਪਾਸੇ ਤਾਂ ਉਹ ਲੋਕ ਹਨ ਜਿਹੜੇ ਟਾਈਮ ਤੇ ਪੈਸੇ ਦੀ ਅਦਾਇਗੀ ਕਰਦੇ ਹਨ ਅਤੇ ਦੂਜੇ ਪਾਸੇ ਉਹ ਲੋਕ ਹਨ ਜਿਹੜੇ ਪੈਸੇ ਦੀ ਅਦਾਇਗੀ ਨਹੀਂ ਕਰਦੇ ਅਤੇ ਸਰਕਾਰ ਵੱਲੋਂ ਜਿਹੜਾ ਪੈਸਾ ਮਿਲਦਾ ਹੈ, ਉਸ ਨੂੰ ਆਪਣੇ ਯੂਨਿਟਾਂ ਵਿਚੋਂ ਕਢਵਾ ਕੇ ਆਪਣੇ ਨਿੱਜੀ ਕੰਮਾਂ ਲਈ ਵਰਤਦੇ ਹਨ ਅਤੇ ਫਾਇਦਾ ਲੈ ਕੇ ਵਾਪਸ ਜਮ੍ਹਾਂ ਕਰਵਾ ਦਿੰਦੇ ਹਨ। ਇਸ ਦੇ ਨਾਲ ਜਿਹੜੇ ਸਹੀ ਲੋਕ ਹਨ ਅਤੇ ਟਾਈਮ ਸਿਰ ਪੈਸੇ ਦੀ ਅਦਾਇਗੀ ਕਰਦੇ ਹਨ, ਉਨ੍ਹਾਂ ਦਾ ਬਹੁਤ ਨੁਕਸਾਨ ਹੈ। ਇਸ ਲਈ ਇਸ ਸਕੀਮ ਨੂੰ ਲਾਗੂ ਨਹੀਂ ਕਰਨਾ ਚਾਹੀਦਾ ਕਿਉਂਕਿ ਇਸ ਦੇ ਨਾਲ ਅੱਗੇ ਨੂੰ ਜਿਹੜੇ ਲੋਕਾਂ ਨੂੰ ਲੋਨ ਦਿਆਂਗੇ, ਉਹ ਟਾਈਮ ਸਿਰ ਪੈਸੇ ਭਰਨ ਵੱਲ ਧਿਆਨ ਨਹੀਂ ਦੇਣਗੇ। ਇਸ ਲਈ ਇਹ ਓ.ਟੀ. ਸਕੀਮ ਬੰਦ ਕਰਕੇ ਇਸ ਨੂੰ ਲਾਗੂ ਨਹੀਂ ਕਰਨਾ ਚਾਹੀਦਾ।

ਇਸ ਤੋਂ ਅੱਗੇ ਡਿਸਇਨਵੈਸਟਮੈਂਟ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਬਾਰੇ ਪੰਜਾਬ ਸਰਕਾਰ ਕੋਈ ਹੋਰ ਗੱਲ ਕਹਿੰਦੀ ਹੈ ਅਤੇ ਸੈਂਟਰ ਦੀ ਕਾਂਗਰਸ ਪਾਰਟੀ ਦਾ ਕੁਝ ਹੋਰ

Original with;
Punjab Vidhan Sabha
Digitized by;

ਕਹਿਣਾ ਹੈ। ਇਹ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਸੈਂਟਰ ਦੀ ਕਾਂਗਰਸ ਦਾ ਕਹਿਣਾ ਹੈ ਕਿ ਜਿਹੜੇ ਖਾਸ ਕਰਕੇ ਪ੍ਰਾਫਿਟ ਮੇਕਿੰਗ ਯੂਨਿਟਸ ਹਨ, ਉਨ੍ਹਾਂ ਨੂੰ ਬੰਦ ਨਹੀਂ ਕਰਾਂਗੇ ਪਰ ਪੰਜਾਬ ਵਿੱਚ ਪ੍ਰਾਫਿਟ ਮੇਕਿੰਗ ਯੂਨਿਟਸ ਨੂੰ ਬੰਦ ਕੀਤਾ ਜਾ ਰਿਹਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਪੰਜਾਬ ਵਿਚ ਇਸ ਦਾ ਮਾਡਲ ਤਿਆਰ ਕਰਕੇ ਇਸ ਸਬੰਧੀ ਇਕ ਕਮੇਟੀ ਬਣਾਈ ਜਾਵੇ ਅਤੇ ਡਿਸਇਨਵੈਸਟਮੈਂਟ ਦਾ ਸਿਸਟਮ ਕੀ ਹੈ, ਇਸ ਦੇ ਬਾਰੇ ਵੀ ਹਾਊਸ ਨੂੰ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਜਿਹੜਾ ਬਜਟ ਪ੍ਰੋਪੋਜ਼ਲਜ਼ ਵਿੱਚ 2% ਐਲ.ਏ.ਡੀ.ਟੀ. ਲਗਾਇਆ ਗਿਆ ਹੈ, ਇਸ ਦਾ ਵੀ ਮੈਂ ਵਿਰੋਧ ਕਰਨਾ ਚਾਹੁੰਦਾ ਹਾਂ ਕਿਉਂਕਿ ਪਹਿਲਾਂ ਜਿਹੜਾ ਮਿਊਂਸਪਲ ਟੈਕਸ ਸੀ, ਉਹ ਸਿਰਫ ਸ਼ਹਿਰਾਂ ਵਿੱਚ ਹੀ ਲੱਗਦਾ ਸੀ ਜਦੋਂ ਕਿ ਇਹ ਐਲ.ਏ.ਡੀ.ਟੀ. ਹੁਣ ਪੂਰੇ ਪੰਜਾਬ ਤੇ ਲਗਾ ਦਿੱਤਾ ਗਿਆ ਹੈ। ਹੋ ਸਕਦਾ ਹੈ ਕਿ ਸ਼ਹਿਰ ਵਾਲਿਆਂ ਨੂੰ ਕੁਝ ਰਾਹਤ ਮਿਲੇ ਪਰ ਪਿੰਡਾਂ ਦੇ ਲੋਕਾਂ, ਜਿਹੜੇ ਕਿ ਖਾਸ ਕਰਕੇ ਗਰੀਬ ਹੁੰਦੇ ਹਨ, ਉਨ੍ਹਾਂ ਤੇ ਇਸ ਦਾ ਜ਼ਿਆਦਾ ਬੋਝ ਪਾਇਆ ਜਾ ਰਿਹਾ ਹੈ। ਇਸ 2% ਤੇ ਟੈਕਸ ਦੇ ਨਾਲ ਪਿੰਡਾਂ ਦੀ ਅਰਥ-ਵਿਵਸਥਾ ਵਿਗੜੇਗੀ। ਇਸ ਲਈ ਇਹ ਬੰਦ ਕਰਨਾ ਚਾਹੀਦਾ ਹੈ ਅਤੇ ਲਾਗੂ ਨਹੀਂ ਹੋਣਾ ਚਾਹੀਦਾ। ਇਸੇ ਤਰ੍ਹਾਂ ਇਨ੍ਹਾਂ ਨੇ ਟੈਲੀਫੂਨਜ਼ ਤੇ 12.5% ਟੈਕਸ ਲਗਾਉਣ ਦਾ ਫੈਸਲਾ ਕੀਤਾ ਹੈ। ਇਹ ਇੱਕ ਬਹੁਤ ਵੱਡਾ ਪ੍ਰਾਸੈਸ ਹੈ। 12.5% ਦਾ ਫੋਨ ਦੇ ਬਿਲਾਂ ਵਿੱਚ ਵਾਧਾ ਇੱਕ ਭਾਰੀ ਵਾਧਾ ਹੈ। ਇਹ ਲੋਕ ਭਰਨ ਤੋਂ ਅਸਮਰੱਥ ਹਨ। ਮੈਂ ਸਮਝਦਾ ਹਾਂ ਕਿ ਇਸ ਨਾਲ ਆਮ ਨਾਗਰਿਕ ਤੇ ਬਹੁਤ ਵੱਡਾ ਬੋਝ ਪਵੇਗਾ। ਮੈਂ ਸਮਝਦਾ ਹਾਂ ਕਿ ਟੈਕਸ ਐਗਜ਼ੈਂਪਸ਼ਨ ਵਧਾਕੇ ਕੀੜੇਮਾਰ ਦਵਾਈਆਂ ਤੇ ਹੋਰ ਪੈਸਟੇਸਾਈਡਜ਼ ਤੇ ਲਾਗੂ ਹੋਣੀ ਚਾਹੀਦੀ ਹੈ। ਅੰਤ ਵਿੱਚ ਮੈਂ ਕਹਾਂਗਾ ਕਿ ਇਹ ਜੋ ਬਜਟ ਪੇਸ਼ ਕੀਤਾ ਗਿਆ ਹੈ, ਇਸ ਦੀ ਕੋਈ ਦਿਸ਼ਾ ਨਹੀਂ, ਇਹ ਲੋਕ ਮਾਰੂ ਹੈ, ਕਿਸਾਨ ਮਾਰੂ ਹੈ। ਅਸੀਂ ਇਸ ਦਾ ਹਰ ਤਰਫ ਤੋਂ ਵਿਰੋਧ ਕਰਦੇ ਹਾਂ। ਸਪੀਕਰ ਸਾਹਿਬ, ਅੰਤ ਵਿੱਚ ਮੈਂ ਤੁਹਾਡਾ ਇਨ੍ਹਾਂ ਸ਼ਬਦਾਂ ਨਾਲ ਧੰਨਵਾਦ ਕਰਦਾ ਹਾਂ। (ਥੰਪਿੰਗ)

**Mr. Speaker :** Smt. Gurkanwal Kaur, you may take part in discussion.

**Shrimati Gurkanwal Kaur (Jalandhar Cantt.) :** Hon'ble Speaker Sir, with your permission I would like to submit the following points :—

The fiscal management is the most primary duty of any Government mechanics of a good budget is that it has to be people friendly and progressive. It is a true statement by the Government on the Floor of the House of receipts and liabilities with no place for figure jugglery. It should be made mandatory that the Government before going to polls must publish a white paper giving the actualities of financial health of the State. This white paper becomes a relevant document for debate during the polls and after. Secondly, provisioning and release amount should be the same so that planning and execution are done properly. Unfortunately, neither of the two things mentioned above, were done by the previous government. The budget presented

Original with;
Punjab Vidhan Sabha
Digitized by;

[Shrimati Gurkanwal Kaur]

by, Sardar Lal Singh, Finance Minister, Punjab, for the year 2003-04 speaks tons of being people friendly and reflects simplification of fiscal management by taking corrective measures, boosting of quality expenditure, specific issues related with agricultural, industrial, power, education, health services and other allied sectors besides upliftment of S.C./B.C. and weaker sections of society.

Government must be commended for establishing democratic institutions at the grass root level and then giving them a pivotal role in the financial management of the State. Planning Board at the State and district levels have been restructured with experts and specialisation their panels.

**Mr. Speaker :** Mrs. Gurkanwal Kaur, are you reading or taking help from notes ?

**Shrimati Gurkanwal Kaur :** Mr. Speaker, Sir, from notes. Sir, Agriculture sector has come under scanning with suggestive diversification of crops, which has become essential keeping the underground water table to the close proximity. The departments of soil and water conservation has been strengthened to play a vital role through land development and management, relating to soil and water conservation.

Adequate allocations have been made for forest, animal husbandry, co-operation, industry, irrigation, public health, education, rural development, power and State infrastructure.

Various schemes for the welfare of S.C. and B.C. have been introduced. These may not be adequate and more needs to be done for S.C./B.C. minorities. Government has shown concern for the cause of providing social security to children, widows, disabled and senior citizens. Pension amount could be enhanced so that needy and helpless do not feel the pinch of neglect. Government must be appreciated by one and all for raising the cash incentive of bravery awards for defence personnel.

Respected Mr. Speaker, Sir, let me put on record on the Floor of this august House that a sincere effort has been made to contain the falling financial health of the State, adequate measures have been taken in strengthening the fiscal management which would bring the state out of the red and the government delivers as per the promises made to the people. I would like to read a ਸ਼ੇਅਰ—

ਹਮ ਭੀ ਦਰਿਆ ਹੈਂ, ਹਮੇਂ ਆਪਣਾ ਹੁਨਰ ਮਾਲੂਮ ਹੈ,
ਜਿਧਰ ਭੀ ਚਲ ਪੜ੍ਹੇਂਗੇ, ਰਾਸਤਾ ਹੋ ਜਾਏਗਾ।

ਧੰਨਵਾਦ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁੱਚਾ ਸਿੰਘ ਛੋਟੇਪੁਰ (ਧਾਰੀਵਾਲ)** : ਸਤਿਕਾਰਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸਾਂ ਜੋ ਇੰਡੀਪੈਂਡੈਂਟਸ ਨੂੰ ਇਸ ਬਜਟ ਤੇ, ਜੋ ਸਰਦਾਰ ਲਾਲ ਸਿੰਘ ਹੁਰਾਂ ਨੇ 24 ਤਰੀਕ ਨੂੰ ਇਸ ਹਾਊਸ ਵਿੱਚ ਪੇਸ਼ ਕੀਤਾ ਹੈ, ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਸ ਦੇ ਲਈ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਬਜਟ ਵਿੱਚ ਰਲਵੀਆਂ ਮਿਲਵੀਆਂ ਘਟਨਾਵਾਂ ਦੇਖਣ ਨੂੰ ਮਿਲੀਆਂ ਹਨ। ਜਿਹੜੀਆਂ ਗੱਲਾਂ ਬਜਟ ਵਿੱਚ ਲੋਕ ਪੱਖੀ ਹਨ, ਮੈਂ ਉਨ੍ਹਾਂ ਦੀ ਜ਼ਰੂਰ ਪ੍ਰਸ਼ੰਸਾ ਕਰਾਂਗਾ ਔਰ ਜਿਹੜੀਆਂ ਕੋਈ ਖਾਮੀਆਂ ਹਨ, ਉਨ੍ਹਾਂ ਦਾ ਜ਼ਿਕਰ ਕਰਨਾ ਵੀ ਮੈਂ ਜ਼ਰੂਰੀ ਸਮਝਦਾ ਹਾਂ। ਬਜਟ ਪੇਸ਼ ਕਰਨ ਵਾਲਿਆਂ ਵਾਸਤੇ, ਉਸ ਪਾਰਟੀ ਵਾਸਤੇ ਬਜਟ ਦੇ ਪੱਖ ਵਿੱਚ ਬੋਲਣਾ ਬਹੁਤ ਸੌਖਾ ਹੈ ਕਿਉਂਕਿ ਉਨ੍ਹਾਂ ਦਾ ਆਪਣਾ ਤਿਆਰ ਕੀਤਾ ਹੋਇਆ ਬਜਟ ਹੁੰਦਾ ਹੈ। ਹਾਊਸ ਵਿੱਚ ਇਸ ਤਰ੍ਹਾਂ ਦੀ ਰਵਾਇਤ ਬਣ ਗਈ ਹੈ ਕਿ ਜਿਹੜੇ ਵਿਰੋਧੀ ਬੈਂਚਾਂ ਤੇ ਬੈਠੇ ਹੋਏ ਵੀਰ ਹੁੰਦੇ ਹਨ, ਉਨ੍ਹਾਂ ਦੇ ਵਾਸਤੇ ਕ੍ਰਿਟੀਸਿਜ਼ਮ ਕਰਨਾ ਬਹੁਤ ਸੌਖਾ ਹੁੰਦਾ ਹੈ। ਕੋਈ ਚੰਗੀ ਗੱਲ ਵੀ ਹੋਵੇ, ਉਸ ਦੀ ਵੀ ਪ੍ਰਸ਼ੰਸਾ ਨਹੀਂ ਕਰਨੀ, ਉਸ ਦੇ ਵੀ ਵਿਰੁੱਧ ਬੋਲਣਾ ਹੈ। ਦੋਹਾਂ ਦਾ ਸਰ ਜਾਂਦਾ ਹੈ। ਇੱਕ ਨੇ ਪੱਖ ਵਿੱਚ ਬੋਲਣਾ ਹੁੰਦਾ ਹੈ, ਦੂਜੇ ਨੇ ਸੌਂਹ ਖਾਧੀ ਹੁੰਦੀ ਹੈ ਕਿ ਉਸ ਦੇ ਵਿਰੁੱਧ ਹੀ ਬੋਲਣਾ ਹੈ। ਜੋ ਮੈਂ ਪਿਛਲੇ ਸਾਲ ਤੋਂ ਗਵਰਨਰ ਐਡਰੈਸ ਅਤੇ ਬਜਟ ਬਾਰੇ ਸੁਣਦਾ ਆ ਰਿਹਾ ਹਾਂ, ਇਹ ਬੜੀ ਮਾੜੀ ਪਰੰਪਰਾ ਹੈ। ਸਾਨੂੰ ਲੋਕ ਇਲੈਕਟ ਕਰਕੇ ਇਸ ਲਈ ਭੇਜਦੇ ਹਨ ਕਿ ਅਸੀਂ ਇਥੇ ਆਕੇ ਉਸਾਰੂ ਗੱਲਾਂ ਕਰੀਏ। ਜਿਹੜੀਆਂ ਗੱਲਾਂ ਸਾਡੇ ਹਿੱਤ ਵਿੱਚ ਹਨ, ਉਹ ਕਰੀਏ। ਜਿਹੜੀਆਂ ਗੱਲਾਂ ਵਿੱਚ ਵਾਕਿਆ ਹੀ ਰੂਲਿੰਗ ਪਾਰਟੀ ਸਾਡੇ ਇੰਟਰਸਟ ਨੂੰ, ਲੋਕਾਂ ਦੇ ਇੰਟਰਸਟ ਨੂੰ ਅੱਖੋਂ ਪਰੋਖੇ ਕਰਦੀ ਹੈ, ਉਸ ਦੇ ਉਤੇ ਆਪੋਜ਼ੀਸ਼ਨ ਦਾ ਬੋਲਣਾ ਚੰਗਾ ਲੱਗਦਾ ਹੈ, ਵਾਜਬ ਹੁੰਦਾ ਹੈ। ਲੋਕਾਂ ਨੂੰ ਵੀ ਸਮਝ ਆਉਂਦੀ ਹੈ। ਅਸੀਂ ਇਸ ਬਜਟ ਨੂੰ ਪੜ੍ਹਿਆ ਹੈ, ਦੇਖਿਆ ਹੈ। ਇਸ ਦੇ ਵਿੱਚ ਜਿਹੜੀਆਂ ਗੱਲਾਂ ਚੰਗੀਆਂ ਦੇਖਣ ਨੂੰ ਮਿਲੀਆਂ ਹਨ, ਉਸ ਬਾਰੇ ਕਹਿਣਾ ਚਾਹੀਦਾ ਹੈ ਕਿ ਇਨ੍ਹਾਂ ਨੇ ਇਹ ਬੜਾ ਅੱਛਾ ਕੰਮ ਕੀਤਾ ਹੈ। ਜ਼ਿਮੀਂਦਾਰਾਂ ਦੀ ਹਾਲਤ ਬਹੁਤ ਮਾੜੀ ਹੈ। ਜ਼ਿਮੀਂਦਾਰ ਖੁਦਕਸ਼ੀਆਂ ਕਰ ਰਿਹਾ ਹੈ। ਉਹ ਆਪਣੇ ਬੱਚਿਆਂ ਵਾਸਤੇ ਚੰਗੀ ਵਿੱਦਿਆ ਦਾ ਵੀ ਪ੍ਰਬੰਧ ਨਹੀਂ ਕਰ ਸਕਦਾ। ਉਸ ਦਾ ਜੀਵਨ ਪੱਧਰ ਦਿਨ-ਬ-ਦਿਨ ਡਿੱਗ ਰਿਹਾ ਹੈ। ਉਸ ਦੀਆਂ ਨਿੱਤ ਦੀਆਂ, ਰੋਜ਼ਾਨਾ ਦੀ ਵਰਤੋਂ ਵਿੱਚ ਆਉਣ ਵਾਲੀਆਂ ਮਹਿੰਗੀਆਂ ਚੀਜ਼ਾਂ ਨਾਲ ਲੱਕ ਟੁੱਟਿਆ ਹੋਇਆ ਹੈ। ਮਹਿੰਗਾਈ ਨੇ ਉਸ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਕਰਜ਼ਿਆਂ ਦੀ ਮਾਰ ਥੱਲੇ ਜ਼ਿਮੀਂਦਾਰ ਬਹੁਤ ਬੁਰੀ ਤਰ੍ਹਾਂ ਦਬਿਆ ਪਿਆ ਹੈ। ਇਸ ਸਰਕਾਰ ਨੇ ਇਕ ਛੋਟਾ ਜਿਹਾ ਉਪਰਾਲਾ ਕੀਤਾ ਹੈ ਫਰਟੀਲਾਈਜ਼ਰ ਔਰ ਕੀੜੇਮਾਰ ਦਵਾਈਆਂ ਦੇ ਉਤੇ ਜਿਹੜਾ ਚਾਰ ਪ੍ਰਤੀਸ਼ਤ ਟੈਕਸ ਵਾਪਸ ਲਿਆ ਹੈ, ਉਸ ਦੇ ਨਾਲ ਇਨ੍ਹਾਂ ਕਿਸਾਨਾਂ ਨੂੰ ਰਾਹਤ ਦਿੱਤੀ ਹੈ। ਇੱਕ ਇਹ ਵੀ ਬਹੁਤ ਅੱਛਾ ਕੰਮ ਕੀਤਾ ਹੈ ਕਿ ਕੁਆਪਰੇਟਿਵ ਸੋਸਾਇਟੀਆਂ ਦੇ ਕਰਜ਼ਿਆਂ ਤੇ, ਚਾਹੇ ਇਨ੍ਹਾਂ ਬਹੁਤ ਹੀ ਛੋਟਾ ਜਿਹਾ ਇਸ ਪਾਸੇ ਕਦਮ ਚੁਕਿਆ ਹੈ, 13.5% ਤੋਂ 1/2% ਵਿਆਜ ਘੱਟ ਕੀਤਾ ਹੈ। ਇਹ ਵੀ ਇਨ੍ਹਾਂ ਦਾ ਬੜਾ ਵਧੀਆ ਕਦਮ ਹੈ। ਵੈਸੇ ਤਾਂ ਊਠ ਤੋਂ ਛਾਨਣੀ ਲਾਹੇ ਜਾਣ ਦੇ ਨਾਲ ਕੋਈ ਬਹੁਤਾ ਭਾਰ ਤਾਂ ਨਹੀਂ ਘਟਦਾ ਪਰ ਜੇਕਰ ਕੋਈ ਚੰਗਾ ਉਪਰਾਲਾ ਕਰਦਾ ਹੈ ਤਾਂ ਉਸ ਦੀ ਸਾਨੂੰ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਇਨ੍ਹਾਂ ਨੇ ਆਪਣੇ ਵਿੱਤੀ ਸਾਧਨ ਦੇਖ ਕੇ ਜੋ ਇਹ ਕਰ ਸਕਦੇ ਸਨ, ਉਹ ਇਨ੍ਹਾਂ ਨੇ ਕੀਤਾ ਹੈ। ਮੈਂ ਇਸ ਦੇ ਲਈ ਇਨ੍ਹਾਂ ਦੀ ਪ੍ਰਸ਼ੰਸਾ ਕਰਦਾ ਹਾਂ ਪਰ ਮੈਂ ਚਾਹੁੰਦਾ ਹਾਂ ਕਿ ਇਸ ਪਾਸੇ ਵੱਲ ਹੋਰ ਅੱਗੇ ਵਧਣਾ ਚਾਹੀਦਾ ਹੈ। ਘੱਟੋ-ਘੱਟ ਇੱਕ ਪ੍ਰਤੀਸ਼ਤ ਜ਼ਰੂਰ ਕਿਸਾਨਾਂ ਨੂੰ ਰਾਹਤ ਦੇਣੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਚਾਹੀਦੀ ਹੈ। ਜਿਥੇ ਇਨ੍ਹਾਂ ਨੇ ਅੱਧਾ ਪ੍ਰਤੀਸ਼ਤ ਘੱਟ ਕੀਤਾ ਹੈ, ਉਥੇ ਇਸ ਨੂੰ ਇੱਕ ਪ੍ਰਤੀਸ਼ਤ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ। ਜ਼ਿਮੀਂਦਾਰਾਂ ਦੀ ਦਸ਼ਾ ਦੇਖ ਕੇ ਪਹਿਲਾਂ ਜਿਹੜਾ ਕੋਆਪਰੇਟਿਵ ਸੁਸਾਇਟੀਆਂ ਨੂੰ ਬਾਊਂਡ ਕੀਤਾ ਹੋਇਆ ਸੀ ਕਿ ਉਹ ਕੇਵਲ ਮਾਰਕਫੈਡ ਤੋਂ ਹੀ ਖਾਦਾਂ ਖਰੀਦਣਗੇ, ਇਨ੍ਹਾਂ ਨੇ ਇਸ ਚੀਜ਼ ਤੋਂ ਬੈਨ ਹਟਾਇਆ ਹੈ। ਇਹ ਅੱਛੀ ਗੱਲ ਹੈ ਔਰ ਇਸ ਦੇ ਨਾਲ ਕਿਸਾਨਾਂ ਨੂੰ ਅੱਛੀ ਖਾਦ ਮਿਲੇਗੀ ਤੇ ਹੁਣ ਕਿਸੇ ਵੀ ਜਗ੍ਹਾ ਤੋਂ ਉਹ ਖਾਦ ਖਰੀਦ ਸਕਣਗੇ। ਮੈਂ ਸਮਝਦਾ ਹਾਂ ਕਿ ਇਹ ਬਹੁਤ ਅੱਛਾ ਕਦਮ ਚੁੱਕਿਆ ਗਿਆ ਹੈ। ਇਸ ਦੇ ਨਾਲ ਕਿਸਾਨਾਂ ਨੂੰ ਫਾਇਦਾ ਹੋਵੇਗਾ। ਪਹਿਲਾਂ ਇੱਕ ਏਜੰਸੀ ਦੇ ਕੋਲ ਕੂੜਾ ਕਰਕਟ ਹੀ ਰੱਖਿਆ ਹੁੰਦਾ ਸੀ ਤੇ ਕਿਸਾਨਾਂ ਨੂੰ ਉਥੋਂ ਹੀ ਖਾਦ ਚੁੱਕਣੀ ਪੈਂਦੀ ਸੀ ਜਿਸ ਦੇ ਨਾਲ ਜਿਮੀਂਦਾਰਾਂ ਦੀ ਉਪਜ ਤੇ ਬੜਾ ਮਾੜਾ ਅਸਰ ਪੈਂਦਾ ਸੀ ਔਰ ਉਨ੍ਹਾਂ ਦੇ ਕੋਲ ਹੋਰ ਜਗ੍ਹਾ ਤੋਂ ਖਾਦ ਖਰੀਦਣ ਲਈ ਆਪਸ਼ਨ ਵੀ ਨਹੀਂ ਸੀ ਹੁੰਦੀ। ਸੋ, ਇਨ੍ਹਾਂ ਨੇ ਬਜਟ ਦੇ ਵਿੱਚ ਇਹ ਕੰਮ ਕਰਕੇ ਬੜਾ ਚੰਗਾ ਉਪਰਾਲਾ ਕੀਤਾ ਹੈ। ਇਸਦੇ ਵਾਸਤੇ ਮੈਂ ਇਨ੍ਹਾਂ ਦੀ ਪ੍ਰਸ਼ੰਸਾ ਕਰਦਾ ਹਾਂ। ਜ਼ਿਮੀਂਦਾਰ ਦੇਸ਼ ਦਾ ਅੰਨ ਦਾਤਾ ਹੈ ਜਿਸ ਨੇ ਦੇਸ਼ ਦਾ ਅੰਨ ਭੰਡਾਰ ਭਰਿਆ ਹੈ ਔਰ ਗਰੀਨ ਰੈਵੋਲਿਊਸ਼ਨ ਲਿਆਂਦਾ ਹੈ। ਦੁੱਧ ਦੀ ਪੈਦਾਵਾਰ ਵੀ ਵਧਾਈ ਹੈ। ਹਰ ਪਾਸੇ ਜ਼ਿਮੀਂਦਾਰ ਨੇ ਦੇਸ਼ ਨੂੰ ਆਤਮ ਨਿਰਭਰ ਬਣਾ ਦਿੱਤਾ, ਯੋਗਦਾਨ ਪਾਇਆ ਹੈ ਪਰ ਜਦੋਂ ਉਸ ਜ਼ਿਮੀਂਦਾਰ ਦੇ ਕੋਲੋਂ ਮਜ਼ਬੂਰੀ ਵੱਸ ਕਰਜ਼ੇ ਅਦਾ ਨਹੀਂ ਸਨ ਹੁੰਦੇ ਤਾਂ ਉਸ ਨੂੰ ਉਸ ਵੇਲੇ ਬੜੀ ਨਮੋਸ਼ੀ ਸਹਿਣ ਕਰਨੀ ਪੈਂਦੀ ਸੀ। ਜਦੋਂ ਇਨ੍ਹਾਂ ਕਰਜ਼ਿਆਂ ਦੀ ਰਿਕਵਰੀ ਦੇ ਲਈ ਬੈਂਕਾਂ ਵੱਲੋਂ ਜਾਂ ਸੁਸਾਇਟੀਆਂ ਵੱਲੋਂ ਇਨ੍ਹਾਂ ਨੂੰ ਹਥਕੜੀ ਲਗਾ ਕੇ ਜੇਲ੍ਹਾਂ ਵਿਚ ਲਿਜਾਇਆ ਜਾਂਦਾ ਸੀ ਤਾਂ ਉਸ ਨੂੰ ਆਪਣੀ ਕਿਸਮਤ ਔਰ ਆਪਣੀ ਮਿਹਨਤ ਦੇ ਉਤੇ ਬੜੀ ਨਿਰਾਸ਼ਾ ਹੁੰਦੀ ਸੀ। ਕੈਪਟਨ ਸਾਹਿਬ ਦੀ ਸਰਕਾਰ ਨੇ ਇਹ ਚੰਗਾ ਕਦਮ ਚੁੱਕਿਆ ਹੈ ਜਿਹੜਾ 67-ਏ ਰੈਵੇਨਿਊ ਐਕਟ ਵਿਦ-ਡਰਾਅ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਹ ਸਹੀ ਮਾਅਨਿਆਂ ਦੇ ਵਿੱਚ ਇਨ੍ਹਾਂ ਨੇ ਕਿਸਾਨਾਂ ਨੂੰ ਸ਼ਬਾਸ਼ ਦਿੱਤੀ ਹੈ ਔਰ ਉਸ ਦੀ ਪਿੱਠ ਥਾਪੜੀ ਹੈ। ਅੱਜ ਬੜੀ ਲੋੜ ਹੈ ਕਿਸਾਨ ਨੂੰ ਜਿਊਂਦਾ ਰੱਖਣ ਵਾਸਤੇ, ਕਿਸਾਨ ਦੀ ਪਿਠ ਥਾਪੜਨ ਦੀ ਲੋੜ ਹੈ। ਇਸ ਤੋਂ ਪਹਿਲਾ ਸਭ ਨੂੰ ਕਿਸਾਨ ਦੀ ਹਾਲਤ ਦਾ ਪਤਾ ਸੀ। ਪਰ ਇਹ ਕਦਮ ਪਹਿਲਾਂ ਉਠਾਇਆ ਜਾਣਾ ਚਾਹੀਦਾ ਸੀ। ਇਹ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਚੁੱਕਿਆ ਹੈ, ਸਰਦਾਰ ਲਾਲ ਸਿੰਘ ਹੋਰਾਂ ਨੇ ਚੁੱਕਿਆ ਹੈ ਔਰ ਬਜਟ ਦੇ ਵਿਚ ਲਿਆਂਦਾ ਹੈ। ਮੈਂ ਸਮਝਦਾ ਹਾਂ ਕਿ ਇਹ ਬੜਾ ਹੀ ਪ੍ਰਸ਼ੰਸਾਯੋਗ ਕਦਮ ਹੈ। ਇਹ ਹੱਥ ਸਾਰੇ ਮੁਲਕ ਨੂੰ ਰੋਟੀ ਰੋਜ਼ੀ ਦੇਣ ਵਾਲੇ ਹਨ ਤੇ ਸਾਰੇ ਹਿੰਦੁਸਤਾਨ ਦੇ ਅੰਨ ਭੰਡਾਰ ਪੱਖੋਂ ਆਤਮ ਨਿਰਭਰ ਕਰਨ ਵਾਲੇ ਹਨ। ਇਸ ਸਰਕਾਰ ਨੇ ਕਿਸਾਨਾਂ ਨੂੰ ਰੈਵੇਨਿਊ ਐਕਟ ਦੇ ਸੈਕਸ਼ਨ 67-ਏ ਵਿੱਚ ਹੱਥਕੜੀ ਤੋਂ ਮੁਕਤ ਕਰਵਾਇਆ ਹੈ।

ਸਪੀਕਰ ਸਾਹਿਬ, ਇੱਥੇ ਕਈ ਗੱਲਾਂ ਚੰਗੀਆਂ ਕੀਤੀਆਂ ਗਈਆਂ ਹਨ ਅਤੇ ਕਈ ਗੱਲਾਂ ਵਿਚ ਊਣਤਾਈਆਂ ਰਹੀਆਂ ਹਨ। ਜਿਸ ਤਰ੍ਹਾਂ ਹਾਇਰ ਐਜੂਕੇਸ਼ਨ ਵੱਲ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇਹ ਹਾਇਰ ਐਜੂਕੇਸ਼ਨ ਗਰੀਬ ਬੱਚਿਆਂ ਦੀ ਪਹੁੰਚ ਤੋਂ ਬਾਹਰ ਹੁੰਦੀ ਜਾ ਰਹੀ ਹੈ। ਇਨ੍ਹਾਂ ਨੇ ਇਸ ਤੇ ਸਰਵਿਸ ਚਾਰਜਿਜ਼ ਲਗਾ ਕੇ ਗਰੀਬਾਂ ਦੇ ਬੱਚਿਆਂ ਨੂੰ ਮਜ਼ਬੂਰ ਕਰ ਦਿੱਤਾ ਹੈ ਕਿ ਉਹ ਪੜ੍ਹਾਈ ਛੱਡ ਦੇਣ। ਹਾਇਰ ਐਜੂਕੇਸ਼ਨ ਲਈ ਗਰੀਬ ਬੱਚੇ ਨਾ ਤਾਂ ਡੋਨੇਸ਼ਨ ਦੇ ਸਕਦੇ ਹਨ ਅਤੇ ਨਾ ਹੀ ਪੇਡ ਸੀਟਾਂ ਲੈ ਸਕਦੇ ਹਨ। ਉਹ ਨਾ

Original with;
Punjab Vidhan Sabha
Digitized by:

ਹੀ ਫੀਸਾਂ ਦਾ ਬੋਝ ਚੁੱਕ ਸਕਦੇ ਹਨ ਜਿਸ ਕਰਕੇ ਗਰੀਬ ਬੱਚੇ ਹਾਇਰ ਐਜੂਕੇਸ਼ਨ ਤੋਂ ਵਾਂਝੇ ਰਹਿ ਜਾਣਗੇ। ਇਸ ਬਾਰੇ ਸਰਕਾਰ ਨੂੰ ਜ਼ਰੂਰ ਸੋਚਣਾ ਚਾਹੀਦਾ ਹੈ। ਦੂਸਰਾ, ਸਰਕਾਰ ਨੇ ਟੈਲੀਫੂਨ ਤੇ ਮੋਬਾਈਲ ਉਤੇ ਚਾਰਜਿਜ਼ ਲਗਾ ਦਿੱਤੇ ਹਨ। ਅੱਜਕਲ੍ਹ ਟੈਕਨਾਲੋਜੀ ਦਾ ਯੁੱਗ ਹੈ। ਇਸ ਦੀ ਲੋੜ ਹੈ। ਜਿਸ ਮੁਲਕ ਨੇ ਵੀ ਅੱਗੇ ਵੱਧਣਾ ਹੁੰਦਾ ਹੈ, ਉਨ੍ਹਾਂ ਨੂੰ ਆਪਣੇ ਲੋਕਾਂ ਨੂੰ ਅੱਛੀਆਂ ਸਰਵਿਸਿਜ਼ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਉਹ ਦੇਸ਼ ਦੇ ਹਰ ਕੋਨੇ ਵਿੱਚ ਗੱਲਬਾਤ ਕਰ ਸਕਣ। ਇਹ ਸਹੂਲਤਾਂ ਉਨ੍ਹਾਂ ਨੂੰ ਮੁਹੱਈਆ ਕਰਨ ਦੀ ਲੋੜ ਹੈ ਪਰ ਸਰਕਾਰ ਨੇ ਇਸ ਤੇ ਸਾਢੇ ਬਾਰ੍ਹਾਂ ਪਰਸੈਂਟ ਸਰਚਾਰਜ ਲਗਾ ਕੇ ਕੋਈ ਚੰਗਾ ਕੰਮ ਨਹੀਂ ਕੀਤਾ। ਇਸ ਤੇ ਸਰਕਾਰ ਨੂੰ ਦੁਬਾਰਾ ਵਿਚਾਰ ਕਰਨਾ ਚਾਹੀਦਾ ਹੈ ਤੇ ਇਹ ਸਰਵਿਸਿਜ਼ ਚਾਰਜਿਜ਼ ਵਾਪਸ ਲੈਣਾ ਚਾਹੀਦਾ ਹੈ।

ਸਪੀਕਰ ਸਾਹਿਬ, ਪੰਜਾਬ ਦੀ ਇੰਡਸਟਰੀ ਤਬਾਹੀ ਦੇ ਕੰਢੇ ਤੇ ਹੈ। ਜਿਹੜੇ ਸਾਡੇ ਇੰਡਸਟਰੀਲਿਸਟ ਘਰਾਣੇ ਹਨ, ਉਹ ਮਾਈਗਰੇਟ ਕਰ ਰਹੇ ਹਨ, ਉਨ੍ਹਾਂ ਜਗ੍ਹਾ ਤੇ ਜਿੱਥੇ ਇੰਡਸਟਰੀ ਸੇਫ ਹੈ ਅਤੇ ਜਿੱਥੇ ਇੰਡਸਟਰੀ ਨੂੰ ਸਰਕਾਰੀ ਸਹੂਲਤਾਂ ਪ੍ਰਾਪਤ ਹਨ। ਉਹ ਪੰਜਾਬ ਵਿੱਚੋਂ ਬਾਹਰ ਜਾ ਰਹੇ ਹਨ। ਇਹ ਚਿੰਤਾ ਦਾ ਵਿਸ਼ਾ ਹੈ। ਜਿਸ ਤਰ੍ਹਾਂ ਕੈਪਟਨ ਕੰਵਲਜੀਤ ਸਿੰਘ ਜੀ ਨੇ ਸਰਕਾਰ ਨੂੰ ਆਫਰ ਦਿੱਤੀ ਸੀ ਕਿ ਸਾਨੂੰ ਸਾਰਿਆਂ ਨੂੰ ਜਾਇੰਟ ਐਫਰਟਸ ਕਰਨੇ ਚਾਹੀਦੇ ਹਨ ਤਾਂ ਕਿ ਪੰਜਾਬ ਦੀ ਇੰਡਸਟਰੀ ਨੂੰ ਬਚਾਇਆ ਜਾ ਸਕੇ ਤੇ ਪੰਜਾਬ ਦੇ ਇੰਡਸਟਰੀਲਿਸਟਾਂ ਨੂੰ ਬਾਹਰ ਜਾਣ ਤੋਂ ਰੋਕਿਆ ਜਾਵੇ। ਉਨ੍ਹਾਂ ਨੂੰ ਭਰੋਸਾ ਦਿੱਤਾ ਜਾਵੇ ਕਿ ਸਰਕਾਰ ਉਨ੍ਹਾਂ ਵਾਸਤੇ ਕੁਝ ਨਾ ਕੁਝ ਕਰੇਗੀ ਔਰ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸੈਂਟਰ ਗੌਰਮਿੰਟ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਜਿਸ ਤਰ੍ਹਾਂ ਸਾਡੇ ਗੁਆਂਢੀ ਸਟੇਟਾਂ ਹਿਮਾਚਲ ਪ੍ਰਦੇਸ਼, ਜੇ.ਐਂਡ ਕੇ. ਤੇ ਉਤਰਾਂਚਲ ਪ੍ਰਦੇਸ਼ ਵਿੱਚ ਇੰਡਸਟਰੀ ਨੂੰ ਉਤਸ਼ਾਹਿਤ ਕਰਨ ਲਈ ਇਕਨਾਮਿਕ ਪੈਕੇਜ ਦਿੱਤੇ ਗਏ ਹਨ, ਉਸੇ ਤਰ੍ਹਾਂ ਪੰਜਾਬ ਵਿੱਚ ਇੰਡਸਟਰੀ ਨੂੰ ਪਰਮੋਟ ਕਰਨ ਲਈ ਸੈਂਟਰ ਗੌਰਮਿੰਟ ਵੱਲੋਂ ਇਕਨਾਮਿਕ ਪੈਕੇਜ ਦੇਣਾ ਚਾਹੀਦਾ ਹੈ। ਨਹੀਂ ਤਾਂ ਪੰਜਾਬ ਦੀ ਇੰਡਸਟਰੀ ਤੇ ਬੁਰਾ ਅਸਰ ਪਵੇਗਾ। ਪੰਜਾਬ ਦੀ ਇੰਡਸਟਰੀ ਦੇ ਹਿਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਨੂੰ ਸਾਰਿਆਂ ਨੂੰ ਸੈਂਟਰ ਗੌਰਮਿੰਟ ਤੱਕ ਅਪਰੋਚ ਕਰਨੀ ਚਾਹੀਦੀ ਹੈ। ਪੰਜਾਬ ਪਹਿਲਾਂ ਹੀ ਕਾਫੀ ਦੁਖਾਂਤ ਹੰਢਾ ਚੁੱਕਾ ਹੈ। ਇਸ ਗੱਲ ਦਾ ਸਾਰੇ ਮੁਲਕ ਨੂੰ ਪਤਾ ਹੈ। ਅਗਰ ਇਸ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਜਿਸ ਤਰ੍ਹਾਂ ਪਿਛਲੇ ਸਮੇਂ ਵਿੱਚ ਪੰਜਾਬ ਦੀ ਬਰਬਾਦੀ ਹੋਈ ਹੈ ਤੇ ਪੰਜਾਬ ਨਾਲ ਵਿਤਕਰਾ ਹੋਇਆ ਸੀ, ਉਹ ਫਿਰ ਨਾ ਕਿਤੇ ਹੋ ਜਾਵੇ ਔਰ ਗੱਲ ਸਾਡੇ ਹੱਥੋਂ ਬਾਹਰ ਨਿਕਲ ਜਾਵੇ। ਇਸ ਸੰਬੰਧ ਵਿੱਚ ਸਰਕਾਰ ਵੱਲੋਂ ਸੈਂਟਰ ਸਰਕਾਰ ਤੋਂ ਕਲੀਅਰ ਇਨਸੈਂਟਿਵ ਲੈਣੇ ਚਾਹੀਦੇ ਹਨ, ਨਹੀਂ ਤਾਂ ਪੰਜਾਬ ਦੇ ਹਾਲਾਤ ਬਹੁਤ ਵਿਗੜ ਸਕਦੇ ਹਨ। ਪੰਜਾਬ ਦੇ ਹਿਤਾਂ ਦੀ ਰਾਖੀ ਸਾਨੂੰ ਕਰਨੀ ਪਵੇਗੀ। ਇੰਡਸਟਰੀ ਨੂੰ ਪਰਮੋਟ ਕਰਨ ਲਈ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਪੰਜਾਬ ਤਰੱਕੀ ਕਰ ਸਕੇ। ਇੰਡਸਟਰੀ ਤੇ ਖੇਤੀਬਾੜੀ ਦੋ ਹੀ ਚੀਜ਼ਾਂ ਹਨ, ਕਿਸੇ ਸੂਬੇ ਦੀ ਤਰੱਕੀ ਵਿਚ ਜਿਨ੍ਹਾਂ ਦਾ ਬਹੁਤ ਵੱਡਾ ਹਿੱਸਾ ਹੁੰਦਾ ਹੈ। ਸਪੀਕਰ ਸਾਹਿਬ, ਸਾਨੂੰ ਇਕ ਵੱਖਰਾ ਫੰਡ, ਸਰਦਾਰ ਲਾਲ ਸਿੰਘ ਹੋਰਾਂ ਨੂੰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਕ ਕਾਨਟਿਗਜੈਂਸੀ ਫੰਡ ਅਰੇਂਜ ਕਰਨਾ ਚਾਹੀਦਾ ਹੈ ਜਿਹੜਾ ਸਾਨੂੰ ਕੁਦਰਤੀ ਆਫਤਾਂ ਦੇ ਵੇਲੇ ਜਾਂ ਜਿਸ ਤਰ੍ਹਾਂ ਜ਼ਿਮੀਂਦਾਰ ਦੀ ਜਿਣਸ ਸਮੇਂ ਸਮੇਂ ਤੇ ਰੁਲਦੀ ਹੈ, ਉਸ ਵੇਲੇ ਮੱਦਦ ਦੇਣ ਦੇ ਕੰਮ ਆ ਸਕੇ। ਕਿਉਂਕਿ ਪਹਿਲਾਂ ਅਸੀਂ ਜ਼ਿਮੀਂਦਾਰ ਨੂੰ ਇਕ ਪਾਸੇ ਤੋਰਦੇ ਹਾਂ। ਫੇਰ ਜਦੋਂ ਜ਼ਿਮੀਂਦਾਰ ਉਸ

Original with;
Punjab Vidhan Sabha
Digitized by;

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਪਾਸੇ ਵੱਲ ਪੂਰਾ ਜ਼ੋਰ ਲਗਾ ਦਿੰਦਾ ਹੈ, ਫੇਰ ਅਸੀਂ ਉਸਦੀ ਫਸਲ ਦਾ ਸਹੀ ਮੁਆਵਜ਼ਾ ਨਹੀਂ ਦੇ ਪਾਉਂਦੇ ਅਤੇ ਜ਼ਿਮੀਂਦਾਰ ਨਿਰਾਸ਼ ਹੋ ਜਾਂਦਾ ਹੈ। ਜਿਸ ਤਰ੍ਹਾਂ ਹੁਣ ਗੰਨਾ ਹੈ, ਅਸੀਂ ਕਣਕ ਅਤੇ ਝੋਨੇ ਤੋਂ ਆਪਣੇ ਕਿਸਾਨ ਨੂੰ ਪਾਸੇ ਕਰਨਾ ਚਾਹੁੰਦੇ ਹਾਂ, ਪਾਣੀ ਦੀ ਸਮੱਸਿਆ ਕਰਕੇ ਕਿਉਂਕਿ ਵਾਟਰ ਲੈਵਲ ਨੀਚੇ ਜਾ ਰਿਹਾ ਹੈ, ਇਸ ਕਰਕੇ ਉਸਦਾ ਸਬਸੀਚਿਊਟ ਮੈਂ ਸਮਝਦਾ ਹਾਂ ਕਿ ਗੰਨਾ ਹੀ ਹੈ। ਜੱਟ ਉਹੀ ਰਸਤਾ ਅਪਣਾਏਗਾ, ਜਿਸ ਰਸਤੇ ਤੇ ਚਲ ਕੇ ਉਸਨੂੰ ਆਪਣੇ ਚੰਗੇ ਦਿਨਾਂ ਦੀ ਆਸ ਹੋਵੇਗੀ, ਜਿਥੇ ਉਸਨੂੰ ਫਾਇਦਾ ਦਿਸਦਾ ਹੋਵੇਗਾ। ਜੇ ਅਸੀਂ ਜੱਟ ਨੂੰ ਦੂਜੀਆਂ ਫਸਲਾਂ ਵੱਲ ਤੋਰਾਂਗੇ, ਉਹ ਸ਼ਾਇਦ ਇਸ ਪਾਸੇ ਉਤਸ਼ਾਹਿਤ ਹੋ ਕੇ ਨਹੀਂ ਜਾਵੇਗਾ। ਗੰਨਾ ਸਾਨੂੰ ਪਾਣੀ ਦੀ ਸਮੱਸਿਆ ਤੋਂ ਵੀ ਬਚਾਉਂਦਾ ਹੈ ਤੇ ਸਾਡੇ ਜ਼ਿਮੀਂਦਾਰ ਦਾ ਵੀ ਇੰਟਰਸਟ ਵਾਚ ਕਰਦਾ ਹੈ, ਇਹ ਉਸਦੇ ਹਿੱਤ ਵਿਚ ਹੈ। ਪਰ ਜੋ ਗੰਨੇ ਦੀ ਖਰੀਦ ਦਾ ਹਾਲ ਹੋ ਰਿਹਾ ਹੈ, ਅਸੀਂ ਜ਼ਿਮੀਂਦਾਰ ਨੂੰ 100 ਰੁਪਿਆ ਪ੍ਰਤੀ ਕੁਇੰਟਲ ਦੇ ਰੇਟ ਦੀ ਜਗ੍ਹਾ 70 ਰੁਪਏ ਪ੍ਰਤੀ ਕੁਇੰਟਲ ਦੇ ਰਹੇ ਹਾਂ। ਜੇ ਅਸੀਂ ਕੋਈ ਵੱਖਰਾ ਫੰਡ ਅਰੇਂਜ ਕਰਾਂਗੇ ਤਾਂ ਲੋੜ ਪੈਣ ਤੇ ਸਾਡੇ ਜੱਟ ਦੀ, ਕਿਸਾਨ ਦੀ, ਜ਼ਿਮੀਂਦਾਰ ਦੀ ਲੋੜ ਪੂਰੀ ਕੀਤੀ ਜਾ ਸਕਦੀ ਹੈ ਅਤੇ ਉਸਦਾ ਉਤਸ਼ਾਹ ਉਸਦੇ ਨਾਲ ਬਣਿਆ ਰਹੇਗਾ। ਸੋ, ਇਸ ਤਰ੍ਹਾਂ ਦਾ ਵੱਖਰਾ ਫੰਡ ਜਿਹੜਾ ਹੈ, ਉਹ ਵੀ ਮੇਰੀ ਬੇਨਤੀ ਹੈ ਕਿ ਇਨ੍ਹਾਂ ਨੂੰ ਅਰੇਂਜ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਪੀਣ ਵਾਲੇ ਪਾਣੀ ਤੇ ਅਤੇ ਸੀਵਰੇਜ ਤੇ ਸਰਵਿਸ ਚਾਰਜਿਜ਼ ਪਰਪੋਜ਼ ਕੀਤੇ ਗਏ ਹਨ। ਇਹ ਅੱਜ ਬੇਸਿਕ ਚੀਜ਼ਾਂ ਹਨ ਜਿਸ ਦੇ ਲਈ ਸਟੇਟ ਨੂੰ ਪੂਰਾ ਧਿਆਨ ਦੇਣਾ ਚਾਹੀਦਾ ਹੈ। ਇਸ ਨੂੰ ਆਮ ਆਦਮੀ ਤਾਂ ਬਰਦਾਸ਼ਤ ਕਰ ਸਕਦਾ ਹੈ ਲੇਕਿਨ ਗਰੀਬ ਆਦਮੀ ਵਾਸਤੇ ਇਹ ਚਾਰਜ ਦੇਣਾ ਬਹੁਤ ਮੁਸ਼ਕਲ ਹੈ। ਸਰਦਾਰ ਲਾਲ ਸਿੰਘ ਹੋਰਾਂ ਨੂੰ ਮੈਂ ਬੇਨਤੀ ਕਰਾਂਗਾ ਕਿ ਇਸ ਪਾਸੇ ਜ਼ਰੂਰ ਧਿਆਨ ਦੇਣ ਅਤੇ ਇਹ ਜੋ ਸਰਵਿਸ ਚਾਰਜਿਜ਼ ਪਰਪੋਜ਼ ਕੀਤੇ ਹਨ, ਇਨ੍ਹਾਂ ਨੂੰ ਵਿਦਡਰਾਅ ਕਰਨ।

ਸਪੀਕਰ ਸਾਹਿਬ, ਐਜੂਕੇਸ਼ਨ ਪਾਲਿਸੀ ਬਾਰੇ ਇਨ੍ਹਾਂ ਨੇ ਬਹੁਤ ਕੁਝ ਕਿਹਾ ਹੈ। ਅੱਜ ਵੀ ਬਹੁਤ ਖਾਮੀਆਂ ਹਨ, ਚਾਹੇ ਇਹ ਇਕੱਲਾ ਕਸੂਰ ਮੌਜੂਦਾ ਸਰਕਾਰ ਦਾ ਨਹੀਂ। ਜੇ ਪਿੰਡਾਂ ਵਿਚ ਟੀਚਰਾਂ ਦੀ ਘਾਟ ਹੈ, ਹੈਡਮਾਸਟਰਾਂ ਤੇ ਪ੍ਰਿੰਸੀਪਲਾਂ ਦੀ ਘਾਟ ਹੈ, ਉਹ ਇਕ ਸਾਲ ਦੀ ਦੇਣ ਨਹੀਂ ਹੈ। ਸਾਡਾ ਸਿਸਟਮ ਬਹੁਤ ਦੇਰ ਤੋਂ ਵਿਗੜ ਗਿਆ ਹੈ। ਜਦੋਂ ਪਿਛਲੇ ਸਮੇਂ ਵਿਚ ਸੂਬੇ ਦੇ ਹਾਲਾਤ ਮਾੜੇ ਸਨ, ਉਸ ਵੇਲੇ ਬਹੁਤ ਸਾਰੇ ਸਕੂਲਾਂ ਵਿਚ ਕੋਈ ਟੀਚਰ ਜਾ ਕੇ ਰਾਜ਼ੀ ਨਹੀਂ ਸੀ। ਕਈਆਂ ਸਕੂਲਾਂ ਵਿਚ 10-10 ਬੱਚੇ ਹਨ ਤੇ 8-8 ਟੀਚਰ ਹਨ ਤੇ ਕਿਤੇ 50-50 ਬੱਚੇ ਹਨ ਤੇ ਉਥੇ ਇਕ ਵੀ ਟੀਚਰ ਨਹੀਂ ਹੈ। ਬਹੁਤ ਸਾਰੇ ਇਹੋ ਜਿਹੇ ਪਿੰਡ ਹਨ। ਐਜੂਕੇਸ਼ਨ ਪਾਲਿਸੀ ਵਿਚ ਸੁਧਾਰ ਲਿਆਉਣਾ ਚਾਹੀਦਾ ਹੈ ਔਰ ਸਭ ਤੋਂ ਖਤਰਨਾਕ ਜਿਹੜੀ ਗੱਲ ਹੈ, ਉਹ ਅੱਜ ਵਧ ਰਿਹਾ ਨਕਲ ਰੁਝਾਨ ਹੈ। ਮੈਨੂੰ ਨਹੀਂ ਪਤਾ ਕਿ ਦੂਸਰੇ ਜ਼ਿਲ੍ਹਿਆਂ ਦਾ ਕੀ ਹਾਲ ਹੈ ਲੇਕਿਨ ਸਾਡੇ ਜਿਹੜੇ ਬਾਰਡਰ ਦੇ ਜ਼ਿਲ੍ਹੇ ਹਨ, ਜਦੋਂ ਪੰਜਾਬ ਵਿਚ ਹਾਲਾਤ ਬਹੁਤ ਮਾੜੇ ਸਨ ਤਾਂ ਉਸ ਵੇਲੇ ਤੋਂ ਹੀ ਮੈਂ ਵੇਖਦਾ ਆ ਰਿਹਾ ਹਾਂ ਕਿ ਨਕਲ ਦਾ ਰੁਝਾਨ ਦਿਨ ਬਦਿਨ ਵਧਦਾ ਚਲਾ ਜਾ ਰਿਹਾ ਹੈ। ਐਨੇ ਬੱਚੇ ਆਪਣੇ ਪ੍ਰੀਖਿਆ ਕੇਂਦਰਾਂ ਵਿਚ ਇਮਤਿਹਾਨ ਦੇਣ ਵਾਲੇ ਨਹੀਂ ਹੁੰਦੇ ਜਿੰਨੇ ਬਾਹਰ ਨਕਲ ਕਰਵਾਉਣ ਵਾਲੇ, ਪਰਚੀਆਂ ਭੇਜਣ ਵਾਲੇ ਅਤੇ ਅਮਲੇ ਫੈਲੇ ਨੂੰ ਮਿਲਣ ਵਾਲੇ ਬੈਠੇ ਹੁੰਦੇ ਹਨ। ਇਹ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਹੈ। ਜੇ ਅਸੀਂ ਆਪਣੇ ਸੂਬੇ ਨੂੰ ਦੁਨੀਆਂ ਦੇ ਹਾਣ ਦਾ ਬਣਾਉਣਾ ਹੈ ਤਾਂ ਉਸ ਦੇ

Original with;
Punjab Vidhan Sabha
Digitized by;

ਵਾਸਤੇ ਬੜੇ ਠੋਸ ਉਪਰਾਲੇ ਕਰਨ ਦੀ ਲੋੜ ਹੈ ਅਤੇ ਇਸ ਦੇ ਵਾਸਤੇ ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਇਹ ਜਿਹੜੀ ਨਕਲ ਮਾਰਨ ਦੀ ਲਾਹਣਤ ਹੈ, ਇਹ ਜਿਹੜੀ ਨਕਲ ਮਾਰਨ ਦੀ ਆਦਤ ਸਾਡੇ ਬੱਚਿਆਂ ਨੂੰ ਪੈ ਗਈ ਹੈ, ਇਸ ਨੂੰ ਕਿਸ ਤਰੀਕੇ ਨਾਲ ਕੰਟਰੋਲ ਕਰਨਾ ਹੈ। ਇਸ ਦੇ ਵਾਸਤੇ ਸਖਤ ਕਦਮ ਚੁੱਕਣ ਦੀ ਲੋੜ ਹੈ ਅਤੇ ਇਹ ਬਹੁਤ ਜ਼ਰੂਰੀ ਹੈ। ਸਾਡੇ ਮੁੱਖ ਮੰਤਰੀ ਜੀ ਨੇ ਜਥੇਦਾਰ ਤੋਤਾ ਸਿੰਘ ਹੋਰਾਂ ਦੀ ਤਾਰੀਫ ਕੀਤੀ ਹੈ ਕਿ ਉਨ੍ਹਾਂ ਨੇ ਪਹਿਲੀ ਜਮਾਤ ਤੋਂ ਇੰਗਲਿਸ਼ ਪੜ੍ਹਾਉਣੀ ਸ਼ੁਰੂ ਕਰਾ ਕੇ ਬਹੁਤ ਵਧੀਆ ਕੰਮ ਕੀਤਾ ਹੈ। ਅੱਜ ਇੰਟਰਨੈਸ਼ਨਲ ਪੱਧਰ ਤੇ ਉਹੀ ਮੁਲਕ, ਉਹੀ ਲੋਕ ਤਰੱਕੀ ਕਰ ਸਕਦੇ ਹਨ ਜਿਨ੍ਹਾਂ ਦੇ ਬੱਚੇ ਚੰਗੀ ਵਿਦਿਆ ਹਾਸਲ ਕਰਦੇ ਹਨ ਅਤੇ ਚੰਗੀ ਵਿਦਿਆ ਹਾਸਲ ਕਰਨ ਵਿਚ ਇੰਗਲਿਸ਼ ਲੈਂਗੂਏਜ਼ ਦਾ ਬੜਾ ਚੰਗਾ ਰੋਲ ਹੈ ਕਿਉਂਕਿ ਇਹ ਅੱਜ ਇਕ ਇੰਟਰਨੈਸ਼ਨਲ ਲੈਂਗੂਏਜ਼ ਬਣ ਗਈ ਹੋਈ ਹੈ। ਇਸ ਕਰਕੇ ਅੰਗਰੇਜ਼ੀ ਦੀ ਸਿੱਖਿਆ ਬਹੁਤ ਜ਼ਰੂਰੀ ਹੈ ਅਤੇ ਸਾਨੂੰ ਇਹ ਸਿੱਖਣੀ ਵੀ ਚਾਹੀਦੀ ਹੈ ਪ੍ਰੰਤੂ ਇਸ ਦੇ ਨਾਲ-ਨਾਲ ਸਾਨੂੰ ਆਪਣਾ ਪਿਛੋਕੜ ਵੀ ਨਹੀਂ ਭੁੱਲਣਾ ਚਾਹੀਦਾ। ਕਿਤੇ ਅਸੀਂ ਬਹੁਤੀ ਅੰਗਰੇਜ਼ੀ ਸਿਖਦੇ ਸਿਖਦੇ ਆਪਣਾ ਪਿਛੋਕੜ ਹੀ ਨਾ ਭੁੱਲ ਜਾਈਏ। ਅਸੀਂ ਪੰਜਾਬੀ ਹਾਂ ਅਤੇ ਸਾਨੂੰ ਪੰਜਾਬੀ ਹੋਣ ਤੇ ਮਾਣ ਹੈ। ਇਸ ਧਰਤੀ ਤੇ ਗੁਰੂਆਂ, ਪੀਰਾਂ ਅਤੇ ਪੈਗੰਬਰਾਂ ਨੇ ਪੰਜਾਬੀ ਨੂੰ ਬਹੁਤ ਮਾਣ ਬਖਸ਼ਿਸ਼ ਕੀਤਾ ਹੈ। ਇਸ ਕਰਕੇ ਇੰਗਲਿਸ਼ ਜ਼ਰੂਰ ਪ੍ਰੋਮੋਟ ਕਰੋ ਪ੍ਰੰਤੂ ਨਾਲ-ਨਾਲ ਪੰਜਾਬੀ ਦੀ ਸਰਦਾਰੀ ਨੂੰ ਵੀ ਕਾਇਮ ਰੱਖਣਾ ਬਹੁਤ ਜ਼ਰੂਰੀ ਹੈ। ਮੈਨੂੰ ਦੁੱਖ ਹੈ ਕਿ ਅੱਜ ਸਾਡੇ ਕਈ ਪੰਜਾਬੀ ਲੇਖਕ, ਕਵੀ ਅਤੇ ਸਾਹਿਤਕਾਰ ਕਈ ਦਿਨਾਂ ਤੋਂ ਭੁੱਖ ਹੜਤਾਲ ਤੇ ਬੈਠੇ ਹਨ। ਉਨ੍ਹਾਂ ਦੀ ਕੋਈ ਜਾਤੀ ਮੰਗ ਨਹੀਂ ਹੈ। ਉਹ ਸਿਰਫ ਪੰਜਾਬੀ ਬੋਲੀ ਨੂੰ ਸਤਿਕਾਰਯੋਗ ਥਾਂ ਦਿਵਾਉਣ ਵਾਸਤੇ ਅਤੇ ਆਪਣੀ ਮਾਂ-ਬੋਲੀ ਦੀ ਪ੍ਰੋਮੋਸ਼ਨ ਵਾਸਤੇ ਭੁੱਖ ਹੜਤਾਲ ਤੇ ਬੈਠੇ ਹਨ। ਉਹ ਜੋ ਕੁਝ ਕਹਿੰਦੇ ਹਨ, ਉਹ ਪੰਜਾਬ ਅਤੇ ਪੰਜਾਬੀ ਬੋਲੀ ਦੇ ਹਿਤ ਵਿਚ ਕਹਿੰਦੇ ਹਨ। ਪੰਜਾਬੀ ਬੋਲੀ ਦੇ ਬੜ੍ਹਾਵੇ ਲਈ ਕਹਿੰਦੇ ਹਨ। ਸਾਨੂੰ ਉਨ੍ਹਾਂ ਦੀ ਗੱਲ ਸੁਣਨੀ ਚਾਹੀਦੀ ਹੈ।

ਫਾਈਨਾਂਸ ਮਨਿਸਟਰ ਜੀ ਨੇ ਬੜੀਆਂ ਚੰਗੀਆਂ ਗੱਲਾਂ ਕੀਤੀਆਂ ਹਨ ਪਰ ਮੈਂ ਉਨ੍ਹਾਂ ਨੂੰ ਦੱਸਣਾ ਚਾਹਾਂਗਾ ਕਿ ਸਾਡੀ ਸਟੇਟ ਦੇ ਫਾਈਨਾਂਸ ਦੀ ਪੁਜੀਸ਼ਨ ਕੀ ਹੈ। ਇਸ ਵੇਲੇ ਬਹੁਤ ਘੱਟ ਮੈਂਬਰ ਬੈਠੇ ਹਨ। ਸਦਨ ਤੋਂ ਬਾਹਰ ਜਦੋਂ ਉਹ ਸਾਨੂੰ ਮਿਲਦੇ ਹਨ ਤਾਂ ਸਾਡੇ ਰਾਹੀਂ ਉਹ ਸਰਕਾਰ ਤੱਕ ਆਪਣੀਆਂ ਗੱਲਾਂ ਪਹੁੰਚਾਉਣੀਆਂ ਚਾਹੁੰਦੇ ਹਨ। ਲੱਗਭਗ ਸਾਲ ਹੋ ਗਿਆ ਹੈ ਐਮ.ਐਲ.ਏ. ਬਣਿਆਂ ਨੂੰ। ਬਹੁਤ ਸਾਰੇ ਐਮ.ਐਲ.ਏਜ. ਇਹੋ ਜਿਹੇ ਹਨ ਜਿਨ੍ਹਾਂ ਨੂੰ ਉਨ੍ਹਾਂ ਦੀਆਂ ਗੱਡੀਆਂ ਦੇ ਤੇਲ ਦੇ ਪੈਸੇ ਹਾਲੇ ਤੱਕ ਨਹੀਂ ਮਿਲੇ। ਇਸ ਗੱਲ ਦਾ, ਐਫ.ਐਮ. ਸਾਹਿਬ, ਤੁਸੀਂ ਜ਼ਰੂਰ ਪਤਾ ਕਰੋ। ਇਹ ਉਨ੍ਹਾਂ ਦਾ ਹੱਕ ਬਣਦਾ ਹੈ। ਮੈਂ ਬਹੁਤ ਸਾਰੇ ਕੇਸ ਦੱਸ ਸਕਦਾ ਹਾਂ ਕਿ 12-13 ਮਹੀਨੇ ਹੋ ਗਏ ਹਨ, ਉਨ੍ਹਾਂ ਨੂੰ 3-4 ਮਹੀਨਿਆਂ ਦੇ ਤੇਲ ਦੇ ਪੈਸੇ ਨਹੀਂ ਮਿਲੇ ਹਨ। ਇਹ ਪੈਸੇ ਮਿਲਣੇ ਬਹੁਤ ਜ਼ਰੂਰੀ ਹਨ। ਮੈਂ ਤਾਂ ਇਹ ਚਾਹੁੰਦਾ ਹਾਂ ਕਿ ਐਮ.ਐਲ.ਏਜ਼. ਦਾ ਤੁਸੀਂ ਇੰਨਾ ਕੁ ਖਿਆਲ ਰੱਖੋ ਕਿ ਉਨ੍ਹਾਂ ਦਾ ਧਿਆਨ ਕੁਰੱਪਸ਼ਨ ਵਾਲੇ ਪਾਸੇ ਜਾਵੇ ਹੀ ਨਾ। ਇਹ ਕੁਰੱਪਸ਼ਨ ਦੀ ਜਿਹੜੀ ਲਾਹਣਤ ਹੈ, ਇਹ ਉਦੋਂ ਹੀ ਲੱਗਦੀ ਹੈ ਜਦੋਂ ਬੰਦੇ ਦਾ ਢਿੱਡ ਨਾ ਭਰਦਾ ਹੋਵੇ ਜਿਵੇਂ ਕਿਹਾ ਜਾਂਦਾ ਹੈ ਕਿ ਪੇਟ ਨਾ ਪਈਆਂ ਰੋਟੀਆਂ ਤੇ ਸਭੇ ਗੱਲਾਂ ਖੋਟੀਆਂ। ਜੇ ਸਪੀਕਰ ਸਾਹਿਬ, ਉਹਦੇ ਠੀਕ ਠਾਕ ਰਹਿਣ ਬਹਿਣ ਦਾ ਅਤੇ ਸਮਾਜ ਵਿੱਚ ਵਿਚਰਨ, ਹਲਕੇ ਵਿੱਚ ਜਾਣ ਦਾ ਸਾਰਾ ਖਿਆਲ ਹਾਊਸ ਰੱਖੇਗਾ ਅਤੇ ਫਿਰ ਵੀ ਜੇਕਰ ਕੋਈ ਕੁਰੱਪਸ਼ਨ ਵਾਲੇ ਪਾਸੇ ਜਾਵੇਗਾ ਤਾਂ ਲੋਕ ਉਸ ਕੁਰੱਪਟ ਬੰਦੇ ਨੂੰ ਬਹੁਤ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਨਫ਼ਰਤ ਕਰਨਗੇ। ਜੇ ਸੂਬੇ ਨੂੰ ਆਪਾਂ ਇਮਾਨਦਾਰ ਲੀਡਰਸ਼ਿਪ ਦੇਣੀ ਹੈ ਤਾਂ ਆਪਣੇ ਚੁਣੇ ਹੋਏ ਨੁਮਾਇੰਦਿਆਂ ਦਾ ਖਿਆਲ ਰੱਖਣਾ ਬਹੁਤ ਜ਼ਰੂਰੀ ਹੈ।

ਸਪੀਕਰ ਸਾਹਿਬ, ਸਿਹਤ ਸਹੂਲਤਾਂ ਦੀ ਗੱਲ ਕੀਤੀ ਗਈ ਹੈ। ਮੈਂ ਬਾਰਡਰ ਦੇ ਜ਼ਿਲ੍ਹਿਆਂ ਅਤੇ ਹੋਰ ਵੀ ਬਹੁਤ ਥਾਵਾਂ ਤੇ ਜਾ ਕੇ ਦੇਖਿਆ ਹੈ ਜਿੱਥੇ ਲੋਕਾਂ ਨੂੰ ਕੋਈ ਸਿਹਤ ਸਹੂਲਤਾਂ ਮੁਹੱਈਆ ਨਹੀਂ ਹੋ ਰਹੀਆਂ। ਸ਼ਾਮ ਨੂੰ ਤਾਂ ਕੀ, ਦਿਨ ਵੇਲੇ ਵੀ ਅਜਿਹੇ ਪਿੰਡ ਹਨ ਜਿੱਥੇ ਕੋਈ ਡਾਕਟਰ ਜਾ ਕੇ ਰਾਜ਼ੀ ਨਹੀਂ। ਜਿੱਥੇ ਕੋਈ ਡਿਸਪੈਂਸਰੀ ਕਾਗਜ਼ਾਂ ਵਿੱਚ ਚਲਦੀ ਹੈ, ਉਥੇ ਕਿਸੇ ਨੂੰ ਕੋਈ ਦਵਾਈ ਨਹੀਂ ਮਿਲਦੀ। ਰਾਤ ਦੀ ਹਾਲਤ ਤਾਂ ਇਹ ਹੈ ਕਿ ਬਾਰਡਰ ਦੇ ਇਲਾਕਿਆਂ ਵਿੱਚ ਪਿੰਡਾਂ ਵਿੱਚ ਜੇ ਕੋਈ ਬੰਦਾ ਛੋਟੀ ਮੋਟੀ ਬੀਮਾਰੀ ਦਾ ਇਲਾਜ ਵੀ ਕਰਾਉਣਾ ਚਾਹੇ ਤਾਂ ਉਸਦਾ ਵੀ ਕੋਈ ਪ੍ਰਬੰਧ ਉਥੇ ਨਹੀਂ ਹੈ। ਜਦੋਂ ਨੂੰ ਦਿਨ ਚੜ੍ਹਦਾ ਹੈ ਅਤੇ ਸ਼ਹਿਰ ਪਹੁੰਚਣਾ ਹੁੰਦਾ ਹੈ ਤਾਂ ਉਸਦੀ ਬੀਮਾਰੀ ਹੋਰ ਵੀ ਵਧ ਜਾਂਦੀ ਹੈ ਔਰ ਕਈ ਕੇਸਾਂ ਵਿੱਚ ਤਾਂ ਮਰੀਜ਼ ਦਾ ਨੁਕਸਾਨ ਵੀ ਹੋ ਜਾਂਦਾ ਹੈ। ਸਾਨੂੰ ਸਿਹਤ ਸਹੂਲਤਾਂ ਵੱਲ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਇਕ ਬਹੁਤ ਵੱਡੀ ਲਾਹਣਤ ਹੈ, ਜਿਸ ਤਰ੍ਹਾਂ ਐਜੂਕੇਸ਼ਨ ਵਿੱਚ ਨਕਲ ਦੀ ਲਾਹਣਤ ਹੈ, ਉਸੇ ਤਰ੍ਹਾਂ ਹੀ ਨਸ਼ਿਆਂ ਦੀ ਲਾਹਣਤ ਪੰਜਾਬ ਦੀ ਜਵਾਨੀ ਨੂੰ ਲੱਗ ਚੁੱਕੀ ਹੈ। ਇਸ ਤੇ ਸਾਨੂੰ ਸਭ ਨੂੰ ਵਿਚਾਰ ਕਰਨਾ ਚਾਹੀਦਾ ਹੈ, ਇਸ ਤੇ ਚਿੰਤਾ ਹੋਣੀ ਚਾਹੀਦੀ ਹੈ। ਚਾਹੇ ਸਖਤ ਕਾਨੂੰਨ ਬਣਾਇਆ ਜਾਵੇ ਤਾਂ ਕਿ ਜਿਹੜੇ ਲੋਕ ਇਹ ਜ਼ਹਿਰ ਵੇਚਦੇ ਹਨ ਅਤੇ ਪੰਜਾਬ ਦੀ ਜਵਾਨੀ ਨੂੰ ਤਬਾਹ ਕਰਨ ਵਾਲੇ ਪਾਸੇ ਲੱਗੇ ਹੋਏ ਹਨ, ਉਨ੍ਹਾਂ ਨੂੰ ਡਰ ਹੋਵੇ, ਡਰਾਵਾ ਹੋਵੇ ਅਤੇ ਆਪਣੇ ਬੱਚੇ ਇਸ ਮਾੜੀ ਆਦਤ ਤੋਂ ਬੱਚ ਸਕਣ। ਸਾਡੇ ਇਹ ਬੱਚੇ ਸਾਡੇ ਦੇਸ਼ ਦਾ ਭਵਿੱਖ ਹਨ, ਸਾਡੇ ਸਮਾਜ ਦਾ ਭਵਿੱਖ ਹਨ। ਜੇਕਰ ਨੌਜਵਾਨਾਂ ਦੀ ਜਵਾਨੀ ਨੂੰ ਅਸੀਂ ਨਾ ਬਚਾਇਆ ਤਾਂ ਮੈਂ ਸਮਝਦਾ ਹਾਂ ਕਿ ਸਾਡੀ ਸਟੇਟ ਵਾਸਤੇ ਕੋਈ ਵਫਾਦਾਰੀ ਨਹੀਂ ਹੋਵੇਗੀ, ਚੰਗੀ ਸੋਚ ਨਹੀਂ ਹੋਵੇਗੀ। ਸੋ, ਨਸ਼ਿਆਂ ਦੀ ਰੋਕਥਾਮ ਵਾਸਤੇ ਸਾਨੂੰ ਤਕੜੇ ਹੋ ਕੇ ਕੋਈ ਉਪਰਾਲਾ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਜ਼ਿਮੀਂਦਾਰਾਂ ਦੀ ਹਾਲਤ ਸੁਧਾਰਨ ਵਾਸਤੇ ਸਮੇਂ-ਸਮੇਂ ਤੇ ਸਮੇਂ ਦੀਆਂ ਸਰਕਾਰਾਂ ਨੇ ਆਪਣੇ ਫਰਜ਼ ਪੂਰੇ ਕੀਤੇ। ਹਿੰਦੁਸਤਾਨ ਤੇ ਪਹਿਲੇ ਪ੍ਰਧਾਨ ਮੰਤਰੀ, ਪੰਡਿਤ ਜਵਾਹਰ ਲਾਲ ਨਹਿਰੂ ਜੀ ਦੀ ਪੰਜਾਬ ਨੂੰ ਬਹੁਤ ਵੱਡੀ ਦੇਣ ਹੈ। ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ, ਉਨ੍ਹਾਂ ਨੇ ਏਥੇ ਪੰਜਾਬ ਵਿੱਚ ਸਥਾਪਤ ਕੀਤੀ ਜਿਸ ਦਾ ਸਾਰੀ ਸਟੇਟ ਨੂੰ ਸਾਰੇ ਦੇਸ਼ ਨੂੰ ਫਾਇਦਾ ਹੋਇਆ। ਇਸ ਯੂਨੀਵਰਸਿਟੀ ਦੀਆਂ ਚੰਗੀਆਂ ਸਕੀਮਾਂ ਸਦਕਾ, ਚੰਗੀਆਂ ਖੋਜਾਂ ਸਦਕਾ ਏਥੇ ਗ੍ਰੀਨ ਰੈਵੋਲਿਊਸ਼ਨ ਆਇਆ ਅਤੇ ਹੋਰ ਕਈ ਖੇਤਰਾਂ ਵਿੱਚ ਸਾਡੇ ਜ਼ਿਮੀਂਦਾਰਾਂ ਨੇ ਤਰੱਕੀ ਕੀਤੀ। ਅਸੀਂ ਚਾਹੁੰਦੇ ਹਾਂ ਕਿ ਅੱਜ ਦੇ ਯੁੱਗ ਵਿੱਚ ਜੇ ਅਸੀਂ ਦੁਨੀਆਂ ਨੂੰ, ਇਨ੍ਹਾਂ ਦੇ ਨਾਲ ਮਿਲਾਉਣਾ ਹੈ ਤਾਂ ਰਿਸਰਚ ਐਂਡ ਡਿਵੈਲਪਮੈਂਟ ਫੰਡ ਇਸ ਯੂਨੀਵਰਸਿਟੀ ਨੂੰ ਹੋਰ ਮੁਹੱਈਆ ਕਰਵਾਏ ਜਾਣ ਕਿਉਂਕਿ ਹੁਣ ਉਨ੍ਹਾਂ ਦਾ ਕੰਮ ਲਗਭੱਗ ਠੰਢਾ ਪੈ ਪਿਆ ਹੈ। ਫੰਡਾਂ ਦੀ ਘਾਟ ਕਾਰਨ ਉਥੇ ਨਾ ਕੋਈ ਨਵੀਂ ਖੋਜ ਹੋ ਰਹੀ ਹੈ ਅਤੇ ਨਾ ਹੀ ਨਵੀ ਚੀਜ਼ ਪੰਜਾਬ ਦੇ ਲੋਕਾਂ ਨੂੰ ਉਥੋਂ ਮਿਲ ਰਹੀ ਹੈ। ਇਸ ਗੱਲ ਵੱਲ ਸਾਨੂੰ ਬਹੁਤ ਛੇਤੀ ਅਤੇ ਜ਼ਰੂਰੀ ਧਿਆਨ ਦੇਣਾ ਚਾਹੀਦਾ ਹੈ।

Original with;
Punjab Vidhan Sabha
Digitized by;

ਸਪੀਕਰ ਸਾਹਿਬ, ਅੱਜ ਸਾਡੀ ਪ੍ਰਾਈਵੇਟਾਈਜ਼ੇਸ਼ਨ ਦੀ ਬੜੀ ਪ੍ਰਬੱਲ ਇੱਛਾ ਹੋ ਗਈ ਹੈ ਅਤੇ ਅੱਜ ਸੂਬੇ ਵਿੱਚ ਸੋਚ ਹੈ ਕਿ ਬਿਜਲੀ ਬੋਰਡ ਨੂੰ ਪ੍ਰਾਈਵੇਟਾਈਜ਼ ਕੀਤਾ ਜਾਏ। ਸ਼ੂਗਰ ਮਿੱਲਾਂ ਨੂੰ ਵੀ ਪ੍ਰਾਈਵੇਟਾਈਜ਼ ਕਰਨ ਵਾਲੇ ਪਾਸੇ ਸੋਚਿਆ ਜਾ ਰਿਹਾ ਹੈ। ਮੈਂ ਸਮਝਦਾ ਹਾਂ ਕਿ ਇਹ ਸਾਡੀ ਸਮੱਸਿਆ ਦਾ ਹੱਲ ਨਹੀਂ ਹੈ। ਇਸ ਪਾਸੇ ਸੋਚਣ ਦੀ ਬਜਾਏ ਜਿਹੜੇ ਲੋਕ ਇਨ੍ਹਾਂ ਅਦਾਰਿਆਂ ਨੂੰ ਡੇਗਣ ਲਈ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਇਮਾਨਦਾਰੀ ਨਾਲ ਕੰਮ ਨਹੀਂ ਕੀਤਾ ਅਤੇ ਆਪਣੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਨਹੀਂ ਨਿਭਾਈ, ਉਨ੍ਹਾਂ ਲੋਕਾਂ ਨਾਲ ਸਖਤ ਹੱਥਾਂ ਨਾਲ ਨਿਪਟਣਾ ਚਾਹੀਦਾ ਹੈ ਕਿਉਂਕਿ ਬਿਜਲੀ ਬੋਰਡ ਦੀ ਬਹੁਤ ਵੱਡੀ ਦੇਣ ਹੈ। ਬਿਜ਼ਲੀ ਬੋਰਡ ਇਕ ਬਹੁਤ ਵੱਡਾ ਅਦਾਰਾ ਹੈ। ਜੇ ਕੋਈ ਇਥੇ ਬੰਦਾ ਕੁਰੱਪਟ ਹੈ, ਜਾਂ ਕੰਮ ਠੀਕ ਨਹੀਂ ਕਰਦਾ ਤਾਂ ਉਨ੍ਹਾਂ ਵੱਲ ਜ਼ਰੂਰ ਸੋਚਣਾ ਚਾਹੀਦਾ ਹੈ। ਅਸੀਂ ਕੇਵਲ ਇਕ ਪਾਸੇ ਹੀ ਤੁਰਦੇ ਹਾਂ। ਹਰ ਚੀਜ਼ ਨੂੰ ਪ੍ਰਾਈਵੇਟ ਕਰਨ ਬਾਰੇ ਹੀ ਅਸੀਂ ਸੋਚਣਾ ਸ਼ੁਰੂ ਕਰ ਦਿੱਤਾ ਹੈ, ਇਹ ਸਟੇਟ ਦੇ ਹਿੱਤ ਵਿਚ ਨਹੀਂ ਹੈ। ਸਪੀਕਰ ਸਾਹਿਬ, ਅੱਜ ਵਾਟਰ-ਲੈਵਲ ਦੀ ਸਮੱਸਿਆ ਹੈ। ਪਾਣੀ ਦਾ ਲੈਵਲ ਦਿਨ-ਬਦਿਨ ਥੱਲੇ ਨੂੰ ਜਾ ਰਿਹਾ ਹੈ। ਇਸ ਦੀ ਸਾਨੂੰ ਚਿੰਤਾ ਹੈ ਅਤੇ ਸਾਨੂੰ ਕੋਈ ਉਪਰਾਲੇ ਜ਼ਰੂਰ ਕਰਕੇ ਗਰਾਊਂਡ ਵਾਟਰ ਰੀ-ਚਾਰਜਿੰਗ ਕਰਨ ਵਾਸਤੇ ਅਤੇ ਟਿਊਬਵੈੱਲ ਲਗਾਉਣ ਵਾਸਤੇ ਫੰਡ ਮੁਹੱਈਆ ਕਰਨੇ ਚਾਹੀਦੇ ਹਨ। ਜਿੰਨਾ ਪਾਣੀ ਅਸੀਂ ਕਢਦੇ ਹਾਂ, ਸਾਨੂੰ ਉਸ ਘਾਟ ਨੂੰ ਪੂਰਾ ਕਰਨ ਵਾਸਤੇ ਸਰਕਾਰੀ ਪੱਧਰ ਉਤੇ ਠੋਸ ਕਦਮ ਚੁੱਕਣ ਵਾਸਤੇ ਉਪਰਾਲੇ ਕਰਨੇ ਚਾਹੀਦੇ ਹਨ। ਸਪੀਕਰ ਸਾਹਿਬ, ਨਹਿਰੀ ਪਾਣੀ ਦੀ ਕਿਸਾਨਾਂ ਨੂੰ ਫਰਵਰੀ ਅਤੇ ਮਾਰਚ ਦੇ ਮਹੀਨੇ ਵਿਚ ਲੋੜ ਨਹੀਂ ਹੁੰਦੀ ਅਤੇ ਸਰਪਲੱਸ ਹੁੰਦਾ ਹੈ। ਉਹ ਟੋਲਾਂ ਤੇ ਜਾਂਦਾ ਹੈ ਅਤੇ ਉਥੇ ਜਾ ਕੇ ਫਾਇਦੇ ਦੀ ਬਜਾਏ ਨੁਕਸਾਨ ਕਰਦਾ ਹੈ। ਉਸ ਨੂੰ ਰੀ-ਚਾਰਜਿੰਗ ਤਰੀਕੇ ਨਾਲ ਕਿਵੇਂ ਵਰਤੋਂ ਵਿਚ ਲਿਆਂਦਾ ਜਾਣਾ ਹੈ ਅਤੇ ਕਿਹੜੇ ਸਾਧਨਾਂ ਦੀ ਇਸ ਵਾਸਤੇ ਲੋੜ ਹੈ, ਇਸ ਬਾਰੇ ਵੀ ਸੋਚਣਾ ਚਾਹੀਦਾ ਹੈ ਕਿਉਂਕਿ ਇਹ ਬੜੀ ਵੱਡੀ ਸਮੱਸਿਆ ਹੈ। ਸਾਡਾ ਗਰਾਊਂਡ ਵਾਟਰ ਲੈਵਲ ਦਿਨੋ-ਦਿਨ ਥੱਲੇ ਜਾ ਰਿਹਾ ਹੈ। ਇਸ ਨੂੰ ਪੂਰਾ ਕਰਨ ਵਾਸਤੇ, ਇਸ ਨੂੰ ਬਚਾਉਣ ਵਾਸਤੇ ਅਤੇ ਪੰਜਾਬ ਦੀ ਖੁਸ਼ਹਾਲੀ ਲਈ ਜ਼ਰੂਰੀ ਹੈ ਕਿ ਸਰਕਾਰ ਵੱਲੋਂ ਇਸ ਪਾਸੇ ਵੱਲ ਪੂਰਾ ਧਿਆਨ ਦਿੱਤਾ ਜਾਵੇ।

**ਮਾਨਯੋਗ ਸਪੀਕਰ** : ਵਾਈਂਡ ਅੱਪ ਕਰੋ ਜੀ।

**ਸਰਦਾਰ ਸੁੱਚਾ ਸਿੰਘ ਛੋਟੇਪੁਰ** : ਬੱਸ, ਮੈਂ ਥੋੜ੍ਹਾ ਜਿਹਾ ਸਮਾਂ ਹੀ ਹੋਰ ਲਵਾਂਗਾ। ਗੁਰੂ ਗੋਬਿੰਦ ਸਿੰਘ ਮਾਰਗ ਕਿਸੇ ਵੇਲੇ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਬਣਾਇਆ ਸੀ। ਉਸ ਦੀ ਹਾਲਤ ਚੰਗੀ ਨਹੀਂ ਅਤੇ ਦੇਖ ਕੇ ਦੁੱਖ ਹੁੰਦਾ ਹੈ। ਕੈਪਟਨ ਅਮਰਿੰਦਰ ਸਿੰਘ ਹੋਰਾਂ ਦੀ ਜਦੋਂ ਦੀ ਸਰਕਾਰ ਆਈ ਹੈ, ਇਸ ਨੇ ਇਸ ਪੱਖ ਤੋਂ ਕਈ ਚੰਗੀਆਂ ਗੱਲਾਂ ਕੀਤੀਆਂ ਹਨ। ਮੇਰੀ ਬੇਨਤੀ ਹੈ ਕਿ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਵੀ ਸਮੇਂ ਦੇ ਅਨੁਕੂਲ ਜਿਸ ਤਰ੍ਹਾਂ ਆਮ ਸੜਕਾਂ ਨੂੰ ਉਚਾ ਅਤੇ ਚੌੜਾ ਕੀਤਾ ਜਾ ਰਿਹਾ ਹੈ, ਇਸ ਮਾਰਗ ਨੂੰ ਵੀ ਚੌੜਾ ਅਤੇ ਉਚਾ ਕਰਨਾ ਚਾਹੀਦਾ ਹੈ, ਸੁੰਦਰ ਬਣਾਉਣਾ ਚਾਹੀਦਾ ਹੈ। ਉਸ ਮਾਰਗ ਉਤੇ ਚਲਦਿਆਂ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੀ ਯਾਦ ਆਉਂਦੀ ਹੈ ਜਿਨ੍ਹਾਂ ਦਾ ਇਸ ਮਾਨਵਤਾ, ਸਟੇਟ ਅਤੇ ਸਾਰੇ ਮੁਲਕ ਉਤੇ ਬੜਾ ਮਿਹਰ ਭਰਿਆ ਹੱਥ ਹੈ। ਇਸ ਪਾਸੇ ਵੱਲ ਦੀ ਕੋਈ ਸਪੈਸ਼ਲ ਫੰਡ ਅਰੇਂਜ ਕਰਨੇ ਚਾਹੀਦੇ ਹਨ। ਸਪੀਕਰ ਸਾਹਿਬ, ਕੈਪਟਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਕੰਵਲਜੀਤ ਸਿੰਘ ਹੋਰਾਂ ਨੇ ਕੱਲ੍ਹ ਬਜਟ ਸਪੀਚ ਤੇ ਬੋਲਦੇ ਹੋਏ ਕਿਹਾ ਸੀ ਕਿ ਅਸੀਂ ਪਛੜੀਆਂ ਸ਼੍ਰੇਣੀਆਂ ਦੀ ਹਾਲਤ ਸੁਧਾਰਨ ਵਾਸਤੇ ਬੜੇ ਉਪਰਾਲੇ ਕੀਤੇ ਹਨ। ਇਹ ਬੜਾ ਜ਼ਰੂਰੀ ਹੈ।

ਜੇਕਰ ਅਸੀਂ ਗਰੀਬਾਂ ਦੀ ਦਸ਼ਾ ਨਹੀਂ ਸੁਧਾਰਾਂਗੇ ਤਾਂ ਸਾਡਾ ਸਮਾਜ ਤਰੱਕੀ ਨਹੀਂ ਕਰ ਸਕੇਗਾ। ਅਸੀਂ ਕੱਲ੍ਹ ਉਨ੍ਹਾਂ ਦੀ ਗਿਣਤੀ 31% ਦੱਸੀ ਸੀ। ਅਸੀਂ ਸਾਰੇ ਜਾਣਦੇ ਹਾਂ ਨੌਕਰੀਆਂ ਵਿਚ, ਇਲੈਕਸ਼ਨਾਂ ਵਿਚ, ਅਸੈਂਬਲੀਆਂ ਅਤੇ ਪਾਰਲੀਮੈਂਟ ਵਿਚ ਉਨ੍ਹਾਂ ਦੀ ਰਿਜ਼ਰਵੇਸ਼ਨ ਪੂਰੀ ਹੈ। ਇਸ ਬਾਰੇ ਮੈਨੂੰ ਪੂਰੀ ਡਿਟੇਲ ਵਿਚ ਜਾਣਕਾਰੀ ਨਹੀਂ ਹੈ। ਮੈਨੂੰ ਦੁੱਖ ਇਸ ਗੱਲ ਦਾ ਹੈ ਕਿ ਮਿਉਂਸਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਵਿਚ ਜਿਹੜੀਆਂ ਹੁਣੇ ਜਿਹੇ ਹੋ ਕੇ ਹਟੀਆਂ ਹਨ, ਉਥੇ ਇਨ੍ਹਾਂ ਦੀ ਕੋਈ ਵੀ ਰਿਜ਼ਰਵੇਸ਼ਨ ਪੂਰੀ ਨਹੀਂ ਹੈ। ਜੇ ਕਿਤੇ 15 ਵਾਰਡ ਹਨ ਤਾਂ ਕੇਵਲ ਇਕੋ ਹੀ ਰਿਜ਼ਰਵ ਹੈ। ਇਥੇ ਬਹੁਤ ਸਾਰੇ ਵੀਰ ਇਸ ਸ਼੍ਰੇਣੀ ਨਾਲ ਸਬੰਧਤ ਬੈਠੇ ਹੋਣਗੇ ਜਿਹੜੇ ਕਹਿੰਦੇ ਹਨ ਕਿ ਅਸੀਂ ਬੜੇ ਅਮਨ-ਅਮਾਨ ਨਾਲ ਮਿਉਂਸਪਲ ਚੋਣਾਂ ਕਰਵਾ ਕੇ ਆਏ ਹਾਂ। ਅੱਜ ਉਨ੍ਹਾਂ ਵਿਚੋਂ ਕਿਸੇ ਨੇ ਵੀ ਇਸ ਬਾਰੇ ਸੋਚਿਆ ਹੀ ਨਹੀਂ। ਇਹ ਰੇਸ਼ੋ ਮਿਉਂਸਪਲ ਕਮੇਟੀਆਂ ਵਿਚ ਵੀ ਪੂਰੀ ਹੋਣੀ ਚਾਹੀਦੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਚੰਗਾ ਕੀਤਾ ਕਿ ਸਾਰੀਆਂ ਇਲੈਕਸ਼ਨਾਂ ਕਰਵਾਈਆਂ। ਪੰਚਾਇਤ ਸੰਮਤੀਆਂ ਦੀਆਂ, ਜ਼ਿਲ੍ਹਾ ਪ੍ਰੀਸ਼ਦਾਂ ਦੀਆਂ, ਕਾਰਪੋਰੇਸ਼ਨਾਂ ਦੀਆਂ ਅਤੇ ਮਿਉਂਸਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਅਮਨੋ-ਅਮਾਨ ਨਾਲ ਹੋਈਆਂ, ਬੜੀਆਂ ਵਧੀਆ ਹੋਈਆਂ ਅਤੇ ਇਸ ਦੀ ਅਸੀਂ ਪ੍ਰਸ਼ੰਸਾ ਕਰਦੇ ਹਾਂ। ਪਰ ਸਪੀਕਰ ਸਾਹਿਬ ਜਦੋਂ ਆਫਿਸ ਬੀਅਰਰਜ਼ ਦੀਆਂ ਇਲੈਕਸ਼ਨਾਂ ਦੀ ਗੱਲ ਆਈ ਹੈ, ਉਥੇ ਕਈ ਗਲਤੀਆਂ ਵੀ ਹੋਈਆਂ ਹਨ, ਜ਼ਿਆਦਤੀਆਂ ਵੀ ਹੋਈਆਂ ਹਨ। ਕੈਪਟਨ ਕੰਵਲਜੀਤ ਸਿੰਘ ਜੀ ਇੱਥੇ ਬੈਠੇ ਹਨ, ਜਦੋਂ ਇਹ ਕੱਲ੍ਹ ਜਾ ਰਹੇ ਸਨ ਤਾਂ ਮੈਂ ਇਨ੍ਹਾਂ ਨੂੰ ਪੁੱਛਿਆ ਕਿ ਕੀ ਗੱਲ ਹੈ ਤੁਸੀਂ ਬੜੇ ਅਹਿਸਤਾ-ਅਹਿਸਤਾ ਤੁਰ ਰਹੇ ਹੋ ? ਉਨ੍ਹਾਂ ਨੇ ਮੈਨੂੰ ਕਿਹਾ ਕਿ ਮੇਰੇ ਨਾਲ ਇਲੈਕਸ਼ਨ ਵਿੱਚ ਮੈਨ-ਹੈਂਡਲਿੰਗ ਹੋਈ ਹੈ। ਇਹ ਬੜੀ ਸ਼ਰਮਨਾਕ ਗੱਲ ਹੈ। ਜੇ ਸਾਡੇ ਨਾਲ, ਚੁਣੇ ਹੋਏ ਨੁਮਾਇੰਦਿਆਂ ਨਾਲ ਕੋਈ ਵਿਅਕਤੀ ਇਸ ਤਰ੍ਹਾਂ ਕਰੇ ਤਾਂ ਸਾਨੂੰ ਉਸਦਾ ਨੋਟਿਸ ਜ਼ਰੂਰ ਲੈਣਾ ਚਾਹੀਦਾ ਹੈ। ਇਲੈਕਸ਼ਨਾਂ ਹੁੰਦੀਆਂ ਰਹਿੰਦੀਆਂ ਹਨ, ਸਰਕਾਰਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ, ਪਰ ਸਰਕਾਰ ਤੇ ਇਲੈਕਸ਼ਨ ਠੀਕ ਤਰੀਕੇ ਨਾਲ ਕਰਵਾਉਣ ਦੀ ਜ਼ਿੰਮੇਵਾਰੀ ਆਉਂਦੀ ਹੈ। ਚੁਣੇ ਹੋਏ ਨੁਮਾਇੰਦਿਆਂ ਦੇ ਨਾਲ ਗਲਤ ਵਤੀਰਾ ਜਿਹੜਾ ਵੀ ਬੰਦਾ ਕਰਦਾ ਹੈ, ਉਸਦੇ ਉਤੇ ਸਾਨੂੰ ਸਭ ਨੂੰ ਇਕ ਮੁੱਠ ਹੋ ਕੇ ਇਕ ਜ਼ੁਬਾਨ ਹੋ ਕੇ ਬੋਲਣਾ ਚਾਹੀਦਾ ਹੈ। ਇਹ ਮੇਰਾ ਸਾਥੀ ਹੈ ਤਰਨ ਤਾਰਨ ਤੋਂ। ਬੜੇ ਦੁੱਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਇਨ੍ਹਾਂ ਦੇ ਇਲੈਕਸ਼ਨਾਂ ਨੂੰ ਕਈ ਵੇਰ ਪੋਸਟ-ਪੋਨ ਕੀਤਾ ਗਿਆ ਤਾਂ ਕਿ ਇਨ੍ਹਾਂ ਦੀ ਮਰਜ਼ੀ ਦਾ ਬੰਦਾ ਉਥੇ ਇਲੈਕਟ ਨਾ ਹੋਵੇ। ਇਹ ਮੈਂ ਸਮਝਦਾ ਹਾਂ ਕਿ ਸਰਕਾਰ ਦੀ ਮਨਸ਼ਾ ਤਾਂ ਬਹੁਤ ਚੰਗੀ ਹੈ ਪਰ ਕਦੇ-ਕਦੇ ਅਫਸਰਸ਼ਾਹੀ ਜਿਹੜੀ ਹੈ, ਉਹ ਇਨ੍ਹਾਂ ਤੋਂ ਪਾਸੇ ਜਾ ਕੇ ਜ਼ਿਆਦਤੀ ਕਰਦੀ ਹੈ। ਸਰਕਾਰ ਨੂੰ ਇਸ ਦੇ ਵੱਲ ਧਿਆਨ ਦੇਣਾ ਚਾਹੀਦਾ ਹੈ। ਇਥੇ ਮਲੇਰਕੋਟਲਾ ਤੋਂ ਐਮ.ਐਲ.ਏ. ਬੀਬੀ ਰਜ਼ੀਆ ਸੁਲਤਾਨਾ ਨੇ ਵੀ ਅਫਸਰਸ਼ਾਹੀ ਬਾਰੇ ਜ਼ਿਕਰ ਕੀਤਾ ਸੀ। ਮੈਂ ਵੀ ਚਾਹੁੰਦਾ ਹਾਂ ਕਿ ਸਾਨੂੰ ਵੀ ਇਸ ਵਿਸ਼ੇ ਵੱਲ ਧਿਆਨ ਦੇਣਾ ਚਾਹੀਦਾ ਹੈ। ਸਾਡੇ ਤਾਂ ਮੁੱਖ ਮੰਤਰੀ ਸਾਹਿਬ ਨੇ ਆਪ ਵੀ ਮੰਨ

Original with;
Punjab Vidhan Sabha
Digitized by;

ਲਿਆ ਹੈ ਕਿ ਬਾਹਰ ਕੁਰੱਪਸ਼ਨ ਹੁੰਦੀ ਹੈ, ਅਤੇ ਮੇਰੇ ਕੋਲ ਕੋਈ ਜਾਦੂ ਦੀ ਛੜੀ ਨਹੀਂ ਜਿਸਦੇ ਨਾਲ ਮੈਂ ਇਸ ਨੂੰ ਰਾਤੋ ਰਾਤ ਖਤਮ ਕਰ ਦਿਆਂ। ਮੈਂ ਖਤਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਇਸ ਲਈ ਸਾਨੂੰ ਵੀ ਠੋਕ ਕੇ ਇਸ ਬਾਰੇ ਗੱਲ ਕਰਨੀ ਚਾਹੀਦੀ ਹੈ।

**Mr. Speaker :** Please wind-up.

**ਸਰਦਾਰ ਸੁੱਚਾ ਸਿੰਘ ਛੋਟੇਪੁਰ :** ਸਪੀਕਰ ਸਾਹਿਬ, ਇਥੇ ਸੂਬੇ ਦੇ ਹਾਲਾਤ ਨੂੰ ਕੰਟਰੋਲ ਕਰਨ ਲਈ ਪੁਲਿਸ ਨੂੰ ਸਟਰੈਂਗਥਨ ਕਰਨ ਦੀ ਗੱਲ ਕੀਤੀ ਗਈ ਹੈ ਕਿ ਪੁਲਿਸ ਨੂੰ ਪਾਵਰਾਂ ਦਿੱਤੀਆਂ ਜਾਣ, ਨਵੀਆਂ ਚੀਜ਼ਾਂ ਮੁਹੱਈਆਂ ਕੀਤੀਆਂ ਜਾਣ ਅਤੇ ਨਵੇਂ ਹਥਿਆਰ ਦਿੱਤੇ ਜਾਣ, ਫਿਰ ਹੀ ਸੂਬੇ ਵਿੱਚ ਅਮਨ ਹੋ ਸਕਦਾ ਹੈ। ਮੈਂ ਸਮਝਦਾ ਹਾਂ ਕਿ ਸੂਬੇ ਵਿੱਚ ਤੱਦ ਤੱਕ ਅਮਨ ਨਹੀਂ ਹੋ ਸਕਦਾ ਜਦੋਂ ਤੱਕ ਐਸ.ਪੀ.ਓ. ਅਤੇ ਹੋਮ ਗਾਰਡ ਲੋਕਾਂ ਨੂੰ ਬਿਹਤਰ ਸਹੂਲਤਾਂ ਨਹੀਂ ਦਿੱਤੀਆਂ ਜਾਂਦੀਆਂ, ਜਿਨ੍ਹਾਂ ਨੇ, ਸਪੀਕਰ ਸਾਹਿਬ, ਜਦੋਂ ਮਾੜੇ ਦਿਨ ਸੀ, ਉਦੋਂ ਵੱਡੇ-ਵੱਡੇ ਅਫਸਰ ਜਿਹੜੇ ਵੀਹ-ਵੀਹ ਹਜ਼ਾਰ ਰੁਪਏ ਤਨਖਾਹਾਂ ਲੈਂਦੇ ਸਨ, ਵਰਦੀਆਂ ਲਾਹ ਕੇ ਭੱਜ ਗਏ ਸਨ ਅਤੇ ਬਹੁਤ ਸਾਰੇ ਵਿਦੇਸ਼ਾਂ ਵਿੱਚ ਚਲੇ ਗਏ ਸਨ, ਉਸ ਵੇਲੇ ਮੌਤ ਦੇ ਮੂੰਹ ਵਿੱਚ ਪਾਉਣ ਲਈ ਐਸ.ਪੀ.ਓਜ਼. ਅਤੇ ਹੋਮ ਗਾਰਡ ਵਾਲਿਆਂ ਨੂੰ ਅੱਗੇ ਲਗਾਇਆ ਸੀ। ਅੱਜ ਉਨ੍ਹਾਂ ਦੀ ਹਾਲਤ ਬੜੀ ਮਾੜੀ ਹੈ। ਜੇ ਅਸੀਂ ਅੱਜ ਉਨ੍ਹਾਂ ਦੇ ਭਵਿੱਖ ਬਾਰੇ ਨਾ ਸੋਚਿਆ, ਉਨ੍ਹਾਂ ਨੂੰ ਬਕਾਇਦਾ ਕੰਸਟੇਬਲ ਦਾ ਨੰਬਰ ਦੇਣ ਬਾਰੇ ਕੋਈ ਕਦਮ ਨਾ ਚੁੱਕਿਆ ਤਾਂ ਉਨ੍ਹਾਂ ਨਾਲ ਬੇਇਨਸਾਫੀ ਹੋਵੇਗੀ। ਪੁਰਾਣੇ ਪੁਲਿਸ ਵਾਲਿਆਂ ਨੂੰ ਜਿੰਨੀਆਂ ਮਰਜ਼ੀ ਸਹੂਲਤਾਂ ਦੇਈ ਜਾਵੋ ਲੇਕਿਨ ਇਨ੍ਹਾਂ ਨੂੰ ਜ਼ਰੂਰ ਨੌਕਰੀ ਦੇਣੀ ਚਾਹੀਦੀ ਹੈ ਤਾਂ ਹੀ ਇਹ ਸੂਬੇ ਲਈ ਮਰਨ ਵਾਸਤੇ ਸੋਚਣਗੇ। ਸਾਨੂੰ ਆਪਣੇ ਨਿੱਕੇ ਮੁਲਾਜ਼ਮਾਂ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਸਾਡੇ ਸੂਬੇ ਦੀ ਬੜੀ ਚੰਗੀ ਜ਼ਮੀਰ ਹੈ। ਬੀ.ਐਸ.ਐਫ., ਸੀ.ਆਰ.ਪੀ.ਐਫ., ਆਈ.ਟੀ.ਬੀ.ਪੀ. ਦੀਆਂ ਇੱਥੇ ਛਾਉਣੀਆਂ ਬਣ ਰਹੀਆਂ ਹਨ। ਤੁਸੀਂ ਆਪਣੇ ਸੂਬੇ ਵਿੱਚ ਆਪਣੇ ਬੱਚਿਆਂ ਨੂੰ ਟਰੇਂਡ ਕਰੋ ਅਤੇ ਉਨ੍ਹਾਂ ਲਈ ਨਵੀਆਂ ਕੰਪਨੀਆਂ ਤਿਆਰ ਕਰੋ। ਇਸ ਨਾਲ ਬੇਰੁਜ਼ਗਾਰੀ ਵੀ ਖਤਮ ਹੋਵੇਗੀ। ਜਿਹੜੇ ਨੌਜਵਾਨ ਇਸ ਵੇਲੇ ਧੱਕੇ ਖਾ ਰਹੇ ਹਨ, ਉਹ ਰੋਜ਼ਗਾਰ ਤੇ ਲੱਗ ਜਾਣਗੇ। ਸਪੀਕਰ ਸਾਹਿਬ, ਤੁਸੀਂ ਤਾਂ ਆਪ ਅੱਤਵਾਦ ਆਪਣੇ ਸਰੀਰ ਤੇ ਹੰਢਾਇਆ ਹੈ। ਸੋ, ਸਾਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਅਤੇ ਆਪਣੀਆਂ ਪੁਲਿਸ ਕੰਪਨੀਆਂ ਤਿਆਰ ਕਰਨੀਆਂ ਚਾਹੀਦੀਆਂ ਹਨ। ਸਾਡੀ ਲੜਾਈ ਦੇਸ਼ ਦੇ ਦੂਜੇ ਲੋਕ ਨਹੀਂ ਲੜ ਸਕਦੇ। ਅਸੀਂ ਦੇਸ਼ ਪ੍ਰਤੀ ਵਫਾਦਾਰ ਹਾਂ।

**Mr. Speaker :** Resume your seat.

**ਸਰਦਾਰ ਸੁੱਚਾ ਸਿੰਘ ਛੋਟੇਪੁਰ :** ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਆਸ ਕਰਦਾ ਹਾਂ ਕਿ ਜੋ ਸੁਝਾਅ ਸਰਦਾਰ ਲਾਲ ਸਿੰਘ ਜੀ ਦੇ ਨੋਟਿਸ ਵਿੱਚ ਲਿਆਂਦੇ ਹਨ, ਉਨ੍ਹਾਂ ਤੇ ਜ਼ਰੂਰ ਅਮਲ ਹੋਵੇਗਾ। ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਅਜ਼ਾਦ ਮੈਂਬਰਾਂ ਨੂੰ ਬਜਟ ਤੇ ਬੋਲਣ ਦਾ ਸਮਾਂ ਦਿੱਤਾ ਹੈ। ਧੰਨਵਾਦ।

**ਸ਼੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ) :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ । ਮੈਂ ਇਹ ਸਾਰਾ ਬਜਟ ਪੜ੍ਹਿਆ ਹੈ। ਵੱਖ-ਵੱਖ ਮਹਿਕਮਿਆਂ ਨਾਲ ਸੰਬੰਧਿਤ ਕਿੰਨਾ ਬਜਟ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਤਿਕਸ਼ਨ ਸੂਦ]

ਰੱਖਿਆ ਹੈ, ਇਹ ਮੈਂ ਪੜ੍ਹਿਆ ਹੈ। ਪੰਨਾ ਨੰ: 2 ਤੇ ਚਾਰ ਕੁ ਲਾਈਨਾਂ ਮੈਂ ਪੜ੍ਹਨੀਆਂ ਚਾਹੁੰਦਾ ਹਾਂ ਤੇ ਜ਼ਿਆਦਾ ਗੱਲ ਮੈਂ ਇਸੇ ਤੇ ਹੀ ਕਰਨੀ ਹੈ :

> "ਇਸ ਲਈ ਸਰਕਾਰ ਨੇ ਸਾਲ 2003-04 ਨੂੰ ਵਿਕਾਸ ਦਾ ਸਾਲ ਘੋਸ਼ਿਤ ਕਰਨ ਦਾ ਫੈਸਲਾ ਕੀਤਾ ਹੈ। ਇਸ ਪ੍ਰਕ੍ਰਿਆ ਵਿੱਚ ਹੁਕਮਰਾਨ ਪਾਰਟੀ ਦੁਆਰਾ ਗਰੀਬੀ ਨੂੰ ਘੱਟ ਕਰਨ, ਸਮਾਜਿਕ ਨਿਆਂ, ਕਮਜ਼ੋਰ ਤਬਕਿਆਂ ਨੂੰ ਉਚਾ ਚੁੱਕਣ, ਧਰਮ ਨਿਰਪੇਖਤਾ ਅਤੇ ਭਾਈਚਾਰਕ ਇਕਸੁਰਤਾ ਦੀ ਬਰਕਰਾਰੀ, ਜਨਤਕ ਸ਼ਾਂਤੀ ਅਤੇ ਵਿਵਸਥਾ ਵਾਲੀ ਵਚਨਬੱਧਤਾ ਦਾ ਜ਼ਬਰਦਸਤ ਪ੍ਰਭਾਵ ਪਵੇਗਾ"।

ਸਪੀਕਰ ਸਾਹਿਬ, ਕੋਈ ਵੀ ਸੂਬਾ ਪਾਲਿਸੀਆਂ ਨਾਲ ਚਲਦਾ ਹੈ ਅਤੇ ਉਸ ਵਾਸਤੇ ਪਲਾਨਿੰਗ ਕੀਤੀ ਜਾਂਦੀ ਹੈ। ਇਨ੍ਹਾਂ ਪਾਲਿਸੀਆਂ ਅਤੇ ਪਲਾਨਿੰਗ ਨਾਲ ਹੀ ਫਿਰ ਸੂਬਾ ਚਲਦਾ ਹੈ। ਕਈ ਅੰਕੜੇ ਬਜਟ ਵਿੱਚ ਆਏ ਹਨ। ਹਰ ਮਹਿਕਮੇ ਨਾਲ ਸੰਬੰਧਿਤ ਅੰਕੜੇ ਆਏ ਹਨ ਪਰ ਅਗਰ ਪਾਲਿਸੀਆਂ ਅਤੇ ਪਲਾਨਿੰਗ ਨਾ ਹੋਵੇ ਤਾਂ ਅੰਕੜੇ ਇਸੇ ਤਰ੍ਹਾਂ ਹੀ ਰਹਿ ਜਾਂਦੇ ਹਨ। ਸਪੀਕਰ ਸਾਹਿਬ, ਜਿੱਥੋਂ ਤੱਕ ਵਿਕਾਸ ਵਰ੍ਹਾ ਮਨਾਉਣ ਦਾ ਸਵਾਲ ਹੈ, ਮੈਂ ਹੈਰਾਨ ਹਾਂ, 14 ਮਾਰਚ ਤੋਂ ਵਿਧਾਨ ਸਭਾ ਦਾ ਸੈਸ਼ਨ ਚੱਲ ਰਿਹਾ ਹੈ ਪਰ ਜੇ ਸੜਕਾਂ ਦੀ ਗੱਲ ਕਰਦੇ ਹਾਂ ਤਾਂ ਕਹਿੰਦੇ ਹਨ ਕਿ ਫੰਡਜ਼ ਨਹੀਂ ਹਨ ਔਰ ਆਉਣ ਵਾਲੇ ਸਾਲ ਵਿੱਚ ਵੀ ਕੋਈ ਸਕੀਮ ਨਹੀਂ ਹੈ। ਜੇ ਟਿਊਬਵੈਲ ਲਗਾਉਣ ਜਾਂ ਉਨ੍ਹਾਂ ਦੀ ਰਿਪੇਅਰ ਦੀ ਗੱਲ ਕੀਤੀ ਜਾਂਦੀ ਹੈ ਤਾਂ ਕਹਿੰਦੇ ਹਨ ਕਿ ਫੰਡਜ਼ ਨਹੀਂ ਹਨ ਔਰ ਨਾ ਹੀ ਆਉਣ ਵਾਲੇ ਸਾਲ ਵਿੱਚ ਇੰਤਜ਼ਾਮ ਕੀਤਾ ਜਾਵੇਗਾ। ਜਿਹੜੇ ਵਿਕਾਸ ਦੀ ਜ਼ਰੂਰਤ ਨਾਲ ਸੰਬੰਧਿਤ ਕੰਮ ਹਨ/ਲੋਕ ਭਲਾਈ ਦੇ ਕੰਮ ਹਨ ਤਾਂ ਉਨ੍ਹਾਂ ਬਾਰੇ ਜਦੋਂ ਹਾਊਸ ਵਿੱਚ ਗੱਲ ਕੀਤੀ ਜਾਂਦੀ ਹੈ ਤਾਂ ਵੀ ਆਉਣ ਵਾਲੇ ਸਾਲ ਜਿਸ ਲਈ ਇਹ ਬਜਟ ਪੇਸ਼ ਕੀਤਾ ਗਿਆ ਹੈ, ਵਿੱਚ ਕੋਈ ਗੱਲ ਨਹੀਂ ਕੀਤੀ ਜਾਂਦੀ। ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਇੱਕ ਸਾਲ ਕੈਪਟਨ ਸਾਹਿਬ ਦੀ ਸਰਕਾਰ ਦਾ ਬੀਤ ਗਿਆ ਹੈ। ਪਿਛਲੇ ਸਾਲ ਨੂੰ ਤਾਂ ਇਹ ਹੋਲੀਡੇ ਸਾਲ ਹੀ ਕਹਿੰਦੇ ਸਨ। ਉਹ ਸਾਲ ਤਾਂ ਬੀਤ ਗਿਆ ਹੈ ਪਰ ਹੁਣ ਕੀ ਵਿਕਾਸ ਹੋਵੇਗਾ, ਇਨ੍ਹਾਂ ਮੁਤਾਬਕ ਵਿਕਾਸ ਕਿਸ ਨੂੰ ਕਿਹਾ ਜਾਂਦਾ ਹੈ, ਇਸ ਦਾ ਪਤਾ ਨਹੀਂ। ਇਨ੍ਹਾਂ ਨੂੰ ਵਿਕਾਸ ਦੀ ਡੈਫੀਨੇਸ਼ਨ ਪਿੰਨ-ਪੁਆਇੰਟ ਕਰਨੀ ਚਾਹੀਦੀ ਹੈ। ਜਦੋਂ ਵੀ ਪਾਰਲੀਮੈਂਟ, ਐਮ.ਐਲ.ਏ., ਪੰਚਾਇਤ ਜਾਂ ਕਮੇਟੀਆਂ ਦੀ ਇਲੈਕਸ਼ਨ ਵਾਸਤੇ ਜਾਇਆ ਜਾਂਦਾ ਹੈ ਤਾਂ ਅੱਗੋਂ ਭਾਵੇਂ ਪੜ੍ਹਿਆ ਲਿਖਿਆ ਬੰਦਾ ਮਿਲੇ ਜਾਂ ਅਨਪੜ੍ਹ, ਉਹ ਇਹ ਹੀ ਕਹਿੰਦਾ ਹੈ ਕਿ ਉਸ ਵਾਸਤੇ ਵਿਕਾਸ ਇਹ ਹੀ ਹੈ ਕਿ ਕੀ ਸੜਕਾਂ ਠੀਕ ਹਨ, ਨਾਲੀਆਂ ਠੀਕ ਬਣੀਆਂ ਹਨ, ਲਾਈਟਾਂ ਦਾ ਇੰਤਜ਼ਾਮ ਹੈ/ਗੰਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਹੈ। ਮੈਨੂੰ ਇਸ ਸਰਕਾਰ ਦੇ ਬਜਟ ਵਿੱਚ ਕੋਈ ਐਸੀ ਚੀਜ਼ ਦੇਖਣ ਨੂੰ ਨਹੀਂ ਮਿਲਦੀ ਜਿਸ ਨਾਲ ਲੋਕਾਂ ਦੀਆਂ ਬੁਨਿਆਦੀ ਚੀਜ਼ਾਂ ਦੀ ਪੂਰਤੀ ਹੋ ਸਕੇ ਜਿਸ ਨਾਲ ਉਨ੍ਹਾਂ ਦਾ ਅਸਲੀ ਵਿਕਾਸ ਹੋਵੇ। ਸਾਡੀ ਸਰਕਾਰ ਪਿਛਲੇ ਪੰਜ ਸਾਲ ਚੱਲੀ—ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ। ਬਾਦਲ ਸਾਹਿਬ ਦੀ ਬਹੁਤ ਵਧੀਆ ਸੋਚ ਸੀ, ਸੰਗਤ

Original with;
Punjab Vidhan Sabha
Digitized by;

ਦਰਸ਼ਨ ਦੀ। ਇਸ ਨਾਲ ਲੋਕਾਂ ਵਿੱਚ ਜਾਣਾ, ਲੋਕਾਂ ਦੀਆਂ ਮੁਸ਼ਕਲਾਂ ਸੁਣਨੀਆਂ ਅਤੇ ਫਿਰ ਪਹਿਲ ਦੇ ਆਧਾਰ ਤੇ ਉਨ੍ਹਾਂ ਲਈ ਫੰਡਜ਼ ਮੁਹੱਈਆ ਕਰਵਾਉਣੇ। ਇਹ ਅਸਲੀ ਵਿਕਾਸ ਹੈ। ਸਾਡੇ ਜਿਹੜੇ ਵੀਰ ਰੂਲਿੰਗ ਪਾਰਟੀ ਦੇ ਹਨ, ਟਰੇਜ਼ਰੀ ਬੈਂਚਿਜ਼ ਦੇ ਹਨ, ਉਹ ਕਹਿੰਦੇ ਹਨ ਕਿ ਸੰਗਤ ਦਰਸ਼ਨ ਗਲਤ ਤਰੀਕਾ ਹੈ ਅਤੇ ਇਸ ਨੂੰ ਅਸੀਂ ਬੰਦ ਕਰਵਾਉਣਾ ਹੈ। ਮੈਂ ਕਹਿੰਦਾ ਹਾਂ ਕਿ ਅਸੀਂ ਚਾਦਰ ਦੇਖ ਕੇ ਪੈਰ ਪਸਾਰੇ ਹਨ। ਅਸੀਂ ਗਲਤ ਤਰੀਕਾ ਨਹੀਂ ਅਪਣਾਇਆ। ਅਸੀਂ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਤੇ ਵਿਕਾਸ ਕੀਤਾ/ਮੈਂ ਸਿਰਫ ਸੇਲਜ਼ ਟੈਕਸ ਮਹਿਕਮੇ ਦੀ ਗੱਲ ਕਰਦਾ ਹਾਂ । ਸਪੀਕਰ ਸਾਹਿਬ, ਜਦੋਂ ਸਾਡੀ ਸਰਕਾਰ 1997 ਵਿੱਚ ਆਈ ਤਾਂ ਸਿਰਫ 1267 ਕਰੋੜ ਰੁਪਿਆ ਇਸ ਪਾਸੋਂ ਰਿਕਵਰ ਹੁੰਦਾ ਸੀ। ਸਪੀਕਰ ਸਾਹਿਬ, 1999-2000 ਵਿੱਚ 1972 ਕਰੋੜ ਰੁਪਿਆ ਔਰ 2000-01 ਵਿੱਚ ਅਸੀਂ 2746 ਕਰੋੜ ਰੁਪਿਆ ਰਿਕਵਰ ਕੀਤਾ।

*12.34 ਵਜੇ ਬਾਅਦ ਦੁਪਹਿਰ

(*ਇਸ ਸਮੇਂ ਮੈਂਬਰ, ਪੈਨਲ ਆਫ਼ ਚੇਅਰਮੈਨ ਸਰਦਾਰ ਬਲਵਿੰਦਰ ਸਿੰਘ ਭੂੰਦੜ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਚੇਅਰਮੈਨ ਸਾਹਿਬ, ਤੁਸੀਂ ਆਪ ਹਿਸਾਬ ਲਗਾ ਲਓ ਕਿ ਇਨ੍ਹਾਂ ਪੰਜ ਸਾਲਾਂ ਵਿੱਚ ਅਸੀਂ 1267 ਕਰੋੜ ਰੁਪਏ ਤੋਂ 2746 ਕਰੋੜ ਰੁਪਏ ਤੱਕ ਪਹੁੰਚੇ। ਚੇਅਰਮੈਨ ਸਾਹਿਬ, ਸੰਗਤ ਦਰਸ਼ਨ ਦੌਰਾਨ ਸਾਡੇ ਉਸ ਵੇਲੇ ਦੇ ਮੁੱਖ ਮੰਤਰੀ ਬਾਦਲ ਸਾਹਿਬ ਨੇ ਇੱਕ-ਇੱਕ ਹਲਕੇ ਵਿੱਚ ਤਿੰਨ-ਤਿੰਨ ਕਰੋੜ ਰੁਪਏ ਦੇ ਦਿੱਤੇ ਅਤੇ ਲੋਕਾਂ ਦੀਆਂ ਮੁਸ਼ਕਲਾਂ ਦੂਰ ਹੋਈਆਂ। 500 ਕਰੋੜ ਰੁਪਏ ਤੁਹਾਡੇ ਇਸ ਲੋਕਲ ਗੌਰਮਿੰਟ ਮਹਿਕਮੇ ਦੀ ਆਮਦਨ ਵਧੀ/ਤੁਸੀਂ ਟਰਾਂਸਪੋਰਟ ਦੇਖ ਲਓ, ਵਿੱਤ ਮੰਤਰੀ ਸਾਹਿਬ ਦੇਖ ਲੈਣ, ਹਰ ਮਹਿਕਮੇ ਦੀ ਆਮਦਨ ਇਨ੍ਹਾਂ ਢਾਈ ਸਾਲਾਂ ਵਿੱਚ ਵਧੀ ਹੈ। 1992 ਤੋਂ ਲੈ ਕੇ 1997 ਤੱਕ ਦਾ ਸਮਾਂ ਵਿਕਾਸ ਦਾ ਸੁਨਹਿਰਾ ਯੁੱਗ ਸੀ। ਇਨ੍ਹਾਂ ਕੋਲ ਸਿਰਫ ਅੰਕੜੇ ਹੀ ਹਨ। ਕੰਮ ਕਰਨ ਵਾਲੀ ਕੋਈ ਸਕੀਮ ਨਹੀਂ ਹੈ, ਕੋਈ ਪਲੈਨਿੰਗ ਨਹੀਂ ਹੈ। ਸੜਕਾਂ ਦੀ ਗੱਲ ਕਰੋ ਤਾਂ ਸੜਕਾਂ ਨਹੀਂ ਹਨ। ਪਾਣੀ ਦੀ ਗੱਲ ਕਰਦੇ ਹਾਂ ਤਾਂ ਪਾਣੀ ਨਹੀਂ ਹੈ। ਨਵੇਂ ਟੈਕਸ, ਨਵੀਆਂ ਗੱਲਾਂ। ਮਹਿੰਗਾਈ ਵਧਦੀ ਜਾ ਰਹੀ ਹੈ। ਬੱਸਾਂ ਦੇ ਕਿਰਾਏ ਵਧ ਗਏ। ਬਿਜਲੀ ਦੇ ਰੇਟ ਵਧ ਗਏ। ਫਿਰ, ਚੇਅਰਮੈਨ ਸਾਹਿਬ, ਤੁਸੀਂ ਦੱਸੋ ਕਿ ਕਿਸ ਤਰ੍ਹਾਂ ਵਿਕਾਸ ਦਾ ਸਾਲ ਮਨਾਵਾਂਗੇ ਅਤੇ ਕਿਸ ਤਰ੍ਹਾਂ ਗਰੀਬੀ ਘੱਟ ਕਰਨ ਦੀ ਗੱਲ ਕਰਾਂਗੇ। ਗਰੀਬੀ ਘੱਟ ਤਾਂ ਹੋਏਗੀ, ਜੇ ਆਪਾਂ ਲੋਕਾਂ ਨੂੰ ਇੰਪਲਾਇਮੈਂਟ ਦੇਈਏ ਜਿਸ ਦੀ ਬਜਟ ਵਿੱਚ ਪ੍ਰੋਵੀਜ਼ਨ ਨਹੀਂ ਹੈ ਜਾਂ ਲੋਕਾਂ ਦੇ ਟੈਕਸ ਘਟਾ ਦੇਈਏ। ਹੁਣ ਤੁਸੀਂ ਦੇਖੋ, ਜਿਹੜੇ ਛੋਟੇ-ਛੋਟੇ ਕੰਮ ਕਰਨ ਵਾਲੇ ਲੋਕ ਹਨ/ਜੋ ਹੈਂਡੀਕਰਾਫਟ ਦਾ ਕੰਮ ਕਰਦੇ ਸਨ, ਲੱਕੜੀ ਇਨਾਮਲ ਦਾ ਕੰਮ ਕਰਦੇ ਸਨ, ਛੋਟੇ-ਛੋਟੇ ਹਲਵਾਈ ਸਨ, ਬੇਕਰੀ ਵਾਲੇ ਸਨ, ਸਾਡੀ ਸਰਕਾਰ ਵੇਲੇ ਉਨ੍ਹਾਂ ਦਾ ਟੈਕਸ ਮੁਆਫ਼ ਕਰ ਦਿੱਤਾ ਗਿਆ ਸੀ। ਅੱਜ ਸਾਰੇ ਟੈਕਸ ਦੀ ਜਦ ਵਿੱਚ ਲਿਆਂਦੇ ਜਾ ਰਹੇ ਹਨ। ਫਿਰ ਕਿਸ ਤਰ੍ਹਾਂ ਗਰੀਬੀ ਹਟਾਵਾਂਗੇ, ਕਿਸ ਤਰ੍ਹਾਂ ਇਹ ਬਜਟ ਵਿੱਚ ਕਹਿ ਰਹੇ ਹਨ। ਮੈਨੂੰ ਸਮਝ ਨਹੀਂ ਆਇਆ ਕਿ ਰੋਜ਼ਗਾਰ ਦੇ ਸਾਧਨ ਕਿਨ੍ਹਾਂ ਲੋਕਾਂ ਨੂੰ ਦਿੱਤੇ ਹਨ। ਇਹ ਕਿਸੇ ਨੂੰ ਨਹੀਂ ਦਿੱਤੇ। ਲੋਕਾਂ ਨੂੰ ਕੀ ਰਾਹਤ ਦਿੱਤੀ ਹੈ। ਹਰ ਚੀਜ਼ ਦੀਆਂ ਕੀਮਤਾਂ ਬਹੁਤ ਵਧ ਗਈਆਂ ਹਨ, ਮਹਿੰਗਾਈ ਬਹੁਤ ਵਧ ਗਈ ਹੈ। ਜਨਤਾ ਤਰਾਹ-ਤਰਾਹ ਕਰ ਰਹੀ ਹੈ ਔਰ ਸਰਕਾਰ ਇਸ ਬਜਟ ਵਿੱਚ ਲੋਕਾਂ ਨੂੰ ਮਹਿੰਗਾਈ ਤੋਂ ਰਾਹਤ ਦੇਣ

Original with;
Punjab Vidhan Sabha
Digitized by;

[ਸ਼੍ਰੀ ਤਿਕਸ਼ਨ ਸੂਦ]

ਦੀ ਗੱਲ ਕਰ ਰਹੀ ਹੈ। ਚੇਅਰਮੈਨ ਸਾਹਿਬ, ਇਸ ਵਾਸਤੇ ਕੋਈ ਕਦਮ ਨਹੀਂ ਚੁੱਕਿਆ ਗਿਆ। ਮੈਂ ਤਾਂ ਕਹਾਂਗਾ ਕਿ ਬਾਦਲ ਸਾਹਿਬ ਦੀ ਜੋ ਵਿਕਾਸ ਨਾਲ ਸਬੰਧਿਤ ਸੋਚ ਸੀ, ਇਨ੍ਹਾਂ ਨੂੰ ਉਹ ਅਪਨਾਉਣੀ ਚਾਹੀਦੀ ਹੈ। ਇਨ੍ਹਾਂ ਨੂੰ ਵੀ ਉਸ ਬਾਰੇ ਸੋਚਣਾ ਚਾਹੀਦਾ ਹੈ। ਜਿਥੇ ਪੈਸਾ ਨਹੀਂ ਲੱਗਦਾ, ਉਹ ਫਾਰਮੂਲੇ ਵੀ ਕੱਢਣੇ ਚਾਹੀਦੇ ਹਨ। ਅੱਜ ਪੰਜਾਬ ਵਿੱਚ ਥਾਂ-ਥਾਂ ਤੇ ਡਿਸਟ੍ਰਿਕਟ ਐਡਮਨਿਸਟ੍ਰੇਟਿਵ ਕੰਪਲੈਕਸ ਬਣ ਰਹੇ ਹਨ, ਇਹ ਵੀ ਬਾਦਲ ਸਾਹਿਬ ਦੀ ਹੀ ਸੋਚ ਸੀ। ਚੇਅਰਮੈਨ ਸਾਹਿਬ, ਸਾਡੇ ਭੈਣ ਜੀ, ਉਪਿੰਦਰਜੀਤ ਕੌਰ ਜੀ ਖ਼ੁੱਡਾ ਦੇ ਮੰਤਰੀ ਰਹੇ ਹਨ। ਜਿਹੜੀਆਂ ਜ਼ਮੀਨਾਂ ਵੇਸਟ ਪਈਆਂ ਸਨ, ਜਿਹੜੀਆਂ ਥਾਵਾਂ ਨਕਾਰਾ ਹੋ ਗਈਆਂ ਸਨ, ਉਨ੍ਹਾਂ ਦੇ ਵਿਚੋਂ ਆਮਦਨ ਕੱਢਕੇ ਵਧਾਈ ਹੈ। ਡਿਸਟ੍ਰਿਕਟ ਐਡਮਨਿਸਟ੍ਰੇਟਿਵ ਕੰਪਲੈਕਸ ਸਾਡੇ ਹੁਸ਼ਿਆਰਪੁਰ ਵਿੱਚ ਬਣਿਆ ਹੈ, ਬਹੁਤ ਵਧੀਆ ਬਣਿਆ ਹੈ। ਉਥੇ 1901 ਤੋਂ ਅੰਗਰੇਜ਼ਾਂ ਦੇ ਜ਼ਮਾਨੇ ਤੋਂ ਕਚਹਿਰੀ ਚੱਲ ਰਹੀ ਸੀ। ਉਥੇ ਕੋਈ ਕਮਰਾ ਠੀਕ ਨਹੀਂ ਸੀ। ਕੋਈ ਬਿਲਡਿੰਗ ਠੀਕ ਨਹੀਂ ਸੀ। ਰਿਕਾਰਡ ਰੂਮ ਦੀ ਕਚਹਿਰੀ ਵਿੱਚ ਕੋਈ ਵਿਵਸਥਾ ਨਹੀਂ ਸੀ। ਇੱਕ ਵਾਰੀ ਬਾਦਲ ਸਾਹਿਬ ਉਥੇ ਗਏ ਤਾਂ ਉਸ ਵੇਲੇ ਉਨ੍ਹਾਂ ਨੂੰ ਸਮੱਸਿਆ ਦੱਸੀ ਗਈ ਔਰ ਉਨ੍ਹਾਂ ਨੇ ਬਣਵਾ ਦਿੱਤਾ। ਤੁਸੀਂ ਖਰਚ ਬੰਨ ਦਿਓ ਕਿ ਇਸ ਮੱਦ ਵਿੱਚੋਂ ਇੰਨੇ ਖਰਚੇ ਜਾਣੇ ਹਨ, ਇਸ ਚੀਜ਼ ਨੂੰ ਅਪਨਾਉਣ ਦੀ ਲੋੜ ਹੈ।

ਹੁਣ, ਚੇਅਰਮੈਨ ਸਾਹਿਬ, ਮੈਂ ਜੋ ਸਾਡੇ ਪਛੜੇ ਦਲਿਤ ਹਨ, ਉਨ੍ਹਾਂ ਲੋਕਾਂ ਦੀ ਗੱਲ ਕਰਦਾ ਹਾਂ। ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਇੰਨੇ ਪੈਸੇ ਰੱਖ ਦਿੱਤੇ, ਅਸੀਂ ਆਹ ਕਰ ਦੇਵਾਂਗੇ, ਪਲਾਟਾਂ ਲਈ ਪੈਸੇ ਦੇਵਾਂਗੇ। ਪਿਛਲੀ ਸਰਕਾਰ ਦੇ ਸਮੇਂ ਇਹ ਫ਼ੈਸਲਾ ਹੋਇਆ ਸੀ, ਚੇਅਰਮੈਨ ਸਾਹਿਬ ਕਿ ਜੋ ਸਾਡੇ ਦਲਿਤ ਵੀਰ ਹਨ, ਉਨ੍ਹਾਂ ਨੂੰ ਪਿੰਡ ਦੀਆਂ ਉਹ ਜ਼ਮੀਨਾਂ, ਜਿਹੜੀਆਂ ਵੇਸਟ ਪਈਆਂ ਹਨ, ਜਿਨ੍ਹਾਂ ਤੇ ਮੋਟੇ-ਮੋਟੇ ਸੱਜਣ ਲੋਕਾਂ ਦਾ ਕਬਜ਼ਾ ਹੈ, ਉਨ੍ਹਾਂ ਵਿੱਚੋਂ ਉਨ੍ਹਾਂ ਨੂੰ ਪੰਜ-ਪੰਜ ਮਰਲੇ ਦਾ ਪਲਾਟ ਦਿੱਤਾ ਜਾਵੇ। ਉਸ ਤੇ ਜੋ ਇੰਦਰਾ ਆਵਾਸ ਯੋਜਨਾ ਜਾਂ ਸੈਂਟਰ ਦੀਆਂ ਹੋਰ ਸਕੀਮਾਂ ਜਿਹੜੀਆਂ ਹਨ, ਉਨ੍ਹਾਂ ਦੇ ਨਾਲ-ਨਾਲ ਸਰਕਾਰ ਅਪਣਾ ਹਿੱਸਾ ਵੀ ਪਾਵੇ ਅਤੇ ਲੋਕਾਂ ਨੂੰ ਗਰੀਬਾਂ ਨੂੰ ਰਹਿਣ ਲਈ ਜਗ੍ਹਾ ਮਿਲ ਜਾਵੇ। ਪਹਿਲੀ ਸਰਕਾਰ ਦੇ ਸਮੇਂ 100-100 ਮਕਾਨ ਦਲਿਤਾਂ ਲਈ ਪਿੰਡ ਦੀਆਂ ਜ਼ਮੀਨਾਂ ਵਿੱਚ ਬਣਾ ਕੇ ਚਾਬੀਆਂ ਉਨ੍ਹਾਂ ਦੇ ਹਵਾਲੇ ਕੀਤੀਆਂ ਗਈਆਂ। ਅੱਜ ਵੀ, ਚੇਅਰਮੈਨ ਸਾਹਿਬ, ਉਹ ਲੋਕ ਉਸ ਸਰਕਾਰ ਨੂੰ ਖੁਸ਼ੀ ਨਾਲ ਯਾਦ ਕਰਦੇ ਹਨ। ਉਸ ਸਰਕਾਰ ਦੇ ਕੰਮਾਂ ਨੂੰ ਯਾਦ ਕਰਦੇ ਹਨ। ਇਹ ਬਜਟ ਵਿੱਚ ਦੱਸਦੇ ਹਨ ਕਿ ਪਿਛਲੇ ਸਮੇਂ ਦੀ ਸਰਕਾਰ ਨੇ ਇਨ੍ਹਾਂ ਸਾਰੀਆਂ ਸਕੀਮਾਂ ਵਿੱਚ ਸਿਰਫ 25.45 ਕਰੋੜ ਰੁਪਏ ਜਾਰੀ ਕੀਤੇ ਹਨ ਅਤੇ ਚਾਲੂ ਸਮੇਂ ਵਿੱਚ 68 ਕਰੋੜ ਰੁਪਏ ਜਾਰੀ ਕੀਤੇ ਜਾਣਗੇ ਅਤੇ ਆਉਣ ਵਾਲੇ ਸਮੇਂ ਵਿੱਚ 89.98 ਕਰੋੜ ਰੁਪਏ ਜਾਰੀ ਕੀਤੇ ਜਾਣਗੇ। ਚੇਅਰਮੈਨ ਸਾਹਿਬ, ਅੱਜ ਹਾਲਤ ਇਹ ਹੈ ਕਿ ਨਾ ਗਰੀਬ ਦਲਿਤ ਦੀ ਲੜਕੀ ਸਮੇਂ ਉਸ ਨੂੰ ਸ਼ਗਨ ਮਿਲਿਆ, ਨਾ ਕੋਈ ਉਸ ਨੂੰ ਪਲਾਟ ਲੈਣ ਲਈ ਪੈਸਾ ਮਿਲਿਆ, ਨਾ ਮਕਾਨ ਬਣਾਉਣ ਵਾਸਤੇ ਪੈਸਾ ਮਿਲਿਆ, ਨਾ ਬਿਜਲੀ ਦੇ ਯੂਨਿਟ ਮੁਫਤ ਦਿੱਤੇ ਗਏ। ਇਹ 68 ਕਰੋੜ ਰੁਪਿਆ ਜਿਹੜਾ ਕਾਗਜ਼ਾਂ ਦੇ ਵਿਚੋਂ ਨਿਕਲਿਆ ਹੈ, ਪਤਾ ਨਹੀਂ ਉਹ ਕਿਹੜੇ ਕਾਗਜ਼ਾਂ ਦੇ ਵਿਚ ਵਰਤਿਆ ਗਿਆ ਹੈ। ਇਸੇ ਤਰ੍ਹਾਂ 89 ਕਰੋੜ ਰੁਪਏ ਦਾ ਕੀ ਹਸ਼ਰ

Original with;
Punjab Vidhan Sabha
Digitized by;

ਹੋਵੇਗਾ, ਇਹ ਤਾਂ ਇਹੀ ਜਾਣਨਗੇ। ਚੇਅਰਮੈਨ ਸਾਹਿਬ, ਦਲਿਤ ਲੋਕਾਂ ਦੇ ਨਾਲ ਇਹ ਵੱਡੀਆਂ-ਵੱਡੀਆਂ ਗੱਲਾਂ ਕਰ ਲੈਂਦੇ ਹਨ ਕਿ ਅਸੀਂ ਤੁਹਾਡੇ ਬਿਜਲੀ ਦੇ ਬਿੱਲ ਜਿਹੜੇ ਹਨ, ਉਹ ਤਿੰਨ ਗੁਣਾਂ ਮੁਆਫ ਕਰਾਂਗੇ ਜਾਂ ਫਿਰ ਸ਼ਗਨ ਦੀ ਜੋ ਰਾਸ਼ੀ ਹੈ, ਉਸ ਨੂੰ ਦੁੱਗਣਾ ਕਰ ਦਿਆਂਗੇ। ਚੇਅਰਮੈਨ ਸਾਹਿਬ, ਇਸ ਤਰ੍ਹਾਂ ਵਾਅਦੇ ਕਰਨ ਦੇ ਨਾਲ ਇਨ੍ਹਾਂ ਨੂੰ ਵੋਟਾਂ ਤਾਂ ਮਿਲ ਜਾਂਦੀਆਂ ਹਨ ਪਰ ਪਤਾ ਉਦੋਂ ਲਗਦਾ ਹੈ ਜਦੋਂ ਇਸ ਨੂੰ ਪੁਗਾਉਣਾ ਪੈਂਦਾ ਹੈ। ਅੱਜ ਇਹ ਕਾਂਗਰਸ ਸਰਕਾਰ ਦੇ ਲੋਕ ਦਲਿਤ ਲੋਕਾਂ ਦੇ ਕੋਲ ਜਾਕੇ ਦੇਖਣ ਤਾਂ ਇਨ੍ਹਾਂ ਨੂੰ ਆਪ ਹੀ ਪਤਾ ਲੱਗ ਜਾਵੇਗਾ ਤੇ ਇਹ ਵੀ ਪਤਾ ਲੱਗ ਜਾਵੇਗਾ ਕਿ ਇਸ ਸਰਕਾਰ ਨੇ ਪਿਛਲੇ ਇਕ ਸਾਲ ਦੇ ਵਿੱਚ ਉਨ੍ਹਾਂ ਦੇ ਲਈ ਕੀ ਕੀਤਾ ਹੈ ਔਰ ਆਉਣ ਵਾਲੇ ਚਾਰ ਸਾਲਾਂ ਦੇ ਵਿੱਚ ਕੀ ਕਰਨਗੇ। ਉਨ੍ਹਾਂ ਦਲਿਤ ਲੋਕਾਂ ਨੂੰ ਪਤਾ ਲੱਗ ਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਵੇਲੇ ਸਾਨੂੰ ਕੀ-ਕੀ ਫਾਇਦਾ ਸੀ ਤੇ ਇਸ ਕਾਂਗਰਸ ਸਰਕਾਰ ਨੇ ਸਾਨੂੰ ਕੀ ਦਿੱਤਾ ਹੈ। ਉਹ ਸੋਚਦੇ ਹਨ ਕਿ ਪਿਛਲੀ ਸਰਕਾਰ ਸਾਡੇ ਪ੍ਰਤੀ ਕਿੰਨੀ ਜ਼ਿਆਦਾ ਚਿੰਤਤ ਸੀ। ਬਾਕੀ ਇਨ੍ਹਾਂ ਨੇ ਡਾਈਵਰਸੀਫਿਕੇਸ਼ਨ ਦੀ ਗੱਲ ਕੀਤੀ ਹੈ...

**ਸ਼੍ਰੀ ਸਭਾਪਤੀ** : ਵਾਈਂਡ ਅੱਪ ਕਰੋ।

**ਸ਼੍ਰੀ ਤਿਕਸ਼ਨ ਸੂਦ** : ਚੇਅਰਮੈਨ ਸਾਹਿਬ, ਮੈਂ ਦੋ ਕੁ ਮਿੰਟ ਹੀ ਲੈਣੇ ਹਨ ਔਰ ਇੱਕ ਗੱਲ ਡਾਈਵਰਸੀਫਿਕੇਸ਼ਨ ਦੇ ਬਾਰੇ ਕਹਿਣੀ ਚਾਹੁੰਦਾ ਹਾਂ ਜੋ ਇਨ੍ਹਾਂ ਨੇ ਇਸ ਦੇ ਬਾਰੇ ਗੱਲ ਕੀਤੀ ਹੈ ਕਿ ਅਸੀਂ ਫਸਲਾਂ ਦੀ ਡਾਈਵਰਸੀਫਿਕੇਸ਼ਨ ਕਰਾਂਗੇ। ਪਰ ਇਨ੍ਹਾਂ ਨੇ ਡਾਈਵਰਸੀਫਿਕੇਸ਼ਨ ਦੀ ਪਲਾਨਿੰਗ ਕੀ ਕੀਤੀ ਹੈ ਅਤੇ ਕਿਸਾਨਾਂ ਨੂੰ ਦਿੱਤਾ ਕੀ ਹੈ। ਮੈਂ ਕੰਡੀ ਦੇ ਇਲਾਕੇ ਨਾਲ ਸਬੰਧ ਰੱਖਦਾ ਹਾਂ। ਚੇਅਰਮੈਨ ਸਾਹਿਬ, ਉਥੇ ਅੰਬਾਂ ਦੇ ਬੂਟੇ ਸੁੱਕ ਗਏ ਹਨ ਔਰ ਅਗਲੇ ਚਾਰ ਸਾਲ ਕੋਈ ਫਲ ਨਹੀਂ ਲੱਗਣਾ। ਇਸੇ ਤਰ੍ਹਾਂ ਜਿਨ੍ਹਾਂ ਕਿਸਾਨਾਂ ਨੇ ਮੂੰਗੀ ਦੀ ਫਸਲ ਬੀਜੀ ਸੀ, ਉਸ ਦੇ ਉਤੇ ਮੀਂਹ ਪੈ ਗਿਆ ਤੇ ਉਹ ਜੰਮੀ ਨਹੀਂ ਹੈ, ਤਾਂ ਫਿਰ ਇਸ ਸਰਕਾਰ ਨੇ ਉਨ੍ਹਾਂ ਕਿਸਾਨਾਂ ਦੇ ਲਈ ਕੀ ਕੀਤਾ ਹੈ? ਜੇਕਰ ਉਨ੍ਹਾਂ ਤੋਂ ਫਸਲ ਦੀ ਡਾਈਵਰਸੀਫਿਕੇਸ਼ਨ ਕਰਵਾਉਣੀ ਹੈ ਤਾਂ ਉਨ੍ਹਾਂ ਦੇ ਲਈ ਕੁਝ ਕਰਨਾ ਚਾਹੀਦਾ ਹੈ। ਪਾਪੂਲਰ ਅੱਜ 100 ਰੁਪਏ ਕੁਇੰਟਲ ਦੇ ਹਿਸਾਬ ਨਾਲ ਵਿਕ ਰਿਹਾ ਹੈ, ਕਣਕ ਉਸ ਤੋਂ ਜ਼ਿਆਦਾ ਪੈਸੇ ਦੇ ਦਿੰਦੀ ਹੈ ਤੇ ਕੱਲ੍ਹ ਨੂੰ ਪਾਪੂਲਰ ਨੂੰ ਕਿਸੇ ਨੇ ਪੁੱਛਣਾ ਨਹੀਂ ਹੈ। ਸੋ, ਇਸ ਬਜਟ ਦੇ ਵਿੱਚ ਕੋਈ ਵੀ ਚੰਗਾ ਕਦਮ ਨਹੀਂ ਚੁੱਕਿਆ ਗਿਆ ਹੈ।

ਇਸ ਬਜਟ ਦੇ ਰਾਹੀਂ ਐਜੂਕੇਸ਼ਨ ਦੇ ਵਿਚ ਕੋਈ ਵਾਧਾ ਨਹੀਂ ਹੋਣ ਵਾਲਾ ਹੈ। ਤੁਹਾਨੂੰ ਸੈਂਟਰ ਵੱਲੋਂ ਨਵੋਦਿਆ ਵਰਗੇ ਸਕੂਲ ਲੈਕੇ ਆਉਣੇ ਚਾਹੀਦੇ ਹਨ, ਪਬਲਿਕ ਸਕੂਲ ਲੈਕੇ ਆਓ, ਕੋਈ ਇਸ ਤਰ੍ਹਾਂ ਦੇ ਉਪਰਾਲੇ ਕਰੋ। ਇਨ੍ਹਾਂ ਨੇ ਤਾਂ ਸਿਰਫ ਇਹੀ ਬਹਾਨਾ ਰੱਖਿਆ ਹੋਇਆ ਹੈ ਕਿ ਸਾਡਾ ਖਜ਼ਾਨਾ ਖਾਲੀ ਹੈ। ਜਿਹੜੀ ਬਜਟ ਦੇ ਵਿੱਚ ਪ੍ਰੋਵੀਜ਼ਨ ਹੁੰਦੀ ਵੀ ਹੈ, ਉਹ ਵੀ ਇਹ ਖਰਚ ਨਹੀਂ ਕਰ ਸਕਦੇ।

**ਸ਼੍ਰੀ ਸਭਾਪਤੀ** : ਤੁਸੀਂ ਵਾਈਂਡ ਅੱਪ ਕਰੋ।

**ਸ਼੍ਰੀ ਤਿਕਸ਼ਨ ਸੂਦ** : ਬਸ ਜੀ, ਕਰਨ ਹੀ ਵਾਲਾ ਹਾਂ। ਚੇਅਰਮੈਨ ਸਾਹਿਬ, ਇਸ ਸਰਕਾਰ ਨੇ ਪੰਜਾਬ ਨੂੰ ਅੱਗੇ ਵਧਾਉਣ ਦੀ ਬਜਾਏ ਅਗਲੇ ਸਾਲਾਂ ਦੇ ਵਿੱਚ ਹੋਰ ਹੇਠਾਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਤਿਕਸ਼ਨ ਸੂਦ]

ਲਿਆਉਣ ਦਾ ਨਿਰਣਾ ਕੀਤਾ ਹੋਇਆ ਹੈ। ਅੱਜ ਪਬਲਿਕ ਟੈਕਸਾਂ ਦੀ ਮਾਰ ਤੋਂ ਦੁਖੀ ਹੈ, ਕਿਸਾਨ ਬਿਜਲੀ ਤੇ ਪਾਣੀ ਦੇ ਬਿਲਾਂ ਤੋਂ ਦੁਖੀ ਹੈ, ਮੁਲਾਜ਼ਮ ਇਨ੍ਹਾਂ ਦੀਆਂ ਮਾਰੂ ਨੀਤੀਆਂ ਤੋਂ ਦੁਖੀ ਹੈ। ਇਸ ਬਜਟ ਦੇ ਵਿੱਚ ਇਨ੍ਹਾਂ ਨੇ ਇਸ ਤਰ੍ਹਾਂ ਦੀਆਂ ਗੱਲਾਂ ਦੇ ਬਾਰੇ ਕੁਝ ਵੀ ਨਹੀਂ ਰੱਖਿਆ ਔਰ ਨਾ ਹੀ ਕੋਈ ਹੱਲ ਕੱਢਿਆ ਹੈ। ਖੇਡਾਂ ਦੀ ਗੱਲ ਹੈ..

**ਸ਼੍ਰੀ ਸਭਾਪਤੀ :** ਵਾਈਂਡ ਅੱਪ ਕਰੋ।

**ਸ਼੍ਰੀ ਤਿਕਸ਼ਨ ਸੂਦ :** ਚੇਅਰਮੈਨ ਸਾਹਿਬ, ਸਿਰਫ਼ ਖੇਡਾਂ ਦੀ ਹੀ ਗੱਲ ਕਰਾਂਗਾ। ਖੇਡਾਂ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਏਸ਼ੀਅਨ ਗੇਮਾਂ ਹੋਈਆਂ ਸਨ, ਮੈਂ ਉਨ੍ਹਾਂ ਦੇ ਸਬੰਧ ਵਿਚ ਹਾਊਸ ਵਿਚ ਸਵਾਲ ਵੀ ਉਠਾਇਆ ਸੀ, ਨੀਲਮ ਜਸਵੰਤ ਕੌਰ ਨੂੰ ਇਨ੍ਹਾਂ ਨੇ ਕੋਈ ਅਵਾਰਡ ਨਹੀਂ ਦਿੱਤਾ ਔਰ ਉਹ ਪਾਲੇਟਿਕਸ ਦੀ ਸ਼ਿਕਾਰ ਹੋ ਗਈ। ਇਨ੍ਹਾਂ ਨੇ ਕਿਸੇ ਹੋਰ ਲੜਕੀ ਨੂੰ ਸੁਨੀਤਾ ਰਾਣੀ ਦਾ ਬਰੋਂਜ ਅਵਾਰਡ ਦੇ ਦਿੱਤਾ ਕਿਉਂਕਿ ਉਸ ਵੇਲੇ ਉਸ (ਸੁਨੀਤਾ ਰਾਣੀ) ਦਾ ਡੋਪ ਟੈਸਟ ਹੋਇਆ ਸੀ। ਉਸ ਲੜਕੀ ਤੋਂ ਇਹ ਅਵਾਰਡ ਵਾਪਸ ਨਹੀਂ ਲਿਆ। ਚੇਅਰਮੈਨ ਸਾਹਿਬ, ਇਹ ਕਿੰਨੀ ਮਿਸਮੈਨੇਜਮੈਂਟ ਹੈ ਕਿ ਜਿਸ ਲੜਕੀ ਦਾ ਇਸ ਦੇ ਉਤੇ ਹੱਕ ਬਣਦਾ ਸੀ, ਉਸ ਨੂੰ ਇਹ ਅਵਾਰਡ ਨਾ ਮਿਲੇ ਤੇ ਜਿਸ ਦਾ ਇਸ ਦੇ ਉਤੇ ਕੋਈ ਨਾ ਬਣਦਾ ਹੋਵੇ ਤਾਂ ਉਸਦੇ ਘਰ ਜਾ ਕੇ ਪੰਜ ਲੱਖ ਰੁਪਿਆ ਉਸ ਨੂੰ ਦਿੱਤਾ ਜਾਵੇ। ਜਿਹੜੀ ਹੱਕਦਾਰ ਹੈ, ਉਹ ਅਵਾਰਡ ਲੈਣ ਲਈ ਤਰਲੇ ਪਾਉਂਦੀ ਹੋਵੇ ਪਰ ਦੂਜੀ ਨੂੰ ਇਹ ਅਵਾਰਡ ਦੇ ਦਿੱਤਾ ਜਾਵੇ। ਸਾਡੀ ਸਰਕਾਰ ਨੇ ਤਾਂ ਬਲਾਕ ਲੈਵਲ ਦੇ ਉਤੇ ਸਟੇਡੀਅਮ ਬਣਾ ਦਿੱਤੇ ਸਨ ਪਰ ਇਨ੍ਹਾਂ ਨੇ ਖੇਡਾਂ ਦੇ ਲਈ ਕੁਝ ਨਹੀਂ ਕੀਤਾ। ਇਹ ਲੋਕ ਦੱਸਣਗੇ ਕਿ ਸਾਡੇ ਲਈ ਪਿਛਲੇ ਇਕ ਸਾਲ ਦੇ ਵਿਚ ਇਸ ਸਰਕਾਰ ਨੇ ਕੀ ਫਾਇਦਾ ਕੀਤਾ ਹੈ ? ਇਸ ਸਰਕਾਰ ਤੋਂ ਪੰਜਾਬ ਸੰਭਲਦਾ ਨਹੀਂ ਹੈ। ਪੰਜਾਬ ਤਰੱਕੀ ਨਹੀਂ ਕਰ ਸਕਦਾ ਹੈ, ਕਿਸਾਨ ਹੋਰ ਥੱਲੇ ਜਾਵੇਗਾ, ਪੰਜਾਬ ਦਾ ਮੁਲਾਜ਼ਮ ਹੋਰ ਦੁਖੀ ਹੋਵੇਗਾ, ਵਪਾਰੀ ਵਰਗ ਹੋਰ ਦੁਖੀ ਹੋਵੇਗਾ। ਵਪਾਰੀ ਤਾਂ ਪਹਿਲਾਂ ਹੀ ਵੈਟ ਦੀ ਪ੍ਰਣਾਲੀ ਤੋਂ ਬਹੁਤ ਜ਼ਿਆਦਾ ਦੁਖੀ ਹੋਏ ਫਿਰਦੇ ਹਨ। ਉਨ੍ਹਾਂ ਨੂੰ ਤਾਂ ਕੋਈ ਸਮਝ ਹੀ ਨਹੀਂ ਆ ਰਹੀ ਕਿ ਇਸ ਦੇ ਵਿੱਚ ਕਿਹੜੀਆਂ-ਕਿਹੜੀਆਂ ਪ੍ਰੋਵੀਜ਼ਨ ਕੀਤੀਆਂ ਹੋਈਆਂ ਹਨ। ਇਸ ਦੇ ਵਿਚ ਟੈਕਸ ਦੇ ਰੈਸ਼ਨੇਲਾਈਜ਼ੇਸ਼ਨ ਦੀ ਕੋਈ ਗੱਲ ਨਹੀਂ ਹੈ। ਇਹ ਧਾਰਮਿਕ ਪਰਵਰਤਨ ਦੀਆਂ ਗੱਲਾਂ ਕਰਦੇ ਹਨ, ਲਕੋਈ ਧਾਰਮਿਕ ਭਾਈਚਾਰਾ ਨਹੀਂ ਬਣਨਾ। ਚੇਅਰਮੈਨ ਸਾਹਿਬ, ਸਮਾਂ ਬਹੁਤ ਘੱਟ ਹੋਣ ਕਰਕੇ ਮੈਂ ਗੱਲਾਂ ਛੋਟੀਆਂ ਹੀ ਕੀਤੀਆਂ ਹਨ। ਮੈਂ ਇਸ ਬਜਟ ਦਾ ਵਿਰੋਧ ਕਰਦਾ ਹਾਂ। ਧੰਨਵਾਦ

**ਸ਼੍ਰੀ ਸਭਾਪਤੀ :** ਮੈਡਮ, ਤੁਹਾਡੀ ਪਾਰਟੀ ਦੇ ਸਿਰਫ 16 ਮਿੰਟ ਹੀ ਬਾਕੀ ਰਹਿੰਦੇ ਹਨ।

**ਡਾਕਟਰ ਉਪਿੰਦਰਜੀਤ ਕੌਰ (ਸੁਲਤਾਨਪੁਰ ਲੋਧੀ) :** ਮਾਨਯੋਗ ਚੇਅਰਮੈਨ ਸਾਹਿਬ, ਮੈਂ ਆਪ ਜੀ ਦੀ ਬੜੀ ਮਸ਼ਕੂਰ ਹਾਂ ਕਿ ਆਪ ਜੀ ਨੇ ਸੱਤਾਧਾਰੀ ਧਿਰ ਦੇ ਦੂਜੇ ਬਜਟ ਦੀਆਂ ਬਜਟ ਤਜਵੀਜ਼ਾਂ ਤੇ ਬੋਲਣ ਦਾ ਮੈਨੂੰ ਮੌਕਾ ਦਿੱਤਾ ਹੈ। ਬਜਟ ਕੇਵਲ ਆਮਦਨ ਤੇ ਖਰਚੇ ਦਾ ਅਨੁਮਾਨਤ ਚਿੱਠਾ ਹੀ ਨਹੀਂ ਹੁੰਦਾ ਬਲਕਿ ਇਹ ਸਮੇਂ ਦੀਆਂ ਚੁਣੌਤੀਆਂ ਅਨੁਸਾਰ ਅਰਥ ਵਿਵਸਥਾ ਨੂੰ ਢਾਲਣ ਦਾ ਇੱਕ ਸ਼ਕਤੀਸ਼ਾਲੀ ਸਾਧਨ ਹੁੰਦਾ ਹੈ ਤਾਂ ਜੋ ਭਖਦੀਆਂ

Original with;
Punjab Vidhan Sabha
Digitized by;

ਸਮੱਸਿਆਵਾਂ ਹੱਲ ਹੋ ਸਕਣ। ਵਿੱਤ ਮੰਤਰੀ ਜੀ ਨੇ ਜਿਹੜਾ ਬਜਟ 24 ਮਾਰਚ ਨੂੰ ਪੇਸ਼ ਕੀਤਾ ਸੀ, ਉਸ ਵਿੱਚ ਉਨ੍ਹਾਂ ਨੇ ਇਸ ਗੱਲ ਨੂੰ ਤਸਲੀਮ ਕੀਤਾ ਹੈ ਕਿ ਉਨ੍ਹਾਂ ਪੰਜਾਬ ਦੀ ਇਕਾਨਮੀ ਨੂੰ ਜਿਹੜੀ ਕਿ ਲੀਹੋਂ ਲਹਿ ਗਈ ਸੀ, ਨੂੰ ਮੁੜ ਲੀਹ ਤੇ ਲਿਆਉਣ ਦਾ ਯਤਨ ਕੀਤਾ ਹੈ ਅਤੇ ਹੁਣ ਫਿਸਕਲ ਕੰਨਸਾਲੀਡੇਸ਼ਨ ਵੱਲ ਅਤੇ ਰੀਐਕਟੀਵੇਸ਼ਨ ਆਫ਼ ਡਿਵੈਲਪਮੈਂਟ ਪ੍ਰਾਸੈਸ ਵੱਲ ਧਿਆਨ ਦਿੱਤਾ ਹੈ। ਉਨ੍ਹਾਂ ਨੇ ਖੁਦ ਮੰਨਿਆ ਹੈ ਕਿ ਉਹ ਪਿਛਲੇ ਸਾਲ ਕੇਵਲ ਫਿਸਕਲ ਮੈਨੇਜਮੈਂਟ ਵੱਲ ਹੀ ਧਿਆਨ ਦੇ ਸਕੇ ਸਨ, ਔਰ ਵਿਕਾਸ ਵੱਲ ਨਹੀਂ, ਪਰ ਹੁਣ ਉਹ ਇਸ ਸਾਲ ਵਿਕਾਸ ਵੱਲ ਧਿਆਨ ਕੇਂਦਰਿਤ ਕਰਨਗੇ। ਚੇਅਰਮੈਨ ਸਾਹਿਬ, ਉਨ੍ਹਾਂ ਨੇ ਕਿਹਾ ਹੈ ਕਿ ਉਹ ਸਰਬਪੱਖੀ ਵਿਕਾਸ ਵੱਲ ਧਿਆਨ ਦੇਣਗੇ। ਇਸ ਸਾਲ ਦੇ ਬਜਟ ਨੂੰ ਉਨ੍ਹਾਂ ਨੇ ਵਿਕਾਸਮੁੱਖੀ ਹੋਣ ਦਾ ਦਾਅਵਾ ਕੀਤਾ ਹੈ ਪਰ ਅਫਸੋਸ ਕਿ ਅਜਿਹਾ ਨਹੀਂ ਹੈ। ਇਸ ਪੱਖ ਤੋਂ ਇਹ ਬਜਟ ਬਹੁਤ ਨਿਰਾਸ਼ਜਨਕ ਤੇ ਖੋਖਲਾ ਨਜ਼ਰ ਆਉਂਦਾ ਹੈ।

ਕਦੇ ਸਾਡਾ ਸੂਬਾ ਮੁਲਕ ਭਰ ਵਿੱਚ ਪ੍ਰਤੀ ਵਿਅਕਤੀ ਅਸਲ ਆਮਦਨੀ ਦੇ ਪੱਖੋਂ ਇੱਕ ਨੰਬਰ ਤੇ ਹੁੰਦਾ ਸੀ। ਪਰ ਅੱਜ ਇਹ ਪੰਜਵੇਂ ਸਥਾਨ ਤੇ ਹੈ। ਇਹ ਇਸ ਕਰਕੇ ਹੋਇਆ ਹੈ ਕਿਉਂਕਿ ਸਾਡੀ ਵਿਕਾਸ ਦੀ ਦਰ ਰਾਸ਼ਟਰੀ ਔਸਤ ਦੇ ਮੁਕਾਬਲੇ ਬਹੁਤ ਧੀਮੀ ਰਹਿ ਗਈ ਹੈ। ਰਾਸ਼ਟਰੀ ਵਿਕਾਸ ਦੀ ਔਸਤ ਦਰ 6% ਹੈ ਜਦ ਕਿ ਪੰਜਾਬ ਦੀ 4% ਹੈ। ਇਸ ਇਕਾਨਮੀ ਨੂੰ ਪਰਮੋਟ ਕਰਨ ਦੀ ਲੋੜ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਵਿਕਾਸ ਦੀ ਦਰ ਨੂੰ ਵਧਾ ਸਕੀਏ। ਸਾਨੂੰ ਵਿਕਾਸ ਦੀ ਗਤੀ ਨੂੰ ਤੇਜ਼ ਕਰਨਾ ਪਵੇਗਾ। ਮੈਨੂੰ ਅਫਸੋਸ ਹੈ ਕਿ ਜੋ ਬਜਟ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ ਹਨ, ਉਨ੍ਹਾਂ ਨਾਲ ਵਿਕਾਸ ਦੇ ਰਾਹ ਵਿੱਚ ਬਹੁਤ ਔਕੜਾਂ ਆਉਣਗੀਆਂ ਕਿਉਂਕਿ ਉਨ੍ਹਾਂ ਵਿੱਚ ਕੋਈ ਐਸੀ ਡਾਇਰੈਕਸ਼ਨ ਨਜ਼ਰ ਨਹੀਂ ਆਈ ਜਿਸ ਨਾਲ ਪੰਜਾਬ ਦੀ ਇਕਾਨਮੀ ਦਾ ਵਿਕਾਸ ਤੇਜ਼ ਹੋ ਸਕੇ। ਵਿਕਾਸ ਉਦੋਂ ਤੱਕ ਪ੍ਰਫੁੱਲਿਤ ਨਹੀਂ ਹੋ ਸਕਦਾ ਜਦ ਤੱਕ ਸਰਕਾਰ ਵਲੋਂ ਠੋਸ ਯਤਨ ਨਾ ਕੀਤੇ ਜਾਣ। ਵਿਕਾਸ ਕਰਨ ਲਈ ਚਾਰ ਤਰ੍ਹਾਂ ਦੇ ਸਾਧਨਾਂ ਦੀ ਲੋੜ ਪੈਂਦੀ ਹੈ। ਫਿਜ਼ੀਕਲ, ਹਿਊਮਨ, ਫਾਇਨਾਂਸ ਤੇ ਸਭ ਤੋਂ ਵੱਧ ਅਹਿਮ ਲੋਕਾਂ ਦੀ ਵਿਕਾਸ ਪ੍ਰਤੀ ਵਚਨਬੱਧਤਾ ਤੇ ਸਹਿਯੋਗ ਹਨ। ਇੱਕ ਮਸ਼ਹੂਰ ਅਰਥ ਵਿਗਿਆਨੀ ਕੇਰਨ ਕਰਾਸ ਅਨੁਸਾਰ ਵਿਕਾਸ ਤਦ ਤਕ ਸੰਭਵ ਨਹੀਂ ਜਦ ਤੱਕ ਲੋਕੀਂ ਉਸ ਲਈ ਤਤਪਰ ਨਾ ਹੋਣ। "Development is impossible if it does not take place in the minds of the people." ਲੋਕਾਂ ਦਾ ਸਹਿਯੋਗ ਲੈਣਾ ਬਹੁਤ ਜ਼ਰੂਰੀ ਹੈ। ਲੋਕਾਂ ਦੇ ਸਹਿਯੋਗ ਨਾਲ ਉਨ੍ਹਾਂ ਦੀ ਵਚਨਬੱਧਤਾ ਬਹੁਤ ਜ਼ਰੂਰੀ ਹੈ ਪਰ ਜਿਸ ਤਰ੍ਹਾਂ ਦਾ ਮੌਜੂਦਾ ਸਰਕਾਰ ਵਲੋਂ ਰਾਜਸੀ ਤੇ ਸਮਾਜਿਕ ਟਰਮੋਇਲ ਦਾ ਮਾਹੌਲ ਸਿਰਜਿਆ ਗਿਆ ਹੈ, ਉਹ ਉਨਤੀ ਲਈ ਸਹਾਇਕ ਨਹੀਂ। ਮੌਜੂਦਾ ਸਰਕਾਰ ਦੀ ਕਾਰਜ ਸ਼ੈਲੀ ਸੰਤੋਸ਼ਜਨਕ ਨਹੀਂ ਸਗੋਂ ਨਿਰਾਸ਼ਾਜਨਕ ਹੈ। ਇਹ ਸੂਬੇ ਦੇ ਲੋਕਾਂ ਵਿੱਚ ਨਿਰਾਸ਼ਾ ਪੈਦਾ ਕਰ ਰਹੀ ਹੈ। ਵਿਕਾਸ ਲਈ ਅਨੁਕੂਲ ਮਾਹੌਲ ਪੈਦਾ ਕਰਨ ਦੀ ਲੋੜ ਹੈ। ਵਿਕਾਸ ਦੀ ਦਰ ਵਧਾਉਣ ਦੀ ਲੋੜ ਹੈ। ਇਹ ਇਸ ਸਾਲ ਨੂੰ ਵਿਕਾਸ ਵਰ੍ਹੇ ਵਜੋਂ ਮਨਾ ਰਹੇ ਹਨ ਪਰ ਬਜਟ ਤਜਵੀਜ਼ਾਂ ਵਿੱਚ ਵਿਕਾਸ ਵਰ੍ਹੇ ਵਾਲੀ ਕੋਈ ਗੱਲ ਨਹੀਂ ਹੈ। ਇਨ੍ਹਾਂ ਨੂੰ ਵਿਕਾਸ ਹਿਤ ਰਿਸੋਰਸਿਜ਼ ਮੋਬੇਲਾਈਜ਼ ਕਰਨੇ ਪੈਣਗੇ ਔਰ ਨਿਵੇਸ਼ ਵਧਾਉਣਾ ਪਵੇਗਾ। ਇਨ੍ਹਾਂ ਬਜਟ ਪਰਪੋਜ਼ਲਾਂ ਨਾਲ ਮੈਂ ਸਹਿਮਤ ਨਹੀਂ ਹਾਂ। ਜੇ ਬਜਟ ਤਜਵੀਜ਼ਾਂ ਨੂੰ ਗਹੁ ਨਾਲ ਵੇਖੀਏ ਤਾਂ ਪੂੰਜੀਗਤ ਖਰਚ ਘੱਟ ਰਿਹਾ ਹੈ।..... ਜੋ

Original with;
Punjab Vidhan Sabha
Digitized by;
Panjab Digital Library

[ਡਾਕਟਰ ਉਪਿੰਦਰਜੀਤ ਕੌਰ]

ਕੈਪੀਟਲ ਐਕਸਪੈਂਡੀਚਰ ਹੈ, ਉਹ ਪਿਛਲੇ ਸਾਲ ਨਾਲੋਂ ਇਸ ਸਾਲ ਘਟ ਗਿਆ ਹੈ। ਪਿਛਲੇ ਸਾਲ 2002-2003 ਵਿਚ 2040 ਕਰੋੜ ਰੁਪਏ ਪੂੰਜੀਗਤ ਖਰਚਾ ਸੀ ਜੋ ਬਜਟ ਤਜ਼ਵੀਜ਼ 2003-2004 ਦੇ ਅਨੁਸਾਰ ਕੇਵਲ 2026 ਕਰੋੜ ਰੁਪਏ ਰਹਿ ਗਿਆ ਹੈ। ਸੋ ਇਹ ਪਹਿਲਾਂ ਨਾਲੋਂ ਵੀ ਘਟ ਗਿਆ ਹੈ ਤਾਂ ਫਿਰ ਅਸੀਂ ਕਿਸ ਤਰ੍ਹਾਂ ਉਮੀਦ ਕਰਾਂਗੇ ਕਿ ਤੇਜ਼ ਪੂੰਜੀ ਨਿਰਮਾਣ ਅਤੇ ਤੇਜ਼ ਆਰਥਿਕ ਵਿਕਾਸ ਹੋਵੇਗਾ ਜਦ ਕਿ ਪਹਿਲਾਂ ਬੇਸਿਕ ਆਧਾਰ ਹੀ ਨਿਰਾਧਾਰ ਹੋ ਗਿਆ ਹੈ। ਦੂਸਰਾ, ਜੋ ਆਰਥਿਕ ਵਿਕਾਸ ਲਈ ਸਹਾਈ ਫੈਕਟਰ ਹੁੰਦਾ ਹੈ, ਉਹ ਹਿਊਮਨ ਰਿਸੋਰਸ ਹੈ। ਹਿਊਮਨ ਰਿਸੋਰਸਿਜ਼ ਦੀ ਡਿਵੈਲਪਮੈਂਟ ਕਰਨੀ ਬਣਦੀ ਹੈ, ਸਕਿਲਜ਼ ਫਾਰਮੇਸ਼ਨ ਵਿਚ ਇਨਵੈਸਟਮੈਂਟ ਕਰਨੀ ਬਣਦੀ ਹੈ। ਚੇਅਰਮੈਨ ਸਾਹਿਬ, ਵਿੱਤ ਮੰਤਰੀ ਜੀ ਨੇ ਫਰਮਾਇਆ ਹੈ ਕਿ ਅਸੀਂ ਯੂਜ਼ਰ ਚਾਰਜਿਜ਼ ਦੇ ਰਾਹੀਂ ਸਾਧਨ ਵਧਾਵਾਂਗੇ। ਮੇਰੀ ਤਜਵੀਜ਼ ਹੈ ਕਿ ਲੋਕਾਂ ਤੇ ਆਰਥਿਕ ਬੋਝ ਬਹੁਤਾ ਨਾ ਪਾਉ । ਯੂਜ਼ਰ ਚਾਰਜਿਜ਼ ਵਿਚ ਬੇਤਹਾਸ਼ਾ ਵਾਧੇ ਨਾਲ ਕੁਸ਼ਲਤਾ-ਨਿਰਮਾਣ ਰੁਕੇਗਾ। ਸਾਧਨ ਵਧਾਉਣ ਦੇ ਬੜੇ ਤਰੀਕੇ ਹਨ। ਇਕ ਟੈਕਸਾਂ ਰਾਹੀਂ ਸਾਧਨ ਇਕੱਠੇ ਕੀਤੇ ਜਾਂਦੇ ਹਨ। ਦੂਜਾ ਨਾਨ-ਟੈਕਸ ਰੈਵੇਨਿਊ ਵਧਾ ਕੇ ਸਾਧਨ ਇਕੱਠੇ ਕੀਤੇ ਜਾਂਦੇ ਹਨ ਤੇ ਤੀਸਰਾ ਕੇਂਦਰ ਸਰਕਾਰ ਤੋਂ ਵਧੇਰੇ ਸਾਧਨ ਹਾਸਲ ਕਰਕੇ ਵੀ ਸਾਧਨ ਇਕੱਠੇ ਕੀਤੇ ਜਾਂਦੇ ਹਨ। ਸਾਡਾ ਪਿਛਲਾ ਤਜਰਬਾ ਹੈ ਕਿ ਕੇਂਦਰ ਦੇ ਟੈਕਸ ਪੂਲ ਵਿਚੋਂ ਪੰਜਾਬ ਨੂੰ 4 ਪ੍ਰਤੀਸ਼ਤ ਹਿੱਸਾ ਮਿਲਦਾ ਰਿਹਾ ਪਰ ਨੌਵੇਂ, ਦਸਵੇਂ ਅਤੇ ਗਿਆਰ੍ਹਵੇਂ ਫਾਇਨਾਂਸ ਕਮਿਸ਼ਨ ਦੇ ਸਮੇਂ ਦੇ ਦੌਰਾਨ ਇਹ ਹਿੱਸਾ ਬਕਾਇਦਾ ਘਟਦਾ ਰਿਹਾ ਔਰ ਇਹ ਹਿੱਸਾ ਨੌਵੇਂ ਵਿੱਤੀ ਕਮਿਸ਼ਨ ਦੇ ਸਮੇਂ ਦੇ ਦੌਰਾਨ 1.7 ਪ੍ਰਤੀਸ਼ਤ ਰਹਿ ਗਿਆ ਤੇ ਗਿਆਰ੍ਹਵੇਂ ਵਿੱਤੀ ਕਮਿਸ਼ਨ ਦੇ ਸਮੇਂ ਜਾ ਕੇ 1.1 ਪ੍ਰਤੀਸ਼ਤ ਹੋ ਗਿਆ। ਸਾਨੂੰ ਸਾਧਨ ਜੋ ਕਿ ਕੇਂਦਰ ਸਰਕਾਰ ਤੋਂ ਮਿਲਣੇ ਸਨ, ਉਨ੍ਹਾਂ ਵਿਚ ਕਮੀ ਆ ਗਈ ਹੈ ਲੇਕਿਨ ਉਸਨੂੰ ਵਧਾਇਆ ਜਾ ਸਕਦਾ ਹੈ। ਹੁਣ ਉਥੇ ਬਾਰ੍ਹਵਾਂ ਵਿੱਤੀ ਕਮਿਸ਼ਨ ਨਿਯੁਕਤ ਹੋ ਗਿਆ ਹੈ। ਸੋ, ਜੋ ਆਪਣੇ ਸਟੇਟ ਫਾਇਨਾਂਸ ਕਮਿਸ਼ਨ ਦੀਆਂ ਸਿਫਾਰਸਾਂ ਹਨ, ਕਿਰਪਾ ਕਰਕੇ ਉਨ੍ਹਾਂ ਸਬੰਧੀ ਪੂਰੀ ਜਾਣਕਾਰੀ ਹਾਸਲ ਕਰੋ ਤੇ ਉਨ੍ਹਾਂ ਨੂੰ ਲਾਗੂ ਕਰੋ ਤਾਂ ਜੋ ਪੰਜਾਬ ਨੂੰ ਬਾਰ੍ਹਵੇਂ ਵਿੱਤੀ ਕਮਿਸ਼ਨ ਤੋਂ ਵੱਧ ਤੋਂ ਵੱਧ ਸਹਾਇਤਾ ਮਿਲ ਸਕੇ।

ਹੁਣ ਮੈਂ, ਚੇਅਰਮੈਨ ਸਾਹਿਬ, ਹਿਊਮਨ ਰਿਸੋਰਸਿਜ਼ ਦੇ ਵਿਕਾਸ ਦੇ ਰਾਹ ਵਿਚ ਜੋ ਅੜਿਕਾ ਹੈ, ਉਹ ਦੱਸਾਂਗੀ। ਵਿੱਤ ਮੰਤਰੀ ਜੀ ਨੇ ਫੁਰਮਾਇਆ ਹੈ ਕਿ ਅਸੀਂ ਸਿੱਖਿਆ ਦੇ ਵਿਚ ਵੱਡੇ ਸੁਧਾਰ ਲਿਆ ਰਹੇ ਹਾਂ। ਸਰਬ ਸਿੱਖਿਆ ਅਭਿਆਨ ਦੇ ਤਹਿਤ ਕੇਂਦਰ ਸਰਕਾਰ ਤੋਂ ਰਕਮ ਪ੍ਰਾਪਤ ਹੋਈ ਹੈ ਜਿਸ ਨਾਲ ਅਸੀ ਸਕੂਲਾਂ ਵਿਚ ਸੁਧਾਰ ਲਿਆ ਰਹੇ ਹਾਂ। ਅਸੀਂ ਛੇਵੀਂ ਕਲਾਸ ਤੋਂ ਕੰਪਿਊਟਰ ਐਜੂਕੇਸ਼ਨ ਨੂੰ ਲਾਜ਼ਮੀ ਕਰ ਰਹੇ ਹਾਂ ਪਰ ਸਿੱਖਿਆ ਦੇ ਖੇਤਰ ਵਿਚ ਤਜਵੀਜ਼ਤ ਖਰਚਾ ਦੇਖਿਆ ਜਾਵੇ ਤਾਂ ਇਹ ਪਿਛਲੇ ਸਾਲ ਨਾਲੋਂ ਐਤਕੀਂ ਘੱਟ ਰੱਖਿਆ ਗਿਆ ਹੈ। ਇਹ ਤੱਥ ਮੂੰਹੋਂ ਬੋਲਦੀ ਤਸਵੀਰ ਹੈ। ਵਿੱਤ ਮੰਤਰੀ ਜੀ ਨੇ ਦੱਸਿਆ ਹੈ ਕਿ ਟੈਕਨੀਕਲ ਐਜੂਕੇਸ਼ਨ ਅਤੇ ਪ੍ਰੋਫੈਸ਼ਨਲ ਐਜੂਕੇਸ਼ਨ ਦੀਆਂ ਫੀਸਾਂ ਵਧਾਈਆਂ ਜਾਣਗੀਆਂ ਤੇ ਘਾਟਾ ਇਸ ਤਰ੍ਹਾਂ ਪੂਰਾ ਕੀਤਾ ਜਾਵੇਗਾ। ਮੇਰੀ ਬੇਨਤੀ ਹੈ ਕਿ ਲੋਕਾਂ ਦੀ ਤਾਂ ਅੱਗੇ ਹੀ

Original with;
Punjab Vidhan Sabha
Digitized by;

ਕਰ ਬੋਝ ਨਾਲ ਕਮਰ ਟੁੱਟੀ ਪਈ ਹੈ। ਏਨੇ ਆਰਥਿਕ ਬੋਝ ਥੱਲੇ ਗਰੀਬ ਆਦਮੀ ਆਪਣੇ ਬੱਚੇ ਇਨ੍ਹਾਂ ਸੰਸਥਾਵਾਂ ਵਿਚ ਪੜ੍ਹਾਉਣ ਤੋਂ ਅਸਮਰਥ ਹੈ ਤੇ ਜੇ ਤੁਸੀਂ ਟੈਕਨੀਕਲ ਐਜੂਕੇਸ਼ਨ ਦੇ ਕਾਲੇਜਿਜ਼ ਵਿਚ ਹੋਰ ਫੀਸਾਂ ਵਧਾਉਗੇ, ਏਸੇ ਤਰ੍ਹਾਂ ਮੈਡੀਕਲ ਕਾਲੇਜ ਤੇ ਦੂਜੇ ਪ੍ਰੋਫੈਸ਼ਨਲ ਕਾਲੇਜਿਜ਼ ਵਿਚ ਫੀਸਾਂ ਵਧਾਉਗੇ ਤਾਂ ਜਿਹੜੇ ਡਿਜ਼ਰਵਿੰਗ ਤੇ ਲਾਇਕ ਬੱਚੇ ਹਨ ਪਰ ਜਿਨ੍ਹਾਂ ਦੇ ਮਾਪੇ ਸਾਧਨ ਪੱਖੋਂ ਊਣੇ ਹਨ, ਉਥੇ ਉਨ੍ਹਾਂ ਬੱਚਿਆਂ ਨੂੰ ਉਨ੍ਹਾਂ ਦੇ ਮਾਪੇ ਕਿਸ ਤਰ੍ਹਾਂ ਪੜ੍ਹਾਉਣਗੇ ? ਕੀ ਤੁਸੀਂ ਕੋਈ ਇਸ ਪਾਸੇ ਹੋਰ ਦਿਸ਼ਾ ਨਿਰਦੇਸ਼ ਕੀਤੇ ਹਨ ਅਤੇ ਕੀ ਤੁਸੀਂ ਦੱਸਿਆ ਹੈ ਕਿ ਇਨ੍ਹਾਂ ਵਾਸਤੇ ਸਰਕਾਰ ਕੀ ਸਹਾਇਤਾ ਦੇਵੇਗੀ ? ਅੱਜ ਅਸੀਂ ਸਿੱਧਾ ਹੀ ਪ੍ਰਾਈਵੇਟਾਈਜ਼ੇਸ਼ਨ ਵੱਲ ਮੂੰਹ ਮੋੜ ਲਿਆ ਹੈ। ਸਾਨੂੰ ਅਰਥ ਵਿਵਸਥਾ ਦੀ ਲੋੜ ਅਨੁਸਾਰ ਇਸ ਕਾਰਜ ਨੂੰ ਸੰਪੰਨ ਕਰਨਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਅੱਗੇ ਇਕ ਬੜੇ ਮਾਣ ਨਾਲ ਇਹ ਗੱਲ ਕਹੀ ਗਈ ਹੈ ਕਿ ਮੌਜੂਦਾ ਸਰਕਾਰ ਕਿਸਾਨਾਂ ਨੂੰ ਪਹਿਲਾਂ ਨਾਲੋਂ ਸਸਤੇ ਦਰ ਤੇ ਕਰਜ਼ਾ ਮੁਹੱਈਆ ਕਰਾਏਗੀ। ਬੜੇ ਮਾਣ ਨਾਲ ਕਿਹਾ ਹੈ ਕਿ ਕੋਆਪਰੇਟਿਵ ਕਰਜ਼ੇ ਦੀ ਕਰੈਡਿਟ ਦਰ ਜਿਹੜੀ ਪਹਿਲਾਂ 14.5 ਪ੍ਰਤੀਸ਼ਤ ਸੀ, ਉਹ ਘਟਾਕੇ 13.5 ਪ੍ਰਤੀਸ਼ਤ ਕਰ ਦਿੱਤੀ ਹੈ ਅਤੇ ਹਾਲੇ ਵੀ ਅੱਧਾ ਪ੍ਰਤੀਸ਼ਤ ਹੋਰ ਘਟਾ ਦੇਣਗੇ। ਮੈਂ ਇਸ ਬਾਰੇ ਇਹ ਕਹਿਣਾ ਚਾਹੁੰਦੀ ਹਾਂ ਕਿ ਕੇਂਦਰ ਸਰਕਾਰ ਤੋਂ ਸਾਡੀਆਂ ਸਮਾਲ ਸੇਵਿੰਗਜ਼ 8 ਪ੍ਰਤੀਸ਼ਤ ਰੇਟ ਆਫ ਇੰਟਰਸਟ ਤੇ ਸਾਨੂੰ 100 ਪ੍ਰਤੀਸ਼ਤ ਟਰਾਂਸਫਰ ਹੋ ਜਾਂਦੀਆਂ ਹਨ। ਕਿਸਾਨਾਂ ਤੇ ਇਹ ਬੋਝ ਘਟਾਏ ਜਾਣ ਦਾ ਅਜੇ ਬੜਾ ਸਕੋਪ ਹੈ ਪਰ ਅਜੇ ਵੀ ਕਿਸਾਨਾਂ ਤੇ ਇਹ ਗੈਰ-ਵਾਜਬ ਆਰਥਿਕ ਬੋਝ ਲੱਦਿਆ ਜਾ ਰਿਹਾ ਹੈ ?

ਇਸੇ ਤਰ੍ਹਾਂ ਇਨਫਰਾਸਟਰਕਚਰ ਦੀ ਡਿਵੈਲਪਮੈਂਟ ਦੀ ਲੋੜ ਹੈ। ਅਸੀਂ ਬੁਨਿਆਦੀ ਢਾਂਚੇ ਦੇ ਨਿਰਮਾਣ ਨੂੰ ਵਧਾਉਣਾ ਹੈ ਪਰ ਦੂਜੇ ਪਾਸੇ ਅਸੀਂ ਬਿਜਲੀ ਦੇ ਰੇਟ ਵਧਾ ਰਹੇ ਹਾਂ-ਇੰਡਸਟਰੀ ਦੇ ਲਈ ਵੀ ਅਤੇ ਕਿਸਾਨੀ ਦੇ ਲਈ ਵੀ। ਇਹ ਸਾਡੇ ਰਾਹ ਦੇ ਅੜਿੱਕੇ ਹਨ ਜਿਨ੍ਹਾਂ ਕਰਕੇ ਇਹ ਸਾਰੇ ਕਾਰਜ ਹੋਰ ਔਖੇ ਹੋ ਜਾਣੇ ਹਨ। ਤੁਸੀਂ 2% ਲੋਕਲ ਏਰੀਆ ਡਿਵੈਲਪਮੈਂਟ ਟੈਕਸ ਲਾ ਦਿੱਤਾ ਹੈ। ਇਕ ਪਾਸੇ ਅਸੀਂ ਟੀਚਾ ਰੱਖਿਆ ਹੈ ਤੇਜ਼ ਉਦਯੋਗੀਕਰਣ ਦਾ, ਰੋਜ਼ਗਾਰ ਅਵਸਰ ਵਧਾਉਣ ਦਾ ਅਤੇ ਉਤਪਾਦਿਕਤਾ ਵਧਾਉਣ ਦਾ ਪਰ ਜਦੋਂ 2% ਐਂਟਰੀ ਟੈਕਸ ਲਾ ਦਿੱਤਾ ਤਾਂ ਫਿਰ ਲਾਗਤ ਵਿੱਚ ਵਾਧੇ ਕਾਰਨ ਤੇਜ਼ ਉਦਯੋਗਿਕਰਣ ਕਿਵੇਂ ਸੰਭਵ ਹੋ ਸਕੇਗਾ। ਇਹ ਮੇਰੇ ਕੁਝ ਪ੍ਰਸ਼ਨ ਹਨ ਜਿਨ੍ਹਾਂ ਤੇ ਚਿੰਤਨ ਕਰਨ ਦੀ ਅਤੇ ਜਿਨ੍ਹਾਂ ਦਾ ਜਵਾਬ ਦੇਣ ਦੀ ਲੋੜ ਹੈ। ਮੇਰੇ ਅਨੁਸਾਰ ਜਿਹੜੀਆਂ ਅਸੀਂ ਬਜਟ ਵਿਚ ਤਜਵੀਜ਼ਾਂ ਰੱਖੀਆਂ ਹਨ, ਇਹ ਤੇਜ਼ ਆਰਥਿਕ ਵਿਕਾਸ ਅਤੇ ਬੁਨਿਆਦੀ ਢਾਂਚੇ ਦੇ ਨਿਰਮਾਣ ਲਈ ਰਾਹ ਪੱਧਰਾ ਨਹੀਂ ਕਰਦੀਆਂ, ਬਲਕਿ ਉਸ ਦੇ ਵਿਚ ਅੜਿੱਕਾ ਬਣਦੀਆਂ ਹਨ। ਵਿੱਤ ਮੰਤਰੀ ਜੀ, ਇਸ ਦੇ ਵਾਸਤੇ ਜਿਹੜੀ ਕੁੱਲ ਐਲੋਕੇਸ਼ਨ ਤੁਸੀਂ ਰੱਖੀ ਹੈ, ਉਹ ਪਹਿਲੇ ਸਾਲ ਨਾਲੋਂ ਵੀ ਘੱਟ ਰੱਖੀ ਹੈ। ਪਹਿਲਾ ਸਾਲ ਆਰਥਿਕ ਸਥਿਤੀ ਵਿਚ ਸੁਧਾਰ ਦਾ ਸਾਲ ਤੁਸੀਂ ਮੰਨਿਆ ਸੀ ਪਰ ਐਤਕੀਂ ਦਾ ਸਾਲ ਤੁਸੀਂ ਵਿਕਾਸ ਦਾ ਸਾਲ ਮੰਨਿਆ ਹੈ ਲੇਕਿਨ ਇਹ ਕਿਵੇਂ ਹੋਵੇਗਾ। ਮੈਂ ਇਕ ਹੋਰ ਭੁਲੇਖਾ ਦੂਰ ਕਰਨਾ ਚਾਹੁੰਦੀ ਹਾਂ। ਸੱਤਾਧਾਰੀ ਧਿਰ ਨੇ ਬੜਾ ਪ੍ਰਚਾਰ ਕੀਤਾ ਅਤੇ ਪਿਛਲੀ ਸਾਂਝੇ ਮੁਹਾਜ਼ ਦੀ ਸਰਦਾਰ ਬਾਦਲ ਦੀ ਸਰਕਾਰ ਨੂੰ ਰੱਜ ਕੇ ਕੋਸਿਆ ਕਿ ਇਨ੍ਹਾਂ ਨੇ ਪੰਜਾਬ ਦੀ ਇਕਾਨਮੀ ਤੇ ਬੜਾ ਆਰਥਿਕ ਬੋਝ ਲੱਦ ਦਿੱਤਾ ਹੈ ਅਤੇ

Original with;
Punjab Vidhan Sabha
Digitized by;

[ਡਾਕਟਰ ਉਪਿੰਦਰਜੀਤ ਕੌਰ]

ਪੰਜਾਬ ਨੂੰ ਕਰਜਾਈ ਬਣਾ ਦਿੱਤਾ ਹੈ ਔਰ ਫਿਰ ਇਨ੍ਹਾਂ ਨੇ ਵਾਈਟ ਪੇਪਰ ਵੀ ਛਾਪਿਆ ਤਾਂ ਜੋ ਇਹ ਦੱਸਿਆ ਜਾ ਸਕੇ ਕਿ ਪਿਛਲੀ ਸਰਕਾਰ ਨੇ ਕੀ ਕੀਤਾ। ਮੈਂ ਦੱਸਣਾ ਚਾਹੁੰਦੀ ਹਾਂ ਕਿ ਇਹ ਜਿਹੜੇ ਕਰਜ਼ੇ ਦੀ ਗੱਲ ਕਰ ਰਹੇ ਹਨ, ਇਹ ਪਬਲਿਕ ਡੈਟ ਹੈ। ਕਰਜ਼ੇ ਦਾ ਭਾਰ ਆਪਣੇ ਆਪ ਵਿਚ ਮਾੜਾ ਨਹੀਂ ਹੁੰਦਾ। ਅਸੀਂ ਜਦੋਂ ਵੀ ਕੋਈ ਕਾਰਜ ਕਰਨਾ ਹੋਵੇ, ਆਮ ਵਿਅਕਤੀ ਨੇ ਵੀ ਕੋਈ ਕਾਰਜ ਕਰਨਾ ਹੋਵੇ ਤਾਂ ਉਹ ਕਰਜ਼ਾ ਲੈਂਦਾ ਹੈ। ਕਰਜ਼ਾ ਲੈਣਾ ਆਪਣੇ ਆਪ ਵਿਚ ਮਾੜਾ ਨਹੀਂ ਹੁੰਦਾ ਲੇਕਿਨ ਉਸ ਦੇ ਨਾਲ ਪ੍ਰੋਡਕਟਿਵ ਐਸਟਸ ਕਰੀਏਟ ਹੋਣੇ ਚਾਹੀਦੇ ਹਨ, ਕੈਪੀਟਲ ਫਾਰਮੇਸ਼ਨ ਹੋਣੀ ਚਾਹੀਦੀ ਹੈ। ਤੁਸੀਂ ਕੇਂਦਰ ਦੇ ਬਜਟ ਤੇ ਨਜ਼ਰ ਮਾਰ ਕੇ ਵੇਖ ਲਵੋ । ਕੇਂਦਰ ਵਿਚ ਪਬਲਿਕ ਡੈਟ ਐਜ਼ ਏ ਰੇਸ਼ੋ ਟੂ ਗਰਾਸ ਡੋਮੈਸਟਿਕ ਪ੍ਰੋਡਕਟ 80% ਹੈ। 20% ਐਕਸਟਰਨਲ ਰਿਸੋਰਸਿਜ਼ ਤੋਂ ਅਤੇ 60% ਇੰਟਰਨਲ ਰਿਸੋਰਸਿਜ਼ ਤੇ ਹਾਸਲ ਹੋ ਰਿਹਾ ਹੈ। ਉਹ ਅਸੀਂ ਸਾਰੇ ਸੈਂਟਰ ਤੋਂ ਮੰਗਣ ਜਾਂਦੇ ਹਾਂ। ਸਾਡੀ ਸਟੇਟ ਵਿਚ ਜੋ ਇਹ ਰੇਸ਼ੋ ਹੈ, ਇਹ ਇਨ੍ਹਾਂ ਦੇ ਵਾਈਟ ਪੇਪਰ ਦੇ ਅਨੁਸਾਰ 2002 ਵਿਚ 40.66% ਸੀ ਅਤੇ ਜੋ ਤੁਸੀਂ ਡਾਟਾ ਦਿੱਤਾ ਹੈ, ਉਸ ਅਨੁਸਾਰ ਇਹ ਸਾਲ 2002-2003 ਵਿਚ 47% ਹੋਈ ਅਤੇ ਸਾਲ 2003-2004 ਵਿਚ 48% ਹੋ ਜਾਣੀ ਹੈ। ਕੀ ਤੁਸੀਂ ਇਸ ਨੂੰ ਕੰਟਰੋਲ ਕਰ ਲਿਆ ਹੈ ? ਨਹੀਂ, ਇਹ ਤਾਂ ਸਗੋਂ ਪਹਿਲਾਂ ਨਾਲੋਂ ਵੀ ਵਧ ਰਿਹਾ ਹੈ। ਜਦੋਂ ਤੋਂ ਇਕਨਾਮਿਕ ਰਿਫਾਰਮਜ਼ ਦਾ ਦੌਰ ਚੱਲਿਆ ਹੈ, ਇਹ ਇਕ ਰਿਵਾਜ ਹੀ ਬਣ ਗਿਆ ਹੈ ਕਿ ਫਿਸਕਲ ਡੈਫੀਸਿਟ ਨੂੰ ਘਟਾਇਆ ਜਾਵੇ। ਇਹ ਨਹੀਂ ਵੇਖਿਆ ਜਾਂਦਾ ਕਿ ਕਰਜ਼ਾ ਕਿਸ ਕਾਰਜ ਵਾਸਤੇ ਲਿਆ ਜਾ ਰਿਹਾ ਹੈ। ਸੰਸਾਰ ਵਿਚ ਕੇਨਜ਼ੀਅਨ ਰੈਵੋਲਿਊਸ਼ਨ ਆਇਆ। ਲਾਰਡ ਕੇਨਜ਼ ਨੇ ਇਕ ਸਿਧਾਂਤ ਦਿੱਤਾ ਕਿ ਇਕਾਨਮੀ ਦੀ ਲੋੜ ਅਨੁਸਾਰ ਸਰਪੱਲਸ ਬਜਟ ਬਣਾਇਆ ਜਾਵੇ ਜਾਂ ਡੇਫੀਸਿਟ ਬਜਟ ਬਣਾਇਆ ਜਾਵੇ ਅਤੇ ਜੇ ਲੋੜ ਹੋਵੇ ਤਾਂ ਬੈਲੈਂਸਡ ਬਜਟ ਬਣਾਇਆ ਜਾਵੇ।

ਫਿਰ ਸਾਡੇ ਕੋਲ ਮਿਸਾਲ ਹੈ ਕਿ ਦੂਜੇ ਵਿਸ਼ਵ ਜੰਗ ਤੋਂ ਬਾਅਦ ਯੂਰਪ ਦੇ ਜਿੰਨੇ ਦੇਸ਼ ਹਨ ਉਨ੍ਹਾਂ ਨੇ ਫਿਸਕਲ ਡੈਫੀਸਿਟ ਦੀ ਵਿਧੀ ਨੂੰ ਅਪਣਾ ਕੇ ਆਪਣੀ ਅਰਥ ਵਿਵਸਥਾ ਦਾ ਪੁਨਰ ਨਿਰਮਾਣ ਕੀਤਾ ਪਬਲਿਕ ਡੈਟ ਦੇ ਵਾਧੇ ਦੇ ਆਧਾਰ ਤੇ ਪਿਛਲੀ ਸਰਕਾਰ ਨੂੰ ਕੋਸਣਾ ਠੀਕ ਨਹੀਂ। ਕਿ ਬਿਨ੍ਹਾਂ ਮੇਰੇ ਵਿਚਾਰ ਵਿੱਚ ਉਸ ਨਾਜ਼ਕ ਦੌਰ ਵਿੱਚ ਇਹ ਤਾਂ ਇਕ ਆਧਾਰ ਬਣਿਆ ਸੂਬੇ ਦੇ ਆਰਥਕ ਵਿਕਾਸ ਦਾ ਅਸੀਂ ਸਾਰੇ ਪੰਜਾਬੀਆਂ ਨੇ ਬੜਾ ਵੱਡਾ ਸੰਤਾਪ ਹੰਢਾਇਆ ਹੈ। 1980 ਦੇ ਦਹਾਕੇ ਵਿੱਚ ਅਤੇ 1990 ਦੇ ਦਹਾਕੇ ਦੇ ਪਹਿਲੇ ਅੱਧ ਤੱਕ ਪੰਜਾਬ ਨੇ ਬਹੁਤ ਵੱਡਾ ਸੰਤਾਪ ਹੰਢਾਇਆ। ਏਥੇ ਦਹਿਸ਼ਤ ਦਾ ਮਾਹੌਲ ਸੀ। ਸਾਰੇ ਵਿਕਾਸ ਕਾਰਜ ਠੱਪ ਹੋ ਗਏ ਸਨ। ਕੇਵਲ ਸਰਵਾਈਵ ਕਰਨਾ ਹੀ ਜੀਵਨ ਦਾ ਮੁੱਖ ਮਨੋਰਥ ਰਹਿ ਗਿਆ ਸੀ। (ਘੰਟੀ) ਮੇਰੀ ਬੇਨਤੀ ਹੈ ਕਿ ਮੈਨੂੰ ਥੋੜ੍ਹਾ ਸਮਾਂ ਹੋਰ ਦੇ ਦਿਓ। ਮੈਂ ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰਦੀ ਹਾਂ।

**ਸ਼੍ਰੀ ਸਭਾਪਤੀ :** ਤੁਹਾਡੀ ਪਾਰਟੀ ਦਾ ਹੋਰ ਟਾਈਮ ਨਹੀਂ ਬਚਦਾ। ਹੁਣ ਤੁਸੀਂ ਕ੍ਰਿਪਾ ਕਰਕੇ ਵਾਂਈਡ ਅੱਪ ਕਰੋ।

Original with;
Punjab Vidhan Sabha
Digitized by;
Panjab Digital Library

**ਡਾਕਟਰ ਉਪਿੰਦਰਜੀਤ ਕੌਰ** : ਚੇਅਰਮੈਨ ਸਾਹਿਬ, ਮੈਂ ਬਹੁਤ ਗੱਲਾਂ ਕਰਨੀਆਂ ਹਨ।

**ਸ਼੍ਰੀ ਸਭਾਪਤੀ** : ਨਹੀਂ, ਹੁਣ ਤੁਸੀਂ ਵਾਈਂਡ ਅੱਪ ਕਰੋ।

**ਡਾਕਟਰ ਉਪਿੰਦਰਜੀਤ ਕੌਰ** : ਚੇਅਰਮੈਨ ਸਾਹਿਬ, ਮੈਂ ਬੇਨਤੀ ਕਰ ਰਹੀ ਸੀ ਕਿ ਉਹ ਅਜਿਹਾ ਸਮਾਂ ਸੀ ਕਿ ਉਦੋਂ ਨਾ ਕੋਈ ਪ੍ਰੋਡਕਟਿਵ ਓਪਰੇਸ਼ਨ ਹੁੰਦਾ ਸੀ ਅਤੇ ਨਾ ਹੀ ਕੋਈ ਹੋਰ ਵਿਕਾਸ ਕਾਰਜ ਸੰਪਨ ਹੁੰਦਾ ਸੀ । ਪੰਜਾਬ ਆਰਥਿਕ ਪੱਖੋਂ ਪਛੜ ਰਿਹਾ ਸੀ। ਅਜਿਹੇ ਹਾਲਾਤ ਤੋਂ ਉਤਪੰਨ ਹੋਈ ਸਥਿਤੀ ਵਿਚ ਸਭ ਨੂੰ ਸੇਵਾ ਕਰਨ ਦਾ ਮੌਕਾ ਮਿਲਿਆ। ਮੈਂ ਮਾਣ ਅਤੇ ਫਖਰ ਨਾਲ ਬੇਨਤੀ ਕਰਦੀ ਹਾਂ ਕਿ ਉਸ ਤੋਂ ਬਆਦ ਪੰਜਾਬ ਵਿੱਚ ਇਕ ਪਾਸੇ ਅਮਨ ਅਤੇ ਸ਼ਾਂਤੀ ਦਾ ਮਾਹੌਲ ਸਥਾਪਤ ਹੋਇਆ, ਦੂਜੇ ਪਾਸੇ ਭਾਈਚਾਰਕ ਏਕਤਾ ਸਥਾਪਿਤ ਹੋਈ ਅਤੇ ਇਸ ਦੇ ਨਾਲ ਹੀ ਨਾਲ ਪੰਜਾਬ ਦੇ ਵਿੱਚ ਸਰਬਪੱਖੀ ਅਤੇ ਪ੍ਰੋਡਕਟਿਵ ਵਿਕਾਸ ਹੋਇਆ। ਮੈਂ ਆਪਣੇ ਇਲਾਕੇ ਦੀ ਗੱਲ ਕਰਨ ਲੱਗੀ ਹਾਂ ਕਿ ਮੇਰੇ ਹਲਕੇ ਵਿੱਚ ਇਨ੍ਹਾਂ ਪੰਜਾਂ ਸਾਲਾਂ ਵਿੱਚ ਏਨਾ ਵਿਕਾਸ ਹੋਇਆ ਜਿਸ ਦੀ ਉਮੀਦ ਹੀ ਨਹੀਂ ਕੀਤੀ ਜਾ ਸਕਦੀ ਸੀ। ਏਨਾ ਵਿਕਾਸ ਉਸ ਤੋਂ ਪਹਿਲਾਂ ਪਿਛਲੇ 50 ਸਾਲਾਂ ਵਿੱਚ ਹੋਏ ਵਿਕਾਸ ਨੂੰ ਵੀ ਮਾਤ ਪਾ ਗਿਆ। ਉਸ ਤੋਂ ਪਹਿਲਾਂ ਸੜਕਾਂ ਟੁੱਟੀਆਂ ਪਈਆਂ ਸਨ, ਉਹ ਵੀ ਸਾਰੀਆਂ ਮੁਰੰਮਤ ਕੀਤੀਆਂ ਗਈਆਂ ਅਤੇ ਨਵੀਆਂ ਹੋਰ ਸੜਕਾਂ ਵੀ ਬਣਾਈਆਂ ਗਈਆਂ। ਉਸ ਸਮੇਂ ਜਿਨ੍ਹਾਂ ਜ਼ਮੀਨਾਂ ਦੀ ਕੀਮਤ 50,000 ਰੁਪਏ ਪ੍ਰਤੀ ਏਕੜ ਤੋਂ ਵੱਧ ਨਹੀਂ ਸੀ ਅਤੇ ਲੋਕਾਂ ਨੂੰ ਸਾਲ ਵਿੱਚ ਇਕ ਫਸਲ ਵੀ ਪੂਰੀ ਤਰ੍ਹਾਂ ਨਸੀਬ ਨਹੀਂ ਹੁੰਦੀ ਸੀ ਉਥੇ ਲੋਕਾਂ ਨੂੰ ਦੋ ਐਡਵਾਂਸ ਧੁੱਸੀ ਬੰਨ੍ਹ ਬਣਾਕੇ ਦਿੱਤੇ ਗਏ ਜਿਨ੍ਹਾਂ ਕਰਕੇ ਉਨ੍ਹਾਂ ਜ਼ਮੀਨਾਂ ਦੀ ਕੀਮਤ 50,000 ਰੁਪਏ ਪ੍ਰਤੀ ਏਕੜ ਤੋਂ ਵੱਧ ਕੇ 6 ਲੱਖ ਰੁਪਏ ਹੋ ਗਈ ਔਰ ਇਕ ਸਾਲ ਦੇ ਵਿੱਚ ਉਨ੍ਹਾਂ ਬੰਨ੍ਹਾਂ ਕਾਰਨ ਏਨੀ ਆਮਦਨ ਸਰਕਾਰ ਨੂੰ ਹੋਈ ਕਿ ਉਨ੍ਹਾਂ ਨੇ ਆਪਣਾ ਖਰਚਾ 12 ਕਰੋੜ ਰੁਪਏ ਦਾ ਪੂਰਾ ਕਰ ਦਿੱਤਾ। ਇਸੇ ਤਰ੍ਹਾਂ ਉਥੇ 9 ਪੁਲ ਬਣਾਏ ਗਏ ਅਤੇ 100 ਕਿਲੋਮੀਟਰ ਲੰਮੀਆਂ ਲਿੰਕ ਸੜਕਾਂ ਬਣਾਈਆਂ ਗਈਆਂ। ਹਰ ਪਿੰਡ ਨੂੰ ਗਰਾਂਟਾਂ ਦਿੱਤੀਆਂ ਗਈਆਂ ਔਰ ਪ੍ਰੋਡਕਟਿਵ ਇਨਫਰਾਸਟਰਕਚਰ ਕਰੀਏਟ ਕੀਤੇ ਗਏ। ਟੈਕਸਾਂ ਰਾਹੀਂ ਵੀ ਸਾਧਨ ਇਕੱਠੇ ਕੀਤੇ ਅਤੇ ਨਾਨ-ਟੈਕਸਾਂ ਰਾਹੀਂ ਵੀ ਸਾਧਨ ਜੁਟਾਏ ਗਏ। ਜੇ ਲੋੜ ਮਹਿਸੂਸ ਕੀਤੀ ਤਾਂ ਲੋਨ ਵੀ ਅਰੇਂਜ ਕੀਤੇ ਗਏ ਪਰ ਇਸ ਦੇ ਨਾਲ ਹੀ ਇਨਫਰਾਸਟਰਕਚਰ ਨੂੰ ਵੀ ਮਜ਼ਬੂਤ ਕੀਤਾ। ਅੱਜ ਮੌਜੂਦਾ ਸਰਕਾਰ ਆਪਣੇ ਇਸ ਬਜਟ ਡਾਕੂਮੈਂਟ ਵਿੱਚ ਜਿਨ੍ਹਾਂ ਚੀਜ਼ਾਂ ਤੇ ਮਾਣ ਕਰ ਰਹੀ ਹੈ ਕਿ ਇਹ ਪੁੱਲ ਬਣ ਰਹੇ ਹਨ, ਇਹ ਹਾਈ ਵੇਅਜ਼ ਬਣ ਰਹੇ ਹਨ, ਇਹ ਸਾਰਾ ਕੁਝ ਪਿਛਲੀ ਸਰਕਾਰ ਦੀ ਦੇਣ ਹੈ। ਅਸੀਂ ਉਦੋਂ ਉਸ ਸਮੇਂ ਪੈਸੇ ਜਮ੍ਹਾਂ ਕਰਵਾ ਗਏ ਸੀ ਅਤੇ ਉਸੇ ਸਮੇਂ ਤੇ ਇਹ ਕਾਰਜ ਸ਼ੁਰੂ ਕਰਵਾ ਕੇ ਗਏ ਸੀ। ਮੇਰੀ ਬੇਨਤੀ ਹੈ ਕਿ ਆਪਾਂ ਪੰਜਾਬ ਦੇ ਉਜਲ ਭਵਿੱਖ ਲਈ ਸਾਧਨ ਕਰੀਏਟ ਕਰੀਏ ਔਰ ਇਨਫਰਾਸਟਰਕਚਰ ਕਰੀਏਟ ਕਰੀਏ ਅਤੇ ਜੇਕਰ ਸਾਨੂੰ ਕਰਜ਼ਾ ਲੈ ਕੇ ਸਾਧਨ ਹਾਸਲ ਕਰਨੇ ਪੈਂਦੇ ਹਨ ਤਾਂ ਕਰੀਏ। ਕਰਜ਼ਾ ਆਪਣੇ ਆਪ ਵਿੱਚ ਕੋਈ ਮਾੜੀ ਗੱਲ ਨਹੀਂ ਹੁੰਦਾ। ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਾਂਗੀ ਕਿ ਵਿੱਤ ਮੰਤਰੀ ਜੀ, ਤੁਸੀਂ ਇਸ ਗੱਲ ਨੂੰ ਐਨਸ਼ਿਓਰ ਕਰੋ ਕਿ ਜਿਹੜੇ ਸੀਮਤ ਸਾਧਨ ਹਨ, ਉਨ੍ਹਾਂ ਦਾ ਪ੍ਰੋਡਕਟਿਵ ਯੂਜ਼ ਹੋਵੇ, ਅਨਪ੍ਰੋਡਕਟਿਵ ਯੂਜ਼ ਨਾ ਹੋਵੇ ਤਾਂ ਕਿ ਡਿਵੈਲਪਮੈਂਟ ਕਾਰਜਾਂ ਨੂੰ ਉਤਸ਼ਾਹ ਦੇ ਸਕੀਏ, ਪੰਜਾਬ ਨੂੰ ਨੰਬਰ ਵੰਨ ਸੂਬਾ ਬਣਾ ਸਕੀਏ ਅਤੇ ਆਪਾਂ ਸਾਰੇ ਇਸ ਸੂਬੇ ਤੇ ਮਾਣ ਕਰ ਸਕੀਏ।...........

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਭਾਪਤੀ** : ਬੀਬੀ ਜੀ, ਤੁਹਾਡਾ ਟਾਈਮ ਖਤਮ ਹੋ ਗਿਆ ਹੈ।

**ਡਾਕਟਰ ਉਪਿੰਦਰਜੀਤ ਕੌਰ** : ਦੇਖੋ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਫਿਰ ਬੇਨਤੀ ਕਰਦੀ ਹਾਂ ਕਿ ਮੈਨੂੰ ਕੁਝ ਮਿੰਟ ਆਪਣੀ ਗੱਲ ਕਹਿਣ ਨੂੰ ਹੋਰ ਦੇ ਦਿਓ। ਮੇਰਾ ਇਸ ਹਾਊਸ ਦੇ ਨਾਲ ਕੁਝ ਗੱਲਾਂ ਸ਼ੇਅਰ ਕਰਨ ਨੂੰ ਦਿਲ ਕਰਦਾ ਹੈ। ਤੁਸੀਂ ਮੈਨੂੰ 5-7 ਮਿੰਟ ਹੋਰ ਦੇ ਦਿਓ।

**ਸ਼੍ਰੀ ਸਭਾਪਤੀ** : ਨਹੀਂ ਜੀ। 5-7 ਪੰਜ ਮਿੰਟ ਦਾ ਟਾਈਮ ਤਾਂ ਨਹੀਂ ਮਿਲ ਸਕਦਾ। ਤੁਸੀਂ ਦੋ ਮਿੰਟ ਹੋਰ ਲੈ ਲਓ।

**ਡਾਕਟਰ ਉਪਿੰਦਰਜੀਤ ਕੌਰ** : ਇਕ ਹੋਰ ਗੰਭੀਰ ਸਮੱਸਿਆ ਬੇਰੁਜ਼ਗਾਰੀ ਨੂੰ ਦੂਰ ਕਰਨ ਬਾਰੇ ਹੈ। ਜੇਕਰ ਅਸੀਂ ਇਸਨੂੰ ਕੰਟਰੋਲ ਨਾ ਕੀਤਾ ਤਾਂ ਫਿਰ ਦੋਵੇਂ ਪੋਲੀਟੀਕਲ ਇਨਸਟੇਬਿਲਟੀ ਅਤੇ ਸੋਸ਼ਲ ਇਨਸਟੇਬਿਲਟੀ ਹੋਣਗੀਆਂ ਅਤੇ ਸਥਿਤੀ ਸਚਮੁਚ ਵਿਸਫੋਟਕ ਹੋਵੇਗੀ। ਪਰ ਬੇਰੁਜ਼ਗਾਰੀ ਨੂੰ ਦੂਰ ਕਰਨ ਵਾਸਤੇ ਬਜਟ ਡਾਕੂਮੈਂਟ ਵਿਚ ਅਜਿਹੀ ਕੋਈ ਵੀ ਤਜਵੀਜ਼ ਨਹੀਂ ਹੈ ਜਿਹੜੀ ਕਿ ਇੰਪਲਾਇਮੈਂਟ ਫਰੈਂਡਲੀ ਗਰੋਥ ਸਟਰੈਟਜੀ ਨੂੰ ਚਾਕ-ਆਊਟ ਕਰਦੀ ਹੋਵੇ। ਸੋ ਵਿੱਤ ਮੰਤਰੀ ਜੀ, ਕਿਰਪਾ ਕਰਕੇ ਇਸ ਪਾਸੇ ਵੀ ਧਿਆਨ ਦੇਣਾ। ਮੈਂ ਬਿਲਕੁਲ ਸੰਖੇਪ ਵਿਚ ਬੇਨਤੀ ਕਰਾਂਗੀ।

ਖੇਤੀਬਾੜੀ ਸਾਡੀ ਆਰਥਿਕਤਾ ਦਾ ਆਧਾਰ ਹੈ। ਇਸ ਵਿਚ ਖੜੋਤ ਆ ਗਈ ਹੈ। ਅਸੀਂ ਸਾਰੇ ਸੈਕਿੰਡ ਪੁਸ਼ ਦੀ ਗੱਲ ਕਰਦੇ ਹਾਂ। ਗਰੀਨ ਰੈਵੋਲਿਊਸ਼ਨ ਆਇਆ ਅਤੇ ਪ੍ਰੋਡਕਟਿਵਿਟੀ ਵਧੀ। ਹੁਣ ਇਹ ਪਲੈਟਿਊ ਤੇ ਪਹੁੰਚ ਗਈ ਹੈ ਅਤੇ ਇਸ ਤੋਂ ਅੱਗੇ ਕੋਈ ਵਿਕਾਸ ਨਹੀਂ ਅਤੇ ਉਤਪਾਦਿਕਤਾ ਵਿਚ ਵਾਧਾ ਨਹੀਂ ਹੈ। ਇਸ ਲਈ ਅਸੀਂ ਯਤਨ ਕਰ ਰਹੇ ਹਾਂ ਕਿ ਨਿਊ ਬਰੇਕਥਰੂ ਟੈਕਨਾਲੋਜੀ ਲਿਆਂਦੀ ਜਾਵੇ ਅਤੇ ਸੈਕਿੰਡ ਪੁਸ਼ ਇਨ ਐਗਰੀਕਲਚਰ ਲਿਆਈਏ। ਲੇਕਿਨ ਖੇਤੀ ਕਾਰਜ ਲਈ ਅਸੀਂ ਸਾਧਨ ਕਿੰਨੇ ਦਿੱਤੇ, ਉਹ ਵੇਖ ਲਵੋ ਅਤੇ ਦੂਜਾ ਨੀਤੀ ਕਿਹੜੀ ਦਿੱਤੀ। ਮੇਰੀ ਬੇਨਤੀ ਹੈ ਕਿ ਉਹ ਨੀਤੀ ਦੀ ਸਫਲਤਾ ਲਈ ਮੰਡੀ ਕਰਨ ਯਕੀਨੀ ਬਣਾਉਣਾ ਹੋਵੇਗਾ। ਆਪਾਂ ਕਹਿ ਰਹੇ ਹਾਂ ਕਿ ਸਾਡਾ ਮੇਜਰ ਥਰੱਸਟ ਹੈ ਕਿ ਅਸੀਂ ਡਾਈਵਰਸੀਫਿਕੇਸ਼ਨ ਕਰਾਂਗੇ। ਡਾਈਵਰਸੀਫਿਕੇਸ਼ਨ ਦੀ ਨੀਤੀ ਠੁੱਸ ਹੋ ਗਈ ਹੈ।

**ਸ਼੍ਰੀ ਸਭਾਪਤੀ** : ਵਾਈਂਡ ਅੱਪ ਕਰੋ ਜੀ। ਸਮਾਂ ਖਤਮ ਹੋ ਗਿਆ ਹੈ।

**ਡਾਕਟਰ ਉਪਿੰਦਰਜੀਤ ਕੌਰ** : ਡਾਈਵਰਸੀਫਿਕੇਸ਼ਨ ਦੀ ਨੀਤੀ ਵਿੱਚ ਕੇਵਲ ਇਕ ਫਸਲੀ ਚੱਕਰ ਦੀ ਗੱਲ ਕੀਤੀ ਹੈ, ਸਬਸਿਡਰੀ ਆਕੂਪੇਸ਼ਨ ਦੀ ਗੱਲ ਨਹੀਂ ਕੀਤੀ। Those should also be included ਨੰਬਰ ਦੋ ਇਹ ਨੀਤੀ ਠੁਸ ਹੋ ਗਈ ਹੈ ਇਨ੍ਹਾਂ ਨੇ ਕਿਹਾ ਹੈ ਕਿ ਇਸ ਸਾਲ 3 ਲੱਖ ਏਕੜ ਵਿਚ ਡਾਈਵਰਸੀਫਿਕੇਸ਼ਨ ਕੀਤੀ ਜਾਵੇਗੀ। ਪਿਛਲਾ ਟਾਰਗੇਟ ਸ਼ਾਇਦ 30 ਹਜ਼ਾਰ ਏਕੜ ਦਾ ਸੀ। ਲੇਕਿਨ ਇਹ ਨੀਤੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਠੁਸ ਹੋ ਗਈ ਹੈ। ਇਹ ਪੰਜਾਬ ਐਗਰੋ ਰਾਹੀਂ ਲਾਗੂ ਕੀਤੀ ਜਾਣੀ ਸੀ। ਪਟਿਆਲਾ ਦੇ ਭਾਸਕਰ ਅਖਬਾਰ ਵਿਚ ਮਿਤੀ 22 ਮਾਰਚ, 2003 ਨੂੰ ਦੇਖ ਲਵੋ। ਦੈਨਿਕ ਭਾਸਕਰ ਵਿਚ

Original with;
Punjab Vidhan Sabha
Digitized by;

ਛਪਿਆ ਕਿ ਪਿੰਡ ਬਿਸ਼ਨ ਪੁਰ ਛੰਨਾ ਦੇ ਸੁਖਪਾਲ ਸਿੰਘ ਨੇ ਪੰਜਾਬ ਐਗਰੋ ਨਾਲ ਕੰਟਰੈਕਟ ਕੀਤਾ ਸੀ ਲੇਕਿਨ ਉਹ ਕੰਟਰੈਕਟ ਫੇਲ੍ਹ ਹੋ ਗਿਆ। ਉਹ ਬੜਾ ਅਗਾਂਹਵਧੂ ਕਿਸਾਨ ਸੀ। ਪੰਜਾਬ ਐਗਰੋ ਨੇ ਉਸ ਨੂੰ ਐਸ਼ਿਓਰ ਕੀਤਾ ਸੀ ਕਿ ਉਸ ਦੇ ਮਟਰ 5 ਰੁਪਏ ਪ੍ਰਤੀ ਕਿਲੋ ਖਰੀਦੇ ਜਾਣਗੇ ਪ੍ਰੰਤੂ ਉਨ੍ਹਾਂ ਨੇ ਢਾਈ ਰੁਪਏ ਦਾ ਭਾਅ ਦਿੱਤਾ। ਉਸ ਨੇ 15 ਏਕੜ ਵਿਚ ਇਹ ਬੀਜੇ ਸਨ। ਉਸ ਨੇ ਆਤਮ ਹੱਤਿਆ ਕਰਨ ਦਾ ਯਤਨ ਕੀਤਾ ਪਰ ਪੁਲਿਸ ਨੇ ਉਸ ਨੂੰ ਬਚਾਇਆ।

**ਸ਼੍ਰੀ ਸਭਾਪਤੀ :** ਪਲੀਜ਼ ਵਾਈਂਡ-ਅੱਪ ਕਰੋ।

**ਡਾਕਟਰ ਉਪਿੰਦਰਜੀਤ ਕੌਰ** : ਮੇਰੀ ਬੇਨਤੀ ਹੈ ਕਿ ਇਸ ਬਜਟ ਪ੍ਰੋਪੋਜ਼ਲ ਵਿਚ ਇਕ ਚੰਗੀ ਗੱਲ ਹੈ, ਉਹ ਇਹ ਹੈ ਕਿ ਟਰਸ਼ਰੀ ਸੈਕਟਰ ਵਿਚ ਵੱਡਾ ਵਿਕਾਸ ਹੋਇਆ ਹੈ। ਸੋ ਟਰਸਰੀ ਸੈਕਟਰ ਤੋਂ ਸਾਧਨ ਹਾਸਲ ਕਰਨ ਦਾ ਯਤਨ ਕੀਤਾ ਹੈ ਤੁਸੀਂ ਜਿਹੜਾ ਟੈਲੀਫੂਨ ਅਪਰੇਟਰਾਂ ਉਤੇ ਟੈਕਸ ਲਗਾਇਆ ਹੈ। ਇਹ ਚੰਗੀ ਗੱਲ ਕੀਤੀ ਹੈ। ਅਲਟੀਮੇਟਲੀ ਸਾਨੂੰ ਸਾਧਨ ਤਾਂ ਰੇਜ਼ ਕਰਨੇ ਹੀ ਪੈਣੇ ਹਨ। ਭਾਵੇਂ ਪਹਿਲੀ ਸਟੇਜ ਤੇ ਇਸ ਦਰ ਨੂੰ ਘਟਾ ਦਿਉ। ਚੇਅਰਮੈਨ ਸਾਹਿਬ, ਇਹ ਬਜਟ ਮੁਲਾਜ਼ਮ ਵਿਰੋਧੀ ਹੈ, ਕਿਸਾਨ ਵਿਰੋਧੀ ਹੈ, ਵਪਾਰੀ ਵਰਗ ਵਿਰੋਧੀ ਹੈ, ਉਦਯੋਗਪਤੀ ਵਿਰੋਧੀ ਹੈ ਅਤੇ ਆਮ ਜਨਤਾ ਵਿਰੋਧੀ ਹੈ। ਇਹ ਵਿਕਾਸ ਮੁਖੀ ਵੀ ਨਹੀਂ ਹੈ, ਧੰਨਵਾਦ।

**ਸਰਦਾਰ ਜਸਬੀਰ ਸਿੰਘ ਗਿੱਲ (ਡਿੰਪਾ) (ਬਿਆਸ)** : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਬਜਟ ਉਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਇਹ ਬਜਟ 24 ਮਾਰਚ, 2003 ਨੂੰ ਪੰਜਾਬ ਦੇ ਬਹੁਤ ਹੀ ਸਿਆਣੇ ਅਤੇ ਅਗਾਂਹਵਧੂ ਫਾਈਨਾਂਸ ਮਨਿਸਟਰ ਸਰਦਾਰ ਲਾਲ ਸਿੰਘ ਜੀ ਵੱਲੋਂ ਇਸ ਅਜ਼ੀਮ ਸਦਨ ਵਿਚ ਪੇਸ਼ ਕੀਤਾ ਗਿਆ ਸੀ। ਇਸ ਬਜਟ ਦੇ ਪਹਿਲੇ 2-4 ਪੰਨੇ ਫਰੋਲਦਿਆਂ ਹੀ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਸ ਬਜਟ ਨੂੰ ਤਿਆਰ ਕਰਨ ਵਾਲਿਆਂ ਨੇ ਕਿੰਨੀ ਮਿਹਨਤ ਨਾਲ, ਕਿੰਨੀ ਹਿੰਮਤ ਨਾਲ ਅਤੇ ਕਿੰਨੇ ਚੰਗੇ ਤਰੀਕੇ ਨਾਲ ਪੰਜਾਬ ਦੇ ਹਰੇਕ ਵਰਗ ਨੂੰ ਕਵਰ ਕਰਕੇ ਉਨ੍ਹਾਂ ਵਾਸਤੇ ਕੁਝ ਨਾ ਕੁਝ ਰਿਆਇਤਾਂ ਰੱਖੀਆਂ ਹਨ। ਜੇਕਰ ਤੁਸੀਂ ਮਾਲੀ ਘਾਟੇ ਵੱਲ ਨਿਗਾਹ ਮਾਰ ਲਵੋ, ਉਹ ਰੈਵਨਿਊ ਡੇਫੀਸਿਟ ਜਿਹੜਾ ਸਾਲ 2001-02 ਵਿਚ 3,781 ਕਰੋੜ ਰੁਪਏ ਸੀ, ਇਸ ਬਜਟ ਵਿਚ ਘਟ ਕੇ 3,110 ਕਰੋੜ ਰੁਪਏ ਰਹਿ ਗਿਆ ਹੈ ਜਿਹੜੀ ਕਿ ਆਪਣੇ ਆਪ ਵਿੱਚ ਇਕ ਬਹੁਤ ਵੱਡੀ ਉਪਲਬਧੀ ਹੈ। ਮੇਰੇ ਤੋਂ ਪਹਿਲਾਂ ਬੋਲਦਿਆਂ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਕਿਸੇ ਨੇ ਡਾਈਵਰਸੀਫਿਕੇਸ਼ਨ ਦੇ ਹੱਕ ਵਿੱਚ ਗੱਲ ਕੀਤੀ ਅਤੇ ਕਿਸੇ ਨੇ ਵਿਰੋਧ ਵਿੱਚ ਗੱਲ ਕੀਤੀ ਪਰ ਮੈਂ, ਚੇਅਰਮੈਨ ਸਾਹਿਬ, ਆਪ ਜੀ ਦੇ ਰਾਹੀਂ ਆਪਣੇ ਵਿਚਾਰ ਇਥੇ ਰੱਖਣਾ ਚਾਹੁੰਦਾ ਹਾਂ ਕਿ ਬੜੀ ਦੇਰ ਬਾਅਦ ਇਸ ਵਿਸ਼ੇ ਬਾਰੇ ਕਿਸੇ ਨੇ ਸੋਚਿਆ ਹੈ। ਕਈ ਸਰਕਾਰਾਂ ਆਈਆਂ ਅਤੇ ਕਈ ਗਈਆਂ ਪਰ ਡਾਈਵਰਸੀਫਿਕੇਸ਼ਨ ਬਾਰੇ ਕਦੇ ਵੀ ਕਿਸੇ ਦੇ ਮਨ ਵਿੱਚ ਗੱਲ ਨਹੀਂ ਆਈ। ਹਰ ਕੋਈ ਆਪਣਾ-ਆਪਣਾ ਸਿਆਸੀ ਏਜੰਡਾ ਲੈ ਕੇ ਆਉਂਦਾ ਰਿਹਾ ਅਤੇ ਪੰਜਾਬ ਦੀ ਆਰਥਿਕਤਾ ਨੂੰ ਤਰੋੜ-ਮਰੋੜ ਕੇ ਆਪਣਾ ਸਿਆਸੀ ਏਜੰਡਾ ਲੈ ਕੇ ਚਲਦਾ ਬਣਿਆ ਪਰ ਡਾਈਵਰਸੀਫਿਕੇਸ਼ਨ ਦੇ ਬਾਰੇ ਕਿ ਵਾਕਿਆ ਹੀ ਇਸ ਚੀਜ਼ ਦੀ ਲੋੜ ਹੈ, ਕਿਸੇ ਦਾ ਧਿਆਨ ਨਹੀਂ ਗਿਆ ਪਰ ਡਾਈਵਰਸੀਫਿਕੇਸ਼ਨ ਲਿਆਉਣ

Original with;
Punjab Vidhan Sabha
Digitized by;

[ਸਰਦਾਰ ਜਸਬੀਰ ਸਿੰਘ ਗਿੱਲ (ਡਿੰਪਾ)]

ਵਾਸਤੇ ਅੱਜ ਐਗਰੋ ਇੰਡਸਟਰੀ ਨੂੰ ਸਰਕਾਰ 40 ਕਰੋੜ ਰੁਪਏ ਦੇ ਚੁੱਕੀ ਹੈ ਅਤੇ ਉਨ੍ਹਾਂ ਵੱਲੋਂ ਨਵੀਆਂ ਤੋਂ ਨਵੀਆਂ ਸਕੀਮਾਂ ਬਣਾਈਆਂ ਜਾ ਰਹੀਆਂ ਹਨ। ਚੇਅਰਮੈਨ ਸਾਹਿਬ, ਸਕੀਮਾਂ ਬਣਦੀਆਂ ਹਨ ਪਰ ਇਕੋ ਰਾਤ ਵਿੱਚ ਉਸਦਾ ਰਿਜ਼ਲਟ ਨਹੀਂ ਆ ਜਾਂਦਾ। ਡਾਈਵਰਸੀਫਿਕੇਸ਼ਨ ਨੂੰ ਇਕ ਇੰਸਟੀਚਿਊਸ਼ਨ ਦੇ ਨਾਲ ਜੋੜ ਕੇ ਇਸਦੇ ਫੇਲ੍ਹ ਜਾਂ ਪਾਸ ਹੋਣ ਦਾ ਕੋਈ ਸਰਟੀਫਿਕੇਟ ਨਹੀਂ ਦਿੱਤਾ ਜਾ ਸਕਦਾ। ਡਾਈਵਰਸੀਫਿਕੇਸ਼ਨ ਦਾ ਅਸਰ ਕੁਝ ਸਮੇਂ ਬਾਅਦ ਪਤਾ ਲੱਗੇਗਾ। ਮੈਂ ਪੂਰੇ ਦਾਅਵੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਡਾਈਵਰਸੀਫਿਕੇਸ਼ਨ ਪੰਜਾਬ ਨੂੰ ਇਕ ਨਵੇਂ ਆਰਥਿਕ ਵਿਕਾਸ ਵੱਲ ਲੈ ਕੇ ਜਾਵੇਗੀ। (ਸਰਕਾਰੀ ਬੈਂਚਾਂ ਵੱਲੋਂ ਥੰਪਿੰਗ)। ਅੱਜ ਇਸ ਬਜਟ ਦੇ ਵਿੱਚ ਜੋ ਐਗਰੋ ਬੇਸਡ ਇੰਡਸਟਰੀ ਅਤੇ ਫੂਡ ਪ੍ਰੋਸੈਸਿੰਗ ਇੰਡਸਟਰੀ ਲਿਆਉਣ ਨੂੰ ਪ੍ਰਾਥਮਿਕਤਾ ਦਿੱਤੀ ਗਈ ਹੈ, ਇਹ ਇਕ ਬਹੁਤ ਹੀ ਚੰਗੇ ਵਿਸ਼ੇ ਵੱਲ ਧਿਆਨ ਦਿੱਤਾ ਗਿਆ ਹੈ ਕਿਉਂਕਿ ਮੈਂ ਵੇਖਿਆ ਹੈ ਕਿ ਜਿੱਥੇ-ਜਿੱਥੇ ਵੀ ਐਗਰੋ ਬੇਸਿਡ ਇੰਡਸਟਰੀਜ਼ ਲੱਗਦੀਆਂ ਹਨ, ਉਥੇ-ਉਥੇ ਹੀ ਕਿਸਾਨਾਂ ਦੀ ਆਰਥਿਕਤਾ ਵਿੱਚ ਸੁਧਾਰ ਹੋਇਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿੱਚ ਇਕ ਪਿੰਡ ਹੈ ਨਿੱਝਰਪੁਰਾ। ਉਥੇ ਨਿੱਝਰ ਐਗਰੋ ਇੰਡਸਟਰੀ ਲਗਾਈ ਹੋਈ ਹੈ ਜਿਸ ਦਾ ਉਥੋਂ ਦੇ ਕਿਸਾਨਾਂ ਦੀ ਆਰਥਿਕਤਾ ਤੇ ਬਹੁਤ ਵਧੀਆ ਅਸਰ ਪਿਆ ਹੈ। ਮੇਰੇ ਹਲਕੇ ਵਿੱਚ ਰਾਣਾ ਸ਼ੂਗਰ ਮਿਲ ਲੱਗੀ ਹੈ। ਉਥੇ ਕਾਫੀ ਲੋਕਾਂ ਨੇ ਕਣਕ ਅਤੇ ਝੋਨੇ ਨੂੰ ਛੱਡ ਕੇ ਗੰਨਾ ਉਗਾਇਆ ਹੈ। ਠੀਕ ਹੈ, ਛੋਟੀਆਂ ਮੋਟੀਆਂ ਮੁਸ਼ਕਲਾਂ ਆਉਂਦੀਆਂ ਰਹਿੰਦੀਆਂ ਹਨ ਪਰ ਪੰਜਾਬ ਵਾਸਤੇ ਇਹ ਹੱਲ ਕਰਨੀਆਂ ਕੋਈ ਬਹੁਤ ਵੱਡੀ ਗੱਲ ਨਹੀਂ ਹੈ। ਅੱਜ ਜਿਹੜੀਆਂ ਗੱਲਾਂ ਇਸ ਬਜਟ ਵਿੱਚ ਕਿਸਾਨਾਂ ਨੂੰ ਰਿਲੀਫ ਦੇਣ ਬਾਰੇ ਕੀਤੀਆਂ ਗਈਆਂ ਹਨ, ਮੈਂ ਉਨ੍ਹਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਖਾਦ ਤੇ 4% ਜਿਹੜਾ ਟੈਕਸ ਲਿਆ ਜਾਂਦਾ ਸੀ, ਉਸ ਨੂੰ ਖਤਮ ਕਰਨ ਤੇ ਮੈਂ ਸਰਦਾਰ ਲਾਲ ਸਿੰਘ, ਵਿੱਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ (ਥੰਪਿੰਗ) ਕਿ ਇਨ੍ਹਾਂ ਨੇ ਇਕ ਬਹੁਤ ਹੀ ਅੱਛਾ ਕਦਮ ਚੁੱਕਿਆ ਹੈ। ਜਿੱਥੇ ਕੇਂਦਰ ਸਰਕਾਰ ਖਾਦਾਂ ਤੇ ਨਵੇਂ-ਨਵੇਂ ਟੈਕਸ ਲਗਾ ਰਹੀ ਹੈ, ਉਥੇ ਪੰਜਾਬ ਸਰਕਾਰ ਨੇ ਖਾਦਾਂ ਤੇ ਇਹ ਟੈਕਸ ਖਤਮ ਕਰ ਦਿੱਤਾ ਹੈ। ਇਸੇ ਤਰ੍ਹਾਂ ਦੁੱਧ ਤੇ ਜਿਹੜਾ ਪਹਿਲਾਂ 4% ਟੈਕਸ ਲਿਆ ਜਾਂਦਾ ਸੀ, ਉਸ ਨੂੰ ਘਟਾ ਕੇ 2% ਕਰ ਦਿੱਤਾ ਹੈ। (ਥੰਪਿੰਗ) ਇਹ ਵੀ ਇਕ ਬੜਾ ਸ਼ਲਾਘਾਯੋਗ ਕਦਮ ਹੈ। ਇਸ ਦੇ ਨਾਲ ਹੀ ਪਿਛਲੇ ਕੁਝ ਸਮੇਂ ਤੋਂ ਜਿਹੜੀਆਂ ਕੁਝ ਪੰਜਾਬ ਸਰਕਾਰ ਦੀਆਂ ਚੰਗੀਆਂ ਪਾਲਿਸੀਆਂ ਚਲ ਰਹੀਆਂ ਹਨ, ਉਨ੍ਹਾਂ ਦੇ ਨਾਲ ਦੁੱਧ ਉਤਪਾਦਨ ਵਿੱਚ ਵੀ ਵਾਧਾ ਹੋਇਆ ਹੈ। ਫਿਸ਼ ਸੀਡ ਦਾ ਉਤਪਾਦਨ ਵੀ ਵਧਿਆ ਹੈ। ਅੱਜ ਪਰ-ਕੈਪੀਟਾ ਦੁੱਧ 787 ਗਰਾਮ ਹੋ ਗਿਆ ਹੈ ਅਤੇ ਇਸ ਦਾ ਸਿਹਰਾ ਪੰਜਾਬ ਸਰਕਾਰ ਨੂੰ ਜਾਂਦਾ ਹੈ। ਮੈਂ ਇੱਥੇ ਦੋ ਚੀਜ਼ਾਂ ਮਾਨਯੋਗ ਮੁੱਖ ਮੰਤਰੀ ਸਾਹਿਬ ਅਤੇ ਵਿੱਤ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣੀਆਂ ਚਾਹਾਂਗਾ। ਇਥੇ ਜਿਹੜੀ ਮੇਰੇ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਨੇ ਦੁਬਾਰਾ-ਦੁਬਾਰਾ ਗੱਲ ਕੀਤੀ ਹੈ ਕਿ ਪੰਜਾਬ ਦੇ ਪਾਣੀ ਦਾ ਪੱਧਰ ਨੀਵਾਂ ਜਾ ਰਿਹਾ ਹੈ, ਇਸ ਦੇ ਨਾਲ ਮੈਂ ਬਿਲਕੁਲ ਸਹਿਮਤ ਹਾਂ। ਇਸ ਦੇ ਵਾਸਤੇ ਵਾਟਰ ਹਾਰਵੈਸਟਿੰਗ ਦੇ ਨਵੇਂ-ਨਵੇਂ ਤਰੀਕੇ ਜਿਹੜੇ ਹਨ, ਉਹ ਅਪਣਾਉਣੇ ਪੈਣਗੇ। ਇੱਥੋ ਤੱਕ ਕਿ ਵਾਟਰ ਚੈੱਕ ਡੈਮ ਵੀ ਜੇ ਬਣਾਉਣੇ ਪੈਂਦੇ ਹਨ ਤਾਂ ਉਨ੍ਹਾਂ ਦਾ ਵੀ ਬਹੁਤ ਫਾਇਦਾ ਹੋਵੇਗਾ। ਇੱਕ ਤਾਂ ਇਹ ਇਰੀਗੇਸ਼ਨ ਵਿੱਚ ਕੰਮ ਆਉਣਗੇ ਤੇ ਦੂਜਾ ਇਹ ਪਾਣੀ ਨੂੰ ਰੀਚਾਰਜ ਕਰਨਗੇ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ

Original with;
Punjab Vidhan Sabha
Digitized by;
Panjab Digital Library

ਹਾਂ ਕਿ ਜੈਸਲਮੇਰ ਔਰ ਬੀਕਾਨੇਰ ਡਿਸਟ੍ਰਿਕਟਾਂ ਵਿੱਚ ਸ਼੍ਰੀ ਅਲੋਕ ਸ਼ਰਮਾ ਨੇ ਇਸ ਚੀਜ਼ ਨੂੰ ਪਾਈਨੀਅਰ ਕੀਤਾ ਹੈ। ਉਥੇ ਚੈੱਕ ਡੈਮ ਬਣਾਏ ਗਏ ਹਨ। ਲੋਕਾਂ ਨੂੰ ਉਥੇ ਕਾਫੀ ਵੱਡੀ ਕਾਮਯਾਬੀ ਮਿਲੀ ਹੈ। ਉਥੇ ਗਰਮੀਆਂ ਵਿੱਚ ਰੇਗਿਸਤਾਨ ਵਰਗੇ ਇਲਾਕੇ ਵਿੱਚ ਲੋਕਾਂ ਨੂੰ ਪੀਣ ਵਾਲਾ ਪਾਣੀ ਨਹੀਂ ਸੀ ਮਿਲਦਾ, ਉਥੇ ਹੁਣ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਹੋਇਆ ਹੈ। ਮੈਂ ਬੇਨਤੀ ਕਰਦਾ ਹਾਂ ਕਿ ਆਪਾਂ ਵੀ ਇਸ ਪਾਸੇ ਧਿਆਨ ਦੇਈਏ।

ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਹੁਣ ਮੈਂ ਅਨਾਜ ਦੀ ਖਰੀਦ ਤੇ ਆਉਂਦਾ ਹਾਂ। ਅੱਜ ਤੋਂ ਪਹਿਲਾਂ ਕਈ ਸਰਕਾਰਾਂ ਆਈਆਂ, ਉਨ੍ਹਾਂ ਨੇ ਵੀ ਅਨਾਜ ਦੀ ਉਦੋਂ ਖਰੀਦ ਕੀਤੀ ਪਰ ਇਸ ਸਾਲ ਨੂੰ ਛੱਡ ਕੇ ਇਸ ਤੋਂ ਪਹਿਲਾਂ ਹਮੇਸ਼ਾ ਨਿਰਾਸ਼ਾਜਨਕ ਖਰੀਦ ਹੀ ਹੋਈ। ਇਸ ਦਾ ਤੁਹਾਨੂੰ ਸਾਰਿਆਂ ਨੂੰ ਭਲੀਭਾਂਤ ਪਤਾ ਹੈ। ਉਸ ਵੇਲੇ ਦੇ ਮੰਤਰੀ ਸਸਤੇ ਭਾਅ ਤੇ ਕਣਕ ਜਾਂ ਝੋਨਾ ਖਰੀਦ ਲੈਂਦੇ ਸਨ ਤੇ ਫਿਰ ਸਰਕਾਰ ਨੂੰ ਮਹਿੰਗੇ ਭਾਅ ਤੇ ਵੇਚਦੇ ਸਨ। ਐਤਕੀਂ ਸਭ ਤੋਂ ਵਧੀਆ ਗੱਲ ਹੋਈ ਹੈ। ਬਿਲਕੁਲ ਪਾਰਦਰਸ਼ੀ ਅਤੇ ਸਾਫ ਸੁਥਰੀ ਖਰੀਦ ਹੋਈ ਹੈ। ਮੰਡੀਆਂ ਵਿੱਚ ਅੱਗੇ ਨਾਲੋਂ ਵੱਧ ਕਣਕ ਅਤੇ ਝੋਨਾ ਖਰੀਦਿਆ ਗਿਆ ਹੈ। ਜਿੱਥੇ 99 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਹੋਈ ਹੈ, ਉਥੇ ਝੋਨੇ ਦੀ ਖਰੀਦ 120 ਲੱਖ ਮੀਟਰਿਕ ਟਨ ਹੋਈ ਹੈ। ਇਹ ਆਪਣੇ ਆਪ ਵਿੱਚ ਰਿਕਾਰਡ ਹੈ। ਮੈਂ ਨਹੀਂ ਕਹਿ ਰਿਹਾ, ਇਹ ਭਾਰਤ ਸਰਕਾਰ ਦੀ ਖਰੀਦ ਏਜੰਸੀ ਐਫ.ਸੀ.ਆਈ. ਦਾ ਰਿਕਾਰਡ ਬੋਲਦਾ ਹੈ। ਪਿਛਲੀ ਵਾਰੀ ਭਾਵੇਂ ਕਿੰਨਾ ਵੀ ਸੋਕਾ ਸੀ ਪਰ ਕਿਸੇ ਨੇ ਵੀ ਇਸ ਵਾਸਤੇ ਉਪਰਾਲੇ ਨਹੀਂ ਕੀਤੇ ਪਰ ਕੈਪਟਨ ਅਮਰਿੰਦਰ ਸਿੰਘ ਜੀ ਦੀ ਸੁਚੱਜੀ ਸੋਚ ਸਦਕਾ ਇਸ ਪਾਸੇ ਉਪਰਾਲੇ ਕੀਤੇ ਗਏ ਹਨ। ਉਨ੍ਹਾਂ ਨੇ ਕਿਸਾਨੀ ਦਾ ਖਤਰਾ ਮਹਿਸੂਸ ਕਰਦੇ ਹੋਏ ਕਿਸਾਨਾਂ ਨੂੰ 10-11 ਘੰਟੇ ਨਾਨ-ਸਟਾਪ ਬਿਜਲੀ ਦੀ ਸਪਲਾਈ ਦਿੱਤੀ। ਇਸ ਦਾ ਨਤੀਜਾ ਕੀ ਨਿਕਲਿਆ? ਇਸ ਨਾਲ ਪੰਜਾਬ ਦਾ ਕਿਸਾਨ ਸੋਕੇ ਦੀ ਮਾਰ ਤੋਂ ਬਚ ਗਿਆ। ਪਹਿਲਾਂ ਜਦੋਂ ਕੇਂਦਰ ਸਰਕਾਰ ਨੂੰ ਸੋਕੇ ਵਾਸਤੇ 3300 ਕਰੋੜ ਰੁਪਏ ਦੇ ਨੁਕਸਾਨ ਦਾ ਐਸਟੀਮੇਟ ਭੇਜਿਆ ਗਿਆ ਸੀ ਤਾਂ ਜਿੱਥੇ ਕੇਂਦਰ ਸਰਕਾਰ ਨੇ ਹੋਰਨਾਂ ਸੂਬਿਆਂ ਨੂੰ ਰਾਹਤ ਦਿੱਤੀ, ਉਥੇ ਪੰਜਾਬ ਨਾਲ ਵਿਤਕਰਾ ਕੀਤਾ ਗਿਆ। ਇਹ ਗੱਲ ਨਿੰਦਣਯੋਗ ਹੈ। ਸੰਨ 2000-01 ਵਿੱਚ ਕਿਸਾਨਾਂ ਨੇ ਡਿਸਟਰੈਸ ਸੇਲ ਕੀਤੀ ਸੀ। ਕੈਪਟਨ ਅਮਰਿੰਦਰ ਸਿੰਘ ਜੀ ਨੇ ਐਲਾਨ ਕੀਤਾ ਸੀ ਕਿ ਅਸੀਂ ਜਦੋਂ ਸਰਕਾਰ ਵਿੱਚ ਆਵਾਂਗੇ ਤਾਂ 30 ਰੁਪਏ ਬੋਨਸ ਦੇਵਾਂਗੇ। ਅੱਜ ਖੁਸ਼ੀ ਦੀ ਗੱਲ ਹੈ ਕਿ 110 ਕਰੋੜ ਰੁਪਿਆ ਬੋਨਸ ਵਾਸਤੇ ਦਿੱਤਾ ਜਾ ਚੁੱਕਾ ਹੈ ਔਰ 220 ਕਰੋੜ ਰੁਪਿਆ ਅਗਲੇ ਸਾਲ ਦਿੱਤਾ ਜਾਵੇਗਾ।

ਚੇਅਰਮੈਨ ਸਾਹਿਬ, ਸਹਿਕਾਰਤਾ ਇੱਕ ਐਸੀ ਸੰਸਥਾ ਹੈ, ਐਸਾ ਇੰਸਟੀਚਿਊਸ਼ਨ ਹੈ ਜਿਸ ਨੇ ਸੂਬਿਆਂ ਵਿੱਚ ਆਮ ਜਨਤਾ ਦਾ, ਪੇਂਡੂ ਜਨਤਾ ਦਾ ਰਹਿਣ-ਸਹਿਣ ਬਦਲ ਦਿੱਤਾ ਹੈ। ਸਹਿਕਾਰਤਾ ਨੇ ਇਕਨਾਮਿਕ ਫਰੀਡਮ ਲਿਆਂਦੀ ਹੈ। ਅਜ ਨੈਸਲੇ ਵਰਗੀਆਂ ਮਲਟੀਨੈਸ਼ਨਲ ਕੰਪਨੀਆਂ ਨਾਲ ਗੁਜਾਰਤ ਦੀ ਸਹਿਕਾਰੀ ਸੁਸਾਇਟੀ ਅਮੁੱਲ ਮੁਕਾਬਲਾ ਕਰ ਰਹੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਸਹਿਕਾਰਤਾ ਸੁਸਾਇਟੀ ਵੇਰਕਾ ਨੇ ਵੀ ਆਪਣਾ ਨਾਂ ਬਣਾਇਆ ਹੈ। ਇਸ ਲਹਿਰ ਨੂੰ ਹੋਰ ਉਤਸ਼ਾਹਿਤ ਕਰਨ ਵਾਸਤੇ ਸਾਡੇ ਵਿੱਤ ਮੰਤਰੀ ਜੀ ਨੇ ਜੋ ਕਦਮ ਚੁੱਕੇ ਹਨ, ਉਨ੍ਹਾਂ ਦੀ ਮੈਂ ਪ੍ਰੋੜ੍ਹਤਾ ਕਰਦਾ ਹਾਂ। ਸ਼ੂਗਰ ਮਿੱਲਾਂ ਨੂੰ

Original with;
Punjab Vidhan Sabha
Digitized by;

[ਸਰਦਾਰ ਜਸਬੀਰ ਸਿੰਘ ਗਿੱਲ (ਡਿੰਪਾ)]

ਬਚਾਉਣ ਲਈ 190 ਕਰੋੜ ਰੁਪਏ ਦਾ ਲੋਨ ਸਮੇਤ ਇੰਟਰਸਟ ਜਿਹੜਾ ਇਨ੍ਹਾਂ ਮਿੱਲਾਂ ਵੱਲੋਂ ਲਿਆ ਗਿਆ ਸੀ, ਉਹ ਗਰਾਂਟ ਵਿੱਚ ਤਬਦੀਲ ਕੀਤਾ ਹੈ। ਇਸ ਨਾਲ ਇਨ੍ਹਾਂ ਮਿੱਲਾਂ ਤੋਂ ਇਹ ਬੋਝ ਘਟਿਆ ਹੈ ਅਤੇ ਇਹ ਮਿੱਲਾਂ ਦੁਬਾਰਾ ਚਲਣਯੋਗ ਹੋ ਗਈਆਂ ਹਨ। ਉਸ ਦੇ ਨਾਲ ਜਿਹੜਾ ਪਿਛਲੀ ਸਰਕਾਰ ਦੇ ਸਮੇਂ ਦਾ ਕਿਸਾਨਾਂ ਦਾ ਤਕਰੀਬਨ ਕੋਈ 65 ਕਰੋੜ 15 ਲੱਖ ਰੁਪਿਆ ਹੈ, ਉਹ ਅੱਜ ਦੀ ਤਰੀਕ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਜਾਰੀ ਕਰ ਚੁੱਕੀ ਹੈ ਅਤੇ ਇਹ ਕਿਸਾਨਾਂ ਨੂੰ ਵੰਡਿਆ ਜਾ ਚੁੱਕਾ ਹੈ। ਇਹ ਆਪਣੇ ਆਪ ਦੇ ਵਿੱਚ ਇੱਕ ਬਹੁਤ ਵੱਡੀ ਪ੍ਰਾਪਤੀ ਹੈ ਜਿਹੜੀ ਮੇਰੇ ਇਧਰ ਬੈਠੇ ਹੋਏ ਵੀਰਾਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਨੂੰ ਸ਼ਾਇਦ ਨਜ਼ਰ ਨਹੀਂ ਆਉਂਦੀ।

**ਸ਼੍ਰੀ ਸਭਾਪਤੀ** : ਤੁਸੀਂ ਕਿੰਨਾ ਟਾਈਮ ਹੋਰ ਲੈਣਾ ਹੈ ? ਕਾਫੀ ਟਾਈਮ ਹੋ ਗਿਆ ਹੈ।

**ਸਰਦਾਰ ਜਸਬੀਰ ਸਿੰਘ ਗਿੱਲ (ਡਿੰਪਾ)** : 15 ਕੁ ਮਿੰਟ।

**ਸ਼੍ਰੀ ਸਭਾਪਤੀ** : 15 ਮਿੰਟ, ਦੇਖ ਲਓ 12-13 ਮਿੰਟ ਹੋ ਗਏ ਹਨ। ਇਹ ਪਾਰਟੀ ਦਾ ਟਾਈਮ ਹੈ, ਭਾਵੇਂ ਤੁਸੀਂ ਲੈ ਲਓ ਜਾਂ ਕੋਈ ਹੋਰ ਲੈ ਲਵੇ।

**ਸਰਦਾਰ ਜਸਬੀਰ ਸਿੰਘ ਗਿੱਲ (ਡਿੰਪਾ)** : ਅਸੀਂ ਕਦੇ-ਕਦੇ ਤਾਂ ਬੋਲਦੇ ਹਾਂ।

**ਸ਼੍ਰੀ ਸਭਾਪਤੀ** : ਚਲੋ ਠੀਕ ਹੈ।

**ਸਰਦਾਰ ਜਸਬੀਰ ਸਿੰਘ ਗਿੱਲ (ਡਿੰਪਾ)** : ਉਸ ਤੋਂ ਇਲਾਵਾ ਅੱਗੇ ਅਸੀਂ ਦੇਖੀਏ ਕਿ ਜਿਹੜੀਆਂ ਪ੍ਰਾਇਮਰੀ ਐਗਰੀਕਲਚਰ ਕੋਆਪ੍ਰੇਟਿਵ ਸੋਸਾਇਟੀਜ਼ ਸਨ, ਇਨ੍ਹਾਂ ਵਿੱਚ ਬੰਧਸ਼ ਹੁੰਦੀ ਸੀ ਕਿ ਜਦੋਂ ਵੀ ਇਹ ਖਾਦ ਖਰੀਦਦੀਆਂ ਸਨ ਤਾਂ ਇਨ੍ਹਾਂ ਨੂੰ ਮਾਰਕਫੈਡ ਜਾਂ ਕਰਿਭਕੋ ਵਰਗੇ ਕੁਝ ਅਦਾਰਿਆਂ ਤੋਂ ਹੀ ਖਰੀਦਣੀ ਪੈਂਦੀ ਸੀ। ਕਈ ਵਾਰ ਇੰਨ੍ਹਾਂ ਅਦਾਰਿਆਂ ਵਿੱਚ ਖਾਦ ਅਵੇਲੇਬਲ ਨਾ ਹੋਣ ਕਰਕੇ ਜਾਂ ਲੇਟ ਪਹੁੰਚਣ ਕਰਕੇ, ਜਿਹੜੇ ਕਿਸਾਨ ਸੋਸਾਇਟੀਆਂ ਤੋਂ ਖਾਦ ਲੈਂਦੇ ਸਨ, ਉਹ ਆਪਣੀ ਫ਼ਸਲ ਬੀਜਣ ਦੇ ਵਿੱਚ ਪਛੜ ਜਾਂਦੇ ਸਨ। ਅੱਜ ਇਹ ਬੰਧਸ਼ ਤੋੜ ਕੇ ਇਹ ਕਰ ਦਿੱਤਾ ਹੈ ਕਿ ਪ੍ਰਾਇਮਰੀ ਐਗਰੀਕਲਚਰ ਕੋਆਪ੍ਰੇਟਿਵ ਸੋਸਾਇਟੀਜ਼ ਜਿਥੋਂ ਮਰਜ਼ੀ ਖਾਦ ਲੈਣ। ਇਹ ਵੀ ਇੱਕ ਸ਼ਲਾਘਾਯੋਗ ਕਦਮ ਹੈ। ਇਸ ਦੇ ਨਾਲ ਹੀ ਵਿਆਜ ਦਰ ਨੂੰ ਘੱਟ ਕੀਤਾ ਹੈ। ਇਥੇ ਬੜੀਆਂ ਗੱਲਾਂ ਕੀਤੀਆਂ ਗਈਆਂ ਕਿ ਸਾਢੇ 14% ਤੋਂ ਸਾਢੇ 13% ਵਿਆਜ ਕੀਤਾ ਹੈ, ਇਹ ਕੁਝ ਵੀ ਨਹੀਂ ਹੈ। ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬਾਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਨਾ ਹੋਣ ਨਾਲੋਂ ਤਾਂ ਕਿਤੇ ਚੰਗਾ ਹੈ। ਤੁਸੀਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਕੀਤਾ ਹੀ ਕੁਝ ਨਹੀਂ। ਅਸੀਂ ਸ਼ੁਰੂਆਤ ਤਾਂ ਕੀਤੀ ਹੈ।

Original with;
Punjab Vidhan Sabha
Digitized by;
Panjab Digital Library

ਇਸ ਤੋ ਇਲਾਵਾ ਜਿਹੜੀ ਡਿਸਇਨਵੈਸਟਮੈਂਟ ਕਮਿਸ਼ਨ ਦੀ ਰਿਪੋਰਟ ਹੈ, ਉਸ ਵਿੱਚ ਕਿਹਾ ਗਿਆ ਹੈ ਕਿ ਐਗਰੀਕਲਚਰਲ ਡਿਵੈਲਪਮੈਂਟ ਬੈਂਕ, ਸੈਂਟਰਲ ਕੋਆਪ੍ਰੇਟਿਵ ਬੈਂਕ ਅਤੇ ਹਾਊਸਫੈਡ, ਇਹ ਜੋ ਤਿੰਨ ਟਾਇਰ ਸਿਸਟਮ ਹੈ, ਇਸ ਨੂੰ ਦੋ ਟਾਇਰ ਸਿਸਟਮ ਕਰ ਦਿੱਤਾ ਜਾਵੇ ਤਾਂ ਇਸ ਦੇ ਵਿੱਚ ਆਪਾਂ ਆਰਾਮ ਨਾਲ ਡੇਢ ਪ੍ਰਤੀਸ਼ਤ ਹੋਰ ਵਿਆਜ ਦਰ ਬਚਾ ਸਕਦੇ ਹਾਂ, ਜਿਹੜਾ ਕਿਸਾਨਾਂ ਨੂੰ ਫਾਰਵਰਡ ਕੀਤਾ ਜਾ ਸਕਦਾ ਹੈ। ਮੈਂ ਆਪਣੇ ਫਾਈਨਾਂਸ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਵੱਲ ਧਿਆਨ ਦੇਣ।

ਚੇਅਰਮੈਨ ਸਾਹਿਬ, ਇਸ ਆਪਣੇ ਦੇਸ਼ ਦੇ ਪਿਤਾ ਮਹਾਤਮਾ ਗਾਂਧੀ ਜੀ ਕਿਹਾ ਕਰਦੇ ਸਨ ਕਿ ਜੇ ਭਾਰਤ ਵੇਖਣਾ ਹੈ ਤਾਂ ਪਿੰਡਾਂ ਵਿੱਚ ਜਾਓ। ਉਥੇ ਸਾਡਾ ਅਸਲੀ ਹਿੰਦੁਸਤਾਨ ਵੱਸਦਾ ਹੈ। ਅੱਜ ਉਨ੍ਹਾਂ ਪਿੰਡਾਂ ਦੇ ਵਿੱਚ ਜਿਥੇ ਹਮੇਸ਼ਾ ਹੀ ਅਸੀਂ ਕੱਚੀਆਂ ਗਲੀਆਂ ਦੇ ਬਾਹਰ ਵਗਦੇ ਪਾਣੀ ਅਤੇ ਮਿੱਟੀ ਦੇ ਢੇਰਾਂ ਵਿੱਚੋਂ ਲੰਘਦੇ ਰਹੇ ਹਾਂ, ਅੱਜ ਪਿੰਡਾਂ ਵਾਸਤੇ ਇੱਕ ਬਹੁਤ ਤਕੜਾ ਕਦਮ ਕੈਪਟਨ ਅਮਰਿੰਦਰ ਸਿੰਘ ਹੁਰਾਂ ਦੀ ਸਰਕਾਰ ਚੁੱਕ ਰਹੀ ਹੈ। ਮਾਡਲ ਪਿੰਡਾਂ ਦਾ ਕੰਮ ਸ਼ੁਰੂ ਕਰਨ ਵਾਸਤੇ ਹਰ ਬਲਾਕ ਵਿੱਚ ਦੋ-ਦੋ ਪਿੰਡ ਚੁਣੇ ਗਏ ਹਨ, ਜਿਨ੍ਹਾਂ ਵਿੱਚ ਸੀਵਰੇਜ ਵੀ ਪਾਇਆ ਜਾਵੇਗਾ। ਪੀਣ ਵਾਲਾ ਪਾਣੀ ਮੁਹੱਈਆ ਕੀਤਾ ਜਾਵੇਗਾ। ਕੰਕਰੀਟ ਦੀਆਂ ਗਲੀਆਂ ਨਾਲੀਆਂ ਬਣਾਈਆਂ ਜਾਣਗੀਆਂ। ਉਥੇ ਸੋਲਰ ਸਟਰੀਟ ਲਾਈਟਸ ਵੀ ਲੱਗਣਗੀਆਂ ਅਤੇ ਪਿੰਡ ਜਗਮਗਾਇਆ ਜਾਵੇਗਾ। ਇਹ ਇੱਕ ਇਨਕਲਾਬੀ ਕਦਮ ਹੈ ਅਤੇ ਮੈਂ ਇਸ ਦੀ ਪੂਰਨ ਤੌਰ ਤੇ ਸਪੋਰਟ ਕਰਦਾ ਹਾਂ। (ਥੰਪਿੰਗ) ਉਸ ਤੋਂ ਇਲਾਵਾ ਪਿਛਲੀ ਸਰਕਾਰ ਵੇਲੇ, ਜਿਹੜੇ ਮੇਰੇ ਵੀਰ ਮੇਰੇ ਸਾਹਮਣੇ ਬੈਠੇ ਹਨ, ਇਹ ਆਪਣੀ ਸਰਕਾਰ ਬਾਰੇ ਬਹੁਤ ਕੁਝ ਬੋਲਦੇ ਹਨ ਕਿ ਅਸੀਂ ਆਹ ਕਰ ਦਿੱਤਾ। ਮੈਂ ਇਸ ਸਦਨ ਦੇ ਵਿੱਚ ਇਹ ਗੱਲ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪੰਜਵਾਂ ਵਰ੍ਹਾਂ ਵਿਕਾਸ ਦਾ ਐਲਾਨਿਆ ਪਰ ਅਸੀਂ ਅੱਜ ਦੂਜਾ ਵਰ੍ਹਾ ਵਿਕਾਸ ਦਾ ਵਰ੍ਹਾ ਐਲਾਨਿਆ ਹੈ। (ਥੰਪਿੰਗ) ਆਉਂਦੇ ਤਿੰਨ ਵਰ੍ਹਿਆਂ ਵਿੱਚ ਪੰਜਾਬ ਦਾ ਪੂਰਨ ਤੌਰ ਤੇ ਵਿਕਾਸ ਕੀਤਾ ਜਾਵੇਗਾ ਤਾਂ ਕਿ ਜਦੋਂ ਅਸੀਂ ਅਗਲੀ ਵਾਰ ਲੋਕਾਂ ਵਿੱਚ ਜਾਈਏ ਤਾਂ ਇਨ੍ਹਾਂ ਵਾਂਗ ਸਿਰ ਸੁੱਟ ਕੇ ਇੱਧਰ (ਆਪੋਜ਼ੀਸ਼ਨ ਸੀਟਾਂ ਵੱਲ ਇਸ਼ਾਰਾ) ਨਾ ਬੈਠੀਏ ਬਲਕਿ ਫਿਰ ਇਧਰ (ਰੂਲਿੰਗ ਸੀਟਾਂ ਵੱਲ ਇਸ਼ਾਰਾ) ਬੈਠਣਾ ਹੈ।

ਅੱਜ ਮੈਂ ਗੱਲ ਕਰਨੀ ਚਾਹੁੰਦਾ ਹਾਂ, ਸਾਡੇ ਪੰਜਾਬ ਦੇ ਉਨ੍ਹਾਂ ਮਹਾਨ ਯੋਧਿਆਂ ਦੀ, ਜਿਨ੍ਹਾਂ ਨੇ ਭਾਰਤ ਦੀ ਇਜ਼ਤ ਬਚਾਉਣ ਖਾਤਰ ਕੁਰਬਾਨੀਆਂ ਕੀਤੀਆਂ ਚਾਹੇ ਸਾਲ 1962 ਦੀ ਲੜਾਈ ਦੀ ਗੱਲ ਹੋਵੇ, ਚਾਹੇ 1965 ਦੀ ਲੜਾਈ ਦੀ ਗੱਲ ਹੋਵੇ, ਭਾਵੇਂ 1971 ਦੀ ਲੜਾਈ ਦੀ ਗੱਲ ਹੋਵੇ, ਚਾਹੇ ਕਾਰਗਿਲ ਦੀ ਜੰਗ ਦੀ ਗੱਲ ਹੋਵੇ, ਸ਼੍ਰੀ ਲੰਕਾ ਦੇ ਵਿੱਚ ਸਾਡੇ ਫੌਜੀਆਂ ਨੇ ਜੋ ਲਿਟੇ ਦਾ ਮੁਕਾਬਲਾ ਕੀਤਾ ਹੈ, ਚਾਹੇ ਉਸ ਦੀ ਗੱਲ ਹੋਵੇ। ਅੱਜ ਜੰਮੂ ਕਸ਼ਮੀਰ ਦੇ ਵਿੱਚ ਸਾਡੇ ਯੋਧੇ ਆਪਣੇ ਦੇਸ਼ ਦੀ ਮਾਣ ਮਰਯਾਦਾ ਦੀ ਖਾਤਰ, ਆਪਣੀ ਭਾਰਤ ਮਾਤਾ ਦੀ ਇਜ਼ਤ ਦੀ ਖਾਤਰ ਦੁਸ਼ਮਣ ਦੇ ਨਾਲ ਲੋਹਾ ਲੈ ਰਹੇ ਹਨ। ਉਨ੍ਹਾਂ ਬਹਾਦਰ ਜਵਾਨਾਂ ਦੀਆਂ ਸੇਵਾਵਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਕੈਪਟਨ ਅਮਰਿੰਦਰ ਸਿੰਘ ਹੁਰਾਂ ਦੀ ਸਰਕਾਰ ਨੇ ਉਪਰਾਲਾ ਕੀਤਾ ਹੈ ਕਿ ਪਰਮਵੀਰ ਚੱਕਰ ਜਾਂ ਅਸ਼ੋਕ ਚੱਕਰ ਜਿਸ ਵੀ ਫੌਜੀ ਵੀਰ ਨੂੰ ਮਿਲੇਗਾ, ਉਸ ਨੂੰ 25 ਲੱਖ ਰੁਪਿਆ ਦਿੱਤਾ ਜਾਵੇਗਾ, ਮਹਾਂਵੀਰ ਚੱਕਰ ਵਾਲੇ ਨੂੰ

Original with;
Punjab Vidhan Sabha
Digitized by;

[ਸਰਦਾਰ ਜਸਬੀਰ ਸਿੰਘ ਗਿੱਲ (ਡਿੰਪਾ)]

15 ਲੱਖ ਰੁਪਿਆ ਦਿੱਤਾ ਜਾਵੇ, ਵੀਰ ਚੱਕਰ ਜਾਂ ਸ਼ੌਰੀਆ ਚੱਕਰ ਵਾਲੇ ਨੂੰ 10 ਲੱਖ ਰੁਪਿਆ ਦਿੱਤਾ ਜਾਵੇਗਾ। ਸੇਵਾ ਮੈਡਲ ਜਾਂ ਵਿਸ਼ਿਸ਼ਟ ਸੇਵਾ ਮੈਡਲ ਜਿਸ ਨੂੰ ਮਿਲੇਗਾ, ਉਸ ਨੂੰ 5 ਲੱਖ ਰੁਪਿਆ ਦਿੱਤਾ ਜਾਵੇਗਾ। ਇਹ ਉਨ੍ਹਾਂ ਮਹਾਨ ਸ਼ਹੀਦਾਂ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਰਾਖੀ ਵਾਸਤੇ ਆਪਣੀਆਂ ਜਾਨਾਂ ਦਿੱਤੀਆਂ ਹਨ, ਉਨ੍ਹਾਂ ਨੂੰ ਸ਼ਰਧਾਂਜਲੀ ਹੈ। ਜਿਹੜੇ ਸਾਡੇ ਫੌਜੀ ਵੀਰ ਸਿਆਚਿਨ ਜਾਂ ਨੇਫਾ ਦੇ ਵਿੱਚ ਡਿਊਟੀ ਨਿਭਾ ਰਹੇ ਹਨ, ਉਨ੍ਹਾਂ ਨੂੰ ਸਾਡੀ ਸਰਕਾਰ ਵੱਲੋਂ ਇਹ ਸਲਾਮ ਹੈ।

ਜੋ ਸਾਡਾ ਐਸ.ਸੀ. ਦਾ ਤਬਕਾ ਹੈ, ਉਨ੍ਹਾਂ ਨੇ ਹਮੇਸ਼ਾ ਹੀ ਮਿਹਨਤ ਦੇ ਨਾਲ ਅਤੇ ਬੜੀ ਲਗਨ ਦੇ ਨਾਲ ਕੰਮ ਕੀਤਾ ਹੈ ਭਾਵੇਂ ਉਹ ਕੋਈ ਵੀ ਕੰਮ ਹੋਵੇ ਅਤੇ ਚਾਹੇ ਕਿਸੇ ਵੀ ਕਿੱਤੇ ਦੇ ਨਾਲ ਸਬੰਧ ਰੱਖਦਾ ਹੋਵੇ। ਸਾਰਿਆਂ ਨੇ ਮੋਢੇ ਨਾਲ ਮੋਢਾ ਜੋੜ ਕੇ ਇਸ ਦੇਸ਼ ਦੀ ਤਰੱਕੀ ਦੇ ਵਿੱਚ ਯੋਗਦਾਨ ਪਾਇਆ ਹੈ। ਉਨ੍ਹਾਂ ਦੇ ਬੇਘਰੇ ਲੋਕਾਂ ਨੂੰ ਘਰ ਬਣਾਉਣ ਵਾਸਤੇ 90 ਕਰੋੜ ਰੁਪਿਆ ਕੈਪਟਨ ਅਮਰਿੰਦਰ ਸਿੰਘ ਹੁਰਾਂ ਦੀ ਸਰਕਾਰ ਨੇ ਰੱਖਿਆ ਹੈ, ਇਹ ਉਨ੍ਹਾਂ ਦੀ ਸੂਝ ਬੂਝ ਦਾ ਸਬੂਤ ਹੈ। ਇਸੇ ਤਰ੍ਹਾਂ ਪੈਨਸ਼ਨਾਂ ਦੇ ਲਈ 77.5 ਕਰੋੜ ਰੁਪਿਆ ਜਾਰੀ ਹੋ ਚੁੱਕਿਆ ਹੈ ਔਰ ਇਸ ਦੇ ਨਾਲ 39 ਕਰੋੜ ਰੁਪਿਆ ਜਿਹੜਾ ਹੈ, ਉਹ ਵੀ ਕੁਝ ਸਮੇਂ ਤੱਕ ਜਾਰੀ ਹੋ ਰਿਹਾ ਹੈ ਅਤੇ ਇਹ ਐਲਾਨ ਕੀਤਾ ਗਿਆ ਹੈ ਇਸ ਬਜਟ ਦੇ ਵਿੱਚ ਇਹ ਜਿਹੜੀਆਂ ਪੈਨਸ਼ਨਾਂ ਹਨ, ਇਹ ਉਨ੍ਹਾਂ ਨੂੰ ਤਨਖਾਹਾਂ ਦੇ ਵਾਂਗ ਹੀ ਮਿਲਣਗੀਆਂ। ਐਸ.ਸੀਜ਼. ਕੈਟਾਗਰੀਜ਼ ਵਾਸਤੇ, ਉਨ੍ਹਾਂ ਦੀਆਂ ਵੈਲਫੇਅਰ ਸਕੀਮਾਂ ਦੇ ਵਾਸਤੇ ਜਿੰਨਾ ਪੈਸਾ ਰੱਖਿਆ ਗਿਆ ਹੈ, ਜਿੰਨਾ ਬਜਟਰੀ ਐਲੋਕੇਸ਼ਨ ਹੈ, ਉਸ ਦੇ ਵਿਚ ਇਨ੍ਹਾਂ ਵਰਗਾਂ ਦੇ ਬਜਟ ਦੇ ਉਤੇ ਇੱਕ ਵੀ ਪੈਸੇ ਦਾ ਕੱਟ ਨਹੀਂ ਲਗਾਇਆ ਜਾਵੇਗਾ। ਇਸ ਗੱਲ ਦੇ ਲਈ ਸਰਦਾਰ ਲਾਲ ਸਿੰਘ ਹੋਰੀਂ ਵਧਾਈ ਦੇ ਪਾਤਰ ਹਨ। ਜਿਥੋਂ ਤੱਕ ਐਡੀਸ਼ਨਲ ਸੈਂਟਰਲ ਅਸਿਸਟੈਂਸ ਦੀ ਗੱਲ ਹੈ, ਜੇਕਰ ਤੁਸੀਂ ਪਿਛਲੇ 10-15 ਜਾਂ 20 ਸਾਲਾਂ ਦਾ ਰਿਕਾਰਡ ਕਢਵਾ ਕੇ ਵੇਖ ਲਵੋ ਤਾਂ ਜਿਹੜੀਆਂ ਇਨ੍ਹਾਂ ਪਿਛਲੇ ਸਾਲਾਂ ਦੀਆਂ ਬਜਟ ਦੀਆ ਪਰਪੋਜ਼ਲਾਂ ਹਨ, ਉਨ੍ਹਾਂ ਦੇ ਵਿੱਚ ਕਦੇ ਵੀ ਇਸ ਸਕੀਮ ਦੇ ਤਹਿਤ 10 ਕਰੋੜ ਰੁਪਏ ਤੋਂ ਵਧ ਨਹੀਂ ਆਏ। ਪਰ ਕੈਪਟਨ ਅਮਰਿੰਦਰ ਸਿੰਘ ਹੁਰਾਂ ਦੀ ਸੂਝ ਬੂਝ ਨਾਲ ਔਰ ਉਨ੍ਹਾਂ ਦੀ ਪਲਾਨਿੰਗ ਕਮਿਸ਼ਨ ਦੇ ਚੇਅਰਮੈਨ, ਸ਼੍ਰੀ ਕੇ.ਸੀ. ਪੰਤ ਦੇ ਨਾਲ ਗੱਲਬਾਤ ਕਰਕੇ, ਇਹ ਪਹਿਲੀ ਵਾਰੀ ਹੋਇਆ ਹੈ ਕਿ 43 ਕਰੋੜ ਰੁਪਿਆ ਐਡੀਸ਼ਨਲ ਸੈਂਟਰਲ ਅਸਿਸਟੈਂਸ ਸਕੀਮ ਦੇ ਤਹਿਤ ਦਿੱਤੇ ਗਏ ਹਨ।

ਅੱਜ ਆਪਾਂ ਸਾਰਿਆਂ ਨੇ ਵੇਖਿਆ ਹੈ, ਵਿਰੋਧੀ ਧਿਰ ਵੱਲੋਂ ਬੜੀ ਉਚੀ ਆਵਾਜ਼ ਦੇ ਵਿੱਚ ਕਿਹਾ ਗਿਆ ਹੈ ਕਿ ਇੱਕ ਵੀ ਮੈਗਾਵਾਟ ਬਿਜਲੀ ਦਾ ਇਨ੍ਹਾਂ ਵੱਲੋਂ ਵਾਧਾ ਨਹੀਂ ਕੀਤਾ ਗਿਆ। ਇਨ੍ਹਾਂ ਦਾ ਭੁਲੇਖਾ ਮੈਂ ਦੂਰ ਕਰ ਦਿੰਦਾ ਹਾਂ ਕਿ 8.8 ਮੈਗਾਵਾਟ ਦੇ ਪ੍ਰਾਜੈਕਟਾਂ ਲਈ ਜਗ੍ਹਾ ਆਈਡੈਂਟੀਫਾਈ ਕੀਤੀ ਗਈ ਹੈ ਜਿਹੜੇ ਅਗਲੇ ਸਾਲ ਬਣਨੇ ਸ਼ੁਰੂ ਹੋ ਜਾਣਗੇ। ਇਸ ਦੇ ਨਾਲ ਪੰਜਾਬ ਦੇ ਵਿੱਚ ਬਿਜਲੀ ਵਿਚ 8.8 ਮੈਗਾਵਾਟ ਦਾ ਹੋਰ ਵਾਧਾ ਹੋਵੇਗਾ। ਇਸੇ ਤਰ੍ਹਾਂ ਹੀ 10.2 ਮੈਗਾਵਾਟ ਬਿਜਲੀ ਮੇਰੇ ਆਪਣੇ ਹਲਕੇ ਦੇ ਪਿੰਡ ਬੁਟਰ ਸਿੰਘ ਵਾਲਾ ਵਿਖੇ, ਰਾਣਾ ਸ਼ੂਗਰ ਮਿੱਲ ਵੱਲੋਂ ਜੋੜੀ ਗਈ ਹੈ। ਇਹ ਮੈਂ ਨਾਨ-ਕਨਵੈਨਸ਼ਨਲ ਸੋਰਸਿਜ਼

Original with;
Punjab Vidhan Sabha
Digitized by;
Panjab Digital Library

ਆਫ ਐਨਰਜੀ ਦੇ ਬਾਰੇ ਗੱਲ ਕਰ ਰਿਹਾ ਹਾਂ। 200 ਕਿਲੋਵਾਟ ਦੀ ਪਾਵਰ ਵਾਲੇ ਪ੍ਰਾਜੈਕਟ ਦਾ ਖਟਕੜ ਕਲਾਂ ਵਿਖੇ ਭਾਰਤ ਦੇ ਰਾਸ਼ਟਰਪਤੀ ਸ੍ਰੀ ਅਬਦੁਲ ਕਲਾਮ ਵੱਲੋਂ ਉਦਘਾਟਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੇਡਾ ਵੱਲੋਂ ਇੱਕ ਹਜ਼ਾਰ ਟਿਊਬਵੈੱਲ, ਸੋਲਰ ਵਾਟਰ ਪੰਪ ਲਗਾ ਦਿੱਤੇ ਗਏ ਹਨ ਅਤੇ ਅਗਲੇ ਸਾਲ ਦੇ ਵਿੱਚ ਇੰਨੇ ਹੀ ਹੋਰ ਲਗਾਏ ਜਾ ਰਹੇ ਹਨ। ਇਹ ਕੈਪਟਨ ਅਮਰਿੰਦਰ ਸਿੰਘ ਹੁਰਾਂ ਦੀ ਸਰਕਾਰ ਦੀ ਬੜੀ ਵੱਡੀ ਕਾਮਯਾਬੀ ਹੈ।

ਚੇਅਰਮੈਨ ਸਾਹਿਬ, ਭਾਵੇਂ ਇੰਡਸਟਰੀ ਦੀ ਗੱਲ ਕਰ ਲਓ। ਇੰਡਸਟਰੀ ਕਿਸੇ ਸਟੇਟ ਦੀ ਇਕਾਨਮੀ ਦੀ ਬੈਕਬੋਨ ਹੁੰਦੀ ਹੈ ਲੇਕਿਨ ਅੱਜ ਪੰਜਾਬ ਦੀ ਇੰਡਸਟਰੀ ਪਛੜ ਕੇ ਨੰਬਰ ਪੰਜ ਤੇ ਆ ਗਈ ਹੈ। ਇਹ ਇੰਡਸਟਰੀ ਵਿੱਚ ਫੇਲ੍ਹ ਹੋਣ ਕਾਰਨ ਹੋਇਆ ਹੈ। ਜਿਸ ਤਰ੍ਹਾਂ ਗੁਜਰਾਤ ਸੂਬੇ ਨੇ ਤਰੱਕੀ ਕੀਤੀ ਹੈ, ਉਹ ਉਨ੍ਹਾਂ ਨੇ ਇੰਡਸਟਰੀ ਬੇਸਡ ਹੋਣ ਕਰਕੇ ਕੀਤੀ ਹੈ। ਹਰਿਆਣੇ ਨੇ ਵੀ ਇੰਡਸਟਰੀ ਵਿੱਚ ਤਰੱਕੀ ਕੀਤੀ ਹੈ। ਉਸ ਨੇ ਸੋਨੀਪਤ, ਗੁੜਗਾਵਾਂ, ਬਲਬਗੜ੍ਹ, ਬਹਾਦਰਗੜ੍ਹ ਤੇ ਫਰੀਦਾਬਾਦ ਵਿੱਚ ਇੰਡਸਟਰੀ ਨੂੰ ਪਰਮੋਟ ਕਰਕੇ ਤਰੱਕੀ ਕੀਤੀ ਹੈ। ਇਸ ਦਾ ਸਿਹਰਾ ਸਰਕਾਰ ਤੇ ਜਾਂਦਾ ਹੈ। ਇਸੇ ਤਰ੍ਹਾਂ ਹੀ ਵੈਸਟ ਬੰਗਾਲ ਦੀ ਇਕਾਨਮੀ ਇੰਡਸਟਰੀਲਾਈਜ਼ੇਸ਼ਨ ਕਰਕੇ ਵਧੀ ਹੈ। ਮਹਾਂਰਾਸ਼ਟਰ, ਕਰਨਾਟਕ ਤੇ ਆਂਧਰਾ ਪ੍ਰਦੇਸ਼ ਇੰਡਸਟਰੀਲਾਈਜ਼ਡ ਹੋਣ ਕਰਕੇ ਤਰੱਕੀ ਕਰ ਰਹੇ ਹਨ। ਕਿਸੇ ਸੂਬੇ ਦੀ ਇਕਾਨਮੀ ਵਿੱਚ ਇੰਡਸਟਰੀ ਦਾ ਬਹੁਤ ਵੱਡਾ ਰੋਲ ਹੁੰਦਾ ਹੈ। ਅੱਜ ਤੋਂ ਤਿੰਨ ਸਾਲ ਤੋਂ ਪਹਿਲਾਂ ਵੋਲਟਾਸ ਵਾਲੇ ਮੁਹਾਲੀ ਵਿੱਚ ਜ਼ਮੀਨ ਲੈਣ ਲਈ ਆਏ ਔਰ ਉਨ੍ਹਾਂ ਨੇ ਸਰਕਾਰ ਤੋਂ ਇੰਡਸਟਰੀ ਵਾਸਤੇ ਪਲਾਟ ਮੰਗਿਆ ਪਰ ਉਸ ਸਮੇਂ ਦੇ ਇੰਡਸਟਰੀ ਸੈਕਟਰੀ ਨੇ ਕਿਹਾ ਕਿ ਅਸੀਂ ਤੁਹਾਨੂੰ ਪਲਾਟ ਦੇ ਦੇਵਾਂਗੇ ਪਰ ਉਸ ਵਿੱਚ ਦੱਸੋ ਕਿ ਸਾਡਾ ਕੀ ਹਿੱਸਾ ਹੋਵੇਗਾ। ਇਹ ਗੱਲ ਸੁਣ ਕੇ ਉਹ ਜਹਾਜ਼ ਤੇ ਵਾਪਸ ਚਲੇ ਗਏ। ਪਿਛਲੀ ਸਰਕਾਰ ਦੇ ਇਸ ਐਟੀਚਿਊਡ ਕਾਰਨ ਹੀ ਇੰਡਸਟਰੀ ਨਹੀਂ ਡਿਵੈਲਪ ਹੋ ਸਕੀ। ਦੂਜੇ ਪਾਸੇ ਸਾਨੂੰ ਇੰਡਸਟਰੀ ਵਿੱਚ ਮਾਰ ਇਸ ਕਰਕੇ ਪਈ ਕਿਉਂਕਿ ਸੈਂਟਰ ਗੌਰਮਿੰਟ ਨੇ ਸਾਡੇ ਗੁਆਂਢੀ ਰਾਜ ਹਿਮਾਚਲ ਪ੍ਰਦੇਸ਼, ਜੇ.ਐਂਡ.ਕੇ., ਅਤੇ ਉਤਰਾਂਚਲ ਪ੍ਰਦੇਸ਼ ਦੀਆਂ ਸਰਕਾਰਾਂ ਨੂੰ ਇੰਡਸਟਰੀ ਪੈਕੇਜ ਦੇ ਦਿੱਤਾ ਤਾਂ ਕਿ ਉਥੇ ਇੰਡਸਟਰੀ ਪ੍ਰਫੁਲਿਤ ਹੋ ਸਕੇ। (ਘੰਟੀ)

**ਸ੍ਰੀ ਸਭਾਪਤੀ** : ਤੁਹਾਡਾ ਸਮਾਂ ਖਤਮ ਹੋ ਗਿਆ ਹੈ। ਹੋਰ ਕਿੰਨਾ ਸਮਾਂ ਲਵੋਗੇ ?

**ਸਰਦਾਰ ਜਸਬੀਰ ਸਿੰਘ ਗਿੱਲ (ਡਿੰਪਾ)** : ਮੈਂ ਸਿਰਫ ਪੰਜ ਮਿੰਟ ਹੀ ਹੋਰ ਲਵਾਂਗਾ। ਮੈਨੂੰ ਤੁਸੀਂ ਮੇਰੀ ਪਾਰਟੀ ਦੇ ਸਮੇਂ ਵਿੱਚ ਸਮਾਂ ਦੇ ਦਿਓ।

ਚੇਅਰਮੈਨ ਸਾਹਿਬ, ਸਾਡੀ ਪਾਰਟੀ ਨੇ ਇੰਡਸਟਰੀਅਲ ਪਾਲਿਸੀ ਅਨਾਊਂਸ ਕੀਤੀ ਹੈ ਤੇ ਉਸ ਤੇ 100 ਕਰੋੜ ਰੁਪਏ ਦਾ ਇੰਸੈਂਟਿਵ ਦੇਣ ਦਾ ਫੈਸਲਾ ਕੀਤਾ ਹੈ ਤਾਂ ਕਿ ਇੰਡਸਟਰੀ ਪੰਜਾਬ ਵਿੱਚ ਪਰਮੋਟ ਹੋ ਸਕੇ।

ਇਸੇ ਤਰ੍ਹਾਂ ਅਸੀਂ ਐਜੂਕੇਸ਼ਨ ਦੀ ਗੱਲ ਕਰਦੇ ਹਾਂ। ਇਸ ਵਿੱਚ ਵੀ ਪਛੜ ਕੇ ਪੰਜਾਬ ਦਾ ਪੰਦਰਵਾਂ ਨੰਬਰ ਆ ਗਿਆ ਹੈ। ਸਾਡੀ ਸਰਕਾਰ ਨੇ ਐਜੂਕੇਸ਼ਨ ਨੂੰ ਰੀਮਾਡਲ ਕਰਨ ਦਾ ਫੈਸਲਾ ਕੀਤਾ ਹੈ। ਇਸ ਦੇ ਥਰੀ ਟਾਇਰ ਸਿਸਟਮ ਨੂੰ ਟੂ ਟਾਇਰ ਸਿਸਟਮ ਵਿੱਚ

Original with;
Punjab Vidhan Sabha
Digitized by;

[ਸਰਦਾਰ ਜਸਬੀਰ ਸਿੰਘ ਗਿੱਲ]

ਬਦਲ ਦਿੱਤਾ ਹੈ ਔਰ 537 ਕਰੋੜ ਰੁਪਏ ਦਾ ਖਰਚਾ ਕਰਨ ਦਾ ਵਾਅਦਾ ਕੀਤਾ ਹੈ। ਇਸ ਤੋਂ ਇਲਾਵਾ ਪਹਿਲੀ ਵਾਰ ਇਸ ਸਰਕਾਰ ਨੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਵਿਲੇਜ ਐਜੂਕੇਸ਼ਨ ਸੁਸਾਇਟੀਜ਼ ਰਾਹੀਂ ਐਜੂਕੇਸ਼ਨ ਦੇ ਖੇਤਰ ਵਿੱਚ ਪੂਰਨ ਤੌਰ ਤੇ ਇਨਵਾਲਵ ਕੀਤਾ ਹੈ। ਇਹ ਸ਼ਲਾਘਾਯੋਗ ਕਦਮ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਨਾਨ-ਦਲਿਤ ਲੜਕੀਆਂ ਨੂੰ ਵੀ ਮੁਫ਼ਤ ਟੈਕਸਟ ਬੁੱਕਾਂ ਦਿੱਤੀਆਂ ਜਾਣਗੀਆਂ। ਇਹ ਸਾਰੇ ਕਦਮ ਸ਼ਲਾਘਾਯੋਗ ਹਨ। ਪਿਛਲੀ ਵਾਰ ਸਾਡੇ ਇੱਥੇ ਬੈਠੇ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਬੋਲਦੇ ਸਮੇਂ ਮੇਰੇ ਵੱਲ ਇਸ਼ਾਰਾ ਕਰਦੇ ਹੋਏ ਇੱਕ-ਦੋ ਗੱਲਾਂ ਕਹੀਆਂ ਸਨ ਜਿਸ ਦਾ ਮੈਂ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ। ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਬੇਨਤੀ ਕਰਾਂਗਾ ਕਿ ਉਹ ਅਜੀਤ ਅਖਬਾਰ ਮਿਤੀ 14 ਸਤੰਬਰ, 2000 ਦਾ ਵੇਖ ਲੈਣ। ਇਸ ਅਜੀਤ ਅਖਬਾਰ ਨੇ ਲਿਖਿਆ ਹੈ ਕਿ ਫਗਵਾੜਾ ਇਨਕਾਊਂਟਰ ਜੋ ਹੋਇਆ ਸੀ, ਉਸ ਵਿੱਚ ਜਿਹੜੇ ਅਫਸਰਾਂ ਨੇ ਦਲੇਰੀ ਨਾਲ ਮੁਕਾਬਲਾ ਕੀਤਾ ਸੀ ਅਤੇ ਦੋ ਡਕੈਤਾਂ ਨੂੰ ਮਾਰਿਆ ਸੀ, ਉਸ ਵਕਤ ਦੀ ਸਰਕਾਰ ਨੇ ਮੌਕੇ ਤੇ ਪਹੁੰਚਣ ਅਤੇ ਮੁਕਾਬਲਾ ਕਰਨ ਤੇ ਉਨ੍ਹਾਂ ਅਫਸਰਾਂ ਨੂੰ ਪਰਮੋਟ ਕਰਨ ਦਾ ਐਲਾਨ ਕੀਤਾ ਸੀ ਪਰ ਅਫਸੋਸ ਹੈ ਕਿ ਇਸ ਸਦਨ ਵਿੱਚ ਬੜੀ ਬਿਆਨਬਾਜ਼ੀ ਕੀਤੀ ਗਈ ਕਿ ਇਨ੍ਹਾਂ ਨੇ 18 ਬੰਦਿਆਂ ਨੂੰ ਟਪਾ ਕੇ ਪਰਮੋਸ਼ਨ ਦਿੱਤੀ ਹੈ, 14 ਬੰਦਿਆਂ ਨੂੰ ਟਪਾ ਕੇ ਪਰਮੋਸ਼ਨ ਦਿੱਤੀ ਹੈ। ਮੈਂ ਇਨ੍ਹਾਂ ਦੀ ਤਸੱਲੀ ਵਾਸਤੇ ਇਹ ਗੱਲ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਵਕਤ ਜੋ ਕੁਝ ਹੋਇਆ, ਇਨ੍ਹਾਂ ਦੇ ਘਰ ਵਿੱਚ ਹੀ ਰੋਟੀ ਪਕਾਉਣ ਵਾਲੇ ਕਾਲਾ ਸਿੰਘ ਦੇ ਲੜਕੇ ਅਤੇ ਜਵਾਈ ਨੂੰ ਰਵੀ ਸਿੱਧੂ ਨੇ ਪੇਪਰ ਕਰਵਾਏ, ਘਰ ਵਿੱਚ ਬਿਠਾ ਕੇ ਪੇਪਰ ਕਰਵਾਏ। ਇੱਕ ਨੂੰ ਪੀ.ਸੀ.ਐਸ. ਅਫਸਰ ਬਣਾਇਆ ਤੇ ਦੂਸਰੇ ਨੂੰ ਡੀ.ਐਸ.ਪੀ. ਬਣਾਇਆ। ਜੇ ਰੋਟੀਆਂ ਪਕਾ-ਪਕਾ ਕੇ ਡਿਪਟੀ ਬਣ ਸਕਦੇ ਹਨ, ਤਾਂ ਜੇ ਕੋਈ ਇਕ ਮੁਕਾਬਲਾ ਕਰਕੇ ਬਣ ਗਿਆ ਤਾਂ ਇਨ੍ਹਾਂ ਨੂੰ ਕੀ ਹੋ ਗਿਆ।

ਚੇਅਰਮੈਨ ਸਾਹਿਬ, ਮੈਂ ਇਕ ਬਹੁਤ ਹੀ ਅਹਿਮ ਮੁੱਦਾ ਤੁਹਾਡੇ ਰਾਹੀਂ ਇਸ ਅਜ਼ੀਮ ਸਦਨ ਵਿਚ ਰੱਖਣਾ ਚਾਹੁੰਦਾ ਹਾਂ। ਇਸ ਵੇਲੇ ਉਸਦਾ ਭਾਵੇਂ ਸਿੱਧਾ ਤਾਅਲੁੱਕ ਨਾ ਹੋਵੇ ਪਰ ਕਿਸੇ ਵੇਲੇ ਵੀ ਉਹ ਇਕ ਬਹੁਤ ਹੀ ਐਕਸਪਲੋਸਿਵ ਮੁੱਦਾ ਬਣ ਸਕਦਾ ਹੈ। ਉਹ ਹੈ ਧੜਾਧੜ ਹੋ ਰਹੀਆਂ ਇਸ ਸੂਬੇ ਵਿਚ ਕਨਵਰਸ਼ਨਜ਼ ਤੇ ਖਾਸ ਕਰਕੇ ਜੋ ਸਿੱਖੀ ਦਾ ਸਭ ਤੋਂ ਪਰਮ ਅਸਥਾਨ ਗਿਣਿਆ ਗਿਆ ਹੈ- ਅੰਮ੍ਰਿਤਸਰ, ਉਥੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਗੁਰੂ ਰਾਮ ਦਾਸ ਦੇ ਗੋਇੰਦਵਾਲ ਸਾਹਿਬ ਦੀ ਸਿੱਖੀ ਨੂੰ ਛੱਡ ਕੇ ਇਸਾਈ ਧਰਮ ਗ੍ਰਹਿਣ ਕਰ ਰਹੇ ਹਨ। ਕਿਉਂਕਿ ਇਹ ਦੇਖਿਆ ਗਿਆ ਹੈ ਕਿ ਉੜੀਸਾ ਦੇ ਵਿਚ ਵੀ ਇਸੇ ਗੱਲ ਤੋਂ ਬੜੀ ਅੱਗ ਲੱਗੀ ਹੈ। ਅੱਜ ਲੋੜ ਹੈ ਇਹ ਗੱਲ ਦੇਖਣ ਦੀ ਕਿ ਕੀ ਕਾਰਣ ਹਨ, ਕੀ ਕਮੀਆਂ ਰਹਿ ਗਈਆਂ ਹਨ ਜਿਨ੍ਹਾਂ ਕਾਰਣ ਇਹ ਕਨਵਰਸ਼ਨਜ਼ ਹੋ ਰਹੀਆਂ ਹਨ। ਖਾਸ ਕਰਕੇ ਉਹ ਲੋਕ ਜਿਹੜੇ ਧਰਮ ਦੇ ਨਾਂ ਤੇ ਵੋਟਾਂ ਮੰਗਦੇ ਹਨ, ਉਨ੍ਹਾਂ ਨੂੰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਉ, ਰਲ ਮਿਲ ਕੇ ਇਸ ਮੁੱਦੇ ਬਾਰੇ ਇਕ ਵਾਰ ਵਿਧਾਨ ਸਭਾ ਵਿਚ ਵਿਸਥਾਰਪੂਰਬਕ ਚਰਚਾ ਕਰੀਏ ਤੇ ਫੇਰ ਭਾਵੇਂ ਅੱਡ ਬੈਠ ਕੇ ਵੀ ਇਸ ਤੇ ਚਰਚਾ ਕਰੀਏ। ਇਸ ਕੋੜ੍ਹ ਨੂੰ ਛੇਤੀ ਤੋਂ ਛੇਤੀ ਰੋਕਿਆ ਜਾਣਾ ਚਾਹੀਦਾ ਹੈ।

Original with;
Punjab Vidhan Sabha
Digitized by;

ਦੂਸਰਾ, ਮੈਂ ਚੇਅਰਮੈਨ ਸਾਹਿਬ, ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ, ਜੋ ਇਰਾਕ ਤੇ ਅਮਰੀਕਾ ਦੀ ਲੜਾਈ ਹੋ ਰਹੀ ਹੈ, ਉਸਦਾ ਭਾਵੇਂ ਸਾਡੇ ਨਾਲ ਸਿੱਧਾ ਤਾਅਲੁੱਕ ਨਹੀਂ ਪਰ ਉਸਦਾ ਬਹੁਤ ਵੱਡਾ ਤਾਅਲੁੱਕ ਪੰਜਾਬ ਨਾਲ ਹੈ। ਸਰਦਾਰ ਬੇਅੰਤ ਸਿੰਘ ਹੋਰਾਂ ਨੇ ਆਪਣੀ ਜਾਨ ਦੀ ਕੁਰਬਾਨੀ ਦੇ ਕੇ ਤੇ ਕਈ ਹੋਰ 25,000 ਦੇ ਕਰੀਬ ਲੋਕਾਂ ਨੇ ਆਪਣਾ ਲਹੂ ਬਹਾ ਕੇ ਜਿਹੜੀ ਸ਼ਾਂਤੀ ਪੰਜਾਬ ਵਿਚ ਲਿਆਂਦੀ, ਉਸ ਸ਼ਾਂਤੀ ਦੇ ਨਾਲ ਇਸ ਲੜਾਈ ਦਾ ਬਹੁਤ ਵੱਡਾ ਤਾਅਲੁੱਕ ਹੈ। ਮੇਰੀ ਬੇਨਤੀ ਹੈ, ਚੇਅਰਮੈਨ ਸਾਹਿਬ, ਕਿ ਜਿਸ ਦਿਨ ਦਾ ਪਾਕਿਸਤਾਨ ਨੇ ਅਮਰੀਕਾ ਨੂੰ ਆਪਣਾ ਬੇਸ ਦਿੱਤਾ ਹੈ, ਉਹ ਉਨ੍ਹਾਂ ਦੀ ਖੁੱਲ੍ਹ ਕੇ ਸਪੋਰਟ ਕਰ ਰਿਹਾ ਹੈ। ਅਸੀਂ ਦੇਖਿਆ ਹੈ ਕਿ ਪੂਰੇ ਦੇਸ਼ ਵਿਚ ਉਸ ਦਿਨ ਤੋਂ ਅੱਤਵਾਦੀ ਕਾਰਵਾਈਆਂ ਵਿਚ ਵਾਧਾ ਹੋਇਆ ਹੈ ਤੇ ਕਿਸ ਤਰ੍ਹਾਂ ਹੁਣੇ ਹੁਣੇ 24 ਪੰਡਤ ਮਾਰ ਦਿੱਤੇ ਗਏ ਹਨ। ਮੈਂ ਬੇਨਤੀ ਕਰਾਂਗਾ ਕਿ ਜੇਕਰ ਹੋ ਸਕੇ, ਇਸ ਅਜ਼ੀਮ ਸਦਨ ਵਿਚ ਉਹ ਜਿਹੜਾ ਕਤਲੇਆਮ ਹੋਇਆ ਹੈ, ਉਸਨੂੰ ਕੰਡੈਮ ਕਰਨ ਲਈ ਇਕ ਰੈਜ਼ੋਲਿਊਸ਼ਨ ਲਿਆਂਦਾ ਜਾਵੇ। ਦੂਜੇ ਪਾਸੇ ਅਸੀਂ ਦੇਖਿਆ ਹੈ ਕਿ ਗੁਜਰਾਤ ਵਿਚ ਹਰੇਨ ਪਾਂਡਿਆ ਦਾ ਕਿਸ ਤਰ੍ਹਾਂ ਦਿਨ-ਦਿਹਾੜੇ ਸ਼ਹਿਰ ਵਿਚ ਵਹਿਸ਼ਿਆਨਾ ਤਰੀਕੇ ਨਾਲ ਕਤਲ ਕੀਤਾ ਗਿਆ ਹੈ। ਭਾਵੇਂ ਉਥੋਂ ਦੀ ਸਰਕਾਰ ਦਾ ਕਹਿਣਾ ਹੈ ਕਿ ਇਹ ਆਈ.ਐਸ.ਆਈ. ਦਾ ਕੰਮ ਹੈ ਤੇ ਭਾਵੇਂ ਮੇਰਾ ਮਨ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਤੇ ਮੇਰਾ ਮਨ ਕੋਈ ਹੋਰ ਹੀ ਸਾਜ਼ਿਸ਼ ਦੇਖ ਰਿਹਾ ਹੈ ਪਰ ਜੇਕਰ ਉਥੋਂ ਦੀ ਸਰਕਾਰ ਦਾ ਬਿਆਨ ਹੀ ਦੇਖ ਲਈਏ ਕਿ ਇਹ ਕਤਲ ਆਈ.ਐਸ.ਆਈ. ਨੇ ਕਰਵਾਇਆ ਹੈ ਤਾਂ ਇਹ ਪੰਜਾਬ ਵਾਸਤੇ ਚੰਗਾ ਨਿਸ਼ਾਨ ਨਹੀਂ ਹੈ। ਪਾਕਿਸਤਾਨ, ਜਿਸ ਤੋਂ ਸੈਂਕਸ਼ਨਜ਼ ਵੀ ਚੁੱਕ ਦਿੱਤੀਆਂ ਗਈਆਂ ਹਨ ਤੇ ਜਿਸ ਵਾਸਤੇ ਅਮਰੀਕਾ ਨੇ ਹੋਰ ਮਾਲੀ ਮੱਦਦ ਦੇਣ ਦਾ ਐਲਾਨ ਵੀ ਕੀਤਾ ਹੈ ਅਤੇ ਹੋਰ ਚੰਗੇ ਹਥਿਆਰ ਦੇਣ ਦਾ ਐਲਾਨ ਵੀ ਕੀਤਾ ਹੈ, ਉਹ ਪਾਕਿਸਤਾਨ ਸਾਡੇ ਪੰਜਾਬ ਵਿਚ ਕਿਸੇ ਵੇਲੇ ਵੀ ਗੜਬੜ ਕਰਾ ਸਕਦਾ ਹੈ। ਮੇਰੀ ਸਮੁੱਚੇ ਮੈਂਬਰਾਂ ਨੂੰ, ਚਾਹੇ ਉਹ ਕਿਸੇ ਪਾਰਟੀ ਨਾਲ ਸਹਿਮਤ ਹਨ, ਕਿਸੇ ਪਾਰਟੀ ਨਾਲ ਵਾਸਤਾ ਰਖਦੇ ਹਨ, ਇਹ ਬੇਨਤੀ ਹੈ ਕਿ ਅਸੀਂ ਸਾਰੇ ਇਕੱਠੇ ਹੋ ਕੇ ਮਿਲ ਬੈਠ ਕੇ ਵਿਚਾਰੀਏ ਕਿ ਜੇਕਰ ਸਾਡੇ ਸਾਹਮਣੇ ਚੁਣੌਤੀਆਂ ਆਉਣੀਆਂ ਹਨ ਤਾਂ ਉਨ੍ਹਾਂ ਦਾ ਕਿਸ ਤਰ੍ਹਾਂ ਅਸੀਂ ਸਾਹਮਣਾ ਕਰਨਾ ਹੈ। ਮੈਂ, ਇਨ੍ਹਾਂ ਸ਼ਬਦਾਂ ਨਾਲ, ਚੇਅਰਮੈਨ ਸਾਹਿਬ, ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਆਪਣੇ ਵੱਲੋਂ ਇਸ ਬਜਟ ਤੇ ਬੋਲਣ ਦਾ ਮੌਕਾ ਦਿੱਤਾ। ਜਿਥੇ ਮੈਂ, ਇਸ ਬਜਟ ਦੀ ਸਪੋਰਟ ਕਰਦਾ ਹਾਂ, ਉਥੇ ਇਸਨੂੰ ਬਹੁਤ ਹੀ ਚੰਗੇ ਮਿਆਰ ਦਾ, ਬਹੁਤ ਹੀ ਲੋਕਪ੍ਰਿਯ ਤੇ ਸਾਰੇ ਵਰਗਾਂ ਨੂੰ ਕੁਝ ਨਾ ਕੁਝ ਦੇਣ ਵਾਲਾ ਬਜਟ ਸਮਝਦਾ ਹਾਂ। ਇਨ੍ਹਾਂ ਸ਼ਬਦਾਂ ਨਾਲ ਹੀ ਮੈਂ ਖਿਮਾਂ ਦਾ ਜਾਚਕ ਹਾਂ। ਧੰਨਵਾਦ।

**ਸਰਦਾਰ ਰਣਦੀਪ ਸਿੰਘ (ਨਾਭਾ) :** ਚੇਅਰਮੈਨ ਸਾਹਿਬ, ਮੈਂ ਬਜਟ ਤੇ ਬੋਲਣ ਤੋਂ ਪਹਿਲਾਂ ਤੁਹਾਡੀ ਆਗਿਆ ਨਾਲ ਸਾਰੇ ਸਦਨ ਦੇ ਮੈਂਬਰ ਸਾਹਿਬਾਨ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਅੱਜ ਯੂਨੈਨੀਮਸਲੀ ਡਿਪਟੀ ਸਪੀਕਰ ਦੀ ਚੋਣ ਕੀਤੀ ਹੈ। ਇਸ ਦੇ ਨਾਲ ਹੀ ਮੈਂ ਤੁਹਾਡਾ ਵੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਉਸ ਬਜਟ ਤੇ ਬੋਲਣ ਦਾ ਮੌਕਾ

Original with;
Punjab Vidhan Sabha
Digitized by;

[ਸਰਦਾਰ ਰਣਦੀਪ ਸਿੰਘ]

ਦਿੱਤਾ ਹੈ ਜਿਹੜਾ ਸਾਡੇ ਵਿੱਤ ਮੰਤਰੀ ਸਰਦਾਰ ਲਾਲ ਸਿੰਘ ਜੀ ਨੇ ਇਸ ਸਦਨ ਵਿਚ 24 ਮਾਰਚ ਨੂੰ ਪੇਸ਼ ਕੀਤਾ ਸੀ। ਮੈਂ ਸਮਝਦਾ ਹਾਂ ਕਿ ਸਾਡੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਮੁਬਾਰਕਬਾਦ ਦੇ ਪਾਤਰ ਹਨ ਜਿਨ੍ਹਾਂ ਦੀ ਲੀਡਰਸ਼ਿਪ ਥੱਲੇ ਇਹ ਬਜਟ ਪੇਸ਼ ਕੀਤਾ ਗਿਆ ਹੈ। ਇਹ ਬਜਟ ਬੜੀ ਦੂਰਅੰਦੇਸ਼ੀ ਨਾਲ ਬਣਾਇਆ ਗਿਆ ਹੈ ਅਤੇ ਹਰੇਕ ਵਰਗ ਦੇ ਲੋਕਾਂ ਲਈ ਇਸ ਦੇ ਵਿਚ ਪ੍ਰੋਵੀਜ਼ਨ ਕੀਤੀ ਗਈ ਹੈ। ਖੇਤੀਬਾੜੀ, ਇੰਡਸਟਰੀ, ਬਿਜਲੀ, ਗਰੀਬ ਲੋਕਾਂ ਦੀ ਵੈਲਫੇਅਰ ਦਾ ਇਸ ਵਿਚ ਖਾਸ ਤੌਰ ਤੇ ਜ਼ਿਕਰ ਕੀਤਾ ਗਿਆ ਹੈ ਅਤੇ ਇਨ੍ਹਾਂ ਵਰਗਾਂ ਦੇ ਲੋਕਾਂ ਲਈ ਸਪੈਸ਼ਲ ਪ੍ਰੋਵੀਜ਼ਨ ਕੀਤੀ ਗਈ ਹੈ। ਇਸ ਤੋਂ ਇਲਾਵਾ ਐਕਸ-ਸਰਵਿਸਮੈਨ ਲਈ, ਸਪੋਰਟਸ ਪਰਸਨਜ਼ ਲਈ, ਐਜੂਕੇਸ਼ਨ ਲਈ ਅਤੇ ਰੂਰਲ ਡਿਵੈਲਪਮੈਂਟ ਲਈ ਵੀ ਇਸ ਵਿਚ ਸਪੈਸ਼ਲ ਪ੍ਰੋਵੀਜ਼ਨ ਕੀਤੀ ਗਈ ਹੈ। ਇਹ ਸਾਰੀਆਂ ਚੀਜ਼ਾਂ ਸਾਡੇ ਸੂਬੇ ਲਈ ਬੜੀ ਅਹਿਮੀਅਤ ਰੱਖਦੀਆਂ ਹਨ। ਇਹ ਉਹ ਚੀਜ਼ਾਂ ਹਨ ਜਿਹੜੀਆਂ ਆਉਣ ਵਾਲੇ ਸਮੇਂ ਵਿਚ ਪੰਜਾਬ ਲਈ ਬੜੀਆਂ ਮਹੱਤਵਪੂਰਣ ਹੋਣੀਆਂ ਹਨ ਅਤੇ ਜਿਨ੍ਹਾਂ ਨੇ ਆਉਣ ਵਾਲੇ ਸਮੇਂ ਵਿਚ ਪੰਜਾਬ ਨੂੰ ਤਰੱਕੀ ਵਾਲੇ ਪਾਸੇ ਲੈ ਕੇ ਜਾਣਾ ਹੈ। ਆਪੋਜ਼ੀਸ਼ਨ ਪ੍ਰਤੀ ਜੇਕਰ ਮੇਰੇ ਕੋਲੋਂ ਕੋਈ ਦੁਖਦਾਈ ਗੱਲ ਕਹੀ ਜਾਵੇ ਤਾਂ ਮੈਂ ਉਨ੍ਹਾਂ ਤੋਂ ਪਹਿਲਾਂ ਹੀ ਖਿਮਾ ਮੰਗ ਲੈਂਦਾ ਹਾਂ। ਖੇਤੀਬਾੜੀ ਸਾਡੇ ਪੰਜਾਬ ਦੀ ਰੀੜ੍ਹ ਦੀ ਹੱਡੀ ਹੈ ਜਿਸ ਬਾਰੇ ਇਸ ਬਜਟ ਵਿਚ ਖਾਸ ਤੌਰ ਤੇ ਜ਼ਿਕਰ ਕੀਤਾ ਗਿਆ ਹੈ। ਇਹ ਧੰਦਾ ਸਾਡੇ ਪੰਜਾਬ ਦੇ ਸੂਬੇ ਦੀ ਸਾਰੇ ਦੇਸ਼ ਨਾਲ ਹੀ ਨਹੀਂ ਬਲਕਿ ਸਾਰੇ ਸੰਸਾਰ ਨਾਲ ਪਹਿਚਾਣ ਕਰਾਉਂਦਾ ਹੈ। ਲਗਭਗ 80% ਅਨਾਜ ਸਾਡਾ ਸੂਬਾ ਸੈਂਟਰ ਦੇ ਪੂਲ ਵਿਚ ਭੇਜਦਾ ਹੁੰਦਾ ਸੀ। ਅੱਜ ਅਨਾਜ ਦਾ ਭੰਡਾਰ ਸਾਡੇ ਸੂਬੇ ਵਿਚ ਰਿਜ਼ਰਵ ਪਿਆ ਹੈ ਅਤੇ ਸਾਡੇ ਗੁਦਾਮ ਭਰੇ ਪਏ ਹਨ ਲੇਕਿਨ ਸਾਡੇ ਜਿਮੀਂਦਾਰ ਭਰਾ, ਸਾਡੇ ਕਿਸਾਨ ਵਰਗ ਦੇ ਲੋਕ ਪਿਛਲੇ 10-12 ਸਾਲਾਂ ਤੋਂ ਬਹੁਤ ਨੁਕਸਾਨ ਝੱਲਦੇ ਆ ਰਹੇ ਹਨ। ਜਿਸ ਖੇਤੀਬਾੜੀ ਕਰਕੇ ਕਦੀ ਸਾਰੇ ਸੰਸਾਰ ਵਿਚ ਪੰਜਾਬ ਦਾ ਜ਼ਿਕਰ ਕੀਤਾ ਜਾਂਦਾ ਸੀ, ਅੱਜ ਉਸੇ ਵਿਚ ਹੀ ਸਾਡੇ ਲੋਕਾਂ ਨੂੰ ਬੇਰੋਜ਼ਗਾਰੀ ਅਤੇ ਮੰਦਹਾਲੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਧਰ ਮੇਰੇ ਆਪੋਜ਼ੀਸ਼ਨ ਦੇ ਬੈਂਚਾਂ ਤੇ ਬੈਠੇ ਲੋਕਾਂ ਨੇ ਜ਼ਿਕਰ ਕੀਤਾ ਕਿ ਪੰਜਾਬ ਦੇ ਜ਼ਿਮੀਂਦਾਰਾਂ ਨੂੰ, ਪੰਜਾਬ ਦੇ ਕਿਸਾਨਾਂ ਨੂੰ ਸਾਡੀ ਕਾਂਗਰਸ ਪਾਰਟੀ ਦੀ ਸਰਕਾਰ ਬਰਬਾਦ ਕਰ ਰਹੀ ਹੈ। ਮੈਨੂੰ ਬੜੇ ਦੁੱਖ ਨਾਲ ਇਹ ਜ਼ਿਕਰ ਕਰਨਾ ਪੈ ਰਿਹਾ ਹੈ ਕਿ ਜਦੋਂ ਇਨ੍ਹਾਂ ਦੀ ਵਜ਼ਾਰਤ ਬਣੀ ਸੀ, ਜਦੋਂ ਇਨ੍ਹਾਂ ਨੇ ਆਪਣੀ ਸਰਕਾਰ ਬਣਾਈ ਸੀ ਤਾਂ ਉਦੋਂ ਇਨ੍ਹਾਂ ਵੱਲੋਂ ਕੋਈ ਐਗਰੀਕਲਚਰ ਪਾਲਿਸੀ ਨਹੀਂ ਬਣਾਈ ਗਈ ਸੀ ਅਤੇ ਨਾ ਹੀ ਇਨ੍ਹਾਂ ਨੇ ਕਦੀ ਡਾਈਵਰਸੀਫਿਕੇਸ਼ਨ ਬਾਰੇ ਸੋਚਿਆ ਸੀ। ਮੇਰਾ ਖਿਆਲ ਹੈ ਕਿ ਸਾਡੇ ਸੂਬੇ ਦੇ ਇਤਿਹਾਸ ਵਿਚ ਪਹਿਲਾਂ ਕਦੀ ਵੀ ਇੰਨੀਆਂ ਆਤਮ-ਹੱਤਿਆਵਾਂ ਨਹੀਂ ਹੋਈਆਂ, ਜਿੰਨੀਆਂ ਪਿਛਲੇ 6 ਸਾਲਾਂ ਵਿਚ ਇਨ੍ਹਾਂ ਦੇ ਰਾਜ ਵਿਚ ਹੋਈਆਂ। ਇਨ੍ਹਾਂ ਦੇ ਰਾਜ ਵਿਚ ਹੀ ਜ਼ਿਮੀਂਦਾਰਾਂ ਤੇ ਕਰਜ਼ਾ ਚੜ੍ਹਿਆ, ਉਹ ਸੜਕਾਂ ਤੇ ਆਏ ਅਤੇ ਧਰਨੇ ਦਿੱਤੇ। ਸਟੇਟ ਦੇ ਸਿਰ ਤੇ ਵੀ ਕਰਜ਼ਾ ਇਨ੍ਹਾਂ ਦੀ ਵਜ਼ਾਰਤ ਵੇਲੇ ਹੀ ਚੜ੍ਹਿਆ। ਵੋਟਾਂ ਦੀ ਰਾਜਨੀਤੀ ਛੱਡ ਕੇ ਸਾਨੂੰ ਲੋੜ ਹੈ ਕਿ ਅਸੀਂ ਸਾਰੇ ਆਪਣੀ ਜ਼ਿੰਮੇਵਾਰੀ ਸਮਝੀਏ ਕਿਉਂਕਿ ਸਾਨੂੰ ਸਾਡੇ ਹਲਕਿਆਂ ਦੇ ਲੋਕਾਂ ਨੇ ਚੁਣ ਕੇ ਭੇਜਿਆ ਹੈ, ਇਸ ਲਈ ਅਸੀਂ ਵੋਟਾਂ ਦੀ ਰਾਜਨੀਤੀ ਤੋਂ ਉਪਰ ਉਠ ਕੇ ਪੰਜਾਬ ਦੇ ਭਵਿੱਖ ਬਾਰੇ ਸੋਚੀਏ। ਲੇਕਿਨ ਮੈਨੂੰ ਅਫਸੋਸ ਦੇ ਨਾਲ ਏਥੇ ਜ਼ਿਕਰ ਕਰਨਾ ਪੈਂਦਾ ਹੈ ਕਿ ਵੋਟਾਂ ਨੂੰ ਹਾਸਿਲ ਕਰਨ ਲਈ ਸਾਡੇ ਹਰ ਵਰਗ ਦੇ ਲੋਕਾਂ ਲਈ ਪਿਛਲੀ ਸਰਕਾਰ ਨੇ ਬਿਜਲੀ ਮੁਆਫ ਕੀਤੀ ਅਤੇ ਦੂਰਅੰਦੇਸ਼ੀ ਤੋਂ ਕੰਮ ਨਹੀਂ ਲਿਆ ਕਿ ਅਜਿਹਾ ਕਰਨ ਨਾਲ ਪੰਜਾਬ ਬਿਜਲੀ ਬੋਰਡ ਤੇ ਕੀ ਬੀਤਣੀ ਹੈ। ਸਾਡੇ ਬਿਜਲੀ ਬੋਰਡ ਤੇ ਕੁਝ ਮਾੜੀਆਂ ਨੀਤੀਆਂ ਕਾਰਨ 1200

Original with;
Punjab Vidhan Sabha
Digitized by;

ਕਰੋੜ ਰੁਪਏ ਦਾ ਕਰਜ਼ਾ ਚੜ੍ਹਿਆ ਔਰ ਇਸ ਤਰ੍ਹਾਂ ਪ੍ਰਾਪਤ ਹੋਈ ਬਿਜਲੀ ਅਸੀਂ ਕਿੰਨਾ ਚਿਰ ਵਰਤ ਸਕਾਂਗੇ। ਇਸ ਚੀਜ਼ ਦਾ ਵੀ ਕੋਈ ਖਿਆਲ ਨਹੀਂ ਰੱਖਿਆ ਗਿਆ ਕਿ ਜੇਕਰ ਸਾਨੂੰ ਬਿਜਲੀ ਹੀ ਨਹੀਂ ਮਿਲਦੀ ਤਾਂ ਸਾਡੇ ਸੂਬੇ ਵਿੱਚ ਹਨੇਰਾ ਹੋ ਜਾਣਾ ਹੈ। ਚੇਅਰਮੈਨ ਸਾਹਿਬ, ਮੈਂ ਜਿਮੀਂਦਾਰ ਪਰਿਵਾਰ ਨੂੰ ਬੀਲਾਂਗ ਕਰਦਾ ਹਾਂ। ਸਾਨੂੰ ਬਠਿੰਡੇ ਜ਼ਿਲ੍ਹੇ ਵਿੱਚ ਲਗਭੱਗ ਡੇਢ ਘੰਟੇ ਤੋਂ ਲੈ ਕੇ ਤਿੰਨ ਘੰਟੇ ਤੱਕ ਹਾੜੀ ਵੇਲੇ ਬਿਜਲੀ ਮਿਲਦੀ ਸੀ ਜਦੋਂ ਫਸਲ ਨੂੰ ਪਾਲਣ ਦਾ ਸਮਾਂ ਆਉਂਦਾ ਸੀ। ਉਸ ਵੇਲੇ ਸਾਡਾ ਪਾਣੀ ਅਤੇ ਬਿਜਲੀ ਤੇ ਤਿੰਨ ਚਾਰ ਗੁਣਾ ਖਰਚਾ ਵਧੇਰੇ ਆਉਂਦਾ ਸੀ ਜਦੋਂ ਅਸੀਂ ਡੀਜ਼ਲ ਮੋਟਰ ਲਗਾ ਕੇ ਆਪਣੀ ਫਸਲ ਦੀ ਰਖਵਾਲੀ ਕਰਦੇ ਸੀ। ਮੈਂ ਤਾਂ ਹੈਰਾਨ ਹਾਂ ਕਿ ਉਨ੍ਹਾਂ ਗਰੀਬ ਜ਼ਿਮੀਦਾਰਾਂ ਦੀ ਕੀ ਹਾਲਤ ਹੁੰਦੀ ਹੋਏਗੀ ਜਿਹੜੇ ਵਿਚਾਰੇ ਜੈਨਰੇਟਰ ਨਹੀਂ ਲੈ ਸਕਦੇ। ਖੇਤੀਬਾੜੀ ਕਰਕੇ ਸਾਡੀ ਦੇਸ਼ ਵਿੱਚ ਪਹਿਚਾਣ ਹੈ, ਹੁਣ ਸੂਬੇ ਦੀ ਖੇਤੀਬਾੜੀ ਨੂੰ ਅੱਗੇ ਨਾ ਲਿਜਾ ਸਕਣ ਕਰਕੇ , ਉਸਦਾ ਕੀ ਬਣਦਾ ਹੋਏਗਾ। ਅੱਜ ਜਿਸ ਦਿਨ ਤੋਂ ਸਾਡੀ ਸਰਕਾਰ ਬਣੀ ਹੈ ਉਸੇ ਦਿਨ ਤੋਂ ਅਸੀਂ ਇਸ ਦੇ ਬਾਰੇ ਚਿੰਤਤ ਹਾਂ। ਮੈਂ ਸਮਝਦਾ ਹਾਂ ਕਿ ਇਸ ਦੇ ਵਾਸਤੇ ਸਾਡੇ ਸੀ.ਐਮ., ਕੈਪਟਨ ਅਮਰਿੰਦਰ ਸਿੰਘ ਜੀ ਵਧਾਈ ਦੇ ਪਾਤਰ ਹਨ ਕਿ ਹੁਣ ਅਸੀਂ ਕਾਂਟ੍ਰੈਕਟ ਫਾਰਮਿੰਗ ਪੰਜਾਬ ਵਿੱਚ ਕਰਨੀ ਹੈ ਜਦੋਂ ਬੱਚਾ ਚੱਲਣ ਦੀ ਸ਼ੁਰੂਆਤ ਕਰਦਾ ਹੈ ਤਾਂ ਉਹ ਚੱਲਣਾ ਅਤੇ ਭੱਜਣਾ ਸਿਖ ਜਾਂਦਾ ਹੈ। ਸੋ, ਅਸੀਂ ਇਹ ਸ਼ੁਰੂਆਤ ਕੀਤੀ ਹੈ, ਅਸੀਂ ਇਸ ਸਾਲ ਇਹ ਪ੍ਰੋਵੀਜ਼ਨ ਕੀਤੀ ਹੈ। ਤਿੰਨ ਲੱਖ ਏਕੜ ਸਾਡੇ ਪੰਜਾਬ ਵਿੱਚ ਕਾਂਟ੍ਰੈਕਟ ਫਾਰਮਿੰਗ ਹੇਠ ਲਏ ਜਾਣਗੇ ਜਿਸ ਵਿੱਚ ਪਲਸਿਜ਼ (ਦਾਲਾਂ), ਆਇਲ ਸੀਡ, ਹਾਰਟੀਕਲਚਰ ਅਤੇ ਮਿਰਚਾਂ ਨੂੰ ਇੰਪਰੋਵਾਈਜ਼ਡ ਤਰੀਕੇ ਨਾਲ ਪੈਦਾ ਕੀਤਾ ਜਾਵੇਗਾ। ਸਾਡੇ ਸੂਬੇ ਵਿੱਚ ਆਮ ਕਿਸਾਨ ਲਗਾਤਾਰ ਕਣਕ ਅਤੇ ਜੀਰੀ ਦੇ ਚੱਕਰ ਵਿੱਚ ਉਲਝਿਆ ਹੋਇਆ ਹੈ ਜਿਸ ਕਾਰਨ ਪੰਜਾਬ ਦੇ ਸੂਬੇ ਦਾ ਪਾਣੀ ਨੀਚੇ ਜਾ ਰਿਹਾ ਹੈ, ਉਸ ਉਤੇ ਅਜਿਹਾ ਕਰਕੇ ਗੌਰ ਕੀਤੀ ਜਾ ਰਹੀ ਹੈ। ਖਾਸ ਕਰਕੇ ਜਿਵੇਂ ਮੇਰੇ ਭਰਾ ਸਰਦਾਰ ਜਸਬੀਰ ਸਿੰਘ ਡਿੰਪਾ ਜੀ ਨੇ ਆਖਿਆ ਕਿ ਇਹ ਸੋਚਣ ਵਾਲਾ ਸਮਾਂ ਹੈ। ਅੱਜ ਸਾਡੇ ਸੂਬੇ ਵਿੱਚ ਖਾਸ ਕਰਕੇ ਸਾਢੇ ਇੱਕੀ ਇੰਚ (ਲਗਭੱਗ ਦੋ ਫੁੱਟ) ਪਾਣੀ ਡੀਪਲੀਟ ਕਰ ਗਿਆ ਹੈ, ਹੇਠਾਂ ਚਲਾ ਗਿਆ ਹੈ। ਜੇਕਰ ਅਸੀਂ ਇਸ ਬਾਰੇ ਅੱਜ ਨਹੀਂ ਸੋਚਣਾ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਵੀ ਰੇਗਿਸਤਾਨ ਬਣ ਜਾਣਾ ਹੈ। ਜਿਸ ਪ੍ਰਕਾਰ ਮਨੁੱਖ ਲਈ ਆਕਸੀਜਨ ਲੋੜੀਂਦੀ ਹੈ, ਉਸੇ ਪ੍ਰਕਾਰ ਸਾਨੂੰ ਜੀਣ ਲਈ ਪਾਣੀ ਦੀ ਵੀ ਉਨੀ ਹੀ ਲੋੜ ਹੈ। ਚੇਅਰਮੈਨ ਸਾਹਿਬ, ਅੱਜ ਇਹ ਮਨੁੱਖਤਾ ਦੀ ਲੋੜ ਹੈ। ਇਸ ਲਈ ਜਿਹੜਾ ਇਹ ਇਨੀਸ਼ੀਏਟਿਵ ਮੁੱਖ ਮੰਤਰੀ ਸਾਹਿਬ ਨੇ ਲਿਆ ਹੈ ਅਤੇ ਕਾਂਟ੍ਰੈਕਟ ਫਾਰਮਿੰਗ ਦੀ ਸ਼ੁਰੂਆਤ ਕੀਤੀ ਹੈ, ਇਸ ਦੇ ਨਤੀਜੇ ਆਉਣ ਵਾਲੇ 10-15 ਸਾਲਾਂ ਵਿੱਚ ਤੁਹਾਡੇ ਸਾਹਮਣੇ ਨਜ਼ਰ ਆਉਣਗੇ। ਸਰਦਾਰ ਪ੍ਰਤਾਪ ਸਿੰਘ ਕੈਰੋਂ ਜੀ ਨੇ ਜਿਹੜਾ ਗ੍ਰੀਨ ਰੈਵੋਲਿਊਸ਼ਨ ਸ਼ੁਰੂ ਕੀਤਾ ਸੀ, ਉਸਦੇ ਨਤੀਜੇ 10-15 ਸਾਲ ਬਾਅਦ ਦੇਖਣ ਨੂੰ ਸਾਨੂੰ ਮਿਲੇ ਸਨ।

ਚੇਅਰਮੈਨ ਸਾਹਿਬ, ਏਥੇ ਜ਼ਿਕਰ ਕੀਤਾ ਗਿਆ ਹੈ ਕਿ ਜੋ ਮੈਨੀਫੈਸਟੋ ਹੈ, ਉਸ ਵਿੱਚ ਬਾਰ ਬਾਰ ਕਾਂਗਰਸ ਪਾਰਟੀ ਨੇ ਜੋ ਐਲਾਨ ਕੀਤਾ ਸੀ, ਉਹ ਪੂਰਾ ਸਿਰੇ ਨਹੀਂ ਚਾੜ੍ਹਿਆ। ਮੇਰੇ ਏਰੀਏ ਵਿੱਚ ਇਕ ਰੱਖੜਾ ਸ਼ੂਗਰ ਮਿੱਲ ਹੈ। ਏਥੇ ਰੱਖੜਾ ਜੀ ਵੀ ਬੈਠੇ ਹਨ, ਇਨ੍ਹਾਂ ਨੂੰ ਪਤਾ ਹੈ। ਪਿਛਲੇ ਤਿੰਨ ਸਾਲਾਂ ਵਿੱਚ ਜਿੰਨੀਆਂ ਸ਼ੂਗਰ ਮਿੱਲਾਂ ਪੰਜਾਬ ਵਿੱਚ ਸਨ, ਕਿਉਂਕਿ ਉਨ੍ਹਾਂ ਨੇ ਜ਼ਿਮੀਂਦਾਰਾਂ ਦੀ ਸ਼ੂਗਰਕੇਨ ਦੀ ਪੇਮੈਂਟ ਨਹੀਂ ਕੀਤੀ ਸੀ, ਇਸ ਕਾਰਨ ਜ਼ਿਮੀਂਦਾਰ ਆਪੇ ਹੀ ਗੰਨਾ ਬੀਜਣ ਵਿਚ ਵਿਸ਼ਵਾਸ ਛੱਡਦਾ ਜਾ ਰਿਹਾ ਸੀ। ਇਸ ਲਈ ਉਨ੍ਹਾਂ ਦੀ ਇਹ ਪੇਮੈਂਟ ਕਰ ਦਿੱਤੀ ਗਈ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਜ਼ਿਮੀਂਦਾਰ

Original with;
Punjab Vidhan Sabha
Digitized by;

[ਸਰਦਾਰ ਰਣਦੀਪ ਸਿੰਘ]

ਸ਼ੂਗਰਕੇਨ ਲਗਾਉਣ ਦੀ ਕੋਸ਼ਿਸ਼ ਛੱਡੇ ਨਾ। ਇਹ ਇਸ ਕਰਕੇ ਕੀਤਾ ਗਿਆ ਤਾਂ ਕਿ ਝੋਨਾ ਲਗਾਉਣ ਲਈ ਜ਼ਰੂਰੀ ਜੋ ਪਾਣੀ ਹੈ, ਉਹ ਪਾਣੀ ਬਚ ਸਕੇ। ਉਨ੍ਹਾਂ ਨੂੰ ਪੇਮੈਂਟ ਦੇਣ ਦਾ ਕੰਮ ਵੀ ਕੈਪਟਨ ਅਮਰਿੰਦਰ ਸਿੰਘ ਜੀ ਨੇ ਆ ਕੇ ਕੀਤਾ।

ਇਸੇ ਤਰ੍ਹਾਂ, ਚੇਅਰਮੈਨ ਸਾਹਿਬ, ਜਿਹੜਾ 30 ਰੁਪਏ ਪ੍ਰਤੀ ਕੁਇੰਟਲ ਬੋਨਸ ਦੇਣ ਦਾ ਐਲਾਨ ਕੀਤਾ ਗਿਆ ਸੀ, ਇਸ ਬਾਰੇ ਤੁਹਾਨੂੰ ਸਾਰਿਆਂ ਨੂੰ ਜਾਣਕਾਰੀ ਹੈ। ਪਰੰਤੂ, ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਫਿਰ ਸਾਰੇ ਸਦਨ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ 20 ਰੁਪਏ ਪ੍ਰਤੀ ਕੁਇੰਟਲ ਬੋਨਸ ਸਾਡੀ ਸਰਕਾਰ ਅੱਜ ਦੀ ਡੇਟ ਵਿੱਚ ਦੇ ਚੁੱਕੀ ਹੈ ਔਰ 10 ਰੁਪਏ ਪ੍ਰਤੀ ਕੁਇੰਟਲ ਜਿਹੜਾ ਦੇਣਾ ਰਹਿੰਦਾ ਹੈ, ਉਹ ਸੈਂਟਰਲ ਗੌਰਮਿੰਟ ਨੇ ਦੇਣਾ ਹੈ। ਸੈਂਟਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਵਾਅਦਾ ਕੀਤਾ ਸੀ ਲੇਕਿਨ ਇਹ ਪੈਸਾ ਹਾਲੇ ਤੱਕ ਨਹੀਂ ਦਿੱਤਾ, ਇਹ ਜਾਣਦੇ ਹੋਏ ਵੀ ਕਿ ਸਾਡੇ ਸਿਰ ਉਤੇ ਇਤਨਾ ਵੱਡਾ ਕਰਜ਼ਾ ਚੜ੍ਹਿਆ ਹੋਇਆ ਹੈ ਜਿਹੜਾ ਕਿ ਪਿਛਲੀ ਸਰਕਾਰ ਦੀਆਂ ਕੁਝ ਮਾੜੀਆਂ ਨੀਤੀਆਂ ਕਰਕੇ 53,000 ਕਰੋੜ ਰੁਪਏ ਦਾ ਕਰਜ਼ਾ ਚੜ੍ਹਿਆ ਹੈ। ਇਸ ਦੇ ਬਾਵਜੂਦ ਵੀ ਕੈਪਟਨ ਅਮਰਿੰਦਰ ਸਿੰਘ ਮੁਬਾਰਕਬਾਦ ਦੇ ਪਾਤਰ ਹਨ ਕਿ ਘਾਟੇ ਦੇ ਬਾਵਜੂਦ ਅਤੇ ਸੈਂਟਰ ਸਰਕਾਰ ਵੱਲੋਂ ਸਪੋਰਟ ਨਾ ਕੀਤੇ ਜਾਣ ਦੇ ਬਾਵਜੂਦ ਉਨ੍ਹਾਂ ਨੇ 20 ਰੁਪਏ ਪ੍ਰਤੀ ਕੁਇੰਟਲ ਜ਼ਿਮੀਂਦਾਰਾਂ ਨੂੰ ਬੋਨਸ ਦਿੱਤਾ ਹੈ। ਬਾਕੀ ਤੁਹਾਨੂੰ ਸਾਰਿਆਂ ਨੂੰ ਜਾਣਕਾਰੀ ਹੈ ਹੀ, ਫਿਰ ਵੀ ਮੈਂ ਇਸ ਸਦਨ ਦੇ ਮਾਨਯੋਗ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਝੋਨੇ ਅਤੇ ਕਣਕ ਦੀ ਲਿਫਟਿੰਗ ਆਈ ਤਾਂ ਮੇਰਾ ਖਿਆਲ ਹੈ ਕਿ ਪੰਜਾਬ ਦੀਆਂ ਏਜੰਸੀਆਂ ਨੇ ਬੜੇ ਸੋਹਣੇ ਤਰੀਕੇ ਨਾਲ ਇਹ ਲਿਫਟਿੰਗ ਕੀਤੀ। ਕੋਈ 1 ਲੱਖ 20 ਹਜ਼ਾਰ ਮੀਟਰਿਕ ਟਨ ਫਸਲ ਚੁੱਕੀ ਗਈ, ਉਹ ਵੀ ਇਸ ਦੇ ਬਾਵਜੂਦ ਕਿ ਸਾਨੂੰ ਕੋਈ ਸਹਾਇਤਾ ਜਾਂ ਸਹਿਯੋਗ ਸੈਂਟਰ ਸਰਕਾਰ ਵੱਲੋਂ ਨਹੀਂ ਮਿਲਿਆ। ਇਸ ਦਾ ਸਿਹਰਾ ਵੀ ਕਾਂਗਰਸ ਪਾਰਟੀ ਦੀ ਸਰਕਾਰ ਦੇ ਸਿਰ ਹੀ ਜਾਂਦਾ ਹੈ। ਇਕ ਬਹੁਤ ਕਠਿਨ ਫੈਸਲਾ ਸਰਕਾਰ ਨੂੰ ਲੈਣਾ ਪਿਆ, ਉਹ ਹੈ ਬਿਜਲੀ ਬਾਰੇ ਜਿਸ ਦਾ ਇਥੇ ਬਾਰ ਬਾਰ ਜ਼ਿਕਰ ਕੀਤਾ ਗਿਆ ਹੈ। ਜਿਹੜੀ ਬਿਜਲੀ ਪਿਛਲੀ ਸਰਕਾਰ ਵੱਲੋਂ ਮੁਆਫ ਕੀਤੀ ਗਈ ਸੀ, ਉਸ ਕਰਕੇ ਬਿਜਲੀ ਬੋਰਡ ਨੂੰ 1200 ਕਰੋੜ ਰੁਪਏ ਦਾ ਘਾਟਾ ਪਿਆ ਅਤੇ ਬਿਜਲੀ ਕੇਵਲ ਡੇਢ-ਦੋ ਜਾਂ ਤਿੰਨ ਘੰਟੇ ਹੀ ਆਉਂਦੀ ਸੀ। ਅੱਜ ਸਾਨੂੰ ਬਿਜਲੀ 8—10 ਘੰਟੇ ਮਿਲ ਰਹੀ ਹੈ, ਜਿਮੀਂਦਾਰ ਭਰਾਵਾਂ ਨੂੰ ਮਿਲ ਰਹੀ ਹੈ। ਮੇਰਾ ਖਿਆਲ ਹੈ ਕਿ ਬਿਜਲੀ ਦੀ ਸਖਤ ਲੋੜ ਹੁੰਦੀ ਹੈ ਅਤੇ ਜੇਕਰ ਬਿਜਲੀ ਹੀ ਨਾ ਮਿਲੇ, ਉਸ ਨਾਲੋਂ ਤਾਂ ਚੰਗਾ ਹੈ ਕਿ ਹਨੇਰੇ ਵਿਚ ਨਾ ਰਹਿ ਕੇ ਲਗਾਤਾਰ ਬਿਜਲੀ ਲਈ ਜਾਵੇ ਨਾ ਕਿ ਰਾਜਨੀਤੀ ਤੋਂ ਪ੍ਰੇਰਿਤ ਹੋ ਕੇ ਕਿਸਾਨਾਂ ਨੂੰ ਬਿਜਲੀ ਫਰੀ ਕਰ ਦੇਈਏ ਅਤੇ ਕਿਸਾਨਾਂ ਨੂੰ ਖੁਸ਼ ਕਰ ਦੇਈਏ। ਜੇਕਰ ਇਸ ਤਰ੍ਹਾਂ ਕਰਦੇ ਰਹਾਂਗੇ ਤਾਂ ਵੇਖਣ ਵਾਲੀ ਗੱਲ ਹੈ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਦਾ ਕੀ ਭਵਿਖ ਹੋਵੇਗਾ ਅਤੇ ਪੰਜਾਬ ਨੂੰ ਕੀ ਨੁਕਸਾਨ ਹੋਵੇਗਾ। ਜੇਕਰ ਬਿਜਲੀ ਨਹੀਂ ਤਾਂ ਇੰਡਸਟਰੀ ਵੀ ਨਹੀਂ ਚੱਲ ਸਕੇਗੀ। ਜੇਕਰ ਬਿਜਲੀ ਨਹੀਂ ਹੋਵੇਗੀ ਤਾਂ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿਚ ਵੀ ਢਿਲ-ਮੱਠ ਹੋਵੇਗੀ ਅਤੇ ਲੋਕਾਂ ਨੂੰ ਪੂਰੀਆਂ ਸਿਹਤ ਫੈਸਿਲੀਟੀਜ਼ ਵੀ ਨਹੀਂ ਦਿੱਤੀਆਂ ਜਾ ਸਕਣਗੀਆਂ। ਮੁੱਖ ਮੰਤਰੀ ਸਾਹਿਬ ਨੇ ਬਿਜਲੀ ਦੇ ਬਿਲ ਲਗਾ ਕੇ ਇਕ ਬੋਲਡ ਸਟੈੱਪ ਚੁੱਕਿਆ ਹੈ। ਇਸ ਲਈ ਮੈਂ, ਕੈਪਟਨ ਅਮਰਿੰਦਰ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ। ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਵਿੱਤ

Original with;
Punjab Vidhan Sabha
Digitized by;
Panjab Digital Library

ਮੰਤਰੀ ਜੀ ਨੂੰ ਗੁਜ਼ਾਰਿਸ਼ ਕਰਨੀ ਚਾਹਾਂਗਾ ਕਿ ਇਸ ਵੇਲੇ ਸਾਡੇ ਪੰਜਾਬ ਦਾ ਵਾਟਰ ਲੈਵਲ ਡਿੱਗਦਾ ਜਾ ਰਿਹਾ ਹੈ। ਇਸ ਦੇ ਹੱਲ ਵਾਸਤੇ ਵਿੱਤ ਮੰਤਰੀ ਜੀ ਕੋਈ ਤਜ਼ਵੀਜ ਜ਼ਰੂਰ ਰੱਖਣ, ਕੋਈ ਪ੍ਰੋਵੀਜ਼ਨ ਜ਼ਰੂਰ ਕਰਨ। ਸਾਡੇ ਪੰਜਾਬ ਵਿਚ ਵਾਟਰ ਰਿਜ਼ਰਵਾਇਰ ਜ਼ਰੂਰ ਬਣਾਏ ਜਾਣ ਨਾਲ ਡਰਿਪ ਇਰੀਗੇਸ਼ਨ ਦੀ ਜ਼ਰੂਰ ਇਨਕਰੇਜਮੈਂਟ ਕੀਤੀ ਜਾਵੇ ਤਾਂ ਕਿ ਜਿਹੜੀ ਪਾਣੀ ਦੀ ਵੇਸਟੇਜ ਹੁੰਦੀ ਹੈ, ਉਸ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਬਚਾ ਸਕੀਏ। ਮੈਂ ਇੰਡਸਟਰੀ ਪ੍ਰਤੀ ਗੱਲ ਕਰਨੀ ਚਾਹੁੰਦਾ ਹਾਂ। ਇੰਡਸਟਰੀ ਵੀ ਖੇਤੀਬਾੜੀ ਵਾਂਗ ਸਾਡੀ ਇਕਾਨਮੀ ਦੀ ਰੀੜ੍ਹ ਦੀ ਹੱਡੀ ਹੈ। ਇੰਡਸਟਰੀ ਵੀ ਅਜਿਹੀ ਚੀਜ਼ ਹੈ ਜਿਹੜੀ ਆਪਦੀ ਸਟੇਟ ਨੂੰ ਤਰੱਕੀ ਵੱਲ ਲੈ ਕੇ ਜਾਂਦੀ ਹੈ। ਇਸ ਲਈ ਜ਼ਰੂਰੀ ਹੈ ਕਿ ਕੋਈ ਅੱਛੀ ਇੰਡਸਟਰੀਅਲ ਪਾਲਿਸੀ ਬਣਾਈ ਜਾਵੇ ਔਰ ਮੈਂ ਮੁਬਾਰਕਬਾਦ ਦਿੰਦਾ ਹਾਂ ਸਰਦਾਰ ਲਾਲ ਸਿੰਘ ਜੀ ਨੂੰ ਜਿਨ੍ਹਾਂ ਨੇ ਇਕ ਬਹੁਤ ਅੱਛੀ ਇੰਡਸਟਰੀਅਲ ਪਾਲਿਸੀ ਦਿੱਤੀ ਹੈ ਜਿਸ ਅਨੁਸਾਰ 1 ਅਪ੍ਰੈਲ, 2003 ਤੋਂ ਇੰਸਪੈਕਟਰੀ ਰਾਜ ਖਤਮ ਕੀਤਾ ਜਾਣਾ ਹੈ। ਸਾਡੇ ਸੂਬੇ ਵਿਚ ਅੱਜ ਇਹ ਸਥਿਤੀ ਆ ਚੁੱਕੀ ਹੈ ਕਿ 65 ਤੋਂ 70% ਤੱਕ ਭਾਵੇਂ ਸਾਡੀ ਸਮਾਲ ਸਕੇਲ ਇੰਡਸਟਰੀ ਹੈ ਜਾਂ ਵੱਡੀ ਇੰਡਸਟਰੀ ਹੈ, ਬੰਦ ਹੁੰਦੀ ਜਾ ਰਹੀ ਹੈ। ਇਸ ਨੂੰ ਬੂਸਟ ਦੇਣ ਦੀ ਲੋੜ ਹੈ। ਇਕਨਾਮਿਸਟ ਕਹਿੰਦੇ ਹਨ ਕਿ ਡਿਮਾਂਡ ਅਤੇ ਸਪਲਾਈ ਦਾ ਸਰਕਲ ਹੁੰਦਾ ਹੈ। ਜੇ ਡਿਮਾਂਡ ਘਟ ਜਾਵੇ ਅਤੇ ਸਪਲਾਈ ਵਧ ਜਾਵੇ ਤਾਂ ਵੀ ਇੰਡਸਟਰੀ ਨੂੰ ਨੁਕਸਾਨ ਹੁੰਦਾ ਹੈ। ਅਤੇ ਜੇ ਡੀਮਾਂਡ ਵਧ ਜਾਵੇ ਅਤੇ ਸਪਲਾਈ ਘਟ ਜਾਵੇ, ਤਾਂ ਵੀ ਇੰਡਸਟਰੀ ਨੂੰ ਨੁਕਸਾਨ ਪਹੁੰਚਦਾ ਹੈ। ਇਸ ਲਈ ਬੈਲੰਸ ਮੈਨਟੇਨ ਕਰਨਾ ਜ਼ਰੂਰੀ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਜੋ ਬਜਟ ਵਿੱਚ ਇੰਸਪੈਕਟਰੀ ਰਾਜ ਨੂੰ ਖਤਮ ਕਰਨ ਦੀ ਗੱਲ ਕੀਤੀ ਹੈ, ਇਸ ਦੇ ਨਾਲ ਇੰਡਸਟਰੀ ਨੂੰ ਕਾਫ਼ੀ ਬੂਸਟ ਮਿਲੇਗਾ ਕਿਉਂਕਿ ਇੰਸਪੈਕਟਰੀ ਰਾਜ ਹੀ ਇੰਡਸਟਰੀ ਨੂੰ ਬੰਦ ਕਰਾਉਣ ਲਈ ਜ਼ਿੰਮੇਂਵਾਰ ਹੈ। ਇਸਦੇ ਨਾਲ ਕੁਰੱਪਸ਼ਨ ਬਹੁਤ ਵਧਦੀ ਹੈ। ਇਸ ਲਈ ਮੈਂ, ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਅਤੇ ਵਿੱਤ ਮੰਤਰੀ, ਸਰਦਾਰ ਲਾਲ ਸਿੰਘ ਜੀ ਨੂੰ ਮੁਬਾਰਿਕਬਾਦ ਦਿੰਦਾ ਹਾਂ ਕਿ ਉਨ੍ਹਾਂ ਵਲੋਂ ਇੰਡਸਟਰੀ ਦੀ ਰੀਵਾਈਵਲ ਲਈ ਇਹ ਗੱਲ ਕੀਤੀ ਜਾ ਰਹੀ ਹੈ। ਇੱਥੇ ਮੇਰੇ ਛੋਟੇ ਵੀਰ ਨੇ ਜ਼ਿਕਰ ਕੀਤਾ, ਓ.ਟੀ.ਐਸ. ਦੇ ਖਿਲਾਫ। ਇਹ ਵੰਨ ਟਾਈਮ ਸੈਟਲਮੈਂਟ ਜਿਹੜੀ ਸਰਕਾਰ ਨੇ ਤਜ਼ਵੀਜ ਕੀਤੀ ਹੈ, ਮੈਂ ਸਮਝਦਾ ਹਾਂ ਕਿ ਇਸ ਤੋਂ ਅੱਛੀ ਗੱਲ ਹੋਰ ਕੋਈ ਨਹੀਂ ਹੋ ਸਕਦੀ। ਪਹਿਲਾਂ ਇੰਡਸਟਰੀ ਇਸ ਲਈ ਬੰਦ ਹੋ ਜਾਂਦੀ ਸੀ ਕਿ ਜਿਹੜਾ ਲੋਨ ਉਸ ਇੰਡਸਟਰੀ ਲਈ ਲਿਆ ਜਾਂਦਾ ਸੀ, ਉਸ ਤੇ ਕੰਪਾਊਂਡ ਇੰਟਰੈਸਟ ਪਾ ਕੇ, ਅਤੇ ਹੋਰ ਕਈ ਤਰ੍ਹਾਂ ਦੇ ਵੱਖ-ਵੱਖ ਇੰਟਰੈਸਟ ਲੱਗਣ ਕਰਕੇ ਮਾਲਕ ਪੈਸੇ ਜਮ੍ਹਾਂ ਨਹੀਂ ਕਰਵਾ ਸਕਦਾ ਸੀ ਜਿਸ ਦੇ ਸਿੱਟੇ ਵੱਜੋਂ ਉਹ ਯੂਨਿਟ ਬੰਦ ਕਰਨਾ ਪੈਂਦਾ ਸੀ। ਹੁਣ ਜਿਹੜੀ ਵੰਨ ਟਾਈਮ ਸੈਟਲਮੈਂਟ ਦੀ ਸਹੂਲਤ ਦਿੱਤੀ ਜਾ ਰਹੀ ਹੈ, ਇਸ ਦੇ ਨਾਲ 10% ਇੰਟਰੈਸਟ ਤੇ ਜਿਹੜਾ ਪੈਸਾ ਲਿਆ ਜਾਂਦਾ ਹੈ ਭਾਵੇਂ ਇਕ ਕਰੋੜ ਰੁਪਿਆ ਕਰਜ਼ਾ ਲੈ ਲਵੋ, ਉਸਦੇ ਵਿਚੋਂ 10 ਲੱਖ ਰੁਪਏ ਇਕ ਵੇਰ ਜਮ੍ਹਾਂ ਕਰਾਉਣ ਤੇ ਇੰਡਸਟਰੀ ਨੂੰ ਦੋਬਾਰਾ ਚਾਲੂ ਕਰਨ ਦਾ ਮੌਕਾ ਮਿਲ ਜਾਂਦਾ ਹੈ। ਇਹ ਸਕੀਮ ਸਾਡੇ ਸੂਬੇ ਲਈ, ਪੰਜਾਬ ਲਈ ਬਹੁਤ ਜ਼ਰੂਰੀ ਸੀ। ਇੰਡਸਟਰੀ ਦੇ ਚੱਲਣ ਨਾਲ ਸਾਡੇ ਬੇਰੋਜ਼ਗਾਰ ਬੱਚਿਆਂ ਨੂੰ ਰੋਜ਼ਗਾਰ ਵੀ ਮਿਲਦਾ ਹੈ। ਮੈਂ ਨਹੀਂ ਕਹਿੰਦਾ ਕਿ ਪਿਛਲੀ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਸਾਡੀ ਇੰਡਸਟਰੀ ਬੰਦ ਹੋਈ ਹੈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ 10-15 ਸਾਲਾਂ ਤੋਂ ਇਸ ਵੱਲ ਧਿਆਨ ਹੀ ਨਹੀਂ ਦਿੱਤਾ ਗਿਆ ਜਿਸ ਕਾਰਨ ਸਾਡੀ ਇੰਡਸਟਰੀ ਬੰਦ ਹੁੰਦੀ ਰਹੀ ਹੈ। ਮੈਂ ਮੁਬਾਰਕਬਾਦ ਦੇਣੀ

Original with;
Punjab Vidhan Sabha
Digitized by;

[ਸਰਦਾਰ ਰਣਦੀਪ ਸਿੰਘ]

ਚਾਹੁੰਦਾ ਹਾਂ ਵਿੱਤ ਮੰਤਰੀ ਅਤੇ ਮੁੱਖ ਮੰਤਰੀ ਸਾਹਿਬ ਨੂੰ ਜਿਨ੍ਹਾਂ ਨੇ ਸਾਡੀ ਇੰਡਸਟਰੀ ਦੀ ਰੀਵਾਈਵਲ ਲਈ ਕੋਸ਼ਿਸ਼ ਕੀਤੀ ਹੈ। ਇਥੇ ਪ੍ਰਾਇਅਰਟੀ ਦਿੱਤੀ ਜਾ ਰਹੀ ਮਲਟੀਪਲੈਕਸ ਕੰਪਲੈਕਸਿਜ਼ ਲਈ ਜਾਂ ਫਲੈਟਾਂ ਲਈ ਜਿਨ੍ਹਾਂ ਨੂੰ ਇਨੀਸ਼ੀਏਟਿਵ ਦਿੱਤਾ ਜਾਣਾ ਹੈ, ਐਗਜੰਪਸ਼ਨ ਦਿੱਤੀ ਜਾਣੀ ਹੈ। ਐਂਟਰਟੈਨਮੈਂਟ ਟੈਕਸਿਜ਼ ਵਿੱਚ ਵੀ ਰਿਆਇਤਾਂ ਦਿੱਤੀਆਂ ਗਈਆਂ ਹਨ, ਇਸ ਦੇ ਨਾਲ ਵੀ ਇੰਡਸਟਰੀ ਨੂੰ ਬੂਸਟ ਮਿਲੇਗਾ। ਇਸ ਦੇ ਲਈ ਵੀ ਮੈਂ ਵਿੱਤ ਮੰਤਰੀ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਮੇਂ ਦੇ ਮੁਤਾਬਿਕ ਅੱਜ ਆਈ.ਟੀ. ਇੰਡਸਟਰੀ ਬਾਰੇ ਸੋਚਣ ਦੀ ਲੋੜ ਹੈ। ਜੇ ਆਂਧਰਾ ਪ੍ਰਦੇਸ਼ ਕਰ ਸਕਦਾ ਹੈ ਤਾਂ ਅਸੀਂ ਪੰਜਾਬ ਦੇ ਲੋਕ ਕਿਉਂ ਨਹੀਂ ਰਲ ਮਿਲ ਕੇ ਇਸ ਨੂੰ ਬੂਸਟ ਦੇ ਸਕਦੇ। ਅਸੀਂ ਰੋਜ਼ ਟੀ.ਵੀ. ਦੇਖਦੇ ਹਾਂ, ਸੈਲੂਲਰ ਫੋਨ ਤੇ ਗੱਲਾਂ ਕਰਦੇ ਹਾਂ ਅਤੇ ਅੱਜ ਲੋੜ ਹੈ ਕਿ ਅਸੀਂ ਵਾਇਰਲੈਸ ਸਿਸਟਮ ਨੂੰ ਬੂਸਟ ਦੇਈਏ। ਇਸ ਸਾਰੇ ਵਾਸਤੇ ਸਾਨੂੰ ਆਈ.ਟੀ. ਇੰਡਸਟਰੀ ਵੀ ਵਿਕਸਤ ਕਰਨ ਦੀ ਲੋੜ ਹੈ। ਜੋ ਟੈਕਸਾਂ ਵਿੱਚ ਕਨਸੈਸ਼ਨਜ਼ ਆਈ.ਟੀ. ਪਾਰਕਾਂ ਅਤੇ ਐਗਰੋ ਪਾਰਕਾਂ ਲਈ ਰੱਖੀ ਗਈ ਹੈ, ਮੈਂ ਸਮਝਦਾ ਹਾਂ ਕਿ ਇਹ ਵੀ ਬਹੁਤ ਅੱਛੀ ਪ੍ਰੋਵੀਜ਼ਨ ਬਜਟ ਵਿੱਚ ਰੱਖੀ ਗਈ ਹੈ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਨੂੰ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਚੀਨ ਹੈ, ਉਨ੍ਹਾਂ ਨੇ ਸਾਰੀ ਦੁਨੀਆਂ ਵਿੱਚ ਉਦਾਹਰਣ ਪੇਸ਼ ਕੀਤੀ ਹੈ। ਚੀਨ ਵਾਲੇ 10-15 ਸਾਲ ਤੋਂ ਇਨਫਰਾਸਟਰੱਕਚਰ ਬਣਾਉਂਦੇ ਜਾ ਰਹੇ ਹਨ ਜਿਸ ਵਿੱਚ ਉਹ ਕਾਮਯਾਬੀ ਹਾਸਿਲ ਕਰ ਚੁੱਕੇ ਹਨ। ਅੱਜ ਚੀਨ ਇੰਪੋਰਟ ਅਤੇ ਐਕਸਪੋਰਟ ਵਿੱਚ ਸਭ ਤੋਂ ਅੱਗੇ ਹਨ। ਸਾਡੀ ਵੀ ਆਬਾਦੀ ਦੋ ਚਾਰ ਸਾਲ ਵਿੱਚ ਉਨ੍ਹਾਂ ਦੇ ਬਰਾਬਰ ਹੋਣ ਵਾਲੀ ਹੈ। ਲੇਕਿਨ ਉਨ੍ਹਾਂ ਨੇ ਆਪਦੇ ਫੋਰਨ ਨੈਸ਼ਨਲਜ਼ ਨੂੰ ਇਕ ਚਾਈਨੀਜ਼ ਉਰੀਜਨ ਦਾ ਸਟੇਟਸ ਦਿੱਤਾ ਸੀ ਜਿਵੇਂ ਸਾਡੇ ਐਨ.ਆਰ. ਆਈਜ਼ ਹਨ। ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਪੰਜਾਬ ਦੇ ਐਨ.ਆਰ.ਆਈਜ਼ ਹਨ, ਉਨ੍ਹਾਂ ਨੂੰ ਉਸ ਤਰ੍ਹਾਂ ਦਾ ਦਰਜਾ ਦਿੱਤਾ ਜਾਵੇ, ਜਿਸ ਤਰ੍ਹਾਂ ਦਾ ਡਿਪਲੋਮੈਟਿਕ ਸਟੇਟਸ ਸਾਡੇ ਫਾਰਨ ਸਰਵਿਸਿਜ਼ ਵਾਲਿਆ ਨੂੰ ਦਿੱਤਾ ਜਾਂਦਾ ਹੈ। ਸਰਕਾਰ ਸਾਡੇ ਐਨ.ਆਰ.ਆਈਜ਼ ਨੂੰ ਉਹ ਦਰਜਾ ਜ਼ਰੂਰ ਦੇਵੇ।

*2.00 ਵਜੇ ਬਾਅਦ ਦੁਪਹਿਰ

(ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਇਹ ਦਰਜਾ ਐਨ.ਆਰ.ਆਈਜ਼ ਨੂੰ ਜ਼ਰੂਰ ਦੇਣਾ ਚਾਹੀਦਾ ਹੈ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਉਹ ਇਸ ਦੀ ਵਰਤੋਂ ਕਰ ਸਕਣ। ਸਪੀਕਰ ਸਾਹਿਬ, ਸਰਕਾਰ ਨੂੰ ਚਾਹੀਦਾ ਹੈ ਉਹ ਐਨ.ਆਰ.ਆਈਜ਼ ਨੂੰ ਵਿਸ਼ਵਾਸ ਦਿਵਾਵੇ ਤਾਂ ਕਿ ਉਹ ਪੰਜਾਬ ਵਿੱਚ ਪੈਸਾ ਲਗਾਉਣ। ਇਸ ਦੀ ਪੰਜਾਬ ਦੇ ਲੋਕਾਂ ਨੂੰ ਬਹੁਤ ਜ਼ਰੂਰਤ ਹੈ। ਪੰਜਾਬ ਵਿੱਚ ਇਨਵੈਸਟਮੈਂਟ ਦੀ ਲੋੜ ਹੈ। ਜੇ ਉਨ੍ਹਾਂ ਨੂੰ ਡਿਪਲੋਮੈਟਿਕ ਸਟੇਟਸ ਦੇਣਾ ਚਾਹੁੰਦੇ ਹਾਂ ਤਾਂ ਮੈਂ, ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਸਿੰਗਲ ਵਿੰਡੋ ਸਿਸਟਮ ਖੋਲ੍ਹਣ। ਉਨ੍ਹਾਂ ਦੀਆਂ ਦੁੱਖ ਤਕਲੀਫਾਂ ਸਮਝਦੇ ਹੋਏ ਇੰਸਪੈਕਟਰੀ ਰਾਜ ਖਤਮ ਕਰਕੇ ਸਿੰਗਲ ਵਿੰਡੋ ਸਿਸਟਮ ਖੋਲ੍ਹਣਾ ਚਾਹੀਦਾ ਹੈ। ਇਸ ਨਾਲ ਉਨ੍ਹਾਂ ਨੂੰ ਇਨਕਰਜਮੈਂਟ ਮਿਲੇਗੀ। ਉਨ੍ਹਾਂ ਵਾਸਤੇ ਇੱਥੇ ਇਨਫਰਾਸਟਰਕਚਰ ਬਣਾਇਆ ਜਾਵੇ। ਉਨ੍ਹਾਂ ਵਾਸਤੇ ਰੈਜ਼ੀਡੈਂਸ਼ੀਅਲ ਕੰਪਲੈਕਸ ਉਸਾਰੇ ਜਾਣ ਔਰ ਉਥੇ ਹਰ ਤਰ੍ਹਾਂ ਦੀਆਂ ਹਾਊਸਿੰਗ ਫੈਸਿਲਟੀਜ਼ ਦਿੱਤੀਆਂ ਜਾਣ, ਪਾਰਕ ਬਣਾਏ ਜਾਣ ਔਰ ਸਿਕਿਉਰਟੀ ਦਿੱਤੀ ਜਾਵੇ। ਹਰ ਇਨਸਾਨ ਚਾਹੁੰਦਾ ਹੈ ਕਿ ਪੰਜਾਬ ਵਿੱਚ ਮੇਰੀ ਕੋਈ ਨਾ ਕੋਈ ਯਾਦਗਾਰ ਹੋਵੇ ਪਰ ਉਹ ਇਸ ਸਮੇਂ ਆਪਣੇ ਆਪ ਨੂੰ ਇਨਸਿਕਿਓਰ ਫੀਲ ਕਰਦੇ ਹਨ। ਇਸ ਲਈ

Original with;
Punjab Vidhan Sabha
Digitized by;
Panjab Digital Library

ਰਾਜਨੀਤਿਕ ਪੱਖੋਂ ਔਰ ਐਡਮਨਿਸਟਰੇਸ਼ਨ ਪੱਖੋਂ ਉਨ੍ਹਾਂ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਜਾਵੇ। ਉਨ੍ਹਾਂ ਵਾਸਤੇ ਰੈਜ਼ੀਡੈਂਸ਼ੀਅਲ ਕਾਲੋਨੀਆਂ ਬਣਾਈਆਂ ਜਾਣ। ਉਥੇ ਹਰ ਤਰ੍ਹਾਂ ਦੀਆਂ ਫੈਸਿਲਟੀਜ਼ ਹੋਣ, ਪਾਰਕ ਹੋਣ, ਕਲੱਬ ਹੋਣ। ਜਿਸ ਤਰ੍ਹਾਂ ਚੀਨ ਨੇ ਉਦਾਹਰਣ ਪੇਸ਼ ਕੀਤੀ ਹੈ, ਵਿੱਤ ਮੰਤਰੀ ਜੀ, ਉਸੀ ਤਰ੍ਹਾਂ ਪੰਜਾਬ ਵਿੱਚ ਵੀ ਕਰਨਾ ਚਾਹੀਦਾ ਹੈ।

**Mr. Speaker :** Please address the Chair.

**ਸਰਦਾਰ ਰਣਦੀਪ ਸਿੰਘ :** ਮੈਂ ਮਾਫੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਇੱਕ ਸਾਲ ਵਿੱਚ ਚੀਨ ਨੇ 80 ਬਿਲੀਅਨ ਡਾਲਰ ਇਨਵੈਸਟਮੈਂਟ ਕੀਤੀ ਜਿਸ ਵਿੱਚੋਂ 60 ਮਿਲੀਅਨ ਡਾਲਰ ਦੀ ਇਨਵੈਸਟਮੈਂਟ ਬਾਹਰੋਂ ਹੋਈ। ਚੀਨ ਨੇ ਆਪਣੇ ਬਾਹਰਲੇ ਲੋਕਾਂ ਨੂੰ ਡਿਪਲੋਮੈਟਿਕ ਸਟੇਟਸ ਦਿੱਤਾ ਹੈ ਚਾਹੇ ਤੁਸੀਂ ਚੀਨ ਉਰਿਜ਼ਨ ਵਾਲੇ ਹੋ ਜਾਂ ਚੀਨ ਨਾਲ ਇੰਟਰ ਰਿਲੇਟਿਡ ਹੋ। ਇਸੇ ਤਰ੍ਹਾਂ ਅਸੀਂ ਵੀ ਆਪਣੇ ਐਨ.ਆਰ.ਆਈਜ਼ ਨੂੰ ਇਸ ਤਰ੍ਹਾਂ ਦਾ ਸਟੇਟਸ ਦੇਈਏ ਤਾਂ ਕਿ ਉਹ ਆਪਣੇ ਆਪ ਨੂੰ ਸਕਿਓਰ ਮਹਿਸੂਸ ਕਰਨ ਅਤੇ ਪੰਜਾਬ ਵਿੱਚ ਇਨਵੈਸਟਮੈਂਟ ਕਰਨ। ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਬਜਟ ਵਿੱਚ ਇਸ ਵਾਸਤੇ ਪ੍ਰੋਵੀਜ਼ਨ ਕੀਤੀ ਜਾਵੇ ਤਾਂ ਕਿ ਪੰਜਾਬ ਦੀ ਗਰੋਥ ਹੋ ਸਕੇ ਅਤੇ ਪੰਜਾਬ ਦੀ ਗਰੋਥ ਜੈਨਰੇਟ ਹੋ ਸਕੇ ਪਰ ਇਹ ਤਾਂ ਹੀ ਹੋਵੇਗਾ ਜੇ ਅਸੀਂ ਉਨ੍ਹਾਂ ਨੂੰ ਇਨਫਰਾਸਟਰਕਚਰ ਦੇਵਾਂਗੇ ਔਰ ਉਹ ਆਪਣੇ ਆਪ ਨੂੰ ਇੱਥੇ ਸਕਿਓਰ ਮਹਿਸੂਸ ਕਰ ਸਕਣ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ ਜਿਹੜੀਆਂ ਸਕੀਮਾਂ ਲਾਗੂ ਕੀਤੀਆਂ ਹੋਈਆਂ ਹਨ, ਉਨ੍ਹਾਂ ਵਿੱਚੋਂ 25 ਕਰੋੜ ਤੋਂ 100 ਕਰੋੜ ਰੁਪਏ ਤੱਕ ਐਕਸਪੋਰਟ ਓਰੀਐਂਟਿਡ ਯੂਨਿਟਾਂ ਵਾਸਤੇ ਸਪੈਸ਼ਲ ਇੰਨਸੈਂਟਿਵ ਦਿੱਤੇ ਜਾਣਗੇ। ਭਾਵੇਂ ਟੈਕਸਾਂ ਦੇ ਰੂਪ ਵਿੱਚ ਹੋਣ ਜਾਂ ਹੋਰ ਕਿਸੇ ਤਰ੍ਹਾਂ । ਮੈਂ ਸਮਝਦਾ ਹਾਂ ਕਿ ਇਸ ਦੀ ਵੀ ਸਖ਼ਤ ਲੋੜ ਹੈ ਤਾਂ ਕਿ ਇੰਡਸਟਰੀ ਨੂੰ ਬੂਸਟ ਮਿਲ ਸਕੇ। ਜਿਵੇਂ ਸਾਡੇ ਮੁੱਖ ਮੰਤਰੀ ਸਾਹਿਬ ਨੇ ਕੁਰੱਪਸ਼ਨ ਨੂੰ ਨੱਥ ਪਾਈ ਹੈ, ਉਸੀ ਪ੍ਰਕਾਰ ਬਿਜਲੀ ਬੋਰਡ ਵਾਸਤੇ ਬੋਲਡ ਡਿਸੀਜ਼ਨ ਲਿਆ ਹੈ। ਅਗਰ ਇਹ ਡਿਸੀਜ਼ਨ ਨਾ ਲਿਆ ਜਾਂਦਾ ਤਾਂ ਪੰਜਾਬ ਸਟੇਟ ਇਲੈਕਟ੍ਰੀਸਿਟੀ ਬੋਰਡ ਬੰਦ ਹੋਣ ਤੇ ਆ ਜਾਣਾ ਸੀ। ਜੇ ਇਹ ਬੋਰਡ ਬੰਦ ਹੋ ਜਾਂਦਾ ਤਾਂ ਪੰਜਾਬ ਦੇ ਸੂਬੇ ਦਾ ਉਜਾੜਾ ਹੋ ਜਾਣਾ ਸੀ। ਇਸ ਨਾਲ ਪੰਜਾਬ ਵਿੱਚ ਬਿਜਲੀ ਨਹੀਂ ਮਿਲਣੀ ਸੀ ਅਤੇ ਪੰਜਾਬ ਦਾ ਨੁਕਸਾਨ ਹੋਣਾ ਸੀ। ਇਹ ਬੋਲਡ ਡਿਸੀਜ਼ਨ ਲਿਆ ਗਿਆ ਹੈ। ਇਸ ਵਾਸਤੇ ਮੈਂ, ਮੁੱਖ ਮੰਤਰੀ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ। ਮੁੱਖ ਮੰਤਰੀ ਜੀ ਨੇ ਇਸ ਸਾਲ ਅਨ-ਇੰਟਰੱਪਟਡ ਬਿਜਲੀ ਸਪਲਾਈ ਦਾ ਵਾਅਦਾ ਕੀਤਾ ਹੈ। ਇਹ 18 ਤੋਂ 20 ਘੰਟੇ ਆਉਣ ਵਾਲੇ ਪੰਜ ਸਾਲਾਂ ਵਿੱਚ ਦਿੱਤੀ ਜਾਵੇਗੀ। ਇਹ ਵੀ ਬਹੁਤ ਵੱਡੀ ਸਹੂਲਤ ਹੈ ਔਰ ਇਹ ਪੰਜਾਬ ਨੂੰ ਮਿਲਣੀ ਚਾਹੀਦੀ ਹੈ। ਇਹ ਬਹੁਤ ਵੱਡੀ ਯਾਦਗਾਰ ਹੋਵੇਗੀ। ਇਸ ਦੀ ਸਮੇਂ ਮੁਤਾਬਕ ਸਖ਼ਤ ਲੋੜ ਸੀ ਤੇ ਬਿਜਲੀ ਲਗਾਤਾਰ ਪੰਜਾਬ ਨੂੰ ਮਿਲਦੀ ਰਹੇਗੀ।

ਇਸੇ ਤਰ੍ਹਾਂ ਇੱਥੇ ਪੈਨਸ਼ਨਾਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਬਜਟ ਵਿੱਚ 116.25 ਕਰੋੜ ਰੁਪਏ ਦੀ ਪ੍ਰੋਵੀਜ਼ਨ ਰੱਖੀ ਗਈ ਹੈ ਔਰ ਜਿਹੜਾ ਇਹ ਪੈਸਾ ਪੈਨਸ਼ਨ ਸਕੀਮਾਂ ਲਈ ਰੱਖਿਆ ਗਿਆ ਹੈ, ਇਸ ਵਿੱਚੋਂ 79.50 ਕਰੋੜ ਰੁਪਿਆ ਰਿਲੀਜ਼ ਹੋ ਗਿਆ

Original with;
Punjab Vidhan Sabha
Digitized by:

[ਸਰਦਾਰ ਰਣਦੀਪ ਸਿੰਘ]

ਤੇ ਬਾਕੀ 38.25 ਕਰੋੜ ਰੁਪਿਆ ਜੋ ਦਸੰਬਰ, 2002 ਦਾ ਰਹਿ ਗਿਆ ਸੀ, ਇਸ ਵਾਰੀ ਰਿਲੀਜ਼ ਕੀਤਾ ਜਾਵੇਗਾ। ਇਹ ਬਹੁਤ ਵੱਡੀ ਗੱਲ ਹੈ। ਸਾਡੇ ਵਿੱਤ ਮੰਤਰੀ ਸਾਹਿਬ ਨੇ ਬਜਟ ਵਿੱਚ ਇਸ ਚੀਜ਼ ਦਾ ਜ਼ਿਕਰ ਕੀਤਾ ਹੈ ਔਰ ਇਸ ਵਾਸਤੇ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ। 2003 ਤੋਂ ਲੈ ਕੇ 2004 ਤੱਕ ਅਸੀਂ 195 ਕਰੋੜ ਰੁਪਿਆ ਪੈਨਸ਼ਨਾਂ ਦੇ ਰੂਪ ਵਿੱਚ ਦੇਣਾ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਦੀ ਸਾਡੇ ਬਜ਼ੁਰਗਾਂ ਨੂੰ, ਸਾਡੀਆਂ ਵਿਧਵਾਵਾਂ ਨੂੰ, ਸਾਡੀਆਂ ਮਾਤਾਵਾਂ ਨੂੰ ਲੋੜ ਹੈ। ਇਹ ਬਹੁਤ ਅੱਛੀ ਗੱਲ ਹੈ। ਇਸ ਪ੍ਰਕਾਰ ਕੋਈ ਕ੍ਰਿਟੀਸਿਜ਼ਮ ਨਾ ਕਰੀਏ, ਜਿਹੜੀਆਂ 1.14 ਲੱਖ ਬੋਗਸ ਪੈਨਸ਼ਨਾਂ ਪਿਛਲੀ ਸਰਕਾਰ ਵੇਲੇ ਲਗਾਈਆਂ ਗਈਆਂ ਸਨ, ਇਹ ਲਗਾਉਣ ਲਈ ਇੱਕਲੀ ਰਾਜਨੀਤੀ ਸੋਚ ਅਾਪਣਾਈ ਗਈ ਸੀ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀ ਰਾਜਨੀਤੀ ਨੂੰ ਆਪਾਂ ਸਾਰਿਆਂ ਨੂੰ ਰਲ ਮਿਲ ਕੇ ਦੂਰ ਕਰਨਾ ਚਾਹੀਦਾ ਹੈ। ਪੰਜਾਬ ਦੇ ਲੋਕਾਂ ਨੇ ਆਪਣੇ-ਆਪਣੇ ਹਲਕਿਆਂ ਤੋਂ ਸਾਨੂੰ ਇਥੇ ਚੁਣ ਕੇ ਭੇਜਿਆ ਹੈ, ਉਹ ਇਹੀ ਆਸ ਕਰਦੇ ਹਨ ਕਿ ਆਪਾਂ ਸਾਰੇ ਰਲ ਮਿਲ ਕੇ ਪੰਜਾਬ ਦੇ ਭਵਿੱਖ ਲਈ ਸੋਚਾਂਗੇ, ਬਜਾਏ ਇਸ ਦੇ ਕਿ ਅਸੀਂ ਕ੍ਰਿਟੀਸਿਜ਼ਮ ਕਰਦੇ ਰਹੀਏ। ਸਾਡੇ ਦਲਿਤ ਵਰਗ ਦੇ ਲੋਕਾਂ ਲਈ, ਪਛੜੀਆਂ ਹੋਈਆਂ ਜਾਤਾਂ ਲਈ, ਗਰੀਬ ਲੋਕਾਂ ਲਈ ਬਜਟ ਵਿੱਚ ਪ੍ਰੋਵੀਜ਼ਨ ਰੱਖੀ ਗਈ ਹੈ। 2001-02 ਵਿੱਚ 25.45 ਕਰੋੜ ਰੁਪਿਆ ਸੈਂਕਸ਼ਨ ਕੀਤਾ ਗਿਆ ਸੀ। ਮੈਂ ਸਮਝਦਾ ਹਾਂ ਕਿ ਇਹ ਇਨ੍ਹਾਂ ਦੀ ਸਰਕਾਰ ਵੇਲੇ ਕੀਤਾ ਗਿਆ ਹੈ। ਇਹ ਬਹੁਤ ਘੱਟ ਸੀ। ਅੱਜ ਜਿਹੜੀ ਸਾਡੀ ਸਰਕਾਰ ਨੇ ਪ੍ਰੋਵੀਜ਼ਨ ਰੱਖੀ ਹੈ, ਇਹ ਮੈਂ ਸਮਝਦਾ ਹਾਂ ਕਿ ਬਹੁਤ ਵਧੀਆ ਹੋਇਆ ਹੈ। ਪਿਛਲੇ ਇੱਕ ਸਾਲ ਵਿੱਚ 64 ਕਰੋੜ ਰੁਪਿਆ ਰਿਲੀਜ਼ ਕੀਤਾ ਗਿਆ ਸੀ, ਜਿਹੜਾ ਵੱਖਰੀਆਂ-ਵੱਖਰੀਆਂ ਸਕੀਮਾਂ ਲਈ ਸੀ। ਚਾਹੇ ਕਿਤਾਬਾਂ ਵੰਡਣ ਲਈ ਸੀ, ਚਾਹੇ ਗਰੀਬਾਂ ਨੂੰ ਸਕਾਲਰਸ਼ਿਪ ਦੇਣ ਲਈ ਸੀ, ਪਲਾਟ ਖਰੀਦਣ ਲਈ ਸੀ ਜਾਂ ਘਰ ਬਣਾਉਣ ਲਈ ਸੀ। ਇਨ੍ਹਾਂ ਸਾਰੀਆਂ ਸਕੀਮਾਂ ਲਈ 64 ਕਰੋੜ ਰੁਪਿਆ ਰਿਲੀਜ਼ ਕੀਤਾ ਗਿਆ ਸੀ। ਆਉਣ ਵਾਲੇ ਸਾਲ 2003-04 ਵਿੱਚ 90 ਕਰੋੜ ਰੁਪਏ ਦੀ ਪ੍ਰੋਵੀਜ਼ਨ ਰੱਖੀ ਗਈ ਹੈ। ਵੈਸੇ ਵੀ ਕਾਂਗਰਸ ਪਾਰਟੀ ਨੇ ਸ਼ੁਰੂ ਤੋਂ ਲੈ ਕੇ ਅੱਜ ਤੱਕ ਦਲਿਤ ਵਰਗ ਦੇ ਲੋਕਾਂ ਲਈ, ਪਛੜੀ ਹੋਈ ਜਾਤੀ ਦੇ ਲੋਕਾਂ ਲਈ, ਇਨ੍ਹਾਂ ਦੀ ਹਮਾਇਤ ਲਈ ਲਗਾਤਾਰ ਕੰਮ ਕੀਤਾ ਹੈ। ਇਹ ਪੁਰਾਣਾ ਇਤਿਹਾਸ ਕਹਿੰਦਾ ਹੈ ਅਤੇ ਸ਼ੁਰੂ ਤੋਂ ਲੈ ਕੇ ਅੱਜ ਤੱਕ ਇਹ ਕਾਂਗਰਸ ਪਾਰਟੀ ਦੇ ਹੀ ਮੰਨੇ ਜਾਂਦੇ ਹਨ। ਇਸ ਦੀ ਮੁਬਾਰਕਬਾਦ ਮੈਂ ਵਿੱਤ ਮੰਤਰੀ ਜੀ ਨੂੰ ਦੇਣੀ ਚਾਹੁੰਦਾ ਹਾਂ ।(ਘੰਟੀ)

ਮੈਂ, ਸਪੀਕਰ ਸਾਹਿਬ, ਦੋ ਮਿੰਟ ਹੋਰ ਲਵਾਂਗਾ। ਬਜਟ ਵਿੱਚ ਖਾਸ ਕਰਕੇ ਐਕਸ-ਸਰਵਿਸਮੈਨ ਅਤੇ ਸਪੋਰਟਸਮੈਨ ਦਾ ਜ਼ਿਕਰ ਕੀਤਾ ਗਿਆ ਹੈ। ਇਹ ਬਹੁਤ ਅੱਛੀ ਗੱਲ ਹੈ ਕਿ ਇਨ੍ਹਾਂ ਲਈ ਪ੍ਰੋਵੀਜ਼ਨ ਰੱਖੀ ਗਈ ਹੈ। ਇਸ ਬਜਟ ਵਿੱਚ ਲਗਭਗ 7000 ਸਪੋਰਟਸ ਪਰਸਨਜ਼ ਨੂੰ ਟਰੇਨਿੰਗ ਦਿੱਤੀ ਜਾਵੇਗੀ, ਉਨ੍ਹਾਂ ਨੂੰ ਇਨਰੋਲ ਕੀਤਾ ਜਾਵੇਗਾ। ਉਨ੍ਹਾਂ ਲਈ ਲਗਭਗ ਚਾਰ ਕਰੋੜ ਰੁਪਏ ਦੀ ਪ੍ਰੋਵੀਜ਼ਨ ਰੱਖੀ ਗਈ ਹੈ। ਇਨ੍ਹਾਂ ਲੋਕਾਂ ਦਾ ਦੇਣਾ ਸਾਡੇ ਪੰਜਾਬ ਦੇ ਲੋਕ ਨਹੀਂ ਦੇ ਸਕਦੇ ਲੇਕਿਨ ਇਨ੍ਹਾਂ ਨੂੰ ਮਾਨਤਾ ਦੇਣ ਲਈ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ। ਸਾਡੇ ਮੁੱਖ ਮੰਤਰੀ ਸਾਹਿਬ ਨੇ ਫੈਸਲਾ ਕੀਤਾ ਹੈ ਕਿ ਜਿਨ੍ਹਾਂ ਨੇ ਏਸ਼ੀਅਨ ਗੇਮਾਂ ਵਿੱਚ ਕੋਈ ਪ੍ਰਾਪਤੀ ਕੀਤੀ ਹੈ, ਗੋਲਡ ਮੈਲਡ ਲਿਆ ਹੈ, ਉਨ੍ਹਾਂ ਨੂੰ ਤਿੰਨ ਲੱਖ ਰੁਪਿਆ ਦਿੱਤਾ ਜਾਵੇਗਾ। ਜਿਨ੍ਹਾਂ ਨੇ ਸਿਲਵਰ ਮੈਡਲ ਲਿਆ ਹੈ, ਉਨ੍ਹਾਂ ਨੂੰ ਦੋ ਲੱਖ

Original with;
Punjab Vidhan Sabha
Digitized by;
Panjab Digital Library

ਰੁਪਿਆ ਅਤੇ ਜਿਨ੍ਹਾਂ ਨੇ ਬਰੌਨਜ਼ ਮੈਡਲ ਲਿਆ ਹੈ, ਉਨ੍ਹਾਂ ਨੂੰ ਇਕ ਲੱਖ ਰੁਪਿਆ ਦਿੱਤਾ ਜਾਵੇਗਾ। ਮੈਂ ਸਮਝਦਾ ਹਾਂ ਕਿ ਇਸ ਨਾਲ ਆਉਣ ਵਾਲੇ ਸਮੇਂ ਵਿੱਚ ਸਾਡੇ ਸਪੋਰਟਸ ਦੇ ਨੌਜਵਾਨਾਂ ਨੂੰ ਇਨਕਰੇਜਮੈਂਟ ਮਿਲਦੀ ਹੈ। ਇਸੇ ਤਰ੍ਹਾਂ ਸਾਡੇ ਜਿਹੜੇ ਐਕਸ-ਸਰਵਿਸਮੈਨ ਹਨ, ਜਿਨ੍ਹਾਂ ਨੇ ਸਾਡੇ ਦੇਸ਼ ਲਈ ਬਲੀਦਾਨ ਦਿੱਤਾ ਹੈ, ਉਨ੍ਹਾਂ ਲਈ ਵੀ ਇਸ ਬਜਟ ਵਿਚ ਬਹੁਤ ਖਿਆਲ ਰੱਖਿਆ ਗਿਆ ਹੈ। ਵੈਸੇ ਹੀ ਪੰਜਾਬ ਸੂਬੇ ਦੇ ਲੋਕਾਂ ਦਾ ਹਰੇਕ ਲੜਾਈ ਵਿੱਚ ਯੋਗਦਾਨ ਰਿਹਾ ਹੈ, ਆਪਣੀਆਂ ਜਾਨਾਂ ਤੱਕ ਕੁਰਬਾਨ ਕੀਤੀਆਂ ਹਨ। ਚਾਹੇ ਉਹ ਦੇਸ਼ ਲਈ ਹੋਣ ਜਾਂ ਸੂਬੇ ਲਈ। ਉਨ੍ਹਾਂ ਲਈ ਵੀ ਤਜਵੀਜ਼ਾਂ ਰੱਖੀਆਂ ਗਈਆਂ ਹਨ, ਜਿਸ ਵਿੱਚ ਪਰਮਵੀਰ ਚੱਕਰ/ਅਸ਼ੋਕ ਚੱਕਰ ਵਾਲਿਆਂ ਨੂੰ 25 ਲੱਖ ਰੁਪਿਆ ਦਿੱਤਾ ਜਾਵੇਗਾ। ਮਹਾਂਵੀਰ ਚੱਕਰ/ਕੀਰਤੀ ਚੱਕਰ ਵਾਲਿਆਂ ਨੂੰ 15 ਲੱਖ ਰੁਪਿਆ ਦਿੱਤਾ ਜਾਵੇਗਾ। ਵੀਰ ਚੱਕਰ/ਸ਼ੌਰਿਆ ਚੱਕਰ ਵਾਲਿਆਂ ਨੂੰ 10 ਲੱਖ ਰੁਪਿਆ ਦਿੱਤਾ ਜਾਵੇਗਾ। ਐਸ.ਐਮ./ਵੀ.ਐਸ.ਐਮ./ਵਾਈ.ਐਸ.ਐਮ. (ਬਹਾਦਰੀ ਲਈ) ਵਾਲਿਆਂ ਨੂੰ 5 ਲੱਖ ਰੁਪਏ ਦੇਣ ਦੀ ਤਜਵੀਜ਼ ਰੱਖੀ ਗਈ ਹੈ। ਮੈਂ ਸਮਝਦਾ ਹਾਂ ਕਿ ਇਹ ਬਹੁਤ ਅੱਛੀ ਗੱਲ ਹੈ ਕਿਉਂਕਿ ਜਿਨ੍ਹਾਂ ਲੋਕਾਂ ਨੇ ਸਾਡੇ ਦੇਸ਼ ਲਈ ਬਲੀਦਾਨ ਦਿੱਤਾ ਹੈ, ਜਿਨ੍ਹਾਂ ਦੀ ਬਦੌਲਤ ਅਸੀਂ ਇਸ ਸਥਾਨ ਤੇ ਪਹੁੰਚੇ ਹਾਂ, ਉਨ੍ਹਾਂ ਨੂੰ ਇਹ ਮਾਨਤਾ ਦਿੱਤੀ ਗਈ ਹੈ। ਉਨ੍ਹਾਂ ਦੀ ਦੇਣ ਨੂੰ ਅਸੀਂ ਕਦੇ ਵੀ ਵਾਪਸ ਨਹੀਂ ਕਰ ਸਕਦੇ । (ਘੰਟੀ) ਮੈਂ, ਸਪੀਕਰ ਸਾਹਿਬ, ਦੋ ਮਿੰਟ ਵਿੱਚ ਆਪਣੀ ਸਪੀਚ ਖ਼ਤਮ ਕਰ ਦੇਵਾਂਗਾ।

**ਮਾਨਯੋਗ ਸਪੀਕਰ** : ਦੋ ਮਿੰਟ ਤਾਂ ਹੋ ਗਏ ਹਨ।

**ਸਰਦਾਰ ਰਣਦੀਪ ਸਿੰਘ** : ਮੈਂ ਇੱਕ ਮਿੰਟ ਵਿੱਚ ਖ਼ਤਮ ਕਰਨ ਵਾਲਾ ਹਾਂ। ਮੈਂ ਇੱਕ ਬੇਨਤੀ ਤੁਹਾਡੇ ਰਾਹੀਂ ਜ਼ਰੂਰ ਕਰਨੀ ਚਾਹਾਂਗਾ ਕਿ ਇਥੇ ਪੁਲਿਸ ਦਾ ਖਾਸ ਕਰਕੇ ਜ਼ਿਕਰ ਕੀਤਾ ਗਿਆ ਹੈ। ਉਨ੍ਹਾਂ ਦੀ ਬਹੁਤ ਵੱਡੀ ਦੇਣ ਰਹੀ ਹੈ, ਖਾਸ ਕਰਕੇ ਜਦੋਂ ਅੱਤਵਾਦ ਦੇ ਖਿਲਾਫ਼ ਲੜਾਈ ਲੜੀ ਗਈ ਸੀ, ਉਦੋਂ ਸਾਡੇ ਪੁਲਿਸ ਦੇ ਜਵਾਨਾਂ ਨੇ ਆਪਣੀਆਂ ਜਾਨਾਂ ਤੱਕ ਦੀ ਕੁਰਬਾਨੀ ਦੇ ਦਿੱਤੀ ਸੀ, ਜਿਸਦੇ ਕਰਕੇ ਅੱਜ ਸਾਡੇ ਸੂਬੇ ਵਿੱਚ ਅਮਨ ਅਤੇ ਸ਼ਾਂਤੀ ਹੈ। ਉਨ੍ਹਾਂ ਲਈ ਵੀ ਪ੍ਰੋਵੀਜ਼ਨ ਜ਼ਰੂਰ ਰੱਖੀ ਜਾਵੇ ਤਾਂ ਕਿ ਉਨ੍ਹਾਂ ਨੂੰ ਮਾਨਤਾ ਦਿੱਤੀ ਜਾਵੇ। ਵੈਸੇ ਮੈਂ ਇਹ ਕਹਾਂਗਾ ਕਿ ਇਨ੍ਹਾਂ ਨੇ ਸਾਡੇ ਦੇਸ਼ ਔਰ ਸੂਬੇ ਦੇ ਲਈ ਬਲੀਦਾਨ ਦਿੱਤਾ ਹੈ, ਆਪਣਾ ਖ਼ੂਨ ਵਹਾਇਆ ਹੈ ਜਿਸ ਕਰਕੇ ਉਨ੍ਹਾਂ ਦੀ ਅਸੀਂ ਦੇਣ ਨਹੀਂ ਦੇ ਸਕਦੇ ਔਰ ਉਨ੍ਹਾਂ ਕਰਕੇ ਹੀ ਅੱਜ ਅਸੀਂ ਇਸ ਸਦਨ ਦੇ ਵਿੱਚ ਬੈਠੇ ਹਾਂ............

**Mr. Speaker :** Now resume your seat, please.

**ਸਰਦਾਰ ਰਣਦੀਪ ਸਿੰਘ** : ਬੱਸ ਜੀ। ਥੋੜ੍ਹਾ ਹੀ ਸਮਾਂ ਲਵਾਂਗਾ। ਅਖੀਰ ਦੇ ਵਿੱਚ ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਆਪਣੇ ਬਜ਼ੁਰਗਾਂ ਨੂੰ, ਆਪਣੇ ਅਜੀਜ਼ਾਂ ਨੂੰ ਜਿਹੜੇ ਅੱਜ ਸਾਡੇ ਸਾਹਮਣੇ ਆਪੋਜ਼ੀਸ਼ਨ ਦੇ ਬੈਂਚਾਂ ਦੇ ਉਤੇ ਬੈਠੇ ਹਨ, ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਆਪਾਂ ਕ੍ਰਿਟੀਸਿਜ਼ਮ ਦੀ ਪਾਲਿਸੀ ਨੂੰ ਅਡਾਪਟ ਨਾ ਕਰੀਏ। ਅੱਜ ਸਾਡੇ ਪੰਜਾਬ ਨੂੰ, ਸੂਬੇ ਨੂੰ ਇਸ ਗੱਲ ਦੀ ਲੋੜ ਹੈ ਤੇ ਆਪਾਂ ਸਾਰਿਆਂ ਨੂੰ ਰਲ ਮਿਲ ਕੇ ਇਸ ਤਰ੍ਹਾਂ ਦੇ ਕੰਮ ਕਰਨੇ ਚਾਹੀਦੇ ਹਨ ਜਿਸ ਦੇ ਨਾਲ ਪੰਜਾਬ ਹੋਰ ਤਰੱਕੀ ਦੇ ਵੱਲ ਜਾ ਸਕੇ। ਆਪਣੀਆਂ ਪੰਜੇ ਉਂਗਲਾਂ ਬਰਾਬਰ ਤਾਂ ਹੁੰਦੀਆਂ ਨਹੀਂ ਹਨ। ਅਸੀਂ ਸਾਰੇ ਪ੍ਰਮਾਤਮਾ ਦੇ ਬਣਾਏ ਹੋਏ ਮਨੁੱਖ

Original with;
Punjab Vidhan Sabha
Digitized by:

**[ਸਰਦਾਰ ਰਣਦੀਪ ਸਿੰਘ]**

ਹਾਂ। ਗਲਤੀਆਂ ਸਾਰਿਆਂ ਦੇ ਕੋਲੋਂ ਹੋ ਸਕਦੀਆਂ ਹਨ ਔਰ ਚਾਹੇ ਗਲਤੀ ਸਾਡੇ ਕੋਲੋਂ ਹੋ ਗਈ ਹੋਵੇ ਜਾਂ ਫਿਰ ਤੁਹਾਡੇ ਕੋਲੋਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਹੋ ਗਈ ਹੋਵੇ। ਮੈਂ ਸਮਝਦਾ ਹਾਂ ਕਿ ਇਹ ਕੋਈ ਸ਼ਰਮਿੰਦਗੀ ਦੀ ਗੱਲ ਨਹੀਂ ਹੈ। ਜੇਕਰ ਗਲਤੀਆਂ ਹੋਈਆਂ ਹਨ ਤਾਂ ਉਨ੍ਹਾਂ ਨੂੰ ਮਹਿਸੂਸ ਕਰਕੇ, ਰਲ ਮਿਲ ਕੇ ਪੰਜਾਬ ਸੂਬੇ ਨੂੰ ਤਰੱਕੀ ਦੇ ਵੱਲ ਲਿਜਾਈਏ, ਬਜਾਏ ਇਸ ਗੱਲ ਦੇ ਕਿ ਅਸੀਂ ਆਪੋਜ਼ੀਸ਼ਨ ਦਾ ਰੋਲ ਹੀ ਨਿਭਾਉਣਾ ਹੈ, ਕ੍ਰਿਟੀਸਿਜ਼ਮ ਹੀ ਕਰਨਾ ਹੈ। ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਪੰਜਾਬ ਨੂੰ ਨੁਕਸਾਨ ਪਹੁੰਚਦਾ ਹੈ, ਪੰਜਾਬ ਦੇ ਲੋਕਾਂ ਨੂੰ ਨੁਕਸਾਨ ਪਹੁੰਚਦਾ ਹੈ। ਅੱਜ ਅਸੀਂ ਲੋਕਾਂ ਦੇ ਰਾਹੀਂ ਚੁਣ ਕੇ ਆਏ ਹਾਂ, ਤਾਂ ਹੀ ਅਸੀਂ ਉਨ੍ਹਾਂ ਦੀ ਨੁਮਾਇੰਦਗੀ ਕਰ ਰਹੇ ਹਾਂ ਔਰ ਸਮੇਂ ਦੀ ਲੋੜ ਦੇ ਮੁਤਾਬਿਕ ਅੱਜ ਜੋ ਰਾਜਨੀਤੀ ਹੈ, ਉਹ ਅੱਛੀ ਕੁਆਲਿਟੀ ਦੀ ਅਪਣਾਈਏ, ਅੱਛੀ ਰਾਜਨੀਤੀ ਅਪਣਾਈਏ, ਬਜਾਏ ਇਸ ਗੱਲ ਦੇ ਕਿ ਅਸੀਂ ਕ੍ਰਿਟੀਸਿਜ਼ਮ ਹੀ ਕਰੀਏ ਔਰ ਜੋ ਸਾਡੇ ਸੂਬੇ ਦੇ ਹੋਰ ਮਸਲੇ ਹਨ, ਅਹਿਮ ਮੁੱਦੇ ਹਨ, ਉਨ੍ਹਾਂ ਦੇ ਉਤੇ ਰਲ ਮਿਲ ਕੇ ਗੌਰ ਕਰ ਸਕੀਏ। ਸਪੀਕਰ ਸਾਹਿਬ.......

**ਮਾਨਯੋਗ ਸਪੀਕਰ :** ਤੁਸੀਂ ਹੁਣ ਬੈਠੋ।

**ਸਰਦਾਰ ਰਣਦੀਪ ਸਿੰਘ :** ਇੱਕ ਮਿੰਟ ਹੀ ਹੋਰ ਲਵਾਂਗਾ ਜੀ। ਆਖਿਰ ਦੇ ਵਿੱਚ ਤੁਹਾਡੇ ਕੋਲੋਂ ਏਨੀ ਹੀ ਇਜਾਜ਼ਤ ਲੈਣੀ ਚਾਹੁੰਦਾ ਹਾਂ ਔਰ ਆਪਣੇ ਵਿੱਤ ਮੰਤਰੀ ਸਾਹਿਬ ਤੇ ਮੁੱਖ ਮੰਤਰੀ ਸਾਹਿਬ ਨੂੰ ਇਸ ਗੱਲ ਦੀ ਮੁਬਾਰਕਬਾਦ ਦੇਂਦਾ ਹਾਂ ਜਿਨ੍ਹਾਂ ਨੇ ਇਸ ਬਜਟ ਦੇ ਨਾਲ ਪੰਜਾਬ ਦੀ ਤਰੱਕੀ ਦੀ ਸ਼ੁਰੂਆਤ ਕੀਤੀ ਹੈ। ਇਸ ਬਜਟ ਦਾ ਆਉਣ ਵਾਲੇ 15-20 ਸਾਲਾਂ ਦੇ ਵਿੱਚ ਪਤਾ ਲੱਗੇਗਾ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਆਉਣ ਵਾਲੇ ਸਮੇਂ ਦੇ ਵਿੱਚ ਜਿਸ ਨੂੰ ਕਦੇ ਖੁਸ਼ਹਾਲ ਸੂਬੇ ਦੇ ਤੌਰ ਤੇ ਕਿਹਾ ਕਰਦੇ ਸੀ ਔਰ ਪੰਜਾਬ ਦੇ ਉਤੇ 53,000 ਕਰੋੜ ਰੁਪਏ ਦੇ ਕਰਜ਼ੇ ਦੇ ਬਾਵਜੂਦ ਵੀ ਇਸ ਕਾਂਗਰਸ ਪਾਰਟੀ ਨੇ, ਇਸ ਬਜਟ ਦੇ ਰਾਹੀਂ ਇਨ੍ਹਾਂ ਨੇ ਸਫਲਤਾ ਪ੍ਰਾਪਤ ਕੀਤੀ ਹੈ। ਮੈਂ ਸਮਝਦਾ ਹਾਂ ਕਿ ਅੱਜ ਲੋਕ ਇਸ ਦੇ ਨਾਲ ਖੁਸ਼ ਹਨ, ਇਸ ਬਜਟ ਦੇ ਨਾਲ ਖੁਸ਼ ਹਨ। ਆਖਿਰ ਦੇ ਵਿੱਚ ਮੈਂ, ਆਪਣੀ ਸੀਟ ਤੇ ਬੈਠਣ ਤੋਂ ਪਹਿਲਾਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਦੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ ਔਰ ਇਸ ਬਜਟ ਦੇ ਨਾਲ ਆਪਣੀ ਸਹਿਮਤੀ ਪ੍ਰਗਟ ਕਰਦਾ ਹਾਂ ਔਰ ਆਖਿਰ ਦੇ ਵਿੱਚ ਆਪ ਜੀ ਦਾ ਫਿਰ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। ਜੈ ਹਿੰਦ, ਜੈ ਭਾਰਤ।

**ਮਾਨਯੋਗ ਸਪੀਕਰ :** ਸਰਦਾਰ ਸੁਰਜੀਤ ਸਿੰਘ ਰੱਖੜਾ ਜੀ, ਤੁਸੀਂ ਬੋਲੋਗੇ ਕਿ ਨਹੀਂ ? ਵੈਸੇ ਤੁਹਾਡਾ ਟਾਈਮ ਨਹੀਂ ਹੈ ਪਰ ਕਿਉਂਕਿ ਅੱਜ ਐਫ.ਐਮ. ਸਾਹਿਬ ਨੇ ਬੋਲਣਾ ਨਹੀਂ ਹੈ, ਇਸ ਲਈ ਤੁਸੀਂ 10 ਕੁ ਮਿੰਟ ਬਜਟ ਦੇ ਉਤੇ ਬੋਲ ਲਵੋ।

**ਸਰਦਾਰ ਸੁਰਜੀਤ ਸਿੰਘ ਰੱਖੜਾ (ਸਮਾਣਾ) :** ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਆਪ ਜੀ ਦਾ ਬਹੁਤ-ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਾਲ 2003-04 ਦੇ ਬਜਟ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਜਿਵੇਂ ਮੇਰੇ ਵੱਡੇ ਵੀਰ ਸਰਦਾਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਹੈ ਕਿ ਬਜਟ ਦੇ ਉਤੇ ਰੂਲਿੰਗ ਪਾਰਟੀ ਹਮੇਸ਼ਾਂ ਹੱਕ ਵਿਚ ਬੋਲਦੀ ਹੈ ਤੇ ਜਿਹੜੇ ਇੰਡੀਪੈਂਡੈਂਟ ਹੁੰਦੇ ਹਨ, ਉਹ ਚੰਗੇ ਨੂੰ ਚੰਗਾ ਤੇ ਮਾੜੇ ਨੂੰ ਮਾੜਾ ਕਹਿੰਦੇ ਹਨ। ਜਿਹੜੀ ਵਿਰੋਧੀ ਧਿਰ ਹੁੰਦੀ

Original with;
Punjab Vidhan Sabha
Digitized by;
Panjab Digital Library

ਹੈ, ਉਹ ਹਮੇਸ਼ਾ ਚੰਗੀ ਚੀਜ਼ ਨੂੰ ਵੀ ਨਿੰਦਦੀ ਹੈ। ਅਸੀਂ ਇਸ ਗੱਲ ਦੇ ਬਿਲਕੁਲ ਵੀ ਹੱਕ ਵਿਚ ਨਹੀਂ ਹਾਂ ਕਿਉਂਕਿ ਸ਼ੁਰੂ ਦੇ ਵਿਚ ਹੀ ਜਦੋਂ ਬਜਟ ਦੀ ਗੱਲ ਹੋਈ ਹੈ, ਉਦੋਂ ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੁਰਾਂ ਨਾਲ ਗੱਲ ਕੀਤੀ ਸੀ ਕਿ ਕਾਂਗਰਸ ਪਾਰਟੀ ਨੇ ਆਪਣੇ ਚੋਣ ਮੈਨੀਫੈਸਟੋ ਦੇ ਵਿੱਚ ਜਿਹੜੀਆਂ ਬਹੁਤ ਸਾਰੀਆਂ ਚੰਗੀਆਂ ਤਜਵੀਜ਼ਾਂ ਰੱਖੀਆਂ ਸਨ, ਜੇਕਰ ਉਨ੍ਹਾਂ ਤਜਵੀਜ਼ਾਂ ਨੂੰ ਉਸੇ ਤਰ੍ਹਾਂ ਹੀ, ਇੰਨ ਬਿੰਨ ਲਾਗੂ ਕਰ ਦਿੱਤਾ ਜਾਵੇ ਤਾਂ ਆਪਾਂ ਨੂੰ ਇਸ ਗੱਲ ਦੀ ਪ੍ਰਸੰਸਾ ਕਰਨੀ ਚਾਹੀਦੀ ਹੈ। ਇਹੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਵੀ ਗੱਲ ਕਹੀ ਸੀ ਕਿ ਜੇਕਰ ਕਾਂਗਰਸ ਪਾਰਟੀ ਆਪਣੇ ਚੋਣ ਮੈਨੀਫੈਸਟੋ ਵਿਚ ਕੀਤੇ ਵਾਅਦਿਆਂ ਨੂੰ ਪੂਰਾ ਕਰੇਗੀ ਤਾਂ ਅਸੀਂ ਸਾਰੇ ਜਣੇ ਰਲ ਮਿਲ ਕੇ ਇਸ ਦੀ ਪ੍ਰਸੰਸਾ ਵੀ ਕਰਾਂਗੇ ਔਰ ਇਸ ਦੇ ਨਾਲ ਮੋਢੇ ਨਾਲ ਮੋਢਾ ਲਗਾ ਕੇ ਵੀ ਚਲਾਂਗੇ। ਜਿਵੇਂ ਇਸ ਬਜਟ ਦੇ ਵਿੱਚ ਜੋ 67 ਰੈਵੇਨਿਊ ਐਕਟ ਦੀ ਗੱਲ ਕੀਤੀ ਗਈ ਹੈ, ਦੁੱਧ ਦੇ ਉਤੇ 2% ਟੈਕਸ ਘਟਾਉਣ ਦੀ ਗੱਲ ਕੀਤੀ ਗਈ ਹੈ, ਅਸੀਂ ਇਸ ਗੱਲ ਦੀ ਪ੍ਰਸੰਸਾ ਕਰਦੇ ਹਾਂ ਕਿ ਇਹ ਸਰਕਾਰ ਨੇ ਚੰਗਾ ਕਦਮ ਚੁੱਕਿਆ ਹੈ ਔਰ ਵਧੀਆ ਪਾਸੇ ਚਲੇ ਹਨ। ਪਰ ਜੇਕਰ ਅਸੀਂ ਦੂਜੇ ਪਾਸੇ ਬਿਜਲੀ ਦੀ ਗੱਲ ਕਰ ਲਈਏ, ਕਿਸਾਨਾਂ ਦੇ ਬਿਜਲੀ ਦੇ ਬਿਲਾਂ ਦੀ ਗੱਲ ਕਰ ਲਈਏ ਤਾਂ ਸਰਕਾਰ ਨੇ ਆਪਣਾ ਵਾਅਦਾ ਪੂਰਾ ਨਹੀਂ ਕੀਤਾ। ਸਪੀਕਰ ਸਾਹਿਬ, ਇਨ੍ਹਾਂ ਨੇ ਚੋਣਾਂ ਵਿੱਚ ਕਿਹਾ ਸੀ ਕਿ ਅਸੀਂ ਕਿਸਾਨਾਂ ਤੋਂ ਬਿਜਲੀ ਦਾ ਬਿਲ ਨਹੀਂ ਲਵਾਂਗੇ ਪਰ ਜਦੋਂ ਇਨ੍ਹਾਂ ਦੀ ਸਰਕਾਰ ਆਈ ਤਾਂ ਇਨ੍ਹਾਂ ਨੇ ਬਿਜਲੀ ਦੇ ਬਿਲ ਲਾਗੂ ਕਰ ਦਿੱਤੇ ਤੇ ਰਿਕਵਰੀ ਸ਼ੁਰੂ ਕਰ ਦਿੱਤੀ। ਪਾਣੀ ਉਤੇ ਮਾਲੀਆ ਵੀ ਲਗਾ ਦਿੱਤਾ। ਇਸ ਤੋਂ ਇਲਾਵਾ ਗਰੀਬ ਲੋਕਾਂ ਨੂੰ ਜਿਹੜੀ ਪੈਨਸ਼ਨ ਦਿੱਤੀ ਜਾ ਰਹੀ ਸੀ, ਉਸ ਬਾਰੇ ਵੀ ਇਨ੍ਹਾਂ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਕਿਹਾ ਸੀ ਕਿ ਅਸੀਂ 200 ਰੁਪਏ ਤੋਂ ਵਧਾ ਕੇ 600 ਰੁਪਿਆ ਕਰ ਦੇਵਾਂਗੇ ਜੋ ਕਿ ਤਿੰਨ ਗੁਣਾ ਬਣਦੀ ਸੀ ਪਰ ਇਨ੍ਹਾਂ ਦੀ ਸਰਕਾਰ ਆਉਣ ਤੋਂ ਬਾਅਦ 200 ਰੁਪਏ ਪੈਨਸ਼ਨ ਵੀ ਬੰਦ ਕਰ ਦਿੱਤੀ ਗਈ। ਪੈਨਸ਼ਨਾਂ ਬੰਦ ਹੋਣ ਤੋਂ ਬਾਅਦ ਇਨ੍ਹਾਂ ਨੇ ਕਿਹਾ ਕਿ ਅਸੀਂ 1,14,000 ਬੰਦੇ ਜੋ ਗਲਤ ਪੈਨਸ਼ਨਾਂ ਲੈ ਰਹੇ ਸਨ, ਉਨ੍ਹਾਂ ਤੇ ਕੱਟ ਲਗਾ ਦਿੱਤਾ ਹੈ ਔਰ ਕਿਸੇ ਵੀ ਬਜ਼ੁਰਗ ਨੂੰ ਇਨਫਰਮੇਸ਼ਨ ਨਹੀਂ ਭੇਜੀ ਕਿ ਇਹ ਪੈਨਸ਼ਨ ਕਿਉਂ ਕੱਟੀ ਗਈ ਹੈ। ਉਹ ਵਿਚਾਰੇ ਦਫਤਰਾਂ ਵਿੱਚ ਭਟਕ ਰਹੇ ਹਨ ਕਿਉਂਕਿ ਮਹਿਕਮੇ ਵੱਲੋਂ ਉਨ੍ਹਾਂ ਨੂੰ ਇਨਫਰਮੇਸ਼ਨ ਨਹੀਂ ਭੇਜੀ ਗਈ ਕਿ ਉਨ੍ਹਾਂ ਦੀ ਪੈਨਸ਼ਨ ਕਿਉਂ ਕੱਟੀ ਗਈ ਹੈ। ਇਸੇ ਤਰ੍ਹਾਂ ਸ਼ਗਨ ਸਕੀਮ ਸੀ। ਇਹ ਸਕੀਮ ਇਹੋ ਜਿਹੀ ਸੀ ਜਿਹੜੀ ਕਿ ਸਮਾਜ ਵਿੱਚ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਪ੍ਰਫੁਲਿਤ ਕਰਨ ਵਾਲੀ ਸੀ। ਜਦੋਂ ਉਨ੍ਹਾਂ ਦੀ ਲੜਕੀ ਦੀ ਸ਼ਾਦੀ ਹੁੰਦੀ ਸੀ, ਉਨ੍ਹਾਂ ਨੂੰ ਪੰਜਾਬ ਦੀ ਸਰਕਾਰ ਵੱਲੋਂ 5,100 ਰੁਪਿਆ ਇਸ ਸਕੀਮ ਰਾਹੀਂ ਦਿੱਤਾ ਜਾਂਦਾ ਸੀ ਪਰ ਜਦੋਂ ਕਾਂਗਰਸ ਦੀ ਸਰਕਾਰ ਆਈ ਤਾਂ ਇਨ੍ਹਾਂ ਨੇ ਇਸ ਸਕੀਮ ਨੂੰ ਬੰਦ ਕਰ ਦਿੱਤਾ ਜਦ ਕਿ ਇਨ੍ਹਾਂ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਕਿਹਾ ਸੀ ਕਿ ਇਸ ਸਕੀਮ ਵਿੱਚ 5,100 ਰੁਪਏ ਦੀ ਬਜਾਏ 11,000 ਰੁਪਿਆ ਦੇਣਾ ਚਾਹੀਦਾ ਹੈ। ਇਨ੍ਹਾਂ ਨੇ ਜਿਹੜੀ ਰਿਪੋਰਟ ਬਣਾਈ ਹੈ, ਪਛੜੀਆਂ ਸ਼੍ਰੇਣੀਆਂ ਤੇ ਅਨੁਸੂਚਿਤ ਜਾਤੀਆਂ ਲਈ, ਉਹ ਵੀ ਠੀਕ ਨਹੀਂ। ਮੈਂ ਦੱਸਦਾ ਹਾਂ ਕਿ ਇਸ ਸ਼ਗਨ ਸਕੀਮ ਨੂੰ 5,100 ਰੁਪਏ ਤੋਂ 11,000 ਰੁਪਏ ਕਰ ਦਿੰਦੇ ਤਾਂ ਅਸੀਂ ਵੀ ਇਨ੍ਹਾਂ ਦੀ ਪ੍ਰਸੰਸਾ ਕਰਦੇ। ਇਸ ਦੇ ਨਾਲ ਹੀ ਇਨ੍ਹਾਂ ਨੇ ਚੋਣ ਮੈਨੀਫੈਸਟੋ ਵਿੱਚ ਕਿਹਾ ਸੀ ਕਿ ਅਸੀਂ ਹਰ ਗਰੀਬ ਪਰਿਵਾਰ ਦੇ ਇਕ ਨੁਮਾਇੰਦੇ ਨੂੰ ਪੰਜਾਬ ਸਰਕਾਰ ਵਿੱਚ ਨੌਕਰੀ ਦਿਆਂਗੇ ਪਰੰਤੂ ਪਿਛਲੇ ਸਾਲ ਦੇ ਬਜਟ ਵਿੱਚ ਇਸ ਦੀ ਕੋਈ ਪ੍ਰੋਵੀਜ਼ਨ ਨਹੀਂ ਕੀਤੀ ਗਈ ਅਤੇ ਨਾ ਹੀ ਕਿਸੇ ਗਰੀਬ ਪਰਿਵਾਰ ਨੂੰ ਨੌਕਰੀ

Original with;
Punjab Vidhan Sabha
Digitized by;

[ਸਰਦਾਰ ਸੁਰਜੀਤ ਸਿੰਘ ਰੱਖੜਾ]

ਦਿੱਤੀ ਗਈ ਹੈ। ਇਸ ਸਾਲ ਦੇ ਬਜਟ ਵਿੱਚ ਵੀ ਇਸ ਤਰ੍ਹਾਂ ਕੋਈ ਗੱਲ ਨਹੀਂ ਹੈ ਅੌਰ ਨਾ ਹੀ ਇਸ ਬਾਰੇ ਬਜਟ ਵਿੱਚ ਦਿਸ਼ਾ ਨਿਰਦੇਸ਼ ਹੈ। ਇਹ ਲੋਕਾਂ ਨਾਲ ਜ਼ਿਆਦਤੀ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਇਨ੍ਹਾਂ ਨੇ ਕਿਹਾ ਹੈ ਕਿ ਗੰਨੇ ਦੀ ਪੇਮੈਂਟ 2-3 ਸਾਲਾਂ ਤੋਂ ਨਹੀਂ ਹੋਈ ਸੀ। ਮੇਰੇ ਛੋਟੇ ਵੀਰ ਰਣਦੀਪ ਸਿੰਘ ਨੇ ਸਪੈਸ਼ਲ ਰੱਖੜਾ ਸ਼ੂਗਰ ਮਿੱਲ ਦਾ ਜ਼ਿਕਰ ਕੀਤਾ ਹੈ। ਮੈਨੂੰ ਪਤਾ ਹੈ ਕਿ ਰੱਖੜਾ ਸ਼ੂਗਰ ਮਿੱਲ ਲਈ ਪਿਛਲੀ ਸਰਕਾਰ ਨੇ ਸਾਢੇ ਪੰਜ ਕਰੋੜ ਰੁਪਿਆ ਫਰਵਰੀ, 2002 ਤੱਕ ਦੇ ਦਿੱਤਾ ਹੈ ਅੌਰ 5 ਫਰਵਰੀ ਤੋਂ ਲੈ ਕੇ ਮਾਰਚ ਦੀ ਪੇਮੈਂਟ ਉਨ੍ਹਾਂ ਕਿਸਾਨਾਂ ਦੀ ਰਹਿੰਦੀ ਸੀ ਜਿਸ ਦੀ ਪੇਮੈਂਟ ਇਸ ਕਾਂਗਰਸ ਸਰਕਾਰ ਨੇ ਕਰਨੀ ਸੀ ਪਰ ਉਹ ਨਹੀਂ ਹੋਈ। ਇੱਕ ਸਾਲ ਬਾਅਦ ਪੇਮੈਂਟ ਕੀਤੀ ਗਈ। ਇਸ ਲਈ ਕਿਸਾਨਾਂ ਨੂੰ ਧਰਨੇ ਦੇਣੇ ਪਏ, ਕਈ ਵਾਰ ਸੜਕਾਂ ਤੇ ਰੈਲੀਆਂ ਕੀਤੀਆਂ, ਮੁਜ਼ਾਹਰੇ ਕੀਤੇ ਅਤੇ ਤਾਂ ਜਾ ਕੇ ਇਹ ਪੇਮੈਂਟ ਹੋਈ ਹੈ। ਇਸ ਸਰਕਾਰ ਨੇ ਜਿਹੜੀ ਗੰਨੇ ਦੀ ਪੇਮੈਂਟ ਕੀਤੀ ਹੈ, ਇਸ ਦੀ ਅਸੀਂ ਸ਼ਲਾਘਾ ਕਰਦੇ ਹਾਂ ਲੇਕਿਨ ਜਿਸ ਤੌਰ ਤਰੀਕੇ ਨਾਲ ਇਹ ਪੇਮੈਂਟ ਕੀਤੀ ਗਈ ਹੈ, ਉਹ ਠੀਕ ਨਹੀਂ ਸੀ। ਤੁਸੀਂ ਕਿਸਾਨਾਂ ਦੀ ਮਦਦ ਕਰੋ, ਨਾ ਕਿ ਉਸ ਦੇ ਉਲਟ ਤੁਸੀਂ ਕਿਸਾਨਾਂ ਨੂੰ ਸ਼ੂਗਰ ਮਿੱਲਾਂ ਤੋਂ ਪੈਸੇ ਦੇ ਬਦਲੇ ਖਾਦਾਂ ਤੇ ਬੀਜ ਲੈਣ ਲਈ ਕਹੋ। ਇਸ ਤੋਂ ਇਲਾਵਾ ਇਨ੍ਹਾਂ ਨੇ ਕਿਸਾਨਾਂ ਦਾ ਜਿਹੜਾ ਵਿਆਜ ਸੀ, ਉਸ ਦੀ ਦਰ ਵੀ ਘਟਾਈ ਹੈ। ਉਸ ਦਾ ਕੋਈ ਖਾਸ ਫਾਇਦਾ ਨਹੀਂ ਹੋਣਾ। ਇਨ੍ਹਾਂ ਨੇ ਪਹਿਲਾਂ ਜਿਹੜੀ ਗੰਨੇ ਦੀ ਪੇਮੈਂਟ ਕਰਨੀ ਸੀ, ਉਹ ਇੱਕ ਸਾਲ ਬਾਅਦ ਕੀਤੀ ਹੈ ਤੇ ਦੂਜੇ ਪਾਸੇ ਆਪਾਂ ਅੱਜ ਦੀ ਗੱਲ ਲੈ ਲਈਏ। ਮੇਰਾ ਖਿਆਲ ਹੈ ਕਿ ਇਹ ਪਹਿਲੀ ਵਾਰ ਹੈ ਜਦੋਂ ਗੰਨੇ ਦਾ ਰੇਟ 100 ਰੁਪਏ ਪ੍ਰਤੀ ਕੁਇੰਟਲ ਹੋਵੇ ਤੇ ਕਿਸਾਨ ਨੂੰ ਪੇਮੈਂਟ 70 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਹੋ ਰਹੀ ਹੋਵੇ। ਅੱਜ ਵੀ ਗੱਲ ਉਥੇ ਆ ਕੇ ਖੜ੍ਹੀ ਹੋ ਗਈ ਕਿ ਫਰਵਰੀ ਤੋਂ ਬਾਅਦ 70 ਰੁਪਏ ਦੇ ਹਿਸਾਬ ਨਾਲ ਵੀ ਪੇਮੈਂਟ ਨਹੀਂ ਹੋਈ। (ਘੰਟੀ) ਸਪੀਕਰ ਸਾਹਿਬ, ਕਿਉਂਕਿ ਕਿਸਾਨੀ ਬਹੁਤ ਹੀ ਮਾੜੇ ਸਮੇਂ ਵਿਚੋਂ ਗੁਜ਼ਰ ਰਹੀ ਹੈ, ਉਸਦੀ ਜਿਣਸ ਦੀ ਪੇਮੈਂਟ ਪੂਰੀ ਕਰਨੀ ਸਰਕਾਰ ਦਾ ਫਰਜ਼ ਬਣਦਾ ਹੈ, ਸਰਕਾਰ ਦੀ ਡਿਊਟੀ ਬਣਦੀ ਹੈ। ਉਹ ਪੈਸੇ ਕਿਥੋਂ ਆਉਣੇ ਹਨ ਤੇ ਕਿਵੇਂ ਆਉਣੇ ਹਨ, ਇਹ ਸਰਕਾਰ ਨੇ ਸੋਚਣਾ ਹੈ।

ਦੂਜੀ ਗੱਲ, ਬੋਨਸ ਦੀ ਗੱਲ ਵਾਰ-ਵਾਰ ਆਈ ਹੈ ਕਿ ਸਰਕਾਰ ਨੇ 20 ਰੁਪਏ ਬੋਨਸ ਦਿੱਤਾ ਹੈ। ਸਪੀਕਰ ਸਾਹਿਬ, ਇਹ ਜਿਹੜਾ 20 ਰੁਪਏ ਬੋਨਸ ਦਿੱਤਾ ਹੈ, ਇਹ ਸੈਂਟਰ ਸਰਕਾਰ ਦਾ ਬੋਨਸ ਸੀ, ਉਨ੍ਹਾਂ ਨੇ ਸੋਕਾ ਰਿਲੀਫ ਦਿੱਤਾ ਸੀ, ਉਨ੍ਹਾਂ ਦੇ ਪੈਸੇ ਆ ਗਏ ਸੀ ਜਿਹੜੇ ਇਨ੍ਹਾਂ ਵੱਲੋਂ 20 ਰੁਪਏ ਦਿੱਤੇ ਗਏ ਹਨ, ਇਸ ਵਿਚ ਕੋਈ ਦੋ ਰਾਏ ਨਹੀਂ ਪਰ ਪੰਜਾਬ ਸਰਕਾਰ ਨੇ ਜਿਹੜਾ ਵਾਇਦਾ ਕੀਤਾ ਸੀ ਕਿ ਜੇ ਸਾਡੀ ਸਰਕਾਰ ਬਣੀ ਤਾਂ ਅਸੀਂ 30 ਰੁਪਏ ਬੋਨਸ ਦੇਵਾਂਗੇ। ਉਹ ਕਿਉਂ ਦੇਵਾਂਗੇ ਕਿਉਂਕਿ ਜੀਰੀ ਦੀ ਕੀਮਤ 30 ਰੁਪਏ ਵਧੀ ਹੈ ਜਿਹੜੀ ਕਿ ਬਹੁਤ ਘੱਟ ਹੈ ਪਰ ਜਦੋਂ ਇਨ੍ਹਾਂ ਦੀ ਸਰਕਾਰ ਬਣੀ, ਇਹ ਬੋਨਸ ਦੀ ਗੱਲ ਭੁੱਲ ਗਏ। ਭੁੱਲੇ ਹੀ ਨਹੀਂ, ਸਰਕਾਰ ਨੇ ਕਿਹਾ ਹੈ ਕਿ ਇਹ ਬੋਨਸ ਤਿੰਨ ਕਿਸ਼ਤਾਂ ਵਿਚ ਦੇਵਾਂਗੇ। 10 ਰੁਪਏ ਹੁਣ, 10 ਰੁਪਏ ਇਸ ਤੋਂ ਬਾਅਦ ਤੇ 10 ਰੁਪਏ ਆਉਂਦੀ ਫਸਲ ਵਿਚ ਦੇਵਾਂਗੇ। ਮੇਰਾ ਖਿਆਲ ਨਹੀਂ ਕਿ ਉਹ 10 ਰੁਪਏ ਅੱਜ ਤੱਕ ਮਿਲੇ ਹੋਣ। ਸਪੀਕਰ ਸਾਹਿਬ, ਅਸੀਂ ਸਾਰੇ ਇਹ ਗੱਲ ਕਰਦੇ ਆ ਰਹੇ ਹਾਂ ਕਿ ਅਸੀਂ ਸੈਂਟਰ ਸਰਕਾਰ ਕੋਲ ਜਾ ਕੇ ਪ੍ਰੈਸ਼ਰ ਪਾਈਏ ਕਿ ਕਿਸਾਨ ਦੀ ਹਾਲਤ ਬੜੀ ਮਾੜੀ ਹੈ। (ਘੰਟੀ) ਉਸਨੂੰ ਸੁਧਾਰਿਆ ਜਾਵੇ ਤੇ ਕਿਸਾਨੀ ਦੀ

Original with;
Punjab Vidhan Sabha
Digitized by;

ਮਦਦ ਕੀਤੀ ਜਾਵੇ। ਮੈਂ ਇਥੇ ਇਹ ਕਹਿਣਾ ਚਾਹੁੰਦਾ ਹਾਂ ਕਿ ਸਭ ਤੋਂ ਪਹਿਲੀ ਗੱਲ ਹੁੰਦੀ ਹੈ ਕਿ ਆਪਣਾ ਘਰ ਠੀਕ ਰੱਖੀਏ। ਅਸੀਂ ਆਪ ਵੀ ਤਾਂ ਲੋਕਾਂ ਦੀ ਮਦਦ ਕਰੀਏ, ਕਿਸਾਨੀ ਦੀ ਮਦਦ ਕਰੀਏ। ਪਰ ਉਲਟ ਰਾਹ ਤੇ ਚਲਦੇ ਹੋਏ ਸਰਕਾਰ ਨੇ ਕੀ ਕੀਤਾ ? ਚਾਹੇ ਬੋਨਸ ਦੀ ਗੱਲ ਲੈ ਲਈਏ, ਚਾਹੇ ਰੇਟ ਦੀ ਗੱਲ ਲੈ ਲਈਏ..........

**Mr. Speaker :** Please resume your seat now.

**ਸਰਦਾਰ ਸੁਰਜੀਤ ਸਿੰਘ ਰੱਖੜਾ :** ਥੈਂਕ ਯੂ ਜੀ।

**ਮਾਨਯੋਗ ਸਪੀਕਰ :** ਸ਼੍ਰੀ ਰਾਜ ਕੁਮਾਰ ਗੁਪਤਾ।

**ਸ਼੍ਰੀ ਰਾਜ ਕੁਮਾਰ ਗੁਪਤਾ (ਜਲੰਧਰ ਕੇਂਦਰੀ) :** ਪਰਮ ਸਤਿਕਾਰਯੋਗ ਸਪੀਕਰ ਸਾਹਿਬ, ਆਪ ਜੀ ਦਾ ਬਹੁਤ-ਬਹੁਤ ਧੰਨਵਾਦ ਕਿ ਜਿਹੜਾ ਸਰਦਾਰ ਲਾਲ ਸਿੰਘ ਜੀ, ਵਿੱਤ ਮੰਤਰੀ ਨੇ ਸਦਨ ਵਿਚ ਬਜਟ ਪੇਸ਼ ਕੀਤਾ ਹੈ, ਉਸ ਤੇ ਕੁਝ ਵਿਚਾਰ ਰੱਖਣ ਦਾ ਮੌਕਾ ਤੁਸੀਂ ਮੈਨੂੰ ਦਿੱਤਾ ਹੈ। ਮੇਰੇ ਤੋਂ ਪਹਿਲਾਂ ਮੇਰੇ ਮਾਨਯੋਗ ਮੈਂਬਰ ਤਿਕਸ਼ਨ ਸੂਦ ਸਾਹਿਬ, ਜਿਹੜੇ ਹੁਣ ਉਠ ਕੇ ਚਲੇ ਗਏ ਹਨ, ਉਹ ਗੱਲ ਕਰਨਾ ਤਾਂ ਨਹੀਂ ਸੀ ਚਾਹੁੰਦੇ ਪਰ ਉਨ੍ਹਾਂ ਨੇ ਸੰਗਤ ਦਰਸ਼ਨ ਦੀ ਗੱਲ ਉਠਾਈ ਸੀ ਔਰ ਉਨ੍ਹਾਂ ਨੇ ਕਾਂਗਰਸ ਪਾਰਟੀ ਦੇ ਵੱਲੋਂ ਜੋ ਇਸ ਬਜਟ ਵਿਚ ਡਿਵੈਲਪਮੈਂਟ ਵਾਸਤੇ ਪੈਸੇ ਰੱਖੇ ਗਏ ਹਨ, ਜੋ ਸਾਡੀ ਸਰਕਾਰ ਨੇ ਡਿਵੈਲਪਮੈਂਟ ਵਰ੍ਹਾ ਮਨਾਉਣ ਦਾ ਐਲਾਨ ਕੀਤਾ ਹੈ, ਉਸਨੂੰ ਉਨ੍ਹਾਂ ਨੇ ਨਕਾਰਿਆ ਹੈ ਔਰ ਜਿਹੜਾ ਪੈਸਾ ਸੰਗਤ ਦਰਸ਼ਨ ਦੇ ਅੰਦਰ ਡਿਵੈਲਪਮੈਂਟ ਵਾਸਤੇ ਮੁਖਤਲਿਫ ਇਲਾਕਿਆਂ ਵਿਚ ਬਾਦਲ ਸਾਹਿਬ ਨੇ ਤਕਸੀਮ ਕੀਤਾ, ਉਨ੍ਹਾਂ ਪੈਸਿਆਂ ਨੂੰ ਡਿਵੈਲਪਮੈਂਟ ਦਾ ਨਾਂ ਦਿੱਤਾ ਹੈ। ਮੇਰਾ ਇਲਾਕਾ ਜਲੰਧਰ ਸੈਂਟਰਲ ਹੈ। ਸਪੀਕਰ ਸਾਹਿਬ, 2 ਕਰੋੜ ਰੁਪਿਆ ਸੰਗਤ ਦਰਸ਼ਨ ਦੇ ਵਿਚ ਦਿੱਤਾ ਗਿਆ ਔਰ ਉਹ ਸਾਰਾ ਹੀ ਖਰਚਾ ਜਿਥੇ-ਜਿਥੇ ਕੀਤਾ ਗਿਆ, ਉਸ ਦੀ ਲਿਸਟ ਮੇਰੇ ਪਾਸ ਹੈ। ਜੇ ਕੋਈ ਮੈਂਬਰ ਸਾਹਿਬ ਇਸਨੂੰ ਦੇਖਣਾ ਚਾਹੁੰਦੇ ਹੋਣ, ਉਹ ਮੇਰੇ ਕੋਲ ਆ ਕੇ ਦੇਖ ਸਕਦੇ ਹਨ। ਇਸ ਲਿਸਟ ਤੋਂ ਸਾਬਤ ਹੁੰਦਾ ਹੈ ਕਿ ਉਹ ਜਿਹੜਾ ਪੈਸਾ ਸੰਗਤ ਦਰਸ਼ਨ ਵਿਚ ਦਿੱਤਾ ਗਿਆ, ਉਸ ਵਿਚੋਂ 25 ਪ੍ਰਤੀਸ਼ਤ ਤੋਂ ਜ਼ਿਆਦਾ ਕਿਸੇ ਵੀ ਡਿਵੈਲਪਮੈਂਟ ਦੇ ਕੰਮ ਤੇ ਨਹੀਂ ਲੱਗਾ ਔਰ ਸਾਰੇ ਦਾ ਸਾਰਾ ਪੈਸਾ ਇਸ ਲਿਸਟ ਦੇ ਵਿਚ 50 ਲੱਖ ਰੁਪਏ ਦੇ ਕਰੀਬ ਉਨ੍ਹਾਂ ਸੁਸਾਇਟੀਆਂ ਨੇ ਸਿਰਫ਼ ਬਰਤਨ ਖਰੀਦਣ ਤੇ ਲਾਇਆ ਹੈ ਜਿਹੜੀਆਂ ਰਜਿਸਟਰਡ ਵੀ ਨਹੀਂ ਸੀ। ਕਈ ਧਾਰਮਿਕ ਸੁਸਾਇਟੀਆਂ, ਜਗਰਾਤਾ ਪਾਰਟੀਆਂ, ਗਾਣ ਵਾਲੀ ਪਾਰਟੀਆਂ, ਉਨ੍ਹਾਂ ਨੂੰ ਵੀ ਉਥੋਂ ਦੇ ਜਿਹੜੇ ਬੀ.ਜੇ.ਪੀ. ਦੇ ਮੈਂਬਰ ਸਨ, ਉਨ੍ਹਾਂ ਦੇ ਕਹਿਣ ਤੇ ਮਾਨਯੋਗ ਬਾਦਲ ਸਾਹਿਬ ਨੇ ਪੈਸਾ ਤਕਸੀਮ ਕੀਤਾ। ਮੈਂ ਇਹ ਸਮਝਦਾ ਹਾਂ ਕਿ ਬਾਦਲ ਸਾਹਿਬ ਭੋਲੇ ਹਨ। ਉਹ ਪੈਸਾ ਡਿਵੈਲਪਮੈਂਟ ਤੇ ਨਹੀਂ ਲਾਇਆ ਗਿਆ। ਬਾਦਲ ਸਾਹਿਬ ਦੇ ਆਪਣੇ ਹੀ ਸਾਥੀ ਆਪਣੀਆਂ ਹੀ ਸੁਸਾਇਟੀਆਂ ਬਣਾ ਕੇ ਉਹ ਪੈਸਾ ਲੈ ਗਏ। ਬਾਦਲ ਸਾਹਿਬ ਨੇ ਉਨ੍ਹਾਂ ਦੇ ਕਹਿਣ ਤੇ ਪੈਸਾ ਉਨ੍ਹਾਂ ਨੂੰ ਦੇ ਦਿੱਤਾ। ਜਦੋਂ ਇਹ ਪੈਸਾ ਡਿਵੈਲਪਮੈਂਟ ਦੇ ਨਾਂ ਤੇ ਦਿੱਤਾ ਗਿਆ ਸੀ, ਉਸ ਵੇਲੇ ਮੈਂ ਮਿਉਂਸਿਪਲ ਕਾਰਪੋਰੇਸ਼ਨ ਦਾ ਮੈਂਬਰ ਸੀ ਅਤੇ ਆਪੋਜ਼ੀਸ਼ਨ ਦਾ ਲੀਡਰ ਸੀ। ਇਸ ਕਰਕੇ ਮੈਨੂੰ ਸਾਰੀ ਗੱਲ ਦਾ ਪਤਾ ਹੈ, ਸਾਰੀ ਗੱਲ ਦਾ ਗਿਆਨ ਹੈ। ਇਹ ਪੈਸਾ ਦਿੱਤਾ ਤਾਂ ਇਸ ਕਰਕੇ ਗਿਆ ਸੀ ਕਿ ਇਲੈਕਸ਼ਨ ਦੇ ਨਜ਼ਦੀਕ ਇਸ ਨੂੰ ਤਕਸੀਮ ਕੀਤਾ ਜਾਵੇ ਤਾਂ ਜੋ ਲੋਕ ਵੋਟਾਂ ਸਾਨੂੰ ਪਾਉਣ ਪਰ ਜਿਨ੍ਹਾਂ ਲੋਕਾਂ ਨੂੰ ਇਹ ਪੈਸਾ ਦਿੱਤਾ ਗਿਆ, ਬਾਦਲ ਸਾਹਿਬ, ਉਹ ਤਾਂ ਪਹਿਲਾਂ ਹੀ ਉਨ੍ਹਾਂ ਦੇ ਨਾਲ ਸਨ। ਉਨ੍ਹਾਂ ਨੂੰ ਤਾਂ ਪੈਸਾ

Original with;
Punjab Vidhan Sabha
Digitized by;

[ ਸ਼੍ਰੀ ਰਾਜ ਕੁਮਾਰ ਗੁਪਤਾ ]

ਦੇਣ ਦੀ ਲੋੜ ਹੀ ਨਹੀਂ ਸੀ। ਪੈਸਾ ਦਿੱਤਾ ਜਾਂਦਾ ਜਾਂ ਨਾ ਦਿੱਤਾ ਜਾਂਦਾ, ਇਸ ਨਾਲ ਕੋਈ ਫਰਕ ਨਹੀਂ ਸੀ ਪੈਣਾ। ਇਹੀ ਵਜ੍ਹਾ ਹੈ ਕਿ ਉਨ੍ਹਾਂ ਲੋਕਾਂ ਨੂੰ ਆਮ ਲੋਕਾਂ ਨੇ ਵੋਟਾਂ ਨਹੀਂ ਪਾਈਆਂ ਅਤੇ ਉਨ੍ਹਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਮੈਂ ਜਿਸ ਪਾਰਟੀ ਦੇ ਲੋਕਾਂ ਦਾ ਜ਼ਿਕਰ ਕਰ ਰਿਹਾ ਹਾਂ, ਮੈਂ ਉਸ ਪਾਰਟੀ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਇਸ ਨੇ ਹੁਣ ਆਪਣਾ ਨਾਂ ਬਦਲ ਕੇ ਬੀ.ਜੇ.ਪੀ. ਰੱਖ ਲਿਆ ਹੈ, ਪਹਿਲਾਂ ਇਸ ਦਾ ਨਾਂ ਜਨਸੰਘ ਹੁੰਦਾ ਸੀ। ਸੋ, ਬਾਦਲ ਸਾਹਿਬ, ਤੁਸੀਂ ਤਾਂ ਬਹੁਤ ਭੋਲੇ ਨਿਕਲੇ। ਇਸ ਕਰਕੇ ਮੈਂ ਇਹ ਗੱਲ ਜ਼ਰੂਰ ਕਹਾਂਗਾ—

ਐ ਬਾਗਬਾਂ ਵਾਕਫੇ-ਤਨਜ਼ੀਮੇ-ਚਮਨ ਤੂ ਭੀ ਨਹੀਂ
ਫੂਲ ਇਸ ਕਦਰ ਮੁਰਝਾ ਗਏ ਕਿ ਅਬ ਖੁਸ਼ਬੂ ਭੀ ਨਹੀਂ।

ਉਹ ਤਾਂ ਹੁਣ ਗੁੰਮ ਹੋ ਗਏ ਹਨ, ਉਨ੍ਹਾਂ ਦੇ ਕੋਲ ਤਾਂ ਹੁਣ ਰਿਹਾ ਹੀ ਕੁਝ ਨਹੀਂ। ਜੇ ਇਹ ਡਿਵੈਲਪਮੈਂਟ ਹੈ ਤਾਂ ਫਿਰ ਪੰਜਾਬ ਦਾ ਰੱਬ ਹੀ ਰਾਖਾ ਹੈ। ਸਾਡੇ ਵਿੱਤ ਮੰਤਰੀ ਜੀ ਨੇ ਸਾਰੇ ਮਹਿਕਮਿਆਂ ਵਾਸਤੇ ਪੈਸਾ ਮਖ਼ਸੂਸ ਕੀਤਾ ਹੈ ਭਾਵੇਂ ਉਹ ਪੀ.ਡਬਲਯੂ.ਡੀ. ਹੈ, ਲੋਕਲ ਬਾਡੀਜ਼ ਹੈ ਜਾਂ ਪੰਚਾਇਤਾਂ ਹਨ, ਤਾਂ ਕਿ ਪੰਜਾਬ ਦੀ ਸਹੀ ਤਰੀਕੇ ਨਾਲ ਡਿਵੈਲਪਮੈਂਟ ਹੋ ਸਕੇ। ਕਾਂਗਰਸ ਤਾਂ ਹਮੇਸ਼ਾ ਹੀ ਡਿਵੈਲਪਮੈਂਟ ਦੇ ਨਾਂ ਤੇ ਵੋਟਾਂ ਮੰਗਦੀ ਆਈ ਹੈ। ਇਸ ਨੇ ਕਦੇ ਧਰਮ ਦੇ ਨਾਂ ਤੇ ਵੋਟਾਂ ਨਹੀਂ ਮੰਗੀਆਂ। ਇਹ ਮੁਲਕ ਦੀ ਡਿਵੈਲਪਮੈਂਟ ਵਾਸਤੇ ਵੋਟਾਂ ਮੰਗਦੀ ਹੈ।

ਇਸ ਤੋਂ ਬਾਅਦ ਕੁਝ ਵਪਾਰੀਆਂ ਦੀਆਂ ਗੱਲਾਂ ਹੋਈਆਂ। ਐਂਟਰੀ ਟੈਕਸ ਅਤੇ ਮਹਿਸੂਲ ਚੁੰਗੀ ਦੀ ਗੱਲ ਕੀਤੀ ਗਈ। ਬੜੀ ਦੇਰ ਤੋਂ ਚੁੰਗੀ ਮੁਆਫ ਕਰਨ ਦੀ ਗੱਲ ਵਪਾਰੀਆਂ ਵੱਲੋਂ ਕੀਤੀ ਜਾਂਦੀ ਰਹੀ ਹੈ। ਪਿਛਲੀ ਅਕਾਲੀ—ਬੀ.ਜੇ.ਪੀ. ਦੀ ਸਰਕਾਰ ਨੇ ਇਹ ਮੁਆਫ ਕਰ ਵੀ ਦਿੱਤੀ ਸੀ ਲੇਕਿਨ ਕਦੋਂ ਮੁਆਫ ਕੀਤੀ, ਸਾਢੇ ਚਾਰ ਸਾਲ ਬਾਅਦ। ਜਦੋਂ ਇਲੈਕਸ਼ਨ ਨਜ਼ਦੀਕ ਆ ਗਏ ਤਾਂ ਇਨ੍ਹਾਂ ਨੇ ਚੁੰਗੀ ਮੁਆਫ ਕਰ ਦਿੱਤੀ ਅਤੇ ਨਾਲ ਹੀ ਜਿਹੜਾ ਉਸ ਵੇਲੇ ਲੋਕਲ ਬਾਡੀਜ਼ ਮਹਿਕਮੇ ਦਾ ਬੀ.ਜੇ.ਪੀ. ਦਾ ਮਨਿਸਟਰ ਸੀ, ਉਸ ਨੇ ਬਠਿੰਡੇ ਦੇ ਕਾਊਂਸਲਰਾਂ ਕੋਲੋਂ ਹਾਈ ਕੋਰਟ ਵਿਚ ਇਕ ਰਿਟ ਪੁਆ ਦਿੱਤੀ ਅਤੇ ਹਾਈ ਕੋਰਟ ਦੀ ਡਾਇਰੈਕਸ਼ਨ ਤੇ ਉਹ ਚੁੰਗੀ ਫਿਰ ਬਹਾਲ ਹੋ ਗਈ। ਹੁਣ ਸਾਡੀ ਸਰਕਾਰ ਨੇ ਆਪਣੇ ਵਾਅਦੇ ਦੇ ਮੁਤਾਬਿਕ ਵਪਾਰੀਆਂ ਦੀ ਬੜੀ ਦੇਰ ਤੋਂ ਲਟਕਦੀ ਆ ਰਹੀ ਉਸ ਮੰਗ ਨੂੰ ਮੰਨਦੇ ਹੋਏ ਚੁੰਗੀ ਮੁਆਫ ਕਰ ਦਿੱਤੀ ਹੈ। (ਥੰਪਿੰਗ) ਇਹ ਜਿਹੜਾ 2% ਐਂਟਰੀ ਟੈਕਸ ਲਾਇਆ ਹੈ, ਇਹ ਵੀ ਵਪਾਰੀਆਂ ਦੀ ਆਪਣੀ ਮੰਗ ਸੀ ਕਿ ਚੁੰਗੀ ਵਾਲੇ ਸਾਨੂੰ ਬਹੁਤ ਤੰਗ ਕਰਦੇ ਹਨ। ਉਹ ਚੁੰਗੀ ਵਾਲਿਆਂ ਤੋਂ ਬਹੁਤ ਪਰੇਸ਼ਾਨ ਸਨ। ਉਹ ਕਹਿੰਦੇ ਸਨ ਕਿ ਕਈ ਦਫਾ ਵੈਲਿਊਏਸ਼ਨ ਤੇ ਟੈਕਸ ਹੁੰਦਾ ਸੀ ਅਤੇ ਕਈ ਆਰਟੀਕਲਾਂ ਦੀ ਆਈਡੈਂਟੀਫਿਕੇਸ਼ਨ ਨਹੀਂ ਹੁੰਦੀ ਸੀ ਜਿਸ ਕਰਕੇ ਸਾਨੂੰ ਬਹੁਤ ਹਰਾਸਮੈਂਟ ਹੁੰਦੀ ਹੈ। ਇਸ ਦੀ ਬਜਾਏ ਤੁਸੀ ਕੋਈ ਹੋਰ ਟੈਕਸ ਲਾ ਲਓ। ਬੇਸ਼ਕ ਸੇਲਜ਼ ਟੈਕਸ ਵਿਚ ਵਾਧਾ ਕਰ ਦਿਓ ਪਰ ਚੁੰਗੀ ਤੋਂ ਸਾਨੂੰ ਛੁਟਕਾਰਾ ਦਿਵਾਓ। ਵਿੱਤ ਮੰਤਰੀ ਜੀ ਨੇ 2% ਐਂਟਰੀ ਟੈਕਸ ਰੱਖਿਆ ਹੈ। ਇਹ ਇਕੋ ਦਫਾ ਲੱਗਣਾ ਹੈ ਜਦ ਕਿ ਚੁੰਗੀ ਸ਼ਾਇਦ 2-3 ਦਫਾ ਲੱਗਦੀ ਸੀ। ਜਿਹੜਾ ਮਾਲ ਮੈਂ ਦਿੱਲੀ ਤੋਂ ਲੈ ਕੇ ਆਉਣਾ ਹੈ, ਉਹ ਭਾਵੇਂ ਨਕੋਦਰ ਦਾ ਵਪਾਰੀ ਲੈ ਜਾਵੇ ਅਤੇ ਭਾਵੇਂ ਮਹਿਤਪੁਰ ਦਾ ਵਪਾਰੀ ਲੈ ਜਾਵੇ, ਉਸ ਨੂੰ ਹਰ ਜਗ੍ਹਾ ਤੇ ਚੁੰਗੀ ਦੇਣੀ ਪੈਂਦੀ ਸੀ। ਹੁਣ ਸਾਰੀ ਸਟੇਟ ਵਿਚ ਕਿਤੇ ਵੀ ਚੁੰਗੀ ਨਹੀਂ

Original with;
Punjab Vidhan Sabha
Digitized by;
Panjab Digital Library

ਲਗਾਈ ਜਾਵੇਗੀ, ਸਿਰਫ ਇਕੋ ਦਫਾ ਐਂਟਰੀ ਟੈਕਸ 2% ਲਗਾਇਆ ਜਾਵੇਗਾ ਅਤੇ ਇਸ ਚੁੰਗੀ ਮੁਆਫੀ ਤੋਂ ਜਿਹੜਾ ਘਾਟਾ ਪਿਆ ਹੈ, ਉਹ ਇਸ ਟੈਕਸ ਤੋਂ ਪੂਰਾ ਕੀਤਾ ਜਾਵੇਗਾ। ਫਿਰ ਵੀ ਮੈਂ ਮੈਂਬਰ ਸਾਹਿਬਾਨ ਦੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਚੁੰਗੀ ਤਾਂ ਪਹਿਲਾਂ ਵੀ ਸੀ, 2% ਤੋਂ ਉਪਰ ਟੈਕਸ ਸੀ। ਆਕਟਰਾਏ ਪਹਿਲਾਂ ਵੀ ਸੀ। ਕੋਲਡ ਡਰਿੰਕਸ ਤੇ 5% ਚੁੰਗੀ ਲੱਗਦੀ ਸੀ.......

**Mr. Speaker :** Mr. Gupta, please resume your seat.

The House stands adjourned till 10.00 A.M. on Friday, the 28th March, 2003.

*2.30 P.M. (The Sabha then* adjourned till 10.00 A.M. on Friday, the 28th March, 2003)

---

4475 PVS—Govt. Press, U.T., Chd.

Original with;
Punjab Vidhan Sabha
Digitized by;

Original with;
Punjab Vidhan Sabha
Digitized by;

Original with;
Punjab Vidhan Sabha
Digitized by;

© 2003.

Published under the authority of the Punjab Vidhan Sabha and printed by the Controller, Printing and Stationery Department , U.T., Chandigarh.

---

Original with;
Punjab Vidhan Sabha
Digitized by;

# PUNJAB VIDHAN SABHA
## DEBATES

*28th March, 2003*

**Vol. IV - No. 9**

OFFICIAL REPORT

CONTENTS

*Friday, the 28th March, 2003*


| | | *Page* |
|---|---|---|
| Starred Questions and Answers | .. | (9)1 |
| Postponed Starred Questions and Answers | .. | (9)22 |
| Matters raised During Zero Hour | .. | (9)25 |
| Ruling by the Speaker | .. | (9)26 |
| Papers Laid on the Table | .. | (9)28 |
| Presentation of Reports of the Committees | .. | (9)29 |
| Discussion and Voting on Demands for Grants relating to the Budget Estimates for the year 2003-2004 | .. | (9)29 |



**Punjab Vidhan Sabha Secretariat, Chandigarh.**

**Price : Rs. ...............**



Original with;
Punjab Vidhan Sabha
Panjab Digital Library

ਮਾ
ਗੜ੍ਹ
ਕੋਲ
ਕੀ

ਹੈ।
6
ਗਖ
ਆ

ਵੱਲੋ
ਮੌ
ਨੈਸ਼

ਸਟੇ

ਵਿੱ
ਤੇ

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Friday, the 28th March, 2003*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 10.00 A.M. Mr. Speaker (Doctor Kewal Krishan) in the Chair.*

---

## STARRED QUESTIONS AND ANSWERS

**Mr. Speaker :** Questions.

### ਸੜਕਾਂ ਦੀ ਮੁਰੰਮਤ

***282. (1) ਸ਼੍ਰੀ ਤਿਕਸ਼ਨ ਸੂਦ**
**(2) ਸ਼੍ਰੀ ਅਵਿਨਾਸ਼ ਰਾਏ ਖੰਨਾ** } : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਗੜ੍ਹਸ਼ੰਕਰ-ਨਵਾਂ ਸ਼ਹਿਰ ਅਤੇ ਗੜ੍ਹਸ਼ੰਕਰ-ਆਨੰਦਪੁਰ ਸਾਹਿਬ ਸੜਕਾਂ ਦੀ ਮੁਰੰਮਤ ਕਰਨ ਅਤੇ ਰੀਕਾਰਪੇਟਿੰਗ ਕਰਨ ਦੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ :** (1) ਨਵਾਂਸ਼ਹਿਰ-ਗੜ੍ਹਸ਼ੰਕਰ ਸੜਕ

ਹਾਂ ਜੀ। ਨਵਾਂਸ਼ਹਿਰ-ਗੜ੍ਹਸ਼ੰਕਰ ਸੜਕ ਦੀ ਕੁੱਲ ਲੰਬਾਈ 10.00 ਕਿਲੋਮੀਟਰ ਹੈ। ਨਵਾਂਸ਼ਹਿਰ ਪਾਸੇ ਵਲੋਂ 4.00 ਕਿਲੋਮੀਟਰ ਦਾ ਸੁਧਾਰ ਕਰ ਦਿੱਤਾ ਗਿਆ ਹੈ। 6 ਕਿਲੋਮੀਟਰ ਵਿੱਚੋਂ ਗੜ੍ਹਸ਼ੰਕਰ ਪਾਸੇ ਵਲੋਂ 2 ਕਿਲੋਮੀਟਰ ਦੀ ਸਟਰੈਂਥਨਿੰਗ ਕਰ ਦਿੱਤੀ ਗਈ ਹੈ ਅਤੇ ਬਾਕੀ ਰਹਿੰਦੇ 4 ਕਿਲੋਮੀਟਰ ਦੀ ਸਟਰੈਂਥਨਿੰਗ ਭਾਰਤ ਸਰਕਾਰ ਤੋਂ ਫੰਡਜ਼ ਆਉਣ ਉਪਰੰਤ ਕੀਤੀ ਜਾਵੇਗੀ।

(2) ਗੜ੍ਹਸ਼ੰਕਰ-ਆਨੰਦਪੁਰ ਸਾਹਿਬ ਸੜਕ

ਇਸ ਵੇਲੇ ਅਜਿਹੀ ਕੋਈ ਤਜਵੀਜ਼ ਨਹੀਂ ਹੈ।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਭਾਰਤ ਸਰਕਾਰ ਵੱਲੋਂ ਫੰਡਜ਼ ਆਉਣ ਤੇ ਬਾਕੀ ਰਹਿੰਦੇ 4 ਕਿਲੋਮੀਟਰ ਦੀ ਸਟਰੈਂਥਨਿੰਗ ਕੀਤੀ ਜਾਵੇਗੀ। ਮੇਰੀ ਨਾਲਿਜ ਵਿੱਚ ਤਾਂ ਇਹ ਸਟੇਟ ਹਾਈ ਵੇਅ ਹੈ। ਇਹ ਕਲੀਅਰ ਕਰ ਦੇਣ ਕਿ ਕੀ ਇਹ ਨੈਸ਼ਨਲ ਹਾਈ ਵੇਅ ਹੈ ਜਾਂ ਸਟੇਟ ਹਾਈ ਵੇਅ ਹੈ ?

**ਮਾਨਯੋਗ ਸਪੀਕਰ :** ਹਾਂ ਜੀ, ਦੱਸੋ ਜੀ, ਕੀ ਇਹ ਨੈਸ਼ਨਲ ਹਾਈ ਵੇਅ ਹੈ ਜਾਂ ਸਟੇਟ ਹਾਈ ਵੇਅ ਹੈ ?

**ਮੰਤਰੀ :** ਸਪੀਕਰ ਸਾਹਿਬ, ਇਹ ਮੇਜਰ ਡਿਸਟ੍ਰਿਕਟ ਰੋਡ ਹੈ। ਸੀ.ਆਰ.ਐਫ. ਦੇ ਵਿੱਚੋਂ ਫੰਡਜ਼ ਦੀ ਮੈਂ ਗੱਲ ਕਰ ਰਿਹਾ ਹਾਂ। ਇਹ ਜ਼ਰੂਰੀ ਨਹੀਂ ਹੁੰਦਾ ਕਿ ਨੈਸ਼ਨਲ ਹਾਈ ਵੇਅ ਤੇ ਹੀ ਜਾਂਦੇ ਹਨ। ਸੀ.ਆਰ.ਐਫ ਦੇ ਫੰਡਜ਼ ਵੀ ਸਾਨੂੰ ਉਦੋਂ ਹੀ ਅਵੇਲੇਬਲ ਹੁੰਦੇ ਹਨ।

Original with;
Punjab Vidhan Sabha
Digitized by;

**ਮਾਨਯੋਗ ਸਪੀਕਰ** : ਵੈਸੇ ਇਸ ਰੋਡ ਦੇ ਬਾਰੇ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਕਿਹੜੀ ਰੋਡ ਹੈ। ਸਟੇਟ ਹਾਈ ਵੇਅ ਹੈ ਜਾਂ ਨੈਸ਼ਨਲ ਹਾਈ ਵੇਅ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਮੇਜਰ ਡਿਸਟ੍ਰਿਕਟ ਰੋਡ ਹੈ ਜੀ।

**ਮਾਨਯੋਗ ਸਪੀਕਰ** : ਇਹ ਸਟਰੈਟਜਿਕ ਰੋਡ ਹੈ ਰੋਪੜ ਤੋਂ ਜੰਮੂ ਤੱਕ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਜੇ ਤਾਂ ਇਹ ਨੈਸ਼ਨਲ ਹਾਈ ਵੇਅ ਹੈ ਫਿਰ ਤਾਂ ਇਨ੍ਹਾਂ ਦਾ ਜਵਾਬ ਠੀਕ ਹੈ ਕਿ ਸੈਂਟਰ ਤੋਂ ਫੰਡਜ਼ ਆਉਣਗੇ ..........

**ਮਾਨਯੋਗ ਸਪੀਕਰ** : ਇਹ ਕਹਿੰਦੇ ਹਨ ਕਿ ਫੰਡਜ਼ ਆਉਣੇ ਹਨ।

**ਮੰਤਰੀ** : ਅਸੀਂ ਗੜ੍ਹਸ਼ੰਕਰ ਤੋਂ ਨਵਾਂ ਸ਼ਹਿਰ ਤੱਕ ਜਿਹੜੀ ਸੜਕ ਹੈ ਉਸਦੀ ਗੱਲ ਕਰ ਰਹੇ ਹਾਂ, ਇਹ ਮੇਜਰ ਡਿਸਟ੍ਰਿਕਟ ਰੋਡ ਹੈ।

**ਸ਼੍ਰੀ ਤਿਕਸ਼ਨ ਸੂਦ** : ਕੀ ਇਹ ਪਲਾਨ ਰੋਡ ਸਟੇਟ ਹਾਈ ਵੇਅ ਹੈ ? ਜੇਕਰ ਇਹ ਨੈਸ਼ਨਲ ਹਾਈ ਵੇਅ ਹੈ ਫਿਰ ਤਾਂ ਠੀਕ ਹੈ।

**ਮੰਤਰੀ** : ਸਪੀਕਰ ਸਾਹਿਬ, ਸਾਨੂੰ ਸੀ.ਆਰ.ਐਫ. ਦੇ ਫੰਡਜ਼ ਵੀ ਉਥੋਂ ਹੀ ਮਿਲਦੇ ਹਨ। ਸੀ.ਆਰ.ਐਫ. ਦੀ ਸਕੀਮ ਵਿੱਚ ਇਹ ਕੀਤਾ ਜਾ ਰਿਹਾ ਹੈ। ਕੁਝ ਦਿਨ ਪਹਿਲਾਂ ਸਾਨੂੰ ਇਹ ਫੰਡਜ਼ ਹੁਣ ਆ ਚੁੱਕੇ ਹਨ। ਇਹ ਵੀ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ। ਅਸੀਂ ਜਲਦੀ ਹੀ, ਮਈ ਤੱਕ, ਬਾਕੀ ਰਹਿੰਦੇ ਕਿਲੋਮੀਟਰ ਵੀ ਤਿਆਰ ਕਰ ਦਿਆਂਗੇ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਹ ਆਨੰਦਪੁਰ ਸਾਹਿਬ ਵਾਲੀ ਸੜਕ ਬਾਰੇ ਵੀ ਦੱਸ ਦੇਣ ਕਿਉਂਕਿ ਉਹ ਵੀ ਬੜੀ ਇੰਪਾਰਟੈਂਟ ਸੜਕ ਹੈ। ਮੰਤਰੀ ਜੀ ਨੇ 'ਨਹੀਂ' ਵਿੱਚ ਜਵਾਬ ਦੇ ਦਿੱਤਾ ਹੈ।

**ਮਾਨਯੋਗ ਸਪੀਕਰ** : ਪੁੱਛੋ, ਸਵਾਲ ਪੁੱਛੋ।

**ਸ਼੍ਰੀ ਤਿਕਸ਼ਨ ਸੂਦ** : ਗੜ੍ਹਸ਼ੰਕਰ-ਆਨੰਦਪੁਰ ਸਾਹਿਬ ਵਾਲੀ ਸੜਕ ਬਾਰੇ ਇਨ੍ਹਾਂ ਨੇ ਕਹਿ ਦਿੱਤਾ ਕਿ ਅਜੇ ਕੋਈ ਤਜਵੀਜ਼ ਨਹੀਂ ਹੈ। ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਰੋਡ ਦੀ ਹਾਲਤ ਬਹੁਤ ਮਾੜੀ ਹੈ, ਲੇਕਿਨ ਇਹ ਸੜਕ ਬੜੀ ਇੰਪਾਰਟੈਂਟ ਹੈ, ਇਹ ਇਸਦੇ ਬਾਰੇ ਦੱਸ ਦੇਣ ਕਿ ਕਦੋਂ ਤੱਕ ਇਹ ਠੀਕ ਕਰਵਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਠੀਕ ਹੈ ਕਿ ਇਹ ਸੜਕ ਇੰਪਾਰਟੈਂਟ ਹੈ। 300 ਸਾਲਾ ਜੋ ਆਨੰਦਪੁਰ ਸਾਹਿਬ ਵਿਖੇ ਮਨਾਇਆ ਗਿਆ ਸੀ ਉਦੋਂ ਇਹ ਠੀਕ ਹੋਈ ਸੀ। ਹੁਣ ਇਹ ਬਿਲਕੁਲ ਡਿਊ ਹੈ। ਅਸੀਂ ਕਿਸੇ ਨਾ ਕਿਸੇ ਤਜਵੀਜ਼ ਵਿੱਚ ਜ਼ਰੂਰ ਇਸ ਨੂੰ ਪਾਵਾਂਗੇ ਕਿਉਂਕਿ ਇਹ ਕਾਫੀ ਇੰਪਾਰਟੈਂਟ ਰੋਡ ਹੈ ਔਰ ਇਸ ਤੇ ਕਾਫੀ ਟਰੈਫਿਕ ਵੀ ਰਹਿੰਦਾ ਹੈ। ਇਸ ਵਕਤ ਸਾਡੇ ਕੋਲ ਪੈਸਾ ਨਹੀਂ ਹੈ। ਮੈਂ ਯਕੀਨ ਦਿਵਾਉਂਦਾ ਹਾਂ ਕਿ ਕੋਈ ਇੰਤਜ਼ਾਮ ਕਰਕੇ ਅਸੀਂ ਇਹ ਜਲਦੀ ਠੀਕ ਕਰਵਾ ਸਕਾਂਗੇ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਇਨ੍ਹਾਂ ਨੇ ਫਰਮਾਇਆ ਹੈ ਕਿ ਸਾਨੂੰ ਸੈਂਟਰ ਤੋਂ ਹੁਣ ਫੰਡਜ਼ ਆ ਚੁੱਕੇ ਹਨ, ਮੈਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਪੰਜਾਬ ਸਟੇਟ ਗੌਰਮਿੰਟ ਦੇ ਫੰਡਜ਼ ਹਨ, ਕੀ ਇਹ ਉਨ੍ਹਾਂ ਨੂੰ ਇਸ ਵਾਸਤੇ ਖਰਚ ਕਰਕੇ ਇਸ ਨੂੰ ਠੀਕ ਨਹੀਂ ਕਰ ਸਕਦੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਟੇਟ ਦੀ ਜਿਹੜੀ ਫਾਇਨੈਂਸ਼ੀਅਲ ਹਾਲਤ ਹੈ ਉਹ ਸਾਨੂੰ ਸਾਰਿਆਂ ਨੂੰ ਪਤਾ ਹੈ। ਕੱਲ੍ਹ ਹੀ ਅਸੀਂ ਆਪਣੇ ਚੀਫ ਮਨਿਸਟਰ ਸਾਹਿਬ ਦੀ ਪ੍ਰਧਾਨਗੀ ਹੇਠ ਸੜਕਾਂ ਬਾਰੇ ਇਕ ਮੀਟਿੰਗ ਬੁਲਾਈ ਸੀ। ਇਸ ਕਮੇਟੀ ਦੀ ਮੀਟਿੰਗ ਹੋਈ ਹੈ। ਅੱਜ ਫਿਰ ਇਹ ਮੀਟਿੰਗ ਹੋ ਰਹੀ ਹੈ। ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਸ ਕਿਸਮ ਦੇ ਜਿਹੜੇ ਸਟੇਟ ਹਾਈਵੇਜ਼ ਹਨ, ਜਿਹੜੇ ਇੰਪਾਰਟੈਂਟ ਹਨ, ਜਿਨ੍ਹਾਂ ਦੇ ਫੰਡਜ਼ ਸਟੇਟ ਵੱਲੋਂ ਹੀ ਅਵੇਲੇਬਲ ਹੁੰਦੇ ਹਨ, ਅਸੀਂ ਕੋਈ ਨਾ ਕੋਈ ਹੱਲ ਲੱਭ ਰਹੇ ਹਾਂ, ਪੀ.ਆਈ.ਡੀ.ਬੀ. ਕੋਲੋਂ ਜਾਂ ਕਿਸੇ ਹੋਰ ਰਿਸੋਰਸਿਜ਼ ਤੋਂ ਇਹ ਜਿਹੜੀਆਂ ਸੜਕਾਂ ਹਨ ਇਨ੍ਹਾਂ ਨੂੰ ਜਲਦੀ ਤੋਂ ਜਲਦੀ ਠੀਕ ਕਰਵਾਇਆ ਜਾਵੇਗਾ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਜਿੰਨੇ ਵੀ ਸਾਡੇ ਸਟੇਟ ਰੋਡਜ਼ ਦੇ ਬਾਰੇ ਇਸ ਸਦਨ ਵਿੱਚ ਸਵਾਲ ਹੋਏ ਹਨ, ਮੰਤਰੀ ਜੀ ਜਵਾਬ ਦੇ ਰਹੇ ਹਨ ਕਿ ਜੀ ਕੇਂਦਰ ਸਰਕਾਰ ਕੋਲੋਂ ਪੈਸੇ ਆਉਣਗੇ ਫਿਰ ਕਰਵਾਵਾਂਗੇ। ਕੀ ਸਟੇਟ ਗੌਰਮਿੰਟ, ਪੰਜਾਬ ਦੀ ਸਰਕਾਰ ਆਪਣੀ ਇਹ ਰਿਸਪਾਂਸੇਬਿਲਟੀ ਕੇਂਦਰ ਸਰਕਾਰ ਤੇ abrogate ਕਰਨਾ ਚਾਹੁੰਦੀ ਹੈ ?

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਕੱਲ੍ਹ ਮੀਟਿੰਗ ਹੋਈ ਹੈ ਅਤੇ ਅਸੀਂ ਵਿਚਾਰ ਕਰਾਂਗੇ ਕਿ ਕਿਥੋਂ ਪੈਸਾ ਅਰੇਂਜ ਕਰਨਾ ਹੈ। ਸਪੀਕਰ ਸਾਹਿਬ, ਇਸ ਸਦਨ ਵਿਚ ਅਗਲੇ ਸਾਲ ਦੀ ਪਲਾਨ ਪੇਸ਼ ਕਰ ਦਿੱਤੀ ਗਈ ਹੈ ਅਤੇ ਅਗਲੇ ਸਾਲ ਦੀ ਪੀ.ਡਬਲਯੂ.ਡੀ. ਦੀ ਐਲੋਕੇਸ਼ਨ ਵੀ ਹੋਈ ਹੈ . . . .

**ਮਾਨਯੋਗ ਸਪੀਕਰ** : ਤੁਸੀਂ ਸਪੀਚ ਨਾ ਕਰੋ। ਸਵਾਲ ਕਰੋ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਸਵਾਲ ਪੁੱਛਣ ਵਾਸਤੇ ਰੈਲੇਵੈਂਸੀ ਤਾਂ ਬਣਾਉਣੀ ਹੀ ਪੈਂਦੀ ਹੈ।

**ਮਾਨਯੋਗ ਸਪੀਕਰ** : ਕਿੰਨੀ ਕੁ ਰੈਲੇਵੈਂਸੀ ਬਣਾਓਗੇ ?

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਤੁਸੀਂ ਸਾਨੂੰ ਆਪੋਜੀਸ਼ਨ ਵਾਲਿਆਂ ਨੂੰ ਦਬਾਉਣ ਦੀ ਕੋਸ਼ਿਸ਼ ਕਰਦੇ ਹੋ . . .

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਤੁਸੀਂ ਹਰ ਰੋਜ਼ ਹੀ ਕੁਐਸਚਨ ਆਵਰ ਨੂੰ 15-20 ਮਿੰਟ ਵਿਚ ਖਤਮ ਕਰ ਦਿੰਦੇ ਹੋ ਅਤੇ ਤੁਸੀਂ ਆਪੋਜੀਸ਼ਨ ਵਾਲਿਆਂ ਨੂੰ ਸਵਾਲ ਪੁੱਛਣ ਲਈ ਟਾਈਮ ਹੀ ਨਹੀਂ ਦਿੰਦੇ। ਮੈਂ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਪਲਾਨ ਬਣ ਗਈ ਹੈ, ਬਜਟ ਵੀ ਆ ਗਿਆ ਹੈ। ਕੀ ਮੰਤਰੀ ਜੀ ਦੱਸਣਗੇ ਕਿ ਪਲਾਨ ਦੇ ਵਿਚ ਕਿਹੜੀਆਂ-ਕਿਹੜੀਆਂ ਸੜਕਾਂ ਆਉਂਦੀਆਂ ਹਨ ? ਕੀ ਆਨੰਦਪੁਰ ਸਾਹਿਬ-ਗੜ੍ਹਸ਼ੰਕਰ ਅਤੇ ਨਵਾਂਸ਼ਹਿਰ-ਗੜ੍ਹਸ਼ੰਕਰ ਰੋਡ ਇਸੇ ਸਾਲ ਦੀ ਪਲਾਨ ਵਿਚ ਬਣਾਉਣਗੇ ਜਾਂ ਨਹੀਂ ?

Original with;
Punjab Vidhan Sabha
Digitized by;

**ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਜਿੰਨੀ ਇਨ੍ਹਾਂ ਨੂੰ ਚਿੰਤਾ ਹੈ, ਉਸ ਨਾਲੋਂ ਜ਼ਿਆਦਾ ਚਿੰਤਾ ਸਾਨੂੰ ਹੈ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਂ ਕਦੇ ਵੀ ਇਹ ਗੱਲ ਨਹੀਂ ਕਹੀ ਕਿ ਸਟੇਟ ਰੋਡ ਵਾਸਤੇ ਸੈਂਟਰ ਤੋਂ ਪੈਸੇ ਆਉਣਗੇ। ਮੈਂ ਤਾਂ ਕੇਵਲ ਨੈਸ਼ਨਲ ਹਾਈਵੇ ਦੀ ਗੱਲ ਹੀ ਕੀਤੀ ਹੈ ਕਿ ਉਸ ਦੇ ਪੈਸੇ ਸੈਂਟਰ ਸਰਕਾਰ ਕੋਲੋਂ ਆਉਣੇ ਹਨ। ਮੇਰੇ ਕੋਲ ਆਹ ਕਾਗਜ਼ ਹਨ। 18 ਐਸਟੀਮੇਟ ਬਣਾਏ ਹੋਏ ਹਨ। ਜਿਹੜੀਆਂ ਸਟੇਟ ਹਾਈਵੇਜ਼ ਹਨ, ਉਨ੍ਹਾਂ ਬਾਰੇ ਸਰਕਾਰ ਵੱਲੋਂ ਜ਼ਰੂਰ ਹੱਲ ਕਢਿਆ ਜਾਵੇਗਾ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਕੀ ਮੈਂ ਮੰਤਰੀ ਜੀ ਨੂੰ ਪੁੱਛ ਸਕਦਾ ਹਾਂ ਕਿ ਪਿਛਲੇ ਇਕ ਸਾਲ ਦੇ ਵਿਚ ਇਹ ਸੜਕਾਂ ਮੁਰੰਮਤ ਕਿਉਂ ਨਹੀਂ ਕਰਵਾਈਆਂ ਗਈਆਂ ?

**ਮੰਤਰੀ** : ਸਪੀਕਰ ਸਾਹਿਬ, ਜਵਾਬ ਤਾਂ ਇਨ੍ਹਾਂ ਨੂੰ ਪਤਾ ਹੀ ਹੈ। ਜਦੋਂ ਇਹ ਸਾਡੇ ਵਾਸਤੇ ਕੁਝ ਛੱਡ ਕੇ ਹੀ ਨਹੀਂ ਗਏ ਸਨ ਤਾਂ ਫਿਰ ਮੁਰੰਮਤ ਕਿਵੇਂ ਕਰ ਸਕਦੇ ਸੀ। ਅਜੇ ਤਾਂ ਪੂਰੀ ਤਰ੍ਹਾਂ ਤੁਹਾਡੀ ਮੁਰੰਮਤ ਨਹੀਂ ਹੋ ਸਕੀ (ਹਾਸਾ) ਸੜਕਾਂ ਦੀ ਤਾਂ ਕੀ ਹੋਣੀ ਸੀ।

**ਮਾਨਯੋਗ ਸਪੀਕਰ** : ਹਾਂ ਜੀ, ਸ਼੍ਰੀ ਅਵਿਨਾਸ਼ ਰਾਏ ਖੰਨਾ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ।

**ਮਾਨਯੋਗ ਸਪੀਕਰ** : ਮੈਂ ਹੁਣ ਸ਼੍ਰੀ ਅਵਿਨਾਸ਼ ਰਾਏ ਖੰਨਾ ਨੂੰ ਸਪਲੀਮੈਂਟਰੀ ਵਾਸਤੇ ਕਹਿ ਚੁੱਕਾ ਹਾਂ। ਤੁਸੀਂ ਬਾਅਦ ਵਿਚ ਪੁੱਛ ਲੈਣਾ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਤੁਸੀਂ ਆਪੋਜੀਸ਼ਨ ਵਾਲਿਆਂ ਨੂੰ ਪੂਰਾ ਸਮਾਂ ਦਿਆ ਕਰੋ ਤਾਂ ਜੋ ਅਸੀਂ ਸਵਾਲ ਪੁੱਛ ਸਕੀਏ।

**ਮਾਨਯੋਗ ਸਪੀਕਰ** : ਤੁਸੀਂ ਬਾਅਦ ਵਿਚ ਪੁੱਛ ਲੈਣਾ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਇਨ੍ਹਾਂ ਦੋਨਾਂ ਸੜਕਾਂ ਦੀ ਹਾਲਤ ਇਤਨੀ ਮਾੜੀ ਹੋ ਗਈ ਹੈ ਕਿ ਜਦੋਂ ਕੋਈ ਮਰੀਜ਼ ਨੂੰ ਲੈ ਕੇ ਇਨ੍ਹਾਂ ਸੜਕਾਂ ਤੋਂ ਜਾਂਦਾ ਹੈ ਤਾਂ ਉਸ ਨੂੰ ਉਸ ਬਿਮਾਰੀ ਦੀ ਥਾਂ ਝਟਕਿਆਂ ਨਾਲ ਪਤਾ ਨਹੀਂ ਕੋਈ ਹੋਰ ਬਿਮਾਰੀ ਕਿਹੜੀ ਲਗ ਜਾਂਦੀ ਹੈ। (ਅਵਾਜ਼ਾਂ: ਚਲੋ, ਪਹਿਲੀ ਬਿਮਾਰੀ ਤਾਂ ਠੀਕ ਹੋ ਜਾਂਦੀ ਹੈ।) ਕੀ ਮੰਤਰੀ ਜੀ ਇਨ੍ਹਾਂ ਸੜਕਾਂ ਦੀ ਮੁਰੰਮਤ ਨੂੰ ਟਾਈਮ-ਬਾਊਂਡ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਜਵਾਬ ਦੇ ਚੁੱਕਾ ਹਾਂ। ਸਾਨੂੰ ਤਾਂ ਅਜੇ ਸਰਕਾਰ ਸੰਭਾਲੇ ਨੂੰ ਇਕ ਸਾਲ ਹੀ ਹੋਇਆ ਹੈ। ਪਿਛਲੇ 4 ਸਾਲਾਂ ਦੇ ਵਿਚ ਇਨ੍ਹਾਂ ਨੇ ਕੀ ਕੰਮ ਕੀਤਾ ਹੈ। ਜੇਕਰ ਇਨ੍ਹਾਂ ਨੂੰ ਇਸ ਤਰ੍ਹਾਂ ਹੀ ਬਿਮਾਰੀਆਂ ਲਗਾਉਣ ਦਾ ਸ਼ੌਕ ਹੈ ਤਾਂ ਇਸ ਦਾ ਹੱਲ ਵੀ ਇਹ ਆਪ ਹੀ ਲੱਭ ਲੈਣ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੇਰੇ ਸਵਾਲ ਦੇ ਜਵਾਬ ਵਿਚ ਮੰਤਰੀ ਜੀ ਨੇ ਆਖਿਆ ਹੈ ਕਿ ਜੇ ਕੋਈ ਪੈਸਾ ਛੱਡਿਆ ਹੁੰਦਾ ਤਾਂ ਅਸੀਂ ਬਣਾਉਂਦੇ। ਕੀ ਮੰਤਰੀ ਜੀ ਇਹ ਸਵੀਕਾਰ ਕਰਨਗੇ ਕਿ ਪਿਛਲੇ ਇਕ ਸਾਲ ਵਿਚ ਵਿਕਾਸ ਅਤੇ ਖਾਸ ਕਰਕੇ ਇਨ੍ਹਾਂ ਸੜਕਾਂ ਦੀ ਮੁਰੰਮਤ ਵਾਸਤੇ ਫੰਡ ਜੁਟਾਉਣ ਵਾਸਤੇ ਸਰਕਾਰ ਫੇਲ੍ਹ ਹੋਈ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਗੱਲ ਇਸ ਤਰ੍ਹਾਂ ਹੈ ਕਿ ਤੁਸੀਂ ਵੀ ਚੰਗੀ ਤਰ੍ਹਾਂ ਜਾਣਦੇ ਹੋ, ਇਹ ਵੀ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਸਾਰੇ ਪੰਜਾਬ ਦੇ ਲੋਕ ਵੀ ਚੰਗੀ ਤਰ੍ਹਾਂ ਜਾਣਦੇ ਹਨ। ਇਨ੍ਹਾਂ ਨੇ ਹਾਲਾਤ ਹੀ ਇਸ ਤਰ੍ਹਾਂ ਦੇ ਬਣਾ ਦਿੱਤੇ ਸਨ। ਹੁਣ ਤੁਸੀਂ ਦੱਸੋ ਕਿ ਅਸੀਂ ਕਿਥੋਂ ਪੈਸੇ ਲਿਆਉਂਦੇ। ਮੰਡੀ ਬੋਰਡ ਤਾਂ ਇਨ੍ਹਾਂ ਨੇ 10 ਸਾਲ ਵਾਸਤੇ ਗਹਿਣੇ ਰੱਖ ਦਿੱਤਾ ਹੈ। ਜੇਕਰ ਇਨ੍ਹਾਂ ਦੇ ਕੋਲ ਕੋਈ ਸੁਝਾਓ ਹੈ। ਇਹ ਵੀ ਪਿਛੇ ਵਿੱਤ ਮੰਤਰੀ ਰਹੇ ਹਨ, ਤਾਂ ਸਾਨੂੰ ਦੱਸ ਦੇਣ।

**ਮਾਨਯੋਗ ਸਪੀਕਰ** : ਉਹ ਆਪਣੀ ਰਾਇ ਹੀ ਦੇਣ ਲੱਗੇ ਹਨ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਸਾਡੇ ਉਤੇ ਤਾਂ ਤੁਹਾਡੇ ਵਲੋਂ ਕਾਫੀ ਸਖਤੀ ਹੁੰਦੀ ਹੈ ਲੇਕਿਨ ਮੰਤਰੀ ਜੀ ਜਵਾਬ ਦੇਣ ਤੋਂ ਮੁਨਕਰ ਹੁੰਦੇ ਹਨ। ਮੇਰੇ ਸਵਾਲ ਦਾ ਜਵਾਬ ਨਹੀਂ ਆਇਆ ਜਿਸ ਦਾ ਮੈਂ ਪੁੱਛ ਰਿਹਾ ਹਾਂ। ਚਾਹੇ ਭਾਰਤ ਸਰਕਾਰ ਹੈ, ਚਾਹੇ ਇਨ੍ਹਾਂ ਦੀ ਸਰਕਾਰ ਹੈ ਜਦੋਂ ਦੀ ਇਨ੍ਹਾਂ ਦੀ ਸਰਕਾਰ ਨੇ ਵਾਗਡੋਰ ਸੰਭਾਲੀ ਹੈ, ਪੈਸੇ ਜੁਟਾਉਣੇ ਇਨ੍ਹਾਂ ਦੀ ਜ਼ਿੰਮੇਵਾਰੀ ਹੈ। ਕੀ ਇਹ ਪੈਸੇ ਜੁਟਾ ਸਕੇ ਹਨ ਜਾਂ ਨਹੀਂ, ਮੈਨੂੰ ਸਪਸ਼ਟ ਜਵਾਬ ਮਿਲਣਾ ਚਾਹੀਦਾ ਹੈ ਜੀ।

**ਮੰਤਰੀ** : ਸਰ, ਮੈਂ ਅੱਗੇ ਵੀ ਗੁਜਾਰਿਸ਼ ਕੀਤੀ ਸੀ ਕਿ ਸਟੇਟ ਦੀ ਮਾੜੀ ਹਾਲਤ ਸਾਡੇ ਤੋਂ ਪਹਿਲਾਂ ਦੀ ਹੀ ਹੈ। ਸਾਡੇ ਪੰਜਾਬ ਸਰਕਾਰ ਦੇ ਇਮਪਲਾਈਜ਼ ਵੀ ਹਨ, ਉਨ੍ਹਾਂ ਦੀਆਂ ਤਨਖਾਹਾਂ ਦੇਣੀਆਂ ਹੁੰਦੀਆਂ ਹਨ। ਇਸ ਸਾਲ ਨੂੰ ਅਸੀਂ ਡਿਵੈਲਪਮੈਂਟ ਦਾ ਸਾਲ ਘੋਸ਼ਿਤ ਕੀਤਾ ਹੈ, ਅਸੀਂ ਇਹ ਜ਼ਰੂਰ ਕਰਾਂਗੇ ਜੀ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੰਤਰੀ ਸਾਹਿਬ ਅਤੇ ਹੋਰ ਸਾਰੇ ਹਰ ਗੱਲ ਤੇ ਕਹਿ ਦਿੰਦੇ ਹਨ ਕਿ ਮਾਮਲਾ ਸੈਂਟਰ ਸਰਕਾਰ ਨੂੰ ਭੇਜਿਆ ਹੋਇਆ ਹੈ ਅਤੇ ਸਾਨੂੰ ਕਹਿੰਦੇ ਹਨ ਕਿ ਤੁਸੀਂ ਜਾ ਕੇ ਉਥੋਂ ਪਾਸ ਕਰਵਾ ਲਓ। ਮੈਂ ਪੰਜਾਬ ਸਰਕਾਰ ਦੀ ਹਰ ਤਰ੍ਹਾਂ ਨਾਲ ਮੱਦਦ ਕਰਨੀ ਚਾਹੁੰਦਾ ਹਾਂ। ਕੀ ਮੰਤਰੀ ਸਾਹਿਬ, ਜਿਹੜੇ ਸਰਕਾਰ ਵਲੋਂ ਕੇਸ ਕੇਂਦਰ ਸਰਕਾਰ ਨੂੰ ਭੇਜੇ ਗਏ ਹਨ, ਉਨ੍ਹਾਂ ਦੀ ਲਿਸਟ ਮੈਨੂੰ ਸਪਲਾਈ ਕਰਨਗੇ ਤਾਂ ਕਿ ਮੈਂ ਆਪਣੇ ਵਲੋਂ ਮੱਦਦ ਕਰ ਸਕਾਂ ?

**ਮੰਤਰੀ** : ਮੈਂ ਹੁਣੇ ਭੇਜ ਦਿੰਦਾ ਹਾਂ ਜੀ।

(ਇਸ ਸਮੇਂ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਜੀ ਵਲੋਂ ਲਿਸਟ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਵਾਚ ਐਂਡ ਵਾਰਡ ਸਟਾਫ ਦੇ ਹੱਥ ਭੇਜੀ ਗਈ)

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ ਮੇਰੇ ਸਵਾਲ ਦਾ ਜਵਾਬ ਨਹੀਂ ਆਇਆ ਜੀ।

**ਮਾਨਯੋਗ ਸਪੀਕਰ** : ਤੁਹਾਡੇ ਸਵਾਲ ਦਾ ਜਵਾਬ ਆ ਚੁੱਕਿਆ ਹੈ। ਅਗਲਾ ਸਵਾਲ।

(ਇਸ ਸਮੇਂ ਸਦਨ ਵਿੱਚ ਸ਼੍ਰੋਮਣੀ ਅਕਾਲੀ ਪਾਰਟੀ ਅਤੇ ਬੀ.ਜੇ.ਪੀ. ਦੇ ਹਾਜ਼ਰ ਮੈਂਬਰ ਸਾਹਿਬਾਨ ਸਦਨ ਵਿੱਚ ਖੜ੍ਹੇ ਸਨ ਅਤੇ ਇਹ ਸਵਾਲ ਪੋਸਟ-ਪੋਨ ਕਰਨ ਲਈ ਮੰਗ ਕਰ ਰਹੇ ਸਨ)

Original with;
Punjab Vidhan Sabha
Digitized by;

**ਮਾਨਯੋਗ ਸਪੀਕਰ** : ਤੁਹਾਡੇ ਸਵਾਲ ਦਾ ਜਵਾਬ ਆ ਚੁੱਕਿਆ ਹੈ। Please don't disturb Question Hour. Take your seats please. I would request you to please take your seats.

(At this stage the Hon'ble Speaker was standing on his legs while requesting the Members of S.A.D. and B.J.P. present in the House to occupy their seats)

*(Interruption)*

**Mr. Speaker :** I cannot allow you. The Minister has replied to the entire satisfaction of the House. You please sit down ਪੰਜ ਸਪਲੀਮੈਂਟਰੀਜ਼ ਹੁੰਦੀਆਂ ਹਨ ਅਤੇ ਤੁਸੀਂ 10 ਕਰ ਚੁੱਕੇ ਹੋ।

---

**ਸਰਦਾਰ ਗੁਰਦਰਸ਼ਨ ਸਿੰਘ ਮਾਰਗ ਦੀ ਮੁਰੰਮਤ**

***549. ਸਰਦਾਰ ਰਣਦੀਪ ਸਿੰਘ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਹਿਬਾਲਪੁਰ ਤੋਂ ਭਵਾਨੀਗੜ੍ਹ ਬਰਾਸਤਾ ਨਾਭਾ ਸਰਦਾਰ ਗੁਰਦਰਸ਼ਨ ਸਿੰਘ ਮਾਰਗ ਦੀ ਹਾਲਤ ਖਸਤਾ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਮੁਰੰਮਤ ਕਰਵਾਉਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ ਅਤੇ ਇਸ ਦੀ ਮੁਰੰਮਤ ਕਦੋਂ ਤਕ ਕਰਵਾਏ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਹਾਂ ਜੀ। ਫੰਡਾਂ ਦੀ ਘਾਟ ਕਾਰਨ ਕੋਈ ਪੱਕੀ ਮਿਤੀ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ।

**ਸਰਦਾਰ ਰਣਦੀਪ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਸੜਕ ਲਗਭਗ 20 ਕਿਲੋਮੀਟਰ ਲੰਮੀ ਅਤੇ ਲਗਭਗ 22 ਫੁੱਟ ਚੌੜੀ ਹੈ। ਇਸ ਸੜਕ ਤੇ 6 ਸਕੂਲ ਪੈਂਦੇ ਹਨ ਅਤੇ ਬੱਚੇ ਜਿਹੜੇ ਸਕੂਲ ਜਾਂਦੇ ਹਨ, ਉਨ੍ਹਾਂ ਵਿਚੋਂ ਤਕਰੀਬਨ ਛੇ ਦੇ ਐਕਸੀਡੈਂਟਸ ਹੋ ਚੁੱਕੇ ਹਨ ਜਿਨ੍ਹਾਂ ਵਿਚੋਂ ਦੋ ਬੱਚਿਆਂ ਨੂੰ ਹੈਡ ਇੰਜਰੀ ਹੋਈ ਹੈ ਅਤੇ ਇਕ ਦੀ ਬਾਂਹ ਟੁੱਟ ਗਈ ਹੈ . . . .

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ, ਲੈਕਚਰ ਨਾ ਕਰੋ।

**ਸਰਦਾਰ ਰਣਦੀਪ ਸਿੰਘ** : ਸਰ, ਮੰਤਰੀ ਜੀ ਨੇ 26 ਸਤੰਬਰ ਨੂੰ ਐਲਾਨ ਕੀਤਾ ਸੀ ਕਿ ਇਸ ਸੜਕ ਨੂੰ ਬਣਾ ਦਿਤਾ ਜਾਵੇਗਾ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸੜਕ ਨੂੰ ਬਣਾਉਣ ਲਈ ਕਿਸੇ ਸਕੀਮ ਵਿੱਚ ਪਾਇਆ ਗਿਆ ਹੈ ਜਾਂ ਨਹੀਂ ?

**ਮਾਨਯੋਗ ਸਪੀਕਰ** : ਹਾਂ ਜੀ ਮੰਤਰੀ ਜੀ, ਕੀ ਇਸ ਸੜਕ ਨੂੰ ਕਿਸੇ ਸਕੀਮ ਵਿੱਚ ਪਾਇਆ ਗਿਆ ਹੈ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਸ ਸੜਕ ਨੂੰ ਇਸ ਸਾਲ ਵਿੱਚ ਕਿਸੇ ਸਕੀਮ ਵਿੱਚ ਪਾ ਦਿੱਤਾ ਜਾਵੇਗਾ ਜੀ।

Original with;
Punjab Vidhan Sabha
Digitized by;
Panjab Digital Library

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਪਿਛਲਾ ਅਤੇ ਇਹ ਦੋਵੇਂ ਸਵਾਲ ਜੁੜੇ ਹੋਏ ਹਨ। ਮੰਤਰੀ ਜੀ ਨੇ ਜਵਾਬ ਦਿੱਤਾ ਕਿ ਕੇਂਦਰ ਸਰਕਾਰ ਕੋਲੋਂ ਜਿਹੜੇ ਪੈਸੇ ਲੈਣੇ ਹਨ, ਸੜਕਾਂ ਨਾਲ ਸਬੰਧਤ ਲਿਸਟ ਜਿਹੜੀ ਹੈ ਅਸੀਂ ਬਾਦਲ ਸਾਹਿਬ ਨੂੰ ਦੇ ਦੇਵਾਂਗੇ ਅਤੇ ਉਹ ਪੈਸੇ ਲੈ ਕੇ ਆਉਣ। ਕੀ ਮੰਤਰੀ ਜੀ ਦੱਸਣਗੇ ਕਿ ਸਰਕਾਰ ਦੀ ਜਿਹੜੀ ਜ਼ਿੰਮੇਵਾਰੀ ਹੈ, ਕੀ ਉਹ ਅੱਜ ਸ਼੍ਰੋਮਣੀ ਅਕਾਲੀ ਦਲ ਨਾਲ ਵੰਡਣ ਲਈ ਤਿਆਰ ਹਨ ?

**ਮੰਤਰੀ** : ਸਪੀਕਰ ਸਾਹਿਬ, ਮੇਰੀ ਗੁਜਾਰਿਸ਼ ਹੈ ਔਰ ਮੈਂ ਵਿਸ਼ਵਾਸ ਵੀ ਦਿਵਾਉਂਦਾ ਹਾਂ ਕਿ ਅਸੀਂ ਇਨ੍ਹਾਂ ਦਾ ਸਹਿਯੋਗ, ਇਨ੍ਹਾਂ ਦਾ ਸਾਥ ਲੈਂਦੇ ਰਿਹਾ ਕਰਾਂਗੇ ਕਿਉਂਕਿ ਅਸੀਂ ਪੰਜਾਬ ਦੀ ਲੜਾਈ ਲੜ ਰਹੇ ਹਾਂ, ਕੋਈ ਆਪਣੀ ਲੜਾਈ ਨਹੀਂ ਲੜ ਰਹੇ। ਬਾਦਲ ਸਾਹਿਬ ਨੇ ਲਿਸਟ ਮੰਗੀ ਹੈ, ਇਹ ਉਨ੍ਹਾਂ ਨੂੰ ਪਹੁੰਚਾ ਦਿੱਤੀ ਗਈ ਹੈ। 5-7 ਮਹੀਨਿਆਂ ਤੋਂ ਚੀਫ ਮਨਿਸਟਰ ਸਾਹਿਬ ਖੁਦ ਵੀ ਸੈਂਟਰ ਗੌਰਮਿੰਟ ਕੋਲ ਇਨ੍ਹਾਂ ਸੜਕਾਂ ਵਾਸਤੇ ਜਾ ਚੁੱਕੇ ਹਨ। ਕਿਰਪਾ ਕਰੋ ਤੁਸੀਂ ਵੀ ਮਦਦ ਦਿਓ ਪਰ ਜੇ ਤੁਸੀਂ ਮਦਦ ਨਹੀਂ ਕਰਨੀ ਚਾਹੋਗੇ ਤਾਂ ਵੀ ਅਸੀਂ ਆਪਣੀ ਜੱਦੋ ਜਹਿਦ ਜਾਰੀ ਰੱਖਾਂਗੇ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ। ਅਗਰ ਰਿਸਪਾਂਸੀਬਲ ਮੈਂਬਰ ਆਪਣਾ ਸਹਿਯੋਗ ਦੇਣਾ ਚਾਹੁੰਦੇ ਹਨ ਤਾਂ ਦੇ ਦੇਣ। ਕੰਮ ਤਾਂ ਇਹ ਸਾਡਾ ਹੀ ਹੈ ਪਰ ਅਸੀਂ ਤੁਹਾਡੇ ਗੁੱਡ ਆਫਿਸ ਇਸਤੇਮਾਲ ਕਰ ਰਹੇ ਹਾਂ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਦੋਂ ਵੀ ਮੰਤਰੀ ਜੀ ਤੋਂ ਸਵਾਲ ਪੁੱਛਿਆ ਜਾਂਦਾ ਹੈ, ਇਹ ਉਸ ਦਾ ਜਵਾਬ ਨਹੀਂ ਦਿੰਦੇ ਸਗੋਂ ਲੈਕਚਰ ਦੇਣ ਲੱਗ ਜਾਂਦੇ ਹਨ। ਸਪੀਕਰ ਸਾਹਿਬ, ਫਿਰ ਵੀ ਮੇਰਾ ਇਹ ਹੀ ਸਵਾਲ ਹੈ ਕਿ ਜਿਹੜੀ ਇਹ ਰਿਸਪਾਂਸੀਬਿਲਟੀ ਦੀ ਗੱਲ ਕਰ ਰਹੇ ਹਨ, ਕੀ ਇਹ ਸਰਕਾਰ ਦੀ ਜ਼ੁੰਮੇਵਾਰੀ ਸਾਡੇ ਨਾਲ ਵੰਡਣ ਨੂੰ ਤਿਆਰ ਹਨ ? ਇਹ ਮੇਰਾ ਸਪੈਸੀਫਿਕ ਕੁਐਸਚਨ ਹੈ।

**ਮੰਤਰੀ** : ਸਰ, ਇਨ੍ਹਾਂ ਨੇ ਬਿਲਕੁਲ ਪੁਲੀਟੀਕਲ ਸਵਾਲ ਬਣਾ ਦਿੱਤਾ ਹੈ। ਪੁਲੀਟੀਕਲ ਸਵਾਲ ਦਾ ਤਾਂ ਮੈਂ ਇਹੀ ਜਵਾਬ ਦੇਣਾ ਚਾਹੁੰਦਾ ਹਾਂ ਕਿ ਅਗਰ ਰਿਸਪਾਂਸੀਬਲ ਆਪੋਜ਼ੀਸ਼ਨ ਦੀ ਤਰ੍ਹਾਂ ਤੁਸੀਂ ਸਾਡੀ ਮਦਦ ਕਰੋਗੇ ਤਾਂ ਇਹ ਕੋਈ ਸੂਬੇ ਤੇ ਅਹਿਸਾਨ ਨਹੀਂ ਹੋਵੇਗਾ। ਜੇ ਸਰਕਾਰ ਦੀ ਮਦਦ ਕਰੋਗੇ ਤਾਂ ਕੁਝ ਸੌਰ ਜਾਵੇਗਾ ਪਰ ਜੇ ਤੁਸੀਂ ਮਦਦ ਨਹੀਂ ਦੇਣਾ ਚਾਹੁੰਦੇ ਤਾਂ ਨਾ ਦਿਓ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਜਿਹੜੀ ਇਹ ਜ਼ਿੰਮੇਵਾਰੀ ਵੰਡਣ ਦੀ ਗੱਲ ਕੀਤੀ ਜਾ ਰਹੀ ਹੈ, ਨੈਸ਼ਨਲ ਹਾਈਵੇਜ਼ ਤਾਂ ਚਲੋ ਵੰਡ ਲਵਾਂਗੇ ਪਰ ਜਿਹੜੀਆਂ ਸਟੇਟ ਹਾਈਵੇਜ਼ ਹਨ, ਉਨ੍ਹਾਂ ਨੂੰ ਬਣਾਉਣ ਜਾਂ ਠੀਕ ਕਰਵਾਉਣ ਦੀ ਕੀ ਇਹ ਆਪ ਜ਼ਿੰਮੇਵਾਰੀ ਲੈਣਗੇ ?

**ਮਾਨਯੋਗ ਸਪੀਕਰ** : ਉਨ੍ਹਾਂ ਨੇ ਜ਼ਿੰਮੇਵਾਰੀ ਲਈ ਹੋਈ ਹੈ।

**ਮੰਤਰੀ** : ਸਪੀਕਰ ਸਾਹਿਬ, ਰਿਸਪਾਂਸੀਬਿਲਟੀ ਅਸੀਂ ਇਨ੍ਹਾਂ ਤੇ ਥੋੜ੍ਹੀ ਛੱਡ ਦੇਣੀ ਹੈ। ਇਹ ਕੰਮ ਅਸੀਂ ਆਪ ਕਰਾਂਗੇ।

---

Original with;
Punjab Vidhan Sabha
Digitized by:

**ਮਲੀਨ ਧੰਦੇ ਕਰਨ ਵਾਲੇ ਵਿਅਕਤੀਆਂ ਦੇ ਬੱਚਿਆਂ ਨੂੰ ਪ੍ਰੀ-ਮੈਟ੍ਰਿਕ ਵਜ਼ੀਫੇ**

***486. (1) ਸ਼੍ਰੀ ਤਰਲੋਚਨ ਸਿੰਘ
(2) ਸ਼੍ਰੀ ਨੱਥੂ ਰਾਮ** } : ਕੀ ਸਮਾਜਿਕ ਸੁਰੱਖਿਆ ਅਤੇ

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਮਲੀਨ ਧੰਦੇ ਕਰਨ ਵਾਲੇ ਵਿਅਕਤੀਆਂ ਦੇ ਸਕੂਲਾਂ ਵਿਚ ਪੜ੍ਹ ਰਹੇ ਬੱਚਿਆਂ ਨੂੰ ਪ੍ਰੀ-ਮੈਟ੍ਰਿਕ ਵਜ਼ੀਫਾ ਦੇਣ ਲਈ ਸਾਲਾਂ 2000-01, 2001-02 ਅਤੇ 2002-03 ਲਈ ਕੇਂਦਰੀ ਸਰਕਾਰ ਤੋਂ ਸਾਲ-ਵਾਰ ਕਿੰਨੀ-ਕਿੰਨੀ ਰਕਮ ਪ੍ਰਾਪਤ ਹੋਈ; ਅਤੇ

(ਅ) ਕੀ ਉਪਰਕੋਤ ਭਾਗ (ੳ) ਵਿਚ ਵਰਣਿਤ ਰਕਮ ਨੂੰ ਉਕਤ ਮੰਤਵ ਲਈ ਖਰਚ ਕਰ ਲਿਆ ਗਿਆ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਸਦਨ ਦੀ ਮੇਜ਼ ਤੇ ਸਟੇਟਮੈਂਟ ਰੱਖੀ ਜਾਂਦੀ ਹੈ।

**ਸਟੇਟਮੈਂਟ**

(ੳ) ਮਲੀਨ ਧੰਦੇ ਕਰਨ ਵਾਲੇ ਵਿਅਕਤੀਆਂ ਦੇ ਸਕੂਲਾਂ ਵਿਚ ਪੜ੍ਹਣ ਵਾਲੇ ਬੱਚਿਆਂ ਨੂੰ ਪ੍ਰੀ-ਮੈਟ੍ਰਿਕ ਵਜ਼ੀਫਾ ਦੇਣ ਲਈ ਸਾਲਾਂ 2000-2001, 2001-2002 ਅਤੇ 2002-2003 ਦੌਰਾਨ ਕੇਂਦਰੀ ਸਰਕਾਰ ਤੋਂ ਸਾਲ-ਵਾਰ ਪ੍ਰਾਪਤ ਹੋਈ ਰਕਮ ਦਾ ਵੇਰਵਾ ਹੇਠ ਅਨੁਸਾਰ ਹੈ :—

**(ਰਕਮ ਲੱਖਾਂ ਵਿੱਚ)**

| ਸਾਲ | ਕੇਂਦਰ ਸਰਕਾਰ ਤੋਂ ਪ੍ਰਾਪਤ ਹੋਈ ਰਕਮ |
|---|---|
| 2000-01 | - |
| 2001-02 | - |
| 2002-03 | 25.28 |

(ਅ) ਵਰਤੀ ਗਈ ਰਾਸ਼ੀ/ਖਰਚੇ ਦਾ ਸਾਲ-ਵਾਰ ਵੇਰਵਾ

**(ਰਕਮ ਲੱਖਾਂ ਵਿੱਚ)**

| ਸਾਲ | ਵਰਤੀ ਰਾਸ਼ੀ/ਖਰਚਾ | ਵਿਸ਼ੇਸ਼ ਕਥਨ |
|---|---|---|
| 2000-01 | - | ਕੋਈ ਰਕਮ ਰਲੀਜ਼ ਨਹੀਂ ਹੋਈ। |
| 2001-02 | - | ਕੋਈ ਰਕਮ ਰਲੀਜ਼ ਨਹੀਂ ਹੋਈ। |
| 2002-03 | 25.28 | - |

Original with;
Punjab Vidhan Sabha
Digitized by;
Panjab Digital Library

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮਲੀਨ ਧੰਦਾ ਕਰਨ ਵਾਲਿਆਂ ਦੀ ਡੈਫੀਨੇਸ਼ਨ ਕੀ ਹੈ ? ਮਲੀਨ ਧੰਦਾ ਕਰਨ ਵਾਲੇ ਕਿਹੜੇ-ਕਿਹੜੇ ਵਿਅਕਤੀ ਹਨ ?

**ਮੰਤਰੀ** : ਸਪੀਕਰ ਸਾਹਿਬ, ਇਹ ਕੇਂਦਰ ਪ੍ਰਯੋਜਿਤ ਸਕੀਮ ਹੈ। ਇਸ ਦਾ ਮੁੱਖ ਮੰਤਵ ਸਕਵੈਂਜਰਸ ਆਫ ਲੈਟਰੀਨਜ਼, ਚਮੜਾ ਰੰਗਣ ਵਾਲੇ, ਚਮੜਾ ਲਾਹੁਣ ਵਾਲੇ ਅਤੇ ਸਫਾਈ ਸੇਵਕਾਂ ਦੇ ਬੱਚਿਆਂ ਨੂੰ ਮੈਟ੍ਰਿਕ ਪੱਧਰ ਤੱਕ ਦੀ ਫਰੀ ਪੜ੍ਹਾਈ ਤੇ ਸਕਾਲਰਸ਼ਿਪ ਸਹਾਇਤਾ ਦੇਣਾ ਹੈ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਆਪਾਂ ਸਾਰੇ ਜਾਣਦੇ ਹਾਂ ਕਿ ਇਹ ਕਿਹੋ ਜਿਹਾ ਕੰਮ ਕਰਦੇ ਹਨ। ਇਹ ਸਿਰ ਤੇ ਸਮਾਜ ਦਾ ਗੰਦ ਚੁੱਕਦੇ ਹਨ ਔਰ ਚਮੜੇ ਦਾ ਕੰਮ ਕਰਦੇ ਹਨ। ਮੈਂ ਮੰਤਰੀ ਜੀ ਤੋਂ ਇਹ ਭਰੋਸਾ ਲੈਣਾ ਚਾਹੁੰਦਾ ਹਾਂ ਕਿ ਕੀ ਇਹ ਜਿਹੜਾ ਇਹ ਸਕਾਲਰਸ਼ਿਪ 10 ਮਹੀਨੇ ਵਾਸਤੇ ਦਿੱਤਾ ਜਾਂਦਾ ਹੈ, ਇਸ ਨੂੰ ਵਧਾਕੇ 12 ਮਹੀਨਿਆਂ ਵਾਸਤੇ ਭਾਵ ਪੂਰੇ ਸਾਲ ਲਈ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਤੇ ਸਹਿਮਤੀ ਪ੍ਰਗਟ ਕਰਦਾ ਹਾਂ।

---

## ਪਿੰਡ ਬੱਠਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਰਕਾਰੀ ਹਸਪਤਾਲ ਵਿਚ ਕੰਮ ਕਰ ਰਿਹਾ ਅਮਲਾ

*452. **ਸ਼੍ਰੀ ਅਵਿਨਾਸ਼ ਰਾਏ ਖੰਨਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪਿੰਡ ਬੱਠਲ, ਤਹਿਸੀਲ ਗੜ੍ਹਸ਼ੰਕਰ ਵਿਖੇ ਸਰਕਾਰੀ ਹਸਪਤਾਲ ਵਿਚ ਕੰਮ ਕਰ ਰਹੇ ਅਮਲੇ ਦੀ ਕੁੱਲ ਗਿਣਤੀ ਕਿੰਨੀ ਹੈ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਹਸਪਤਾਲ ਦੇ ਅਮਲੇ ਲਈ ਬਣਾਏ ਗਏ ਮਕਾਨ/ਕੁਆਰਟਰ ਰਿਹਾਇਸ਼ ਲਈ ਯੋਗ ਹਨ ?

**ਸ਼੍ਰੀ ਰਮੇਸ਼ ਚੰਦਰ ਡੋਗਰਾ** : (ੳ) ਪੇਂਡੂ ਹਸਪਤਾਲ, ਬੱਠਲ ਵਿਖੇ 2 ਮੈਡੀਕਲ ਅਫ਼ਸਰ ਅਤੇ 20 ਹੋਰ ਕਰਮਚਾਰੀ ਕੰਮ ਕਰ ਰਹੇ ਹਨ।

(ਅ) ਰੂਰਲ ਹਸਪਤਾਲ, ਬੱਠਲ ਵਿਖੇ ਅਮਲੇ ਲਈ ਬਣਾਏ ਗਏ ਕੁਆਰਟਰ ਮੁਕੰਮਲ ਨਹੀਂ ਹਨ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ ਦੋ ਡਾਕਟਰ ਅਤੇ 20 ਹੋਰ ਸਟਾਫ ਮੈਂਬਰ ਕੰਮ ਕਰ ਰਹੇ ਹਨ। ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਇਹ ਲਿਸਟ ਦੇ ਸਕਦੇ ਹਨ ਕਿ ਕਿਹੜੇ-ਕਿਹੜੇ ਡਾਕਟਰ ਕੰਮ ਕਰਦੇ ਹਨ ਅਤੇ ਕਿਹੜੇ-ਕਿਹੜੇ ਇੰਪਲਾਈ ਕੰਮ ਕਰਦੇ ਹਨ ?

**Minister :** At the moment, I could not give him but I can tell him who are the employees there. Two posts of Medical Officers, 3 Staff Nurses, 1 Nursing Sister, 1 Clerk, 1 Laboratory Technician, 12 class four; 2 posts of Pharmacists in this Hospital are lying vacant.

Original with;
Punjab Vidhan Sabha

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਰ, ਮੇਰਾ ਸਵਾਲ ਸੀ ਕਿ ਕੰਮ ਕਿੰਨੇ ਕਰ ਰਹੇ ਹਨ ? I am not concerned with the posts.

**Minister :** Sir, I said in fact 18 posts are sanctioned and 20 are working there.

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਰ, ਮੈਂ ਤਾਂ ਲਿਸਟ ਮੰਗੀ ਹੈ, ਜਾਂ ਤਾ ਇੱਕ ਕਮੇਟੀ ਬਣਾ ਕੇ ਭੇਜੋ, ਜੋ ਦੇਖ ਲਵੇ। ਮੇਰੀ ਜਾਣਕਾਰੀ ਦੇ ਮੁਤਾਬਿਕ ਇੱਕ ਡਾਕਟਰ ਕੰਮ ਕਰ ਰਿਹਾ ਹੈ ਅਤੇ ਦੋ-ਤਿੰਨ ਹੋਰ ਮੁਲਾਜ਼ਮ ਕੰਮ ਕਰਦੇ ਹਨ। ਮੈਂ ਇਨ੍ਹਾਂ ਤੋਂ ਨਾਮ ਪੁੱਛੇ ਹਨ।

**ਮਾਨਯੋਗ ਸਪੀਕਰ** : ਤੁਸੀਂ ਜੋ ਇਨਫ਼ਰਮੇਸ਼ਨ ਮੰਗੀ ਹੈ, ਉਹ ਇਨ੍ਹਾਂ ਨੇ ਦੇ ਦਿੱਤੀ ਹੈ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਜਿੰਨੇ ਇਨ੍ਹਾਂ ਨੇ ਦੱਸੇ ਹਨ, ਉਨੇ ਕੰਮ ਨਹੀਂ ਕਰ ਰਹੇ।

**ਮਾਨਯੋਗ ਸਪੀਕਰ** : ਉਨ੍ਹਾਂ ਨੇ ਸਵਾਲ ਕੀਤਾ ਹੈ ਕਿ ਐਕਚੁਅਲੀ ਪੋਸਟਾਂ ਤੇ ਕਿੰਨੇ ਕੰਮ ਕਰ ਰਹੇ ਹਨ।

**Minister :** Sir, I have said that there are two posts of Medical Officers, 3 Staff Nurses, 1 Nursing Sister, 1 Clerk, 1 Laboratory Technician, 12 class four, 2 Posts of Pharmacists in this Hospital which are lying vacant and the rest are all filled.

**Mr Speaker :** How many are working ?

**Minister :** Sir, all are working until and unless somebody has been sent on deputation.

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਰ, ਇਹ ਇਨਫ਼ਰਮੇਸ਼ਨ ਬਿਲਕੁਲ ਗਲਤ ਸਪਲਾਈ ਕੀਤੀ ਗਈ ਹੈ। ਤੁਸੀਂ ਅੱਜ ਹਾਊਸ ਦੀ ਕਮੇਟੀ ਬਣਾਓ ਜੋ ਇਸ ਹਸਪਤਾਲ ਦਾ ਦੌਰਾ ਕਰ ਲਵੇ। ਮੈਂ ਕਹਿੰਦਾ ਹਾਂ ਕਿ ਇੱਕ ਡਾਕਟਰ ਹੈ ਔਰ ਤਿੰਨ ਜਾਂ ਚਾਰ ਹੋਰ ਇੰਪਲਾਈ ਉਥੇ ਕੰਮ ਕਰਦੇ ਹਨ।

**ਮਾਨਯੋਗ ਸਪੀਕਰ** : ਆਨਰੇਬਲ ਮੈਂਬਰ ਨੇ ਕੁਝ ਖਦਸ਼ਾ ਜ਼ਾਹਿਰ ਕੀਤਾ ਹੈ। ਤੁਸੀਂ ਐਕਚੁਅਲ ਇਨਫ਼ਰਮੇਸ਼ਨ ਲੈ ਲਓ।

**Minister :** As far as the names he wants, I can supply the list. He can come to my Chamber but as far as persons working there are concerned, we have got 18 posts sanctioned in addition to 2 doctors.

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਰ, ਇਹ ਹਾਊਸ ਵਿੱਚ ਇਨਫ਼ਰਮੇਸ਼ਨ ਦੇ ਦੇਣ, ਚੈਂਬਰ ਵਿੱਚ ਕੀ ਲੈਣੀ ਹੈ।

**ਮਾਨਯੋਗ ਸਪੀਕਰ** : ਐਕਚੁਅਲੀ ਵਰਕਿੰਗ ਦੀ ਲਿਸਟ ਚਾਹੀਦੀ ਹੈ ਕਿ ਕਿਹੜੇ-ਕਿਹੜੇ ਬੰਦੇ ਕੰਮ ਕਰਦੇ ਹਨ। ਤੁਸੀਂ ਇਨ੍ਹਾਂ ਦੇ ਚੈਂਬਰ ਵਿੱਚ ਚਲੇ ਜਾਣਾ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਹਾਊਸ ਵਿੱਚ ਦੱਸ ਦੇਣ ਤਾਂ ਪਤਾ ਲੱਗ ਜਾਵੇਗਾ।

Original with;
Punjab Vidhan Sabha
Digitized by;
Panjab Digital Library

**Minister :** He wants the list of names of people and that I have already replied. 18 people are working already. Sir, I am talking of the people. Infact he wants names, I can supply.

**Mr. Speaker :** Actually how many are working there, 18 or less?

**Minister :** Sir, I will supply him the list.

**Mr. Speaker :** Alright.

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਸਰ, ਇਸ ਸਵਾਲ ਦਾ ਸੈਕੰਡ ਪਾਰਟ ਵੀ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਇਸ ਹਸਪਤਾਲ ਨੂੰ ਬਣਾਉਣ ਤੇ ਕਿੰਨਾ ਖਰਚਾ ਹੋਇਆ? ਜਿਹੜੀ ਇੰਪਲਾਈਜ਼ ਵਾਸਤੇ ਕੰਸਟ੍ਰਕਸ਼ਨ ਕੀਤੀ ਹੈ, ਕੀ ਉਥੇ ਕੋਈ ਇੰਪਲਾਈ ਰਿਹਾ ਵੀ ਹੈ ?

**ਮੰਤਰੀ :** ਸਰ, ਇਸ ਤਰ੍ਹਾਂ ਹੈ ਕਿ ਜਿਹੜਾ ਹਸਪਤਾਲ ਹੈ, this was made out of the funds of the Red Cross or ਇਸ ਦੇ ਵਾਸਤੇ NRI Mr. Swaran Singh, donated the land and the total area is 6 acres and covered area 5,000 square feet. ਬਿਲਡਿੰਗ ਤੋਂ ਬਾਅਦ ਦੋ ਕੁਆਰਟਰ ਬਣਾਉਣੇ ਸੀ ਪਰ ਫੰਡਜ਼ ਖਤਮ ਹੋ ਗਏ ਸਨ। They are lying incomplete ਕਿਉਂਕਿ ਕੰਪਲੀਟ ਕਰਨ ਵਾਸਤੇ 10 ਲੱਖ ਰੁਪਏ ਚਾਹੀਦੇ ਸਨ। So, that boundary wall etc. and everything can be got repaired and for the remaining 3 more staff quarters we need another 20 lakhs and Sir, whenever the money will be available, this requirement will also be met.

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਸਰ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੈਂ ਪੁੱਛਿਆ ਸੀ ਕਿ ਹਸਪਤਾਲ ਬਣਾਉਣ ਤੇ ਕਿੰਨਾ ਖਰਚਾ ਆਇਆ ਹੈ ?

**ਮਾਨਯੋਗ ਸਪੀਕਰ :** ਹਸਪਤਾਲ ਦੀ ਕੰਸਟ੍ਰਕਸ਼ਨ ਲਈ ਕਿੰਨਾ ਖਰਚਾ ਆਇਆ, ਇਸ ਦੀ ਇਨਫ਼ਰਮੇਸ਼ਨ ਹੈ ਤੁਹਾਡੇ ਕੋਲ ?

**Minister :** In fact this was built by Red Cross. The figures are not available with me. It was long back; it was in the year 1979-1981 when the building was made.

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਉਸ ਹਸਪਤਾਲ ਦੇ ਉਤੇ ਐਨ.ਆਰ.ਆਈਜ਼., ਰੈਡ ਕਰਾਸ ਔਰ ਗੌਰਮਿੰਟ ਦੇ ਵੱਲੋਂ ਵੀ ਪੈਸਾ ਲਗਾਇਆ ਜਾ ਚੁੱਕਿਆ ਹੈ। ਮੰਤਰੀ ਜੀ ਹਾਊਸ ਦੇ ਵਿੱਚ ਇਹ ਵਿਸ਼ਵਾਸ ਦਿਵਾਉਣਗੇ ਕਿ ਜਿਹੜਾ ਇਸ ਹਸਪਤਾਲ ਦਾ ਪੈਂਡਿੰਗ ਕੰਮ ਹੈ, ਉਸ ਨੂੰ ਜਲਦੀ ਤੋਂ ਜਲਦੀ ਪੂਰਾ ਕਰਵਾ ਦਿੱਤਾ ਜਾਵੇਗਾ ?

**ਮੰਤਰੀ :** ਸਰ, ਸਾਡੀਆਂ ਇੰਨਟੈਨਸ਼ਨਜ਼ ਤਾਂ ਬੜੀਆਂ ਸਾਫ਼ ਹੁੰਦੀਆਂ ਹਨ.. We will do but Sir, it depends upon the availability of funds. Once the funds are made available, we will do.

---

Original with;
Punjab Vidhan Sabha
Digitized by;

## ਸਿਵਿਲ ਹਸਪਤਾਲ, ਨਾਭਾ ਵਿਚ ਆਈ.ਸੀ. ਯੂਨਿਟ

***550. ਸਰਦਾਰ ਰਣਦੀਪ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਾਭਾ ਵਿਖੇ ਜਨਰਲ ਸ਼ਿਵਦੇਵ ਸਿੰਘ ਹਸਪਤਾਲ ਦਾ ਆਈ.ਸੀ. ਯੂਨਿਟ ਇਸ ਸਮੇਂ ਕੰਮ ਨਹੀਂ ਕਰ ਰਿਹਾ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਚਾਲੂ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ਅਤੇ ਇਸ ਮੰਤਵ ਲਈ ਕਿੰਨਾ ਸਮਾਂ ਲੱਗਣ ਦੀ ਸੰਭਾਵਨਾ ਹੈ ?

**Shri Romesh Chander Dogra :** At present there is no Intensive Care Unit (ICU) in the Civil Hospital, Nabha. An emergency ward is, however, functioning there.

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹਾਂਗਾ ਕਿ ਇਹ ਜਿਹੜਾ ਹਸਪਤਾਲ ਹੈ ਇਹ ਪਿਛਲੇ 60-70 ਸਾਲਾਂ ਤੋਂ ਬਣਾਇਆ ਹੋਇਆ ਹੈ ਪਰ ਉਥੇ ਅੱਜ ਤੱਕ ਇਨਟੈਂਸਿਵ ਕੇਅਰ ਯੂਨਿਟ ਨਹੀਂ ਬਣਾਇਆ ਗਿਆ ਔਰ ਇਨ੍ਹਾਂ ਦੀ ਆਪਣੀ ਟੀਮ ਉਥੇ ਮਿਤੀ 4 ਸਤੰਬਰ, 2002 ਨੂੰ ਚੈਕ ਕਰਨ ਗਈ ਸੀ। ਉਸ ਟੀਮ ਨੇ ਇਹ ਵਿਸ਼ਵਾਸ ਦਿਵਾਇਆ ਸੀ ਕਿ ਇੱਕ 15 ਫੁੱਟ X 15 ਫੁੱਟ ਦਾ ਕਮਰਾ ਆਈ.ਸੀ. ਯੂ. ਦੇ ਲਈ, ਤੇ ਨਾਲ ਹੀ ਬਾਥਰੂਮ, ਇੱਕ ਮੀਟਿੰਗ ਰੂਮ ਤੇ ਜੋ ਆਈ.ਸੀ. ਯੂ. ਵਿੱਚ ਪੇਸ਼ੈਂਟਾਂ ਨੂੰ ਮਿਲਣ ਲਈ ਰਿਸ਼ਤੇਦਾਰ ਆਉਂਦੇ ਹਨ ਉਨ੍ਹਾਂ ਦੇ ਲਈ ਇਕ ਕਮਰਾ ਔਰ ਇਕ ਡਿਊਟੀ ਰੂਮ ਬਣਾਇਆ ਜਾਵੇਗਾ, ਜਿਸ ਦੀ ਕਾਪੀ ਮੇਰੇ ਕੋਲ ਇਸ ਵੇਲੇ ਵੀ ਹੈ। ਪਰ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਉਥੇ ਆਈ.ਸੀ. ਯੂ. ਨਹੀਂ ਬਣਾਇਆ ਜਾਵੇਗਾ। ਕੀ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਣਗੇ ਕਿ ਉਥੇ ਇਹ ਯੂਨਿਟ ਜਲਦੀ ਤੋਂ ਜਲਦੀ ਬਣਾਇਆ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਫਿਲਹਾਲ ਤਾਂ ਉਥੇ ਕੋਈ ਇਸ ਤਰ੍ਹਾਂ ਦੀ ਸੰਭਾਵਨਾ ਨਹੀਂ ਹੈ।

**ਸਰਦਾਰ ਰਣਦੀਪ ਸਿੰਘ :** ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਫਿਰ ਇਸ ਹਸਪਤਾਲ ਦੀ ਵਰਤੋਂ ਕਾਹਦੇ ਲਈ ਕੀਤੀ ਜਾ ਰਹੀ ਹੈ ਔਰ ਫਿਰ ਇਸ ਹਸਪਤਾਲ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਇਨ੍ਹਾਂ ਦੀ ਆਪਣੀ ਟੀਮ ਉਸ ਹਸਪਤਾਲ ਦੀ ਵਿਜ਼ਿਟ ਮਿਤੀ 4 ਸਤੰਬਰ, 2002 ਨੂੰ ਕਰਕੇ ਆਈ ਹੈ ਅਤੇ ਉਨ੍ਹਾਂ ਨੇ ਉਥੇ ਇਹ ਯੂਨਿਟ ਬਣਾਉਣ ਦਾ ਵਿਸ਼ਵਾਸ ਵੀ ਦਿਵਾਇਆ ਸੀ ਪਰ ਹੁਣ ਇਹ ਕਹਿੰਦੇ ਹਨ ਕਿ ਉਥੇ ਇਸ ਦੀ ਲੋੜ ਨਹੀਂ ਹੈ। ਉਥੇ ਲੱਗਭਗ ਹਰ ਸਾਲ 1,600 ਕੇਸ ਖਰਾਬ ਹੋ ਰਹੇ ਹਨ ਕਿਉਂਕਿ ਨਾਭੇ ਦੇ ਵਿੱਚ ਕੋਈ ਵੀ ਆਈ.ਸੀ.ਯੂ. ਨਹੀਂ ਹੈ।

**Minister :** Sir, in the entire Punjab State, there are about 154 hospitals.

**ਮਾਨਯੋਗ ਸਪੀਕਰ :** ਤੁਸੀਂ ਸਾਰੇ ਪੰਜਾਬ ਬਾਰੇ ਨਾ ਦੱਸੋ, ਇਕੱਲੇ ਉਸ ਹਸਪਤਾਲ ਦੇ ਬਾਰੇ ਦੱਸੋ।

Original with;
Punjab Vidhan Sabha
Digitized by;
Panjab Digital Library

**Minister :** Sir, I am coming to it also. There is only one hospital in Jalandhar which is 400 bedded having ICU and as regard to the others, it needs a lot of money and lot of equipment. I can tell about this. Sir, we do not have funds to put such a unit and the viability of ICU in this Hospital is also not there at the moment.

---

## ਮੈਡੀਕਲ ਅਤੇ ਇੰਜਨੀਅਰਿੰਗ ਕਾਲਜਾਂ ਵਿਚ ਪੜ੍ਹ ਰਹੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਗ੍ਰਾਂਟ

*487. (1) **ਸ਼੍ਰੀ ਤਰਲੋਚਨ ਸਿੰਘ**
(2) **ਸ਼੍ਰੀ ਨੱਥੂ ਰਾਮ** } : ਕੀ ਸਮਾਜਿਕ ਸੁਰੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਮੈਡੀਕਲ ਅਤੇ ਇੰਜਨੀਅਰਿੰਗ ਕਾਲਜਾਂ ਵਿਚ ਪੜ੍ਹ ਰਹੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਗ੍ਰਾਂਟ ਦੇਣ ਲਈ ਸਾਲਾਂ 2000-2001, 2001-2002 ਅਤੇ 2002-2003 ਲਈ ਬਜਟ ਅਨੁਮਾਨਾਂ ਵਿਚ ਸਾਲ-ਵਾਰ ਕਿੰਨੀ-ਕਿੰਨੀ ਰਕਮ ਮਖ਼ਸੂਸ ਕੀਤੀ ਗਈ; ਅਤੇ

(ਅ) ਕੀ ਉਪਰਕੋਤ ਭਾਗ (ੳ) ਵਿਚ ਵਰਣਿਤ ਰਕਮ ਉਕਤ ਉਦੇਸ਼ ਲਈ ਖ਼ਰਚ ਕੀਤੀ ਗਈ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

**ਸਰਦਾਰ ਜੋਗਿੰਦਰ ਸਿੰਘ ਮਾਨ :** ਸ਼੍ਰੀਮਾਨ ਜੀ, ਸਦਨ ਦੀ ਮੇਜ਼ ਤੇ ਸਟੇਟਮੈਂਟ ਰੱਖੀ ਜਾਂਦੀ ਹੈ।

### ਸਟੇਟਮੈਂਟ

(ੳ) ਸਾਲ 2000-2001, 2001-2002 ਅਤੇ 2002-2003 ਦੌਰਾਨ ਅਨੁਸੂਚਿਤ ਜਾਤੀ ਦੇ ਮੈਡੀਕਲ ਅਤੇ ਇੰਜਨੀਅਰਿੰਗ ਕਾਲਜਾਂ ਵਿਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਸਪੈਸ਼ਲ ਗਰਾਂਟ ਦੇਣ ਦੀ ਸਕੀਮ ਅਧੀਨ ਮਖਸੂਸ ਰੱਖੀ ਰਾਸ਼ੀ ਦਾ ਵੇਰਵਾ ਹੇਠ ਅਨੁਸਾਰ ਹੈ :—

(ਰਕਮ ਲੱਖਾਂ ਵਿੱਚ)

| ਸਾਲ | ਬਜਟ ਅਲਾਟਮੈਂਟ/ਮਖਸੂਸ ਰੱਖੀ ਰਾਸ਼ੀ |
|---|---|
| 2000-2001 | 10.00 |
| 2001-2002 | 10.00 |
| 2002-2003 | 10.00 |

Original with;
Punjab Vidhan Sabha
Digitized by;

[ਸਮਾਜਿਕ ਸੁਰੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ]

(ਅ) ਵਰਤੀ ਗਈ ਰਾਸ਼ੀ/ਖਰਚੇ ਦਾ ਸਾਲ-ਵਾਰ ਵੇਰਵਾ

(ਰਕਮ ਲੱਖਾਂ ਵਿੱਚ)

| ਸਾਲ | ਵਰਤੀ ਰਾਸ਼ੀ/ਖਰਚਾ | ਵਿਸ਼ੇਸ਼ ਕਥਨ |
|---|---|---|
| 2000-2001 | 3.51 | ਬਾਕੀ ਰਹਿੰਦੀ ਰਾਸ਼ੀ ਖਜ਼ਾਨਿਆਂ ਵੱਲੋਂ ਬਿੱਲ ਨਾ ਪਾਸ ਕਰਨ ਕਰਕੇ ਕਢਵਾਈ ਨਹੀਂ ਜਾ ਸਕੀ। |
| 2001-2002 | — | ਇਸ ਸਕੀਮ ਅਧੀਨ ਖਜ਼ਾਨਿਆਂ ਤੇ ਸਮੇਂ-ਸਮੇਂ ਰੋਕ ਲੱਗਣ ਕਾਰਨ ਇਹ ਰਾਸ਼ੀ ਕਢਵਾਈ ਨਹੀਂ ਜਾ ਸਕੀ। |
| 2002-2003 | 1.77 | ਬਾਕੀ ਰਹਿੰਦੀ ਰਾਸ਼ੀ 31 ਮਾਰਚ, 2003 ਤੱਕ ਖਜ਼ਾਨਿਆਂ ਵਿਚੋਂ ਕਢਵਾ ਕੇ ਖਰਚ ਲਈ ਜਾਵੇਗੀ। |

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਗਰਾਂਟ ਦਿੱਤੀ ਜਾਂਦੀ ਹੈ ਇਸ ਦੀ ਰਾਸ਼ੀ ਕਿੰਨੀ-ਕਿੰਨੀ ਹੈ ?

**ਮੰਤਰੀ** : ਸਪੀਕਰ ਸਾਹਿਬ, ਅਨੁਸੂਚਿਤ ਜਾਤੀਆਂ ਦੇ ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਲਈ 250/- ਰੁਪਏ ਔਰ ਡੇ-ਸਕਾਲਰਜ਼ ਲਈ 125/- ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਵਿਸ਼ੇਸ਼ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਇਨ੍ਹਾਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਮਾਪਿਆਂ ਤੇ ਸਰਪ੍ਰਸਤਾਂ ਦੀ ਸਾਲਾਨਾ ਆਮਦਨ 60,965/- ਰੁਪਏ ਤੋਂ ਵੱਧ ਨਾ ਹੋਵੇ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਕਿਉਂਕਿ ਮਹਿੰਗਾਈ ਵਧਦੀ ਜਾ ਰਹੀ ਹੈ, ਇਸ ਲਈ ਕੀ ਇਸ ਸਪੈਸ਼ਲ ਗਰਾਂਟ ਵਿੱਚ ਵਾਧਾ ਕੀਤਾ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਐਸਾ ਕੋਈ ਵਿਚਾਰ ਨਹੀਂ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇੱਥੇ ਹਾਊਸ ਵਿੱਚ ਕਈ ਸਵਾਲ ਅਨੁਸੂਚਿਤ ਜਾਤੀਆਂ ਦੇ ਸਬੰਧ ਵਿੱਚ ਆਏ ਹਨ ਅਤੇ ਇੱਥੇ ਦੇਖਿਆ ਗਿਆ ਹੈ ਕਿ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਗਰਾਂਟਸ ਲੈਪਸ ਹੋ ਜਾਂਦੀਆਂ ਹਨ। ਇਸ ਲਈ ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਇਸ ਸਾਲ ਦੀ ਜੋ ਗਰਾਂਟ ਹੈ, ਕੀ ਉਹ ਸਰਕਾਰ ਸਾਰੀ ਗਰਾਂਟ ਰਿਲੀਜ਼ ਕਰਕੇ ਵੰਡ ਦੇਵੇਗੀ ?

**ਮੰਤਰੀ** : ਸਪੀਕਰ ਸਾਹਿਬ, ਹਾਂ ਜੀ। ਮੁੱਖ ਮੰਤਰੀ ਅਤੇ ਵਿੱਤ ਮੰਤਰੀ ਸਾਹਿਬ ਨੇ ਵੀ ਭਰੋਸਾ ਦਿਵਾਇਆ ਹੈ ਕਿ ਸਾਰੀ ਗਰਾਂਟ ਰਿਲੀਜ਼ ਕਰਵਾ ਕੇ ਵੰਡੀ ਜਾਵੇਗੀ।

---

Original with;
Punjab Vidhan Sabha
Digitized by;
Panjab Digital Library

## ਅਵਾਰਾ ਪਸ਼ੂਆਂ ਦੁਆਰਾ ਫਸਲਾਂ ਦਾ ਨੁਕਸਾਨ

***451. ਸ਼੍ਰੀ ਅਵਿਨਾਸ਼ ਰਾਏ ਖੰਨਾ** : ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਅਵਾਰਾ ਪਸ਼ੂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਗੜ੍ਹਸ਼ੰਕਰ ਅਤੇ ਮਾਹਿਲਪੁਰ ਬਲਾਕਾਂ ਦੇ ਪਿੰਡਾਂ ਵਿਚ ਫਸਲਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ; ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧ ਵਿਚ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ;

(ਅ) ਕੀ ਸਰਕਾਰ ਉਨ੍ਹਾਂ ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਵਿਚਾਰ ਰੱਖਦੀ ਹੈ ਜਿਨ੍ਹਾਂ ਦੀਆਂ ਫਸਲਾਂ ਉਪਰੋਕਤ ਭਾਗ (ੳ) ਵਿਚ ਵਰਣਿਤ ਪਸ਼ੂਆਂ ਦੁਆਰਾ ਖਰਾਬ ਕੀਤੀਆਂ ਗਈਆਂ ਹਨ ?

**ਸਰਦਾਰ ਜਗਮੋਹਨ ਸਿੰਘ ਕੰਗ** : (ੳ) ਨਹੀਂ ਜੀ। ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਗੜ੍ਹਸ਼ੰਕਰ ਅਤੇ ਮਾਹਿਲਪੁਰ ਬਲਾਕ ਦੇ ਪਿੰਡਾਂ ਵਿੱਚ ਅਵਾਰਾ ਪਸ਼ੂਆਂ ਵੱਲੋਂ ਫਸਲਾਂ ਦਾ ਨੁਕਸਾਨ ਕਰਨ ਬਾਰੇ ਸਾਡੇ ਮਹਿਕਮੇ ਕੋਲ ਕੋਈ ਵੀ ਸ਼ਿਕਾਇਤ ਨਹੀਂ ਆਈ ਹੈ।

(ਅ) ਨਹੀਂ ਜੀ। ਕਿਸੇ ਕਿਸਮ ਦਾ ਕੋਈ ਮੁਆਵਜ਼ਾ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਨਾ ਹੀ ਪਸ਼ੂ ਪਾਲਣ ਮਹਿਕਮੇ ਕੋਲ ਕੋਈ ਅਜਿਹੀ ਪਾਲਿਸੀ ਹੈ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਕੀ ਇਨ੍ਹਾਂ ਦੇ ਮਹਿਕਮੇ ਕੋਲ ਇਸ ਸਵਾਲ ਸਬੰਧੀ ਕੋਈ ਸ਼ਿਕਾਇਤ ਆਈ ਹੈ ਕਿਉਂਕਿ ਮੈਂ ਇਸ ਸਿਸਟਮ ਨਾਲ ਜੁੜਿਆ ਹੋਇਆ ਹਾਂ ਅਤੇ ਸ਼ਿਕਾਇਤਾਂ ਲੋਕਾਂ ਤੋਂ ਕਰਵਾ ਕੇ ਭੇਜ ਰਿਹਾ ਹਾਂ ? ਮੇਰੇ ਹਲਕੇ ਵਿੱਚ ਅਵਾਰਾ ਪਸ਼ੂ ਜ਼ਿਮੀਦਾਰਾਂ ਦੀਆਂ ਫਸਲਾਂ ਖਰਾਬ ਕਰ ਰਹੇ ਹਨ। ਸਪੀਕਰ ਸਾਹਿਬ, ਉਹ ਰਾਤ ਨੂੰ ਘਰ ਨਹੀਂ ਸੌਂਦੇ ਸਗੋਂ ਖੇਤਾਂ ਵਿੱਚ ਸੌਂਦੇ ਹਨ। ਅਗਰ ਇਨ੍ਹਾਂ ਨੂੰ ਡਿਪਾਰਟਮੈਂਟ ਨੇ ਇਨਫਰਮੇਸ਼ਨ ਨਹੀਂ ਦਿੱਤੀ, ਕੀ ਇਹ ਐਮ.ਐਲ.ਏਜ਼ ਦੀ ਕਮੇਟੀ ਬਣਾ ਕੇ ਸਾਰੀ ਗੱਲ ਵੈਰੀਫਾਈ ਕਰਨ ਨੂੰ ਤਿਆਰ ਹਨ ਕਿ ਸ਼ਿਕਾਇਤਾਂ ਆਈਆਂ ਹਨ ਜਾਂ ਨਹੀਂ ਆਈਆਂ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਸਪਸ਼ਟ ਦੱਸਿਆ ਹੈ ਕਿ ਸਾਡੇ ਕੋਲ ਕੋਈ ਸ਼ਿਕਾਇਤ ਨਹੀਂ ਆਈ। ਅਗਰ ਕੋਈ ਸ਼ਿਕਾਇਤ ਆਉਂਦੀ ਤਾਂ ਅਸੀਂ ਦੱਸ ਦਿੰਦੇ ਪਰ ਚੂੰਕਿ ਅਵਾਰਾ ਪਸ਼ੂਆਂ ਬਾਰੇ ਮਤਾ ਹਾਊਸ ਵਿੱਚ ਆ ਚੁੱਕਾ ਹੈ ਅਤੇ ਇਸ ਮਤੇ ਉਤੇ ਦੋਹਾਂ ਧਿਰਾਂ ਵੱਲੋਂ ਕਾਫੀ ਸੁਜੈਸ਼ਨਜ਼ ਆਈਆਂ ਹਨ। ਇਨ੍ਹਾਂ ਸੁਜੈਸ਼ਨਜ਼ ਤੇ ਵਿਚਾਰ ਕੀਤਾ ਜਾ ਰਿਹਾ ਹੈ। ਅਸੀਂ ਇਸ ਮਸਲੇ ਬਾਰੇ ਕੋਈ ਨਾ ਕੋਈ ਹੱਲ ਲੱਭਣ ਦੀ ਕੋਸ਼ਿਸ਼ ਕਰਾਂਗੇ ਅਤੇ ਕੋਈ ਨਾ ਕੋਈ ਲੋੜੀਂਦੀ ਕਾਰਵਾਈ ਜ਼ਰੂਰ ਕਰਾਂਗੇ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੇਰੇ ਨੀਮ ਪਹਾੜੀ ਇਲਾਕੇ ਵਿੱਚ ਜੰਗਲੀ ਜਾਨਵਰ ਤੇ ਅਵਾਰਾ ਪਸ਼ੂ ਕਿਸਾਨਾਂ ਦਾ ਕਾਫੀ ਨੁਕਸਾਨ ਕਰ ਰਹੇ ਹਨ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਕੰਟਰੋਲ ਕਰਨ ਲਈ ਕੀ ਇਹ ਕਿਸਾਨਾਂ ਨੂੰ ਕੋਈ ਲਾਇਸੰਸ ਦੇਣਗੇ ਤਾਂ ਕਿ ਉਹ ਅਵਾਰਾ ਪਸ਼ੂਆਂ ਤੋਂ ਨਿਜਾਤ ਪਾ ਸਕਣ ?

Original with;
Punjab Vidhan Sabha
Digitized by;

**ਮੰਤਰੀ** : ਸਪੀਕਰ ਸਾਹਿਬ, ਕਿਉਂਕਿ ਇਹ ਸਵਾਲ ਫਾਰੈਸਟ ਡਿਪਾਰਟਮੈਂਟ ਨਾਲ ਸਬੰਧਿਤ ਹੈ, ਇਸ ਲਈ ਲਾਇਸੰਸ ਦੇਣ ਬਾਰੇ ਉਹ ਹੀ ਦੱਸ ਸਕਦੇ ਹਨ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਕੀ ਇਹ ਇਸ ਬਾਰੇ ਵਿਚਾਰ ਕਰਨ ਲਈ ਤਿਆਰ ਹਨ?

**ਮੰਤਰੀ** : ਸਪੀਕਰ ਸਾਹਿਬ, ਅਸੀਂ ਫਾਰੈਸਟ ਡਿਪਾਰਟਮੈਂਟ ਨਾਲ ਤਾਲਮੇਲ ਕਰਨ ਦੀ ਕੋਸ਼ਿਸ਼ ਕਰਾਂਗੇ।

**ਸਰਦਾਰ ਗੁਰਾ ਸਿੰਘ ਤੁੰਗਵਾਲੀ** : ਸਪੀਕਰ ਸਾਹਿਬ, ਮੇਰੇ ਬਠਿੰਡੇ ਜ਼ਿਲ੍ਹੇ ਵਿੱਚ ਬਹੁਤ ਸਾਰੇ ਪਿੰਡਾਂ ਵਿੱਚ ਅਵਾਰਾ ਪਸ਼ੂਆਂ ਦੀ ਬੜੀ ਸਮੱਸਿਆ ਹੈ ਅਤੇ ਕਿਸਾਨਾਂ ਦਾ ਬੜਾ ਭਾਰੀ ਨੁਕਸਾਨ ਹੋ ਰਿਹਾ ਹੈ। ਕੀ ਸਰਕਾਰ ਇਨ੍ਹਾਂ ਕਿਸਾਨਾਂ ਦੇ ਨੁਕਸਾਨ ਨੂੰ ਬਚਾਉਣ ਲਈ ਕੋਈ ਵਿਚਾਰ ਰੱਖਦੀ ਹੈ? ਜੇ ਵਿਚਾਰ ਵਿੱਚ ਹੈ ਤਾਂ ਇਸ ਦਾ ਵੇਰਵਾ ਦਿੱਤਾ ਜਾਵੇ।

**ਮੰਤਰੀ** : ਸਪੀਕਰ ਸਾਹਿਬ, ਪੰਚਾਇਤੀ ਰਾਜ ਐਕਟ ਦੀ ਧਾਰਾ-2 ਐਫ 1 ਅਧੀਨ ਕੈਟਲ ਪੌਂਡ ਬਣਾਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਔਰ ਕੈਟਲ ਪੌਂਡ ਬਣਾ ਕੇ ਇਨ੍ਹਾਂ ਅਵਾਰਾ ਪਸ਼ੂਆਂ ਨੂੰ ਕੰਟਰੋਲ ਕੀਤਾ ਜਾਵੇਗਾ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਕੈਟਲ ਕੈਚਿੰਗ ਪਾਰਟੀ ਬਣਾਈ ਹੋਈ ਹੈ। ਇਹ ਟੀਮ ਪਹਿਲਾਂ ਅਵਾਰਾ ਪਸ਼ੂਆਂ ਨੂੰ ਫੜ ਕੇ ਰੱਖਦੀ ਹੈ। ਸਾਲ 2000-2001 ਵਿੱਚ 912 ਪਸ਼ੂ ਫੜੇ, 2001-2002 ਵਿੱਚ 702 ਅਤੇ 2002-2003 ਵਿੱਚ 1,017 ਪਸ਼ੂ ਫੜੇ ਸਨ।

**ਸਰਦਾਰ ਹਰਬੰਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਆਪਣੇ ਪਿੰਡ ਅੱਕਾਂਵਾਲੀ ਦੀ ਪੰਚਾਇਤ ਨੇ ਅਵਾਰਾ ਗਊਆਂ ਨੂੰ ਫੜ ਕੇ ਬਾਹਰ ਭੇਜਣ ਦਾ ਉਪਰਾਲਾ ਕੀਤਾ ਪਰੰਤੂ ਉਸ ਗ੍ਰਾਮ ਪੰਚਾਇਤ ਦੇ ਖਿਲਾਫ ਪ੍ਰਸ਼ਾਸਨ ਵੱਲੋਂ ਪਰਚਾ ਦਰਜ ਕਰਨ ਦਾ ਹੁਕਮ ਜਾਰੀ ਕਰ ਦਿੱਤਾ ਗਿਆ। ਜੇ ਪੰਚਾਇਤਾਂ ਆਪਣਾ ਪ੍ਰਬੰਧ ਕਰਨਗੀਆਂ ਤਾਂ ਕੀ ਸਰਕਾਰ ਇਹ ਕਾਰਵਾਈ ਕਰਨ ਤੋਂ ਗੁਰੇਜ਼ ਕਰੇਗੀ?

**ਮੰਤਰੀ** : ਸਪੀਕਰ ਸਾਹਿਬ, ਮੈਂ ਕੋਈ ਜ਼ਿੰਮੇਵਾਰੀ ਫਿਕਸ ਨਹੀਂ ਕਰਦਾ। ਜੋ ਐਕਟ ਮੈਂ ਪੜ੍ਹ ਕੇ ਸੁਣਾਇਆ ਹੈ, ਉਸਦੇ ਮੁਤਾਬਿਕ ਕਾਰਵਾਈ ਕਰਨੀ ਬਣਦੀ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਰੇ ਹਿੰਦੁਸਤਾਨ ਵਿਚ, ਪੰਜਾਬ ਵਿਚ ਫੰਡਾਮੈਂਟਲ ਰਾਈਟਸ ਬਾਰੇ ਅਸੀਂ ਸਾਰੇ ਬੜੀਆਂ ਗੱਲਾਂ ਕਰਦੇ ਹਾਂ ਪਰ ਆਪਣੀਆਂ ਡਿਊਟੀਜ਼ ਬਾਰੇ ਕੋਈ ਐਨ.ਜੀ.ਓ., ਕੋਈ ਵੀ ਜੱਥੇਬੰਦੀ ਹੋਵੇ, ਕੋਈ ਧਿਆਨ ਨਹੀਂ ਦਿੰਦੀਆਂ। ਜੇਕਰ ਅਸੀਂ ਸਾਰੇ ਲੋਕਾਂ ਨੂੰ, ਜੱਥੇਬੰਦੀਆਂ ਨੂੰ, ਪੰਚਾਇਤਾਂ ਨੂੰ ਐਨਕਰੇਜ ਕਰਾਂਗੇ, ਪ੍ਰੇਰਿਤ ਕਰਾਂਗੇ ਤਾਂ ਹੀ ਸਾਰੇ ਕੰਮ ਸਿਰੇ ਚੜ੍ਹਨਗੇ ਅਤੇ ਸਰਕਾਰ ਵੀ ਕਦਮ ਚੁੱਕ ਸਕੇਗੀ। ਜਿਵੇਂ ਸਾਡੀ ਗਊ ਮਾਤਾ ਦਾ ਜ਼ਿਕਰ ਆਉਂਦਾ ਹੈ, ਤਾਂ ਸਾਡੇ ਸਾਹਮਣੇ ਬੈਠੇ ਵਿਰੋਧੀ ਪਾਰਟੀ ਦੇ ਵੀਰ ਇਤਰਾਜ਼ ਕਰਦੇ ਹਨ। ਅਸੀਂ ਜਦ ਕੋਈ ਉਪਰਾਲਾ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਸਾਡੇ ਸਾਹਮਣੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਆ ਜਾਂਦੀਆਂ ਹਨ। ਫਿਰ ਵੀ ਅਸੀਂ ਇਸ ਮਸਲੇ ਦਾ ਹੱਲ ਕੱਢਣ ਦੀ ਕੋਸ਼ਿਸ਼ ਕਰ ਰਹੇ ਹਾਂ।

**ਸ਼੍ਰੀ ਤਿਕਸ਼ਨ ਸੂਦ** : ਸਪਲੀਮੈਂਟਰੀ, ਸਪੀਕਰ ਸਾਹਿਬ . . . .

**ਮਾਨਯੋਗ ਸਪੀਕਰ** : ਹੁਣ ਸਫੀਸ਼ੈਂਟ ਸਵਾਲ ਹੋ ਗਏ ਹਨ। ਅਗਲਾ ਸਵਾਲ, ਸ਼੍ਰੀਮਤੀ ਹਰਬੰਸ ਕੌਰ।

---

Original with;
Punjab Vidhan Sabha
Digitized by;

## ਪੌਲੀਥੀਨ ਬੈਗਜ਼ ਤੇ ਪਾਬੰਦੀ

*542. **ਸ਼੍ਰੀਮਤੀ ਹਰਬੰਸ ਕੌਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਵਿਚ ਪੌਲੀਥੀਨ ਬੈਗਜ਼ ਦੀ ਵਰਤੋਂ ਤੇ ਰੋਕ ਲਗਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

**ਕੈਪਟਨ ਅਮਰਿੰਦਰ ਸਿੰਘ :** ਸਪੀਕਰ ਸਾਹਿਬ, ਮੌਜੂਦਾ ਪੁਜ਼ੀਸ਼ਨ ਹੈ ਕਿ ਪੌਲੀਥੀਨ ਬੈਗਜ਼ ਤੇ ਪਾਬੰਦੀ ਲਾਉਣ ਬਾਰੇ ਗੌਰਮਿੰਟ ਆਫ਼ ਇੰਡੀਆ ਦੀ ਨੋਟੀਫਿਕੇਸ਼ਨ ਹੋਈ ਹੈ ਅਤੇ ਸਾਡੇ ਮਾਨਯੋਗ ਹਾਈ ਕੋਰਟ ਨੇ ਵੀ ਸੂਓ ਮੋਟੋ ਨੋਟਿਸ ਲਿਆ ਸੀ। ਇਨ੍ਹਾਂ ਦੋਨਾਂ ਦੇ ਅਧੀਨ ਉਹ ਪੌਲੀਥੀਨ ਬੈਗਜ਼ ਜਿਨ੍ਹਾਂ ਦੀ ਮੋਟਾਈ 20 ਮਾਈਕਰੋਨਸ ਤੋਂ ਘੱਟ ਹੋਵੇ, ਉਨ੍ਹਾਂ ਤੇ ਪਾਬੰਦੀ ਹੈ ਅਤੇ ਦੂਜਾ ਮੁੜ ਤਿਆਰ ਕੀਤੇ ਪੌਲੀਥੀਨ ਬੈਗਜ਼ ਨੂੰ ਖਾਣ-ਪੀਣ ਦੀਆਂ ਵਸਤੂਆਂ ਨੂੰ ਲਿਫਾਫਿਆਂ ਵਿਚ ਪਾਉਣ ਅਤੇ ਸੰਭਾਲਣ ਲਈ ਵਰਤੋਂ ਕਰਨ ਤੇ ਬੈਨ ਹੈ। ਮੈਂ ਆਪਣੇ ਵਲੋਂ ਮੈਂਬਰ ਸਾਹਿਬ ਨੂੰ ਐਸ਼ੋਰੈਂਸ ਦੇਣੀ ਚਾਹੁੰਦਾ ਹਾਂ, ਮੈਂ ਇਨ੍ਹਾਂ ਨਾਲ ਇਸ ਇਸ਼ੂ ਤੇ ਬਿਲਕੁਲ ਸਹਿਮਤ ਹਾਂ ਕਿ ਪੌਲੀਥੀਨ ਬੈਗਜ਼ ਚਾਹੇ ਕੋਈ ਵੀ ਹੋਣ, ਉਹ ਗੰਦ ਫ਼ੈਲਾ ਰਹੇ ਹਨ, ਉਨ੍ਹਾਂ ਦੀ ਡੀਗ੍ਰੇਡੇਸ਼ਨ ਵੀ ਨਹੀਂ ਹੁੰਦੀ। ਇਨ੍ਹਾਂ ਬਾਰੇ ਤਾਂ ਮੈਂ ਇਹ ਵੀ ਦੇਖਿਆ ਹੈ ਕਿ ਜਦ ਕਦੇ ਜਾਨਵਰਾਂ ਦਾ ਪੋਸਟਮਾਰਟਮ ਕਰੋ, ਉਨ੍ਹਾਂ ਦੇ ਪੇਟ ਵਿਚ ਵੀ ਇਹ ਭਰੇ ਹੁੰਦੇ ਹਨ। ਖਾਲੀ ਪੌਲੀਥੀਨ ਬੈਗਜ਼ ਇਕ ਹੈਲਥ ਹੈਜ਼ਾਰਡ ਹਨ, ਜਾਨਵਰਾਂ ਲਈ ਨੁਕਸਾਨਦੇਹ ਹਨ ਅਤੇ ਗੰਦ ਫੈਲਾਉਂਦੇ ਹਨ। ਸਾਡੀ ਪ੍ਰਾਬਲਮ ਇਕੋ ਹੀ ਹੈ ਕਿ ਜੇ ਅਸੀਂ ਇਨ੍ਹਾਂ ਪੌਲੀਥੀਨ ਬੈਗਜ਼ ਨੂੰ ਬੰਦ ਕਰਾਂਗੇ ਤਾਂ ਇਨ੍ਹਾਂ ਦੀ ਜਗ੍ਹਾ ਕੋਈ ਆਲਟਰਨੇਟਿਵ ਪ੍ਰਬੰਧ ਕਰਨਾ ਪਵੇਗਾ। ਮੈਂ ਐਸ਼ੋਰੈਂਸ ਦੇਣੀ ਚਾਹੁੰਦਾ ਹਾਂ ਕਿ ਮੈਂ ਤਾਂ ਆਪ ਇਸ ਹੱਕ ਵਿਚ ਹਾਂ ਕਿ ਇਨ੍ਹਾਂ ਤੇ ਬੈਨ ਲਗਿਆ ਹੋਵੇ ਪਰ, we have to first find an alternative. ਅਸੀਂ ਪਹਿਲਾਂ ਆਲਟਰਨੇਟਿਵ ਫਾਈਡ ਕਰੀਏ। ਜੋ ਇਹ ਚਾਹੁੰਦੇ ਹਨ ਕਿ ਇਨ੍ਹਾਂ ਦੀ ਵਰਤੋਂ ਤੇ ਟੋਟਲ ਬੈਨ ਹੋਵੇ, ਮੈਂ ਇਨ੍ਹਾਂ ਨੂੰ ਐਸ਼ੋਰੈਂਸ ਦੇਵਾਂਗਾ, the Govt. will think over it.

**ਸ਼੍ਰੀਮਤੀ ਹਰਬੰਸ ਕੌਰ :** ਸਪੀਕਰ ਸਾਹਿਬ, ਇਹ ਅਸੀਂ ਅੱਗੇ ਨੂੰ ਤਾਂ ਬੰਦ ਕਰ ਦੇਵਾਂਗੇ ਪਰ ਜਿਹੜਾ ਪਿਛੇ ਗੰਦ ਪਿਆ ਹੋਇਆ ਹੈ, ਸਾਰੇ ਪੰਜਾਬ ਵਿਚ, ਸਾਰੇ ਸ਼ਹਿਰਾਂ ਵਿਚ ਇਹ ਉਡਦੇ ਫਿਰਦੇ ਹਨ, ਸੀਵਰੇਜ ਬਲਾਕ ਹੋਏ ਪਏ ਹਨ। ਕੀ ਇਨ੍ਹਾਂ ਦੀ ਸਫਾਈ ਕਰਾਉਣ ਦਾ ਇਹ ਕੋਈ ਉਪਰਾਲਾ ਕਰਨਗੇ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਇਨ੍ਹਾਂ ਨਾਲ ਪਹਿਲਾਂ ਹੀ ਸਹਿਮਤ ਹਾਂ ਕਿ ਇਨ੍ਹਾਂ ਕਾਰਨ ਸਾਰੇ ਪਿੰਡਾਂ ਵਿਚ ਸ਼ਹਿਰਾਂ ਵਿਚ ਅਤੇ ਸਾਰੀ ਜੀ.ਟੀ. ਰੋਡ ਤੇ ਸੜਕਾਂ ਦੇ ਨਾਲ-ਨਾਲ ਗੰਦ ਪਿਆ ਹੋਇਆ ਹੈ ਅਤੇ ਇਨ੍ਹਾਂ ਨੂੰ ਬੈਨ ਕਰਨਾ ਜ਼ਰੂਰੀ ਹੈ। ਪਰ ਅਸੀਂ ਇਨ੍ਹਾਂ ਦਾ ਅਲਟਰਨੇਟਿਵ ਪਹਿਲਾਂ ਭਾਲੀਏ, ਕੋਈ ਹੋਰ ਪੈਕਿੰਗ ਫੈਬਰਿਕ ਹੋਣ। ਉਸ ਤੋਂ ਬਾਅਦ ਅਸੀਂ ਬੈਨ ਬਾਰੇ ਸੋਚ ਸਕਦੇ ਹਾਂ।

**ਸ਼੍ਰੀਮਤੀ ਹਰਬੰਸ ਕੌਰ :** ਸਪੀਕਰ ਸਾਹਿਬ, ਇਹ ਦੱਸਣ ਕਿ ਜਿਹੜਾ ਪਹਿਲਾਂ ਗੰਦ ਪਿਆ ਹੋਇਆ ਹੈ, ਉਸਦੇ ਬਾਰੇ ਇਹ ਕੀ ਉਪਰਾਲਾ ਕਰਨਗੇ ?

Original with;
Punjab Vidhan Sabha
Digitized by:

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਹੜਾ ਪਹਿਲਾਂ ਗੰਦ ਪਿਆ ਹੋਇਆ ਹੈ, ਅਸੀਂ ਮਿਊਂਸਪੈਲਟੀਆਂ ਤੇ ਦਬਾਓ ਪਾਵਾਂਗੇ ਕਿ ਉਹ ਸਫਾਈ ਕਰਾਉਣ। ਇਹ ਗੰਦ ਸਾਰੇ ਪੰਜਾਬ ਵਿਚ ਹੀ ਭਰਿਆ ਪਿਆ ਹੈ, ਜੀ.ਟੀ. ਰੋਡਜ਼ ਦੀਆਂ ਸਾਈਡਜ਼ ਭਰੀਆਂ ਪਈਆਂ ਹਨ। ਇਹ ਐਨਵਾਇਰਨਮੈਂਟ ਨੂੰ ਵੀ ਖਰਾਬ ਕਰ ਰਹੇ ਹਨ।

**Shrimati Harbans Kaur :** Thank you, sir.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਦਾ ਧੰਨਵਾਦੀ ਹਾਂ ਕਿ ਇਹ ਇਸ ਪ੍ਰਾਬਲਮ ਬਾਰੇ ਚਿੰਤਤ ਹਨ। ਮੈਂ ਇਹ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਕਈ ਸੂਬਿਆਂ ਵਿਚ ਜਿਵੇਂ ਹਿਮਾਚਲ ਪ੍ਰਦੇਸ਼ ਹੈ, ਉਥੇ ਪੌਲੀਥੀਨ ਬੈਗਜ਼ ਤੇ ਉਨ੍ਹਾਂ ਨੇ ਆਲਰੇਡੀ ਬੈਨ ਐਨਫੋਰਸ ਕਰ ਦਿੱਤਾ ਹੈ। ਇਹ ਅਸੀਂ ਵੀ ਕਰ ਸਕਦੇ ਹਾਂ, ਬੱਸ ਥੋੜ੍ਹੀ ਜਿਹੀ ਤਵੱਜੋਂ ਦੇਣ ਦੀ ਲੋੜ ਹੈ। ਕੀ ਮੁੱਖ ਮੰਤਰੀ ਜੀ ਇਸ ਬਾਰੇ ਤਵੱਜੋਂ ਦੇਣਗੇ ?

**ਮੁੱਖ ਮੰਤਰੀ** : ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ, ਮੈਨੂੰ ਪੂਰੇ ਹਿਮਾਚਲ ਪ੍ਰਦੇਸ਼ ਬਾਰੇ ਤਾਂ ਨਹੀਂ ਪਤਾ, ਸ਼ਿਮਲਾ ਵਿਚ ਬੈਨ ਜ਼ਰੂਰ ਹੈ। ਪਰ ਮੇਰਾ ਖਿਆਲ ਹੈ, ਜੇ ਮੈਂਬਰ ਸਾਹਿਬ ਨੇ ਸ਼ਿਮਲਾ ਦਾ ਬਾਈਪਾਸ ਦੇਖਿਆ ਹੋਵੇ, ਤਾਂ ਕੋਈ ਨਾਲਾ ਨਹੀਂ ਜਿਥੇ ਲੱਖਾਂ ਦੀ ਤਾਦਾਦ ਵਿਚ ਪੌਲੀਥੀਨ ਬੈਗਜ਼ ਨਹੀਂ ਪਏ ਹੋਏ। ਇਸ ਨੂੰ ਇੰਪਲੀਮੈਂਟ ਕਰਨਾ ਬੜਾ ਔਖਾ ਕੰਮ ਹੈ। ਸ਼ਿਮਲੇ ਵਿਚ ਇਸ ਬੈਨ ਨੂੰ ਐਨਫੋਰਸ ਹੋਏ ਨੂੰ 7-8 ਸਾਲ ਹੋ ਗਏ ਹਨ। ਇਹ ਮੇਜਰ ਪ੍ਰਾਬਲਮ ਹੈ। ਅਸੀਂ ਐਸਾ ਕੋਈ ਇਸ਼ੂ ਨਹੀਂ ਬਣਾਉਣਾ ਚਾਹੁੰਦੇ ਜਿਸਨੂੰ ਇੰਪਲੀਮੈਂਟ ਨਾ ਕਰ ਸਕੀਏ। ਅਸੀਂ ਪਹਿਲਾਂ ਪ੍ਰਬੰਧ ਕਰੀਏ, ਉਸ ਤੋਂ ਬਾਅਦ ਇੰਪਲੀਮੈਂਟ ਕਰਨ ਬਾਰੇ ਸੋਚ ਸਕਦੇ ਹਾਂ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ ਸੈਂਟਰ ਸਰਕਾਰ ਦੀ ਵੀ ਇਹ ਪਾਲਿਸੀ ਹੈ ਅਤੇ ਹਾਈ ਕੋਰਟ ਨੇ ਵੀ ਇਸ ਤੇ ਸੂਓ ਮੋਟੋ ਐਕਸ਼ਨ ਲਿਆ ਹੈ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੁਝ ਲੋਕਾਂ ਦੇ ਖਿਲਾਫ ਵਾਇਓਲੇਸ਼ਨ ਦੇ ਕੇਸ ਦਰਜ ਕੀਤੇ ਗਏ ਹਨ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਦੱਸਿਆ ਹੈ ਕਿ 20 ਮਾਈਕਰੋਨ ਤੋਂ ਘੱਟ ਵਾਲੇ ਬੈਗ ਬਣ ਨਹੀਂ ਸਕਦੇ। ਪੁਲਿਸ ਨੇ ਅਤੇ ਪਾਲੂਸ਼ਨ ਕੰਟਰੋਲ ਬੋਰਡ ਨੇ ਕਾਫੀ ਚੈਕਿੰਗ ਕੀਤੀ ਹੈ, ਇਹ ਮੇਰੇ ਕੋਲ ਫਿਗਰਜ਼ ਹਨ ਲੇਕਿਨ ਕੋਈ ਅਜਿਹਾ ਕੇਸ ਨਹੀਂ ਮਿਲਿਆ ਜਿਹੜਾ 20 ਮਾਈਕਰੋਨ ਤੋਂ ਘੱਟ ਹੋਵੇ।

---

## ਸ਼ੇਰਗੜ੍ਹ ਬਾਈਪਾਸ ਤੋਂ ਰਵੀਦਾਸ ਨਗਰ, ਜ਼ਿਲ੍ਹਾ ਹੁਸ਼ਿਆਰਪੁਰ ਤੱਕ ਲਿੰਕ ਸੜਕ ਦਾ ਨਿਰਮਾਣ

*285. **ਸ਼੍ਰੀ ਤਿਕਸ਼ਨ ਸੂਦ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿਕਾਸ ਬਲਾਕ-2, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪਿੰਡ ਸ਼ੇਰਗੜ੍ਹ ਬਾਈਪਾਸ ਅਤੇ ਪ੍ਰਾਇਮਰੀ ਸਕੂਲ ਤੋਂ ਰਵੀਦਾਸ ਨਗਰ ਤੱਕ ਲਿੰਕ ਸੜਕ ਬਣਾਉਣ ਦੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਕਿੰਨੇ ਸਮੇਂ ਦੇ ਅੰਦਰ-ਅੰਦਰ ਇਸ ਦੇ ਬਣਾਏ ਜਾਣ ਦੀ ਸੰਭਾਵਨਾ ਹੈ ਅਤੇ ਕੀ ਇਸ ਮੰਤਵ ਲਈ ਕੋਈ ਫੰਡ ਅਲਾਟ ਕੀਤੇ ਗਏ ਹਨ ?

Original with;
Punjab Vidhan Sabha
Digitized by;

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਇਸ ਸੜਕ ਨੂੰ ਬਣਾਉਣ ਦੀ ਅਜੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਤੀਜੇ ਫੇਜ਼ ਦੀਆਂ ਲਿੰਕ ਸੜਕਾਂ ਸਨ, ਉਨ੍ਹਾਂ ਵਿਚ ਇਹ ਸੜਕ ਸ਼ਾਮਲ ਸੀ ਜਾਂ ਨਹੀਂ ?

**ਮੰਤਰੀ** : ਹਾਂ ਜੀ, ਸ਼ਾਮਲ ਸੀ।

**ਸ਼੍ਰੀ ਤਿਕਸ਼ਨ ਸੂਦ** : ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਤੀਜੇ ਫੇਜ਼ ਦੀਆਂ ਸੜਕਾਂ ਵਿਚ ਇਸ ਦੇ ਸ਼ਾਮਲ ਹੋਣ ਦੇ ਬਾਵਜੂਦ ਅਤੇ ਇਸ ਗੱਲ ਦੇ ਬਾਵਜੂਦ ਕਿ ਇਸ ਤੇ ਪੰਚਾਇਤ ਨੇ ਮਿੱਟੀ ਵੀ ਪਾਉਣੀ ਸ਼ੁਰੂ ਕਰ ਦਿੱਤੀ ਸੀ, ਇਹ ਸੜਕ ਕਿਉਂ ਨਹੀਂ ਬਣਾਈ ਗਈ ਅਤੇ ਇਸ ਸੜਕ ਵਾਸਤੇ ਜਿਹੜਾ ਪੈਸਾ ਦਿੱਤਾ ਗਿਆ ਸੀ, ਉਸ ਪੈਸੇ ਦਾ ਕੀ ਬਣਿਆ ?

**ਮੰਤਰੀ** : ਸਪੀਕਰ ਸਾਹਿਬ, ਸਾਡੇ ਤੋਂ ਪਹਿਲਾਂ 860 ਕਰੋੜ ਰੁਪਏ ਦਾ ਲੋਨ ਲੈ ਕੇ ਪਿਛਲੀ ਸਰਕਾਰ ਨੇ ਤਿੰਨ ਫੇਜ਼ਾਂ ਵਿਚ 20-20 ਕਿਲੋਮੀਟਰ ਨਵੀਆਂ ਸੜਕਾਂ ਬਣਾਉਣ ਦਾ ਪ੍ਰੋਗਰਾਮ ਉਲੀਕਿਆ ਸੀ। ਪਹਿਲਾ ਫੇਜ਼ ਕੰਪਲੀਟ ਹੋ ਗਿਆ। ਫਿਰ ਜਦੋਂ ਅਸੀਂ ਸੱਤਾ ਵਿਚ ਆਏ ਤਾਂ ਉਦੋਂ ਦੂਜਾ ਫੇਜ਼ ਚੱਲ ਰਿਹਾ ਸੀ। ਸਾਡੇ ਕੋਲ ਪੈਸੇ ਦੀ ਕਮੀ ਹੈ, ਇਸ ਵਿਚ ਕੋਈ ਸ਼ੱਕ ਨਹੀਂ ਹੈ ਲੇਕਿਨ ਜਿਸ ਸੜਕ ਦੀ ਇਹ ਗੱਲ ਕਰ ਰਹੇ ਹਨ, ਇਹ ਤੀਜੇ ਫੇਜ਼ ਵਿਚ ਸੀ। ਚੱਲਦੀਆਂ ਸੜਕਾਂ ਪੂਰੀਆਂ ਹੋਣ ਤੋਂ ਬਾਅਦ ਜਿਥੇ ਪਿੰਡਾਂ ਦੇ ਲੋਕਾਂ ਨੇ ਮਿੱਟੀ ਪਾਈ ਸੀ, ਉਹ ਸੜਕਾਂ ਬਣਾਈਆਂ। ਇਹ ਸੜਕ ਤੀਸਰੇ ਫੇਜ਼ ਵਿਚ ਪਾਈ ਹੋਈ ਸੀ ਜਿਸ ਵਾਸਤੇ ਪਿੰਡ ਦੇ ਲੋਕਾਂ ਨੇ ਮਿੱਟੀ ਨਹੀਂ ਪਾਈ ਸੀ। ਜਿਸ ਵਕਤ ਅਸੀਂ ਸਰਕਾਰ ਵਿਚ ਆਏ, 1,663.75 ਕਿਲੋਮੀਟਰ ਲੰਮੀਆਂ ਸੜਕਾਂ ਜਿਨ੍ਹਾਂ ਦਾ ਕੰਮ ਪਹਿਲਾਂ ਚੱਲ ਰਿਹਾ ਸੀ ਅਤੇ ਕੁਝ ਸਟੇਜਾਂ ਤੇ ਕੰਮ ਹੋ ਚੁੱਕਿਆ ਸੀ, ਉਹ 129.32 ਕਰੋੜ ਰੁਪਏ ਦੀ ਲਾਗਤ ਨਾਲ ਬਣਾਈਆਂ। ਅਸੀਂ ਇਹ ਕੰਮ ਪੂਰੀ ਦਿਆਨਤਦਾਰੀ ਨਾਲ ਕੀਤਾ। ਅਸੀਂ ਚਾਹੁੰਦੇ ਤਾਂ ਅਸੀਂ ਵੀ ਇਨ੍ਹਾਂ ਵਾਂਗ ਕਰ ਸਕਦੇ ਸੀ। ਅਸੀਂ ਚਾਹੁੰਦੇ ਤਾਂ ਇਹ ਰੁਪਿਆ ਬਚਾਉਂਦੇ ਅਤੇ ਆਪਣੇ ਮੈਂਬਰਾਂ ਨੂੰ ਦਿੰਦੇ। ਪਿਛਲੇ ਸੈਸ਼ਨ ਵਿਚ ਇਨ੍ਹਾਂ ਦੀ ਸਰਕਾਰ ਵੇਲੇ ਅਸੀਂ ਕਾਲੇ ਚੋਲੇ ਪਾ ਕੇ 20 ਦਿਨ ਬੈਠੇ ਰਹੇ ਕਿ ਅਸੀਂ ਵੀ ਐਮ.ਐਲ.ਏ. ਹਾਂ, ਸਾਨੂੰ ਵੀ ਡਿਵੈਲਪਮੈਂਟ ਵਾਸਤੇ ਪੈਸਾ ਮਿਲਣਾ ਚਾਹੀਦਾ ਹੈ . . . . . (ਵਿਘਨ) ਸਾਰੇ ਉਠ ਕੇ ਖੜ੍ਹੇ ਹੋਏ ਸੀ, ਹੁਣ ਸੁਣਨ ਦੀ ਵੀ ਹਿੰਮਤ ਰੱਖੋ।

ਮਾਨਯੋਗ ਸਪੀਕਰ : ਜਿੰਨਾ ਲੰਮਾ ਜਵਾਬ ਦਿਓਗੇ, ਉਨੀਆਂ ਹੀ ਜ਼ਿਆਦਾ ਸਪਲੀਮੈਂਟਰੀਜ਼ ਬਣਨਗੀਆਂ।

**ਮੰਤਰੀ** : ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਜੇ ਕਹਿਣ ਦੀ ਹਿੰਮਤ ਰੱਖਦੇ ਹੋ ਤਾਂ ਸੁਣਨ ਦੀ ਹਿੰਮਤ ਵੀ ਰੱਖੋ। ਸੋ, ਉਹ 1663.75 ਕਿਲੋਮੀਟਰ ਸੜਕਾਂ ਬਣ ਗਈਆਂ ਜੋ ਇਨ੍ਹਾਂ ਨੇ ਸ਼ੁਰੂ ਕੀਤੀਆਂ ਸੀ. ਮੇਰੇ ਮਹਿਕਮੇ ਵੱਲੋਂ ਆਰਡਰ ਸੀ ਕਿ ਇਹ ਕੰਮ ਬਿਲਕੁਲ ਬੰਦ ਨਾ ਕੀਤਾ ਜਾਵੇ। ਜਿੱਥੇ-ਜਿੱਥੇ ਮਿੱਟੀ ਨਹੀਂ ਸੀ ਪਾਈ ਗਈ, ਉਹ ਸੜਕਾਂ ਅਸੀਂ ਜ਼ਰੂਰ ਰੋਕੀਆਂ ਹਨ। ਸਾਡੇ ਸਾਥੀ ਇਹ ਕੰਮ ਰੋਕਣ ਦਾ ਕਾਰਣ ਵੀ ਜਾਣਦੇ ਹਨ ਕਿਉਂਕਿ ਅਸੀਂ ਕਰਜ਼ੇ ਦੀ ਕਿਸ਼ਤ ਵੀ ਤਾਰਨੀ ਸੀ। ਅੱਜ ਪੰਜਾਬ ਦੇ ਕਿਸੇ ਵੀ ਪਾਸੇ ਚਲੇ ਜਾਓ, ਪਤਾ

Original with;
Punjab Vidhan Sabha
Digitized by:

[ ਖੇਤੀਬਾੜੀ ਮੰਤਰੀ ]

ਲੱਗੇਗਾ ਕਿ ਕਿਸੇ ਵੀ ਸੜਕ ਦੀ ਮੁਰੰਮਤ ਨਹੀਂ ਹੋਈ। ਇਨ੍ਹਾਂ ਨੇ ਨਵੀਆਂ ਸੜਕਾਂ ਤਾਂ ਜ਼ਰੂਰ ਬਣਾਈਆਂ ਲੇਕਿਨ ਬਣੀਆਂ ਸੜਕਾਂ ਦੀ ਰਿਪੇਅਰ ਵੱਲ ਧਿਆਨ ਨਹੀਂ ਦਿੱਤਾ। ਹੁਣੇ ਹੀ ਅਸੀਂ ਸੀ.ਐਮ. ਸਾਹਿਬ ਨਾਲ ਇਕ ਮੀਟਿੰਗ ਕਰਕੇ ਫੈਸਲਾ ਲਿਆ ਹੈ ਕਿ 1994-95 ਅਤੇ 1995-96 ਤੱਕ ਜਿਹੜੀਆਂ ਵੀ ਸੜਕਾਂ 5 ਹਜ਼ਾਰ ਦੇ ਲਗਭਗ ਬਣੀਆਂ ਹਨ, ਉਨ੍ਹਾਂ ਤੇ 250 ਕਰੋੜ ਰੁਪਿਆ ਲਾ ਕੇ ਉਨ੍ਹਾਂ ਨੂੰ ਅਸੀਂ ਪੂਰਾ ਕਰਾਂਗੇ। (ਥੰਪਿੰਗ) ਜੇ ਅਸੀਂ 1997 ਤੱਕ ਵਾਲੀਆਂ ਸੜਕਾਂ ਪੂਰੀਆਂ ਕਰਨ ਲੱਗ ਜਾਈਏ ਤਾਂ 575 ਕਰੋੜ 75 ਲੱਖ ਰੁਪਿਆ ਇਸ ਦੇ ਵਾਸਤੇ ਚਾਹੀਦਾ ਹੈ। ਲੇਕਿਨ ਅਸੀਂ ਸਾਰਿਆਂ ਨੇ ਮਿਲ ਕੇ ਕਿਹਾ ਹੈ ਕਿ ਪਹਿਲਾਂ ਜਿਹੜੀਆਂ ਸੜਕਾਂ ਟੁੱਟਣ ਵਾਲੀਆਂ ਹਨ, ਟੁੱਟੀਆਂ ਹੋਈਆਂ ਹਨ, ਬਰਬਾਦ ਹੋਈਆ ਹਨ ਅਤੇ ਜਿੱਥੇ ਜ਼ਿਆਦਾ ਟਰਾਸਪੋਰਟ ਚਲਦੀ ਹੈ, ਜ਼ਿਆਦਾ ਟਰੈਫਿਕ ਹੈ, ਅਸੀਂ ਉਨ੍ਹਾਂ ਨੂੰ ਪ੍ਰਾਇਰਟੀ ਦੇ ਕੇ ਉਨਾਂ ਨੂੰ ਠੀਕ ਕਰਾਂਗੇ। ਉਸ ਤੋਂ ਬਾਅਦ ਅਸੀਂ ਨਵੀਆਂ ਸੜਕਾਂ ਬਣਾਵਾਂਗੇ। ਇਸ ਦੇ ਨਾਲ ਹੀ ਮੈਂ ਇਕ ਗੱਲ ਹੋਰ ਕਹਿਣਾ ਚਾਹੁੰਦੀ ਹਾਂ ਕਿ ਇਥੇ ਵਾਰ-ਵਾਰ ਮੇਰੇ ਵੀਰਾਂ ਵੱਲੋਂ ਕਿਹਾ ਜਾਂਦਾ ਹੈ ਕਿ ਇਸ ਸਰਕਾਰ ਨੇ ਕੋਈ ਨਵੀਂ ਸੜਕ ਨਹੀਂ ਬਣਾਈ, ਇਕ ਕਿਲੋਮੀਟਰ ਵੀ ਨਵੀਂ ਸੜਕ ਨਹੀਂ ਬਣਾਈ। ਇਹ ਕਹਿੰਦੇ ਵੀ ਮੇਰੇ ਸਾਬਕਾ ਵਿੱਤ ਮੰਤਰੀ ਜੀ ਹਨ, ਇਹ ਬੜੇ ਜ਼ਿੰਮੇਵਾਰ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਜਿਹੜਾ 129 ਕਰੋੜ ਰੁਪਏ ਦੇ ਨਾਲ ਕੰਮ ਸ਼ੁਰੂ ਹੋਇਆ ਸੀ, ਉਹ ਵੀ ਸਾਡੇ ਸਮੇਂ ਵਿੱਚ ਬਣੀਆਂ ਹਨ। ਅਸੀਂ 13 ਕਰੋੜ 86 ਲੱਖ 69 ਹਜ਼ਾਰ ਰੁਪਏ ਦੀਆਂ ਨਵੀਆਂ ਸਾਰੀਆਂ ਜ਼ਿਲ੍ਹਾਵਾਰ, ਮੇਰੇ ਕੋਲ ਲਿਸਟ ਹੈ, ਅਸੀਂ ਉਹ ਸਾਰਾ ਕੰਮ ਸ਼ੁਰੂ ਕਰਵਾਇਆ ਹੋਇਆ ਹੈ, ਅਸੀਂ ਉਹ ਵੀ ਨਾਲ ਹੀ ਬਣਾ ਰਹੇ ਹਾਂ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਤੁਸੀਂ ਸਾਨੂੰ ਤਾਂ ਕਹਿ ਦਿੰਦੇ ਹੋ ਕਿ ਭਾਸ਼ਣ ਨਾ ਦਿਓ ਲੇਕਿਨ ਮੈਂ ਇਨ੍ਹਾਂ ਤੋਂ ਇੰਨੇ ਲੰਮੇ ਭਾਸ਼ਣ ਬਾਰੇ ਤਾਂ ਪੁੱਛਿਆ ਹੀ ਨਹੀਂ ਸੀ। ਜੇ ਇਹ ਕਹਿੰਦੇ ਹਨ ਤਾਂ ਮੈਂ ਵੀ ਰਿਪੇਅਰ ਹੋਈਆਂ ਸਾਰੀਆਂ ਸੜਕਾਂ ਬਾਰੇ ਜ਼ਰੂਰ ਜਵਾਬ ਦੇਣਾ ਚਾਹਾਂਗਾ। ਹੁਸ਼ਿਆਰਪੁਰ ਵਿੱਚ ਬਾਦਲ ਸਾਹਿਬ ਨੇ 10 ਕਰੋੜ ਰੁਪਿਆ ਸਾਲ 2000-2001 ਵਿੱਚ ਸੜਕਾਂ ਤੇ ਲਗਾਇਆ ਸੀ ਤਾਂ ਇਹ ਸਾਰੀਆਂ ਸੜਕਾਂ ਰਿਪੇਅਰ ਹੋਈਆਂ ਸਨ। ਕਈ ਸੜਕਾਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਬਹੁਤ ਇੰਪਾਰਟੈਂਟ ਹੁੰਦੀਆਂ ਹਨ। ਇਹ ਹਰ ਵਾਰੀ ਗੱਲ ਟਾਲ ਦਿੰਦੇ ਹਨ।

**ਮਾਨਯੋਗ ਸਪੀਕਰ** : ਸੌਰੀ ਜੀ, ਤੁਸੀਂ ਗੌਰਮਿੰਟ ਵਿੱਚ ਨਹੀਂ ਹੋ, ਤੁਸੀਂ ਸਵਾਲ ਕਰੋ।

**ਸ਼੍ਰੀ ਤਿਕਸ਼ਨ ਸੂਦ** : ਉਨ੍ਹਾਂ ਦੀ ਹਰ ਸਾਲ ਰਿਪੇਅਰ ਦੀ ਲੋੜ ਹੁੰਦੀ ਹੈ। ਸਪੀਕਰ ਸਾਹਿਬ, ਗੱਲ ਤਾਂ ਸਿਰਫ ਇੰਨੀ ਹੈ। ਮੈਂ ਤਾਂ ਇਨ੍ਹਾਂ ਨੂੰ ਸਵਾਲ ਪੁੱਛਿਆ ਸੀ, ਕੱਟੇ ਨੂੰ ਭਾਅ ਨਹੀਂ ਹੁੰਦਾ ਮਣ ਦੁੱਧ ਨਾਲ। ਪੰਚਾਇਤ ਨੇ ਮਿੱਟੀ ਪਾਉਣੀ ਸ਼ੁਰੂ ਕਰ ਦਿੱਤੀ ਸੀ ਅਤੇ ਪੈਸਾ ਵੀ ਆਇਆ ਸੀ। ਜਿਹੜਾ ਉਹ ਪੈਸਾ ਜਮ੍ਹਾਂ ਹੋਇਆ ਸੀ, ਉਹ ਕਿੰਨਾ ਸੀ ਅਤੇ ਉਹ ਪੈਸਾ ਵਾਪਸ ਕਿਉਂ ਹੋਇਆ ? ਇਹ ਇਨਕੁਆਰੀ ਕਰਵਾ ਲੈਣ। ਉਹ ਪੈਸਾ ਕਿਥੇ ਗਿਆ ? ਸਾਡੀ ਇਹ ਸੜਕ ਬਣਵਾ ਦੇਣ ਜੀ।

**ਮਾਨਯੋਗ ਸਪੀਕਰ** : ਹਾਂ ਜੀ, ਇਨ੍ਹਾਂ ਨੇ ਉਹ ਸਾਰਾ ਦੱਸ ਦਿੱਤਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਕੀ ਇਹ ਸੜਕਾਂ ਬਣ ਜਾਣਗੀਆਂ ? ਹਾਂ ਜੀ, ਮੰਤਰੀ ਜੀ, ਤੁਸੀਂ ਕੁਝ ਕਹਿਣਾ ਹੈ।

riginal with;
unjab Vidhan Sabha
itized by;

**ਮੰਤਰੀ** : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਨਵੀਆਂ ਸੜਕਾਂ ਬਣਾਉਣ ਦਾ ਸਾਡਾ ਕੋਈ ਹਾਲੇ ਪਲਾਨ ਨਹੀਂ ਹੈ। ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਪੈਸਾ ਕਿੱਥੇ ਗਿਆ ਉਸ ਬਾਰੇ ਮੈਂ ਦੱਸ ਦਿੰਦੀ ਹਾਂ ਕਿ ਜਦੋਂ ਪਿੰਡ ਵਾਲਿਆਂ ਨੇ ਕੋਈ ਸ਼ਰਤ ਹੀ ਪੂਰੀ ਨਹੀਂ ਕੀਤੀ ਫਿਰ ਸੜਕ ਕਿਵੇਂ ਬਣ ਸਕਦੀ ਹੈ ? ਸਾਡੇ ਚਾਰ ਹਲਕੇ ਹਨ, ਇਹ ਮੇਰੇ ਕੋਲ ਲਿਖੇ ਹੋਏ ਹਨ। ਕਰਤਾਰਪੁਰ, ਆਦਮਪੁਰਾ ਆਦਿ। ਇਹ ਉਸ ਵੇਲੇ ਕੱਟੇ ਗਏ ਜਿਸ ਵੇਲੇ ਇਨ੍ਹਾਂ ਨੂੰ ਕੁਝ ਨਹੀਂ ਸੀ ਮਿਲਿਆ। ਉਹਦੇ ਵਿੱਚ ਨਵੀਆਂ ਸੜਕਾਂ ਸ਼ੁਰੂ ਕੀਤੀਆਂ ਹਨ, ਜਿਵੇਂ ਕੋਈ ਧਾਰਮਿਕ ਸਥਾਨ ਹੋਵੇ, ਕੋਈ ਹੋਰ ਹੋਵੇ। ਇਹ ਵਾਈਡਨਿੰਗ ਕਰਨ ਵਾਲੀਆਂ ਹਨ। ਫਿਲਹਾਲ ਨਵੀਆਂ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ। ਲੇਕਿਨ ਅਸੀਂ ਮੁਨਕਰ ਨਹੀਂ ਹਾਂ ਕਿ ਨਵੀਆਂ ਸੜਕਾਂ ਨਹੀ ਬਣਾਵਾਂਗੇ। ਜੇਕਰ ਸਾਡੇ ਕੋਲ ਪੈਸੇ ਦਾ ਇੰਤਜ਼ਾਮ ਹੋ ਗਿਆ ਤਾਂ ਅਸੀਂ ਨਵੀਆਂ ਸੜਕਾਂ ਜਿਹੜੀਆਂ ਵੀ ਰਹਿੰਦੀਆਂ ਹਨ, ਉਹ ਅਸੀਂ ਬਣਾਵਾਂਗੇ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਹ ਕਾਲੇ ਚੋਗੇ ਦੀ ਗੱਲ ਕਰਦੇ ਹਨ ਕਿ ਅਸੀਂ ਕਾਲੇ ਚੋਗੇ ਪਾ ਕੇ ਇਥੇ ਹਾਊਸ ਵਿੱਚ ਫਿਰਦੇ ਰਹੇ। ਅਸੀਂ ਵੀ ਕਾਲੇ ਚੋਗੇ ਪਾ ਲੈਂਦੇ ਹਾਂ। ਕੀ ਇਹ ਫਿਰ ਬਣਾ ਦੇਣਗੇ ? ਇਨ੍ਹਾਂ ਕੋਲ ਗਲਤ ਇਨਫਰਮੇਸ਼ਨ ਹੈ ਕਿ ਉਥੇ ਮਿੱਟੀ ਨਹੀਂ ਪਾਈ ਗਈ। ਸਪੀਕਰ ਸਾਹਿਬ, ਉਥੇ ਮਿੱਟੀ ਪਾਈ ਗਈ ਹੈ। ਪ੍ਰਾਇਮਰੀ ਸਕੂਲ ਉਥੇ ਨਾਲ ਲਗਦਾ ਹੈ। ਬੱਚੇ ਜਦੋਂ ਸਕੂਲ ਜਾਂਦੇ ਹਨ ਤਾਂ ਮੀਂਹ ਵਿੱਚ ਉਥੋਂ ਨਿਕਲ ਕੇ ਜਾਂਦੇ ਹਨ।

**ਮਾਨਯੋਗ ਸਪੀਕਰ** : ਇਸ ਸਵਾਲ ਦਾ ਜਵਾਬ ਆ ਚੁੱਕਾ ਹੈ ਜੀ। ਅਗਲਾ ਪ੍ਰਸ਼ਨ। (ਵਿਘਨ)

(ਇਸ ਵੇਲੇ ਵਿਰੋਧੀ ਧਿਰ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਇਸ ਪ੍ਰਸ਼ਨ ਦਾ ਜਵਾਬ ਮੰਗ ਰਹੇ ਸਨ ਅਤੇ ਹਾਊਸ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ** : ਅਗਰ ਤੁਹਾਨੂੰ ਬੋਲਣ ਦੀ ਆਦਤ ਹੈ ਤਾਂ ਤੁਸੀਂ ਬੋਲੀ ਜਾਓ। (ਵਿਘਨ) ਹਾਂ, ਚਲੋ ਸੂਦ ਸਾਹਿਬ, ਤੁਹਾਡੀ ਸਪਲੀਮੈਂਟਰੀ ਸੀ। ਜੇਕਰ ਤੁਸੀਂ ਨਹੀਂ ਸਮਝੇ ਤਾਂ ਤੁਸੀਂ ਦੁਬਾਰਾ ਸਵਾਲ ਪੁੱਛ ਲਓ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਤਾਂ ਸਿਰਫ ਇੰਨਾ ਹੀ ਪੁੱਛਿਆ ਸੀ ਕਿ ਉਹ ਪੈਸੇ ਕਿੱਥੇ ਚਲੇ ਗਏ ਅਤੇ ਇਹ ਸੜਕ ਬਣਾਈ ਜਾਵੇ ਕਿਉਂਕਿ ਉਥੇ ਪ੍ਰਾਇਮਰੀ ਸਕੂਲ ਨਾਲ ਲਗਦਾ ਹੈ ਅਤੇ ਬੱਚੇ ਉਥੋਂ ਲੰਘਦੇ ਹਨ।

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ ਕਿ ਜਵਾਬ ਨਹੀਂ ਦਿੱਤਾ, ਇਹ ਸਾਰੀ ਗੱਲ ਰਿਕਾਰਡ ਤੇ ਹੈ ਕਿ ਲੋਕ ਮਿੱਟੀ ਪਾ ਰਹੇ ਹਨ, ਹਾਲੇ ਪਾਈ ਨਹੀਂ ਗਈ। ਇਨ੍ਹਾਂ ਨੇ ਸ਼ਰਤ ਪੂਰੀ ਨਹੀਂ ਕੀਤੀ। ਇਸ ਕਰਕੇ ਥਰਡ ਫੇਜ਼ ਦੀਆਂ ਸਾਰੀਆਂ ਸੜਕਾਂ ਬੰਦ ਕੀਤੀਆਂ ਗਈਆਂ ਸਨ। ਮੈਂ ਇਹ ਵੀ ਕਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਜਿੱਥੇ ਧਾਰਮਿਕ ਸਥਾਨ ਹੈ, ਕੋਈ ਸਕੂਲ ਨੂੰ ਰਸਤਾ ਜਾਂਦਾ ਹੈ ਜਾਂ ਕੋਈ ਸ਼ਮਸ਼ਾਨ ਘਾਟ ਨੂੰ ਜਾਂਦਾ ਹੈ ਉਨ੍ਹਾਂ ਨੂੰ ਅਸੀਂ ਟਾਪ ਪ੍ਰਾਇਰਿਟੀ ਤੇ ਰੱਖਿਆ ਹੈ ਅਤੇ ਅਸੀਂ ਜ਼ਰੂਰ ਬਣਾਵਾਂਗੇ।

---

Original with;
Punjab Vidhan Sabha
Digitized by;

### ਖੰਨਾ ਵਿਖੇ ਸੀਵਰੇਜ ਟ੍ਰੀਟਮੈਂਟ ਪਲਾਂਟ ਲਗਾਉਣਾ

***541. ਸ਼੍ਰੀਮਤੀ ਹਰਬੰਸ ਕੌਰ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਖੰਨਾ ਵਿਖੇ ਸੀਵਰੇਜ ਟ੍ਰੀਟਮੈਂਟ ਪਲਾਂਟ ਲਗਾਉਣ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਚੌਧਰੀ ਜਗਜੀਤ ਸਿੰਘ** : ਨਹੀਂ ਜੀ।

**ਸ਼੍ਰੀਮਤੀ ਹਰਬੰਸ ਕੌਰ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਸਰਕਾਰ ਸਮਝਦੀ ਹੈ ਕਿ ਉਥੇ ਟਰੀਟਮੈਂਟ ਪਲਾਂਟ ਦੀ ਕੋਈ ਜ਼ਰੂਰਤ ਨਹੀਂ ਹੈ ?

**ਮੰਤਰੀ** : ਸਪੀਕਰ ਸਾਹਿਬ, ਖੰਨਾ ਵਿਚ ਟਰੀਟਮੈਂਟ ਪਲਾਂਟ ਲਗਾਉਣ ਵਾਸਤੇ 12 ਕਰੋੜ 50 ਲੱਖ ਰੁਪਿਆ ਲਗਦਾ ਹੈ। ਪੈਸੇ ਦਾ ਅਜੇ ਸਾਡੇ ਕੋਲ ਕੋਈ ਉਪਬੰਧ ਨਹੀਂ ਹੈ। ਬਾਕੀ ਖੰਨਾ ਸ਼ਹਿਰ ਵਿਚ ਪਾਣੀ ਦੀ ਨਿਕਾਸੀ ਦੀ ਬੜੀ ਪ੍ਰਾਬਲਮ ਹੈ, ਬੜੀ ਗੰਦਗੀ ਹੈ ਜਿਸ ਤਰ੍ਹਾਂ ਕਿ ਮੈਂਬਰ ਸਾਹਿਬਾ ਨੇ ਦੱਸਿਆ ਹੈ। ਇਸ ਦੇ ਵਾਸਤੇ ਇਕ ਪ੍ਰੋਜੈਕਟ 8 ਕਰੋੜ 52 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਹੈ। ਨਿਕਾਸੀ ਵਾਸਤੇ ਅਸੀਂ ਸੀਵਰੇਜ ਪਾ ਦਿੱਤਾ ਹੈ। ਡਿਸਪੋਜ਼ਲ ਬਣਾ ਦਿਤੀ ਹੈ। ਉਸ ਦੇ ਵਿਚ ਪੰਪ ਵਗੈਰਾ ਲਗ ਰਹੇ ਹਨ। ਡਿਸਪੋਜ਼ਲ ਕਰਨ ਵਾਸਤੇ 22 ਏਕੜ ਜ਼ਮੀਨ ਐਕਵਾਇਰ ਕੀਤੀ ਜਾਣੀ ਹੈ। ਅੰਡਰ ਸੈਕਸ਼ਨ 4 ਤੇ 6 ਤੇ ਨੋਟੀਫਿਕੇਸ਼ਨ ਹੋ ਗਈ ਹੈ। ਇਸ ਪਾਣੀ ਦੀ ਨਿਕਾਸੀ, ਡਿਸਪੋਜ਼ਲ ਕਰਕੇ ਕਰ ਦਿੱਤੀ ਜਾਵੇਗੀ ਅਤੇ ਸਾਰੇ ਖੰਨੇ ਸ਼ਹਿਰ ਵਿਚੋਂ ਗੰਦਗੀ ਚੁੱਕ ਦਿੱਤੀ ਜਾਵੇਗੀ।

**ਸ਼੍ਰੀਮਤੀ ਹਰਬੰਸ ਕੌਰ** : ਧੰਨਵਾਦ, ਸਰ।

---

## POSTPONED STARRED QUESTIONS AND ANSWERS

### ਤਹਿਸੀਲ ਗੜ੍ਹਸ਼ੰਕਰ ਵਿਚ ਉਦਯੋਗਿਕ ਯੂਨਿਟਾਂ

***262. ਸ਼੍ਰੀ ਅਵਿਨਾਸ਼ ਰਾਏ ਖੰਨਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਤਹਿਸੀਲ ਗੜ੍ਹਸ਼ੰਕਰ ਵਿਚ ਪੈਂਦੇ ਛੋਟੇ ਅਤੇ ਵੱਡੇ-ਪੈਮਾਨੇ ਦੇ ਉਦਯੋਗਿਕ ਯੂਨਿਟਾਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਯੂਨਿਟਾਂ ਵਿਚੋਂ ਅਜਿਹੇ ਯੂਨਿਟ ਕਿੰਨੇ ਹਨ ਜੋ ਬੰਦ ਕਰ ਦਿੱਤੇ ਗਏ ਹਨ; ਅਤੇ

(ਅ) ਬੰਦ ਪਏ ਯੂਨਿਟਾਂ ਨੂੰ ਮੁੜ-ਚਾਲੂ ਕਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ?

**ਕੈਪਟਨ ਅਮਰਿੰਦਰ ਸਿੰਘ** : (ੳ) ਗੜ੍ਹਸ਼ੰਕਰ ਤਹਿਸੀਲ ਵਿਚ 1,381 ਛੋਟੇ ਅਤੇ 4 ਵੱਡੇ/ਦਰਮਿਆਨੇ ਪੈਮਾਨੇ ਦੀਆਂ ਉਦਯੋਗਿਕ ਇਕਾਈਆਂ ਰਜਿਸਟਰ ਹੋਈਆਂ ਹਨ। ਇਨ੍ਹਾਂ ਵਿਚੋਂ 589 ਛੋਟੇ ਅਤੇ 1 ਵੱਡੇ/ਦਰਮਿਆਨੇ ਦਰਜੇ ਦੀਆਂ ਇਕਾਈਆਂ ਬੰਦ ਹਨ।

Original with;
Punjab Vidhan Sabha
Digitized by;

(ਅ) ਨਵੀਂ ਉਦਯੋਗਿਕ ਪਾਲਿਸੀ ਅਧੀਨ ਰਾਜ ਸਰਕਾਰ ਵਲੋਂ ਇਕ ਰਾਜ ਪੱਧਰੀ ਉਦਯੋਗਿਕ ਪੁਨਰ ਸੁਰਜੀਤੀ ਫੋਰਮ ਕਾਇਮ ਕੀਤਾ ਗਿਆ ਹੈ ਜਿਹੜਾ ਛੋਟੇ ਦਰਜੇ ਦੀਆਂ ਬੀਮਾਰ ਇਕਾਈਆਂ ਲਈ ਪੁਨਰ-ਸੁਰਜੀਤੀ ਪੈਕੇਜ ਵਿਚਾਰੇਗਾ। ਮੈਂਬਰ ਸਾਹਿਬ ਨੇ ਜਿਹੜਾ ਅੱਗੇ ਸਵਾਲ ਕੀਤਾ ਹੈ ਕਿ ਰਿਵਾਈਵਲ ਵਾਸਤੇ ਕੀ ਕਦਮ ਚੁੱਕੇ ਜਾ ਰਹੇ ਹਨ। ਅਸੀਂ ਹੁਣੇ ਜਿਹੇ ਹੀ ਇਕ ਨਵੀਂ ਇੰਡਸਟਰੀਅਲ ਪਾਲਿਸੀ ਬਣਾਈ ਹੈ ਜਿਸ ਦੇ ਵਿਚ ਅਸੀਂ ਮੇਜਰ ਸਿੱਕ ਯੂਨਿਟਾਂ ਨੂੰ ਰਿਵਾਈਵ ਕਰਨ ਵਾਸਤੇ ਸਪੈਸ਼ਲ ਟਾਸਕ ਦਿੱਤਾ ਹੋਇਆ ਹੈ। ਮਿਸਾਲ ਦੇ ਤੌਰ ਤੇ ਜਿਸ ਤਰ੍ਹਾਂ ਕਿ ਸਬਸਿਡੀ ਦਾ ਪਰਾਮਿਸ ਕੀਤਾ ਗਿਆ ਸੀ ਪਰ ਸਬਸਿਡੀ ਨਹੀਂ ਦਿੱਤੀ ਗਈ ਜਿਹੜੀ ਕਿ 500-600 ਕਰੋੜ ਰੁਪਏ ਬਣਦੀ ਹੈ। ਇਸ ਦੇ ਵਾਸਤੇ ਅਸੀਂ ਬਾਂਡ ਜਾਰੀ ਕਰ ਰਹੇ ਹਾਂ ਜਿਨ੍ਹਾਂ ਨੂੰ ਬੈਂਕ ਵਿਚ ਪਲੈਜ ਕਰਕੇ ਪੈਸੇ ਲਏ ਜਾ ਸਕਣਗੇ। ਅਸੀਂ ਕਈ ਕਦਮ ਚੁੱਕੇ ਹਨ। ਇੰਡਸਟਰੀ ਵਿਚ ਇਕੱਲੇ ਗੜ੍ਹਸ਼ੰਕਰ ਦੇ ਇਲਾਕੇ ਵਿਚ ਹੀ ਨਹੀਂ ਬਲਕਿ ਹੋਰ ਵੀ ਸਾਰੇ ਇਲਾਕੇ ਵਿਚ ਯੂਨਿਟ ਸਿੱਕ ਹੋਏ ਹਨ। ਇਹ ਡਬਲਯੂ.ਟੀ.ਓ. ਦੇ ਇੰਪੈਕਟ ਕਰਕੇ ਹੋਇਆ ਹੈ। ਅਸੀਂ ਇਸ ਲਈ ਰਿਵਾਈਵਲ ਪੈਕੇਜ ਦਿੱਤਾ ਹੈ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਰਿਵਾਈਵਲ ਫੋਰਮ ਦੀਆਂ ਕਿੰਨੀਆਂ ਮੀਟਿੰਗਾਂ ਹੋ ਚੁੱਕੀਆਂ ਹਨ ਅਤੇ ਉਸ ਨੇ ਆਪਣਾ ਅੱਗੇ ਐਕਸ਼ਨ ਪਲਾਨ ਕੀ ਬਣਾਇਆ ਹੈ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਨਵੀਂ ਇੰਡਸਟਰੀਅਲ ਪਾਲਿਸੀ ਨੂੰ ਅਨਾਊਂਸ ਹੋਏ ਨੂੰ ਅਜੇ ਇਕ ਮਹੀਨਾ ਹੀ ਹੋਇਆ ਹੈ। ਉਸ ਦੇ ਰਾਹੀਂ ਐਮ.ਐਲ.ਏ. ਸਾਹਿਬ ਜਿਹੜੇ ਵੀ ਯੂਨਿਟ ਨੋਟਿਸ ਵਿਚ ਲਿਆਉਣਗੇ, ਹੋਰ ਐਮ.ਐਲ.ਏ. ਸਾਹਿਬਾਨ ਵੀ ਨੋਟਿਸ ਵਿਚ ਲਿਆ ਸਕਦੇ ਹਨ, ਅਸੀਂ ਉਨ੍ਹਾਂ ਨੂੰ ਪਾਲਿਸੀ ਦੇ ਅਧੀਨ ਰਿਵਾਈਵ ਕਰਨ ਦੀ ਕੋਸ਼ਿਸ਼ ਕਰਾਂਗੇ।

---

## ਮੁਹਾਲੀ ਵਿਚ ਐਲ.ਆਈ.ਜੀ. ਮਕਾਨਾਂ ਦੀ ਅਲਾਟਮੈਂਟ

*263. **ਸ਼੍ਰੀ ਅਵਿਨਾਸ਼ ਰਾਏ ਖੰਨਾ** : ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1990 ਤਕ ਐਸ.ਏ.ਐਸ. ਨਗਰ (ਮੁਹਾਲੀ) ਵਿਚ ਪੁੱਡਾ ਦੁਆਰਾ ਬਣਾਏ ਗਏ ਅਤੇ ਅਲਾਟ ਕੀਤੇ ਗਏ ਐਲ.ਆਈ.ਜੀ. ਮਕਾਨਾਂ ਦੀ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਮਕਾਨਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਨਾਜਾਇਜ਼ ਕਬਜ਼ੇ ਅਧੀਨ ਹਨ ; ਅਤੇ

(ਅ) ਸਰਕਾਰ ਦੁਆਰਾ ਅਜਿਹੇ ਮਕਾਨਾਂ ਦਾ ਕਬਜ਼ਾ ਲੈਣ ਅਤੇ ਅਸਲ ਅਲਾਟੀਆਂ ਨੂੰ ਇਨ੍ਹਾਂ ਦਾ ਕਬਜ਼ਾ ਦੇਣ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ?

**ਸ਼੍ਰੀ ਰਘੂਨਾਥ ਸਹਾਏ ਪੁਰੀ** : (ੳ) ਸਾਲ 1990 ਤਕ ਐਸ.ਏ.ਐਸ. ਨਗਰ (ਮੋਹਾਲੀ) ਵਿੱਚ 1,508 ਮਕਾਨ ਐਲ.ਆਈ.ਜੀ. ਬਣਾਏ ਅਤੇ ਇਨ੍ਹਾਂ ਵਿਚੋਂ 1,420 ਮਕਾਨ ਅਲਾਟ ਕੀਤੇ ਗਏ ਸਨ ਅਤੇ 88 ਮਕਾਨ ਗੈਰ-ਕਾਨੂੰਨੀ ਕਬਜ਼ੇ ਅਧੀਨ ਹਨ।

Original with;
Punjab Vidhan Sabha
Digitized by;

**[ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ]**

(ਅ) ਬਹੁਤ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਇਹ ਮਕਾਨ ਕਾਨੂੰਨੀ ਅੜਚਨਾਂ ਕਰਕੇ ਖਾਲੀ ਨਹੀਂ ਕਰਵਾਏ ਜਾ ਸਕੇ। ਜਿਨ੍ਹਾਂ ਅਲਾਟੀਆਂ ਨੂੰ ਇਹ ਮਕਾਨ ਅਲਾਟਮੈਂਟ ਲਈ ਔਫ਼ਰ ਕੀਤੇ, ਪਰ ਉਨ੍ਹਾਂ ਵਲੋਂ ਕੋਈ ਤਰਜੀਹ ਨਹੀਂ ਦਿੱਤੀ ਗਈ। ਰਿਪੋਰਟ ਦੇ ਅਧਾਰ ਤੇ ਜ਼ਿਆਦਾਤਰ 1984 ਦੇ ਦੰਗਾ ਪੀੜਤ ਹੀ ਹਨ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਲੋਕਾਂ ਨੇ ਪੈਸੇ ਦੇ ਦਿਤੇ ਹਨ, ਕਿਸ਼ਤਾਂ ਪੂਰੀਆਂ ਕਰ ਦਿੱਤੀਆਂ ਹਨ, ਉਨ੍ਹਾਂ ਦੇ ਮਕਾਨਾਂ ਤੇ ਵੀ ਕਈ ਲੋਕਾਂ ਨੇ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਨੂੰ ਛੁਡਾਉਣ ਵਾਸਤੇ ਪੁੱਡਾ ਕੀ ਕਾਰਵਾਈ ਕਰ ਰਿਹਾ ਹੈ ?

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਸਵਾਲ ਕੀਤਾ ਸੀ, ਸਾਲ 1990 ਤੱਕ, ਉਨ੍ਹਾਂ ਵਿਚੋਂ 88 ਮਕਾਨ ਅੱਜ ਤੱਕ ਅਲਾਟ ਨਹੀਂ ਕੀਤੇ ਜਾ ਸਕੇ। ਜੇਕਰ ਕੋਈ ਐਸਾ ਮਕਾਨ ਧਿਆਨ ਵਿਚ ਆਵੇਗਾ ਤਾਂ ਉਸ ਨੂੰ ਜ਼ਰੂਰ ਖਾਲੀ ਕਰਵਾ ਦਿੱਤਾ ਜਾਵੇਗਾ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਕਿ 'ਬੜੀ ਕੋਸ਼ਿਸ਼ ਕਰਨ ਦੇ ਬਾਵਜੂਦ'। ਸਪੀਕਰ ਸਾਹਿਬ ਅੱਜ ਇਨ੍ਹਾਂ ਦੀ ਸਰਕਾਰ ਹੈ। ਪੁੱਡਾ ਇਕ ਅਥਾਰਟੀ ਹੈ। ਕੀ ਇਨ੍ਹਾਂ ਨੇ ਕੋਈ ਐਸਾ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਜਿਸ ਰਾਹੀਂ ਨਜਾਇਜ਼ ਕਬਜ਼ੇ ਜਿਹੜੇ ਹਨ, ਉਹ ਛੇਤੀ ਤੋਂ ਛੇਤੀ ਛੁੱਟ ਜਾਣ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਸਵਾਲ ਇਹ ਕੀਤਾ ਹੈ ਕਿ ਇਹ ਮਕਾਨ ਜਿਹੜੇ ਹਨ ਇਹ ਫੇਜ਼ II ਮੁਹਾਲੀ ਦੇ ਵਿੱਚ ਹਨ ਜਿਨ੍ਹਾਂ ਵਿਚੋਂ 88 ਮਕਾਨਾਂ ਵਿੱਚ ਨਜਾਇਜ਼ ਤੌਰ ਤੇ ਦੰਗਾ ਪੀੜਤ ਪਰਿਵਾਰ ਕਾਬਜ਼ ਹਨ। ਉਨ੍ਹਾਂ ਦੇ ਨਾਲ ਸਾਡੀ ਹਮਦਰਦੀ ਵੀ ਹੈ ਅਤੇ ਉਨ੍ਹਾਂ ਦੇ ਨਾਲ ਸਾਡੀ ਗੱਲਬਾਤ ਵੀ ਚਲ ਰਹੀ ਹੈ ਔਰ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਇਹ ਵੀ ਚਾਹੁੰਦੀ ਹੈ ਕਿ ਉਨ੍ਹਾਂ ਨੂੰ ਅਸੀਂ ਆਸਾਨ ਕਿਸ਼ਤਾਂ ਤੇ ਮਕਾਨ ਅਲਾਟ ਕਰ ਦੇਈਏ ਪਰ ਕਬਜ਼ਾ ਜਿਹੜਾ ਹੈ ਇਹ ਵੀ, ਸਪੀਕਰ ਸਾਹਿਬ, ਇਨ੍ਹਾਂ ਦੀ ਸਰਕਾਰ ਵੇਲੇ ਹੀ ਕੀਤਾ ਗਿਆ ਹੈ।

**ਸ਼੍ਰੀ ਤ੍ਰਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਇਕ ਸਪੈਸੀਫਿਕ ਮਕਾਨ ਨੰਬਰ 1435/7, ਫੇਜ਼ II, ਮੁਹਾਲੀ ਬਾਰੇ ਪੁੱਛਣਾ ਚਾਹੁੰਦਾ ਹਾਂ। ਇਹ ਮਕਾਨ ਹਰਕਿਸ਼ਨ ਸਿੰਘ ਨੂੰ ਅਲਾਟ ਕੀਤਾ ਗਿਆ ਸੀ ਅਤੇ ਉਹ ਕਿਸ਼ਤਾਂ ਵੀ ਭਰਦਾ ਰਿਹਾ ਹੈ ਪਰ ਇਸ ਦਾ ਕਬਜ਼ਾ ਕਿਸੇ ਹੋਰ ਕੋਲ ਹੈ ਅਤੇ ਪੁੱਡਾ ਵਾਲਿਆਂ ਨੇ ਖਾਲੀ ਕਰਵਾ ਕੇ ਇਸ ਦਾ ਕਬਜ਼ਾ ਉਸ ਨੂੰ ਨਹੀਂ ਦਿਤਾ। ਜਾਂ ਤਾਂ ਇਸ ਦਾ ਕਬਜ਼ਾ ਉਸ ਨੂੰ ਦਿਵਾਇਆ ਜਾਵੇ ਜਾਂ ਕਿਸ਼ਤਾਂ ਮੋੜੀਆਂ ਜਾਣ। ਇਕ ਪਾਸੇ ਇਸ ਦਾ ਨਿਬੇੜਾ ਹੋਣਾ ਚਾਹੀਦਾ ਹੈ ਜੀ।

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਪੂਰਾ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਜੇ ਉਸ ਦੀਆਂ ਕਿਸ਼ਤਾਂ ਆਈਆਂ ਹੋਈਆਂ ਅਤੇ ਕਬਜ਼ਾ ਨਹੀਂ ਮਿਲਿਆ, ਤਾਂ ਅਸੀਂ ਉਸਨੂੰ ਕਿਸ਼ਤਾਂ ਵਾਪਸ ਕਰ ਦੇਵਾਂਗੇ।

Original with;
Punjab Vidhan Sabha
Digitized by:

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਸ ਦੀਆਂ ਕਿਸ਼ਤਾਂ ਵਾਪਸ ਕਰਾਉਣਗੇ ਜਾਂ ਕਬਜ਼ਾ ਦਿਵਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਮੇਰੇ ਚੈਂਬਰ ਵਿੱਚ ਆ ਕੇ ਮੇਰੇ ਨਾਲ ਗੱਲ ਕਰ ਲੈਣ, ਇਨ੍ਹਾਂ ਨਾਲ ਡਿਸਕਸ ਕਰਕੇ ਜਾਂ ਤਾਂ ਕਿਸ਼ਤਾਂ ਵਾਪਸ ਕਰ ਦੇਵਾਂਗੇ ਜਾਂ ਕਬਜ਼ਾ ਦੇ ਦੇਵਾਂਗੇ।

**Mr. Speaker :** Questions are over. Now we will take the next item of the Agenda.

---

## MATTERS RAISED DURING ZERO HOUR

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਵਿਧਾਨ ਸਭਾ ਦਾ ਇਹ ਗੋਲਡਨ ਜੁਬਲੀ ਸਾਲ ਰਿਹਾ ਹੈ ਅਤੇ ਕੇਵਲ 2-3 ਦਿਨ ਬਾਕੀ ਰਹਿੰਦੇ ਸਨ। ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਇਹ ਲਿਆਉਣਾ ਚਾਹੁੰਦਾ ਹਾਂ ਕਿ ਇਸ ਹਾਊਸ ਨੇ ਪਿਛਲੇ 50 ਸਾਲਾਂ ਵਿੱਚ ਪਈਆਂ ਰਿਵਾਇਤਾਂ, ਜਮਹੂਰੀਅਤ ਦੀਆਂ ਪ੍ਰੰਪਰਾਵਾਂ, ਕਦਰਾਂ ਕੀਮਤਾਂ ਨੂੰ ਕਾਇਮ ਰੱਖਿਆ ਅਤੇ ਇਹ ਸ਼ਾਇਦ ਤੁਹਾਨੂੰ ਦੱਸਣ ਦੀ ਲੋੜ ਨਹੀਂ ਹੈ ਪਰ ਜਿਹੜੀਆਂ ਪ੍ਰੰਪਰਾਵਾਂ ਅਤੇ ਰਿਵਾਇਤਾਂ ਸਨ ਉਨ੍ਹਾਂ ਨੂੰ ਸਾਨੂੰ ਕਾਇਮ ਰੱਖਣਾ ਚਾਹੀਦਾ ਹੈ, ਜਿਹੜੀਆਂ ਕਿ ਨਹੀਂ ਰੱਖੀਆਂ ਜਾ ਰਹੀਆਂ। ਸਪੀਕਰ ਸਾਹਿਬ, ਜਦੋਂ ਕਿ ਬਜਟ ਸੈਸ਼ਨ ਚਲ ਰਿਹਾ ਹੈ ਅਤੇ House is in progress, ਕੈਬਨਿਟ ਦੀਆਂ ਮੀਟਿੰਗਾਂ, ਰੋਡ ਕਮੇਟੀ ਦੀਆਂ ਮੀਟਿੰਗਾਂ, ਹਾਊਸ ਕਮੇਟੀ ਦੀਆਂ ਮੀਟਿੰਗਾਂ ਅਤੇ ਹੋਰ ਵਿਧਾਨ ਸਭਾ ਦੀਆਂ ਕਮੇਟੀਆਂ ਦੀਆਂ ਮੀਟਿੰਗਾਂ, While the debate is in progress, ਹੋਈਆਂ ਹਨ। ਸਪੀਕਰ ਸਾਹਿਬ, ਤੁਹਾਡੇ ਕੋਲ 27 ਤਰੀਕ ਦਾ ਬਿਜ਼ਨਸ ਪਿਆ ਹੋਵੇਗਾ। ਉਸ ਦੇ ਵਿੱਚ ਅਖੀਰ ਤੇ ਲਿਖਿਆ ਹੈ ਕਿ Budget Estimates for the year 2003-04 to be concluded. ਮੈਂਬਰ ਸਾਹਿਬਾਨ ਵਲੋਂ ਬਜਟ ਤੇ ਜੋ ਸੁਝਾਓ ਦਿਤੇ ਗਏ ਹਨ ਉਨ੍ਹਾਂ ਨੂੰ ਵਿੱਤ ਮੰਤਰੀ ਜੀ ਨੇ ਕਨਕਲੂਡ ਕਰਨਾ ਸੀ, ਇਨ੍ਹਾਂ ਨੇ ਕੱਲ੍ਹ ਕਨਕਲੂਡ ਨਹੀਂ ਕੀਤਾ। ਅਖਬਾਰਾਂ ਵਿੱਚ ਇਹ ਲਿਖਿਆ ਗਿਆ ਹੈ ਕਿ ਵਿੱਤ ਮੰਤਰੀ ਜੀ ਕਾਗਜ਼ ਘਰ ਭੁੱਲ ਆਏ ਹਨ। ਸਪੀਕਰ ਸਾਹਿਬ, ਇਥੇ ਸਪਲੀਮੈਂਟਰੀਜ਼ ਪੋਸਟਪੋਨ ਹੋ ਜਾਂਦੀਆਂ ਹਨ, ਸਵਾਲ ਪੋਸਟਪੋਨ ਹੋ ਜਾਂਦੇ ਹਨ, ਜਵਾਬਾਂ ਨਾਲ ਸਾਨੂੰ ਸੰਤੁਸ਼ਟੀ ਨਹੀਂ ਹੁੰਦੀ। ਇਹ ਕਹਿ ਦਿੰਦੇ ਹਨ ਕਿ ਕੇਸ ਭਾਰਤ ਸਰਕਾਰ ਨੂੰ ਭੇਜਿਆ ਹੋਇਆ ਹੈ, ਤੁਸੀਂ ਉਥੋਂ ਜਾ ਕੇ ਪੈਸੇ ਲੈ ਆਓ। ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਚੈਂਬਰ ਵਿਚ ਆ ਜਾਓ, ਉਥੇ ਡਿਸਕਸ਼ਨ ਕਰ ਲਵਾਂਗੇ। ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਹੋ ਜਿਹੀਆਂ ਪ੍ਰੰਪਰਾਵਾਂ ਤੋੜਨਾ ਠੀਕ ਨਹੀਂ! ਇਹ ਕਿਹਾ ਜਾਵੇ ਕਿ ਮੈਂ ਕਾਗਜ਼ ਭੁੱਲ ਆਇਆ ਹਾਂ ਮੈਂ ਆਪ ਜੀ ਨੂੰ ਦਰਖਾਸਤ ਕਰਦਾ ਹਾਂ ਕਿ ਅਸੀਂ ਇਕ ਘੰਟਾ ਇਥੇ ਹੋਰ ਬੈਠਣ ਲਈ ਤਿਆਰ ਹਾਂ, ਵਿੱਤ ਮੰਤਰੀ ਸਾਹਿਬ ਨੂੰ ਜਵਾਬ ਦੇ ਲੈਣ ਦਿਓ। ਅਸੀਂ ਹੋਰ ਇਕ ਘੰਟਾ ਬੈਠ ਕੇ ਜਿਹੜੀ ਕਾਰਵਾਈ ਬਾਕੀ ਰਹਿੰਦੀ ਹੈ ਉਹ ਪੂਰੀ ਕਰ ਲਵਾਂਗੇ, ਧੰਨਵਾਦ ਜੀ।

Original with;
Punjab Vidhan Sabha
Digitized by:

RULING BY THE SPEAKER

**ਮਾਨਯੋਗ ਸਪੀਕਰ** : ਤੁਸੀਂ ਵਕਤ ਵਧਾਉਣ ਲਈ ਕਿਹਾ ਹੈ, ਮੈਂ ਇਸ ਨੂੰ ਐਪਰੀਸ਼ੀਏਟ ਕਰਦਾ ਹਾਂ ਪਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਡਿਮਾਂਡਜ਼ ਤੇ ਡਿਸਕਸ਼ਨ ਹੋਵੇਗੀ ਅਤੇ ਉਸ ਤੇ ਰਿਪਲਾਈ ਹੋਣਗੇ ਅਤੇ ਕਨਕਲੂਡਿੰਗ ਸਪੀਚ ਜਿਹੜੀ ਐਫ.ਐਮ. ਸਾਹਿਬ ਕੱਲ੍ਹ ਨਹੀਂ ਦੇ ਸਕੇ ਉਹ ਐਪਰੋਪਰੀਏਸ਼ਨ ਬਿਲ ਪਾਸ ਕਰਨ ਵੇਲੇ ਕੱਲ੍ਹ ਜਿੰਨਾਂ ਟਾਇਮ ਲੈਣਗੇ, ਦੇ ਦਿਆਂਗੇ।

**Sardar Manpreet Singh Badal :** Speaker Sahib, this is the break in the convention.

**Mr. Speaker :** I agree.

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਐਫ.ਐਮ. ਸਾਹਿਬ ਦੀ ਜ਼ਿੰਮੇਵਾਰੀ ਬਣਦੀ ਹੈ। ਸਾਰੇ ਸਦਨ ਨੇ ਬਹਿਸ ਕੀਤੀ ਹੈ। ਮੈਂਬਰ ਸਾਹਿਬਾਨ ਨੇ ਆਪਣੀ ਗੱਲ ਕੀਤੀ ਹੈ ਲੇਕਿਨ ਵਿੱਤ ਮੰਤਰੀ ਜੀ ਆਪਣੀ ਜ਼ਿੰਮੇਵਾਰੀ ਤੋਂ ਟਲ ਗਏ ਹਨ ਕਿਉਂਕਿ ਲੱਗਦਾ ਹੈ ਕਿ ਸ਼ਾਇਦ ਇਨ੍ਹਾਂ ਨੂੰ ਸਮਝ ਨਹੀਂ ਆਈ। ਪਤਾ ਨਹੀਂ ਕਿ ਇਨ੍ਹਾਂ ਨੂੰ ਕਾਗਜ਼ ਨਹੀਂ ਮਿਲੇ, ਤਿਆਰੀ ਨਹੀਂ ਹੋਈ ਜਿਸ ਤਰ੍ਹਾਂ ਅਖਬਾਰਾਂ ਵਿੱਚ ਆਇਆ ਹੈ। ਇੰਡੀਅਨ ਐਕਸਪ੍ਰੈਸ ਅਖਬਾਰ ਵਿੱਚ ਮੈਂ ਪੜ੍ਹਿਆ ਹੈ ਜਿਸ ਵਿੱਚ ਤੁਸੀਂ ਕਿਹਾ ਹੈ ਕਿ ਇਨ੍ਹਾਂ ਨੇ ਕਨਵੈਨਸ਼ਨ ਤੋੜੀ ਹੈ ਔਰ, ਸਪੀਕਰ ਸਾਹਿਬ, ਤੁਸੀਂ ਖੁਦ ਮੰਨਿਆ ਹੈ ਕਿ ਪਿਛਲੇ 50 ਸਾਲ ਤੋਂ ਇਹ ਰਵਾਇਤ ਚਲਦੀ ਆ ਰਹੀ ਹੈ। ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਕੀ ਇਹ ਦੱਸਣਗੇ ਕਿ ਇਹ ਕਨਵੈਨਸ਼ਨ ਤੋੜਨ ਦੀ ਇਨ੍ਹਾਂ ਨੂੰ ਕਿਉਂ ਲੋੜ ਪਈ? ਇਸ ਸਦਨ ਵਿੱਚ ਜੋ ਵੀ ਗੱਲਾਂ ਉੱਠੀਆਂ, ਉਨ੍ਹਾਂ ਦਾ ਇਨ੍ਹਾਂ ਨੇ ਜਵਾਬ ਨਹੀਂ ਦਿੱਤਾ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਅਗਰ ਉਹ ਕੱਲ੍ਹ ਬੋਲਣਾ ਚਾਹੁਣ ਤਾਂ ਬੋਲ ਸਕਦੇ ਹਨ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਕੱਲ੍ਹ ਡਿਬੇਟ ਦੀ ਕਨਕਲੂਜ਼ਨ ਹੋ ਗਈ ਸੀ, ਡਿਬੇਟ ਖਤਮ ਹੋ ਗਈ ਸੀ। ਇਸ ਲਈ ਐਫ.ਐਮ. ਸਾਹਿਬ ਨੂੰ ਇਹ ਪਰੰਪਰਾ ਤੋੜਨ ਦਾ ਕੋਈ ਅਧਿਕਾਰ ਨਹੀਂ ਹੈ। ਕੱਲ੍ਹ ਐਪਰੋਪਰੀਏਸ਼ਨ ਬਿਲ ਤੇ ਜੋ ਡਿਸਕਸ਼ਨ ਹੋਵੇਗੀ, ਇਹ ਸਿਰਫ ਉਸ ਡਿਸਕਸ਼ਨ ਦਾ ਹੀ ਜਵਾਬ ਦੇਣ। ਬਜਟ ਸਬੰਧੀ ਕੋਈ ਜਵਾਬ ਨਹੀਂ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ** : ਮਨਿਸਟਰ ਸਾਹਿਬ ਤੇ ਤੁਸੀਂ ਕੋਈ ਸ਼ਰਤ ਨਹੀਂ ਲਗਾ ਸਕਦੇ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਹਾਊਸ ਦੀਆਂ ਕੁਝ ਕਨਵੈਨਸ਼ਨਜ ਵੀ ਹੁੰਦੀਆਂ ਹਨ ...... (ਵਿਘਨ)

**ਮਾਨਯੋਗ ਸਪੀਕਰ** : ਇਹ ਕੱਲ੍ਹ ਬੋਲ ਸਕਦੇ ਹਨ। ਇਹ ਅੱਜ ਵੀ ਬੋਲ ਸਕਦੇ ਹਨ, ਕੱਲ੍ਹ ਵੀ ਬੋਲ ਸਕਦੇ ਹਨ।

Original with;
Punjab Vidhan Sabha
Digitized by;
Panjab Digital Library

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਤੁਸੀਂ ਆਪ ਮੰਨਿਆ ਹੈ। ਅਖਬਾਰਾਂ ਵਿੱਚ ਅਸੀਂ ਪੜ੍ਹਿਆ ਹੈ ਔਰ ਤੁਸੀਂ ਸਟੇਟਮੈਂਟ ਦਿੱਤੀ ਹੈ।

**ਮਾਨਯੋਗ ਸਪੀਕਰ** : ਮੈਂ ਕੋਈ ਸਟੇਟਮੈਂਟ ਨਹੀਂ ਦਿੱਤੀ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਫਾਇਨਾਂਸ ਮਨਿਸਟਰ ਸਾਹਿਬ ਨੇ ਕਨਵੈਨਸ਼ਨ ਤੋੜੀ ਹੈ।

**ਮਾਨਯੋਗ ਸਪੀਕਰ** : ਇਹ ਕੱਲ੍ਹ ਜਵਾਬ ਦੇ ਦੇਣਗੇ। (ਵਿਘਨ) (ਸ਼ੋਰ)

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਜਦੋਂ ਦੀ ਅਸੰਬਲੀ ਬਣੀ ਹੈ, ਤੁਸੀਂ ਪਹਿਲਾਂ ਵੀ ਸਪੀਕਰ ਰਹੇ ਹੋ, ਕੀ ਕਦੇ ਅਜਿਹਾ ਹੋਇਆ ਹੈ ਕਿ ਫਾਇਨਾਂਸ ਮਨਿਸਟਰ ਸਾਹਿਬ ਨੇ ਜਵਾਬ ਨਾ ਦਿੱਤਾ ਹੋਵੇ ? ਮੇਰਾ ਖਿਆਲ ਹੈ ਕਿ ਇਹ ਪਹਿਲੀ ਦਫ਼ਾ ਹੋਇਆ ਹੈ ਕਿ ਫਾਇਨਾਂਸ ਮਨਿਸਟਰ ਸਾਹਿਬ ਨੇ ਅਜਿਹਾ ਕੀਤਾ ਹੈ। ਤੁਸੀਂ ਆਪਣੇ ਪ੍ਰੋਗਰਾਮ ਵਿੱਚ ਵੀ ਲਿਖਿਆ ਸੀ 'to be concluded' ਸਪੀਕਰ ਸਾਹਿਬ, ਇਹ ਹਾਊਸ ਦੀ ਤੌਹੀਨ ਹੈ। ਇਨ੍ਹਾਂ ਨੇ ਜਵਾਬ ਨਹੀਂ ਦਿੱਤਾ। ਜੇ ਗਵਰਨਰ ਐਡਰੈਸ ਤੇ ਚੀਫ਼ ਮਨਿਸਟਰ ਸਾਹਿਬ ਜਵਾਬ ਨਾ ਦੇਣ ਤਾਂ ਇਹ ਕੋਈ ਚੰਗੀ ਕਨਵੈਨਸ਼ਨ ਨਹੀਂ ਹੈ। ਇਨ੍ਹਾਂ ਨੂੰ ਹਾਊਸ ਸਾਹਮਣੇ ਰਿਗਰੈਟ ਕਰਨਾ ਚਾਹੀਦਾ ਹੈ ਕਿ ਮੇਰੇ ਤੋਂ ਗਲਤੀ ਹੋਈ ਹੈ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਸਪੀਕਰ ਸਾਹਿਬ, ਮੈਨੂੰ ਕੋਈ ਇਤਰਾਜ਼ ਨਹੀਂ ਹੈ। ਅਗਰ ਤੁਸੀਂ ਅੱਜ ਟਾਈਮ ਦਿਓਗੇ ਤਾਂ ਮੈਂ ਅੱਜ ਜਵਾਬ ਦੇਣ ਨੂੰ ਤਿਆਰ ਹਾਂ।

**ਮਾਨਯੋਗ ਸਪੀਕਰ** : ਤੁਸੀਂ ਕੱਲ੍ਹ ਜਵਾਬ ਨਹੀਂ ਦੇ ਸਕੇ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਸਪੀਕਰ ਸਾਹਿਬ, ਤੁਸੀਂ ਮੈਨੂੰ ਕਿਹਾ ਸੀ ਕਿ 29 ਤਾਰੀਖ ਨੂੰ ਸਵੇਰੇ ਕੁਐਸਚਨ ਆਵਰ ਤੋਂ ਬਾਅਦ ਜਦੋਂ ਐਪਰੋਪਰੀਏਸ਼ਨ ਬਿਲ ਆਵੇਗਾ ਤਾਂ ਤੁਸੀਂ ਜਵਾਬ ਦੇ ਦੇਣਾ। ਮੈਂ ਜਵਾਬ ਦਿਆਂਗਾ। ਠੋਕ ਕੇ ਦਿਆਂਗਾ ਔਰ ਇਕੱਲੀ-ਇਕੱਲੀ ਗੱਲ ਦਾ ਜਵਾਬ ਦਿਆਂਗਾ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਕੀ ਵਿੱਤ ਮੰਤਰੀ ਜੀ ਦੀ ਕਨਵੀਨੀਐਂਸ ਮੁਤਾਬਕ ਹਾਊਸ ਚੱਲੇ ਜਾਂ ਹਾਊਸ ਦੀ ਕਨਵੀਨੀਐਂਸ ਮੁਤਾਬਕ ਵਿੱਤ ਮੰਤਰੀ ਚੱਲਣ ? ਇਹ ਅਮੈਂਡਮੈਂਟ ਕਰਨੀ ਚਾਹੁੰਦੇ ਹਨ। ਇਹ ਹਾਊਸ ਦੀਆਂ ਕਦਰਾਂ ਕੀਮਤਾਂ, ਸੈਂਟੀਮੈਂਟਸ, ਕਨਵੈਨਸ਼ਨਜ਼ ਨੂੰ ਤੋੜ ਰਹੇ ਹਨ।

**ਮਾਨਯੋਗ ਸਪੀਕਰ** : ਮੈਂ ਤੁਹਾਡੇ ਨਾਲ ਐਗਰੀ ਕਰਦਾ ਹਾਂ। ਅਗਰ ਇਹ ਕੱਲ੍ਹ ਜਵਾਬ ਦੇ ਦਿੰਦੇ ਤਾਂ ਅੱਛਾ ਸੀ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਅਸੀਂ ਇਨ੍ਹਾਂ ਨੂੰ ਕੱਲ੍ਹ ਜਵਾਬ ਨਹੀਂ ਦੇਣ ਦਿਆਂਗੇ।

Original with;
Punjab Vidhan Sabha
Digitized by;

**ਮਾਨਯੋਗ ਸਪੀਕਰ :** ਇਹ ਐਪਰੋਪਰੀਏਸ਼ਨ ਬਿਲ ਤੇ ਜਵਾਬ ਦੇਣਗੇ। (ਵਿਘਨ) (ਸ਼ੋਰ) No, No I allowed him. ਇਹ ਕਨਕਲੂਡਿੰਗ ਸਪੀਚ ਅੱਜ ਵੀ ਕਰ ਸਕਦੇ ਹਨ, ਕੱਲ੍ਹ ਵੀ ਕਰ ਸਕਦੇ ਹਨ।(ਵਿਘਨ) (ਸ਼ੋਰ) My ruling is there. No Discussion. He can conclude today or tomorrow.

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ :** ਸਾਰੀ ਗੱਲ ਹੋ ਗਈ ਹੈ। No Discussion. (Interruption). Next item. Papers laid on the Table.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

---

## PAPERS LAID ON THE TABLE

**Minister for Local Govt., Labour and Employment and Parliamentary Affairs (Chaudhary Jagjit Singh) :** Sir, I beg to lay on the Table the Punjab Dairy Development Board (Amendment) Ordinance, 2003 (Punjab Ordinance No. 3 of 2003), as required under Article 213(2)(a) of the Constitution of India. (Interruption)

**Mr. Speaker :** I have given my ruling. No discussion on that. ਬਾਦਲ ਸਾਹਿਬ, ਤੁਸੀਂ ਦੱਸੋ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਦੇਖੋ ਜੀ, ਥੋੜ੍ਹੇ ਦਿਨਾਂ ਦਾ ਸ਼ੈਸ਼ਨ ਚੱਲ ਰਿਹਾ ਹੈ, ਤੁਸੀਂ ਜੇ ਇਧਰੋਂ ਕੋਈ ਖੜ੍ਹਾ ਹੁੰਦਾ ਹੈ ਤਾਂ ਉਸ ਨੂੰ ਬੋਲਣ ਨਹੀਂ ਦਿੰਦੇ।

**ਮਾਨਯੋਗ ਸਪੀਕਰ :** ਤੁਸੀਂ ਵੀ ਇਧਰੋਂ ਹੀ ਬੋਲ ਰਹੇ ਹੋ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਮੈਂ ਬੋਲ ਰਿਹਾ ਹਾਂ ਪਰ ਸਰਦਾਰ ਬਲਵਿੰਦਰ ਸਿੰਘ ਭੂੰਦੜ ਬੜਾ ਚਿਰ ਖੜ੍ਹੇ ਰਹੇ ਪਰ ਤੁਸੀਂ ਟਾਈਮ ਨਹੀਂ ਦਿੱਤਾ। ਜੇਕਰ ਤੁਸੀਂ ਟਾਈਮ ਨਹੀਂ ਦੇ ਸਕਦੇ ਤਾਂ ਸਾਡਾ ਇਥੇ ਬੈਠਣ ਦਾ ਕੀ ਫਾਇਦਾ, ਅਸੀਂ ਚਲੇ ਜਾਂਦੇ ਹਾਂ।

**ਮਾਨਯੋਗ ਸਪੀਕਰ :** ਤੁਸੀਂ ਬੋਲ ਹੀ ਰਹੇ ਹੋ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਉਨ੍ਹਾਂ ਨੂੰ ਵੀ ਬੋਲਣ ਦਿਓ।

**ਮਾਨਯੋਗ ਸਪੀਕਰ :** ਹਾਂ ਜੀ, ਬੋਲੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਮੈਂ, ਸਪੀਕਰ ਸਾਹਿਬ, ਇੰਨਾ ਹੀ ਦੱਸਣਾ ਚਾਹੁੰਦਾ ਸੀ, ਮੁਆਫ਼ ਕਰਨਾ ਮੈਂ ਕੋਈ ਇਹੋ ਜਿਹਾ ਲਫਜ਼ ਨਹੀਂ ਕਹਿਣਾ, ਮੈਂ ਬੇਨਤੀ ਕਰਦਾ ਹਾਂ ਕਿ ਮੇਰੀ ਆਦਤ ਹੀ ਨਹੀਂ ਕਿ ਆਊਟ ਆਫ਼ ਸਬਜੈਕਟ ਚਲਾ ਜਾਵਾਂ। ਇਹ ਜ਼ੀਰੋ ਆਵਰ ਹੈ, ਇਥੇ ਤਾਂ ਇਸ ਦੌਰਾਨ 20-20 ਬੰਦੇ ਬੋਲਦੇ ਰਹੇ ਹਨ ਔਰ ਤੁਸੀਂ 40-60 ਦਾ ਡਿਫਰੈਂਸ ਦਖ ਲਵੋ, ਸਾਡ ਦੋ ਬੰਦੇ ਵੀ ਨਹੀਂ ਬੋਲ ਸਕਦੇ। ਸਰ, ਤੁਸੀਂ ਡੈਮੋਕਰੇਸੀ ਦੀ ਰਾਖੀ

Original with;
Punjab Vidhan Sabha
Digitized by:

ਕਰਨੀ ਹੈ। ਜਦੋਂ ਤੁਸੀਂ ਇਸ ਸੀਟ ਤੇ ਬੈਠਦੇ ਹੋ ਤਾਂ ਤੁਹਾਡਾ ਫਰਜ਼ ਬਣਦਾ ਹੈ ਕਿ ਹਾਊਸ ਡੈਮੋਕਰੇਸੀ ਦੇ ਮੁਤਾਬਿਕ ਚੱਲੇ। ਹੁਣ ਮੈਂ ਸਿਰਫ ਇੰਨਾ ਹੀ ਪੁੱਛਣਾ ਚਾਹੁੰਦਾ ਹਾਂ ਕਿ ਕੱਲ੍ਹ ਤੁਸੀਂ ਬੜਾ ਅੱਛਾ ਕੀਤਾ, ਮੈਂ ਉਸ ਦਾ ਧੰਨਵਾਦ ਕਰਦਾ ਹਾਂ। ਤੁਸੀਂ ਕਿਹਾ ਸੀ ਕਿ ਮੇਰੀ ਮੋਸ਼ਨ ਤੇ ਬੋਲਣ ਦਾ ਟਾਈਮ ਦੇਵੋਗੇ ਪਰ ਸ਼ੈਸ਼ਨ ਦੇ ਤਾਂ 1-2 ਦਿਨ ਹੀ ਰਹਿੰਦੇ ਹਨ। ਤੁਸੀਂ ਟਾਈਮ ਦੱਸ ਦੇਵੋ ਕਿਉਂਕਿ ਉਸ ਸਮੇਂ ਸਦਨ ਵਿੱਚ ਹਾਜ਼ਰ ਰਹਿਣਾ ਹੁੰਦਾ ਹੈ।

**ਮਾਨਯੋਗ ਸਪੀਕਰ :** ਤੁਹਾਡਾ ਮੋਸ਼ਨ ਕੱਲ੍ਹ ਆ ਜਾਵੇਗਾ।

---

## PRESENTATION OF REPORTS OF THE COMMITTEES

**Chairman, Select Committee (Sardar Lal Singh) :** Sir, I beg to present the Report of the Select Committee on the Punjab Fiscal Responsibility and Budget Management Bill, 2002.

**Chairman, Committee on Public Accounts (Sardar Balwinder Singh Bhunder) :** Sir, I beg to present the 143rd Report of the Committee on Public Accounts on the Appropriation Accounts of the Government of Punjab for the year 1996-1997 and the Report of the Comptroller and Auditor General of India for the year 1996-1997 (Civil) relating to Public Works (B&R) Department.

**ਮੈਂਬਰ, ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ (ਸਰਦਾਰ ਸ਼ੇਰ ਸਿੰਘ ਗਾਗੋਵਾਲ) :** ਸ਼੍ਰੀਮਾਨ ਜੀ, ਮੈਂ ਸਾਲ 2002-2003 ਲਈ ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੀ 35ਵੀਂ ਰਿਪੋਰਟ ਪੇਸ਼ ਕਰਦਾ ਹਾਂ।

---

## DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 2003-2004

**Mr. Speaker :** There are thirty Demands for Grants relating to Budget Estimates which are to be discussed and voted upon today. If the Hon'ble Members agree, all these demands may be deemed to have been read and moved together as per past practice.

(Voice : Yes, Yes)

### DEMAND NO. 1

That a sum not exceeding Rs. 3,69,17,41,000 on Revenue Account and Rs. 41,40,08,000 on Capital Account be granted to the Governor to defray the charges that will come in course of payment for the year 2003-2004, in respect of Agriculture and Forests.

Original with;
Punjab Vidhan Sabha
Digitized by;

**[Mr. Speaker]**

**DEMAND NO. 15**

That a sum not exceeding Rs. 20,33,46,68,000 on Revenue Account and Rs. 9,20,37,00,000 on Capital Account be granted to the Governor to defray the charges that will come in course of payment for the year 2003-2004, in respect of Irrigation and Power.

**DEMAND NO. 11**

That a sum not exceeding Rs. 7,18,15,23,000 on Revenue Account and Rs. 39,50,000 on Capital Account be granted to the Governor to defray the charges that will come in course of payment for the year 2003-2004, in respect of Health and Family Welfare.

**DEMAND NO. 5**

That a sum not exceeding Rs. 22,51,20,01,000 on Revenue Account and Rs. 18,65,00,000 on Capital Account be granted to the Governor to defray the charges that will come in course of payment for the year 2003-2004, in respect of Education.

**DEMAND NO. 2**

That a sum not exceeding Rs. 1,65,22,90,000 on Revenue Account and Rs. 11,00,000 on Capital Account be granted to the Governor to defray the charges that will come in course of payment for the year 2003-2004, in respect of Animal Husbandry & Fisheries.

**DEMAND NO. 3**

That a sum not exceeding Rs. 55,06,64,000 on Revenue Account and Rs. 33,35,85,000 on Capital Account be granted to the Governor to defray the charges that will come in course of payment for the year 2003-2004, in respect of Cooperation.

**DEMAND NO. 4**

That a sum not exceeding Rs. 16,47,32,000 on Revenue Account be granted to the Governor to defray the charges that will come in course of payment for the year 2003-2004, in respect of Defence Services Welfare.

**DEMAND NO. 6**

That a sum not exceeding Rs. 17,30,75,000 on Revenue Account be granted to the Governor to defray the charges that will come in course of payment for the year 2003-2004, in respect of Election.

Original with;
Punjab Vidhan Sabha
Digitized by;
Punjab Digital Library

**DEMAND NO. 7**

That a sum not exceeding Rs. 46,10,23,000 on Revenue Account be granted to the Governor to defray the charges that will come in course of payment for the year 2003-2004, in respect of Excise & Taxation.

**DEMAND NO. 8**

That a sum not exceeding Rs. 74,25,95,45,000 on Revenue Account and Rs. 83,36,68,53,000 on Capital Account be granted to the Governor to defray the charges that will come in course of payment for the year 2003-2004, in respect of Finance.

**DEMAND NO. 9**

That a sum not exceeding Rs. 46,03,87,000 on Revenue Account and Rs. 22,93,73,00,000 on Capital Account be granted to the Governor to defray the charges that will come in course of payment for the year 2003-2004, in respect of Food & Supplies.

**DEMAND NO. 10**

That a sum not exceeding Rs. 77,13,11,000 on Revenue Account be granted to the Governor to defray the charges that will come in course of payment for the year 2003-2004, in respect of General Administration.

**DEMAND NO. 12**

That a sum not exceeding Rs. 11,79,72,94,000 on Revenue Account be granted to the Governor to defray the charges that will come in course of payment for the year 2003-2004, in respect of Home Affairs and Justice.

**DEMAND NO. 13**

That a sum not exceeding Rs. 1,25,83,52,000 on Revenue Account and Rs. 7,35,84,000 on Capital Account be granted to the Governor to defray the charges that will come in course of payment for the year 2003-2004, in respect of Industries.

**DEMAND NO. 14**

That a sum not exceeding Rs. 14,91,24,000 on Revenue Account be granted to the Governor to defray the charges that will come in course of payment for the year 2003-2004, in respect of Information and Public Relations.

Original with;
Punjab Vidhan Sabha
Digitized by;

**[Mr. Speaker]**

**DEMAND NO. 16**

That a sum not exceeding Rs. 15,28,34,000 on Revenue Account be granted to the Governor to defray the charges that will come in course of payment for the year 2003-2004, in respect of Labour and Employment.

**DEMAND NO. 17**

That a sum not exceeding Rs. 89,24,18,000 on Revenue Account and Rs. 1,72,85,34,000 on Capital Account be granted to the Governor to defray the charges that will come in course of payment for the year 2003-2004, in respect of Local Government Housing and Urban Development.

**DEMAND NO. 18**

That a sum not exceeding Rs. 5,40,20,000 on Revenue Account be granted to the Governor to defray the charges that will come in course of payment for the year 2003-2004, in respect of Personnel and Administrative Reforms.

**DEMAND NO. 19**

That a sum not exceeding Rs. 2,95,43,27,000 on Revenue Account and Rs. 4,14,06,46,000 on Capital Account be granted to the Governor to defray the charges that will come in course of payment for the year 2003-2004, in respect of Planning.

**DEMAND NO. 20**

That a sum not exceeding Rs. 00 on Revenue Account and Rs. 00 on Capital Account be granted to the Governor to defray the charges that will come in course of payment for the year 2003-2004, in respect of Programme Implementation.

**DEMAND NO. 21**

That a sum not exceeding Rs. 6,16,86,61,000 on Revenue Account and Rs. 2,22,42,10,000 on Capital Account be granted to the Governor to defray the charges that will come in course of payment for the year 2003-2004, in respect of Public Works.

**DEMAND NO. 22**

That a sum not exceeding Rs. 4,43,15,29,000 on Revenue Account be granted to the Governor to defray the charges that will come in course of payment for the year 2003-2004. in respect of Revenue and Rehabilitation.

Original with;
Punjab Vidhan Sabha
Digitized by;

**DEMAND NO. 23**

That a sum not exceeding Rs. 1,37,35,19,000 on Revenue Account and Rs. 40,78,00,000 on Capital Account be granted to the Governor to defray the charges that will come in course of payment for the year 2003-2004, in respect of Rural Development and Panchayats.

**DEMAND NO. 24**

That a sum not exceeding Rs. 2,93,20,000 on Revenue Account and Rs. 53,95,00,000 on Capital Account be granted to the Governor to defray the charges that will come in course of payment for the year 2003-2004, in respect of Science and Technology and Environment.

**DEMAND NO. 25**

That a sum not exceeding Rs. 1,50,20,11,000 on Revenue Account and Rs. 4,92,98,000 on Capital Account be granted to the Governor to defray the charges that will come in course of payment for the year 2003-2004, in respect of Social and Women's Welfare of Scheduled Castes and Backward Classes.

**DEMAND NO. 26**

That a sum not exceeding Rs. 7,70,82,000 on Revenue Account be granted to the Governor to defray the charges that will come in course of payment for the year 2003-2004, in respect of State Legislature.

**DEMAND NO. 27**

That a sum not exceeding Rs. 65,12,21,000 on Revenue Account be granted to the Governor to defray the charges that will come in course of payment for the year 2003-2004, in respect of Technical Education and Industrial Training.

**DEMAND NO. 28**

That a sum not exceeding Rs. 22,93,98,000 on Revenue Account and Rs. 2,00,000 on Capital Account be granted to the Governor to defray the charges that will come in course of payment for the year 2003-2004, in respect of Tourism and Cultural Affairs.

**DEMAND NO. 29**

That a sum not exceeding Rs.3,90,68,73,000 on account of Revenue Account and Rs. 1,00,000 on Capital Account be granted to the Governor to defray the charges that will come in course of payment for the year 2003-2004, in respect of Transport.

Original with;
Punjab Vidhan Sabha
Digitized by;

**[Mr. Speaker ]**

**DEMAND NO. 30**

That a sum not exceeding Rs. 8,75,07,000 on Revenue Account be granted to the Governor to defray the charges that will come in course of payment for the year 2003-2004, in respect of Vigilance.

**Mr. Speaker :** I will request that while raising discussion, the Demand on which the discussion is sought to be raised may please be indicated by the Member concerned.

The Guillotine will be applied at 1.30 P.M.

**ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ)** : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਅੱਜ ਜੋ ਡਿਮਾਂਡਾਂ ਹਾਊਸ ਵਿੱਚ ਡਿਸਕਸ ਹੋ ਰਹੀਆਂ ਹਨ, ਉਨ੍ਹਾਂ ਤੇ ਆਪਣੀ ਪਾਰਟੀ ਵਲੋਂ ਬੋਲਣ ਵਾਸਤੇ ਤੁਸੀਂ ਮੈਨੂੰ ਟਾਈਮ ਦਿੱਤਾ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਡਿਮਾਂਡ ਨੰਬਰ 1 ਅਤੇ ਡਿਮਾਂਡ ਨੰਬਰ 15 ਤੇ ਬੋਲਣਾ ਚਾਹੁੰਦਾ ਹਾਂ, ਜਿਸ ਵਿੱਚ ਐਗਰੀਕਲਚਰ, ਫਾਰੈਸਟ, ਇਰੀਗੇਸ਼ਨ ਅਤੇ ਪਾਵਰ ਦੇ ਚਾਰ ਸਬਜੈਕਟ ਆਉਂਦੇ ਹਨ। ਸਪੀਕਰ ਸਾਹਿਬ, ਜੋ ਹਾਊਸ ਦੇ ਵਿੱਚ ਇਹ ਡਿਮਾਂਡ ਨੰਬਰ 1 ਅਤੇ ਡਿਮਾਂਡ ਨੰਬਰ 15 ਦੇ ਅਧੀਨ ਪੈਸੇ ਮੰਗੇ ਗਏ ਹਨ, ਇਸ ਪੈਸੇ ਨੂੰ ਜਿਸ ਮਕਸਦ ਵਾਸਤੇ ਖਰਚਣ ਦੀ ਹਾਊਸ ਤੋਂ ਮਨਜ਼ੂਰੀ ਚਾਹੀਦੀ ਹੈ, ਇਹ ਮਨਜ਼ੂਰੀ ਸਟੇਟ ਦੀ ਡਿਵੈਲਪਮੈਂਟ ਵਾਸਤੇ, ਲੋਕਾਂ ਦੇ ਭਲੇ ਵਾਸਤੇ ਹੈ। ਪਰ ਸਾਨੂੰ ਕੋਈ ਭਰੋਸਾ ਨਹੀਂ ਦਿੱਤਾ ਕਿ ਇਹ ਰੁਪਏ ਪੰਜਾਬ ਦੇ ਖਜ਼ਾਨੇ ਵਿਚੋਂ ਨਿਕਲ ਕੇ ਲੋਕਾਂ ਦੇ ਭਲੇ ਵਾਸਤੇ ਲੱਗਣਗੇ। ਸਪੀਕਰ ਸਾਹਿਬ, ਕਈ ਵਾਰ ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਸੁਣਦਾ ਰਿਹਾ ਹਾਂ। ਉਹ ਕਹਿੰਦੇ ਰਹੇ ਹਨ ਕਿ ਆਪੋਜ਼ੀਸ਼ਨ ਤਾਂ ਸਿਰਫ ਇਸ ਮਤਲਬ ਵਾਸਤੇ ਖੜ੍ਹ ਜਾਂਦੀ ਹੈ ਕਿ ਉਨ੍ਹਾਂ ਨੇ ਵਿਰੋਧ ਹੀ ਕਰਨਾ ਹੁੰਦਾ ਹੈ। ਲੇਕਿਨ ਡੈਮੋਕਰੇਸੀ ਦੇ ਵਿੱਚ ਜਿਹੜਾ ਜਾਇਜ਼ ਵਿਰੋਧ ਹੈ, ਉਹ ਠੀਕ ਹੈ ਲੇਕਿਨ ਜਿਥੇ ਜਾਇਜ਼ ਗੱਲ ਨੂੰ ਕਿਸੇ ਗਲਤ ਤਰੀਕੇ ਦੇ ਨਾਲ ਪੁੱਟ ਕੀਤਾ ਜਾਵੇ ਤਾਂ ਇਹ ਗਲਤ ਹੈ ਔਰ ਇਹ ਡੈਮੋਕਰੇਸੀ ਦਾ ਹੀ ਅੰਗ ਹੈ। ਸਪੀਕਰ ਸਾਹਿਬ, ਮੈਂ ਸਾਰੀਆਂ ਡਿਮਾਂਡਾਂ ਖਾਸ ਕਰਕੇ 1 ਅਤੇ 15 ਚੰਗੀ ਤਰ੍ਹਾਂ ਪੜ੍ਹੀਆਂ ਹਨ ਔਰ ਇਨ੍ਹਾਂ ਦੋਨਾਂ ਦੇ ਪੇਜ 15 ਤੋਂ 20 ਤੱਕ ਹਨ ਜੋ ਇਨ੍ਹਾਂ ਨੇ ਕਲੈਰੀਫਾਈ ਕੀਤਾ ਹੈ। ਇਨ੍ਹਾਂ ਡਿਮਾਂਡਜ਼ ਦੇ ਵਿਚੋਂ ਜੋ ਮੈਂ ਨੋਟ ਕਰਕੇ ਦੇਖਿਆ ਹੈ, ਡਿਮਾਂਡ ਨੰਬਰ ਇੱਕ ਦੇ ਵਿਚ ਇਨ੍ਹਾਂ ਨੇ ਮੇਜਰ ਥਰੱਸਟ, ਜੋ ਸਰਕਾਰ ਨੇ ਵਾਰ-ਵਾਰ ਦਿੱਤਾ ਹੈ ਔਰ ਕਿਹਾ ਹੈ ਕਿ ਅਸੀਂ ਡਾਈਵਰਸੀਫਿਕੇਸ਼ਨ ਕਰਾਂਗੇ ਔਰ ਐਗਰੀਕਲਚਰਲ ਨੂੰ ਸੈਕਿੰਡ ਪੁਸ਼ ਦਿਆਂਗੇ। ਇਸ ਦੇ ਵਿੱਚ ਖੇਤੀ, ਜੰਗਲਾਤ, ਸਿੰਜਾਈ ਔਰ ਬਿਜਲੀ ਚਾਰ ਵੱਡੀਆਂ ਗੱਲਾਂ ਆਉਂਦੀਆਂ ਹਨ ਜਿਨ੍ਹਾਂ ਦੇ ਨਾਲ ਸਾਡੀ ਸਾਰੀ ਸਟੇਟ ਦੀ ਇਕਾਨਮੀ ਲਿੰਕ ਹੋਈ ਹੋਈ ਹੈ। ਇਸ ਦੇ ਵਾਸਤੇ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਯਤਨ ਕਰ ਰਹੇ ਹਾਂ। ਲੇਕਿਨ, ਸਪੀਕਰ ਸਾਹਿਬ, ਮੈਂ ਹੈਰਾਨ ਹਾਂ ਜਦੋਂ ਸਾਰਾ ਖਰਚਾ ਪੜ੍ਹਿਆ ਹੈ ਤਾਂ ਜਿਹੜੀ ਇਸ ਦੇ ਵਿਚ ਫਿਗਰ ਦਿੱਤੀ ਗਈ ਹੈ ਉਹ ਇੰਨੀ ਵੱਡੀ ਹੈ ਜਿਹੜੀ ਕਿ ਮੇਰੇ ਕੋਲੋਂ ਪੜ੍ਹ ਵੀ ਨਹੀਂ ਹੋਣੀ। ਫਸਟ ਨੰਬਰ ਡਿਮਾਂਡ ਦੇ ਉਤੇ ਜੋ ਇਨ੍ਹਾਂ ਨੇ ਲਿਖਿਆ ਹੈ ਉਹ ਹੈ 41 ਕਰੋੜ 40 ਲੱਖ 8 ਹਜ਼ਾਰ ਰੁਪਿਆ ਹੈ ਔਰ ਇਸੇ ਤਰ੍ਹਾਂ ਡਿਮਾਂਡ ਨੰਬਰ 15 ਦੇ ਬਾਰੇ 920 ਕਰੋੜ 37 ਲੱਖ ਤੇ ਕੁਝ ਕੁ

Original with;
Punjab Vidhan Sabha
Digitized by;
Punjab Digital Library

ਰੱਖੇ ਹਨ। ਲੇਕਿਨ ਜੇ ਇਸ ਦੇ ਵਿਚ ਖਰਚੇ ਦੇ ਬਾਰੇ ਦੇਖੀਏ ਤਾਂ ਇਸ ਦੇ ਵਿਚੋਂ ਜਿਹੜਾ ਜੈਨੂਅਨ ਖਰਚਾ ਹੈ ਉਹ ਕਿਸ ਤਰ੍ਹਾਂ ਖਰਚਿਆ ਜਾਵੇਗਾ ਤੇ ਰਕਮ ਤੁਸੀਂ ਇਸ ਡਿਮਾਂਡ ਦੇ ਵਿਚੋਂ ਇਡੀ ਵੱਡੀ ਕਢਵਾ ਰਹੇ ਹੋ ਜਿਹੜੀ ਕਿ ਮੇਰੇ ਕੋਲੋਂ ਪੜ੍ਹੀ ਵੀ ਨਹੀਂ ਜਾ ਰਹੀ ਹੈ। ਸਪੀਕਰ ਸਾਹਿਬ, ਮੈਂ ਐਗਰੀਕਲਚਰ ਦੀ ਡਿਮਾਂਡ ਤੋਂ ਸ਼ੁਰੂ ਕਰਾਂਗਾ। ਇਹ ਮੇਜਰ ਥਰੱਸਟ ਬਾਰੇ ਹੈ ਔਰ ਜਦੋਂ ਮੈਂ ਖਰਚਾ ਪੜ੍ਹਿਆ ਤਾਂ ਮੈਂ ਦੇਖਿਆ ਕਿ, ਸਪੀਕਰ ਸਾਹਿਬ, ਇਕ ਤਾਂ ਕਰਾਪ ਇੰਸ਼ੋਰੈਂਸ ਸਕੀਮ ਸੀ ਜਿਹੜੀ ਕਿ ਬੜੀ ਅੱਛੀ ਸਕੀਮ ਸੀ ਉਸ ਤੇ ਪੈਸਾ ਰੱਖਿਆ। ਇੱਕ ਡਾਈਵਰਸੀਫਿਕੇਸ਼ਨ ਵਾਸਤੇ ਜੋ ਪੁਆਇੰਟ ਹੈ ਉਸ ਦੇ ਵਿਚ ਰੱਖਿਆ ਹੈ ਔਰ ਇਹ ਪੀ.ਏ.ਆਈ.ਸੀ. ਦੇ ਥਰੂ ਕਰਾਉਣਾ ਸੀ, ਠੀਕ ਸੀ, ਉਸ ਦੇ ਵਾਸਤੇ ਕੁਝ ਰੱਖਿਆ ਹੁੰਦਾ। ਇਕ ਮਿਸ਼ਨ ਫਾਰ ਦੀ ਸੈਕਿੰਡ-ਪੁਸ਼-ਇਨ ਐਗਰੀਕਲਚਰਲ ਹੈ। ਸਪੀਕਰ ਸਾਹਿਬ, ਜੇਕਰ ਇਹ ਪੜ੍ਹੀਏ ਕਿ ਇਸ ਦੇ ਵਿੱਚ ਕਿਧਰੇ ਡਾਈਵਰਸੀਫਿਕੇਸ਼ਨ ਆਫ਼ ਐਗਰੀਕਲਚਰਲ ਥਰੂ ਹਾਰਟੀਕਲਚਰਲ ਇਨ-ਦਿ-ਸਟੇਟ ਨਹੀਂ ਹੈ। ਇੱਕ ਕਰੋੜ ਰੁਪਏ ਤੋਂ ਵੱਧ ਇਸ ਡਿਮਾਂਡ ਦੇ ਵਿਚ ਨਹੀਂ ਰੱਖਿਆ ਹੈ। ਇਹ ਇੱਡੀ ਵੱਡੀ ਡਿਮਾਂਡ ਹੈ ਪਰ ਇਸ ਦੇ ਲਈ ਪੈਸੇ ਸਿਰਫ ਇਕ ਕਰੋੜ ਰੁਪਏ ਹੀ ਰੱਖ ਰਹੇ ਹਨ। ਇਸ ਤੋਂ ਇਲਾਵਾ ਆਇਲ ਸੀਡਜ਼ ਦੀ ਪ੍ਰੋਟੈਕਸ਼ਨ ਦੇ ਬਾਰੇ, ਪਤਾ ਨਹੀਂ ਇਨ੍ਹਾਂ ਨੇ ਬੀਜਾਂ ਦੀਆਂ ਥੈਲੀਆਂ ਵੰਡੀਆਂ ਵੀ ਹਨ ਜਾਂ ਨਹੀਂ ਵੰਡੀਆਂ ਹਨ, ਉਸ ਦੇ ਵਾਸਤੇ ਸਾਰੇ ਸਾਲ ਦੇ ਲਈ 10 ਲੱਖ ਰੁਪਿਆ ਰੱਖਿਆ ਹੈ। ਇਸੇ ਤਰ੍ਹਾਂ ਹੀ, ਸਪੀਕਰ ਸਾਹਿਬ, ਜੇਕਰ ਦੇਖੀਏ ਕਿ ਜੋ ਐਗਰੀਕਲਚਰਲ ਐਕਸਪੋਰਟ ਹੈ ਜਿਹੜੀ ਕਿ ਬਹੁਤ ਵੱਡੀ ਗੱਲ ਹੈ ਔਰ ਇਹ ਪਿਛਲੀ ਸਰਕਾਰ ਨੇ ਸ਼ੁਰੂ ਕੀਤਾ ਸੀ, ਪੇਜ ਨੰਬਰ 18 ਤੇ ਏ.ਪੀ. ਤੇ 16.37 ਪੈਰ੍ਹਾ ਹੈ, ਇਸ ਦੇ ਵਾਸਤੇ ਪਿਛਲੀ ਸਰਕਾਰ ਨੇ 50 ਕਰੋੜ ਰੁਪਿਆ ਐਗਰੀਕਲਚਰਲ ਐਕਸਪੋਰਟ ਆਫ਼ ਮਾਰਕੀਟਿੰਗ ਇਨਸੈਂਟਿਵ ਦੇ ਵਾਸਤੇ ਰੱਖਿਆ ਸੀ ਇਹ ਪੈਸੇ ਸਾਲ 2000-2001 ਦੇ ਲਈ ਰੱਖੇ ਗਏ ਸਨ ਤਾਂ ਕਿ ਇਸ ਨੂੰ ਬੂਸਟ ਕੀਤਾ ਜਾ ਸਕੇ।

| *11.13 ਵਜੇ ਪੂਰਵ ਦੁਪਹਿਰ | (ਇਸ *ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।) |
|---|---|

The Scheme has been continued with the token provision in the 10th Plan.

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਵੈਲਕਮ ਕਰਦਾ ਹਾਂ ਕਿਉਂਕਿ ਤੁਸੀਂ ਇਸ ਸੀਟ ਦੇ ਉਤੇ ਪਹਿਲੀ ਵਾਰੀ ਬੈਠੇ ਹੋ। ਡਿਪਟੀ ਸਪੀਕਰ ਸਾਹਿਬ, ਅਸੀਂ ਉਮਰ ਦੇ ਵਿਚ ਵੀ ਇੱਕ ਦੋ ਸਾਲ ਛੋਟੇ ਵੱਡੇ ਹੋ ਸਕਦੇ ਹਾਂ। ਸੋ, ਪਿਛਲੀ ਸਰਕਾਰ ਨੇ ਇਸ ਦੇ ਲਈ 50 ਕਰੋੜ ਰੁਪਏ ਰੱਖੇ ਸਨ ਔਰ ਇਨ੍ਹਾਂ ਨੇ (ਟਰੇਜ਼ਰੀ ਬੈਂਚ ਵੱਲ ਇਸ਼ਾਰਾ) ਉਸ ਨੂੰ ਕੋਟ ਕਰਕੇ ਇਸ ਦੀ ਤਾਰੀਫ ਵੀ ਕੀਤੀ ਸੀ। ਲੇਕਿਨ ਇਸ ਵਾਰੀ ਕੋਈ ਟੋਕਨ ਪ੍ਰੋਵੀਜ਼ਨ, ਕੋਈ ਰੁਪਿਆ ਨਹੀਂ ਰੱਖਿਆ ਹੈ। ਡਿਪਟੀ ਸਪੀਕਰ ਸਾਹਿਬ, ਸੈਕਿੰਡ ਪੁਸ਼-ਇਨ, ਐਗਰੀਕਲਚਰਲ ਯੂਨੀਵਰਸਿਟੀ ਨੂੰ ਦੇਣ ਵਾਸਤੇ ਕੁਝ ਨਹੀਂ ਹੈ, ਸਿਰਫ 200 ਲੱਖ ਰੁਪਿਆ ਹੀ ਲਿਖਿਆ ਹੈ, ਇਹ ਵੀ ਦੋ ਕਰੋੜ ਹੀ ਬਣਦਾ ਹੈ। ਇਸੇ ਤਰ੍ਹਾਂ ਜਿਹੜਾ ਅਸਿਸਟੈਂਸ ਟੂ ਹਾਰਟੀਕਲਚਰ ਫਾਰ ਸੈਟਿੰਗ ਅੱਪ ਪ੍ਰਾਸੈਸਿੰਗ ਯੂਨਿਟ ਸੀ ਉਸ ਦੇ ਵਾਸਤੇ ਵੀ 200 ਲੱਖ ਰੁਪਿਆ ਰੱਖਿਆ ਗਿਆ ਹੈ ਇਹ ਵੀ ਦੋ ਕਰੋੜ ਰੁਪਏ ਦੀ ਰਕਮ ਬਣਦੀ ਹੈ। ਪੂਲ ਚੇਨ ਮੇਜਰ ਡਾਈਵਰਸੀਫਿਕੇਸ਼ਨ ਦਾ ਪੁਆਇੰਟ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਸੀ, ਉਸ ਦੇ ਲਈ ਵੀ 200 ਲੱਖ ਰੁਪਿਆ ਹੀ ਰੱਖਿਆ ਹੈ। ਸੋ, ਸਾਰੀ ਐਗਰੀਕਲਚਰ ਦੇ ਬਾਰੇ ਦੇਖੀਏ ਤਾਂ ਇਹ ਰਕਮਾਂ ਤਾਂ ਅਰਬਾਂ ਰੁਪਿਆਂ ਦੇ ਵਿਚ ਬਣ ਜਾਂਦੀਆਂ ਹਨ ਲੇਕਿਨ ਪਤਾ ਨਹੀਂ ਇਨ੍ਹਾਂ ਨੂੰ ਸਹੀ ਥਾਂ ਤੇ ਪਿੰਨ-ਪੁਆਇੰਟ ਕੀਤਾ ਜਾਣਾ ਹੈ ਜਾ ਨਹੀਂ, ਇਸ ਦੇ ਨਾਲ ਸਟੇਟ ਨੂੰ ਕਿੰਨੀ ਕੁ ਡਿਵੈਲਪਮੈਂਟ ਮਿਲਣੀ ਹੈ। ਮੈਨੂੰ ਤਾਂ ਦੋ ਜਾਂ ਚਾਰ ਕਰੋੜ ਰੁਪਏ ਤੋਂ ਵੱਧ ਕਿਤੇ ਲੱਭਿਆ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਡਾਈਵਰਸਫਿਕਸ਼ਨ ਜਾਂ ਮੇਜਰ ਪੁਸ਼ ਇਨ ਐਗਰੀਕਲਚਰ ਦੀ ਗੱਲ ਕੀਤੀ ਹੈ ਔਰ ਡਬਲਯੂ.ਟੀ.ਓ. ਦੇ ਨਾਲ ਮੁਕਾਬਲਾ ਕਰਨ ਜਾ ਰਹੇ ਹੋ ਤਾਂ ਫਿਰ ਇੱਕ-ਇੱਕ ਜਾਂ ਦੋ-ਦੋ ਕਰੋੜ ਰੁਪਏ ਦੇ ਨਾਲ ਮੁਕਾਬਲਾ ਨਹੀਂ ਹੁੰਦਾ। ਇਹ ਕਹਿ ਕੇ ਇਥੇ ਪੈਪਸੀ ਕੰਪਨੀ ਲਿਆ ਰਹੇ ਹਾਂ, ਮਹਿੰਦਰਾ ਐਂਡ ਮਹਿੰਦਰਾ ਕੰਪਨੀ ਲੈ ਕੇ ਆ ਰਹੇ ਹਨ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਵੀ ਯਾਦ ਹੋਵੇਗਾ ਕਿ ਦੇਸ਼ ਦੇ ਵਿੱਚ ਇਕ ਵਾਰੀ ਈਸਟ ਇੰਡੀਆ ਕੰਪਨੀ ਆਈ ਸੀ। ਕੀ ਉਸ ਨੇ ਆ ਕੇ ਦੇਸ਼ ਦੀ ਤਰੱਕੀ ਕੀਤੀ ਜਾਂ ਫਿਰ ਦੇਸ਼ ਨੂੰ 200 ਸਾਲ ਵਾਸਤੇ ਗੁਲਾਮ ਬਣਾਇਆ ਸੀ ? ਇਸੇ ਤਰ੍ਹਾਂ ਇਹ ਅਮਰੀਕਾ ਦੇ ਵਿੱਚ ਬੈਠੇ ਡਬਲਯੂ.ਟੀ.ਓ. ਨਾਲ ਮੁਕਾਬਲਾ ਕਰਵਾ ਰਹੇ ਹਨ, ਅਮਰੀਕਾ ਦੇ ਵਿੱਚ ਬੈਠੇ-ਬੈਠੇ ਸੂਬੇ ਨੂੰ ਆਰਥਿਕ ਗੁਲਾਮੀ ਕਰਵਾਉਣਾ ਚਾਹੁੰਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਾਰੇ ਲੋਕਾਂ ਨੂੰ ਔਰ ਪੰਜਾਬ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਗੱਲਾਂ ਦੇ ਵਿੱਚ ਨਾ ਫਸੋ।

ਡਿਪਟੀ ਸਪੀਕਰ ਸਾਹਿਬ, ਇਹ ਗੱਲਾਂ ਕਰੀ ਜਾ ਰਹੇ ਹਨ ਕਿ ਇਹ ਕੰਮ ਕੰਪਨੀਜ਼ ਕਰਨਗੀਆਂ। ਕੀ ਇਹ ਕੰਪਨੀਜ਼ ਖੇਤੀ ਕਰਿਆ ਕਰਨਗੀਆਂ ? ਕੀ ਮਹਿੰਦਰਾ ਐਂਡ ਮਹਿੰਦਰਾ ਅਤੇ ਪੈਪਸੀ ਕੰਪਨੀ ਵਾਲੇ ਇਥੇ ਆ ਕੇ ਕੰਮ ਕਰਿਆ ਕਰਨਗੇ ? ਫੇਰ ਇਹ ਕਹਿਣਗੇ ਕਿ ਤੁਸੀਂ ਕਿਹੜੇ ਐਗਰੀਕਲਚਰ ਵਿਚ ਮਾਹਿਰ ਹੋ। ਇਨ੍ਹਾਂ ਇਕ ਬੜੇ ਕਾਬਲ ਸਾਇੰਸਦਾਨ ਥੱਲੇ ਇਕ ਜੌਹਲ ਕਮੇਟੀ ਬਣਾਈ ਹੈ ਜਿਸ ਉਤੇ ਇਹ ਵਿਸ਼ਵਾਸ ਕਰਦੇ ਹਨ ਅਤੇ ਉਹ ਇਕ ਅੱਛੇ ਇਨਸਾਨ ਵੀ ਹਨ। ਉਨ੍ਹਾਂ ਨੇ ਜੋ ਕਿਹਾ ਹੈ ਉਸ ਬਾਰੇ ਮੈਂ ਇਥੇ ਜ਼ਿਕਰ ਕਰਨਾ ਚਾਹੁੰਦਾ ਹਾਂ। Govt. again faces wrath on contract farming. ਮੈਂ ਇਸ ਦੀਆਂ ਲਾਈਨਾਂ ਨੂੰ ਪੜ੍ਹ ਕੇ ਸੁਣਾ ਦਿੰਦਾ ਹਾਂ ਤਾਂ ਕਿ ਤੁਹਾਨੂੰ ਪਤਾ ਲਗ ਸਕੇ। This is Dr. Johl report attached on contract farming scheme lanunched by the State Govt. recently in collaboration with Punjab Agro for formulating the contract farming scheme on diversification. The Department of Agro-Punjab, Agriculture University and we should have been consulted but nothing of the sort was done by the scheme launched by the State Govt. has many loopholes and there are many chances that it will fail apart. ਇਹ ਸਰਟੀਫਿਕੇਟ ਇਨ੍ਹਾਂ ਦੀ ਸਰਕਾਰ ਦਾ ਦਿੱਤਾ ਹੋਇਆ ਹੈ। ਜੌਹਲ ਕਮੇਟੀ ਦੀ ਰਿਪੋਰਟ ਕਹਿੰਦੀ ਹੈ ਕਿ ਇਹ ਐਵੇਂ ਲੋਕਾਂ ਨੂੰ ਭੰਬਲਭੂਸੇ ਵਿਚ ਪਾਈ ਫਿਰਦੇ ਹਨ ਇਸ ਵਿਚ ਕਿਸੇ ਡਿਪਾਰਟਮੈਂਟ ਦੀ ਕਨਸੈਂਟ ਨਹੀਂ ਹੈ। ਇਨ੍ਹਾਂ ਕੰਪਨੀਜ਼ ਨੂੰ ਤੁਹਾਡੀ ਸਰਕਾਰ ਵਲੋਂ ਸਰਟੀਫਿਕੇਟ ਦਿੱਤਾ ਜਾ ਰਿਹਾ ਹੈ ਅਤੇ ਇਹ ਕੰਪਨੀਆਂ ਰਾਹੀਂ ਸਰਕਾਰ ਤਰੱਕੀ ਨਹੀਂ ਕਰ ਸਕਦੀ। ਸਰਕਾਰ ਕੋਈ ਹੱਲਾ ਮਾਰੇ, ਤਦ ਹੀ ਤਰੱਕੀ ਹੋ ਸਕਦੀ ਹੈ। 1 ਕਰੋੜ ਜਾਂ 2 ਕਰੋੜ ਰੁਪਏ ਰੱਖਣ ਨਾਲ ਕੋਈ ਤਰੱਕੀ ਨਹੀਂ ਹੁੰਦੀ।

Original with;
Punjab Vidhan Sabha
Digitized by;
Panjab Digital Library

ਤੁਸੀਂ ਕੋਈ 100 ਤੋਂ 200 ਕਰੋੜ ਰੁਪਿਆ ਰੱਖ ਤਦ ਹੀ ਇਸ ਕੰਮ ਵਿਚ ਕੋਈ ਤਰੱਕੀ ਹੋਵੇਗੀ। ਤੁਸੀਂ ਕੋਈ ਮਾਰਕੀਟਿੰਗ ਕਰੋ, ਪੂਲ ਚੈਨੂਲਾਈਜ਼ ਸਿਸਟਮ ਨੂੰ ਅਡਾਪਟ ਕਰੋ ਤਦ ਹੀ ਡਾਈਵਰਸੀਫਿਕੇਸ਼ਨ ਹੋ ਸਕਦੀ ਹੈ। ਪਰ ਕੇਵਲ ਇਕ ਕਰੋੜ ਰੁਪਿਆ ਹਾਰਟੀਕਲਚਰ ਲਈ ਰੱਖ ਕੇ ਡਾਈਵਰਸੀਫਿਕੇਸ਼ਨ ਨਹੀਂ ਕਰ ਸਕਦੇ। ਇਤਨੇ ਪੈਸੇ ਨਾਲ ਤੁਸੀਂ ਕਿੰਨੇ ਬਾਗ ਲਗਾ ਲਵੋਗੇ ਅਤੇ ਇਸ ਦੇ ਨਾਲ ਅਲਾਇਡ ਡਿਪਾਰਟਸਮੈਂਟ ਲਈ 200 ਕਰੋੜ ਰੁਪਏ ਦਾ ਲੋਨ ਦੱਸਿਆ ਗਿਆ ਹੈ ਜਿਸ ਦੇ ਵਿਚ ਸਰਕਾਰ ਵਲੋਂ 25% ਸਬਸਿਡੀ ਦਿੱਤੀ ਜਾਵੇਗੀ। ਇਸ ਦੇ ਵਿਚ ਇਨ੍ਹਾਂ ਦੀ ਮੇਜਰ ਅਚੀਵਮੈਂਟ ਐਗਰੀਕਲਚਰ ਸੈਕਟਰ ਵਿਚ ਦੱਸੀ ਗਈ ਹੈ ਪਰ ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਪਿਛਲੇ 20-25 ਸਾਲਾਂ ਤੋਂ ਡਾਈਵਰਸੀਫਿਕੇਸ਼ਨ ਆੱਫ ਫਾਰਮਿੰਗ ਬਾਰੇ ਚਰਚਾ ਚਲੀ ਆ ਰਹੀ ਹੈ ਅਤੇ ਇਹ ਚਰਚਾ ਯੂਨੀਵਰਸਿਟੀ ਅਤੇ ਲੋਕਾਂ ਦੇ ਵਿਚ ਕਾਫੀ ਦੇਰ ਤੋਂ ਚਲੀ ਆ ਰਹੀ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਜੱਟ ਤੋਂ ਜ਼ਿਆਦਾ ਕਾਬਲ ਕੋਈ ਨਹੀਂ ਹੋ ਸਕਦਾ ਕਿਉਂਕਿ ਜਿਹੜੀ ਚੀਜ਼ ਜੱਟ ਨੂੰ ਚੰਗੀ ਲਗੇਗੀ ਉਹ ਉਸ ਨੂੰ ਅਡਾਪਟ ਕਰਦਾ ਹੈ। ਜਿਸ ਤਰ੍ਹਾਂ ਸਾਡੇ ਐਕਸ ਪ੍ਰਾਈਮ ਮਨਿਸਟਰ ਸ਼ਾਸਤਰੀ ਜੀ ਨੇ ਕਿਹਾ ਸੀ ਕਿ ਤੁਸੀਂ ਕਣਕ ਆਪਣੇ ਗਮਲਿਆਂ ਵਿਚ ਬੀਜੋ ਅਤੇ ਆਪਣੇ ਬਾਗ ਬਗੀਚਿਆਂ ਦੇ ਵਿਚ ਕਣਕ ਦੀ ਪੈਦਾਵਾਰ ਕਰੋ। ਇਸੇ ਤਰ੍ਹਾਂ ਤੁਸੀਂ ਹਾਰਟੀਕਲਚਰ ਅਤੇ ਆਇਲ ਸੀਡ, ਫਾਰੈਸਟ ਦੀ ਡਾਈਵਰਸੀਟੀਫਿਕੇਸ਼ਨ ਬਾਰੇ ਗੱਲ ਕੀਤੀ ਹੈ। ਪਰ ਮੈਂ ਇਸ ਦੇ ਵਿਚ ਦੱਸਦਾ ਹਾਂ ਕਿ ਪੰਜਾਬ ਦੇ ਵਿੱਚ ਫਾਰੈਸਟ ਦਾ ਏਰੀਆ ਬੜਾ ਘੱਟ ਹੈ। ਪਿਛੇ ਫਾਰੈਸਟ ਵਿਚ ਪਾਪੂਲਰ ਅਤੇ ਸਫੈਦਾ ਪੈਦਾ ਕਰਨ ਲਈ ਸਰਕਾਰ ਵਲੋਂ ਸਕੀਮ ਆਈ ਸੀ। ਪਰ ਪਾਪੂਲਰ ਦਾ ਕੀ ਹਾਲ ਹੋਇਆ ਉਹ ਜੋ ਪਹਿਲੇ 500/- ਰੁਪਏ ਕੁਵਿੰਟਲ ਵਿਕਦਾ ਸੀ ਹੁਣ 150/- ਰੁਪਏ ਦਾ ਕੁਵਿੰਟਲ ਵਿਕ ਰਿਹਾ ਹੈ। ਸਫੈਦੇ ਦਾ ਜੋ ਹਾਲ ਹੋਇਆ, ਉਹ ਤੁਹਾਨੂੰ ਸਾਰਿਆਂ ਨੂੰ ਪਤਾ ਹੈ। ਸਫੈਦਾ ਕੋਈ ਲਗਾਉਂਦਾ ਨਹੀਂ ਹੈ ਇਸ ਨੇ ਧਰਤੀ ਵਿਚੋਂ ਪਾਣੀ ਹੀ ਸਾਰਾ ਪੀ ਲਿਆ ਅਤੇ ਪਾਣੀ ਦੀ ਘਾਟ ਪੈਦਾ ਕਰ ਦਿੱਤੀ। ਸਾਡੇ ਕੋਲ ਸਿਰਫ 6% ਫਾਰੈਸਟ ਦਾ ਏਰੀਆ ਹੈ ਇਸ ਨੂੰ ਇਹ 33% ਕਰਨਾ ਚਾਹੁੰਦੇ ਹਨ ਪਰ ਮੈਂ ਪੁੱਛਣਾ ਹਾਂ ਕਿ ਜ਼ਮੀਨ ਖਾਲੀ ਪਈ ਕਿਥੇ ਹੈ ? ਤੁਸੀਂ 6% ਤੋਂ ਵੱਧ ਦਾ ਮੇਜਰ ਪਲਾਨ ਬਣਾਇਆ ਹੈ ਅਤੇ ਕਿਹਾ ਹੈ ਕਿ ਐਗਰੋ-ਫਾਰਸੈਟਰੀ ਹੋਵੇਗੀ ਪਰ ਕਿਸ ਡਿਪਾਰਟਮੈਂਟ ਕੋਲ ਇਤਨੀ ਜ਼ਮੀਨ ਹੈ ? ਐਗਰੀਕਲਚਰ ਦੇ ਅਲਾਇਡ ਸਬਜੈਕਟ ਵਿਚ ਰਿਸਰਚ ਐਂਡ ਡਿਵੈਲਪਮੈਂਟ ਦੇ ਵਾਸਤੇ ਸਰਕਾਰ ਵਲੋਂ ਕੋਈ ਖਰਚਾ ਨਹੀਂ ਰਖਿਆ ਗਿਆ ਹੈ। ਰਿਸਰਚ ਨੂੰ ਪਹਿਲ ਦੇਣੀ ਚਾਹੀਦੀ ਹੈ, ਤਦ ਹੀ ਅਸੀਂ ਤਰੱਕੀ ਕਰ ਸਕਦੇ ਹਾਂ। ਤਦ ਹੀ ਅਸੀਂ ਕੋਈ ਨਵੀਂ ਲਾਈਨ ਦੀ ਖੋਜ ਕਰ ਸਕਦੇ ਹਾਂ। ਤੁਸੀਂ ਬਜਟ ਦੇ ਵਿਚ ਕੋਈ ਚੰਗੀਆਂ ਸਕੀਮਾਂ ਲਿਆਂਦੇ ਉਸ ਦਾ ਅਸੀਂ ਇਥੇ ਸਵਾਗਤ ਵੀ ਕਰਦੇ ਅਤੇ ਤੁਹਾਡਾ ਧੰਨਵਾਦ ਵੀ ਕਰਦੇ ਅਤੇ ਤੁਹਾਨੂੰ ਕੋਆਪਰੇਸ਼ਨ ਵੀ ਦਿੰਦੇ। ਤੁਸੀਂ ਦਸੋ ਕੋਈ ਤੁਸੀਂ ਫੰਡਜ਼ ਰੱਖੇ ਹੋਣ ਸਿਵਾਏ ਕਿ ਕਾਰ੍ਹਾਂ, ਟੀ.ਏ./ਡੀ.ਏ ਉਤੇ ਖਰਚ ਤੋਂ ਇਲਾਵਾ। ਤੁਸੀਂ ਸਰਕਾਰ ਦਾ ਪੈਸਾ ਇਥੇ ਬਰਬਾਦ ਕਰ ਰਹੇ ਹੋ ਅਤੇ ਗਲਤ ਗੱਲਾਂ ਕਰ ਰਹੇ ਹੋ।

ਦੂਸਰੀ ਮੇਜਰ ਡਿਮਾਂਡ 15 ਨੰਬਰ ਡਿਮਾਂਡ ਹੈ ਜਿਹੜੀ ਇਰੀਗੇਸ਼ਨ ਅਤੇ ਪਾਵਰ ਨਾਲ ਸਬੰਧ ਰੱਖਦੀ ਹੈ। ਇਹ ਦੋਵੇਂ ਸਬਜੈਕਟ ਜਿਹੜੇ ਹਨ, ਪਹਿਲੇ ਨਾਲ ਹੀ ਰਿਲੇਟ ਕਰਦੇ ਹਨ। ਇਨ੍ਹਾਂ ਸਾਰੀਆਂ ਦਾ ਜੁਆਇੰਟ ਕੰਬੀਨੇਸ਼ਨ ਹੈ। ਸਬਜੈਕਟ ਭਾਵੇਂ ਵੱਖਰੇ-ਵੱਖਰੇ ਹਨ

Original with;
Punjab Vidhan Sabha
Digitized by;

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਪਰ ਇਕ ਦੂਜੇ ਨਾਲ ਰਿਲੇਟਿਡ ਹਨ। ਜਿਵੇਂ ਐਗਰੀਕਲਚਰ ਹੈ, ਜੇ ਪਾਣੀ ਨਹੀਂ ਤਾਂ ਕੁਝ ਨਹੀਂ ਤੇ ਜੇ ਬਿਜਲੀ ਨਹੀਂ ਤਾਂ ਕੁਝ ਨਹੀਂ। ਇਹ ਐਗਰੀਕਲਚਰ ਦੀ ਜਿੰਦ ਜਾਨ ਹੈ ਤੇ ਐਗਰੀਕਲਚਰ ਅਜੇ ਵੀ ਪੰਜਾਬ ਦੇ ਲੋਕਾਂ ਦੀ ਜਿੰਦ ਜਾਨ ਹੈ। ਐਗਰੀਕਲਚਰ ਅਤੇ ਜਿਹੜੇ ਇਸ ਦੇ ਅਲਾਈਡ ਸੈਕਟਰ ਹਨ, ਉਨ੍ਹਾਂ ਰਾਹੀਂ ਹੀ ਸਟੇਟ ਦੀ 70 ਪ੍ਰਤੀਸ਼ਤ ਇਨਕਮ, ਇਨ੍ਹਾਂ ਦੀ ਆਪਣੀ ਸਰਵੇ ਰਿਪੋਰਟ ਮੁਤਾਬਿਕ, ਇਸ ਸੈਕਟਰ ਤੋਂ ਮਿਲ ਰਹੀ ਹੈ। ਇਰੀਗੇਸ਼ਨ ਦੀ ਡਿਮਾਂਡ ਲੈ ਲਓ। ਪਿਛਲੀ ਸਰਕਾਰ ਨੇ ਉਸਦੇ ਤਹਿਤ ਦਸ਼ਮੇਸ਼ ਨਹਿਰ ਪ੍ਰਾਜੈਕਟ ਸ਼ੁਰੂ ਕੀਤਾ, ਉਸ ਵਾਸਤੇ ਇਕ ਪੈਸਾ ਨਹੀਂ ਰੱਖਿਆ ਗਿਆ। ਫੇਰ ਨਵੇਂ ਪਾਣੀ ਦੇ ਸਾਧਨ ਕਿਥੋਂ ਲਭਣੇਗੇ ? ਦੂਜਾ ਕੰਡੀ ਦੇ ਪ੍ਰਾਜੈਕਟ ਅਧੀਨ ਕੋਈ ਨਵਾਂ ਡੈਮ ਨਹੀਂ। ਕਹਿੰਦੇ ਕਿ ਉਥੇ ਘਾਹ ਲਾਵਾਂਗੇ, ਪੌਦੇ ਲਾਵਾਂਗੇ। ਪਰ ਉਥੇ ਨਾ ਤਾਂ ਕੋਈ ਘਾਹ ਲੱਗਾ ਅਤੇ ਨਾ ਹੀ ਪੌਦੇ ਲਗੇ। ਫੇਰ, ਡਿਪਟੀ ਸਪੀਕਰ ਸਾਹਿਬ, ਸਾਡੇ ਪੰਜਾਬ ਅੰਦਰ 100-125 ਸਾਲ ਪੁਰਾਣੀਆਂ ਨਹਿਰਾਂ ਹਨ, ਜਿਹੜੀਆਂ ਆਜ਼ਾਦੀ ਤੋਂ ਪਹਿਲਾਂ ਦੀਆਂ 100 ਸਾਲ ਤੋਂ ਪੁਰਾਣੀਆਂ ਨਹਿਰਾਂ ਹਨ ਤੇ ਪੰਜਾਬ ਉਨ੍ਹਾਂ ਦੇ ਪਾਣੀ ਤੋਂ ਰਮਦਾ ਹੈ, ਉਨ੍ਹਾਂ ਦੀ ਰੀਮਾਡਲਿੰਗ ਲਈ 315 ਕਰੋੜ ਰੁਪਏ ਦੀ ਮੱਦ ਰੱਖੀ ਗਈ ਹੈ ਤੇ ਹਾਲੇ ਵੀ ਇਹ 5-6 ਸਾਲ ਰੀਮਾਡਲ ਨਹੀਂ ਹੋਣੀਆਂ। ਵੈਸੇ ਵੀ ਇਨ੍ਹਾਂ ਵਾਸਤੇ 1600-1700 ਕਰੋੜ ਰੁਪਏ ਦੀ ਲੋੜ ਹੈ। ਸਾਨੂੰ ਅੱਜ ਪਾਣੀ ਦੀ ਬੂੰਦ-ਬੂੰਦ ਦੀ ਲੋੜ ਹੈ। ਜੇ ਅਸੀਂ ਅੱਜੇ ਪਾਣੀ ਦੀ ਠੀਕ ਵਰਤੋਂ ਨਹੀਂ ਕਰਾਂਗੇ ਤਾਂ ਆਉਣ ਵਾਲੇ 4-5 ਸਾਲਾਂ ਵਿਚ ਅਸੀਂ ਪਛਤਾਵਾਂਗੇ। ਵੱਡੇ-ਵੱਡੇ ਮਾਹਿਰਾਂ ਨੇ ਕਿਹਾ ਹੈ ਕਿ 2—4 ਸਾਲਾਂ ਵਿਚ ਪੰਜਾਬ ਵਿਚ ਬੜਾ, ਵੱਡਾ ਸੋਕਾ, ਖੇਤੀ ਦੇ ਪਾਣੀ ਦਾ ਹੀ ਨਹੀਂ ਬਲਕਿ ਪੀਣ ਵਾਲੇ ਪਾਣੀ ਦਾ ਵੀ ਪੈਣ ਵਾਲਾ ਹੈ। ਇਸ ਬਾਰੇ ਮੁੱਖ ਮੰਤਰੀ ਜੀ ਨੇ,ਵੀ ਕਿਹਾ ਹੈ ਕਿ ਪਾਣੀ ਦਾ ਇਕ ਤੁਪਕਾ ਵੀ ਪੰਜਾਬ ਕੋਲ ਫਾਲਤੂ ਨਹੀਂ ਹੈ। ਮੈਂ ਉਨ੍ਹਾਂ ਦੀ ਇਸ ਗੱਲ ਨਾਲ ਸਹਿਮਤ ਹਾਂ। ਪਰ ਇਸ ਸਮੱਸਿਆ ਨੂੰ ਹੱਲ ਕਰਨ ਵਾਸਤੇ, ਜੋ ਅਸੀਂ ਨਹਿਰ ਦੀ ਸਕੀਮ ਬਣਾਈ ਸੀ, ਉਹ ਇਨ੍ਹਾਂ ਨੇ ਛੱਡ ਦਿੱਤੀ ਹੈ ਅਤੇ ਪੁਰਾਣੀਆਂ ਨਹਿਰਾਂ ਵਾਸਤੇ ਵੀ ਸਫੀਸ਼ੈਂਟ ਫੰਡ ਨਹੀਂ ਰਖੇ। (ਵਿਘਨ)

**ਮਾਨਯੋਗ ਡਿਪਟੀ ਸਪੀਕਰ** : ਮੇਰੀ ਮਨਿਸਟਰ ਸਾਹਿਬਾਨ ਨੂੰ ਬੇਨਤੀ ਹੈ ਕਿ ਗੱਲਾਂ ਨਾ ਕਰੋ। ਸਰਦਾਰ ਪ੍ਰਤਾਪ ਸਿੰਘ ਬਾਜਵਾ, ਪਲੀਜ਼।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਡਿਪਟੀ ਸਪੀਕਰ ਸਾਹਿਬ, ਜਿਹੜੀ ਸਰਕਾਰ ਬਜਟ ਨੂੰ ਕਨਕਲੂਡ ਕਰਨਾ ਹੀ ਭੁੱਲ ਜਾਂਦੀ ਹੈ, ਉਸਨੇ ਸਾਡੀ ਕੀ ਗੱਲ ਸੁਣਨੀ ਹੈ। ਇਨ੍ਹਾਂ ਦੀ ਗੰਭੀਰਤਾ ਬਾਰੇ ਤਾਂ ਇਥੋਂ ਹੀ ਪਤਾ ਲਗ ਜਾਂਦਾ ਹੈ। ਤੁਹਾਡਾ ਧੰਨਵਾਦ, ਡਿਪਟੀ ਸਪੀਕਰ ਸਾਹਿਬ, ਕਿ ਤੁਸੀਂ ਆਪ ਕਹਿ ਲਿਆ। ਮੈਂ ਆਪਣੇ ਪੁਆਇੰਟਸ ਕਹਿ ਰਿਹਾ ਸੀ। ਅਸੀਂ ਤਿੰਨ ਪੁਆਇੰਟਸ ਤੇ ਪਾਣੀ ਨੂੰ ਬਚਾ ਸਕਦੇ ਹਾਂ। ਅੱਜ ਸਾਨੂੰ ਡ੍ਰਿਪ ਇਰੀਗੇਸ਼ਨ ਅਤੇ ਸਪ੍ਰਿੰਕਲਿੰਗ ਇਰੀਗੇਸ਼ਨ ਤੇ 90 ਪ੍ਰਤੀਸ਼ਤ ਤੋਂ ਵੀ ਜ਼ਿਆਦਾ ਜ਼ਿਮੀਂਦਾਰ ਨੂੰ ਸਬਸਿਡੀ ਦੇਣ ਦੀ ਲੋੜ ਹੈ। ਅੱਜ ਜ਼ਿਮੀਂਦਾਰ ਦੀ ਹਾਲਤ ਬਹੁਤ ਤਰਸਯੋਗ ਅਤੇ ਇਕ ਚਪੜਾਸੀ ਤੋਂ ਵੀ ਮਾੜੀ ਹੋ ਰਹੀ ਹੈ। ਮੈਂ ਇਹ ਗੱਲ ਯੂਨੀਵਰਸਿਟੀ ਦੇ ਅੰਕੜਿਆਂ ਦੇ ਮੁਤਾਬਿਕ, ਇਕਾਨਾਮਿਸਟਾਂ ਦੀ ਰਾਏ ਦੇ ਮੁਤਾਬਿਕ ਕਹਿ ਰਿਹਾ ਹਾਂ। ਇਕ ਜ਼ਿਮੀਂਦਾਰ ਦੇ ਪਰਿਵਾਰ ਦੇ ਮੈਂਬਰ ਦੀ ਤਨਖਾਹ 7,000/- ਰੁਪਏ ਪਰ ਈਯਰ ਹੈ ਤੇ ਇਕ ਪੀਅਨ ਦੀ ਤਨਖਾਹ 5,000/-

Original with;
Punjab Vidhan Sabha
Digitized by;

ਰੁਪਏ ਪ੍ਰਤੀ ਮਹੀਨਾ ਹੈ ਅਤੇ ਹੋਰ ਪੈਨਸ਼ਨ ਆਦਿ ਦੇ ਬੈਨੀਫਿਟਸ ਅਲੱਗ ਹਨ। ਉਸ ਗਰੀਬ ਕੋਲ ਕੁਝ ਨਹੀਂ। ਅੱਜ ਪੰਜਾਬ ਦੇ ਲੋਕਾਂ ਨੂੰ ਉਸ ਦੀ ਲੋੜ ਹੈ ਪਰ ਜ਼ਿਮੀਂਦਾਰ ਨੇ ਮਰ ਜਾਣਾ ਹੈ। ਪਰ, ਡਿਪਟੀ ਸਪੀਕਰ ਸਾਹਿਬ, ਮਰਦਾ-ਮਰਦਾ ਉਹ ਦੇਸ਼ ਨੂੰ ਨਾਲ ਲੈ ਕੇ ਮਰੇਗਾ। ਪਿਛਲੇ 15—20 ਸਾਲਾਂ ਵਿਚ ਵੀ ਇਸੇ ਕਰਕੇ ਹੀ ਇੰਨਾ ਕੁਝ ਹੋਇਆ। ਉਸ ਗਰੀਬ ਨੂੰ ਬਚਾਉਣ ਵਾਸਤੇ, ਪੰਜਾਬ ਨੂੰ ਬਚਾਉਣ ਵਾਸਤੇ ਸਾਰਾ ਜ਼ੋਰ ਲਾਇਆ ਜਾਵੇ। ਸੋ, ਡਿਪਟੀ ਸਪੀਕਰ ਸਾਹਿਬ, ਪਾਣੀ ਨੂੰ ਬਚਾਉਣ ਵਾਸਤੇ ਡ੍ਰਿਪ ਇਰੀਗੇਸ਼ਨ, ਸਪ੍ਰਿੰਕਲਿੰਗ ਇਰੀਗੇਸ਼ਨ ਅਤੇ ਅੰਡਰ ਗਰਾਊਂਡ ਵਾਟਰ ਪਾਈਪਸ ਰਾਹੀਂ ਪਾਣੀ ਦੇਣ ਦੀ ਲੋੜ ਹੈ ਤਾਂ ਕਿ ਵੱਧ ਤੋਂ ਵੱਧ ਖੇਤ ਵਿਚ ਪਾਣੀ ਪਹੁੰਚੇ। ਇਸ ਦੇ ਨਾਲ ਹੀ ਪੁਰਾਣੀਆਂ ਨਹਿਰਾਂ ਦੀ ਰੀਮਾਡਲਿੰਗ ਕਰਕੇ ਖਾਲਿਆਂ ਨੂੰ ਪੱਕਾ ਕਰਨ ਦੀ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਐਫ.ਐਮ. ਸਾਹਿਬ ਅਜੇ ਵੀ ਤੁਹਾਡੀ ਗੱਲ ਨਹੀਂ ਸੁਣ ਰਹੇ। (ਟਰੇਜ਼ਰੀ ਬੈਂਚਾਂ ਵੱਲ ਇਸ਼ਾਰਾ) ਤੁਸੀਂ ਮੈਨੂੰ ਡਿਸਟਰਬ ਕਰ ਰਹੇ ਹੋ, ਮੈਨੂੰ ਕੋਈ ਫਰਕ ਨਹੀਂ, ਤੁਹਾਡੀ ਮਰਜ਼ੀ ਹੈ। ਆਖਿਰ ਜ਼ਿਮੀਂਦਾਰ ਦੀ ਗੱਲ ਹੈ, ਦੁੱਖ ਲਗਦਾ ਹੈ। ਪੈਸਾ ਸਾਰਾ ਟੀ.ਏ./ਡੀ.ਏ., ਕਾਰਾਂ ਤੇ ਕੋਠੀਆਂ ਤੇ ਖਰਚ ਹੋ ਰਿਹਾ ਹੈ। ਇਸ ਕਰਕੇ ਗਾਲ੍ਹਾਂ ਸਾਨੂੰ ਵੀ ਪੈ ਰਹੀਆਂ ਹਨ ਤੇ ਤੁਹਾਨੂੰ ਵੀ ਪੈ ਰਹੀਆਂ ਹਨ . . . . . .

**ਮਾਨਯੋਗ ਡਿਪਟੀ ਸਪੀਕਰ** : ਭੂੰਦੜ ਸਾਹਿਬ, ਤੁਸੀਂ ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮੈਂ ਆਪਣੇ ਪੰਜ ਪੁਆਇੰਟ ਰੇਜ਼ ਕਰ ਰਿਹਾ ਹਾਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਵੀ ਸੁਣਨ ਵਾਸਤੇ। ਪਠਾਨਕੋਟ ਤੋਂ ਲੈ ਕੇ ਇਥੋਂ ਤੱਕ ਪਿਛਲੇ 20 ਸਾਲਾਂ ਵਿਚ ਇਕੋ ਇਕ ਪ੍ਰਾਜੈਕਟ ਲੱਗਿਆ ਸੀ ਅਤੇ 5 ਚੈੱਕ ਡੈਮ ਬਣੇ ਸਨ ਲੇਕਿਨ ਅੱਜ ਲੋੜ ਹੈ ਸੌ ਦੋ ਸੌ ਚੈੱਕ ਡੈਮ ਬਣਾਉਣ ਦੀ ਤਾਂ ਕਿ ਪਾਣੀ ਰੀਚਾਰਜ ਹੋਵੇ। ਉਥੇ ਤੁਪਕਾ-ਤੁਪਕਾ ਪਾਣੀ ਇਕੱਠਾ ਹੋਵੇ ਅਤੇ ਜਿਹੜਾ ਬਚੇ, ਉਸ ਨੂੰ ਇਰੀਗੇਸ਼ਨ ਵਾਸਤੇ ਵਰਤਿਆ ਜਾਵੇ। ਲੇਕਿਨ ਇਸ ਪਾਸੇ ਇਨ੍ਹਾਂ ਨੇ ਧਿਆਨ ਨਹੀਂ ਦਿੱਤਾ। ਵਰਲਡ ਬੈਂਕ ਦਾ ਪੈਸਾ ਪਤਾ ਨਹੀਂ ਕਿਥੇ ਜਾ ਰਿਹਾ ਹੈ, ਜਾਪਾਨ ਪ੍ਰਾਜੈਕਟ ਦਾ ਆਇਆ ਪੈਸਾ ਪਤਾ ਨਹੀਂ ਕਿਥੇ ਜਾ ਰਿਹਾ ਹੈ। ਇਹ ਮੇਰੇ 4-5 ਪੁਆਇੰਟ ਹਨ। ਮੈਂ ਤਾਂ ਤੁਹਾਨੂੰ ਇਹੋ ਕਹਿਣਾ ਚਾਹੁੰਦਾ ਹਾਂ ਕਿ ਇਸ ਪਾਸੇ ਧਿਆਨ ਦਿਓ। ਮੈਂ ਫਿਗਰਜ਼ ਵੀ ਵੇਖੀਆਂ ਹਨ ਲੇਕਿਨ ਇਸ ਮਕਸਦ ਵਾਸਤੇ ਮੈਨੂੰ ਤੁਹਾਡਾ ਕੋਈ ਪੈਸਾ ਨਜ਼ਰ ਨਹੀਂ ਆਇਆ।

ਅਗਲੀ ਗੱਲ ਹੈ ਐਨਰਜੀ ਦੀ। 3-4 ਬੜੇ ਵਧੀਆ ਪ੍ਰਾਜੈਕਟ ਸੀ ਜਿਥੋਂ ਕਾਫੀ ਬਿਜਲੀ ਮਿਲ ਸਕਦੀ ਸੀ ਅਤੇ ਜਿਹੜੇ ਅਸੀਂ ਸ਼ੁਰੂ ਕਰਕੇ ਗਏ ਸੀ। ਇਨ੍ਹਾਂ ਦਾ ਪਹਿਲਾ ਸਾਲ ਤਾਂ ਐਵੇਂ ਹੀ ਲੰਘ ਗਿਆ। ਇਸ ਸਾਲ ਇਨ੍ਹਾਂ ਨੇ ਸਿਰਫ ਪ੍ਰੋਪੋਜ਼ਲਾਂ ਦਿੱਤੀਆਂ ਹਨ। ਉਹ ਪਤਾ ਨਹੀਂ ਸਿਰੇ ਲੱਗਣੀਆਂ ਹਨ ਜਾਂ ਨਹੀਂ। ਇਕ ਸ਼ਾਹਪੁਰ ਕੰਡੀ ਪ੍ਰਾਜੈਕਟ ਸੀ 168 ਮੈਗਾਵਾਟ ਦਾ ਅਤੇ ਦੂਜਾ ਲਹਿਰਾ ਮੁਹੱਬਤ ਦਾ ਪ੍ਰਾਜੈਕਟ ਸੀ। ਇਨ੍ਹਾਂ ਦੋਹਾਂ ਤੋਂ 500 ਮੈਗਾਵਾਟ ਬਿਜਲੀ ਮਿਲਣੀ ਸੀ ਜਿਨ੍ਹਾਂ ਵੱਲ ਇਨ੍ਹਾਂ ਨੇ ਧਿਆਨ ਨਹੀਂ ਦਿੱਤਾ। ਇਹ ਦੋ ਵੱਡੇ ਪ੍ਰਾਜੈਕਟ ਸਨ। ਇਨ੍ਹਾਂ ਬਾਰੇ ਇਹ ਕਹਿੰਦੇ ਸੀ ਕਿ ਬਾਹਰੋਂ ਪੈਸਾ ਆਵੇਗਾ ਤਾਂ ਮੁਕੰਮਲ ਕਰਾਂਗੇ ਲੇਕਿਨ ਕੋਈ ਨਵਾਂ ਪੈਸਾ ਕਿਤਿਓਂ ਨਹੀਂ ਆਇਆ। ਇਕ ਸਾਲ ਤਾਂ ਇਨ੍ਹਾਂ ਦਾ ਵੈਸੇ ਹੀ ਲੰਘ ਗਿਆ, ਅਗਲੇ ਸਾਲ ਵੀ ਕਿਤੋਂ ਆਵੇਗਾ, ਇਹ ਨਜ਼ਰ ਨਹੀਂ ਆਉਂਦਾ। ਇਹ

Original with;
Punjab Vidhan Sabha

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਕਹਿੰਦੇ ਹਨ ਕਿ ਅਸੀਂ ਪਹਿਲਾਂ ਲੱਗੇ ਪ੍ਰਾਜੈਕਟਾਂ ਨੂੰ ਠੀਕ ਕਰਾਂਗੇ। ਜੇ ਪਹਿਲਾਂ ਵਾਲੇ 40 ਸਾਲ ਠੀਕ ਨਹੀਂ ਹੋਣੇ ਤਾਂ ਕੀ ਨਵੇਂ ਵੀ ਨਹੀਂ ਲਗਾਉਣੇ? ਇਨ੍ਹਾਂ ਨੇ ਸਿਰਫ ਮਾਈਕਰੋ ਪ੍ਰਾਜੈਕਟਸ ਤੇ ਜ਼ੋਰ ਦਿੱਤਾ ਹੈ। ਇਹ ਪ੍ਰਾਜੈਕਟ ਜਿਹੜੇ ਹਨ, ਇਹ ਪਹਿਲਾਂ ਹੀ ਤਕਰੀਬਨ-ਤਕਰੀਬਨ ਟੈਪ ਹੋ ਚੁੱਕੇ ਹੋਏ ਹਨ। ਕੋਈ 1, ਕੋਈ 2, ਕੋਈ 3, ਕੋਈ 4 ਅਤੇ ਕੋਈ 5 ਮੈਗਾਵਾਟ ਦਾ ਪ੍ਰਾਜੈਕਟ ਹੈ। ਇਨ੍ਹਾਂ ਵਿਚੋਂ ਬਹੁਤ ਸਾਰੇ ਕੰਪਲੀਟ ਹੋ ਚੁੱਕੇ ਹਨ ਅਤੇ ਕੁਝ ਹਾਲੇ ਚੱਲ ਰਹੇ ਹਨ। ਸੋਲਰ ਐਨਰਜੀ ਵਾਲਾ ਸਿਸਟਮ ਕਾਮਯਾਬ ਨਹੀਂ ਹੈ। ਇਹ ਸਿਸਟਮ ਬਹੁਤ ਮਹਿੰਗਾ ਹੈ। ਇਹ ਤਾਂ ਪੂਰੇ ਦੇਸ਼ ਵਿਚ ਠੀਕ ਨਹੀਂ ਹੋ ਰਿਹਾ। ਸ਼ਹੀਦ ਭਗਤ ਸਿੰਘ ਦੇ ਪਿੰਡ ਵਾਲਾ ਜ਼ਰੂਰ ਸਿਰੇ ਲੱਗਾ ਗਿਆ ਹੈ। ਇਹ ਕੌਮੀ ਸ਼ਹੀਦ ਦੀ ਯਾਦ ਵਿਚ ਬਣਿਆ ਹੈ ਅਤੇ ਇਹ ਚੰਗੀ ਗੱਲ ਹੋਈ ਹੈ। ਇਹ ਪਿਛਲੇ ਸਾਲ ਸ਼ੁਰੂ ਹੋਇਆ ਸੀ ਅਤੇ ਹੁਣ ਪੂਰਾ ਹੋ ਗਿਆ ਹੈ। ਰਾਸ਼ਟਰਪਤੀ ਜੀ ਇਸ ਦਾ ਨੀਂਹ-ਪੱਥਰ ਰੱਖ ਕੇ ਗਏ ਹਨ। ਲੇਕਿਨ ਜਿਹੜੀਆਂ ਹੋਰ ਸਕੀਮਾਂ ਸੋਚੀਆਂ ਗਈਆਂ ਹਨ, ਉਨ੍ਹਾਂ ਵਾਸਤੇ ਸਾਧਨ ਨਹੀਂ ਹਨ। ਇਹ ਛੋਟੇ-ਛੋਟੇ ਪ੍ਰਾਜੈਕਟ ਹਨ, ਕੋਈ ਅੱਧੀ ਮੈਗਾਵਾਟ ਦਾ ਅਤੇ ਕੋਈ ਇਕ ਮੈਗਾਵਾਟ ਦਾ। ਕੁੱਲ ਮਿਲਾ ਕੇ ਇਹ 15—20 ਮੈਗਾਵਾਟ ਦੇ ਹੀ ਪ੍ਰਾਜੈਕਟ ਹਨ। ਇਨ੍ਹਾਂ ਦੇ ਵਾਸਤੇ ਕੋਈ ਪ੍ਰਾਈਵੇਟ ਬਿਡਰ ਵੀ ਸਾਹਮਣੇ ਨਹੀਂ ਆ ਰਿਹਾ ਕਿਉਂਕਿ ਇਹ ਵਾਇਬਲ ਨਹੀਂ ਹਨ।

ਡਿਪਟੀ ਸਪੀਕਰ ਸਾਹਿਬ, ਸਰਕਾਰ ਆਪਣੀ ਪਾਲਿਸੀ ਵਿਚ ਵੀ ਕਲੀਅਰ ਨਹੀਂ ਹੈ। ਸਰਕਾਰ ਆਪਣਾ ਜ਼ੋਰ ਤਾਂ ਉਦੋਂ ਲਾਵੇ, ਜੇ ਉਸ ਦੀ ਪਾਲਿਸੀ ਕਲੀਅਰ ਹੋਵੇ। ਸੀ.ਐਮ. ਸਾਹਿਬ ਵੀ ਆਪਣੇ ਜਵਾਬ ਵਿਚ ਇਕੋ ਗੱਲ ਦੇ ਦੋ-ਦੋ ਜਵਾਬ ਦਿੰਦੇ ਹਨ। ਸਾਨੂੰ ਤਾਂ ਦੋ-ਦੋ ਜਵਾਬ ਦੇ ਦਿਓ, ਅਸੀਂ ਸੁਣ ਕੇ ਚੁੱਪ ਕਰ ਜਾਵਾਂਗੇ ਲੇਕਿਨ ਜਵਾਬ ਤਾਂ ਪੰਜਾਬ ਦੇ ਲੋਕਾਂ ਨੇ ਲੈਣਾ ਹੈ। ਉਹ ਕਿਵੇਂ ਚੁੱਪ ਕਰਨਗੇ । ਇਕ ਪਾਸੇ ਤੁਸੀਂ ਕਹਿ ਰਹੇ ਹੋ ਕਿ ਅਸੀਂ ਪ੍ਰੋਪੋਜ਼ਲਜ਼ ਨੂੰ ਅੱਗੇ ਵਧਾਉਣ ਵਾਸਤੇ ਸੈਂਟਰ ਨੂੰ ਅਤੇ ਵਰਲਡ ਬੈਂਕ ਨੂੰ ਅਪਰੋਚ ਕਰ ਰਹੇ ਹਾਂ। ਇਸ ਦੇ ਵਾਸਤੇ ਅਸੀਂ ਬਿਜਲੀ ਪਾਣੀ ਦੇ ਬਿਲ ਵੀ ਲਾ ਦਿੱਤੇ ਹਨ ਤਾਂ ਕਿ ਪੈਸਾ ਸਾਡੇ ਪਾਸ ਜਮ੍ਹਾਂ ਹੋ ਜਾਵੇ ਅਤੇ ਉਸ ਤੋਂ ਅਸੀਂ ਨਵੀਂ ਬਿਜਲੀ ਪੈਦਾ ਕਰਾਂਗੇ। ਇਹ ਕਹਿੰਦੇ ਹਨ— unburdening of P.S.E.B. be proposed ਇਕ ਹਲਦੀਆ ਕਮੇਟੀ ਦੀ ਰਿਪੋਰਟ ਹੈ ਜਿਹੜੀ ਕਿਸੇ ਗਜੇਂਦਰ ਨੇ ਪੇਸ਼ ਕੀਤੀ ਹੈ। ਇਸ ਦੇ ਬਾਰੇ ਟ੍ਰਿਬਿਊਨ ਵਿਚ 21 ਜਨਵਰੀ ਨੂੰ ਰਿਪੋਰਟ ਛਪੀ ਸੀ, ਇਹ ਪੜ੍ਹ ਕੇ ਸੁਣਾਉਂਦਾ ਹਾਂ : A Government functionary who attended the meeting told that there was a proposal to divide the structure of P.S.E.B. into three wings. ਮੈਂ ਜ਼ਿਆਦਾ ਟਾਈਮ ਨਹੀਂ ਲੈਂਦਾ, ਖਾਸ ਖਾਸ ਗੱਲਾਂ ਹੀ ਪੜ੍ਹ ਦਿੰਦਾ ਹਾਂ ।ਅੱਗੇ ਲਿਖਿਆ ਹੈ : As per international standards with the existing tariff regime, the Board should have a profit of Rs. 1400 crore whereas it has projected and annual loss of Rs. 1400 crores. ਇਸ ਹਿਸਾਬ ਨਾਲ ਇਹ ਮੁਨਾਫੇ ਵਿਚ ਜਾਣਾ ਚਾਹੀਦਾ ਸੀ ਲੇਕਿਨ ਜਾ ਘਾਟੇ ਵਿਚ ਰਿਹਾ ਹੈ। ਅੱਗੇ ਕਿਹਾ ਹੈ : The Board had filed a petition for mopping up of Rs. 1682 crores more during the next financial year. ਹੋਰ ਮਾਰਨ ਲੱਗੇ ਹੋ ਪੰਜਾਬ ਦੇ ਲੋਕਾਂ ਨੂੰ। ਇਕ ਪਾਸੇ ਡਰਾਇਆ ਜਾ ਰਿਹਾ ਹੈ ਕਿ ਅਸੀਂ ਟੈਰਿਫ ਵਧਾਉਣ ਜਾ ਰਹੇ ਹਾਂ ਅਤੇ ਦੂਜੇ ਪਾਸੇ ਹਲਦੀਆ ਕਮੇਟੀ ਦੀ ਰਿਪੋਰਟ ਲਾਗੂ ਕਰਨ ਦੀ ਗੱਲ ਹੋ ਰਹੀ ਹੈ

Original with;
Punjab Vidhan Sabha
Digitized by;
Panjab Digital Library

ਅਤੇ ਬੋਰਡ ਨੂੰ ਪ੍ਰਾਈਵੇਟਾਈਜ ਕਰਨ ਦੀ ਗੱਲ ਹੋ ਰਹੀ ਹੈ। ਸਾਰਾ ਸਿਸਟਮ ਦਰਹਮ ਬਰਹਮ ਕਰੀ ਜਾ ਰਹੇ ਹੋ। ਚੀਫ ਮਨਿਸਟਰ ਸਾਹਿਬ, ਹਿੰਦੁਸਤਾਨ ਦਾ ਸਿਸਟਮ ਛੱਡ ਦਿਓ। ਬਾਹਰ ਕੀ ਹੋ ਰਿਹਾ, ਦੁਨੀਆਂ ਵਿੱਚ ਕੀ ਹੋ ਰਿਹਾ ਹੈ, ਉਸ ਨੂੰ ਛੱਡ ਦਿਓ। ਹਿੰਦੁਸਤਾਨ ਵਿੱਚ ਜੋ ਹੋਇਆ ਹੈ, ਮੈਂ ਨਹੀਂ ਕਹਿੰਦਾ, ਆਹ ਜਿਹੜੀ ਰਿਪੋਰਟ ਹੈ, ਸਰਵੇ ਰਿਪੋਰਟ, ਇਸ ਦੇ ਪੰਨਾ 23 ਤੇ ਲਿਖਿਆ ਹੈ ਕਿ ਸੰਚਾਰ ਅਤੇ ਬਿਜਲੀ ਵੰਡ ਦੌਰਾਨ ਨੁਕਸਾਨ, ਪੰਜਾਬ ਬੋਰਡ ਲੈ ਲਓ, ਬਾਹਰਲੇ ਬੋਰਡ ਲੈ ਲਓ ਇਸ ਵਿੱਚ ਲਿਖਿਆ ਹੈ ਕਿ ਸਾਲ 2000 ਤੱਕ ਹਿਮਾਚਲ, ਰਾਜਸਥਾਨ, ਹਰਿਆਣਾ, ਉੱਤਰ ਪ੍ਰਦੇਸ਼, ਜੰਮੂ ਕਸ਼ਮੀਰ, ਦਿੱਲੀ ਦੇ ਬਿਜਲੀ ਬੋਰਡਾਂ ਨੂੰ ਘਾਟੇ ਹੋਏ ਹਨ। ਹਿਮਾਚਲ ਨੂੰ ਛੱਡ ਦਿਓ, ਕਿਉਂਕਿ ਉਥੇ ਹਾਈਡਲ ਸਿਸਟਮ ਹੈ ........

**ਮਾਨਯੋਗ ਡਿਪਟੀ ਸਪੀਕਰ :** ਭੂੰਦੜ ਸਾਹਿਬ, ਤੁਹਾਨੂੰ ਹੋਰ ਕਿੰਨਾ ਟਾਈਮ ਚਾਹੀਦਾ ਹੈ?

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਕਿੰਨਾ ਕੁ ਟਾਈਮ ਸਾਡਾ ਹੋਰ ਹੈ ਜੀ?

**ਮਾਨਯੋਗ ਡਿਪਟੀ ਸਪੀਕਰ :** ਤੁਸੀਂ 25 ਮਿੰਟ ਪਹਿਲਾਂ ਹੀ ਲੈ ਚੁੱਕੇ ਹੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਬਸ ਜੀ, ਪੰਜ ਸੱਤ ਮਿੰਟ ਹੋਰ ਬੋਲਾਂਗਾ। ਮੈਂ ਕਹਿਣਾ ਚਾਹਾਂਗਾ ਕਿ ਜੰਮੂ ਕਸ਼ਮੀਰ, ਹਿਮਾਚਲ, ਰਾਜਸਥਾਨ, ਹਿਮਾਚਲ, ਉੱਤਰ ਪ੍ਰਦੇਸ਼ ਇਹ ਚਾਰ ਰਾਜ ਹਨ ਅਤੇ ਇਕ ਦਿੱਲੀ ਇਨ੍ਹਾਂ ਨੇ ਆਪਣੇ ਬੋਰਡਾਂ ਦੀ ਪੁਜ਼ੀਸ਼ਨ ਨੂੰ ਬੈਟਰ ਕਰਨ ਲਈ ਪ੍ਰਾਈਵੇਟਾਈਜ਼ੇਸ਼ਨ ਕਰਕੇ ਦੇਖ ਲਿਆ। ਇਹ ਫਿਰ ਵੀ ਘਾਟੇ ਵਿੱਚ ਜਾ ਰਹੇ ਹਨ। ਪੰਜਾਬ ਦਾ ਜਿਹੜਾ ਘਾਟਾ ਹੈ, ਇਹ ਇਨ੍ਹਾਂ ਬੋਰਡਾਂ ਦੇ ਮੁਕਾਬਲੇ ਸੱਭ ਤੋਂ ਘੱਟ ਹੈ। ਪੰਜਾਬ ਵਿੱਚ 23.49% ਹੈ, ਹਿਮਾਚਲ ਅਤੇ ਜੰਮੂ ਐਂਡ ਕਸ਼ਮੀਰ ਵਿੱਚ 30.31% ਹੈ, ਰਾਜਸਥਾਨ ਦਾ 47.52% ਹੈ। ਉਨ੍ਹਾਂ ਦੇ ਘਾਟੇ ਲਗਾਤਾਰ ਵਧੀ ਜਾ ਰਹੇ ਹਨ। ਹਿਮਾਚਲ ਨੂੰ ਛੱਡ ਦਿਓ। ਕਿਉਂਕਿ ਇਥੇ ਹਾਈਡਲ ਸਿਸਟਮ ਨਾਲ ਬਿਜਲੀ ਪੈਦਾ ਹੁੰਦੀ ਹੈ। ਇਹ ਮੈਂ ਨਹੀਂ ਕਹਿੰਦਾ। ਇਹ ਤੁਹਾਡੀ ਰਿਪੋਰਟ ਕਹਿੰਦੀ ਹੈ ਜੋ ਇਥੇ ਆਈ ਹੈ। ਬੋਰਡ ਨੂੰ ਪ੍ਰਾਈਵੇਟ ਕਰਕੇ ਘਾਟਾ 50% ਤੱਕ ਵੱਧ ਜਾਂਦਾ ਹੈ। ਉਧਰ ਬੋਰਡ ਦਾ ਘਾਟਾ ਵਧਦਾ ਜਾ ਰਿਹਾ ਹੈ। ਬਿਜਲੀ ਦੇ ਰੇਟ ਵਿੱਚ ਵਾਧਾ ਉਥੇ ਵੀ ਕੀਤਾ ਗਿਆ ਹੈ ਤਕਰੀਬਨ ਜੋ ਉਦੋਂ ਪਹਿਲਾਂ 100% ਹੋਣਾ ਸੀ 200% ਤੱਕ ਚਲਿਆ ਗਿਆ। 5, 6 ਤੋਂ 7 ਰੁਪਏ ਪਰ ਯੂਨਿਟ ਜਾ ਰਿਹਾ ਹੈ ਪੰਜਾਬ ਵਿੱਚ ਇਹ ਹਾਲੇ ਵੀ ਤਿੰਨ ਚਾਰ ਰੁਪਏ ਪਰ ਯੂਨਿਟ ਕਮਰਸ਼ੀਅਲ ਯੂਨਿਟ ਬਿਜਲੀ ਦਾ ਰੇਟ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਲਦੀਆ ਕਮੇਟੀ ਦੀ ਰਿਪੋਰਟ ਜਾਂ ਕਿਸੇ ਹੋਰ ਕਮੇਟੀ ਦੀ ਰਿਪੋਰਟ ਲੈ ਕੇ ਸਰਕਾਰ ਅਜਿਹੀ ਗਲਤੀ ਨਾ ਕਰੇ ਕਿ ਬੋਰਡ ਨੂੰ ਤਿੰਨ ਹਿੱਸਿਆਂ ਵਿੱਚ ਵੰਡੇ ਫਿਰ ਅੱਗੇ ਕੰਪਨੀਆਂ ਵਿੱਚ ਵੰਡੇ। ਇਹ ਪੰਜਾਬ ਦੇ ਲੋਕਾਂ ਦਾ ਅਸੈਟ ਹੈ ਇਸ ਨਾਲ ਪੰਜਾਬ ਦਾ ਪੈਸਾ ਬਰਬਾਦ ਹੋਏਗਾ। ਜੇਕਰ ਪਟਿਆਲੇ ਵਾਲੇ ਦਫ਼ਤਰ ਨੂੰ ਹੀ ਦੇਖ ਲਈਏ ਤਾਂ ਉਸਦਾ ਇਕੱਲੇ ਦਾ ਹੀ ਠੀਕ ਨਹੀਂ ਹੋਵੇਗਾ। ਇੱਕ ਨੇ ਪਹਿਲਾਂ ਬੰਬੇ ਦਾ ਇਕ ਟੂਰਿਜ਼ਮ ਦਾ ਹੋਟਲ ਵੇਚਿਆ ਸੀ। ਇਕ ਮਹੀਨੇ ਬਾਅਦ ਹੀ 50 ਕਰੋੜ ਰੁਪਏ ਦਾ ਪ੍ਰਾਫਿਟ ਲੈ ਕੇ ਉਸ ਪਾਰਟੀ ਨੇ ਉਸ ਨੂੰ ਅੱਗੇ ਦੇ ਦਿੱਤਾ। ਮੈਂ ਤੁਹਾਡੇ ਰਾਹੀਂ ਕਹਿਣਾ ਚਾਹਾਂਗਾ ਕਿ ਆਪਾਂ ਜ਼ੋਰ ਲਾਈਏ। ਅਸੀਂ ਸਾਰੀਆਂ ਪਾਰਟੀਆਂ ਵੱਲੋਂ ਕਹਿਣਾ ਚਾਹੁੰਦੇ ਹਾਂ ਅਤੇ ਯੂਨੀਅਨਾਂ ਵੀ ਇਸ ਵਾਸਤੇ ਰੌਲੇ ਪਾ ਰਹੀਆਂ ਹਨ। (ਵਿਘਨ) ...... ਡਿਪਟੀ ਸਪੀਕਰ ਸਾਹਿਬ, ਜੇ ਕੋਈ ਬੰਦਾ ਗਲਤੀ ਕਰੇ ਤਾਂ ਉਸ ਨੂੰ ਰੋਕਣਾ ਚਾਹੀਦਾ ਹੈ। ਇਸ ਲਈ ਮੈਂ ਸਰਕਾਰ ਨੂੰ ਕਹਿਣਾ

Original with;
Punjab Vidhan Sabha

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਚਾਹੁੰਦਾ ਹਾਂ ਕਿ ਤਿੰਨ ਚਾਰ ਇਹ ਜਿਹੜੇ ਸਬਜੈਕਟਸ ਹਨ ਐਗਰੀਕਲਚਰ ਅਲਾਈਡ, ਇਰੀਗੇਸ਼ਨ ਐਂਡ ਪਾਵਰ ਆਦਿ ਇਹ ਸਾਰੀਆਂ ਰਿਆਇਤਾਂ ਜਿਹੜੀਆਂ ਸਟੇਟ ਦੀ ਡਿਵੈਲਪਮੈਂਟ ਵਾਸਤੇ ਖਰਚ ਕਰਨੀਆਂ ਸੀ, ਇਹ ਉਸ ਅਨੁਸਾਰ ਹੀ ਖਰਚੀਆਂ ਜਾਣ ਅਤੇ ਕੀਤੇ ਗਏ ਖਰਚੇ ਦੀ ਘੋਖ ਹੋਵੇ। ਇਨ੍ਹਾਂ ਨੇ ਕਿਹਾ ਹੈ ਕਿ ਖਰਚੇ ਇੰਨੇ ਜ਼ਿਆਦਾ ਹੋ ਰਹੇ ਹਨ ਕਿ ਸਰਕਾਰ ਤੋਂ ਕੰਟਰੋਲ ਨਹੀਂ ਹੋ ਰਿਹਾ। ਇਨ੍ਹਾਂ ਦੀ ਸਰਵੇ ਰਿਪੋਰਟ ਕਹਿੰਦੀ ਹੈ ਕਿ 1985 ਤੋਂ ਇਹ ਕੰਮ ਸ਼ੁਰੂ ਹੋਇਆ ਹੈ। ਦੋ ਸਾਲ ਸਾਡੀ ਸਰਕਾਰ ਰਹੀ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ 1987 ਵਿੱਚ ਇਥੇ ਕਿਨ੍ਹਾਂ ਦਾ ਰਾਜ ਸੀ। ਇਨ੍ਹਾ ਕੋਲੋਂ 12 ਸਾਲ ਵਿੱਚ ਅਜਿਹਾ ਕੰਮ ਨਹੀਂ ਹੋ ਸਕਿਆ। ਇਹ ਸਾਰਾ ਕੰਮ ਤੁਹਾਡੇ ਵੇਲੇ ਜਾਂ ਗਵਰਨਰ ਰਾਜ ਵੇਲੇ ਸ਼ੁਰੂ ਹੋਇਆ। ਇਹ ਮਿਸਮੈਨੇਜਮੈਂਟ ਕੰਟਰੋਲ ਨਹੀਂ ਕਰ ਸਕੇ। ਮੈਂ ਇੱਕ ਉਦਾਹਰਣ ਦਿੰਦਾ ਹਾਂ ਕਿ ਜੇ ਕਦੇ ਕਿਸੇ ਦੀ ਉਂਗਲ ਤੇ ਸੱਟ ਲੱਗ ਜਾਵੇ ਤਾਂ ਉਸਦਾ ਇਲਾਜ ਕਰਨਾ ਜ਼ਰੂਰੀ ਹੁੰਦਾ ਹੈ ਨਾ ਕਿ ਉਂਗਲ ਨੂੰ ਹੀ ਕੱਟ ਦਿੱਤਾ ਜਾਵੇ। ਜਿਹੜੇ ਵੀ ਕੋਈ ਬਿਜਲੀ ਬੋਰਡ ਦੇ ਘਾਟੇ ਹਨ ਇਹ ਕੋਈ ਜ਼ਿਮੀਂਦਾਰਾਂ ਕਰਕੇ ਨਹੀਂ ਹਨ। ਅੱਜ ਬਿਜਲੀ ਬੋਰਡ ਨੇ ਬਿਜਲੀ ਚੋਰੀ ਦਾ ਸਰਵੇ ਕਰਾ ਕੇ ਦੇਖਿਆ ਹੈ। ਰਿਪੋਰਟ ਹੈ ਕਿ 700 ਕਰੋੜ ਰੁਪਏ ਦੀ ਬਿਜਲੀ ਚੋਰੀ ਹੋ ਰਹੀ ਹੈ। ਇਸ ਚੋਰੀ ਨੂੰ ਰੋਕਣ ਵਾਸਤੇ ਬਿਜਲੀ ਬੋਰਡ ਨੇ ਨਵੇਂ ਇਲੈਕਟਰੋਨਿਕ ਮੀਟਰ ਲਾਉਣੇ ਸ਼ੁਰੂ ਕੀਤੇ ਹਨ ਪਰੰਤੂ ਕੱਲ੍ਹ ਪਰਸੋਂ ਹੀ ਖਬਰ ਲੱਗੀ ਸੀ ਕਿ ਇੰਡਸਟਰੀ ਵਾਲੇ ਰਿਮੋਟ ਕੰਟਰੋਲ ਰਾਹੀਂ ਮੀਟਰ ਕੰਟਰੋਲ ਕਰ ਲੈਂਦੇ ਹਨ। ਇਹ ਕਹਿੰਦੇ ਹਨ ਕਿ ਪੰਜਾਬ ਦੇ ਜ਼ਿਮੀਂਦਾਰ ਨੂੰ 12 ਮਹੀਨਿਆਂ ਵਿੱਚ ਅਸੀਂ 300 ਕਰੋੜ ਰੁਪਏ ਦਾ ਰੀਲੀਫ ਦਿੱਤਾ ਲੇਕਿਨ ਜੇਕਰ ਕੋਈ ਇੰਡਸਟਰੀਲਿਸਟ ਬਿਜਲੀ ਦੀ ਚੋਰੀ ਕਰਦਾ ਹੈ ਤਾਂ ਉਸ ਨੂੰ ਕੋਈ ਸਜ਼ਾ ਨਹੀਂ। ਬਿਜਲੀ ਬੋਰਡ ਦੇ ਇਕ ਇੰਜੀਨੀਅਰ ਨੇ ਕਿਹਾ ਹੈ ਕਿ ਬਿਜਲੀ ਬੋਰਡ ਦੇ ਫਲਾਇੰਗ ਵਾਲੇ ਜਿਹੜੇ 15 ਅਫ਼ਸਰ ਹਨ ਜੇਕਰ ਇਨ੍ਹਾਂ ਨੂੰ ਹਟਾ ਦਿੱਤਾ ਜਾਵੇ ਤਾਂ ਬਿਜਲੀ ਬੋਰਡ ਦੀ ਵੱਡੀ ਬਿਜਲੀ ਚੋਰੀ ਰੋਕੀ ਜਾ ਸਕਦੀ ਹੈ। ਬਜਾਏ ਇਸ ਦੇ ਕਿ ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਂਦੀ ਜਾਂ ਉਨ੍ਹਾਂ ਨੂੰ ਬਦਲਿਆ ਜਾਂਦਾ ਉਲਟਾ ਉਸ ਇੰਜੀਨੀਅਰ ਨੂੰ ਹੀ ਬਦਲ ਦਿੱਤਾ ਗਿਆ। ਮੇਰੇ ਕੋਲ ਵੀ ਉਸ ਰਿਪੋਰਟ ਦੀ ਕਾਪੀ ਹੈ ਜਿਹੜੀ ਸਰਕਾਰ ਨੂੰ ਰਿਪੋਰਟ ਮਿਲੀ ਹੈ। ਮੈਂ ਕਹਿੰਦਾ ਹਾਂ ਕਿ ਰਿਸ਼ਵਤ ਪਹਿਲਾਂ ਨਾਲੋਂ ਵਧ ਗਈ ਹੈ। ਚਾਰ ਗੁਣਾ ਹੋ ਗਈ ਹੈ, ਚੌਧਰੀ ਸਾਹਿਬ ਅਤੇ ਹੰਸਪਾਲ ਜੀ ਨੇ ਵੀ ਇਸ ਬਾਰੇ ਕਿਹਾ ਹੈ। ਅਸੀਂ ਤਾਂ ਜੋ ਕੁਝ ਪੰਜਾਬ ਦੇ ਲੋਕਾਂ ਵਾਸਤੇ ਕੀਤਾ, ਉਹ ਕੀਤਾ ਹੀ ਹੈ, ਹੁਣ ਤੁਸੀਂ ਉਨ੍ਹਾਂ ਵਾਸਤੇ ਕੀ ਕਰ ਰਹੇ ਹੋ। ਕੁਝ ਇੰਪਰੂਵਮੈਂਟ ਕਰੋ। ਅਸੀਂ ਜਿਹੜੀ ਪਿੰਡਾਂ ਵਿਚ 24-24 ਘੰਟੇ ਬਿਜਲੀ ਦੇਣੀ ਸ਼ੁਰੂ ਕੀਤੀ ਸੀ, ਉਹ ਵੀ ਬੰਦ ਕਰ ਦਿੱਤੀ ਗਈ। ਲੋਕ ਬੜੇ ਦੁਖੀ ਹੋਏ ਪਏ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹਾਂਗਾ ਕਿ ਐਫ.ਐਮ. ਸਾਹਿਬ ਹਸ ਰਹੇ ਹਨ, ਮੈਂ ਉਨ੍ਹਾਂ ਨੂੰ ਭਰਾ ਦੇ ਤੌਰ ਤੇ ਕਹਿਣਾ ਚਾਹਾਂਗਾ ਕਿ ਉਹ ਇਕ ਦਿਨ ਮੇਰੇ ਨਾਲ ਮੇਰੇ ਪਿੰਡ ਭੂੰਦੜ ਜਾ ਕੇ ਰਾਤ ਕੱਟ ਕੇ ਆਉਣ। ਆ ਕੇ ਜੇ ਤਾਂ ਉਹ ਕਹਿ ਦੇਣ ਕਿ ਬਿਜਲੀ ਆਉਂਦੀ ਹੈ ਤਾਂ ਅਸੀਂ ਉਨ੍ਹਾਂ ਅੱਗੇ ਹੱਥ ਖੜ੍ਹੇ ਕਰ ਦੇਵਾਂਗੇ। ਜੇਕਰ ਨਹੀਂ ਆਉਂਦੀ ਤਾਂ ਫਿਰ ਉਹ ਸਾਡੇ ਅੱਗੇ ਹੱਥ ਖੜ੍ਹੇ ਕਰਨ। ਇਹ ਕਾਗਜ਼ ਜਿੰਨੇ ਮਰਜ਼ੀ ਚੁੱਕੀ ਜਾਓ। ਇਨ੍ਹਾਂ ਵਿਚ ਵੀ ਫਿਗਰਾਂ ਦੱਸਦੀਆਂ ਹਨ। ਇਹ ਤੁਹਾਡੇ ਹੀ ਕਾਗਜ਼ ਹਨ ਜਿਨ੍ਹਾਂ ਵਿਚ ਫਿਗਰਾਂ ਦੱਸੀਆਂ ਗਈਆਂ ਹਨ ਕਿ ਅਸੀਂ 10 ਘੰਟੇ ਬਿਜਲੀ ਰੋਜ਼ਾਨਾ ਦੇ ਰਹੇ ਹਾਂ। ਮੈਂ ਫਿਗਰ ਬਾਰੇ ਦੱਸ ਦਿੰਦਾ ਹਾਂ ਕਿ ਸਾਲ 2001-02 ਵਿਚ 67% ਤੋਂ ਵੱਧ ਬਿਜਲੀ ਉਦਯੋਗਿਕ ਖੇਤਰ ਅਤੇ ਖੇਤੀਬਾੜੀ ਸੈਕਟਰ ਵਿਚ ਖਪਤ ਹੋਈ ਹੈ। ਪਰ ਪਿਛਲੇ ਸਾਲ ਦੇ ਅੰਕੜੇ ਦੱਸਦੇ ਹਨ ਕਿ ਕੇਵਲ 66% ਬਿਜਲੀ ਖਪਤ ਹੋਈ ਹੈ। ਸਾਡੇ ਸਮੇਂ ਨਾਲੋਂ ਇਹ ਘੱਟ ਖਪਤ ਹੈ। ਫਿਰ ਇਹ ਕਿਸ ਤਰ੍ਹਾਂ ਕਹਿ ਸਕਦੇ ਹਨ ਕਿ ਅਸੀਂ ਬਿਜਲੀ ਵੱਧ ਦੇ ਰਹੇ ਹਾਂ ?

Original with;
Punjab Vidhan Sabha
Digitized by;
Panjab Digital Library

**ਮਾਨਯੋਗ ਡਿਪਟੀ ਸਪੀਕਰ** : ਵਾਈਂਡ-ਅੱਪ ਕਰੋ ਜੀ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹਾਂਗਾ ਕਿ ਜੋ ਇਨ੍ਹਾਂ ਨੇ ਦੋ ਪੁਆਇੰਟ ਦੱਸੇ ਹਨ। ਇਕ ਡਾਈਵਰਸੀਫਿਕੇਸ਼ਨ ਦਾ ਅਤੇ ਦੂਸਰਾ ਸੈਕਿੰਡ ਪੁਸ਼-ਇਨ ਐਗਰੀਕਲਚਰ, ਇਨ੍ਹਾਂ ਦੋਨਾਂ ਵਿਚ ਹੀ ਕੋਈ ਪ੍ਰੋਗਰੈਸ ਨਹੀਂ ਹੋਈ। ਇਨ੍ਹਾਂ ਵਾਸਤੇ ਫੰਡ ਕੋਈ ਨਹੀਂ ਰੱਖੇ ਗਏ। ਫੰਡ ਤੋਂ ਬਿਨਾਂ ਤਰੱਕੀ ਕਿਵੇਂ ਕੀਤੀ ਜਾ ਸਕਦੀ ਹੈ ? ਇਰੀਗੇਸ਼ਨ ਤੇ ਪਾਵਰ ਸੂਬੇ ਦੇ ਦੋ ਅਹਿਮ ਮੁੱਦੇ ਹਨ। ਸਾਰੇ ਸਟੇਟ ਦੀ ਇੰਡਸਟਰੀ ਪਾਵਰ ਉਤੇ ਹੀ ਖੜੀ ਹੋਈ ਹੈ, ਬਿਜਨੈਸ ਸਾਰਾ ਪਾਵਰ ਉਤੇ ਹੀ ਨਿਰਭਰ ਕਰਦਾ ਹੈ। ਪਰ ਇਨ੍ਹਾਂ ਦੀ ਤਰੱਕੀ ਵਾਸਤੇ ਲੋੜੀਂਦੇ ਫੰਡ ਨਹੀਂ ਦਿੱਤੇ ਗਏ। ਮੈਂ ਕਹਿੰਦਾ ਹਾਂ ਕਿ ਸਰਕਾਰ ਇਸ ਪੈਸੇ ਨੂੰ ਜਾਇਆ ਨਾ ਕਰੇ। ਇਸ ਕਰਕੇ ਮੈਂ ਕਹਾਂਗਾ ਕਿ ਇਹ ਪਾਸ ਨਾ ਕੀਤੀਆਂ ਜਾਣ। ਇਨ੍ਹਾਂ ਦੇ ਨਾਲ ਲੋਕਾਂ ਦੇ ਭਲੇ ਦੀ ਗੱਲ ਕੀਤੀ ਜਾਵੇ। ਮੰਤਰੀਆਂ ਦੀਆਂ ਕਾਰਾਂ, ਕੋਠੀਆਂ, ਟੈਲੀਫੂਨਾਂ ਅਤੇ ਹੋਰ ਐਸ਼ੋ-ਇਸ਼ਰਤ ਵਾਸਤੇ ਵੀ ਖਰਚਾ ਘਟਾਇਆ ਜਾਵੇ। ਇਨ੍ਹਾਂ ਮੰਗਾਂ ਦਾ ਮੈਂ ਪੁਰਜ਼ੋਰ ਵਿਰੋਧ ਕਰਦਾ ਹਾਂ ਅਤੇ ਇਹ ਪਾਸ ਨਹੀਂ ਹੋਣੀਆਂ ਚਾਹੀਦੀਆਂ। ਧੰਨਵਾਦ।

**ਮਾਨਯੋਗ ਡਿਪਟੀ ਸਪੀਕਰ** : ਆਸਣ ਗ੍ਰਹਿਣ ਕਰੋ ਜੀ।

**ਸਰਦਾਰ ਤੋਤਾ ਸਿੰਘ (ਮੋਗਾ)** : ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਡਿਮਾਂਡ ਨੰਬਰ 5 ਤੇ ਬੋਲਾਂਗਾ ਜਿਹੜੀ ਕਿ ਸਿਖਿਆ ਵਿਭਾਗ ਨਾਲ ਸਬੰਧਤ ਹੈ। ਜੇਕਰ ਸਿੱਖਿਆ ਮੰਤਰੀ ਜੀ ਬੈਠੇ ਹੁੰਦੇ ਤਾਂ ਬੜਾ ਚੰਗਾ ਹੁੰਦਾ। ਵਿੱਤ ਮੰਤਰੀ ਸਾਹਿਬ ਬੈਠੇ ਹੋਏ ਹਨ। ਮੈਂ ਕੇਵਲ ਉਸਾਰੂ ਗੱਲਾਂ ਹੀ ਕਰਾਂਗਾ। ਸਾਰੇ ਪੰਜਾਬ ਵਿਚ 18,000 ਪ੍ਰਾਇਮਰੀ, ਮਿਡਲ, ਹਾਈ ਅਤੇ ਪਲੱਸ ਟੂ ਸਕੂਲ ਹਨ। ਸਾਡੀ ਬਦਕਿਸਮਤੀ ਰਹੀ ਹੈ ਕਿ ਸਿੱਖਿਆ ਵਿਭਾਗ ਵਿਚ 98% ਪੈਸਾ ਕੇਵਲ ਮੁਲਾਜ਼ਮਾਂ ਦੀਆਂ ਤਨਖਾਹਾਂ ਉਤੇ ਹੀ ਖਰਚ ਹੋ ਜਾਂਦਾ ਹੈ। ਕੇਵਲ 2% ਪੈਸਾ ਸਕੂਲਾਂ ਦੀਆਂ ਬਿਲਡਿੰਗਾਂ ਦੀ ਸਾਂਭ-ਸੰਭਾਲ ਵਾਸਤੇ ਲਗਦਾ ਹੈ। ਇਹ ਜਿਹੜਾ 2% ਪੈਸਾ ਸੀ, ਇਹ ਕੋਈ 5-6 ਕਰੋੜ ਬਣਦਾ ਸੀ। ਇਹ ਵੀ ਪੀ.ਡਬਲਯੂ.ਡੀ. ਰਾਹੀਂ ਦਿੱਤਾ ਜਾਂਦਾ ਸੀ। ਇਸ ਨਾਲ ਜੇਕਰ ਸਾਲ ਵਿਚ 500 ਜਾਂ 600 ਸਕੂਲਾਂ ਨੂੰ ਇਕ-ਇਕ ਲੱਖ ਰੁਪਿਆ ਦੇ ਵੀ ਦਿੱਤਾ ਜਾਂਦਾ ਸੀ ਤਾਂ ਉਸ ਪੈਸੇ ਦੇ ਨਾਲ ਇਕ ਕਮਰਾ ਵੀ ਖੜਾ ਨਹੀਂ ਸੀ ਹੁੰਦਾ ਕਿਉਂਕਿ ਲੋਕ ਸਹਿਯੋਗ ਨਹੀਂ ਸਨ ਦਿੰਦੇ। ਕੰਮ ਠੇਕੇਦਾਰਾਂ ਰਾਹੀਂ ਹੁੰਦਾ ਸੀ ਅਤੇ ਤੁਹਾਨੂੰ ਪਤਾ ਹੀ ਹੈ ਕਿ ਠੇਕੇ ਉਤੇ ਕੰਮ ਕਿਸ ਤਰੀਕੇ ਨਾਲ ਹੁੰਦੇ ਹਨ। (ਵਿਘਨ)

**ਮਾਨਯੋਗ ਡਿਪਟੀ ਸਪੀਕਰ** : ਸਰਦਾਰ ਸਾਧੂ ਸਿੰਘ ਜੀ, ਆਪਣੀ ਸੀਟ ਤੇ ਚੱਲੋ।

**ਸਰਦਾਰ ਤੋਤਾ ਸਿੰਘ** : ਡਿਪਟੀ ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਸ਼ਰਾਬ ਉਤੇ ਟੈਕਸ ਲਗਾ ਕੇ ਅਤੇ ਕੁਝ ਹੋਰ ਸਾਧਨ ਜੁਟਾ ਕੇ ਇਹ ਪੈਸਾ 50 ਕਰੋੜ ਰੁਪਏ ਸਾਲ ਦਾ ਕੀਤਾ ਸੀ ਤਾਂ ਜੋ ਇਸ ਦੇ ਨਾਲ ਸਾਰੇ ਸਕੂਲਾਂ ਦਾ ਵਿਕਾਸ ਹੋ ਸਕੇ। ਇਹ ਵਿਕਾਸ ਸਹੀ ਤਰੀਕੇ ਨਾਲ ਹੋ ਸਕੇ, ਇਸ ਵਾਸਤੇ ਵਿਕਾਸ ਕਮੇਟੀਆਂ ਬਣਾਈਆਂ ਗਈਆਂ। ਇਹ ਕਮੇਟੀਆਂ ਪਿੰਡਾਂ ਵਿਚ ਵੀ ਅਤੇ ਸ਼ਹਿਰਾਂ ਵਿਚ ਵੀ ਬਣਾਈਆਂ ਗਈਆਂ ਅਤੇ ਪੀ.ਡਬਲਯੂ.ਡੀ. ਦੀ ਬਜਾਏ ਸਿੱਧਾ ਪੈਸਾ/ਵਿਕਾਸ ਕਮੇਟੀਆਂ ਰਾਹੀਂ ਦਿੱਤਾ ਜਾਣ ਲੱਗਾ। ਇਨ੍ਹਾਂ ਕਮੇਟੀਆਂ ਦੀ ਬਣਤਰ ਇਸ ਤਰ੍ਹਾਂ ਸੀ। ਸਕੂਲ ਦਾ ਮੁੱਖੀ ਕਮੇਟੀ ਦਾ ਸਕੱਤਰ, ਦੋ ਨੁਮਾਇੰਦੇ ਪਿੰਡ ਪੰਚਾਇਤ ਅਤੇ ਸ਼ਹਿਰ ਦੇ ਸਬੰਧਤ ਵਾਰਡ ਵਿਚੋਂ, ਇਕ ਨੁਮਾਇੰਦਾ

Original with;
Punjab Vidhan Sabha
Digitized by;

[ ਸਰਦਾਰ ਤੋਤਾ ਸਿੰਘ ]

ਰਿਟਾਇਰਡ ਟੀਚਰ, ਇਕ ਨੁਮਾਇੰਦਾ ਰਿਟਾਇਰਡ ਆਰਮੀ ਮੈਨ ਅਤੇ ਇਕ ਨੁਮਾਇੰਦਾ ਪਿੰਡ ਵਿਚੋਂ ਦਾਨੀ ਸੱਜਣ ਜਿਸ ਨੇ ਕਿ ਸਕੂਲ ਵਾਸਤੇ ਕੋਈ ਦਾਨ ਦਿੱਤਾ ਹੋਵੇ। ਇਸ ਤਰ੍ਹਾਂ ਦੀਆਂ ਕਮੇਟੀਆਂ ਬਣਾਈਆਂ ਗਈਆਂ ਤਾਂ ਜੋ ਲੋਕਾਂ ਦਾ ਸਹਿਯੋਗ ਲਿਆ ਜਾ ਸਕੇ ਅਤੇ ਪੈਸੇ ਦਾ ਬੰਦੋਬਸਤ ਕਰਕੇ ਇਨ੍ਹਾਂ ਵਿਕਾਸ ਕਮੇਟੀਆਂ ਰਾਹੀਂ ਸਕੂਲਾਂ ਦੀਆਂ ਬਿਲਡਿੰਗਾਂ ਦਾ ਸੁਧਾਰ ਕੀਤਾ ਜਾ ਸਕੇ। ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਕਹਿੰਦਾ ਹਾਂ ਕਿ 18,000 ਸਕੂਲਾਂ ਵਿਚੋਂ 12-13 ਹਜ਼ਾਰ ਸਕੂਲਾਂ ਦੀਆਂ ਤਾਂ ਨਵੀਆਂ ਬਿਲਡਿੰਗਾਂ ਵਗੈਰਾ ਬਣ ਗਈਆਂ ਹਨ ਵਿਕਾਸ ਕਮੇਟੀਆਂ ਨੇ ਪਬਲਿਕ ਦੇ ਸਹਿਯੋਗ ਨਾਲ ਬਣਾ ਦਿਤੀਆਂ ਹਨ। ਡਿਪਟੀ ਸਪੀਕਰ ਸਾਹਿਬ, ਬਾਦਲ ਸਾਹਿਬ ਦੀ ਸਰਕਾਰ ਸਮੇਂ ਜੇ ਕਿਸੇ ਸਕੂਲ ਨੂੰ ਦੋ-ਤਿੰਨ ਲੱਖ ਰੁਪਿਆ ਦਿਤਾ ਗਿਆ ਤਾਂ ਲੋਕਾਂ ਨੇ ਆਪ ਪੰਜ-ਪੰਜ, ਛੇ-ਛੇ ਲੱਖ ਰੁਪਏ ਇਕੱਠੇ ਕਰਕੇ ਖਰਚ ਕੀਤੇ ਹਨ। ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਉਸ ਪਰੰਪਰਾ ਨੂੰ ਜਾਰੀ ਰੱਖਿਆ ਹੈ ਅਤੇ ਹੁਣ ਵੀ ਜਾਰੀ ਹੈ ਪਰ ਇਸਦੇ ਵਿਚ ਹੋਰ ਤੇਜ਼ੀ ਲਿਆਉਣ ਦੀ ਲੋੜ ਹੈ ਦੂਸਰੀ ਬੇਨਤੀ ਇਹ ਹੈ ਕਿ ਤਿੰਨ ਸੌ ਸਾਲਾ ਜੋ ਖਾਲਸੇ ਦਾ ਜਨਮ ਦਿਹਾੜਾ ਅਸੀਂ ਮਨਾਇਆ ਸੀ, ਅਸੀਂ ਉਦੋਂ ਇਹ ਮਿਥਿਆ ਸੀ ਕਿ 18,000 ਸਕੂਲਾਂ ਨੂੰ ਹੀ ਵਾਈਟ ਕੀਤਾ ਜਾਵੇ ਅਤੇ ਲੋਕਾਂ ਦੇ ਸਹਿਯੋਗ ਨਾਲ ਉਨ੍ਹਾਂ ਨੂੰ ਵਾਈਟ ਕੀਤਾ ਗਿਆ ਅਤੇ ਉਨ੍ਹਾਂ ਵਿੱਚ ਗੁਰਬਾਣੀ ਦੇ ਸ਼ਬਦ ਲਿਖੇ ਗਏ। ਹੁਣ ਚਾਰ ਸਾਲ ਹੋ ਗਏ ਹਨ ਉਹ ਚਿੱਟਾ ਰੰਗ ਵੀ ਫਿੱਕਾ ਪੈਂਦਾ ਜਾ ਰਿਹਾ ਹੈ ਅਤੇ ਗੁਰਬਾਣੀ ਦੇ ਸ਼ਬਦ ਵੀ ਮਿਟਦੇ ਜਾ ਰਹੇ ਹਨ। ਮੈਨੂੰ ਕਈ ਸਕੂਲਾਂ ਵਿੱਚ ਜਾਣ ਦਾ ਮੌਕਾ ਮਿਲਿਆ ਹੈ ਅਤੇ ਮੈਂ ਦੇਖਿਆ ਹੈ। ਇਥੇ ਸਿੱਖਿਆ ਮੰਤਰੀ ਜੀ ਬੈਠੇ ਹਨ, ਮੇਰੀ ਉਨ੍ਹਾਂ ਨੂੰ ਬੇਨਤੀ ਹੈ ਕਿ ਉਹ ਸਕੂਲਾਂ ਨੂੰ ਵਾਈਟ ਪੇਂਟ ਕਰਾਉਣ ਅਤੇ ਗੁਰਬਾਣੀ ਦੇ ਸ਼ਬਦ ਲਿਖਾਉਣ ਦੀ ਖੇਚਲ ਕਰਨ ਕਿਉਂਕਿ ਜਦੋਂ ਬੱਚੇ ਸਕੂਲ ਵਿੱਚ ਪੜ੍ਹਣ ਲਈ ਆਉਂਦੇ ਹਨ ਤਾਂ ਉਹ ਗੁਰਬਾਣੀ ਦੇ ਸ਼ਬਦ ਪੜ੍ਹਦੇ ਹਨ ਅਤੇ ਇਸ ਦੇ ਨਾਲ ਸ਼ੁੱਧ ਵਿਚਾਰ ਮਨ ਵਿੱਚ ਉਭਰਦੇ ਹਨ। ਇਸ ਤੋਂ ਅੱਗੇ ਮੇਰੀ ਬੇਨਤੀ ਹੈ ਕਿ ਜਿਹੜੇ ਐਲੀਮੈਂਟਰੀ ਸਕੂਲ ਹਨ ਉਨ੍ਹਾਂ ਦੇ ਬਾਰੇ ਤਾਂ ਇਨ੍ਹਾਂ ਨੂੰ ਸੋਚਣ ਦੀ ਲੋੜ ਨਹੀਂ ਕਿਉਂਕਿ ਭਾਰਤ ਸਰਕਾਰ ਨੇ ਫੈਸਲਾ ਕੀਤਾ ਹੋਇਆ ਹੈ ਕਿ ਸਿੱਖਿਆ ਅਭਿਆਨ ਚਲਾਉਣਾ ਹੈ, ਇਸ ਲਈ ਪੰਜਾਬ ਦੇ ਪੰਜ ਜ਼ਿਲ੍ਹੇ ਲਏ ਗਏ ਸਨ ਪਰ ਅਸੀਂ ਕਿਹਾ ਕਿ ਇਹ ਘੱਟ ਹਨ ਅਤੇ ਵਿੱਦਿਆ ਮੰਤਰੀ ਜੀ ਅਤੇ ਬਾਦਲ ਸਾਹਿਬ ਨੇ ਕੇਂਦਰ ਸਰਕਾਰ ਨੂੰ ਹੋਰ ਜ਼ਿਲ੍ਹੇ ਕਵਰ ਕਰਨ ਲਈ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਪੰਜਾਬ ਦੇ ਸਾਰੇ ਹੀ 17 ਦੇ 17 ਜ਼ਿਲ੍ਹੇ ਕਵਰ ਕਰ ਲੈਂਦੇ ਹਾਂ ਅਤੇ ਹੁਣ ਸਾਰੇ ਜ਼ਿਲ੍ਹੇ ਹੀ ਕਵਰ ਹੋ ਗਏ ਹਨ। ਹੁਣ ਪੰਜਾਬ ਸਰਕਾਰ ਨੂੰ ਐਲੀਮੈਂਟਰੀ ਡਾਇਰੈਕਟੋਰੇਟ ਵੱਲ ਧਿਆਨ ਦੇਣ ਦੀ ਲੋੜ ਨਹੀਂ। ਪਰ ਹੁਣ ਜਿਹੜਾ ਚਿੰਤਾ ਦਾ ਵਿਸ਼ਾ ਹੈ, ਜਿਸ ਵੱਲ ਫਿਕਰ ਕਰਨ ਦੀ ਲੋੜ ਹੈ, ਉਹ ਹੈ ਕਿ ਵਿਕਾਸ ਕਮੇਟੀਆਂ ਬਣਾਉਣ ਦੀ ਲੋੜ ਹੈ। ਐਲੀਮੈਂਟਰੀ ਸਕੂਲਾਂ ਵਿਚ ਫਰਨੀਚਰ ਅਤੇ ਬਿਲਡਿੰਗਾਂ ਦਾ ਪ੍ਰਬੰਧ ਕੇਂਦਰ ਸਰਕਾਰ ਵਲੋਂ ਕੀਤਾ ਜਾਣਾ ਹੈ ਅਤੇ ਇਹ ਫੈਸਲਾ 2007 ਤੱਕ ਲਾਗੂ ਰਹੇਗਾ। ਇਸ ਸਬੰਧ ਵਿੱਚ ਕੇਵਲ ਇਕ ਘਾਟ ਰਹਿ ਗਈ ਹੈ ਜਿਹੜੀ ਮੈਂ ਦੱਸਣੀ ਚਾਹੁੰਦਾ ਹਾਂ ਕਿ ਹਾਈ ਅਤੇ ਹਾਇਰ ਸੈਕੰਡਰੀ ਜੋ ਸਕੂਲ ਹਨ, ਉਨ੍ਹਾਂ ਲਈ ਬਜਟ ਵਿੱਚ ਫੰਡਜ਼ ਨਹੀਂ ਰੱਖੇ ਗਏ, ਉਨ੍ਹਾਂ ਦੀ ਹਾਲਤ ਬਹੁਤ ਮਾੜੀ ਹੋ ਜਾਵੇਗੀ। 8ਵੀਂ ਤੱਕ ਦੇ ਸਕੂਲਾਂ ਦੀ ਹਾਲਤ ਤਾਂ ਤਿੰਨ ਚਾਰ ਸਾਲ ਵਿਚ ਹੀ ਠੀਕ ਹੋ ਜਾਵੇਗੀ ਪਰ ਜੋ ਮੈਟ੍ਰਿਕ ਅਤੇ ਪਲੱਸ ਟੂ ਦੇ ਸਕੂਲ ਹਨ ਉਨ੍ਹਾਂ ਦੀਆਂ ਬਿਲਡਿੰਗਾਂ ਅਤੇ ਫਰਨੀਚਰ ਦੀ ਘਾਟ ਨੂੰ ਪੂਰਾ ਕਰਨ ਦੀ ਲੋੜ ਹੈ, ਇਸ ਦੇ ਲਈ ਕੋਈ ਫੰਡਜ਼ ਨਹੀਂ ਰੱਖੇ। ਜੇ ਤੁਸੀਂ ਫੰਡਜ਼ ਰੱਖੋਗੇ ਤਾਂ ਇਸ ਦੇ ਨਾਲ ਸਕੂਲਾਂ ਵਿਚ ਸੁਧਾਰ ਹੋਵੇਗਾ। ਮੇਰਾ ਸੁਝਾਓ ਹੈ ਕਿ

Original with;
Punjab Vidhan Sabha
Digitized by:

ਇਸ ਵੱਲ ਧਿਆਨ ਜ਼ਰੂਰ ਦਿਤਾ ਜਾਵੇ। ਇਸ ਤੋਂ ਅੱਗੇ ਐਜੂਕੇਸ਼ਨ ਬੋਰਡ ਦੀ ਗੱਲ ਆਉਂਦੀ ਹੈ। ਉਸਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਵਿੱਚ ਵੀ ਸੁਧਾਰ ਲਿਆਉਣ ਲਈ ਕਈ ਕਦਮ ਚੁੱਕੇ ਵੀ ਹਨ ਅਤੇ ਹੋਰ ਵੀ ਚੁੱਕਣ ਦੀ ਲੋੜ ਹੈ। ਨਕਲ ਦੇ ਸਬੰਧ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਕਈ ਕਦਮ ਚੁੱਕੇ ਸਨ। ਮੈਂ ਆਪਣੇ ਸਮੇਂ 5 ਤਰ੍ਹਾਂ ਦੇ ਪੇਪਰ ਏ.ਬੀ.ਸੀ.ਡੀ. ਅਤੇ ਈ. ਬਣਵਾਉਣੇ ਸ਼ੁਰੂ ਕੀਤੇ ਸਨ ਅਤੇ ਇਸ ਤਰ੍ਹਾਂ ਛੇਵੇਂ ਬੱਚੇ ਕੋਲ ਪਹਿਲੇ ਵਾਲਾ ਪੇਪਰ ਆਉਂਦਾ ਸੀ ਅਤੇ ਇਸ ਤਰ੍ਹਾਂ ਪੇਪਰ ਲੀਕ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ ਅਤੇ ਨਾ ਹੀ ਦਲਾਲਾਂ ਦੀ ਜੁਅਰਤ ਸੀ ਕਿ ਉਹ ਪੇਪਰ ਲੀਕ ਕਰਦੇ। ਬੋਰਡ ਵਲੋਂ 8ਵੀਂ, 10ਵੀਂ, ਅਤੇ 12ਵੀਂ ਕਲਾਸ ਦੇ ਪੇਪਰ ਲਏ ਜਾਂਦੇ ਹਨ ਅਤੇ ਤਕਰੀਬਨ 10 ਲੱਖ ਬੱਚਿਆਂ ਦੇ ਪੇਪਰ ਲਏ ਜਾਂਦੇ ਹਨ। ਸਪੀਕਰ ਸਾਹਿਬ ਇੰਨੀ ਵੱਡੀ ਗਿਣਤੀ ਵਿੱਚ ਪੇਪਰ ਲੈਣੇ ਕੋਈ ਆਸਾਨ ਕੰਮ ਨਹੀਂ। ਦਸ ਲੱਖ ਬੱਚਿਆਂ ਦਾ ਪ੍ਰਬੰਧ ਕਰਨਾ, ਉਨ੍ਹਾਂ ਦੇ ਸਰਟੀਫਿਕੇਟ ਬਣਾਉਣੇ, ਇਹ ਸਾਰਾ ਹੀ ਬਹੁਤ ਔਖਾ ਕੰਮ ਹੈ। ਪੰਜਾਬ ਵਿੱਚੋਂ ਦੂਰ-ਦੁਰਾਡੇ ਤੋਂ ਲੋਕ ਉਥੇ ਆਉਂਦੇ ਹਨ ਕਿਉਂਕਿ ਕਿਸੇ ਦੇ ਸਰਟੀਫਿਕੇਟ ਵਿੱਚ ਮਾਂ ਦਾ ਨਾਂ ਗਲਤ ਹੋ ਜਾਂਦਾ ਹੈ ਤੇ ਕਿਸੇ ਵਿਚ ਪਿਓ ਦਾ ਨਾਂ ਗਲਤ ਹੋ ਜਾਂਦਾ ਹੈ। ਇਸ ਲਈ ਫਿਰ ਡੁਪਲੀਕੇਟ ਸਰਟੀਫਿਕੇਟ ਬਣਾਉਣਾ ਪੈਂਦਾ ਹੈ। ਇੱਕ ਦਫਤਰ ਵਿੱਚ ਇਸ ਸਾਰੀ ਚੀਜ਼ ਦਾ ਪ੍ਰਬੰਧ ਕਰਨਾ ਬਹੁਤ ਔਖਾ ਹੈ ਔਰ ਲੋਕ ਵੀ ਕਈ ਵਾਰ ਬਹੁਤ ਦੁਖੀ ਹੋ ਜਾਂਦੇ ਹਨ। ਮੈਂ ਦੇਖਿਆ ਸੀ ਕਿ ਸੀ.ਬੀ.ਐਸ.ਈ ਦਾ ਦਿੱਲੀ ਹੈਡ ਆਫਿਸ ਹੈ ਤੇ ਚੰਡੀਗੜ੍ਹ ਉਸ ਦਾ ਰਿਜ਼ਨਲ ਆਫਿਸ ਹੈ। ਜਿਹੜਾ ਚੰਡੀਗੜ੍ਹ ਰਿਜ਼ਨਲ ਸੈਂਟਰ ਹੈ, ਉਥੇ ਤਿੰਨ-ਚਾਰ ਸੂਬਿਆਂ ਨੂੰ ਜੋੜਿਆ ਗਿਆ ਹੈ ਜਿਸ ਵਿੱਚ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਯੂ.ਟੀ. ਸ਼ਾਮਲ ਹਨ। ਇਨ੍ਹਾਂ ਸਾਰੇ ਸੂਬਿਆਂ ਦਾ ਕੰਟਰੋਲ ਇਹ ਰਿਜ਼ਨਲ ਆਫਿਸ ਕਰਦਾ ਹੈ। ਇਹੀ ਰਿਜ਼ਨਲ ਆਫਿਸ ਪੇਪਰ ਲੈਂਦਾ ਹੈ, ਮਾਰਕਿੰਗ ਕਰਦਾ ਹੈ ਅਤੇ ਸਰਟੀਫਿਕੇਟ ਜਾਰੀ ਕਰਦਾ ਹੈ। ਅਗਰ ਕਿਸੇ ਦੇ ਸਰਟੀਫਿਕੇਟ ਵਿੱਚ ਮਾਂ-ਬਾਪ ਦਾ ਨਾਂ ਗਲਤ ਹੋ ਜਾਵੇ ਤਾਂ ਉਸ ਬੰਦੇ ਨੂੰ ਦਿੱਲੀ ਨਹੀਂ ਜਾਣਾ ਪੈਂਦਾ ਸਗੋਂ ਚੰਡੀਗੜ੍ਹ ਵਿੱਚ ਹੀ ਉਸ ਦਾ ਸਾਰਾ ਕੰਮ ਹੋ ਜਾਂਦਾ ਹੈ। ਅਸੀਂ ਆਪਣੀ ਸਰਕਾਰ ਵੇਲੇ ਫੈਸਲਾ ਕੀਤਾ ਸੀ ਕਿ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਵੀ ਰਿਜ਼ਨਲ ਸੈਂਟਰ ਬਣਾਵਾਂਗੇ। ਪੰਜਾਬ ਸਰਕਾਰ ਨੇ ਦੋ-ਢਾਈ ਸਾਲ ਪਹਿਲਾਂ ਇਸ ਦੀ ਆਗਿਆ ਦੇ ਦਿੱਤੀ ਸੀ। ਅਸੀਂ ਉਹ ਫਿਰ ਰਿਜ਼ਨਲ ਸੈਂਟਰ ਬਣਾਏ ਕਿਉਂਕਿ ਇੱਕ ਜਗ੍ਹਾ ਤੇ ਸਾਰੀ ਚੀਜ਼ ਦਾ ਪ੍ਰਬੰਧ ਕਰਨਾ ਬਹੁਤ ਔਖਾ ਹੈ। ਅਸੀਂ ਤਿੰਨ ਰਿਜ਼ਨਲ ਸੈਂਟਰ ਬਣਾਏ : ਜਲੰਧਰ, ਸੰਗਰੂਰ ਅਤੇ ਮੋਗਾ। ਮੋਗੇ ਰਿਜ਼ਨਲ ਸੈਂਟਰ ਨਾਲ ਮੋਗੇ ਸਮੇਤ ਚਾਰ ਜ਼ਿਲ੍ਹੇ ਸਨ : ਫਿਰੋਜ਼ਪੁਰ, ਮੁਕਤਸਰ ਅਤੇ ਫਰੀਦਕੋਟ। ਇਸੇ ਤਰ੍ਹਾਂ ਸੰਗਰੂਰ ਰਿਜ਼ਨਲ ਸੈਂਟਰ ਨਾਲ ਸੰਗਰੂਰ ਸਮੇਤ ਮਾਨਸਾ ਅਤੇ ਬਠਿੰਡਾ ਜ਼ਿਲ੍ਹੇ ਜੋੜੇ ਗਏ। ਇਸੇ ਤਰ੍ਹਾਂ ਜਲੰਧਰ ਰਿਜ਼ਨਲ ਸੈਂਟਰ ਵਿੱਚ ਜਲੰਧਰ ਸਮੇਤ ਗੁਰਦਾਸਪੁਰ ਅਤੇ ਅੰਮ੍ਰਿਤਸਰ ਜ਼ਿਲ੍ਹੇ ਜੋੜੇ ਗਏ। ਇਹ ਅਸੀਂ ਤਿੰਨ ਰਿਜ਼ਨਲ ਸੈਂਟਰ ਬਣਾਏ ਸਨ ਔਰ ਮੇਨ ਸੈਂਟਰ ਮੁਹਾਲੀ ਹੀ ਸੀ। ਇਸ ਤਰ੍ਹਾਂ ਤਕਰੀਬਨ ਦਸ ਜ਼ਿਲ੍ਹਿਆਂ ਦਾ ਕੰਮ ਇਨ੍ਹਾਂ ਰਿਜ਼ਨਲ ਸੈਂਟਰਾਂ ਵਿੱਚ ਹੋ ਜਾਣਾ ਸੀ। ਇਸ ਵਾਸਤੇ ਅਸੀਂ ਫੰਡਜ਼ ਵੀ ਜਾਰੀ ਕੀਤੇ। ਪਹਿਲੇ ਸਾਲ ਮੋਗੇ ਲਈ ਫੰਡਜ਼ ਜਾਰੀ ਕੀਤੇ। ਦੂਸਰੇ ਸਾਲ ਸਗਰੂਰ ਲਈ ਅਤੇ ਤੀਸਰੇ ਸਾਲ ਜਲੰਧਰ ਲਈ ਫੰਡਜ਼ ਜਾਰੀ ਕਰਨੇ ਸਨ। ਮੋਗੇ ਅਸੀਂ ਚਾਰ ਕਰੋੜ ਦੇ ਫੰਡ ਜਾਰੀ ਕੀਤੇ ਜਿਸ ਨਾਲ ਉਥੇ ਚਾਰ ਮੰਜ਼ਲਾਂ ਇਮਾਰਤ ਬਣਨੀ ਸੀ ਪਰ ਬਾਅਦ ਵਿਚ ਇਹ ਤਿੰਨ ਮੰਜ਼ਲਾਂ ਕਰ ਦਿੱਤੀ ਗਈ। ਉਥੇ ਕੋਈ ਨਵੇਂ ਮੁਲਾਜ਼ਮ ਨਹੀਂ ਰੱਖਣੇ ਪੈਣੇ ਸਨ। ਮੁਲਾਜ਼ਮ ਪਹਿਲਾਂ ਹੀ ਜੋ ਹੈਡ ਆਫਿਸ ਤੇ ਹਨ ਉਨ੍ਹਾਂ ਸਬੰਧਿਤ ਮੁਲਾਜ਼ਮਾ ਨੂੰ ਸਿਰਫ਼ ਡਿਪਿਊਟ ਕਰਨਾ ਹੈ। ਪੇਪਰ ਮਾਰਕਿੰਗ ਦਾ ਕੰਮ ਵੀ ਉਥੇ ਹੀ

Original with;
Punjab Vidhan Sabha

[ਸਰਦਾਰ ਤੋਤਾ ਸਿੰਘ]

ਹੋਣਾ ਸੀ। ਅਗਰ ਕੋਈ ਕਲੈਰੀਕਲ ਮਿਸਟੇਕ ਹੋ ਜਾਂਦੀ ਹੈ ਤਾਂ ਡੁਪਲੀਕੇਟ ਸਰਟੀਫਿਕੇਟ ਵੀ ਉਥੋਂ ਹੀ ਮਿਲ ਜਾਣਾ ਸੀ। ਮੋਗੇ ਨਾਲ ਸਬੰਧਿਤ ਜ਼ਿਲ੍ਹਿਆਂ ਦਾ ਕੰਮ ਮੋਗੇ, ਸੰਗਰੂਰ ਨਾਲ ਸੰਬੰਧਿਤ ਜ਼ਿਲ੍ਹਿਆਂ ਦਾ ਕੰਮ ਸੰਗਰੂਰ ਅਤੇ ਜਲੰਧਰ ਨਾਲ ਸਬੰਧਿਤ ਜ਼ਿਲ੍ਹਿਆਂ ਦਾ ਕੰਮ ਜਲੰਧਰ ਵਿੱਚ ਹੋ ਜਾਣਾ ਸੀ। ਮੁਹਾਲੀ ਕਿਸੇ ਨੂੰ ਆਉਣ ਦੀ ਲੋੜ ਨਹੀਂ ਸੀ। ਮੈਂ ਬੇਨਤੀ ਕਰਦਾ ਹਾਂ ਕਿ ਜੋ ਅਸੀਂ ਇਹ ਫੈਸਲਾ ਕੀਤਾ ਸੀ, ਇਸ ਨੂੰ ਅੱਗੇ ਵੀ ਇੰਪਲੀਮੈਂਟ ਕਰਵਾਇਆ ਜਾਵੇ। ਵਿੱਤ ਮੰਤਰੀ ਜੀ ਅਤੇ ਵਿਦਿਆ ਮੰਤਰੀ ਜੀ ਬੈਠੇ ਹਨ, ਇਹ ਨੋਟ ਕਰਨ। ਐਜੂਕੇਸ਼ਨ ਬੋਰਡ ਵਿੱਚ ਜਿਹੜਾ ਸਟਾਫ ਹੈ, ਉਹ ਸਟਾਫ ਹੀ ਇਨ੍ਹਾਂ ਰਿਜ਼ਨਲ ਸੈਂਟਰਾਂ ਵਿਚ ਲਗਾ ਦਿੱਤਾ ਜਾਵੇ। ਇਸ ਨਾਲ ਇਹ ਵੀ ਫਾਇਦਾ ਹੋਵੇਗਾ ਕਿ ਜਿਹੜੇ ਮੁਲਾਜ਼ਮ ਆਪਣੇ ਆਪਣੇ ਡਿਸਟ੍ਰਿਕਟ ਆਉਣਾ ਚਾਹੁਣ, ਆ ਸਕਣਗੇ। ਸਪੀਕਰ ਸਾਹਿਬ, ਮੈਂ ਬਜਟ ਪੜ੍ਹਿਆ ਹੈ ਪਰ ਇਸ ਵਿਚ ਕੋਈ ਗੱਲ ਇਸ ਬਾਰੇ ਨਹੀਂ ਕੀਤੀ ਗਈ। ਮੈਂ ਐਜੂਕੇਸ਼ਨ ਬੋਰਡ ਦਾ ਵੀ ਬਜਟ ਪੜ੍ਹਿਆ ਹੈ ਪਰ ਉਸ ਵਿੱਚ ਵੀ ਇਸ ਬਾਰੇ ਕੋਈ ਗੱਲ ਨਹੀਂ ਕੀਤੀ ਗਈ। ਮੁਲਾਜ਼ਮਾਂ ਵਾਸਤੇ ਤਾਂ ਕਲੋਨੀ ਬਣਾਈ ਜਾ ਰਹੀ ਹੈ ਪਰ ਲੋਕਾਂ ਦੀ ਸਹੂਲਤ ਵੱਲ ਵੀ ਧਿਆਨ ਦੇਣ ਦੀ ਜ਼ਰੂਰਤ ਹੈ। ਦਸ ਲੱਖ ਬੱਚਿਆਂ ਦਾ ਸਵਾਲ ਹੈ। ਮੁਹਾਲੀ ਵਿਚ ਬੋਰਡ ਦੇ ਦਫਤਰ ਸਰਟੀਫਿਕੇਟਾਂ ਵਿੱਚ ਗਲਤੀਆਂ ਠੀਕ ਕਰਵਾਉਣ ਲਈ ਕਿੰਨਾ ਰਸ਼ ਲੱਗਾ ਜਾਂਦਾ ਹੈ। ਵਿਦਿਆ ਮੰਤਰੀ ਜੀ ਨੇ ਵੀ ਇਹ ਦੇਖਿਆ ਹੋਵੇਗਾ। ਇਸ ਲਈ ਇਨ੍ਹਾਂ ਰਿਜ਼ਨਲ ਸੈਂਟਰਾਂ ਨੂੰ ਇੰਪਲੀਮੈਂਟ ਕਰਵਾਇਆ ਜਾਵੇ। ਇਹ ਮੇਰੀ ਅਪੀਲ ਹੈ। ਇਸ ਨਾਲ ਲੋਕਾਂ ਦਾ ਭਲਾ ਹੋਵੇਗਾ। ਵਿਦਿਆ ਦੇ ਖੇਤਰ ਵਿੱਚ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੋਸਟਾਂ ਭਰਨ ਦੀ ਵੀ ਬਹੁਤ ਲੋੜ ਹੈ। ਕਾਫੀ ਪੋਸਟਾਂ ਤਾਂ ਇਸ ਸਰਕਾਰ ਨੇ ਅਬਾਲਿਸ਼ ਕਰ ਦਿੱਤੀਆਂ ਹਨ। ਮੈਂ ਵੀ ਸਿੱਖਿਆ ਮੰਤਰੀ ਰਿਹਾ ਹਾਂ ਪਰ ਕੋਈ ਵੀ ਸਰਕਾਰ ਹੋਵੇ ਚਾਹੇ ਕਾਂਗਰਸ ਸਰਕਾਰ ਹੋਵੇ ਤੇ ਚਾਹੇ ਅਕਾਲੀਆਂ ਦੀ ਸਰਕਾਰ ਹੋਵੇ, ਟੀਚਰਾਂ ਦੀਆਂ ਪੋਸਟਾਂ ਭਰਨ ਸਮੇਂ ਸਾਰੇ ਬਦਨਾਮ ਹੋ ਰਹੇ ਹਨ। ਸਿਲੇਕਸ਼ਨ ਕਮੇਟੀਆਂ ਬਣ ਜਾਂਦੀਆਂ ਹਨ। ਐਜੂਕੇਸ਼ਨ ਬੋਰਡ ਦਾ ਚੇਅਰਮੈਨ ਹੈਡ ਹੁੰਦਾ ਹੈ। ਇਸ ਕਮੇਟੀ ਵਿੱਚ ਡੀ.ਸੀ. ਦਾ ਨੁਮਾਇੰਦਾ, ਵੈਲਫੇਅਰ ਡਿਪਾਰਟਮੈਂਟ ਦਾ ਨੁਮਾਇੰਦਾ, ਐਕਸ ਸਰਵਿਸਮੈਨ ਦਾ ਨੁਮਾਇੰਦਾ, ਸਿੱਖਿਆ ਵਿਭਾਗ ਦਾ ਨੁਮਾਇੰਦਾ ਅਤੇ ਇਸ ਤਰ੍ਹਾਂ ਕੁੱਲ ਮਿਲਾ ਕੇ ਪੰਜ ਨੁਮਾਇੰਦੇ ਹੁੰਦੇ ਹਨ। ਜੋ ਵੀ ਸਿਲੈਕਸ਼ਨ ਕਮੇਟੀ ਰਿਜ਼ਲਟ ਅਨਾਊਂਸ ਕਰਦੀ ਹੈ, ਡੀ.ਪੀ. ਕੰਟਰੋਲਰ ਉਸ ਨੂੰ ਪ੍ਰੈਸ ਵਿੱਚ ਅਨਾਊਂਸ ਕਰਦਾ ਹੈ। ਜੇ ਕੋਈ ਕਮੀ ਰਹਿ ਜਾਵੇ ਤਾਂ ਬਦਨਾਮ ਸਿੱਖਿਆ ਵਿਭਾਗ ਹੁੰਦਾ ਹੈ ਜਦ ਕਿ ਉਸ ਵਿੱਚ ਪੰਜ ਵਿਭਾਗ ਸ਼ਾਮਲ ਹੁੰਦੇ ਹਨ। ਸਾਰਿਆਂ ਦੀ ਜ਼ਿੰਮੇਵਾਰੀ ਹੁੰਦੀ ਹੈ। ਸਾਡੇ ਵੇਲੇ ਵੀ ਇਹ ਪ੍ਰਚਾਰ ਸੀ। ਅਸੀਂ ਸੋਚਿਆ ਕਿ ਇਸ ਦਾ ਕੀ ਕੀਤਾ ਜਾਵੇ ਤਾਂ ਕਿ ਸਾਰਾ ਕੁਝ ਠੀਕ-ਠਾਕ ਹੋ ਸਕੇ। ਕਈ ਵਾਰ ਲੋਕ ਅਦਾਲਤਾਂ ਵਿਚ ਚਲੇ ਜਾਂਦੇ ਹਨ ਜਿਸ ਨਾਲ ਸਮਾਂ ਕਾਫੀ ਲੱਗ ਜਾਂਦਾ ਹੈ। ਅਸੀਂ ਇਸ ਕਮੀ ਨੂੰ ਦੂਰ ਕੀਤਾ। ਅਸੀਂ ਫੈਸਲਾ ਕੀਤਾ ਕਿ ਸਾਰਾ ਕੁਝ ਮੈਰਿਟ ਤੇ ਕੀਤਾ ਜਾਵੇ ਤੇ ਮੈਰਿਟ ਤੇ ਟੀਚਰਾਂ ਦੀ ਭਰਤੀ ਕੀਤੀ ਜਾਵੇ। ਅਸੀਂ 3,400 ਤੋਂ ਉਪਰ ਪੋਸਟਾਂ ਐਡਵਰਟਾਈਜ਼ ਕੀਤੀਆਂ ਅਤੇ ਮੈਰਿਟ ਤੇ 1,400 ਤੋਂ ਉਪਰ ਟੀਚਰਾਂ ਦੀ ਭਰਤੀ ਲਈ ਆਰਡਰ ਕੀਤੇ। ਕੋਈ ਇੰਟਰਵਿਊ ਨਹੀਂ ਲਈ ਗਈ। ਬੀ.ਏ., ਬੀ.ਐਡ ਦੇ ਨੰਬਰ ਐਡ ਕੀਤੇ ਗਏ। ਇਸ ਤਰ੍ਹਾਂ ਮੈਰਿਟ ਬਣਾਈ। 1,400 ਤੋਂ ਉਪਰ ਆਰਡਰ ਅਸੀਂ ਕੀਤੇ ਪਰ ਬਾਕੀਆਂ ਨੂੰ ਇਲੈਕਸ਼ਨ ਕੋਡ ਲੱਗਣ ਕਾਰਨ ਆਰਡਰ ਜਾਰੀ ਨਹੀਂ ਹੋਏ। ਇਸ ਲਈ ਮੇਰੀ ਬੇਨਤੀ ਹੈ ਕਿ ਇਹ ਆਰਡਰ ਜਾਰੀ ਕੀਤੇ ਜਾਣ ਅਤੇ ਇਹ ਸਕੀਮ ਵੀ ਜਾਰੀ ਰੱਖੀ ਜਾਵੇ। ਇਸ ਨਾਲ ਸਿੱਖਿਆ ਮਹਿਕਮੇ ਦੀ ਬਦਨਾਮੀ ਨਹੀਂ ਹੋਵੇਗੀ। ਇਹ ਮੇਰਾ ਸੁਝਾਅ ਹੈ। ਸਿੱਖਿਆ ਵਿਭਾਗ ਸਬੰਧੀ ਰਲ ਮਿਲ ਕੇ ਫੈਸਲਾ ਕੀਤਾ ਜਾਵੇ ਤਾਂ ਕਿ ਇਸ ਦਾ ਸੁਧਾਰ ਹੋ ਸਕੇ। ਬਹੁਤ-ਬਹੁਤ ਧੰਨਵਾਦ।

Original with;
Punjab Vidhan Sabha
Digitized by:
Panjab Digital Library

**ਸਰਦਾਰ ਸਾਧੂ ਸਿੰਘ (ਅਮਲੋਹ, ਐਸ.ਸੀ.)** : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਜੋ ਪੰਜਾਬ ਦੇ ਖਜ਼ਾਨਾ ਮੰਤਰੀ, ਸਰਦਾਰ ਲਾਲ ਸਿੰਘ ਹੁਰਾਂ ਨੇ ਆਪਣੇ ਸਾਲ ਦੇ ਵਿੱਤੀ ਅੰਕੜੇ ਪੇਸ਼ ਕੀਤੇ ਹਨ, ਉਨ੍ਹਾਂ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੇਰੇ ਤੋਂ ਪਹਿਲਾਂ ਸਤਿਕਾਰਯੋਗ ਸਾਡੇ ਸੱਤਾਧਾਰੀ ਪਾਰਟੀ ਦੇ ਅਤੇ ਸਾਹਮਣੇ ਬੈਠੇ ਹੋਏ ਸਾਡੇ ਆਪੋਜ਼ੀਸ਼ਨ ਦੇ ਮੈਂਬਰ ਸਹਿਬਾਨ ਨੇ ਆਪਣੇ-ਆਪਣੇ ਢੰਗ ਤਰੀਕੇ ਦੇ ਨਾਲ ਇਸ ਬਹਿਸ ਵਿੱਚ ਹਿੱਸਾ ਪਾਇਆ ਹੈ। ਇਨ੍ਹਾਂ ਸਾਰੇ ਹੀ ਮਹਿਕਮਿਆਂ ਦੇ ਬਾਰੇ ਜੋ ਇਸ ਬਜਟ ਵਿਚ ਰੱਖਿਆ ਗਿਆ ਹੈ, ਮੈਂ ਸਮਝਦਾ ਹਾਂ ਕਿ ਸਰਦਾਰ ਲਾਲ ਸਿੰਘ ਇੱਕ ਐਸੇ ਪਰਿਵਾਰ ਵਿਚੋਂ ਧਰਤੀ ਨਾਲ ਜੁੜੇ ਹੋਏ ਵਰਕਰ ਹਨ, ਜੋ ਛੋਟੇ ਤੋਂ ਲੈ ਕੇ ਵੱਡੇ ਤੱਕ, ਸਾਰਿਆਂ ਦੀਆਂ ਦੁੱਖ ਤਕਲੀਫ਼ਾਂ ਨੂੰ ਜਾਣਦੇ ਹਨ, ਜਿਨ੍ਹਾਂ ਨੇ ਆਪਣੇ ਪਿੰਡੇ ਤੇ ਗਰੀਬੀ ਵੀ ਹੰਢਾਈ ਅਤੇ ਟਾਟ ਤੇ ਬੈਠ ਕੇ ਪੜ੍ਹੇ ਵੀ ਹਨ। ਮੈਂ ਸਮਝਦਾ ਹਾਂ ਕਿ ਇਹ ਪਿੰਡਾਂ ਦਾ ਹਾਲ ਵੀ ਜਾਣਦੇ ਹਨ, ਪਿੰਡਾਂ ਦੀਆਂ ਕੱਚੀਆਂ ਗਲੀਆਂ ਨਾਲੀਆਂ/ਅਤੇ ਪਿੰਡਾਂ ਦੇ ਗਰੀਬਾਂ ਦੀ ਹਾਲਤ ਨੂੰ ਵੀ ਜਾਣਦੇ ਹਨ। ਸ਼ਡਿਊਲਡ ਕਾਸਟਾਂ ਦੀ ਹਾਲਤ ਨੂੰ ਵੀ ਇਹ ਜਾਣਦੇ ਹਨ। ਮੈਂ ਸਮਝਦਾ ਹਾਂ, ਜੋ ਦਿਹਾਤੀ ਏਰੀਆ ਹੈ, ਉਥੋਂ ਦੇ ਕਿਸਾਨਾਂ ਦੇ ਦੁੱਖ ਦਰਦ ਨੂੰ ਵੀ ਇਹ ਜਾਣਦੇ ਹਨ। ਸਰਦਾਰ ਲਾਲ ਸਿੰਘ, ਮੈਂ ਸਮਝਦਾ ਹਾਂ ਕਿ ਇੱਕ ਸਧਾਰਨ ਪਰਿਵਾਰ ਵਿੱਚੋਂ ਉਠ ਕੇ ਇੱਡੇ ਵੱਡੇ ਅਹੁਦੇ ਤੇ ਪਹੁੰਚੇ ਹਨ, ਇਹ ਕੋਈ ਛੋਟੀ ਗੱਲ ਨਹੀਂ ਹੈ। ਮੈਂ ਸਮਝਦਾ ਹਾਂ ਪੰਜਾਬ ਦੇ ਖਜ਼ਾਨੇ ਵਿੱਚੋਂ ਜੋ ਜੋ ਵੀ ਰਿਆਇਤਾਂ ਇਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਦਿੱਤੀਆਂ ਹਨ, ਉਹ ਪੰਜਾਬ ਦੇ ਕਿਸਾਨਾਂ, ਪੰਜਾਬ ਦੇ ਗਰੀਬ ਲੋਕਾਂ, ਪੰਜਾਬ ਦੇ ਗਰੀਬ ਪਰਿਵਾਰਾਂ ਨੂੰ ਪਹੁੰਚੀਆ ਹਨ। ਇਥੇ ਮੈਂਬਰ ਸਾਹਿਬ ਜਥੇਦਾਰ ਤੋਤਾ ਸਿੰਘ ਜੀ ਬੋਲ ਰਹੇ ਸਨ, ਉਨ੍ਹਾਂ ਨੇ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦੱਸੀਆਂ ਹਨ। ਇਹ ਗੱਲ ਠੀਕ ਹੈ, ਮੈਂ ਨਿੱਜੀ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿਉਂਕਿ ਇਹ ਪਵਿੱਤਰ ਸਦਨ ਹੈ। ਇਥੇ ਅਸੀਂ ਸਾਰੇ ਹੀ ਚੁਣ ਕੇ ਆਏ/ਹਾਂ ਅਤੇ ਅਸੀਂ ਪੰਜਾਬ ਦੇ ਹਿਤਾਂ ਦੀ ਗੱਲ ਕਰਨੀ ਹੁੰਦੀ ਹੈ। ਜੋ ਆਦਮੀ, ਜੋ ਸਰਕਾਰ ਸਹੀ ਕਰਦੀ ਹੈ, ਉਸ ਨੂੰ ਮੈਂ ਸਮਝਦਾ ਹਾਂ ਸ਼ਾਬਾਸ਼ ਦੇਣੀ ਚਾਹੀਦੀ ਹੈ। ਮੈਂ ਪਿਛਲੇ ਸ਼ੈਸ਼ਨ ਵਿਚ ਕਿਹਾ ਸੀ ਕਿ ਅੱਜ ਪੰਜਾਬ ਦੇ ਵਿੱਚ ਗਰੀਬ ਅਤੇ ਅਮੀਰ ਦਾ ਪਾੜਾ ਇੰਨਾ ਵਧ ਚੁੱਕਿਆ ਹੈ ਕਿ ਇਨਸਾਨੀਅਤ ਵਾਲੀ ਗੱਲ ਖਤਮ ਹੋ ਗਈ ਹੈ। ਇੱਕ ਹੀ ਦੇਸ਼ ਦੇ ਅਸੀਂ ਵਾਸੀ ਹੋਈਏ, ਇੱਕ ਮੁਲਕ ਵਿੱਚ ਰਹਿੰਦੇ ਹੋਈਏ, ਇੱਕ ਵਿਧਾਨ ਨੂੰ ਸਾਰੇ ਮੰਨਦੇ ਹੋਈਏ ਤਾਂ ਫਿਰ ਗਰੀਬੀ ਅਮੀਰੀ ਤਾਂ ਕੀ ਵੱਡੇ-ਵੱਡੇ ਪਾੜੇ ਖਤਮ ਹੋ ਜਾਂਦੇ ਹਨ। ਅੱਜ ਕੋਈ ਅਮੀਰ ਆਦਮੀ ਆਪਣੇ ਬੱਚੇ ਨੂੰ ਸਰਕਾਰੀ ਸਕੂਲ ਵਿੱਚ ਪੜ੍ਹਾਉਣ ਨੂੰ ਤਿਆਰ ਨਹੀਂ, ਉਹ ਇਸ ਕਰਕੇ ਤਿਆਰ ਨਹੀਂ ਕਿ ਉਥੇ ਮਾਸਟਰ ਨਹੀਂ ਹਨ। ਉਥੇ ਸਹੂਲਤਾਂ ਘੱਟ ਹਨ। ਅਮੀਰ ਅਤੇ ਪੜ੍ਹੇ ਲਿਖੇ ਜਾਗੀਰਦਾਰ ਦਾ ਬੱਚਾ ਅੱਜ ਅੰਗਰੇਜ਼ੀ ਦੇ ਵਧੀਆ ਸਕੂਲਾਂ ਵਿਚ ਪੜ੍ਹ ਰਿਹਾ ਹੈ, ਉਹ ਮੈਰਿਟ ਵਿੱਚ ਆਏਗਾ ਹੀ। ਉਹ ਸਾਰੇ ਨੰਬਰ ਪ੍ਰਾਪਤ ਕਰੇਗਾ। ਫਿਰ ਗਰੀਬ/ਦੀ ਵਾਰੀ ਕਿਥੋਂ ਆਏਗੀ। ਗਰੀਬ ਦਾ ਬੱਚਾ ਟਾਟ ਤੇ ਬੈਠ ਕੇ ਪੜ੍ਹ ਰਿਹਾ ਹੈ। ਉਸ ਨੂੰ ਪੜ੍ਹਾਉਣ ਵਾਲਾ ਮਾਸਟਰ ਨਹੀਂ ਹੈ। ਪੰਜ-ਪੰਜ ਜਮਾਤਾਂ ਵਿੱਚ ਇੱਕ-ਇੱਕ ਟੀਚਰ ਹੈ ਔਰ ਕਈ ਵਾਰ ਉਹ ਵੀ ਸਕੂਲ ਵਿੱਚ ਨਹੀਂ ਜਾਂਦਾ। ਮੈਂ ਸਮਝਦਾ ਹਾਂ ਇਹ ਵਧੀਆ ਸ਼ੁਰੂਆਤ ਕੀਤੀ ਹੈ, ਚਾਹੇ ਕਿਸੇ ਨੇ ਵੀ ਕੀਤੀ ਹੈ ਕਿ ਪਹਿਲੀ ਤੋਂ ਅੰਗਰੇਜ਼ੀ ਚਾਲੂ ਕੀਤੀ ਹੈ। ਮੇਰੇ ਇਧਰਲੇ ਅਕਾਲੀ ਵੀਰ ਕਈ ਵਾਰੀ ਕਹਿੰਦੇ ਹੁੰਦੇ ਹਨ ਕਿ ਅੰਗਰੇਜ਼ੀ ਵਿਚ ਨਾ ਬੋਲੋ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡੇ ਬੱਚੇ ਤਾਂ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਦੇ ਹਨ, ਇਸ ਕਰਕੇ ਹੀ ਅੰਗਰੇਜ਼ੀ ਦੀ ਪੜ੍ਹਾਈ ਦੀ ਪਹਿਲੀ ਤੋਂ ਸ਼ੁਰੂਆਤ ਹੋਈ ਹੈ। ਇਸ ਕਰਕੇ ਹੀ ਇਹ ਪਾੜਾ ਦੂਰ ਹੋਏਗਾ। ਮੈਂ ਸਰਕਾਰ ਨੂੰ ਵੀ ਅਤੇ ਮੰਤਰੀ ਜੀ ਨੂੰ ਵੀ ਬੇਨਤੀ ਕਰਾਂਗਾ ਕਿ ਇਹ ਗਰੀਬ ਅਤੇ ਅਮੀਰ ਦੀ

Original with;
Punjab Vidhan Sabha
Digitized by;

[ਸਰਦਾਰ ਸਾਧੂ ਸਿੰਘ]

ਬਰਾਬਰਤਾ ਦੀ ਗੱਲ ਹੈ। ਅਮੀਰ ਆਦਮੀ ਨੂੰ ਪਹਿਲਾਂ ਵੀ ਤਕਲੀਫ਼ ਸੀ ਅਤੇ ਹੁਣ ਵੀ ਤਕਲੀਫ ਹੋਣੀ ਹੈ ਕਿਉਂਕਿ ਇਸ ਨਾਲ ਪੜ੍ਹਾਈ ਬਰਾਬਰ ਪ੍ਰਾਪਤ ਹੋਈ ਹੈ। ਮੈਂ ਬੇਨਤੀ ਕਰਦਾ ਹਾਂ ਕਿ ਟੀਚਰ ਸਾਹਿਬਾਨ ਅਤੇ ਸਟਾਫ਼ ਜ਼ਰੂਰ ਪੂਰਾ ਕਰੋ ਤਾਂ ਕਿ ਗਰੀਬ ਦੇ ਬੱਚੇ ਮਹਿਸੂਸ ਨਾ ਕਰ ਸਕਣ ਅਤੇ ਅੱਗੇ ਨੂੰ ਮੈਰਿਟ ਵਿੱਚ ਆ ਸਕਣ, ਚੰਗਾ ਪੜ੍ਹ ਲਿਖ ਸਕਣ ਤਾਂ ਕਿ ਗਰੀਬੀ ਅਤੇ ਅਮੀਰੀ ਦਾ ਪਾੜਾ ਦੂਰ ਹੋ ਸਕੇ। ਮੈਂ ਧੰਨਵਾਦੀ ਹਾਂ ਸਰਦਾਰ ਲਾਲ ਸਿੰਘ ਹੋਰਾਂ ਦਾ ਜਿਨ੍ਹਾਂ ਨੇ ਸਿੱਖਿਆ ਦੇ ਵਾਸਤੇ 2251 ਕਰੋੜ 20 ਲੱਖ ਰੁਪਏ ਦੇ ਕਰੀਬ, ਇਸ ਸਮੁੱਚੇ ਢਾਂਚੇ ਦੇ ਵਾਸਤੇ ਰੱਖਿਆ ਹੈ। ਇਹ ਬਹੁਤ ਸ਼ਲਾਘਾਯੋਗ ਕਦਮ ਹੈ ਔਰ ਕੈਪਟਨ ਅਮਰਿੰਦਰ ਸਿੰਘ ਦੀ ਸਾਫ ਸੁਥਰੀ ਔਰ ਇਮਾਨਦਾਰੀ ਦੀ ਸਰਕਾਰ ਦੀ ਵੀ ਇਹ ਇੱਕ ਦਿਖ ਹੈ ਔਰ ਇਸ ਗੱਲ ਦੀ ਮੈਂ ਸਰਕਾਰ ਨੂੰ ਔਰ ਕੈਪਟਨ ਅਮਰਿੰਦਰ ਸਿੰਘ ਹੁਰਾਂ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਔਰ ਸਰਦਾਰ ਲਾਲ ਸਿੰਘ ਹੋਰਾਂ ਨੂੰ ਜਿਨ੍ਹਾਂ ਨੇ ਇਸ ਸਿੱਖਿਆ ਵਾਸਤੇ, ਇਸ ਬਜਟ ਦੇ ਵਿਚ ਇੰਨਾ ਜਿਆਦਾ ਪੈਸਾ ਰਖਿਆ ਹੈ। ਦੂਸਰੀ, ਵਾਰ-ਵਾਰ ਕਿਸਾਨਾਂ ਦੀ ਗੱਲ ਉਠਦੀ ਹੈ। ਸਾਡੇ ਵੱਲੋਂ ਵੀ ਕਿਸਾਨਾਂ ਦੇ ਹਮਾਇਤੀ ਹੁੰਦੇ ਹਨ ਔਰ ਤੁਹਾਡੇ ਵਲੋਂ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਕਿਸਾਨਾਂ ਦੇ ਹਮਾਇਤੀ ਹੁੰਦੇ ਹਨ ਇਹ ਬਿਲਕੁਲ ਠੀਕ ਗੱਲ ਹੈ ਕਿ ਪੰਜਾਬ ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੈ ਔਰ ਇਹ ਪੰਜਾਬ ਦੇ ਕਿਸਾਨ ਵਲੋਂ ਹੀ ਮਿਹਨਤ ਨਾਲ ਤਿਆਰ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਜੇਕਰ ਪੰਜਾਬ ਦੀ ਖੇਤੀ ਫੇਲ੍ਹ ਹੋ ਜਾਵੇਗੀ ਤਾਂ ਪੰਜਾਬ ਦਾ ਨਾਮ ਹਿੰਦੁਸਤਾਨ ਦੇ ਵਿੱਚ ਇਨਾ ਉਚਾ ਨਹੀਂ ਰਹੇਗਾ। ਡਿਪਟੀ ਸਪੀਕਰ ਸਹਿਬ, ਸਾਨੂੰ ਹੋਰ ਕਈ ਸੂਬਿਆਂ ਦੇ ਵਿਚ ਜਾਣ ਦਾ ਮੌਕਾ ਮਿਲਿਆ ਹੈ। ਉਥੇ ਲੋਕ ਪੰਜਾਬ ਦੀ ਧਰਤੀ ਨੂੰ ਯਾਦ ਕਰਦੇ ਹਨ। ਰਸਤੇ ਦੇ ਵਿੱਚ ਜਿਥੇ ਕਿਤੇ ਵੀ ਹਰਿਆਵਲ ਕਿਤੇ ਇੱਕ ਅੱਧ ਜਗ੍ਹਾ ਦੇ ਉਤੇ ਦਿਖਦੀ ਸੀ ਤਾਂ ਉਥੋਂ ਇਹ ਦਿਸਦਾ ਸੀ ਕਿ ਇਹ ਪੰਜਾਬ ਵਰਗੀ ਹਰਿਆਵਲ ਹੈ। ਸੋ, ਮੇਰੇ ਕਹਿਣ ਦਾ ਭਾਵ ਹੈ ਕਿ ਅੱਜ ਖਜਾਨਾ ਮੰਤਰੀ, ਸਰਦਾਰ ਲਾਲ ਸਿੰਘ ਨੇ ਖੇਤੀਬਾੜੀ ਦੀਆਂ ਵਧੀਆ ਸਹੂਲਤਾਂ ਵਾਸਤੇ 369 ਕਰੋੜ 17 ਲੱਖ 41 ਹਜ਼ਾਰ ਰੁਪਿਆ ਰੱਖਿਆ ਹੈ, ਮੈਂ ਸਮਝਦਾ ਹਾਂ ਕਿ ਇਹ ਕਿਸਾਨੀ ਦੇ ਲਈ ਇੱਕ ਮੀਲ ਪੱਥਰ ਸਾਬਤ ਹੋਵੇਗਾ। ਕਿਸਾਨਾਂ ਨੂੰ ਜੋ ਸਹੂਲਤ ਮਿਲੇਗੀ, ਉਹ ਭਾਵੇਂ ਖਾਦਾਂ ਦੇ ਰੇਟ ਤੇ ਸਬਸਿਡੀ ਹੋਵੇ, ਦਵਾਈਆਂ ਦੇ ਉਤੇ ਸਬਸਿਡੀ ਹੋਵੇ, ਇਥੇ ਮੇਰੇ ਕਹਿਣ ਦਾ ਇਹ ਭਾਵ ਹੈ ਕਿ ਐਗਰੀਕਲਚਰਲ ਦੀ ਜੋ ਮਸ਼ੀਨਰੀ ਹੈ, ਜ਼ਿਮੀਂਦਾਰ ਨੂੰ ਮਿਲਦੀ ਹੈ, ਕਿਸਾਨ ਨੂੰ ਮਿਲਦੀ ਹੈ ਉਸ ਦੇ ਵਾਸਤੇ ਇਸ ਬਜਟ ਦੇ ਵਿੱਚ ਬਹੁਤ ਹੀ ਸ਼ਲਾਘਾਯੋਗ ਕਦਮ ਚੁੱਕਿਆ ਗਿਆ ਹੈ ਔਰ ਇਹ ਵਧੀਆ ਸਾਬਤ ਹੋਵੇਗਾ। ਪੰਜਾਬ ਦਾ ਕਿਸਾਨ ਸਾਰੇ ਹਿੰਦੁਸਤਾਨ ਦੇ ਸਭ ਤੋਂ ਵੱਡਮੁੱਲੇ ਕਿਰਤੀ ਔਰ ਰੋਜ਼ਗਾਰ ਦੇਣ ਵਾਲਾ ਹੈ। ਜੇਕਰ ਕਿਸਾਨ ਖੁਸ਼ ਹੈ ਤਾਂ ਸਾਰੇ ਖੁਸ਼ ਹਨ। ਸਾਡੇ ਸਾਹਮਣੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਬੈਠੇ ਹਨ ਔਰ ਇਹ ਤਿੰਨ ਵਾਰੀ ਪੰਜਾਬ ਦੇ ਮੁੱਖ ਮੰਤਰੀ ਬਣੇ ਹਨ। ਇਨ੍ਹਾਂ ਦੇ ਪ੍ਰਤੀ ਮੇਰੇ ਮਨ ਦੇ ਵਿੱਚ ਬਹੁਤ ਸਤਿਕਾਰ ਹੈ। ਇਹ ਹਮੇਸ਼ਾ ਕਹਿੰਦੇ ਰਹੇ ਹਨ ਚਾਹੇ ਉਹ ਐਸ.ਵਾਈ.ਐਲ. ਕੈਨਾਲ ਦਾ ਮਸਲਾ ਹੋਵੇ ਜਾਂ ਕਿਸਾਨ ਦਾ ਕੋਈ ਹੋਰ ਮਸਲਾ ਹੋਵੇ ਤੇ ਜਦੋਂ ਕਦੇ ਕਿਸਾਨਾਂ ਦੀ ਗੱਲ ਆਉਂਦੀ ਹੈ ਤਾਂ ਇਹ ਕਹਿੰਦੇ ਹਨ ਕਿ ਕਾਂਗਰਸ ਪਾਰਟੀ ਜੋ ਹੈ ਇਹ ਹਮੇਸ਼ਾ ਕਿਸਾਨ ਦੀ ਵਿਰੋਧੀ ਜਮਾਤ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਿਰੋਧੀ ਧਿਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਤੋਂ ਮੈਂ ਸੋਝੀ ਸੰਭਾਲਿਆ ਹਾਂ ਤੇ ਜਦੋਂ-ਜਦੋਂ ਵੀ ਕਿਸਾਨਾਂ ਨੂੰ ਮੁਸ਼ਕਲਾਤਾਂ ਦਾ ਸਾਹਮਣਾ ਕਰਨਾ ਪਿਆ ਹੈ ਤਾਂ ਉਦੋਂ ਬਾਦਲ ਸਾਹਿਬ ਤੁਹਾਡੀ ਸਰਕਾਰ ਹੀ ਰਹੀ ਹੈ ਔਰ ਸੈਂਟਰ ਦੇ ਵਿੱਚ ਵੀ ਤੁਹਾਡੀ ਹੀ ਸਰਕਾਰ ਸੀ। ਉਹ ਭਾਵੇਂ ਸਾਲ 1978 ਜਾਂ 1979 ਦੀ ਗੱਲ ਨੂੰ ਲੈ ਲਵੋ। ਤੁਸੀਂ ਪੰਜਾਬ ਦੇ ਬੜੇ ਹਰਮਨ ਪਿਆਰੇ ਮੁੱਖ ਮੰਤਰੀ ਸੀ ਔਰ ਉਸ ਵੇਲੇ ਸਰਦਾਰ ਸੁਰਜੀਤ ਸਿੰਘ ਬਰਨਾਲਾ

Original with;
Punjab Vidhan Sabha
Digitized by;
Panjab Digital Library

ਸੈਂਟਰ ਦੀ ਸਰਕਾਰ ਦੇ ਵਿੱਚ ਖੇਤੀਬਾੜੀ ਮੰਤਰੀ ਸਨ ਜਦੋਂ ਤੁਹਾਡੀ ਜਨਤਾ ਪਾਰਟੀ ਦੇ ਨਾਲ ਸਾਂਝ ਸੀ ਔਰ ਉਦੋਂ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਮੁਰਾਰ ਜੀ ਡਿਸਾਈ ਜੀ ਸਨ। ਉਸ ਵੇਲੇ ਕਿਸਾਨਾਂ ਦੇ ਵਿਚ ਬੜਾ ਵੱਡਾ ਰੋਹ ਜਾਗਿਆ ਸੀ, ਲੋਕਾਂ ਨੇ ਆਪਣਾ ਗੰਨਾ ਵਾਹ ਦਿੱਤਾ ਸੀ ਕਿਉਂਕਿ ਉਸ ਵੇਲੇ ਗੰਨੇ ਨੂੰ ਕੋਈ ਪੁੱਛ ਨਹੀਂ ਸੀ ਰਿਹਾ। ਉਸ ਵੇਲੇ ਤੁਹਾਡੇ ਲੀਡਰਾਂ ਵਲੋਂ ਇਹ ਕਿਹਾ ਜਾ ਰਿਹਾ ਸੀ ਕਿ ਅਸੀਂ ਟੁੱਟੀਆਂ ਹੋਇਆਂ ਜੁੱਤੀਆਂ ਦੇ ਭਾਅ ਚੀਨੀ ਲੋਕਾਂ ਨੂੰ ਵੇਚੀ ਹੈ, ਛਿੱਤਰਾਂ ਜਾਂ ਪਲਾਸਟਿਕ ਦੀਆਂ ਟੁੱਟੀਆਂ ਜੁੱਤੀਆਂ ਦੇ ਬਰਾਬਰ ਤੋਲ ਕੇ ਚੀਨੀ ਨੂੰ ਦਿੱਤਾ ਹੈ। ਪਰ ਉਦੋਂ ਪੰਜਾਬ ਦਾ ਕਿਸਾਨ ਕੀ ਕਹਿ ਰਿਹਾ ਸੀ ਕਿ ਸਾਡੀ ਜਿਹੜੀ ਕਮਾਈ ਕੀਤੀ ਹੋਈ ਹੈ, ਕਮਾਈ ਕਰਕੇ ਫਸਲ ਤਿਆਰ ਕੀਤੀ ਹੈ ਉਸ ਨੂੰ ਤਾਂ ਕੋਈ ਪੁੱਛ ਨਹੀਂ ਰਿਹਾ ਹੈ ਤਾਂ ਉਦੋਂ ਲੋਕਾਂ ਨੇ ਆਪਣੀਆਂ ਪੈਲੀਆਂ ਵਾਹ ਦਿੱਤੀਆਂ ਸਨ ਆਪਣੇ ਗੰਨੇ ਦੇ ਖੇਤਾਂ ਨੂੰ ਵਾਹ ਦਿੱਤਾ ਸੀ। ਉਦੋਂ ਬਾਦਲ ਸਾਹਿਬ ਤੁਸੀਂ ਮੁੱਖ ਮੰਤਰੀ ਸੀ ਤਾਂ ਉਦੋਂ ਕਿਸਾਨਾਂ ਵਲੋਂ ਇੱਕ ਰੋਹ ਦੇ ਵਿਚ ਆ ਕੇ ਨਾਅਰਾ ਦਿੱਤਾ ਗਿਆ ਸੀ ਤੇ ਨਾਅਰਾ ਇਹ ਸੀ ਥੱਲੇ ਜੱਟ ਉਪਰ ਜੱਟ ਤੇ ਨਰਮਾ ਵਿਕੇ 1601 ਮੈਂ ਸਮਝਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਕਿਸਾਨਾਂ ਦੇ ਹਿੱਤਾ ਨੂੰ ਔਰ ਪੰਜਾਬ ਦੇ ਬਾਕੀ ਹਿੱਤਾਂ ਨੂੰ ਬੜੀ ਚੰਗੀ ਤਰ੍ਹਾਂ ਸਮਝਦੇ ਹਨ ਔਰ ਜਦੋਂ ਵੀ ਪੰਜਾਬ ਦੇ ਕਿਸਾਨ ਦੀ ਗੱਲ ਆਉਂਦੀ ਹੈ ਤਾਂ ਸਭ ਤੋਂ ਵਧ ਗੱਲ ਸਾਡੇ ਮੁੱਖ ਮੰਤਰੀ ਜੀ ਕਰਦੇ ਹਨ। ਉਹ ਚਾਹੇ ਨਵੇਂ ਬੀਜਾਂ ਨੂੰ ਪੈਦਾ ਕਰਨ ਦੇ ਬਾਰੇ ਜਾਂ ਬਦਲਵੀਆਂ ਫਸਲਾਂ ਦੀ ਗੱਲ ਹੋਵੇ ਤਾਂ ਕੈਪਟਨ ਅਮਰਿੰਦਰ ਸਿੰਘ ਹੁਰਾਂ ਨੇ ਉਨ੍ਹਾਂ ਦਾ ਹਮੇਸ਼ਾ ਧਿਆਨ ਰੱਖਿਆ ਹੈ। ਪੰਜਾਬ ਦਾ ਕਿਸਾਨ ਬਹੁਤ ਮਿਹਨਤਕਸ਼ ਕਿਸਾਨ ਹੈ। ਪੰਜਾਬ ਸਰਕਾਰ ਨੇ ਆਪਣੇ ਬਜਟ ਵਿੱਚ ਕਿਸਾਨਾਂ ਨੂੰ ਕਾਫੀ ਸਹੂਲਤਾਂ ਦਿੱਤੀਆਂ ਹਨ ਤਾਂ ਕਿ ਉਹ ਮਿਹਨਤ ਕਰਕੇ ਹੋਰ ਤਰੱਕੀ ਕਰ ਸਕਣ ਪਰ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਤੋਂ ਇਲਾਵਾ ਹੋਰ ਵੀ ਸਹੂਲਤਾਂ ਦੇਣ ਦੀ ਲੋੜ ਹੈ।

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ** **

**Mr. Deputy Speaker** : This is no Point of Order. Not to be recorded.

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਡਿਪਟੀ ਸਪੀਕਰ ਸਾਹਿਬ, ** ** ** **

**ਸਰਦਾਰ ਸਾਧੂ ਸਿੰਘ** : ਡਿਪਟੀ ਸਪੀਕਰ ਸਾਹਿਬ, ਗਲਤ ਗੱਲਾਂ ਤਾਂ ਇਹ ਕਹਿ ਰਹੇ ਹਨ। ਮੈਂ ਇਮਾਨਦਾਰੀ ਨਾਲ ਹੀ ਸਾਰਾ ਕੁਝ ਦੱਸ ਰਿਹਾ ਸੀ।

**ਮਾਨਯੋਗ ਡਿਪਟੀ ਸਪੀਕਰ** : ਅਗਰ ਕਿਸੇ ਮੈਂਬਰ ਨੇ ਬੋਲਣਾ ਹੈ, ਤਾਂ ਉਹ ਆਪਣੀ ਗੱਲ ਜਵਾਬ ਦੇ ਤੌਰ ਤੇ ਦੱਸ ਸਕਦਾ ਹੈ। ਤੁਸੀਂ ਵੀ ਆਪਣੀ ਸਪੀਚ ਡਿਮਾਂਡ ਤੱਕ ਹੀ ਸੀਮਿਤ ਰੱਖੋ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਮੇਰੀ ਬੇਨਤੀ ਹੈ ਕਿ ਡਿਮਾਂਡਜ਼ 'ਤੇ ਹੀ ਬਹਿਸ ਹੋਣੀ ਚਾਹੀਦੀ ਹੈ। ਇਸ ਤੋਂ ਬਗੈਰ ਹੋਰ ਕਿਸੇ ਸਬਜੈਕਟ ਤੇ ਬਹਿਸ ਨਹੀਂ ਹੋਣੀ ਚਾਹੀਦੀ। ਇਹ ਕੋਈ ਸਿਆਸੀ ਸਪੀਚ ਨਾ ਕਰਨ ਸਗੋਂ ਡਿਮਾਂਡਜ਼ ਤੇ ਹੀ ਬੋਲਣ।

**ਮਾਨਯੋਗ ਡਿਪਟੀ ਸਪੀਕਰ** : ਉਹ ਐਗਰੀਕਲਚਰ ਤੇ ਹੀ ਬੋਲ ਰਹੇ ਹਨ। ਐਗਰੀਕਲਚਰ ਦੀ ਡਿਮਾਂਡ ਹੀ ਚੱਲ ਰਹੀ ਹੈ।

---

**Expunged Not recorded as ordered by the Chair.

Original with;
Punjab Vidhan Sabha
Digitized by;

**ਸਰਦਾਰ ਸਾਧੂ ਸਿੰਘ** : ਡਿਪਟੀ ਸਪੀਕਰ ਸਾਹਿਬ, ਸਰਦਾਰ ਮਨਪ੍ਰੀਤ ਸਿੰਘ ਬਾਦਲ ਤਿੰਨ ਵਾਰੀ ਇਸ ਹਾਊਸ ਦੇ ਮੈਂਬਰ ਚੁਣ ਕੇ ਆਏ ਹਨ। ਮੈਂ ਐਗਰੀਕਲਚਰ ਡਿਮਾਂਡ ਤੇ ਹੀ ਬੋਲ ਰਿਹਾ ਹਾਂ। ਮੈਂ ਕੋਈ ਇੱਥੇ ਵੋਟਾਂ ਮੰਗਣ ਦੀਆਂ ਗੱਲਾਂ ਨਹੀਂ ਕਰ ਰਿਹਾ। ਸਾਡੀ ਕਾਂਗਰਸ ਪਾਰਟੀ ਦੀ ਸਰਕਾਰ ਹਿੰਦੁਸਤਾਨ ਦੇ ਸੰਵਿਧਾਨ ਅਨੁਸਾਰ ਹਿੰਦੂ, ਸਿੱਖ, ਮੁਸਲਮਾਨ ਸਾਰਿਆਂ ਨੂੰ ਭਾਈ-ਭਾਈ ਸਮਝਦੀ ਹੈ। ਅਸੀਂ ਧਰਮ ਦੇ ਨਾਂ ਤੇ ਵੋਟਾਂ ਨਹੀਂ ਮੰਗਦੇ ਤੇ ਨਾ ਹੀ ਬੀ.ਜੇ.ਪੀ. ਵਾਂਗ ਰੱਥ ਯਾਤਰਾ ਕੱਢਦੇ ਹਾਂ। ਅਸੀਂ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਾਂ। ਚਾਹੇ ਭਗਵਾਨ ਰਾਮ ਹੋਵੇ, ਚਾਹੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹੋਣ। ਅਸੀਂ ਸਾਰਿਆਂ ਦਾ ਸਤਿਕਾਰ ਕਰਦੇ ਹਾਂ। ਕਾਂਗਰਸ ਪਾਰਟੀ ਦੀ ਸਰਕਾਰ ਨੇ ਹਮੇਸ਼ਾ ਪੰਥ ਦਾ ਸਤਿਕਾਰ ਕੀਤਾ ਹੈ ਪਰ ਪੰਥ ਦੇ ਨਾਂ ਤੇ ਕਦੀ ਵੋਟਾਂ ਨਹੀਂ ਮੰਗੀਆਂ। ਮੈਂ ਸਿਆਸੀ ਗੱਲਾਂ ਨਹੀਂ ਕਰਦਾ। ਮੈਂ ਗੁਰੂ ਸਾਹਿਬਾਨ ਦਾ ਸਤਿਕਾਰ ਕਰਦਾ ਹਾਂ। ਇਸ ਤੋਂ ਵੱਡੀ ਹੋਰ ਕਿਹੜੀ ਗੱਲ ਹੋ ਸਕਦੀ ਹੈ।

ਹੁਣ ਮੈਂ ਪੇਂਡੂ ਵਿਕਾਸ ਦੇ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਇਹ ਠੀਕ ਹੈ ਕਿ ਮੇਰੇ ਤੋਂ ਸੀਨੀਅਰ ਮੈਂਬਰ ਇੱਥੇ ਬੈਠੇ ਹੋਏ ਹਨ। ਉਨ੍ਹਾਂ ਦਾ ਮੇਰੇ ਨਾਲੋਂ ਜ਼ਿਆਦਾ ਐਕਸਪੀਰੀਐਂਸ ਹੈ। ਮੈਂ ਬਜਟ ਤੇ ਬੋਲਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਤੁਸੀਂ ਆਰਾਮ ਨਾਲ ਸੁਣੋ। ਅਸੀਂ ਵੀ ਤੁਹਾਡੇ ਤੋਂ ਕਾਫੀ ਕੁਝ ਸਿੱਖ ਰਹੇ ਹਾਂ ਤੇ ਸਾਨੂੰ ਵੀ ਆਪਣੇ ਵਿਚਾਰ ਰੱਖਣ ਦਿਓ। ਪਿਛਲੇ ਪੰਜ ਸਾਲਾਂ ਵਿੱਚ ਜੋ ਡਿਵੈਲਪਮੈਂਟ ਹੋਈ ਹੈ, ਉਸ ਦਾ ਤੁਸੀਂ ਜਵਾਬ ਦੇ ਸਕਦੇ ਹੋ। ਅਸੀਂ ਤਾਂ ਪਿਛਲੇ ਸਾਲ ਤੋਂ ਹੀ ਸਰਕਾਰ ਸੰਭਾਲੀ ਹੈ ਔਰ ਦੂਸਰਾ ਸਾਲ ਵਿਕਾਸ ਦਾ ਵਰ੍ਹਾ ਡਿਕਲੇਅਰ ਕੀਤਾ ਹੈ। ਅਸੀਂ ਹਾਲੇ ਚਾਰ ਸਾਲ ਹੋਰ ਵਿਕਾਸ ਦੇ ਕੰਮ ਕਰਨੇ ਹਨ ਤੁਸੀਂ ਆਪਣੇ ਪਿਛਲੇ ਪੰਜ ਸਾਲ ਕੱਢ ਦਿੱਤੇ ਸਨ ਤੇ ਆਖਰ ਪੰਜਵਾਂ ਸਾਲ ਵਿਕਾਸ ਦਾ ਵਰ੍ਹਾ ਮਨਾਇਆ ਹੈ, ਅਸੀਂ ਚਾਰ ਸਾਲ ਹੋਰ ਵਿਕਾਸ ਦਾ ਕੰਮ ਕਰਾਂਗੇ। ਸਾਡੇ ਮੁੱਖ ਮੰਤਰੀ ਨੇ ਜੋ ਸਕੀਮਾਂ ਚਲਾਈਆਂ ਹਨ ਉਨ੍ਹਾਂ ਵਿਚ ਇਕਲੇ-ਇਕਲੇ ਪਿੰਡਾਂ ਨੂੰ ਲਾਈਟ, ਸੜਕ ਤੇ ਫਿਰਨੀਆਂ ਪੱਕੀਆਂ ਤੇ ਗਲੀਆਂ ਨਾਲੀਆਂ ਪੱਕੀਆਂ ਕਰਨੀਆਂ ਹਨ ਜਿਸ ਵੱਲ ਵਿਸ਼ੇਸ਼ ਤੌਰ ਤੇ ਸਾਡੀ ਸਰਕਾਰ ਧਿਆਨ ਦੇ ਰਹੀ ਹੈ ਔਰ ਸਾਡੀ ਸਰਕਾਰ ਨੇ ਕਿਹਾ ਹੈ ਕਿ ਸ਼ਡਿਊਲਡ ਕਾਸਟ ਭਰਾਵਾਂ ਲਈ ਵਿਸ਼ੇਸ਼ ਤੌਰ ਤੇ ਧਿਆਨ ਦੇਵਾਂਗੇ ਅਤੇ ਝੋਨੇ ਵਾਸਤੇ ਜ਼ਿਆਦਾ ਪੈਦਾਵਾਰ ਕਰਾਵਾਂਗੇ। ਸ਼ਡਿਊਲਡ ਕਾਸਟ ਭਰਾਵਾਂ ਨੂੰ ਜੰਗਲ-ਪਾਣੀ ਜਾਣ ਦੀ ਬਹੁਤ ਔਖ ਹੈ, ਕਿਸੇ ਬਾਹਰ ਜਾਣ ਦੀ ਜਗ੍ਹਾ ਨਹੀਂ। ਕੈਪਟਨ ਸਾਹਿਬ ਨੇ ਕਿਹਾ ਕਿ ਅਸੀਂ ਉਨ੍ਹਾਂ ਪਰਿਵਾਰਾਂ ਵਾਸਤੇ ਫਲੱਸ਼ ਬਣਾ ਕੇ ਦੇਵਾਂਗੇ। ਇਸ ਗਰੀਬ ਦੀ ਰਾਖੀ ਕਰਨੀ ਹੈ, ਇਹ ਸਾਡੇ ਗੁਰੂਆਂ ਪੀਰਾਂ ਦਾ ਕਹਿਣਾ ਹੈ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਹ ਇਕ ਮਹੱਤਵਪੂਰਨ ਫੈਸਲਾ ਹੈ। ਸਰਦਾਰ ਲਾਲ ਸਿੰਘ ਆਪ ਪਿੰਡ ਦੇ ਰਹਿਣ ਵਾਲੇ ਹਨ ਅਤੇ ਉਨ੍ਹਾਂ ਨੂੰ ਪਿੰਡਾਂ ਦੇ ਵਿਕਾਸ ਦਾ ਪਤਾ ਹੈ। ਉਨ੍ਹਾਂ ਨੇ ਬਜਟ ਵਿਚ ਆਪਣੇ ਪੂਰੇ ਨੇਕ ਇਰਾਦੇ ਨਾਲ, ਪੂਰੀ ਨੇਕਨੀਤੀ ਨਾਲ ਜੋ ਕਰਨਾ ਹੈ, ਉਹ ਲਿਆਂਦਾ ਹੈ। ਕਹਿਣ ਨੂੰ ਭਾਵੇਂ ਅਸੀਂ ਗੱਲਾਂ ਹੋਰ ਕਰੀਏ ਤੇ ਹੋਵੇ ਕੁਝ ਹੋਰ, ਨਾ ਇਹ ਸਾਡੀ ਪਾਰਟੀ ਦੇ ਵਿਧਾਨ ਵਿਚ ਹੈ ਤੇ ਨਾ ਹੀ ਅਸੀਂ ਸਿੱਖਿਆ ਹੈ।

ਡਿਪਟੀ ਸਪੀਕਰ ਸਾਹਿਬ, ਦੂਸਰੀ ਗੱਲ ਖੇਤੀਬਾੜੀ ਦੇ ਮੁਤੱਲਕ ਮੈਂ ਕਹਿ ਰਿਹਾ ਸੀ। ਕਿਸਾਨ ਦੇ ਭਲੇ ਦੀ ਗੱਲ ਹਰ ਤਰ੍ਹਾਂ ਨਾਲ ਹੋਣੀ ਚਾਹੀਦੀ ਹੈ। ਤੁਸੀਂ ਵੀ ਕਿਸਾਨ ਦੇ ਹਿਤੈਸ਼ੀ ਹੋ ਅਤੇ ਸਾਡੀ ਪਾਰਟੀ ਵੀ ਕਿਸਾਨ ਦੀ ਹਿਤੈਸ਼ੀ ਹੈ। ਇਕ ਮੈਂ ਬੇਨਤੀ ਕਰਦਾ ਹਾਂ ਕਿ ਜਿਹੜਾ ਕਿਸਾਨ ਖੁਦਕਸ਼ੀ ਕਰਦਾ ਹੈ, ਉਹ ਬਹੁਤ ਮਾੜੀ ਗੱਲ ਹੈ। ਪਰ ਉਸਦੇ ਖੇਤ

Original with;
Punjab Vidhan Sabha
Digitized by;
Panjab Digital Library

ਵਿਚ ਜਿਹੜਾ ਦਿਹਾੜੀਦਾਰ ਕੰਮ ਕਰਦਾ ਹੈ, ਉਸਦੇ ਬਾਰੇ ਨਾ ਸਾਡੀ ਪਾਰਟੀ ਨੇ ਕੁਝ ਸੋਚਿਆ ਹੈ ਅਤੇ ਨਾ ਕਿਸੇ ਹੋਰ ਨੇ ਕੁਝ ਸੋਚਿਆ ਹੈ। ਉਸ ਮਜ਼ਦੂਰ ਦਾ ਵੀ ਬੀਮਾ ਹੋਣਾ ਚਾਹੀਦਾ ਹੈ। ਮਜ਼ਦੂਰ ਜ਼ਿਮੀਂਦਾਰ ਦੀ ਖੂਹੀ ਵਿਚ ਡਿਗ ਕੇ ਮਰ ਜਾਵੇ ਤਾਂ ਉਸਨੂੰ ਕੋਈ ਨਹੀਂ ਪੁੱਛਦਾ। ਉਸਦੇ ਪਰਿਵਾਰ ਵਿਚ ਪਿਛੇ ਦਿਹਾੜੀ ਕਰਨ ਵਾਲਾ ਬੰਦਾ ਵੀ ਨਹੀਂ ਰਹਿੰਦਾ ਪਰ ਉਸਨੂੰ ਕੋਈ ਨਹੀਂ ਪੁੱਛਦਾ। ਜਿਹੜਾ ਮਜ਼ਦੂਰ ਖੇਤੀ ਦੇ ਧੰਦੇ ਨਾਲ ਸਬੰਧਤ ਹੈ, ਕਿਸਾਨ ਦੇ ਖੇਤ ਵਿਚ ਕੰਮ ਕਰਦਾ ਹੈ, ਉਸਦਾ ਜੀਵਨ ਬੀਮਾ ਸਰਕਾਰੀ ਤੌਰ ਤੇ ਹੋਣਾ ਚਾਹੀਦਾ ਹੈ। ਉਸਦੀ ਦਿਹਾੜੀ ਵੀ ਚੈਕ ਹੋਣੀ ਚਾਹੀਦੀ ਹੈ ਕਿ ਉਸਨੂੰ ਕਿੰਨੀ ਮਿਲ ਰਹੀ ਹੈ। ਅਸੀਂ ਚਾਹੁੰਦੇ ਤਾਂ ਹਾਂ ਕਿ ਉਸਦੀ ਦਿਹਾੜੀ ਇੰਨੀ ਹੋ ਜਾਵੇ, ਉਨੀ ਹੋ ਜਾਵੇ, ਅਸੀਂ ਕਿਸਾਨ ਦੇ ਹਿਤੈਸ਼ੀ ਹਾਂ ਅਤੇ ਚਾਹੁੰਦੇ ਹਾਂ ਕਿ ਕਣਕ ਦਾ ਮੁੱਲ ਇੰਨਾ ਫਿਕਸ ਹੋਵੇ ਤਾਂ ਇਹ ਵੀ ਹੋਣਾ ਚਾਹੀਦਾ ਹੈ ਕਿ ਮਜ਼ਦੂਰ ਦੀ ਦਿਹਾੜੀ ਵੀ 100 ਰੁਪਏ ਤੋਂ 150 ਰੁਪਏ ਹੋ ਜਾਵੇ। ਇਹ ਵੀ ਖਿਆਲ ਕਰਨ ਵਾਲੀ ਗੱਲ ਹੈ। ਉਹ ਵੀ ਪੰਜਾਬ ਦੇ ਵਾਸੀ ਹਨ। ਇਸ ਪਾਸੇ ਵੱਲ ਕੈਪਟਨ ਅਮਰਿੰਦਰ ਸਿੰਘ ਦਾ ਧਿਆਨ ਹੈ, ਸਾਡੀ ਕਾਂਗਰਸ ਪਾਰਟੀ ਦਾ ਧਿਆਨ ਹੈ।

**ਸਰਦਾਰ ਤੋਤਾ ਸਿੰਘ** : ਪੁਆਇੰਟ ਆਫ ਆਰਡਰ, ਸਰ।

**ਮਾਨਯੋਗ ਡਿਪਟੀ ਸਪੀਕਰ** : ਹਾਂ ਜੀ, ਸਰਦਾਰ ਤੋਤਾ ਸਿੰਘ ਜੀ।

**ਸਰਦਾਰ ਤੋਤਾ ਸਿੰਘ** : ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਬੜੀ ਨੇਕ ਗੱਲ ਕੀਤੀ ਹੈ ਕਿ ** ** **

**Mr. Deputy Speaker** : This is no Point of Order. ਜੇ ਕਿਸੇ ਵੀ ਮੈਂਬਰ ਨੇ ਕੋਈ ਗੱਲ ਕਰਨੀ ਹੈ, ਜਿਹੜੇ ਤੁਹਾਡੇ ਬਾਅਦ ਵਿਚ ਮੈਂਬਰ ਬੋਲਣ ਵਾਲੇ ਹਨ, ਉਸ ਪੁਆਇੰਟ ਨੂੰ ਟੇਕਅੱਪ ਕਰ ਸਕਦੇ ਹਨ। Now, no interruption please.

**ਸਰਦਾਰ ਸਾਧੂ ਸਿੰਘ** : ਸਾਡੀ ਸਰਕਾਰ ਨੇ ਸਿਹਤ ਅਤੇ ਪਰਿਵਾਰ ਭਲਾਈ ਦੀਆਂ 18,15,23,000 ਰੁਪਏ ਦੀਆਂ ਸਕੀਮਾਂ ਰਖੀਆਂ ਹਨ। ਇਹ ਸਰਕਾਰ ਦਾ ਸ਼ਲਾਘਾਯੋਗ ਕੰਮ ਹੈ ਅਤੇ ਇਕ ਮੀਲ ਪੱਥਰ ਹੈ।

**ਮਾਨਯੋਗ ਡਿਪਟੀ ਸਪੀਕਰ** : ਵਾਈਂਡ ਅੱਪ ਕਰੋ।

**ਸਰਦਾਰ ਸਾਧੂ ਸਿੰਘ** : 4-5 ਮਿੰਟ ਹੋਰ ਲਵਾਂਗਾ ਜੀ। ਮੇਰੀ ਬੇਨਤੀ ਹੈ ਕਿ ਸਰਕਾਰ ਦੀ ਨੇਕ ਨੀਤੀ ਹੈ ਔਰ ਸਰਕਾਰ ਚਾਹੁੰਦੀ ਹੈ, ਕਾਂਗਰਸ ਪਾਰਟੀ ਦੀ ਸਰਕਾਰ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਚਾਹੁੰਦੀ ਹੈ ਕਿ ਹਰ ਹਸਪਤਾਲ ਵਿਚ ਡਾਕਟਰ ਹੋਵੇ, ਹਰ ਸਕੂਲ ਵਿਚ ਮਾਸਟਰ ਹੋਵੇ ਤਾਂਕਿ ਲੋਕਾਂ ਦੀ ਪੜ੍ਹਾਈ ਅਤੇ ਸਿਹਤ ਦਾ ਧਿਆਨ ਰੱਖਿਆ ਜਾ ਸਕੇ। ਸਾਡੇ ਮੰਤਰੀ ਜੀ ਵੀ ਬੈਠੇ ਹਨ, ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਵੀ ਸਪੈਸ਼ਲ ਤੌਰ ਤੇ, ਵੈਸੇ ਤਾਂ ਤੁਸੀਂ ਪਹਿਲਾਂ ਹੀ ਕਰ ਰਹੇ ਹੋ, ਜਿਹੜੀਆਂ ਪਿੰਡਾਂ ਦੀਆਂ, ਦਿਹਾਤੀ ਡਿਸਪੈਂਸਰੀਆਂ ਹਨ, ਉਨ੍ਹਾਂ ਵਿਚ ਡਾਕਟਰ ਘੱਟ ਵੱਧ ਆਉਂਦੇ ਹਨ, ਉਨ੍ਹਾਂ ਦਾ ਧਿਆਨ ਰਖਿਆ ਜਾਵੇ। ਡਿਸਪੈਂਸਰੀਆਂ ਪਿੰਡਾਂ ਵਿਚ ਬਣ ਗਈਆਂ ਹਨ, ਹਸਪਤਾਲ ਬਣ ਗਏ ਹਨ ਪਰ ਜੇ ਸਟਾਫ ਹੀ ਨਾ ਜਾਵੇ ਤਾਂ ਸਰਕਾਰ ਦਾ ਲੱਗਿਆ ਪੈਸਾ ਵੀ ਵੇਸਟ ਜਾਂਦਾ ਹੈ। ਇਹ ਗੱਲ ਮਾੜੀ ਹੈ। ਇਸ ਕਰਕੇ ਦਿਹਾਤੀ ਡਿਸਪੈਂਸਰੀਆਂ ਦਾ ਖਿਆਲ ਰੱਖਣਾ ਜ਼ਰੂਰੀ ਹੈ। ਦਿਹਾਤ ਦੇ ਲੋਕਾਂ ਨੂੰ ਸਾਰੀਆਂ ਸਰਕਾਰਾਂ ਕਹਿੰਦੀਆਂ ਹਨ ਕਿ ਅਸੀਂ ਸ਼ਹਿਰਾਂ ਵਾਲੀਆਂ

**Expunged as ordered by the Chair.

Original with;
Punjab Vidhan Sabha
Digitized by;

[ **ਸਰਦਾਰ ਸਾਧੂ ਸਿੰਘ** ]

ਸਹੂਲਤਾਂ ਦੇਣੀਆਂ ਹਨ ਪਰ ਅਮਲ ਨਹੀਂ ਹੁੰਦਾ। ਸਾਡੇ ਕੈਪਟਨ ਸਾਹਿਬ ਨੇ ਮਨ ਵਿਚ ਧਾਰਿਆ ਹੈ, ਉਹ ਹਰ ਪੰਜਾਬੀ ਨੂੰ ਖੁਸ਼ ਅਤੇ ਕੁਰੱਪਸ਼ਨ ਨੂੰ ਦੂਰ ਦੇਖਣਾ ਚਾਹੁੰਦੇ ਹਨ। ਇਹ ਦੂਰ ਦੀਆਂ ਗੱਲਾਂ ਹਨ ਕਿ ਕਦੋਂ ਹੋਣਾ ਹੈ ਅਤੇ ਕਿਵੇਂ ਹੋਣਾ ਹੈ, ਪਰ ਕੰਮ ਚਲ ਰਿਹਾ ਹੈ। ਮੈਂ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਇੰਨਾ ਕਹਿ ਕੇ ਖ਼ਤਮ ਕਰਾਂਗਾ ਕਿ ਸਰਦਾਰ ਲਾਲ ਸਿੰਘ ਜੀ ਨੇ ਆਪਣੇ ਬਜਟ ਵਿਚ ਬਹੁਤ ਰਿਆਇਤਾਂ ਦਿੱਤੀਆਂ ਹਨ ਅਤੇ ਇਸ ਦੇ ਵਾਸਤੇ ਮੈਂ ਉਨ੍ਹਾਂ ਦੀ ਸ਼ਲਾਘਾ ਕਰਦਾ ਹਾਂ। ਅਸੀਂ ਸਾਰੇ ਪੰਜਾਬ ਦੇ ਹਿਤੈਸ਼ੀ ਹਾਂ, ਇਸ ਕਰਕੇ ਮੈਨੂੰ ਪੂਰਨ ਆਸ ਹੈ ਕਿ ਇਸ ਬਜਟ ਦੀ ਸਪੋਰਟ ਕੀਤੀ ਜਾਵੇਗੀ। ਇਹ ਇਥੋਂ ਦਾ ਰਿਵਾਜ ਹੀ ਬਣ ਗਿਆ ਹੈ ਕਿ ਜਿਹੜੇ ਸੱਜਣ ਇਧਰ ਬੈਠੇ ਹਨ, ਉਨ੍ਹਾਂ ਨੇ ਉਧਰ ਬੈਠਿਆਂ ਦੀ ਗੱਲ ਨੂੰ ਮਾੜਾ ਕਹਿਣਾ ਹੈ ਅਤੇ ਉਧਰ ਵਾਲਿਆਂ ਨੇ ਇਧਰ ਵਾਲਿਆਂ ਦੀ ਗੱਲ ਨੂੰ ਮਾੜਾ ਕਹਿਣਾ ਹੈ। ਲੇਕਿਨ ਸਾਨੂੰ ਚੰਗੀ ਗੱਲ ਨੂੰ ਚੰਗਾ ਹੀ ਕਹਿਣਾ ਚਾਹੀਦਾ ਹੈ। ਸਾਨੂੰ ਚੰਗੀ ਗੱਲ ਨੂੰ ਪ੍ਰਵਾਨਗੀ ਦੇਣੀ ਚਾਹੀਦੀ ਹੈ ਤਾਂ ਕਿ ਚੰਗਾ ਕੰਮ ਕਰਨ ਵਾਲੇ ਨੂੰ ਹੌਸਲਾ ਮਿਲ ਸਕੇ। ਸੋ, ਸਾਰਿਆਂ ਦਾ ਧੰਨਵਾਦ। ਜੈ ਹਿੰਦ।

**ਸਰਦਾਰ ਰਣਜੀਤ ਸਿੰਘ ਤਲਵੰਡੀ (ਰਾਏਕੋਟ)** : ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਮਸ਼ਕੂਰ ਹਾਂ ਕਿ ਆਪ ਨੇ ਮੈਨੂੰ ਇਸ ਅਹਿਮ ਦਸਤਾਵੇਜ਼ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਸ ਮਹਾਨ ਸਦਨ ਵਿਚ ਬੋਲਣ ਦਾ ਮੇਰਾ ਇਹ ਪਹਿਲਾ ਮੌਕਾ ਹੈ ਪਰ ਮੈਨੂੰ ਅਫਸੋਸ ਹੈ ਕਿ ਮੈਨੂੰ ਇਹੋ ਜਿਹੇ ਮੁੱਦੇ ਤੇ ਬੋਲਣ ਦਾ ਮੌਕਾ ਮਿਲਿਆ ਹੈ ਜਿਸ ਵਿਚ ਪੰਜਾਬ ਬਹੁਤ ਪਛੜਿਆ ਹੋਇਆ ਹੈ। ਮੈਨੂੰ ਯਾਦ ਹੈ ਜਦੋਂ ਅਮਰਤਿਆ ਸੇਨ ਨੋਬਲ ਪੁਰਸਕਾਰ ਲੈਣ ਤੋਂ ਬਾਅਦ ਭਾਰਤ ਆਇਆ ਤਾਂ ਉਨ੍ਹਾਂ ਨੂੰ ਜਦ ਪੱਤਰਕਾਰਾਂ ਨੇ ਪੁੱਛਿਆ ਕਿ ਡਿਵੈਲਪਡ ਨੇਸ਼ਨ ਦਾ ਕੀ ਮਤਲਬ ਹੁੰਦਾ ਹੈ ਤਾਂ ਉਸ ਨੇ ਜਵਾਬ ਵਿਚ ਆਖਿਆ ਕਿ ਜੇਕਰ ਹਿੰਦੁਸਤਾਨ ਹੈਲਥ ਅਤੇ ਐਜੂਕੇਸ਼ਨ ਦੇ ਖੇਤਰ ਵਿਚ ਵਿਕਾਸ ਕਰ ਲਵੇ ਤਾਂ ਇਸ ਦਾ ਨਾਂ ਵੀ ਡਿਵੈਲਪਡ ਨੇਸ਼ਨਜ਼ ਵਿਚ ਆ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਜੇ ਕਿਸੇ ਮੁਲਕ ਦਾ ਹੈਲਥ ਸੈਕਟਰ ਕਮਜ਼ੋਰ ਹੋਵੇ ਤਾਂ ਉਸ ਦਾ ਸਿੱਧਾ ਅਸਰ ਉਸ ਦੀ ਆਉਣ ਵਾਲੀ ਪੀੜ੍ਹੀ ਤੇ ਪੈਂਦਾ ਹੈ। ਮੈਂ ਸਮਝਦਾ ਹਾਂ ਕਿ ਜੇ ਕਿਸੇ ਮੁਲਕ ਵਿਚ ਰਹਿਣ ਵਾਲੇ ਇਨਸਾਨਾਂ ਦੀ ਸਿਹਤ ਤੰਦਰੁਸਤ ਨਹੀਂ ਤਾਂ ਉਹ ਮੁਲਕ ਕਦੇ ਵੀ ਤਰੱਕੀ ਨਹੀਂ ਕਰ ਸਕਦਾ।

ਡਿਪਟੀ ਸਪੀਕਰ ਸਾਹਿਬ, ਜਦੋਂ ਦੀ ਮੌਜੂਦਾ ਸਰਕਾਰ ਬਣੀ ਹੈ, ਉਦੋਂ ਤੋਂ ਹੀ ਡਿਸਇਨਵੈਸਟਮੈਂਟ ਅਤੇ ਪ੍ਰਾਈਵੇਟਾਈਜੇਸ਼ਨ ਦੀ ਗੱਲ ਚੱਲ ਰਹੀ ਹੈ ਪਰ ਸਰਕਾਰ ਇਹ ਗੱਲ ਹਰਗਿਜ਼ ਨਾ ਭੁੱਲੇ ਕਿ ਕਿਸੇ ਨਾ ਕਿਸੇ ਦਿਨ ਇਸ ਨੇ ਲੋਕਾਂ ਵਿਚ ਵੀ ਜਾਣਾ ਹੈ। ਜਨਤਾ ਨੂੰ ਸਿਹਤ ਸੇਵਾਵਾਂ ਪ੍ਰੋਵਾਈਡ ਕਰਨੀਆਂ ਸਰਕਾਰ ਦੀ ਮੁਢਲੀ ਜ਼ਿਮੇਵਾਰੀ ਹੈ। ਮੈਂ ਇਸ ਬਜਟ ਨੂੰ ਗੌਰ ਨਾਲ ਪੜ੍ਹਿਆ ਹੈ। ਇਹ ਕਿਹਾ ਗਿਆ ਹੈ ਕਿ ਪੰਜਾਬ ਵਿਚ ਫਾਈਨਾਂਸ਼ੀਅਲ ਕਰੰਚ ਹੈ ਪਰ ਮੈਨੂੰ ਹੈਰਾਨੀ ਹੈ ਕਿ ਪਾਪੂਲੇਸ਼ਨ ਕੰਟਰੋਲ ਕਰਨ ਬਾਰੇ ਕੋਈ ਗੱਲ ਨਹੀਂ ਕੀਤੀ ਗਈ। ਇਸ ਦੇ ਵਾਸਤੇ ਐਫ.ਐਮ. ਸਾਹਿਬ ਨੇ ਕੋਈ ਬਜਟ ਤਜਵੀਜ਼ ਨਹੀਂ ਕੀਤੀ। ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਆਂਧਰਾ ਪ੍ਰਦੇਸ਼, ਤਾਮਿਲਨਾਡੂ ਅਤੇ ਕੇਰਲ ਵਰਗੀਆਂ ਸਟੇਟਾਂ ਵਿਚ ਕੁਝ ਸਾਲ ਪਹਿਲਾਂ ਸਟੇਟ ਪਾਪੂਲੇਸ਼ਨ ਕੰਟਰੋਲ ਪਾਲਿਸੀ ਅਖਤਿਆਰ ਕੀਤੀ ਗਈ ਸੀ। ਇਸ ਤੋਂ ਇਲਾਵਾ ਸੈਂਟਰਲ ਪਾਲਿਸੀ ਵੀ ਹੋਂਦ ਵਿਚ ਆਈ ਸੀ। ਮੈਂ ਹੈਲਥ ਮਨਿਸਟਰ ਅਤੇ ਫਾਈਨਾਂਸ ਮਨਿਸਟਰ ਤੋਂ ਆਸ ਕਰਦਾ ਹਾਂ ਕਿ ਉਹ ਇਸ ਬਾਰੇ ਜ਼ਰੂਰ ਆਪਣਾ ਜਵਾਬ ਦੇਣਗੇ ਅਤੇ ਇਸ ਤੇ ਗੌਰ ਕਰਨਗੇ। ਉਹ ਇਸ

Original with;
Punjab Vidhan Sabha
Digitized by;

ਬਾਰੇ ਬਜਟ ਤਜਵੀਜ਼ ਕਰਨਗੇ ਅਤੇ ਜਿੰਨੇ ਪੈਸੇ ਦੀ ਲੋੜ ਹੋਈ, ਉਨਾ ਪੈਸਾ ਉਹ ਦੇਣਗੇ। ਇਹ ਅੱਜ ਪੰਜਾਬ ਦੀ ਇਕ ਬੁਨਿਆਦੀ ਜ਼ਰੂਰਤ ਹੈ। ਇਸ ਕਰਕੇ ਇਸ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਵੇ ਅਤੇ ਜੇ ਹੁਣ ਨਹੀਂ ਤਾਂ ਅਗਲੇ ਬਜਟ ਵਿਚ ਇਸ ਕੰਮ ਵਾਸਤੇ ਜ਼ਰੂਰ ਪ੍ਰਬੰਧ ਕੀਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਨੂੰ ਇਹ ਬਜਟ ਪੜ੍ਹ ਕੇ ਹੋਰ ਵੀ ਹੈਰਾਨੀ ਹੋਈ ਹੈ ਕਿ ਇਨ੍ਹਾਂ ਦੀ ਤਵੱਜੋ ਪ੍ਰੀਵੈਨਸ਼ਨ ਆਫ ਡਿਸੀਜ਼ ਵੱਲ ਹੋਣੀ ਚਾਹੀਦੀ ਸੀ ਲੇਕਿਨ ਬਜਟ ਐਸਟੀਮੇਟਸ ਵਿਚ ਇਸ ਕੰਮ ਵਾਸਤੇ ਕੋਈ ਰਕਮ ਨਹੀਂ ਰੱਖੀ ਗਈ। ਜੇ ਮਨ ਵਿਚ ਇੱਛਾ ਹੋਵੇ ਤਾਂ ਹਰੇਕ ਕੰਮ ਹੋ ਸਕਦਾ ਹੈ ਜਿਸ ਤਰ੍ਹਾਂ ਕਿਸੇ ਨੇ ਕਿਹਾ ਹੈ where there is will, there is a way. ਲੈਕ ਆਫ ਵਿਲ ਵਾਸਤੇ ਪੰਜਾਬ ਹੈਲਥ ਡਿਪਾਰਟਮੈਂਟ ਇਕ ਕਲਾਸੀਕਲ ਐਗਜ਼ਾਂਪਲ ਹੈ। ਇਥੋਂ ਦਾ ਇਨਫੈਂਟ ਮਾਰਟੇਲਿਟੀ ਰੇਟ 52% ਦੇ ਕਰੀਬ ਹੈ। ਡਿਵੈਲਪਡ ਕੰਟਰੀਜ਼ ਦਾ 10 ਤੋਂ 13% ਹੈ। ਸਾਡੇ ਆਪਣੇ ਦੇਸ਼ ਵਿੱਚ ਹੀ ਕੇਰਲਾ ਸੂਬੇ ਦਾ 16% ਹੈ। ਕਿਉਂ ਨਾ ਪੰਜਾਬ ਵਿੱਚ ਵੀ ਇਹੋ ਜਿਹੇ ਸੈਂਟਰ ਬਣਾਏ ਜਾਣ ਜਿਨ੍ਹਾਂ ਵਿੱਚ ਬੱਚਿਆਂ ਦਾ ਵਧੀਆ ਇਲਾਜ ਹੋ ਸਕੇ।

ਡਿਪਟੀ ਸਪੀਕਰ ਸਾਹਿਬ, ਅੱਜ ਕੁਝ ਅਖਬਾਰਾਂ ਵਿੱਚ ਜੌਂਡਿਸ ਵਰਗੀਆਂ ਭਿਆਨਕ ਬਿਮਾਰੀਆਂ ਬਾਰੇ ਆ ਰਿਹਾ ਹੈ। ਮੇਰਾ ਆਪਣਾ ਜ਼ਿਲ੍ਹਾ ਇਸ ਬਿਮਾਰੀ ਦਾ ਬਹੁਤ ਵੱਡਾ ਸ਼ਿਕਾਰ ਹੈ। ਇਸ ਬਿਮਾਰੀ ਦੀ ਰੋਕਥਾਮ ਵਾਸਤੇ ਵਧੀਆ ਪੀਣ ਵਾਲਾ ਪਾਣੀ ਮੁਹੱਈਆ ਕਰਾਉਣਾ ਚਾਹੀਦਾ ਹੈ। ਇਹ ਬਿਮਾਰੀ ਫੈਲਣ ਦਾ ਮੁੱਖ ਕਾਰਨ ਪੀਣ ਵਾਲਾ ਪਾਣੀ ਅਤੇ ਸੀਵਰੇਜ ਦਾ ਪਾਣੀ ਆਪਸ ਵਿੱਚ ਜਦੋਂ ਮਿਲ ਜਾਂਦੇ ਹਨ ਤਾਂ ਹੈਪਾਟਾਈਟਸ-ਬੀ ਵਰਗੀਆਂ ਭਿਆਨਕ ਬੀਮਾਰੀਆਂ ਫੈਲਦੀਆਂ ਹਨ।

ਡਿਪਟੀ ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਇਸ ਸਰਕਾਰ ਨੇ ਹੈਪਾਟਾਈਟਸ-ਬੀ ਵਰਗੀਆਂ ਬਿਮਾਰੀਆਂ ਦੀ ਵੈਕਸੀਨੇਸ਼ਨ ਦਾ ਸਰਕਾਰੀ ਡਿਸਪੈਂਸਰੀਆਂ ਵਿੱਚ ਕੋਈ ਪ੍ਰਬੰਧ ਨਹੀਂ ਕੀਤਾ। ਜਦ ਕਿ ਦਿੱਲੀ ਦੀ ਸਰਕਾਰ ਨੇ ਇਸ ਵੈਕਸੀਨੇਸ਼ਨ ਦਾ ਇੰਤਜ਼ਾਮ ਸਰਕਾਰੀ ਡਿਸਪੈਂਸਰੀਆਂ ਵਿੱਚ ਬੜੇ ਘੱਟ ਰੇਟ ਤੇ ਕੀਤਾ ਹੈ।

ਡਿਪਟੀ ਸਪੀਕਰ ਸਾਹਿਬ, ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਜਿਸ ਦਾ ਇਨਫਰਾਸਟਰਕਚਰ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਸਰਕਾਰ ਨੇ ਬਹੁਤ ਵਧੀਆ ਤਰੀਕੇ ਨਾਲ ਬਣਾਇਆ ਪਰ ਅਫਸੋਸ ਹੈ ਕਿ ਇਸ ਸਰਕਾਰ ਨੇ ਉਸਨੂੰ ਬਹੁਤ ਹੀ ਬੁਰੇ ਤਰੀਕੇ ਨਾਲ ਨਜ਼ਰ ਅੰਦਾਜ਼ ਕੀਤਾ। ਬਾਦਲ ਸਾਹਿਬ ਦੇ ਬਣਾਏ ਹੋਏ ਹਸਪਤਾਲ ਦੂਰੋਂ ਤਾਂ ਬਹੁਤ ਸੁਹਣੇ ਹਨ ਪਰ ਜਦੋਂ ਅੰਦਰ ਦੇਖੀਏ ਤਾਂ ਉਥੇ ਕੋਈ ਡਾਕਟਰ ਨਹੀਂ ਮਿਲਦਾ, ਕੋਈ ਦਵਾਈ ਨਹੀਂ ਮਿਲਦੀ। ਸਟਾਫ ਮੌਜੂਦਾ ਸਰਕਾਰ ਨੇ ਮੁਹੱਈਆ ਕਰਾਉਣਾ ਸੀ ਪਰ ਇਸ ਕੰਮ ਤੋਂ ਵੀ ਨਾਕਾਮ ਰਹੀ ਹੈ। ਤੁਸੀਂ ਇਸ ਤੋਂ ਅੰਦਾਜ਼ਾ ਲਗਾ ਸਕਦੇ ਹੋ ਕਿ ਮੌਜੂਦਾ ਸਰਕਾਰ ਹੈਲਥ ਬਾਰੇ ਕਿੰਨੀ ਕੁ ਸੰਜੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਨਹੀਂ ਕਹਿੰਦਾ ਸਗੋਂ ਪੰਜਾਬ ਦੇ ਲੋਕ ਇਸ ਸਰਕਾਰ ਤੋਂ ਬੇਆਸ ਅਤੇ ਮਾਯੂਸ ਹੋ ਚੁੱਕੇ ਹਨ।

ਕਿਸੇ ਨੇ ਬੜਾ ਖ਼ੂਬ ਕਿਹਾ ਹੈ ਕਿ—

ਅਗਰ ਕਸ਼ਤੀ ਤੂਫਾਨ ਮੇਂ ਹੋ ਤੋ ਰਾਸ ਆਤੀ ਹੈਂ ਤਦਬੀਰੇਂ

ਮਗਰ ਕਸ਼ਤੀ ਮੇਂ ਤੂਫਾਨ ਹੋ ਤੋ ਮਿਟ ਜਾਤੀ ਹੈਂ ਤਕਦੀਰੇਂ

Original with;
Punjab Vidhan Sabha

[**ਸਰਦਾਰ ਰਣਜੀਤ ਸਿੰਘ ਤਲਵੰਡੀ**]

ਡਿਪਟੀ ਸਪੀਕਰ ਸਾਹਿਬ, ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਸਰਕਾਰ ਵੱਲੋਂ ਕੋਈ ਕਸਰ ਨਹੀਂ ਰਹੀ ਕਿ ਪੰਜਾਬ ਦੇ ਲੋਕਾਂ ਨੂੰ ਸਿਹਤ ਸੇਵਾਵਾਂ ਤੋਂ ਸੱਖਣਾ ਰੱਖਿਆ ਜਾਵੇ ਪਰ ਉਪਰ ਵਾਲਾ ਹੀ ਬਚਾਏ ਤਾਂ ਬਚਾਏ। ਡਿਪਟੀ ਸਪੀਕਰ ਸਾਹਿਬ, ਮੈਂ ਹੈਰਾਨ ਹਾਂ ਕਿ ਬਜਟ ਐਸਟੀਮੇਟ ਵੇਖ ਕੇ ਮੈਡੀਕਲ ਸਰਵਿਸ ਲਈ ਯੂਜ਼ਰ ਚਾਰਜਿਜ਼ ਕਿਵੇਂ ਹੋਣਗੇ! ਮੈਂ ਵਿੱਤ ਮੰਤਰੀ ਸਾਹਿਬ ਨੂੰ ਬੜੇ ਅਦਬ ਨਾਲ ਦੱਸਣਾ ਚਾਹੁੰਦਾ ਹਾਂ ਕਿ ਉਹ ਆਪਣੀ ਸੋਸ਼ਲ ਔਬਲੀਗੇਸ਼ਨ ਤੋਂ ਭੱਜ ਨਹੀਂ ਸਕਦੇ! ਪਰ ਕਿਸੇ ਦਿਨ ਉਨ੍ਹਾਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਵੀ ਹਾਜ਼ਰ ਹੋਣਾ ਪੈਣਾ ਹੈ। ਛੋਟੇ ਵੀਰ ਇੰਦਰ ਇਕਬਾਲ ਸਿੰਘ ਨਾਲ ਮੈਂ ਮੁਤਫਿਕ ਹਾਂ ਜਦੋਂ ਉਨ੍ਹਾਂ ਨੇ ਆਪਣੀ ਸਪੀਚ ਵਿੱਚ ਲਾਈਫ ਸੇਵਿੰਗ ਡਰੱਗਜ਼ ਤੇ ਟੈਕਸ ਦੀ ਐਗਜ਼ੰਪਸ਼ਨ ਦੀ ਮੰਗ ਕੀਤੀ ਸੀ।

ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਬਜਟ ਵਿਚ ਸਿਹਤ ਸੇਵਾਵਾਂ ਲਈ ਸਰਕਾਰ ਨੇ ਬਹੁਤ ਘੱਟ ਧਿਆਨ ਦਿੱਤਾ ਹੈ ਜਿਸ ਦਾ ਨਤੀਜਾ ਪੰਜਾਬ ਦੀਆਂ ਆਉਣ ਵਾਲੀਆਂ ਨਸਲਾਂ ਤੇ ਪੰਜਾਬ ਦੀ ਤਰੱਕੀ ਤੇ ਸਿੱਧਾ ਪਵੇਗਾ।

**ਰਾਣਾ ਕੰਵਰਪਾਲ ਸਿੰਘ (ਨੰਗਲ)** : ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਐਜੂਕੇਸ਼ਨ ਦੀ ਡਿਮਾਂਡ ਉਤੇ ਬੋਲਾਂਗਾ। ਮੈਂ ਤੁਹਾਡੇ ਰਾਹੀਂ ਇਸ ਸਦਨ ਵਿਚ ਕਹਿਣਾ ਚਾਹਾਂਗਾ ਕਿ ਕਿਸੇ ਵੀ ਦੇਸ਼ ਜਾਂ ਸੂਬੇ ਦਾ ਐਜੂਕੇਸ਼ਨ/ਸਿਸਟਮ ਉਸ ਦੇਸ਼ ਜਾਂ ਸੂਬੇ ਦੇ ਸਮਾਜ ਅਤੇ ਰਾਜਨੀਤਕ ਢਾਂਚੇ ਦਾ ਬਿੰਬ ਹੁੰਦਾ ਹੈ। ਇਸੇ ਤਰੀਕੇ ਨਾਲ ਕਿਸੇ ਵੀ ਸਮਾਜ ਜਾਂ ਉਥੋਂ ਦੀ ਰਾਜਨੀਤਕ ਬਣਤਰ, ਉਥੋਂ ਦੇ ਵਿਦਿਅਕ ਢਾਂਚੇ ਦਾ ਬਿੰਬ ਹੁੰਦੀ ਹੈ। ਇਹ ਪਤਾ/ਨਹੀਂ ਕਿ ਕਮੀ ਕਿੱਥੇ ਰਹੀ ਹੈ। ਇਹ ਤਾਂ ਬਿਲਕੁਲ ਉਹ ਗੱਲ ਹੈ ਕਿ "ਆਂਡਾ ਪਹਿਲਾਂ ਆਇਆ ਜਾਂ ਮੁਰਗੀ"। ਪਰ ਇਕ ਗੱਲ ਜਰੂਰ ਹੈ ਕਿ ਕਿਤੇ ਨਾ ਕਿਤੇ ਕਮੀ ਜ਼ਰੂਰ ਰਹੀ ਹੈ ਜਿਸ ਦੀ ਕਿ ਕਿਸੇ/ਇਕ ਵਿਅਕਤੀ ਜਾਂ ਕਿਸੇ ਇਕ ਪੁਲੀਟੀਕਲ ਪਾਰਟੀ ਉਤੇ ਜ਼ਿੰਮੇਵਾਰੀ ਨਹੀਂ ਪਾਈ ਜਾ ਸਕਦੀ। ਜੇਕਰ ਸਾਰੇ ਐਜੂਕੇਸ਼ਨ ਸਿਸਟਮ ਉਤੇ ਨਜ਼ਰ ਮਾਰੀਏ ਤਾਂ ਇਹ ਹਕੀਕਤ ਪਤਾ ਲਗਦੀ ਹੈ, ਖਾਸ ਤੌਰ ਤੇ ਮੈਂ ਆਪਣੇ ਜ਼ਿਲ੍ਹੇ ਦੀ ਗੱਲ ਕਰਦਾ/ਹਾਂ। ਅਜੇ ਵੀ ਬਹੁਤ ਸਾਰੇ ਸਕੂਲ ਐਸੇ ਹਨ ਜਿਥੇ ਕਿ ਬੱਚਿਆਂ ਦੇ ਪੜ੍ਹਨ ਲਈ ਕਮਰੇ ਨਹੀਂ ਹਨ, ਸਕੂਲਾਂ ਦੀਆਂ ਪੂਰੀਆਂ ਚਾਰ-ਦੀਵਾਰੀਆਂ ਨਹੀਂ ਹਨ, ਪੀਣ ਦੇ ਪਾਣੀ ਦਾ ਕੋਈ ਇੰਤਜ਼ਾਮ ਨਹੀਂ, ਪੂਰੇ ਟੀਚਰ ਨਹੀਂ ਹਨ/ ਅੱਜ ਦਿਹਾਤ ਦੇ ਏਰੀਏ ਵਿਚ ਪਿੰਡਾਂ ਦੇ ਬੱਚਿਆਂ ਨੂੰ 5-5 ਜਾਂ 7-7 ਕਿਲੋਮੀਟਰ ਦੂਰ ਚਲ ਕੇ ਪੜ੍ਹਨ ਜਾਣਾ ਪੈਂਦਾ ਹੈ। ਸਕੂਲ ਪਹੁੰਚ ਕੇ ਇਹ ਵੀ ਪਤਾ ਨਹੀਂ ਹੁੰਦਾ ਕਿ ਉਥੇ ਟੀਚਰ ਸਾਹਿਬਾਨ ਹੋਣਗੇ ਜਾਂ ਨਹੀਂ/ ਇਹ ਵੀ ਇਕ ਸਚਾਈ ਹੈ ਕਿ ਬਹੁਤ ਸਾਰੇ ਸਕੂਲਾਂ ਵਿਚ ਪੀਣ ਦਾ ਪਾਣੀ ਨਹੀਂ ਹੈ। ਇਹ ਪਤਾ ਨਹੀਂ ਕਿਥੇ ਕਮੀ ਰਹੀ ਹੈ। ਹੋਣਾ ਤਾਂ ਇਹ ਚਾਹੀਦਾ ਸੀ ਕਿ ਜਦੋਂ ਪਬਲਿਕ ਹੈਲਥ ਵਾਲੇ ਸਾਰੇ ਪਿੰਡ ਵਿਚ/ਪੀਣ ਦੇ ਪਾਣੀ ਦਾ ਇੰਤਜ਼ਾਮ ਕਰਦੇ ਹਨ ਤਾਂ ਉਦੋਂ ਨਾਲ ਦੀ ਨਾਲ ਸਕੂਲ ਵਿਚ ਪਾਣੀ ਦਾ ਪ੍ਰਬੰਧ ਕੀਤਾ ਜਾਂਦਾ। ਇਹ ਵੀ ਹਕੀਕਤ ਹੈ ਕਿ ਸਕੂਲਾਂ ਵਿਚ ਬਿਜਲੀ ਦਾ ਕੋਈ ਪ੍ਰਬੰਧ ਨਹੀਂ ਹੈ, ਬਿਜਲੀ ਦਾ ਕੁਨੈਕਸ਼ਨ/ਨਹੀਂ ਹੈ, ਜੇਕਰ ਕਿਧਰੇ ਬੰਦੋਬਸਤ ਹੈ ਤਾਂ ਬਿਜਲੀ ਦਾ ਬਿੱਲ ਕਿਥੋਂ ਦਿੱਤਾ ਜਾਣਾ ਹੈ, ਇਨ੍ਹਾਂ ਸਾਰੀਆਂ ਗੱਲਾਂ ਨੂੰ ਸਰਕਾਰ ਅੱਜ ਤੱਕ ਹੱਲ ਨਹੀਂ ਕਰ ਸਕੀ। ਇਕ ਹਕੀਕਤ ਇਹ ਵੀ ਹੈ ਕਿ ਅੱਜ ਸਕੂਲਾਂ ਵਿਚ ਪੜ੍ਹਾਈ/ਦੋ ਧੜਿਆਂ ਵਿਚ ਵੰਡੀ ਗਈ ਹੈ। ਇਕ ਸਕੂਲ ਅਮੀਰਾਂ ਵਾਸਤੇ ਹਨ ਅਤੇ ਦੂਸਰੇ ਸਕੂਲ ਗਰੀਬਾਂ ਵਾਸਤੇ ਅਤੇ ਪਛੜੀਆਂ ਸ਼੍ਰੇਣੀਆਂ ਦੇ ਬੱਚਿਆਂ ਅਤੇ ਪਿੰਡਾਂ ਵਿਚ ਰਹਿਣ ਵਾਲੇ ਬੱਚਿਆਂ ਲਈ ਹਨ। ਪਿੰਡਾਂ ਦੇ ਬੱਚੇ ਵੀ ਮਾਡਲ ਸਕੂਲਾਂ/ ਵਿਚ ਪੜ੍ਹਨਾ ਚਾਹੁੰਦੇ ਹਨ ਪ੍ਰੰਤੂ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਵਿਚ ਭਾਰੀਆਂ ਰਕਮਾਂ ਖਰਚ ਕਰਨ ਦੀ ਹਿੰਮਤ ਨਹੀਂ ਹੁੰਦੀ ਅਤੇ ਉਹ ਮਹਿੰਗੇ ਸਕੂਲਾਂ ਵਿਚ ਆਪਣੇ ਬੱਚੇ ਨਹੀਂ ਭੇਜ ਸਕਦੇ ਇਹ ਵੀ ਇਕ ਸਚਾਈ ਹੈ ਕਿ ਗੱਲਾਂ ਬਹੁਤ ਕੀਤੀਆਂ ਗਈਆਂ ਅਤੇ ਸਕੂਲਾਂ ਦੇ ਨਾਂ ਤੇ ਰਾਜਨੀਤੀ ਵੀ ਹੋਈ, ਵੋਟਾਂ ਵੀ ਲਈਆਂ ਗਈਆਂ ਪ੍ਰੰਤੂ ਸਿੱਖਿਆ ਵਾਸਤੇ ਉਨਾ ਕੁਝ ਨਹੀਂ ਕੀਤਾ ਗਿਆ ਜਿੰਨਾ ਕਿ ਕਰਨਾ ਚਾਹੀਦਾ ਸੀ। ਸਿੱਖਿਆ ਦੇ ਖੇਤਰ ਵਿਚ ਅੱਜ ਵੱਡੇ-ਵੱਡੇ ਉਦਯੋਗਪਤੀਆਂ ਨੇ ਕਰੋੜਾਂ ਰੁਪਏ ਲਗਾ ਕਿ ਫੈਕਟਰੀਆਂ ਲਗਾਉਣ ਦੀ ਬਜਾਏ ਸਕੂਲ ਖੋਲ੍ਹ ਲਏ ਹਨ ਅਤੇ ਚੰਗੀ ਸਿੱਖਿਆ ਦੇ ਨਾਂ ਤੇ ਬੱਚਿਆਂ ਦਾ ਸ਼ੋਸ਼ਣ ਕਰ ਰਹੇ ਹਨ। ਦੂਸਰੇ ਪਾਸੇ ਸਮਾਜ ਵਿਚ ਬਹੁਤ ਵੱਡਾ ਪਾੜਾ ਹੈ ਜਿਹੜਾ ਹੋਰ ਵੱਧ ਰਿਹਾ ਹੈ। ਗਰੀਬਾਂ ਦੇ ਬੱਚੇ ਤਾਂ ਉਨ੍ਹਾਂ ਸਕੂਲਾਂ ਵਿਚ ਜਾਣ ਬਾਰੇ ਸੋਚ ਵੀ ਨਹੀਂ ਸਕਦੇ। ਇਸ ਹਕੀਕਤ ਨੂੰ ਝੁਠਲਾਇਆ ਨਹੀਂ ਜਾ ਸਕਦਾ। ਮੇਰਾ ਸਾਰੇ ਸਦਨ ਨੂੰ ਕਹਿਣਾ ਹੈ ਕਿ ਸਾਨੂੰ ਸਾਰਿਆਂ ਨੂੰ ਇਸ ਬਾਰੇ ਗੰਭੀਰਤਾ ਨਾਲ ਵਿਚਾਰ ਕਰਨਾ ਪਵੇਗਾ। ਆਉਣ ਵਾਲੀ ਪੀੜੀ ਲਈ, ਆਉਣ ਵਾਲੀ ਸਦੀ ਜਿਸ ਦੇ ਵਿਚ ਕਿ ਅਸੀਂ ਦਾਖਲ ਹੋਏ ਹਾਂ, ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਵਾਲੇ ਸੰਸਾਰ ਦੇ ਇਸ ਮਾਹੌਲ ਦਾ ਟਾਕਰਾ ਕਰਨ ਲਈ ਕਿਵੇਂ ਤਿਆਰ ਹੋਣਾ ਹੈ, ਇਹ ਇਕ ਬਹੁਤ ਵੱਡਾ ਸਵਾਲ ਹੈ। ਪਿਛਲੀ ਸਰਕਾਰ ਦੀ ਗੱਲ ਕਰਦਾ ਹਾਂ ਕਿ ਉਨ੍ਹਾਂ ਨੇ ਵੀ ਗੱਲ ਕੀਤੀ ਸੀ ਕਿ ਹਰੇਕ ਬਲਾਕ ਵਿਚ ਇਕ ਸਕੂਲ ਐਸਾ ਖੋਲ੍ਹਿਆ ਜਾਵੇਗਾ ਜਿਹੜਾ ਕਿ ਪਬਲਿਕ ਸਕੂਲ ਦੀ ਤਰਜ ਤੇ ਹੋਵੇਗਾ ਅਤੇ ਜਿਸ ਵਿਚ ਮੀਡੀਅਮ ਆਫ ਐਜੂਕੇਸ਼ਨ ਅੰਗਰੇਜ਼ੀ ਹੋਵੇਗਾ। ਪ੍ਰੰਤੂ ਪਤਾ ਨਹੀਂ ਫਿਰ ਕਿਹੜੇ ਕਾਰਨਾਂ ਕਾਰਨ ਉਹ ਸਕੂਲ ਬਣ ਨਹੀਂ ਸਕੇ ਪਰ ਗੱਲ ਜ਼ਰੂਰ ਕੀਤੀ ਗਈ ਸੀ। ਇਨ੍ਹਾਂ ਸਾਰੀਆਂ ਚੀਜ਼ਾਂ ਤੇ ਨਜਰ ਮਾਰ ਕੇ ਉਨ੍ਹਾਂ ਨੂੰ ਠੀਕ ਕਰਨਾ ਚਾਹੀਦਾ ਹੈ। ਇਹ ਸਮੇਂ ਦੀ ਲੋੜ ਹੈ। ਅੱਜ ਆਮ ਆਦਮੀ ਨੂੰ ਸਸਤੀ ਸਿੱਖਿਆ ਦੇਣ ਦੀ ਲੋੜ ਹੈ ਇਸੇ ਗੱਲ ਨਾਲ ਹੀ ਜੁੜਿਆ ਹੋਇਆ ਸਵਾਲ ਸਿੱਖਿਆ ਦੇ ਮਿਆਰ ਦਾ ਹੈ ਸਾਨੂੰ ਇਸ ਵਿਚ ਵੀ ਸੁਧਾਰ ਕਰਨ ਦੀ ਲੋੜ ਹੈ। ਅੱਜ ਸਕੂਲ ਬਹੁਤ ਵੱਡੀ ਲਾਹਨਤ ਬਣ ਗਏ ਹਨ। ਪਿਛਲੀ ਸਰਕਾਰ ਸਮੇਂ ਵੀ, ਜਥੇਦਾਰ ਤੋਤਾ ਸਿੰਘ ਜੀ ਇਥੇ ਬੋਲਦੇ ਸੀ, ਉਨ੍ਹਾਂ ਨੇ ਵੀ ਕਿਸੇ ਹੱਦ ਤੱਕ ਉਪਰਾਲੇ ਕੀਤੇ ਸੀ ਕਿ ਨਕਲ ਦੀ ਲਾਹਨਤ ਨੂੰ ਕੱਢਿਆ ਜਾਵੇ। ਕੁਝ ਕੋਸ਼ਿਸ਼ਾਂ ਹੋਈਆਂ ਪਰ ਕਾਮਯਾਬੀ ਨਹੀਂ ਮਿਲੀ। ਇਹ ਗੱਲ ਸੱਚ ਹੈ ਕਿ ਜੋ ਮਰਜ਼ੀ ਇਥੇ ਗੱਲਾਂ ਕਰੀਏ ਪਰ ਅਜੇ ਵੀ ਲੋਕ ਸਾਡੇ ਪੁਲੀਟੀਕਲ ਲੋਕਾਂ ਕੋਲ ਵੀ ਆਉਂਦੇ ਹਨ। ਬੱਚੇ ਸੈਂਟਰ ਵਿੱਚ ਭਾਵੇਂ ਮੁੜਕੋ ਮੁੜਕੀ ਨਾਂ ਹੋਣ ਪਰ ਮਾਪੇ ਸੈਂਟਰ ਤੋਂ ਬਾਹਰ ਬੈਠੇ ਮੁੜਕੋ-ਮੁੜਕੀ ਹੋ ਰਹੇ ਹੁੰਦੇ ਹਨ ਅਤੇ ਕੋਸ਼ਿਸ਼ ਵਿੱਚ ਲੱਗੇ ਹੁੰਦੇ ਹਨ ਕਿ ਕਿਵੇਂ ਪਰਚੀ ਭੇਜੀ ਜਾਵੇ ਅਤੇ ਨਕਲ ਕਰਵਾਈ ਜਾਵੇ। ਮਾਪੇ ਇਹ ਵੀ ਸਿਫਾਰਸ਼ਾਂ ਕਰਾਉਂਦੇ ਹਨ ਕਿ ਫੇਲ੍ਹ ਹੋਏ ਬੱਚੇ ਨੂੰ ਪਾਸ ਕਰਕੇ ਕਿਸੇ ਨਾ ਕਿਸੇ ਤਰੀਕੇ ਨਾਲ ਅਗਲੀ ਕਲਾਸ ਵਿੱਚ ਬਿਠਾ ਦਿੱਤਾ ਜਾਵੇ। ਇਹ ਸਿੱਖਿਆ ਦੇ ਖੇਤਰ ਵਿਚ ਇਕ ਨਿਘਾਰ ਆਇਆ ਹੈ ਅਤੇ ਜੇ ਅਸੀਂ ਇਸ ਵੱਲ ਧਿਆਨ ਨਾ ਦਿਤਾ ਅਤੇ ਇਸ ਨੂੰ ਨਾ ਰੋਕਿਆ ਤਾਂ ਆਉਣ ਵਾਲੇ ਸਮੇਂ ਵਿੱਚ ਚੰਗਾ ਨਹੀਂ ਹੋਵੇਗਾ। ਦੂਜਾ ਕੰਮ ਅੱਜ ਸਾਰੀਆਂ ਚੀਜ਼ਾਂ ਪ੍ਰਸੈਂਟੇਜ਼ ਨਾਲ ਦੇਖੀਆਂ ਜਾਂਦੀਆਂ ਹਨ, ਅਗਲੀ ਕਲਾਸ ਵਿੱਚ ਐਡਮੀਸ਼ਨ ਲੈਣੀ ਹੈ ਤਾਂ ਪ੍ਰਸੈਂਟ ਦੇਖੀ ਜਾਂਦੀ ਹੈ। ਨੌਕਰੀ ਲੈਣੀ ਹੈ, ਤਾਂ ਪ੍ਰਸੈਂਟੇਜ ਦੇਖੀ ਜਾਂਦੀ ਹੈ। ਅੱਜ ਬੱਚੇ ਇਸ ਗੱਲ ਨੂੰ ਦੇਖਣ ਲਈ ਕਿ ਕਿਵੇਂ ਪ੍ਰਸੈਂਟ ਵਿੱਚ ਵਾਧਾ ਕੀਤਾ ਜਾਵੇ, ਸੋਚਦੇ ਹਨ। ਜੇ ਕਿਸੇ ਤਰੀਕੇ ਨਾਲ ਬੱਚੇ ਦੀ ਪ੍ਰਸੈਂਟੇਜ਼ ਵਿੱਚ ਵਾਧਾ ਹੋ ਸਕੇ ਭਾਵੇਂ ਨਕਲ ਮਾਰ ਕੇ ਜਾਂ ਹੋਰ ਅੱਗੇ ਕਿਸੇ ਹੋਰ ਤਰੀਕੇ ਨਾਲ, ਮਾਪੇ ਉਹ ਤਰੀਕੇ ਅਪਨਾਉਣ ਲਈ ਤਿਆਰ ਰਹਿੰਦੇ ਹਨ। ਅਗਰ ਕੋਈ ਇੰਟੈਲੀਜੈਂਟ ਬੱਚਾ ਬਦਕਿਸਮਤੀ ਨਾਲ ਪਿੱਛੇ ਰਹਿ ਗਿਆ ਤਾਂ ਉਸਦਾ ਭਵਿੱਖ ਹਨੇਰੇ ਵਿੱਚ ਰਹਿ ਜਾਂਦਾ ਹੈ। ਇਸ ਗੱਲ ਤੇ ਵੀ ਵਿਚਾਰ ਕਰਨ ਦੀ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਨੂੰ ਬੇਨਤੀ

Original with;
Punjab Vidhan Sabha
Digitized by;

[ਰਾਣਾ ਕੰਵਰਪਾਲ ਸਿੰਘ]

ਕਰਦਾ ਹਾਂ ਕਿ ਜੋ ਨਵੀਂ ਐਜੂਕੇਸ਼ਨ ਪਾਲਿਸੀ ਇੱਥੇ ਲਿਆਂਦੀ ਗਈ ਹੈ ਉਸਦੇ ਨਾਲ ਕੁਝ ਸੁਧਾਰ ਹੋਏ ਹਨ ਅਤੇ ਉਸਦੇ ਨਤੀਜੇ ਕੁਝ ਸਮੇਂ ਬਾਅਦ ਆਉਣ ਦੀ ਉਮੀਦ ਵੀ ਹੈ। ਪਰ ਇਸ ਤੋਂ ਇਲਾਵਾ ਵੀ ਮੇਰੀ ਬੇਨਤੀ ਹੈ ਕਿ ਇਕ ਹੋਰ ਐਕਸਪਰਟਸ ਦੀ ਕਮੇਟੀ ਬਣਾਈ ਜਾਵੇ ਜਿਹੜੀ ਇਹ ਘੋਖ ਕਰੇ ਕਿ ਆਖਰ ਪਿਛਲੇ ਸਮੇਂ ਵਿੱਚ ਕਿਥੇ ਕਮੀ ਰਹੀ ਹੈ ਅਤੇ ਉਸਨੂੰ ਕਿਵੇਂ ਪੂਰਾ ਕੀਤਾ ਜਾ ਸਕਦਾ ਹੈ ਅਤੇ ਸ਼ਹਿਰਾਂ ਅਤੇ ਪਿੰਡਾਂ ਦੀ ਪੜ੍ਹਾਈ ਦੇ ਪਾੜੇ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ। ਅਮੀਰਾਂ ਅਤੇ ਗਰੀਬਾਂ ਦੇ ਬੱਚਿਆਂ ਦੀ ਪੜ੍ਹਾਈ ਦੇ ਪਾੜੇ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਖੁਦ ਦੇਖਿਆ ਹੈ ਕਿ ਚੰਡੀਗੜ੍ਹ ਵਿੱਚ ਵੀ ਇਹ ਪਾੜਾ ਹੈ ਮੱਧਿਆ ਮਾਰਗ ਤੋਂ ਇੱਧਰ ਅਤੇ ਉੱਧਰ ਦੇ ਬੱਚਿਆਂ ਦੀ ਪੜ੍ਹਾਈ ਵਿੱਚ ਵੀ ਕਾਫੀ ਫਰਕ ਹੈ ਅਤੇ ਉਨ੍ਹਾਂ ਵਿੱਚ ਆਪਸ ਵਿੱਚ ਕਾਫੀ ਇਨਫੀਰੀਅਟੀ ਸੁਪੀਰੀਅਰਟੀ ਕੰਪਲੈਕਸ ਹੈ। ਇਸ ਨੂੰ ਇਨਕਾਰਿਆ ਨਹੀਂ ਜਾ ਸਕਦਾ ਕਿਉਂਕਿ ਅੱਜ ਪਿੰਡਾਂ ਵਿੱਚ ਵੀ ਇਹ ਗੱਲ ਘਰ ਕਰ ਗਈ ਹੈ। ਇਸ ਲਈ ਇਸ ਤੇ ਵਿਚਾਰ ਕਰਨ ਦੀ ਲੋੜ ਹੈ, ਸਾਨੂੰ ਹੋਰ ਵੀ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਉਸਦਾ ਲਾਭ ਉਠਾ ਸਕਣ ਅਸੀਂ ਬੱਚਿਆਂ ਨੂੰ ਚੰਗਾ ਐਜੂਕੇਸ਼ਨ ਸਿਸਟਮ ਦੇ ਸਕੀਏ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਵੀ ਅਪੀਲ ਕਰਦਾ ਹਾਂ ਕਿ ਨਕਲ ਦੀ ਲਾਹਨਤ ਨੂੰ ਖਤਮ ਕਰਨਾ ਚਾਹੀਦਾ ਹੈ ਅਤੇ ਜੇਕਰ ਬੱਚੇ ਇਸ ਤਰ੍ਹਾਂ ਨਕਲਾਂ ਮਾਰਕੇ ਅਗਲੀਆਂ ਕਲਾਸਾਂ ਵਿੱਚ ਜਾਂਦੇ ਰਹੇ ਤਾਂ ਇਸ ਦੇ ਚੰਗੇ ਨਤੀਜੇ ਨਹੀਂ ਨਿਕਲਣਗੇ। ਇਹ ਆਪਣਾ ਕੀ ਸੰਵਾਰਨਗੇ ਅਤੇ ਦੇਸ਼ ਦਾ ਕੀ ਸੰਵਾਰਨਗੇ, ਇਸ ਦਾ ਆਪਾਂ ਅੰਦਾਜਾ ਲਗਾ ਸਕਦੇ ਹਾਂ। ਦੂਜੀ ਗੱਲ ਹੈ ਅੰਗਰੇਜ਼ੀ ਦੀ। ਕੁਝ ਲੋਕ ਕੀ ਕਹਿੰਦੇ ਹਨ ਅਤੇ ਕੁਝ ਕੀ, ਇਹ ਬਹੁਤ ਵੱਡਾ ਚਰਚਾ ਦਾ, ਬਹਿਸ ਦਾ ਵਿਸ਼ਾ ਹੈ। ਕੁਝ ਕਹਿੰਦੇ ਹਨ ਕਿ ਅੰਗਰੇਜ਼ੀ ਪਹਿਲੀ ਤੋਂ ਸ਼ੁਰੂ ਹੋਣੀ ਚਾਹੀਦੀ ਹੈ, ਕੁਝ ਕਹਿੰਦੇ ਹਨ ਕਿ ਚੌਥੀ ਕਲਾਸ ਤੋਂ ਹੋਣੀ ਚਾਹੀਦੀ ਹੈ, ਕੁਝ ਕਹਿੰਦੇ ਹਨ ਕਿ ਹੋਣੀ ਹੀ ਨਹੀਂ ਚਾਹੀਦੀ। ਹਰ ਇਕ ਦੀ ਰਾਇ ਆਪੋ ਆਪਣੀ ਹੈ। ਇਹ ਬਹੁਤ ਵੱਡਾ ਬਹਿਸ ਦਾ ਵਿਸ਼ਾ ਹੈ ਜਿਸ ਤੇ ਬਹੁਤ ਕੁਝ ਕਿਹਾ ਗਿਆ ਹੈ ਅਤੇ ਅਸੀਂ ਸੁਣਿਆ ਹੈ। ਮੇਰੀ ਆਪਣੀ ਰਾਏ ਹੈ ਕਿ ਪੰਜਾਬੀ ਸਾਡੀ ਮਾਂ ਬੋਲੀ ਹੈ। ਇਸ ਤੋਂ ਪਿਆਰੀ ਹੋਰ ਕੋਈ ਬੋਲੀ ਨਹੀਂ ਹੈ ਅਤੇ ਅਸੀਂ ਜਿੰਨੇ ਚੰਗੇ ਤਰੀਕੇ ਨਾਲ ਆਪਣੇ ਵਿਚਾਰ ਪੰਜਾਬੀ ਵਿੱਚ ਦੱਸ ਸਕਦੇ ਹਾਂ ਹੋਰ ਕਿਸੇ ਭਾਸ਼ਾ ਵਿੱਚ ਨਹੀਂ ਕਹਿ ਸਕਦੇ। ਪੰਜਾਬ ਦੀ ਪੰਜਾਬੀ ਤੋਂ ਬਿਨਾਂ ਹੋਰ ਕੋਈ ਭਾਸ਼ਾ ਨਹੀਂ ਹੋ ਸਕਦੀ, ਇਸ ਨਾਲ ਮੈਂ ਮੁਤਫਿਕ ਹਾਂ, ਸਹਿਮਤ ਹਾਂ। ਪਰ ਇਹ ਗੱਲ ਜੁੜੀ ਹੋਈ ਹੈ ਕਿ ਅੱਜ ਸਾਰੇ ਸੰਸਾਰ ਦਾ ਫਾਸਲਾ ਖਤਮ ਹੋ ਗਿਆ ਹੈ, ਬਹੁਤ ਥੋੜ੍ਹਾ ਰਹਿ ਗਿਆ ਹੈ। ਅੱਜ ਇਕੱਲਾ ਪੰਜਾਬ ਦੁਨੀਆਂ ਤੋਂ ਅੱਡ ਹੋ ਕੇ ਨਹੀਂ ਰਹਿ ਸਕਦਾ, ਹਿੰਦੁਸਤਾਨ ਦੁਨੀਆਂ ਤੋਂ ਅੱਡ ਹੋ ਕੇ ਨਹੀਂ ਰਹਿ ਸਕਦਾ ਹੈ। ਜੇ ਉਹ ਅੰਗਰੇਜ਼ੀ ਜ਼ਬਾਨ ਜਿਸ ਨੂੰ ਦੁਨੀਆਂ ਦੇ ਸਾਰੇ ਬੱਚੇ ਪੜ੍ਹਦੇ ਹਨ ਅਤੇ ਜਿਹੜੀ ਬਾਕੀ ਲੋਕਾਂ ਨਾਲ ਅਤੇ ਬੱਚਿਆਂ ਨਾਲ ਕਮਿਊਨੀਕੇਸ਼ਨ ਦਾ ਸਾਧਨ ਹੈ ਜੇ ਅਸੀਂ ਇਸ ਨੂੰ ਪ੍ਰਫੁਲਿਤ ਨਹੀਂ ਕਰਦੇ ਤਾਂ ਅਸੀਂ ਫਿਰ ਪਿੱਛੇ ਰਹਿ ਜਾਵਾਂਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੰਗਰੇਜ਼ੀ ਜ਼ਬਾਨ ਨੂੰ ਤਰਜੀਹ ਦਿੱਤੀ ਜਾਵੇ। ਸਮਾਜ ਦੇ ਉਤਲੇ ਤਬਕੇ ਦੇ ਲੋਕ ਆਪਣੇ ਬੱਚਿਆਂ ਨੂੰ ਦੂਨ ਸਕੂਲ, ਸਨਾਵਰ ਸਕੂਲ ਜਾਂ ਪਬਲਿਕ ਸਕੂਲਾਂ ਵਿੱਚ ਪੜ੍ਹਾਉਂਦੇ ਹਨ ਪਰ ਜਦੋਂ ਪਿੰਡਾਂ ਦੇ ਲੋਕਾਂ ਦੀ ਗੱਲ ਆਉਂਦੀ ਤਾਂ ਫਿਰ ਸਾਨੂੰ ਪੰਜਾਬੀ ਪਿਆਰੀ ਲੱਗਣ ਲੱਗ ਜਾਂਦੀ ਹੈ, ਫਿਰ ਅਸੀਂ ਪੰਜਾਬੀ ਦੀ ਗੱਲ ਕਰਦੇ ਹਾਂ। ਇਹ ਚੰਗੀ ਗੱਲ ਨਹੀਂ ਹੈ! ਇਹ ਵਿਤਕਰਾ ਨਹੀਂ ਹੋਣਾ ਚਾਹੀਦਾ। ਇਹ ਚੀਜ਼ ਸਾਨੂੰ ਸਮਾਜ ਦੀ ਚੰਗੀ ਸਿਰਜਣਾ ਵੱਲ ਨਹੀਂ ਲਿਜਾ ਸਕੇਗੀ। ਡਿਪਟੀ ਸਪੀਕਰ ਸਾਹਿਬ, ਇਹ ਗੱਲ ਮੈਂ ਤੁਹਾਡੇ ਰਾਹੀਂ ਵਿੱਦਿਆ ਮੰਤਰੀ ਜੀ ਦੇ ਧਿਆਨ ਵਿਚ ਲਿਆਉਣੀ ਚਾਹੁੰਦਾ ਹਾਂ।

Original with;
Punjab Vidhan Sabha
Digitized by;

ਮੈਂ ਇਹ ਵੀ ਗੁਜਾਇਸ਼ ਕਰਦਾ ਹਾਂ ਕਿ ਜੋ ਪੈਸਾ ਸਿੱਖਿਆ ਖੇਤਰ ਵਿੱਚ ਰੱਖਿਆ ਗਿਆ ਹੈ, ਇਹ ਬਹੁਤ ਘੱਟ ਹੈ ਔਰ ਇਸ ਪੈਸੇ ਨੂੰ ਹੋਰ ਵਧਾਉਣ ਦੀ ਜ਼ਰੂਰਤ ਹੈ। ਜੇ ਸਾਰੇ ਸਿੱਖਿਆ ਦਾ ਸਿਸਟਮ ਸੁਧਾਰਨਾ ਹੈ ਤਾਂ ਇਸ ਪਾਸੇ ਪੈਸਾ ਵਧਾਉਣਾ ਪਵੇਗਾ। ਜੇ ਪਿੰਡਾਂ ਵਿੱਚ ਐਜੂਕੇਸ਼ਨ ਠੀਕ ਕਰਨੀ ਹੈ ਤਾਂ ਇਹ ਪੈਸਾ ਵਧਾਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਇੱਕ ਗੁਜਾਰਿਸ਼ ਹੋਰ ਕਰਦਾ ਹਾਂ ਕਿ ਸਿੱਖਿਆ ਦਾ ਮਿਆਰ ਵੀ ਠੀਕ ਕਰਨਾ ਚਾਹੀਦਾ ਹੈ, ਉਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਪੰਜਾਬ ਦੇ ਸਕੂਲਾਂ ਵਿੱਚ ਬੱਚੇ ਪਾਸ ਹੋ ਜਾਂਦੇ ਹਨ, ਟੀਚਰ ਉਨ੍ਹਾਂ ਨੂੰ ਪਾਸ ਕਰ ਦਿੰਦੇ ਹਨ, ਚਾਹੇ ਉਹ ਸਕੂਲ ਆਉਣ ਤੇ ਚਾਹੇ ਨਾ ਆਉਣ। ਟੀਚਰ ਉਨ੍ਹਾਂ ਨੂੰ ਪਾਸ ਕਰ ਦਿੰਦੇ ਹਨ ਪਰ ਜਦੋਂ ਬੱਚਾ ਦਸਵੀਂ +1 ਜਾਂ +2 ਵਿਚ ਜਾਂਦਾ ਹੈ ਤਾਂ ਉਸ ਨੂੰ ਕਾਫੀ ਮੁਸ਼ਕਲ ਆ ਜਾਂਦੀ ਹੈ। ਇਸ ਵਿੱਚ ਸਿੱਖਿਆ ਦੇ ਮਿਆਰ ਨੂੰ ਉਚਾ ਚੁੱਕਣ ਦੀ ਲੋੜ ਹੈ। ਸਕੂਲਾਂ ਵਿੱਚ ਇਨਫਰਾਸਟਰਕਚਰ ਵੀ ਦੇਣਾ ਚਾਹੀਦਾ ਹੈ ਔਰ ਟੀਚਰਾਂ ਨੂੰ ਵੀ ਐਜੂਕੇਟ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਜਿਹੜੇ ਸਕੂਲ ਚੱਲ ਰਹੇ ਹਨ, ਉਨ੍ਹਾਂ ਵਿਚ ਸੁਧਾਰ ਕਰਨਾ ਅੱਜ ਸਮੇਂ ਦੀ ਲੋੜ ਬਣ ਗਈ ਹੈ। ਅਜਿਹਾ ਹੋਣ ਨਾਲ ਹੀ ਅਸੀਂ ਪਿੰਡਾਂ ਦੇ ਸਕੂਲਾਂ ਵਿਚ ਲੋਕਾਂ ਨੂੰ ਚੰਗੀ ਐਜੂਕੇਸ਼ਨ ਦੇ ਸਕਾਂਗੇ। ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਡਿਮਾਂਡ ਪੇਸ਼ ਕੀਤੀ ਗਈ ਹੈ, ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ ਔਰ ਇਸ ਹਾਊਸ ਨੂੰ ਬਿਨਾ ਕਿੰਤੂ ਪਰੰਤੂ ਤੋਂ ਇਸ ਨੂੰ ਪਾਸ ਕਰਨਾ ਚਾਹੀਦਾ ਹੈ। ਆਪੋਜ਼ੀਸ਼ਨ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੀਆਂ ਚੰਗੀਆਂ ਸੁਜ਼ੈਸ਼ਨਾਂ, ਚੰਗੀਆਂ ਰਾਵਾਂ ਦੇਣ ਤਾਂ ਕਿ ਅਸੀਂ ਐਜੂਕੇਸ਼ਨ ਦੇ ਸੁਧਾਰ ਵਿੱਚ ਯੋਗਦਾਨ ਪਾ ਸਕੀਏ। ਬਹੁਤ-ਬਹੁਤ ਧੰਨਵਾਦ।

**ਸ਼੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ.)** : ਡਿਪਟੀ ਸਪੀਕਰ ਸਾਹਿਬ, ਕਿਸੇ ਵੀ ਸੂਬੇ ਦੀ ਤਰੱਕੀ ਉਸ ਦੇ ਲੋਕਾਂ ਦੀ ਸਿਹਤ ਅਤੇ ਸਿੱਖਿਆ ਦੇ ਪ੍ਰਬੰਧ ਜਾਂ ਉਸ ਸਬੰਧੀ ਸੋਚ ਤੇ ਨਿਰਭਰ ਕਰਦੀ ਹੈ। ਮੈਂ ਸਿੱਖਿਆ ਅਤੇ ਹੈਲਥ ਬਾਰੇ ਦੋ ਸ਼ਬਦ ਕਹਿਣਾ ਚਾਹੁੰਦੀ ਹਾਂ। ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ਦਿਨ-ਬ-ਦਿਨ ਘਟਦੀ ਜਾ ਰਹੀ ਹੈ ਖਾਸ ਕਰਕੇ ਬਾਰਡਰ ਏਰੀਏ ਵਿੱਚ। ਇਸ ਦੇ ਨਾਲ-ਨਾਲ ਪ੍ਰਾਈਵੇਟ ਸਕੂਲਾਂ ਦੀ ਦੁਕਾਨਦਾਰੀ ਦਿਨ ਪ੍ਰਤੀ ਦਿਨ ਵਧਦੀ ਫੁੱਲਦੀ ਜਾ ਰਹੀ ਹੈ। ਹਰ ਗਲੀ ਮੁਹੱਲੇ ਵਿਚ ਇਹ ਪ੍ਰਾਈਵੇਟ ਸਕੂਲ ਮਸ਼ਰੂਮ ਵਾਂਗ ਫੈਲ ਰਹੇ ਹਨ, ਇਨ੍ਹਾਂ ਦੀ ਗਰੋਥ ਹੋ ਰਹੀ ਹੈ। ਇਸ ਲਈ ਇਸ ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਇਹ ਕੋਈ ਲਾਈਟਲੀ ਲੈਣ ਵਾਲੀ ਗੱਲ ਨਹੀਂ। ਇਸ ਬਾਰੇ ਗੰਭੀਰਤਾ ਨਾਲ ਪ੍ਰੀਵੈਂਟਿਵ ਮਈਅਰਜ਼ ਚੁੱਕਣੇ ਪੈਣਗੇ, ਸਾਲਿਡ ਪਾਲਿਸੀ ਬਣਾਉਣੀ ਪਏਗੀ ਤਾਂ ਕਿ ਗਲੀਆਂ ਮੁਹੱਲੇ ਵਿੱਚ ਇਹ ਜਿਹੜੇ ਸਕੂਲ ਖੁੱਲ੍ਹ ਰਹੇ ਹਨ, ਇਨ੍ਹਾਂ ਨੂੰ ਰੋਕਿਆ ਜਾ ਸਕੇ, ਇਨ੍ਹਾਂ ਤੇ ਬਰੇਕ ਲਗਾਈ ਜਾ ਸਕੇ, ਇਨ੍ਹਾਂ ਨੂੰ ਕੰਟਰੋਲ ਕੀਤਾ ਜਾ ਸਕੇ। ਬੜੀ ਹੈਰਾਨੀ ਦੀ ਗੱਲ ਹੈ ਕਿ ਜਦੋਂ ਕੋਈ ਵੀ ਕੁਆਲੀਫਾਈਡ ਟੀਚਰ ਬਣਦਾ ਹੈ ਤਾਂ ਉਹ ਸਰਕਾਰੀ ਨੌਕਰੀ ਨੂੰ ਤਰਜ਼ੀਹ ਦਿੰਦਾ ਹੈ। ਅੱਜ ਹਜ਼ਾਰਾਂ ਦੀ ਤਾਦਾਦ ਵਿੱਚ ਸਾਡੇ ਨੌਜਵਾਨ ਲੜਕੇ ਲੜਕੀਆਂ ਸਕੂਲਾਂ ਕਾਲਜਾਂ ਵਿੱਚੋਂ ਕੁਆਲੀਫਿਕੇਸ਼ਨ ਪ੍ਰਾਪਤ ਕਰਕੇ ਨਿਕਲ ਰਹੇ ਹਨ। ਜਦੋਂ ਉਹ ਕੁਆਲੀਫਿਕੇਸ਼ਨ ਹਾਸਲ ਕਰਦੇ ਹਨ ਤਾਂ ਉਸ ਤੋਂ ਪਹਿਲਾਂ ਉਨ੍ਹਾਂ ਦੀ ਖਾਹਸ਼ ਹੁੰਦੀ ਹੈ ਕਿ ਉਹ ਸਰਕਾਰੀ ਨੌਕਰੀ ਕਰਨ। ਉਹ ਸਰਕਾਰੀ ਨੌਕਰੀ ਭਾਲਦੇ ਹਨ ਪਰ ਕੀ ਉਨ੍ਹਾਂ ਨੂੰ ਸਰਕਾਰੀ ਨੌਕਰੀ ਮਿਲਦੀ ਹੈ? ਇਸ ਬਾਰੇ ਤੁਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹੋ। ਕੋਈ ਵੀ ਕੁਆਲੀਫਾਈਡ ਟੀਚਰ ਜਦ ਨੌਕਰੀ ਲੈਣ ਜਾਂਦਾ ਹੈ ਤਾਂ ਸਭ ਤੋਂ ਪਹਿਲੀ ਮੰਗ ਉਸ ਦੀ ਹੁੰਦੀ ਹੈ ਕਿ ਉਸ ਨੂੰ ਸਰਕਾਰੀ ਨੌਕਰੀ ਮਿਲ ਜਾਵੇ ਔਰ ਉਹ ਪ੍ਰਾਈਵੇਟ ਸਕੂਲ ਵਿੱਚ ਜਾਣ ਨੂੰ ਬਿਲਕੁਲ ਤਿਆਰ ਨਹੀਂ ਹੁੰਦਾ। ਇਸ ਦਾ ਕੀ ਕਾਰਨ ਹੈ?

Original with;
Punjab Vidhan Sabha
Digitized by;

[ ਸ਼੍ਰੀਮਤੀ ਅਰੁਨਾ ਚੌਧਰੀ ]

ਇਸ ਦਾ ਇਕੋ ਕਾਰਨ ਹੈ ਕਿ ਇੱਕ ਤਾਂ ਉਸ ਦੀ ਸਰਕਾਰੀ ਨੌਕਰੀ ਵਿੱਚ ਸਿਕਿਉਰਟੀ ਆਫ ਸਰਵਿਸ ਹੁੰਦੀ ਹੈ ਅਤੇ ਦੂਸਰਾ ਉਸ ਨੂੰ ਘੱਟ ਪੜ੍ਹਾਉਣਾ ਪੈਂਦਾ ਹੈ। ਇਸ ਦੇ ਨਾਲ ਹੀ ਚਾਹੇ ਉਹ ਸਕੂਲ ਜਾਏ ਚਾਹੇ ਨਾ ਜਾਏ। ਦੂਸਰੇ ਪਾਸੇ ਬੜੇ ਧਿਆਨ ਨਾਲ ਇਹ ਸੋਚਣ ਦੀ ਲੋੜ ਹੈ ਕਿ ਇਹੀ ਟੀਚਰ ਆਪਣੇ ਬੱਚੇ ਨੂੰ ਕਿਸੇ ਸਕੂਲ ਵਿੱਚ ਐਡਮਿਟ ਕਰਵਾਉਣ ਜਾਂਦੇ ਹਨ ਤਾਂ ਸਭ ਤੋਂ ਪਹਿਲੀ ਪਰੈਫਰੈਂਸ ਹੁੰਦੀ ਕਿ ਕਿਸੇ ਪ੍ਰਾਈਵੇਟ ਸਕੂਲ ਵਿੱਚ, ਅੱਛੇ ਪ੍ਰਾਈਵੇਟ ਸਕੂਲ ਵਿੱਚ ਉਸ ਨੂੰ ਦਾਖਲ ਕਰਵਾਇਆ ਜਾਵੇ। ਇਹ ਵਿਤਕਰਾ ਕਿਉਂ ? ਕਿਉਂਕਿ ਨੌਕਰੀ ਲੈਣ ਵੇਲੇ ਇਹ ਸਰਕਾਰੀ ਨੌਕਰੀ ਚਾਹੁੰਦੇ ਹਨ ਲੇਕਿਨ ਆਪਣੇ ਹੀ ਬੱਚੇ ਨੂੰ ਦਾਖਲ ਕਰਵਾਉਣ ਸਮੇਂ ਪ੍ਰਾਈਵੇਟ ਸਕੂਲ ਭਾਲਦੇ ਹਨ। ਇਸ ਦਾ ਕੀ ਕਾਰਨ ਹੈ ? ਇਹ ਟੋਟਲ ਕੰਟਰਾਸਟ ਕਿਉਂ ਹੈ ? ਕਿਉਂ ਹਮੇਸ਼ਾ ਪ੍ਰੈਫਰੈਂਸ ਪ੍ਰਾਈਵੇਟ ਮਾਡਲ ਸਕੂਲ ਨੂੰ ਦਿੰਦੇ ਹਨ ? ਇਸ ਦਾ ਕਾਰਨ, ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ ਪ੍ਰਾਈਵੇਟ ਸਕੂਲਾਂ ਦੀ ਬਿਜ਼ਨਿਸ ਲਾਈਕ ਅਪਰੋਚ ਹੈ। ਬੇਕਾਰੀ ਹੋਣ ਕਾਰਨ ਚੰਗੇ ਕੁਆਲੀਫਾਈਡ ਟੀਚਰ ਘੱਟ ਤਨਖਾਹ ਤੇ ਮਿਲ ਜਾਂਦੇ ਹਨ। ਇਹ ਜਿਹੜੇ ਪ੍ਰਾਈਵੇਟ ਇੰਸਟੀਚਿਊਸ਼ਨਜ਼ ਹਨ, ਇਹ ਬੱਚਿਆਂ ਤੋਂ ਵੱਧ ਤੋਂ ਵੱਧ ਫੀਸ ਵਸੂਲਦੇ ਹਨ। ਪ੍ਰਾਈਵੇਟ ਸਕੂਲ ਆਪਣੀ ਗੁੱਡਵਿਲ (Goodwill) ਅਤੇ ਰਿਜ਼ਲਟ ਵਧੀਆ ਲਿਆਉਣ ਵਾਸਤੇ ਟੀਚਰਾਂ ਕੋਲੋਂ ਜ਼ਿਆਦਾ ਤੋਂ ਜ਼ਿਆਦਾ ਕੰਮ ਲੈਂਦੇ ਹਨ। ਇਸ ਦੇ ਬਾਰੇ ਬੜੀ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਪ੍ਰਾਈਵੇਟ ਸਕੂਲਾਂ ਦੀਆਂ ਜਿਹੜੀ ਮੈਨੇਜਮੈਂਟਸ ਹਨ, ਇਹ ਬੜੀ ਕਲੋਜ਼ ਮਾਨੀਟਰਿੰਗ ਕਰਦੀਆਂ ਹਨ ਅਤੇ ਬੱਚਿਆਂ ਨੂੰ ਮਿਹਨਤ ਵੀ ਬਹੁਤ ਕਰਵਾਉਂਦੀਆਂ ਹਨ, ਜਦ ਕਿ ਟੀਚਰ ਉਹੀ ਹਨ। ਸਰਕਾਰੀ ਸਕੂਲਾਂ ਦੇ ਵਿਚ ਮਾਨੀਟਰਿੰਗ ਦੀ ਬਹੁਤ ਜ਼ਿਆਦਾ ਘਾਟ ਹੈ। ਇਸ ਦੇ ਵਾਸਤੇ ਗੰਭੀਰਤਾ ਨਾਲ ਰੂਲ ਫਰੇਮ ਕਰਨ ਦੀ ਲੋੜ ਹੈ ਤਾਂ ਜੋ ਪੰਜਾਬ ਦੇ ਬੱਚਿਆਂ ਦੇ ਫਿਊਚਰ ਨਾਲ ਖਿਲਵਾੜ ਕਰਨ ਤੋਂ ਰੋਕਿਆ ਜਾਵੇ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਰਕਾਰੀ ਸਕੂਲਾਂ ਦੀਆਂ ਬਿਲਡਿੰਗਾਂ ਦਾ ਜੇ ਪ੍ਰਾਈਵੇਟ ਸਕੂਲਾਂ ਦੀਆਂ ਬਿਲਡਿੰਗਾਂ ਨਾਲ ਕੰਪੈਰੀਜ਼ਨ ਕਰੀਏ ਤਾਂ ਪ੍ਰਾਈਵੇਟ ਸਕੂਲਾਂ ਦਾ ਹਾਲ ਬਹੁਤ ਚੰਗਾ ਹੈ। ਸਰਕਾਰੀ ਸਕੂਲਾਂ ਵਿੱਚ ਨਾ ਲੋੜੀਂਦਾ ਫਰਨੀਚਰ ਹੈ, ਨਾ ਬਿਜਲੀ ਹੈ, ਨਾ ਪੀਣ ਦਾ ਪਾਣੀ ਹੈ। ਇਹ ਸਾਰੀਆਂ ਫੈਸਲਿਟੀਜ਼ ਸਰਕਾਰੀ ਸਕੂਲਾਂ ਵਿੱਚ ਨਹੀਂ ਹਨ। ਇੱਕ ਟਾਇਲਟਸ ਦੀ ਬਹੁਤ ਘਾਟ ਹੈ। ਕੁਝ ਪੈਸਾ ਸਰਬ ਸਿੱਖਿਆ ਅਭਿਆਨ ਵਿੱਚ ਵੰਡਿਆ ਗਿਆ ਹੈ ਪਰ ਇਹ ਕਾਫੀ ਨਹੀਂ ਹੈ। ਜੋ ਵੀ ਮਿਲਿਆ ਹੈ, ਉਸ ਨੂੰ ਯਕੀਨੀ ਬਣਾਉਣ ਲਈ ਲੋੜ ਹੈ ਕਿ ਪੂਰਾ ਪੈਸਾ ਸਹੀ ਤਰੀਕੇ ਨਾਲ ਲੱਗ ਜਾਵੇ, ਇਸ ਦੀ ਖਾਸ ਜਰੂਰਤ ਹੈ। ਜੋ ਮੰਗ ਇਥੇ ਸਕੂਲਾਂ ਵਾਸਤੇ ਰੱਖੀ ਗਈ ਹੈ, ਮੈਂ ਸਮਝਦੀ ਹਾਂ ਕਿ ਇਹ ਕਾਫੀ ਨਹੀਂ ਹੈ, ਕਿਉਂਕਿ ਸਾਡੇ ਸਕੂਲਾਂ ਦੀ ਬਹੁਤ ਹੀ ਮਾੜੀ ਹਾਲਤ ਹੈ। ਸਕੂਲਾਂ ਵਾਸਤੇ ਹੋਰ ਗਰਾਂਟਾਂ ਮਿਲਣ ਅਤੇ ਫਿਰ ਉਨ੍ਹਾਂ ਨੂੰ ਸੁਚੱਜੇ ਢੰਗ ਨਾਲ ਲਗਾਏ ਜਾਣ ਦੀ ਲੋੜ ਹੈ। ਜਿਥੇ ਅਸੀਂ ਫੀਮੇਲ ਫੋਟੀਸਾਈਡ ਦੀ ਗੱਲ ਕਰਦੇ ਹਾਂ, ਉਥੇ ਸਮੇਂ ਦੀ ਸਭ ਤੋਂ ਜ਼ਿਆਦਾ ਮੰਗ ਫੀਮੇਲ ਐਜੂਕੇਸ਼ਨ ਦੀ ਹੈ। ਇਸ ਤੇ ਵੱਧ ਤੋਂ ਵੱਧ ਜ਼ੋਰ ਦਿੱਤਾ ਜਾਵੇ। ਮੇਰਾ ਸੁਝਾਓ ਹੈ ਕਿ ਲੜਕੀਆਂ ਵਾਸਤੇ ਸਕੂਲ ਸਿੱਖਿਆ ਬਿਲਕੁਲ ਫਰੀ ਕਰ ਦੇਣੀ ਚਾਹੀਦੀ ਹੈ। ਸਰਕਾਰੀ ਸਕੂਲਾਂ ਵਿਚ ਅਜਿਹੀਆਂ ਸਹੂਲਤਾਂ ਦਿੱਤੀਆਂ ਜਾਣ ਤਾਂ ਕਿ ਸਕੂਲਾਂ ਦਾ ਜਿਹੜਾ ਡਰਾਪ ਆਊਟ ਰੇਟ ਹੈ, ਜੋ ਵਿਸ਼ੇਸ਼ ਰੂਪ ਵਿਚ ਬਾਰਡਰ ਏਰੀਏ ਵਿਚ ਬਹੁਤ ਜ਼ਿਆਦਾ ਹੈ, ਉਸ ਨੂੰ ਘੱਟ ਕੀਤਾ ਜਾਵੇ। ਇਹੀ ਹਾਲਤ ਸਾਡੀਆਂ ਸਰਕਾਰੀ ਡਿਸਪੈਂਸਰੀਆਂ ਅਤੇ ਪ੍ਰਾਇਮਰੀ ਹੈਲਥ ਸੈਂਟਰਾਂ ਦੀ ਹੈ। ਡਾਕਟਰ ਅਤੇ ਪੈਰਾ ਮੈਡੀਕਲ ਸਟਾਫ ਸਮੇਂ ਸਿਰ ਆਪਣੀ ਡਿਊਟੀ ਤੇ ਨਹੀਂ ਜਾਂਦੇ। ਪਿਛਲੇ ਦਿਨਾਂ ਵਿਚ ਮੁੱਖ

Original with;
Punjab Vidhan Sabha
Digitized by;
Panjab Digital Library

ਮੰਤਰੀ ਦੀਆਂ ਹਦਾਇਤਾਂ ਦੇ ਮੁਤਾਬਿਕ ਸਕੂਲ ਅਤੇ ਹਸਪਤਾਲ ਵਿਜੀਲੈਂਸ ਵਿਭਾਗ ਦੁਆਰਾ ਚੈੱਕ ਕੀਤੇ ਗਏ ਸਨ, ਜਿਸ ਨਾਲ ਹੈਲਥ ਸਟਾਫ਼ ਅਤੇ ਟੀਚਰਾਂ ਦੀ ਹਾਜ਼ਰੀ ਵਿੱਚ ਕੁਝ ਸੁਧਾਰ ਹੋਇਆ ਸੀ ਪਰ ਇਹੋ ਜਿਹੀ ਚੈਕਿੰਗ ਦੀ ਲਗਾਤਾਰ ਮੋਨੀਟਰਿੰਗ ਦੀ ਲੋੜ ਹੈ, ਖਾਸ ਤੌਰ ਤੇ ਬਾਰਡਰ ਏਰੀਏ ਦੇ ਵਿਚ। ਮੈਂ ਇਸ ਗੱਲ ਤੇ ਫਿਰ ਸਟਰੈਸ ਕਰਨਾ ਚਾਹਾਂਗੀ, ਡਿਪਟੀ ਸਪੀਕਰ ਸਾਹਿਬ, ਕਿ ਅੱਜ ਹਿੰਦੁਸਤਾਨ ਨੂੰ ਆਜ਼ਾਦ ਹੋਇਆਂ ਨੂੰ 52 ਸਾਲ ਹੋ ਚੁੱਕੇ ਹਨ ਪਰ ਅੱਜ ਵੀ ਮੈਂ ਤੁਹਾਨੂੰ ਐਗਜ਼ਾਂਪਲ ਦੇਣੀ ਚਾਹਾਂਗੀ ਕਿ ਮੇਰੇ ਹਲਕੇ ਦੀਨਾ ਨਗਰ ਵਿਚ ਅੱਜ ਵੀ ਅਜਿਹੇ ਪਿੰਡ ਹਨ ਜਿਹੜੇ ਇੰਡੋ-ਪਾਕਿ ਬਾਰਡਰ ਦੇ ਨਾਲ ਲਗਦੇ ਹਨ। ਉਨ੍ਹਾਂ ਦੇ ਅੱਗੇ ਰਾਵੀ ਦਰਿਆ ਪੈਂਦਾ ਹੈ। ਜਦ ਹਿੰਦੁਸਤਾਨ-ਪਾਕਿਸਤਾਨ ਦੀ ਲੜਾਈ ਹੁੰਦੀ ਹੈ ਤਾਂ ਗੋਲੀਆਂ ਵੀ ਉਹ ਖਾਂਦੇ ਹਨ ਅਤੇ ਉਨ੍ਹਾਂ ਨੂੰ ਆਪਣਾ ਪੂਰਾ ਮਾਲ ਅਤੇ ਸਮਾਨ ਲੈ ਕੇ ਰਾਵੀ ਦਰਿਆ ਪਾਰ ਕਰਕੇ ਕੈਂਪਾਂ ਵਿੱਚ ਰਹਿਣਾ ਪੈਂਦਾ ਹੈ। ਨਾਲ ਹੀ ਜਦੋਂ ਹੜ੍ਹਾਂ ਦਾ ਮੌਸਮ ਆਉਂਦਾ ਹੈ ਅਤੇ ਜਦੋਂ ਹੜ੍ਹ ਆਉਂਦੇ ਹਨ ਤਾਂ ਉਸ ਦਰਿਆ ਨੂੰ ਪਾਰ ਕਰਨਾ ਬਹੁਤ ਹੀ ਖਤਰਨਾਕ ਹੁੰਦਾ ਹੈ। ਇਸ ਦੇ ਨਾਲ ਬਹੁਤ ਜ਼ਿਆਦਾ ਨੁਕਸਾਨ ਹੁੰਦਾ ਹੈ ਅਤੇ ਉਨ੍ਹਾਂ ਪਿੰਡਾਂ ਦਾ ਡਿਸਟ੍ਰਿਕਟ ਹੈਡ-ਕੁਆਟਰ ਦੇ ਨਾਲ ਬਿਲਕੁਲ ਵੀ ਸੰਪਰਕ ਨਹੀਂ ਰਹਿੰਦਾ। ਅਜ ਤੱਕ ਇਸ ਰਾਵੀ ਦਰਿਆ ਦੇ ਉਪਰ ਕੋਈ ਵੀ ਪੁਲ ਨਹੀਂ ਬਣਾਇਆ ਗਿਆ ਹੈ, ਚਾਹੇ ਇਸ ਦੇ ਉਤੇ ਕੋਈ ਟੈਂਪਰੇਰੀ ਪੁਲ ਹੀ ਬਣਾਇਆ ਜਾਵੇ ਔਰ ਇਹ ਉਥੋਂ ਦੇ ਪਿੰਡਾਂ ਦੇ ਲੋਕਾਂ ਦੀ ਬੜੀ ਦੇਰ ਤੋਂ ਡਿਮਾਂਡ ਵੀ ਹੈ ਕਿ ਇਸ ਦਰਿਆ ਦੇ ਉਤੇ ਪੁਲ ਬਣਾਇਆ ਜਾਣਾ ਚਾਹੀਦਾ ਹੈ। ਉਥੇ ਨਾ ਹੀ ਕੋਈ ਪ੍ਰਾਪਰ ਸੜਕ ਹੈ ਔਰ ਇਨ੍ਹਾਂ ਪਿੰਡਾਂ ਦੇ ਵਿੱਚ, ਇਨ੍ਹਾਂ ਜਗ੍ਹਾ ਦੇ ਉਤੇ ਕੋਈ ਟੀਚਰ ਨਹੀਂ ਜਾਣਾ ਚਾਹੁੰਦਾ ਹੈ ਤੇ ਨਾ ਹੀ ਕੋਈ ਡਾਕਟਰ ਜਾਣ ਨੂੰ ਰਾਜ਼ੀ ਹੁੰਦਾ ਹੈ। ਹਾਂ ਕਾਗਜ਼ਾਂ ਦੇ ਵਿਚ ਇਨ੍ਹਾਂ ਸਾਰਿਆਂ ਦੀਆਂ ਡਿਊਟੀਆਂ ਜ਼ਰੂਰ ਲਗੀਆਂ ਹੋਈਆਂ ਹਨ ਲੇਕਿਨ ਅਸਲੀਅਤ ਇਹ ਹੈ ਕਿ ਉਥੇ ਕੋਈ ਵੀ ਨਹੀਂ ਜਾਂਦਾ ਹੈ। ਜੇਕਰ ਰਾਤ ਵੇਲੇ ਕੋਈ ਬਿਮਾਰ ਹੋ ਜਾਵੇ ਜਾਂ ਕੋਈ ਐਮਰਜੈਂਸੀ ਆ ਜਾਵੇ ਤਾਂ ਕੋਈ ਵੀ ਉਥੇ ਇਸ ਤਰ੍ਹਾਂ ਦਾ ਪ੍ਰਬੰਧ ਨਹੀਂ ਹੈ ਕਿ ਮਰੀਜ਼ ਨੂੰ ਡਾਕਟਰੀ ਸਹੂਲਤ ਮਿਲ ਸਕੇ। ਇਸ ਕਰਕੇ ਮਰੀਜ਼ ਦਾ ਵੀ ਬਹੁਤ ਨੁਕਸਾਨ ਹੋ ਜਾਂਦਾ ਹੈ ਕਿਉਂਕਿ ਇਲੈਕਸ਼ਨਾਂ ਦੇ ਦੌਰਾਨ ਮੈਂ ਆਪ ਹੀ ਟਰੈਕਟਰਾਂ ਦੇ ਰਾਹੀਂ ਉਹ ਦਰਿਆ ਪਾਰ ਕਰਕੇ ਇਨ੍ਹਾਂ ਪਿੰਡਾਂ ਤਕ ਪਹੁੰਚੀ ਸੀ। ਸੋ, ਇਹ ਬੜੀ ਹੀ ਅਫਸੋਸਨਾਕ ਗੱਲ ਹੈ। ਇਸ ਦੇ ਬਾਰੇ ਮੈਂ ਸਰਕਾਰ ਨੂੰ ਜ਼ਰੂਰ ਕਹਿਣਾ ਚਾਹਾਂਗੀ ਕਿ ਇਸ ਦੇ ਉਤੇ ਜ਼ਰੂਰ ਧਿਆਨ ਰੱਖਿਆ ਜਾਵੇ। ਇੱਕ ਮੇਰਾ ਹੋਰ ਸੁਝਾਅ ਹੈ ਕਿ ਜੋ ਡਾਕਟਰਾਂ ਔਰ ਟੀਚਰਾਂ ਦੀ ਹਾਜ਼ਰੀ ਚੈਕ ਕਰਨ ਦੀ ਫੁੱਲ ਅਥਾਰਿਟੀ ਸਬੰਧਿਤ ਪੰਚਾਇਤਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ ਜਿਹੜੀ ਕਿ ਇਸ ਦੀ ਕਲੋਜ਼ ਮੋਨੀਟਰਿੰਗ ਕਰ ਸਕਦੇ ਹਨ ਔਰ ਇਸ ਦੇ ਉਤੇ ਪੂਰਾ ਕੰਟਰੋਲ ਕਰ ਸਕਦੇ ਹਨ ਕਿਉਂਕਿ ਸੰਵਿਧਾਨ ਦੀ 73ਵੀਂ ਔਰ 74ਵੀਂ ਸੰਵਿਧਾਨਿਕ ਅਮੈਂਡਮੈਂਟ ਜੋ ਹੈ ਉਹ ਇਸੇ ਮਕਸਦ ਦੇ ਵਾਸਤੇ ਹੈ। ਇਸ ਦੇ ਨਾਲ ਐਜੂਕੇਸ਼ਨ ਦੇ ਸਟੈਂਡਰਡ ਵਿੱਚ ਬਹੁਤ ਸੁਧਾਰ, ਔਰ ਇਨ੍ਹਾਂ ਦੀਆਂ ਸਹੂਲਤਾਂ ਵਿੱਚ ਕਾਫੀ ਸੁਧਾਰ ਆ ਸਕਦਾ ਹੈ ਲੇਕਿਨ ਅੱਜ ਵੀ ਬਹੁਤ ਕੁਝ ਕਰਨ ਦੀ ਹਾਲੇਂ ਲੋੜ ਹੈ। ਮੈਂ ਖਾਸ ਤੌਰ ਤੇ ਵਾਰ-ਵਾਰ ਇਹੀ ਕਹਾਂਗੀ ਕਿ ਜਿਹੜਾ ਬਾਰਡਰ ਦਾ ਏਰੀਆ ਹੈ ਉਸ ਦੇ ਵੱਲ ਖਾਸ ਤੌਰ ਤੇ ਧਿਆਨ ਦੇਣ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ। ਸੋ, ਇਨ੍ਹਾਂ ਗੱਲਾਂ ਵੱਲ ਸਰਕਾਰ ਧਿਆਨ ਦੇਵੇ ਔਰ ਮੈਨੂੰ ਉਮੀਦ ਹੈ ਕਿ ਸਰਕਾਰ ਇਨ੍ਹਾਂ ਗੱਲਾਂ ਦੇ ਵਲ ਧਿਆਨ ਜ਼ਰੂਰ ਦੇਵੇਗੀ। ਇੰਨਾ ਕਹਿੰਦੀ ਹੋਈ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦੀ ਹਾਂ।

Original with;
Punjab Vidhan Sabha
Digitized by;

**ਡਾਕਟਰ ਰਤਨ ਸਿੰਘ (ਅਜਨਾਲਾ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਨ੍ਹਾਂ ਡਿਮਾਂਡਜ਼ ਦੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਮੇਰੇ ਬਹੁਤ ਹੀ ਸਤਿਕਾਰਯੋਗ ਸਾਥੀ ਇਸ ਗਲ ਦੀ ਚਿੰਤਾ ਮਹਿਸੂਸ ਕਰ ਰਹੇ ਸਨ ਕਿ ਪੰਜਾਬ ਦਾ ਐਜੂਕੇਸ਼ਨ ਦਾ ਜਿਹੜਾ ਸਿਸਟਮ ਹੈ ਉਸ ਦੇ ਵਿਚ ਦਿਨ ਪ੍ਰਤੀ ਦਿਨ ਗਿਰਾਵਟ ਆ ਰਹੀ ਹੈ ਔਰ ਬਾਕੀ ਸਾਰੇ ਮੈਂਬਰਾਂ ਵਲੋਂ ਇਸ ਨੂੰ ਠੀਕ ਕਰਨ ਦੇ ਲਈ ਆਪਣੇ-ਆਪਣੇ ਸੁਝਾਅ ਵੀ ਦਿੱਤੇ ਗਏ ਹਨ। ਮੇਰੇ ਤੋਂ ਪਹਿਲਾਂ ਜਥੇਦਾਰ ਤੋਤਾ ਸਿੰਘ ਜੀ ਨੇ, ਸ਼੍ਰੀ ਕੇ.ਪੀ. ਰਾਣਾ ਜੀ ਨੇ ਔਰ ਮੇਰੀ ਭੈਣ ਜੀ ਨੇ ਵੀ ਇਸੇ ਗੱਲ ਦੇ ਉਤੇ ਮੇਨ ਸਟਰੈਸ ਦਿੱਤਾ ਹੈ ਕਿ ਐਜੂਕੇਸ਼ਨ ਦਾ ਸਿਸਟਮ ਠੀਕ ਹੋਣਾ ਚਾਹੀਦਾ ਹੈ। ਮੈਂ ਇਸ ਗੱਲ ਦੇ ਨਾਲ ਬਿਲਕੁਲ ਸਹਿਮਤ ਹਾਂ ਕਿ ਜਿਸ ਸੂਬੇ ਦੇ ਵਿਚ ਵਿਦਿਆ ਚੰਗੀ ਨਹੀਂ ਹੋਵੇਗੀ, ਉਹ ਸੂਬਾ ਤਰੱਕੀ ਨਹੀਂ ਕਰ ਸਕਦਾ। ਵਿਦਿਆ ਚੰਗੀ ਨਾ ਹੋਣ ਦਾ ਕਾਰਨ ਕੀ ਹੈ ? ਸਭ ਤੋਂ ਵਡਾ ਕਾਰਨ ਇਹ ਹੈ ਕਿ ਜਿਹੜੇ ਲੋਕ ਪਿੰਡਾਂ ਦੇ ਵਿਚ ਵਸਦੇ ਹਨ, ਆਪਾਂ ਹਮੇਸ਼ਾਂ ਇਹ ਹੀ ਗੱਲ ਕੀਤੀ ਹੈ ਕਿ ਜਦੋਂ ਤੱਕ ਪਿੰਡਾਂ ਦੀ ਡਿਵੈਲਪਮੈਂਟ ਨਹੀਂ ਹੁੰਦੀ ਉਦੋਂ ਤੱਕ ਮੁਲਕ ਡਿਵੈਲਪ ਨਹੀਂ ਹੋ ਸਕਦਾ। ਨਾਅਰੇ ਅਸੀਂ ਹੋਰ ਦਿੰਦੇ ਹਾਂ ਪਰ ਪ੍ਰੈਕਟੀਕਲ ਤੌਰ ਤੇ ਅਸੀਂ ਹੋਰ ਹੀ ਕੁਝ ਕਰਦੇ ਹਾਂ। ਮੇਰੇ ਸਾਥੀ ਵੀਰਾਂ ਨੇ ਵੀ ਬਿਲਕੁਲ ਠੀਕ ਦੱਸਿਆ ਹੈ ਕਿ ਜਿੰਨੇ ਵੀ ਅਸੀਂ ਸਾਥੀ ਬੈਠੇ ਹਾਂ ਉਨ੍ਹਾਂ ਦਾ ਇੱਕ ਵੀ ਬੱਚਾ ਗੌਰਮਿੰਟ ਸਕੂਲ ਦੇ ਵਿਚ ਪੜ੍ਹ ਨਹੀਂ ਰਿਹਾ ਹੋਵੇਗਾ। ਜਿਹੜੇ ਅਮੀਰ ਬੰਦੇ ਹਨ ਕਿਸੇ ਦਾ ਵੀ ਬੱਚਾ ਗੌਰਮਿੰਟ ਸਕੂਲ ਦੇ ਵਿੱਚ ਪੜ੍ਹਦਾ ਨਹੀਂ ਹੈ, ਸਭ ਦੇ ਬੱਚੇ ਅੰਗਰੇਜ਼ੀ ਸਕੂਲਾਂ ਦੇ ਵਿਚ ਪੜ੍ਹਦੇ ਹਨ। ਪਰ ਹਮੇਸ਼ਾ ਇਹੀ ਕਹਿੰਦੇ ਹਨ ਕਿ ਜੋ ਪੰਜਾਬ ਦਾ ਐਜੂਕੇਸ਼ਨ ਦਾ ਸਿਸਟਮ ਹੈ ਉਸ ਨੂੰ ਇੰਪਰੂਵ ਕਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ ਹੈ। ਜਿਹੜੇ ਸਰਕਾਰੀ ਸਕੂਲਾਂ ਦੇ ਵਿਚ ਟੀਚਰ ਵੀ ਪੜ੍ਹਾਉਂਦੇ ਹਨ ਉਨ੍ਹਾਂ ਦੇ ਆਪਣੇ ਬੱਚੇ ਵੀ ਸਰਕਾਰੀ ਸਕੂਲਾਂ ਦੀ ਬਜਾਏ ਪ੍ਰਾਈਵੇਟ ਸਕੂਲਾਂ ਦੇ ਵਿਚ ਪੜ੍ਹਦੇ ਹਨ। ਸੋ, ਇਹ ਹਾਲਤ ਇਥੋਂ ਤੱਕ ਨਿਘਰ ਚੁੱਕੀ ਹੈ। ਪੰਜਾਬ ਦੇ ਪ੍ਰਾਇਮਰੀ ਸਕੂਲਾਂ ਦਾ ਜੋ ਐਜੂਕੇਸ਼ਨ ਸਿਸਟਮ ਹੈ, ਸਰਦਾਰ ਤੋਤਾ ਸਿੰਘ ਬੈਠੇ ਹਨ, ਇਹ ਗੁੱਸਾ ਨਾ ਕਰਨ ਔਰ ਬਹਿਲ ਸਾਹਿਬ ਵੀ ਬੈਠੇ ਹਨ। ਪ੍ਰਾਇਮਰੀ ਦਾ ਜਿਹੜਾ ਐਜੂਕੇਸ਼ਨ ਦਾ ਸਿਸਟਮ ਹੈ ਉਹ ਪੰਜਾਬ ਦੇ ਵਿਚ ਬਿਲਕੁਲ ਖ਼ਤਮ ਹੋ ਰਿਹਾ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਐਲੀਮੈਂਟਰੀ ਸਿਸਟਮ ਜੋ ਸ਼ੁਰੂ ਕੀਤਾ ਗਿਆ ਹੈ, ਇਸ ਵਿੱਚ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਨਾਲ ਐਜੂਕੇਸ਼ਨ ਦਾ ਕੁਝ ਸੁਧਾਰ ਹੋਵੇਗਾ ਪਰ ਸਰਕਾਰ ਕਹਿੰਦੀ ਹੈ ਕਿ ਸਾਡੇ ਕੋਲ ਪੈਸੇ ਨਹੀਂ ਹਨ ਔਰ ਸੈਂਟਰ ਸਰਕਾਰ ਨੇ ਐਲੀਮੈਂਟਰੀ ਐਜੂਕੇਸ਼ਨ ਲਈ ਪੈਸੇ ਭੇਜ ਦਿੱਤੇ ਹਨ। ਮੈਂ ਕਹਿੰਦਾ ਹਾਂ ਕਿ ਪੈਸੇ ਨਾਲ ਐਜੂਕੇਸ਼ਨ ਨਹੀਂ ਚਲਦੀ, ਪੈਸੇ ਨਾਲ ਐਜੂਕੇਸ਼ਨ ਇੰਪਰੂਵ ਨਹੀਂ ਹੁੰਦੀ ਜਦ ਤੱਕ ਸਾਡੇ ਪੜ੍ਹਾਉਣ ਵਾਲੇ ਟੀਚਰ ਤਨਦੇਹੀ ਨਾਲ ਬੱਚਿਆਂ ਨੂੰ ਨਾ ਪੜ੍ਹਾਉਣ। ਬਹੁਤ ਸਾਰੇ ਸਕੂਲਾਂ ਵਿੱਚ ਪੋਸਟਾਂ ਖਾਲੀ ਪਈਆਂ ਹਨ। ਜਥੇਦਾਰ ਤੋਤਾ ਸਿੰਘ ਨੇ ਸ਼ਹਿਰਾਂ ਤੋਂ ਟੀਚਰ ਚੁੱਕ ਕੇ ਪਿੰਡਾਂ ਵਿੱਚ ਭੇਜ ਦਿੱਤੇ ਸਨ ਤਾਂ ਕਿ ਪਿੰਡਾਂ ਦੇ ਸਕੂਲਾਂ ਵਿੱਚ ਇੰਪਰੂਵਮੈਂਟ ਹੋ ਸਕੇ ਪਰ ਹੁਣ ਦੀ ਸਰਕਾਰ ਨੇ ਆ ਕੇ ਪਿਛਲੇ ਸਾਲ ਫਿਰ ਪਿੰਡਾਂ ਦੇ ਟੀਚਰਾਂ ਨੂੰ ਸ਼ਹਿਰਾਂ ਵਿੱਚ ਤਬਦੀਲ ਕਰ ਦਿੱਤਾ ਹੈ। ਬਹਿਲ ਸਾਹਿਬ, ਇਸ ਤਰ੍ਹਾਂ ਐਜੂਕੇਸ਼ਨ ਵਿੱਚ ਇੰਪਰੂਵਮੈਂਟ ਨਹੀਂ ਹੋ ਸਕਦੀ। ਬਹਿਲ ਸਾਹਿਬ, ਤੁਸੀਂ ਪੁਰਾਣੇ ਤਜਰਬੇਕਾਰ ਤੇ ਸਿਆਣੇ ਹੋ। ਜਦ ਤੱਕ ਪਿੰਡਾਂ ਦੇ ਸਕੂਲਾਂ ਵਿਚ ਟੀਚਰ ਨਹੀਂ ਲਗਾਉਂਦੇ, ਉਤਨੀ ਦੇਰ ਤੱਕ ਪਿੰਡਾਂ ਦੇ ਸਕੂਲਾਂ ਵਿਚ ਐਜੂਕੇਸ਼ਨ ਇੰਪਰੂਵ ਨਹੀਂ ਹੋ ਸਕਦੀ। ਤੁਸੀਂ ਬੇਸ਼ਕ ਇਸ ਹਾਊਸ ਦੀ ਕਮੇਟੀ ਬਣਾ ਦਿਓ। ਬਾਰਡਰ ਏਰੀਏ ਦੇ ਸਕੂਲਾਂ ਨੂੰ ਅਸੀਂ ਚੈਕ ਕਰ ਲੈਂਦੇ ਹਾਂ, ਉਹ 50% ਸਕੂਲ ਬੰਦ ਪਏ ਹਨ। ਉਥੇ ਕੋਈ ਟੀਚਰ ਨਹੀਂ ਤੇ ਇਸ ਨਾਲ ਪੜ੍ਹਾਈ ਕਿਵੇਂ ਹੋਵੇਗੀ। ਅਸੀਂ ਜਿਹੜੀ ਐਲੀਮੈਂਟਰੀ

Original with;
Punjab Vidhan Sabha
Digitized by;

ਸਿੱਖਿਆ ਦੀ ਗੱਲ ਕਰ ਰਹੇ ਹਾਂ, ਇਸ ਨਾਲ ਜਿਹੜਾ ਸੈਂਟਰ ਗੌਰਮਿੰਟ ਤੋਂ ਪੈਸਾ ਆਇਆ ਹੈ, ਇਹ ਠੀਕ ਹੈ ਕਿ ਉਸ ਨਾਲ ਤੁਸੀਂ ਸਕੂਲਾਂ ਵਿੱਚ ਪਾਣੀ ਦੀ ਪ੍ਰੋਵੀਜ਼ਨ ਕਰ ਲਓਗੇ, ਸਕੂਲਾਂ ਵਿਚ ਬਿਲਡਿੰਗ ਦੀ ਪ੍ਰੋਵੀਜ਼ਨ ਕਰ ਲਓਗੇ, ਚਾਰ ਦੀਵਾਰੀ ਬਣਾ ਲਓਗੇ ਪਰ ਜਦ ਤੱਕ ਤੁਸੀਂ ਪਿੰਡਾਂ ਦੇ ਸਕੂਲਾਂ ਵਿੱਚ ਟੀਚਰ ਨਹੀਂ ਭੇਜਦੇ ਤੇ ਟੀਚਰਾਂ ਦੀ ਭਰਤੀ ਨਹੀਂ ਕਰਦੇ ਉਤਨੀ ਦੇਰ ਤੱਕ ਉਥੇ ਅੱਛੇ ਰਿਜ਼ਲਟਸ ਨਹੀਂ ਆ ਸਕਦੇ। ਇਹ ਠੀਕ ਹੈ ਕਿ ਪਿਛਲੀ ਬਾਦਲ ਸਾਹਿਬ ਦੀ ਸਰਕਾਰ ਨੇ ਪਿੰਡਾਂ ਦੇ ਸਕੂਲਾਂ ਵਿੱਚ ਸ਼ਹਿਰਾਂ ਦੇ ਟੀਚਰ ਲਗਾ ਕੇ ਸਿਸਟਮ ਨੂੰ ਠੀਕ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਇਸ ਵਿਚ ਹਾਈ ਕੋਰਟ ਦੀ ਦਖਲ ਅੰਦਾਜ਼ੀ ਹੋ ਗਈ ਜਿਸ ਕਰਕੇ ਇਹ ਸਿਸਟਮ ਸਿਰੇ ਨਹੀਂ ਚੜ੍ਹਿਆ। ਮੈਂ ਕਹਿੰਦਾ ਹਾਂ ਬੇਸ਼ਕ ਤੁਸੀਂ ਇਸ ਸਿਸਟਮ ਨੂੰ ਠੀਕ ਕਰਨ ਲਈ ਕੋਈ ਕਾਨੂੰਨ ਅਸੈਂਬਲੀ ਵਿੱਚ ਪਾਸ ਕਰਵਾ ਲਓ ਤਾਂ ਕਿ ਪਿੰਡਾਂ ਦੇ ਸਕੂਲਾਂ ਵਿੱਚ ਬਚਿਆਂ ਨੂੰ ਅੱਛੇ ਟੀਚਰ ਮਿਲ ਸਕਣ ਤੇ ਉਨ੍ਹਾਂ ਦੀ ਅੱਛੀ ਪੜ੍ਹਾਈ ਹੋ ਸਕੇ। ਇਸ ਨਾਲ ਐਜੂਕੇਸ਼ਨ ਸਿਸਟਮ ਵਿੱਚ ਇੰਪਰੂਵਮੈਂਟ ਹੋ ਸਕਦੀ ਹੈ। ਕੇਵਲ ਸੈਂਟਰ ਗੌਰਮਿੰਟ ਤੋਂ ਪੈਸੇ ਆ ਜਾਣ ਨਾਲ ਇੰਪਰੂਵਮੈਂਟ ਨਹੀਂ ਹੋ ਸਕਦੀ।

ਅਗਲੀ ਗੱਲ ਮੈਂ ਨਕਲ ਬਾਰੇ ਕਰਨੀ ਚਾਹੁੰਦਾ ਹੈ। ਨਕਲ ਨੇ ਸਾਰੇ ਐਜੂਕੇਸ਼ਨ ਸਿਸਟਮ ਨੂੰ ਖਰਾਬ ਕਰ ਦਿੱਤਾ ਹੈ। ਮੈਂ ਕੇ.ਪੀ. ਸਾਹਿਬ ਨਾਲ ਸਹਿਮਤ ਹਾਂ ਕਿ ਇਹ ਜਿਹੜਾ ਐਗਜ਼ਾਮੀਨੇਸ਼ਨ ਸਿਸਟਮ ਹੈ, ਇਸ ਨੂੰ ਗਰੇਡੇਸ਼ਨ ਸਿਸਟਮ ਵਿੱਚ ਤਬਦੀਲ ਕਰਨ ਦੀ ਲੋੜ ਹੈ। ਇਸ ਨਕਲ ਦੇ ਸਿਸਟਮ ਨੂੰ ਰੋਕਣ ਲਈ ਤੋਤਾ ਸਿੰਘ ਹੋਰਾਂ ਨੇ ਪੰਜ ਰੰਗਾਂ ਦੇ ਪੇਪਰ ਛਾਪ ਕੇ ਇਮਤਿਹਾਨ ਕਰਵਾਏ ਸਨ, ਪੁਲਿਸ ਦੀ ਨਿਗਰਾਨੀ ਸੈਂਟਰਾਂ ਵਿੱਚ ਸਖ਼ਤਾਈ ਕਰਵਾ ਦਿੱਤੀ ਸੀ ਪਰ ਪੁਲਿਸ ਵਾਲੇ ਵੀ ਉਸ ਏਰੀਏ ਦੇ ਸਨ ਜਿੱਥੇ ਬੱਚਿਆਂ ਨੇ ਨਕਲ ਮਾਰਨੀ ਸੀ। ਇਸ ਲਈ ਪੁਲਿਸ ਵਾਲੇ ਵੀ ਨਕਲ ਕਰਨ ਵਾਲਿਆਂ ਦੀ ਮਦਦ ਕਰਨ ਲੱਗ ਪਏ। ਮੇਰੇ ਕੋਲ ਕੱਲ੍ਹ ਇੱਕ ਬੱਚਾ ਆਇਆ ਤੇ ਕਹਿਣ ਲੱਗਾ ਕਿ ਮੇਰੀ ਪੱਗ ਐਗਜ਼ਾਮੀਨੇਸ਼ਨ ਸੈਂਟਰ ਵਿੱਚ ਲਾਹ ਦਿੱਤੀ ਹੈ। ਮੈਂ ਉਸ ਨੂੰ ਪੁੱਛਿਆ ਕਿ ਇਸ ਤਰ੍ਹਾਂ ਕਿਉਂ ਹੋਇਆ ? ਉਹ ਕਹਿਣ ਲੱਗਾ ਕਿ ਮੈਂ ਪਰਚੀਆਂ ਭੇਜ ਰਿਹਾ ਸੀ ਪਰ ਪੁਲਿਸ ਵਾਲਿਆਂ ਨੇ ਮੈਨੂੰ ਪਕੜ ਲਿਆ ਤੇ ਮੇਰੀ ਕੁਟਾਈ ਕੀਤੀ। ਇਸ ਤਰ੍ਹਾਂ ਦੀਆਂ ਗੱਲਾਂ ਸਾਹਮਣੇ ਆ ਰਹੀਆਂ ਹਨ। ਇਨ੍ਹਾਂ ਲਈ ਸਰਕਾਰ ਵੱਲੋਂ ਕੁਝ ਨਾ ਕੁਝ ਕਰਨਾ ਚਾਹੀਦਾ ਹੈ ਤੇ ਮਾਰਕਿੰਗ ਸਿਸਟਮ ਨੂੰ ਬਦਲ ਕੇ ਗਰੇਡੇਸ਼ਨ ਸਿਸਟਮ ਵਿੱਚ ਤਬਦੀਲ ਕਰਨਾ ਚਾਹੀਦਾ ਹੈ ਤਾਂ ਕਿ ਨਕਲ ਦੀ ਬਿਮਾਰੀ ਨੂੰ ਰੋਕਿਆ ਜਾ ਸਕੇ। ਇਸ ਨਾਲ ਹੀ ਸਾਡੀ ਆਉਣ ਵਾਲੀ ਪਨੀਰੀ ਨਕਲ ਤੋਂ ਬਚ ਸਕੇਗੀ। ਇਸ ਨਾਲ ਹੀ ਐਜੂਕੇਸ਼ਨ ਸਿਸਟਮ ਵਿੱਚ ਇੰਪਰੂਵਮੈਂਟ ਹੋ ਸਕੇਗੀ। ਸਾਡੇ ਜਿਹੜੇ ਬੱਚੇ ਹਨ, ਉਹ ਦਸਵੀਂ, +2 ਕਰਕੇ ਜਦੋਂ ਬਾਹਰ ਨਿਕਲਦੇ ਹਨ ਤਾਂ ਉਹ ਕੰਪੀਟੀਸ਼ਨਾਂ ਵਿੱਚ ਕੰਪੀਟ ਨਹੀਂ ਕਰ ਸਕਦੇ ਕਿਉਂਕਿ ਪਿੰਡਾਂ ਵਿੱਚ ਐਜੂਕੇਸ਼ਨ ਸਿਸਟਮ ਇੰਪਰੂਵਡ ਨਹੀਂ ਹੈ। ਅੱਜ ਕਲ੍ਹ ਕੰਪੀਟੀਸ਼ਨ ਦਾ ਜ਼ਮਾਨਾ ਹੈ, ਸ਼ਹਿਰਾਂ ਵਿੱਚ ਪੜ੍ਹਾਈਆਂ ਠੀਕ ਹਨ ਜਦ ਕਿ ਪਿੰਡਾਂ ਵਿੱਚ ਸਿਸਟਮ ਵੀਕ ਹੈ। ਇਸ ਲਈ ਪਿੰਡਾਂ ਦੇ ਬੱਚਿਆਂ ਲਈ ਕੰਪੀਟੀਸ਼ਨ ਵਿੱਚ ਰਿਜ਼ਰਵੇਸ਼ਨ ਕਰਨੀ ਚਾਹੀਦੀ ਹੈ। ਐਜੂਕੇਸ਼ਨ ਸਿਸਟਮ ਵਿੱਚ ਅਸੀਂ ਇੰਪਰੂਵਮੈਂਟ ਨਹੀਂ ਲਿਆ ਸਕੇ। ਇਸ ਵਿਚ ਬੱਚਿਆਂ ਦਾ ਕਸੂਰ ਨਹੀਂ ਸਗੋਂ ਸਾਡਾ ਕਸੂਰ ਹੈ ਕਿਉਂਕਿ ਕੰਪੀਟੀਸ਼ਨ ਵਿਚ ਆਉਣ ਵਾਲੇ ਬੱਚੇ ਜਾਂ ਸਨਾਵਰ ਸਕੂਲ ਦੇ ਹੁੰਦੇ ਹਨ ਜਾਂ ਪ੍ਰਾਈਵੇਟ ਸਕੂਲਾਂ ਦੇ ਹੁੰਦੇ ਹਨ। ਇਸ ਤਰ੍ਹਾਂ ਪਿੰਡਾਂ ਦੇ ਬੱਚੇ ਰਹਿ ਜਾਂਦੇ ਹਨ। ਜਿਹੜੇ ਪਿੰਡਾਂ ਦੇ ਬੱਚੇ ਪਿੰਡਾਂ ਦੇ ਸਕੂਲਾਂ ਵਿਚ ਪੜ੍ਹੇ ਹਨ, ਉਨ੍ਹਾਂ ਦਾ ਕੰਪੀਟੀਸ਼ਨ ਸੈਪਰੇਟ ਤੌਰ ਤੇ ਹੋਵੇ ਅਤੇ ਉਨ੍ਹਾਂ ਦੀ ਰਿਜ਼ਰਵੇਸ਼ਨ ਹੋਣੀ

Original with;
Punjab Vidhan Sabha
Digitized by;

[ਡਾਕਟਰ ਰਤਨ ਸਿੰਘ]

ਚਾਹੀਦੀ ਹੈ। ਨਹੀਂ ਤਾਂ ਪਿੰਡਾਂ ਦੇ ਪੜ੍ਹੇ ਬੱਚੇ ਕਿਤੇ ਵੀ ਕੰਪੀਟ ਨਹੀਂ ਕਰ ਸਕਣਗੇ। ਇਹ ਕਸੂਰ ਉਨ੍ਹਾਂ ਬੱਚਿਆਂ ਦਾ ਨਹੀਂ, ਸਰਕਾਰ ਦਾ ਹੈ ਜਿਹੜੀ ਇਸ ਸਿਸਟਮ ਨੂੰ ਸੁਧਾਰ ਨਹੀਂ ਸਕੀ, ਜਿਹੜੀ ਸਹੀ ਐਜੂਕੇਸ਼ਨ ਦੇ ਨਹੀਂ ਸਕੀ। ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦੇ ਕੰਪੀਟੀਸ਼ਨ ਦਾ ਸੈਪਰੇਟ ਸਿਸਟਮ ਹੋਵੇ ਅਤੇ ਹਰ ਕੰਪੀਟੀਸ਼ਨ ਵਿਚ ਪਿੰਡਾਂ ਦੇ ਲੋਕਾਂ ਦੀ 80 ਪ੍ਰਤੀਸ਼ਤ ਰਿਜ਼ਰਵੇਸ਼ਨ ਹੋਣੀ ਚਾਹੀਦੀ ਹੈ। ਉਨ੍ਹਾਂ ਦਾ ਕੰਪੀਟੀਸ਼ਨ ਵਖਰਾ ਹੋਵੇ ਅਤੇ ਚੰਗੇ ਸਕੂਲਾਂ ਵਿਚ ਪੜ੍ਹੇ ਬੱਚਿਆਂ ਦਾ ਕੰਪੀਟੀਸ਼ਨ ਵਖਰਾ ਹੋਵੇ ਤਾਂ ਗੱਲ ਬਣਨੀ ਹੈ। ਅੱਜ, ਡਿਪਟੀ ਸਪੀਕਰ ਸਾਹਿਬ, ਕੋਈ ਐਸਾ ਪਿੰਡ ਨਹੀਂ ਜਿਥੇ ਪ੍ਰਾਈਵੇਟ ਸਕੂਲ ਨਾ ਖੁੱਲ੍ਹਿਆ ਹੋਵੇ। ਪ੍ਰਾਈਵੇਟ ਸਕੂਲ ਦੀ ਪਰੀਭਾਸ਼ਾ ਕੀ ਹੈ? ਇਹ ਵੀ ਇਕ ਬਿਜ਼ਨਸ ਚਾਲੂ ਹੋ ਗਿਆ ਹੈ। ਸਾਡੇ ਅੰਮ੍ਰਿਤਸਰ ਸ਼ਹਿਰ ਵਿਚ ਦਿੱਲੀ ਪਬਲਿਕ ਸਕੂਲ ਬਣ ਰਿਹਾ ਹੈ। ਦਿੱਲੀ ਪਬਲਿਕ ਸਕੂਲ ਵਿਚ ਜਦੋਂ ਕੋਈ ਬੱਚਾ ਦਾਖਲ ਹੋਣ ਜਾਂਦਾ ਹੈ, ਕੋਈ 60 ਹਜ਼ਾਰ ਰੁਪਿਆ ਦੇ ਰਿਹਾ ਹੈ, ਕੋਈ ਲੱਖ ਰੁਪਿਆ ਦੇ ਰਿਹਾ ਹੈ। ਇਹ ਪੈਸੇ ਕੌਣ ਦੇ ਰਹੇ ਹਨ? ਜਿਨ੍ਹਾਂ ਦੇ ਕੋਲ ਪੈਸੇ ਹਨ ਪਰ ਜਿਹੜੇ ਪਿੰਡਾਂ ਵਿਚ ਗਰੀਬ ਵਸਦੇ ਹਨ, ਉਹ ਇਸ ਸਕੂਲ ਬਾਰੇ ਸੋਚ ਵੀ ਨਹੀਂ ਸਕਦੇ। ਇਸ ਤਰ੍ਹਾਂ ਨਾਲ ਪਿੰਡਾਂ ਦੇ ਬੱਚਿਆਂ ਦਾ ਕੀ ਬਣੇਗਾ? ਮੇਰੀ ਬੇਨਤੀ ਹੈ ਕਿ ਇਹ ਜਿਹੜੇ ਸਕੂਲ ਸ਼ਹਿਰਾਂ ਵਿਚ ਖੁੱਲ੍ਹ ਰਹੇ ਹਨ, ਪਿੰਡਾਂ ਵਿਚ ਚਲ ਰਹੇ ਹਨ, ਖਾਸ ਤੌਰ ਤੇ ਪਿੰਡਾਂ ਵਿਚ ਜਿਹੜੇ ਪ੍ਰਾਈਵੇਟ ਸਕੂਲ ਚਲ ਰਹੇ ਹਨ, ਮੈਂ ਵਜ਼ੀਰ ਸਾਹਿਬ ਨੂੰ ਵੀ ਬੇਨਤੀ ਕਰਾਂਗਾ ਕਿ ਇਨ੍ਹਾਂ ਸਾਰਿਆਂ ਦੀ ਚੈਕਿੰਗ ਕਰੋ। ਬਹੁਤ ਸਾਰੇ ਸਕੂਲ ਪ੍ਰਾਇਮਰੀ ਪੱਧਰ ਤੱਕ ਬਿਨਾਂ ਸਰਕਾਰ ਦੀ ਜਾਣਕਾਰੀ ਅਤੇ ਆਗਿਆ ਤੋਂ ਚਲ ਰਹੇ ਹਨ। ਹੁੰਦਾ ਕੀ ਹੈ ਕਿ ਪੰਜਵੀਂ ਪੱਧਰ ਤੱਕ 100-150 ਬੱਚੇ ਲੈ ਲੈਂਦੇ ਹਨ ਅਤੇ ਜਦੋਂ ਪੰਜਵੀਂ ਦੇ ਇਮਤਿਹਾਨ ਦਾ ਸਮਾਂ ਆਉਂਦਾ ਹੈ, ਉਹ ਸਰਕਾਰੀ ਸਕੂਲ ਵਿਚੋਂ ਕਰਾ ਲੈਂਦੇ ਹਨ। ਪੰਜ ਸਾਲਾਂ ਵਿਚ ਪੈਸਾ ਕਮਾ ਲਿਆ ਜਾਂਦਾ ਹੈ। ਇਸ ਸਿਸਟਮ ਤੇ ਸਾਨੂੰ ਚੈੱਕ ਰਖਣਾ ਚਾਹੀਦਾ ਹੈ। ਮੇਰੇ ਹਲਕੇ ਵਿਚ ਇਕ ਪਿੰਡ ਹੈ। ਮੈਂ ਉਥੇ ਗਿਆ। ਮੈਂ ਪਿੰਡ ਵਾਲਿਆਂ ਤੋਂ ਪੁਛਿਆ ਕਿ ਜਦ ਇਥੇ ਕੋਈ ਸਕੂਲ ਹੀ ਨਹੀਂ ਤਾਂ ਪੜ੍ਹਾਈ ਦਾ ਕੰਮ ਕਿਸ ਤਰ੍ਹਾਂ ਚਲਦਾ ਹੈ। ਉਨ੍ਹਾਂ ਦੱਸਿਆ ਕਿ ਸਾਡੇ ਪਿੰਡ ਵਿਚ ਦੋ ਪ੍ਰਾਈਵੇਟ ਸਕੂਲ ਖੁਲ੍ਹੇ ਹੋਏ ਹਨ। ਉਥੇ ਦੋ ਬੱਚੀਆਂ ਪੜ੍ਹਾਉਂਦੀਆ ਹਨ। ਮੈਂ ਉਥੇ ਚਲਾ ਗਿਆ ਤੇ ਪੁੱਛਿਆ ਕਿ ਪੁੱਤਰ, ਤੂੰ ਪੜ੍ਹੀ ਕਿੰਨੀ ਹੈ? ਇਕ ਨੇ ਦੱਸਿਆ ਕਿ ਉਹ ਅੱਠਵੀਂ ਫੇਲ੍ਹ ਹੈ ਅਤੇ ਦੂਸਰੀ ਨੇ ਕਿਹਾ ਕਿ ਦੱਸਵੀਂ ਫੇਲ੍ਹ ਹੈ। ਇਹ ਸਿਸਟਮ ਪ੍ਰਾਈਵੇਟ ਸਕੂਲਾਂ ਦਾ ਪਿੰਡਾਂ ਵਿਚ ਚਲ ਰਿਹਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਬਹਿਲ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪ੍ਰਾਇਮਰੀ ਸਕੂਲਾਂ ਦੇ ਖੁੱਲ੍ਹੇ ਹੋਣ ਕੇ ਬਾਵਜੂਦ, ਉਥੇ ਟੀਚਰ ਹੋਣ ਦੇ ਬਾਵਜੂਦ ਬੱਚੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹ ਰਹੇ ਹਨ। ਨਾਂ ਸਰਕਾਰੀ ਸਕੂਲ ਦਾ ਹੈ ਪਰ ਬੱਚੇ ਉਥੇ ਨਹੀਂ ਪੜ੍ਹਦੇ ਪਏ। ਮੈਂ ਸਰਕਾਰੀ ਸਕੂਲ ਦੇ ਇਕ ਟੀਚਰ ਕੋਲੋਂ ਪੁਛਿਆ ਕਿ ਜਦ ਬੱਚੇ ਪ੍ਰਾਈਵੇਟ ਸਕੂਲ ਵਿਚ ਪੜ੍ਹ ਰਹੇ ਹਨ ਤਾਂ ਤੁਸੀਂ ਉਨ੍ਹਾਂ ਦੇ ਨਾਂ ਆਪਣੇ ਕੋਲ ਕਿਉਂ ਦਰਜ ਕੀਤੇ ਹੋਏ ਹਨ। ਉਸਨੇ ਕਿਹਾ ਕਿ ਡਾਕਟਰ ਸਾਹਿਬ, ਅਗਰ ਬੱਚੇ ਘੱਟ ਹੋਏ ਤਾਂ ਮੈਨੂੰ ਤਨਖਾਹ ਕਿਸ ਨੇ ਦੇਣੀ ਹੈ। ਬੱਚੇ ਕਿਤੇ ਪੜ੍ਹਦੇ ਹਨ ਤੇ ਉਨ੍ਹਾਂ ਦੇ ਨਾਂ ਕਿਤੇ ਦਰਜ ਹਨ। ਇਸ ਸਿਸਟਮ ਨੂੰ ਸੁਧਾਰਨ ਲਈ ਮੇਰੀ ਬੇਨਤੀ ਹੈ ਕਿ ਜਿਹੜੇ ਐਗਜ਼ੈਕਟ ਬੱਚੇ ਜਿਥੇ ਪੜ੍ਹਦੇ ਹਨ, ਉਨ੍ਹਾਂ ਦੀ ਗਿਣਤੀ ਐਗਜ਼ੈਕਟ ਦਰਜ ਹੋਣੀ ਚਾਹੀਦੀ ਹੈ। ਜਿਥੇ ਬਹੁਤ ਘੱਟ ਬੱਚੇ ਹਨ, ਉਸ ਸਕੂਲ ਲਈ ਵੀ ਕੋਈ ਆਲਟਰਨੇਟਿਵ ਸੋਚਣਾ ਚਾਹੀਦਾ ਹੈ ਤਾਂਕਿ ਐਜੂਕੇਸ਼ਨ ਸਿਸਟਮ ਵਿਚ ਜਿਹੜਾ ਨਿਘਾਰ ਆ ਚੁੱਕਾ ਹੈ, ਉਸਨੂੰ ਦੂਰ ਕੀਤਾ ਜਾ ਸਕੇ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਡਿਪਟੀ ਸਪੀਕਰ** : ਤੁਸੀਂ ਕਿੰਨਾ ਟਾਈਮ ਲਓਗੇ ?

**ਡਾਕਟਰ ਰਤਨ ਸਿੰਘ** : ਡਿਪਟੀ ਸਪੀਕਰ ਸਾਹਿਬ, ਜਿੰਨਾ ਤੁਸੀਂ ਦੇ ਦਿਓਗੇ। ਅਸੀਂ ਬੋਲੀ ਚਲਾਂਗੇ।

**ਮਾਨਯੋਗ ਡਿਪਟੀ ਸਪੀਕਰ** : ਡਾਕਟਰ ਸਾਹਿਬ, ਤੁਸੀਂ ਆਪਣਾ ਟਾਈਮ ਸਮਾਪਤ ਹੀ ਸਮਝੋ। ਕਿਉਂਕਿ ਚਾਰ ਮੈਂਬਰਾਂ ਨੇ ਅਤੇ ਮਨਿਸਟਰ ਸਾਹਿਬਾਨ ਨੇ ਵੀ ਬੋਲਣਾ ਹੈ।

**ਡਾਕਟਰ ਰਤਨ ਸਿੰਘ** : ਸਰ, ਜਦੋਂ ਤੁਸੀਂ ਕਹੋਗੇ, ਅਸੀਂ ਆਸਣ ਗ੍ਰਹਿਣ ਕਰ ਲਵਾਂਗੇ।

**ਮਾਨਯੋਗ ਡਿਪਟੀ ਸਪੀਕਰ** : ਫੇਰ ਕਰੋ ਆਸਣ ਗ੍ਰਹਿਣ।

**ਡਾਕਟਰ ਰਤਨ ਸਿੰਘ** : ਇਕ ਗੱਲ ਕਹਿ ਕੇ ਖਤਮ ਕਰਦਾ ਹਾਂ ਜੀ। ਮੇਰੇ ਸਾਹਮਣੇ ਬੈਠੇ ਵੀਰ ਬੜਾ ਕਹਿੰਦੇ ਹਨ ਕਿ ਉਹ ਗਰੀਬਾਂ ਦੇ ਬੜੇ ਹਮਾਇਤੀ ਹਨ। ਇਹ ਜਿਹੜੇ ਗੌਰਮਿੰਟ ਸਕੂਲ ਹਨ, ਇਥੇ ਸਿਰਫ ਗਰੀਬਾਂ ਦੇ ਹੀ ਬੱਚੇ ਪੜ੍ਹਦੇ ਹਨ, ਦੂਜਿਆਂ ਦੇ ਨਹੀਂ। ਅਸੀਂ ਦੇਖਿਆ ਹੈ ਕਿ ਜਿੰਨੇ ਵੀ ਸਵਾਲ ਆਏ ਹਨ, ਸ਼ਡਿਊਲਡ ਕਾਸਟ ਬੱਚਿਆਂ ਦੇ ਖਾਸ ਤੌਰ ਤੇ ਕਿ ਵਜ਼ੀਫਿਆਂ ਦੀ ਰਕਮ ਨਹੀਂ ਮਿਲਦੀ, ਕਿਸੇ ਨੂੰ ਟਾਈਮ ਸਿਰ ਨਹੀਂ ਮਿਲਦੀ ਤੇ ਕਿਤਾਬਾਂ ਵੀ ਟਾਈਮ ਸਿਰ ਨਹੀਂ ਮਿਲਦੀਆਂ। ਜੇਕਰ ਅਸੀਂ ਗਰੀਬ ਨੂੰ ਐਜੂਕੇਸ਼ਨ ਦੇਣੀ ਚਾਹੁੰਦੇ ਹਾਂ, ਖਾਸ ਤੌਰ ਤੇ ਸ਼ਡਿਊਲਡ ਕਾਸਟ ਬੱਚਿਆਂ ਨੂੰ ਤਾਂ ਉਨ੍ਹਾਂ ਵਾਸਤੇ ਸਪੈਸਿਫਿਕ ਪ੍ਰਬੰਧ ਕਰਨਾ ਪਵੇਗਾ। ਉਨ੍ਹਾਂ ਨੂੰ ਵਜ਼ੀਫੇ ਵੀ ਟਾਈਮ ਸਿਰ ਮਿਲਣ ਅਤੇ ਕਿਤਾਬਾਂ ਵੀ ਟਾਈਮ ਸਿਰ ਮਿਲਣ। ਜਦੋਂ ਐਕਡੈਮਿਕ ਸੈਸ਼ਨ ਖਤਮ ਹੁੰਦਾ ਹੈ, ਉਨ੍ਹਾਂ ਵਾਸਤੇ ਕਿਤਾਬਾਂ ਲੈ ਕੇ ਚਲੇ ਜਾਂਦੇ ਹਨ ਕਿ ਕਿਤਾਬਾਂ ਲੈ ਲਓ। ਮੇਰੀ ਬੇਨਤੀ ਹੈ ਕਿ ਇਹ ਜਿਹੜੇ ਹੈਲਥ ਅਤੇ ਐਜੂਕੇਸ਼ਨ ਦੇ ਮਸਲੇ ਹਨ, ਇਨ੍ਹਾਂ ਬਾਰੇ ਅਸੀਂ ਸਾਰੇ ਚਿੰਤਤ ਹਾਂ। ਇਨ੍ਹਾਂ ਵਿਚ ਸੁਧਾਰ ਕਰਨ ਵਾਸਤੇ ਸਾਰਿਆਂ ਦੀ ਸਾਂਝੀ ਕੋਸ਼ਿਸ਼ ਹੋਣੀ ਚਾਹੀਦੀ ਹੈ ਤਾਂ ਕਿ ਪੰਜਾਬ ਦਾ ਭਲਾ ਹੋ ਸਕੇ। ਬਹੁਤ-ਬਹੁਤ ਧੰਨਵਾਦ।

**ਸ਼੍ਰੀ ਅਵਿਨਾਸ਼ ਰਾਏ ਖੰਨਾ (ਗੜ੍ਹਸ਼ੰਕਰ)** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਨ੍ਹਾਂ ਮੰਗਾਂ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਹ ਬਹੁਤ ਹੀ ਵਧੀਆ 4 ਮਹਿਕਮੇ ਬਹਿਸ ਕਰਨ ਵਾਸਤੇ ਚੁਣੇ ਗਏ ਹਨ ਜਿਹੜੇ ਰੋਜ਼ਮਰਾ ਦੀ ਜ਼ਿੰਦਗੀ ਨਾਲ ਤਾਅਲੁਕ ਰੱਖਦੇ ਹਨ। ਦੋਨਾਂ ਪਾਰਟੀਆਂ ਦੇ ਲੋਕਾਂ ਨੂੰ ਇਨ੍ਹਾਂ ਮਹਿਕਮਿਆਂ ਤੇ ਆਪਣੇ ਵਿਚਾਰ ਰੱਖਣ ਦਾ ਮੌਕਾ ਮਿਲਿਆ ਹੈ। ਐਜੂਕੇਸ਼ਨ, ਹੈਲਥ ਅਤੇ ਖੇਤੀਬਾੜੀ ਤੇ ਬਹੁਤ ਕੁਝ ਕਿਹਾ ਗਿਆ ਹੈ ਲੇਕਿਨ ਮੇਰਾ ਵੀ ਮਨ ਕਰਦਾ ਹੈ ਕਿ ਮੈਂ ਆਪਣੇ ਵਿਚਾਰ ਤੁਹਾਡੇ ਨਾਲ ਸਾਂਝੇ ਕਰਾਂ। ਇਹ ਬਹੁਤ ਦੁਖੀ ਹਿਰਦੇ ਨਾਲ ਇਸ ਸਦਨ ਵਿਚ ਗੱਲ ਕਹੀ ਗਈ ਹੈ ਕਿ ਅੱਜ ਗੌਰਮਿੰਟ ਸਕੂਲਾਂ ਵਿਚ ਸਿੱਖਿਆ ਦਾ ਉਹ ਮਿਆਰ ਨਹੀਂ ਰਿਹਾ ਜੋ ਪ੍ਰਾਈਵੇਟ ਸਕੂਲਾਂ ਵਿਚ ਹੈ। ਐਜੂਕੇਸ਼ਨ ਮਨਿਸਟਰ ਬੜੇ ਗੌਰ ਨਾਲ ਗੱਲ ਸੁਣ ਰਹੇ ਹਨ। ਉਨ੍ਹਾਂ ਦੇ ਸਾਥੀ ਮਨਿਸਟਰ ਵੀ ਪ੍ਰੋਫੈਸਰ ਹਨ। ਮੈਨੂੰ ਉਨ੍ਹਾਂ ਤੋਂ ਆਸ ਹੈ ਕਿ ਇਸ ਮਹਿਕਮੇ ਦੀ ਇੰਪਰੂਵਮੈਂਟ ਵਾਸਤੇ ਜੋ ਕੁਝ ਕਿਹਾ ਗਿਆ ਹੈ, ਉਸ ਨੂੰ ਚੰਗੀ ਤਰ੍ਹਾਂ ਸੋਚ ਕੇ ਉਹ ਲੋੜੀਂਦੇ ਉਪਰਾਲੇ ਕਰਨਗੇ। ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਵਿਸ਼ੇਸ਼ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਮੌਰਲ ਐਜੂਕੇਸ਼ਨ ਦਾ ਸਟੈਂਡਰਡ ਦਿਨ ਪ੍ਰਤੀ ਦਿਨ ਘਟਦਾ ਜਾ ਰਿਹਾ ਹੈ। ਇਸ ਬਜਟ ਵਿਚ ਮੌਰਲ ਐਜੂਕੇਸ਼ਨ

Original with;
Punjab Vidhan Sabha
Digitized by;

**[ਸ਼੍ਰੀ ਅਵਿਨਾਸ਼ ਰਾਏ ਖੰਨਾ]**

ਦੀ ਗੱਲ ਕਿਤੇ ਨਹੀਂ ਆਈ। ਇਸ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ। ਕਿਸੇ ਸਮੇਂ ਕਰੈਕਟਰ ਨੂੰ ਸਭ ਤੋਂ ਵੱਡੀ ਚੀਜ਼ ਮੰਨਿਆ ਜਾਂਦਾ ਸੀ ਲੇਕਿਨ ਅੱਜ ਪੈਸੇ ਨੂੰ ਮੰਨਿਆ ਜਾਂਦਾ ਹੈ। ਮੈਂ ਐਫ.ਐਮ. ਸਾਹਿਬ ਨੂੰ ਕਹਾਂਗਾ ਕਿ ਉਹ ਇਸ ਗੱਲ ਵੱਲ ਧਿਆਨ ਦਿੰਦੇ ਹੋਏ ਕੋਈ ਐਸਾ ਪ੍ਰੋਗਰਾਮ ਉਲੀਕਣ ਜਿਸ ਨਾਲ ਬੱਚੇ ਘੱਟੋ-ਘੱਟ ਆਪਣੇ ਵਿਰਸੇ, ਆਪਣੇ ਬਜ਼ੁਰਗਾਂ ਅਤੇ ਆਪਣੇ ਦੇਸ਼ ਨੂੰ ਜ਼ਰੂਰ ਪਿਆਰ ਕਰਨ। ਇਸ ਤੋਂ ਇਲਾਵਾ ਅੱਜ ਸਕੂਲਾਂ, ਕਾਲਜਾਂ ਅਤੇ ਪ੍ਰੋਫੈਸ਼ਨਲ ਕਾਲਜਾਂ ਵਿਚੋਂ ਪੜ੍ਹ ਕੇ ਨਿਕਲਦੇ ਹਨ ਤਾਂ ਉਨ੍ਹਾਂ ਨੂੰ ਜਾਬ ਨਹੀਂ ਮਿਲਦੀ। ਕੋਈ ਐਸੀ ਸਕੀਮ ਬਣਾਉਣੀ ਚਾਹੀਦੀ ਹੈ ਕਿ ਘੱਟੋ-ਘੱਟ ਦਾਖਲਾ ਲੈਣ ਵੇਲੇ ਹੀ ਬੱਚੇ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਉਸ ਦਾ ਕੀ ਬਣਨ ਵਾਲਾ ਹੈ। ਅੱਜ ਡਾਕਟਰ ਅਤੇ ਇੰਜੀਨੀਅਰ ਵੀ ਹਿੰਦੁਸਤਾਨ ਵਿਚੋਂ ਪੜ੍ਹ ਕੇ ਬਾਹਰ ਟੈਕਸੀਆਂ ਚਲਾਉਣ ਵਾਸਤੇ ਮਜਬੂਰ ਹੁੰਦੇ ਹਨ। ਸੋ ਸਾਡੀ ਸਿੱਖਿਆ ਜਾਬ ਓਰੀਐਂਟਿਡ ਹੋਣੀ ਚਾਹੀਦੀ ਹੈ।

ਇਸ ਤੋਂ ਅੱਗੇ, ਮੈਂ ਹੈਲਥ ਮਹਿਕਮੇ ਦੀ ਗੱਲ ਕਰਾਂਗਾ। ਇਸ ਦੇ ਬਾਰੇ ਮੈਂ ਕੇਵਲ ਦੋ ਗੱਲਾਂ ਹੀ ਕਰਾਂਗਾ। ਜੇ ਕੋਈ ਪੰਜਾਬੀ ਸਿਹਤਮੰਦ ਨਹੀਂ ਤਾਂ ਨਾ ਤਾਂ ਉਹ ਚੰਗੀ ਪੜ੍ਹਾਈ ਕਰ ਸਕਦਾ ਹੈ, ਨਾ ਖੇਤਾਂ ਵਿਚ ਕੰਮ ਕਰ ਸਕਦਾ ਹੈ ਅਤੇ ਨਾ ਹੀ ਚੰਗੀ ਤਰ੍ਹਾਂ ਨੌਕਰੀ ਕਰ ਸਕਦਾ ਹੈ। ਇਸ ਕਰਕੇ ਸਿਹਤ ਵਾਲੇ ਪਾਸੇ ਖਾਸ ਧਿਆਨ ਦੇਣ ਦੀ ਲੋੜ ਹੈ। ਇਸ ਸਬੰਧ ਵਿਚ ਸਰਕਾਰ ਨੇ ਬਹੁਤ ਸਾਰੇ ਪ੍ਰੋਗਰਾਮ ਉਲੀਕੇ ਹਨ ਪਰ ਅਫਸੋਸ ਹੈ ਕਿ ਨਸ਼ਿਆਂ ਨੂੰ ਰੋਕਣ ਵਾਸਤੇ ਸਟੇਟ ਲੈਵਲ ਤੇ ਕੋਈ ਪ੍ਰੋਗਰਾਮ ਨਹੀਂ ਉਲੀਕਿਆ ਗਿਆ। ਅੱਜ ਦਿਨ ਬਦਿਨ ਇਹ ਸਮੱਸਿਆ ਵਧਦੀ ਜਾ ਰਹੀ ਹੈ। ਇਸ ਸਮੱਸਿਆ ਤੇ ਕੰਟਰੋਲ ਕਰਨ ਲਈ ਇਸ ਬਜਟ ਵਿਚ ਕੋਈ ਤਜਵੀਜ਼ ਨਹੀਂ ਆਈ। ਸੋ, ਕੋਈ ਤਜਵੀਜ਼ ਬਣਾਉਣੀ ਚਾਹੀਦੀ ਹੈ ਜਿਸ ਨਾਲ ਇਸ ਸਮੱਸਿਆ ਤੇ ਰੋਕ ਲਾਈ ਜਾ ਸਕੇ। ਮੈਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਗੱਲ ਵੱਲ ਜ਼ਰੂਰ ਧਿਆਨ ਦੇਣ।

ਡਿਪਟੀ ਸਪੀਕਰ ਸਾਹਿਬ, ਇਸ ਦੇਸ਼ ਦੇ ਕਿਸਾਨਾਂ ਬਾਰੇ ਬਹੁਤ ਕੁਝ ਕਿਹਾ ਗਿਆ ਹੈ। ਮੈਂ ਇਕ ਕਿਤਾਬ ਪੜ੍ਹ ਰਿਹਾ ਸੀ। ਵੈਲਕਮ ਡਾਰਲਿੰਗ ਨਾਂ ਦੇ ਇਕ ਅੰਗਰੇਜ਼ ਨੇ ਪੰਜਾਬ ਦੇ ਕਿਸਾਨ ਬਾਰੇ ਕਿਹਾ ਸੀ ਕਿ ਇਹ ਹਿੰਦੁਸਤਾਨ ਦਾ ਹੀ ਨਹੀਂ, ਬਲਕਿ ਸਾਰੀ ਦੁਨੀਆਂ ਦਾ ਬਹੁਤ ਵਧੀਆ ਕਲਟੀਵੇਟਰ ਹੈ। ਜੇ ਪੰਜਾਬ ਦੇ ਕਿਸਾਨ ਨੂੰ ਇਨਸੈਂਟਿਵ ਦਿੱਤਾ ਜਾਵੇ, ਉਸ ਨੂੰ ਤਾਕਤ ਦਿੱਤੀ ਜਾਵੇ ਤਾਂ ਉਹ ਸੈਂਡ ਨੂੰ ਵੀ ਗੋਲਡ ਵਿਚ ਬਦਲ ਸਕਦਾ ਹੈ। ਇਹੋ ਜਿਹਾ ਪੰਜਾਬ ਦੇ ਕਿਸਾਨ ਬਾਰੇ ਕਿਹਾ ਗਿਆ ਹੈ। ਮੈਨੂੰ, ਡਿਪਟੀ ਸਪੀਕਰ ਸਾਹਿਬ, ਯਾਦ ਹੈ ਜਦੋਂ ਤੁਸੀਂ ਐਜ਼-ਏ-ਮੈਂਬਰ ਭਾਸ਼ਣ ਦੇ ਰਹੇ ਸੀ ਤਾਂ ਤੁਸੀਂ ਕਿਸਾਨ ਨੂੰ ਅੰਨ ਦਾਤਾ ਕਹਿ ਕੇ ਪੁਕਾਰਿਆ ਸੀ। ਤੁਸੀਂ ਇਹ ਗੱਲ ਦੱਸੀ ਕਿ ਜਦੋਂ ਕਿਸਾਨ ਦਾ ਫਸਲ ਕੱਟਣ ਦਾ ਵੇਲਾ ਹੁੰਦਾ ਸੀ ਤਾਂ ਕਿਸਾਨ ਮੁੱਛਾਂ ਨੂੰ ਤਾਅ ਦੇ ਕੇ ਖੇਤਾਂ ਵਿੱਚ, ਮੰਡੀਆਂ ਵਿੱਚ ਫਿਰਦਾ ਸੀ ਔਰ ਉਹ ਲੋਕ ਜਿਨ੍ਹਾਂ ਨੂੰ ਆਸ ਹੁੰਦੀ ਸੀ ਕਿ ਅੱਜ ਕਿਸਾਨ ਦੀ ਫਸਲ ਬਜ਼ਾਰ ਵਿੱਚ ਆਵੇਗੀ ਅਤੇ ਜਿਹੜੇ ਕਿਸਾਨ ਨੂੰ ਪੈਸੇ ਮਿਲਣਗੇ, ਉਸ ਨੂੰ ਉਹ ਪੈਸੇ ਪ੍ਰਾਪਤ ਹੋਣਗੇ। ਲੇਕਿਨ ਅੱਜ ਉਸ ਕਿਸਾਨ ਦੀ ਹਾਲਤ ਕੀ ਹੋ ਗਈ ਹੈ ਕਿ ਜਦੋਂ ਉਸਦੀ ਫਸਲ ਪੱਕ ਜਾਂਦੀ ਹੈ ਤਾਂ ਉਹ ਵਿਚਾਰਾ ਲੁਕਦਾ ਫਿਰਦਾ ਹੈ। ਇਸ ਸਥਿਤੀ ਵੱਲ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ ਕਿਉਂਕਿ ਜਿਹੜੀ ਪੰਜਾਬ ਦੀ ਪਾਪੂਲੇਸ਼ਨ ਹੈ ਉਹ 70% ਐਗਰੀਕਲਚਰ ਤੇ ਨਿਰਭਰ ਕਰਦੀ ਹੈ।

**ਮਾਨਯੋਗ ਡਿਪਟੀ ਸਪੀਕਰ** : ਖੰਨਾ ਜੀ, ਤੁਸੀਂ ਵਾਈਂਡ ਅੱਪ ਕਰ ਦਿਓ। ਕਿਉਂਕਿ 1-00 ਵਜ ਗਿਆ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਮੈਂ ਤਾਂ ਜੀ ਹਾਲੇ ਹੁਣੇ ਹੀ ਬੋਲਣ ਲਈ ਉਠਿਆ ਹਾਂ। ਮੈਨੂੰ ਤਾਂ ਹਾਲੇ ਦੋ-ਤਿੰਨ ਮਿੰਟ ਹੀ ਹੋਏ ਹਨ।

**ਮਾਨਯੋਗ ਡਿਪਟੀ ਸਪੀਕਰ :** ਬੱਸ ਜੀ, ਟਾਈਮ ਦੀ ਥੋੜ੍ਹੀ ਤੰਗੀ ਹੈ।

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਮੈਂ ਤਾਂ ਸਿਰਫ ਤਿੰਨ ਮਿੰਟ ਹੀ ਬੋਲਿਆ ਹਾਂ ਜੀ।

**ਮਾਨਯੋਗ ਡਿਪਟੀ ਸਪੀਕਰ :** ਤੁਹਾਡੇ ਤੋਂ ਬਾਅਦ ਮਨਿਸਟਰ ਸਾਹਿਬ ਨੇ ਵੀ ਬੋਲਣਾ ਹੈ।

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਡਿਪਟੀ ਸਪੀਕਰ ਸਾਹਿਬ, ਮੇਰੀ ਪਾਰਟੀ ਦੇ ਮੁਤਾਬਿਕ ਵੀ ਮੈਨੂੰ 9 ਮਿੰਟ ਮਿਲਦੇ ਹਨ ਅਤੇ ਹਾਲੇ ਤਿੰਨ ਮਿੰਟ ਹੀ ਹੋਏ ਹਨ। ਜੇ ਤੁਹਾਨੂੰ ਮੇਰੀ ਗੱਲ ਠੀਕ ਨਹੀਂ ਲਗਦੀ ਤਾਂ ਮੈਂ ਬੈਠ ਜਾਂਦਾ ਹਾਂ।

**ਮਾਨਯੋਗ ਡਿਪਟੀ ਸਪੀਕਰ :** ਤੁਸੀਂ ਇੱਕ ਮਿੰਟ ਹੋਰ ਬੋਲ ਲਓ।

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਸਰ, ਮੈਨੂੰ ਪੰਜ ਮਿੰਟ ਹੋਰ ਦੇ ਦਿਓ ਜੀ।

**ਮਾਨਯੋਗ ਡਿਪਟੀ ਸਪੀਕਰ :** ਮੇਰੇ ਵੱਸ ਵਿੱਚ ਨਹੀਂ ਹੈ। ਫਿਰ ਹਾਊਸ ਐਕਸਟੈਂਡ ਕਰਨਾ ਪਵੇਗਾ। 1-30 ਵਜੇ ਗਿਲੋਟਿਨ ਅਪਲਾਈ ਕਰਨਾ ਹੈ।

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਸੋ, ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਦੋਂ ਕਿਸਾਨਾਂ ਦੀ ਗੱਲ ਆਉਂਦੀ ਹੈ ਤਾਂ ਕਿਸਾਨ ਨੂੰ 1977—80 ਵਿਚ ਹਰੀ ਕ੍ਰਾਂਤੀ ਲਿਆਉਣ ਦਾ ਨਾਹਰਾ ਦਿੱਤਾ ਗਿਆ ਸੀ। ਉਦੋਂ ਪੰਜਾਬ ਦੇ ਕਿਸਾਨ ਨੇ ਬੜੀ ਮਿਹਨਤ ਕਰਕੇ, ਹਿੰਮਤ ਕਰਕੇ ਇਸ ਨਾਹਰੇ ਨੂੰ ਪੂਰਾ ਕੀਤਾ ਸੀ। ਲੇਕਿਨ ਅੱਜ ਪਾਣੀ ਦੀ ਉਹ ਹਾਲਤ ਹੈ ਕਿ ਇਰੀਗੇਸ਼ਨ ਜਾਂ ਪਾਵਰ ਦੀ ਗੱਲ ਲੈ ਲਓ, ਕਿਸਾਨ ਨੂੰ ਟਿਊਬਵੈੱਲਾਂ ਵਾਸਤੇ ਪੂਰੀ ਬਿਜਲੀ ਨਹੀਂ ਮਿਲਦੀ ਅਤੇ ਜਿਹੜਾ ਥੋੜ੍ਹਾ ਬਹੁਤ ਇਨਸੈਂਟਿਵ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਉਨ੍ਹਾਂ ਨੂੰ ਦਿੱਤਾ ਸੀ ਉਹ ਵੀ ਇਸ ਸਰਕਾਰ ਨੇ ਉਸ ਤੋਂ ਖੋਹ ਲਿਆ ਹੈ ਅਤੇ ਉਸਦੇ ਪਾਣੀ ਅਤੇ ਬਿਜਲੀ ਤੇ ਬਿਲ ਲਗਾ ਦਿੱਤੇ ਹਨ। ਅਜਿਹਾ ਕਰਕੇ ਸਰਕਾਰ ਨੇ ਕਿਸਾਨ ਨਾਲ ਬਹੁਤ ਵੱਡਾ ਧੱਕਾ ਕੀਤਾ ਹੈ। ਲੇਕਿਨ ਦੁੱਖ ਦੀ ਗੱਲ ਇਹ ਹੈ ਕਿ ਹਾਊਸ ਵਿੱਚ ਕਿਹਾ ਜਾ ਰਿਹਾ ਹੈ ਕਿ ਅਸੀਂ 10ਵੇਂ ਮਹੀਨੇ ਤੋਂ ਕਿਸਾਨ ਤੇ ਇਹ ਬਿਲ ਪਾਵਾਂਗੇ ਪਰੰਤੂ ਜਿਹੜੇ ਮੁਲਾਜ਼ਮ ਹਨ ਉਨ੍ਹਾਂ ਨੇ ਕਿਸਾਨ ਤੇ ਪਿਛਲੇ ਪੈਸੇ ਵੀ ਪਾ ਦਿੱਤੇ ਹਨ। ਅਸੀਂ ਤਾਂ ਚਾਹੁੰਦੇ ਹਾਂ ਕਿਸਾਨ ਨੂੰ ਹੋਰ ਅੱਛੀਆਂ-ਅੱਛੀਆਂ ਜ਼ਿਆਦਾ ਸਹੂਲਤਾਂ ਮਿਲਣ ਪਰੰਤੂ ਉਸ ਨੂੰ ਪਿਛਲੀ ਸਾਡੀ ਸਰਕਾਰ ਵੱਲੋਂ ਦਿੱਤੀਆਂ ਹੋਈਆਂ ਸਹੂਲਤਾਂ ਵੀ ਖੋਹ ਲਈਆਂ ਹਨ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਕਹਿਣਾ ਚਾਹਾਂਗਾ ਕਿ ਜੋ ਪੋਲਟਰੀ ਦਾ ਬਿਜ਼ਨਸ ਹੈ ਉਹ ਅੱਜ ਬੁਰੀ ਤਰ੍ਹਾਂ ਤਬਾਹ ਹੋ ਰਿਹਾ ਹੈ। ਮੈਂ ਸਾਇੰਸ ਐਂਡ ਤਕਨਾਲੋਜੀ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਪੋਲਟਰੀ ਦੇ ਬਿਜ਼ਨਸ ਦੇ ਮੈਂ ਫਿਗਰ ਦਿੰਦਾ ਹਾਂ ਕਿ ਜੇਕਰ 32 ਰੁਪਏ ਕਿਲੋ ਉਸਦਾ ਭਾਅ ਫਿਕਸ ਨਹੀਂ ਹੋਵੇਗਾ ਤਾਂ ਉਹ ਵੀ ਤਬਾਹ ਹੋ ਜਾਵੇਗਾ ਜੋ ਕਿ ਅੱਜ 20 ਤੋਂ 22 ਰੁਪਏ ਤੋਂ ਵੱਧ ਨਹੀਂ ਹੈ। ਇਸ ਹਿਸਾਬ ਨਾਲ ਉਸ ਨੂੰ 10 ਰੁਪਏ ਕਿਲੋ ਦਾ ਘਾਟਾ ਪੈਂਦਾ ਹੈ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਵਾਸਤੇ ਵੀ ਕੁਝ ਪ੍ਰੋਵੀਜ਼ਨ ਕੀਤਾ ਜਾਵੇ।

Original with;
Punjab Vidhan Sabha
Digitized by;

[ਸ਼੍ਰੀ ਅਵਿਨਾਸ਼ ਰਾਏ ਖੰਨਾ]

ਡਿਪਟੀ ਸਪੀਕਰ ਸਾਹਿਬ, ਅਗਲੀ ਗੱਲ ਇੱਥੇ ਆਈ ਸੀ, ਹਲਦੀਆ ਰਿਪੋਰਟ ਨੂੰ ਲਾਗੂ ਕਰਨ ਦੀ ਅਤੇ ਬਿਜਲੀ ਬੋਰਡ ਨੂੰ ਪ੍ਰਾਈਵੇਟਾਈਜ਼ ਕਰਨ ਦੀ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਕਈ ਵਾਰ ਬੰਦਾ ਦੂਸਰੇ ਦੇ ਤਜਰਬੇ ਤੋਂ ਵੀ ਸਿੱਖ ਲੈਂਦਾ ਹੈ। ਚਾਰ ਸਟੇਟਾਂ ਹਨ ਉਨ੍ਹਾਂ ਨੇ ਆਪਣੇ ਬੋਰਡਾਂ ਨੂੰ ਪ੍ਰਾਈਵੇਟ ਕਰਕੇ ਦੇਖ ਲਿਆ ਹੈ। ਸਾਨੂੰ ਉਨ੍ਹਾਂ ਦੇ ਤਜਰਬੇ ਤੋਂ ਹੀ ਸਬਕ ਲੈ ਲੈਣਾ ਚਾਹੀਦਾ ਹੈ। ਦਿੱਲੀ, ਉੜੀਸਾ, ਆਂਧਰਾ ਪ੍ਰਦੇਸ਼ ਅੌਰ ਹਰਿਆਣਾ ਨੇ ਬਿਜਲੀ ਬੋਰਡ ਪ੍ਰਾਈਵੇਟਾਈਜ਼ ਕੀਤੇ ਹਨ। ਮੈਂ ਕਹਿੰਦਾ ਹਾਂ ਕਿ ਤੁਸੀਂ ਹਰਿਆਣਾ ਦੀ ਇਕ ਐਗਜ਼ਾਂਪਲ ਹੀ ਲੈ ਲਓ, ਕਿਉਂਕਿ ਹਰਿਆਣਾ ਸਾਡਾ ਗੁਆਂਢੀ ਸੂਬਾ ਹੈ। ਉੜੀਸਾ ਵਿੱਚ ਸਾਈਕਲੋਨ ਤੋਂ ਬਾਅਦ ਇੰਨਾ ਬੁਰਾ ਹਾਲ ਹੋਇਆ ਕਿ ਪ੍ਰਾਈਵੇਟ ਕੰਪਨੀਆਂ ਹਾਲੇ ਵੀ ਬਿਜਲੀ ਨਹੀਂ ਦੇ ਸਕੀਆਂ। ਇਸ ਗੱਲ ਤੇ ਬੜੀ ਜ਼ੋਰ ਸ਼ੋਰ ਨਾਲ ਬਹਿਸ ਹੋਣੀ ਚਾਹੀਦੀ ਹੈ। ਕਾਹਲੀ ਵਿੱਚ ਕੋਈ ਗਲਤ ਕੰਮ ਨਹੀਂ ਕਰਨਾ ਚਾਹੀਦਾ।

ਮੈਂ, ਮਾਨਯੋਗ ਡਿਪਟੀ ਸਪੀਕਰ ਸਾਹਿਬ, ਬੇਨਤੀ ਕਰਾਂਗਾ ਕਿ ਐਜੂਕੇਸ਼ਨ ਵਾਸਤੇ, ਹੈਲਥ ਵਾਸਤੇ, ਇਰੀਗੇਸ਼ਨ ਵਾਸਤੇ ਅੌਰ ਇਲੈਕਟਰੀਸਿਟੀ ਵਾਸਤੇ ਜਿਹੜੇ ਵੀ ਫੰਡਜ਼ ਮੁਹੱਈਆ ਕੀਤੇ ਜਾਣੇ ਹਨ, ਉਨ੍ਹਾਂ ਨੂੰ ਪੂਰੀ ਤਰ੍ਹਾਂ ਉਨ੍ਹਾਂ ਕੰਮਾਂ ਵਾਸਤੇ ਹੀ ਖਰਚ ਕੀਤਾ ਜਾਵੇ। ਅਜਿਹਾ ਨਾ ਹੋਵੇ ਕਿ ਬਾਅਦ ਵਿੱਚ ਉਹ ਫੰਡਜ਼ ਕਿਸੇ ਹੋਰ ਪਾਸੇ ਤਬਦੀਲ ਕਰ ਦਿੱਤੇ ਜਾਣ ਅਤੇ ਉਨ੍ਹਾਂ ਫੰਡਾਂ ਦੀ, ਉਨ੍ਹਾਂ ਕੰਮਾਂ ਦੀ ਅਕਾਊਂਟੇਬਿਲਟੀ ਵੀ ਹੋਵੇ। ਇਸ ਚੀਜ਼ ਦਾ ਜ਼ਰੂਰ ਧਿਆਨ ਰੱਖਿਆ ਜਾਵੇ।

ਮਾਨਯੋਗ ਡਿਪਟੀ ਸਪੀਕਰ : ਬੱਸ ਜੀ, ਹੋਰ ਨਹੀਂ, ਹੁਣ ਤੁਸੀਂ ਬੈਠ ਜਾਓ।

*1.04 ਵਜੇ ਬਾਅਦ ਦੁਪਹਿਰ

(ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸ਼੍ਰੀ ਅਵਿਨਾਸ਼ ਰਾਏ ਖੰਨਾ : ਠੀਕ ਹੈ, ਤੁਹਾਡਾ ਬਹੁਤ ਬਹੁਤ ਧੰਨਵਾਦ।

ਖੇਤੀਬਾੜੀ, ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸ਼੍ਰੀਮਤੀ ਰਾਜਿੰਦਰ ਕੌਰ ਭੱਠਲ) : ਮਾਨਯੋਗ ਸਪੀਕਰ ਸਾਹਿਬ, ਮੈਂ ਡਿਮਾਂਡ ਨੰਬਰ ਇਕ ਤੇ ਜੋ ਖੇਤੀਬਾੜੀ ਨਾਲ ਸਬੰਧਤ ਹੈ ਉਸ ਬਾਰੇ ਕੁਝ ਕਹਿਣਾ ਚਾਹੁੰਦੀ ਹਾਂ ਅੌਰ ਬੇਨਤੀ ਕਰਨਾ ਚਾਹੁੰਦੀ ਹਾਂ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਸਪੀਕਰ ਸਾਹਿਬ, ਖੇਤੀਬਾੜੀ ਪੰਜਾਬ ਦਾ ਮੁੱਖ ਧੰਦਾ ਹੈ ਅੌਰ ਤਕਰੀਬਨ ਆਪਣੀ ਸਟੇਟ ਦੇ ਲਈ ਹੀ ਨਹੀਂ ਸਗੋਂ ਸਮੁੱਚੇ ਦੇਸ਼ ਦਾ ਪੇਟ ਇਹ ਅਨਾਜ ਨਾਲ ਭਰਦਾ ਰਿਹਾ ਹੈ। ਪੰਜਾਬ ਦੇ ਕਿਸਾਨ ਅੱਜ ਬੜੀ ਗੰਭੀਰ ਸਥਿਤੀ ਦਾ ਸਾਹਮਣਾ ਕਰ ਰਹੇ ਹਨ। ਜੇਕਰ ਸਾਨੂੰ ਸਾਰਿਆਂ ਨੂੰ ਆਪੋਜੀਸ਼ਨ ਵਾਲਿਆਂ ਸਮੇਤ ਹਮਦਰਦੀ ਹੈ ਤਾਂ ਸਾਨੂੰ ਇਸ ਨੂੰ ਬੜੀ ਗੰਭੀਰਤਾ ਨਾਲ ਲੈਣਾ ਪਵੇਗਾ। ਇਸ ਬਾਰੇ ਡਿਮਾਂਡ 369,17,41,000 ਰੁਪਏ ਦੀ ਹੈ ਜਿਸ ਦਾ ਕੈਪੀਟਲ 41,40,08,000 ਰੁਪਏ ਹੈ। ਇਹ ਅੱਗੇ ਵੱਖ-ਵੱਖ ਹੈਡਾਂ ਅਧੀਨ ਪਲਾਨ, ਨਾਨ-ਪਲਾਨ, ਸੈਂਟਰਲੀ ਸਪੌਂਸਰਡ ਸਕੀਮਾਂ ਤਹਿਤ ਵੱਖ-ਵੱਖ ਤਰੀਕੇ ਨਾਲ ਵੰਡੀ ਹੋਈ ਹੈ, ਇਸ ਦੀ ਬਹੁਤ ਜ਼ਰੂਰਤ ਹੈ ਅਤੇ ਇਸ ਨੂੰ ਪਾਸ ਕੀਤਾ ਜਾਵੇ। ਮੈਂ ਮੰਨਦੀ ਹਾਂ ਕਿ ਅੱਜ ਦੀ ਸਿਚੂਏਸ਼ਨ ਨਾਲ ਨਿਪਟਨ ਵਾਸਤੇ ਇਹ ਪੈਸਾ ਕਾਫੀ ਨਹੀਂ ਹੈ। ਇਸ ਦੀ ਹੋਰ ਵੀ ਲੋੜ ਹੈ। ਸਾਨੂੰ ਬਹੁਤ ਸਾਰੇ ਰੈਵੋਲਿਊਸ਼ਨਰੀ ਸਟੈਪਸ ਲੈਣੇ ਪੈਣਗੇ ਤਾਂ ਜੋ ਅਸੀਂ ਸਾਰੇ ਪੰਜਾਬ ਦੇ ਕਿਸਾਨ, ਜਿਹੜਾ ਕਿ ਅੱਜ ਮਰ ਰਿਹਾ ਹੈ, ਦੀ ਬਾਂਹ

Original with;
Punjab Vidhan Sabha
Digitized by;
Panjab Digital Library

ਫੜ ਸਕੀਏ, ਉਸ ਦਾ ਹੱਥ ਫੜ੍ਹ ਸਕੀਏ ਅਤੇ ਉਸ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰ ਸਕੀਏ। ਸਪੀਕਰ ਸਾਹਿਬ, ਸਰਕਾਰ ਨੇ ਇਨ੍ਹਾਂ ਪੱਖਾਂ ਨੂੰ ਵਿਚਾਰਨ ਲਈ ਜੌਹਲ ਸਾਹਿਬ ਦੇ ਹੈਡ ਥੱਲੇ ਇਕ ਕਮੇਟੀ ਬਣਾਈ ਸੀ ਜਿਹੜੇ ਕਿ ਬੜੇ ਵੱਡੇ ਖੇਤੀਬਾੜੀ ਮਾਹਿਰ ਹਨ। ਉਨ੍ਹਾਂ ਦੇ ਹੈਡ ਥੱਲੇ ਪਹਿਲਾਂ ਵੀ ਕਈ ਕਮੇਟੀਆਂ ਬਣੀਆਂ ਸਨ ਅਤੇ ਰਿਪੋਰਟਾਂ ਆਈਆਂ ਸਨ। ਪਰ ਹੁਣ ਵਾਲੀ ਰਿਪੋਰਟ ਦੀ ਅਸੀਂ ਪੂਰੀ ਘੋਖ ਕੀਤੀ ਹੈ ਅਤੇ ਇਸ ਵਿਚ ਬਹੁਤ ਹੀ ਵਧੀਆ ਪ੍ਰੋਪੋਜਲ ਹੈ ਜਿਸ ਨੂੰ ਸਟੇਟ ਦੀ ਸਰਕਾਰ ਨੇ ਐਕਸੈਪਟ ਕੀਤਾ ਹੈ ਅਤੇ ਆਪਣੀ ਸਿਫਾਰਸ਼ ਗੌਰਮਿੰਟ ਆਫ ਇੰਡੀਆ ਨੂੰ ਭੇਜੀ ਹੋਈ ਹੈ। ਮੈਂ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹਾਂਗੀ ਕਿ ਜੌਹਲ ਸਾਹਿਬ ਨੇ ਬੜੇ ਅੱਛੇ ਤਰੀਕੇ ਨਾਲ ਦੱਸਿਆ ਹੈ ਕਿ ਅੱਜ ਸਟੇਟ ਵਿਚ ਕਿਸਾਨ ਦਾ ਦੁਸ਼ਮਣ ਉਸ ਵੱਲੋਂ ਵੱਧ ਪੈਦਾ ਕੀਤੀ ਗਈ ਪ੍ਰੋਡਕਸ਼ਨ ਹੈ। ਇਹੋ ਹੀ ਉਸ ਦੀ ਦੋਖੀ ਬਣ ਗਈ ਹੈ। ਜਦੋਂ ਅਨਾਜ ਦੀ ਸਖਤ ਜ਼ਰੂਰਤ ਸੀ ਤਾਂ "ਜੈ ਜਵਾਨ, ਜੈ ਕਿਸਾਨ" ਦੇ ਨਾਹਰੇ ਲੱਗਦੇ ਸਨ। ਜਦੋਂ ਥੋੜ੍ਹਾ-ਬਹੁਤ ਅਨਾਜ ਕਿਸੇ ਹੋਰ ਸਟੇਟ ਵਿਚ ਵੀ ਹੋਣ ਲੱਗ ਪਿਆ ਅਤੇ ਅਨਾਜ ਦੀ ਲੋੜ ਨਾ ਰਹੀ ਤਾਂ ਇਸ ਕਿਸਾਨ ਨੂੰ ਆਪਣੀ ਕਿਸਮਤ ਦੇ ਸਹਾਰੇ ਛੱਡ ਦਿੱਤਾ। ਰਿਪੋਰਟ ਵਿਚ ਕਿਹਾ ਗਿਆ ਹੈ ਜੇਕਰ ਅਸੀਂ ਡਾਈਵਰਸੀਫਿਕੇਸ਼ਨ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਕਿਸਾਨ ਨੂੰ ਅਟਰੈਕਟਿਵ ਸਕੀਮਾਂ ਦੇਣੀਆਂ ਪੈਣਗੀਆਂ। ਉਨ੍ਹਾਂ ਨੇ ਕਿਹਾ ਹੈ ਕਿ ਪੰਜ ਸਾਲਾਂ ਵਿਚ ਅਸੀਂ 10 ਲੱਖ ਹੈਕਟੇਅਰ ਏਰੀਆ ਕਣਕ ਅਤੇ ਪੈਡੀ ਥੱਲਿਉਂ ਕੱਢਣਾ ਹੈ। ਇਸ ਲਈ ਅਸੀਂ ਇਹ ਸਕੀਮ ਗੌਰਮਿੰਟ ਆਫ ਇੰਡੀਆ ਨੂੰ ਭੇਜੀ ਹੋਈ ਹੈ ਕਿ ਜਿਤਨਾ ਖਰਚਾ ਇਸ ਫਾਲਤੂ ਅਨਾਜ ਨੂੰ ਸਾਂਭਣ, ਸਟੋਰੇਜ ਕਰਨ, ਟਰਾਂਸਪੋਰਟੇਸ਼ਨ ਕਰਨ ਵਿਚ ਹੁੰਦਾ ਹੈ। ਉਸ ਖਰਚੇ ਨਾਲੋਂ ਵੀ ਜੇਕਰ ਅਸੀਂ ਘੱਟ ਖਰਚਾ ਕਰੀਏ ਤਾਂ ਅਸੀਂ ਆਪਣੇ ਕਿਸਾਨ ਨੂੰ ਪ੍ਰਤੀ ਹੈਕਟੇਅਰ 12 500 ਰੁਪਏ ਦੇ ਸਕਦੇ ਹਾਂ ਅਤੇ ਕਹਿ ਸਕਦੇ ਹਾਂ ਕਿ ਤੂੰ ਕਣਕ ਅਤੇ ਝੋਨੇ ਨੂੰ ਛੱਡ ਕੇ ਜਿਹੜੀ ਮਰਜ਼ੀ ਫਸਲ ਬੀਜ ਲੈ, ਭਾਵੇਂ ਖੇਤ ਖਾਲੀ ਰੱਖ ਲੈ। ਇੰਨਾ ਕੁਝ ਦੇਣ ਤੋਂ ਬਾਅਦ ਵੀ ਇਹ ਖਰਚਾ ਸਾਂਭ ਸੰਭਾਲ ਨਾਲੋਂ ਬੜਾ ਘੱਟ ਹੋਵੇਗਾ। ਮੈਂ ਸਮਝਦੀ ਹਾਂ ਕਿ ਇਸ ਤੋਂ ਅੱਛੀ ਪ੍ਰਪੋਜ਼ਲ ਹੋਰ ਕੋਈ ਹੋ ਨਹੀਂ ਸਕਦੀ। ਇਸ ਪ੍ਰਪੋਜ਼ਲ ਨੂੰ ਗੌਰਮਿੰਟ ਆਫ ਇੰਡੀਆ ਦੇ ਫੂਡ ਡਿਪਾਰਟਮੈਂਟ ਨੇ ਵੀ ਮੰਨਿਆ ਹੈ ਅਤੇ ਉਸ ਨੇ ਇਸ ਦੀ ਅੱਛੇ ਤਰੀਕੇ ਨਾਲ ਪ੍ਰਸ਼ੰਸਾ ਕੀਤੀ ਹੈ। ਲੇਕਿਨ ਇਹ ਸਕੀਮ ਅਜ ਫਾਈਨਾਂਸ ਡਿਪਾਰਟਮੈਂਟ ਕੋਲ ਪਈ ਹੈ। ਉਸ ਦਾ ਕਹਿਣਾ ਹੈ ਕਿ ਜੇਕਰ ਇਹ ਮੰਨ ਲਈ ਗਈ ਤਾਂ ਹੋਰ ਸਟੇਟਾਂ ਵੀ ਮੰਗ ਕਰਨਗੀਆਂ। ਅਸੀਂ ਅਜੇ ਵੀ ਆਪਣੀਆਂ ਕੋਸ਼ਿਸ਼ਾਂ ਵਿਚ ਲੱਗੇ ਹੋਏ ਹਾਂ, ਕਿਉਂਕਿ ਇਹ ਇਕੱਲੇ ਪੰਜਾਬ ਦੀ ਗੱਲ ਨਹੀਂ। ਇਹ ਇਕ ਨੈਸ਼ਨਲ ਪ੍ਰਾਬਲਮ ਹੈ। ਨੇਸ਼ਨ ਦਾ ਪੈਸਾ ਖਰਚ ਹੋ ਰਿਹਾ ਹੈ, ਨੈਸ਼ਨ ਦੇ ਪੈਸੇ ਦੀ ਵੇਸਟੇਜ ਹੋ ਰਹੀ ਹੈ, ਅਨਾਜ ਦੀ ਵੇਸਟੇਜ ਹੋ ਰਹੀ ਹੈ। ਇਸ ਦਾ ਜਵਾਬ ਫਿਰ ਜਾ ਰਿਹਾ ਹੈ ਕਿ ਕੁੱਲ ਕਣਕ ਦਾ 90 ਪੰਜਾਬ ਵਿਚੋਂ ਲਿਫਟ ਹੋ ਕੇ ਪੰਜਾਬ ਤੋਂ ਬਾਹਰ ਭੇਜਿਆ ਜਾ ਰਿਹਾ ਹੈ। ਭਾਰਤ ਦਾ ਕੋਈ ਵੀ ਐਸਾ ਸੂਬਾ ਨਹੀਂ ਕਿ ਜਿਥੋਂ ਇਤਨੀ ਵੱਡੀ ਮਾਤਰਾ ਵਿਚ ਅਨਾਜ ਬਾਹਰ ਲਿਜਾਣਾ ਪੈਂਦਾ ਹੋਵੇ। ਇਸ ਕਰਕੇ ਮੈਂ ਕਹਿਣਾ ਚਾਹਾਂਗੀ ਕਿ ਪੰਜਾਬ ਵਿਚ ਵੱਧ ਪੈਦਾ ਹੋਏ ਅਨਾਜ ਉਤੇ ਜਿਤਨਾ ਖਰਚ ਸਰਕਾਰ ਦਾ ਹੁੰਦਾ ਹੈ, ਅਗਰ ਕਿਸੇ ਹੋਰ ਵਿਚ ਵੀ ਹੁੰਦਾ ਹੈ ਤਾਂ ਮੈਂ ਜ਼ਿੰਮੇਵਾਰੀ ਨਾਲ ਕਹਿੰਦੀ ਹਾਂ ਕਿ ਅਜਿਹੀ ਕੋਈ ਸਟੇਟ ਨਹੀਂ ਜਿੱਥੋਂ ਇੰਨਾ ਵੱਡਾ ਹਿੱਸਾ ਦੂਜੀ ਸਟੇਟ ਨੂੰ ਜਾਂਦਾ ਹੋਵੇ। ਇੰਨਾ ਖਰਚਾ ਕਰਨਾ ਪੈਂਦਾ ਹੋਵੇ। ਇਸ ਲਈ ਗੌਰਮਿੰਟ ਆਫ ਇੰਡੀਆ ਦਾ ਪੈਸਾ ਵੀ ਬਚਦਾ ਹੈ ਅਤੇ ਸਾਡੇ ਕਿਸਾਨ ਦੀ ਸਮੱਸਿਆ ਵੀ ਹੱਲ ਹੁੰਦੀ ਹੈ ਪਰ ਉਹ ਸਿਰੇ ਨਹੀਂ ਚੜ੍ਹੀ। ਸਪੀਕਰ ਸਾਹਿਬ, ਅਸੀਂ ਚੰਗੀਆਂ ਸੁਜੈਸ਼ਨਜ਼ ਲਈ ਵੈਲਕਮ ਕਰਦੇ ਹਾਂ ਕਿਉਂਕਿ ਅਸੀਂ ਕਿਸਾਨ ਦੇ ਹਿਤੈਸ਼ੀ ਹਾਂ। ਇਥੇ ਮੇਰੇ

Original with;
Punjab Vidhan Sabha
Digitized by;

[ਖੇਤੀਬਾੜੀ, ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ]

ਵੀਰ ਭੂੰਦੜ ਸਾਹਿਬ ਨਹੀਂ ਬੈਠੇ, ਉਹ ਬੋਲ ਕੇ ਚਲੇ ਗਏ ਹਨ, ਉਨ੍ਹਾਂ ਨੇ ਕਿਹਾ ਕਿ ਇਹ ਮੰਗ ਪਾਸ ਨਹੀਂ ਹੋਣੀ ਚਾਹੀਦੀ। ਅੱਜ ਕੋਈ ਕਿਸਾਨਾਂ ਦੇ ਬਾਰੇ ਵਿੱਚ ਹੋ ਸਕਦਾ ਹੈ ਕਿ ਸਾਰੀਆਂ ਗੱਲਾਂ ਕੋਈ ਵੀ ਪੂਰੀਆਂ ਨਾ ਕਰ ਸਕਦਾ ਹੋਵੇ ਅਤੇ ਇਸ ਵਿੱਚ ਕੋਈ ਕਮੀ ਨਾ ਰਹਿ ਗਈ ਹੋਵੇ। ਸਪੀਕਰ ਸਾਹਿਬ, ਕਮੀਆਂ ਵੀ ਰਹਿ ਜਾਂਦੀਆਂ ਹਨ, ਪਰ ਕੋਈ ਸ਼ੁਰੂਆਤ ਤਾਂ ਕਰੇ। ਸਪੀਕਰ ਸਾਹਿਬ, ਜੇ ਅਸੀਂ ਸ਼ੁਰੂਆਤ ਨਹੀਂ ਕਰਾਂਗੇ, ਮੈਨੂੰ ਯਾਦ ਹੈ ਕਿ ਕਿਸੇ ਨੇ ਇਕ ਤਸਵੀਰ ਬਣਾ ਕੇ ਚੌਕ ਵਿੱਚ ਰੱਖ ਦਿਤੀ ਅਤੇ ਉਸ ਬਾਰੇ ਕਿਸੇ ਨੇ ਕਹਿ ਦਿੱਤਾ ਕਿ ਇਸ ਦੀ ਠੋਡੀ ਵਿੰਗੀ ਹੈ, ਕਿਸੇ ਨੇ ਕਹਿ ਦਿੱਤਾ ਨੱਕ ਵਿੰਗਾ ਹੈ, ਕਿਸੇ ਨੇ ਕਿਹਾ ਮੂੰਹ ਵਿੰਗਾ ਹੈ, ਗੱਲ ਕੀ ਉਸ ਵਿੱਚ ਅਨੇਕਾਂ ਨੁਕਸ ਕੱਢ ਦਿੱਤੇ ਗਏ। ਉਸ ਨੇ ਅਗਲੇ ਦਿਨ ਕਿਹਾ ਕਿ ਮੈਂ ਉਸ ਦਾ ਵੈਲਕਮ ਕਰਾਂਗਾ ਅਗਰ ਕੋਈ ਅਜਿਹੀ ਤਸਵੀਰ ਬਣਾਵੇ ਜਿਸ ਵਿੱਚ ਕੋਈ ਨੁਕਸ ਨਾ ਹੋਵੇ। ਉਹ ਸਾਰਾ ਦਿਨ ਉਥੇ ਬੈਠਾ ਰਿਹਾ ਪਰ ਕੋਈ ਨਹੀਂ ਆਇਆ। ਮੇਰੀ ਬੇਨਤੀ ਹੈ ਕਿ ਉਹ ਵੀ ਕਿਸਾਨ ਹਨ, ਉਨ੍ਹਾਂ ਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ਇਹ ਮੰਗ ਪਾਸ ਨਾ ਕੀਤੀ ਜਾਵੇ। ਉਹ ਸਾਨੂੰ ਆਪਣੀਆਂ ਦਲੀਲਾਂ ਦਿੰਦੇ, ਸੁਜੈਸ਼ਨਜ਼ ਦਿੰਦੇ, ਅਸੀਂ ਉਨ੍ਹਾਂ ਦੇ ਵੈਲਕਮ ਕਰਦੇ, ਅਸੀਂ ਮੰਨਣ ਲਈ ਤਿਆਰ ਹਾਂ। ਲੇਕਿਨ ਇਹ ਨਹੀਂ ਕਿ ਅਸੀਂ ਕਿਸਾਨਾਂ ਪ੍ਰਤੀ ਕੇਵਲ ਆਪਣਾ ਫਰਜ਼ ਪੂਰਾ ਕਰਦੇ ਹਾਂ। ਉਨ੍ਹਾਂ ਨੇ ਤਾਂ ਵਾਕਿਆ ਹੀ, ਸਪੀਕਰ ਸਾਹਿਬ, ਇਹ ਗੱਲ ਇਸ ਸ਼ੇਅਰ ਦੇ ਨਾਲ ਮਿਲਦੀ ਜੁਲਦੀ ਕੀਤੀ ਕਿ—

> ਹਰ ਡੂਬਨੇ ਵਾਲੋਂ ਕੋ, ਸਾਹਿਲ ਕੇ ਤਮਾਸੇਹ ਹੈਂ
> ਅਫਸੋਸ ਤੋਂ ਕਰਤੇ ਹੈਂ ਆਹ ਨਹੀਂ ਭਰਤੇ।

ਅੱਜ ਅਫਸੋਸ ਕਰਨ ਦੀ ਲੋੜ ਹੈ, ਮਦਦ ਕਰਨ ਦੀ ਲੋੜ ਹੈ। ਸਪੀਕਰ ਸਾਹਿਬ, ਬੜੀਆਂ ਦਿੱਕਤਾਂ ਕਿਸਾਨਾਂ ਦੇ ਸਾਹਮਣੇ ਆਈਆਂ। ਚੌਲ ਅਤੇ ਕਣਕ ਬੀਜਣ ਦੇ ਨਾਲ ਪਾਣੀ ਦੀ ਸਤਹ ਥੱਲੇ ਚਲੀ ਗਈ ਹੈ, 6 ਪੁਆਇੰਟ ਤੋਂ ਲੈ ਕੇ 0.5 ਮੀਟਰ ਤੱਕ, ਮੈਂ ਪਿਛਲੇ ਸਾਲ ਦਾ ਹੀ ਕੰਪੇਰੇਜ਼ਨ ਕਰ ਰਹੀ ਹਾਂ, ਇੰਨੀ ਸਤਹ ਪਾਣੀ ਦੀ ਥੱਲੇ ਚਲੀ ਗਈ ਹੈ ਔਰ ਸਾਡੇ 11.25 ਲੱਖ ਟਿਊਲਵੈਲ ਹਨ ਜਿਨ੍ਹਾਂ ਵਿਚੋਂ ਬਿਜਲੀ ਤੇ 9.25 ਲੱਖ ਚਲਦੇ ਹਨ ਅਤੇ ਬਾਕੀ 2 ਲੱਖ ਡੀਜ਼ਲ ਆਦਿ ਤੇ ਚਲਦੇ ਹਨ। ਇਹ ਸਾਰਾ ਚਲਣ ਤੇ ਵੀ ਪਾਣੀ ਦੀ ਸਤਹ ਨੀਚੇ ਹੈ। ਇਕ ਟਿਊਬਵੈਲ ਤੇ ਕਿਸਾਨ ਦਾ ਤਕਰੀਬਨ 80 ਹਜ਼ਾਰ ਰੁਪਏ ਖਰਚਾ ਆਉਣਾ ਹੈ। ਇੰਨਾ ਪੈਸਾ ਖਰਚ ਕਰਕੇ ਵੀ ਕਿਸਾਨ ਦੇਖਦਾ ਹੈ ਕਿ ਉਸਦੀ ਕੋਈ ਮੱਦਦ ਕਰੇ। ਸਪੀਕਰ ਸਾਹਿਬ, ਤਿੰਨ ਚਾਰ ਚੀਜ਼ਾਂ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਇਕ ਇਹ ਕਿ ਪਾਣੀ ਨੀਚੇ ਨਾ ਜਾਵੇ, ਅਸੀਂ ਕੁਝ ਰਿਆਇਤਾਂ ਵੀ ਕਿਸਾਨ ਭਰਾਵਾਂ ਨੂੰ ਦਿੱਤੀਆਂ ਹਨ ਜੋ ਕਿ ਬਹੁਤ ਜ਼ਿਆਦਾ ਤਾਂ ਨਹੀਂ। ਇਕ ਤਾਂ ਅਸੀਂ ਕਣਕ ਸੀਡਜ਼ ਤੇ 200 ਰੁਪਏ ਪ੍ਰਤੀ ਕੁਇੰਟਲ ਸਬਸਿਡੀ ਦਿੱਤੀ ਹੈ ਤੇ ਟੋਟਲ ਇਸ ਦੇ ਵਿੱਚ 2.25 ਕਰੋੜ ਰੁਪਿਆ ਰੱਖਿਆ ਹੈ, ਸਪਰੇਅ ਪੰਪ ਤੇ 133 ਰੁਪਏ ਪ੍ਰਤੀ ਪੰਪ ਸਬਸਿਡੀ ਰੱਖੀ ਹੈ, ਬੀ-ਕੀਪਿੰਗ ਲਈ ਵੀ ਰੱਖਿਆ ਹੈ। ਫਾਰਮਰਜ਼ ਦੀ ਮਸ਼ੀਨਰੀ ਲਈ ਵੀ ਅਸੀਂ 77 ਲੱਖ ਰੁਪਏ ਰੱਖੇ ਹਨ। ਇਹ ਸਹੂਲਤਾਂ ਦੇਣ ਦੇ ਨਾਲ ਵੀ ਮੈਂ ਨਹੀਂ ਸਮਝਦੀ ਕਿ ਇਹ ਬਹੁਤ ਜ਼ਿਆਦਾ ਹੈ। ਲੇਕਿਨ ਸਾਰੇ ਸੂਬੇ ਦੀ ਸਿਚੂਏਸ਼ਨ ਦੇਖਦੇ ਹੋਏ ਸਾਨੂੰ ਪੂਰਨ ਤੌਰ ਤੇ ਇਹ ਖਿਆਲ ਕਰਨਾ ਪਵੇਗਾ ਕਿ ਵੱਧ ਤੋਂ ਵੱਧ ਕਿਸਾਨਾਂ ਦੀ ਮੱਦਦ ਕਿਸ ਤਰ੍ਹਾਂ ਕਰ ਸਕਦੇ ਹਾਂ। ਪਿਛੇ ਜਿਹੇ ਅਨਫਾਰਚੂਨੇਟਲੀ ਸਾਡੇ ਸੋਕਾ ਪੈ ਗਿਆ ਅਤੇ ਸਾਨੂੰ ਹੋਰ ਮਾਰ ਪੈ ਗਈ ਲੇਕਿਨ ਪੰਜਾਬ ਸਰਕਾਰ ਪੂਰਨ ਤੌਰ ਤੇ ਸਾਰੀਆਂ ਥਾਵਾਂ ਤੇ ਲੋਕਾਂ ਕੋਲ ਗਈ। ਬਿਜਲੀ ਜਿਹੜੀ ਸਾਡੀ ਮੁੱਖ ਲੋੜ ਸੀ, ਸਪੀਕਰ ਸਾਹਿਬ, 578 ਕਰੋੜ

Original with;
Punjab Vidhan Sabha
Digitized by;
Panjab Digital Library

ਰੁਪਏ ਦੀ ਪੰਜਾਬ ਸਰਕਾਰ ਨੇ ਬਿਜਲੀ ਸੈਂਟਰਲ ਸੈਕਟਰ ਤੋਂ ਲੈ ਕੇ ਕਿਸਾਨ ਨੂੰ 8 ਤੋਂ ਲੈ ਕੇ 10 ਘੰਟੇ ਤੱਕ ਸਪਲਾਈ ਕੀਤੀ। ਇੰਡਸਟਰੀਅਲ ਏਰੀਏ ਤੋਂ ਵੀ ਡਾਈਵਰਟ ਕੀਤੀ ਤਾਂ ਕਿ ਉਨ੍ਹਾਂ ਦੀ ਮੱਦਦ ਕੀਤੀ। ਇਥੇ ਇੱਕ ਛੋਟੀ ਜਿਹੀ ਗੱਲ ਆਈ ਕਿ ਜਿਹੜੇ ਲੋਕ ਆਪਣੇ ਜਨਰੇਟਰ ਲੈ ਕੇ ਆਉਂਦੇ ਹਨ, ਉਨ੍ਹਾਂ ਤੇ ਟੈਕਸ ਦੀ ਗੱਲ ਸੀ, ਲੇਕਿਨ ਪੰਜਾਬ ਸਰਕਾਰ ਨੇ ਇਹ ਫੈਸਲਾ ਲਿਆ ਕਿ ਉਸ ਤੇ ਵੀ ਬਿਲਕੁਲ ਕੋਈ ਟੈਕਸ ਨਾ ਲਗਾਇਆ ਜਾਵੇ। ਸਾਨੂੰ ਕਿਸਾਨਾਂ ਦਾ ਪੂਰਾ ਹਿੱਤ ਹੈ ਅਤੇ ਉਨ੍ਹਾਂ ਨੂੰ ਅਸੀਂ 10-10 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਬੋਨਸ ਦਿੱਤਾ ਲੇਕਿਨ ਸਾਨੂੰ ਗੌਰਮਿੰਟ ਆਫ ਇੰਡੀਆ ਤੋਂ ਅਜੇ ਤੱਕ ਪ੍ਰਾਪਤ ਨਹੀਂ ਹੋਇਆ। ਅਸੀਂ ਇਸ ਦੇ ਨਾਲ ਹੀ, ਸਪੀਕਰ ਸਾਹਿਬ, ਦੋ ਚਾਰ ਗੱਲਾਂ ਜਿਹੜੀਆਂ ਸਾਡੇ ਸਾਹਮਣੇ ਆਈਆਂ ਸਨ, ਕਿਸਾਨਾਂ ਨੇ ਜੋ ਆਪਣੇ ਨਾਲ ਸਹਾਇਕ ਧੰਦਾ ਦੁੱਧ ਦਾ ਸ਼ੁਰੂ ਕੀਤਾ ਹੁੰਦਾ ਹੈ, ਦੁੱਧ ਤੇ ਪਹਿਲਾਂ 4% ਟੈਕਸ ਲਿਆ ਜਾਂਦਾ ਸੀ, ਉਸ ਨੂੰ ਘਟਾ ਕੇ 2% ਕਰ ਦਿੱਤਾ ਹੈ। ਇਸੇ ਤਰ੍ਹਾਂ ਸੈਂਟਰ ਸਰਕਾਰ ਵੱਲੋਂ 4% ਟੈਕਸ ਲਗਾਉਣ ਦੀ ਹਦਾਇਤ ਮਿਲੀ ਸੀ ਪਰ, ਸਪੀਕਰ ਸਾਹਿਬ, ਅਸੀਂ ਕਿਸਾਨਾਂ ਦਾ ਦਰਦ ਸਮਝਦੇ ਹੋਏ ਇਹ 4% ਟੈਕਸ ਸਾਰੇ ਦਾ ਸਾਰਾ ਮਾਫ ਕੀਤਾ ਹੈ। ਇਕ ਡਿਮਾਂਡ ਇੱਥੇ ਇਹ ਵੀ ਆਈ ਸੀ ਕਿ ਮਾਰਕਫੈਡ ਰਾਹੀਂ ਹੀ ਕਿਸਾਨਾਂ ਨੂੰ ਖਾਦ ਖਰੀਦਣੀ ਪੈਂਦੀ ਹੈ, ਅਜਿਹਾ ਨਾ ਹੋਵੇ। ਅਸੀਂ ਇਹ ਵੀ ਡਿਮਾਂਡ ਮੰਨੀ ਹੈ। ਇਸ ਦੇ ਨਾਲ ਹੀ ਜਿਹੜਾ ਕਰਜ਼ਾ ਕੋਆਪਰੇਟਿਵ ਸੈਕਟਰ ਵਿੱਚ ਕਿਸਾਨ ਨੇ ਦੇਣਾ ਹੈ, ਉਸ ਬਾਰੇ ਅਸੀਂ ਹਦਾਇਤ ਕੀਤੀ ਹੈ ਕਿ ਕਿਸਾਨ ਦਾ ਕਿਸੇ ਵੀ ਸਮੇਂ ਦਾ ਕੋਆਪਰੇਟਿਵ ਕਰਜ਼ਾ ਉਸ ਵੱਲੋਂ ਨਾ ਉਤਾਰਨ ਤੇ ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਵੇਗਾ। ਅਸੀਂ 90 ਕਰੋੜ ਰੁਪਏ ਦੀਆਂ ਇਹ ਸਾਰੀਆਂ ਛੋਟੀਆਂ ਮੋਟੀਆਂ ਸਕੀਮਾਂ ਵਿੱਚ ਕਿਸਾਨਾਂ ਨੂੰ ਰਾਹਤ ਦੇ ਸਕੇ ਹਾਂ। ਸਾਨੂੰ ਹੋਰ ਵੀ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ। ਅਸੀਂ ਡਾਈਵਰਸੀਫਿਕੇਸ਼ਨ ਵਾਲੇ ਪਾਸੇ ਵਧ ਰਹੇ ਹਾਂ। ਐਗਰੀਕਲਚਰ ਡਿਪਾਰਟਮੈਂਟ ਵੱਲੋਂ ਮੈਂ ਦੱਸਿਆ ਕਿ ਕਈ ਤਰ੍ਹਾਂ ਦੀਆਂ ਪਰਪੋਜ਼ਲਾਂ ਆਈਆਂ ਹਨ। ਇੱਥੋਂ ਮੇਰੇ ਭਰਾ ਵਾਰ-ਵਾਰ ਬੋਲ ਰਹੇ ਸਨ ਕਿ ਯੂਨੀਵਰਸਿਟੀ ਬਾਰੇ ਕੁਝ ਨਹੀਂ ਕੀਤਾ। ਯੂਨੀਵਰਸਿਟੀ ਵਿਚ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ। ਅਸੀਂ ਦੋ ਗੱਲਾਂ ਲੱਭੀਆਂ ਹਨ। ਇੱਕ ਗੱਲ ਇਹ ਹੈ ਕਿ ਅਸੀਂ ਸੋਚਦੇ ਹਾਂ ਕਿ ਕਿਸਾਨ ਤੇ ਘੱਟ ਭਾਰ ਪਾਇਆ ਜਾਵੇ। ਅਸੀਂ ਇੱਕ ਜ਼ੀਰੋ ਟਿਲੇਜ ਸਕੀਮ ਲਾਗੂ ਕਰ ਰਹੇ ਹਾਂ। ਇਹ ਇੱਕ ਤਰ੍ਹਾਂ ਦੀ ਮਸ਼ੀਨਰੀ ਹੈ ਜਿਸ ਦੀ ਖੋਜ ਕੀਤੀ ਗਈ ਹੈ। ਇਹ ਮਸ਼ੀਨ ਤਕਰੀਬਨ ਤੀਹ ਹਜ਼ਾਰ ਰੁਪਏ ਦੀ ਹੈ। ਆਮ ਤੌਰ ਤੇ ਜਦੋਂ ਪਹਿਲੀ ਫਸਲ ਨੂੰ ਵੱਢਿਆ ਜਾਂਦਾ ਹੈ ਤਾਂ ਫਿਰ ਉਸ ਜ਼ਮੀਨ ਨੂੰ ਵਾਹਿਆ ਜਾਂਦਾ ਹੈ, ਰੌਣੀ ਕੀਤੀ ਜਾਂਦੀ ਹੈ, ਸੁਹਾਗਾ ਫੇਰਿਆ ਜਾਂਦਾ ਹੈ ਤੇ ਫਿਰ ਨਵੀਂ ਫਸਲ ਬੀਜੀ ਜਾਂਦੀ ਹੈ। ਇਸ ਨਾਲ ਕਿਸਾਨ ਦਾ 800 ਰੁਪਏ ਪ੍ਰਤੀ ਏਕੜ ਖਰਚ ਹੁੰਦਾ ਹੈ ਪਰ ਇਸ ਜ਼ੀਰੋ ਟਿਲੇਜ ਮਸ਼ੀਨ ਨਾਲ ਕਿਸਾਨ ਦਾ ਇਹ ਪੈਸਾ ਬਚ ਜਾਵੇਗਾ। ਹੁਣ ਕਿਸਾਨ ਨੂੰ ਕੁਝ ਵੀ ਕਰਨ ਦੀ ਜ਼ਰੂਰਤ ਨਹੀਂ। ਉਹ ਇਸ ਮਸ਼ੀਨ ਵਿੱਚ ਖਾਦ ਤੇ ਬੀਜ ਪਾ ਦੇਵੇਗਾ ਤੇ ਮਸ਼ੀਨ ਆਪੇ ਹੀ ਸਾਰਾ ਕੁਝ ਕਰੇਗੀ। ਇਸ ਨਾਲ ਕਿਸਾਨ ਦਾ ਇਹ 800 ਰੁਪਿਆ ਪ੍ਰਤੀ ਏਕੜ ਬਚੇਗਾ। ਇਹ ਮਸ਼ੀਨ ਤੀਹ ਹਜ਼ਾਰ ਰੁਪਏ ਦੀ ਹੈ ਔਰ ਸਾਡੀ ਸਰਕਾਰ ਨੇ ਇਸ ਤੇ 25% ਦੀ ਸਬਸਿਡੀ ਵੀ ਦਿੱਤੀ ਹੈ। ਸਪੀਕਰ ਸਾਹਿਬ, ਅੱਜ ਕਲ੍ਹ ਡਰਿੱਪ ਸਿਸਟਮ ਦੀ ਵੀ ਲੋੜ ਹੈ। ਪਾਣੀ ਕਾਫੀ ਥੱਲੇ ਚਲਾ ਗਿਆ ਹੈ। ਪਾਣੀ ਦੀ ਸਤ੍ਹਾ ਕਾਫੀ ਥੱਲੇ ਹੋ ਗਈ ਹੈ। ਅਗਰ ਇਸ ਪਾਸੇ ਨਾ ਸੋਚਿਆ ਗਿਆ ਤਾਂ ਇਸ ਨਾਲ ਕਿਸਾਨ ਤੇ ਦੇਸ਼ ਦਾ ਨੁਕਸਾਨ ਹੋਵੇਗਾ। ਇਸ ਪਾਣੀ ਦੀ ਸਤ੍ਹਾ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਇਸੇ ਤਰ੍ਹਾਂ ਜਦੋਂ ਪਿੰਡਾਂ ਵਿੱਚ ਕਿਸਾਨ ਜ਼ਮੀਨ ਵਿੱਚ ਸਪਰੇਅ ਕਰਦਾ ਹੈ ਤਾਂ ਉਸ ਨੂੰ ਮੋਢੇ ਤੇ ਮਸ਼ੀਨ

Original with;
Punjab Vidhan Sabha
Digitized by;

**[ਖੇਤੀਬਾੜੀ, ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ]**

ਰੱਖ ਕੇ ਸਪਰੇਅ ਕਰਨਾ ਪੈਂਦਾ ਹੈ। ਇਸ ਨਾਲ ਕਈ ਵਾਰ ਮੌਤਾਂ ਵੀ ਹੋ ਗਈਆਂ ਹਨ ਲੇਕਿਨ ਸਾਡੀ ਯੂਨੀਵਰਸਿਟੀ ਨੇ ਇੱਕ ਨਵਾਂ ਯੰਤਰ ਲੱਭਿਆ ਹੈ। ਇਸ ਮਸ਼ੀਨ ਨੂੰ ਮੋਢੇ ਤੇ ਰੱਖਣ ਦੀ ਲੋੜ ਨਹੀਂ ਤੇ ਇਹ ਮਸ਼ੀਨ ਆਪੇ ਹੀ ਸਾਰਾ ਕਿਆਰਾ ਸਪਰੇਅ ਕਰ ਦੇਵੇਗੀ। ਅਸੀਂ ਪੂਰਨ ਤੌਰ ਤੇ ਕੋਸ਼ਿਸ਼ ਕਰ ਰਹੇ ਹਾਂ ਕਿ ਕਿਸਾਨਾਂ ਦੀ ਮਦਦ ਹੋਵੇ ਤੇ ਉਨ੍ਹਾਂ ਦਾ ਘੱਟ ਖਰਚਾ ਹੋਵੇ। ਸਪੀਕਰ ਸਾਹਿਬ, ਡਾਈਵਰਸੀਫਿਕੇਸ਼ਨ ਵੱਲ ਵੀ ਅਸੀਂ ਹੱਥ ਵਧਾਇਆ ਹੈ। ਕਿਸੇ ਕੰਮ ਦੀ ਸ਼ੁਰੂਆਤ ਕਿਸੇ ਵੱਲੋਂ ਤਾਂ ਸ਼ੁਰੂ ਕਰਨੀ ਹੀ ਪੈਂਦੀ ਹੈ। ਅਸੀਂ ਸੋਚਿਆ ਸੀ ਕਿ ਇਸ ਪਾਸੇ ਵੱਲ 10 ਲੱਖ ਹੈਕਟੇਅਰ ਜ਼ਮੀਨ ਪੰਜ ਸਾਲਾਂ ਵਿੱਚ ਲਿਆਵਾਂਗੇ। ਇਸ ਸਾਲ ਤਿੰਨ ਲੱਖ ਹੈਕਟੇਅਰ ਜ਼ਮੀਨ ਲਿਆਉਣ ਦਾ ਲੋਕਾਂ ਵੱਲੋਂ ਰਿਸਪਾਂਸ ਆਇਆ ਹੈ। ਬਹੁਤ ਸਾਰੇ ਜ਼ਿਲ੍ਹੇ ਜਿਸ ਤਰ੍ਹਾਂ ਮਾਨਸਾ, ਮੁਕਤਸਰ, ਬਠਿੰਡਾ ਵੱਲੋਂ ਇਸ ਤਰ੍ਹਾਂ ਦਾ ਰਿਸਪਾਂਸ ਆਇਆ ਹੈ। ਮੈਨੂੰ ਵੀ ਆਪ ਜ਼ਿਲ੍ਹਿਆਂ ਵਿੱਚ ਜਾਣ ਦਾ ਮੌਕਾ ਮਿਲਿਆ। ਸਾਨੂੰ ਕਈਆਂ ਨੇ ਕਿਹਾ ਕਿ ਸਾਨੂੰ ਇਸ ਤਰ੍ਹਾਂ ਦਾ ਮੌਕਾ ਦਿਓ। ਇਹ ਗਲਤ ਫਹਿਮੀ ਹੈ ਕਿ ਅਸੀਂ ਕਿਸਾਨ ਦੀ ਜ਼ਮੀਨ ਐਕੁਆਇਰ ਕਰਾਂਗੇ। ਅਸੀਂ ਕੁਝ ਨਹੀਂ ਕਰਨਾ। ਕਿਸਾਨ ਦੀ ਜ਼ਮੀਨ ਕਿਸਾਨ ਕੋਲ ਹੀ ਰਹਿਣੀ ਹੈ। ਅਸੀਂ ਤਾਂ ਸਿਰਫ ਪ੍ਰਚਾਰ ਕਰਨਾ ਹੈ। ਅਸੀਂ ਚੰਗੇ ਬੀਜ ਪ੍ਰੋਵਾਈਡ ਕਰਾਂਗੇ। ਅਸੀਂ ਕਿਸਾਨਾਂ ਨੂੰ ਜਾਣਕਾਰੀ ਲਈ ਕੈਂਪ ਵੀ ਲਗਾਏ ਹਨ। ਮੈਂ ਵੀ ਵਿਅਕਤੀਗਤ ਤੌਰ ਤੇ ਸਮਝਦੀ ਹਾਂ ਕਿ ਕਿਸਾਨਾਂ ਦੀ ਹਾਲੇ ਪੂਰੀ ਤਸੱਲੀ ਨਹੀਂ ਹੋਈ। ਲੋਕਾਂ ਤੱਕ ਇਸ਼ਤਿਹਾਰਬਾਜ਼ੀ ਰਾਹੀਂ ਪ੍ਰਚਾਰ ਪੂਰਾ ਨਹੀਂ ਹੁੰਦਾ। ਪੁਰਾਣਿਆਂ ਸਮਿਆਂ ਵਿੱਚ ਜਿਸ ਤਰ੍ਹਾਂ ਕਿਸਾਨ ਸ਼ਾਮ ਨੂੰ ਵਿਹਲੇ ਹੋ ਕੇ ਪ੍ਰਾਜੈਕਟਰ ਤੇ ਬੈਠ ਜਾਂਦੇ ਸੀ। ਇਸ ਤਰ੍ਹਾਂ ਦਾ ਸਿਸਟਮ ਅਸੀਂ ਦੇਖ ਰਹੇ ਹਾਂ ਤਾਂ ਕਿ ਸਕੀਮਾਂ ਕਿਸਾਨਾਂ ਤੱਕ ਪਹੁੰਚਾਈਆਂ ਜਾ ਸਕਣ। ਅਸੀਂ ਬੜੀ ਪਲਾਨਿੰਗ ਨਾਲ ਇਹ ਉਪਰਾਲੇ ਕਰ ਰਹੇ ਹਾਂ। ਐਗਰੋ ਕਾਰਪੋਰੇਸ਼ਨ ਵੱਲੋਂ ਡਾਈਵਰਸੀਫਿਕੇਸ਼ਨ ਦਾ ਜਿਹੜਾ ਟੀਚਾ ਮਿੱਥਿਆ ਗਿਆ ਹੈ, ਉਸ ਵਿੱਚ ਅਸੀਂ ਬਾਹਰ ਵੀ ਟਰਾਈ ਕਰ ਰਹੇ ਹਾਂ। ਯੂ.ਕੇ ਦੀ ਲੀਚੀ, ਕਰੇਲਾ, ਮਟਰ, ਭਿੰਡੀ ਤੇ ਹੋਰ ਸਬਜ਼ੀਆਂ-ਫਲ ਦੇਖੇ ਸਨ। ਅਸੀਂ ਪਿਛਲੇ ਸਾਲ ਟਰਾਈ ਕਰਕੇ ਦੇਖਿਆ ਸੀ ਤਾਂ ਕਿ ਬਾਹਰ ਤੋਂ ਰਿਸਪਾਂਸ ਦੇਖਿਆ ਜਾ ਸਕੇ। ਵਿਦੇਸ਼ਾਂ ਵਿੱਚ ਕਾਫੀ ਪੰਜਾਬੀ ਬੈਠੇ ਹਨ। ਉਥੋਂ ਦੇ ਫਲ, ਸਬਜ਼ੀਆਂ ਬਿਲਕੁਲ ਫਿੱਕੇ ਹਨ। ਮੈਂ ਖੁਦ ਜਾ ਕੇ ਉਥੇ ਦੇਖਿਆ। ਪੰਜਾਬ ਦੇ ਫਲ ਅਤੇ ਸਬਜ਼ੀਆਂ ਦੀ ਆਪਣੀ ਹੀ ਮਿਠਾਸ ਹੈ। ਸ਼ਾਇਦ ਸਾਡਾ ਪੰਜ ਦਰਿਆਵਾਂ ਦੇ ਪਾਣੀਆਂ ਦੀ ਮਿਠਾਸ ਹੈ। ਸਾਡੇ ਕਿਸਾਨ ਦੀ ਮਿਹਨਤ ਦਾ ਕਿਤੇ ਵੀ ਮੁਕਾਬਲਾ ਨਹੀਂ ਔਰ ਫਿਰ ਵੀ ਜਿਹੜੇ ਸਾਡੇ ਪੰਜਾਬੀ ਭਰਾ ਬਾਹਰ ਬੈਠੇ ਹਨ, ਉਨ੍ਹਾਂ ਨੇ ਸਾਨੂੰ ਅੱਛਾ ਹੁੰਗਾਰਾ ਦਿੱਤਾ ਹੈ। ਅੱਜ ਵਿਦੇਸ਼ਾਂ ਵਿੱਚ ਪੰਜਾਬ ਦੇ ਬਣਾਏ ਹੋਏ ਫਲ ਅਤੇ ਸਬਜ਼ੀਆਂ ਜਾ ਰਹੇ ਹਨ। ਅਸੀਂ ਇਸ ਪਾਸੇ ਵੱਲ ਵੀ ਲੱਗੇ ਹਾਂ। ਇਸੇ ਤਰ੍ਹਾਂ ਨਾਲ ਦੁਬਈ ਵੀ ਸ਼ੁਰੂ ਕੀਤਾ ਹੈ। ਮਲੇਸ਼ੀਆ ਵੀ ਸ਼ੁਰੂ ਕੀਤਾ ਹੈ। ਅਸੀਂ ਸਾਰੀਆਂ ਥਾਵਾਂ ਤੇ ਸ਼ੁਰੂ ਕੀਤਾ ਹੈ। ਮਟਰ ਹੋਣ, ਮੈਂ ਕਿਹੜੀਆਂ-ਕਿਹੜੀਆਂ ਚੀਜ਼ਾਂ ਦਾ ਨਾਮ ਲਵਾਂ, ਪੀਲੀ ਗਾਜਰ, ਭਿੰਡੀ, ਫੁੱਲ ਗੋਭੀ, ਸਲਾਦ ਵਗੈਰਾ, ਅਸੀਂ ਇਸ ਤਰ੍ਹਾਂ ਦੀਆਂ ਸਾਰੀਆਂ ਚੀਜਾਂ ਬਾਹਰ ਭੇਜਣ ਲੱਗੇ ਹਾਂ। ਸਿਆਲੂ ਮੱਕੀ ਵਾਲੇ ਪਾਸੇ ਵੀ ਚੱਲੇ ਹਾਂ, ਭਾਵੇਂ ਇਸ ਪਾਸੇ ਵੱਲ ਥੋੜ੍ਹਾ ਨੁਕਸਾਨ ਰਿਹਾ ਹੈ, ਇਸ ਦੇ ਕੀ ਕਾਰਨ ਹਨ, ਜਿਹੜੀ ਨਵੀਂ ਗੱਲ ਸ਼ੁਰੂ ਕੀਤੀ ਜਾਂਦੀ ਹੈ। ਇਮੀਜੇਟਲੀ ਅਸੀਂ ਉਸ ਪਾਸੇ ਰਿਸਰਚ ਕਰਦੇ ਹਾਂ ਕਿ ਇਸ ਵਿੱਚ ਫੇਲ੍ਹ ਹੋਣ ਦੇ ਕੀ ਕਾਰਨ ਹਨ। ਪੰਜਾਬ ਦੇ ਕਿਸਾਨ ਨੂੰ ਜਿਥੇ ਐਮ.ਐਸ.ਪੀ. ਬਾਰ ਬਾਰ-ਬਾਰ ਧਰਨੇ ਦੇਣੇ ਪੈਂਦੇ ਹਨ, ਬਾਰ-ਬਾਰ ਰੌਲਾ ਪਾਉਣਾ ਪੈਂਦਾ ਹੈ, ਅਸੀਂ ਇਸ ਨੂੰ ਵੀ ਸਮਝਦੇ ਹਾਂ। ਜਿਹੜੀ ਵੀ ਕੋਈ ਚੀਜ਼ ਬਣਦੀ ਹੈ, ਉਸ ਦਾ ਮੁੱਲ ਲੱਗ ਕੇ ਆਉਂਦਾ ਹੈ ਲੇਕਿਨ ਕਿਸਾਨ ਇਕ ਐਸੀ ਜਮਾਤ ਹੈ, ਉਹ ਬਹੁਤ

Original with;
Punjab Vidhan Sabha
Digitized by:
Panjab Digital Library

ਮਿਹਨਤ ਨਾਲ ਖੇਤੀਬਾੜੀ ਕਰਦਾ ਹੈ, ਆਪਣੇ ਬਾਲ-ਬੱਚੇ ਨਾਲ ਲਗਾਉਂਦਾ ਹੈ, ਦਿਨ ਰਾਤ ਇੱਕ ਕਰਦਾ ਹੈ, ਸੱਪਾਂ ਦੀਆਂ ਸਿਰੀਆਂ ਮਿੱਧਦਾ ਹੈ ਪਰ ਜਦੋਂ ਉਹ ਫਸਲ ਲੈ ਕੇ ਆਉਂਦਾ ਹੈ ਤਾਂ ਉਸ ਦਾ ਮੁੱਲ ਲਾਉਣ ਵਾਲਾ ਕਿਸਾਨ ਨਹੀਂ ਹੁੰਦਾ ਬਲਕਿ ਉਸ ਦਾ ਮੁੱਲ ਉਪਰੋਂ ਲੱਗਦਾ ਹੈ। ਫਸਲ ਬੀਜਣ ਵਾਲਾ ਆਪਣੀ ਫਸਲ ਦਾ ਮੁੱਲ ਨਹੀਂ ਲਗਾਉਂਦਾ ਬਲਕਿ ਮੁੱਲ ਉਪਰੋਂ ਦੱਸਿਆ ਜਾਂਦਾ ਹੈ। ਅਸੀਂ, ਸਪੀਕਰ ਸਾਹਿਬ, ਇਸ ਪਾਸੇ ਸੋਚਿਆ ਹੈ। ਜੇ ਅਸੀਂ ਡਾਈਵਰਸੀਫਿਕੇਸ਼ਨ ਵਾਲੇ ਪਾਸੇ ਜਾਵਾਂਗੇ, ਕੰਟਰੈਕਟ ਫਾਰਮਿੰਗ ਵਾਲੇ ਪਾਸੇ ਜਾਵਾਂਗੇ, ਜਿਸ ਨੂੰ ਠੇਕੇ ਤੇ ਦੇਣਾ ਵੀ ਕਹਿੰਦੇ ਹਨ ਕਿ ਇਸ ਉਪਜ ਨਾਲ, ਇਸ ਦੇਖ ਰੇਖ ਨਾਲ, ਇਨ੍ਹਾਂ ਸਾਰੇ ਸਾਧਨਾਂ ਨਾਲ ਫਸਲ ਤਿਆਰ ਕਰਾਂਗੇ। ਇਸ ਬਾਰੇ ਅਸੀਂ 36 ਜਗ੍ਹਾ ਤੇ ਸੈਂਟਰ ਵੀ ਖੋਲ੍ਹੇ ਹਨ, ਜਿਥੇ ਫਸਲ ਨਾਲ ਸਬੰਧਤ ਸਾਰੀ ਨਾਲਿਜ ਦਿੱਤੀ ਜਾਂਦੀ ਹੈ, ਸਾਰਾ ਸਲਾਹ ਮਸ਼ਵਰਾ ਦਿੱਤਾ ਜਾਂਦਾ ਹੈ ਤਾਂ ਕਿ ਕਿਸਾਨ ਨੂੰ ਕਿਸੇ ਕਿਸਮ ਦੀ ਚਿੰਤਾ ਨਾ ਰਹੇ, ਉਸ ਨੂੰ ਕਿਹਾ ਹੈ ਕਿ ਆਹ ਫਸਲ ਬੀਜੋ ਅਤੇ ਇਸ ਫਸਲ ਦਾ ਇੰਨਾ ਮੁੱਲ ਹੋਵੇਗਾ ਜੇਕਰ ਉਹ ਇਹ ਸਾਰੀਆਂ ਸ਼ਰਤਾਂ ਪੂਰੀਆਂ ਕਰੇਗੀ। ਸੋ, ਮੈਂ ਸਮਝਦੀ ਹਾਂ ਕਿ ਸਾਡੇ ਭਰਾਵਾਂ ਨੂੰ ਇਸ ਦੀ ਤਾਰੀਫ ਕਰਨੀ ਚਾਹੀਦੀ ਸੀ। ਇਹ ਬਹੁਤ ਵੱਡਾ ਕੰਮ ਹੈ, ਜਿਹੜਾ ਅਸੀਂ ਆਪਣੇ ਐਗਰੀਕਲਚਰ ਡਿਪਾਰਟਮੈਂਟ ਵੱਲੋਂ ਨਿਭਾਉਣ ਲੱਗੇ ਹਾਂ।

ਇਵੇਂ ਜਿਵੇਂ, ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿੱਚ ਇੱਕ ਸਵਾਲ ਆਇਆ ਸੀ ਕਿ ਪਾਣੀ ਗਿਰਾਵਟ ਵਿੱਚ ਜਾ ਰਿਹਾ ਹੈ, ਪਾਣੀ ਨੀਚੇ ਗਿਆ ਹੈ। ਇਹ ਹਰ ਇੱਕ ਦੇ ਚਿੰਤਾ ਵਾਲੀ ਗੱਲ ਹੈ। ਸਾਡੀ ਜ਼ਮੀਨ ਵਿੱਚ ਸ਼ੋਰਾ ਅਤੇ ਹੋਰ ਜਿਹੜੇ ਉਪਜਾਊ ਤੱਤ ਹਨ, ਉਹ ਖਤਮ ਹੋ ਗਏ ਹਨ। ਇਹ ਕਿਸੇ ਤਰ੍ਹਾਂ ਦੀਆਂ ਸਪਰੇਆਂ ਕਰਕੇ ਹੋਇਆ ਹੈ ਜਾ ਹੋਰ ਤਰੀਕੇ ਨਾਲ ਹੋਇਆ, ਬੜੀ ਭਾਰੀ ਸਲੇਨੀਅਮ ਦੀ ਬਿਮਾਰੀ ਸ਼ੁਰੂ ਹੋਈ ਹੈ। ਸਭ ਤੋਂ ਪਹਿਲਾਂ ਇਸ ਦੀ ਨਵਾਂ ਸ਼ਹਿਰ ਵਿੱਚ ਸ਼ਿਕਾਇਤ ਮਿਲੀ ਹੈ। ਉਸ ਤੋਂ ਬਾਅਦ ਗੌਰਮਿੰਟ ਆਫ਼ ਇੰਡੀਆਂ ਦੀਆਂ ਟੀਮਾਂ ਆਈਆਂ, ਸਾਡੀ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੀਆਂ ਟੀਮਾਂ ਵੀ ਗਈਆਂ ਲੇਕਿਨ ਅਜੇ ਤੱਕ ਉਸ ਬਿਮਾਰੀ ਦੇ ਕਿਹੜੇ ਕਾਰਨ ਹਨ, ਇਸ ਬਾਰੇ ਪੱਕਾ ਹੱਲ ਨਹੀਂ ਮਿਲ ਸਕਿਆ ਲੇਕਿਨ ਜੋ ਰਿਸਰਚਾਂ ਹੋਈਆਂ ਹਨ। ਚਾਹੇ ਸਾਡੀ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨੇ ਕੀਤੀ ਹੈ ਜਾਂ ਗੌਰਮਿੰਟ ਆਫ਼ ਇੰਡੀਆ ਵੱਲੋਂ ਕੀਤੀ ਗਈ ਹੈ, ਉਨ੍ਹਾਂ ਨੇ ਇੱਕ ਗੱਲ ਕਹੀ ਹੈ ਕਿ 60-70% ਇਹ ਬਿਮਾਰੀ ਦੂਰ ਕੀਤੀ ਜਾ ਸਕਦੀ ਹੈ ਜੇਕਰ ਇਥੇ ਜਿਪਸਮ ਦੀ ਸਪਲਾਈ ਕੀਤੀ ਜਾਵੇ। ਨਾਲ ਹੀ ਹੋਰ ਗੱਲਾਂ ਦੱਸੀਆਂ ਹਨ ਕਿ ਉਥੇ ਜ਼ਿਆਦਾ ਖਾਦਾਂ ਨਾ ਵਰਤੀਆਂ ਜਾਣ, ਜ਼ਿਆਦਾ ਪਾਣੀ ਲੈਣ ਵਾਲੀਆਂ ਫਸਲਾਂ ਨਾ ਬੀਜੀਆਂ ਜਾਣ। ਉਥੇ ਘੱਟ ਪਾਣੀ ਲੈਣ ਵਾਲੀਆਂ ਫਸਲਾਂ ਜਿਵੇਂ ਵੈਜੀਟੇਬਲ, ਆਇਲ ਸੀਡਜ਼ ਬੀਜੀਆ ਜਾਣ। ਧਨੀਆ ਜਿਹੜਾ ਅਸੀਂ ਆਮ ਸਮਝਦੇ ਹਾਂ, ਇਸ ਤਰ੍ਹਾਂ ਦੀਆਂ ਫਸਲਾਂ ਬੀਜੀਆਂ ਜਾਣ, ਜਿਨ੍ਹਾਂ ਤੇ ਮਿਹਨਤ ਘੱਟ ਹੋਵੇ ਅਤੇ ਪੈਸਾ ਜ਼ਿਆਦਾ। ਅਸੀਂ ਹੁਣ ਇਸ ਪਾਸੇ ਵੱਲ ਪ੍ਰਚਾਰ ਕਰਦੇ ਹਾਂ। ਉਨ੍ਹਾਂ ਟੀਮਾਂ ਨੇ ਕਿਹਾ ਹੈ ਕਿ ਇਹ ਫਸਲਾਂ ਬਦਲੋ ਅਤੇ ਜਿਪਸਮ ਪਾਈ ਜਾਵੇ ਤਾਂ ਇਸ ਤੋਂ ਬਚਾਅ ਹੋ ਸਕਦਾ ਹੈ। ਸਪੀਕਰ ਸਾਹਿਬ, ਤਿੰਨ ਸਾਲ ਤੋਂ ਜਿਪਸਮ ਬੰਦ ਪਈ ਸੀ। ਸਾਡੇ ਹਰ ਜ਼ਿਲ੍ਹੇ ਵਿੱਚ ਇਸ ਦੀ ਮੰਗ ਸੀ, ਲੋਕਾਂ ਵੱਲੋਂ ਬਾਰ-ਬਾਰ ਡਿਮਾਂਡ ਆਉਂਦੀ ਸੀ। ਸਾਡੇ ਮੈਂਬਰ ਸਾਹਿਬ ਪ੍ਰਕਾਸ਼ ਸਿੰਘ ਜੀ ਹੈ ਨਹੀਂ, ਇਨ੍ਹਾਂ ਦੇ ਜ਼ਿਲ੍ਹੇ ਦਾ ਮਾਮਲਾ ਸੀ। ਉਨ੍ਹਾਂ ਦਾ ਸਵਾਲ ਸੀ ਕਿ ਸਾਡੀ ਕਈ ਸੌ ਏਕੜ ਜ਼ਮੀਨ ਬਰਬਾਦ ਹੋ ਗਈ ਹੈ। ਇਹ ਇਕੱਲੀ ਬਰਬਾਦ ਨਹੀਂ ਹੋਈ, ਉਸ ਵਿੱਚ ਜੋ ਚਾਰਾ ਪੈਦਾ ਹੁੰਦਾ ਹੈ, ਉਸ ਨੂੰ ਖਾਣ ਨਾਲ ਪਸ਼ੂਆਂ ਦੀ ਸਿਹਤ ਖਰਾਬ ਹੋ ਗਈ, ਉਨ੍ਹਾਂ ਦੇ ਸਿੰਗ ਵਿੰਗੇ ਹੋ ਗਏ, ਪੂਛ ਝੜ ਗਈ, ਨਹੁੰ

Original with;
Punjab Vidhan Sabha
Digitized by;

**[ਖੇਤੀਬਾੜੀ, ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ]**

ਟੇਢੇ ਹੋ ਗਏ। ਇਹ ਸਾਰੀਆਂ ਚੀਜ਼ਾਂ ਸੋਕੇ ਦੀ ਬਿਮਾਰੀ ਨਾਲ ਲੱਗੀਆਂ ਦੱਸੀਆਂ ਗਈਆਂ। ਉਨ੍ਹਾਂ ਨੇ ਰਿਸਰਚ ਕੀਤੀ ਹੈ ਕਿ ਕਿਉਂਕਿ ਖਾਣ ਵਾਲੀਆਂ ਚੀਜਾਂ ਤੇ ਖਾਦਾਂ ਪੈਂਦੀਆਂ ਹਨ, ਉਨ੍ਹਾਂ ਦਾ ਅਸਰ ਸਾਡੇ ਤੇ ਵੀ ਪਵੇਗਾ।

**ਮਾਨਯੋਗ ਸਪੀਕਰ** : ਇੱਕ ਮਿੰਟ ਜੀ। ਗਿਲੋਟੀਨ 1.30 ਵਜੇ ਅਪਲਾਈ ਕਰਨਾ ਸੀ। ਜੇਕਰ ਹਾਊਸ ਦੀ ਮਰਜੀ ਹੋਵੇ ਤਾਂ ਇਸ ਦਾ ਟਾਈਮ 2.00 ਵਜੇ ਤੱਕ ਵਧਾ ਦਿੱਤਾ ਜਾਵੇ ਕਿਉਂਕਿ ਅਜੇ ਐਜੂਕੇਸ਼ਨ ਮਨਿਸਟਰ ਨੇ ਵੀ ਬੋਲਣਾ ਹੈ?

ਆਵਾਜ਼ਾਂ : ਹਾਂ ਜੀ, ਹਾਂ ਜੀ

ਹੁਣ ਗਿਲੋਟੀਨ 2.00 ਵਜੇ ਅਪਲਾਈ ਕੀਤਾ ਜਾਵੇਗਾ।

**ਖੇਤੀਬਾੜੀ, ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ** : ਇਹ ਜਿਹੜੀ ਜਿਪਸਮ ਦੀ ਸਕੀਮ ਹੈ, ਇਸ ਅਧੀਨ 90% ਗੌਰਮਿੰਟ ਆਫ਼ ਇੰਡੀਆ ਦਿੰਦੀ ਹੈ ਔਰ ਇਸ ਦੇ ਵਿੱਚ 10% ਹਿੱਸਾ ਸਟੇਟ ਗੌਰਮਿੰਟ ਆਪਣੇ ਲੈਵਲ ਦੇ ਉਤੇ ਪਾਉਂਦੀ ਹੈ। ਸਮਾਂ ਇਹੋ ਜਿਹਾ ਆ ਗਿਆ ਸੀ ਔਰ ਇਹ ਲੋੜ ਸੀ ਕਿ ਇਸ ਦੇ ਲਈ ਤੁਰੰਤ ਕੰਮ ਕੀਤਾ ਜਾਵੇ ਤਾਂ ਅਸੀਂ ਕੋਸ਼ਿਸ਼ ਕੀਤੀ ਔਰ ਸਾਡੇ ਮਹਿਕਮੇ ਨੇ ਵੀ, ਅਸੀਂ ਐਗਰੋ ਇੰਡਸਟਰੀ ਵਾਲਿਆਂ ਨੂੰ ਪੁੱਛਿਆ ਕਿ ਤੁਸੀਂ ਪੰਜਾਬ ਗੌਰਮਿੰਟ ਦੀ ਏਜੰਸੀ ਹੋ ਔਰ ਇਹ ਕੰਮ ਤੁਸੀਂ ਕਰ ਦਿਉ ਤਾਂ ਉਨ੍ਹਾਂ ਨੇ ਕਿਹਾ ਕਿ ਸਾਡੀ ਇਸ ਵੇਲੇ ਜਿਹੜੀ ਪ੍ਰਾਇਰਿਟੀ ਹੈ ਉਹ ਡਾਈਵਰਸੀਫਿਕੇਸ਼ਨ ਦੇ ਵਾਲੇ ਪਾਸੇ ਚਲ ਰਹੀ ਹੈ। ਪੰਜਾਬ ਦੀ ਗੌਰਮਿੰਟ ਏਜੰਸੀ ਜਿਹੜੀ ਇਸ ਕੰਮ ਨੂੰ ਕਰਦੀ ਸੀ ਉਹ ਬੰਦ ਹੋ ਗਈ ਹੈ। ਫਿਰ ਅਸੀਂ ਪਨਸੀਡ ਵਾਲਿਆਂ ਨੂੰ ਪੁੱਛਿਆ ਕਿ ਤੁਸੀਂ ਕਰ ਦਿਉ ਤਾਂ ਉਨ੍ਹਾਂ ਨੇ ਕਿਹਾ ਕਿ ਸਾਡੇ ਕੋਲ ਸਟਾਫ ਨਹੀਂ ਹੈ। ਉਸ ਤੋਂ ਬਾਅਦ ਕੋਸ਼ਿਸ਼ ਕਰਕੇ ਗੌਰਮਿੰਟ ਆਫ਼ ਇੰਡੀਆ ਦੀ ਜਿਹੜੀ ਇੰਡੀਅਨ ਪੋਟਾਸ਼ ਲਿਮਟਿਡ ਹੈ ਉਨ੍ਹਾਂ ਨਾਲ ਗੱਲਬਾਤ ਕੀਤੀ ਪਰ ਉਨ੍ਹਾਂ ਕਿਹਾ ਕਿ ਉਹ ਇਹ ਕੰਮ ਕਰਨ ਲਈ 1300 ਰੁਪਏ ਪ੍ਰਤੀ ਟਨ ਦੇ ਹਿਸਾਬ ਨਾਲ ਲੈਣਗੇ ਕਿਉਂਕਿ ਜਿਹੜੀ ਪੰਜਾਬ ਦੀ ਪਹਿਲੀ ਏਜੰਸੀ ਸੀ ਉਹ ਇਹ ਕੰਮ 1200 ਰੁਪਏ ਪ੍ਰਤੀ ਟਨ ਦੇ ਹਿਸਾਬ ਨਾਲ ਕਰਦੀ ਸੀ ਔਰ ਉਹ ਬੰਦ ਹੋ ਗਈ ਸੀ ਤਾਂ ਫਿਰ ਅਸੀਂ ਗੌਰਮਿੰਟ ਆਫ਼ ਇੰਡੀਆ ਦੇ ਕੰਪਨੀ ਦੇ ਉਤੇ ਪ੍ਰੈਸ਼ਰ ਪਾ ਕੇ ਜ਼ੋਰ ਪਾ ਕੇ ਇਹ ਕੰਮ 1200 ਰੁਪਏ ਪ੍ਰਤੀ ਟਨ ਦੇ ਹਿਸਾਬ ਨਾਲ ਕਰਨ ਦੇ ਲਈ ਮਨਾ ਲਿਆ ਹੈ। ਮਾਨਯੋਗ ਸਪੀਕਰ ਸਾਹਿਬ, ਕੱਲ ਵੀ ਕਿਸੇ ਮੈਂਬਰ ਨੇ ਕਿਹਾ ਸੀ ਤੁਸੀਂ ਮੈਨੂੰ ਉਦੋਂ ਅਲਾਓ ਨਹੀਂ ਸੀ ਕੀਤਾ। ਜੇਕਰ ਕਰਦੇ ਤਾਂ ਮੈਂ ਉਦੋਂ ਹੀ ਇਹ ਸਾਰਾ ਕੁਝ ਦਸ ਦਿੰਦੀ। ਸਪੀਕਰ ਸਾਹਿਬ, ਵੈਸੇ ਕਿਸੇ ਅਖਬਾਰ ਦੇ ਉਤੇ ਕਿੰਤੂ-ਪਰੰਤੂ ਨਹੀਂ ਕਰਨਾ ਚਾਹੁੰਦੀ ਔਰ ਮੇਰੇ ਮਨ ਦੇ ਵਿੱਚ ਸਾਰੀ ਪ੍ਰੈਸ ਦੇ ਪ੍ਰਤੀ ਬਹੁਤ ਸਤਿਕਾਰ ਹੈ ਔਰ ਮੈਂ ਪੂਰਾ ਆਦਰ ਕਰਦੀ ਹਾਂ। ਲੇਕਿਨ ਕੋਈ ਇਕ ਦੋ ਭਰਾ ਅਜਿਹੇ ਹਨ ਜਿਹੜੇ ਕਿਸੇ ਨਾ ਕਿਸੇ ਤਰ੍ਹਾਂ ਵਿੰਗੀ ਟੇਢੀ ਗੱਲ ਬਣਾ ਕੇ ਅਖਬਾਰ ਦੇ ਵਿਚ ਲਗਾ ਦਿੰਦੇ ਹਨ ਤੇ ਕਿਹਾ ਗਿਆ ਕਿ ਇਸ ਦਾ ਕੰਮ ਬਗੈਰ ਟੈਂਡਰਾਂ ਤੋਂ ਕੀਤਾ ਗਿਆ ਹੈ। ਇਸ ਦੇ ਵਿਚ ਕੋਈ ਵੀ ਕੁਰੱਪਸ਼ਨ ਦੀ ਗੱਲ ਨਹੀਂ ਹੈ। 91 ਪ੍ਰਤੀਸ਼ਤ ਇਸ ਦੇ ਵਿਚ ਗੌਰਮਿੰਟ ਦਾ ਹਿੱਸਾ ਹੈ ਔਰ ਬਾਕੀ ਦਾ ਚਾਰ ਪ੍ਰਤੀਸ਼ਤ ਹਿੱਸਾ ਵੀ ਸਰਕਾਰ ਦਾ ਹੀ ਹੈ। ਇਹ ਗੱਲ ਮੈਂ ਹਾਊਸ ਦੇ ਫਲੌਰ ਦੇ ਉਤੇ ਕਹਿਣਾ ਚਾਹੁੰਦੀ ਹਾਂ ਕਿ ਕਿਸੇ ਵੀ ਐਮ.ਐਲ.ਏ. ਦਾ ਇਸ ਮਾਮਲੇ ਦੇ ਵਿੱਚ ਇੱਕ ਧੇਲਾ ਪੈਸੇ ਦਾ ਲੈਣ ਦੇਣ ਨਹੀਂ ਹੈ। ਮੈਨੂੰ ਇਸ ਗੱਲ ਦਾ ਅਫਸੋਸ ਹੈ ਕਈ ਮਾਨਯੋਗ ਮੈਂਬਰ ਇਸ ਤਰ੍ਹਾਂ ਦੀਆਂ ਗੱਲਾਂ ਹਾਊਸ ਦੇ ਵਿਚ ਕਰ ਦਿੰਦੇ ਹਨ ਪਰ ਉਨ੍ਹਾਂ ਨੂੰ ਇਹ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਸਨ। ਸਪੀਕਰ ਸਾਹਿਬ, ਮੈਨੂੰ ਮਾਣ ਹੈ ਔਰ ਮੇਰਾ 36 ਸਾਲ ਦਾ ਪੁਲੀਟੀਕਲੀ ਤੌਰ ਦਾ ਤਜਰਬਾ ਹੈ ਔਰ ਜਿਸ ਪਰਿਵਾਰ ਦੇ ਵਿਚ ਮੈਂ ਪੈਦਾ ਹੋਈ ਤਾਂ ਉਸ ... ਔਰ ਕੌਮ ਦੇ ਲਈ ਗਵਾਉਣਾ ਹੀ ਸਿੱਖਿਆ ਹੈ ਔਰ ਸਾਡੇ ਪਰਿਵਾਰ ਦੇ ਵੱਲ ਅੱਜ ਤੱਕ

Original with;
Punjab Vidhan Sabha
Digitized by;
Panjab Digital Library

ਕਿਸੇ ਨੇ ਵੀ ਕੋਈ ਉਂਗਲ ਉਠਾ ਕੇ ਨਹੀਂ ਦੇਖਿਆ ਹੈ। ਅਸੀਂ ਹਮੇਸ਼ਾ ਲੋਕਾਂ ਦੀ ਸੇਵਾ ਕਰਨ ਬਾਰੇ ਹੀ ਸਿੱਖਿਆ ਹੈ। ਪਰੰਤੂ ਮੈਨੂੰ ਬੜਾ ਅਫਸੋਸ ਹੈ ਕਿ ਕਈ ਲੋਕ ਅਜਿਹੇ ਹਨ ਜਿਹੜੇ ਜਾਣ ਬੁਝ ਕੇ ਅਤੇ ਆਪਣੇ ਸਵਾਰਥਾਂ ਦੇ ਕਾਰਨ ਹੀ ਅਜਿਹੀਆਂ ਗੱਲਾਂ ਕਰਦੇ ਹਨ ਜਿਹੜੀਆਂ ਕਿ ਉਨ੍ਹਾਂ ਨੂੰ ਨਹੀਂ ਕਰਨੀਆਂ ਚਾਹੀਦੀਆਂ ਹਨ। ਪਰ ਮੈਨੂੰ ਇਸ ਗੱਲ ਦੀ ਵੀ ਕੋਈ ਪਰਵਾਹ ਨਹੀਂ ਤੇ ਨਾ ਹੀ ਕੋਈ ਡਰ ਹੈ ਕਿਉਂਕਿ ਕਾਵਾਂ ਦੇ ਕਹੇ ਕਦੇ ਢੱਗੇ ਨਹੀ ਮਰਦੇ। ਸਾਰੇ ਲੋਕ ਸਾਡੇ ਬਾਰੇ ਜਾਣਦੇ ਹਨ ਕਿ ਅਸੀਂ ਜ਼ਿੰਦਗੀ ਦੇ ਵਿੱਚ ਕੀ-ਕੀ ਗਵਾਇਆ ਹੈ ਔਰ ਅਸੀਂ ਸਾਰੀ ਜ਼ਿੰਦਗੀ ਵਿੱਚ ਕੀ-ਕੀ ਬਣਾਇਆ ਹੈ। ਸੋ, ਮਾਨਯੋਗ ਸਪੀਕਰ ਸਾਹਿਬ, ਅਸੀਂ ਜਿਹੜੀ ਜਿਪਸਮ ਦੀ ਗੱਲ ਹੈ ਉਸ ਉਤੇ 1200 ਰੁਪਏ ਪ੍ਰਤੀ ਟਨ ਦੇ ਹਿਸਾਬ ਨਾਲ ਸਬਸਿਡੀ ਦਿੱਤੀ ਹੈ, ਇਥੇ ਕਿਹਾ ਗਿਆ ਕੋਈ ਸਬਸਿਡੀ ਨਹੀਂ ਦਿੱਤੀ ਗਈ। ਸਪੀਕਰ ਸਾਹਿਬ, ਬਕਾਇਦਾ ਅਸੀਂ ਜਿਪਸਮ ਦੇ ਉਤੇ ਸਬਸਿਡੀ ਦਿੱਤੀ ਹੈ। ਇਹ ਜਿਪਸਮ ਵੀ ਅਸੀਂ ਜਿਹੜੀ ਤਿੰਨ ਸਾਲ ਪਹਿਲਾਂ ਏਜੰਸੀ ਕੰਮ ਕਰਦੀ ਸੀ ਤੇ ਹੁਣ ਉਹ ਬੰਦ ਹੋ ਗਈ ਹੈ ਉਸ ਦੇ ਮੁਤਾਬਿਕ ਹੀ ਦਿੱਤੀ ਹੈ। ਹਰਿਆਣਾ ਸਾਡੀ ਗਵਾਂਢੀ ਸਟੇਟ ਦੇ ਵਿੱਚ ਜੋ ਇਹ 1200 ਰੁਪਏ ਹੈ ਔਰ ਰਾਜਸਥਾਨ ਤੋਂ ਵੀ ਸਪਲਾਈ ਕੀਤੀ ਹੈ। ਅਸੀਂ ਕਿਸਾਨਾ ਦਾ ਪੂਰਨ ਤੌਰ ਤੇ ਉਤੇ ਧਿਆਨ ਰੱਖਦੇ ਹੋਏ 352 ਲੱਖ ਰੁਪਿਆ ਸਾਲ 2002-03 ਵਿਚ ਜਿਪਸਮ ਦੇਣ ਦੇ ਉਤੇ ਖਰਚ ਕੀਤਾ ਹੈ। ਇਸ ਤਰ੍ਹਾਂ ਕਰਨ ਦੇ ਨਾਲ ਇਨਸਾਨਾਂ ਦੀਆਂ ਜ਼ਿੰਦਗੀਆਂ ਔਰ ਡੰਗਰਾਂ ਦੀਆਂ ਜਾਨਾਂ ਨੂੰ ਬਚਾਉਣ ਦੀ ਰਾਖੀ ਕੀਤੀ ਹੈ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਅਸੀਂ ਕਿਸਾਨਾਂ ਦੇ ਬਚਾਅ ਦੇ ਲਈ ਕੁਝ ਨਾ ਕੁਝ ਕਰ ਰਹੇ ਹਾਂ। ਅਸੀਂ ਉਨ੍ਹਾਂ ਦੀ ਹਾਲਤ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ ਹੈ। ਲੇਕਿਨ ਦੁਖ ਉਦੋਂ ਹੁੰਦਾ ਹੈ ਜਦੋਂ ਹਾਊਸ ਦੇ ਫਲੋਰ ਦੇ ਉਤੇ ਕਿਸੇ ਨਾ ਕਿਸੇ ਤਰ੍ਹਾਂ ਵਿੰਗੇ ਟੇਢੇ ਤਰੀਕੇ ਦੇ ਨਾਲ ਕੋਈ ਗੱਲ ਕਰ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ, ਮਾਨਯੋਗ ਸਪੀਕਰ ਸਾਹਿਬ, ਅਸੀਂ 14 ਹੋਰ ਅਜਿਹੇ ਪ੍ਰਾਜੈਕਟ ਬਣਾਏ ਹਨ ਜਿਨ੍ਹਾਂ ਦੇ ਰਾਹੀਂ ਅਸੀਂ ਆਪਣਾ ਮਾਲ ਐਕਸਪੋਰਟ ਕਰ ਸਕਦੇ ਹਾਂ ਜਿਵੇਂ ਆਲੂ ਹੈ, ਉਸ ਦੀ ਚਿਪਸ ਕਿਸ ਤਰ੍ਹਾਂ ਬਣਾਉਣੀ ਹੈ ਤੇ ਫਿਰ ਉਸ ਨੂੰ ਐਕਸਪੋਰਟ ਕਰਨਾ ਹੈ। ਸੋ, ਇਸ ਤਰ੍ਹਾਂ ਦੇ 14 ਪ੍ਰਾਜੈਕਟ ਅਸੀਂ ਬਣਾਏ ਹਨ ਤਾਂ ਕਿ ਉਨ੍ਹਾਂ ਨੂੰ ਇਨਵਾਈਟ ਕਰਕੇ ਇਥੋਂ ਦੀ ਜੋ ਪ੍ਰੋਡਿਊਸ ਹੈ ਉਸ ਨੂੰ ਯੂਟੇਲਾਈਜ਼ ਕਰ ਸਕੀਏ। ਇਥੇ ਡਬਲਯੂ.ਟੀ.ਓ. ਦੀ ਗੱਲ ਕੀਤੀ ਗਈ ਹੈ। ਮੈਂ ਮੰਨਦੀ ਹਾਂ ਕਿ ਅਸੀਂ ਡਬਲਯੂ.ਟੀ.ਓ. ਦਾ ਮੁਕਾਬਲਾ ਕਰਨ ਦੇ ਕਾਬਲ ਨਹੀਂ ਹਾਂ ਲੇਕਿਨ ਕੋਈ ਬਰਾਬਰੀ ਤਾਂ ਹੋਵੇ। ਜੇਕਰ ਇਕ ਸਾਈਕਲ ਵਾਲੇ ਵਿਅਕਤੀ ਨੂੰ ਕਿਸੇ ਕਾਰ ਵਾਲੇ ਦੇ ਨਾਲ ਮੁਕਾਬਲਾ ਕਰਵਾ ਦਿੱਤਾ ਜਾਵੇ ਤਾਂ ਇਹ ਉਸ ਦੇ ਨਾਲ ਜਸਟਿਸ ਨਹੀਂ ਹੋਵੇਗਾ। ਸਪੀਕਰ ਸਾਹਿਬ, ਅਸੀਂ ਇਸ ਤੋਂ ਘਬਰਾਉਂਦੇ ਨਹੀਂ ਹਾਂ ਪਰ ਇਥੇ ਮੈਂ ਇਹ ਦਸਣਾ ਚਾਹੁੰਦੀ ਹਾਂ ਕਿ ਸਾਡੇ ਦੇਸ਼ ਦੇ ਵਿੱਚ ਜਿਸ ਕਿਸਾਨ ਦੇ ਕੋਲ ਢਾਈ ਏਕੜ ਜ਼ਮੀਨ ਹੁੰਦੀ ਹੈ ਉਸ ਨੂੰ ਅਸੀਂ ਗਰੀਬ ਕਿਸਾਨ ਗਿਣਦੇ ਹਾਂ। ਪਰ ਜਿਹੜੇ ਡਿਵੈਲਪਡ ਦੇਸ਼ ਹਨ ਉਨ੍ਹਾਂ ਦੇ ਜਿਹੜੇ ਕਿਸਾਨ ਦੇ ਕੋਲ 250 ਏਕੜ ਜ਼ਮੀਨ ਹੁੰਦੀ ਹੈ ਉਸ ਨੂੰ ਗਰੀਬ ਕਿਸਾਨ ਗਿਣਦੇ ਹਨ। ਅਸੀਂ ਤਾਂ ਢਾਈ ਏਕੜ ਵਾਲੇ ਕਿਸਾਨ ਨੂੰ ਗਰੀਬ ਸਮਝ ਕੇ ਸਬਸਿਡੀ ਦਿੰਦੇ ਹਾਂ ਪਰ [illegible] ਦੇ ਵਿੱਚ 250 ਏਕੜ ਵਾਲੇ ਕਿਸਾਨ ਨੂੰ ਸਬਸਿਡੀ ਦਿੱਤੀ ਜਾਂਦੀ ਹੈ। [illegible] ਫਰਕ ਹੈ, ਖਾਸ ਕਰਕੇ ਐਕਸਪੋਰਟ [illegible] ਸੋਰਸ ਹਨ, ਸਾਨੂੰ ਆਪਣੀ [illegible] ਵਿੱਚ [illegible] ਐਂਟੀ ਡੰਪਿੰਗ ਡਿਊਟੀ ਐਕਸੈਸ ਮਾਲ ਤੇ ਲਗਾਉਣੀ ਚਾਹੀਦੀ ਹੈ ਤਾਂ ਕਿ ਕਿਸਾਨਾ ਦਾ [illegible] ਹੋ ਸਕੇ। ਅਸੀਂ ਉਨ੍ਹਾਂ ਦਾ ਮੁਕਾਬਲਾ ਕਰਨ ਵਿੱਚ ਘਬਰਾਉਂਦੇ ਨਹੀਂ ਹਾਂ ਪਰ ਪੰਜਾਬ ਦਾ [illegible] ਕਿਸਾਨ ਹੈ, ਉਹ ਮਿਹਨਤੀ ਹੈ। ਉਹ ਮਿਹਨਤ ਕਰਨਾ ਜਾਣਦਾ ਹੈ। ਇਸ ਲਈ ਸਾਨੂੰ [illegible] ਕਿਸਾਨ ਦੀ ਮਦਦ ਕਰਨੀ ਚਾਹੀਦੀ ਹੈ। ਇੱਥੇ ਸਰਦਾਰ ਸਾਧੂ ਸਿੰਘ ਅਮਲੋਹ ਨੇ ਜ਼ਿਕਰ ਕੀਤਾ ਸੀ ਕਿ ਮੰਡੀ ਬੋਰਡ ਵੱਲੋਂ ਰਿਆਇਤਾਂ ਘੱਟ ਦਿੱਤੀਆਂ ਜਾਂਦੀਆਂ ਹਨ ਪਰ ਅਸੀਂ ਉਹ ਰੂਰਲ ਨੈਚੂਰਲ

Original with;
Punjab Vidhan Sabha
Digitized by;

**[ਖੇਤੀਬਾੜੀ, ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ]**

ਕਲੈਮਿਟੀਜ਼ ਦੇ ਨਾਰਮਜ਼ ਵਿੱਚ ਰਿਵਾਈਜ਼ ਕੀਤੀਆਂ ਹਨ। ਜੇਕਰ ਕਿਸੇ ਦਾ ਹੱਥ ਕੱਟਿਆ ਜਾਵੇ ਜਾਂ ਖੂਹ ਵਿੱਚ ਡਿੱਗ ਜਾਂਦਾ ਹੈ, ਉਸ ਨੂੰ ਨਵੇਂ ਨਾਰਮਜ਼ ਮੁਤਾਬਕ ਵੱਧ ਪੈਸੇ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ ਅਸੀਂ ਆਪਣੇ ਕਲਾਸ-4 ਮੁਲਾਜ਼ਮਾਂ ਨੂੰ ਸਾਲ ਵਿੱਚ ਦੋ ਵਰਦੀਆਂ ਦਿੰਦੇ ਸੀ ਇੱਕ ਗਰਮੀ ਲਈ ਤੇ ਇੱਕ ਸਰਦੀ ਲਈ। ਉਸ ਨੂੰ ਧੁਆਉਣ ਲਈ ਸਮਾਂ ਨਹੀਂ ਮਿਲਦਾ ਸੀ। ਇਸ ਲਈ ਸਰਕਾਰ ਨੇ ਦੋ ਵਰਦੀਆਂ ਦੀ ਬਜਾਏ ਚਾਰ ਵਰਦੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਦੇ ਨਾਲ ਹੀ ਮੈਂ ਪੰਜਾਬ ਦੇ ਕਿਸਾਨਾਂ ਨੂੰ ਜਿਹੜੇ ਖੁਦਕਸ਼ੀ ਕਰ ਰਹੇ ਹਨ, ਉਨ੍ਹਾਂ ਨੂੰ ਬਚਾਉਣ ਲਈ, ਉਸ ਦੀ ਮਦਦ ਕਰਨ ਲਈ ਸਾਡਾ ਸਾਰਿਆਂ ਦਾ ਫਰਜ਼ ਹੈ। ਉਸ ਨੇ ਦੇਸ਼ ਵਿੱਚ ਅਨਾਜ ਪੈਦਾ ਕਰਕੇ ਸਾਡੇ ਲੋਕਾਂ ਲਈ ਅੰਨ ਭੰਡਾਰ ਭਰੇ ਹਨ। ਉਨ੍ਹਾਂ ਦੇ ਲਈ ਸਾਡੇ ਮਨ ਵਿਚ ਤੜਪ ਹੈ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਇਸ ਗਰੀਬ ਕਿਸਾਨ ਦੀ ਮਦਦ ਕੀਤੀ ਜਾਵੇ। ਇਨ੍ਹਾਂ ਸ਼ਬਦਾਂ ਨਾਲ ਮੈਂ ਬੇਨਤੀ ਕਰਦੀ ਹਾਂ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ।

**ਸਕੂਲ ਸਿੱਖਿਆ ਮੰਤਰੀ (ਸ਼੍ਰੀ ਖੁਸ਼ਹਾਲ ਬਹਿਲ)**: ਸਪੀਕਰ ਸਾਹਿਬ, ਮੈਂ ਤੋਤਾ ਸਿੰਘ ਹੋਰਾਂ ਦਾ ਬੜਾ ਸ਼ੁਕਰਗੁਜ਼ਾਰ ਹਾਂ ਕਿ ਜਿਹੜੇ ਉਨ੍ਹਾਂ ਨੇ ਚੰਗੇ ਕਦਮ ਚੁੱਕੇ ਸਨ। ਜਿਹੜੇ ਕਦਮ ਉਹ ਚੁੱਕ ਨਹੀਂ ਸਕੇ ਸੀ ਉਹ ਸਾਡੀ ਸਰਕਾਰ ਨੇ ਚੁੱਕੇ ਹਨ। ਉਨ੍ਹਾਂ ਦੀ ਇਨ੍ਹਾਂ ਨੇ ਐਪਰੀਸ਼ੀਏਸ਼ਨ ਕੀਤੀ ਹੈ ਅਤੇ ਇਸ ਹਾਊਸ ਦੇ ਮੈਂਬਰ ਸਾਹਿਬਾਨ ਨੇ ਜੋ ਵਿਚਾਰ ਰੱਖੇ ਹਨ ਔਰ ਜਿਹੜੀ ਮੇਨ ਪਰਾਬਲਮ ਅਸਲ ਵਿੱਚ ਸਾਹਮਣੇ ਆਈ ਹੈ, ਉਸ ਨੂੰ ਉਨ੍ਹਾਂ ਨੇ ਐਨਾਲਿਸਿਸ ਕਰਕੇ ਪੇਸ਼ ਕੀਤਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਪਿਛਲੇ ਸਾਲ ਇਸ ਐਜੂਕੇਸ਼ਨ ਸਿਸਟਮ ਨੂੰ ਠੀਕ ਕਰਨ ਲਈ ਕਾਫੀ ਯਤਨ ਕੀਤੇ ਹਨ ਅਤੇ ਇਲੀਟਰੇਸੀ ਨੂੰ ਜਿਹੜੀ ਪਿਛਲੇ ਪੰਜ ਸਾਲਾਂ ਵਿੱਚ ਵੱਧ ਗਈ ਸੀ, ਉਸ ਵੱਲ ਧਿਆਨ ਦਿੱਤਾ ਹੈ। ਤਕਰੀਬਨ ਤਿੰਨ ਲੱਖ ਗਰੀਬ ਬੱਚੇ ਉਹ ਸਕੂਲ ਨਹੀਂ ਜਾ ਰਹੇ ਸੀ ਔਰ ਪੜ੍ਹਾਈ ਤੋਂ ਵਾਂਝੇ ਰਹਿ ਰਹੇ ਸਨ, ਇਹ ਡਰਾਪ ਰੇਟ 25% ਤੋਂ 30% ਹੋ ਗਿਆ ਸੀ ਔਰ ਇਸੇ ਤਰ੍ਹਾਂ ਖਾਸ ਕਰਕੇ ਲੜਕੀਆਂ ਦੀ ਐਜੂਕੇਸ਼ਨ ਵਿੱਚ ਕਮਜ਼ੋਰੀ ਆ ਗਈ ਸੀ, ਅਸੀਂ ਹੁਣ ਯਤਨ ਕਰਕੇ ਇਹ ਡਰਾਪ ਰੇਟ 15% ਤੋਂ 20% ਤੱਕ ਲੈ ਆਏ ਹਾਂ। ਨਤੀਜੇ ਦੇ ਤੌਰ ਤੇ ਅਸੀਂ ਐਜੂਕੇਸ਼ਨ ਨੂੰ ਯੂਨੀਵਰਸੇਲਾਈਜ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਤਾਂ ਕਿ ਸਾਰਿਆਂ ਨੂੰ ਸਕੂਲ ਵਿੱਚ ਸਿੱਖਿਆ ਮਿਲ ਸਕੇ। ਇਸ ਸਿਚੂਏਸ਼ਨ ਨੂੰ ਬੜੀ ਗੰਭੀਰਤਾ ਨਾਲ ਅਸੀਂ ਲਿਆ ਹੈ। ਇਸ ਚੀਜ਼ ਨੂੰ ਮੱਦੇ ਨਜ਼ਰ ਰੱਖਦੇ ਹੋਏ ਕੁਝ ਅੱਛੇ ਕਦਮ ਵੀ ਚੁੱਕੇ ਹਨ। ਪਹਿਲਾਂ ਵੀ ਕਦਮ ਚੁੱਕੇ ਗਏ ਸਨ। ਬੱਚਿਆਂ ਨੂੰ ਪੜ੍ਹਾਉਣ ਲਈ ਸਰਕਾਰ ਵੱਲੋਂ ਜ਼ੋਰ ਦੇਣਾ ਚਾਹੀਦਾ ਹੈ। ਸਕੂਲਾਂ ਵਿੱਚ ਪਹਿਲਾਂ ਹਾਲਾਤ ਇਹੋ ਜਿਹੇ ਸਨ ਕਿ ਉਥੇ ਇਨਫਰਾਸਟਰਕਚਰ ਹੀ ਨਹੀਂ ਸੀ। ਪੀਣ ਲਈ ਪਾਣੀ ਦਾ ਪ੍ਰਬੰਧ ਨਹੀਂ ਸੀ, ਟਾਇਲਟ ਨਹੀਂ ਸਨ, ਟਾਟ ਨਹੀਂ ਸਨ, ਬਿਲਡਿੰਗਾਂ ਦੀ ਹਾਲਤ ਇੰਨੀ ਖਸਤਾ ਸੀ ਕਿ ਉਥੇ ਬੈਠਣ ਨੂੰ ਦਿਲ ਨਹੀਂ ਕਰਦਾ ਸੀ ਤਾਂ ਫਿਰ ਬੱਚੇ ਕਿਸ ਤਰ੍ਹਾਂ ਪੜ੍ਹਾਈ ਕਰ ਸਕਦੇ ਸਨ। ਇਸ ਸਾਰੀ ਚੀਜ਼ ਨੂੰ ਦੇਖਦੇ ਹੋਏ ਅਸੀਂ ਫੈਸਲਾ ਕੀਤਾ ਹੈ ਕਿ ਇਨਫਰਾਸਟਰਕਚਰ ਪ੍ਰੋਵਾਈਡ ਕਰ ਕੇ ਦੇਈਏ ਔਰ ਇਸ ਐਜੂਕੇਸ਼ਨ ਸਕੀਮ ਨੂੰ ਡੀ-ਸੈਂਟਰਲਾਈਜ਼ ਕਰੀਏ। ਡੀ-ਸੈਂਟਰਲਾਈਜ਼ ਸਿਸਟਮ ਵਿੱਚ ਕਮਿਊਨਿਟੀ ਦਾ ਦਖਲ ਹੋਵੇਗਾ, ਲੋਕੀਂ ਵੀ ਸ਼ਾਮਲ ਹੋਣਗੇ ਤੇ ਸਾਰਿਆਂ ਦਾ ਸਹਿਯੋਗ ਵੀ ਹੋਵੇਗਾ। ਇਸ ਕਰਕੇ ਕਮੇਟੀਆਂ ਅਸੀਂ ਸਕੂਲਾਂ ਵਿਚ ਬਣਾਈਆਂ ਹਨ। ਹਰ ਪ੍ਰਾਇਮਰੀ ਸਕੂਲ ਵਿਚ ਇਕ ਕਮੇਟੀ ਬਣੀ ਔਰ ਉਸ ਕਮੇਟੀ ਨੂੰ ਅਸੀਂ ਸਰਬ ਸਿੱਖਿਆ ਅਭਿਆਨ ਦੇ ਤਹਿਤ ਜਿਹੜਾ ਰੁਪਿਆ ਪਹਿਲੇ ਸਾਲ ਦਾ ਇਹ ਆਪਣਾ ਹਿੱਸਾ ਨਾ ਪਾਉਣ ਦੀ ਵਜ੍ਹਾ ਕਰਕੇ ਲਿਆ ਨਹੀਂ ਪਾਏ ਅਤੇ ਪੈਸਾ ਅਵੇਲ ਨਹੀਂ ਕਰ ਸਕੇ, ਉਸ ਵਿਚ ਅਸੀਂ ਆਪਣਾ ਵੀ ਰੁਪਿਆ ਪਾਇਆ ਹੈ ਅਤੇ ਸਰਬ ਸਿੱਖਿਆ ਅਭਿਆਨ ਦੇ ਫੰਡਜ਼ ਦੀ ਐਲੋਕੇਸ਼ਨ

Original with;
Punjab Vidhan Sabha
Digitized by;
Panjab Digital Library

ਵੀ ਕਰਵਾਈ ਹੈ। ਅਸੀਂ ਇਸ ਵੇਲੇ ਇਸ ਸਾਲ ਦੇ ਵਿਚ ਦੋ ਕਿਸ਼ਤਾਂ ਉਨ੍ਹਾਂ ਕਮੇਟੀਆਂ ਨੂੰ ਦੇ ਬੈਠੇ ਹਾਂ। ਇਕ ਕਿਸ਼ਤ 64 ਕਰੋੜ ਰੁਪਏ ਦੇ ਕਰੀਬ ਸੀ ਅਤੇ ਦੂਜੀ ਵੀ 64 ਕਰੋੜ ਤੋਂ ਥੋੜ੍ਹੀ ਜਿਹੀ ਜਿਆਦਾ ਹੈ, ਤਕਰੀਬਨ 129-130 ਕਰੋੜ ਰੁਪਿਆ ਅਸੀਂ ਪੰਜਾਬ ਵਿਚ ਇਨ੍ਹਾਂ ਕਮੇਟੀਆਂ ਨੂੰ ਦੇ ਦਿੱਤਾ ਹੈ। ਇਹ ਜੋ ਕਮੇਟੀਆਂ ਬਣਾਈਆਂ ਗਈਆਂ, ਇਨ੍ਹਾਂ ਵਿਚ ਪੰਚਾਇਤ ਦੇ ਦੋ ਮੈਂਬਰ, ਪੇਰੈਂਟ ਐਸੋਸੀਏਸ਼ਨ ਦੇ ਮੈਂਬਰ, ਕੋਈ ਐਕਸ-ਸਰਵਿਸਮੈਨ ਅਤੇ ਲੇਡੀ ਮੈਂਬਰ ਦਾ ਹੋਣਾ ਕੰਪਲਸਰੀ ਹੈ। ਇਸ ਤਰ੍ਹਾਂ ਕਰਕੇ 7 ਮੈਂਬਰਾਂ ਦੀ ਕਮੇਟੀ ਹੈ ਜਿਸ ਵਿਚ ਹੈਡ ਟੀਚਰ ਨੇ ਸੈਕ੍ਰੇਟਰੀ ਦੇ ਤੌਰ ਤੇ ਕੰਮ ਕਰਨਾ ਹੈ। ਇਨ੍ਹਾਂ ਕਮੇਟੀਆਂ ਰਾਹੀਂ ਇਹ ਪੈਸਾ ਪਿੰਡਾਂ ਵਿਚ ਚਲਾ ਗਿਆ ਹੈ, ਇਸਦੀ ਵਰਤੋਂ ਪਿੰਡਾਂ ਦੇ ਲੈਵਲ ਤੇ ਹੈ ਔਰ ਕੰਮ ਸ਼ੁਰੂ ਹੋ ਗਿਆ ਹੈ। ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਜਿਹੜੀਆਂ ਟੁੱਟੀਆਂ ਬਿਲਡਿੰਗਾਂ ਹਨ, ਉਨ੍ਹਾਂ ਦੀ ਰਿਪੇਅਰ ਕਰੋ, ਟਾਇਲਟ ਦਾ ਸਮਾਨ ਪ੍ਰੋਵਾਈਡ ਕਰੋ। ਇਹ ਸਭ ਕੁਝ ਉਸੇ ਕਮੇਟੀ ਨੇ ਕਰਨਾ ਹੈ, ਬਾਹਰੋਂ ਕੋਈ ਪਰਚੇਜ਼ ਨਹੀਂ ਕਰਨੀ। ਲੋਕਲ ਮੈਟੀਰੀਅਲ ਉਨ੍ਹਾਂ ਨੇ ਆਪ ਦੇਖਣਾ ਹੈ। ਬਾਕੀ ਅਸੀਂ ਇਨ੍ਹਾਂ ਕਮੇਟੀਆਂ ਦੀ ਫੰਕਸ਼ਨਿੰਗ ਦੀ ਮੌਨੀਟਰਿੰਗ ਕਰ ਰਹੇ ਹਾਂ ਅਤੇ ਉਨ੍ਹਾਂ ਨੂੰ ਐਜੂਕੇਟ ਵੀ ਕਰ ਰਹੇ ਹਾਂ ਕਿ ਕਮੇਟੀ ਨੇ ਕਿਸ ਢੰਗ ਨਾਲ ਕੰਮ ਕਰਨਾ ਹੈ, ਰੁਪਏ ਦੀ ਖਪਤ ਉਨ੍ਹਾਂ ਦੇ ਰਾਹੀਂ ਹੋਵੇਗੀ ਅਤੇ ਪਿੰਡਾਂ ਵਿਚ ਜਦੋਂ ਵੱਡੀਆਂ ਮੀਟਿੰਗਾਂ ਹੁੰਦੀਆਂ ਹਨ, ਜਨਰਲ ਇਜਲਾਸ ਹੁੰਦਾ ਹੈ, ਕਮੇਟੀਆਂ ਉਥੇ ਆਪਣੀ ਰਿਪੋਰਟ ਪੇਸ਼ ਕਰਨਗੀਆਂ। ਆਉਣ ਵਾਲੇ ਸਮੇਂ ਵਿਚ ਅਸੀਂ ਇਨ੍ਹਾਂ ਕਮੇਟੀਆਂ ਨੂੰ ਜਿਆਦਾ ਤਾਕਤ ਦੇਣੀ ਹੈ ਤਾਂਕਿ ਟਾਈਮ ਦੇ ਨਾਲ ਕਈ ਕਿਸਮ ਦੀਆਂ ਜਿਹੜੀਆਂ ਤਰੁੱਟੀਆਂ ਪੈਦਾ ਹੋ ਜਾਂਦੀਆਂ ਹਨ, ਉਹ ਕਿਸੇ ਤਰ੍ਹਾਂ ਰੁਕ ਸਕਣ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ।

**ਮਾਨਯੋਗ ਸਪੀਕਰ** : ਹਾਂ ਜੀ, ਦੱਸੋ ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ** **

**ਮਾਨਯੋਗ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ।

**ਸਕੂਲ ਸਿੱਖਿਆ ਮੰਤਰੀ** : ਗੱਲ ਹੈ, ਸਪੀਕਰ ਸਾਹਿਬ, ਜਾਂ ਤਾਂ ਪਿੰਡਾਂ ਵਿੱਚ ਇਹ ਗਏ ਹੋਣ, ਕਮੇਟੀਆਂ ਦੇਖੀਆਂ ਹੋਣ, ਫਿਰ ਤਾਂ ਮੈਂ ਕੁਝ ਕਹਿ ਸਕਦਾ ਹਾਂ। ਹਕੀਕਤ ਹੈ ਕਿ ਰੁਪਿਆ ਸਾਰਾ ਉਨ੍ਹਾਂ ਨੂੰ ਅਗਸਤ ਮਹੀਨੇ ਤੋਂ ਸ਼ੁਰੂ ਹੋਕੇ ਪਹਿਲੀ ਕਿਸਤ ਸਤੰਬਰ-ਅਕਤੂਬਰ ਤੱਕ ਚਲੀ ਗਈ ਸੀ ਅਤੇ ਦੂਜੀ ਕਿਸਤ ਅਕਤੂਬਰ ਤੋਂ ਸ਼ੁਰੂ ਹੋ ਕੇ ਚਲੀ ਗਈ ਹੈ। 130 ਕਰੋੜ ਰੁਪਏ ਦਾ ਬਕਾਇਦਾ ਪ੍ਰਯੋਗ ਹੋ ਰਿਹਾ ਹੈ। ਸਕੀਮਾਂ ਬਣਾਈਆਂ ਹੋਈਆਂ ਹਨ ਅਤੇ ਪਿੰਡਾਂ ਵਿਚ ਇਸ ਸਾਰੇ ਕੰਮ ਦੀ ਅਸੀਂ ਵੀ ਮੌਨੀਟਰਿੰਗ ਕਰ ਰਹੇ ਹਾਂ। ਇਸ ਵੱਡੀ ਚੀਜ਼ ਨੂੰ ਦੇਖਣ ਲਈ ਅਸੀਂ ਇਸ ਢੰਗ ਨਾਲ ਇੰਪਲੀਮੈਂਟ ਕੀਤਾ ਹੈ।

ਸਪੀਕਰ ਸਾਹਿਬ, ਦੂਜਾ ਸਟੈਪ ਜਿਹੜਾ ਲਿਆ ਹੈ, ਜਿਸ ਦਾ ਜ਼ਿਕਰ ਸਰਦਾਰ ਤੋਤਾ ਸਿੰਘ ਨੇ ਵੀ ਕੀਤਾ ਹੈ, Restructuring of entire system. ਪਹਿਲਾਂ ਸਿਸਟਮ ਸੀ, ਪ੍ਰਾਇਮਰੀ ਸਕੂਲ, ਫਿਰ ਅਪਰ ਪ੍ਰਾਇਮਰੀ ਸਕੂਲ, ਫਿਰ ਅੱਠਵੀਂ, ਨੌਵੀਂ, ਦਸਵੀਂ ਅਤੇ ਫਿਰ ਸੈਕੰਡਰੀ ਕਲਾਸ। ਇਸ ਨੂੰ ਰਿਡਿਊਸ ਕਰਕੇ 6—14 ਸਾਲ ਦਾ ਜਿਹੜਾ ਬੱਚਾ ਹੈ, ਉਸਦੇ ਲਈ ਐਲੀਮੈਂਟਰੀ ਸਕੂਲ ਦੀ ਸਥਾਪਨਾ ਕੀਤੀ ਹੈ। ਇਹ ਕੀਤਾ ਹੈ ਕਿ ਉਸਦੀ ਬਕਾਇਦਾ ਕਲੱਬਿੰਗ ਹੋਵੇਗੀ। ਜਿਸ ਪਿੰਡ ਵਿਚ ਇਸ ਵੇਲੇ ਪ੍ਰਾਇਮਰੀ ਸਕੂਲ ਹੈ ਤੇ ਨਾਲ ਅੱਠਵੀਂ ਤੱਕ

**Expunged as ordered by the Chair.

Original with;
Punjab Vidhan Sabha
Digitized by;

[ ਸਕੂਲ ਸਿੱਖਿਆ ਮੰਤਰੀ ]

ਦਾ ਮਿਡਲ ਸਕੂਲ ਹੈ, ਉਹ ਦੋਨੋਂ ਮਰਜ ਹੋ ਕੇ ਇਕ ਸਕੂਲ ਹੋ ਗਿਆ ਹੈ। ਜਿਹੜਾ ਸਕੂਲ ਇਕ ਕਿਲੋਮੀਟਰ ਦੇ ਵਿਚ ਵਿਚ ਹੈ, ਉਸਦੀ ਵੱਖਰੀ ਬ੍ਰਾਂਚ ਬਣਾ ਦਿੱਤੀ ਹੈ। ਜਿਥੇ ਸਿਰਫ ਪ੍ਰਾਇਮਰੀ ਸਕੂਲ ਹੈ ਅਤੇ ਉਸ ਪ੍ਰਾਇਮਰੀ ਸਕੂਲ ਦੇ ਹੋਰ ਕੋਈ ਸਕੂਲ ਨਜ਼ਦੀਕ ਨਹੀਂ ਤਾਂ ਅਸੀਂ ਉਨ੍ਹਾਂ ਨੂੰ ਕਹਿ ਦਿੱਤਾ ਹੈ ਕਿ ਪੰਜਵੀਂ ਜਮਾਤ ਤੋਂ ਬਾਅਦ ਛੇਵੀਂ ਜਮਾਤ ਦੇ 20 ਬੱਚੇ ਤੁਸੀਂ ਲੈ ਆਓ, ਤੁਹਾਡੇ ਸਕੂਲ ਦੀ ਅਪਗਰੇਡੇਸ਼ਨ ਹੋ ਜਾਵੇਗੀ। ਇਸ ਤਰੀਕੇ ਨਾਲ ਉਹ ਐਲੀਮੈਂਟਰੀ ਸਕੂਲ ਬਣ ਜਾਵੇਗਾ। ਉਸ ਤੋਂ ਬਾਅਦ ਉਥੇ ਸੱਤਵੀਂ ਅਤੇ ਅੱਠਵੀਂ ਜਮਾਤ ਵੀ ਲੱਗੇਗੀ। ਅੱਠਵੀਂ ਤੋਂ ਬਾਅਦ ਅਗਰ ਉਹ 20 ਬੱਚੇ ਹੋਰ ਲੈ ਆਉਣ ਤਾਂ ਉਥੇ ਨੌਂਵੀਂ ਜਮਾਤ ਸ਼ੁਰੂ ਹੋ ਜਾਵੇਗੀ ਅਤੇ ਨੌਂਵੀਂ ਜਮਾਤ ਤੋਂ ਬਾਅਦ 20 ਬੱਚੇ ਹੋਰ ਆ ਜਾਂਦੇ ਹਨ ਤਾ ਦਸਵੀਂ ਕਲਾਸ ਸ਼ੁਰੂ ਹੋ ਜਾਵੇਗੀ। ਪਹਿਲਾਂ ਜਿਹੜੀ ਅਪਗਰੇਡੇਸ਼ਨ ਹੁੰਦੀ ਸੀ, ਉਹ ਸਕੈਂਡੂਲੱਸ ਹੁੰਦੀ ਸੀ। ਪਿਛਲੀ ਸਰਕਾਰ ਨੇ ਸਕੂਲਾਂ ਦੀ ਅਪਗਰੇਡੇਸ਼ਨ ਕੀਤੀ ਸੀ ਜਿਸ ਵਿਚ ਬਹੁਤ ਸਾਰੀਆਂ ਖਾਮੀਆਂ ਸਨ। ਕਈ ਚੀਜ਼ਾਂ ਪੁਲੀਟੀਕਲ ਪਰੈਸਰ ਵਿਚ ਹੁੰਦੀਆਂ ਹਨ ਅਤੇ ਉਨ੍ਹਾਂ ਵਿਚ ਫਿਰ ਨਾਰਮਜ਼ ਇਗਨੋਰ ਹੋ ਜਾਂਦੇ ਹਨ। ਮੈਂ ਇਕ ਸਕੂਲ ਦੀ ਤੁਹਾਨੂੰ ਐਗਜ਼ਾਂਪਲ ਦਿੰਦਾ ਹਾਂ। ਪਿਛਲੀ ਸਰਕਾਰ ਨੇ ਉਸ ਪ੍ਰਾਈਮਰੀ ਸਕੂਲ ਨੂੰ ਹਾਇਰ ਸੈਕੰਡਰੀ ਸਕੂਲ ਕਰ ਦਿੱਤਾ ਲੇਕਿਨ ਨਾ ਉਥੇ ਕੋਈ ਇਨਫਰਾਸਟਰੱਕਚਰ ਹੈ, ਨਾ ਕੋਈ ਬਿਲਡਿੰਗ ਹੈ ਅਤੇ ਨਾ ਹੀ ਟੀਚਰਜ਼ ਹਨ। ਇਸ ਦਾ ਨਤੀਜਾ ਕੀ ਹੈ। ਹਾਇਰ ਸੈਕੰਡਰੀ ਸਕੂਲ ਵਾਲੀ ਉਥੇ ਕੋਈ ਗੱਲਬਾਤ ਹੀ ਨਹੀਂ ਹੈ। ਹੁਣ ਅਸੀਂ ਇਸ ਸਿਸਟਮ ਨੂੰ ਪੁਲੀਟੀਕਲ ਚੁੰਗਲ ਵਿਚੋਂ ਕੱਢ ਕੇ ਆਟੋਮੈਟਿਕ ਕਰ ਦਿੱਤਾ ਹੈ। ਡੀ.ਈ.ਓ. ਨੂੰ ਇੰਪਾਵਰ ਕਰ ਦਿੱਤਾ ਹੈ ਕਿ ਉਹ ਆਪੇ ਹੀ ਸਕੂਲ ਨੂੰ ਇਸ ਤਰੀਕੇ ਨਾਲ ਅਪਗਰੇਡ ਕਰ ਦੇਵੇ। ਇਹ ਮਈਅਰ ਇਸ ਕਰਕੇ ਲਿਆ ਹੈ ਕਿਉਂਕਿ ਜਿਹੜਾ ਸਾਡਾ ਪ੍ਰਾਇਮਰੀ ਸਿਸਟਮ ਸੀ, ਉਹ ਕੁਲੈਪਸ ਕਰ ਗਿਆ ਸੀ। ਜਿਹੜਾ ਮਾਸਟਰ ਕੇਡਰ ਸੀ, ਉਹ ਪਹਿਲਾਂ ਅੱਠਵੀਂ ਤੱਕ ਸੀ। ਹੁਣ ਉਹ ਥੱਲੇ ਤੱਕ ਜਾਵੇਗਾ। ਇਸ ਨਾਲ ਇੰਪਰੂਵਮੈਂਟ ਹੋਵੇਗੀ। ਇਸ ਵਿਚ ਵੱਡੀ ਚੀਜ਼ ਇਹ ਹੈ ਕਿ ਪ੍ਰਾਇਮਰੀ ਹੈਡ ਟੀਚਰ ਜੋ ਸਨ, ਉਨ੍ਹਾਂ ਦੀ ਪ੍ਰੋਮੋਸ਼ਨ ਨੂੰ ਵੀ ਪ੍ਰੋਟੈਕਟ ਕੀਤਾ ਗਿਆ ਹੈ। ਉਸ ਨੂੰ ਕਿਹਾ ਹੈ ਕਿ ਤੂੰ ਵੀ ਇੰਸਪੈਕਟ ਕਰ ਸਕਦਾ ਹੈਂ। ਸੀਨੀਅਰ ਟੀਚਰ ਉਸ ਇੰਸਟੀਚਿਊਸ਼ਨ ਨੂੰ ਹੈੱਡ ਕਰੇਗਾ। ਇਹ ਜਿਹੜਾ ਸਿਲਸਿਲਾ ਅਸੀਂ ਤੋਰਿਆ ਹੈ, ਇਸ ਨਾਲ ਕੁਆਲੀਟੇਟਿਵ ਇੰਪਰੂਵਮੈਂਟ ਆਵੇਗੀ। ਇਹ ਬੜਾ ਵੱਡਾ ਸਟੈੱਪ ਹੈ। ਰੂਲਜ਼ ਰੈਗੂਲੇਸ਼ਨਜ਼ ਪਾਸ ਕਰਕੇ ਪਹਿਲੀ ਨਵੰਬਰ ਤੋਂ ਇਸ ਨੂੰ ਅਸੀਂ ਇੰਪਲੀਮੈਂਟ ਕਰ ਦਿੱਤਾ ਹੈ। ਵੱਡੀ ਗੱਲ ਇਹ ਹੋ ਰਹੀ ਹੈ ਕਿ ਮਾਸਟਰ ਕੇਡਰ ਵਿਚੋਂ ਟੀਚਰ ਥੱਲੇ ਜਾਣੇ ਹਨ। ਇਸ ਵੇਲੇ ਕਈ ਐਸੇ ਸਕੂਲ ਹਨ ਜਿਨ੍ਹਾਂ ਦੇ ਆਪਣੇ ਸਟੂਡੈਂਟਸ ਨਹੀਂ ਹਨ। ਉਥੇ ਟੀਚਰ ਬਹੁਤ ਹਨ। ਜਿਥੇ ਸਟੂਡੈਂਟਸ ਜ਼ਿਆਦਾ ਹਨ, ਉਥੇ ਟੀਚਰਜ਼ ਨਹੀਂ ਹਨ। ਅਸੀਂ ਇਸ ਚੀਜ਼ ਨੂੰ ਹੁਣ ਰੈਸ਼ਨੇਲਾਈਜ਼ ਕਰ ਰਹੇ ਹਾਂ। ਇਸ ਨਾਲ ਇਕ ਐਸੀ ਤਸਵੀਰ ਬਣ ਜਾਵੇਗੀ ਜਿਸ ਤੋਂ ਪਤਾ ਲੱਗ ਸਕੇਗਾ ਕਿ ਕਿਥੇ ਕਿਸ ਚੀਜ਼ ਦੀ ਘਾਟ ਹੈ। ਮੈਂ ਸਦਨ ਨੂੰ ਇਹ ਐਸ਼ਿਓਰ ਕਰਦਾ ਹਾਂ ਕਿ ਅਸੀਂ ਬਕਾਇਦਾ ਭਰਤੀ ਵੀ ਕਰਾਂਗੇ ਜੋ ਟ੍ਰਾਂਸਪੇਰੈਂਟ ਵੀ ਹੋਵੇਗੀ ਅਤੇ ਆਨ ਮੈਰਿਟ ਵੀ ਹੋਵੇਗੀ। ਇਹ ਜਿਹੜੀਆਂ ਵੇਕੈਂਸੀਜ਼ ਹਨ, ਇਹ ਭਾਵੇਂ ਅਬਾਲਿਸ਼ ਹੋ ਗਈਆਂ ਹਨ ਲੇਕਿਨ ਇਹ ਦੁਬਾਰਾ ਰਿਵਾਈਵ ਕਰਕੇ ਅਸੀਂ ਭਰਾਂਗੇ।

ਇਸ ਤੋਂ ਇਲਾਵਾ ਇਕ ਹੋਰ ਸਕੀਮ ਹੈ ਜਿਸ ਨੂੰ ਅਸੀਂ ਐਜੂਕੇਸ਼ਨ ਗ੍ਰਾਂਟ ਸਕੀਮ ਕਹਿੰਦੇ ਹਾਂ। ਸਟੇਟ ਵਿਚ ਕਈ ਪਿੰਡ ਹਨ ਜਿਨ੍ਹਾਂ ਦੇ ਬਾਹਰ ਬਸਤੀਆਂ ਬਣ ਗਈਆਂ ਹਨ। ਇਸੇ ਤਰ੍ਹਾਂ ਸ਼ਹਿਰਾਂ ਦੇ ਵਿਚ ਸਲੱਮਜ਼ ਬਣ ਗਈਆਂ ਹਨ। ਇਨ੍ਹਾਂ ਬਸਤੀਆਂ ਵਿਚ ਨਾ ਕੋਈ ਪ੍ਰਾਇਮਰੀ ਸਕੂਲ ਹੈ ਅਤੇ ਨਾ ਕੋਈ ਮਿਡਲ ਸਕੂਲ ਹੈ। ਇਥੇ ਐਜੂਕੇਸ਼ਨ ਦਾ ਕੋਈ ਸਾਧਨ

Original with;
Punjab Vidhan Sabha
Digitized by;

ਨਹੀਂ ਹੈ। ਇਸੇ ਲਈ 10586 ਗਰੀਬੜੇ ਤੇ ਅਣਇਸਟੈਬਲਿਸ਼ਡ ਏਰੀਆਜ਼ ਅਸੀਂ ਆਈਡੈਂਟੀਫਾਈ ਕੀਤੇ ਹਨ ਜਿਥੇ ਅਸੀਂ ਐਜੂਕੇਸ਼ਨ ਦੀ ਸਹੂਲਤ ਦੇਣੀ ਚਾਹੁੰਦੇ ਹਾਂ। ਇਸ ਸਕੀਮ ਵਿਚ ਪਿੰਡ ਦੇ ਬੰਦੇ ਇਕ ਕਮਰਾ ਦੇਣਗੇ ਜਿਸ ਵਿਚ ਇਕ ਵਰਾਂਡਾ ਹੋਵੇਗਾ। ਉਨ੍ਹਾਂ ਨੂੰ ਅਸੀਂ ਕਿਹਾ ਹੈ ਕਿ ਤੁਸੀਂ 10 ਜਮ੍ਹਾਂ 2 ਪੜ੍ਹਿਆ ਟੀਚਰ ਆਪ ਰਿਕਰੂਟ ਕਰਨਾ ਹੈ। ਇਹ ਰਿਕਰੂਟਮੈਂਟ ਉਨ੍ਹਾਂ ਨੇ ਆਪ ਕਰਨੀ ਹੈ। ਇਸ ਦੇ ਵਿਚ ਸਰਕਾਰ ਦਾ ਕੋਈ ਦਖਲ ਨਹੀਂ ਹੈ। ਉਸ ਟੀਚਰ ਨੂੰ ਅਸੀਂ ਇਕ ਹਜ਼ਾਰ ਰੁਪਿਆ ਆਨਰੇਰੀਅਮ ਦਿਆਂਗੇ। ਇਹ ਵੀ ਅਸੀਂ ਕਿਹਾ ਹੈ ਕਿ ਇਸ ਤਰ੍ਹਾਂ ਦੇ ਟੀਚਰਾਂ ਵਿਚ 75% ਲੇਡੀਜ਼ ਹੋਣ ਅਤੇ 25% ਲੜਕੇ ਹੋਣ। ਜੇ 75% ਲੜਕੀਆਂ ਨਾ ਹੋਣ ਤਾਂ ਫਿਰ ਭਾਵੇਂ ਉਨ੍ਹਾਂ ਦੀ ਥਾਂ ਤੇ ਲੜਕੇ ਹੋ ਜਾਣ। ਉਨ੍ਹਾਂ ਨੂੰ ਅਸੀਂ ਟ੍ਰੇਨਿੰਗ ਦੇਣੀ ਹੈ। ਟ੍ਰੇਨਿੰਗ ਦੇ ਕੇ ਉਹ ਉਨ੍ਹਾਂ ਬੱਚਿਆਂ ਨੂੰ ਪੜ੍ਹਾਉਣਗੇ ਅਤੇ ਜਦੋਂ ਉਹ ਸਕੂਲ ਚੱਲ ਜਾਵੇਗਾ ਤਾਂ ਫਿਰ ਗੌਰਮਿੰਟ ਉਨ੍ਹਾਂ ਸਕੂਲਾਂ ਨੂੰ ਟੇਕਓਵਰ ਕਰੇਗੀ। ਇਸ ਨਾਲ ਉਹ ਬੱਚੇ ਵੀ ਐਜੂਕੇਸ਼ਨ ਤੋਂ ਵਾਂਝੇ ਨਹੀਂ ਰਹਿਣਗੇ ਅਤੇ ਯੂਨੀਵਰਸਲਾਈਜ਼ੇਸ਼ਨ ਆਫ ਐਜੂਕੇਸ਼ਨ ਇਹ ਟਾਈਮ ਬਾਊਂਡ ਹੈ ਇਸ ਅਨੁਸਾਰ ਅਸੀਂ ਇਹ ਸਾਰਾ ਸਿਲਸਿਲਾ ਇੰਪਲੀਮੈਂਟ ਕਰ ਰਹੇ ਹਾਂ ਅਤੇ ਬਕਾਇਦਾ ਅਸਟੈਬਲਿਸ਼ ਕਰਕੇ ਬਕਾਇਦਾ ਭਰਤੀ ਹੋ ਗਈ ਹੈ ਅਤੇ ਬਕਾਇਦਾ ਤੌਰ ਤੇ ਇਹ ਸਿਲਸਿਲਾ ਚੱਲ ਰਿਹਾ ਹੈ।

ਸਪੀਕਰ ਸਾਹਿਬ, ਇਕ ਗੱਲ ਹੋਰ ਜਿਹੜੀ ਮੈਂ ਕਹਿਣੀ ਹੈ ਉਹ ਇਹ ਹੈ ਕਿ 6ਵੀਂ ਤੋਂ ਕੰਪਿਊਟਰ ਐਜੂਕੇਸ਼ਨ ਬੱਚਿਆਂ ਨੂੰ ਦੇਣਾ। ਪਹਿਲਾਂ ਵੀ ਸਰਕਾਰ ਨੇ ਇਹ ਸਿਸਟਮ ਤੋਰਿਆ ਸੀ। ਉਸ ਸਮੇਂ ਇਨ੍ਹਾਂ ਨੇ ਫੈਸਲਾ ਕੀਤਾ ਸੀ ਕਿ 80 ਰੁਪਏ ਪਰ ਸਟੂਡੈਂਟ ਅਸੀਂ ਲਵਾਂਗੇ ਅਤੇ 80 ਰੁਪਏ ਉਹ ਬੱਚੇ ਦੇ ਨਹੀਂ ਸਕੇ ਜਿਸ ਕਾਰਨ ਉਹ ਇਹ ਐਜੂਕੇਸ਼ਨ ਲੈ ਨਹੀਂ ਸਕੇ ਕਿਉਂਕਿ ਉਨ੍ਹਾਂ ਦੀ ਇੰਨੀ ਕੈਪੇਸਿਟੀ ਨਹੀਂ ਸੀ। ਅਸੀਂ ਕੀ ਕੀਤਾ ਕਿ ਸੈਂਟਰ ਗੌਰਮਿੰਟ ਦੀ ਕੰਸਲਟੈਂਸੀ ਇੱਕ ਏਜੰਸੀ ਹੈ ਉਨ੍ਹਾਂ ਨਾਲ ਇਹ ਮਾਮਲਾ ਟੇਕਅੱਪ ਕੀਤਾ ਅਤੇ ਉਨ੍ਹਾਂ ਨੂੰ ਕਿਹਾ ਕਿ ਸਾਨੂੰ ਟੈਂਡਰ ਦਿਓ। ਉਨ੍ਹਾਂ ਨੇ ਸਾਨੂੰ 28 ਰੁਪਏ ਪਰ ਸਟੂਡੈਂਟ ਦੇ ਹਿਸਾਬ ਨਾਲ ਰੇਟ ਕੋਟ ਕੀਤਾ ਕਿ ਅਸੀਂ ਇੰਨੇ ਪੈਸੇ ਲਵਾਂਗੇ ਅਤੇ ਅਸੀਂ ਉਨ੍ਹਾਂ ਨਾਲ ਨੈਗੋਸ਼ੀਏਟ ਕਰਕੇ ਉਸ ਰੇਟ ਨੂੰ ਵੀ ਰੀਡਿਊਸ ਕਰ ਲਿਆ ਹੈ ਅਤੇ ਇਸ ਵਿੱਚ ਹੁਣ ਅਸੀਂ ਸਰਕਾਰ ਵੱਲੋਂ ਵੀ ਹਿੱਸਾ ਪਾਵਾਂਗੇ। ਅਸੀਂ ਉਨ੍ਹਾਂ ਨੂੰ ਕਿਹਾ ਹੈ ਕਿ ਤੁਸੀਂ ਇੰਨੇ ਸੈਂਟਰ ਖੋਲ੍ਹਣੇ ਹਨ ਅਤੇ ਇੰਨੀ ਦੂਰੀ ਤੇ ਖੋਲ੍ਹਣੇ ਹਨ ਕਿ ਬੱਚੇ ਉਥੇ ਆਸਾਨੀ ਨਾਲ ਜਾ ਸਕਣ। ਅਸੀਂ ਸਰਕਾਰ ਵੱਲੋਂ ਉਸ ਸੈਂਟਰ ਨੂੰ ਚਲਾਉਣ ਲਈ ਇਕ ਵੱਡਾ ਕਮਰਾ ਦੇਵਾਂਗੇ, ਬਿਜਲੀ ਦੇਵਾਂਗੇ ਅਤੇ ਬਿਜਲੀ ਦੇ ਕੇ ਜਿਹੜਾ ਉਹ ਸੈਂਟਰ ਹੋਵੇਗਾ ਉਹ ਅਸੀਂ ਇਕ ਫਰਮ ਨੂੰ ਨਹੀਂ ਕਿਹਾ ਸਗੋਂ ਕਈ ਫਰਮਾਂ ਨੂੰ ਕਿਹਾ ਹੈ। ਇਹ ਇਸ ਲਈ ਕੀਤਾ ਹੈ ਕਿ ਅਸੀਂ ਬੱਚਿਆਂ ਨੂੰ 10-15 ਰੁਪਏ ਵਿੱਚ ਇਕ ਸਟੂਡੈਂਟ ਨੂੰ ਪੜ੍ਹਾ ਸਕੀਏ ਅਤੇ ਇਸ ਤੇ ਬਕਾਇਦਾ ਫਸਟ ਅਪ੍ਰੈਲ ਤੋਂ ਕੰਮ ਸ਼ੁਰੂ ਹੋ ਗਿਆ ਹੈ। ਸਪੀਕਰ ਸਾਹਿਬ, ਅਸੀਂ ਇਸ ਤਰ੍ਹਾਂ ਜੋ 500 ਦੇ ਕਰੀਬ ਸੈਂਟਰ ਖੋਲ੍ਹ ਰਹੇ ਹਾਂ। ਛੇ ਮਹੀਨੇ ਜਾਂ ਇਕ ਸਾਲ ਤੋਂ ਦੋ ਸਾਲ ਦੇ ਵਿੱਚ ਇਹ ਸਾਰੇ ਸੈਂਟਰ ਮੁਕੰਮਲ ਕਰਾਂਗੇ ਅਤੇ ਇਹ ਸਾਰੀ ਕੰਪਿਊਟਰ ਐਜੂਕੇਸ਼ਨ ਉਨ੍ਹਾਂ ਨੂੰ ਪ੍ਰੋਵਾਈਡ ਕਰਾਂਗੇ।

ਸਪੀਕਰ ਸਾਹਿਬ, ਇਕ ਹੋਰ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਉਹ ਵੀ ਕੰਪਿਊਟਰ ਦੀ ਹੈ, ਪੜ੍ਹਾਉਣ ਦੀ ਹੈ। ਕਨਸੈਪਟ ਹੈ ਐਜੂਕੇਸ਼ਨ ਥਰੂ ਕੰਪਿਊਟਰ। ਇਸ ਪਾਸੇ ਵੀ ਅਸੀਂ ਵਰਕ ਆਊਟ ਕਰ ਰਹੇ ਹਾਂ ਕਿ ਜੇਕਰ ਟੀਚਰ ਦੀ ਘਾਟ ਹੋ ਜਾਵੇ ਤਾਂ ਅਸੀਂ ਕੰਪਿਊਟਰ ਰਾਹੀਂ ਉਨ੍ਹਾਂ ਨੂੰ ਪੜ੍ਹਾ ਸਕੀਏ। ਇਹ ਸਾਡੀ ਸਕੀਮ ਹੈ ਜਿਸ ਨਾਲ ਕੰਪਿਊਟਰ ਐਜੂਕੇਸ਼ਨ ਬਹੁਤ ਤੇਜ਼ੀ ਨਾਲ ਪੰਜਾਬ ਦੇ ਵਿੱਚ ਚਲੇਗੀ ਅਤੇ ਸਾਰੇ ਸਟੂਡੈਂਟਸ ਨੂੰ ਅਸੀਂ ਕਵਰ ਕਰਾਂਗੇ।

Original with;
Punjab Vidhan Sabha
Digitized by;

[ ਸਕੂਲ ਸਿੱਖਿਆ ਮੰਤਰੀ ]

ਇਸ ਤੋਂ ਅੱਗੇ ਇਕ ਗੱਲ ਹੈ ਕਿ ਜਿਹੜੇ ਹੈਂਡੀਕੈਪਡ ਸਟੂਡੈਂਟਸ ਹਨ ਉਨ੍ਹਾਂ ਲਈ ਅਸੀਂ ਇਕ ਪ੍ਰੋਵੀਜ਼ਨ ਕੀਤੀ ਹੈ। ਤਿੰਨ ਕਰੋੜ ਰੁਪਏ ਲਗਾ ਕੇ ਅਸੀਂ ਉਨ੍ਹਾਂ ਨੂੰ ਹੋਰ ਚੰਗੀ ਫੈਸਿਲਟੀ ਦੇ ਸਕੀਏ। ਇਸੇ ਤਰ੍ਹਾਂ, ਸਪੀਕਰ ਸਾਹਿਬ, ਸਾਡੇ ਇਨ ਸਰਵਿਸ ਟ੍ਰੇਨਿੰਗ ਸੈਂਟਰ ਹਨ ਔਰ ਉਨ੍ਹਾਂ ਵਿੱਚ ਅਸੀਂ ਇਨ੍ਹਾਂ ਟੀਚਰਜ਼ ਨੂੰ ਟ੍ਰੇਨਿੰਗ ਦੇਣੀ ਹੈ ਕੰਪਿਊਟਰ ਰਾਹੀਂ ਅਤੇ ਹੋਰ ਢੰਗਾਂ ਦੇ ਰਾਹੀਂ ਜਿਹੜੀ ਨਵੀਂ ਢੰਗ ਦੀ ਤਾਲੀਮ ਹੈ। ਉਸ ਕਰਕੇ ਅਸੀਂ ਇਹ ਕੀਤਾ ਹੈ। ਜਿਹੜਾ crux of problem ਹੈ ਉਹ ਹੈ ਟੀਚਰਜ਼ ਦੀ ਗੈਰਹਾਜ਼ਰੀ ਅਤੇ ਟੀਚਰਾਂ ਦਾ ਨਾ ਆਉਣਾ। ਇਸ ਵਾਸਤੇ ਹੁਣ ਅਸੀਂ ਇਕ ਕਲੱਸਟਰ ਸਿਸਟਮ ਸ਼ੁਰੂ ਕੀਤਾ ਹੈ। ਪਹਿਲਾਂ ਵਿਜੀਲੈਂਸ ਨੇ ਰੇਡ ਕੀਤੇ। ਉਹ ਮੈਨੂੰ ਚੰਗਾ ਨਹੀਂ ਲੱਗਿਆ ਕਿਉਂਕਿ ਇਹ ਇਸ ਸਮੱਸਿਆ ਦਾ ਕੋਈ ਪ੍ਰਮਾਨੈਂਟ ਸੋਲਿਊਸ਼ਨ ਨਹੀਂ ਹੈ। ਜਿਹੜਾ ਅਸੀਂ ਹੁਣ ਕਲੱਸਟਰ ਸਿਸਟਮ ਅਪਣਾਇਆ ਹੈ ਇਸ ਦੇ ਤਿੰਨ ਸਟੈਪ ਹਨ। ਪਹਿਲਾ ਸਟੈਪ ਇਹ ਹੈ ਕਿ ਪੰਜ ਕਿਲੋਮੀਟਰ ਦਾ ਏਰੀਆ ਲੈ ਲਿਆ ਉਸ ਵਿੱਚ ਜਿਹੜਾ ਹੈਡ ਪ੍ਰਿੰਸੀਪਲ ਹੈ ਜਿਸ ਤਰ੍ਹਾਂ ਕੋਈ ਸੈਕੰਡਰੀ ਜਾਂ ਕੋਈ ਮੈਟ੍ਰਿਕ ਸਕੂਲ ਹੈ ਉਸ ਨੂੰ ਅਸੀਂ ਰਿਸਪਾਂਸੀਬਲ ਬਣਾਇਆ ਹੈ ਅਤੇ ਉਸਦੀ ਜ਼ਿੰਮੇਵਾਰੀ ਫਿਕਸ ਕੀਤੀ ਹੈ ਕਿ ਤੂੰ ਇਸ ਏਰੀਏ ਵਿੱਚ 10 ਚੱਕਰ ਮਾਰਨੇ ਹਨ ਅਤੇ ਉਸ ਖਿੱਤੇ ਵਿੱਚ ਚੱਕਰ ਲਗਾ ਕੇ ਇਹ ਦੇਖਣਾ ਹੈ ਕਿ ਐਜੂਕੇਸ਼ਨ ਦੀ ਕੁਆਲਟੀ ਕੀ ਹੈ ਅਤੇ ਨਾਲ ਹੀ ਇਹ ਵੀ ਦੇਖਣਾ ਹੈ ਕਿ ਕੀਤੇ ਗਏ ਕੰਮ ਦੀ ਕੁਆਲਟੀ ਕੀ ਹੈ ਅਤੇ ਤੀਸਰੀ ਗੱਲ ਇਹ ਕਿ ਕੀ ਟੀਚਰ ਗੈਰਹਾਜ਼ਰ ਤਾਂ ਨਹੀਂ। ਸਪੀਕਰ ਸਾਹਿਬ, ਕਈ ਪਿੰਡਾਂ ਵਿੱਚ ਐਸੇ ਸਕੂਲ ਹਨ ਜਿੱਥੇ ਬੱਚੇ ਘੱਟ ਹਨ ਜਾਂ ਕਈ ਜਗ੍ਹਾ ਤੇ ਜ਼ਿਆਦਾ ਵੀ ਹਨ ਔਰ ਉਸਨੇ ਸਾਨੂੰ ਰਿਪੋਰਟ ਕਰਨੀ ਹੈ ਅਤੇ ਅਸੀਂ ਉਸ ਨੂੰ ਇਹ ਅਖਤਿਆਰ ਦਿੱਤੇ ਹਨ ਕਿ ਉਸ ਨੇ ਉਸ ਨੂੰ ਸਜ਼ਾ ਵੀ ਦੇਣੀ ਹੈ ਜਿਹੜਾ ਇਸ ਵਾਸਤੇ ਰਿਸਪਾਂਸੀਬਲ ਹੈ। ਇਸ ਦੀ ਵਰਕਿੰਗ ਸ਼ੁਰੂ ਹੋ ਗਈ ਹੈ। ਇਸ ਤੋਂ ਅੱਗੇ ਅਸੀਂ ਇਹ ਕੀਤਾ ਹੈ ਕਿ ਜਿਹੜਾ ਡੀ.ਈ.ਓ. ਹੈ ਉਸ ਨੂੰ ਕਿਹਾ ਹੈ ਕਿ ਤੂੰ ਆਪਣੇ ਏਰੀਏ ਵਿੱਚ 10 ਚੱਕਰ ਮਾਰ ਕੇ ਜਿਹੜਾ ਸਾਡਾ ਐਲੀਮੈਂਟਰੀ ਡਾਇਰੈਕਟੋਰੇਟ ਹੈ, ਉਸ ਦੇ ਡੀ.ਈ.ਓ. ਨੂੰ ਕਿਹਾ ਹੈ ਕਿ ਉਹ ਆਪਣੇ ਏਰੀਏ ਵਿਚ ਮਹੀਨੇ ਵਿਚ 20 ਚੱਕਰ ਮਾਰੇ। ਅੱਗੇ ਜਿਹੜੀ ਗੱਲ ਹੈ, ਉਨ੍ਹਾਂ ਵੱਲੋਂ ਤਿੰਨ ਚੱਕਰ ਮਾਰੇ ਵੀ ਗਏ ਹਨ। ਜਿਹੜਾ ਸਟਾਫ ਇਥੇ ਬੈਠਾ ਹੈ ਚਾਹੇ ਉਹ ਡੀ.ਪੀ.ਆਈ. ਹੈ, ਸੈਕਟਰੀ ਹੈ, ਮੈਂ ਵੀ ਉਸ ਵਿਚ ਆਉਂਦਾ ਹਾਂ। ਮੇਰੀ ਵੀ ਡਿਊਟੀ ਲਗਦੀ ਹੈ ਕਿ ਤੁਸੀਂ ਵੀ ਏਰੀਏ ਵਿਚ ਜਾਉ। ਅਸੀਂ ਇਸ ਵਾਸਤੇ ਇਕ ਖਾਸ ਫਾਰਮੇਟ ਬਣਾਇਆ ਹੋਇਆ ਹੈ ਜਿਸ ਦੀ ਕਿ ਬਹੁਤ ਜਰੂਰਤ ਹੈ। ਇਸ ਦੀ ਬਕਾਇਦਾ ਰਿਪੋਰਟਿੰਗ ਹੁੰਦੀ ਹੈ, ਉਸ ਵਿਚ ਸਾਰੀ ਇਨਫਰਮੇਸ਼ਨ ਦਿੱਤੀ ਜਾਂਦੀ ਹੈ। ਜਿਵੇਂ ਸਕੂਲ ਖੁਲੇ ਰਹਿੰਦੇ ਹਨ ਜਾਂ ਬੰਦ ਰਹਿੰਦੇ ਹਨ, ਹਾਜ਼ਰੀ ਵੀ ਚੈਕ ਹੁੰਦੀ ਹੈ ਕਿ ਟੀਚਰ ਉਥੇ ਜਾਂਦੇ ਹਨ ਜਾਂ ਨਹੀਂ, ਹੈਡ ਟੀਚਰ ਉਥੇ ਜਾਂਦਾ ਹੈ ਕਿ ਨਹੀਂ ਅਤੇ ਉਸ ਦੇ ਉਤੇ ਬਕਾਇਦਾ ਐਕਸ਼ਨ ਲਿਆ ਜਾਂਦਾ ਹੈ। ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਵੱਧ ਤੋਂ ਵੱਧ ਇਹ ਚੀਜ਼ ਚੱਲੇ। ਖਾਸ ਕਰਕੇ ਅਸੀਂ ਈ. ਗਵਰਨੈਂਸ ਸ਼ੁਰੂ ਕੀਤਾ ਹੈ। ਉਸ ਦੀ ਮੋਨੀਟੀਰਿੰਗ ਇਥੇ ਰੱਖੀ ਹੈ। ਅਸੀਂ ਹਰੇਕ ਡੀ.ਈ.ਓ. ਨੂੰ ਇਕ ਕੰਪਿਊਟਰ ਦੇ ਰਹੇ ਹਾਂ। ਹਰੇਕ ਸੀ.ਈ.ਓ. ਨੂੰ ਇਕ ਕੰਪਿਊਟਰ ਦੇ ਰਹੇ ਹਾਂ। ਇਥੇ ਇਕ ਅਫਸਰ ਨੂੰ ਇਸ ਦਾ ਇੰਚਾਰਜ ਬਣਾਇਆ ਗਿਆ ਹੈ, ਉਸ ਨੂੰ ਵੀ ਇਕ ਕੰਪਿਊਟਰ ਦੇ ਰਹੇ ਹਾਂ। ਇਸ ਤਰ੍ਹਾਂ ਡਿਟੇਲਡ ਇਨਫਰਮੇਸ਼ਨ ਕੁਲੈਕਟ ਹੋ ਸਕੇਗੀ ਕਿ ਕੀ-ਕੀ ਕੰਮ ਹੋਇਆ ਹੈ, ਕੀ ਪ੍ਰੋਗਰੈਸ ਹੋਈ ਹੈ, ਕੀ ਬਿਜਨੈਸ ਹੋਇਆ ਹੈ, ਇਸ ਸਭ ਕੁਝ ਦਾ ਪਤਾ ਲਗ ਸਕੇਗਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਸ ਨੂੰ ਬਿਲਕੁਲ ਲਾਈਨ ਤੇ ਲਿਆ ਰਹੇ ਹਾਂ। ਇਸ ਵਾਸਤੇ ਅਸੀਂ ਬੜਾ ਲੰਮਾ-ਚੌੜਾ ਪਲਾਨ ਡਰਾਅ ਕੀਤਾ ਹੈ। ਅਸੀਂ ਇਸ ਨੂੰ

Original with;
Punjab Vidhan Sabha
Digitized by;

ਬਕਾਇਦਾ ਇੰਪਲੀਮੈਂਟ ਕਰ ਰਹੇ ਹਾਂ। ਇਹ ਬੜੀ ਚੰਗੀ ਗੱਲ ਤੁਰੀ ਹੈ ਕਿ ਸਾਨੂੰ ਇਹ ਸਭ ਕੁਝ ਕਿਸ ਢੰਗ ਨਾਲ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ। ਮਿਡ-ਡੇ-ਮੀਲ ਸਕੀਮ ਪਹਿਲਾਂ ਚਲਦੀ ਸੀ ਤੇ ਬੰਦ ਹੋ ਗਈ ਸੀ। ਕੇਵਲ ਡਰਾਈ ਰਾਸ਼ਨ ਦਿੱਤਾ ਜਾਂਦਾ ਸੀ। ਅਸੀਂ ਹੁਣ ਕੁਕਡ ਫੂਡ ਦੇਣ ਵਾਸਤੇ ਇਕ ਬਲਾਕ ਵਿਚ ਇਕ ਥਾਂ ਤੇ ਇਹ ਸ਼ੁਰੂ ਕੀਤਾ ਹੈ ਅਤੇ ਇਸ ਨਾਲ ਸਾਨੂੰ ਬੜੀ ਕਾਮਯਾਬੀ ਮਿਲੀ ਹੈ ਅਤੇ 20 ਤੋਂ 25% ਬੱਚੇ ਵਧ ਗਏ ਹਨ। ਅਸੀਂ ਇਸ ਵਿਚ ਦੇਖਦੇ ਹਾਂ ਕਿ 300 ਕੈਲਰੀਜ਼ ਫੂਡ ਮਿਲੇ, ਕਿੰਨੇ ਗ੍ਰਾਮ ਸਮਾਨ ਹੋਵੇ, ਇਸ ਸਭ ਕੁਝ ਬਾਰੇ ਚੈਕ ਕਰਦੇ ਹਾਂ। ਇਸ ਦਾ ਰਿਜ਼ਲਟ ਅਤੇ ਰਿਸਪਾਂਸ ਬਹੁਤ ਅੱਛਾ ਮਿਲਿਆ ਹੈ।

ਸਪੀਕਰ ਸਾਹਿਬ, ਬਾਕੀ ਸਪੋਰਟਸ ਬਾਰੇ ਮੈਂ ਕਹਿਣਾ ਚਾਹਾਂਗਾ ਕਿ ਸਪੋਰਟਸ ਵਿਸ਼ੇ ਨੂੰ ਅਸੀਂ ਪ੍ਰਾਇਮਰੀ ਤੋਂ ਹੀ ਕੰਪਲਸਰੀ ਕਰ ਦਿੱਤਾ ਹੈ। ਅਸੀਂ 15 ਗੇਮਾਂ ਚੁਣੀਆਂ ਹਨ। ਅਸੀਂ ਬੱਚਿਆਂ ਨੂੰ ਕਹਿੰਦੇ ਹਾਂ ਕਿ ਤੁਸੀਂ ਪਹਿਲਾਂ ਇਕ ਗੇਮ ਖੇਡੋ ਫਿਰ ਦੂਜੀ ਗੇਮ ਖੇਡੋ। ਫਿਰ ਅਸੀਂ ਇਹ ਦੇਖਾਂਗੇ ਕਿ ਕਿਹੜੀ ਗੇਮ ਵਿਚ ਕਿਸ ਤਰ੍ਹਾਂ ਦੇ ਇਨਫਰਾਸਟਰਕਚਰ ਦੀ ਲੋੜ ਹੈ ਜਿਹੜਾ ਉਨ੍ਹਾਂ ਨੂੰ ਮੁਹਈਆ ਕਰਵਾਇਆ ਜਾਵੇਗਾ ਤਾਂ ਜੋ ਘੱਟੋ-ਘੱਟ ਰੀਜਨ ਵਾਈਜ਼ ਉਨ੍ਹਾਂ ਦਾ ਖੇਡਾਂ ਵਿਚ ਟੇਲੈਂਟ ਵਧੇ ਅਤੇ ਬਕਾਇਦਾ ਉਨ੍ਹਾਂ ਦੀ ਗਰੋਥ ਹੋਵੇ। ਇਸ ਵਾਸਤੇ ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ ਕਿ 15 ਗੇਮਾਂ ਚੁਣੀਆਂ ਹਨ ਜਿਨ੍ਹਾਂ ਦਾ ਬਕਾਇਦਾ ਅਸੀਂ ਕੈਲੰਡਰ ਬਣਾ ਕੇ ਸਕੂਲਾਂ ਵਿਚ ਭੇਜਾਂਗੇ ਅਤੇ ਉਸ ਦੀ ਇੰਪਲੀਮੈਂਟੇਸ਼ਨ ਕਰਾਵਾਂਗੇ ਤਾਂ ਜੋ ਇਸ ਪਾਸੇ ਵੱਲ ਬੱਚਿਆਂ ਦੀ ਰੁਚੀ ਵਧੇ ਅਤੇ ਗਰੋਥ ਹੋਵੇ। ਅਗਲੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਖਾਸ ਕਰਕੇ ਇਹ ਸੋਚਦੇ ਹੋਏ ਕਿ ਨੌਵੀਂ, ਦਸਵੀਂ, ਗਿਆਰਵੀਂ ਅਤੇ ਬਾਰ੍ਹਵੀਂ ਦੀਆਂ ਅਪਰ ਕਲਾਸਾਂ ਹੁੰਦੀਆਂ ਹਨ। ਇਨ੍ਹਾਂ ਕਲਾਸਾਂ ਵਿਚ ਵੋਕੇਸ਼ਨਲ ਕੋਰਸਾਂ ਦੀ ਬੜੀ ਵੱਡੀ ਪ੍ਰਾਬਲਮ ਸੀ। ਅਸੀਂ ਬੱਚਿਆਂ ਨੂੰ ਪ੍ਰੋਫੈਸ਼ਨਲ ਕੋਰਸਾਂ ਵਿਚ ਟਰੇਂਡ ਕਰਨਾ ਹੈ। ਹਾਇਰ ਐਜੂਕੇਸ਼ਨ ਬੜੀ ਇੰਪਾਰਟੈਂਟ ਐਜੂਕੇਸ਼ਨ ਹੁੰਦੀ ਹੈ ਅਤੇ ਇਹ ਬਿਲਕੁਲ ਰਿਫਲੈਕਟ ਕਰਦੀ ਹੈ ਉਸ ਏਰੀਏ ਦੀ ਗਰੋਥ ਨੂੰ। ਕਿਸੇ ਵੇਲੇ ਇਹ ਬੜੀ ਵੱਡੀ ਸਮੱਸਿਆ ਸੀ ਕਿ ਨੌਵੀਂ ਤੋਂ ਲੈ ਕੇ ਬਾਰ੍ਹਵੀਂ ਤੱਕ ਚੰਗਾ ਕਿਵੇਂ ਪੜ੍ਹਾ ਸਕੀਏ। ਇਸ ਵਾਸਤੇ ਵੋਕੇਸ਼ਨਲਾਈਜੇਸ਼ਨ ਦੇ ਪ੍ਰੋਜੈਕਟ ਨੂੰ ਬਕਾਇਦਾ ਤੌਰ ਤੇ ਵਰਕ-ਆਊਟ ਕਰ ਰਹੇ ਹਾਂ ਅਤੇ ਅਸੀਂ ਇਸ ਨੂੰ ਵੱਖ-ਵੱਖ ਏਰੀਏ ਵਾਈਜ਼ ਇੰਟਰੋਡਿਊਸ ਕਰ ਰਹੇ ਹਾਂ। ਜਿਵੇਂ ਲੁਧਿਆਣਾ ਵਿਚ ਟੈਕਸਟਾਈਲ ਇੰਡਸਟਰੀ ਅਤੇ ਡਾਇੰਗ ਇੰਡਸਟਰੀ ਦੀ ਟ੍ਰੇਨਿੰਗ ਦਿਆਂਗੇ। ਖਾਸ ਕਰਕੇ ਮੈਂ ਇਹ ਗੱਲ ਕਹਾਂਗਾ ਕਿ ਰੇਸ਼ਨੇਲਾਈਜ਼ੇਸ਼ਨ ਪ੍ਰੋਸੈਸ ਵਿਚ ਜਿਥੇ ਕਈ ਬੜੇ ਟੀਚਰਜ਼ ਬੈਠੇ ਹਨ ਅਤੇ ਸਟੂਡੈਂਟਸ ਨਹੀਂ ਉਹ ਜਿਹੜੀਆ ਵਾਧੂ ਪੋਸਟਾਂ ਹਨ, ਉਨ੍ਹਾਂ ਨੇ ਜਾਣਾ ਹੈ ਅਤੇ ਜਿੱਥੇ ਲੋੜ ਹੈ, ਉਹ ਭੇਜ ਦਿਆਂਗੇ। ਪ੍ਰਾਸੇਸ ਦੇ ਨਾਲ ਹੀ ਮੈਂ ਇਕ ਜਨਰਲ ਗੱਲ ਕਰਨੀ ਚਾਹੁੰਦਾ ਹਾਂ ਕਿ ਵੱਡੀ ਪ੍ਰਾਬਲਮ ਇਸ ਡਿਪਾਰਟਮੈਂਟ ਦੇ ਵਿੱਚ ਇਕ ਹੈ, ਉਹ ਹੈ ਪੁਲੀਟੀਕਲਾਈਜੇਸ਼ਨ ਆਫ ਦੀ ਟੀਚਰਜ਼। ਇਹ ਪ੍ਰਾਬਲਮ ਇਸ ਤਰ੍ਹਾਂ ਦੀ ਹੈ ਕਿ ਇਨ੍ਹਾਂ ਨੇ ਠੀਕ ਕਿਹਾ ਹੈ ਕਿ ਪਿੰਡਾਂ ਦੇ ਪਿੰਡ ਖਾਲੀ ਹੋ ਜਾਂਦੇ ਹਨ ਅਤੇ ਕੋਈ ਟੀਚਰ ਕਹਿੰਦਾ ਹੈ ਕਿ ਮੈਂ ਸ਼ਹਿਰ ਵਿਚ ਜਾਣਾ ਹੈ ਅਤੇ ਕੋਈ ਕਹਿੰਦਾ ਹੈ ਕਿ ਮੈਨੂੰ ਉਥੇ ਲਗਾ ਦਿਓ। ਅਸੀਂ ਇਕ ਪਾਲਿਸੀ ਡਰਾਅ ਕਰ ਰਹੇ ਹਾਂ, ਅਤੇ ਮੈਂ ਟੀਚਰਜ਼ ਆਰਗੇਨਾਈਜੇਸ਼ਨਜ਼ ਨੂੰ ਕਿਹਾ ਹੈ ਕਿ ਤੁਸੀਂ ਪਾਲਿਸੀ ਡਰਾਅ ਕਰ ਲਵੋ ਅਤੇ ਮੈਂ ਦੋ ਬੰਦੇ ਬਿਠਾ ਲੈਂਦਾ ਹੈ ਅਤੇ ਜਿੱਥੇ ਗਲਤ ਹੋਵੇਗਾ ਮੈਂ ਦੱਸ ਦਿਆਂਗਾ। ਔਰ ਐਕਸੀਕਯੂਟ ਵੀ ਤੁਸੀਂ ਕਰੋ ਅਤੇ ਆਪਾਂ ਦੋ ਬੰਦੇ ਬੈਠ ਕੇ ਬਣਾ ਲੈਂਦੇ ਹਾਂ ਮੇਰਾ ਮਤਲਬ ਹੈ ਕਿ ਇਹ ਗਲ ਬਿਲਕੁਲ ਠੀਕ ਹੈ ਕਿ ਪਿੰਡਾਂ ਔਰ ਸ਼ਹਿਰਾਂ ਦਾ ਤਫਰਕਾ ਵੱਧ ਰਿਹਾ ਹੈ। ਜੋ

Original with;
Punjab Vidhan Sabha
Digitized by;

[ ਸਕੂਲ ਸਿੱਖਿਆ ਮੰਤਰੀ ]

ਇਨ੍ਹਾਂ ਨੇ ਪ੍ਰਾਈਵੇਟ ਸਕੂਲਾਂ ਦੀ ਗੱਲ ਕੀਤੀ ਹੈ, ਮੈਂ ਸਮਝਦਾ ਹਾਂ ਕਿ ਮਸ਼ਰੂਮ ਗਰੋਥ ਹੈ ਅਤੇ ਮਸ਼ਰੂਮ ਗਰੋਥ ਜਦ ਹੀ ਜਾਵੇਗਾ, ਜਦੋਂ ਸਾਡੇ ਸਕੂਲ ਚਲਣਗੇ। ਔਰ ਬੜੀ ਵੱਡੀ ਟਰੈਜ਼ਡੀ ਹੈ ਕਿ ਸਾਡੇ ਸਕੂਲਾਂ ਵਿਚ ਜਿਹੜੇ ਟੀਚਰ ਆਉਂਦੇ ਹਨ ਉਹ ਬੈਸਟ ਕੁਆਲੀਫਾਈਡ ਟੀਚਰਜ਼ ਭਰਤੀ ਹੁੰਦੇ ਹਨ ਕੋਈ ਬੀ.ਐਡ. ਹੁੰਦਾ ਹੈ ਅਤੇ ਕੋਈ ਦੂਸਰਾ ਹੁੰਦਾ ਹੈ, ਅਤੇ ਪ੍ਰਾਈਵੇਟ ਸਕੂਲਾਂ ਵਿੱਚ ਰੀਜੈਕਟਿਡ ਮੈਟੀਰੀਅਲ ਜਾਂਦਾ ਹੈ ਪਰ ਉਹ ਫਿਰ ਵੀ ਚੰਗਾ ਰਿਜ਼ਲਟ ਦਿੰਦੇ ਹਨ। ਸਪੀਕਰ ਸਾਹਿਬ, ਇਕ ਸਟੂਡੈਂਟ ਤੇ ਸਾਡਾ 624 ਰੁਪਏ ਪ੍ਰਤੀ ਮਹੀਨਾ ਖਰਚਾ ਆਉਂਦਾ ਹੈ। ਪਰ ਨਤੀਜਾ ਇਹ ਹੈ ਕਿ-ਇਹ ਬੜੀ ਵੱਡੀ ਪ੍ਰਾਬਲਮ ਹੈ ਕਿ ਪਿੰਡਾਂ ਦੇ ਬੱਚਿਆਂ ਨੂੰ ਕਿਸ ਤਰ੍ਹਾਂ ਪੜ੍ਹਾਉਣਾ ਹੈ ਅਤੇ ਉਤੇ ਚੁੱਕਣਾ ਹੈ। ਸਪੀਕਰ ਸਾਹਿਬ, ਪੁਰਾਣੇ ਸਮੇਂ ਵਿੱਚ ਬਹੁਤ ਥੋੜ੍ਹੇ ਪਬਲਿਕ ਸਕੂਲ ਹੁੰਦੇ ਸਨ ਅਤੇ ਅਸੀਂ ਬੋਰਾਂ ਤੇ ਇਕੱਠੇ ਬੈਠਦੇ ਸੀ ਅਤੇ ਕਾਲਿਜਾਂ ਵਿੱਚ ਵੀ ਇਕੱਠੇ ਪੜ੍ਹਦੇ ਸੀ। ਇਕੱਠੀ ਬਾਤ ਚਲਦੀ ਸੀ ਅਤੇ ਸਾਰਾ ਕੁਝ ਇਕੱਠਾ ਹੀ ਹੁੰਦਾ ਸੀ। ਇਕੱਠੀ ਗਰੋਥ ਹੁੰਦੀ ਸੀ ਅਤੇ ਪੜ੍ਹਦੇ ਵੀ ਸੀ ਅਤੇ ਕਾਲਜਾਂ ਵਿੱਚ ਵੀ ਇਕੱਠੇ ਪੜ੍ਹਦੇ ਸੀ। ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਹ ਜਿਹੜੀ ਡਵੀਜ਼ਨ ਹੈ, ਇਹ ਬੜੀ ਡੇਂਜਰਸ ਡਵੀਜ਼ਨ ਹੈ, ਅਤੇ ਇਸ ਨੂੰ ਰੋਕਣ ਲਈ ਸਕੂਲਾਂ ਦੀ ਜਿਹੜੀ ਐਜੂਕੇਸ਼ਨ ਦਾ ਸਟੈਂਡਰਡ ਹੈ We have to give a very very proper quality education to the students. ਇਕ ਗੱਲ ਕਰਕੇ, ਸਪੀਕਰ ਸਾਹਿਬ, ਮੈਂ ਤੁਹਾਡੇ ਤੋਂ ਇਜਾਜ਼ਤ ਲਵਾਂਗਾ। ਗੱਲ ਇਹ ਹੈ ਸਪੀਕਰ ਸਾਹਿਬ ਕਿ ਜਿਹੜੀ ਐਜੂਕੇਸ਼ਨ ਹੈ ਇਹ ਇਕ ਕੋਰ ਪੁਆਇੰਟ ਹੈ, ਇਹ ਕੋਰ ਪੁਆਇੰਟ ਹੈ ਕਿ ਕਮ ਸੇ ਕਮ ਅਸੀਂ ਇਕ ਸਿਟੀਜ਼ਨ ਬਣਾਉਣਾ ਹੈ, ਅਗਰ ਇਹ ਸਿਟੀਜ਼ਨ ਇਹੀ ਹੋਵੇ ਕਿ ਵਾਇਓਲੇਸ਼ਨ ਹੋਵੇ ਮੁਲਕ ਵਿੱਚ ਜਾਂ ਤਸ਼ੱਦਦ ਹੋਵੇ ਮੁਲਕ ਵਿੱਚ। ਸਾਨੂੰ ਇਹ ਭੁਲਣਾ ਨਹੀਂ ਚਾਹੀਦਾ ਕਿ ਸਾਡੀ ਹਿਸਟਰੀ 6000 ਸਾਲ ਸਿਵਲਾਈਜ਼ਣ, ਸਾਡੀ ਕੰਪੋਜਟ ਕਲਚਰ, ਸਾਡੇ ਕੋਲ ਬੇਸ਼ੁਮਾਰ ਰੇਸਿਜ਼ ਆਈਆਂ, ਅਸੀਂ ਅਸੈਪਟ ਕੀਤੀਆਂ ਅਤੇ ਉਨ੍ਹਾਂ ਨੂੰ ਅਸੀਂ ਤੋਰਿਆ ਅਤੇ ਇਹ ਸਾਡੀ ਸਾਰੀ ਬੁਨਿਆਦੀ ਬਾਤ ਹੈ। ਅਕਸਰ ਜਿਹੜਾ ਸਾਡਾ ਸਟੂਡੈਂਟਸ ਆਉਣਾ ਹੈ ਉਸ ਨੂੰ ਅਸੀਂ ਗਰੋਅ ਕਰਨਾ, ਉਸ ਨੂੰ ਅਸੀਂ ਕੁਝ ਨਹੀਂ ਤਾਂ ਵੈਲਯੂਜ਼ ਦੇਣੀਆਂ ਹਨ। ਅੱਜ ਇਨ੍ਹਾਂ ਨੇ ਕਾਪਿੰਗ ਦੀ ਗੱਲ ਕੀਤੀ ਹੈ। ਇਹ ਬੜੀ ਵੱਡੀ ਲਾਹਨਤ ਹੈ।

**Mr. Speaker** : Please wind up.

**ਸਕੂਲ ਸਿੱਖਿਆ ਮੰਤਰੀ** : ਮੈਂ ਕਹਿੰਦਾ ਹਾਂ ਕਿ ਜਦੋਂ ਮੈਂ ਅੰਮ੍ਰਿਤਸਰ ਵਿੱਚ ਦੇਖਿਆ ਕਿ ਕਾਪਿੰਗ ਹੋ ਰਹੀ ਹੈ ਤਾਂ ਮੈਂ 50 ਬੰਦਿਆਂ ਨੂੰ ਵਿਚੇ ਡੀ.ਈ.ਓ. ਅਤੇ ਹੋਰ ਨੂੰ ਸਸਪੈਂਡ ਕੀਤਾ ਹੈ। ਇਨ੍ਹਾਂ ਨੇ ਇਹ ਗੱਲ ਠੀਕ ਕਹੀ ਹੈ ਬੋਰਡ ਦੀ ਫੰਕਸ਼ਨਿੰਗ ਨੂੰ ਠੀਕ ਕਰਨ ਦੀ ਲੋੜ ਹੈ, ਮੈਂ ਇਨ੍ਹਾਂ ਨੂੰ ਇਨਸ਼ੋਅਰ ਕਰਦਾ ਹਾਂ ਕਿ ਅਵੱਸ਼ ਇਮਪਰੂਵਮੈਂਟ ਹੋਵੇਗੀ ਅਤੇ ਕੰਪਿਊਟੋਰਾਈਜ਼ੇਸ਼ਨ ਹੋਵੇਗੀ ਔਰ ਜੋ ਇਨ੍ਹਾਂ ਨੇ ਸੁਜੈਸ਼ਨਜ਼ ਦਿੱਤੀਆਂ ਹਨ, ਇਹ ਮੈਨੂੰ ਦੇ ਦੇਣ, ਅਸੀਂ ਇਨ੍ਹਾਂ ਨੂੰ ਅਵੱਸ਼ ਐਗਜ਼ਾਮਨ ਕਰਾਂਗੇ। ਲੇਕਿਨ ਵੱਡੀ ਜਿਹੜੀ ਗੱਲ ਹੈ ਮੈਂ ਇਹ ਕਹਾਂਗਾ ਕਿ ਸਾਨੂੰ ਡੈਮੋਕਰੇਟਿਕ ਬੰਦਾ ਜਿਹੜਾ ਹੈ, ਉਹ ਐਥੇਕਸ ਵਿੱਚ ਹੋਵੇ ਅਤੇ ਸਾਡੀ ਰਵਾਇਤਾ ਨੂੰ ਮੰਨਣ ਵਾਲਾ ਹੋਵੇ। ਔਰ ਦੁਨੀਆਂ ਦੇ ਵਿੱਚ ਉਸ ਦੇ ਢੰਗ ਨਾਲ ਜਿਹੜੀਆਂ ਸਾਡੀਆਂ ਮੋਰਲ ਅਤੇ ਉਪਰਲੀਆਂ ਕੰਸੀਡਰੇਸ਼ਨ ਹਨ, ਉਹ ਉਸਦੇ ਵਿੱਚ ਇਨਕਲਕੇਟ ਹੋਣ। ਇਕ ਸਟੈਪ ਮੈਂ ਹੋਰ ਲੈਣ ਲੱਗਾ ਹਾਂ ਉਹ ਇਹ ਹੈ ਕਿ ਅਸੀਂ ਹਮੇਸ਼ਾ ਟੀਚਰਜ਼ ਨੂੰ ਕਹਿੰਦੇ ਹਾਂ ਕਿ ਤੂੰ ਇਲੈਕਸ਼ਨ ਲੜਾ। ਨਤੀਜੇ ਦੇ ਤੌਰ ਤੇ ਉਹ ਪੁਲੀਟੀਕਲ ਪਾਰਟੀਆਂ ਨੂੰ ਐਪਰੋਚ ਕਰਨਾ ਸ਼ੁਰੂ ਕਰ ਦਿੰਦੀਆਂ ਹਨ। ਅਸੀਂ ਫੈਸਲਾ ਕੀਤਾ ਹੈ ਕਿ ਟੀਚਰਜ਼ ਨੂੰ ਇਲੈਕਸ਼ਨ ਦੇ ਵਿੱਚ ਕੋਈ ਡਿਊਟੀ ਨਹੀਂ ਦੇਣੀ। ਅਸੀਂ ਭਰਤੀ ਕਰਕੇ ਦੂਜੇ ਬੰਦੇ ਲਗਾ ਲਵਾਂਗੇ ਤਾਂ ਕਿ ਉਹ ਪੁਲੀਟੀਕਲ

riginal with;
unjab Vidhan Sabha
Digitized by;
Panjab Digital Library

ਟੱਚ ਤੋਂ ਪਿੱਛੇ ਰਹਿਣ ਅਤੇ ਇਹ ਨਾ ਹੋਵੇ ਕਿ ਜਿਸ ਢੰਗ ਨਾਲ ਇਕ ਥਾਂ 20 ਟੀਚਰ ਹੋਣ ਅਤੇ ਇਕ ਪਾਸੇ ਕੋਈ ਬੱਚਾ ਹੀ ਨਾ ਹੋਵੇ। ਇਸ ਕਰਕੇ ਮੈਂ ਕਹਾਂਗਾ ਕਿ ਇਹ ਇੱਕ ਐਸਾ ਮੁੱਦਾ ਹੈ, ਐਜੂਕੇਸ਼ਨ ਦਾ ਜਿਹੜਾ ਬੁਨਿਆਦੀ ਮੁੱਦਾ ਹੈ, ਇਹ ਸਾਰੇ ਵਰਗਾਂ ਨੂੰ ਟੱਚ ਕਰਦਾ ਹੈ। ਇਸ ਕਰਕੇ ਇਸ ਨੂੰ ਸਮੁੱਚੇ ਤੌਰ ਤੇ ਇੰਪਲੀਮੈਂਟ ਕੀਤਾ ਜਾਵੇ। ਬਹੁਤ-ਬਹੁਤ ਧੰਨਵਾਦ।

**Mr. Speaker** : If the House agrees, all the Demands may be put to the vote of the House together.

(Voices : Yes. Yes.)

**Mr. Speaker** : Question is ..................(Interruptions)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਮੰਗ ਕਰ ਰਹੇ ਸਨ ਕਿ ਟਰੇਜ਼ਰੀ ਬੈਂਚਾਂ ਵੱਲੋਂ ਇਹ ਡਿਮਾਂਡਜ਼ ਪਾਸ ਕਰਨ ਲਈ 'ਆਇਸ' ਦੀਆਂ ਅਵਾਜ਼ਾਂ ਘੱਟ ਆਉਣ ਤੇ ਇਹ ਡਿਮਾਂਡਜ਼ ਪਾਸ ਨਾ ਕੀਤੀਆਂ ਜਾਣ।) (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਬੈੱਲ ਵਜਾਈ ਜਾਵੇ। ਘੰਟੀ ਵਜਾਈ ਜਾਵੇ।

(ਇਸ ਸਮੇਂ ਘੰਟੀ ਵਜਾਈ ਗਈ।) (ਵਿਘਨ) (ਸ਼ੋਰ)

ਤੁਹਾਡੀ ਗੱਲ ਠੀਕ ਹੈ। ਟਰੇਜ਼ਰੀ ਬੈਂਚਿਜ਼ ਦੇ ਮੈਂਬਰ ਨਹੀਂ ਹਨ। (ਵਿਘਨ) ਬੈੱਲ ਵਜਾਈ ਗਈ ਹੈ। ਕਈ ਮੈਂਬਰ ਬਾਹਰ ਹਨ। ਆ ਜਾਣਗੇ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੇਰੇ ਖਿਆਲ ਵਿੱਚ ਇਹ ਸਰਕਾਰ ਆਪਣਾ ਬਜਟ ਤੇ ਡਿਮਾਂਡ ਪਾਸ ਕਰਵਾਉਣ ਦੇ ਹੱਕ ਵਿੱਚ ਨਹੀਂ ਹੈ। ਇਸ ਕਰਕੇ ਇਨ੍ਹਾਂ ਦੇ ਮੈਂਬਰ ਗੈਰ ਹਾਜ਼ਰ ਹਨ। ਸਪੀਕਰ ਸਾਹਿਬ, ਤੁਸੀਂ ਇੱਕ ਵਾਰੀ ਮੋਸ਼ਨ ਮੂਵ ਕਰ ਦਿੱਤੀ, ਤੁਸੀਂ ਆਖਿਆ ਕਿ 'ਆਇਸ' ਪਰ ਇਨ੍ਹਾਂ ਦੀ ਅਵਾਜ਼ ਘੱਟ ਆਈ। ਅਸੀਂ ਵੀ 'ਨੋਜ਼' ਕਿਹਾ। ਮੇਰਾ ਖਿਆਲ ਹੈ ਕਿ ਰਿਕਾਰਡ ਤੇ ਸਭ ਕੁਝ ਆ ਚੁੱਕਾ ਹੈ। ਸਪੀਕਰ ਸਾਹਿਬ, ਮਤਾ ਦੁਬਾਰਾ ਮੂਵ ਕਰਨ ਦੀ ਹਾਊਸ ਦੀ ਪ੍ਰਥਾ ਨਹੀਂ ਹੈ।

**Mr. Speaker** : There is a procedure. (Interruption) There is a procedure.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

I will read the rule from the Rules of Procedure and Conduct of Business in the Punjab Vidhan Sabha. It is given in Rule 87. It reads :

"If the opinion of the Speaker as to the decision of a question is challenged, he may, if he thinks that the division is unnecessarily claimed, ask the members who are for 'Ayes' and those for 'Noes' respectively to rise in their places and, on a count being taken....."

I will call again and put the motion to the House.

Original with;
Punjab Vidhan Sabha
Digitized by;

**Mr. Speaker :** Question is—

**[Mr. Speaker]**

**DEMAND NO. 1**

That a sum not exceeding Rs. 3,69,17,41,000 on Revenue Account and Rs. 41,40,08,000 on Capital Account be granted to the Governor to defray the charges that will come in course of payment for the year 2003-2004, in respect of Agriculture and Forests.

**DEMAND NO. 2**

That a sum not exceeding Rs. 1,65,22,90,000 on Revenue Account and Rs. 11,00,000 on Capital Account be granted to the Governor to defray the charges that will come in course of payment for the year 2003-2004, in respect of Animal Husbandry & Fisheries.

**DEMAND NO. 3**

That a sum not exceeding Rs. 55,06,64,000 on Revenue Account and Rs. 33,3,585,000 on Capital Account be granted to the Governor to defray the charges that will come in course of payment for the year 2003-2004, in respect of Cooperation.

**DEMAND NO. 4**

That a sum not exceeding Rs. 16,47,32,000 on Revenue Account be granted to the Governor to defray the charges that will come in course of payment for the year 2003-2004, in respect of Defence Services Welfare.

**DEMAND NO. 5**

That a sum not exceeding Rs. 22,51,20,01,000 on Revenue Account and Rs. 18,65,00,000 on Capital Account be granted to the Governor to defray the charges that will come in course of payment for the year 2003-2004, in respect of Education.

**DEMAND NO. 6**

That a sum not exceeding Rs. 17,30,75,000 on Revenue Account be granted to the Governor to defray the charges that will come in course of payment for the year 2003-2004, in respect of Election.

**DEMAND NO. 7**

That a sum not exceeding Rs. 46,10,23,000 on Revenue Account be granted to the Governor to defray the charges that will come in course of payment for the year 2003-2004, in respect of Excise & Taxation.

Original with;
Punjab Vidhan Sabha
Digitized by;
Panjab Digital Library

**DEMAND NO. 8**

That a sum not exceeding Rs. 74,25,95,45,000 on Revenue Account and Rs. 83,36,68,53,000 on Capital Account be granted to the Governor to defray the charges that will come in course of payment for the year 2003-2004, in respect of Finance.

**DEMAND NO. 9**

That a sum not exceeding Rs. 46,03,87,000 on Revenue Account and Rs. 22,937,30,0000 on Capital Account be granted to the Governor to defray the charges that will come in course of payment for the year 2003-2004, in respect of Food & Supplies.

**DEMAND NO. 10**

That a sum not exceeding Rs. 77,13,11,000 on Revenue Account be granted to the Governor to defray the charges that will come in course of payment for the year 2003-2004, in respect of General Administration.

**DEMAND NO. 11**

That a sum not exceeding Rs. 7,18,15,23,000 on Revenue Account and Rs. 39,50,000 on Capital Account be granted to the Governor to defray the charges that will come in course of payment for the year 2003-2004, in respect of Health and Family Welfare.

**DEMAND NO. 12**

That a sum not exceeding Rs. 11,79,72,94,000 on Revenue Account be granted to the Governor to defray the charges that will come in course of payment for the year 2003-2004, in respect of Home Affairs & Justice.

**DEMAND NO. 13**

That a sum not exceeding Rs. 1,25,83,52,000 on Revenue Account and Rs. 7,35,84,000 on Capital Account be granted to the Governor to defray the charges that will come in course of payment for the year 2003-2004, in respect of Industries.

**DEMAND NO. 14**

That a sum not exceeding Rs. 14,91.24000 on Revenue Account be granted to the Governor to defray the charges that will come in course of payment for the year 2003-2004, in respect of Information & Public Relations.

Original with;
Punjab Vidhan Sabha

**[Mr. Speaker]**

**DEMAND NO. 15**

That a sum not exceeding Rs. 20,33,46,68,000 on Revenue Account and Rs. 9,20,37,00,000 on Capital Account be granted to the Governor to defray the charges that will come in course of payment for the year 2003-2004, in respect of Irrigation and Power.

**DEMAND NO. 16**

That a sum not exceeding Rs. 15,28,34,000 on Revenue Account be granted to the Governor to defray the charges that will come in course of payment for the year 2003-2004, in respect of Labour & Employment.

**DEMAND NO. 17**

That a sum not exceeding Rs. 89,24,18,000 on Revenue Account and Rs. 1,72,85,34,000 on Capital Account be granted to the Governor to defray the charges that will come in course of payment for the year 2003-2004, in respect of Local Government, Housing & Urban Development.

**DEMAND NO. 18**

That a sum not exceeding Rs. 5,4020,000 on Revenue Account be granted to the Governor to defray the charges that will come in course of payment for the year 2003-2004, in respect of Personnel & Administrative Reforms.

**DEMAND NO. 19**

That a sum not exceeding Rs.2,95,43,27,000 on Revenue Account and Rs. 4,14,06,46,000 on Capital Account be granted to the Governor to defray the charges that will come in course of payment for the year 2003-2004, in respect of Planning.

**DEMAND NO. 20**

That a sum not exceeding Rs. 00 on Revenue Account and Rs.00 on Capital Account be granted to the Governor to defray the charges that will come in course of payment for the year 2003-2004, in respect of Programme Implementation.

**DEMAND NO. 21**

That a sum not exceeding Rs. 6,16,86,61,000 on Revenue Account and Rs. 22,24,21,000 on Capital Account be granted to the Governor to defray the charges that will come in course of payment for the year 2003-2004, in respect of Public Works.

Original with;
Punjab Vidhan Sabha
Digitized by;
Panjab Digital Library

**DEMAND NO. 22**

That a sum not exceeding Rs. 4,43,15,29,000 on Revenue Account be granted to the Governor to defray the charges that will come in course of payment for the year 2003-2004, in respect of Revenue & Rehabilitation.

**DEMAND NO. 23**

That a sum not exceeding Rs. 1,37,35,19,000 on Revenue Account and Rs. 4,07,80,0000 on Capital Account be granted to the Governor to defray the charges that will come in course of payment for the year 2003-2004, in respect of Rural Development and Panchayats.

**DEMAND NO. 24**

That a sum not exceeding Rs. 2,93,20,000 on Revenue Account and Rs. 53,95,00,000 on Capital Account be granted to the Governor to defray the charges that will come in course of payment for the year 2003-2004, in respect of Science & Technology and Environment.

**DEMAND NO. 25**

That a sum not exceeding Rs. 1,50,20,11,000 on Revenue Account and Rs. 4,92,98,000 on Capital Account be granted to the Governor to defray the charges that will come in course of payment for the year 2003-2004, in respect of Social and Women's Welfare of Scheduled Castes and Backward Classes.

**DEMAND NO. 26**

That a sum not exceeding Rs. 7,70,82,000 on Revenue Account be granted to the Governor to defray the charges that will come in course of payment for the year 2003-2004, in respect of State Legislature.

**DEMAND NO. 27**

That a sum not exceeding Rs. 65,12,21,000 on Revenue Account be granted to the Governor to defray the charges that will come in course of payment for the year 2003-2004, in respect of Technical Education and Industrial Training.

**DEMAND NO. 28**

That a sum not exceeding Rs. 22,93,98,000 on Revenue Account and Rs. 2,00,000 on Capital Account be granted to the Governor to defray the charges that will come in course of payment for the year 2003-2004, in respect of Tourism and Cultural Affairs.

Original with;
Punjab Vidhan Sabha
Digitized by:

**[Mr. Speaker]**

**DEMAND NO. 29**

That a sum not exceeding Rs. 3,90,68,73,000 on Revenue Account and Rs. 1,00,000 on Capital Account be granted to the Governor to defray the charges that will come in course of payment for the year 2003-2004, in respect of Transport.

**DEMAND NO. 30**

That a sum not exceeding Rs. 8,75,07,000 on Revenue Account be granted to the Governor to defray the charges that will come in course of payment for the year 2003-2004, in respect of Vigilance.

*The motion was carried.*

**Mr. Speaker** : The House stands adjourned till 10.00 A.M. on Saturday, the 29th March, 2003.

*2.04 P.M.

(The Sabha then* adjourned till 10.00 A.M. on Saturday, the 29th March, 2003).

2796—27-5-04—305 ਕਾਪੀਆਂ—ਪੰਜਾਬ ਸਰਕਾਰ ਪ੍ਰੈਸ, ਪਟਿਆਲਾ।

Original with;
Punjab Vidhan Sabha
Digitized by;
Panjab Digital Library

## ERRATA

*Debate dated 28-3-2003*

| Sr. No. | Read | For | Page | Line |
|---|---|---|---|---|
| 1. | Welfare of Scheduled Castes and Backward Classes, Social Security and Development of Women and Children | Social and Women's Welfare of Scheduled Castes and Backward Classes. | 33 | 19 from below |
| 2. | before | by | 36 | 7th from below |
| 3. | an | and | 40 | 6th from below |
| 4. | ਨਹੀਂ | ਨਹੀਂ | 60 | 11th from below |
| 5. | : | । | 71 | 15th from below |
| 6. | ਆਵੇ | — | 71 | 8th from below |
| 7. | ਸਿਆਸਤ | ਪੁਲੀਟੀਕਲ ਤੌਰ | 72 | 2nd from below |
| 8. | ਨੇ ਦੇਸ਼ | ਦੇਸ਼ | 72 | 1st from below |
| 9. | ਕੀਤੀ ਜਾਂਦੀ ਹੈ | ਕੀਤੀ ਹੈ | 73 | 12 |
| 10. | ਸੋਰਸਜ਼ | ਸੋਰਸ | 73 | 6th from below |
| 11. | ਐਨਾਲਾਈਜ਼ | ਐਨਾਲਿਸਿਸ | 74 | 15 |
| 12. | ਇਨਟਰੋਡਿਊਜ਼ | ਇੰਡਟਰੋਡਿਊਸ | 79 | 13th from below |
| 13. | ਤਦ | ਜਦ | 80 | 2 |
| 14. | — | ਅਤੇ ਕਾਲਜਾਂ ਵਿੱਚ ਵੀ ਇਕੱਠੇ ਪੜ੍ਹਦੇ ਸੀ | 80 | 11 |
| 15. | — | ਇਹ ਮੈਨੂੰ ਦੇ ਦੇਣ | 80 | 9th from below |
| 16. | — | ਸਾਨੂੰ | 80 | 7th from below |
| 17. | 1,65,22,90,000 | 1,65,22.90,000 | 82 | 9 |
| 18. | 22,93,73,00,000 | 22,937,30,0000 | 83 | 8 |
| 19. | 14,91,24,000 | 14,91.24000 | 83 | 3rd from below |
| 20. | 5,40,20,000 | 5,4020,000 | 84 | 16 |
| 21. | 40,78,00,000 | 4,07,80,0000 | 85 | 7 |
| 22. | 2,93,20,000 | 2,93,20.000 | 85 | 11 |

Original with;
Punjab Vidhan Sabha
Digitized by;

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*

© 2003

Published under the authority of the Punjab Vidhan Sabha and printed by the Controller, Printing & Stationery, Punjab, Chandigarh at Punjab Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*29th March, 2003*

**Vol. IV – No. 10**

OFFICIAL REPORT

CONTENTS

*Saturday, the 29th March, 2003*

| | | Page |
|---|---|---|
| Starred Questions and Answers | .. | (10) 1 |
| Ruling by the Hon'ble Speaker *Reg.* Question of Privilege | .. | (10)24 |
| Call Attention Notice under Rule 66 | .. | (10)24 |
| Papers Laid on the Table | .. | (10)25 |
| Presentation of Report of the Committee on Public Accounts | .. | (10)26 |
| Motion reg. Constitution of Elected Committees for the Year 2003-2004 | .. | (10)26 |
| Financial Business | .. | (10)28 |
| The Punjab Appropriation (No. 2) Bill, 2003 | .. | (10)46 |
| Motion under Rule 77 | .. | (10)60 |
| Walk out | .. | (10)83 |
| Motion under Rule 77 *(Resumption)* | .. | (10)84 |
| Extension of time of the Sitting of the House | .. | (10)85 |
| Motion under Rule 77 *(Resumption)* | .. | (10)85 |

**Punjab Vidhan Sabha Secretariat, Chandigarh.**

**Price : Rs.** [illegible]

Original with;
Punjab Vidhan Sabha
Digitized by;

Original with;
Punjab Vidhan Sabha
Digitized by;

# PUNJAB VIDHAN SABHA

*Saturday, the 29th March, 2003*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 10.00 A.M. Mr. Speaker (Doctor Kewal Krishan) in the Chair.*

---

## STARRED QUESTIONS AND ANSWERS

### ਪੁਲ ਜਾਂ ਪੁਲੀ (ਕਾਜ਼ਵੇ) ਦਾ ਨਿਰਮਾਣ

***286. ਸ਼੍ਰੀ ਤਿਕਸ਼ਨ ਸੂਦ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਵਿਕਾਸ ਬਲਾਕ-2, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪਿੰਡ ਬਜਰੋੜੇ ਅਤੇ ਗੁਰਦੁਆਰਾ ਸਾਹਿਬ ਹਰੀਆਂ ਬੇਲਾਂ ਵਿਚਕਾਰ ਚੋਅ ਉਤੇ ਕੋਈ ਪੁੱਲ ਜਾਂ ਪੁਲੀ (ਕਾਜ਼ਵੇ) ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਉਸ ਦਾ ਵੇਰਵਾ ਕੀ ਹੈ ਅਤੇ ਇਸ ਮੰਤਵ ਲਈ ਕਿੰਨਾ ਪੈਸਾ, ਜੇਕਰ ਕੋਈ ਹੋਵੇ, ਅਲਾਟ ਕੀਤਾ ਗਿਆ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : (ੳ) ਨਹੀਂ ਜੀ।

(ਅ) ਨਹੀਂ ਜੀ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮਾਨਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਕਾਜ਼ਵੇ ਲਈ ਜਿਹੜਾ ਕਿ ਗੁਰਦੁਆਰਾ ਸਾਹਿਬ ਨੂੰ ਜਾਂਦਾ ਹੈ, ਕੀ ਆਰ.ਡੀ.ਐਫ. ਵਿੱਚੋਂ 6 ਲੱਖ ਰੁਪਿਆ 2001-02 ਦੇ ਦੌਰਾਨ ਐਲੋਕੇਟ ਹੋਇਆ ਸੀ ਔਰ ਕੀ ਇਸ ਦੇ ਲਈ ਨੀਂਹ ਪੱਥਰ ਰੱਖਿਆ ਗਿਆ ਸੀ ਕਿ ਨਹੀਂ ?

**ਮੰਤਰੀ** : ਸਰ, ਗੱਲ ਇਸ ਤਰ੍ਹਾਂ ਹੈ, ਨੀਂਹ ਪੱਥਰ ਦਾ ਤਾਂ ਇਨ੍ਹਾਂ ਨੇ ਸਵਾਲ ਹੀ ਨਹੀਂ ਪੁੱਛਿਆ। ਇਨ੍ਹਾਂ ਨੇ ਕਾਜ਼ਵੇ ਦੀ ਗੱਲ ਕੀਤੀ ਹੈ, ਉਸ ਦਾ ਜਵਾਬ ਮੈਂ ਦੇ ਦਿੱਤਾ ਹੈ।

**ਮਾਨਯੋਗ ਸਪੀਕਰ** : ਨੀਂਹ ਪੱਥਰ ਰੱਖਣ ਦੀ ਜੇਕਰ ਇਨਫ਼ਰਮੇਸ਼ਨ ਹੈ ਤਾਂ ਦੇ ਦਿਓ ਕਿਉਂਕਿ ਇਸ ਨਾਲ ਹੀ ਤਾਅਲੁੱਕ ਰੱਖਦੀ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਚਲੋ ਇਹ ਪੈਸੇ ਬਾਰੇ ਦੱਸ ਦੇਣ।

**ਮੰਤਰੀ** : ਸਪੀਕਰ ਸਾਹਿਬ, ਪੈਸਾ ਜਿਹੜਾ ਆਇਆ ਸੀ, ਉਹ 6 ਲੱਖ ਰੁਪਿਆ ਨਹੀਂ ਸੀ, 7 ਲੱਖ ਰੁਪਿਆ ਜਮ੍ਹਾਂ ਹੋਇਆ ਸੀ। ਕਿਉਂਕਿ ਉਹ ਪੈਸਾ ਅਖੀਰਲੇ ਮਹੀਨੇ ਵਿੱਚ ਆਇਆ ਸੀ ਅਤੇ ਬਾਅਦ ਵਿੱਚ ਇਲੈਕਸ਼ਨ ਕੋਡ ਲਾਗੂ ਹੋ ਗਿਆ ਜਿਸ ਕਾਰਨ ਕੰਮ ਰੋਕ ਦਿੱਤਾ ਗਿਆ ਸੀ। ਬਾਅਦ ਵਿੱਚ ਨਵੀਂ ਗੌਰਮਿੰਟ ਆ ਗਈ ਅਤੇ ਇਹ ਪੈਸਾ ਵਾਪਸ ਡੀ.ਡੀ.ਓ. ਨੂੰ ਜਮ੍ਹਾਂ ਕਰਵਾ ਦਿੱਤਾ ਸੀ। ਨੀਂਹ ਪੱਥਰ ਬਾਰੇ ਨਹੀਂ ਪਤਾ।

**ਮਾਨਯੋਗ ਸਪੀਕਰ** : ਪੈਸੇ ਤਾਂ ਆ ਗਏ, ਨੀਂਹ ਪੱਥਰ ਨਾ ਸਹੀ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਐਤਕੀਂ ਇਹ ਵਿਕਾਸ ਦਾ ਵਰ੍ਹਾ ਮਨਾ ਰਹੇ ਹਨ ਅਤੇ ਉਹ ਬਹੁਤ ਇੰਪਾਰਟੈਂਟ ਕਾਜ਼ਵੇ ਹੈ। ਇਹ ਗੁਰਦੁਆਰਾ ਹਰੀਆਂ ਵੇਲਾਂ ਸਾਹਿਬ ਨੂੰ ਜਾਂਦਾ ਹੈ। ਕੀ ਇਹ ਇਸ ਸਾਲ ਵਿੱਚ ਕੰਮ ਕਰਵਾ ਦੇਣਗੇ ?

**ਮੰਤਰੀ** : ਸਰ ਗੱਲ ਬਿਲਕੁਲ ਠੀਕ ਹੈ ਕਿ ਇਹ ਸਾਲ ਅਸੀਂ ਵਿਕਾਸ ਵਰ੍ਹੇ ਵਜੋਂ ਮਨਾ ਰਹੇ ਹਾਂ ਅਤੇ ਗੁਰਦੁਆਰਾ ਸਾਹਿਬ ਦੀ ਇੰਪਾਰਟੈਂਸ ਵੀ ਬਹੁਤ ਹੈ। ਮੈਂ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਕਿਸੇ ਨਾ ਕਿਸੇ ਪਰੋਪੋਜ਼ਲ ਵਿੱਚੋਂ ਇਸ ਕਾਜ਼ਵੇ ਦੇ ਵਾਸਤੇ ਪੈਸਾ ਜਮ੍ਹਾਂ ਕਰਵਾ ਕੇ ਇਸਨੂੰ ਤਿਆਰ ਕਰਵਾ ਦੇਵਾਂਗੇ।

---

## ਅੰਮ੍ਰਿਤਸਰ ਵਿਚ ਫਲਾਈਓਵਰਜ਼ ਦੀ ਉਸਾਰੀ

*548. **ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੰਮ੍ਰਿਤਸਰ ਵਿਚ ਨਿਰਵਿਘਨ ਆਵਾਜਾਈ ਲਈ ਕੋਈ ਫਲਾਈਓਵਰਜ਼ ਬਣਾਉਣ ਦਾ ਸਰਕਾਰ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**Sardar Partap Singh Bajwa** : Yes, please. There is a proposal to construct 3 Road Over Bridges with the assistance of Railways & State Funds in Amritsar.

| Sr. No. | Level Crossing No. | Road/Location | Name of Railway Line |
|---|---|---|---|
| 1 | B-2 | Jawala Flour Mill, Islamabad in Municipal Corporation, Amritsar | Amritsar-Khemkaran |
| 2 | A-44/T3 | Batala-Beas Road | Amritsar-Sahnewal Section |
| 3 | B-27 | Tarn Taran-Jandiala Road | Amritsar-Khemkaran |

Original with;
Punjab Vidhan Sabha
Digitized by;

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਸਪੀਕਰ ਸਾਹਿਬ, ਅੰਮ੍ਰਿਤਸਰ ਵਿੱਚ ਜੀ.ਟੀ. ਰੋਡ ਜਿਹੜੀ ਬੱਸ ਸਟੈਂਡ ਦੇ ਸਾਹਮਣੇ ਪੈਂਦੀ ਹੈ, ਉਥੇ ਟਰੈਫਿਕ ਬਹੁਤ ਜ਼ਿਆਦਾ ਰਹਿੰਦੀ ਹੈ। ਕਈ ਵਾਰ ਮੰਤਰੀ ਸਾਹਿਬ ਵੀ ਉਥੋਂ ਦੀ ਜਾਂਦੇ ਹੋਣਗੇ। ਦੂਸਰਾ, ਵੇਰਕਾ ਕੋਲ ਜਿਹੜੀ ਪਠਾਨਕੋਟ ਨੂੰ ਸੜਕ ਜਾਂਦੀ ਹੈ, ਉਥੇ ਫਲਾਈ ਓਵਰ ਦੀ ਕਮੀ ਹੈ। ਉਥੇ ਫਲਾਈ ਓਵਰ ਬਣਾਉਣ ਦੀ ਬਹੁਤ ਜ਼ਰੂਰਤ ਹੈ ਕਿਉਂਕਿ ਉਥੇ ਟਰੈਫਿਕ ਬਹੁਤ ਜ਼ਿਆਦਾ ਹੈ ਕਿਉਂਕਿ ਉਥੇ ਕਈ-ਕਈ ਘੰਟੇ ਖੜ੍ਹੇ ਹੋਣਾ ਪੈਂਦਾ ਹੈ। ਇਸ ਲਈ ਕੀ ਮੰਤਰੀ ਜੀ ਇਨ੍ਹਾਂ ਦੋਹਾਂ ਜਗ੍ਹਾਂ ਤੇ ਫਲਾਈਓਵਰ ਬਣਾਉਣਗੇ ?

**ਮੰਤਰੀ** : ਸਰ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਵੇਰਕਾ ਬਾਰੇ ਇਨ੍ਹਾਂ ਨੇ ਕਿਹਾ ਹੈ, ਉਥੇ ਫਲਾਈ ਓਵਰ ਦੀ ਜਗ੍ਹਾਂ ਆਰ.ਓ.ਬੀ. ਦੀ ਪਰੋਪੋਜ਼ਲ ਹੈ ਕਿਉਂਕਿ ਉਥੇ ਨੈਸ਼ਨਲ ਹਾਈਵੇ ਪੈਂਦਾ ਹੈ, ਇਸ ਲਈ ਅਸੀਂ ਆਲਰੈਡੀ ਮਨਿਸਟਰੀ ਆਫ਼ ਸਰਫੇਸ ਟਰਾਂਸਪੋਰਟ ਨੂੰ ਪਰੋਪੋਜ਼ਲ ਘੱਲੀ ਹੈ। ਉਨ੍ਹਾਂ ਦੀ ਅਤੇ ਰੇਲਵੇ ਦੀ ਆਪਸ ਵਿੱਚ ਗੱਲ ਚੱਲ ਰਹੀ ਹੈ ਕਿਉਂਕਿ ਰੇਲਵੇ ਨੇ ਵੀ ਉਥੇ ਪੈਸਾ ਪਾਉਣਾ ਹੈ। ਲੇਕਿਨ ਰੇਲਵੇ ਮਨਿਸਟਰੀ ਨੇ ਕਿਹਾ ਹੈ ਕਿ ਕਿਉਂਕਿ ਇਹ ਨੈਸ਼ਨਲ ਹਾਈਵੇ ਹੈ ਇਸ ਲਈ ਮਨਿਸਟਰੀ ਆਫ ਸਰਫੇਸ ਟਰਾਂਸਪੋਰਟ ਹੀ ਪੈਸੇ ਦੇਵੇ ਔਰ ਰੇਲਵੇ ਨੇ ਪੈਸੇ ਦੇਣ ਤੋਂ ਡਿਕਲਾਈਨ ਕੀਤਾ ਹੈ। ਉਨ੍ਹਾਂ ਨੇ ਨੈਸ਼ਨਲ ਹਾਈਵੇਜ਼ ਮਨਿਸਟਰੀ ਨੂੰ ਕਿਹਾ ਹੈ ਕਿ ਸਾਰੇ ਪੈਸੇ ਤੁਸੀਂ ਪਾ ਕੇ ਆਰ.ਓ.ਬੀ. ਬਣਾਓ। ਇਹ ਪਰੋਪੋਜ਼ਲ ਸਾਡੇ ਵੱਲੋਂ ਤਾਂ ਭੇਜੀ ਜਾ ਚੁੱਕੀ ਹੈ ਔਰ ਇਹ ਪਰੋਪੋਜ਼ਲ ਆਰ.ਓ.ਬੀ. ਦੀ ਹੈ, ਫਲਾਈ ਓਵਰ ਦੀ ਨਹੀਂ ਹੈ।

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਸਪੀਕਰ ਸਾਹਿਬ, ਜਿਹੜੀ ਮੈਂ ਦੂਸਰੀ ਗੱਲ ਕੀਤੀ ਹੈ, ਉਹ ਤਾਂ ਬਹੁਤ ਹੀ ਜ਼ਰੂਰੀ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ...

**ਮਾਨਯੋਗ ਸਪੀਕਰ** : ਤੁਸੀਂ ਬੇਨਤੀ ਨਾ ਕਰੋ, ਸਵਾਲ ਕਰੋ।

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਸਪੀਕਰ ਸਾਹਿਬ, ਇਹ ਬੱਸ ਸਟੈਂਡ ਦੇ ਸਾਹਮਣੇ ਸੜਕ ਬਾਰੇ ਕਦੋਂ ਤੱਕ ਆਪਣੀ ਪਰੋਪੋਜ਼ਲ ਬਣਾ ਕੇ ਭੇਜ ਦੇਣਗੇ ?

**ਮੰਤਰੀ** : ਸਰ, ਗੁਜ਼ਾਰਿਸ਼ ਇਹ ਹੈ ਕਿ ਇਹ ਜਿਹੜਾ ਹਿੱਸਾ ਹੈ, ਜਿਸ ਦੀ ਮਾਨਯੋਗ ਮੈਂਬਰ ਸਾਹਿਬ ਗੱਲ ਕਰ ਰਹੇ ਹਨ, ਇਹ ਮਿਉਂਸਿਪਲ ਕਾਰਪੋਰੇਸ਼ਨ ਦੀ ਲਿਮਟ ਵਿੱਚ ਆਉਂਦਾ ਹੈ, ਇਸ ਲਈ ਮੇਰੀ ਗੁਜ਼ਾਰਿਸ ਹੈ ਕਿ ਇਹ ਸਵਾਲ ਲੋਕਲ ਗੌਰਮਿੰਟ ਨੂੰ ਕਰਨਾ ਚਾਹੀਦਾ ਹੈ। ਮੇਰੇ ਕੋਲ ਹੁੰਦਾ ਤਾਂ ਮੈਂ ਜ਼ਰੂਰ ਜਵਾਬ ਦੇ ਦਿੰਦਾ।

**ਮਾਨਯੋਗ ਸਪੀਕਰ** : ਤੁਸੀਂ ਲੋਕਲ ਗੌਰਮਿੰਟ ਨੂੰ ਲਿਖ ਦਿਓ।

---

## ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਵਿਚ ਡੈਪੂਟੇਸ਼ਨਿਸਟ

*543 **ਸ਼੍ਰੀਮਤੀ ਹਰਬੰਸ ਕੌਰ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਵਿਚ ਡੈਪੂਟੇਸ਼ਨ ਤੇ ਕੰਮ ਕਰ ਰਹੇ ਅਫ਼ਸਰਾਂ/ਕਰਮਚਾਰੀਆਂ ਨੂੰ ਉਨ੍ਹਾਂ ਦੇ ਮੂਲ ਵਿਭਾਗਾਂ ਵਿਚ ਉਨ੍ਹਾਂ ਦੁਆਰਾ ਪ੍ਰਾਪਤ ਕੀਤੇ ਤਨਖਾਹ ਸਕੇਲਾਂ ਅਤੇ ਸਹੂਲਤਾਂ ਨਾਲੋਂ ਵਧ ਤਨਖਾਹ ਸਕੇਲ ਅਤੇ ਵਾਧੂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਕਾਰਨ ਕੀ ਹਨ ਅਤੇ ਡੈਪੂਟੇਸ਼ਨ ਤੇ ਕੰਮ ਕਰ ਰਹੇ ਵਿਅਕਤੀਆਂ ਦੇ ਨਾਂ ਅਤੇ ਅਹੁਦੇ ਕੀ-ਕੀ ਹਨ ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਰਮੇਸ਼ ਚੰਦਰ ਡੋਗਰਾ :** ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ ਵਿਚ ਡੈਪੂਟੇਸ਼ਨ ਤੇ ਕੰਮ ਕਰ ਰਹੇ ਕੁੱਲ 81 ਅਫ਼ਸਰਾਂ/ਕਰਮਚਾਰੀਆਂ ਵਿਚੋਂ ਕੇਵਲ 4 ਅਫਸਰਾਂ/ਕਰਮਚਾਰੀਆਂ ਨੂੰ ਹੀ ਉਨ੍ਹਾਂ ਦੇ ਪਿਤੱਰੀ ਵਿਭਾਗਾਂ ਨਾਲੋਂ ਉੱਚੇ ਪੇ-ਸਕੇਲ/ਵਾਧੂ ਲਾਭ ਦਿੱਤੇ ਜਾ ਰਹੇ ਹਨ। ਇਸ ਦੇ ਕਾਰਨਾਂ ਦੀ ਡਿਟੇਲ ਅਤੇ ਇਨ੍ਹਾਂ 4 ਡੈਪੂਟੇਸ਼ਨ ਤੇ ਕੰਮ ਕਰ ਰਹੇ ਅਧਿਕਾਰੀਆਂ ਦੇ ਨਾਂ ਅਤੇ ਅਹੁਦੇ ਸਦਨ ਦੀ ਮੇਜ਼ ਤੇ ਰੱਖੇ ਜਾਂਦੇ ਹਨ।

**ਉਚ ਪੇ-ਸਕੇਲ ਆਦਿ ਲੈਣ ਵਾਲੇ 4 ਡੈਪੂਟੇਸ਼ਨ ਤੇ ਕੰਮ ਕਰ ਰਹੇ ਅਧਿਕਾਰੀਆਂ ਸਬੰਧੀ ਵੇਰਵਾ :**

| ਲੜੀ ਨੰ: | ਅਧਿਕਾਰੀ/ਕਰਮਚਾਰੀ ਦਾ ਨਾਂ | ਅਹੁਦਾ |
|---|---|---|
| 1 | ਸ਼੍ਰੀ ਵਿਪਨ ਕੁਮਾਰ ਸ਼ਰਮਾ | ਜਨਰਲ ਮੈਨੇਜਰ (ਐਫ ਤੇ ਏ) ਤੇ ਸਕੱਤਰ ਬੋਰਡ |
| 2 | ਸ਼੍ਰੀ ਰਵਿੰਦਰ ਸਿੰਘ ਰੈਣਾ | ਸਹਾਇਕ ਪ੍ਰਬੰਧਕ (ਲੇਖਾ) |
| 3 | ਸ਼੍ਰੀ ਬਲਵਿੰਦਰ ਸਿੰਘ ਬਾਜਵਾ | ਸਕੱਤਰ ਟੂ ਚੇਅਰਮੈਨ |
| 4 | ਸ਼੍ਰੀ ਹਰਜੀਤ ਸਿੰਘ | ਸਕੱਤਰ ਟੂ ਐਮ.ਡੀ. |

ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ ਵਿਸ਼ਵ ਬੈਂਕ ਵੱਲੋਂ 456.16 ਕਰੋੜ ਰੁਪਏ ਦੀ ਸਹਾਇਤਾ ਪ੍ਰਾਪਤ ਪ੍ਰੋਜੈਕਟ ਹੈ, ਜਿਹੜਾ ਕਿ ਆਪਣੇ ਆਪ ਵਿੱਚ ਇੱਕ ਨਿਰਾਲਾ ਅਤੇ ਮਹੱਤਵਪੂਰਨ ਪ੍ਰੋਜੈਕਟ ਹੈ, ਨੂੰ ਨੇਪਰੇ ਚਾੜ੍ਹ ਰਹੀ ਹੈ। ਇਹ ਪ੍ਰੋਜੈਕਟ ਪੰਜਾਬ ਰਾਜ ਦੇ 154 ਸੈਕੰਡਰੀ ਪੱਧਰ ਦੀਆਂ ਸੰਸਥਾਵਾਂ ਨੂੰ ਅਪਗ੍ਰੇਡ ਕਰਨ ਲਈ ਸਥਾਪਿਤ ਕੀਤਾ ਗਿਆ ਹੈ। ਵਿਸ਼ਵ ਬੈਂਕ ਦੀ ਪ੍ਰਸਤਾਵਿਤ ਪ੍ਰਣਾਲੀ ਤੇ ਦਿਸ਼ਾ ਨਿਰਦੇਸ਼ ਅਧੀਨ ਇਸ ਪ੍ਰੋਜੈਕਟ ਨੂੰ ਲਾਗੂ ਕਰਨਾ ਹੈ। ਵਿਸ਼ਵ ਬੈਂਕ ਮਿਸ਼ਨ ਨਾਲ ਗੱਲਬਾਤ ਦੌਰਾਨ ਉਨ੍ਹਾਂ ਨੇ ਹਮੇਸ਼ਾ ਮੈਡੀਕਲ ਅਤੇ ਇੰਜੀਨੀਅਰਿੰਗ ਵਿੰਗ ਵਿੱਚ ਉੱਚੇ ਪੇਸ਼ੇ ਦੇ ਹੁਨਰ ਵਾਲੇ ਖੇਤਰਾਂ ਵਿੱਚ ਚੰਗੀ ਸੂਝ-ਬੂਝ ਵਾਲੇ ਲੋਕਾਂ ਨੂੰ ਲੈਣ ਤੇ ਜ਼ੋਰ ਦਿੱਤਾ ਹੈ। ਇਸ ਲਈ ਕਾਰਪੋਰੇਸ਼ਨ ਚੰਗੀ ਸੂਝ-ਬੂਝ ਅਤੇ ਹੁਨਰ ਵਾਲੇ ਲੋਕਾਂ ਨੂੰ ਲੈਣ ਲਈ ਯਤਨਸ਼ੀਲ ਰਹੀ ਹੈ।

ਇਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਵਿਸ਼ਵ ਬੈਂਕ ਪ੍ਰੋਜੈਕਟ, ਜਿਸ ਨੂੰ ਨਿਯਤ ਸਮੇਂ ਵਿੱਚ ਲਾਗੂ ਕਰਨਾ ਸੀ, ਅਧੀਨ ਉਚੀ ਜ਼ਿੰਮੇਵਾਰੀ ਅਤੇ ਵਧੀਆ ਕੰਮਕਾਰ, ਲਈ ਡੈਪੂਟੇਸ਼ਨ ਤੇ ਲਿਆ ਗਿਆ ਸੀ। ਲੜੀ ਨੰ: 1 ਅਤੇ 2 ਤੇ ਦਰਸਾਏ ਅਧਿਕਾਰੀ ਤਾਲਮੇਲ, ਕੰਟਰੋਲ ਅਤੇ ਵਿਸ਼ਵ ਬੈਂਕ ਦੇ ਕਰਜ਼ੇ ਦੀ ਪੂਰਤੀ ਦਾ ਸਮੇਂ ਸਿਰ ਕਲੇਮ ਕਰਨ ਸਬੰਧੀ ਕੰਮ ਨੂੰ ਸੰਭਾਲਦੇ ਹਨ। ਇਨ੍ਹਾਂ ਤਿੰਨਾਂ ਗਤੀਵਿਧੀਆਂ ਦੀ ਦਿਨ ਪ੍ਰਤੀ ਦਿਨ ਪ੍ਰੋਜੈਕਟ ਦੇ ਵਿੱਤ ਤੇ ਪ੍ਰਭਾਵੀ ਨਿਗਰਾਨੀ ਲਈ ਜ਼ਰੂਰਤ ਸੀ। ਲੜੀ ਨੰ: 3 ਅਤੇ 4 ਤੇ ਦਰਸਾਏ ਅਧਿਕਾਰੀਆਂ ਦੀ ਸੂਝ ਅਤੇ ਨਿਪੁੰਨਤਾ ਚੇਅਰਪਰਸਨ ਅਤੇ ਮੈਨੇਜਿੰਗ ਡਾਇਰੈਕਟਰ ਨੂੰ ਪ੍ਰਭਾਵੀ ਤਰੀਕੇ ਨਾਲ ਸਹਾਇਕ ਹੋਣ ਵਾਲੀ ਅਤੇ ਵਿਸ਼ਵ ਬੈਂਕ ਅਧਿਕਾਰੀਆਂ ਨਾਲ ਅਤੇ 154 ਖੇਤਰ ਹਸਪਤਾਲਾਂ ਵਿੱਚ ਤਾਲਮੇਲ ਰੱਖਣ ਵਾਲੀ ਹੋਣੀ ਚਾਹੀਦੀ ਸੀ। ਇਸ ਲਈ ਇਸ ਮੰਤਵ ਲਈ ਚੰਗੇ ਹੁਨਰ ਰੱਖਣ ਵਾਲੇ ਅਧਿਕਾਰੀਆਂ ਨੂੰ ਲਿਆ ਗਿਆ ਸੀ ਅਤੇ ਇਨ੍ਹਾਂ ਲਈ

Original with;
Punjab Vidhan Sabha
Digitized by;

ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ ਨੇ ਯੋਗ ਪੈਕੇਜ ਪ੍ਰਵਾਨ ਕੀਤਾ। ਇਹ ਪ੍ਰੋਜੈਕਟ ਦੋ ਸਾਲ ਦੇਰ ਨਾਲ ਸ਼ੁਰੂ ਹੋਣ ਦੇ ਬਾਵਜੂਦ ਵੀ, ਸਾਡੀਆਂ ਕੋਸ਼ਿਸ਼ਾਂ ਸਦਕਾ ਪ੍ਰੋਜੈਕਟ ਦੀਆਂ ਜ਼ਿਆਦਾਤਰ ਗਤੀਵਿਧੀਆਂ ਸਮੇਂ ਸਿਰ ਪੂਰੀਆਂ ਹੋ ਗਈਆਂ ਹਨ।

**ਸ਼੍ਰੀਮਤੀ ਹਰਬੰਸ ਕੌਰ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਇਹ ਜਿਹੜੇ ਚਾਰ ਅਫ਼ਸਰ ਹੈਲਥ ਕਾਰਪੋਰੇਸ਼ਨ ਵਿਚ ਲਗਾਏ ਗਏ ਹਨ, ਕੀ ਉਨ੍ਹਾਂ ਦੇ ਪੇਅ ਸਕੇਲ ਜਾਂ ਉਨ੍ਹਾਂ ਦੀ ਕੁਆਲੀਫਿਕੇਸ਼ਨ ਜਾਂ ਸਰਵਿਸ ਜਾਂ ਫਿਰ ਕਿਸੇ ਹੋਰ ਕਾਰਨ ਕਰਕੇ ਲਗਾਇਆ ਗਿਆ ਹੈ? ਦੂਜਾ ਕਿਰਪਾ ਕਰਕੇ ਮੰਤਰੀ ਜੀ ਇਹ ਵੀ ਦੱਸਣ ਕਿ ਇਨ੍ਹਾਂ ਕਰਮਚਾਰੀਆਂ ਦੇ ਪਹਿਲੇ ਪੇ-ਸਕੇਲ ਔਰ ਹੁਣ ਦੇ ਪੇ-ਸਕੇਲ ਕੀ ਹਨ?

**ਮੰਤਰੀ** : ਸਰ, ਇਹ ਜੋ ਚਾਰ ਕਰਮਚਾਰੀ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਵਿਚ ਲਗਾਏ ਗਏ ਹਨ, ਇਨ੍ਹਾਂ ਚਾਰਾਂ ਦਾ ਵੇਰਵਾ ਵੀ ਜਵਾਬ ਵਿਚ ਦਿੱਤਾ ਗਿਆ ਹੈ। ਇਹ ਚਾਰ ਅਧਿਕਾਰੀ ਇਹ ਹਨ : ਇਨ੍ਹਾਂ ਵਿਚ ਪਹਿਲਾ ਸ਼੍ਰੀ ਵਿਪਨ ਕੁਮਾਰ ਸ਼ਰਮਾ, ਇਹ ਆਪਣੇ ਪੁਰਾਣੇ ਡਿਪਾਰਟਮੈਂਟ ਵਿੱਚ 10,025-15,100 ਰੁਪਏ ਦਾ ਸਕੇਲ ਲੈ ਰਿਹਾ ਸੀ ਤੇ ਇਸ ਨੂੰ ਹੈਲਥ ਕਾਰਪੋਰੇਸ਼ਨ ਵਿੱਚ ਲਿਆ ਕੇ 13,500-16,800 ਦਾ ਸਕੇਲ ਦਿੱਤਾ ਗਿਆ ਹੈ ਔਰ ਇਸ ਨੂੰ ਜਨਰਲ ਮੈਨੇਜਰ (ਐਫ.ਐਂਡ.ਏ.) ਅਤੇ ਸੈਕਟਰੀ ਬੋਰਡ ਲਗਾਇਆ ਗਿਆ। ਦੂਜਾ ਸ਼੍ਰੀ ਰਵਿੰਦਰ ਸਿੰਘ ਰਣੀਆ, ਜਿਹੜਾ ਕਿ ਆਪਣੇ ਪੁਰਾਣੇ ਦਫਤਰ ਦੇ ਵਿਚ ਅਕਾਊਂਟਸ ਅਫਸਰ ਸੀ ਔਰ ਇਹ 6,400-10,600 ਦਾ ਸਕੇਲ ਲੈ ਰਿਹਾ ਸੀ ਇਸ ਨੂੰ ਪੰਜਾਬ ਹੈਲਥ ਕਾਰਪੋਰੇਸ਼ਨ ਦੇ ਵਿੱਚ ਬਤੌਰ ਅਸਿਸਟੈਂਟ ਮੈਨੇਜਰ (ਅਕਾਊਂਟਸ) ਲਗਾਇਆ ਹੈ ਔਰ ਇਸ ਨੂੰ ਸਕੇਲ 7,220-11,660 ਦਾ ਦਿੱਤਾ ਗਿਆ ਹੈ। ਤੀਜਾ ਕਰਮਚਾਰੀ ਸਰਦਾਰ ਬਲਵਿੰਦਰ ਸਿੰਘ ਬਾਜਵਾ, ਜਿਹੜਾ ਪ੍ਰਾਈਵੇਟ ਸੈਕਟਰੀ ਸੀ ਔਰ ਉਸ ਨੂੰ 7,220-11,660 ਦਾ ਸਕੇਲ ਮਿਲਦਾ ਸੀ ਅਤੇ 600/- ਰੁਪਿਆ ਸੈਕਟਰੀਏਟ ਅਲਾਊਂਸ ਵੀ ਮਿਲਦਾ ਸੀ ਤੇ ਹੁਣ ਉਸ ਨੂੰ 10,025-15,100 ਦਾ ਸਕੇਲ ਦਿੱਤਾ ਗਿਆ ਹੈ ਔਰ ਇੱਕ ਹਜ਼ਾਰ ਰੁਪਿਆ ਸਪੈਸ਼ਲ ਭੱਤਾ ਦਿੱਤਾ ਹੈ। ਇਸੇ ਤਰ੍ਹਾਂ ਚੌਥਾ ਕਰਮਚਾਰੀ ਸਰਦਾਰ ਹਰਜੀਤ ਸਿੰਘ ਜਿਹੜਾ ਕਿ ਹੈਲਥ ਕਾਰਪੋਰੇਸ਼ਨ ਦੇ ਵਿਚ ਆਉਣ ਤੋਂ ਪਹਿਲਾ ਪੀ.ਏ. ਦੀ ਪੋਸਟ ਤੇ ਕੰਮ ਕਰ ਰਿਹਾ ਸੀ ਔਰ ਉਸ ਨੂੰ 6,400-10,060 ਦਾ ਸਕੇਲ ਮਿਲਦਾ ਸੀ ਤੇ 300/- ਰੁਪਿਆ ਸਕੱਤਰੇਤ ਭੱਤਾ ਮਿਲਦਾ ਸੀ ਔਰ ਹੁਣ ਉਸ ਨੂੰ ਹੈਲਥ ਕਾਰਪੋਰੇਸ਼ਨ ਵਿਚ 10,025-15,100 ਦਾ ਸਕੇਲ ਦਿੱਤਾ ਗਿਆ ਹੈ ਔਰ ਇੱਕ ਹਜ਼ਾਰ ਰੁਪਿਆ ਸਪੈਸ਼ਲ ਭੱਤਾ ਦਿੱਤਾ ਗਿਆ ਹੈ। ਇਨ-ਐਡੀਸ਼ਨ ਇਨ੍ਹਾਂ ਨੂੰ ਲੰਪਸੰਮ ਤੌਰ ਦੇ ਉਤੇ 3,500/- ਰੁਪਿਆ ਟਰਾਂਸਪੋਰਟੇਸ਼ਨ ਵਾਸਤੇ, ਕਨਵੇਂਸ ਵਾਸਤੇ ਜਾਂ ਫਿਰ ਜੇਕਰ ਇਨ੍ਹਾਂ ਨੇ ਬਾਹਰ ਜਾਣਾ ਹੈ ਤਾਂ ਤਿੰਨ ਰੁਪਏ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਪੈਟਰੋਲ ਦਾ ਖਰਚਾ ਦਿੱਤਾ ਜਾ ਰਿਹਾ ਹੈ। These are the persons who have come on deputation. Then another question, which has arisen, is what were the special qualifications of these persons for which they have been granted the higher pay scales. Sir, during the time when the Health Systems Corporation was set up, Sardar Harcharan Singh Brar was the Chief Minister. ਸਰ, ਇਹ ਜਿਹੜੀ ਹੈਲਥ ਸਿਸਟਮਜ਼ ਕਾਰਪੋਰੇਸ਼ਨ ਬਣੀ ਹੈ ਇਹ ਕਾਂਗਰਸ ਸਰਕਾਰ ਦੇ ਸਮੇਂ ਦੌਰਾਨ ਬਣੀ ਹੈ ਔਰ ਉਦੋਂ ਸਰਦਾਰ ਹਰਚਰਨ ਸਿੰਘ, ਪੰਜਾਬ ਦੇ ਮੁੱਖ ਮੰਤਰੀ ਸਨ। ਇਸ ਕਾਰਪੋਰੇਸ਼ਨ ਵਾਸਤੇ ਵਰਲਡ ਬੈਂਕ ਵਲੋਂ ਉਦੋਂ 421 ਕਰੋੜ ਰੁਪਿਆ ਦੇਣਾ ਮੰਨਿਆ ਸੀ ਜੋ ਕਿ ਹੁਣ 456 ਕਰੋੜ ਰੁਪਏ ਹੋ ਗਏ ਹਨ। ਇਸ ਹੈਲਥ ਸਿਸਟਮਜ਼

Original with;
Punjab Vidhan Sabha
Digitized by;
Panjab Digital Library

[ਸਿਹਤ ਤੇ ਪਰਿਵਾਰ ਭਲਾਈ ਮੰਤਰੀ]

ਕਾਰਪੋਰੇਸ਼ਨ ਨੂੰ ਚਲਾਉਣ ਵਾਸਤੇ ਬੜਾ ਜ਼ਰੂਰੀ ਸੀ ਕਿ ਇਸ ਲਈ ਅੱਛੇ ਅਫ਼ਸਰ ਲਗਾਏ ਜਾਣ ਜੋ ਇਸ ਦੇ ਕੰਮ ਨੂੰ ਚੰਗੀ ਤਰ੍ਹਾਂ ਸੰਭਾਲ ਸਕਣ। ਇਸ ਦੇ 456 ਕਰੋੜ ਰੁਪਏ ਦਾ ਐਕਸਪੈਂਡੀਚਰ ਦਾ ਕੰਮ ਸੀ। ਇਸ ਵਾਸਤੇ ਇਹ ਚਾਰ ਅਫ਼ਸਰ ਲਗਾਏ ਹਨ ਜਿਨ੍ਹਾਂ ਦੀ ਗੱਲ ਕੀਤੀ ਗਈ ਹੈ These officers/officials were taken on deputation to handle jobs of higher responsibility and superior job contents, in World Bank Project, which was required to be implemented within a set time frame. Officers at Sr. No. 1 & 2 are handing the complete workload relating to coordination, control and raising timely claims to recoup the World Bank loan amount. All these 2 activities required effective supervision on the finances of the project on day-to-day basis. The officials at Sr. No. 3 and 4 were also required to have the caliber and efficiency for effectively assisting the Chairperson and Managing Director for coordination with the World Bank authorities and for coordination with 154 field hospitals. So persons with proven skill were brought for this purpose and PHSC approved suitable package. Our endeavours resulted into timely implementation of majority of the project activities in spite of the project taking off 2 years late.

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਜਿਨ੍ਹਾਂ ਨੂੰ ਇਨ੍ਹਾਂ ਨੇ ਡੈਪੂਟੇਸ਼ਨ ਤੇ ਲਿਆ ਹੈ, ਉਨ੍ਹਾਂ ਨੂੰ ਇਨ੍ਹਾਂ ਨੇ ਐਕਸਟਰਾ ਸਕੇਲ ਦੇ ਕੇ ਕਾਰਪਰੇਸ਼ਨ ਵਿੱਚ ਐਡਜਸਟ ਕੀਤਾ ਹੈ। ਇਸ ਤੋਂ ਕਾਰਪੋਰੇਸ਼ਨ ਤੇ ਫਾਲਤੂ ਦਾ ਬੋਝ ਪਿਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਹੈਲਥ ਡਿਪਾਰਟਮੈਂਟ ਵਿੱਚ ਇੰਨੇ ਕਾਬਲ ਅਫਸਰ ਨਹੀਂ ਸਨ ਜਾਂ ਕੋਈ ਸਪੈਸ਼ਲ ਡਿਗਰੀ ਜਾਂ ਟ੍ਰੇਨਿੰਗ ਵਾਲੇ ਅਫਸਰ ਨਹੀਂ ਸਨ ?

**ਮੰਤਰੀ :** ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਪੋਸਟਾਂ ਦੀ ਸੈਂਕਸ਼ਨ ਸਾਡੇ ਟਾਈਮ ਵਿੱਚ ਹੋਈ ਸੀ ਪਰ ਇਸ ਦੀ ਇੰਪਲੀਮੈਂਟੇਸ਼ਨ ਬਾਦਲ ਸਾਹਿਬ ਦੇ ਸਮੇਂ ਹੋਈ ਹੈ। Sir, I am happy that the Hon'ble Member has asked this question. In fact this project was sanctioned during our time. But its implementation was done when their Party was ruling. Sir, I would like to tell about the qualification of these people. Mr. Vipin Kumar Sharma — he is B.Com and DICS from R.C.C. and has 25 years experience. Though he joined in higher scale but that too was not much in comparison to his last pay scale. Earlier he was getting pay scale of Rs. 10,025 to 15,100 and now of Rs. 13,500 to 16,800. The next Mr. Ravinder Singh Raina, he is M.Com. from Panjab University with 15 years experience. His last pay scale was Rs. 6,400-10,600 and now Rs. 7,220-11,660. Of course these are on higher side. The 3rd and 4th Shri Balwinder Singh Bajwa and Shri Harjit Singh, Secretary to Chairman and Secretary to M.D. respectively, the qualification of Mr. Bajwa is only M.A. (Political Science) Part I with 20 years experience. I think he has risen from a low rank of Class IV to this rank. Similarly, Shri Harjit Singh has been working as PS in the Secretariat, he was given Rs. 10,025 plus Rs. 1,000/- as Special pay. Sir, I presume rather that first two people are quite efficient and they can handle their job very well. One is G.M. (F&A) and other is Asstt. Manager (Accounts). They are handling these jobs properly. Of course the other two are also handling their jobs well but I can presume that their pay scales

Original with;
Punjab Vidhan Sabha
Digitized by;

are little on the higher side but at that time what were the circumstances, probably they wanted to keep the people who could do their jobs well and properly, I think for this they must have been given the scales like this.

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਜੋ ਮੈਂ ਪੁੱਛਿਆ ਸੀ, ਉਹ ਤਾਂ ਡਿਫਰੈਂਟ ਸਵਾਲ ਸੀ ਕਿ ਹੈਲਥ ਡਿਪਾਰਟਮੈਂਟ ਇੰਨਾ ਵੱਡਾ ਹੈ ਕਿ ਕੀ ਉਥੇ ਇੰਨੀ ਜ਼ਿਆਦਾ ਕੁਆਲੀਫਿਕੇਸ਼ਨ ਕੋਈ ਨਹੀਂ ਸੀ ਰੱਖਦਾ, ਜਿਸ ਕਾਰਨ ਕਾਰਪੋਰੇਸ਼ਨ ਵਿੱਚ ਡੈਪੂਟੇਸ਼ਨ ਤੇ ਬੰਦੇ ਲਏ ਗਏ ? ਬਾਹਰੋਂ ਬੰਦੇ ਲੈਣ ਕਾਰਨ ਕਾਰਪੋਰੇਸ਼ਨ ਦਾ ਨੁਕਸਾਨ ਹੋਇਆ ਹੈ ਅਤੇ ਕਈ ਵਾਰ ਡੈਪੂਟੇਸ਼ਨ ਤੇ ਬੰਦੇ ਗਲਤ ਕੰਮ ਕਰਦੇ ਹਨ ਅਤੇ ਉਨ੍ਹਾਂ ਤੇ ਐਕਸ਼ਨ ਨਹੀਂ ਹੁੰਦਾ ਜਿਸ ਕਾਰਨ ਕਾਰਪੋਰੇਸ਼ਨ ਦਾ ਨੁਕਸਾਨ ਹੁੰਦਾ ਹੈ। ਇਸ ਲਈ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਹੈਲਥ ਡਿਪਾਰਟਮੈਂਟ ਵਿੱਚ ਅਜਿਹਾ ਕੋਈ ਅਫਸਰ ਨਹੀਂ ਸੀ ਜਿਹੜਾ ਡੈਪੂਟੇਸ਼ਨ ਤੇ ਲਿਆਏ ਗਏ ਬੰਦਿਆਂ ਦਾ ਮੁਕਾਬਲਾ ਕਰਦਾ ਹੋਵੇ ?

**Minister :** Sir, after all somebody had to be brought. The persons were taken from outside rather than the Health Department. Some doctors from Health Department are also working with the Corporation and their pay scales are at the same level. Sir, the project is at the last leg, the buildings have been completed, the whole thing has been done, the only thing we can do is those people who are not needed by us, we can dispatch them back.

**Mr. Speaker :** The question is still unanswered. He is asking whether there was any superior person more qualified than these people in the Health Department ?

**ਮੰਤਰੀ :** ਸਪੀਕਰ ਸਾਹਿਬ, ਜਿਥੋਂ ਤੱਕ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦਾ ਸਬੰਧ ਹੈ, ਇਹ ਨਵਾਂ-ਨਵਾਂ ਸਟਾਰਟ ਹੋਇਆ ਸੀ ਤੇ ਇਸ ਵਿਚ ਸਟਾਫ ਨਹੀਂ ਸੀ। ਹੈਲਥ ਡਿਪਾਰਟਮੈਂਟ ਵਿਚ ਐਸਾ ਸਟਾਫ ਹੋਵੇ, I don't think there was anybody who was more efficient and educated. ਹੋਰ ਕੋਈ ਮਿਲਦਾ ਨਹੀਂ ਸੀ।

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬਹੁਤ ਸਾਰੇ ਡਾਕਟਰਜ਼ ਵਿਦ ਪੋਸਟ ਟਰਾਂਸਫਰ ਕੀਤੇ ਹਨ, ਕੀ ਉਨ੍ਹਾਂ ਡਾਕਟਰਜ਼ ਨੂੰ ਆਪਣੀ ਪੇਰੈਂਟ ਪੋਸਟ ਤੇ ਵਾਪਸ ਲੈ ਕੇ ਆਉਣ ਨੂੰ ਇਹ ਕੋਈ ਟਾਈਮ ਬਾਊਂਡ ਕਰਨਗੇ ? ਇਹ ਉਨ੍ਹਾਂ ਨੂੰ ਕਦੋਂ ਤੱਕ ਵਾਪਸ ਲੈ ਕੇ ਆਉਣਗੇ ?

**ਮੰਤਰੀ :** ਸਪੀਕਰ ਸਾਹਿਬ, ਇਸ ਵਿਚ ਮੈਂ ਸਿਰਫ ਇੰਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਸਾਡੀ ਗੌਰਮਿੰਟ ਨੇ ਟੇਕਓਵਰ ਕੀਤਾ, ਹਸਪਤਾਲਾਂ ਦੀ ਦਸ਼ਾ ਬਹੁਤ ਮਾੜੀ ਸੀ ਅਤੇ ਡਾਕਟਰਜ਼ ਦੀ ਕਾਫੀ ਕਮੀ ਸੀ। In order to strengthen the hospitals at the District and Sub Divisional levels, ਜਿਹੜੇ ਡਿਸਟ੍ਰਿਕਟ ਲੈਵਲ ਅਤੇ ਸਬ-ਡਵੀਜ਼ਨ ਲੈਵਲ ਦੇ ਹਸਪਤਾਲ ਸੀ, ਉਨ੍ਹਾਂ ਨੂੰ ਹਰ ਤਰ੍ਹਾਂ ਦੀ ਫੈਸਿਲਟੀ ਅਤੇ ਸਪੈਸ਼ੈਲਟੀ ਮਿਲ ਸਕੇ, the internal adjustment was made so that they could attend the patients from all angles, by specialists in the hospitals. It is because of the shortage which is more than 500 and if we follow the norms of the World Bank, the shortage goes to 1000, we are taking up the matter with the Hon'ble Chief Minister who has directed us that we should send this case to him and he will consider this matter favourably to permit us to have the Doctors.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਮਾਨਯੋਗ ਸਪੀਕਰ ਸਾਹਿਬ, ਗੌਰਮਿੰਟ ਆਫ ਪੰਜਾਬ ਦੇ ਫਾਈਨਾਂਸ ਡਿਪਾਰਟਮੈਂਟ ਨੇ ਇਕ ਚਿੱਠੀ ਲਿਖੀ ਹੈ। ਉਹ ਚਿੱਠੀ ਹੈ ਕਿ If any officer is working at any other place than that of the sanctioned post, he/she must be immediately transferred to the place of his/her sanctioned post, otherwise, the officer/official will not be paid salary against a post on which he/she has actually not worked at the place of the sanctioned post. Each Drawing & Disbursing Officer will certify these facts while presenting bills of salary and wages to the concerned District Treasury Officer/Sub Treasury Officer. ਇਕ ਮਹੀਨੇ ਦੇ ਵਿਚ-ਵਿਚ ਕੰਪਲਾਈ ਵਿਦ ਕਰਨਾ ਸੀ। ਕੀ ਹੈਲਥ ਡਿਪਾਰਟਮੈਂਟ ਵਾਲੇ ਇਸ ਚਿੱਠੀ ਦੀ ਵਾਇਲੇਸ਼ਨ ਨਹੀਂ ਕਰ ਰਹੇ ?

**Minister :** Sir, there is never a thinking that we should defy the orders which have come from the top. The only question is, Sir, that the hospitals are to be run and in case we have to run them better, we need all specialties; we have to get those doctors who are M.D. and M.S. working in the field in small dispensaries. We have put in the services of those doctors for three four days so that they can run hospitals in a better way. Sir, so far as the permission is concerned, this letter is concerned, we cannot disobey the instructions. We will take up the case with the Hon'ble Chief Minister and I think in view of the necessity, our request would be agreed upon and in case our request is not agreed, then we will send those people back.

**ਮਾਨਯੋਗ ਸਪੀਕਰ :** ਅਗਲਾ ਸਵਾਲ, ਸਰਦਾਰ ਰਣਦੀਪ ਸਿੰਘ ਜੀ।

---

## ਸਿਵਲ ਹਸਪਤਾਲ, ਨਾਭਾ ਦੇ ਰਿਹਾਇਸ਼ੀ ਕੁਆਰਟਰਾਂ ਦਾ ਨਵੀਨੀਕਰਨ

*551. **ਸਰਦਾਰ ਰਣਦੀਪ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਨਰਲ ਸ਼ਿਵਦੇਵ ਸਿੰਘ ਸਿਵਲ ਹਸਪਤਾਲ, ਨਾਭਾ ਦੇ ਰਿਹਾਇਸ਼ੀ ਕੁਆਰਟਰ ਖਸਤਾ ਹਾਲਤ ਵਿਚ ਹਨ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਕੁਆਰਟਰਾਂ ਦੀ ਮੁਰੰਮਤ ਅਤੇ ਨਵੀਨੀਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

**Shri Romesh Chander Dogra :** Out of a total of 67 residential quarters, 41 are in a dilapidated condition. These 41 quarters have outlived their normal life and as such their repair and renovation is not considered feasible.

**ਸਰਦਾਰ ਰਣਦੀਪ ਸਿੰਘ :** ਸਪਲੀਮੈਂਟਰੀ ਸਰ। ਸਰ, ਜਿਹੜਾ ਵਜ਼ੀਰ ਸਾਹਿਬ ਦਾ ਜਵਾਬ ਆਇਆ ਹੈ, ਉਨ੍ਹਾਂ ਨੇ ਇਹ ਜਵਾਬ ਦਿੱਤਾ ਹੈ ਕਿ ਕੁੱਲ 67 ਰੈਜ਼ੀਡੈਂਸ਼ਲ ਕੁਆਰਟਰਜ਼ ਹਨ ਤੇ ਇਨ੍ਹਾਂ ਵਿਚੋਂ 41 ਕੁਆਰਟਰਜ਼ ਨੂੰ ਨਵੀਨੀਕਰਨ ਦੀ ਲੋੜ ਨਹੀਂ ਕਿਉਂਕਿ ਉਹ ਆਪਣੀ ਜ਼ਿੰਦਗੀ ਪੂਰੀ ਬਤੀਤ ਕਰ ਚੁੱਕੇ ਹਨ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮਾਨਯੋਗ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਮਨੁੱਖਤਾ ਜਾਂ ਇਨਸਾਨੀ ਜ਼ਿੰਦਗੀ ਇਨ੍ਹਾਂ ਦੀ ਕਿਤਾਬ ਵਿਚ ਅਹਿਮੀਅਤ ਰੱਖਦੀ ਹੈ ? ਜੇ ਰੱਖਦੀ ਹੈ ਤਾਂ ਮੈਂ ਤੁਹਾਡੇ

Original with;
Punjab Vidhan Sabha
Digitized by;

ਰਾਹੀਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਸਾਡੇ ਡਾਕਟਰ ਜਾਂ ਦੂਸਰਾ ਸਟਾਫ ਉਥੇ ਨਹੀਂ ਰਹੇਗਾ ਤਾਂ ਉਹ ਪੇਸ਼ੈਂਟਸ ਨੂੰ ਕਿਸ ਤਰ੍ਹਾਂ ਨਾਲ ਆਪਣੀਆਂ ਸੇਵਾਵਾਂ ਮੁਹੱਈਆ ਕਰ ਸਕਣਗੇ ਅਤੇ ਜਿਹੜੇ ਐਮਰਜੰਸੀ ਵਾਲੇ ਪੇਸ਼ੈਂਟਸ ਹੋਣਗੇ, ਕਿਸ ਤਰ੍ਹਾਂ ਉਨ੍ਹਾਂ ਨੂੰ ਬਚਾ ਸਕਣਗੇ ?

**Minister :** Sir, the Government headed by Captain Amarinder Singh is very much aware, vigilant and very anxious to save the lives of the people and provide help from the Health Department from every angle. But the question is, this hospital particularly about which my friend, our Hon'ble M.L.A. says is a Civil Hospital of Nabha which came into being on 1893. This is a very old hospital but that does not mean than we should ignore it. Various blocks of the hospitals as well as residences have been added from time to time as per the requirement. The present bed strength of this hospital is 160 beds. Similarly this hospital is situated in the heart of town. Now the question is regarding the type of residences which have been made, total number is 67 and the number of good condition is 26 and 41, they are beyond repair. If something goes beyond repairs and repairing them is sheer wastage of funds. We should make new houses and demolish the old for which the funds are already required. As and when the funds will made available, I assure the Member that we will definitely pay heed to it and we are equally concerned about it that the hospital must be made. Rupees 60 lakhs are required but still as these have outlived their normal life, repairs/ renovation is not considered feasible so this will serve no useful purpose. New construction of 41 Houses will cost Rs. 1 crore 40 lakhs which could be completed within 6 to 9 months if necessary funds are available. But because of financial crunch, the cost of the work can be taken after the availability of the funds. So, we are concerned with this and we are putting this demand to the Finance Minister and the Hon'ble Chief Minister and as and when funds are available from somewhere because the financial condition as you also know and the Member also know what has been for the last one year. Once it improves we will definitely request and we will try and we should because this hospital is a very old hospital. We want to make this hospital work in a very good condition.

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਇਨਸਾਨ ਦੀ ਜ਼ਿੰਦਗੀ ਤਾਂ ਫੰਡਾਂ ਦਾ ਇੰਤਜ਼ਾਰ ਨਹੀਂ ਕਰਦੀ। ਇਸ ਕਰਕੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਜਲਦੀ ਤੋਂ ਜਲਦੀ ਫੰਡਾਂ ਦਾ ਇੰਤਜ਼ਾਮ ਕਰਕੇ ਇਨ੍ਹਾਂ ਦੀ ਰਿਪੇਅਰ ਕਰਵਾਈਏ। ਜੇ ਵਜ਼ੀਰ ਸਾਹਿਬ ਨੂੰ ਇਨਸਾਨੀ ਜ਼ਿੰਦਗੀ ਦੀ ਕਦਰ ਹੈ ਤਾਂ ਕੀ ਇਹ ਇਸ ਸਦਨ ਵਿਚ ਐਸ਼ਿਓਰੈਂਸ ਦੇਣਗੇ ਕਿ ਇਹ ਜਲਦੀ ਤੋਂ ਜਲਦੀ ਫੰਡ ਉਪਲਬਧ ਕਰਵਾ ਕੇ ਇਹ ਰਿਪੇਅਰ ਕਰਵਾਉਣਗੇ ?

**ਮਾਨਯੋਗ ਸਪੀਕਰ :** ਉਨ੍ਹਾਂ ਨੇ ਕਹਿ ਤਾਂ ਦਿੱਤਾ ਹੈ ਕਿ ਰਿਪੇਅਰ ਕਰਵਾਉਣੀ ਮੁਸ਼ਕਲ ਹੈ, ਇਹ ਮਕਾਨ ਨਵੇਂ ਬਣਾਉਣੇ ਹਨ।

**ਸਰਦਾਰ ਰਣਦੀਪ ਸਿੰਘ :** ਚਲੋ ਨਵੇਂ ਹੀ ਬਣਾ ਦੇਣ ਅਤੇ ਇਸ ਦੇ ਵਾਸਤੇ ਇਹ ਹਾਊਸ ਵਿਚ ਐਸ਼ਿਓਰੈਂਸ ਦੇ ਦੇਣ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਬੜਾ ਕਲੀਅਰ ਕਿਹਾ ਹੈ ਕਿ ਇਕ ਵਾਰ ਫੰਡਜ਼ ਉਪਲਬਧ ਹੋ ਜਾਣ ਤਾਂ ਅਸੀਂ ਇਹ ਕੰਮ ਕਰਵਾ ਦਿਆਂਗੇ। Once the funds will be available for the maintenance, I assure I will take the case of repair of this hospital on priority subject to the question of availability of funds.

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਸਵਾਲ ਦਾ ਸਹੀ ਜਵਾਬ ਦੇਣ ਤੋਂ ਟਾਲਾ ਵੱਟ ਰਹੇ ਹਨ। ਇਹ 40 ਫੈਮਿਲੀਜ਼ ਦੀ ਜ਼ਿੰਦਗੀ ਦਾ ਸਵਾਲ ਹੈ। ਇਹ ਕਹਿੰਦੇ ਹਨ ਕਿ ਸਾਡੇ ਕੋਲ ਪੈਸੇ ਨਹੀਂ ਹਨ, ਜਾਨਾਂ ਬਚਾਉਣ ਵਾਸਤੇ। ਨਾ ਤਾਂ ਇਹ ਰਿਪੇਅਰ ਕਰ ਸਕਦੇ ਹਨ ਅਤੇ ਨਾ ਨਵੇਂ ਬਣਾ ਸਕਦੇ ਹਨ। ਇਸ ਹਾਲਤ ਵਿਚ ਕੀ ਮੰਤਰੀ ਜੀ ਦੱਸਣ ਦੀ ਖੇਚਲ ਕਰਨਗੇ ਕਿ ਉਨ੍ਹਾਂ 40 ਪਰਿਵਾਰਾਂ ਦੀਆਂ ਜਾਨਾਂ ਦਾ ਕੀ ਬਣੇਗਾ ?

**Minister :** Sir, as far as the life of those persons are concerned, they are not supposed to live in these quarters which are in a dilapidated condition and they cannot live. ਮੈਂ ਉਨ੍ਹਾਂ ਪਰਿਵਾਰਾਂ ਦੀ ਹੀ ਗੱਲ ਕਰ ਰਿਹਾ ਹਾਂ। ਉਹ ਮਕਾਨ ਡੇਂਜਰਸ ਕੰਡੀਸ਼ਨ ਵਿਚ ਹਨ, ਇਸ ਕਰਕੇ ਉਨ੍ਹਾਂ ਪਰਿਵਾਰਾਂ ਦੇ ਉਥੇ ਰਹਿਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਕਹਿੰਦੇ ਹਨ ਕਿ ਉਹ ਡੇਂਜਰਸ ਕੰਡੀਸ਼ਨ ਵਿਚ ਹਨ। ਇਸ ਕਰਕੇ ਉਥੇ ਰਹਿਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਦੂਜੇ ਪਾਸੇ ਨਵੇਂ ਇਹ ਬਣਾ ਨਹੀਂ ਸਕਦੇ। ਇਹ ਕੀ ਗੱਲ ਬਣੀ ? ਸਪੀਕਰ ਸਾਹਿਬ, ਮੇਰੇ ਸਵਾਲ ਦਾ ਮੰਤਰੀ ਜੀ ਨੇ ਜਵਾਬ ਨਹੀਂ ਦਿੱਤਾ। ਮੈਂ ਪੁੱਛਿਆ ਸੀ ਕੀ ਉਹ ਜਿਹੜੇ 41 ਪਰਿਵਾਰ ਹਨ, ਜਿਨ੍ਹਾਂ ਦੇ ਬੱਚੇ ਵੀ ਹਨ ਔਰ ਛੋਟੀਆਂ ਫੈਮਲੀਆਂ ਹੁੰਦੀਆਂ ਹਨ ਉਨ੍ਹਾਂ ਦੀ ਸੇਫਟੀ ਜਾਂ ਲਿਵਿੰਗ ਵਾਸਤੇ ਮਕਾਨ ਜਲਦੀ ਬਣਾਉਣਗੇ ਤਾਂ ਕਿ ਉਹ ਪਰਾਪਰਲੀ ਪੇਸ਼ੈਂਟਸ ਦਾ ਧਿਆਨ ਰੱਖ ਸਕਣ ? ਕੀ ਇਹ ਇਸ ਚੀਜ਼ ਦਾ ਉਚਿਤ ਪ੍ਰਬੰਧ ਕਰਨਗੇ ?

**ਮਾਨਯੋਗ ਸਪੀਕਰ** : ਇਹ ਜਿਹੜੇ ਉਥੇ ਪਰਿਵਾਰ ਰਹਿੰਦੇ ਹਨ, ਉਨ੍ਹਾਂ ਬਾਰੇ ਪੁੱਛਦੇ ਹਨ, ਜੇਕਰ ਉਹ ਖਾਲੀ ਕਰ ਦਿੰਦੇ ਹਨ ਤਾਂ ਕੀ ਕੋਈ ਪ੍ਰਬੰਧ ਕੀਤਾ ਜਾਵੇਗਾ ?

**ਮੰਤਰੀ** : ਜਿਸ ਤਰ੍ਹਾਂ ਇਹ ਕਹਿ ਰਹੇ ਹਨ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਸ ਸਭ ਵਾਸਤੇ ਕਨਸਰਨਡ ਹਾਂ, ਉਨ੍ਹਾਂ ਦੇ ਪਰਿਵਾਰਾਂ ਬਾਰੇ ਵੀ। ਉਹ ਲੋਕ ਕਿਰਾਏ ਤੇ ਵੀ ਬਾਹਰ ਲੈ ਕੇ ਰਹਿ ਸਕਦੇ ਹਨ It is not the question. There are lot of houses and they can serve the hospital. So it is not a unique and first example, Sir, there are hospitals where there is no accommodation at all, there also people live and are residing outside, taking houses on rent. ਲੋਕ ਕਿਰਾਏ ਤੇ ਵੀ ਰਹਿੰਦੇ ਹਨ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਐਮਰਜੰਸੀ ਸਰਵਿਸਿਜ਼ ਪ੍ਰੋਵਾਈਡ ਕਰਨ ਲਈ ਜਿਹੜਾ ਕੋਈ ਖਤਰਨਾਕ ਬੀਮਾਰੀ ਕਾਰਨ ਜਾਂ ਐਕਸੀਡੈਂਟ ਨਾਲ ਉਥੇ ਆਉਂਦਾ ਹੈ, ਉਸ ਵਾਸਤੇ ਲਾਜ਼ਮੀ ਹੁੰਦਾ ਹੈ ਕਿ ਜਿਹੜੇ ਅਟੈਂਡੈਂਟ ਡਾਕਟਰ ਹਨ, ਉਹ ਇਨ-ਹਾਊਸ ਰਹਿਣ। ਲੇਕਿਨ ਮੰਤਰੀ ਸਾਹਿਬ ਫਿਰ ਮੇਰੇ ਸਵਾਲ ਦਾ ਜਵਾਬ ਦੇਣ ਤੋਂ ਟਾਲ ਰਹੇ ਹਨ। ਇਹ ਕਹਿੰਦੇ ਹਨ ਕਿ ਕਿਰਾਏ ਤੇ ਉਹ ਲੈ ਲੈਣ। ਇਸ ਦਾ ਮਤਲਬ ਇਹ ਹੋ ਗਿਆ ਕਿ ਉਹ

Original with;
Punjab Vidhan Sabha
Digitized by;

ਸ਼ਹਿਰ ਤੋਂ ਬਾਹਰ ਚਲੇ ਗਏ। ਮੇਰਾ ਸਵਾਲ ਹੈ ਕਿ ਜੇਕਰ ਅਜਿਹਾ ਹੋ ਗਿਆ ਤਾਂ ਕੀ ਸਰਕਾਰ ਉਨ੍ਹਾਂ ਦਾ ਕਿਰਾਇਆ ਸਬਸੇਡਾਈਜ਼ ਕਰੇਗੀ ? ਕਿਉਂਕਿ ਉਨ੍ਹਾਂ ਨੂੰ ਬਾਹਰ ਜ਼ਿਆਦਾ ਕਿਰਾਇਆ ਦੇਣਾ ਪਵੇਗਾ ਜਿਹੜਾ ਹਸਪਤਾਲ ਤੋਂ ਦੂਰ ਰਹਿਣਗੇ ਅਤੇ ਉਹ ਐਮਰਜੰਸੀ ਸਰਵਿਸਿਜ਼ ਕਿਵੇਂ ਪ੍ਰੋਵਾਈਡ ਕਰਨਗੇ ?

**Minister :** I have just got further information 41 houses have outlived their normal life, which were constructed 60—70 years back. Out of these 41 houses, 6 houses are unsafe and people cannot live over there. Regarding these 41 houses, it is stated that their floors need repairs walls/roofs have dampness, plaster peeled off and steel reinforcement is naked at many places. Although these can be repaired at a cost of Rs. 60 lakhs but still as these have outlived their normal life, their repair and renovation lies not considered feasible. But as Captain Sahib says the quarter which are safe that the people are there but these houses which are absolutely not good we cannot keep the people there and they will not stay there and they can take the building on rent. Moreover all the people are not required whole time.

**ਮਾਨਯੋਗ ਸਪੀਕਰ :** ਇਨ੍ਹਾਂ ਦਾ ਸਪੈਸੇਫਿਕ ਕੁਐਸਚਨ ਹੈ ਕਿ ਕੀ ਕਿਰਾਇਆ ਰੀਇੰਬਰਸ ਕਰੋਗੇ ਜਿਹੜੇ ਬਾਹਰ ਕਿਰਾਏ ਤੇ ਜਾਣਗੇ ?

**Minister :** Sir, there are rules and regulations and as per the rules and regulations they will get (Thumping) (Interruption)

**Mr. Speaker :** Next question.

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ।

**ਮਾਨਯੋਗ ਸਪੀਕਰ :** ਨਹੀਂ ਜੀ, ਤੁਹਾਡਾ ਜਵਾਬ ਆ ਗਿਆ ਹੈ। ਸੌਰੀ, ਕੈਪਟਨ ਸਾਹਿਬ, ਤੁਸੀਂ ਹੁਣ ਬੈਠੋ।

---

## ਪਿੰਡ ਡਰੋਲੀ ਵਿਖੇ ਬਿਸਤ ਦੁਆਬ ਨਹਿਰ ਦਾ ਸਾਈਫਨ ਰਾਹੀਂ ਨਿਕਾਸ

*553. **ਸ਼੍ਰੀ ਤਿਕਸ਼ਨ ਸੂਦ :** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਪਿੰਡ ਡਰੋਲੀ (ਆਦਮਪੁਰ), ਜ਼ਿਲ੍ਹਾ ਜਲੰਧਰ ਵਿਖੇ ਚੋਅ ਦੇ ਪਾਣੀ ਦੇ ਨਿਰਵਿਘਨ ਨਿਕਾਸ ਲਈ ਬਿਸਤ ਦੁਆਬ ਨਹਿਰ ਦੇ ਸਾਈਫਨਿੰਗ ਦਾ ਕੰਮ ਅਜੇ ਤੱਕ ਮੁਕੰਮਲ ਨਹੀਂ ਹੋਇਆ ਹੈ, ਜੇਕਰ ਅਜਿਹਾ ਹੋਵੇ, ਤਾਂ ਇਸ ਪ੍ਰਾਜੈਕਟ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਦੇਰੀ ਦੇ ਕੀ ਕਾਰਨ ਹਨ;

(ਅ) ਉਕਤ ਪ੍ਰਾਜੈਕਟ ਦੀ ਅਨੁਮਾਨਤ ਲਾਗਤ ਕੁੱਲ ਕਿੰਨੀ ਹੈ ਅਤੇ ਹੁਣ ਤੱਕ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਇਸ ਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;

**ਸਰਦਾਰ ਗੁਰਚੇਤ ਸਿੰਘ ਭੁੱਲਰ** : (ੳ) ਹਾਂ ਜੀ, ਇਹ ਠੀਕ ਹੈ ਕਿ ਪਿੰਡ ਡਰੋਲੀ ਕਲਾਂ (ਆਦਮਪੁਰ), ਜ਼ਿਲ੍ਹਾ ਜਲੰਧਰ ਵਿਖੇ ਚੋਅ ਦੇ ਪਾਣੀ ਦੇ ਨਿਰਵਿਘਨ ਨਿਕਾਸ ਲਈ ਬਿਸਤ ਦੁਆਬ ਨਹਿਰ ਤੇ ਸਾਈਫਨ ਦੀ ਉਸਾਰੀ ਕਰਨ ਦਾ ਕੰਮ ਅਜੇ ਤੱਕ ਮੁਕੰਮਲ ਨਹੀਂ ਹੋਇਆ। ਇਹ ਕੰਮ ਸਾਲ 1994-95 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਕੰਮ ਦਾ ਲੱਗਭੱਗ 30% ਕੰਮ ਪੂਰਾ ਹੋ ਚੁੱਕਾ ਹੈ। ਸਰਕਾਰ ਦੀ ਮਾਲੀ ਹਾਲਤ ਚੰਗੀ ਨਾ ਹੋਣ ਕਾਰਨ ਸਾਲ 2000-2001 ਤੋਂ ਬਾਅਦ ਇਸ ਕੰਮ ਲਈ ਫੰਡਜ਼ ਮੁਹੱਈਆ ਨਹੀਂ ਹੋ ਸਕੇ, ਜਿਸ ਕਰਕੇ ਇਹ ਕੰਮ ਮੁਕੰਮਲ ਨਹੀਂ ਕੀਤਾ ਜਾ ਸਕਿਆ।

(ਅ) ਇਸ ਕੰਮ ਦੀ ਅਗਸਤ, 1997 ਦੀਆਂ ਦਰਾਂ ਅਨੁਸਾਰ ਦੁਹਰਾਈ ਅਨੁਮਾਨਤ ਲਾਗਤ 756.92 ਲੱਖ ਰੁਪਏ ਹੈ। ਸਾਲ 1994-95 ਤੋਂ 2000-2001 ਤੱਕ ਇਸ ਕੰਮ ਉਤੇ 196.28 ਲੱਖ ਰੁਪਏ ਖਰਚ ਹੋ ਚੁੱਕੇ ਹਨ। ਲੋੜੀਂਦੇ ਫੰਡਜ਼ ਉਪਲਬਧ ਹੋਣ ਤੇ ਇਹ ਕੰਮ 2 ਸਾਲਾਂ ਵਿੱਚ ਮੁਕੰਮਲ ਹੋ ਸਕੇਗਾ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦਾ ਓਰੀਜੀਨਲ ਕਾਸਟ ਐਸਟੀਮੇਟ ਕਿੰਨਾ ਸੀ, ਇਹ ਐਸਟੀਮੇਟ ਕਦੋਂ ਬਣਿਆ ਸੀ ਅਤੇ ਇਸ ਵਾਸਤੇ ਕਿੰਨਾ ਸਮਾਂ ਫਿਕਸ ਹੋਇਆ ਸੀ, ਕੀ ਇਹ ਇਸ ਸਮੇਂ ਵਿੱਚ ਇਹ ਕੰਪਲੀਟ ਹੋ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਪ੍ਰਾਜੈਕਟ ਹੈ ਇਸ ਦੀ ਓਰੀਜੀਨਲ ਕਾਸਟ 275.50 ਲੱਖ ਰੁਪਏ ਦੀ ਮਨਜ਼ੂਰ ਹੋਈ ਸੀ। ਇਸ ਤੋਂ ਬਾਅਦ ਦੁਬਾਰਾ 1997 ਵਿੱਚ ਇਹ ਰਿਵਾਈਜ਼ ਹੋ ਕੇ 756.92 ਲੱਖ ਰੁਪਏ ਮਨਜ਼ੂਰ ਹੋ ਗਿਆ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਪੂਰਾ ਜਵਾਬ ਨਹੀਂ ਦਿੱਤਾ ਗਿਆ। ਟਾਈਮ ਫਰੇਮ ਨਹੀਂ ਦੱਸਿਆ ਗਿਆ ਕਿ ਕਿੰਨੇ ਸਾਲ ਵਾਸਤੇ ਹੁੰਦਾ ਹੈ।

**ਮੰਤਰੀ** : ਇਹ ਪੰਜ ਸਾਲ ਵਾਸਤੇ ਹੁੰਦਾ ਹੈ। ਪੰਜ ਸਾਲ ਵਿਚ ਪੂਰਾ ਕਰਨਾ ਹੈ। ਜਦੋਂ ਪਹਿਲਾਂ ਸਾਡੀ ਸਰਕਾਰ ਸੀ ਤਾਂ ਸਾਲ 1994, 1995, 1996 ਤੇ 1997 ਵਿਚ 110.32 ਕਰੋੜ ਰੁਪਏ ਦਿੱਤੇ ਗਏ ਸਨ। ਬਾਅਦ ਵਿਚ ਦੂਸਰੀ ਸਰਕਾਰ ਵੱਲੋਂ 1997, 1998, 1999 ਅਤੇ 2000 ਵਿਚ ਕੇਵਲ 85 ਕਰੋੜ ਰੁਪਏ ਹੀ ਦਿੱਤੇ ਗਏ, ਜਿਸ ਕਰਕੇ ਇਹ ਕੰਪਲੀਟ ਨਹੀਂ ਹੋ ਸਕਿਆ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਹ ਤਾਂ ਮੰਤਰੀ ਜੀ ਮੰਨਣਗੇ ਕਿ ਇਹ ਪ੍ਰੋਜੈਕਟ ਬਹੁਤ ਜ਼ਰੂਰੀ ਹੈ। ਇਸ ਦੇ ਪੂਰਾ ਨਾ ਹੋਣ ਕਾਰਨ ਜ਼ਮੀਨਾਂ ਦਾ ਬੜਾ ਨੁਕਸਾਨ ਹੋ ਰਿਹਾ ਹੈ। ਹੁਣ ਮੰਤਰੀ ਜੀ ਨੇ ਕਿਹਾ ਹੈ ਕਿ ਜੇਕਰ ਫੰਡ ਮਿਲੇ ਤਾਂ ਇਹ ਦੋ ਸਾਲਾਂ ਵਿਚ ਪੂਰਾ ਹੋ ਜਾਵੇਗਾ। ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਕੋਲ ਪਲਾਨ ਵਿਚ ਇਰੀਗੇਸ਼ਨ ਵਾਸਤੇ ਪੈਸੇ ਆ ਗਏ ਹਨ। ਕੀ ਮੰਤਰੀ ਜੀ ਇਸ ਪ੍ਰੋਜੈਕਟ ਵਾਸਤੇ ਪੈਸੇ ਰੱਖਣ ਵਿਚ ਪ੍ਰਾਇਰਟੀ ਦੇਣਗੇ ਤਾਂ ਜੋ ਇਸ ਨੂੰ ਮੁਕੰਮਲ ਕੀਤਾ ਜਾ ਸਕੇ।

Original with;
Punjab Vidhan Sabha
Digitized by:
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਸ ਵਾਰੀ ਤਾਂ ਪੈਸਾ ਨਹੀਂ ਰੱਖਿਆ ਗਿਆ ਕਿਉਂਕਿ ਪੈਸੇ ਦੀ ਘਾਟ ਸੀ। ਇਸ ਤੋਂ ਅਗਲੇ ਸਾਲ ਵਿਚ ਜ਼ਰੂਰ ਰੱਖਿਆ ਜਾਵੇਗਾ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਥੋੜ੍ਹਾ-ਬਹੁਤਾ ਪੈਸਾ ਤਾਂ ਇਸ ਸਾਲ ਵਿਚ ਰਖਵਾ ਦਿਓ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

---

## ਅਨੁਸੂਚਿਤ ਜਾਤੀ ਲਈ ਧਰਮਸ਼ਾਲਾਵਾਂ/ਚੌਪਾਲਾਂ ਦੀ ਉਸਾਰੀ

*488. (1) ਸ਼੍ਰੀ ਤਰਲੋਚਨ ਸਿੰਘ
(2) ਸ਼੍ਰੀ ਨੱਥੂ ਰਾਮ } : ਕੀ ਸਮਾਜਿਕ ਸੁਰੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿੱਚ ਅਨੁਸੂਚਿਤ ਜਾਤੀਆਂ ਲਈ ਧਰਮਸ਼ਾਲਾਵਾਂ/ਚੌਪਾਲਾਂ ਦੀ ਉਸਾਰੀ ਲਈ ਸਾਲਾਂ 2000-2001, 2001-2002 ਅਤੇ 2002-2003 ਲਈ ਬਜਟ ਅਨੁਮਾਨਾਂ ਵਿੱਚ ਸਾਲ-ਵਾਰ ਕਿੰਨੀ ਰਕਮ ਮਖਸੂਸ ਕੀਤੀ ਗਈ ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਰਕਮ ਉਕਤ ਉਦੇਸ਼ ਲਈ ਹੀ ਖਰਚ ਕੀਤੀ ਗਈ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਨ ਹਨ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਵਿਵਰਣ ਸਦਨ ਦੀ ਟੇਬਲ ਤੇ ਰੱਖਿਆ ਜਾਂਦਾ ਹੈ।

### ਵਿਵਰਣ

(ਰਕਮ ਲੱਖਾਂ ਵਿੱਚ)

(ੳ)

| ਸਾਲ | ਬਜਟ ਪ੍ਰੋਵੀਜ਼ਨ |
|---|---|
| 2000-2001 | 39.00 |
| 2001-2002 | 100.00 |
| 2002-2003 | — |

(ਅ)

| ਸਾਲ | ਖਰਚਾ | ਬਾਕੀ | ਵਿਸ਼ੇਸ਼ ਕਥਨ |
|---|---|---|---|
| 2000-2001 | 39.00 | — | — |
| 2001-2002 | — | — | ਫੰਡਜ਼ ਰਿਲੀਜ਼ ਨਹੀਂ ਹੋਏ। |
| 2002-2003 | — | — | ਕੋਈ ਬਜਟ ਉਪਬੰਧ ਨਹੀਂ। |

Original with;
Punjab Vidhan Sabha
Digitized by;

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਜਿਹੜੀਆਂ ਧਰਮਸ਼ਾਲਾਵਾਂ ਜਾਂ ਜੰਞ ਘਰ ਹਨ, ਉਹ ਪੰਜਾਬ ਦੀ-ਦਲਿਤਾਂ ਦੀ 31% ਅਬਾਦੀ ਵਾਸਤੇ ਹਨ। ਆਪਾਂ ਸਾਰੇ ਜਾਣਦੇ ਹਾਂ ਕਿ ਪਹਿਲਾਂ ਕੋਈ ਇਹੋ ਜਿਹੀ ਪ੍ਰੋਵੀਜ਼ਨ ਨਹੀਂ ਸੀ ਕਿ ਜਦੋਂ ਕੋਈ ਬਰਾਤ ਆਉਂਦੀ ਸੀ ਜਾਂ ਮ੍ਰਿਤੂ ਹੋ ਜਾਂਦੀ ਸੀ ਤਾਂ ਗਰੀਬ ਲੋਕਾਂ ਕੋਲ ਬੈਠਣ ਵਾਸਤੇ ਕੋਈ ਸਾਂਝੀ ਥਾਂ ਨਹੀਂ ਸੀ। ਮੰਤਰੀ ਜੀ ਨੇ ਜਵਾਬ ਵਿਚ ਦੱਸਿਆ ਹੈ ਕਿ ਸਾਲ 2001-2002 ਅਤੇ 2002-2003 ਵਿਚ ਇਨ੍ਹਾਂ ਦੀ ਉਸਾਰੀ ਵਾਸਤੇ ਕੋਈ ਵੀ ਪੈਸਾ ਨਹੀਂ ਰੱਖਿਆ ਗਿਆ। ਕੀ ਮੰਤਰੀ ਜੀ ਇਨ੍ਹਾਂ ਦੀ ਮਹੱਤਤਾ ਨਹੀਂ ਸਮਝਦੇ ਕਿ ਇਹ ਚੀਜ਼ਾਂ ਗਰੀਬ ਵਰਗ ਨੂੰ ਚਾਹੀਦੀਆਂ ਹਨ। ਜੇਕਰ ਸਮਝਦੇ ਹਨ ਤਾਂ ਇਨ੍ਹਾਂ ਵਾਸਤੇ ਫੰਡ ਕਿਉਂ ਨਹੀਂ ਰੱਖੇ ਗਏ ? ਮੰਤਰੀ ਜੀ ਜਵਾਬ ਦੇਣ।

**ਮੰਤਰੀ** : ਸਪੀਕਰ ਸਾਹਿਬ, ਇਹ ਸਕੀਮ ਸਾਲ 1969-70 ਵਿਚ ਸ਼ੁਰੂ ਕੀਤੀ ਗਈ ਸੀ। ਹੁਣ ਤੱਕ ਕੁੱਲ 17,841 ਧਰਮਸ਼ਾਲਾਵਾਂ ਦੀ ਉਸਾਰੀ ਕੀਤੀ ਗਈ ਹੈ। ਸਾਲ 1994-95 ਤੋਂ ਪੁਰਾਣੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਕਰਨ ਲਈ ਵੀ ਗਰਾਂਟ ਦਾ ਉਪਬੰਧ ਕੀਤਾ ਗਿਆ ਹੈ। ਇਹ ਸਕੀਮ ਚਲ ਰਹੀ ਹੈ ਅਤੇ ਬੰਦ ਨਹੀਂ ਕੀਤੀ ਗਈ। ਇਸ ਸਾਲ ਇਸ ਸਕੀਮ ਲਈ ਬਜਟ ਵਿਚ ਉਪਬੰਧ ਨਹੀਂ ਹੋ ਸਕਿਆ ਪਰ ਸਾਲ 2003-2004 ਵਿਚ ਇਸ ਸਕੀਮ ਵਾਸਤੇ ਨਾਨ-ਪਲਾਨ ਸਾਈਡ ਤੇ 60 ਲੱਖ ਰੁਪਏ ਦੀ ਪ੍ਰਪੋਜ਼ਲ ਰੱਖੀ ਗਈ ਹੈ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ। ਇਹ ਬੜਾ ਗੰਭੀਰ ਮਸਲਾ ਹੈ ਪਰੰਤੂ ਮੰਤਰੀ ਜੀ ਨੇ ਕਿਹਾ ਹੈ ਕਿ ਇਸ ਵਾਸਤੇ ਸਾਲ 2003-2004 ਵਿਚ ਪ੍ਰੋਵੀਜ਼ਨ ਰੱਖੀ ਗਈ ਹੈ। ਨਾਨ-ਪਲਾਨ ਸਾਈਡ ਦੇ ਤੁਹਾਨੂੰ ਪਤਾ ਹੀ ਹੈ ਕਿ ਫੰਡ ਕਿਥੇ ਯੂਜ਼ ਹੁੰਦੇ ਹਨ। ਕਈ ਵਾਰੀ ਖਜ਼ਾਨੇ ਉਤੇ ਹੀ ਰੋਕ ਲੱਗ ਜਾਂਦੀ ਹੈ। ਕੀ ਮੰਤਰੀ ਜੀ ਐਸ਼ਿਓਰ ਕਰਨਗੇ ਕਿ ਇਹ ਜਿਹੜੇ ਫੰਡ ਦੀ ਪ੍ਰੋਵੀਜ਼ਨ ਕੀਤੀ ਗਈ ਹੈ, ਇਹ ਫੰਡ ਖਾਸ ਕਰਕੇ ਇਨ੍ਹਾਂ ਕੰਮਾਂ ਵਾਸਤੇ ਹੀ ਵਰਤੇ ਜਾਣਗੇ ?

**ਮੰਤਰੀ** : ਮੈਂ ਇਸ ਗੱਲ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ। ਅਸੀਂ ਐਫ.ਡੀ. ਨਾਲ ਇਸ ਸਕੀਮ ਬਾਰੇ ਬਜਟ ਵਿਚ ਪ੍ਰੋਵੀਜ਼ਨ ਕਰਨ ਵਾਸਤੇ ਗੱਲਬਾਤ ਕਰ ਰਹੇ ਹਾਂ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਇਸ ਲਈ ਨਾਨ-ਪਲਾਨ ਵਿਚ ਫੰਡ ਦੀ ਪ੍ਰੋਵੀਜ਼ਨ ਕੀਤੀ ਗਈ ਹੈ। ਨਾਨ-ਪਲਾਨ ਦੇ ਫੰਡ ਡਿਵੈਪਲਮੈਂਟ ਵਾਸਤੇ ਨਹੀਂ ਖਰਚ ਕੀਤੇ ਜਾ ਸਕੇ। ਮੰਤਰੀ ਜੀ ਨੇ ਜਵਾਬ ਸਹੀ ਨਹੀਂ ਦਿੱਤਾ। ਉਨ੍ਹਾਂ ਨੂੰ ਦਰੁਸਤੀ ਕਰ ਲੈਣੀ ਚਾਹੀਦੀ ਹੈ। ਦੂਸਰਾ ਐਫ.ਐਮ. ਸਾਹਿਬ ਨੇ ਫੰਡ ਦੇਣੇ ਹਨ। ਕੀ ਤੁਸੀਂ ਫੰਡ ਦੇਣ ਵਾਸਤੇ ਐਫ.ਡੀ. ਕੋਲ ਅਪਰੋਚ ਕੀਤਾ ਹੈ ?

**ਮੰਤਰੀ** : ਹਾਂ ਜੀ, ਕੀਤਾ ਹੈ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੌਜੂਦਾ ਸਰਕਾਰ ਜਿਹੜੀ ਹੈ, ਕੀ ਉਹ ਇਸ ਸਕੀਮ ਨੂੰ ਜਾਰੀ ਰੱਖਣਾ ਚਾਹੁੰਦੀ ਹੈ ਜਾਂ ਨਹੀਂ ? ਸਪੀਕਰ ਸਾਹਿਬ, ਸਾਲ 2002-2003 ਵਿੱਚ ਇਸ ਸਕੀਮ ਲਈ ਕੋਈ ਪੈਸਾ ਨਹੀਂ ਰੱਖਿਆ ਗਿਆ ਅਤੇ ਸਾਲ 2003-2004 ਵਿੱਚ ਵੀ ਨਹੀਂ ਰੱਖਿਆ ਗਿਆ। ਕੀ ਸਰਕਾਰ ਇਸ ਸਕੀਮ ਨੂੰ ਬੰਦ ਕਰਨਾ ਚਾਹੁੰਦੀ ਹੈ ਕਿਉਂਕਿ ਗਰੀਬਾਂ ਦੀ ਇਸ ਸਕੀਮ ਵਿੱਚ ਕੋਈ ਪੈਸਾ ਨਹੀਂ ਰੱਖਿਆ ਗਿਆ ?

**ਮੰਤਰੀ** : ਸਪੀਕਰ ਸਾਹਿਬ, ਸਕੀਮ ਚਾਲੂ ਹੈ ਅਤੇ ਮੈਂ ਇਸ ਬਾਰੇ ਕਿਹਾ ਸੀ ਕਿ ਵਿੱਤ ਵਿਭਾਗ ਨਾਲ ਗੱਲ ਚਲ ਰਹੀ ਹੈ। ਸਕੀਮ ਚਾਲੂ ਹੈ ਅਤੇ ਬੰਦ ਨਹੀਂ ਹੋਈ।

Original with;
Punjab Vidhan Sabha
Digitized by;
Panjab Digital Library

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮਾਨਯੋਗ ਮੰਤਰੀ ਸਾਹਿਬ ਸਵਾਲ ਦੇ ਜਵਾਬ ਠੀਕ ਨਹੀਂ ਦੇ ਰਹੇ। ਇਨ੍ਹਾਂ ਨੇ ਕਿਹਾ ਕਿ ਸਾਲ 2002-2003 ਵਿੱਚ ਤਾਂ ਪੈਸਾ ਨਹੀਂ ਰੱਖਿਆ ਅਤੇ ਸਾਲ 2003-2004 ਵਾਸਤੇ ਕਹਿੰਦੇ ਹਨ ਕਿ ਧਰਮਸ਼ਾਲਾਵਾਂ ਬਣਾਉਣ ਲਈ 60 ਲੱਖ ਰੁਪਿਆ ਨਾਨ-ਪਲਾਨ ਵਿੱਚ ਰੱਖਿਆ ਹੈ। ਸਪੀਕਰ ਸਾਹਿਬ, ਤੁਸੀਂ ਵੀ ਵਿੱਤ ਮੰਤਰੀ ਰਹੇ ਹੋ ਅਤੇ ਤੁਹਾਨੂੰ ਪਤਾ ਹੈ ਕਿ ਨਾਨ-ਪਲਾਨ ਦੇ ਪੈਸੇ ਨਾਲ ਕੈਪੀਟਲ ਅਸੈਟਸ ਕਰੀਏਟ ਨਹੀਂ ਕੀਤਾ ਜਾ ਸਕਦਾ। ਕੀ ਮੰਤਰੀ ਸਾਹਿਬ ਇਹ ਮੰਨਣਗੇ ਕਿ ਇਸ ਸਾਲ ਵੀ ਇਹ ਸਕੀਮ ਬੰਦ ਰਹੇਗੀ ?

**ਮੰਤਰੀ** : ਸਪੀਕਰ ਸਾਹਿਬ ਮੈਂ ਐਸ਼ੋਰੈਂਸ ਦਿੰਦਾ ਹਾਂ ਕਿ ਵਿੱਤ ਵਿਭਾਗ ਨਾਲ ਗੱਲ ਕਰਕੇ ਇਹ ਸਕੀਮ ਚਾਲੂ ਰਹੇਗੀ ਅਤੇ ਬਜਟ ਪ੍ਰੋਵੀਜ਼ਨ ਕੀਤੀ ਜਾਵੇਗੀ।

---

## ਡਾਕਟਰ ਬੀ.ਆਰ. ਅੰਬੇਦਕਰ ਭਵਨਾਂ ਦੀ ਉਸਾਰੀ

***489. (1) ਸ਼੍ਰੀ ਤਰਲੋਚਨ ਸਿੰਘ**
**(2) ਸ਼੍ਰੀ ਨੱਥੂ ਰਾਮ** : ਕੀ ਸਮਾਜਿਕ ਸੁਰੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿੱਚ ਡਾਕਟਰ ਬੀ.ਆਰ. ਅੰਬੇਦਕਰ ਭਵਨਾਂ ਦੀ ਉਸਾਰੀ ਲਈ ਸਾਲ 2000-2001, 2001-2002 ਅਤੇ 2002-2003 ਲਈ ਬਜਟ ਅਨੁਮਾਨਾਂ ਵਿੱਚ ਸਾਲ-ਵਾਰ ਕਿੰਨੀ ਰਕਮ ਮਖਸੂਸ ਕੀਤੀ ਗਈ ਸੀ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਰਕਮ ਉਕਤ ਉਦੇਸ਼ ਲਈ ਖਰਚ ਕੀਤੀ ਗਈ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਨ ਹਨ ?

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀਮਾਨ ਜੀ, ਸਦਨ ਦੀ ਮੇਜ਼ ਤੇ ਸਟੇਟਮੈਂਟ ਰੱਖੀ ਜਾਂਦੀ ਹੈ।

### ਸਟੇਟਮੈਂਟ

(ੳ) ਸਾਲ 2000-2001, 2001-2002 ਅਤੇ 2002-2003 ਦੌਰਾਨ ਡਾਕਟਰ ਬੀ.ਆਰ. ਅੰਬੇਦਕਰ ਭਵਨਾਂ ਦੀ ਉਸਾਰੀ ਲਈ ਅਲਾਟ ਹੋਏ ਬਜਟ ਦਾ ਸਾਲ-ਵਾਰ ਵੇਰਵਾ ਹੇਠ ਅਨੁਸਾਰ ਹੈ :-

(ਰਕਮ ਲੱਖਾਂ ਵਿੱਚ)

| ਸਾਲ | ਭਵਨ ਦੀ ਉਸਾਰੀ ਲਈ ਬਜਟ ਅਲਾਟਮੈਂਟ |
|---|---|
| 2000-2001 | 109.00 |
| 2001-2002 | 225.84 |
| 2002-2003 | — |

Original with;
Punjab Vidhan Sabha
Digitized by;
Panjab Digital Library

**[ਸਮਾਜਿਕ ਸੁੱਰਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ]**

(ਅ) ਸਾਲ-ਵਾਰ ਖਰਚੇ ਦਾ ਵੇਰਵਾ ਹੇਠ ਅਨੁਸਾਰ ਹੈ :—

(ਰਕਮ ਲੱਖਾਂ ਵਿੱਚ)

| ਸਾਲ | ਵਰਤੀ ਰਾਸ਼ੀ/ਖਰਚਾ | ਵਿਸ਼ੇਸ਼ ਕਥਨ |
|---|---|---|
| 2000-2001 | 18.88 | ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡਾਂ ਵਲੋਂ ਸਿਰਫ 57.21 ਲੱਖ ਰੁਪਏ ਦੀ ਰਾਸ਼ੀ ਰਲੀਜ਼ ਕੀਤੀ ਗਈ ਸੀ, ਜਿਸ ਵਿੱਚੋਂ 18.88 ਲੱਖ ਰੁਪਏ ਹੀ ਖਰਚੇ ਗਏ ਹਨ ਕਿਉਂਕਿ ਬਾਕੀ ਰਹਿੰਦੀ ਰਾਸ਼ੀ ਦੇ ਬਿੱਲ ਖਜ਼ਾਨਿਆਂ ਵੱਲੋਂ ਕਲੀਅਰ ਨਹੀਂ ਕੀਤੇ ਗਏ। |
| 2001-2002 | — | ਯੋਜਨਾਬੰਦੀ ਵਿਭਾਗ ਵੱਲੋਂ ਕੋਈ ਰਾਸ਼ੀ ਰਿਲੀਜ਼ ਨਹੀਂ ਕੀਤੀ ਗਈ। |
| 2002-2003 | — | ਸਕੀਮ ਅਧੀਨ ਇਸ ਸਾਲ ਕੋਈ ਬਜਟ ਉਪਬੰਧ ਨਹੀਂ ਕੀਤਾ ਗਿਆ। |

**ਸ਼੍ਰੀ ਤਰਲੋਚਨ ਸਿੰਘ :** ਮਾਨਯੋਗ ਸਪੀਕਰ ਸਾਹਿਬ, ਅਗਰ ਇਨ੍ਹਾਂ ਸਕੀਮਾਂ ਦੇ ਵਾਸਤੇ ਕੋਈ ਆਪਾਂ ਬਜਟ ਵਿੱਚ ਫੰਡਜ਼ ਨਹੀਂ ਰੱਖਣੇ ਤਾਂ ਬੈਟਰ ਹੈ ਕਿ ਇਹ ਸਕੀਮਾਂ ਬੰਦ ਕਰ ਦੇਣ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਗਰ ਇਹ ਸਕੀਮ ਚਾਲੂ ਕਰਨੀ ਚਾਹੁੰਦੇ ਹਨ ਤਾਂ ਕੀ ਇਨ੍ਹਾਂ ਲਈ ਬਜਟ ਪ੍ਰੋਵੀਜ਼ਨ ਕੀਤੀ ਜਾਵੇਗੀ ?

**ਮੰਤਰੀ :** ਸਰ, 8 ਜ਼ਿਲ੍ਹਿਆਂ ਅਰਥਾਤ ਅੰਮ੍ਰਿਤਸਰ, ਬਠਿੰਡਾ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਮਾਨਸਾ, ਨਵਾਂ ਸ਼ਹਿਰ, ਪਟਿਆਲਾ ਵਿਖੇ ਅੰਬੇਦਕਰ ਭਵਨ, ਕੰਪਲੀਟ ਨਹੀਂ ਹੋਏ। ਇਨ੍ਹਾਂ ਦੇ ਬਾਰੇ ਮੈਂ ਦੱਸ ਦਿੰਦਾ ਹਾਂ ਕਿ ਇਨ੍ਹਾਂ ਵਿੱਚ ਅੰਬੇਦਕਰ ਭਵਨਾਂ ਦੀ ਉਸਾਰੀ ਸ਼ੁਰੂ ਕੀਤੀ ਜਾਣੀ ਹੈ। ਇਨ੍ਹਾਂ ਵਾਸਤੇ ਰਾਸ਼ੀ ਪੀ.ਡਬਲਯੂ.ਡੀ. (ਬੀ.ਐਂਡ.ਆਰ.) ਦੇ ਪੀ.ਐਲ. ਖਾਤੇ ਵਿੱਚ ਜਮ੍ਹਾਂ ਕਰਵਾਈ ਜਾ ਚੁੱਕੀ ਹੈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| | | |
|---|---|---|
| (1) | ਅੰਮ੍ਰਿਤਸਰ | 42.00 ਲੱਖ ਰੁਪਏ |
| (2) | ਬਠਿੰਡਾ | 9.9 ਲੱਖ ਰੁਪਏ |
| (3) | ਹੁਸ਼ਿਆਰਪੁਰ | 53.55 ਲੱਖ ਰੁਪਏ |
| (4) | ਜਲੰਧਰ | 39.35 ਲੱਖ ਰੁਪਏ |
| (5) | ਲੁਧਿਆਣਾ | 38.26 ਲੱਖ ਰੁਪਏ |
| (6) | ਮਾਨਸਾ | 24.56 ਲੱਖ ਰੁਪਏ |
| (7) | ਨਵਾਂ ਸ਼ਹਿਰ | 36.32 ਲੱਖ ਰੁਪਏ |
| (8) | ਪਟਿਆਲਾ | 79 ਹਜ਼ਾਰ ਰੁਪਏ |
| | ਕੁੱਲ ਜੋੜ : | 243.92 ਲੱਖ ਰੁਪਏ |

Original with;
Punjab Vidhan Sabha
Digitized by;

ਉਪਰੋਕਤ ਦਰਸਾਈ 243.92 ਲੱਖ ਰੁਪਏ ਦੀ ਰਕਮ ਰਿਲੀਜ਼ ਕਰਨ ਲਈ ਵਿੱਤ ਵਿਭਾਗ ਨਾਲ ਪੀ.ਡਬਲਯੂ.ਡੀ. (ਬੀ.ਐਂਡ ਆਰ.) ਵਲੋਂ ਕੇਸ ਟੇਕ-ਅੱਪ ਕੀਤਾ ਗਿਆ ਹੈ। ਉਸਾਰੀ ਮੁਕੰਮਲ ਕਰਨ ਲਈ 243.92 ਲੱਖ ਰੁਪਏ + 195.98 ਲੱਖ ਰੁਪਏ ਅਰਥਾਤ ਕੁਲ 439.90 ਲੱਖ ਰੁਪਏ ਦੀ ਰਾਸ਼ੀ ਜਲਦੀ ਤੋਂ ਜਲਦੀ ਰਿਲੀਜ਼ ਕਰ ਦਿੱਤੀ ਜਾਵੇਗੀ। ਭਵਨਾਂ ਦੀ ਉਸਾਰੀ ਲਈ ਰਾਸ਼ੀ ਰਿਲੀਜ਼ ਹੋਣ ਉਪਰੰਤ ਹੀ ਜਿਹੜੇ ਭਵਨ ਉਸਾਰੇ ਜਾਣੇ ਹਨ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਰਨ ਲਈ ਮਾਮਲਾ ਟੇਕ-ਅੱਪ ਕੀਤਾ ਜਾਵੇਗਾ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਨਵਾਂ ਸ਼ਹਿਰ ਵਿਖੇ ਜਿਹੜਾ ਡਾ. ਬੀ.ਆਰ. ਅੰਬੇਦਕਰ ਭਵਨ ਬਣਾਇਆ ਜਾ ਰਿਹਾ ਹੈ, ਉਸ ਦੀ ਲੇਟੈਸਟ ਪੁਜ਼ੀਸ਼ਨ ਕੀ ਹੈ ?

**ਮੰਤਰੀ** : ਸਪੀਕਰ ਸਾਹਿਬ, ਨਵਾਂ ਸ਼ਹਿਰ ਵਿਖੇ ਡਾ. ਬੀ.ਆਰ. ਅੰਬੇਦਕਰ ਭਵਨ ਦਾ ਉਸਾਰੀ ਲਈ ਗੁਜਰਪੁਰ ਕਲਾਂ ਪਿੰਡ ਵਿਖੇ ਭਲਾਈ ਵਿਭਾਗ ਵੱਲੋਂ ਦੋ ਏਕੜ ਜ਼ਮੀਨ ਪ੍ਰਾਪਤ ਕਰਕੇ ਉਸਾਰੀ ਦਾ ਕੰਮ ਕੀਤਾ ਜਾ ਰਿਹਾ ਹੈ। ਇਹ ਦੋ ਏਕੜ ਜ਼ਮੀਨ ਪਿੰਡ ਦੀ ਪੰਚਾਇਤ ਨੇ ਪੰਚਾਇਤੀ ਜ਼ਮੀਨ ਵਿੱਚੋਂ 10 ਲੱਖ ਰੁਪਏ ਵਿੱਚ ਦਿੱਤੀ ਸੀ ਜਿਸ ਦੀ ਰਜਿਸਟਰੀ ਭਲਾਈ ਵਿਭਾਗ ਦੇ ਨਾਂ ਤੇ ਕਰ ਦਿੱਤੀ ਗਈ ਹੈ। ਜ਼ਿਲ੍ਹਾ ਭਲਾਈ ਅਫਸਰ ਨਵਾਂ ਸ਼ਹਿਰ ਦੀ ਰਿਪੋਰਟ ਅਨੁਸਾਰ ਭਵਨ ਦੀ ਸਾਈਟ ਸ਼ਹਿਰ ਲਈ ਮਨਜ਼ੂਰ ਹੋਏ ਬਾਈਪਾਸ ਦੇ ਅੰਦਰ ਆਉਂਦੀ ਹੈ। ਨਵਾਂ ਸ਼ਹਿਰ ਦੇ ਇਸ ਭਵਨ ਲਈ 74.10 ਲੱਖ ਰੁਪਏ ਦੀ ਕੁੱਲ ਅਨੁਮਾਨਿਤ ਰਾਸ਼ੀ ਵਿੱਚੋਂ 60.08 ਲੱਖ ਰੁਪਏ ਦੀ ਰਾਸ਼ੀ ਪਬਲਿਕ ਵਰਕਸ ਡਿਪਾਰਟਮੈਂਟ ਸੜਕ ਤੇ ਭਵਨ ਮਾਰਗ ਨੂੰ ਰਿਲੀਜ਼ ਕੀਤੀ ਜਾ ਚੁੱਕੀ ਹੈ। ਇਸ ਵਿੱਚੋਂ 23.76 ਲੱਖ ਰੁਪਏ ਦੀ ਰਾਸ਼ੀ ਖਰਚ ਹੋ ਚੁਕੀ ਹੈ ਤੇ ਬਕਾਇਆ 36.38 ਲੱਖ ਰੁਪਏ ਦੀ ਰਾਸ਼ੀ ਉਸਾਰੀ ਏਜੰਸੀ ਦੇ ਪੀ.ਐਲ. ਖਾਤੇ ਡਿਪਾਜ਼ਿਟ ਵਰਕਸ ਹੈਡ ਵਿੱਚ ਜਮਾਂ ਕਰਵਾ ਦਿੱਤੀ ਹੈ ਜਿਸ ਨੂੰ ਖਰਚ ਕਰਨ ਲਈ ਵਿੱਤ ਵਿਭਾਗ ਵੱਲੋਂ ਰੋਕ ਲਗਾਈ ਹੋਈ ਹੈ ਜਿਸ ਨਾਲ ਭਵਨ ਦੀ ਉਸਾਰੀ ਦਾ ਕੰਮ ਰੁਕ ਗਿਆ ਹੈ। ਚਾਲੂ ਮਾਲੀ ਸਾਲ 2002-2003 ਵਿੱਚ ਇਸ ਭਵਨ ਦੀ ਉਸਾਰੀ ਲਈ ਬਜਟ ਵਿੱਚ ਕੋਈ ਉਪਬੰਧ ਨਹੀਂ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਹੁਸ਼ਿਆਰਪੁਰ ਵਿਖੇ ਡਾ. ਬੀ.ਆਰ. ਅੰਬੇਦਕਰ ਭਵਨ ਪਿਛਲੀ ਸਰਕਾਰ ਸਮੇਂ ਸ਼ੁਰੂ ਕੀਤਾ ਗਿਆ ਸੀ। ਇਸ ਲਈ ਬਕਾਇਦਾ ਪੈਸੇ ਵੀ ਦਿੱਤੇ ਗਏ ਸਨ ਔਰ ਜਗ੍ਹਾ ਸਿਲੈਕਟ ਕੀਤੀ ਗਈ ਸੀ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਵਿਖੇ ਡਾ. ਬੀ.ਆਰ. ਅੰਬੇਦਕਰ ਭਵਨ ਦੀ ਉਸਾਰੀ ਦਾ ਕੰਮ ਕਿੱਥੇ ਪਹੁੰਚਿਆ ਹੈ, ਕਿਹੜੀ ਜਗ੍ਹਾ ਸਿਲੈਕਟ ਕੀਤੀ ਗਈ ਹੈ ਅਤੇ ਇਹ ਭਵਨ ਕਦੋਂ ਤੱਕ ਬਣ ਕੇ ਮੁਕੰਮਲ ਹੋ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਭਵਨ ਦੀ ਜ਼ਮੀਨ ਦਾ ਕਬਜ਼ਾ ਲੈ ਲਿਆ ਗਿਆ ਹੈ। ਕੁੱਲ 53.51 ਲੱਖ ਰੁਪਏ ਦੀ ਰਾਸ਼ੀ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਦੇ ਡਿਪਾਜ਼ਿਟ ਹੈਡ ਵਿੱਚ ਜਮ੍ਹਾਂ ਪਾਈ ਹੈ ਪਰ ਖਜ਼ਾਨੇ ਵੱਲੋਂ ਰਿਲੀਜ਼ ਨਹੀਂ ਕੀਤੀ ਗਈ। ਇਸ ਬਾਰੇ ਵਿੱਤ ਵਿਭਾਗ ਨੂੰ ਲਿਖਿਆ ਗਿਆ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਭਵਨ ਵਾਸਤੇ ਜਗ੍ਹਾ ਕਿੱਥੇ ਸਿਲੈਕਟ ਕੀਤੀ ਹੈ ? ਕਿੱਥੇ ਇਹ ਭਵਨ ਬਣਾਇਆ ਜਾ ਰਿਹਾ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਇਸ ਬਾਰੇ ਇਹ ਵੱਖਰਾ ਸਵਾਲ ਦੇ ਦੇਣ।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਇਹ ਸਵਾਲ ਨਾਲ ਸਬੰਧਿਤ ਸਪਲੀਮੈਂਟਰੀ ਹੈ।

**ਮਾਨਯੋਗ ਸਪੀਕਰ :** ਤੁਸੀਂ ਹੁਸ਼ਿਆਰਪੁਰ ਵਾਸਤੇ ਵੱਖਰਾ ਸਵਾਲ ਦੇ ਦਿਓ। ਸੈਪਰੇਟ ਕੁਐਸਚਨ ਦਿਓ। ਇਹ ਪੋਸਟਪੋਨ ਨਹੀਂ ਕੀਤਾ ਜਾਵੇਗਾ। ਅਗਲਾ ਸਵਾਲ। ਅਵਿਨਾਸ਼ ਰਾਏ ਖੰਨਾ ਜੀ।

---

## ਫਾਇਰਿੰਗ ਰੇਂਜ ਸਥਾਪਿਤ ਕਰਨੇ

*453. **ਸ਼੍ਰੀ ਅਵਿਨਾਸ਼ ਰਾਏ ਖੰਨਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਗੜ੍ਹਸ਼ੰਕਰ ਅਤੇ ਮਾਹਿਲਪੁਰ ਬਲਾਕਾਂ ਵਿਚ ਪੈਂਦੇ ਇਲਾਕੇ ਵਿਚ ਫਾਇਰਿੰਗ ਰੇਂਜ ਸਥਾਪਿਤ ਕਰਨ ਲਈ ਆਰਮੀ ਅਥਾਰਟੀਜ਼ ਤੋਂ ਕੋਈ ਤਜਵੀਜ਼ ਪ੍ਰਾਪਤ ਹੋਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਤੇ ਕੀ ਕਾਰਵਾਈ ਕੀਤੀ ਗਈ/ਕੀਤੀ ਜਾ ਰਹੀ ਹੈ; ਅਤੇ

(ਅ) ਕੀ ਸਰਕਾਰ ਦਾ ਉਪਰੋਕਤ ਭਾਗ (ੳ) ਵਿਚ ਵਰਣਿਤ ਬਲਾਕਾਂ ਦੇ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਨੂੰ ਵਿੱਤੀ ਸਹਾਇਤਾ ਦੇਣ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ?

**ਕੈਪਟਨ ਅਮਰਿੰਦਰ ਸਿੰਘ :** (ੳ) ਹਾਂ ਜੀ। ਮਿਲਟਰੀ ਅਥਾਰਟੀਜ਼ ਨੂੰ, ਜਿਨ੍ਹਾਂ ਪਿੰਡਾਂ ਦੀ ਜ਼ਮੀਨ ਫੀਲਡ ਫਾਈਰਿੰਗ ਰੇਜ਼ ਵਿੱਚ ਆਉਂਦੀ ਹੈ, ਦੇ ਵਿਸਥਾਰ ਪੂਰਵਕ ਖਸਰਾ ਨੰਬਰ ਆਦਿ ਭੇਜਣ ਲਈ ਕਿਹਾ ਗਿਆ ਹੈ।

(ਅ) ਫੀਲਡ ਫਾਈਰਿੰਗ ਰੇਂਜ਼ ਦੀ ਮੁਕੰਮਲ ਤਜਵੀਜ਼ ਮਿਲਟਰੀ ਅਧਿਕਾਰੀਆਂ ਪਾਸੋਂ ਪ੍ਰਾਪਤ ਹੋਣ ਉਪਰੰਤ ਸੰਬੰਧਿਤ ਪਿੰਡਾਂ ਦੇ ਲੋਕਾਂ ਨੂੰ ਮੁਆਵਜ਼ਾ ਦੇਣ ਬਾਰੇ ਵਿਚਾਰ ਕੀਤਾ ਜਾਵੇਗਾ। ਸਪੀਕਰ ਸਾਹਿਬ, ਅਸੀਂ ਜ਼ਮੀਨ ਬਾਰੇ ਦੇਖ ਰਹੇ ਹਾਂ ਕਿ ਕਿੰਨਾ ਪਹਾੜੀ ਇਲਾਕਾ ਹੈ ਤੇ ਕਿੰਨਾ ਕਾਸ਼ਤਕਾਰੀ ਇਲਾਕਾ ਹੈ। ਫਿਰ ਵੀ ਜਦੋਂ ਖਸਰਾ ਨੰਬਰ ਆਉਣਗੇ ਤਾਂ ਵਿਚਾਰ ਕੀਤੀ ਜਾਵੇਗੀ। ਜਿੱਥੋਂ ਤੱਕ ਫਾਇਨਾਂਸ਼ੀਅਲ ਅਸਿਸਟੈਂਸ ਦੀ ਗੱਲ ਕੀਤੀ ਜਾ ਰਹੀ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਫਾਇਨਾਂਸ਼ੀਅਲ ਅਸਿਸਟੈਂਸ ਨਹੀਂ ਬਲਕਿ ਕੰਪਨਸੇਸ਼ਨ ਹੁੰਦੀ ਹੈ। ਇਹ ਵੀ ਡਿਪੈਂਡ ਕਰਦਾ ਹੈ ਕਿ ਕਿਸ ਕਿਸਮ ਦੀ ਜ਼ਮੀਨ ਹੈ ਔਰ ਆਰਮੀ ਦੀ ਆਪਣੀ ਰੈਵੇਨਿਊ ਅਥਾਰਟੀ ਹੈ। ਉਹ ਇਸ ਦੀ ਕਿੰਨੀ ਕੀਮਤ ਲਗਾਉਂਦੇ ਹਨ, ਇਹ ਪ੍ਰਾਪਤ ਹੋਣ ਤੋਂ ਬਾਅਦ ਅਸੀਂ ਇਸ ਦੀ ਕੰਪਨਸੇਸ਼ਨ ਦੀ ਗੱਲ ਕਰਾਂਗੇ।

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਸਪੀਕਰ ਸਾਹਿਬ, ਜਿਹੜਾ ਜਵਾਬ ਦਿੱਤਾ ਗਿਆ ਹੈ, ਉਸ ਵਿੱਚ ਖਸਰਾ ਨੰਬਰ ਦੀ ਗੱਲ ਕੀਤੀ ਗਈ ਹੈ ਪਰ ਜ਼ਮੀਨ ਦੀ ਕੋਈ ਗੱਲ ਨਹੀਂ ਕੀਤੀ ਗਈ। ਮੈਂ ਜਵਾਬ ਪੜ੍ਹ ਦਿੰਦਾ ਹਾਂ :

> "ਹਾਂ ਜੀ । ਮਿਲਟਰੀ ਅਥਾਰਟੀਜ਼ ਨੂੰ, ਜਿਨ੍ਹਾਂ ਪਿੰਡਾਂ ਦੀ ਜ਼ਮੀਨ ਫੀਲਡ ਫਾਈਰਿੰਗ ਰੇਂਜ ਵਿੱਚ ਆਉਂਦੀ ਹੈ, ਦੇ ਵਿਸਥਾਰ ਪੂਰਵਕ ਖਸਰਾ ਨੰਬਰ ਆਦਿ ਭੇਜਣ ਲਈ ਕਿਹਾ ਗਿਆ ਹੈ।"

ਇਸ ਲਈ ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਖਸਰਾ ਨੰਬਰ ਮੰਗੇ ਹਨ ?

Original with;
Punjab Vidhan Sabha
Digitized by;

**ਮੁੱਖ ਮੰਤਰੀ** : ਸਪੀਕਰ ਸਾਹਿਬ, ਪਹਿਲਾਂ ਜ਼ਮੀਨ ਮਿਲੇਗੀ, ਫਿਰ ਹੀ ਖਸਰਾ ਨੰਬਰ ਹੋਣਗੇ, ਕੁੱਲ ਗਿਆਰਾਂ ਹਜ਼ਾਰ ਏਕੜ ਜ਼ਮੀਨ ਜਿਹੜੀ ਮੰਗੀ ਗਈ ਹੈ, ਉਸ ਵਿੱਚ ਇਨ੍ਹਾਂ ਦੇ ਹਲਕੇ ਦੇ ਚਾਰ ਪਿੰਡ ਆਉਂਦੇ ਹਨ। 1400 ਏਕੜ ਜ਼ਮੀਨ ਕਾਸ਼ਤਕਾਰੀ ਜ਼ਮੀਨ ਹੈ। ਬਾਕੀ 7020 ਏਕੜ ਜ਼ਮੀਨ ਪਹਾੜੀ ਅਤੇ ਜੰਗਲੀ ਇਲਾਕਾ ਹੈ। ਬਾਕੀ ਸਾਰੀ ਸਰਕਾਰੀ ਜ਼ਮੀਨ ਹੈ। ਜਦ ਡਿਟੇਲ ਆਏਗੀ ਤਾਂ ਜਵਾਬ ਦੇ ਦਿਆਂਗੇ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਰਪੋਜ਼ਲ ਕਿੱਥੇ ਖੜ੍ਹੀ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਦਸਿਆ ਹੈ ਕਿ ਮਿਲਟਰੀ ਦੀ ਆਪਣੀ ਰੈਵੇਨਿਊ ਅਥਾਰਟੀ ਹੁੰਦੀ ਹੈ। ਪਹਿਲਾਂ ਰੈਵੇਨਿਊ ਅਥਾਰਟੀ ਜਿਹੜੀ ਜ਼ਮੀਨ ਚਾਹੁੰਦੀ ਹੈ, ਉਸ ਦੀ ਡੀਮਾਰਕੇਸ਼ਨ ਕਰਕੇ ਉਸ ਦਾ ਖਸਰਾ ਨੰਬਰ ਕੱਢਿਆ ਜਾਂਦਾ ਹੈ। ਇਹ ਹਾਲੇ ਉਥੇ ਹੀ ਖੜ੍ਹੀ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਮਾਨਯੋਗ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਮਸਲੇ ਵਿੱਚ ਪੰਜਾਬ ਸਰਕਾਰ ਲਈ ਜ਼ਮੀਨ ਦੇਣੀ ਮੈਨਡੇਟਰੀ ਹੈ ਜਾਂ ਉਨ੍ਹਾਂ ਨੂੰ ਨਾਂਹ ਵੀ ਕਰ ਸਕਦੀ ਹੈ ? ਇਸ ਦੇ ਨਾਲ ਹੀ ਮਾਨਯੋਗ ਮੁੱਖ ਮੰਤਰੀ ਜੀ ਤੋਂ ਇਹ ਵੀ ਪੁੱਛਣਾ ਚਾਹਾਂਗਾ ਕਿ ਕੀ ਇਹ ਵਿਸ਼ਵਾਸ ਦਿਵਾ ਸਕਦੇ ਹਨ ਕਿ ਜ਼ਮੀਨ ਦੀ ਮਾਰਕੀਟ ਪ੍ਰਾਈਸ ਮਿਲੇਗੀ ਅੰਤੇ ਜੋ ਉਜਾੜਾ ਅਲਾਊਂਸ ਮਿਲਦਾ ਹੈ, ਉਹ ਵੀ ਪਿੰਡਾਂ ਨੂੰ ਦਿੱਤਾ ਜਾਵੇਗਾ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਥੋਂ ਤੱਕ ਮੈਨਡੇਟਰੀ ਦਾ ਸਵਾਲ ਹੈ, ਇਹ ਨੈਸ਼ਨਲ ਸਿਕਿਓਰਟੀ ਦਾ ਮਸਲਾ ਹੈ, ਇਸ ਵਿੱਚ ਅਸੀਂ ਕੋਈ ਇੰਟਰਫੀਅਰੈਂਸ ਨਹੀਂ ਕਰ ਸਕਦੇ। ਅਗਰ ਨੈਸ਼ਨਲ ਸਿਕਿਓਰਟੀ ਲਈ ਮਿਲਟਰੀ ਅਥਾਰਟੀ ਵਾਲੇ ਚਾਹੁੰਦੇ ਹਨ for the sake of national authority then we have to give it. ਜਿਥੋਂ ਤੱਕ ਇਨ੍ਹਾਂ ਨੇ ਉਜਾੜਾ ਅਲਾਊਂਸ ਦੀ ਗੱਲ ਕੀਤੀ ਹੈ, ਇਹ ਤਾਂ ਨੈਚੁਰਲੀ ਹੈ ਕਿ ਜਿਹੜਾ ਵੀ ਕਿਸੇ ਨੂੰ ਡਿਸਰਪਟ ਕਰੇਗਾ, ਜਿਨ੍ਹਾਂ ਚਾਰ ਪਿੰਡਾਂ ਨੂੰ ਉਠਾਇਆ ਜਾਵੇਗਾ, ਉਨ੍ਹਾਂ ਦਾ ਪੂਰਾ ਕੰਪਨਸੇਸ਼ਨ ਜੋ ਦਿਵਾਉਣਾ ਹੈ, ਉਹ ਪੰਜਾਬ ਸਰਕਾਰ ਦਿਵਾਏਗੀ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਨੈਸ਼ਨਲ ਸਿਕਿਓਰਟੀ ਠੀਕ ਹੈ, ਹੋਣੀ ਚਾਹੀਦੀ ਹੈ ਪਰ ਜਗ੍ਹਾ ਦੀ ਸਿਲੈਕਸ਼ਨ ਤਾਂ ਸਟਾਫ਼ ਹੀ ਕਰਦਾ ਹੈ, ਰੈਵੇਨਿਊ ਸਟਾਫ਼ ਵਾਲੇ ਵੀ ਕਰਦੇ ਹਨ। ਕੀ ਉਨ੍ਹਾਂ ਕੋਲ ਕੋਈ ਕੰਪਲੇਂਟਸ ਆਈਆਂ ਹਨ ਕਿ ਜਿਹੜੀ ਲੋਕਾਂ ਦੀ ਡਿਸਪਲੇਸਮੈਂਟ ਹੋਣੀ ਹੈ, ਉਥੇ ਉਨ੍ਹਾਂ ਦਾ ਨੁਕਸਾਨ ਹੁੰਦਾ ਹੈ ਤਾਂ ਇਸ ਨੂੰ ਥੋੜ੍ਹਾ ਅੱਗੇ ਪਿੱਛੇ ਕਰ ਲਵੋ ? ਕੀ ਇਸ ਦੇ ਬਾਰੇ ਵੀ ਪੰਜਾਬ ਗੌਰਮਿੰਟ ਨੇ ਕੋਈ ਤਜਵੀਜ਼ ਭੇਜੀ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਉਥੇ ਸਾਡੀ ਰਿਪਰਜ਼ੈਂਟੇਸ਼ਨ ਨਹੀਂ ਹੁੰਦੀ। ਇਹ ਤਾਂ ਆਰਮੀ ਅਥਾਰਟੀ ਵਾਲੇ ਦੇਖਦੇ ਹਨ ਕਿ ਕਿੱਥੇ-ਕਿੱਥੇ ਡਿਸਰਪਸ਼ਨ ਹੋਏਗੀ। ਉਹ ਪਾਪੂਲੇਸ਼ਨ ਜਾਂ ਸਿਵਲ ਲਾਈਫ਼ ਵਗੈਰਾ ਸਾਰਾ ਕੁਝ ਦੇਖਦੇ ਹਨ। ਉਨ੍ਹਾਂ ਨੇ ਸੀਸਵਾਂ ਵੀ ਦੇਖਿਆ ਹੈ ਅਤੇ ਹੋਰ ਵੀ ਕਈ ਜਗ੍ਹਾ ਤੇ ਦੇਖਿਆ ਹੈ ਪਰ ਫਾਈਨਲੀ ਇਹ ਜਗ੍ਹਾ ਦੇਖੀ ਹੈ ਜਿਹੜੀ ਕੀ 11,043 ਸਕੁਏਅਰ ਮੀਟਰ ਬਣਦੀ ਹੈ, ਜਿਥੇ ਡਿਸਰਪਸ਼ਨ ਹੋਣੀ ਹੈ।

---

Original with;
Punjab Vidhan Sabha
Digitized by;
Panjab Digital Library

## ਨਾਭਾ ਵਿਖੇ ਫ਼ਾਇਰ ਸਟੇਸ਼ਨ ਸਥਾਪਿਤ ਕਰਨਾ

*552. **ਸਰਦਾਰ ਰਣਦੀਪ ਸਿੰਘ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਨਾਭਾ ਵਿਖੇ ਕੋਈ ਫ਼ਾਇਰ ਸਟੇਸ਼ਨ ਸਥਾਪਿਤ ਕਰਨ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਸ ਮੰਤਵ ਲਈ ਕਿੰਨਾ ਸਮਾਂ ਲਏ ਜਾਣ ਦੀ ਸੰਭਾਵਨਾ ਹੈ ?

**Choudhary Jagjit Singh :** At present, there is no proposal to set up a new Fire Station at Nabha.

**ਸਰਦਾਰ ਰਣਦੀਪ ਸਿੰਘ** : ਸਰ, ਨਾਭਾ ਸ਼ਹਿਰ ਦੀ 64,000 ਦੀ ਆਬਾਦੀ ਹੈ। ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਫਾਇਰ ਸਟੈਂਡ ਬਣਾਉਣ ਦੀ ਕੋਈ ਪਰੋਪੋਜ਼ਲ ਨਹੀਂ ਹੈ। ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਮਾੜਾ ਜਿਹਾ ਦੱਸਣਾ ਚਾਹੁੰਦਾ ਹਾਂ ਕਿ ਨਾਭਾ ਵਿੱਚ ਇਕ ਐਲ.ਪੀ.ਜੀ. ਗੈਸ ਦੀ ਫੈਕਟਰੀ ਲੱਗੀ ਹੈ। ਉਸ ਫੈਕਟਰੀ ਵਿੱਚ ਗੈਸ ਸਲੰਡਰਾਂ ਦੇ ਟਰੱਕ ਆਉਂਦੇ ਹਨ ਔਰ ਜੇਕਰ ਕੋਈ ਵੀ ਇੱਕ ਸਲੰਡਰ ਲੀਕ ਕਰ ਜਾਵੇ ਤਾਂ 20 ਮਿੰਟਾਂ ਵਿੱਚ ਉਹ ਡੇਢ ਬਾਇ ਡੇਢ ਕਿਲੋਮੀਟਰ ਦੀ ਆਬਾਦੀ ਨੂੰ ਤਬਾਹ ਕਰ ਸਕਦਾ ਹੈ। ਕੀ ਫਿਰ ਵੀ ਇਹ ਜ਼ਰੂਰੀ ਨਹੀਂ ਸਮਝਿਆ ਗਿਆ ? ਇਸ ਵਿੱਚ ਨਾਭਾ ਵਿਖੇ ਫਾਇਰ ਸਟੈਂਡ ਬਣਾਉਣ ਦੀ ਪ੍ਰੋਵੀਜਨ ਨਹੀਂ ਪਾਈ ਗਈ, ਚਾਹੇ ਇਸ ਨੂੰ ਪਟਿਆਲਾ ਫਾਇਰ ਰੇਂਜ ਨਾਲ ਹੀ ਜੋੜ ਦਿੱਤਾ ਜਾਵੇ।

**ਮਾਨਯੋਗ ਸਪੀਕਰ** : ਗੈਸ ਏਜੰਸੀ ਨੂੰ ਦੇਖਦੇ ਹੋਏ ਕੀ ਕੋਈ ਪ੍ਰੋਪੋਜ਼ਲ ਹੈ ?

**ਮੰਤਰੀ** : ਸਪੀਕਰ ਸਾਹਿਬ, ਨਗਰ ਪਾਲਿਕਾ, ਨਾਭਾ ਦਾ ਸਾਨੂੰ ਕੋਈ ਇਸ ਬਾਰੇ ਰੈਜ਼ੋਲਿਊਸ਼ਨ ਨਹੀਂ ਆਇਆ। ਸਰਕਾਰ ਕੋਲੋਂ ਇਸ ਬਾਰੇ ਕੋਈ ਮੰਗ ਨਹੀਂ ਕੀਤੀ ਗਈ। ਜਿਥੋਂ ਤੱਕ ਨਾਭਾ ਮਿਊਂਸਪੈਲਿਟੀ ਦੀ ਫਾਈਨਾਂਸ਼ਲ ਪੁਜ਼ੀਸ਼ਨ ਦਾ ਤਾਅਲੁੱਕ ਹੈ, ਉਸ ਦਾ 40% ਪੈਸਾ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਚਲਾ ਜਾਂਦਾ ਹੈ। ਉਸ ਕੋਲ ਕੋਈ ਪੈਸਾ ਨਹੀਂ ਹੈ ਕਿ ਉਹ ਉਥੇ ਫਾਇਰ ਸਟੈਂਡ ਬਣਾ ਸਕਣ ਪਰ ਕਿਉਂਕਿ ਨਾਭਾ ਪਟਿਆਲੇ ਨਾਲ ਲੱਗਦਾ ਹੈ ਅਤੇ ਪਟਿਆਲੇ ਕੋਲ ਫਾਇਰ ਸਟੈਂਡ ਹੈ, ਇਸ ਲਈ ਲੋੜ ਅਨੁਸਾਰ ਉਥੋਂ ਇਸਤੇਮਾਲ ਕੀਤਾ ਜਾ ਸਕਦਾ ਹੈ।

---

## ਅੰਮ੍ਰਿਤਸਰ ਵਿਚ ਉਦਯੋਗ ਬੰਦ ਹੋਣੇ

*547. **ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਾਲਾਂ 2001-2002 ਅਤੇ 2002-2003 ਦੇ ਸਮੇਂ ਦੌਰਾਨ ਅੰਮ੍ਰਿਤਸਰ ਵਿਚ ਬਹੁਤ ਵੱਡੀ ਗਿਣਤੀ ਵਿਚ ਉਦਯੋਗਿਕ ਯੂਨਿਟ ਬੰਦ ਕਰ ਦਿੱਤੇ ਗਏ ਹਨ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਯੂਨਿਟਾਂ ਨੂੰ ਦੁਬਾਰਾ ਚਾਲੂ ਕਰਨ ਲਈ ਕੀ ਕਦਮ ਚੁੱਕੇ ਗਏ/ਚੁੱਕੇ ਜਾ ਰਹੇ ਹਨ ?

**ਕੈਪਟਨ ਅਮਰਿੰਦਰ ਸਿੰਘ** : ਅੰਮ੍ਰਿਤਸਰ ਵਿਚ ਸਾਲ 2001-2002 ਦੌਰਾਨ 5 ਛੋਟੇ ਦਰਜੇ ਦੀਆਂ ਉਦਯੋਗਿਕ ਇਕਾਈਆਂ ਬੰਦ ਹੋਈਆਂ ਹਨ ਅਤੇ ਸਾਲ 2002-2003 (ਫਰਵਰੀ 2003 ਤੱਕ) ਕੋਈ ਇਕਾਈ ਬੰਦ ਨਹੀਂ ਹੋਈ। ਨਵੀਂ ਉਦਯੋਗਿਕ ਪਾਲਿਸੀ

Original with;
Punjab Vidhan Sabha
Digitized by;

ਅਧੀਨ ਰਾਜ ਸਰਕਾਰ ਵਲੋਂ ਛੋਟੇ ਪੱਧਰ ਦੀਆਂ ਬੀਮਾਰ ਇਕਾਈਆਂ ਦੀ ਪੁਨਰ-ਸੁਰਜੀਤੀ ਲਈ ਇੱਕ ਰਾਜ ਪੱਧਰੀ ਫੋਰਮ ਸਥਾਪਤ ਕੀਤਾ ਗਿਆ ਹੈ।

ਜਿਥੋਂ ਤੱਕ ਰਿਵਾਈਵਲ ਦੀ ਗੱਲ ਹੈ, ਮੈਂ ਕੱਲ੍ਹ ਵੀ ਸਵਾਲ ਦੇ ਜਵਾਬ ਵਿੱਚ ਕਿਹਾ ਸੀ ਕਿ ਨਵੀਂ ਇੰਡਸਟਰੀਅਲ ਪਾਲਿਸੀ ਬਣਾਈ ਹੈ, ਉਸ ਦੇ ਵਿੱਚ ਸਪੈਸ਼ਲ ਹੈ ਕਿ ਸਮਾਲ ਸਕੇਲ ਅਤੇ ਮਿਡਲ ਸਕੇਲ ਦੀ ਜਿਹੜੀ ਇੰਡਸਟਰੀ ਬੰਦ ਹੋਈ ਹੈ, ਉਨ੍ਹਾਂ ਦੀ ਰਿਵਾਈਵਲ ਹੋਵੇ।

**Shri Jugal Kishore Sharma :** Thank you.

---

## ਬਿਜਲੀ ਦੇ ਪੁਰਾਣੇ ਮੀਟਰਾਂ ਨੂੰ ਬਦਲਣਾ

*554. **ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਪੰਜਾਬ ਰਾਜ ਬਿਜਲੀ ਬੋਰਡ ਨੇ ਬਿਜਲੀ ਦੇ ਪੁਰਾਣੇ ਮੀਟਰਾਂ ਦੀ ਥਾਂ ਨਵੇਂ ਮੀਟਰ ਲਗਾਉਣੇ ਸ਼ੁਰੂ ਕਰ ਦਿੱਤੇ ਹਨ; ਜੇਕਰ ਅਜਿਹਾ ਹੋਵੇ, ਤਾਂ ਇਸ ਲਈ ਕੀ ਕਸੌਟੀ ਅਪਣਾਈ ਗਈ;

(ਅ) ਕੀ ਉਕਤ ਪੁਰਾਣੇ ਮੀਟਰਾਂ ਨੂੰ ਬਦਲਣ ਲਈ ਬੋਰਡ ਦੁਆਰਾ ਕੋਈ ਦਰਾਂ ਨਿਰਧਾਰਤ ਕੀਤੀਆਂ ਗਈਆਂ ਹਨ; ਜੇਕਰ ਨਹੀਂ, ਤਾਂ ਕੀ ਕਥਿਤ ਤੌਰ ਤੇ ਪੈਸੇ ਵਸੂਲ ਕਰਨ ਸਬੰਧੀ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ?

**ਕੈਪਟਨ ਅਮਰਿੰਦਰ ਸਿੰਘ :** (ੳ) ਜੀ ਹਾਂ, ਬੋਰਡ ਨੇ ਦਰਜਾ ਬੰਦ ਢੰਗ ਅਨੁਸਾਰ ਇਲੈਕਟ੍ਰੋ-ਮਕੈਨੀਕਲ ਮੀਟਰਾਂ ਨਾਲ ਬਦਲਣਾ ਸ਼ੁਰੂ ਕਰ ਦਿੱਤਾ ਹੈ। ਸਾਰੇ ਲਾਰਜ ਸਪਲਾਈ ਖਪਤਕਾਰ ਅਤੇ 70 ਕਿਲੋਵਾਟ ਤੋਂ ਉਪਰ ਲੋਡ ਵਾਲੇ ਮੀਡੀਅਮ ਸਪਲਾਈ ਖਪਤਕਾਰਾਂ ਦੇ ਅਹਾਤਿਆਂ ਤੇ ਇਲੈਕਟ੍ਰੋਨਿਕ ਮੀਟਰ ਲਗਾ ਦਿੱਤੇ ਹਨ। ਬਾਕੀ ਰਹਿੰਦੇ ਖਪਤਕਾਰਾਂ ਦੇ ਮੀਟਰ ਦਰਜ਼ਾਬੰਦ ਢੰਗ ਨਾਲ ਬਦਲ ਦਿੱਤੇ ਜਾਣਗੇ।

(ਅ) ਨਹੀਂ, ਟਰਾਂਸਮੀਸ਼ਨ ਅਤੇ ਡਿਸਟਰੀਬਿਊਸ਼ਨ ਲਾਸਿਜ਼ ਅਤੇ ਬਿਜਲੀ ਚੋਰੀ ਨੂੰ ਘਟਾਉਣ ਦੇ ਮੰਤਵ ਨਾਲ ਬੋਰਡ ਆਪਣੇ ਖਰਚੇ ਤੇ ਮੀਟਰ ਬਦਲ ਰਿਹਾ ਹੈ। ਇਸ ਮਾਮਲੇ ਸਬੰਧੀ ਕੋਈ ਖਾਸ ਸ਼ਿਕਾਇਤ ਪ੍ਰਾਪਤ ਨਹੀਂ ਹੋਈ ਹੈ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ :** ਸਪੀਕਰ ਸਾਹਿਬ, ਪੰਜਾਬ ਟੁਡੇ ਅਤੇ ਅਲਫਾ, ਜੀ ਨਿਊਜ਼ ਉਤੇ ਲਗਾਤਾਰ ਇੱਕ ਹਫਤਾ ਇਸ ਇਸ਼ੂ ਉਤੇ ਰਿਪੋਰਟਿੰਗ ਹੋਈ ਹੈ ਪਰ ਇਹ ਇਨ੍ਹਾਂ ਦੇ ਧਿਆਨ ਵਿਚ ਨਹੀਂ ਆਈ। ਸਪੀਕਰ ਸਾਹਿਬ, ਮੈਂ ਲੁਧਿਆਣਾ ਸ਼ਹਿਰ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਉਥੇ ਪੰਜਾਬ ਰਾਜ ਬਿਜਲੀ ਬੋਰਡ ਦੇ ਕਰਮਚਾਰੀਆਂ ਵਲੋਂ ਇੱਕ-ਇੱਕ ਮਕਾਨ ਵਾਲੇ ਕੋਲੋਂ 280/- ਰੁਪਿਆ ਬਿਨਾਂ ਕੋਈ ਰਸੀਦ ਦਿੱਤਿਆਂ ਇਹ ਪੈਸੇ ਲਏ ਹਨ ਔਰ ਇਸੇ ਤਰ੍ਹਾਂ ਅੰਮ੍ਰਿਤਸਰ ਔਰ ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਇੱਕ-ਇੱਕ

Original with;
Punjab Vidhan Sabha
Digitized by;
Panjab Digital Lib

[ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ]

ਮਕਾਨ ਵਾਲੇ ਕੋਲੋਂ ਪੰਜਾਬ ਰਾਜ ਬਿਜਲੀ ਬੋਰਡ ਦੇ ਅਧਿਕਾਰੀਆਂ ਵਲੋਂ 100-100 ਰੁਪਿਆ ਲਿਆ ਗਿਆ ਹੈ। ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਗੱਲ ਇਨ੍ਹਾਂ ਦੇ ਧਿਆਨ ਵਿਚ ਨਹੀਂ ਆਈ ਹੈ ? ਕੀ ਮੁੱਖ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਣਗੇ ਕਿ ਜੇਕਰ ਇਸ ਤਰ੍ਹਾਂ ਦਾ ਕੋਈ ਇਸ਼ੂ ਹੋਇਆ ਤਾਂ ਉਨ੍ਹਾਂ ਦੇ ਖਿਲਾਫ਼ ਐਕਸ਼ਨ ਲੈਣਗੇ ? ਇਹ ਮਾਮਲਾ ਮੀਡੀਆ ਵਿੱਚ ਆਇਆ ਹੈ ਪਰ ਹਾਲੇ ਤੱਕ ਸਰਕਾਰ ਨੂੰ ਇਸ ਦੇ ਬਾਰੇ ਪਤਾ ਹੀ ਨਹੀਂ ਹੈ। ਮੈਂ ਇਹੀ ਵਿਸ਼ਵਾਸ ਚਾਹੁੰਦਾ ਹਾਂ ਕਿ ਇਹ ਇਸ ਤਰ੍ਹਾਂ ਦੇ ਮੁਲਾਜ਼ਮਾਂ ਦੇ ਖਿਲਾਫ਼ ਐਕਸ਼ਨ ਲੈਣਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਇਥੇ ਬਿਜਲੀ ਬੋਰਡ ਵਲੋਂ ਕੋਈ ਡਿਮਾਂਡ ਨਹੀਂ ਹੈ ਜਾਂ ਕੋਈ ਜਿਹੜਾ ਇਨ੍ਹਾਂ ਦਾ ਖਰਚਾ ਵਗੈਰਾ ਜਾਂ ਕੌਸਟ ਹੈ। ਹਾਂ ਅਗਰ ਕੋਈ ਮੁਲਾਜ਼ਮ ਇਸ ਤਰ੍ਹਾਂ ਕਰਦੇ ਹਨ that comes under a separate head, called corruption. ਸਾਡੀ ਸਰਕਾਰ ਤਾਂ ਪਹਿਲਾਂ ਹੀ ਇਸ ਮਸਲੇ ਉਤੇ ਚੰਗੀ ਤਰ੍ਹਾਂ ਕੰਮ ਕਰ ਰਹੀ ਹੈ। ਅਸੀਂ ਆਹਿਸਤਾ ਆਹਿਸਤਾ ਨਾਲ ਜੋ ਕੰਪਲੇਂਟ ਆਵੇਗੀ ਤਾਂ ਅਸੀਂ ਇਨ੍ਹਾਂ ਨੂੰ ਵੀ ਫੜ ਲਵਾਂਗੇ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਮਾਨਯੋਗ ਸਪੀਕਰ ਸਾਹਿਬ, ਇਹ ਕੰਪਲੇਂਟ ਆਲਰੇਡੀ ਪੀ.ਐਸ.ਈ.ਬੀ. ਦੀ ਹਾਇਰ ਅਥਾਰਟੀਜ਼ ਕੋਲ ਲੋਕਾਂ ਵਲੋਂ ਪਹੁੰਚਾਈਆਂ ਗਈਆਂ ਹਨ ਔਰ ਮੈਂ ਆਪ ਵੀ ਲੁਧਿਆਣਾ ਵਿਖੇ ਇਹ ਕੰਪਲੇਂਟਸ ਪਹੁੰਚਾਈਆਂ ਹਨ ਪਰ ਅੱਜ ਤੱਕ ਉਨ੍ਹਾਂ ਦੇ ਖਿਲਾਫ਼ ਐਕਸ਼ਨ ਕਿਉਂ ਨਹੀਂ ਲਿਆ ਜਾ ਸਕਿਆ ?

**ਮੁੱਖ ਮੰਤਰੀ** : ਅਗਰ ਮਾਨਯੋਗ ਮੈਂਬਰ ਸਾਹਿਬ ਇਨ੍ਹਾਂ ਮੁਲਾਜ਼ਮਾਂ ਦੇ ਨਾਮ ਦੇ ਦੇਣ ਜਿਨ੍ਹਾਂ ਨੇ ਕੁਰਪਸ਼ਨ ਜਾਂ ਪੈਸੇ ਲਏ ਹਨ ਤਾਂ I will see that action is taken.

---

## ਹੇਡੋਂ ਬੇਟ ਵਿਖੇ ਗ੍ਰਿਡ ਸਟੇਸ਼ਨ ਸਥਾਪਿਤ ਕਰਨਾ

***555. ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੀ.ਐਸ.ਈ.ਬੀ. ਦੁਆਰਾ ਹੇਡੋਂ ਬੇਟ ਵਿਖੇ ਸਥਾਪਿਤ ਕੀਤੇ ਜਾ ਰਹੇ ਗ੍ਰਿਡ ਸਟੇਸ਼ਨ ਦੀ ਤਾਜ਼ਾ ਸਥਿਤੀ ਕੀ ਹੈ ਅਤੇ ਇਸ ਨੂੰ ਕਦੋਂ ਤੱਕ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਕੈਪਟਨ ਅਮਰਿੰਦਰ ਸਿੰਘ** : ਹੈਡੋਂ ਬੇਟ ਵਿਖੇ 66 ਕੇ.ਵੀ. ਸਬ-ਸਟੇਸ਼ਨ ਬਣਾਉਣ ਦੀ ਤਜਵੀਜ਼ ਹੈ ਪਰ ਫੰਡਜ਼ ਦੀ ਘਾਟ ਹੋਣ ਕਾਰਨ ਇਹ ਕੰਮ ਡੈਫਰ ਕਰ ਦਿੱਤਾ ਗਿਆ। ਬੋਰਡ ਦੀ ਵਿੱਤੀ ਹਾਲਤ ਸੁਧਾਰਨ ਉਪਰੰਤ ਕੰਮ ਮੁੜ ਸ਼ੁਰੂ ਕਰ ਦਿੱਤਾ ਜਾਵੇਗਾ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਮਾਨਯੋਗ ਸਪੀਕਰ ਸਾਹਿਬ, ਇਹ ਜੋ ਪ੍ਰਾਜੈਕਟ ਹੈ ਇਹ ਅਪ੍ਰੈਲ, 2002 ਵਿਚ ਕੰਪਲੀਟ ਹੋਣਾ ਸੀ। ਮੈਂ ਸਪੇਸੀਫਿਕਲੀ ਇਸ ਪ੍ਰਾਜੈਕਟ ਬਾਰੇ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਰਾਜ ਬਿਜਲੀ ਬੋਰਡ ਵਲੋਂ ਇਸ ਪ੍ਰਾਜੈਕਟ ਲਈ ਕੋਈ ਪੈਸੇ ਰੱਖੇ ਗਏ ਸਨ ਜਾਂ ਨਹੀਂ ? ਇਸ 66 ਕੇ.ਵੀ. ਗਰਿੱਡ ਨਾਲ 200-300 ਪਿੰਡਾਂ ਨੂੰ ਫਾਇਦਾ ਹੋਣਾ ਹੈ। ਕੀ ਇਸ ਲਈ ਪਹਿਲਾਂ ਕੋਈ ਪੈਸੇ ਰੱਖੇ ਗਏ ਸਨ ਜਾਂ ਨਹੀਂ ਰੱਖੇ ਗਏ ਸਨ ? ਜੇਕਰ ਉਸ ਵੇਲੇ ਪੈਸੇ ਰੱਖੇ ਗਏ ਸਨ ਤਾਂ ਇਹ ਖਰਚ

Original with;
Punjab Vidhan Sabha
Digitized by;
Panjab Digital Library

ਕਿਉਂ ਨਹੀਂ ਸਨ ਕੀਤੇ ਗਏ ? ਇਸ ਪ੍ਰਾਜੈਕਟ ਨੇ ਅਪ੍ਰੈਲ, 2002 ਵਿਚ ਕੰਪਲੀਟ ਹੋਣਾ ਸੀ ਪਰ ਇਹ ਪੈਸਾ ਕਿਧਰ ਚਲਾ ਗਿਆ, ਕੀ ਕਿਸੇ ਹੋਰ ਕੰਮ ਲਈ ਇਹ ਪੈਸਾ ਡਾਈਵਰਟ ਕਰ ਦਿੱਤਾ ਗਿਆ ਹੈ ? ਸਪੀਕਰ ਸਾਹਿਬ, ਦੋ ਸਾਲ ਨਿਕਲਣ ਦੇ ਬਾਵਜੂਦ ਵੀ ਇਹ ਪ੍ਰਾਜੈਕਟ ਕਿਉਂ ਪੂਰਾ ਨਹੀਂ ਹੋਇਆ ਹੈ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਮੈਂਬਰ, ਸਾਡੇ ਸਾਹਮਣੇ ਬੈਠੇ ਮੈਂਬਰ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ ਕਿ ਜਿਨ੍ਹਾਂ ਦਾ ਇਨ੍ਹਾਂ ਨੂੰ ਪਤਾ ਹੀ ਨਹੀਂ ਹੈ। ਇਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਹ ਸਾਨੂੰ ਬਿਜਲੀ ਬੋਰਡ ਦੀ ਫਾਈਨਾਸ਼ੀਅਲ ਸਿਚੁਏਸ਼ਨ ਕਿਸ ਤਰ੍ਹਾਂ ਦੀ ਦੇ ਕੇ ਗਏ ਸਨ। ਇਨ੍ਹਾਂ ਵੇਲੇ ਪੰਜਾਬ ਰਾਜ ਬਿਜਲੀ ਬੋਰਡ ਉਤੇ ਤਕਰੀਬਨ 12000 ਕਰੋੜ ਰੁਪਏ ਦਾ ਕਰਜ਼ਾ ਚੜ੍ਹਿਆ ਹੋਇਆ ਸੀ। ਜੇਕਰ ਹੁਣ ਫਾਈਨਾਂਸ ਅਵੇਲੇਬਲ ਹੋਣਗੇ ਤਾਂ ਹੀ ਇਹ ਕੰਮ ਕਰਾਂਗੇ। ਸਪੀਕਰ ਸਾਹਿਬ, ਇਹ ਜੋ ਪੈਸੇ ਹਨ ਇਹ ਅੰਬ ਦੇ ਬੂਟੇ ਤਾਂ ਨਹੀਂ ਹਨ ਕਿ ਅਸੀਂ ਉਸ ਬੂਟੇ ਤੋਂ ਤੋੜ ਤੋੜ ਕੇ ਇਹ ਕੰਮ ਕਰੀਏ। ਜੇਕਰ ਸਾਡੀ ਫਾਈਨਾਂਸ਼ੀਅਲ ਸਿਚੁਏਸ਼ਨ ਠੀਕ ਹੋਵੇਗੀ, ਅਲਾਓ ਕਰੇਗੀ ਤਾਂ ਹੀ ਇਹ ਕੰਮ ਕਰਾਂਗੇ। ਇਸ ਪ੍ਰਾਜੈਕਟ ਤੇ ਸਿਵਲ ਵਰਕਸ ਦਾ ਕੰਮ ਹੋ ਚੁੱਕਾ ਹੈ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ :** ਸਪੀਕਰ ਸਾਹਿਬ, ਇਸ ਪ੍ਰਾਜੈਕਟ ਉਤੇ ਕਰੋੜਾਂ ਰੁਪਏ ਦੀ ਜ਼ਰੂਰਤ ਤਾਂ ਹੈ ਨਹੀਂ। ਦੂਸਰਾ ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ ਕਿ ਕੀ ਇਸ ਪ੍ਰਾਜੈਕਟ ਵਾਸਤੇ ਉਚੇਚੇ ਤੌਰ ਉਤੇ ਪਹਿਲਾਂ ਪੈਸੇ ਰੱਖੇ ਗਏ ਸਨ ਜਾਂ ਨਹੀਂ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਪ੍ਰਾਜੈਕਟ ਵਾਸਤੇ ਪੈਸੇ ਰੱਖੇ ਵੀ ਗਏ ਹੋਣਗੇ ਪਰ ਪੰਜਾਬ ਵਿੱਚ ਇਸ ਤਰ੍ਹਾਂ ਦੇ 66 ਕੇ.ਵੀ. ਗਰਿੱਡ ਬਣਾਉਣ ਦੇ ਪ੍ਰਾਜੈਕਟ ਬਹੁਤ ਸਾਰੀਆਂ ਥਾਵਾਂ ਤੇ ਚੱਲ ਰਹੇ ਹਨ ਔਰ ਇਸ ਤਰ੍ਹਾਂ ਦੇ ਬਹੁਤ ਸਾਰੇ ਪ੍ਰਾਜੈਕਟ ਪੰਜਾਬ ਦੇ ਵਿਚ ਆਨਗੋਇੰਗ ਹਨ। ਜੇਕਰ ਪੈਸੇ ਦੀ ਸ਼ਾਰਟੇਜ ਹੋ ਗਈ ਹੋਵੇਗੀ ਤਾਂ ਇਸ ਉਤੇ ਵੀ ਕੱਟ ਲੱਗ ਗਿਆ ਹੋਵੇਗਾ ਲੇਕਿਨ ਅਸੀਂ ਇਹ ਨਹੀਂ ਕਿਹਾ ਕਿ ਅਸੀਂ ਇਹ ਪ੍ਰਾਜੈਕਟ ਪੂਰਾ ਨਹੀਂ ਕਰਵਾਉਣਾ। ਅਸੀਂ ਤਾਂ ਇਹ ਕਿਹਾ ਹੈ ਕਿ ਜੇਕਰ ਪੈਸੇ ਮਿਲਣਗੇ ਤਾਂ ਇਹ ਕੰਮ ਕਰਵਾ ਦਿਆਂਗੇ। ਇਹ ਨਹੀਂ ਕਿ ਅਸੀਂ ਨਹੀਂ ਕਰਨਾ ਚਾਹੁੰਦੇ। ਜੇਕਰ ਇਹ ਪ੍ਰਾਜੈਕਟ ਪੂਰਾ ਨਹੀਂ ਸੀ ਕਰਵਾਉਣਾ ਚਾਹੁੰਦੇ ਤਾਂ ਫਿਰ ਅਸੀਂ ਇਹ ਸਿਵਲ ਵਰਕਸ ਕਿਉਂ ਕਰਵਾਉਣੇ ਸਨ। ਜਦੋਂ ਬਿਜਲੀ ਬੋਰਡ ਦੀ ਫਾਈਨਾਂਸ਼ੀਅਲ ਪੁਜ਼ੀਸ਼ਨ ਅੱਛੀ ਹੋਵੇਗੀ ਤਾਂ ਅਸੀਂ ਇਸ ਪ੍ਰਾਜੈਕਟ ਦਾ ਕੰਮ ਕਰਾਂਗੇ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ :** ਸਪੀਕਰ ਸਾਹਿਬ, ਸਪਲੀਮੈਂਟਰੀ।

**ਮਾਨਯੋਗ ਸਪੀਕਰ :** ਅਟਵਾਲ ਜੀ, ਤੁਹਾਡੀਆਂ ਕਾਫੀ ਸਪਲੀਮੈਂਟਰੀਜ਼ ਹੋ ਗਈਆਂ ਹਨ ਪਰ ਚਲੋ, ਤੁਸੀਂ ਇਕ ਹੋਰ ਕਰ ਲਵੋ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ :** ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਤੋਂ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਇਹ ਕਿੰਨੀ ਜਲਦੀ ਇਸ ਕੰਮ ਨੂੰ ਕਰਵਾ ਦੇਣਗੇ ਕਿਉਂਕਿ ਇਥੇ 70% ਕੰਮ ਹੋ ਚੁੱਕਾ ਹੈ ਅਤੇ ਹੁਣ ਥੋੜ੍ਹਾ ਜਿਹਾ ਹੀ ਕੰਮ ਰਹਿ ਗਿਆ ਹੈ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕੋਈ ਵਿਸ਼ਵਾਸ ਨਹੀਂ ਦੇ ਸਕਦਾ। ਇਹ ਸਾਰਾ ਅਵੇਲੇਬਿਲਟੀ ਆਫ ਫੰਡਜ਼ ਤੇ ਡਿਪੈਂਡ ਕਰਦਾ ਹੈ।

**Mr. Speaker** : Questions are over.

---

*Original with;*
Punjab Vidhan Sabha
*Digitized by;*
Panjab Digital Library

## RULING BY THE HON'BLE SPEAKER REGARDING QUESTION OF PRIVILEGE

**Mr. Speaker** : Now, we will take the next item of Agenda.

First, I want to clarify that I have carefully examined the notice of Question of Privilege given by Sardar Balwinder Singh Bhunder, M.L.A. and I have consulted the Manual regarding holding of Municipal Elections and I have with me the report of Senior Superintendent of Police, Mansa. Considering all the aspects, I refer the notice of Question of Privilege given by Sardar Balwinder Singh Bhunder to the Committee on Privileges for examining and reporting the same to me.

---

## CALL ATTENTION NOTICE UNDER RULE 66

(ਕ੍ਰਮ ਨੰ: 29)

**ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਹਿਮ ਜਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਕਿ ਤਲਵੰਡੀ ਸਾਬੋ ਜਿਹੜਾ ਕਿ ਇਕ ਪਵਿੱਤਰ ਸਥਾਨ ਵੀ ਘੋਸ਼ਿਤ ਕੀਤਾ ਹੋਇਆ ਹੈ ਅਤੇ ਜਿਹੜਾ ਸਿੱਖਾਂ ਦਾ ਪੰਜਵਾਂ ਸਤਿਕਾਰਯੋਗ ਤਖ਼ਤ ਹੈ, ਉਸ ਹਲਕੇ ਦੇ ਪੰਚਾਇਤੀ ਇਲਾਕੇ ਅੰਦਰ ਸ਼ਰਾਬ ਦੇ ਠੇਕੇ ਖੋਲ੍ਹਣ ਦਾ ਫੈਸਲਾ ਹੋਇਆ ਹੈ ਜੋ ਕਿ 1 ਅਪ੍ਰੈਲ, 2003 ਤੋਂ ਚਾਲੂ ਹੋ ਜਾਣਗੇ। ਇਹ ਫੈਸਲਾ ਪਹਿਲੀ ਪਾਲਿਸੀ ਦੇ ਉਲਟ ਅਤੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਹੈ ਜਿਸ ਨਾਲ ਇਲਾਕੇ ਦੇ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਲੋਕਾਂ ਵਲੋਂ ਇਹ ਠੇਕੇ ਬੰਦ ਕਰਨ ਲਈ ਸੰਘਰਸ਼ ਕਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਉਹ ਐਜੀਟੇਸ਼ਨ ਕਰਨ ਲਈ ਤਿਆਰ ਹਨ ਜਿਸ ਨਾਲ ਲਾਅ ਐਂਡ ਆਰਡਰ ਦੀ ਸਥਿਤੀ ਖਰਾਬ ਹੋਣ ਦਾ ਵੀ ਡਰ ਹੈ। ਜੇਕਰ ਇਸ ਚੀਜ਼ ਨੂੰ ਨਾ ਰੋਕਿਆ ਗਿਆ ਤਾਂ ਲਾਅ ਐਂਡ ਆਰਡਰ ਦੀ ਸਥਿਤੀ ਖਰਾਬ ਹੋਣ ਲਈ ਸਰਕਾਰ ਜ਼ਿੰਮੇਵਾਰ ਹੋਵੇਗੀ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਆਬਕਾਰੀ ਤੇ ਕਰ ਮੰਤਰੀ (ਸਰਦਾਰ ਸਰਦੂਲ ਸਿੰਘ)** : ਸਪੀਕਰ ਸਾਹਿਬ, ਸਰਕਾਰ ਦੀ ਆਬਕਾਰੀ ਨੀਤੀ 2003-04 ਦੇ ਮੁਤਾਬਕ, ਜੋ ਕਿ ਪਿਛਲੇ ਸਾਲਾਂ ਦੀ ਨੀਤੀ ਅਨੁਸਾਰ ਹੀ ਹੈ, ਤਲਵੰਡੀ ਸਾਬੋ ਪਵਿੱਤਰ ਸਥਾਨ ਦੀ ਲਾਲ ਲਕੀਰ ਏਰੀਏ ਦੇ ਅੰਦਰ ਸ਼ਰਾਬ ਦੀ ਵਿਕਰੀ ਦੀ ਮਨਾਹੀ ਹੈ। ਇਸ ਬਾਰੇ ਸਰਕਾਰ ਦੀ ਨੀਤੀ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ ਅਤੇ ਨਾ ਹੀ ਇਸ ਪਵਿੱਤਰ ਸਥਾਨ ਅੰਦਰ ਨਵੀਆਂ ਦੁਕਾਨਾਂ ਖੋਲ੍ਹਣ ਦੀ ਕੋਈ ਤਜ਼ਵੀਜ਼ ਹੈ। ਸਰਕਾਰ ਆਮ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦੀ ਕਦਰ ਕਰਦੀ ਹੈ ਅਤੇ ਇਸ ਗੱਲ ਨੂੰ ਯਕੀਨੀ ਬਣਾਏਗੀ ਕਿ ਕਿਸੇ ਵੀ ਧਾਰਮਿਕ ਸਥਾਨ ਦੀ ਪਵਿੱਤਰਤਾ ਨੂੰ ਕਿਸੇ ਵੀ ਤਰੀਕੇ ਨਾਲ ਭੰਗ ਨਾ ਕੀਤਾ ਜਾਵੇ। ਸਰਕਾਰ ਦੀ ਆਬਕਾਰੀ ਨੀਤੀ ਸਾਲ 2003-2004 ਦੇ ਮੁਤਾਬਿਕ ਵਾਲਡ ਸਿਟੀ, ਅੰਮ੍ਰਿਤਸਰ, ਅਨੰਦਪੁਰ ਸਾਹਿਬ, ਤਲਵੰਡੀ ਸਾਬੋ, ਚਮਕੌਰ ਸਾਹਿਬ, ਭੈਣੀ ਸਾਹਿਬ, ਰਾਈਆਂ (ਜ਼ਿਲ੍ਹਾ ਲੁਧਿਆਣਾ), ਕੀਰਤਪੁਰ ਸਾਹਿਬ ਅਤੇ ਮੁਕਤਸਰ ਵਿੱਚ ਮਿਊਂਸਿਪਲ ਲਿਮਟ/ਲਾਲ ਲਕੀਰ ਏਰੀਆ ਵਿੱਚ ਸ਼ਰਾਬ ਦੀ

Original with;
Punjab Vidhan Sabha
Digitized by:

ਵਿਕਰੀ ਤੇ ਪਾਬੰਦੀ ਹੈ। ਇਸ ਪਾਲਿਸੀ ਮੁਤਾਬਕ ਧਾਰਮਿਕ ਸਥਾਨਾਂ ਦੀ ਪਵਿੱਤਰਤਾ ਨੂੰ ਪਹਿਲਾਂ ਦੀ ਤਰ੍ਹਾਂ ਬਰਕਰਾਰ ਰੱਖਿਆ ਗਿਆ ਹੈ। ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਗਰ ਕੋਈ ਕੁਤਾਹੀ ਹੋਈ ਹੈ, ਉਹ ਮੇਰੇ ਧਿਆਨ ਵਿੱਚ ਲਿਆਂਦੀ ਜਾਵੇ। 1 ਅਪ੍ਰੈਲ, 2003 ਤੋਂ ਪਾਲਿਸੀ ਸ਼ੁਰੂ ਹੋਈ ਹੈ ਪਰ ਕੋਈ ਨਜਾਇਜ ਕੰਮ ਨਹੀਂ ਹੋਣ ਦਿੱਤਾ ਜਾਵੇਗਾ।

**ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਪਹਿਲੀ ਗੱਲ ਜਿਹੜਾ ਇਨ੍ਹਾਂ ਨੇ ਲਾਲ ਲਕੀਰ ਦਾ ਜ਼ਿਕਰ ਕੀਤਾ ਹੈ, ਇਸ ਦਾ ਬਹਾਨਾ ਸਰਕਾਰੀ ਅਫਸਰ ਬਣਾ ਰਹੇ ਹਨ। ਸਰਕਾਰ ਨੇ ਇਕ ਨੋਟੀਫੀਕੇਸ਼ਨ ਕੀਤੀ ਹੋਈ ਹੈ ਕਿ ਜਿਥੇ ਧਾਰਮਿਕ ਹੋਲੀ ਸਿਟੀ ਹਨ ਉਥੇ 2 ਕਿਲੋਮੀਟਰ ਤੋਂ 5 ਕਿਲੋਮੀਟਰ ਦੇ ਘੇਰੇ ਵਿਚ ਕੋਈ ਸ਼ਰਾਬ ਦੀ ਦੁਕਾਨ ਨਹੀਂ ਹੋਵੇਗੀ ਪਰ ਹੁਣ ਇਹ 2 ਕਿਲੋਮੀਟਰ ਦੀ ਗੱਲ ਕਰਨ ਲੱਗ ਗਏ ਹਨ ਕਿ ਇਸ ਏਰੀਆ ਵਿਚ ਕੋਈ ਮੀਟ, ਪਾਨ, ਸਿਗਰੇਟ ਦੀ ਦੁਕਾਨ ਅਤੇ ਸ਼ਰਾਬ ਦੀ ਦੁਕਾਨ ਨਹੀਂ ਹੋਵੇਗੀ ਔਰ ਅਫਸਰ ਸਾਹਿਬਾਨ ਇਸ ਨੋਟੀਫੀਕੇਸ਼ਨ ਦਾ ਲਕੂਨਾ ਲੱਭ ਕੇ ਠੇਕੇ ਦੇ ਰਹੇ ਹਨ। ਸ਼ਹਿਰਾਂ ਵਿਚ ਕਿਹੜੀ ਲਾਲ ਲਕੀਰ ਹੁੰਦੀ ਹੈ। ਇਹ ਤਾਂ ਪਿੰਡਾਂ ਵਿਚ ਲਾਲ ਲਕੀਰ ਹੁੰਦੀ ਹੈ। ਉਹ ਤਖ਼ਤ ਦਮਦਮਾ ਸਾਹਿਬ ਤੋਂ 200 ਮੀਟਰ ਦੀ ਦੂਰੀ ਤੇ ਵੀ ਨਹੀਂ। ਸ਼ਾਇਦ ਮੰਤਰੀ ਜੀ ਨੂੰ ਇਸ ਗੱਲ ਦਾ ਪਤਾ ਨਹੀਂ.....

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ।

**ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ** : ਸਰ, ਮੈਂ ਸਵਾਲ ਹੀ ਪੁੱਛ ਰਿਹਾ ਹਾਂ ਜੀ। ਇਨ੍ਹਾਂ ਨੇ ਲਾਲ ਲਕੀਰ ਦੇ ਬਾਹਰ ਦਾ ਹੀ ਜ਼ਿਕਰ ਕੀਤਾ ਹੈ। ਜਦੋਂ ਅੰਮ੍ਰਿਤਸਰ ਅਤੇ ਮੁਕਤਸਰ ਦਾ ਜ਼ਿਕਰ ਕੀਤਾ ਹੈ, ਸਪੀਕਰ ਸਾਹਿਬ, ਇਹ ਮਿਊਂਸਿਪਲ ਕਮੇਟੀਆਂ ਦੀ ਹੱਦ ਤੋਂ ਬਾਹਰ ਹੈ ਪਰ ਇਹ ਪਿੰਡ ਹੈ। ਇਨ੍ਹਾਂ ਨੇ ਲਾਲ ਲਕੀਰ ਤਾਂ ਕਹਿ ਦਿੱਤਾ ਪਰ ਕੋਈ ਇਹੋ ਜਿਹਾ ਪ੍ਰਬੰਧ ਨਹੀਂ ਹੁੰਦਾ ਜਿਹੜਾ ਪੰਚਾਇਤ ਨੇ ਇਸ ਨੂੰ ਡਿਫਾਈਨ ਕੀਤਾ ਹੋਵੇ।

**ਮੰਤਰੀ** : ਸਪੀਕਰ ਸਾਹਿਬ, ਮੌੜ-ਰਾਮਾਂ ਰੋਡ, ਨੇੜੇ ਪਿੰਡ ਸੰਗਤ ਰੋਡ; ਰੋੜੀ-ਬਠਿੰਡਾ ਰੋਡ, ਨੇੜੇ ਸੂਚਨਾਂ ਇਕੱਤਰ ਕੇਂਦਰ ਅਤੇ ਰੋੜੀ-ਬਠਿੰਡਾ ਰੋਡ, ਨੇੜੇ ਕਚਹਿਰੀ, ਇਹ ਤਿੰਨ ਇਲਾਕੇ ਦੀਆਂ ਦੁਕਾਨਾਂ ਲਾਲ ਲਕੀਰ ਤੋਂ ਬਾਹਰ ਆਉਂਦੀਆਂ ਹਨ। ਇਲਾਕੇ ਦੇ ਲੋਕਾਂ ਨੇ ਇਤਰਾਜ਼ ਕੀਤਾ ਤੇ ਅਸੀਂ ਇਹ ਵੀ ਬੰਦ ਕਰ ਦਿੱਤੀਆਂ ਹਨ ਜਿਹੜੀਆਂ ਕਿ ਲਾਲ ਲਕੀਰ ਤੋਂ ਬਾਹਰ ਹਨ। ਜੇ ਫੇਰ ਵੀ ਕੋਈ ਰਹਿੰਦੀਆਂ ਹਨ, ਅਸੀਂ ਉਨ੍ਹਾਂ ਨੂੰ ਵੀ ਬੰਦ ਕਰਾਉਣ ਨੂੰ ਤਿਆਰ ਹਾਂ। (ਥੰਪਿੰਗ)

**Mr. Speaker** : Next business. Papers to be laid on the Table.

---

## PAPERS LAID ON THE TABLE

**Minister for Parliamentary Affairs, Local Government and Labour and Employment (Chaudhary Jagjit Singh)** : Sir, I beg to lay on the Table the following papers—

(i) Report of the Comptroller and Auditor General of India for the year 2001-2002 (Civil)—Government of Punjab (In Punjabi and English);

Original with;
Punjab Vidhan Sabha
Digitized by;
Panjab Digital Library

**[Minister for Parliamentary Affairs, Local Government and Labour and Employment]**

(ii) Report of the Comptroller and Auditor General of India for the year 2001-2002 (Commercial)—Government of Punjab (In Punjabi and English);

(iii) Report of the Comptroller and Auditor General of India for the year 2001-2002 (Revenue Receipt)—Government of Punjab (In Punjabi and English);

(iv) Finance Accounts of Government of Punjab for the year 2001-2002; and

(v) Appropriation Accounts of Government of Punjab for the year 2001-2002.

as required under Clause (2) of Article 151 of the Constitution of India.

---

## PRESENTATION OF REPORT OF THE COMMITTEE ON PUBLIC ACCOUNTS

**Chairman, Committee on Public Accounts (Sardar Balwinder Singh Bhunder) :** Sir, I beg to present the 144th Report of the Committee on Public Accounts on the Appropriation Accounts of the Government of Punjab for the years 1993-94, 1995-96, 1996-97, 1997-98 and 1998-99 and the Reports of the Comptroller and Auditor General of India for the year 1993-94, 1995-96, 1996-97, 1997-98 and 1998-99 (Civil) relating to Public Works (B&R), Local Government Colonization, Defence Services Welfare, Education, Industries and Technical Education and Industrial Training Departments.

---

## MOTION REGARDING CONSTITUTION OF ELECTED COMMITTEES FOR THE YEAR 2003-2004

**Minister for Parliamentary Affairs, Local Government and Labour and Employment (Chaudhary Jagjit Singh) :** Sir, I beg to move that—

WHEREAS the election to the—

1. Committee on Public Accounts;
2. Committee on Estimates;
3. Committee on Public Undertakings; and

Original with; Punjab Vidhan Sabha
Digitized by; Panjab Digital Library

4. Committee on the Welfare of Scheduled Castes, Scheduled Tribes and Backward Classes.

for the year 2003-2004, are to be held before the 31st March, 2003; and

WHEREAS the time left at the disposal of the House is extremely short and it is not possible to conduct in the normal course, the election to these Committees;

NOW, therefore, this House authorizes the Speaker, Punjab Vidhan Sabha to nominate the Members of the aforesaid Committees for the aforesaid year, keeping in view the proportionate strength of various parties/groups in the House.

This House further resolves that for the above purpose, the rules of the Rules of Procedure and Conduct of Business in the Punjab Vidhan Sabha (Punjab Legislative Assembly) relating to the elections to the said Committees for the year 2003-2004 which are inconsistent with or contrary to the above resolution shall stand suspended.

**Mr. Speaker :** Motion moved—

WHEREAS the election to the—

1. Committee on Public Accounts;
2. Committee on Estimates;
3. Committee on Public Undertakings; and
4. Committee on the Welfare of Scheduled Castes, Scheduled Tribes and Backward Classes,

for the year 2003-2004, are to be held before the 31st March, 2003; and

WHEREAS the time left at the disposal of the House is extremely short and it is not possible to conduct in the normal course, the election to those Committees;

NOW, therefore, this House authorizes the Speaker, Punjab Vidhan Sabha, to nominate the Members of the aforesaid Committees for the aforesaid year, keeping in view the proportionate strength of various parties/groups in the House.

This House further resolves that for the above purpose, the rules of the Rules of Procedure and Conduct of Business in the Punjab Vidhan Sabha (Punjab Legislative Assembly) relating to the elections to the said Committees for the year 2003-2004 which are inconsistent with or contrary to the above resolution shall stand suspended.

Original with;
Punjab Vidhan Sabha
Digitized by;

**Mr. Speaker :** Question is—

WHEREAS the election to the—

1. Committee on Public Accounts;
2. Committee on Estimates;
3. Committee on Public Undertakings; and
4. Committee on the Welfare of Scheduled Castes, Scheduled Tribes and Backward Classes,

for the year 2003-2004, are to be held before the 31st March, 2003; and

WHEREAS the time left at the disposal of the House is extremely short and it is not possible to conduct in the normal course, the election to those Committees;

NOW, therefore, this House authorizes the Speaker, Punjab Vidhan Sabha to nominate the Members of the aforesaid Committees for the aforesaid year, keeping in view the proportionate strength of various parties/groups in the House.

This House further resolves that for the above purpose, the rules of the Rules of Procedure and Conduct of Business in the Punjab Vidhan Sabha (Punjab Legislative Assembly) relating to the elections to the said Committees for the year 2003-2004 which are inconsistent with or contrary to the above resolution shall stand suspended.

*The motion* was carried unanimously.

---

## FINANCIAL BUSINESS

**Mr. Speaker :** Before this, I would ask the Finance Minister to deliver a speech for concluding the Budget Proposals.

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ (ਸਰਦਾਰ ਲਾਲ ਸਿੰਘ) :** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਆਪ ਜੀ ਨੇ ਮੈਨੂੰ ਸਾਲ 2003-2004 ਦੇ ਉਸ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ ਜੋ ਇਸ ਪਵਿੱਤਰ ਸਦਨ ਅੰਦਰ ਮੈਂ 24 ਮਾਰਚ, 2003 ਨੂੰ ਪੇਸ਼ ਕੀਤਾ ਸੀ। ਇਸ ਪਵਿੱਤਰ ਸਦਨ ਦੇ ਅੰਦਰ ਬਿਰਾਜਮਾਨ ਸਾਰੇ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਮੈਨੂੰ 27 ਮਾਰਚ ਨੂੰ ਬੋਲਣਾ ਚਾਹੀਦਾ ਸੀ ਲੇਕਿਨ ਕੁਝ ਕਨਫਿਊਜ਼ਨ, ਕੁਝ ਗਲਤਫਹਿਮੀ ਕਾਰਨ ਮੈਂ ਉਸ ਦਿਨ ਬੋਲ ਨਹੀਂ ਸਕਿਆ। ਮੈਨੂੰ ਇਸ ਗੱਲ ਦਾ ਖੇਦ ਹੈ। ਸਪੀਕਰ ਸਾਹਿਬ, ਅੱਜ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ, ਇਸ ਦੇ ਵਾਸਤੇ ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ।

Original with;
Punjab Vidhan Sabha
Digitized by;

ਸਪੀਕਰ ਸਾਹਿਬ, ਇਸ ਬਹਿਸ ਵਿਚ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਭਰਪੂਰ ਹਿੱਸਾ ਲਿਆ। ਬਹੁਤ ਸਾਰੇ ਮੈਂਬਰਾਂ ਨੇ ਬੋਲਦੇ ਹੋਏ ਇਸ ਦੀ ਸ਼ਲਾਘਾ ਕੀਤੀ ਲੇਕਿਨ ਕੁਝ ਮੈਂਬਰਾਂ ਵੱਲੋਂ ਇਸ ਦੀ ਨੁਕਤਾਚੀਨੀ ਵੀ ਹੋਈ। ਬਹੁਤ ਸਾਰੇ ਮੈਂਬਰਾਂ ਵੱਲੋਂ ਅੱਛੇ-ਅੱਛੇ ਸੁਝਾਅ ਵੀ ਦਿੱਤੇ ਗਏ। ਸ਼ਲਾਘਾ ਕਰਨ ਵਾਲੇ ਸਾਰੇ ਮੈਂਬਰ ਸਾਹਿਬਾਨ ਦਾ ਮੈਂ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਬਾਕੀ ਸਭ ਦਾ ਸਵਾਗਤ ਕਰਦਾ ਹਾਂ। ਸਪੀਕਰ ਸਾਹਿਬ, ਜਿਹੜਾ ਬਜਟ ਪੰਜਾਬ ਦੀ ਸਰਕਾਰ ਨੇ ਇਸ ਸਦਨ ਵਿਚ ਪੇਸ਼ ਕੀਤਾ ਹੈ, ਇਸ ਹਾਊਸ ਦੇ ਅੰਦਰ ਵੀ ਅਤੇ ਬਾਹਰ ਵੀ ਉਸ ਦੀ ਭਰਪੂਰ ਸ਼ਲਾਘਾ ਹੋਈ ਹੈ, ਇਹ ਸਾਰਾ ਪੰਜਾਬ ਜਾਣਦਾ ਹੈ ਪਰ ਜੇਕਰ ਅਸੀਂ ਸੋਚੀਏ ਕਿ ਕੁਝ ਲੋਕਾਂ ਨੇ, ਖਾਸ ਕਰਕੇ ਵਿਰੋਧੀ ਧਿਰ ਦੇ ਸਾਰੇ ਮੈਂਬਰਾਂ ਨੇ ਇਹ ਫੈਸਲਾ ਕੀਤਾ ਹੈ ਕਿ ਅਸੀਂ ਤਾਂ ਇਸ ਦੀ ਨੁਕਤਾਚੀਨੀ ਹੀ ਕਰਨੀ ਹੈ ਅਤੇ ਇਸ ਦੀਆਂ ਚੰਗੀਆਂ ਗੱਲਾਂ ਦੀ ਕੋਈ ਗੱਲ ਨਹੀਂ ਕਰਨੀ, ਐਸੀ ਗੱਲ ਠੀਕ ਨਹੀਂ ਹੈ। ਜਿਥੇ ਸਾਹਮਣੇ ਬੈਠੇ ਕੁਝ ਮੈਂਬਰਾਂ ਨੇ ਇਸ ਦੀ ਨੁਕਤਾਚੀਨੀ ਕੀਤੀ ਹੈ ਤਾਂ ਕੁਝ ਮੈਂਬਰਾਂ ਨੇ ਇਸ ਦੀ ਸ਼ਲਾਘਾ ਵੀ ਕੀਤੀ ਹੈ। ਇਸ ਦੇ ਲਈ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਮੈਨੂੰ ਅਫਸੋਸ ਹੈ ਕਿ ਮੇਰੇ ਪ੍ਰੈਡੀਸੈਸਰ ਕੈਪਟਨ ਕੰਵਲਜੀਤ ਸਿੰਘ ਚਲੇ ਗਏ ਹਨ। ਪਤਾ ਨਹੀਂ ਕਿਉਂ ਚਲੇ ਗਏ ਹਨ....(ਵਿਘਨ)....ਮੈਂ ਉਨ੍ਹਾਂ ਬਾਰੇ ਗੱਲ ਕਰਨੀ ਚਾਹੁੰਦਾ ਸੀ, ਇਸ ਲਈ ਮੈਂ ਉਨ੍ਹਾਂ ਦਾ ਜ਼ਿਕਰ ਕੀਤਾ ਹੈ ਉਹ 5 ਸਾਲ ਇਸ ਮਹਾਨ ਸਦਨ ਦੇ ਅੰਦਰ ਖ਼ਜਾਨਾ ਮੰਤਰੀ ਰਹੇ ਹਨ ਪਰ ਉਨ੍ਹਾਂ ਨੇ ਸਿਰਫ ਨੁਕਤਾਚੀਨੀ ਤੱਕ ਹੀ ਆਪਣੀ ਸਪੀਚ ਨੂੰ ਸੀਮਤ ਰੱਖਿਆ ਹੈ ਔਰ ਉਨ੍ਹਾਂ ਵਲੋਂ ਜਿਹੜੇ ਇਸ ਬਜਟ ਡਾਕੂਮੈਂਟ ਦੇ ਅੰਦਰ ਅੱਛੇ ਪਹਿਲੂ ਹਨ, ਉਨ੍ਹਾਂ ਨੂੰ ਨਜ਼ਰ ਅੰਦਾਜ਼ ਕਰਨਾ ਮੈਂ ਸਮਝਦਾ ਹਾਂ ਕਿ ਇਹ ਚੰਗੀ ਗੱਲ ਨਹੀਂ ਔਰ ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਅਸੀਂ ਕਿਸਾਨਾਂ ਵਾਸਤੇ, ਵਪਾਰੀਆਂ ਵਾਸਤੇ ਅਤੇ ਇੰਡਸਟ੍ਰੀਅਲਿਸਟਾਂ ਵਾਸਤੇ ਇਸ ਬਜਟ ਅੰਦਰ ਤਜਵੀਜ਼ਾਂ ਰੱਖੀਆਂ ਹਨ, ਕੀ ਉਹ ਇਨ੍ਹਾਂ ਨੂੰ ਚੰਗੀਆਂ ਨਹੀਂ ਲੱਗੀਆਂ? ਉਨ੍ਹਾਂ ਨੂੰ ਇਨ੍ਹਾਂ ਨੇ ਨਜ਼ਰ ਅੰਦਾਜ਼ ਕਿਉਂ ਕੀਤਾ? ਇਨ੍ਹਾਂ ਨੇ ਤਾਂ ਕਿਹਾ ਸੀ ਕਿ ਮੈਂ ਤਾਂ ਤੁਹਾਡਾ ਘੁੰਢ ਚੁੱਕਣ ਵਾਸਤੇ ਆਇਆ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਸਾਰੀਆਂ ਗੱਲਾਂ ਨੂੰ ਅੱਖੋਂ-ਪਰੋਖੇ ਕਰਨ ਵਾਸਤੇ ਇਹ ਆਪ ਘੁੰਡ ਕੱਢ ਕੇ ਇੱਥੇ ਬੈਠੇ ਰਹੇ। ਮੈਨੂੰ ਇਸ ਗੱਲ ਦਾ ਅਫਸੋਸ ਹੈ ਸਪੀਕਰ ਸਾਹਿਬ ਕਿ ਇਨ੍ਹਾਂ ਨੇ ਕਿਹਾ ਸੀ ਕਿ ਮੈਨੂੰ ਚੰਗੀਆਂ ਗੱਲਾਂ ਲੱਭਣ ਵਾਸਤੇ ਟਾਰਚ ਅਤੇ ਲਾਲਟੈਨ ਦਾ ਸਹਾਰਾ ਲੈਣਾ ਪਿਆ। ਇਹ ਗੱਲ ਠੀਕ ਹੈ ਕਿ ਇਨ੍ਹਾਂ ਨੂੰ ਚੰਗੀਆਂ ਗੱਲਾਂ ਲੱਭਣ ਵਾਸਤੇ ਟਾਰਚ ਅਤੇ ਲਾਲਟੈਨ ਦਾ ਸਹਾਰਾ ਲੈਣਾ ਪਿਆ ਹੈ ਕਿਉਂਕਿ ਨੁਕਤਾਚੀਨੀ ਵਾਸਤੇ ਇਨ੍ਹਾਂ ਨੂੰ ਕੋਈ ਗੱਲ ਨਹੀਂ ਸੀ ਮਿਲ ਰਹੀ। ਫਿਰ ਇਨ੍ਹਾਂ ਨੇ ਕਿਹਾ ਸੀ ਕਿ ਨੁਕਤਾਚੀਨੀ ਤਾਂ ਕੀਤੀ ਹੈ। ਨੁਕਤਾਚੀਨੀ ਕਰਨਾ ਕੋਈ ਮਾੜੀ ਗੱਲ ਨਹੀਂ ਪਰ ਇਸ ਦਾ ਬੇਸ ਹੋਣਾ ਚਾਹੀਦਾ ਹੈ, ਕੋਈ ਆਧਾਰ ਹੋਣਾ ਚਾਹੀਦਾ ਹੈ। ਨੁਕਤਾਚੀਨੀ ਜ਼ਰੂਰ ਹੋਣੀ ਚਾਹੀਦੀ ਹੈ। ਇਸ ਗੱਲ ਤੋਂ ਮੈਂ ਮੁਨਕਰ ਨਹੀਂ ਹੁੰਦਾ ਪਰ ਜਿਸ ਗੱਲ ਦਾ ਕੋਈ ਬੇਸ ਨਾ ਹੋਵੇ, ਤੱਥਾਂ ਨੂੰ ਤਰੋੜ-ਮਰੋੜ ਕੇ ਨੁਕਤਾਚੀਨੀ ਨਹੀਂ ਕੀਤੀ ਜਾਣੀ ਚਾਹੀਦੀ। ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਹਾਊਸ ਦਾ ਸਮਾਂ ਵੀ ਬਰਬਾਦ ਹੁੰਦਾ ਹੈ ਔਰ ਹਾਊਸ ਨੂੰ ਗੁੰਮਰਾਹ ਕਰਨਾ ਵੀ ਠੀਕ ਨਹੀਂ। ਸਪੀਕਰ ਸਾਹਿਬ, ਇਸ ਵਿੱਚ ਉਹ ਇਸ ਗੱਲ ਨੂੰ ਭੁੱਲ ਗਏ ਕਿ ਪਿਛਲੇ ਸਾਲ ਜਦੋਂ ਸਰਕਾਰ ਵਜੂਦ ਵਿੱਚ ਆਈ ਸੀ ਤਾਂ ਪਹਿਲੇ ਹੀ ਸੈਸ਼ਨ ਅੰਦਰ ਅਸੀਂ ਇਨ੍ਹਾਂ ਦੀ ਮਾੜੀ ਕਾਰਗੁਜ਼ਾਰੀ ਜਿਹੜੀ ਪੰਜ ਸਾਲ ਇਨ੍ਹਾਂ ਨੇ ਕੀਤੀ, ਉਸ ਦੀ ਜਿਉਂਦੀ-ਜਾਗਦੀ ਤਸਵੀਰ ਇਕ ਵਾਈਟ ਪੇਪਰ ਰਾਹੀਂ ਮੈਂ ਇਸ ਸਦਨ ਦੇ ਵਿੱਚ ਪੇਸ਼ ਕੀਤੀ ਸੀ ਔਰ ਉਸ ਵਾਈਟ ਪੇਪਰ ਨੂੰ ਸਾਹਮਣੇ ਬੈਠੇ ਸਾਰੇ ਹੀ ਸਤਿਕਾਰਯੋਗ ਮੈਂਬਰਾਂ ਨੇ ਤਸਲੀਮ ਕੀਤਾ ਸੀ। ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਕਿਸੇ ਨੇ ਉਸ ਤੇ ਨੁਕਤਾਚੀਨੀ ਨਹੀਂ ਕੀਤੀ ਸੀ। ਜੇਕਰ ਇਨ੍ਹਾਂ ਕੋਲ ਕੋਈ ਕਹਿਣ ਨੂੰ ਗੱਲ ਸੀ ਤਾਂ ਉਹ ਸਮਾਂ ਲੈ ਸਕਦੇ ਸੀ ਅਤੇ ਉਸ ਤੇ ਡੀਬੇਟ ਕਰਵਾ ਸਕਦੇ ਸੀ

Original with;
Punjab Vidhan Sabha
Digitized by;

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਪਰ ਇਨ੍ਹਾਂ ਕੋਲ ਕੋਈ ਗੱਲ ਕਹਿਣ ਨੂੰ ਨਹੀਂ ਸੀ। ਇਸ ਲਈ ਇਨ੍ਹਾਂ ਕੋਲ ਕੋਈ ਚਾਰਾ ਨਹੀਂ ਸੀ ਕਿ ਸਿਵਾਏ ਉਸ ਵਾਈਟ ਪੇਪਰ ਨੂੰ ਤਸਲੀਮ ਕਰਦੇ। ਇਨ੍ਹਾਂ ਨੂੰ ਉਸ ਵਾਈਟ ਪੇਪਰ ਰਾਹੀਂ ਅਸੀਂ ਦੱਸਿਆ ਸੀ ਕਿ ਇਨ੍ਹਾਂ ਦੀ ਕਾਰਗੁਜ਼ਾਰੀ ਨੇ ਪੰਜਾਬ ਦੀ ਮਾਲੀ ਹਾਲਤ ਦਾ ਕਿਵੇਂ ਭੱਠਾ ਬਿਠਾਇਆ ਸੀ। ਮੈਂ ਕੁਝ ਗੱਲਾਂ ਇਨ੍ਹਾਂ ਨੂੰ ਯਾਦ ਕਰਵਾਉਂਦਾ ਹਾਂ, ਸਪੀਕਰ ਸਾਹਿਬ, ਜਦੋਂ ਸਾਡੀ ਸਰਕਾਰ ਬਣੀ ਸੀ, ਉਸ ਵੇਲੇ ਸਾਡੀ ਮਾਲੀ ਹਾਲਤ ਕੀ ਸੀ ? ਅਸੀਂ ਉਸ ਵਾਈਟ ਪੇਪਰ ਵਿੱਚ ਵੀ ਦੱਸਿਆ ਸੀ ਕਿ ਉਸ ਵੇਲੇ ਸਾਡਾ ਰੈਵੀਨਿਊ ਡੈਫੀਸਿਟ 3,781 ਕਰੋੜ ਰੁਪਏ ਔਰ ਫਿਸਕਲ ਡੈਫੀਸਿਟ 4,959 ਕਰੋੜ ਰੁਪਏ ਸੀ। ਸਪੀਕਰ ਸਾਹਿਬ, ਜੇ ਕਰਜ਼ੇ ਪਾ ਲਈਏ, ਵਿਆਜ ਪਾ ਲਈਏ ਅਤੇ ਗਰੰਟੀਆਂ ਪਾ ਲਈਏ ਤਾਂ ਸਾਡੀ ਸਰਕਾਰ ਨੇ 52,000 ਕਰੋੜ ਰੁਪਏ ਕਰਜ਼ੇ ਵਜੋਂ ਦੇਣੇ ਸੀ ਔਰ ਸਾਡੇ ਕੋਲ ਜਿਹੜੇ ਕਮਿਟਡ ਖਰਚੇ ਹਨ, ਜਿਨ੍ਹਾਂ ਨੂੰ ਅਸੀਂ ਨਜ਼ਰਅੰਦਾਜ਼ ਨਹੀਂ ਕਰ ਸਕਦੇ, ਤਨਖਾਹਾਂ, ਪੈਨਸ਼ਨਾਂ ਅਸੀਂ ਦੇਣੀਆਂ ਹੀ ਦੇਣੀਆਂ ਹਨ, ਇਹ ਸਾਨੂੰ ਦੇਣੀਆਂ ਹੀ ਪੈਣੀਆਂ ਹਨ। ਜਿਹੜਾ ਕਰਜ਼ਾ ਸਾਡੇ ਸਿਰ ਤੇ ਹੈ, ਉਸ ਦਾ ਵਿਆਜ ਦਿੱਤੇ ਬਗੈਰ ਅਸੀਂ ਟਾਲ ਨਹੀਂ ਸਕਦੇ। ਸਪੀਕਰ ਸਾਹਿਬ, ਉਸ ਵੇਲੇ ਹਾਲਤ ਇਹ ਸੀ ਕਿ ਇਨ੍ਹਾਂ ਤਿੰਨ ਗੱਲਾਂ ਨੂੰ ਜਿਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ ਸੀ ਕਿਉਂਕਿ ਇਹ ਕਮਿਟਡ ਖਰਚੇ ਹਨ, ਤਨਖਾਹ, ਪੈਨਸ਼ਨਾਂ ਅਤੇ ਵਿਆਜ। ਜੇ ਸਾਡੀ ਆਮਦਨ 100 ਰੁਪਏ ਸੀ ਤਾਂ 118 ਰੁਪਏ ਖਰਚਾ ਕਰ ਰਹੇ ਸੀ। ਸਪੀਕਰ ਸਾਹਿਬ, ਜੇ 18 ਰੁਪਏ ਇਨ੍ਹਾਂ ਮੱਦਾਂ ਨੂੰ ਚਲਾਉਣ ਵਾਸਤੇ ਸਾਨੂੰ ਬਾਹਰੋਂ ਲੈਣੇ ਪੈਣ ਤਾਂ ਤੁਸੀਂ ਅਨੁਭਵ ਕਰ ਸਕਦੇ ਹੋ ਕਿ ਸਾਡੀ ਕਿੰਨੀ ਮਾੜੀ ਹਾਲਤ ਸੀ। ਕੀ ਇਸ ਹਾਲਾਤ ਵਿੱਚ ਸੜਕਾਂ ਬਣ ਸਕਦੀਆਂ ਹਨ ? ਕੀ ਪੰਜਾਬ ਦੀ ਤਰੱਕੀ ਹੋ ਸਕਦੀ ਹੈ ? ਇਨ੍ਹਾਂ ਹਾਲਾਤ ਦੇ ਅੰਦਰ ਅਸੀਂ ਲੋਕਾਂ ਨੂੰ ਕਿਵੇਂ ਕੋਈ ਸਹੂਲਤਾਂ ਦੇ ਸਕਦੇ ਹਾਂ ? ਇਹ ਇਕ ਬਹੁਤ ਵੱਡਾ ਸਵਾਲ ਹੈ। ਸਪੀਕਰ ਸਾਹਿਬ, ਜਿਸ ਤਰ੍ਹਾਂ ਇਕ ਪਰਿਵਾਰ ਨੂੰ ਚਲਾਉਣ ਵਾਸਤੇ ਸਭ ਤੋਂ ਵੱਡਾ ਜ਼ਰੂਰੀ ਖਰਚਾ ਰਸੋਈ ਹੈ, ਚੁੱਲ੍ਹਾ ਹੈ ਜਿਸ ਨੂੰ ਅਸੀਂ ਨਜ਼ਰਅੰਦਾਜ਼ ਨਹੀਂ ਕਰ ਸਕਦੇ ਪਰ ਜਿਸ ਪਰਿਵਾਰ ਆਮਦਨ ਦੀ ਸਿਰਫ 100 ਰੁਪਏ ਹੋਵੇ ਅਤੇ ਚੁੱਲ੍ਹੇ ਦਾ ਖਰਚਾ, ਰਸੋਈ ਦਾ ਖਰਚਾ 118 ਰੁਪਏ ਹੋਵੇ ਤਾਂ ਉਸ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਉਹ ਪਰਿਵਾਰ ਕਿੰਨਾ ਸਮਾਂ ਚਲ ਸਕਦਾ ਹੈ। ਆਖਿਰ ਕੀ ਹੋਵੇਗਾ ਕਿ ਉਹ ਬਜ਼ਾਰ ਤੋਂ ਉਧਾਰਾ ਲਏਗਾ। 6 ਮਹੀਨੇ ਬਾਅਦ, ਇਕ ਸਾਲ ਬਾਅਦ ਉਧਾਰ ਮਿਲਣਾ ਵੀ ਬੰਦ ਹੋ ਜਾਵੇਗਾ। ਖਰਚਾ ਵੀ, ਸਪੀਕਰ ਸਾਹਿਬ, ਇਕ ਹੱਦ ਤੱਕ ਸੀਮਤ ਰੱਖ ਸਕਦੇ ਹਾਂ। ਆਖਿਰ ਵਿੱਚ ਕੀ ਹੁੰਦਾ ਹੈ ? ਸਪੀਕਰ ਸਾਹਿਬ, ਉਹ ਪਰਿਵਾਰ ਬਿਲਕੁਲ ਦੀਵਾਲੀਏਪਨ ਦਾ ਸ਼ਿਕਾਰ ਹੁੰਦਾ ਹੈ। ਫਿਰ ਉਹ ਟੀ.ਵੀ. ਵੇਚਦਾ ਹੈ, ਸਕੂਟਰ ਵੇਚਦਾ ਹੈ, ਕਾਰ ਵੇਚਦਾ ਹੈ ਅਤੇ ਉਹ ਪਰਿਵਾਰ ਜਦੋਂ ਭਾਂਡੇ ਵੇਚਣ ਤੇ ਆ ਜਾਵੇ ਤਾਂ ਸਾਰੇ ਲੋਕਾਂ ਨੂੰ ਪਤਾ ਲੱਗ ਜਾਂਦਾ ਹੈ ਕਿ ਇਸ ਪਰਿਵਾਰ ਦਾ ਦੀਵਾਲੀਆ ਨਿਕਲ ਚੁੱਕਾ ਹੈ। ਸਾਨੂੰ ਉਦੋਂ ਹੀ ਸੋਚ ਲੈਣਾ ਚਾਹੀਦਾ ਸੀ ਜਦੋਂ ਪਿਛਲੀ ਸਰਕਾਰ ਨੇ ਰੈਸਟ ਹਾਊਸ ਵੇਚਣੇ ਸ਼ੁਰੂ ਕਰ ਦਿੱਤੇ ਸਨ, ਸਰਕਾਰੀ ਜ਼ਮੀਨਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ ਸਨ, ਦਰਖਤ ਵੇਚਣੇ ਸ਼ੁਰੂ ਕਰ ਦਿਤੇ ਸਨ, ਸਾਨੂੰ ਉਸ ਵੇਲੇ ਹੀ ਅਨੁਭਵ ਕਰ ਲੈਣਾ ਚਾਹੀਦਾ ਸੀ ਕਿ ਸਾਡਾ ਦੀਵਾਲਾ ਨਿਕਲ ਚੁੱਕਾ ਹੈ। ਸਾਡੀ ਸਰਕਾਰ ਦਾ ਚਿਹਰਾ-ਮੋਹਰਾ ਅਜਿਹਾ ਕਰ ਦਿੱਤਾ ਗਿਆ ਸੀ ਕਿ ਸਾਨੂੰ ਨੈਸ਼ਨਲ, ਮਲਟੀ ਨੈਸ਼ਨਲ ਫੰਡਿੰਗ ਕੰਪਨੀਆਂ, ਰਿਜ਼ਰਵ ਬੈਂਕ ਆਫ ਇੰਡੀਆ, ਵਿਸ਼ਵ ਬੈਂਕ, ਏ.ਐਸ.ਆਈ.ਏ.ਡੀ. ਡਿਵੈਲਪਮੈਂਟ ਬੈਂਕ, ਨਾਬਾਰਡ, ਹੁਡਕੋ ਆਦਿ ਕੋਈ ਵੀ ਸੰਸਥਾ ਸਾਡੀ ਸਰਕਾਰ ਨੂੰ ਦੋ ਰੁਪਏ ਵੀ ਦੇਣ ਨੂੰ ਤਿਆਰ ਨਹੀਂ ਸੀ। ਇਹੋ ਜਿਹੇ ਹਾਲਾਤ ਸਾਡੇ ਹੋ ਗਏ ਸਨ। ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਅੱਜ ਇਹ ਪੁੱਛਦੇ ਹਨ ਕਿ ਸੜਕਾਂ ਕਿਉਂ ਨਹੀਂ ਬਣੀਆਂ ? ਪਰ ਕੀ ਕਰਦੇ ਰਹੇ ਹੋ ਤੁਸੀਂ ? ਸੜਕਾਂ ਦੀ ਰਿਪੇਅਰ ਕਿਉਂ ਨਹੀਂ

Original with;
Punjab Vidhan Sabha
Digitized by;
Panjab Digital Library

ਹੋਈ ? ਪੈਚ-ਵਰਕ ਕਿਉਂ ਨਹੀਂ ਹੋਇਆ ? ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਆਰ.ਡੀ.ਐਫ. ਜਿਹੜਾ ਸਾਨੂੰ ਇਸ ਸਾਲ ਆਉਣਾ ਸੀ ਅਤੇ ਅਗਲੇ ਸਾਲ ਤੋਂ 5 ਸਾਲਾਂ ਵਾਸਤੇ ਜਿਹੜਾ ਆਰ.ਡੀ.ਐਫ. ਸਾਨੂੰ ਆਉਣਾ ਸੀ। ਉਹ ਇਨ੍ਹਾਂ ਨੇ ਗਿਰਵੀ ਰੱਖ ਦਿੱਤਾ। ਇਨ੍ਹਾਂ ਨੇ ਬੈਂਕ ਤੋਂ 645 ਕਰੋੜ ਰੁਪਏ ਦਾ ਕਰਜ਼ਾ ਲੈਣਾ ਚਾਹਿਆ ਕਿ ਸਾਨੂੰ ਇਹ ਕਰਜ਼ਾ ਮਿਲ ਜਾਵੇਗਾ ਪਰੰਤੂ ਉਨ੍ਹਾਂ ਨੇ ਜਵਾਬ ਦੇ ਦਿੱਤਾ ਕਿ ਸਾਨੂੰ ਤੁਹਾਡੀ ਸਰਕਾਰ ਉਤੇ ਭਰੋਸਾ ਨਹੀਂ ਹੈ। ਸਾਨੂੰ ਕੋਈ ਠੋਸ ਗਰੰਟੀ ਦਿਓ ਤਾਂ ਇਨ੍ਹਾਂ ਨੇ ਗਰੰਟੀ ਕੀ ਦਿੱਤੀ? ਇਨ੍ਹਾਂ ਨੇ ਆਉਣ ਵਾਲੇ ਪੰਜ ਸਾਲਾਂ ਦੇ ਆਰ.ਡੀ.ਐਫ. ਦੇ ਰੈਵੇਨਿਊ ਨੂੰ ਗਿਰਵੀ ਕਰ ਦਿੱਤਾ। ਹੁਣ ਤੁਸੀਂ ਸੋਚੋ, ਕਿ ਕਿਸ ਤਰ੍ਹਾਂ ਡਿਵੈਲਪਮੈਂਟ ਹੋ ਸਕਦੀ ਹੈ, ਕਿਸ ਤਰ੍ਹਾਂ ਸੜਕਾਂ ਬਣ ਸਕਦੀਆਂ ਹਨ। ਸਪੀਕਰ ਸਾਹਿਬ, ਉਸ ਹਾਲਤ ਵਿਚ ਅਸੀਂ ਮਹਿਸੂਸ ਕੀਤਾ ਕਿ ਇਹ ਪੰਜਾਬ ਦੇ ਖਜ਼ਾਨੇ ਦੀ ਟਰੇਨ ਡੈਮੇਜ ਕਰਕੇ ਗਏ ਹਨ, ਐਕਸੀਡੈਂਟ ਕਰਕੇ ਗਏ ਹਨ, ਰੇਲ ਦੀ ਪਟੜੀ ਤੋਂ ਗੱਡੀ ਨੂੰ ਥੱਲੇ ਲਾਹ ਕੇ ਚਲੇ ਗਏ ਹਨ। ਅਸੀਂ ਪੂਰੇ ਯਤਨ ਕਰਕੇ ਉਸ ਨੂੰ ਰਿਪੇਅਰ ਕੀਤਾ, ਲਾਈਨ ਉਤੇ ਲਿਆ ਕੇ ਤੋਰਨ ਦੀ ਕੋਸ਼ਿਸ਼ ਕੀਤੀ ਅਤੇ ਇਹ ਵੀ ਕੋਸ਼ਿਸ਼ ਕੀਤੀ ਕਿ ਜਿਹੜਾ ਇਸ ਸਰਕਾਰ ਦਾ ਮੂੰਹ-ਮੱਥਾ ਵਿਗਾੜ ਕੇ ਚਲੇ ਗਏ ਸਨ, ਉਸ ਨੂੰ ਕਿਸ ਤਰ੍ਹਾਂ ਸੰਵਾਰੀਏ। ਇਸ ਕਰਕੇ ਜਿਹੜਾ ਅਸੀਂ ਪਿਛਲੇ ਸਾਲ ਬਜਟ ਪੇਸ਼ ਕੀਤਾ ਸੀ, ਉਹ ਥੋੜ੍ਹਾ ਜਿਹਾ ਟਫ ਸੀ। ਉਸ ਦਾ ਰੀਐਕਸ਼ਨ ਵੀ ਹੋਇਆ, ਉਹ ਸੁਭਾਵਿਕ ਸੀ। ਸਪੀਕਰ ਸਾਹਿਬ, ਜੇਕਰ ਕਿਸੇ ਦੇ ਫੋੜਾ ਨਿਕਲ ਆਵੇ ਤਾਂ ਉਸ ਦਾ ਇਲਾਜ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ, ਅਪਰੇਸ਼ਨ ਕਰਨਾ ਜ਼ਰੂਰੀ ਬਣਦਾ ਹੈ, ਨਹੀਂ ਤਾਂ ਉਹ ਫੋੜਾ ਨਾਸੂਰ ਬਣ ਜਾਂਦਾ ਹੈ। ਜਿਸ ਤਰ੍ਹਾਂ ਦੇ ਹਾਲਾਤ ਬਣ ਗਏ ਸਨ, ਅਸੀਂ ਅਪਰੇਸ਼ਨ ਕੀਤਾ। ਜਦੋਂ ਅਪਰੇਸ਼ਨ ਹੁੰਦਾ ਹੈ ਤਾਂ ਥੋੜ੍ਹੀ-ਬਹੁਤੀ ਤਕਲੀਫ ਤਾਂ ਹੋਣੀ ਹੀ ਸੀ ਪਰੰਤੂ ਆਰਾਮ ਆਇਆ ਹੈ, ਉਹ ਫੋੜਾ ਠੀਕ ਹੋਇਆ ਹੈ। ਅਸੀਂ ਕੋਸ਼ਿਸ਼ ਕੀਤੀ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਪੰਜਾਬ ਦੀ ਮਾਲੀ ਹਾਲਾਤ ਸੁਧਾਰਨ ਵਾਸਤੇ ਪੂਰੇ ਯਤਨ ਕਰ ਰਹੀ ਹੈ। ਅਸੀਂ ਇਹ ਵੀ ਯਤਨ ਕੀਤਾ ਹੈ ਕਿ ਖਰਚ ਘਟਾਇਆ ਜਾਵੇ, ਸਾਧਨ ਜੁਟਾਏ ਜਾਣ, ਫਾਲਤੂ ਕਰਜ਼ਾ ਨਾ ਲਈਏ, ਇਨ੍ਹਾਂ ਵਾਂਗੂ ਟੈਕਸ ਨਾ ਲਗਾਈਏ। ਇਸ ਸਭ ਦਾ ਨਤੀਜਾ ਅੱਜ ਤੁਹਾਡੇ ਸਾਹਮਣੇ ਹੈ। ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਹੈ ਕਿ ਸਾਡੇ ਪਹਿਲੇ ਬਜਟ ਨੂੰ ਇਨ੍ਹਾਂ ਵੱਲੋਂ ਐਕਸਪਲਾਇਟ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਇਹ ਕਿਸਾਨ ਮਾਰੂ, ਮੁਲਾਜ਼ਮ ਮਾਰੂ ਹੈ। ਬਹੁਤ ਵਧਾ ਚੜ੍ਹਾ ਕੇ ਗੱਲਾਂ ਕੀਤੀਆਂ ਗਈਆਂ ਸਨ। ਉਸ ਵੇਲੇ ਸਾਡੀ ਮਜਬੂਰੀ ਸੀ ਕਿਉਂਕਿ ਹਾਲਾਤ ਹੀ ਅਜਿਹੇ ਸਨ। ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ 17 ਜਨਵਰੀ ਨੂੰ ਦਿੱਲੀ ਵਿਚ ਸਾਰੇ ਹਿੰਦੁਸਤਾਨ ਦੇ ਸੂਬਿਆਂ ਦੇ ਵਿੱਚ ਮੰਤਰੀਆਂ ਦੀ ਮੀਟਿੰਗ ਹੋਈ ਸੀ। ਇਸ ਮੀਟਿੰਗ ਨੂੰ ਕੇਂਦਰੀ ਵਿੱਤ ਮੰਤਰੀ ਜੀ ਨੇ ਚੇਅਰ ਕੀਤਾ ਸੀ। ਉਸ ਮੀਟਿੰਗ ਵਿਚ ਸਾਡੇ ਬਜਟ ਦੀ ਚਰਚਾ ਹੋਈ ਸੀ ਜਿਹੜਾ ਅਸੀਂ ਤਿਆਰ ਕਰਕੇ ਲੈ ਕੇ ਗਏ ਸੀ। ਉਥੇ ਸਾਡੇ ਬਜਟ ਦੀ ਸਾਰੇ ਹਿੰਦੁਸਤਾਨ ਦੇ ਸੂਬਿਆਂ ਦੇ ਬਜਟ ਨਾਲੋਂ ਵੱਧ ਸ਼ਲਾਘਾ ਕੀਤੀ ਗਈ ਸੀ ਅਤੇ ਇਹ ਫੈਸਲਾ ਕੀਤਾ ਗਿਆ ਸੀ ਕਿ that the Mid-Term Fiscal Reforms Policy as a Model for the Country be adopted. ਉਨ੍ਹਾਂ ਨੇ ਇਸ ਨੂੰ ਅਡਾਪਟ ਕਰਨ ਦਾ ਫੈਸਲਾ ਕੀਤਾ। ਸਪੀਕਰ ਸਾਹਿਬ, ਮੈਂ ਇਹ ਕਹਾਂਗਾ ਕਿ ਅਸੀਂ ਸਾਧਨ ਜੁਟਾਏ ਜਾਣ ਅਤੇ ਖਰਚੇ ਘਟਾਏ ਜਾਣ ਦੀ ਪਾਲਿਸੀ ਤੇ ਚਲਣ ਦੀ ਕੋਸ਼ਿਸ਼ ਕੀਤੀ। ਅਸੀਂ ਰੈਵਨਿਊ ਨੂੰ ਇਨਕਰੀਜ਼ ਕਰਕੇ ਪਿਛਲੀ ਸਰਕਾਰ ਨਾਲੋਂ ਵਧਾ ਕੇ 3181 ਕਰੋੜ ਰੁਪਏ ਤੱਕ ਲੈ ਕੇ ਆਂਦਾ ਹੈ। (ਥੰਪਿੰਗ) ਅਸੀਂ ਫਾਲਤੂ ਖਰਚੇ ਘਟਾ ਕੇ 42 ਕਰੋੜ ਰੁਪਏ ਦੀ ਸੇਵਿੰਗ ਕੀਤੀ ਹੈ। ਸਪੀਕਰ ਸਾਹਿਬ, ਨਾਨ-ਪਲਾਨ ਖਰਚੇ ਨੂੰ ਅਸੀਂ 16% ਤੋਂ ਘਟਾ ਕੇ 2% ਤੱਕ ਲੈ ਕੇ ਆਏ ਹਾਂ। ਇਹ ਕੋਈ ਛੋਟੀ ਗੱਲ ਨਹੀਂ ਹੈ। (ਥੰਪਿੰਗ) ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਵੀ ਜ਼ਿਕਰ

Original with;
Punjab Vidhan Sabha
Digitized by;
Panjab Digital Library

[ ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ ]

ਕੀਤਾ ਸੀ ਕਿ ਰੈਵੇਨਿਊ ਡੈਫੀਸਿਟ, ਇਨ੍ਹਾਂ ਦੇ ਵੇਲੇ ਜਦੋਂ ਇਹ ਸਾਡੇ ਕੋਲ ਛੱਡ ਕੇ ਗਏ ਸਨ, ਉਹ 3781 ਸੀ, ਅਸੀਂ ਉਸਨੂੰ ਘਟਾਇਆ ਔਰ ਘਟਾ ਕੇ 3321 ਤੇ ਲੈ ਕੇ ਆਏ ਹਾਂ ਅਤੇ ਇਸ ਵਿੱਚ 460 ਕਰੋੜ ਰੁਪਏ ਦਾ ਰੈਵੇਨਿਊ ਡੈਫੀਸਿਟ ਘਟਾਇਆ ਹੈ। ਫਿਸਕਲ ਡੈਫੀਸਿਟ 4959 ਕਰੋੜ ਰੁਪਏ ਸੀ ਉਸ ਨੂੰ ਅਸੀਂ 4772 ਕਰੋੜ ਰੁਪਏ ਤੇ ਲੈ ਕੇ ਆਏ ਹਾਂ ਅਤੇ ਇਸ ਵਿੱਚ ਵੀ 487 ਕਰੋੜ ਰੁਪਏ ਘਟਾਏ ਹਨ। ਕਮਿਟਿਡ ਖਰਚੇ ਜਿਨ੍ਹਾਂ ਦਾ ਜ਼ਿਕਰ ਹੁਣ ਹੀ ਮੈਂ ਕਰਕੇ ਹਟਿਆ ਹਾਂ, ਇਥੇ ਰੈਵਨਿਊ ਰਸੀਟ 100 ਰੁਪਏ ਅਤੇ ਖਰਚਾ 118 ਰੁਪਏ ਸੀ। ਇਸ ਵਿੱਚ 18 ਰੁਪਏ ਦਾ ਫਰਕ ਜਿਹੜਾ ਸੀ, ਇਸ ਨੂੰ ਵੀ ਅਸੀਂ ਘਟਾਇਆ ਹੈ ਅਤੇ ਹੁਣ, ਸਪੀਕਰ ਸਾਹਿਬ, ਜੇ ਆਮਦਨ 100 ਰੁਪਏ ਦੀ ਹੈ ਤਾਂ ਸਾਡਾ ਖਰਚਾ ਸਿਰਫ 99 ਰੁਪਏ ਹੈ। ਇਕ ਰੁਪਿਆ ਅਸੀਂ ਆਮਦਨ ਤੋਂ ਨੀਚੇ ਲੈ ਕੇ ਆਏ ਹਾਂ। ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਪਹਿਲਾਂ 52 ਹਜ਼ਾਰ ਕਰੋੜ ਰੁਪਏ ਕਰਜ਼ਾ ਸੀ ਅਤੇ ਹੁਣ ਇਸ ਵਿੱਚ ਹੋਰ ਵਾਧਾ ਅਸੀਂ ਕੀਤਾ ਹੈ। ਸਪੀਕਰ ਸਾਹਿਬ, ਇਸ ਵਿੱਚ ਵਾਧਾ ਹੋਣਾ ਸੁਭਾਵਿਕ ਹੀ ਸੀ, ਕਿਉਂਕਿ ਸਪੀਕਰ ਸਾਹਿਬ, ਸਾਨੂੰ 10 ਕਰੋੜ ਰੁਪਿਆ ਡੇਅਲੀ ਦਾ ਵਿਆਜ ਦੇਣਾ ਪੈ ਰਿਹਾ ਹੈ ਅਤੇ ਡੇਅਲੀ ਮੀਟਰ ਘੁੰਮ ਰਿਹਾ ਹੈ। ਚਾਹੇ ਕੋਈ ਛੁੱਟੀ ਹੋਵੇ, ਚਾਹੇ ਸ਼ਨਿਚਰਵਾਰ ਹੋਵੇ ਜਾਂ ਐਤਵਾਰ ਹੋਵੇ, ਸਾਡਾ 10 ਕਰੋੜ ਰੁਪਏ ਡੇਅਲੀ ਖਰਚਾ ਐਡ ਹੋਣਾ ਹੀ ਹੈ। ਸਪੀਕਰ ਸਾਹਿਬ, ਅਸੀਂ ਇਕ ਦਿਨ ਵਿੱਚ 17 ਕਰੋੜ ਰੁਪਏ ਪੈਨਸ਼ਨਾਂ ਅਤੇ ਤਨਖਾਹਾਂ ਤੇ ਖਰਚ ਕਰ ਰਹੇ ਹਾਂ। ਜੇ ਹੋਰ ਛੋਟਾ ਮੋਟਾ ਖਰਚਾ ਵਿੱਚ ਜਮ੍ਹਾਂ ਕਰ ਲਈਏ ਤਾਂ ਸਪੀਕਰ ਸਾਹਿਬ ਸਾਨੂੰ ਤਕਰੀਬਨ 30 ਕਰੋੜ ਰੁਪਏ ਰੋਜ ਰਲੀਜ਼ ਕਰਨੇ ਪੈਂਦੇ ਹਨ ਜਦ ਕਿ ਆਮਦਨ ਦੇ ਜ਼ਰੀਏ ਘੱਟ ਹਨ ਅਤੇ ਖਰਚੇ ਜ਼ਿਆਦਾ ਹਨ ਤਾਂ ਕੁਦਰਤੀ ਗੱਲ ਹੈ ਕਿ ਇਸ ਨੇ ਵੱਧਣਾ ਹੀ ਹੈ। ਸਪੀਕਰ ਸਾਹਿਬ, ਇਥੇ ਗਰੰਟੀਆਂ ਦੀ ਗੱਲ ਹੋਈ ਹੈ। ਅਸੀਂ ਗਰੰਟੀਆਂ ਵੀ ਘਟਾਈਆਂ ਹਨ। ਪਹਿਲਾਂ ਗਰੰਟੀਆਂ 6816 ਕਰੋੜ ਰੁਪਏ ਦੀਆਂ ਸਨ ਅਤੇ ਅਸੀਂ ਇਸ ਨੂੰ ਘਟਾ ਕੇ 6047 ਕਰੋੜ ਤੇ ਲੈ ਕੇ ਆਏ ਹਾਂ ਭਾਵ 769 ਕਰੋੜ ਰੁਪਏ ਦੀਆਂ ਗਰੰਟੀਆਂ ਵਿੱਚ ਫਰਕ ਪਿਆ ਹੈ। ਸਪੀਕਰ ਸਾਹਿਬ, ਮੈਂ ਓਵਰ ਡਰਾਫਟ ਦੀ ਗੱਲ ਕਰਦਾ ਹਾਂ। ਪਹਿਲਾਂ, ਸਪੀਕਰ ਸਾਹਿਬ, ਜੇ 12 ਦਿਨ ਓਵਰ ਡਰਾਫਟ ਦੇ ਲੰਘ ਜਾਣ ਤਾਂ ਰਿਜ਼ਰਵ ਬੈਂਕ ਖਜ਼ਾਨੇ ਨੂੰ ਬੰਦ ਕਰ ਦਿੰਦਾ ਹੈ। ਇਨ੍ਹਾਂ ਦੀ ਸਰਕਾਰ ਵੇਲੇ, ਸਪੀਕਰ ਸਾਹਿਬ, ਇਹ ਜਿਹੜਾ ਓਵਰ ਡਰਾਫਟ ਸੀ, ਉਸ ਸਮੇਂ 365 ਦਿਨਾਂ ਵਿੱਚੋਂ 144 ਦਿਨ ਖਜ਼ਾਨਾ ਬੰਦ ਰਿਹਾ ਹੈ। ਮੈਂ ਕਹਿ ਸਕਦਾ ਹਾਂ ਕਿ ਅਸੀਂ ਇਸ ਨੂੰ ਘਟਾਇਆ ਹੈ ਅਤੇ 55 ਦਿਨ ਤੇ ਲੈ ਕੇ ਆਏ ਹਾਂ। ਓਵਰ ਡਰਾਫਟ ਸਾਡੇ ਵੇਲੇ ਵੀ ਹੋਇਆ ਹੈ ਪਰ ਅਸੀਂ ਇਸ ਵਿੱਚ ਕਮੀ ਲੈ ਕੇ ਆਏ ਹਾਂ। ਸਪੀਕਰ ਸਾਹਿਬ, ਅਸੀਂ ਇਕ ਬੜੀ ਵਧੀਆ ਸਕੀਮ ਜਾਰੀ ਕੀਤੀ ਹੈ। ਉਹ ਇਹ ਕਿ ਜਿਹੜਾ ਪਹਿਲਾਂ ਹਾਈ ਕਾਸਟ ਕਰਜ਼ਾ, ਭਾਵ ਜਿਸ ਤੇ ਜ਼ਿਆਦਾ ਵਿਆਜ ਲਗਦਾ ਹੈ, 13% ਤੋਂ ਜ਼ਿਆਦਾ ਵਿਆਜ ਜਿਸ ਤੇ ਦੇਣਾ ਪੈਂਦਾ ਹੈ, ਉਸ ਨੂੰ ਅਸੀਂ ਘਟਾ ਕੇ ਲੋਅ ਕਾਸਟ ਤੇ ਲਿਆਉਣ ਦੀ ਪ੍ਰਕ੍ਰਿਆ ਸ਼ੁਰੂ ਕੀਤੀ ਹੈ ਅਤੇ ਸਪੀਕਰ ਸਾਹਿਬ, ਤੁਹਾਨੂੰ ਖੁਸ਼ੀ ਹੋਵੇਗੀ ਕਿ ਪਹਿਲੇ ਸਾਲ ਵਿਚ ਹੀ ਅਸੀਂ ਇਕ ਹਜ਼ਾਰ ਕਰੋੜ ਰੁਪਏ ਨੂੰ ਹਾਈ ਕਾਸਟ ਤੋਂ ਲੋਅ ਕਾਸਟ ਕਰਜ਼ੇ ਵਿੱਚ ਤਬਦੀਲ ਕੀਤਾ ਹੈ ਜਿਸ ਨਾਲ 70 ਕਰੋੜ ਰੁਪਏ ਦੀ ਬਚਤ ਹੋਈ ਹੈ ਅਤੇ ਸਾਡਾ ਟੀਚਾ ਹੈ ਕਿ ਆਉਣ ਵਾਲੇ ਤਿੰਨ ਸਾਲਾਂ ਵਿੱਚ ਅਸੀਂ 14 ਹਜ਼ਾਰ ਰੁਪਏ ਦੇ ਕਰਜ਼ੇ ਨੂੰ ਹਾਈ ਕਾਸਟ ਤੋਂ ਲੋਅ ਕਾਸਟ ਵਿੱਚ ਤਬਦੀਲ ਕਰਾਉਣ ਦੀ ਕੋਸ਼ਿਸ਼ ਕਰਾਂਗੇ ਜਿਸ ਕਾਰਨ 700 ਕਰੋੜ ਰੁਪਏ ਪ੍ਰਤੀ ਸਾਲ ਬਚਤ ਹੋਵੇਗੀ। (ਥੰਪਿੰਗ) ਸਪੀਕਰ ਸਾਹਿਬ, ਇੱਥੇ ਜ਼ਿਕਰ ਕੀਤਾ ਗਿਆ ਕਿ ਇਥੇ ਡਿਵੈਲਪਮੈਂਟ ਕਿਸ ਤਰ੍ਹਾਂ ਹੋਵੇਗੀ। ਸਪੀਕਰ ਸਾਹਿਬ, ਅਸੀਂ ਇਸ ਸਾਲ ਨੂੰ ਡਿਵੈਲਪਮੈਂਟ ਦਾ ਸਾਲ ਮਨਾਉਣ ਬਾਰੇ ਐਲਾਨ ਕੀਤਾ ਹੈ। ਡਿਵੈਲਪਮੈਂਟ ਦਾ ਸਾਲ ਇਨ੍ਹਾਂ ਨੇ ਵੀ ਮਨਾਇਆ ਸੀ। ਬਾਦਲ ਸਾਹਿਬ ਨੇ ਮਜਬੂਰੀ ਵਿੱਚ

Original with;
Punjab Vidhan Sabha
Digitized by:

ਕਿਹਾ ਸੀ ਕਿ ਇਹ ਸਾਡਾ ਜਿਹੜਾ ਆਖਰੀ ਸਾਲ ਹੈ, ਇਹ ਵਿਕਾਸ ਦਾ ਹੋਵੇਗਾ। ਸਪੀਕਰ ਸਾਹਿਬ, ਇਸ ਤੋਂ ਤੁਸੀਂ ਖੁਦ ਅੰਦਾਜ਼ਾ ਲਗਾ ਸਕਦੇ ਹੋ ਕਿ ਇਨ੍ਹਾਂ ਨੇ ਖੁਦ ਮੰਨਿਆ ਕਿ ਪਹਿਲੇ ਚਾਰ ਸਾਲ ਅਸੀਂ ਕੋਈ ਸਵਾਹ ਨਹੀਂ ਉਡਾਈ, ਕੋਈ ਡਿਵੈਲਪਮੈਂਟ ਨਹੀਂ ਕੀਤੀ ਅਤੇ ਅਖੀਰਲੇ ਸਾਲ ਵਿੱਚ ਇਨ੍ਹਾਂ ਨੂੰ ਡਿਵੈਲਪਮੈਂਟ ਕਰਨੀ ਪਈ ਕਿਉਂਕਿ ਇਲੈਕਸ਼ਨ ਨੇੜੇ ਸਨ ਅਤੇ ਇਨ੍ਹਾਂ ਦੀ ਮਜਬੂਰੀ ਸੀ। ਫਿਰ ਇਸ ਤਰ੍ਹਾਂ ਡਿਵੈਲਪਮੈਂਟ ਹੋਈ, ਸੰਗਤ ਦਰਸ਼ਨਾਂ ਵਿੱਚ ਪੈਸਾ ਕਿਸ ਤਰ੍ਹਾਂ ਉਡਾਇਆ ਗਿਆ, ਇਹ ਵੱਖਰਾ ਸਵਾਲ ਹੈ ਪਰ ਸਾਡੀ ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਰਹਿਨੁਮਾਈ ਥੱਲੇ ਦੂਸਰੇ ਸਾਲ ਨੂੰ ਹੀ ਬਤੌਰ ਡਿਵੈਲਪਮੈਂਟ ਦਾ ਸਾਲ ਮਨਾਉਣ ਦਾ ਫੈਸਲਾ ਕੀਤਾ ਹੈ। ਤੁਸੀਂ ਦੇਖਣਾ ਕਿ ਕਿਸ ਤਰ੍ਹਾਂ ਅਸੀਂ ਕਾਮਯਾਬ ਹੋਵਾਂਗੇ ਅਤੇ ਕਿਸ ਤਰ੍ਹਾਂ ਵਿਕਾਸ ਹੋਵੇਗਾ। ਅਸੀਂ ਯਤਨ ਕਰ ਰਹੇ ਹਾਂ ਕਿ ਕਿੱਥੋਂ-ਕਿਥੋਂ ਪੈਸਾ ਇਕੱਠਾ ਕਰਨਾ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸਮਾਲ ਸੇਵਿੰਗ ਦੀ ਇਕ ਮੱਦ ਹੈ। ਸਮਾਲ ਸੇਵਿੰਗ ਇੱਕ ਐਸੀ ਮੱਦ ਜਿਸ ਵਿੱਚ 28 ਫਰਵਰੀ, 2003 ਤੱਕ 2627 ਕਰੋੜ ਰੁਪਏ ਦੀ ਨੈਟ ਕੁਲੈਕਸ਼ਨ ਹੋਈ ਔਰ ਪਿਛਲੇ ਸਾਲ ਸਿਰਫ 1781 ਕਰੋੜ ਰੁਪਏ ਦੀ ਹੋਈ ਸੀ। ਇਸ ਤਰ੍ਹਾਂ ਇਸ ਸਾਲ ਇਸ ਵਿੱਚ 846 ਕਰੋੜ ਰੁਪਏ ਦਾ ਵਾਧਾ ਹੋਇਆ ਹੈ। (ਥੰਪਿੰਗ) ਜਿੰਨੀ ਸਮਾਲ ਸੇਵਿੰਗ ਕੀਤੀ ਜਾਂਦੀ ਹੈ, ਉਸ ਵਿੱਚ ਗੌਰਮਿੰਟ ਆਫ ਇੰਡੀਆ ਬਰਾਬਰ ਮਦਦ ਦਿੰਦੀ ਹੈ। ਅਸੀਂ ਇਸ ਨੂੰ ਵਿਕਾਸ ਵਜੋਂ ਇਸਤੇਮਾਲ ਕਰ ਰਹੇ ਹਾਂ। ਸਪੀਕਰ ਸਾਹਿਬ, ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਜਿਹੜੀਆਂ ਮਲਟੀ ਨੈਸ਼ਨਲ ਫੰਡਿੰਗ ਏਜੰਸੀਆਂ ਸਨ, ਸਾਹਮਣੇ ਬੈਠੇ ਵੀਰਾਂ ਦੀ ਮਿਹਰਬਾਨੀ ਨਾਲ ਉਨ੍ਹਾਂ ਨੇ ਸਾਡੇ ਵੱਲ ਤਵੱਜੋਂ ਬਿਲਕੁਲ ਬੰਦ ਕਰ ਦਿੱਤੀ ਸੀ, ਸਾਡੇ ਨਾਲ ਗੱਲ ਕਰਨੀ ਬੰਦ ਕਰ ਦਿੱਤੀ ਸੀ, ਸਾਡੇ ਲਈ ਦਰਵਾਜ਼ੇ ਬੰਦ ਕਰ ਦਿੱਤੇ ਸਨ ਪਰ ਅਸੀਂ ਕੁਝ ਮਈਅਰਜ਼ ਚੁੱਕੇ ਹਨ। ਭਾਵੇਂ ਹਾਰਡ ਮਈਅਰਜ਼ ਚੁੱਕੇ ਹਨ ਔਰ ਕੈਪਟਨ ਅਮਰਿੰਦਰ ਸਿੰਘ ਜੀ ਰਹਿਨੁਮਾਈ ਵਿੱਚ ਉਹ ਦਰਵਾਜ਼ੇ ਖੁਲਵਾਏ ਹਨ। (ਥੰਪਿੰਗ) ਵਰਲਡ ਬੈਂਕ ਨੇ ਸਾਡੇ ਨਾਲ ਹੁਣ ਗੱਲ ਸ਼ੁਰੂ ਕੀਤੀ ਹੈ। ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਪਿਛਲੇ ਪੰਜ ਸਾਲਾਂ ਵਿੱਚ ਪੰਜ ਰੁਪਏ ਵੀ ਵਰਲਡ ਬੈਂਕ ਨੇ ਪੰਜਾਬ ਸਰਕਾਰ ਨੂੰ ਨਹੀਂ ਦਿੱਤੇ ਸਨ ਪਰ ਅੱਜ ਅਸੀਂ ਵਰਲਡ ਬੈਂਕ ਨਾਲ ਮੀਟਿੰਗ ਕਰ ਰਹੇ ਹਾਂ। ਉਨ੍ਹਾਂ ਨੇ ਪੰਜਾਬ ਵਿੱਚ ਆਪਣੀ ਟੀਮ ਭੇਜੀ ਸੀ। ਉਸ ਟੀਮ ਨੇ ਸਾਰਾ ਸਰਵੇ ਕੀਤਾ। ਸਾਡਾ ਹਿਸਾਬ ਕਿਤਾਬ ਸਮਝਣ ਦੀ ਉਨ੍ਹਾਂ ਨੇ ਕੋਸ਼ਿਸ਼ ਕੀਤੀ ਔਰ ਵਿਸ਼ਵਾਸ ਦਿਵਾਇਆ ਕਿ ਅਸੀਂ ਤੁਹਾਡੀ ਮਦਦ ਕਰਾਂਗੇ। (ਥੰਪਿੰਗ) ਇੱਥੇ ਕੈਪਟਨ ਕੰਵਲਜੀਤ ਸਿੰਘ ਜੀ ਨੇ ਕਿਹਾ ਸੀ ਕਿ ਵਰਲਡ ਬੈਂਕ ਤੋਂ ਇਹ ਲੋਨ ਦੀ ਗੱਲ ਕਰਦੇ ਹਨ ਪਰ ਇਨ੍ਹਾਂ ਨੇ ਕੋਈ ਪ੍ਰਾਜੈਕਟ ਤਾਂ ਬਣਾਇਆ ਨਹੀਂ, ਕੋਈ ਸਕੀਮ ਤਾਂ ਬਣਾਈ ਨਹੀਂ। ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ 5000 ਕਰੋੜ ਰੁਪਏ ਦੀਆਂ ਸਕੀਮਾਂ ਵਰਲਡ ਬੈਂਕ ਨੂੰ ਬਣਾ ਕੇ ਭੇਜੀਆਂ ਹਨ ਜਿਸ ਵਿੱਚ ਪੇਂਡੂ ਜਲ ਸਪਲਾਈ ਵਾਸਤੇ 688 ਕਰੋੜ ਰੁਪਏ ਦੀ ਸਕੀਮ ਭੇਜੀ ਹੈ। ਸਾਨੂੰ ਆਸ ਹੈ ਕਿ ਇਸ ਦੀ ਜਲਦੀ ਪ੍ਰਵਾਨਗੀ ਹੋਵੇਗੀ। ਇਸ ਦੇ ਨਾਲ ਹੀ ਫੋਰ ਲੇਨਿੰਗ ਸੜਕਾਂ, ਫਲਾਈ ਓਵਰ ਵਾਸਤੇ ਅਸੀਂ 1100 ਕਰੋੜ ਰੁਪਏ ਦੀ ਸਕੀਮ ਭੇਜੀ ਹੈ। ਪਾਵਰ ਸੈਕਟਰ ਵਿੱਚ ਸੁਧਾਰ ਲਿਆਉਣ ਲਈ, ਬਿਜਲੀ ਵਿੱਚ ਸੁਧਾਰ ਕਰਨ ਵਾਸਤੇ ਅਸੀਂ 1000 ਕਰੋੜ ਰੁਪਏ ਦੀ ਸਕੀਮ ਭੇਜੀ ਹੈ। ਸਪੀਕਰ ਸਾਹਿਬ, ਸ਼ਹਿਰੀ ਬੁਨਿਆਦੀ ਢਾਂਚੇ ਵਿੱਚ ਸੁਧਾਰ ਲਿਆਉਣ ਲਈ, ਸ਼ਹਿਰਾਂ ਦੀ ਤਰੱਕੀ ਵਾਸਤੇ, ਸੀਵਰੇਜ ਵਾਸਤੇ, ਸਲੱਮਜ਼ ਵਾਸਤੇ ਅਸੀਂ 2200 ਕਰੋੜ ਰੁਪਏ ਦੀ ਸਕੀਮ ਭੇਜੀ ਹੈ। ਇਸ ਤਰ੍ਹਾਂ ਕੁੱਲ 5000 ਕਰੋੜ ਰੁਪਏ ਦੀਆਂ ਸਕੀਮਾਂ ਵਰਲਡ ਬੈਂਕ ਨੂੰ ਭੇਜੀਆਂ ਹਨ। ਕੈਪਟਨ ਅਮਰਿੰਦਰ ਸਿੰਘ ਜੀ ਦੀ ਰਹਿਨੁਮਾਈ ਹੇਠ ਅਸੀਂ ਯਤਨਸ਼ੀਲ ਹਾਂ ਕਿ ਛੇਤੀ ਤੋਂ ਛੇਤੀ ਵਰਲਡ ਬੈਂਕ ਔਰ ਦੂਸਰੀਆਂ ਫੰਡਿੰਗ ਏਜੰਸੀਆਂ ਪੰਜਾਬ ਦੀ ਡਿਵੈਲਪਮੈਂਟ ਵਾਸਤੇ ਸਾਡਾ ਸਹਿਯੋਗ ਦੇਣਗੀਆਂ।

Original with;
Punjab Vidhan Sabha
Digitized by;
Panjab Digital Library

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ ]

ਸਪੀਕਰ ਸਾਹਿਬ, ਹੁਣ ਮੈਂ ਪਿਛਲੇ ਸਾਲ ਦੀ ਕਾਰਗੁਜ਼ਾਰੀ ਬਾਰੇ ਅਤੇ ਅਗਲੇ ਸਾਲ ਸਾਡੇ ਵੱਲੋਂ ਕੀਤੇ ਜਾ ਰਹੇ ਪ੍ਰੋਗਰਾਮ ਬਾਰੇ ਦੱਸਣਾ ਚਾਹੁੰਦਾ ਹਾਂ। ਮੈਂ ਇਨ੍ਹਾਂ ਕੁਝ ਮੱਦਾਂ ਤੇ ਤੁਹਾਡਾ ਧਿਆਨ ਦਿਵਾਵਾਂਗਾ। ਸਪੀਕਰ ਸਾਹਿਬ, ਇੱਥੇ ਕਿਹਾ ਗਿਆ ਕਿ ਪੰਚਾਇਤ ਰਾਜ ਸੰਸਥਾਵਾਂ ਲਈ ਫੰਡਜ਼ ਨਹੀਂ ਉਪਲਬਧ ਕਰਵਾਏ ਗਏ। ਸਪੀਕਰ ਸਾਹਿਬ, ਕੈਪਟਨ ਕੰਵਲਜੀਤ ਸਿੰਘ ਜੀ ਨੂੰ ਪਤਾ ਨਹੀਂ ਫਿਗਰਾਂ ਨਹੀਂ ਲੱਭਦੀਆਂ, ਟਾਰਚ ਨਾਲ ਵੀ ਉਹ ਦੇਖਦੇ ਹਨ ਪਰ ਉਨ੍ਹਾਂ ਨੂੰ ਕੁਝ ਨਜ਼ਰ ਨਹੀਂ ਆਉਂਦਾ। ਪਤਾ ਨਹੀਂ ਕਿਹੜੇ ਹਨੇਰੇ ਵਿੱਚ ਫਿਰਦੇ ਹਨ। ਗੱਲ ਨੂੰ ਇਹ ਤਰੋੜ ਮਰੋੜ ਕੇ ਪੇਸ਼ ਕਰਦੇ ਹਨ। ਪੰਚਾਇਤ ਰਾਜ ਸੰਸਥਾਵਾਂ ਵਾਸਤੇ ਅਸੀਂ ਹੁਣ ਤੱਕ 110 ਕਰੋੜ ਰੁਪਏ ਰਿਲੀਜ਼ ਕੀਤਾ ਹੈ ਔਰ ਅਗਲੇ ਸਾਲ 381 ਕਰੋੜ ਰੁਪਿਆ ਰਿਲੀਜ਼ ਕਰ ਰਹੇ ਹਾਂ। ਇਸ ਵਿੱਚ 120 ਕਰੋੜ ਰੁਪਿਆ ਵਿਕਾਸ ਫੰਡ ਵੀ ਸ਼ਾਮਲ ਹੈ ਤਾਂ ਕਿ ਪਿੰਡਾਂ ਦੀ ਡਿਵੈਲਪਮੈਂਟ ਕੀਤੀ ਜਾ ਸਕੇ। ਨਗਰ ਪਾਲਿਕਾਵਾਂ ਅਤੇ ਕਾਰਪੋਰੇਸ਼ਨਾਂ ਲਈ ਅਸੀਂ ਹੁਣ ਤੱਕ 114 ਕਰੋੜ ਰੁਪਏ ਜਾਰੀ ਕੀਤੇ ਹਨ ਅਤੇ ਅਗਲੇ ਸਾਲ ਅਸੀਂ 162 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ। ਅਨੁਸੂਚਿਤ ਜਾਤੀਆਂ ਵਾਸਤੇ ਅਸੀਂ ਇੱਥੇ ਕਿਹਾ ਸੀ ਕਿ ਇਨ੍ਹਾਂ ਦੀ 31% ਆਬਾਦੀ ਹੈ, ਇਨ੍ਹਾਂ ਵਾਸਤੇ ਪੈਸੇ ਥੋੜ੍ਹੇ ਹਨ ਪਰ, ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਵੇਲੇ ਸਿਰਫ 25 ਕਰੋੜ ਰੁਪਏ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਵਾਸਤੇ ਰੱਖੇ ਗਏ ਸਨ ਜਦ ਕਿ ਪਿਛਲੇ ਸਾਲ ਅਸੀਂ ਇਨ੍ਹਾਂ ਤੇ 61 ਕਰੋੜ ਰੁਪਿਆ ਖਰਚਿਆ ਹੈ ਔਰ ਆਉਣ ਵਾਲੇ ਸਾਲ ਵਿੱਚ 90 ਕਰੋੜ ਰੁਪਏ ਦੀ ਪ੍ਰੋਵੀਜ਼ਨ ਕੀਤੀ ਹੈ। (ਥੰਪਿੰਗ) ਇਸੇ ਤਰ੍ਹਾਂ ਹਾਊਸਿਜ਼ ਦੀ ਸਕੀਮ ਹੈ ਜਿਸ ਵਿੱਚ 10 ਮਰਲੇ ਦੇ ਪਲਾਟਾਂ ਵਾਸਤੇ 25,000 ਰੁਪਏ ਅਤੇ ਮਕਾਨ ਬਣਾਉਣ ਵਾਸਤੇ 20,000 ਰੁਪਏ ਦੋ ਕਿਸ਼ਤਾਂ ਵਿੱਚ ਦਿੱਤੇ ਜਾਣਗੇ। ਦਸ ਹਜ਼ਾਰ ਦੀਆਂ ਦੋ ਕਿਸ਼ਤਾਂ ਹੋਣਗੀਆਂ। ਇਸ ਤਰ੍ਹਾਂ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਵਾਸਤੇ ਅਸੀਂ ਕੁੱਲ 820 ਕਰੋੜ ਰੁਪਏ ਖਰਚਣ ਦਾ ਪ੍ਰੋਗਰਾਮ ਬਣਾਇਆ ਹੈ। (ਥੰਪਿੰਗ) ਪੇਂਡੂ ਜਲ ਸਪਲਾਈ ਲਈ ਪਿਛਲੇ ਸਾਲ ਹੁਣ ਤੱਕ 98 ਕਰੋੜ ਰੁਪਏ ਰਿਲੀਜ਼ ਕੀਤੇ ਹਨ। 102 ਕਰੋੜ ਰੁਪਏ ਦੀ ਅਗਲੇ ਸਾਲ 2003-04 ਲਈ ਪ੍ਰੋਵੀਜ਼ਨ ਰੱਖੀ ਹੈ। ਇਥੇ ਟਿਊਬਵੈੱਲ ਕਾਰਪੋਰੇਸ਼ਨ ਦੇ ਟਿਊਬਵੈਲਾਂ ਦਾ ਜ਼ਿਕਰ ਆਇਆ। ਇਹ ਠੀਕ ਹੈ ਕਿ ਬਹੁਤ ਸਾਰੇ ਪੁਰਾਣੇ ਟਿਊਬਵੈਲ ਬੰਦ ਹੋ ਚੁੱਕੇ ਹਨ ਔਰ ਬਹੁਤ ਸਾਰੇ ਨਵੇਂ ਟਿਊਬਵੈਲਾਂ ਦੀ ਲੋੜ ਹੈ। ਇਸ ਲਈ, ਸਪੀਕਰ ਸਾਹਿਬ, ਅਗਲੇ ਸਾਲ ਅਸੀਂ ਟਿਊਬਵੈਲ ਕਾਰਪੋਰੇਸ਼ਨ ਵਾਸਤੇ 21.38 ਕਰੋੜ ਰੁਪਏ ਦਾ ਉਪਬੰਧ ਕੀਤਾ ਹੈ।

ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਅਤੇ ਅੰਗਹੀਣ ਲੋਕਾਂ ਵਾਸਤੇ ਅਸੀਂ 116 ਕਰੋੜ ਰੁਪਏ ਹੁਣ ਤੱਕ ਰਿਲੀਜ਼ ਕਰ ਚੁੱਕੇ ਹਾਂ ਔਰ ਸਪੀਕਰ ਸਾਹਿਬ, ਅਸੀਂ ਫੈਸਲਾ ਕੀਤਾ ਹੈ ਕਿ 31 ਦਸੰਬਰ, 2002 ਤੱਕ ਜਿੰਨਾ ਵੀ ਬੈਕਲਾਗ ਹੈ, ਅਸੀਂ ਹੁਣੇ ਹੀ ਉਸ ਨੂੰ ਕੰਪਲੀਟ ਕਰਾਂਗੇ। (ਥੰਪਿੰਗ) ਅਗਲੇ ਸਾਲ ਇਸ ਵਾਸਤੇ 195 ਕਰੋੜ ਰੁਪਏ ਦਾ ਹੋਰ ਪ੍ਰਬੰਧ ਕੀਤਾ ਹੈ।

ਤਿੰਨ ਮੈਡੀਕਲ ਕਾਲਜਾਂ ਦੀ ਅਪਗ੍ਰੇਡੇਸ਼ਨ ਵਾਸਤੇ ਅਸੀਂ 32 ਕਰੋੜ ਰੁਪਏ ਰਿਲੀਜ਼ ਕਰ ਚੁੱਕੇ ਹਾਂ।

ਸਪੀਕਰ ਸਾਹਿਬ, ਪੁਲਿਸ ਦੀ ਹਾਲਤ ਨੂੰ ਸੁਧਾਰਨ ਵਾਸਤੇ, ਉਨ੍ਹਾਂ ਕੋਲ ਅੱਛੇ ਹਥਿਆਰ ਹੋਣ, ਅੱਛਾ ਸਾਜ਼ੋ-ਸਮਾਨ ਹੋਵੇ, ਇਸ ਵਾਸਤੇ 103 ਕਰੋੜ ਰੁਪਿਆ ਖਰਚਿਆ ਹੈ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਸਾਡੇ ਤੇ ਇਹ ਇੱਕ ਬਹੁਤ ਵੱਡੀ ਲਾਇਬਿਲਟੀ ਛੱਡ ਕੇ ਚਲੇ ਗਏ ਸਨ। ਸ਼ੈਲਰਾਂ ਵਾਲੇ ਜਿਹੜੀ ਲੈਵੀ ਰਾਈਸ ਗੌਰਮਿੰਟ ਆਫ ਇੰਡੀਆ ਨੂੰ ਦਿੰਦੇ ਹਨ, ਉਸ ਦਾ 213 ਕਰੋੜ ਰੁਪਿਆ ਇਨ੍ਹਾਂ ਦੀ ਸਰਕਾਰ ਵੇਲੇ ਇਨ੍ਹਾਂ ਦੇ ਕੋਲ ਆਇਆ ਸੀ ਪਰ ਇਨ੍ਹਾਂ ਨੇ ਉਹ ਸੰਗਤ ਦਰਸ਼ਨ ਵਿੱਚ ਵਰਤ ਲਿਆ। ਉਹ 6 ਮਹੀਨੇ ਭਟਕਦੇ ਰਹੇ ਔਰ ਉਨ੍ਹਾਂ ਦਾ ਪੈਸਾ, ਉਨ੍ਹਾਂ ਦੀ ਪੂੰਜੀ ਇਹ ਹੜੱਪ ਕਰਕੇ ਚਲੇ ਗਏ। ਜੇ ਅਸੀਂ ਉਨ੍ਹਾਂ ਦੀ ਗੱਲ ਨਾ ਸੁਣਦੇ, ਉਨ੍ਹਾਂ ਨੂੰ ਪੈਸਾ ਨਾ ਰਿਲੀਜ਼ ਕਰਦੇ ਤਾਂ ਉਨ੍ਹਾਂ ਦੇ ਸ਼ੈਲਰ ਨਹੀਂ ਸੀ ਚੱਲ ਸਕਦੇ। ਇਹ 213 ਕਰੋੜ ਰੁਪਏ ਦੀ ਜ਼ਿੰਮੇਵਾਰੀ ਸਾਡੇ ਤੇ ਪਾ ਕੇ ਚਲੇ ਗਏ। ਉਹ ਵੀ ਅਸੀਂ ਆ ਕੇ ਰਿਲੀਜ਼ ਕੀਤੀ।

ਬਾਰਡਰ ਦੇ 3 ਜ਼ਿਲ੍ਹਿਆਂ ਵਿੱਚ 24 ਘੰਟੇ ਬਿਜਲੀ ਦੀ ਸੁਵਿਧਾ ਦੇਣ ਵਾਸਤੇ 20 ਕਰੋੜ ਰੁਪਿਆ ਰਿਲੀਜ਼ ਕਰ ਦਿੱਤਾ ਹੈ।

ਸਰਬ ਸਿੱਖਿਆ ਅਭਿਆਨ ਵਾਸਤੇ, ਕੱਲ੍ਹ ਸ਼੍ਰੀ ਖੁਸ਼ਹਾਲ ਬਹਿਲ, ਸਿੱਖਿਆ ਮੰਤਰੀ ਜੀ ਨੇ ਵੀ ਦੱਸਿਆ ਹੈ, ਤਕਰੀਬਨ 135 ਕਰੋੜ ਰੁਪਿਆ ਅਸੀਂ ਇਸ ਤੇ ਖਰਚ ਕਰ ਚੁੱਕੇ ਹਾਂ।

ਸਪੀਕਰ ਸਾਹਿਬ, ਰਾਜਨੀਤੀ ਅੰਦਰ, ਡੈਮੋਕਰੇਸੀ ਅੰਦਰ ਹਾਰ ਜਿੱਤ ਬਣੀ ਹੋਈ ਹੈ। ਇਥੇ ਬਾਦਲ ਸਾਹਿਬ ਨੇ ਬੋਲਦੇ ਹੋਏ ਜਮਹੂਰੀ ਕਦਰਾਂ ਕੀਮਤਾਂ ਦੀ ਗੱਲ ਕੀਤੀ ਸੀ, ਲੋਕ-ਰਾਜੀ ਪਰੰਪਰਾਵਾਂ ਦੀ ਗੱਲ ਕੀਤੀ ਸੀ ਪਰ ਸਪੀਕਰ ਸਾਹਿਬ, ਇਹ ਹਾਰ ਜਿਹੜੀ ਹੋਈ ਹੈ, ਇਸ ਹਾਰ ਨੂੰ ਇਹ ਬਰਦਾਸ਼ਤ ਨਹੀਂ ਕਰ ਸਕੇ। ਇਸ ਹਾਰ ਨੂੰ ਬਰਦਾਸ਼ਤ ਨਾ ਕਰਦੇ ਹੋਏ ਇਨ੍ਹਾਂ ਨੇ ਫੈਸਲਾ ਕਰ ਲਿਆ ਕਿ ਪੰਜਾਬ ਨੂੰ ਅਸੀਂ ਸਬਕ ਸਿਖਾਉਣਾ ਹੈ, ਪੰਜਾਬ ਦੇ ਲੋਕਾਂ ਨਾਲ, ਖਾਸ ਕਰਕੇ ਕਿਸਾਨਾਂ ਨਾਲ ਇਨ੍ਹਾਂ ਨੇ ਕਿੜ੍ਹ ਕੱਢਣੀ ਸ਼ੁਰੂ ਕਰ ਦਿੱਤੀ। ਸਪੀਕਰ ਸਾਹਿਬ, ਇਨ੍ਹਾਂ ਨੇ ਬਹੁਤ ਕਿਹਾ ਕਿ ਸਾਡੀ ਐਨ.ਡੀ.ਏ. ਸਰਕਾਰ ਹੈ, ਦਿੱਲੀ ਸਰਕਾਰ ਸਾਡੀ ਸਰਕਾਰ ਹੈ ਔਰ ਉਸ ਨੂੰ ਇਸਤੇਮਾਲ ਕਰਕੇ ਸਾਡੀ ਸਰਕਾਰ ਨੂੰ ਖੱਜਲ ਖੁਆਰ ਕਰਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਦਾ ਸਾਡੇ ਨਾਲ ਕੋਈ ਗਿਲਾ ਹੈ ਸਾਡੇ ਨਾਲ ਕਰਨ ਪਰ ਪੰਜਾਬ ਦੇ ਲੋਕਾਂ ਨੂੰ ਖਰਾਬ ਨਾ ਕਰਨ। ਪੰਜਾਬ ਦੇ ਕਿਸਾਨ ਨੂੰ ਖੱਜਲ ਖੁਆਰ ਨਾ ਕਰਨ। ਮੇਰਾ ਇਨ੍ਹਾਂ ਤੇ ਇਲਜ਼ਾਮ ਹੈ ਕਿ ਇਹ ਦਿੱਲੀ ਦੀ ਸਰਕਾਰ ਨਾਲ ਰਲ ਕੇ, ਆਪਣੇ ਭਾਈਵਾਲ ਦਾ ਫਾਇਦਾ ਉਠਾ ਕੇ ਇਹ ਪੰਜਾਬ ਦੇ ਕਿਸਾਨ ਨੂੰ ਬਰਬਾਦ ਕਰਨ ਵਿੱਚ ਲੱਗੇ ਹੋਏ ਹਨ ਸਬਕ ਸਿਖਾਉਣ ਲੱਗੇ ਹੋਏ ਹਨ। ਮੇਰਾ ਇਹ ਇਲਜ਼ਾਮ ਹੈ। ਸਪੀਕਰ ਸਾਹਿਬ, ਮੇਰੇ ਕੋਲ ਉਦਾਹਰਨ ਹੈ। ਇਥੇ ਐਮ.ਐਸ.ਪੀ. ਦਾ ਜਿਹੜਾ 1966 ਤੋਂ ਕਾਂਗਰਸ ਸਰਕਾਰ ਵੇਲੇ ਦਾ ਸਿਸਟਮ ਬਣਿਆ ਸੀ ਕਿ ਐਮ.ਐਸ.ਪੀ. ਵਧਦੀ ਰਹੀ ਹੈ। ਸਪੀਕਰ ਸਾਹਿਬ, ਕਦੇ ਐਸਾ ਮੌਕਾ ਨਹੀਂ ਆਇਆ ਕਿ ਕਿਸੇ ਸਾਲ ਐਮ.ਐਸ.ਪੀ. ਵਿੱਚ ਵਾਧਾ ਨਾ ਹੋਇਆ ਹੋਵੇ। ਜਦੋਂ ਦੀ ਸਾਡੀ ਸਰਕਾਰ ਆਈ ਹੈ, ਜਦੋਂ ਦੇ ਇਹ ਵਿਚਾਰੇ ਮਹਾਂਪੁਰਸ਼ ਇਧਰੋਂ ਉਠ ਕੇ ਉਧਰ ਚਲੇ ਗਏ ਹਨ ਤਾਂ ਇਨ੍ਹਾਂ ਨੇ ਫੈਸਲਾ ਕਰ ਲਿਆ ਕਿ ਐਮ.ਐਸ.ਪੀ. ਵਧਣ ਨਹੀਂ ਦੇਣੀ, ਪੰਜਾਬ ਦਾ ਕਿਸਾਨ ਭਾਵੇਂ ਡੂੰਘੇ ਖੂਹ ਵਿੱਚ ਜਾਵੇ, ਪੰਜਾਬ ਭਾਵੇਂ ਬਰਬਾਦ ਹੋ ਜਾਵੇ। ਇਨ੍ਹਾਂ ਨੇ ਉਨ੍ਹਾਂ ਨੂੰ ਸਬਕ ਸਿਖਾਉਣ ਦਾ ਫੈਸਲਾ ਕੀਤਾ ਹੈ ਔਰ ਉਥੇ ਜਾ ਕੇ ਸਾਜ਼ਿਸ਼ ਕਰਦੇ ਹਨ ਕਿ ਐਮ.ਐਸ.ਪੀ. ਨਾ ਵਧੇ। ਐਮ.ਐਸ.ਪੀ. ਨੂੰ ਵਧਾਉਣ ਵਾਸਤੇ, ਸਪੀਕਰ ਸਾਹਿਬ, ਇਹ ਸਾਡੀ ਸਰਕਾਰ ਦੇ ਸਾਡੇ ਪਹਿਲੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਹਨ, ਜਿਨ੍ਹਾਂ ਨੇ ਆਪਣੀ ਸਾਰੀ ਸਰਕਾਰ ਨੂੰ ਨਾਲ ਲੈ ਕੇ ਆਪਣੇ ਐਮ.ਐਲ.ਏਜ਼. ਨਾਲ ਲੈ ਕੇ ਦਿੱਲੀ ਅੰਦਰ ਧਰਨਾ ਮਾਰਿਆ (ਥੰਪਿੰਗ) ਇਸ ਦੇ ਨਤੀਜੇ ਵਜੋਂ ਐਮ.ਐਸ.ਪੀ. ਨਹੀਂ ਵਧਾਈ ਸਿਰਫ਼ 20 ਰੁਪਏ ਸੋਕੇ ਦੇ ਮੁਆਵਜ਼ੇ ਦੇ ਰੂਪ ਵਿੱਚ ਦਿੱਤਾ। ਜਿਹੜਾ ਡਰਾਊਟ ਤੇ ਖਰਚਾ ਹੋਇਆ, ਉਸ ਦੇ ਇਵਜ਼ ਵਿੱਚ 20 ਰੁਪਏ

Original with;
Punjab Vidhan Sabha
Digitized by;

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ ]

ਦੇਣ ਦਾ ਫ਼ੈਸਲਾ ਕੀਤਾ। ਫਿਰ ਬਾਦਲ ਸਾਹਿਬ ਭੱਜੇ ਭੱਜੇ ਗਏ ਅਤੇ ਉਥੇ ਕਿਹਾ ਕਿ ਪਹਿਲਾਂ ਤਾਂ ਇਸ ਨੂੰ ਨਾ ਵਧਾਓ ਪਰ ਜੇ ਵਧਾਉਣ ਲੱਗੇ ਹੋ ਤਾਂ ਕਰੈਡਿਟ ਇਨ੍ਹਾਂ ਨੂੰ ਨਾ ਦਿਓ, ਕਰੈਡਿਟ ਸਾਨੂੰ ਦਿਓ। ਸਪੀਕਰ ਸਾਹਿਬ, ਇਥੇ ਇੱਕ ਆਲ ਪਾਰਟੀ ਮੀਟਿੰਗ ਹੋਈ ਸੀ। ਬਾਦਲ ਸਾਹਿਬ ਨੇ ਪਹਿਲਾਂ ਤਾਂ ਅਲਹਿਦਾ ਆਲ ਪਾਰਟੀ ਮੀਟਿੰਗ ਬੁਲਾ ਲਈ ਅਤੇ ਉਥੇ ਕਿਹਾ ਕਿ ਇੱਕ ਰੈਜ਼ੋਲਿਊਸ਼ਨ ਪਾਓ ਕਿ ਦਿੱਲੀ ਦੀ ਸਰਕਾਰ ਨੇ ਬਹੁਤ ਵੱਡੀ ਮਿਹਰਬਾਨੀ ਕੀਤੀ ਹੈ, ਉਨ੍ਹਾਂ ਦਾ ਧੰਨਵਾਦ ਕਰੀਏ। ਪਰ ਜਿਹੜੀਆਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਹਨ ਉਨ੍ਹਾਂ ਨੇ ਇਸ ਗੱਲ ਨੂੰ ਸਵੀਕਾਰ ਨਹੀਂ ਕੀਤਾ ਔਰ ਇਨ੍ਹਾਂ ਨੇ ਫੈਸਲਾ ਇਹ ਕਰਵਾ ਦਿੱਤਾ ਕਿ ਅੱਗੇ ਲਈ ਐਮ.ਐਸ.ਪੀ. ਜਾਮ ਰਹੇਗੀ ਫਿਰ ਨਹੀਂ ਵਧੇਗੀ ਕਿਉਂਕਿ ਇਨ੍ਹਾਂ ਦੀ ਦਿੱਲੀ ਦੀ ਸਰਕਾਰ ਵਿਚ ਭਾਈਵਾਲੀ ਹੈ। (~~ਸ਼ੇਮ ਸ਼ੇਮ ਦੀਆਂ ਆਵਾਜ਼ਾਂ~~) ਸਪੀਕਰ ਸਾਹਿਬ, ਜਿਹੜੀ ਸਾਡੀ ਇਕਾਨਮੀ ਹੈ ਉਹ ਖੇਤੀਬਾੜੀ ਉਤੇ ਆਧਾਰਿਤ ਹੈ, ਸਾਡੀ ਖੇਤੀਬਾੜੀ ਇਕਾਨਮੀ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਹੈ। ਜੇਕਰ ਕਿਸਾਨ ਮਰ ਗਿਆ ਤਾਂ ਸਾਡੀ ਇਕਾਨਮੀ ਤਬਾਹ ਹੋ ਜਾਵੇਗੀ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਜੇਕਰ ਇਨ੍ਹਾਂ ਨੂੰ ਸਾਡੇ ਨਾਲ ਕੋਈ ਦੁਖ ਹੈ ਤਾਂ ਇਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਕਿਸਾਨ ਨੂੰ ਬਰਬਾਦ ਨਾ ਹੋਣ ਦੇਣ। ਇਨ੍ਹਾਂ ਦਾ ਬੰਦਾ ਦਿੱਲੀ ਦੀ ਸਰਕਾਰ ਵਿੱਚ ਹੈ। ਉਸ ਨੂੰ ਇਸ ਗੱਲ ਉਤੇ ਉਥੇ ਗੱਲਬਾਤ ਕਰਨੀ ਚਾਹੀਦੀ ਹੈ ਔਰ ਇਸ ਵਾਸਤੇ ਡੱਟ ਕੇ ਲੜਾਈ ਲੜਨੀ ਚਾਹੀਦੀ ਹੈ। ਜੇਕਰ ਇਹ ਉਥੇ ਇਸ ਤਰ੍ਹਾਂ ਲੜਾਈ ਨਹੀਂ ਲੜ ਸਕਦੇ ਤਾਂ ਫਿਰ ਉਸ ਨੂੰ ਉਥੇ ਬਿਠਾਉਣ ਦੀ ਕੀ ਲੋੜ ਹੈ। ਉਸ ਨੂੰ ਵਾਪਸ ਸਰਕਾਰ ਵਿਚੋਂ ਬੁਲਾ ਲਿਆਉਣਾ ਚਾਹੀਦਾ ਹੈ। ਤੁਸੀਂ ਕਿਉਂ ਇਸ ਤਰ੍ਹਾਂ ਆਪਣੀ ਬਦਨਾਮੀ ਕਰਵਾ ਰਹੇ ਹੋ? ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ ਹੈ। ਇਥੇ ਗੰਨੇ ਦੀ ਅਦਾਇਗੀ ਦਾ ਜ਼ਿਕਰ ਆਇਆ ਹੈ। ਇਥੇ ਧਰਨੇ ਲਗੇ ਹਨ। ਕਿਸਾਨਾਂ ਨੇ ਚੱਕਾ ਜਾਮ ਵੀ ਕੀਤਾ ਹੈ। ਇਹ ਕਿਸਾਨਾਂ ਦੇ ਗੰਨੇ ਦੀ ਕੀਮਤ ਨਹੀਂ ਦੇ ਸਕੇ। ਸਪੀਕਰ ਸਾਹਿਬ, ਇਹ ਪੰਜਾਬ ਸਰਕਾਰ ਦਾ ਮਸਲਾ ਨਹੀਂ ਹੈ। ਸਪੀਕਰ ਸਾਹਿਬ, ਇੱਥੇ 430 ਕਰੋੜ ਰੁਪਏ ਦੀ ਚੀਨੀ ਗੁਦਾਮਾਂ ਵਿੱਚ ਪਈ ਹੋਵੇ ਔਰ ਦਿੱਲੀ ਦੀ ਸਰਕਾਰ ਦੀ ਮਰਜ਼ੀ ਤੋਂ ਬਗੈਰ ਅਸੀਂ ਉਹ ਚੀਨੀ ਰਿਲੀਜ਼ ਨਹੀਂ ਕਰ ਸਕਦੇ। ਪੈਸਾ ਕਿਸਾਨਾਂ ਦਾ ਹੋਵੇ, ਸ਼ੂਗਰ ਮਿੱਲਾਂ ਦਾ ਹੋਵੇ ਪਰ ਉਨ੍ਹਾਂ ਨੂੰ ਪੈਸਾ ਨਾ ਮਿਲੇ। ਸਪੀਕਰ ਸਾਹਿਬ, ਅਸੀਂ ਕੋਸ਼ਿਸ਼ ਕੀਤੀ ਹੈ, ਸਾਡੇ ਸੀ.ਐਮ. ਸਾਹਿਬ ਦਿੱਲੀ ਵਿੱਖੇ ਗਏ, ਅਸੀਂ ਵੀ ਗਏ। ਸ਼ਰਦ ਯਾਦਵ ਜੀ ਵੀ ਆਏ ਸਨ। ਉਨ੍ਹਾਂ ਨੂੰ ਅਸੀਂ ਬੇਨਤੀ ਕੀਤੀ ਹੈ। ਸਪੀਕਰ ਸਾਹਿਬ, ਅਫਸੋਸ ਇਸ ਗੱਲ ਦਾ ਹੈ ਕਿ ਪੰਜਾਬ ਦੇ ਗੁਦਾਮਾਂ ਵਿੱਚ ਚੀਨੀ ਦੇ ਇੰਨੀ ਵੱਡੀ ਮਾਤਰਾ ਵਿਚ ਭੰਡਾਰ ਪਏ ਹੋਣ ਔਰ ਸਾਡੇ ਨਾਲ ਲਗਦੇ ਗਵਾਂਢੀ ਸੂਬੇ ਜਿਵੇਂ ਜੰਮੂ ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਹੈ ਉਨ੍ਹਾਂ ਦੇ ਵਾਸਤੇ ਚੀਨੀ ਕਿਥੋਂ ਆ ਰਹੀ ਹੈ। ਉਹ ਮਹਾਂਰਾਸ਼ਟਰ ਤੋਂ ਆ ਰਹੀ ਹੈ, ਯੂ.ਪੀ. ਤੋਂ ਆ ਰਹੀ ਹੈ ਪਰ ਪੰਜਾਬ ਵਿਚੋਂ ਚੀਨੀ ਰਿਲੀਜ਼ ਨਹੀਂ ਕੀਤੀ ਜਾ ਰਹੀ ਹੈ ਔਰ ਅਸੀਂ ਯੂ.ਪੀ. ਦੀ ਚੀਨੀ ਇਸਤੇਮਾਲ ਕਰ ਰਹੇ ਹਾਂ। ਕੀ ਇਹ ਸਾਡੇ ਨਾਲ ਧੱਕਾ ਨਹੀਂ ਹੈ? ਸਾਡੇ ਕਿਸਾਨਾਂ ਦੇ ਨਾਲ ਧੱਕਾ ਨਹੀਂ ਹੈ? ਫਿਰ ਕਿਸਾਨ ਧਰਨੇ ਨਹੀਂ ਦੇਣਗੇ ਤਾਂ ਕੀ ਕਰਨਗੇ, ਇਹ ਉਨ੍ਹਾਂ ਦੀ ਮਜਬੂਰੀ ਹੈ। ਸਾਡੇ ਆਪੋਜ਼ੀਸ਼ਨ ਵਾਲੇ ਵੀਰਾਂ ਨੇ ਇਸ ਨੂੰ ਮਜ਼ਾਕ ਬਣਾ ਕੇ ਰੱਖਿਆ ਹੈ, ਤਮਾਸ਼ਾ ਬਣਾ ਕੇ ਰੱਖਿਆ ਹੈ। ਸਪੀਕਰ ਸਾਹਿਬ, ਆਪੋਜ਼ੀਸ਼ਨ ਦੀਆਂ ਵੀ ਬਹੁਤ ਵੱਡੀਆਂ ਵੱਡੀਆਂ ਜ਼ਿੰਮੇਵਾਰੀਆਂ ਹਨ, ਇਨ੍ਹਾਂ ਨੂੰ ਉਹ ਜ਼ਿੰਮੇਵਾਰੀਆਂ ਨਿਭਾਉਣੀਆਂ ਚਾਹੀਦੀਆਂ ਹਨ ਔਰ ਸਾਡਾ ਸਾਥ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਕਿਸਾਨ ਦੀਆਂ ਵਰਤੋਂ ਦੀਆਂ ਇਨ ਪੁੱਟਸ ਦੀਆਂ ਕੀਮਤਾਂ ਦਿਨ ਪ੍ਰਤੀ ਦਿਨ ਵਧਦੀਆਂ ਜਾ ਰਹੀਆਂ ਹਨ ਔਰ ਜੇਕਰ ਉਨ੍ਹਾਂ ਦੀਆਂ ਫਸਲਾਂ ਦੇ ਐਮ.ਐਸ.ਪੀ. ਵੀ ਜਾਮ ਹੋ ਗਏ ਤਾਂ ਫਿਰ ਵਿਚਾਰਾ ਕਿਸਾਨ ਕਿਸ

Original with;
Punjab Vidhan Sabha
Digitized by;

ਤਰ੍ਹਾਂ ਸਰਵਾਈਵ ਕਰੇਗਾ, ਇਹ ਬਹੁਤ ਵੱਡਾ ਸਵਾਲ ਹੈ। ਇਸ ਤਰ੍ਹਾਂ ਇੰਡਸਟਰੀ ਦੀ ਗੱਲ ਕਰਨ ਲੱਗਾ ਹਾਂ ਸਪੀਕਰ ਸਾਹਿਬ, ਦਿੱਲੀ ਦੀ ਸਰਕਾਰ ਨੇ ਸਾਡੇ ਉਤੇ ਇਕ ਬਹੁਤ ਵੱਡਾ ਕੁਹਾੜਾ ਚਲਾ ਦਿੱਤਾ ਹੈ। ਦਿੱਲੀ ਦੀ ਸਰਕਾਰ ਨੇ ਸਾਡੇ ਗਵਾਂਢੀ ਸੂਬੇ ਹਿਮਾਚਲ ਪ੍ਰਦੇਸ਼ ਔਰ ਜੰਮੂ ਕਸ਼ਮੀਰ ਨੂੰ ਇੰਡਸਟਰੀ ਵਿੱਚ ਬਹੁਤ ਰਿਆਇਤਾਂ ਦੇ ਦਿੱਤੀਆਂ ਹਨ ਜਿਸ ਨਾਲ ਸਾਡੇ ਪੰਜਾਬ ਦੀ ਇੰਡਸਟਰੀ ਬਿਲਕੁਲ ਤਬਾਹ ਹੋ ਜਾਣੀ ਹੈ। ਇਸ ਵਾਸਤੇ ਸਾਡੇ ਸੀ.ਐਮ. ਸਾਹਿਬ, ਸ਼੍ਰੀ ਬਰਜੇਸ਼ ਮਿਸ਼ਰਾ ਔਰ ਸ਼੍ਰੀ ਜਸਵੰਤ ਸਿੰਘ, ਫਾਈਨਾਂਸ ਮਨਿਸਟਰ ਸਾਹਿਬ ਨੂੰ ਵੀ ਪਿਛਲੇ 10-12 ਦਿਨ ਪਹਿਲਾਂ ਮਿਲੇ ਸਨ ਔਰ ਮੈਂ ਵੀ ਨਾਲ ਗਿਆ ਸੀ। ਅਸੀਂ ਉਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ ਜੰਮੂ ਔਰ ਹਿਮਾਚਲ ਪ੍ਰਦੇਸ਼ ਨੂੰ ਜੋ ਇੰਡਸਟਰੀ ਨੂੰ ਰਿਆਇਤਾਂ ਦਿੱਤੀਆਂ ਹਨ, ਉਨ੍ਹਾਂ ਦੇ ਉਤੇ ਕੋਈ ਇਤਰਾਜ਼ ਨਹੀਂ ਹੈ, ਸਾਨੂੰ ਕੋਈ ਤਕਲੀਫ ਨਹੀਂ ਹੈ ਲੇਕਿਨ ਅਸੀਂ ਵੀ ਤਾਂ ਬਾਰਡਰ ਦੀ ਸਟੇਟ ਦੇ ਹਾਂ ਔਰ ਸਾਡੀ ਬਹੁਤ ਨੌਜਵਾਨੀ ਇਸ ਬੇਰੁਜ਼ਗਾਰੀ ਦੇ ਦੌਰ ਵਿਚੋਂ ਦੀ ਗੁਜ਼ਰ ਰਹੀ ਹੈ। ਜੇਕਰ ਸਾਰੀਆਂ ਸਹੂਲਤਾਂ ਤੁਸੀਂ ਉਨ੍ਹਾਂ ਸੂਬਿਆਂ ਨੂੰ ਦੇ ਦਿੱਤੀਆਂ ਹਨ ਤਾਂ ਫਿਰ ਪੰਜਾਬ ਵਿਚ ਨਵੀਂ ਹੋਰ ਇੰਡਸਟਰੀ ਤਾਂ ਕੀ ਲਗਣੀ ਹੈ ਜਿਹੜੀ ਪਹਿਲੀ ਲਗੀ ਇੰਡਸਟਰੀ ਹੈ, ਉਹ ਵੀ ਤਬਾਹ ਹੋ ਜਾਵੇਗੀ। ਤੁਸੀਂ ਜੇਕਰ ਸਾਰੇ ਪੰਜਾਬ ਵਾਸਤੇ ਇਹ ਸਹੂਲਤ ਨਹੀਂ ਦੇ ਸਕਦੇ ਤਾਂ ਫਿਰ ਸਾਡੇ ਜਿਹੜੇ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ, ਅੰਮ੍ਰਿਤਸਰ ਔਰ ਫਿਰੋਜ਼ਪੁਰ ਹਨ, ਉਨ੍ਹਾਂ ਦੇ ਲਈ ਇਹ ਸਹੂਲਤਾਂ ਦੇ ਦੇਵੋ ਤਾਂ ਕਿ ਸਾਡੀ ਇੰਡਸਟਰੀ ਤਬਾਹ ਨਾ ਹੋਵੇ। ਸਪੀਕਰ ਸਾਹਿਬ, ਇਨ੍ਹਾਂ ਵਿਰੋਧੀ ਵੀਰਾਂ ਨੇ ਇਸ ਲਈ ਕੁਝ ਨਹੀਂ ਕੀਤਾ, ਕੋਈ ਉਪਰਾਲਾ ਨਹੀਂ ਕੀਤਾ। ਬਾਦਲ ਸਾਹਿਬ ਕਹਿੰਦੇ ਹਨ ਕਿ ਤੁਸੀਂ ਮੇਰੇ ਨਾਲ ਚਲੋ। ਮੈਂ ਇਨ੍ਹਾਂ ਤੋਂ ਪੁੱਛਦਾ ਹਾਂ ਕਿ ਇਨ੍ਹਾਂ ਦੀ ਉਥੇ ਕੋਈ ਪੁੱਛ ਗਿੱਛ ਹੀ ਨਹੀਂ ਹੈ, ਸਾਡੇ ਨਾਲ ਜਾਣ ਤੋਂ ਬਿਨਾਂ ਇਨ੍ਹਾਂ ਨੂੰ ਉਥੇ ਕੋਈ ਨਹੀਂ ਪੁੱਛੇਗਾ? ਸਪੀਕਰ ਸਾਹਿਬ, ਸਾਨੂੰ ਜਾਣ ਵਿਚ ਕੋਈ ਇਤਰਾਜ਼ ਨਹੀਂ ਹੈ ਪਰ ਮੈਂ ਸਮਝਦਾ ਹਾਂ ਕਿ ਇਹ ਸਿਰਫ਼ ਤਮਾਸ਼ਾ ਦੇਖਣ ਵਾਸਤੇ ਹੀ ਲਗੇ ਹੋਏ ਹਨ। ਇਨ੍ਹਾਂ ਨੂੰ ਪੰਜਾਬ ਦੇ ਨਾਲ ਕੋਈ ਪਿਆਰ ਨਹੀਂ ਹੈ। ਸਪੀਕਰ ਸਾਹਿਬ, ਇਨ੍ਹਾਂ ਨੂੰ ਗਿਲੇ ਸ਼ਿਕਵੇ ਜਿਹੜੇ ਹਨ ਉਹ ਇਹ ਹਨ, ਕਈ ਗੱਲਾਂ ਦਾ ਦੁੱਖ ਹੈ, ਕੀ ਤਕਲੀਫ ਹੈ। ਅਸਲ ਵਿਚ ਤਕਲੀਫ ਇਹ ਹੈ ਕਿ ਜਿਸ ਕਰਕੇ ਇਹ ਪੰਜਾਬ ਦੇ ਲੋਕਾਂ ਨੂੰ ਸਬਕ ਸਿਖਾਉਣ ਦੇ ਉਤੇ ਲਗੇ ਹੋਏ ਹਨ। ਇਨ੍ਹਾਂ ਨੂੰ ਇਹ ਕਿੜ ਹੈ ਕਿ ਇਨ੍ਹਾਂ ਨੇ ਜਾਣ ਤੋਂ ਪਹਿਲਾਂ ਹਰ ਕਾਂਸਟੀਚਿਊਐਂਸੀ ਵਿਚੋਂ ਅੱਠ-ਅੱਠ, ਦਸ-ਦਸ ਹਜ਼ਾਰ ਵੋਟਾਂ ਕਟਵਾਈਆਂ ਹਨ, ਇਨ੍ਹਾਂ ਨੂੰ ਦੁਖ ਇਹ ਹੈ ਕਿ ਅੱਠ-ਅੱਠ ਜਾਂ ਦਸ-ਦਸ ਹਜ਼ਾਰ ਵੋਟਾਂ ਕਟਵਾ ਕੇ ਵੀ ਸਾਡੀ ਸਰਕਾਰ ਕਿਉਂ ਨਹੀਂ ਬਣੀ ਹੈ। ਕਈ ਜਗ੍ਹਾ ਉਤੇ ਪੰਦਰਾਂ-ਪੰਦਰਾਂ ਹਜ਼ਾਰ ਵੋਟਾਂ ਕਟਵਾ ਕੇ ਵੀ ਇਨ੍ਹਾਂ ਦੀ ਸਰਕਾਰ ਨਹੀਂ ਬਣੀ ਹੈ। ਇਹੀ ਕਿੜ ਇਨ੍ਹਾਂ ਨੂੰ ਹੈ, ਇਸ ਗੱਲ ਦਾ ਦੁਖ ਹੈ। ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ ਹੈ ਇਸ ਤੋਂ ਬਾਅਦ ਮਲੋਟ ਦੀ ਇਲੈਕਸ਼ਨ ਹੋਈ ਹੈ, ਬਾਦਲ ਸਾਹਿਬ ਦੇ ਘਰ ਦੇ ਵਿੱਚ ਹੀ ਇਲੈਕਸ਼ਨ ਹੋਈ ਹੈ ਔਰ ਸਾਡੇ ਸ਼੍ਰੀ ਨੱਥੂ ਰਾਮ ਜੀ, ਸੀ.ਪੀ.ਆਈ. ਗਰੁੱਪ ਵਲੋਂ ਜਿੱਤ ਕੇ ਆਏ ਹਨ.....(ਵਿਘਨ)।

**Mr. Speaker** : No Interruption. F.M. to continue.

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਹ ਮੇਰੀ ਗੱਲ ਸੁਣ ਲੈਣ। ਮੈਂ ਬਜਟ ਤੇ ਹੀ ਆ ਰਿਹਾ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਮਲੋਟ ਦੀ ਇਲੈਕਸ਼ਨ ਹੋਈ ਤਾਂ ਬਾਦਲ ਸਾਹਿਬ ਦੇ ਘਰ ਇਲੈਕਸ਼ਨ ਸੀ ਪਰ ਉਥੋਂ ਦੇ ਲੋਕਾਂ ਨੂੰ ਕੈਪਟਨ ਅਮਰਿੰਦਰ ਸਿੰਘ ਜੀ ਦੀ ਨੀਤੀਆਂ ਤੇ ਮੋਹਰ ਲਗਾ ਕੇ ਸਾਡੇ ਨੱਥੂ ਰਾਮ ਜੀ ਨੂੰ ਜਿੱਤ ਦਿਵਾਈ। ਇਸ ਤੋਂ ਬਾਦ ਚਾਰ ਮਿਉਂਸਿਪਲ ਕਾਰਪੋਰੇਸ਼ਨ ਦੀਆਂ ਚੋਣਾਂ ਹੋਈਆਂ। ਉਥੇ ਕਾਂਗਰਸ ਪਾਰਟੀ ਨੇ ਬੜੀ ਵੱਡੀ ਗਿਣਤੀ ਵਿੱਚ ਜਿੱਤ ਪ੍ਰਾਪਤ ਕੀਤੀ। ਅਕਾਲੀ ਪਾਰਟੀ ਦੀ ਭਾਈਵਾਲ ਬੀ.ਜੇ.ਪੀ. ਦਾ ਸ਼ਹਿਰਾਂ ਵਿੱਚ ਵੀ ਸਫਾਇਆ ਹੋ ਗਿਆ। ਫਿਰ

Original with;
Punjab Vidhan Sabha
Digitized by;

[ ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ ]

ਇਹ ਕਹਿੰਦੇ ਹਨ ਕਿ ਅਸੰਬਲੀ ਚੋਣਾਂ ਵਿਚ ਇਸ ਕਰਕੇ ਹਾਰ ਹੋਈ ਕਿ ਅਸੀਂ ਦੋ ਅਕਾਲੀ ਦਲ ਬਣ ਗਏ। ਆਪਸ ਵਿੱਚ ਵੰਡੇ ਗਏ। ਇਸ ਕਰਕੇ ਹਾਰ ਹੋਈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਟਿਆਲੇ ਦੀ ਮਿਉਂਸਿਪਲ ਕਾਰਪੋਰੇਸ਼ਨ ਦੀ ਇਲੈਕਸ਼ਨ ਵਿੱਚ ਦੋਵੇਂ ਅਕਾਲੀ ਦਲ ਭਾਵ ਕਿ ਟੌਹੜਾ ਅਕਾਲੀ ਦਲ ਅਤੇ ਬਾਦਲ ਅਕਾਲੀ ਦਲ, ਬੀ.ਜੇ.ਪੀ., ਬੀ.ਐਸ.ਪੀ. ਨੇ ਸਾਂਝਾ ਫਰੰਟ ਬਣਾ ਕੇ ਸਾਂਝੇ ਕੈਂਡੀਡੇਟ ਇੱਕ ਸਿੰਬਲ ਤੇ ਖੜ੍ਹੇ ਕੀਤੇ। ਪਟਿਆਲੇ ਵਿੱਚ ਪੰਜਾਹ ਵਾਰਡਾਂ ਵਿੱਚ ਚੋਣਾਂ ਹੋਈਆਂ ਜਦ ਕਿ ਉਥੇ ਬੀ.ਜੇ.ਪੀ. ਦਾ ਕੋਈ ਮੈਂਬਰ ਨਹੀਂ ਜਿੱਤਿਆ, ਅਕਾਲੀ ਦਲ ਦਾ ਇੱਕ, ਟੌਹੜਾ ਅਕਾਲੀ ਦਲ ਦੇ ਤਿੰਨ, ਇੰਡੀਪੈਂਡੇਟ ਅੱਠ ਤੇ ਬਾਕੀ 37 ਵਾਰਡਾਂ ਵਿੱਚ ਕਾਂਗਰਸ ਪਾਰਟੀ ਦੇ ਜਿੱਤੇ ਸਨ। (ਵਿਘਨ)

**Mr. Speaker** : No interruption, please. F.M., please continue.

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਸਪੀਕਰ ਸਾਹਿਬ, ਇਹ ਅਕਾਲੀ ਪਾਰਟੀ ਵਾਲੇ ਪੰਜਾਬ ਨਾਲ ਗੁੱਸਾ ਕੱਢ ਰਹੇ ਹਨ ਔਰ ਦਿੱਲੀ ਵਿੱਚ ਬੈਠ ਕੇ ਪੰਜਾਬ ਦਾ ਭੱਠਾ ਬਿਠਾ ਰਹੇ ਹਨ। ਇਹ ਠੀਕ ਹੈ ਕਿ ਇਨ੍ਹਾਂ ਦੇ ਮਨਾਂ ਵਿੱਚ ਲੋਕਾਂ ਨਾਲ ਗੁੱਸਾ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ** **

**ਮਾਨਯੋਗ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਐਫ.ਐਮ. ਸਾਹਿਬ ਕੈਰੀ ਆਨ ਕਰਨ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀਆਂ ਦੀਆਂ ਚੋਣਾਂ ਹੋਈਆਂ। ਇਹ ਚੋਣਾਂ ਅਸੀਂ ਕਰਵਾਈਆਂ ਜਦ ਕਿ ਪਿਛਲੀ ਸਰਕਾਰ ਪੰਜ ਸਾਲ ਇਨ੍ਹਾਂ ਚੋਣਾਂ ਤੋਂ ਭੱਜਦੀ ਰਹੀ। ਇਹ ਚੋਣਾਂ 1999 ਵਿੱਚ ਡਿਊ ਸਨ। ਇਹ ਚੋਣਾਂ ਦੀ ਹਾਰ ਤੋਂ ਡਰਦੇ ਚੋਣਾਂ ਨਹੀਂ ਕਰਵਾ ਸਕੇ ਸਨ। 1992—97 ਵਿੱਚ ਜਦੋਂ ਸਾਡੀ ਸਰਕਾਰ ਸੀ, ਉਦੋਂ ਅਸੀਂ ਇਹ ਚੋਣਾਂ ਕਰਵਾ ਕੇ ਗਏ ਸੀ। ਉਸ ਵਕਤ ਅਸੀਂ 60% ਇਨਡਾਇਰੈਕਟ ਅਤੇ 40% ਡਾਇਰੈਕਟ ਚੋਣਾਂ ਪੰਚਾਇਤ ਸੰਮਤੀਆਂ ਦੀਆਂ ਕਰਵਾਈਆਂ ਸਨ। ਉਸ ਵਕਤ ਵੀ ਅਸੀਂ ਇਨ੍ਹਾਂ ਨੂੰ ਹਾਰ ਦਿੱਤੀ ਸੀ। ਫਿਰ ਇਨ੍ਹਾਂ ਨੇ ਆ ਕੇ 30% ਡਾਇਰੈਕਟ ਕਰ ਦਿੱਤੀਆਂ ਤੇ 70% ਇਨਡਾਇਰੈਕਟ ਚੋਣਾਂ ਕਰਵਾਉਣ ਦਾ ਫੈਸਲਾ ਕੀਤਾ ਪਰ ਇਸ ਦੇ ਖਿਲਾਫ ਹਾਈ ਕੋਰਟ ਵਿੱਚ ਰਿੱਟ ਹੋ ਗਈ ਔਰ ਹਾਈ ਕੋਰਟ ਨੇ ਇਨ੍ਹਾਂ ਦੇ ਫੈਸਲੇ ਨੂੰ ਰੱਦ ਕਰ ਦਿੱਤਾ। ਇਹ ਚੋਣਾਂ ਨਹੀਂ ਕਰਵਾ ਸਕੇ। ਇਸ ਤੋਂ ਬਾਅਦ ਸਾਡੀ ਕਾਂਗਰਸ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਬਣੀ ਔਰ ਕੈਪਟਨ ਸਾਹਿਬ ਨੇ ਫੈਸਲਾ ਕੀਤਾ ਕਿ ਇਹ ਸਾਰੀਆਂ ਡਾਇਰੈਕਟ ਚੋਣਾਂ ਕਰਵਾਈਆਂ ਜਾਣ ਤਾਂ ਕਿ ਸਾਰਿਆਂ ਨੂੰ ਵੋਟਾਂ ਪਾਉਣ ਦਾ ਹੱਕ ਦਿੱਤਾ ਜਾ ਸਕੇ। ਇਸ ਦੇ ਨਤੀਜੇ ਤੁਹਾਡੇ ਸਾਹਮਣੇ ਹਨ ਕਿ 95% ਤੇ ਕਾਂਗਰਸ ਪਾਰਟੀ ਨੇ ਜਿੱਤ ਪ੍ਰਾਪਤ ਕੀਤੀ ਹੈ ਅਤੇ ਹੁਣੇ ਹੀ 78 ਮਿਉਂਸਿਪਲ ਕਮੇਟੀਆਂ ਦੀਆਂ ਚੋਣਾਂ ਹੋਣੀਆਂ ਹਨ। ਕਾਂਗਰਸ ਪਾਰਟੀ ਨੇ 95% ਮਿਉਂਸਿਪਲ ਕਮੇਟੀਆਂ ਜਿੱਤੀਆਂ ਹਨ ਅਤੇ ਬੀ.ਜੇ.ਪੀ. ਅਤੇ ਅਕਾਲੀ ਦਲ ਦਾ ਸਫਾਇਆ ਹੋ ਗਿਆ ਹੈ। ਅਕਾਲੀ ਪਾਰਟੀ ਦੀ ਸਰਕਾਰ ਨੂੰ ਲੋਕਾਂ ਨੇ ਮੂੰਹ ਨਹੀਂ ਲਗਾਇਆ। ਮੈਂ ਦੱਸਦਾ ਹਾਂ ਕਿ ਲੋਕਾਂ ਨੇ ਆਪਣੀ ਦਿਲੀ ਭਾਵਨਾ ਨਾਲ ਔਰ ਕੈਪਟਨ ਸਾਹਿਬ ਦੀ ਪਾਲਿਸੀ ਅਪਨਾਉਂਦੇ ਹੋਏ ਕਾਂਗਰਸ ਪਾਰਟੀ ਨੂੰ ਵੋਟਾਂ ਪਾਈਆਂ। ਇਨ੍ਹਾਂ ਚੋਣਾਂ ਵਿੱਚ ਸ਼ਹਿਰੀ ਅਤੇ ਦਿਹਾਤੀ ਲੋਕਾਂ ਨੇ ਦੋ ਵਾਰ ਵੋਟਾਂ ਪਾਉਣ ਦਾ ਹੱਕ ਇਸਤੇਮਾਲ ਕੀਤਾ। ਸਾਰਿਆਂ ਨੂੰ ਵੋਟਾਂ ਪਾਉਣ ਦਾ ਯੋਗਦਾਨ ਮਿਲਿਆ ਔਰ ਹਰ ਫਰੰਟ ਤੇ ਅਕਾਲੀ ਪਾਰਟੀ ਫੇਲ੍ਹ ਹੋਈ। ਇਹ ਇਲੈਕਸ਼ਨਾਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਵਿੱਚ ਫਿਰ ਵੀ ਇਹ ਕਹਿੰਦੇ ਸਨ ਕਿ ਕੈਪਟਨ ਸਾਹਿਬ ਦੀ ਸਰਕਾਰ ਹਰ ਫਰੰਟ ਵਿੱਚ ਫੇਲ੍ਹ ਹੋਈ ਹੈ ਔਰ ਲੋਕਾਂ ਦਾ ਵਿਸ਼ਵਾਸ ਗਵਾ ਚੁੱਕੀ ਹੈ ਪਰ ਸਾਡੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਲੋਕਾਂ ਨੇ ਵੋਟਾਂ ਪਾ ਕੇ ਸਰਟੀਫਿਕੇਟ ਦਿੱਤਾ। 95% ਲੋਕਾਂ ਨੇ ਸਾਡੇ ਵਿੱਚ ਵਿਸ਼ਵਾਸ ਵਿਅਕਤ ਕੀਤਾ ਔਰ ਆਪੋਜ਼ੀਸ਼ਨ ਦੀ ਫਟੀ ਪੋਚ ਦਿੱਤੀ। ਇਸ ਦਾ ਨਤੀਜਾ ਤੁਹਾਡੇ ਸਾਹਮਣੇ ਹੈ। (ਵਿਘਨ)

**Mr. Speaker** : Order, please. No interruption.

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਜਿੰਨੀ ਦੇਰ ਕੈਪਟਨ ਕੰਵਲਜੀਤ ਸਿੰਘ ਜੀ ਬੋਲੇ, ਅਸੀਂ ਉਨ੍ਹਾਂ ਨੂੰ ਇਕ ਵਾਰ ਵੀ ਇੰਟਰਪਟ ਨਹੀਂ ਕੀਤਾ। ਉਹ ਬਿਲਕੁਲ ਬੇਸਲੈਸ ਬੋਲੇ, ਅਸੀਂ ਉਨ੍ਹਾਂ ਨੂੰ ਨਹੀਂ ਰੋਕਿਆ। ਹੁਣ ਇਹ ਵੀ ਸੁਣਨ ਦੀ ਸ਼ਕਤੀ ਰੱਖਣ ਅਤੇ ਬਰਦਾਸ਼ਤ ਕਰਨ।

**ਇਕ ਆਵਾਜ਼** : ਉਹ ਤਾਂ ਇਥੇ ਬੈਠੇ ਨਹੀਂ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਉਹ ਚਲੇ ਗਏ ਹੋਣੇ ਹਨ ਪਰ ਮੈਂ ਤਾਂ ਆਪਣੀ ਗੱਲ ਕਹਿਣੀ ਹੈ। ਸਪੀਕਰ ਸਾਹਿਬ, ਚੋਣਾਂ ਦੇ ਦੌਰਾਨ ਬੜੀ ਚਰਚਾ ਹੋਈ ਕਿ ਦੇਖਿਓ ਕਿਸਾਨੋ, ਕਾਂਗਰਸ ਨੂੰ ਕਿਤੇ ਵੋਟ ਨਾ ਪਾਇਓ। ਜੇ ਕਾਂਗਰਸ ਦੀ ਸਰਕਾਰ ਆ ਗਈ ਅਤੇ ਅਸੀਂ ਚਲੇ ਗਏ ਤਾਂ ਦਿੱਲੀ ਵਿਚ ਸਾਡੀ ਸਰਕਾਰ ਹੈ। ਤੁਹਾਡਾ ਅਨਾਜ ਨਹੀਂ ਕਿਸੇ ਨੇ ਚੁੱਕਣਾ ਤੇ ਕਣਕ ਰੁਲ ਜਾਵੇਗੀ, ਝੋਨਾ ਤੁਹਾਡਾ ਰੁਲ ਜਾਵੇਗਾ। ਸਪੀਕਰ ਸਾਹਿਬ, ਮੈਂ ਪੰਜਾਬ ਦੇ ਲੋਕਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਨ੍ਹਾਂ ਦੀ ਗੱਲ ਅਣਸੁਣੀ ਕਰਕੇ ਸਾਡੀ ਪਾਰਟੀ ਦੀ ਸਰਕਾਰ ਬਣਾਈ। ਸਪੀਕਰ ਸਾਹਿਬ, ਜਿਸ ਤਰੀਕੇ ਨਾਲ ਅਸੀਂ ਕਣਕ ਦੀ ਖਰੀਦ ਕੀਤੀ ਹੈ, ਜਿਸ ਤਰੀਕੇ ਨਾਲ ਅਸੀਂ ਝੋਨੇ ਦੀ ਖਰੀਦ ਕੀਤੀ ਹੈ, ਇਹ ਇਕ ਇਤਿਹਾਸਕ ਗੱਲ ਹੈ, ਰਿਕਾਰਡ ਹੈ ਕਿ ਕਿਸੇ ਇਕ ਵੀ ਜ਼ਿਮੀਂਦਾਰ ਨੂੰ ਖੱਜਲ ਖੁਆਰੀ ਨਹੀਂ ਹੋਣ ਦਿੱਤੀ। ਇਨ੍ਹਾਂ ਦੇ ਵੇਲੇ 15-15 ਦਿਨ ਕਿਸਾਨ ਮੰਡੀਆਂ ਵਿਚ ਰੁਲਿਆ। ਜਦੋਂ ਹਾਹਾਕਾਰ ਮਚੀ, ਰੇਲਾਂ ਰੁਕੀਆਂ, ਸੜਕਾਂ ਰੁਕੀਆਂ ਤਾਂ ਵਾਜਪਾਈ ਸਾਹਿਬ ਕੋਲ ਬਾਦਲ ਸਾਹਿਬ ਭੱਜੇ ਗਏ ਤੇ ਕਿਹਾ ਕਿ ਅਸੀਂ ਬੜੀ ਮੁਸ਼ਕਲ ਵਿਚ ਆ ਗਏ ਹਾਂ, ਸਾਡੀ ਮੱਦਦ ਕਰੋ। ਇਨ੍ਹਾਂ ਨੇ ਉਨ੍ਹਾਂ ਤੋਂ ਐਲਾਨ ਕਰਾ ਦਿੱਤਾ ਕਿ 350 ਕਰੋੜ ਰੁਪਏ ਦਾ ਪੈਕੇਜ ਦਿੱਤਾ ਜਾ ਰਿਹਾ ਹੈ। ਕਿਸਾਨਾਂ ਨੇ ਕੁਝ ਸਾਹ ਲਿਆ ਕਿ ਕੁਝ ਨਾ ਕੁਝ ਮਿਲੇਗਾ। ਹੋਇਆ ਕੀ, ਤਿੰਨ ਸਾਲ ਨਿਕਲ ਗਏ। 100 ਕਰੋੜ ਰੁਪਏ ਵੰਡ ਦਿੱਤੇ ਗਏ ਪਰ ਬਾਕੀ ਰਹਿੰਦਾ 250 ਕਰੋੜ ਰੁਪਿਆ ਪਤਾ ਨਹੀਂ ਕਿਥੇ ਚਲਾ ਗਿਆ, ਕਿਤੇ ਨਜ਼ਰ ਨਹੀਂ ਆਇਆ (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਉਹ ਪੈਕੇਜ ਹਾਲੇ ਤੱਕ ਵੀ ਪੂਰਾ ਨਹੀਂ ਹੋਇਆ। ਸਪੀਕਰ ਸਾਹਿਬ, ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਸ ਸੀਜ਼ਨ ਦੇ ਅੰਦਰ ਜਦੋਂ ਝੋਨੇ ਦੀ ਖਰੀਦ ਹੋਈ ਖੰਨਾ ਮੰਡੀ ਵਿਚ ਜਾ ਕੇ ਮੁੱਖ ਮੰਤਰੀ ਜੀ ਨੇ ਆਪ ਉਦਘਾਟਨ ਕੀਤਾ ਅਤੇ ਸਾਨੂੰ ਸਾਰਿਆਂ ਨੂੰ, ਮੈਂਬਰਾਂ ਨੂੰ ਅਤੇ ਵਜ਼ੀਰਾਂ ਨੂੰ ਕਿਹਾ ਕਿ ਮੰਡੀਆਂ ਵਿਚ ਜਾਓ (ਵਿਘਨ) ਮੈਂ ਝੋਨੇ ਦੀ ਗੱਲ ਕਰ ਰਿਹਾ ਹਾਂ...(ਸ਼ੋਰ)

**Mr. Speaker** : No interruption, please.

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਸਪੀਕਰ ਸਾਹਿਬ, ਬੀ.ਜੇ.ਪੀ. ਵਾਲਿਆਂ ਨੇ ਕਿਸਾਨਾਂ ਨੂੰ ਲੁਟਿਆ ਹੈ.... (ਵਿਘਨ) ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਆਪ ਗਏ। ਮੈਂ ਆਪਣੇ ਸਾਰੇ ਮਿੱਤਰਾਂ ਨੂੰ ਇਕ ਸਵਾਲ ਕਰਦਾ ਹਾਂ ਕਿ ਝੋਨੇ ਦੇ ਸੀਜ਼ਨ ਵਿਚ ਕੀ ਕਿਸੇ ਇਕ ਵੀ ਮੰਡੀ ਵਿਚ ਵੜਨ ਦੀ ਇਨ੍ਹਾਂ ਦੀ ਜੁਰੱਅਤ ਸੀ ? ਇਨ੍ਹਾਂ ਨੂੰ ਡਰ ਸੀ ਕਿ ਕਿਤੇ ਕਿਸਾਨ ਫੜ ਕੇ ਬਿਠਾ ਹੀ ਲੈਣ। (ਵਿਘਨ)

Original with;
Punjab Vidhan Sabha
Digitized by;

**Mr. Speaker** : No interruption.

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜਗਾਰ ਮੰਤਰੀ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਤੁਹਾਡੀ ਮਾਰਫਤ ਇਨ੍ਹਾਂ ਨੂੰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਇਨ੍ਹਾਂ ਦੇ ਮੈਂਬਰ ਸਾਹਿਬਾਨ ਬੋਲੇ, ਅਸੀਂ ਬਿਲਕੁਲ ਵੀ ਇਨ੍ਹਾਂ ਨੂੰ ਡਿਸਟਰਬ ਨਹੀਂ ਕੀਤਾ। ਅੱਜ ਜਦੋਂ ਫਾਈਨਾਂਸ ਮਨਿਸਟਰ ਸਾਹਿਬ ਸਪੀਚ ਕਰ ਰਹੇ ਹਨ, ਤੁਸੀਂ ਇਨ੍ਹਾਂ ਨੂੰ ਡਾਇਰੈਕਸ਼ਨ ਦਿਓ ਕਿ ਚੁੱਪ ਕਰਕੇ ਸੁਣਨ।

**Mr. Speaker** : No interruption at all.

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਸਪੀਕਰ ਸਾਹਿਬ, ਮੈਂ ਦਾਅਵੇ ਨਾਲ ਇਥੇ ਖੜ੍ਹ ਕੇ ਕਹਿੰਦਾ ਹਾਂ ਕਿ 1600 ਮੰਡੀਆਂ ਅਤੇ ਪਰਚੇਜ਼ ਸੈਂਟਰਾਂ ਵਿਚ ਝੋਨੇ ਦੀ ਖਰੀਦ ਵਿਚ ਕਿਸਾਨ ਨੂੰ ਇਕ ਰਾਤ ਵੀ ਕੱਟੀ ਹੋਵੇ ਤਾਂ ਕਹਿਣ। ਪਹਿਲਾਂ ਕਿਸ ਤਰ੍ਹਾਂ ਕਿਸਾਨਾਂ ਨੂੰ ਲੁਟਿਆ ਗਿਆ, ਇਸ ਗੱਲ ਦਾ ਇਤਿਹਾਸ ਗਵਾਹ ਹੈ। ਸਪੀਕਰ ਸਾਹਿਬ, ਇਨ੍ਹਾਂ ਨੂੰ ਬੜੀ ਤਕਲੀਫ ਹੈ, ਮੈਂ ਇਸ ਗੱਲ ਨੂੰ ਛੱਡ ਦਿੰਦਾ ਹਾਂ।

ਸਪੀਕਰ ਸਾਹਿਬ, ਹੁਣ ਮੈਂ ਗੰਨੇ ਤੇ ਆ ਰਿਹਾ ਹਾਂ। ਕਿਸਾਨਾਂ ਵਾਸਤੇ ਅਸੀਂ ਕੀ ਕੀਤਾ ਤੇ ਇਹ ਕੀ ਕਰਦੇ ਰਹੇ, ਮੈਂ ਦੱਸਦਾ ਹਾਂ। ਕਿਸਾਨਾਂ ਦਾ ਇਥੇ ਧਰਨਾ ਲਗਿਆ, ਪਟਿਆਲੇ ਅਤੇ ਚੰਡੀਗੜ੍ਹ ਧਰਨਾ ਲਗਿਆ। ਜਿਹੜੇ ਆਪਣੇ ਆਪ ਨੂੰ ਕਿਸਾਨਾਂ ਦਾ ਮਸੀਹਾ ਕਹਿੰਦੇ ਹਨ, ਕਿਸਾਨ ਨੇ ਉਨ੍ਹਾਂ ਨੂੰ ਉਥੇ ਵੜਨ ਨਹੀਂ ਦਿੱਤਾ। ਮੈਂ ਉਥੇ ਉਨ੍ਹਾਂ ਕੋਲ ਗਿਆ ਅਤੇ ਉਨ੍ਹਾਂ ਦਾ ਧਰਨਾ ਉਠਾ ਕੇ ਆਇਆ। ਅੱਜ ਕਿਸਾਨਾਂ ਦਾ ਵਿਸ਼ਵਾਸ ਬੱਝਿਆ ਹੈ। ਅਸੀਂ ਕੀ ਕੀਤਾ, ਅਸੀਂ ਕਿਸਾਨਾਂ ਦੇ ਨਾਂ ਤੇ ਉਨ੍ਹਾਂ ਨੂੰ ਗੁੰਮਰਾਹ ਕਰਕੇ ਵੋਟਾਂ ਨਹੀਂ ਲਈਆਂ, ਕੁਝ ਕਰਕੇ ਦਿਖਾਇਆ ਹੈ। ਇਥੇ ਗੰਨੇ ਦਾ, ਸ਼ੂਗਰ ਮਿਲਾਂ ਦਾ ਮੈਂ ਜ਼ਿਕਰ ਕੀਤਾ ਹੈ, ਪੰਜਾਬ ਦੀਆਂ ਜਿਹੜੀਆਂ ਕੋਆਪਰੇਟਿਵ ਸ਼ੂਗਰ ਮਿਲਾਂ ਹਨ, ਉਹ ਕਿਸਾਨਾਂ ਦੀਆਂ ਸ਼ੂਗਰ ਮਿਲਾਂ ਹਨ, ਉਹ ਬਹੁਤ ਮਾੜੀ ਹਾਲਤ ਵਿਚ ਸਨ। ਉਨ੍ਹਾਂ ਵੱਲ 190 ਕਰੋੜ ਰੁਪਏ ਦਾ ਕਰਜ਼ਾ ਅਤੇ 110 ਕਰੋੜ ਰੁਪਏ ਦਾ ਵਿਆਜ ਖੜ੍ਹਾ ਸੀ। ਇਸ ਸਰਕਾਰ ਨੇ ਇਸ ਵਾਰ 300 ਕਰੋੜ ਰੁਪਏ ਦੀ ਗਰਾਂਟ ਦੇ ਕੇ ਕਰਜ਼ੇ ਅਤੇ ਵਿਆਜ ਨੂੰ ਤਬਦੀਲ ਕਰਕੇ ਕਿਸਾਨ ਦੀ ਮੱਦਦ ਕੀਤੀ ਹੈ। ਇਥੇ ਹੀ ਬੱਸ ਨਹੀਂ, ਸਪੀਕਰ ਸਾਹਿਬ, ਜਿਹੜਾ ਉਨ੍ਹਾਂ ਵੱਲ ਬੈਂਕਾਂ ਦਾ ਕਰਜ਼ਾ ਸੀ, ਉਸ ਦੀ ਵੰਨ ਟਾਈਮ ਸੈਟਲਮੈਂਟ ਕਰਕੇ 31 ਕਰੋੜ ਰੁਪਿਆ ਉਨ੍ਹਾਂ ਦੀ ਥਾਂ ਤੇ ਪੰਜਾਬ ਸਰਕਾਰ ਨੇ ਪੇਅ ਕੀਤਾ ਹੈ। ਇਸ ਤੋਂ ਇਲਾਵਾ 79 ਕਰੋੜ ਰੁਪਏ ਦੀ ਜਿਹੜੀ ਪੇਮੈਂਟ ਬਣਦੀ ਸੀ, ਉਸ ਦਾ ਇਕ-ਇਕ ਰੁਪਿਆ ਅਸੀਂ ਦਿੱਤਾ ਹੈ। 410 ਕਰੋੜ ਰੁਪਿਆ ਪਹਿਲੇ ਸਾਲ ਅਸੀਂ ਕਿਸਾਨਾਂ ਦੀਆਂ ਸ਼ੂਗਰ ਮਿੱਲਾਂ ਦਾ ਬਕਾਇਆ ਮੋੜਨ ਵਾਸਤੇ ਖਰਚਿਆ ਹੈ। ਇਨ੍ਹਾਂ ਨੇ ਕਿੰਨਾ ਖਰਚ ਕੀਤਾ ਸੀ 5 ਸਾਲਾਂ ਵਿਚ ਸਿਰਫ 58 ਕਰੋੜ ਰੁਪਿਆ। ਹੁਣ ਕਿਸਾਨਾਂ ਨੂੰ ਪਤਾ ਲੱਗੇਗਾ ਕਿ ਇਹ ਕਿਸਾਨਾਂ ਦੇ ਹਿਤੈਸ਼ੀ ਹਨ ਜਾਂ ਅਸੀਂ ਹਿਤੈਸ਼ੀ ਹਾਂ। ਹੁਣ ਅੱਗੇ ਚੱਲੋ।

ਸਪੀਕਰ ਸਾਹਿਬ, ਇਥੇ ਆਲ ਪਾਰਟੀ ਮੀਟਿੰਗ ਹੋਈ ਲੇਕਿਨ ਉਸ ਦੇ ਵਿਚ ਇਹ ਨਹੀਂ ਆਏ। ਸਾਡੇ ਬੁਲਾਉਣ ਦੇ ਬਾਵਜੂਦ ਨਹੀਂ ਆਏ। ਇਨ੍ਹਾਂ ਨੂੰ ਪਤਾ ਸੀ ਕਿ ਅਸੀਂ ਕਿਸਾਨਾਂ ਨੂੰ ਜਵਾਬ ਨਹੀਂ ਦੇ ਸਕਦੇ। ਕਿਸਾਨ ਗਾਲ੍ਹਾਂ ਸਾਨੂੰ ਵੀ ਕੱਢਦੇ ਸਨ, ਔਖੇ ਉਹ ਸਾਡੇ ਤੋਂ ਵੀ ਸਨ ਪਰ ਇਨ੍ਹਾਂ ਤੋਂ ਉਹ ਜ਼ਿਆਦਾ ਔਖੇ ਸਨ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇਹ ਦਿੱਲੀ ਜਾ ਕੇ ਸਾਡੇ ਪ੍ਰਤੀ ਸਾਜ਼ਸ਼ ਰਚਦੇ ਰਹੇ ਹਨ। ਧਾਰਾ 67 ਏ. ਜਿਸ ਨਾਲ ਕਿਸਾਨ ਨੂੰ ਹੱਥਕੜੀ ਲੱਗਦੀ ਸੀ, ਉਹ 1978 ਵਿਚ ਆਈ ਸੀ। ਸਪੀਕਰ ਸਾਹਿਬ, ਇਸ ਬਾਰੇ ਤੁਹਾਨੂੰ ਯਾਦ ਹੋਣਾ ਹੈ ਕਿਉਂਕਿ ਉਸ ਵੇਲੇ ਆਪਾਂ ਦੋਨੋਂ ਉਧਰ ਬੈਠਦੇ ਸੀ ਅਤੇ ਬਾਦਲ ਸਾਹਿਬ

Original with;
Punjab Vidhan Sabha
Digitized by;
Panjab Digital Library

ਇਧਰ ਬੈਠਦੇ ਸੀ। 67-ਏ. ਦੀ ਅਮੈਂਡਮੈਂਟ ਉਦੋਂ 1978 ਵਿਚ ਲਿਆਂਦੀ ਗਈ ਸੀ। ਜਿਹੜਾ ਕਿਸਾਨ ਰਿਕਵਰੀ ਨਹੀਂ ਸੀ ਦਿੰਦਾ, ਉਸ ਤੋਂ ਵਸੂਲੀ ਕਰਨ ਵਾਸਤੇ ਉਦੋਂ ਐਕਟ ਵਿਚ ਇਹ ਤਬਦੀਲੀ ਲਿਆਂਦੀ ਗਈ ਸੀ। ਇਹੋ ਜਿਹੇ ਕਾਨੂੰਨ ਬਣਾਉਣ ਵਾਲੇ ਤੁਸੀਂ ਕਿਸਾਨਾਂ ਦੇ ਹਿਤੈਸ਼ੀ ਹੋ ? ਨਹੀਂ, ਤੁਸੀਂ ਦੁਸ਼ਮਣ ਹੋ। ਹੁਣ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਇਸ ਨੂੰ ਵਿਦਡਰਾਅ ਕਰਨ ਦਾ ਫੈਸਲਾ ਲਿਆ ਹੈ ਕਿ ਅੱਜ ਤੋਂ ਬਾਅਦ ਕਿਸੇ ਕਿਸਾਨ ਨੂੰ ਹੱਥਕੜੀ ਨਹੀਂ ਲੱਗੇਗੀ। ਇਹ ਕਿਸਾਨ ਨੂੰ ਸਾਡੇ ਖਿਲਾਫ ਐਵੇਂ ਚੁੱਕਦੇ ਰਹੇ ਅਤੇ ਉਨ੍ਹਾਂ ਦੀ ਮੰਜੀ ਠੋਕਦੇ ਰਹੇ। ਕਿਸਾਨਾਂ ਨੂੰ ਹੁਣ ਪਤਾ ਲੱਗੇਗਾ ਕਿ ਅਸਲ ਵਿਚ ਕੌਣ ਉਨ੍ਹਾਂ ਦਾ ਹਿਤੈਸ਼ੀ ਹੈ।

ਸਪੀਕਰ ਸਾਹਿਬ, ਅਸੀਂ ਖਾਦਾਂ ਤੇ 4% ਟੈਕਸ ਵਿਦਡਾਰਅ ਕੀਤਾ ਹੈ, ਇਹ ਕਿਸਾਨ ਦੇ ਹਿਤ ਵਿਚ ਕੀਤਾ ਹੈ......(ਵਿਘਨ)......ਉਸ ਵੇਲੇ ਐਮ.ਐਸ.ਪੀ. ਖੁੱਲ੍ਹੀ ਸੀ। ਅਸੀਂ ਉਸ ਨੂੰ ਜਾਮ ਕਰਾ ਦਿੱਤਾ। ਅਸੀਂ ਸਮਝਿਆ ਕਿ ਇਹ ਕਿਸਾਨ ਨਾਲ ਧੱਕਾ ਹੈ, ਇਸ ਕਰਕੇ ਉਸ ਨੂੰ ਠੀਕ ਕਰਨ ਵਾਸਤੇ ਅਸੀਂ ਇਸ ਨੂੰ ਵਿਦਡਰਾਅ ਕੀਤਾ ਹੈ। ਇਸੇ ਤਰ੍ਹਾਂ ਦੁੱਧ ਤੇ 4% ਸੇਲਜ਼ ਟੈਕਸ ਘਟਾ ਕੇ 2% ਲੈ ਆਂਦਾ ਹੈ। ਹੁਣ ਕਿਸਾਨ ਵਾਸਤੇ ਜ਼ਰੂਰੀ ਨਹੀਂ ਕਿ ਉਸ ਨੇ ਮਾਰਕਫੈੱਡ ਤੋਂ ਹੀ ਖਾਦ ਖਰੀਦਣੀ ਹੈ। ਜਿਥੋਂ ਸਸਤੀ ਮਿਲੇ, ਉਥੋਂ ਉਹ ਖਰੀਦ ਲਵੇ। ਇਥੇ ਜ਼ਿਕਰ ਆਇਆ ਅਤੇ ਭੈਣ ਜੀ ਵੀ ਬੋਲੇ ਕਿ ਕੋਆਪ੍ਰੇਟਿਵ ਬੈਂਕਾਂ ਦੇ ਕਰਜ਼ਿਆਂ ਤੇ ਵਿਆਜ ਬਹੁਤ ਜ਼ਿਆਦਾ ਹੈ। ਅਸੀਂ ਇਸ ਨੂੰ ਘਟਾ ਕੇ 14½% ਤੋਂ 13% ਲੈ ਆਏ ਹਾਂ। .....(ਵਿਘਨ)..... ਇਹ ਵਿਆਜ ਤੁਸੀਂ ਕਿਉਂ ਨਹੀਂ ਸੀ ਘਟਾਇਆ। ਇਸ ਦੇ ਵਾਸਤੇ ਤੁਹਾਨੂੰ ਕਿਸ ਨੇ ਰੋਕਿਆ ਸੀ। ਚਲੋ, ਇਹ ਤੁਸੀਂ ਬਾਅਦ ਵਿਚ ਦੱਸ ਦੇਣਾ। ਅਸੀਂ ਇਸ ਨੂੰ ਘਟਾਇਆ ਹੈ ਅਤੇ ਨਾਲ ਹੀ ਇਹ ਵੀ ਫੈਸਲਾ ਕੀਤਾ ਹੈ ਕਿ ਆਉਣ ਵਾਲੇ 3 ਸਾਲਾਂ ਵਿਚ ਇਸ ਨੂੰ ਹੋਰ ਘਟਾ ਕੇ ਕਮਰਸ਼ੀਅਲ ਬੈਂਕਾਂ ਦੇ ਨੇੜੇ-ਤੇੜੇ ਲੈ ਆਉਣਾ ਹੈ। ਇਹ ਸਾਡਾ ਫੈਸਲਾ ਹੈ। ਜਿਹੜੇ ਕੋਆਪ੍ਰੇਟਿਵ ਸੁਸਾਇਟੀਆਂ ਦੇ ਕਿਸਾਨਾਂ ਦੇ ਕਰਜ਼ੇ ਸਨ, ਅਸੀਂ ਲੋਕ ਅਦਾਲਤਾਂ ਕਾਇਮ ਕਰਕੇ ਇਸ ਸਾਲ 285 ਕਰੋੜ ਦੇ ਕਰਜ਼ਿਆਂ ਦੇ ਫੈਸਲੇ ਕਰਵਾਏ ਹਨ ਜਿਸ ਨਾਲ ਇਸ ਵਾਰ 80,000 ਕਿਸਾਨਾਂ ਦਾ ਫਾਇਦਾ ਹੋਇਆ ਹੈ।

ਇਥੇ ਚਰਚਾ ਹੋਈ ਅਤੇ ਕਿਹਾ ਗਿਆ ਕਿ ਕਾਂਟਰੈਕਟ ਫਾਰਮਿੰਗ ਅਤੇ ਡਾਈਵਰਸੀਫਿਕੇਸ਼ਨ ਵਾਸਤੇ ਤਾਂ ਪੈਸਾ ਹੀ ਨਹੀਂ ਰੱਖਿਆ ਅਤੇ ਇਹ ਸਕੀਮ ਫਲਾਪ ਹੋ ਜਾਵੇਗੀ। ਮੈਨੂੰ ਲੱਗਦਾ ਹੈ ਕਿ ਦਿਮਾਗੀ ਤੌਰ ਤੇ ਇਨ੍ਹਾਂ ਨੂੰ ਸਮਝ ਹੈ ਹੀ ਨਹੀਂ ਕਿ ਡਾਈਵਰਸੀਫਿਕੇਸ਼ਨ ਦਾ ਮਸਲਾ ਹੈ ਕੀ। ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਇਸ ਵਿਚ ਕੋਈ ਪੈਸਾ ਇਨਵਾਲਵਡ ਨਹੀਂ ਹੈ। ਜੌਹਲ ਕਮੇਟੀ ਨੇ ਆਪਣੀ ਰਿਪੋਰਟ ਗੌਰਮਿੰਟ ਆਫ ਇੰਡੀਆ ਨੂੰ ਭੇਜੀ ਹੈ। ਇਹ ਕੀ ਹੈ ? ਮੇਰੇ ਕੋਲ ਫੂਡ ਡਿਪਾਰਟਮੈਂਟ ਰਿਹਾ ਹੈ, ਇਸ ਲਈ ਗੌਰਮਿੰਟ ਦੇ ਅੰਕੜੇ ਦੇ ਰਿਹਾ ਹਾਂ। ਕਣਕ ਅਤੇ ਝੋਨੇ ਦੀ ਸਟੋਰੇਜ਼ ਅਤੇ ਉਸ ਦੇ ਇੰਟਰੈਸਟ ਤੇ ਜਿੰਨਾ ਪੈਸਾ ਖਰਚ ਆਉਂਦਾ ਹੈ, ਇਕ ਕੁਇੰਟਲ ਪਿਛੇ 200 ਰੁਪਿਆ ਗੌਰਮਿੰਟ ਆਫ ਇੰਡੀਆ ਪਹਿਲਾਂ ਹੀ ਦੇ ਰਹੀ ਹੈ। ਜੇ ਇਕ ਕਿੱਲੇ ਦੀ ਪੈਦਾਵਾਰ 20 ਕੁਇੰਟਲ ਵੀ ਲਾ ਲਈਏ ਤਾਂ ਇਸ ਤਰੀਕੇ ਨਾਲ 4000 ਰੁਪਿਆ ਗੌਰਮਿੰਟ ਆਫ ਇੰਡੀਆ ਪਹਿਲਾਂ ਹੀ ਦੇ ਰਹੀ ਹੈ। ਜੇ ਸਾਲ ਦੀਆਂ ਦੋਨਾਂ ਫਸਲਾਂ ਦਾ ਖਰਚਾ ਜੋੜ ਲਈਏ ਤਾਂ ਇਹ 8000 ਰੁਪਿਆ ਪ੍ਰਤੀ ਏਕੜ ਫੂਡ ਗਰੇਨਜ਼ ਤੇ ਗੌਰਮਿੰਟ ਆਫ ਇੰਡੀਆ ਖਰਚ ਕਰ ਰਹੀ ਹੈ। ਅਸੀਂ ਉਨ੍ਹਾਂ ਨੂੰ ਸੁਝਾਅ ਦਿੱਤਾ ਹੈ ਕਿ ਤੁਸੀਂ ਇਹ 8 ਹਜ਼ਾਰ ਰੁਪਿਆ ਖਰਚੋ, ਸਿਰਫ 5 ਹਜ਼ਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਸਾਨੂੰ 1280 ਕਰੋੜ ਰੁਪਿਆ ਦੇ ਦਿਓ। ਅਸੀਂ ਪੰਜਾਬ ਦੇ ਕਿਸਾਨ ਨੂੰ ਕਹਾਂਗੇ ਕਿ ਤੂੰ 5,000 ਰੁਪਿਆ ਘਰ ਬੈਠੇ ਲੈ ਲੈ ਪਰ ਸ਼ਰਤ ਇਹ ਹੈ ਕਿ ਤੂੰ ਕਣਕ ਅਤੇ ਝੋਨਾ ਨਹੀਂ ਬੀਜਣਾ ਬਾਕੀ

Original with;
Punjab Vidhan Sabha
Digitized by;

[ **ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** ]

ਜੋ ਮਰਜ਼ੀ ਬੀਜੀ ਜਾਣ, ਖੁੱਲ੍ਹੀ ਛੁੱਟੀ ਹੈ ਪਰ ਤੇਰੇ ਤੇ ਪਾਬੰਦੀ ਹੈ ਕਿ ਤੂੰ ਇਹ ਦੋ ਫਸਲਾਂ ਨਹੀਂ ਬੀਜਣੀਆਂ। ਸਪੀਕਰ ਸਾਹਿਬ, ਇਸ ਨਾਲ ਸਾਡਾ ਕੀ ਲਗਿਆ ਜੀ, ਸਾਡਾ ਕੁਝ ਵੀ ਨਹੀਂ ਲਗਿਆ ਔਰ ਦਿੱਲੀ ਦੀ ਸਰਕਾਰ ਨੂੰ ਇਸ ਨਾਲ 5,000 ਕਰੋੜ ਰੁਪਿਆ ਬਚਦਾ ਹੈ। ਜੇਕਰ ਉਨ੍ਹਾਂ ਦਾ ਪੈਸਾ ਬਚਦਾ ਹੋਵੇ ਔਰ ਡਾਈਵਰਸੀਫਿਕੇਸ਼ਨ ਨਾਲ ਖੇਤੀਬਾੜੀ ਅੱਛੀ ਹੁੰਦੀ ਹੋਵੇ ਤਾਂ ਕਿਸਾਨ ਇਸ ਨੂੰ ਖੁਸ਼ੀ ਨਾਲ ਸਵੀਕਾਰ ਕਰੇਗਾ ਅਤੇ ਸਾਡੀਆਂ ਸਭ ਤੋਂ ਵੱਡੀਆਂ ਤਿੰਨ ਮੁਸ਼ਕਲਾਂ ਵੀ ਹੱਲ ਹੋ ਜਾਣਗੀਆਂ। ਪਾਣੀ, ਬਿਜਲੀ ਦੀ ਸਮੱਸਿਆ ਵੀ ਸੁਤੇ ਸਿੱਧ ਹੀ ਠੀਕ ਹੋ ਸਕਦੀ ਹੈ ਅਤੇ ਜਿਹੜਾ ਵਾਟਰ ਲੈਵਲ ਨੀਚੇ ਜਾ ਰਿਹਾ ਹੈ ਉਹ ਵੀ ਨਹੀਂ ਜਾਵੇਗਾ। ਜੇਕਰ ਅਸੀਂ ਡਾਈਵਰਸੀਫਿਕੇਸ਼ਨ ਨਾ ਕੀਤੀ ਤਾਂ ਇਕ ਸਟੇਜ ਤੇ ਆ ਕੇ ਇਸ ਨੇ ਖਤਮ ਹੋ ਜਾਣਾ ਹੈ। ਇਸ ਲਈ ਇਹ ਪ੍ਰੋਗਰਾਮ ਲਾਗੂ ਹੋਣ ਨਾਲ 25,000 ਏਕੜ ਤੇ ਪਹਿਲੇ ਸਾਲ ਅਸੀਂ ਇਹ ਪ੍ਰੋਗਰਾਮ ਕਰਨਾ ਹੈ। ਇਸ ਨਾਲ ਵਾਟਰ ਲੈਵਲ ਵੀ ਉਚਾ ਹੋਵੇਗਾ ਔਰ ਬਿਜਲੀ ਦੀ ਪਰਾਬਲਮ ਵੀ ਠੀਕ ਹੋ ਜਾਵੇਗੀ। ਕਨਟ੍ਰੈਕਟ ਫਾਰਮਿੰਗ ਵਾਸਤੇ ਅਸੀਂ 25 ਕਰੋੜ ਰੁਪਿਆ ਐਗਰੋ ਇੰਡਸਟਰੀ ਕਾਰਪੋਰੇਸ਼ਨ ਨੂੰ ਵੀ ਦਿੱਤਾ ਹੈ, ਇਹ ਸਕੀਮ ਵੱਖਰੀ ਹੈ। ਦਿੱਲੀ ਦੇ ਵਿੱਚ ਜੇਕਰ ਇਨ੍ਹਾਂ ਦੀ ਉਥੇ ਕੋਈ ਪੁੱਛਗਿੱਛ ਹੈ, ਜੇ ਤੁਹਾਨੂੰ ਉਥੇ ਕੋਈ ਸੁਣਦਾ ਹੈ ਤਾਂ ਇਹ ਕਹੋ ਦਿੱਲੀ ਦੀ ਸਰਕਾਰ ਨੂੰ ਕਿ ਇਸ ਪ੍ਰੋਗਰਾਮ ਨੂੰ ਮਨਜ਼ੂਰ ਕਰੇ ਪਰ ਤੁਹਾਡੀ ਨੀਅਤ ਠੀਕ ਨਹੀਂ। ਮੈਨੂੰ ਤੁਹਾਡੀ ਨੀਅਤ ਤੇ ਸ਼ੱਕ ਹੈ। ਇਸ ਕਰਕੇ ਤੁਹਾਨੂੰ ਕਹਿਣ ਦਾ ਕੋਈ ਫਾਇਦਾ ਨਹੀਂ।

**ਮਾਨਯੋਗ ਸਪੀਕਰ** : ਐਫ.ਐਮ. ਸਾਹਿਬ ਤੁਸੀਂ ਹੋਰ ਕਿੰਨਾ ਟਾਈਮ ਲਓਗੇ ?

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਸਪੀਕਰ ਸਾਹਿਬ, ਅੱਧਾ ਘੰਟਾ ਹੋਰ ਲਵਾਂਗਾ ਜੀ।

**ਮਾਨਯੋਗ ਸਪੀਕਰ** : ਫਿਰ ਏਨਾ ਹੀ ਹਾਊਸ ਨੂੰ ਹੋਰ ਐਕਸਟੈਂਡ ਕਰਨਾ ਪਵੇਗਾ। ਤੁਸੀਂ ਐਪਰੋਪ੍ਰੀਏਸ਼ਨ ਬਿਲ ਤੇ ਵੀ ਬੋਲਣਾ ਹੈ। ਤੁਸੀਂ ਟਾਈਮ ਦੇਖ ਲਓ। ਤੁਸੀਂ ਉਹ ਵੀ ਜਵਾਬ ਦੇਣਾ ਹੈ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਚਲੋ ਫਿਰ ਮੈਂ ਕੁਝ ਕੱਟ ਦਿੰਦਾ ਹਾਂ।

**ਮਾਨਯੋਗ ਸਪੀਕਰ** : ਠੀਕ ਹੈ, carry on.

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਸਪੀਕਰ ਸਾਹਿਬ, ਇੰਡਸਟਰੀਅਲ ਪਾਲਿਸੀ ਬਾਰੇ ਸੀ.ਐਮ. ਸਾਹਿਬ ਨੇ ਦੱਸ ਦਿੱਤਾ ਹੈ, ਇਸ ਲਈ ਮੈਂ ਇਸ ਨੂੰ ਹੁਣ ਟੱਚ ਨਹੀਂ ਕਰਦਾ ਪਰ ਚੁੰਗੀ ਮੁਆਫੀ ਦੀ ਗੱਲ ਮੈਂ ਜ਼ਰੂਰ ਕਰਾਂਗਾ ਕਿਉਂਕਿ ਇਸ ਦਾ ਇੰਡਸਟਰੀਅਲ ਪਾਲਿਸੀ ਦੇ ਨਾਲ ਤਾਲੁੱਕ ਹੈ। ਵੈਸੇ ਬੜੇ ਵਧੀਆ ਤੋਂ ਵਧੀਆ ਪ੍ਰੋਗਰਾਮ ਇੰਡਸਟਰੀਅਲ ਪਾਲਿਸੀ ਲਈ ਅਸੀਂ ਬਣਾਏ ਹਨ। ਪਿਛਲੇ ਸੱਤ ਸਾਲ ਤੋਂ ਇਨ੍ਹਾਂ ਦੇ ਵੇਲੇ ਕੋਈ ਇੰਡਸਟਰੀਅਲ ਪਾਲਿਸੀ ਨਹੀਂ ਸੀ ਬਣੀ। ਇਹ ਪਾਲਿਸੀ ਜਾਂ ਸਰਦਾਰ ਬੇਅੰਤ ਸਿੰਘ ਜੀ ਨੇ ਬਣਾਈ ਸੀ ਜਾਂ ਹੁਣ ਆ ਕੇ ਅਸੀਂ ਬਣਾਈ ਹੈ। ਦਰਅਸਲ, ਇਨ੍ਹਾਂ ਗੱਲਾਂ ਵਿੱਚ ਤਾਂ ਇਨ੍ਹਾਂ ਦਾ ਵਿਸ਼ਵਾਸ਼ ਹੀ ਨਹੀਂ ਹੈ। ਇਨ੍ਹਾਂ ਦਾ ਤਾਂ ਕੇਵਲ ਇੱਕ ਪੁਆਇੰਟ ਪ੍ਰੋਗਰਾਮ ਇਹ ਹੈ ਕਿ ਪਾਵਰ ਵਿੱਚ ਆਓ, ਪੈਸੇ ਇਕੱਠੇ ਕਰੋ ਅਤੇ ਮੁੜ ਪਾਵਰ ਵਿੱਚ ਆਉਣ ਵਾਸਤੇ ਵੰਡੋ,** ਸ਼ਰਾਬ ਵੰਡੋ, ਅਫੀਮ ਵੰਡੋ ਔਰ ਪੈਸੇ ਵੰਡੋ ਇਸ ਕਰਕੇ ਇਹ ਇਸ ਪਾਸੇ ਕੋਈ ਧਿਆਨ ਦੇਣ ਦੀ ਲੋੜ ਨਹੀਂ ਸਮਝਦੇ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਇਨ੍ਹਾਂ ਨੇ ਬੋਲਦੇ ਹੋਏ ਕਿਹਾ ਹੈ ਕਿ ਇਨ੍ਹਾਂ ਦੀ ਨੀਅਤ ਸਾਫ ਨਹੀਂ ਹੈ, ਇਹ ਪਾਵਰ ਵਿੱਚ ਆ ਕੇ ** ਵੰਡਦੇ ਹਨ, ਅਫੀਮ ਵੰਡਦੇ ਹਨ। ਇਹ ਅਨਪਾਰਲੀਆਮੈਂਟ ਸ਼ਬਦ ਹਨ। ਇਹ ਫਾਇਨੈਂਸ ਤੇ ਬਹਿਸ ਹੋ ਰਹੀ ਹੈ ਜਾਂ ਕਿ ਮੇਲੇ ਵਾਲੀ ਬਹਿਸ ਕਰ ਰਹੇ ਹਨ।

**ਮਾਨਯੋਗ ਸਪੀਕਰ** : ** ਸ਼ਬਦ ਕੱਟ ਦਿੱਤਾ ਜਾਵੇ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਸਪੀਕਰ ਸਾਹਿਬ, ਅਸੀਂ ਸਰਕਾਰੀ ਮੁਲਾਜ਼ਮਾਂ ਨੂੰ ਥੋੜ੍ਹਾ ਬਹੁਤ ਪਿਛਲੇ ਬਜਟ ਵੇਲੇ ਰੋਕਿਆ ਸੀ ਅਤੇ ਕਿਹਾ ਸੀ ਕਿ ਸਾਡੀ ਹਾਲਤ ਮਾੜੀ ਹੈ ਅਤੇ ਸਾਡੀ ਮਜ਼ਬੂਰੀ ਹੈ ਅਤੇ ਸਰਕਾਰ ਦੀ ਮਾਲੀ ਹਾਲਤ ਠੀਕ ਹੋਣ ਤੇ ਅਸੀਂ ਸਾਰੀਆਂ ਸਹੂਲਤਾਂ ਵਾਪਸ ਕਰਾਂਗੇ। ਤੁਸੀਂ ਸਾਡੇ ਭਰਾ ਹੋ, ਸਾਡੇ ਸਾਥੀ ਹੋ, ਸਾਡੀ ਸਰਕਾਰ ਦੇ ਅੰਗ ਹੋ। ਉਸ ਤੋਂ ਬਾਅਦ ਅਸੀਂ ਜਿਉਂ-ਜਿਉਂ ਸਾਡੀ ਹਾਲਤ ਸੁਧਰੀ, ਜਿਉਂ ਜਿਉਂ ਹਾਲਤ ਠੀਕ ਹੁੰਦੀ ਗਈ ਅਸੀਂ ਆਪਣੇ ਮੁਲਾਜ਼ਮਾਂ ਵਾਸਤੇ 104 ਕਰੋੜ ਰੁਪਏ ਡੀ.ਏ. ਵਾਸਤੇ ਜਿਹੜਾ ਕਿ 52% ਬਣਦਾ ਹੈ, ਜੋ ਕਿ ਪਹਿਲਾਂ 49% ਸੀ ਹੁਣ 3% ਐਡੀਸ਼ਨਲ ਡੀ.ਏ. ਹੋਰ ਦੇ ਕੇ 52% ਤੇ ਲੈ ਕੇ ਆਏ ਹਾਂ ਜਿਹੜਾ ਕਿ ਸਾਰੇ ਹਿੰਦੂਸਤਾਨ ਵਿੱਚ ਸੱਭ ਤੋਂ ਵੱਧ ਹੈ। ਦਿੱਲੀ ਦੀ ਸਰਕਾਰ ਤੋਂ ਵੀ ਵੱਧ ਹੈ। ਐਲ.ਟੀ.ਸੀ. ਨੂੰ ਵੀ ਅਸੀਂ ਜਾਮ ਕੀਤਾ ਸੀ ਅਤੇ ਹੁਣ ਉਸ ਨੂੰ ਵੀ ਅਸੀਂ ਵਾਪਸ ਲੈ ਲਿਆ ਹੈ। ਇਸ ਦੇ ਨਾਲ ਹੀ ਅਸੀਂ ਪਰਮੋਸ਼ਨਾਂ ਵੀ ਖੋਲ੍ਹ ਦਿੱਤੀਆਂ ਹਨ ਕਿਉਂਕਿ ਇਹ ਉਨ੍ਹਾਂ ਦਾ ਸ਼ਿਕਵਾ ਸੀ। ਨਵੀਂ ਭਰਤੀ ਜਿੱਥੇ ਵੀ ਜ਼ਰੂਰਤ ਹੋਈ, ਅਸੀਂ ਫੈਸਲਾ ਕੀਤਾ ਹੈ ਕਿ ਕੈਬਨਿਟ ਵਿੱਚ ਇਹ ਮਾਮਲਾ ਆਵੇਗਾ। ਜਿੱਥੇ ਬਹੁਤ ਜ਼ਰੂਰੀ ਹੋਵੇਗਾ ਉਹ ਵੀ ਅਸੀਂ ਕਰਾਂਗੇ। ਆਉਣ ਵਾਲੇ ਸਮੇਂ ਵਿੱਚ ਨਵੀਆਂ ਨੌਕਰੀਆਂ ਵੀ ਹੋਣਗੀਆਂ। ਇਹ ਸਾਡਾ ਪ੍ਰੋਗਰਾਮ ਹੈ। ਇਕ ਗੱਲ ਸੁਣ ਲਓ ਕਿ ਜਿੰਨੀਆਂ ਵੀ ਸਰਕਾਰ ਵਿੱਚ ਨੌਕਰੀਆਂ ਮਿਲਣੀਆਂ ਹਨ, ਉਹ ਫਰੀ ਮਿਲਣੀਆਂ ਹਨ, ਬਗੈਰ ਪੈਸਿਆਂ ਤੋਂ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਸਪੀਕਰ ਸਾਹਿਬ, ਇਥੇ ਚਰਚਾ ਹੋਈ ਸੀ ਕਿ ਤਰਸ ਦੇ ਆਧਾਰ ਤੇ ਨੌਕਰੀਆਂ ਬੰਦ ਕਰ ਦਿੱਤੀਆਂ ਗਈਆਂ ਹਨ। ਕੋਈ ਇਹੋ ਜਿਹੀ ਗੱਲ ਨਹੀਂ ਹੈ। ਇਹ ਮੁਲਾਜ਼ਮਾਂ ਨੂੰ ਭੜਕਾਉਣ ਵਾਸਤੇ ਕਦੀ ਮੁਲਾਜ਼ਮਾਂ ਦੀ ਪੂੰਛ ਫੜ ਲੈਂਦੇ ਹਨ, ਕਦੇ ਕਿਸਾਨਾਂ ਦੀ ਪੂੰਛ ਫੜ ਲੈਂਦੇ ਹਨ। ਅਸੀਂ ਇਨ੍ਹਾਂ ਨੂੰ ਪੂੰਛ ਫੜਨ ਨਹੀਂ ਦੇਣੀ। ਇਨ੍ਹਾਂ ਨੇ ਡਿਸਇਨਵੈਸਟਮੈਂਟ ਕਮਿਸ਼ਨ ਬਣਾਇਆ ਸੀ, ਅਸੀਂ ਨਹੀਂ ਬਣਾਇਆ ਪਰ ਉਸ ਦੇ ਆਧਾਰ ਤੇ ਅਸੀਂ ਮੁਲਾਜ਼ਮਾਂ ਦੇ ਹਿਤਾਂ ਨੂੰ ਵੀ ਧਿਆਨ ਵਿਚ ਰੱਖ ਰਹੇ ਹਾਂ। ਸਪੀਕਰ ਸਾਹਿਬ, ਹੁਣ ਮੈਂ ਪਾਰਦਰਸ਼ਤਾ ਅਤੇ ਟਰਾਂਸਪੇਰੇਂਸੀ ਦੀ ਗੱਲ ਕਰਦਾ ਹਾਂ। ਮੈਂ ਬੜੇ ਫਖਰ ਨਾਲ ਕਹਿ ਸਕਦਾ ਹਾਂ ਕਿ ਸਪੀਕਰ ਸਾਹਿਬ, ਤੁਸੀਂ ਇਸ ਤੋਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਾਰੇ ਅੰਦਾਜ਼ਾ ਲਗਾ ਸਕਦੇ ਹੋ ਕਿ ਉਨ੍ਹਾਂ ਦੀ ਸਰਕਾਰ ਵਿਚ ਕਿੰਨੀ ਟਰਾਂਸਪੇਰੇਂਸੀ ਹੈ, ਕਿਤਨੀ ਸਫਾਈ ਹੈ। ਸਪੀਕਰ ਸਾਹਿਬ, ਪੀ.ਪੀ.ਐਸ.ਸੀ. ਦੇ ਚੇਅਰਮੈਨ ਰਵੀ ਸਿੱਧੂ ਨੂੰ ਹਟਾ ਕੇ ਰਿਟਾਇਰਡ ਜਨਰਲ ਸੁਰਜੀਤ ਸਿੰਘ ਰਿਆੜ ਨੂੰ ਲਗਾਇਆ ਹੈ। ਤੁਹਾਨੂੰ ਫਰਕ ਨਜ਼ਰ ਆਇਆ ਹੋਵੇਗਾ। ਇਸੇ ਤਰ੍ਹਾਂ ਐਸ.ਐਸ.ਐਸ. ਬੋਰਡ ਦਾ ਚੇਅਰਮੈਨ ਜਿਹੜਾ ਕਿ ਐਮ.ਐਲ.ਏ. ਦਾ ਲੜਕਾ ਸੀ ਅਤੇ ਸਾਰੀ ਦੁਨੀਆਂ ਨੂੰ ਪਤਾ ਹੈ ਕਿ ਉਹ ਕੀ ਕਰਦਾ ਰਿਹਾ ਹੈ, ਉਸ ਨੂੰ ਹਟਾ ਕੇ ਰਿਟਾਇਰਡ ਬ੍ਰਿ. ਹਰਚਰਨ ਸਿੰਘ ਹਰੀਕੇ ਨੂੰ ਲਗਾਇਆ ਗਿਆ ਹੈ। ਉਸ ਦਾ ਵੀ ਫਰਕ ਨਜ਼ਰ ਆਇਆ ਹੋਵੇਗਾ। ਇਸ ਤੋਂ ਅੱਗੇ ਪੰਜਾਬੀ

**Expunged as ordered by the Chair.

Original with;
Punjab Vidhan Sabha
Digitized by;

[ ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ ]

ਯੂਨੀਵਰਸਿਟੀ ਪਟਿਆਲਾ ਦਾ ਵਾਈਸ-ਚਾਂਸਲਰ ਇਨ੍ਹਾਂ ਨੇ ਸ਼੍ਰੀ ਜਸਬੀਰ ਸਿੰਘ ਆਹਲੂਵਾਲੀਏ ਨੂੰ ਲਗਾਇਆ ਹੋਇਆ ਸੀ ਜਿਸ ਦੇ ਕੰਮਾਂ ਬਾਰੇ ਵੀ ਸਾਰੀ ਦੁਨੀਆਂ ਨੂੰ ਪਤਾ ਹੈ ਕਿ ਉਹ ਕੀ ਕਰਦਾ ਹੁੰਦਾ ਸੀ। ਉਸ ਦੀ ਥਾਂ ਅਸੀਂ ਸਰਦਾਰ ਸਵਰਨ ਸਿੰਘ ਬੋਪਾਰਾਏ ਨੂੰ ਲਗਾਇਆ ਹੈ ਜਿਸ ਨੂੰ ਕਿ ਦੁਨੀਆਂ ਜਾਣਦੀ ਸੀ। ਇਨ੍ਹਾਂ ਨੂੰ ਇਸ ਗੱਲ ਦੇ ਲਈ ਸਾਡਾ ਧੰਨਵਾਦ ਕਰਨਾ ਚਾਹੀਦਾ ਸੀ। ਇਸ ਤੋਂ ਅੱਗੇ ਸਪੀਕਰ ਸਾਹਿਬ, ਪੰਜਾਬ ਟੈਕਨੀਕਲ ਯੂਨੀਵਰਸਿਟੀ ਦਾ ਵਾਈਸ-ਚਾਂਸਲਰ ਸ਼੍ਰੀ ਐਚ.ਐਸ. ਗੁਰਮ ਸੀ ਉਸ ਦੀ ਥਾਂ ਤੇ ਸ਼੍ਰੀ ਵਾਈ.ਐਸ. ਰਾਜਨ ਨੂੰ ਲਗਾਇਆ ਹੈ ਜਿਹੜਾ ਕਿ ਇਕ ਬੜਾ ਹੀ ਸਾਫ-ਸੁਥਰਾ ਅਤੇ ਬੇਦਾਗ ਸ਼ਖਸੀਅਤ ਹੈ। ਇਸ ਤਰ੍ਹਾਂ ਦੀਆਂ ਟਰਾਂਸਪੇਰੇਂਸੀ ਦੀਆਂ ਮੇਰੇ ਕੋਲ ਬੜੀਆਂ ਹੀ ਮਿਸਾਲਾਂ ਹਨ।

ਸਾਬਕਾ ਸੈਨਿਕਾਂ ਵਾਸਤੇ ਜਿਨ੍ਹਾਂ ਨੇ ਸਾਡੇ ਦੇਸ਼ ਲਈ ਕੁਰਬਾਨੀਆਂ ਦਿਤੀਆਂ ਅਤੇ ਆਪਣੀਆਂ ਜਾਨਾਂ ਵਾਰੀਆਂ, ਉਨ੍ਹਾਂ ਵਾਸਤੇ ਅਸੀਂ ਪਰਮਵੀਰ/ਅਸ਼ੋਕ ਚੱਕਰ ਲਈ 25 ਲੱਖ ਰੁਪਏ, ਮਹਾਂਵੀਰ/ਕੀਰਤੀ ਚੱਕਰ ਲਈ 15 ਲੱਖ ਰੁਪਏ, ਵੀਰ/ਸ਼ੌਰਿਆ ਚੱਕਰ ਲਈ 10 ਲੱਖ ਰੁਪਏ, ਐਸ.ਐਮ./ਵੀ.ਐਸ.ਐਮ./ਵਾਈ.ਐਸ.ਐਮ. (ਬਹਾਦਰੀ ਲਈ) 5 ਲੱਖ ਰੁਪਏ ਦਾ ਇਨਾਮ ਉਨ੍ਹਾਂ ਨੂੰ ਸਨਮਾਨ ਕਰਨ ਵਾਸਤੇ ਰੱਖਿਆ ਹੈ। ਇਨ੍ਹਾਂ ਨੂੰ ਇਸ ਦੀ ਸ਼ਲਾਘਾ ਕਰਨੀ ਚਾਹੀਦੀ ਹੈ। ਇਨ੍ਹਾਂ ਨੇ ਬਜਟ ਤੇ ਬੋਲਦੇ ਹੋਏ ਇਨ੍ਹਾਂ ਵਿਚੋਂ ਕਿਸੇ ਪੱਖ ਤੇ ਵੀ ਨਹੀਂ ਬੋਲਿਆ। ਇਹ ਤਾਂ ਬੱਸ ਇਥੇ ਘੁੰਡ ਕੱਢ ਕੇ ਹੀ ਬੈਠੇ ਰਹੇ ਹਨ।

ਸਪੀਕਰ ਸਾਹਿਬ, ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਵਾਸਤੇ, ਉਨ੍ਹਾਂ ਨੂੰ ਸਨਮਾਨ ਦੇਣ ਵਾਸਤੇ ਵੀ ਅਸੀਂ ਇਨਾਮ ਰੱਖੇ ਹਨ। ਗੋਲਡ ਮੈਡਲ ਜਿੱਤ ਕੇ ਲਿਆਉਣ ਵਾਲੇ ਨੂੰ 7 ਲੱਖ ਰੁਪਏ, ਚਾਂਦੀ ਦਾ ਮੈਡਲ ਜਿੱਤ ਕੇ ਲਿਆਉਣ ਵਾਲੇ ਨੂੰ 5 ਲੱਖ ਰੁਪਏ ਅਤੇ ਕਾਂਸੀ ਦਾ ਮੈਡਲ ਜਿੱਤ ਕੇ ਲਿਆਉਣ ਵਾਲੇ ਨੂੰ 3 ਲੱਖ ਰੁਪਏ ਦਾ ਇਨਾਮ ਰੱਖਿਆ ਹੈ। ਸਪੀਕਰ ਸਾਹਿਬ, ਮੈਂ 10-15 ਮਿੰਟ ਹੋਰ ਲਵਾਂਗਾ। ਸਪੀਕਰ ਸਾਹਿਬ, ਮੈਂ ਲੋਕਪਾਲ ਦੀ ਗੱਲ ਜ਼ਰੂਰ ਕਰਾਂਗਾ ਕਿਉਂਜੋ ਇਸ ਵਿਚ ਮੇਰਾ ਨਾਂ ਵੀ ਨਾਲ ਜੁੜਿਆ ਹੋਇਆ ਹੈ। ਸਪੀਕਰ ਸਾਹਿਬ, ਜੇਕਰ ਤੁਸੀਂ ਇਜਾਜ਼ਤ ਦਿਓ ਤਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਕਮਿਸ਼ਨ ਆਫ ਇਨਕੁਆਇਰੀ ਸ਼੍ਰੀ ਏ.ਐਸ. ਗਰਗ ਨੂੰ ਲਗਾਇਆ ਸੀ। ਇਨ੍ਹਾਂ ਨੇ ਬੜਾ ਰੌਲਾ ਪਾਇਆ ਕਿ ਇਹ ਤਾਂ ਐਡਵੋਕੇਟ ਜਨਰਲ ਦਾ ਰਿਸ਼ਤੇਦਾਰ ਹੈ ਅਤੇ ਸਾਨੂੰ ਖਰਾਬ ਕਰਨ ਵਾਸਤੇ ਹੀ ਲਗਾਇਆ ਗਿਆ ਹੈ। ਸਪੀਕਰ ਸਾਹਿਬ, ਉਹ ਬੜਾ ਖੁਦਾਰ ਵਿਅਕਤੀ ਸੀ, ਉਸ ਨੇ ਅਸਤੀਫਾ ਦੇ ਦਿੱਤਾ। ਮੁੱਖ ਮੰਤਰੀ ਸਾਹਿਬ ਨੇ ਉਸ ਦਾ ਅਸਤੀਫਾ ਪ੍ਰਵਾਨ ਕਰ ਲਿਆ ਅਤੇ ਕੋਈ ਵੀ ਹਿਚਕਚਾਹਟ ਨਹੀਂ ਵਿਖਾਈ। ਮੇਰਾ ਇਕ ਸਵਾਲ ਹੈ ਕਿ ਜਸਟਿਸ ਹਰਬੰਸ ਸਿੰਘ ਰਾਏ ਲੋਕਪਾਲ ਕੌਣ ਸੀ, ਉਹ ਬਾਦਲ ਸਾਹਿਬ ਦਾ ਆਪਣਾ ਰਿਸ਼ਤੇਦਾਰ ਸੀ। ਜਿਹੜਾ ਐਡੀਸ਼ਨਲ ਐਡਵੋਕੇਟ ਜਨਰਲ ਸੀ, ਉਸ ਬਾਰੇ ਬਾਦਲ ਸਾਹਿਬ ਨੇ ਮੰਨਿਆ....

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਜਸਟਿਸ ਹਰਬੰਸ ਸਿੰਘ ਰਾਏ, ਬਾਦਲ ਸਾਹਿਬ ਦਾ ਕੋਈ ਰਿਸ਼ਤੇਦਾਰ ਨਹੀਂ ਹੈ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਸਪੀਕਰ ਸਾਹਿਬ, ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਮੈਂ ਹਾਈ ਕੋਰਟ ਵਿਚ ਉਸ ਦੇ ਖਿਲਾਫ ਕੇਸ ਕੀਤਾ ਸੀ। ਉਸ ਸਮੇਂ ਬਾਦਲ ਸਾਹਿਬ ਨੇ ਜਵਾਬ ਦਾਅਵਾ ਪੇਸ਼ ਕੀਤਾ ਸੀ ਜਿਸ ਵਿਚ ਉਨ੍ਹਾਂ ਨੇ ਇਹ ਮੰਨਿਆ ਸੀ ਜਸਟਿਸ ਹਰਬੰਸ ਸਿੰਘ ਰਾਏ ਉਨ੍ਹਾਂ ਦਾ ਰਿਸ਼ਤੇਦਾਰ ਹੈ। ਸਪੀਕਰ ਸਾਹਿਬ ਜਿਹੜਾ ਇਨ੍ਹਾਂ ਦਾ ਐਡੀਸ਼ਨਲ ਐਡਵੋਕੇਟ ਜਨਰਲ ਸੀ ਉਸ ਦਾ ਉਹ ਪਿਓ ਸੀ, ਉਹ ਤਾਂ ਘਰ ਵਿੱਚ

Original with;
Punjab Vidhan Sabha
Digitized by;
Panjab Digital Library

ਹੀ ਸੀ। ਸਪੀਕਰ ਸਾਹਿਬ, ਉਹ ਕੈਪਟਨ ਕੰਵਲਜੀਤ ਸਿੰਘ ਦਾ ਵੀ ਰਿਸ਼ਤੇਦਾਰ ਸੀ ਅਤੇ ਉਹ ਐਡੀਸ਼ਨਲ ਐਡਵੋਕੇਟ ਜਨਰਲ ਰਣਦੀਪ ਸਿੰਘ ਰਾਏ ਦਾ ਸਕਾ ਪਿਓ ਸੀ (ਹਾਸਾ)। ਸਪੀਕਰ ਸਾਹਿਬ, ਇਨ੍ਹਾਂ ਦੇ ਪ੍ਰਿੰਸੀਪਲ ਸਕੱਤਰ ਸਰਦਾਰ ਰਮੇਸ਼ਇੰਦਰ ਸਿੰਘ ਦਾ ਉਹ ਸਕਾ ਚਾਚਾ ਸੀ ਪਰ ਸਾਡੇ ਕੈਪਟਨ ਅਮਰਿੰਦਰ ਸਿੰਘ ਜੀ ਕਹਿੰਦੇ ਰਹੇ ਕਿ ਇਹ ਇਨ੍ਹਾਂ ਦਾ ਰਿਸ਼ਤੇਦਾਰ ਹੈ। ਇਸ ਨੂੰ ਹਟਾਇਆ ਜਾਣਾ ਚਾਹੀਦਾ ਹੈ ਪਰ ਇਨ੍ਹਾਂ ਨੇ ਇਕ ਨਹੀਂ ਸੁਣੀ ਅਤੇ ਸੁਣੀ ਅਣਸੁਣੀ ਕਰ ਦਿਤੀ ਅਤੇ ਕਿਸੇ ਨੇ ਕੋਈ ਅਸਤੀਫਾ ਨਹੀਂ ਦਿਤਾ। ਸਪੀਕਰ ਸਾਹਿਬ, ਇਨ੍ਹਾਂ ਨੇ ਲੋਕਪਾਲ ਲਗਾਇਆ, ਕਿਸ ਤਰ੍ਹਾਂ ਇਨ੍ਹਾਂ ਨੇ ਸਾਰੇ ਕਾਇਦੇ ਕਾਨੂੰਨ ਨੂੰ ਛਿੱਕੇ ਤੇ ਟੰਗ ਕੇ ਉਸ ਨੂੰ ਲਗਾਇਆ। ਕਾਨੂੰਨ ਕਹਿੰਦਾ ਹੈ ਕਿ ਲੋਕਪਾਲ ਦੀ ਨਿਯੁਕਤੀ ਚੀਫ ਜਸਟਿਸ ਦੀ ਕਨਸਲਟੈਂਸੀ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ ਪਰ ਇਨ੍ਹਾਂ ਨੇ ਚੀਫ ਜਸਟਿਸ ਸਾਹਿਬ ਨੂੰ ਨਹੀਂ ਪੁਛਿਆ। ਇਨ੍ਹਾਂ ਨੇ ਸਾਨੂੰ ਖਰਾਬ ਕਰਨ ਲਈ, ਪੁਲੀਟੀਕਲ ਵਿਕਟੇਮਾਈਜੇਸ਼ਨ ਲਈ, ਉਸ ਨੂੰ ਲਗਾਇਆ। ਸਪੀਕਰ ਸਾਹਿਬ, ਮੈਂ ਇਸ ਦੇ ਖਿਲਾਫ ਮਾਨਯੋਗ ਹਾਈ ਕੋਰਟ ਵਿੱਚ ਰਿੱਟ ਵੀ ਦਾਇਰ ਕੀਤੀ, ਜਿਸ ਦਾ ਇਹ ਇੱਥੇ ਜ਼ਿਕਰ ਕਰਦੇ ਹਨ (ਥੰਪਿੰਗ) ਸਪੀਕਰ ਸਾਹਿਬ, ਉਸ ਦੇ ਖਿਲਾਫ ਮੈਲਾਫਾਈਡ ਅਟੈਂਸ਼ਨ ਦੇ ਚਾਰਜਿਜ਼ ਲੱਗੇ ਹੋਏ ਸਨ ਅਤੇ ਕੋਰਟ ਵਲੋਂ ਉਸਦੇ ਵਿਰੁੱਧ ਸਟਰਿਕਚਰ ਵੀ ਪਾਸ ਕੀਤਾ ਗਿਆ ਸੀ।

**ਮਾਨਯੋਗ ਸਪੀਕਰ** : ਤੁਸੀਂ ਸਬ-ਜੁਡੀਅਸ ਮੈਟਰ ਤੋਂ ਜ਼ਰਾ ਲਾਂਭੇ ਹੋ ਜਾਵੋ ਤਾਂ ਚੰਗਾ ਹੈ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਠੀਕ ਹੈ ਜੀ, ਮੈਂ ਲਾਂਭੇ ਹੋ ਜਾਂਦਾ ਹਾਂ ਜੀ। ਸਪੀਕਰ ਸਾਹਿਬ, ਕੈਪਟਨ ਕੰਵਲਜੀਤ ਸਿੰਘ ਅੱਜ ਇੱਥੇ ਬੈਠੇ ਨਹੀਂ ਹਨ, ਉਨ੍ਹਾਂ ਦੀ ਗੱਲ ਨਾ ਕਰਾਂ ਤਾਂ ਚੰਗਾ ਹੈ, ਉਨ੍ਹਾਂ ਵਲੋਂ ਜਿੰਨੇ ਵੀ ਨੁਕਤੇ ਉਠਾਏ ਗਏ ਸਨ, ਉਨ੍ਹਾਂ ਦਾ ਮੇਰੇ ਕੋਲ ਇਕੱਲੇ-ਇਕੱਲੇ ਦਾ ਜਵਾਬ ਹੈ। ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਦਾ ਇਹ ਮਿਸ਼ਨ ਹੈ ਕਿ :

"ਹਰ ਖੇਤ ਵਿੱਚ ਹਰਿਆਲੀ ਹੋਵੇ,
ਹਰ ਚਿਹਰੇ ਤੇ ਲਾਲੀ ਹੋਵੇ, ਅਤੇ
ਹਰ ਘਰ ਵਿੱਚ ਖੁਸ਼ਹਾਲੀ ਹੋਵੇ।"

ਪਰ, ਸਪੀਕਰ ਸਾਹਿਬ, ਜਦੋਂ ਇਹ ਸਰਕਾਰ ਤੋਂ ਬਾਹਰ ਹੁੰਦੇ ਹਨ ਤਾਂ ਇਨ੍ਹਾਂ ਦਾ ਮਿਸ਼ਨ ਹੁੰਦਾ ਹੈ ਕਿ :

"ਮੋਰਚੇ ਲਾਓ ਅਤੇ ਜੇਲ੍ਹਾਂ ਭਰੋ"

ਪਰ, ਸਪੀਕਰ ਸਾਹਿਬ, ਜਦੋਂ ਸਰਕਾਰ ਦੇ ਵਿੱਚ ਹੁੰਦੇ ਹਨ ਤਾਂ ਇਨ੍ਹਾਂ ਦਾ ਮਿਸ਼ਨ ਹੁੰਦਾ ਹੈ ਕਿ :

"ਮੋਰਚੇ ਲਾਓ ਅਤੇ ਜੇਬਾਂ ਭਰੋ"

ਸਪੀਕਰ ਸਾਹਿਬ, ਸਾਡਾ ਮਿਸ਼ਨ ਬਹੁਤ ਵਧੀਆ ਹੈ ਇਸ ਲਈ ਇਸ ਦੀ ਕਾਮਯਾਬੀ ਲਈ ਇਨ੍ਹਾਂ ਸਾਰਿਆਂ ਨੂੰ ਸਾਡਾ ਸਾਥ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਮੈਂ 24 ਮਾਰਚ ਨੂੰ ਜੋ ਬਜਟ ਸਦਨ ਵਿੱਚ ਪੇਸ਼ ਕੀਤਾ ਹੈ, ਮੇਰੀ ਸਾਰੇ ਮੈਂਬਰ ਸਾਹਿਬਾਨ ਨੂੰ ਅਪੀਲ ਹੈ ਕਿ ਇਸ ਨੂੰ ਸਰਬ-ਸੰਮਤੀ ਨਾਲ ਪਾਸ ਕੀਤਾ ਜਾਵੇ ਜਿਹੜਾ ਕਿ ਹਰ ਵਰਗ ਦੇ ਹਿੱਤ ਵਿੱਚ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

THE PUNJAB APPROPRIATION (NO. 2) BILL, 2003

**Mr. Speaker :** Now, Hon'ble Minister to introduce the Punjab Appropriation No. (2) Bill, 2003 and also to move that the bill be taken into consideration at once.

**Finance, Planning and Cooperation Minister (Sardar Lal Singh) :** Sir, I beg to introduce the Punjab Appropriation No. (2) Bill.

Sir, I also beg to move—

That the Punjab Appropriation No. (2) Bill be taken into consideration at once.

**Mr. Speaker :** Motion moved—

That the Punjab Appropriation No. (2) Bill be taken into consideration at once.

**Mr. Speaker :** Discussion if any. ਹਾਂ ਜੀ, ਭੂੰਦੜ ਸਾਹਿਬ।

**ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ) :** ਸਪੀਕਰ ਸਾਹਿਬ, ਮੈਂ ਤਾਂ ਕੇਵਲ ਦੋ ਪੁਆਇੰਟਾਂ ਬਾਰੇ ਕਲੈਰੀਫੀਕੇਸ਼ਨ ਹੀ ਲੈਣੀ ਚਾਹੁੰਦਾ ਹਾਂ। ਇਕ ਤਾਂ ਸਪੀਕਰ ਸਾਹਿਬ ਜਿਹੜਾ ਇਨ੍ਹਾਂ ਨੇ 4% ਟੈਕਸ ਜੋ ਫਰਟੇਲਾਈਜ਼ਰ ਤੇ ਲਗਦਾ ਸੀ, ਉਸ ਨੂੰ ਖਤਮ ਕਰਨ ਦੀ ਗੱਲ ਕੀਤੀ ਹੈ, ਉਹ ਤਾਂ ਇਨ੍ਹਾਂ ਦੀ ਮਜ਼ਬੂਰੀ ਸੀ ਕਿਉਂਕਿ ਦੂਜੀਆਂ ਸਟੇਟਾਂ ਜਿਵੇਂ ਗੁਆਂਢੀ ਰਾਜ ਹਰਿਆਣਾ ਵਿੱਚ ਵੀ ਨਹੀਂ ਲਗਦਾ ਸੀ, ਠੀਕ ਹੈ, ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ 2% ਐਲ.ਏ.ਡੀ.ਟੀ. ਲਗਾਇਆ ਗਿਆ ਹੈ ਪਹਿਲਾਂ ਖੇਤੀ ਦੀਆਂ ਵਸਤਾਂ ਤੇ ਕੋਈ ਟੈਕਸ ਨਹੀਂ ਸੀ ਲਗਦਾ ਪਰ ਇਸ ਵਿੱਚ ਖੇਤੀ ਨਾਲ ਸਬੰਧਤ ਜੋ ਵੀ ਵਸਤਾਂ ਹਨ, ਜਿਵੇਂ ਡੀਜ਼ਲ ਹੈ, ਟਰੈਕਟਰ ਹਨ, ਫਰਟੇਲਾਈਜ਼ਰ ਹੈ, ਪੈਸਟੀਸਾਈਡਜ਼ ਆ ਜਾਂਦੀਆਂ ਹਨ, ਕੀ ਇਹ ਪਹਿਲਾਂ ਨਾਲੋਂ ਵੀ ਜ਼ਿਆਦਾ ਟੈਕਸ ਨਹੀਂ ਹੋਵੇਗਾ? ਅਤੇ ਇਸ ਤੋਂ ਕਿੰਨੀ ਕੁਲੈਕਸ਼ਨ ਹੋਵੇਗੀ, ਇਕ ਤਾਂ ਇਸ ਦੇ ਬਾਰੇ ਇਹ ਕਲੈਰੀਫਾਈ ਕਰ ਦੇਣ। ਦੂਸਰਾ ਜੋ ਇਨ੍ਹਾਂ ਨੇ ਕਿਹਾ ਕਿ ਅਸੀਂ 13% ਵਿਆਜ਼ ਤੇ ਲੈ ਕੇ ਆਏ ਹਾਂ ਪਰ ਆਰ.ਬੀ.ਆਈ. ਦੇ ਮੁਤਾਬਿਕ ਜੋ ਕਮਰਸ਼ੀਅਲ ਬੈਂਕ ਹਨ, ਉਨ੍ਹਾਂ ਨੇ ਰੇਟ ਆਫ ਇੰਟਰੈਸਟ ਘਟਾਏ ਹਨ। ਵੈਸੇ ਤਾਂ 17% ਤੋਂ ਅਸੀਂ ਹੀ 15% ਤੇ ਲੈ ਕੇ ਆਏ ਸੀ ਅਤੇ ਹੁਣ ਜਿਹੜੀ ਇਹ 13% ਦੀ ਗੱਲ ਕਰਦੇ ਹਨ, ਪਹਿਲਾਂ 14.1/2% ਸੀ, 1.1/2% ਘਟਾਇਆ ਹੈ, ਕੀ ਇਹ ਹੁਣ ਵੀ ਕਮਰਸ਼ੀਅਲ ਬੈਂਕਾਂ ਤੋਂ ਵੱਧ ਨਹੀਂ। ਇਹ ਇਨ੍ਹਾਂ ਦੋ ਪੁਆਇੰਟਾਂ ਬਾਰੇ ਕਲੈਰੀਫਾਈ ਕਰ ਦੇਣ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਸਪੀਚ ਵਿੱਚ ਕਿਹਾ ਹੈ ਕਿ ਇਹ ਵੱਧ ਹੈ। ਅਗਲੇ ਤਿੰਨ ਸਾਲਾਂ ਵਿੱਚ ਅਸੀਂ ਆਹਿਸਤਾ-ਆਹਿਸਤਾ ਬਰਾਬਰ ਲੈ ਕੇ ਆਵਾਂਗੇ। ਜਿੱਥੋਂ ਤੱਕ ਚੁੰਗੀ ਦੇ ਮੁਕਾਬਲੇ ਅਸੀਂ 2% ਟੈਕਸ ਲਗਾਇਆ ਹੈ, ਇਹ ਭਾਵੇਂ 1 ਜੁਲਾਈ ਤੋਂ ਲਾਗੂ ਹੋਵੇਗਾ ਪਰ ਇਸ ਦੇ ਨੈਗੇਟਿਵ ਪੱਖ ਐਗਜ਼ਾਮਿਨ ਕਰਕੇ ਹੀ ਇਸ ਨੂੰ ਲਾਗੂ ਕੀਤਾ ਜਾਵੇਗਾ।

**ਮਾਨਯੋਗ ਸਪੀਕਰ :** ਸਰਦਾਰ ਇੰਦਰ ਇਕਬਾਲ ਸਿੰਘ ਜੀ ਅਟਵਾਲ, ਐਪਰੋਪਰੀਏਸ਼ਨ ਬਿਲ ਤੇ ਬੋਲਣਾ ਚਾਹੁਣਗੇ। ਕੋਈ ਵੀ ਸਪੀਕਰ 10 ਮਿੰਟ ਤੋਂ ਵੱਧ ਨਾ ਬੋਲੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ (ਕੂੰਮ ਕਲਾਂ, ਐਸ.ਸੀ.)** :(ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿਉਂਕਿ ਤੁਸੀਂ ਮੈਨੂੰ ਐਪਰੋਪੀਰਏਸ਼ਨ ਬਿਲ ਤੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ। ਮਾਨਯੋਗ ਵਿੱਤ ਮੰਤਰੀ, ਪੰਜਾਬ ਸਰਕਾਰ ਨੇ ਬਜਟ ਉਪਰ ਆਪਣਾ ਇਸ ਅਜ਼ੀਮ ਸਦਨ ਵਿੱਚ ਜਵਾਬ ਦਿੱਤਾ। ਪਿਛਲੇ ਕੁਝ ਦਿਨਾਂ ਤੋਂ ਬਜਟ ਉਪਰ ਬਹਿਸ ਚੱਲੀ। ਸਾਰੀਆਂ ਧਿਰਾਂ ਵੱਲੋਂ ਸੁਣਨ ਦਾ ਮੌਕਾ ਮਿਲਿਆ। ਮਾਨਯੋਗ ਸਪੀਕਰ ਸਾਹਿਬ, ਅੱਜ ਇਸ ਬਿਲ ਤੇ ਬੋਲਦਿਆਂ ਹੋਇਆਂ ਮੈਂ ਕਹਾਂਗਾ ਕਿ ਪੰਜਾਬ ਵਿੱਚ ਪੰਜਾਬ ਦੇ ਆਰਥਿਕ ਢਾਂਚੇ ਵਿੱਚ ਜੋ ਵੀ ਮੌਜੂਦਾ ਸਰਕਾਰ ਵੱਲੋਂ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਹ ਉਨ੍ਹਾਂ ਦਾ ਆਪਣਾ ਪੱਖ ਹੈ, ਉਨ੍ਹਾਂ ਦੀ ਡਿਊਟੀ ਹੈ ਜੋ ਉਹ ਆਪਣੇ ਤੌਰ ਤੇ ਕਰ ਰਹੇ ਹਨ। ਮਾਨਯੋਗ ਖਜ਼ਾਨਾ ਮੰਤਰੀ ਜੀ ਬਹੁਤ ਚੰਗੇ ਤਰੀਕੇ ਨਾਲ ਆਪਣੇ ਵੱਲੋਂ ਆਪਣਾ ਪੱਖ ਪੇਸ਼ ਕਰ ਕੇ ਗਏ ਹਨ। ਇਹ ਬਜਟ ਚੰਗਾ ਸੀ ਜਾਂ ਮਾੜਾ ਸੀ, ਇਸ ਬਾਰੇ ਪੰਜਾਬ ਦਾ ਆਉਣ ਵਾਲੇ ਵਕਤ ਤੇ ਪੰਜਾਬ ਦੇ ਲੋਕ ਹੀ ਫੈਸਲਾ ਕਰਨਗੇ। ਪਿਛਲੇ ਪੰਜ ਸਾਲ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਸਰਕਾਰ ਦੀ ਜੋ ਕਾਰਗੁਜ਼ਾਰੀ ਸੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੀ ਜੋ ਕਾਰਗੁਜ਼ਾਰੀ ਸੀ, ਉਸ ਦਾ ਫੈਸਲਾ ਪੰਜਾਬ ਦੇ ਲੋਕਾਂ ਨੇ ਜੋ ਦਿੱਤਾ, ਉਹ ਅਸੀਂ ਪ੍ਰਵਾਨ ਕੀਤਾ, ਖਿੜ੍ਹੇ ਮੱਥੇ ਪ੍ਰਵਾਨ ਕੀਤਾ ਅਤੇ ਹੁਣ ਅਸੀਂ ਆਪੋਜ਼ੀਸ਼ਨ ਬੈਂਚਾਂ ਤੇ ਬੈਠੇ ਹਾਂ। ਅੱਜ ਸਵਾਲ ਇਸ ਗੱਲ ਦਾ ਹੈ ਕਿ ਖਜ਼ਾਨਾ ਮੰਤਰੀ ਜੀ ਵੱਲੋਂ ਅਤੇ ਪੰਜਾਬ ਸਰਕਾਰ ਵੱਲੋਂ ਜੋ ਕੁਝ ਵੀ ਕਿਹਾ ਜਾ ਰਿਹਾ ਹੈ, ਜੋ ਬਜਟ ਵਿੱਚ ਵੇਖਿਆ ਜਾ ਰਿਹਾ ਹੈ ਉਸ ਵਿੱਚ ਜ਼ਿਆਦਾਤਰ ਇਸ ਗੱਲ ਦਾ ਜ਼ਿਕਰ ਕੀਤਾ ਗਿਆ ਹੈ ਕਿ ਜੋ ਕੇਂਦਰ ਸਰਕਾਰ ਦੀਆਂ ਸਪਾਂਸਰਡ ਸਕੀਮਾਂ ਹਨ, ਸ਼ਾਇਦ ਉਹ ਹੀ ਪੰਜਾਬ ਵਿੱਚ ਲਾਗੂ ਹੋਣਗੀਆਂ। ਇਨ੍ਹਾਂ ਨੂੰ ਅੱਗੇ ਲਿਜਾਇਆ ਜਾ ਰਿਹਾ ਹੈ। ਠੀਕ ਹੈ ਕਿ ਪਿਛਲੇ ਪੰਜ ਸਾਲ ਥੋੜ੍ਹਾ ਬਹੁਤ ਜਿਸ ਤਰ੍ਹਾਂ ਦਾ ਵੀ ਹੋਇਆ, ਇਹ ਤਾਂ ਪੰਜਾਬ ਦਾ ਇਤਿਹਾਸ ਗਵਾਹ ਹੈ ਲੇਕਿਨ ਸਵਾਲ ਤਾਂ ਇਸ ਗੱਲ ਦਾ ਹੈ ਕਿ ਇਸ ਸਰਕਾਰ ਦਾ ਇੱਕ ਸਾਲ ਬੀਤ ਜਾਣ ਤੋਂ ਬਾਅਦ ਵੀ ਅੱਜ ਅਸੀਂ ਉਥੇ ਹੀ ਖੜ੍ਹੇ ਹਾਂ ਜਿੱਥੇ ਅਸੀਂ ਇੱਕ ਸਾਲ ਪਹਿਲਾਂ ਬਜਟ ਤੇ ਸੀ। ਮੈਂ ਇਹ ਕਿਹਾ ਕਿ ਇੱਕ ਸਾਲ ਬੀਤ ਜਾਣ ਤੋਂ ਬਾਅਦ ਵੀ ਕੋਈ ਕੁਝ ਵੇਖਣ ਨੂੰ ਨਹੀਂ ਮਿਲਿਆ ਤਾਂ ਕੁਝ ਗਲਤ ਨਹੀਂ। ਸਭ ਕੁਝ ਪੁਰਾਣਾ ਹੀ ਹੈ। ਮੈਂ ਆਪਣੇ ਵੱਲੋਂ ਮਾਨਯੋਗ ਵਿੱਤ ਮੰਤਰੀ ਜੀ ਜੋ ਕਿ ਉਠ ਕੇ ਚਲੇ ਗਏ ਹਨ, ਨੂੰ ਰਾਏ ਤੇ ਕੁਝ ਸੁਝਾਅ ਦੇਣੇ ਚਾਹੁੰਦਾ ਹਾਂ। ਪੰਜਾਬ ਦੇ ਲੋਕ ਵੀ ਉਨ੍ਹਾਂ ਤੋਂ ਸਵਾਲ ਕਰਨੇ ਚਾਹੁੰਦੇ ਹਨ ਤਾਂ ਕਿ ਕੁਝ ਨਾ ਕੁਝ ਤਰਮੀਮ ਕਰਕੇ ਪੰਜਾਬ ਦੇ ਲੋਕਾਂ ਦੀ ਭਲਾਈ ਵਾਸਤੇ ਕੁਝ ਸੋਚਿਆ ਜਾ ਸਕੇ। ਪੰਜਾਬ ਸਰਕਾਰ ਵੱਲੋਂ, ਪੰਜਾਬ ਸਰਕਾਰ ਦੇ ਸਾਰੇ ਮਹਿਕਮਿਆਂ ਦੇ ਵਜ਼ੀਰ ਸਾਹਿਬਾਨ ਵੱਲੋਂ, ਪੰਜਾਬ ਸਰਕਾਰ ਦੇ ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਹਰ ਸਵਾਲ ਦਾ ਇਕੋ ਹੀ ਜਵਾਬ ਦਿੱਤਾ ਜਾਂਦਾ ਹੈ ਕਿ ਸਾਡੇ ਕੋਲ ਪੈਸਾ ਨਹੀਂ ਹੈ। ਜਦੋਂ ਪੈਸਾ ਆਵੇਗਾ, ਉਦੋਂ ਇਹ ਗੱਲ ਜ਼ਰੂਰ ਪੂਰੀ ਕੀਤੀ ਜਾਵੇਗੀ। ਸਾਡੇ ਕੋਲ ਪੈਸਾ ਨਹੀਂ ਹੈ ਪਰ ਅਸੀਂ ਇਹ ਵਾਇਦਾ ਜ਼ਰੂਰ ਕੀਤਾ ਸੀ ਔਰ ਆਉਣ ਵਾਲੇ ਪੰਜ ਸਾਲਾਂ ਵਿੱਚ ਅਸੀਂ ਇਹ ਪੂਰਾ ਕਰਾਂਗੇ। ਮੈਂ ਕੁਝ ਸੁਝਾਅ ਰੱਖਣਾ ਚਾਹੁੰਦਾ ਹਾਂ ਔਰ ਇਸ ਪਵਿੱਤਰ ਹਾਊਸ ਵਿੱਚ ਕਾਂਗਰਸ ਪਾਰਟੀ ਦੇ ਸਤਿਕਾਰਯੋਗ ਸੀਨੀਅਰ ਸਾਥੀਆਂ ਦੇ ਚਰਨਾਂ ਵਿੱਚ ਬੇਨਤੀ ਕਰਾਂਗਾ ਕਿ ਉਹ ਕਿਸੇ ਵੇਲੇ ਇਸ ਗੱਲ ਤੇ ਜ਼ਰੂਰ ਗੌਰ ਕਰਨ ਕਿ ਕਿਹੜੀਆਂ-ਕਿਹੜੀਆਂ ਸਕੀਮਾਂ, ਕਿਹੜੇ-ਕਿਹੜੇ ਕੰਮ, ਕਿਹੜੇ ਐਸੇ ਤੱਥ ਹਨ ਜਿਨ੍ਹਾਂ ਨੂੰ ਅਸੀਂ ਅਣਗੌਲੇ ਕਰਕੇ ਬੈਠੇ ਹਾਂ। ਮਾਨਯੋਗ ਸਪੀਕਰ ਸਾਹਿਬ, ਹਾਲਾਤ ਐਸੇ ਬਣ ਗਏ ਹਨ। ਇਹ ਠੀਕ ਹੈ ਕਿ ਅਸੀਂ ਮਾਲੀ ਸੰਕਟ ਵਿੱਚੋਂ ਗੁਜ਼ਰ ਰਹੇ ਹਾਂ। ਪਰ ਮੇਰਾ ਸਵਾਲ ਹੈ ਕਿ ਐਸੇ-ਐਸੇ ਪ੍ਰੋਜੈਕਟ, ਐਸੇ-ਐਸੇ ਕੰਮ ਜਿਨ੍ਹਾਂ ਬਾਰੇ ਸਮੁੱਚੇ ਪੰਜਾਬ ਨੂੰ ਪਤਾ ਹੋਵੇ, ਪੰਜਾਬ

Original with;
Punjab Vidhan Sabha
Digitized by;
Panjab Digital Lib

[ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ]

ਦੇ ਲੋਕਾਂ ਨੂੰ ਪਤਾ ਹੋਵੇ ਪਰ ਪੰਜਾਬ ਸਰਕਾਰ ਨੂੰ ਨਾ ਪਤਾ ਹੋਵੇ। ਇਹ ਨਾ ਸਮਝ ਲਿਆ ਜਾਵੇ ਕਿ ਮੈਂ ਕੋਈ ਨੁਕਤਾਚੀਨੀ ਕਰ ਰਿਹਾ ਹਾਂ ਪਰ ਮੇਰਾ ਮੌਜੂਦਾ ਪੰਜਾਬ ਦੀ ਸਰਕਾਰ ਨੂੰ ਇੱਕ ਸਵਾਲ ਹੈ ਕਿ ਠੀਕ ਹੈ ਚੰਗਾ ਕਰ ਰਹੇ ਹਾਂ, ਮਾੜਾ ਕਰ ਰਹੇ ਹਾਂ, ਜਿਸ ਤਰ੍ਹਾਂ ਕਰ ਰਹੇ ਹਾਂ ਆਪਾਂ ਸਾਰੇ ਹੀ ਇਥੇ ਜ਼ਿੰਮੇਵਾਰੀ ਲਈਏ। ਆਪਾਂ ਸਾਰੇ ਇਥੇ ਹਾਊਸ ਵਿੱਚ ਬੈਠੇ ਹਾਂ ਔਰ ਸਾਡੇ ਸਾਰਿਆਂ ਦੇ ਮੋਢਿਆਂ ਤੇ ਇਹ ਜ਼ਿੰਮੇਵਾਰੀ ਹੈ ਕਿ ਪੰਜਾਬ ਨੂੰ ਕਿਥੇ ਲੈ ਕੇ ਜਾਣਾ ਹੈ। ਮੇਰਾ ਜੋ ਪੰਜਾਬ ਸਰਕਾਰ ਨੂੰ ਸਵਾਲ ਹੈ, ਮੈਂ ਉਦਾਹਰਨ ਦੇ ਤੌਰ ਤੇ ਗੱਲ ਕਹਿਣੀ ਚਾਹੁੰਦਾ ਹਾਂ। ਉਦਾਹਰਨ ਦੇ ਤੌਰ ਤੇ ਇਨਵਾਇਰਮੈਂਟ ਦਾ ਮਸਲਾ ਹੈ। ਅਸੀਂ ਬਜਟ ਵਿੱਚ ਇਨਵਾਰਇਮੈਂਟ ਉਪਰ ਕੁਝ ਖਾਸ ਨਹੀਂ ਕਹਿ ਸਕੇ। ਕੁਝ ਖਾਸ ਪੇਸ਼ ਨਹੀਂ ਕਰ ਸਕੇ। ਪਿਛਲੀ ਸਰਕਾਰ ਵੇਲੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਇਸ ਪੰਜਾਬ ਦੀ ਧਰਤੀ ਤੇ ਜਿਹੜਾ ਪ੍ਰੋਜੈਕਟ ਲੈ ਕੇ ਆਂਦਾ, ਉਸ ਨੂੰ ਅੱਗੇ ਤਾਂ ਕੀ ਲੈ ਕੇ ਜਾਣਾ ਹੈ, ਉਸ ਨੂੰ ਰੋਕਣਾ ਤਾਂ ਕੀ, ਅਸੀਂ ਬਿਲਕੁੱਲ ਸੁੱਤੇ ਹੀ ਰਹਿ ਗਏ। ਬਜਟ ਵਿੱਚ ਉਨ੍ਹਾਂ ਦਾ ਜ਼ਿਕਰ ਵੀ ਨਹੀਂ ਕਰ ਸਕੇ। ਉਦਾਹਰਨ ਦੇ ਤੌਰ ਤੇ ਮੈਂ ਇੱਕ ਮੁੱਖ ਮੰਤਰੀ ਸਾਹਿਬ ਨੂੰ ਸਤਲੁਜ ਐਕਸ਼ਨ ਪਲੈਨ ਬਾਰੇ ਸਵਾਲ ਕਰ ਰਿਹਾ ਸੀ। ਇਹ ਇੱਕ ਐਸਾ ਪਲੈਨ ਸੀ, ਇੰਨਾ ਵਧੀਆ ਪਲੈਨ ਸੀ ਕਿ ਪੰਜਾਬ ਦੇ ਪੰਜ ਸ਼ਹਿਰਾਂ ਵਿੱਚ ਇੰਨੀ ਵੱਡੀ ਮਾਤਰਾ ਵਿੱਚ ਸੈਂਟਰ ਦੀ ਸਰਕਾਰ ਵੱਲੋਂ ਪਾਸ ਕਰਵਾ ਕੇ ਉਸ ਦਾ ਪੈਸਾ ਪੰਜਾਬ ਸਰਕਾਰ ਕੋਲ ਕਰੀਬ 70-75% ਜਮ੍ਹਾਂ ਕਰਵਾ ਦਿੱਤਾ। ਅੱਜ ਦੀ ਤਰੀਕ ਵਿੱਚ ਪੰਜਾਬ ਦੀ ਸਰਕਾਰ ਨੇ ਉਸ ਸਪੈਸੀਫਿਕ ਪ੍ਰੋਜੈਕਟ ਵਿੱਚ ਪੈਸਾ ਜਮ੍ਹਾਂ ਨਹੀਂ ਕਰਵਾ ਸਕੀ। ਠੀਕ ਹੈ ਕਿ ਪੈਸੇ ਨਹੀਂ ਹੋਣਗੇ ਪਰ ਜਿਨ੍ਹਾਂ ਕੰਮਾਂ ਵਾਸਤੇ ਤੁਹਾਡੇ ਕੋਲ ਪੈਸਾ ਪਿਆ ਹੈ, ਸਾਡੇ ਕੋਲ ਜਮ੍ਹਾਂ ਪਿਆ ਹੈ, ਉਨ੍ਹਾਂ ਦਾ ਜਵਾਬ ਪੰਜਾਬ ਦੇ ਲੋਕਾਂ ਨੂੰ ਪੰਜਾਬ ਸਰਕਾਰ ਕੀ ਦੇ ਸਕਦੀ ਹੈ। ਮਾਨਯੋਗ ਮੁੱਖ ਮੰਤਰੀ ਸਾਹਿਬ ਹਰ ਸਵਾਲ ਇਹ ਕਹਿ ਕੇ ਟਾਲ ਜਾਂਦੇ ਹਨ ਕਿ ਸਾਡੇ ਕੋਲ ਪੈਸੇ ਨਹੀਂ ਹਨ। ਜ਼ਰੂਰ ਕਰਾਂਗੇ ਜਦੋਂ ਸਾਡੇ ਕੋਲ ਪੈਸੇ ਆ ਜਾਣਗੇ ਪਰ ਮੈਨੂੰ ਇਥੇ ਇਹ ਗੱਲ ਕਹਿਣ ਵਿੱਚ ਬੜਾ ਅਫਸੋਸ ਹੋ ਰਿਹਾ ਹੈ ਕਿ ਇਨਵਾਇਰਮੈਂਟ ਦੇ ਨਾਲ ਰਿਲੇਟਿਡ ਇਨਵਾਇਰਮੈਂਟ ਮੈਨੇਜਮੈਂਟ ਬਿਲਡਿੰਗ ਪ੍ਰੋਜੈਕਟ, ਮਾਨਯੋਗ ਸਪੀਕਰ ਸਾਹਿਬ, ਬਹੁਤ ਹੀ ਹਿੰਮਤ ਦੇ ਨਾਲ, ਬਹੁਤ ਹੀ ਜ਼ੋਰ ਲਾ ਕੇ ਕੋਸ਼ਿਸ਼ ਕੀਤੀ ਸੀ। ਹਿੰਦੁਸਤਾਨ ਦੀ ਸਰਕਾਰ ਦੇ ਜ਼ਰੀਏ ਵਰਲਡ ਬੈਂਕ ਕੋਲੋਂ ਪੂਰੇ ਹਿੰਦੁਸਤਾਨ ਵਿੱਚ ਪੰਜ ਪ੍ਰੋਜੈਕਟ ਆਉਣੇ ਸੀ। ਪੰਜਾਂ ਵਿੱਚੋਂ ਪੰਜਾਬ ਵਿੱਚ ਇੱਕ ਪ੍ਰੋਜੈਕਟ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਲੈ ਕੇ ਆਂਦਾ ਔਰ ਇਸ ਦੇ ਵਾਸਤੇ ਵਰਲਡ ਬੈਂਕ ਦੀ ਟੀਮ ਵੀ ਇਥੇ ਆਈ। ਇਥੇ ਹੀ ਬੱਸ ਨਹੀਂ, ਸਪੀਕਰ ਸਾਹਿਬ, ਉਸ ਦੇ ਲਈ ਜਗ੍ਹਾ ਵੀ ਆਈਡੈਂਟੀਫਾਈ ਕਰ ਲਈ ਗਈ। ਇਸ ਪ੍ਰੋਜੈਕਟ ਦੇ ਉਤੇ ਸਟੱਡੀ ਵੀ ਹੋ ਚੁੱਕੀ ਸੀ। ਪੰਜਾਬ ਦੀ ਸਾਡੀ ਸਮਾਲ ਇੰਡਸਟਰੀ ਐਕਸਪੋਰਟ ਕਾਰਪੋਰੇਸ਼ਨ ਰਾਹੀਂ ਪਿਛਲੇ ਇੱਕ ਸਾਲ ਵਿੱਚ ਇਹ ਪ੍ਰੋਜੈਕਟ ਸਾਡੇ ਭਾਰਤ ਵਿੱਚ ਪਹਿਲਾ ਪ੍ਰੋਜੈਕਟ ਹੋਣਾ ਸੀ। ਇਹ ਕੋਹਾੜਾ-ਮਾਛੀਵਾੜਾ ਸੜਕ ਤੇ ਵਰਲਡ ਬੈਂਕ ਨੇ ਫੰਡ ਕਰਨਾ ਸੀ। ਵਰਲਡ ਬੈਂਕ ਵੱਲੋਂ ਇਹ ਪੰਜਾਬ ਵਾਸਤੇ ਬੜਾ ਵੱਡਾ ਪ੍ਰੋਜੈਕਟ ਸੀ। ਅੱਜ ਉਸ ਪ੍ਰੋਜੈਕਟ ਬਾਰੇ ਇਹ ਕੁਝ ਨਹੀਂ ਕਰ ਸਕੇ। (ਘੰਟੀ)

**ਮਾਨਯੋਗ ਸਪੀਕਰ** : ਤੁਸੀਂ ਹੁਣ ਵਾਈਂਡ ਅੱਪ ਕਰੋ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਪੰਜ ਮਿੰਟ ਹੋਰ ਬੋਲ ਲੈਣ ਦਿਓ।

**ਮਾਨਯੋਗ ਸਪੀਕਰ** : ਪੰਜ ਮਿੰਟ ਨਹੀਂ, ਤੁਸੀਂ ਵਾਈਂਡ ਅੱਪ ਕਰੋ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਮਾਨਯੋਗ ਸਪੀਕਰ ਸਾਹਿਬ, ਮੈਂ ਬਹੁਤ ਇੰਪਾਰਟੈਂਟ ਗੱਲ ਕਰਨੀ ਚਾਹੁੰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਠੀਕ ਹੈ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਇਥੇ ਟਰਾਂਸਪੇਰੈਂਸੀ ਦੀ ਗੱਲ ਕੀਤੀ ਗਈ ਹੈ। ਮਾਨਯੋਗ ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਟਰਾਂਸਪੇਰੈਂਸੀ ਦੀ ਗੱਲ ਕੀਤੀ ਹੈ। ਜਦੋਂ ਟਰਾਂਸਪੇਰੈਂਸੀ ਦੀ ਗੱਲ ਕਰਦੇ ਹਾਂ ਤਾਂ ਇਹ ਵੀ ਸੋਚਣਾ ਚਾਹੀਦਾ ਹੈ ਕਿ ਕੀ ਇਹ ਚੰਗਾ ਕੀਤਾ ਹੈ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਜਿਨ੍ਹਾਂ ਨੂੰ ਲਾਇਆ ਗਿਆ ਸੀ, ਉਸ ਨੇ ਪੰਜਾਬ ਦੇ ਲੋਕਾਂ ਨਾਲ, ਪੰਜਾਬੀ ਦੇ ਹਿਤ ਨਾਲ ਕੀ ਧਰੋਹ ਕੀਤਾ ਹੈ, ਉਹ ਵੀ ਪੰਜਾਬ ਦੇ ਲੋਕਾਂ ਨੂੰ ਸਾਹਮਣੇ ਦੇਖਣ ਨੂੰ ਮਿਲ ਹੀ ਗਿਆ ਹੈ। ਅੱਜ ਤੁਸੀਂ ਪੰਜਾਬ ਦੀ ਪਵਿੱਤਰ ਧਰਤੀ ਤੇ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿੱਚ ਸੀਨੀਅਰ ਸਾਇੰਟਿਸਟ ਨੂੰ ਵਾਈਸ ਚਾਂਸਲਰ ਲਾਇਆ ਹੈ। ਚਾਹੀਦਾ ਤਾਂ ਇਹ ਸੀ ਕਿ ਸਾਡੇ ਪਿੰਡਾਂ ਦੀਆਂ ਆਈ.ਟੀ.ਆਈਜ਼, ਵਿੱਚ ਜਾਂਦਾ, ਸਾਡੇ ਟੈਕਨੀਕਲ ਕਾਲਜਾਂ ਵਿੱਚ ਜਾਂਦਾ, ਸਕੂਲਾਂ ਵਿੱਚ ਜਾਂਦਾ ਪਰ ਅਫ਼ਸੋਸ ਹੈ, ਮਾਨਯੋਗ ਸਪੀਕਰ ਸਾਹਿਬ, ਕਿ ਤੁਹਾਡੀ ਸਰਕਾਰ ਵੱਲੋਂ ਲਾਏ ਗਏ ਉਹ ਸਾਇੰਟਿਸਟ ਸਾਹਿਬ ਦਾ ਪਿਛਲੇ ਇੱਕ ਸਾਲ ਤੋਂ ਟੀ.ਏ. ਕਢਵਾ ਕੇ ਮਾਨਯੋਗ ਵਿੱਤ ਮੰਤਰੀ ਸਾਹਿਬ ਦੇਖ ਲੈਣ ਕਿ ਉਸ ਦੀਆਂ ਸਾਰੀਆਂ ਮੀਟਿੰਗਾਂ ਦਿੱਲੀ ਹੁੰਦੀਆਂ ਹਨ ਜਾਂ ਚੰਡੀਗੜ੍ਹ ਵਿੱਚ ਹੁੰਦੀਆਂ ਹਨ। ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿੱਚ ਇੱਕ ਸਾਲ ਵਿੱਚ ਇੱਕ ਅੱਧੀ ਹੀ ਮੀਟਿੰਗ ਕੀਤੀ ਹੈ ਲੇਕਿਨ ਇਹ ਅੱਜ ਤੱਕ ਕੁਝ ਨਹੀਂ ਕਰ ਸਕੇ। ਇਹ ਸਾਡੀ ਸਰਕਾਰ ਦੀ ਟਰਾਂਸਪੇਰੈਂਸੀ ਹੈ। ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿ ਕੇ ਆਪਣੀ ਸਪੀਚ ਖਤਮ ਕਰਾਂਗਾ। ਇਥੇ ਇਨਫਰਾਸਟਰਕਚਰ ਦੀ ਗੱਲ ਕੀਤੀ ਗਈ ਹੈ। ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਜਦ ਤੋਂ ਸਤਲੁਜ ਸ਼ੁਰੂ ਹੋਇਆ ਹੈ, ਮੇਰੇ ਮਾਨਯੋਗ ਬਜ਼ੁਰਗ ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ ਇਸ ਦੁਨੀਆਂ ਵਿੱਚ ਨਹੀਂ ਰਹੇ ਜਿਹੜੇ ਕਿ ਨਵਾਂ ਸ਼ਹਿਰ ਤੋਂ ਤੁਹਾਡੀ ਪਾਰਟੀ ਦੇ ਨਾਲ ਸਬੰਧਤ ਹੁੰਦੇ ਸਨ ਅਤੇ ਜਿੰਨੀ ਵਾਰੀ ਵੀ ਤੁਹਾਡੀ ਸਰਕਾਰ ਆਈ ਤਾਂ ਹਮੇਸ਼ਾ ਹੀ ਕਹਿੰਦੇ ਰਹੇ ਕਿ ਇਸ ਮਾਛੀਵਾੜਾ ਰਾਹੋਂ ਉਤੇ ਪੁੱਲ ਬਣੇਗਾ। ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਸਾਰਿਆਂ ਦੇ ਆਸ਼ੀਰਵਾਦ ਨਾਲ ਉਸ ਪੰਜਾਬ ਦੀ ਪਵਿੱਤਰ ਧਰਤੀ ਦੇ ਉਤੇ ਸਤਲੁਜ ਦਰਿਆ ਉਪਰ ਸਾਡੀ ਹਿੰਦੁਸਤਾਨ ਦੀ ਸਰਕਾਰ ਕੋਲੋਂ ਪੈਸੇ ਲੈ ਕੇ ਆਏ ਸੀ ਔਰ ਇਸ ਉਪਰ ਖੰਨਾ ਰਾਹੋਂ ਉਤੇ ਸੜਕ ਬਣਾਉਣ ਦਾ ਫੈਸਲਾ ਕੀਤਾ, ਇਸ ਦਾ ਕੰਮ ਸ਼ੁਰੂ ਕੀਤਾ ਗਿਆ ਔਰ ਇਸ ਦਾ 50% ਕੰਮ ਵੀ ਹੋ ਗਿਆ ਹੈ। ਅੱਜ ਦੀ ਤਰੀਕ ਵਿੱਚ ਵੀ ਪੰਜਾਬ ਸਰਕਾਰ ਦੇ ਕੋਲ ਉਸ ਪ੍ਰਾਜੈਕਟ ਦੇ ਲਈ ਸਪੈਸ਼ਲੀ ਇਹ ਪੈਸੇ ਕਿਧਰੇ ਹੋਰ ਡਾਈਵਰਟ ਨਹੀਂ ਹੋ ਸਕਦੇ, ਇਹ ਪੈਸੇ ਅੱਜ ਵੀ ਸਰਕਾਰ ਦੇ ਕੋਲ ਮੌਜੂਦ ਹਨ। ਮੈਂ ਸਮਝਦਾ ਹਾਂ ਕਿ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਵਾਲ ਇਸ ਪਾਰਟੀ ਵਲੋਂ ਵੀ ਹੁੰਦੇ ਹਨ ਔਰ ਸਵਾਲ ਇਧਰਲੇ ਪਾਸੇ ਵਲੋਂ ਵੀ ਹੁੰਦੇ ਹਨ। ਸਾਡੇ ਮਾਨਯੋਗ ਪੀ.ਡਬਲਯੂ.ਡੀ. ਮੰਤਰੀ ਇਹ ਵਿਸ਼ਵਾਸ ਦਿੰਦੇ ਹਨ ਲੇਕਿਨ ਅਸਲੀਅਤ ਇਹ ਹੈ ਕਿ ਇਸ ਪ੍ਰਾਜੈਕਟ ਦਾ ਕੰਮ ਰੁਕਿਆ ਪਿਆ ਹੈ, ਇਸ ਦੇ ਉਤੇ ਕੰਮ ਰੁਕਿਆ ਪਿਆ ਹੈ, ਮੈਂ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ।

**ਸਰਦਾਰ ਕੁਸ਼ਲਦੀਪ ਸਿੰਘ ਢਿੱਲੋਂ (ਫਰੀਦਕੋਟ)** : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਹਾਨ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਇਸ ਗੱਲ ਦਾ ਬੜਾ ਅਫਸੋਸ ਹੁੰਦਾ ਹੈ ਕਿ ਮੈਂ ਪਿਛਲੇ ਸਾਲ ਦਾ ਬਜਟ ਪੜ੍ਹਿਆ ਵੀ ਸੀ। ਉਸ ਬਜਟ ਨੂੰ ਪੜ੍ਹਨ ਤੋਂ ਬਾਅਦ ਮੇਰੀ ਸੋਚ ਇਹ ਸੀ ਕਿ ਸ਼ਾਇਦ ਇਸ ਵਾਰ ਦਾ ਬਜਟ ਪਿਛਲੇ ਸਾਲ ਦੇ ਬਜਟ ਨਾਲੋਂ ਸੁਧਾਰ ਵਾਲਾ ਬਜਟ ਆਵੇਗਾ ਪਰ ਅਫਸੋਸ ਦੀ ਗੱਲ ਇਹ ਹੈ ਕਿ ਮਾਨਯੋਗ ਐਫ.ਐਮ. ਸਾਹਿਬ ਬੋਲ ਰਹੇ ਹਨ ਤਾਂ ਇੰਜ ਲਗ ਰਿਹਾ ਸੀ ਕਿ ਜਿਵੇਂ

Original with;
Punjab Vidhan Sabha
Digitized by;

[ਸਰਦਾਰ ਕੁਸ਼ਲਦੀਪ ਸਿੰਘ ਢਿੱਲੋਂ]

ਉਹ ਬਜਟ ਤੇ ਨਹੀਂ ਬੋਲ ਰਹੇ ਸਨ, ਕਿਸੇ ਛਪਾਰ ਦੇ ਮੇਲੇ ਤੇ ਬੋਲ ਰਹੇ ਸਨ ਕਦੇ ਤਾਂ ਉਹ ਗੱਲਾਂ ਕਰਦੇ ਸਨ ਕਿ ਅਸੀਂ ਪੂੰਛ ਨਹੀਂ ਫੜਨ ਦੇਣੀ। ਮੈਂ ਤਾਂ ਐਫ.ਐਮ. ਸਾਹਿਬ ਦੀ ਪੂੰਛ ਦੇਖੀ ਨਹੀਂ ਹੈ ਜੇਕਰ ਉਹ ਦਿਖਾ ਦੇਣ ਤਾਂ ਉਸ ਨੂੰ ਫੜਨ ਦੀ ਕੋਸ਼ਿਸ਼ ਵੀ ਕਰਾਂਗੇ। ਫਿਰ ਇਨ੍ਹਾਂ ਨੇ ਕਿਹਾ ਹੈ ਕਿ ਅਕਾਲੀ ਦਲ ਵਾਲੇ ਘੁੰਡ ਲੈ ਕੇ ਬੈਠੇ ਰਹੇ ਹਨ। ਸਪੀਕਰ ਸਾਹਿਬ, ਨਾ ਤਾਂ ਸ਼੍ਰੋਮਣੀ ਅਕਾਲੀ ਦਲ ਘੁੰਡ ਕਢਦੀ ਹੈ ਔਰ ਨਾ ਹੀ ਘੁੰਡ ਚੁੱਕਦੀ ਹੈ। ਇਹ ਟਰੇਨਿੰਗ ਤਾਂ ਇਨ੍ਹਾਂ ਨੂੰ ਹੀ ਹੈ, ਗੁਜਰਾਤ ਦੇ ਵਿਚ ਚੁੱਕਦੇ ਰਹੇ ਹਨ। ਸਮਝ ਨਹੀਂ ਆਉਂਦੀ ਕਿ ਇਹ ਗੱਲਾਂ ਦੁਬਾਰਾ ਕਰਨ ਦਾ ਕੀ ਫਾਇਦਾ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਪਿਛਲੇ ਸਾਲ ਦਾ ਜੋ ਬਜਟ ਪੇਸ਼ ਕੀਤਾ ਸੀ ਉਸ ਦੇ ਵਿੱਚ ਇਨ੍ਹਾਂ ਨੇ ਲੋਕਾਂ ਉਤੇ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ 2800 ਕਰੋੜ ਰੁਪਏ ਦਾ ਬੋਝ ਪਾਇਆ ਸੀ। ਇਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਜੋ ਅਗਲੇ ਸਾਲ ਦਾ ਬਜਟ ਹੋਵੇਗਾ ਤਾਂ ਉਸ ਵਿਚ ਲੋਕਾਂ ਨੂੰ ਰਿਆਇਤਾਂ ਦੇਵਾਂਗੇ। ਸਪੀਕਰ ਸਾਹਿਬ, ਜੋ ਹੁਣ ਇਨ੍ਹਾਂ ਨੇ ਰਿਆਇਤਾਂ ਦਿੱਤੀਆਂ ਹਨ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਹਰ ਵਰਗ ਨਾਲ ਮਜ਼ਾਕ ਕੀਤਾ ਹੈ। ਜੇਕਰ ਕਿਸੇ ਵਰਗ ਨੂੰ ਇਨ੍ਹਾਂ ਨੇ ਰਿਆਇਤ ਦਿੱਤੀ ਹੈ ਤਾਂ ਕਿਸੇ ਨਾ ਕਿਸੇ ਦੂਸਰੇ ਢੰਗ ਨਾਲ ਉਸ ਤੇ ਟੈਕਸ ਲਗਾ ਦਿੱਤਾ ਗਿਆ ਹੈ। ਜੇ ਕੰਨ ਸੱਜੇ ਪਾਸੇ ਤੋਂ ਫੜ ਕੇ ਨਾ ਮਰੋੜਿਆ ਤਾਂ ਫਿਰ ਖੱਬੇ ਪਾਸੇ ਤੋਂ ਮਰੋੜ ਲਿਆ। ਇਹ ਤਾਂ ਇਨ੍ਹਾਂ ਗੱਲ ਕੀਤੀ ਹੈ। ਕਿਸਾਨਾਂ ਦੀਆਂ ਬੜੀਆਂ ਵੱਡੀਆਂ ਗੱਲਾਂ ਕੀਤੀਆਂ ਹਨ। ਸਪੀਕਰ ਸਾਹਿਬ, ਮੈਂ ਇੱਕ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੇ ਦੂਜੀ ਵਾਰੀ ਆਪਣੀ ਜ਼ਬਾਨ ਤੋਂ ਮੁਨਕਰ ਹੁੰਦੇ ਹੋਏ ਪੰਜਾਬ ਦੇ ਲੋਕਾਂ ਦੇ ਨਾਲ ਬਹੁਤ ਵੱਡਾ ਧੋਖਾ ਕੀਤਾ ਹੈ ਕਿਸੇ ਨੇ ਕਿਹਾ ਹੈ ~~ਕਿ ਜਬ ਕਿਸ਼ਤੀ ਤੂਫਾਨ ਮੇ ਹੋ ਤੋ ਕਾਮ ਆਤੀਂ ਹੈਂ ਤਕਦੀਰੇਂ, ਕਿਸ਼ਤੀ ਮੇਂ ਤੂਫਾਨ ਹੋ ਤੋ ਮਿਟ ਜਾਤੀਂ ਹੈਂ ਤਕਦੀਰੇਂ~~। ਪੰਜਾਬ ਦੇ ਲੋਕਾਂ ਦੇ ਨਾਲ ਇਨ੍ਹਾਂ ਨੇ ਵਾਕਿਆ ਹੀ ਧੋਖਾ ਕੀਤਾ ਹੈ, ਉਨ੍ਹਾਂ ਦੀਆਂ ਤਕਦੀਰਾਂ ਮਿੱਟ ਗਈਆਂ ਹਨ। ਅੱਜ ਉਹ ਸੋਚਦੇ ਹਨ ਕਿ ਸਾਡਾ ਇਸ ਸਰਕਾਰ ਦੇ ਨਾਲ ਵਾਹ ਪੈ ਗਿਆ ਹੈ। ਗੱਲਾਂ ਬੜੀਆਂ ਵੱਡੀਆਂ ਵੱਡੀਆਂ ਕੀਤੀਆਂ ਜਾਂਦੀਆਂ ਹਨ ਪਰ ਲੋਕਾਂ ਦੇ ਪੱਲੇ ਕੁਝ ਨਹੀਂ ਪਾਉਂਦੇ। ਭਾਸ਼ਣ ਬੜੇ ਵਧੀਆ ਵਧੀਆ ਦਿੱਤੇ ਜਾਂਦੇ ਹਨ ਪਰ ਉਨ੍ਹਾਂ ਦੇ ਵਿੱਚੋਂ ਨਿਕਲਦਾ ਕੁਝ ਨਹੀਂ ਹੈ। ਹੁਣ ਇਸ ਵੇਲੇ ਸਰਕਾਰ ਦੀ ਸੋਚ ਹੈ ਕਿ ਸਿਰਫ਼ ਕਾਗਜ਼ੀ ਕਾਰਵਾਈ ਨਾਲ ਐਗਰੀਕਲਚਰਲ ਨੂੰ ਉਚਾ ਚੁੱਕਾਂਗੇ। ਇਹ ਖੇਤੀਬਾੜੀ ਪ੍ਰਧਾਨ ਸੂਬਾ ਹੈ। ਇਕੱਲੀਆਂ ਗੱਲਾਂ ਕਰਨ ਨਾਲ ਜਾਂ ਫਿਰ ਸਪੀਚਾਂ ਨਾਲ ਕਿਸਾਨਾਂ ਦਾ ਕੁਝ ਨਹੀਂ ਬਣਨਾ। ਉਨ੍ਹਾਂ ਦੇ ਲਈ ਕੁਝ ਕਰਕੇ ਵਿਖਾਉਣਾ ਪਵੇਗਾ। ਹੁਣ ਬਜਟ ਦੀ ਪਲਾਨ ਆਊਟ ਲੇਅ ਵਿੱਚ ਇਸ ਸਰਕਾਰ ਨੇ 4.6% ਐਗਰੀਕਲਚਰਲ ਦੇ ਵਾਸਤੇ ਰੱਖਿਆ ਹੈ ਜਦ ਕਿ ਪਿਛਲੀ ਸਰਕਾਰ ਦੇ ਵੇਲੇ ਜਦੋਂ ਅਖੀਰਲਾ ਬਜਟ ਪੇਸ਼ ਹੋਇਆ ਸੀ ਤਾਂ ਉਸ ਵੇਲੇ ਐਗਰੀਕਲਚਰਲ ਵਾਸਤੇ 5.29% ਰੁਪਿਆ ਰੱਖਿਆ ਗਿਆ ਸੀ। ਇਸ ਤੋਂ ਪਤਾ ਲਗਦਾ ਹੈ ਕਿ ਇਹ ਸਰਕਾਰ ਖੇਤੀਬਾੜੀ ਬਾਰੇ ਕਿੰਨੀ ਕੁ ਸੰਜੀਦਾ ਹੈ। ਇਹ ਬੜੀ ਖੁਸ਼ੀ ਜ਼ਾਹਿਰ ਕਰ ਰਹੇ ਸਨ ਕਿ ਅਸੀਂ ਫਰਟੀਲਾਈਜ਼ਰ ਉਤੋਂ ਟੈਕਸ ਘਟਾ ਦਿੱਤਾ ਹੈ ਤੇ ਕੋਆਪ੍ਰੇਟਿਵ ਲੋਨ ਤੇ 1% ਇੰਟਰੈਸਟ ਘਟਾ ਦਿੱਤਾ ਹੈ। ਬੜੇ ਅਫਸੋਸ ਦੀ ਗੱਲ ਹੈ ਕਿ ਇਤਨੀਆਂ ਛੋਟੀਆਂ ਛੋਟੀਆਂ ਗੱਲਾਂ ਤੇ ਮਸਲੇ ਇਹ ਕਿਸਾਨਾਂ ਦੀਆਂ ਗੰਭੀਰ ਮੁਸ਼ਕਲਾਂ ਨੂੰ ਦੂਰ ਨਹੀਂ ਕਰ ਸਕਦੇ ਪਰ ਕਾਂਗਰਸ ਪਾਰਟੀ ਵਾਲੇ ਹਿੱਕ ਠੋਕ ਰਹੇ ਹਨ ਕਿ ਅਸੀਂ ਕਿਸਾਨਾਂ ਵਾਸਤੇ ਬਹੁਤ ਕੁਝ ਕਰ ਰਹੇ ਹਾਂ। ਇਸ ਦੇ ਨਾਲ ਹੀ ਕਿਸਾਨਾਂ ਵਾਸਤੇ ਹਮੇਸ਼ਾ ਸ਼੍ਰੋਮਣੀ ਅਕਾਲੀ ਦਲ ਨੇ ਲੜਾਈ ਲੜੀ ਹੈ। ਪੰਜਾਬ ਦੇ ਲੋਕ ਅਨਪੜ੍ਹ ਨਹੀਂ ਹਨ ਕਿ ਉਹ ਤੁਹਾਡੀ ਜਾਂ ਮੇਰੀ ਗੱਲ ਵਿੱਚ ਯਕੀਨ ਕਰਨ। ਅਕਾਲੀ ਪਾਰਟੀ ਨੇ ਹੀ ਕਿਸਾਨਾਂ ਨੂੰ ਬਿਜਲੀ, ਪਾਣੀ ਦੀਆਂ ਫਰੀ ਸਹੂਲਤਾਂ ਦਿੱਤੀਆਂ ਸਨ ਅਤੇ ਇੰਟਰੈਸਟ ਵਿੱਚ ਰੇਟ ਘੱਟ ਕੀਤੇ ਸਨ। ਜਿਪਸਮ ਵੀ ਸਸਤੇ ਰੇਟ ਤੇ

Original with;
Punjab Vidhan Sabha
Digitized by;
Panjab Digital Library

ਦਿੱਤੀ। ਕਾਂਗਰਸ ਪਾਰਟੀ ਨੇ ਹਮੇਸ਼ਾ ਹੀ ਕਿਸਾਨਾਂ ਨਾਲ ਬੇਵਫਾਈ ਕੀਤੀ ਹੈ ਤੇ ਅਕਾਲੀ ਪਾਰਟੀ ਨੇ ਹਮੇਸ਼ਾ ਹੀ ਕਿਸਾਨਾਂ ਦਾ ਸਾਥ ਦਿੱਤਾ ਹੈ। ਪੈਸਟੇਸਾਈਜ਼ਡ ਟੈਕਸ ਲਗਾਇਆ ਗਿਆ ਹੈ। ਬਿਜਲੀ ਦੇ ਬਿਲ ਲਗਾ ਦਿੱਤੇ ਹਨ ਜਦ ਕਿ ਇਨ੍ਹਾਂ ਤੇ ਰਿਆਇਤਾਂ ਸਾਡੀ ਪਾਰਟੀ ਦੀ ਸਰਕਾਰ ਨੇ ਦਿੱਤੀਆਂ ਸਨ। ਅਸੀਂ ਕੋਆਪ੍ਰੇਟਿਵ ਲੋਨ ਵਿੱਚ 17% ਤੋਂ 14% ਇੰਟਰੈਸਟ ਘਟਾਇਆ ਸੀ ਪਰ ਹੁਣ ਇਹ ਸਿਰਫ ਅੱਧਾ ਪਰਸੈਂਟ ਲੋਨ ਘੱਟ ਕਰਨ ਨਾਲ ਆਪਣੀਆਂ ਅੱਡੀਆਂ ਚੁੱਕ ਰਹੇ ਹਨ। ਬਿਜਲੀ ਬੋਰਡ ਹਮੇਸ਼ਾ ਹੀ ਚਰਚਾ ਦਾ ਵਿਸ਼ਾ ਰਿਹਾ ਹੈ। ਬਿਜਲੀ ਬੋਰਡ ਦੇ ਬਾਰੇ ਸੀ.ਐਮ. ਸਾਹਿਬ ਤੇ ਐਫ.ਐਮ. ਸਾਹਿਬ ਨੇ ਦੁਹਾਈ ਦਿੱਤੀ ਹੈ ਕਿ ਇਹ ਬੜੇ ਘਾਟੇ ਵਿੱਚ ਚਲ ਰਿਹਾ ਹੈ। ਇਸ ਦਾ ਕਾਫੀ ਬੋਝ ਸਰਕਾਰ ਤੇ ਹੈ। ਇਸ ਕਰਕੇ ਅਸੀਂ ਘਰੇਲੂ ਬਿਜਲੀ ਰੇਟ ਵਿੱਚ ਵਾਧਾ ਕਰਾਂਗੇ ਅਤੇ ਕਿਸਾਨਾਂ ਤੇ ਬਿਜਲੀ ਦੇ ਬਿਲ ਲਗਾ ਕੇ ਇਹ ਘਾਟਾ ਪੂਰਾ ਕਰਾਂਗੇ। ਪਰ ਇਨ੍ਹਾਂ ਨੇ ਨਾਲ ਹੀ ਕਹਿ ਦਿੱਤਾ ਕਿ ਅਸੀਂ ਵਰਲਡ ਬੈਂਕ ਤੋਂ ਲੋਨ ਲੈਣਾ ਹੈ, ਇਸ ਲਈ ਸਾਡੀ ਮਜਬੂਰੀ ਹੈ ਕਿ ਅਸੀਂ ਕਿਸਾਨਾਂ ਤੇ ਬਿਜਲੀ ਦੇ ਬਿਲ, ਪਾਣੀ ਦੇ ਬਿਲ ਲਗਾਏ ਹਨ। ਪਿੱਛੇ ਜਿਹੇ ਕੈਪਟਨ ਸਾਹਿਬ ਆਪਣੀ ਟੀਮ ਲੈ ਕੇ ਕਈ ਕਰੋੜ ਰੁਪਏ ਦਾ ਖਰਚਾ ਕਰਕੇ ਅਮਰੀਕਾ ਤੇ ਨਿਊਯਾਰਕ ਗਏ ਸਨ ਤਾਂ ਕਿ ਉਥੋਂ ਲੋਨ ਪੰਜਾਬ ਵਾਸਤੇ ਲਿਆ ਜਾ ਸਕੇ। ਮੈਂ ਸਮਝਦਾ ਹਾਂ ਕਿ ਲੋਨ ਤਾਂ ਬਹੁਤ ਵੱਡਾ ਹੈ। ਇਸ ਕਰਕੇ ਉਸ ਦੇ ਨੋਟ ਸਾਡੇ ਵੱਲੋਂ ਗਿਣੇ ਨਹੀਂ ਜਾ ਰਹੇ ਤੇ ਇਹ ਵੀ ਨਹੀਂ ਪਤਾ ਕਿ ਲੋਨ ਕਦੋਂ ਮਿਲੇਗਾ। ਮੈਂ ਐਫ.ਐਮ. ਸਾਹਿਬ ਨੂੰ ਕਹਿੰਦਾ ਹਾਂ ਕਿ ਤੁਸੀਂ ਦੁਬਾਰਾ 50 ਬੰਦਿਆਂ ਦੀ ਟੀਮ ਤਿਆਰ ਕਰੋ ਔਰ ਵੱਡੇ ਵੱਡੇ ਟਰੱਕ ਨਾਲ ਲੈ ਕੇ ਜਾਣ ਤਾਂ ਕਿ ਵਰਲਡ ਬੈਂਕ ਤੋਂ ਲੋਨ ਜੋ ਕਾਫੀ ਵੱਡਾ ਆਉਣਾ ਹੈ, ਉਹ ਲਿਆਂਦਾ ਜਾ ਸਕੇ। ਅਮਰੀਕਾ ਜਾ ਕੇ ਇਹ ਆਪਣੀ ਹਵਾ ਵੀ ਬਦਲ ਲੈਣ ਪਰ ਵਰਲਡ ਬੈਂਕ ਤੋਂ ਪੰਜਾਬ ਵਾਸਤੇ ਲੋਨ ਜ਼ਰੂਰ ਲੈ ਕੇ ਆਉਣ।

**ਮਾਨਯੋਗ ਸਪੀਕਰ** : ਤੁਸੀਂ ਇੱਕ ਮਿੰਟ ਵਿੱਚ ਖਤਮ ਕਰੋ।

**ਸਰਦਾਰ ਕੁਸ਼ਲਦੀਪ ਸਿੰਘ ਢਿੱਲੋਂ** : ਸਪੀਕਰ ਸਾਹਿਬ, ਤੁਸੀਂ ਸਾਡੀ ਪਾਰਟੀ ਦੇ ਟਾਈਮ ਵਿੱਚੋਂ ਸਮਾਂ ਦੇ ਦਿਓ। ਸਾਡਾ ਇੱਕ ਮੈਂਬਰ ਘੱਟ ਬੋਲ ਲਵੇਗਾ। ਤੁਸੀਂ ਟਾਈਮ ਮੈਨੂੰ ਦੇ ਦਿਓ।

**ਮਾਨਯੋਗ ਸਪੀਕਰ** : ਠੀਕ ਹੈ ਜੀ।

**ਸਰਦਾਰ ਕੁਸ਼ਲਦੀਪ ਸਿੰਘ ਢਿੱਲੋਂ** : ਸਪੀਕਰ ਸਾਹਿਬ, ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿੱਚ ਲਿਖਿਆ ਹੈ :

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ ॥

ਇਸ ਲਈ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਹੈ। ਇਹ ਕਿਸਾਨੀ ਦੇ ਚੈਂਪੀਅਨ ਬਣੀ ਫਿਰਦੇ ਹਨ। ਮੈਂ ਦੱਸਦਾ ਹਾਂ ਕਿ ਸਾਡੀ ਅਕਾਲੀ ਪਾਰਟੀ ਨੇ ਹਮੇਸ਼ਾ ਹੀ ਕਿਸਾਨਾਂ ਦੇ ਹਿਤਾਂ ਲਈ ਕੰਮ ਕੀਤਾ ਹੈ ਪਰ ਇਨ੍ਹਾਂ ਦੀ ਸਰਕਾਰ ਨੇ ਆ ਕੇ ਕਿਸਾਨਾਂ ਉਤੇ 80 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਣੀ ਦਾ ਟੈਕਸ ਲਗਾ ਦਿੱਤਾ ਹੈ। ਮੈਂ ਕਹਿੰਦਾ ਹਾਂ ਕਿ ਤੁਹਾਨੂੰ ਕੁਝ ਕਰਨਾ ਚਾਹੀਦਾ ਹੈ। ਸਿਰਫ ਗੱਲਾਂ ਨਾਲ ਕੰਮ ਨਹੀਂ ਚੱਲਣਾ। ਕੋਈ ਜ਼ੁੰਮੇਵਾਰੀ ਤੋਂ ਕੰਮ ਲਓ। ਇੱਥੇ ਐਸ.ਵਾਈ.ਐਲ. ਦਾ ਜ਼ਿਕਰ ਕੀਤਾ ਗਿਆ। ਇਸ ਨੂੰ ਤੁਹਾਡੀ ਪਾਰਟੀ ਨੇ ਹੀ ਸ਼ੁਰੂ ਕਰਵਾਇਆ ਸੀ ਔਰ ਪਾਣੀ ਵੀ ਦੂਜੀਆਂ ਸਟੇਟਾਂ ਨੂੰ ਤੁਹਾਡੀ ਪਾਰਟੀ ਦੀ ਸਰਕਾਰ ਨੇ ਦਿੱਤਾ ਹੈ। ਮੈਨੂੰ ਖੁਸ਼ੀ ਹੈ ਕਿ ਤੁਸੀਂ ਸੁੱਤੇ ਹੋਏ ਉਠੇ ਹੋ ਕਿ ਅਸੀਂ ਹਰਿਆਣੇ ਨੂੰ ਪਾਣੀ ਨਹੀਂ ਦਿਆਂਗੇ ਕਿਉਂਕਿ ਪੰਜਾਬ ਵਿਚ ਪਾਣੀ ਦੀ ਕਮੀ ਹੈ। ਅਕਾਲੀ ਪਾਰਟੀ ਪਾਣੀਆਂ ਦੇ ਮਸਲੇ ਤੇ ਕਿਸਾਨਾਂ ਦੇ ਹਿਤਾਂ ਦੀ ਵਫਾਦਾਰੀ ਕਰਦੀ ਆਈ ਹੈ ਔਰ ਤੁਹਾਡੀ ਪਾਰਟੀ ਹਮੇਸ਼ਾ ਹੀ

Original with;
Punjab Vidhan Sabha
Digitized by;

[ਸਰਦਾਰ ਕੁਸ਼ਲਦੀਪ ਸਿੰਘ ਢਿੱਲੋਂ]

ਬੇਵਫਾਈ ਕਿਸਾਨਾਂ ਨਾਲ ਕਰਦੀ ਆਈ ਹੈ। ਇਹ ਪੰਜਾਬ ਦਾ ਇਤਿਹਾਸ ਕਹਿ ਰਿਹਾ ਹੈ, ਮੈਂ ਨਹੀਂ ਕਹਿ ਰਿਹਾ।

ਹੁਣ ਮੈਂ, ਸਪੀਕਰ ਸਾਹਿਬ, ਹੈਲਥ ਬਾਰੇ ਗੱਲ ਕਰਦਾ ਹਾਂ। ਇਨ੍ਹਾਂ ਨੇ ਆਊਟ ਲੇਅ ਪਲਾਨ ਵਿੱਚ 104.5 ਕਰੋੜ ਰੁਪਿਆ ਬਜਟ ਵਿੱਚ ਰੱਖਿਆ ਹੈ ਜਦ ਕਿ ਸਾਡੀ ਸਰਕਾਰ ਨੇ 176.5 ਕਰੋੜ ਰੁਪਿਆ ਰੱਖਿਆ ਸੀ। ਹੁਣ ਤੁਸੀਂ ਹੀ ਦੇਖ ਲਓ ਕਿ ਅਸਲੀ ਸਿਹਤ ਮੰਤਰੀ ਕੌਣ ਹੈ। ਲੋਕਾਂ ਦੀ ਸਿਹਤ ਵੱਲ ਖਿਆਲ ਤੁਸੀਂ ਕਰਦੇ ਹੋ ਜਾਂ ਅਸੀਂ। ਤੁਸੀਂ ਤਾਂ ਨਕਲੀ ਸਿਹਤ ਮੰਤਰੀ ਲੱਗਦੇ ਹੋ। ਪਰ ਮੈਂ ਇਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਵਿਭਾਗ ਦੇ ਮੰਤਰੀ ਕਮਜੋਰ ਡਾਕਟਰ ਹਨ, ਜੇ ਉਹ ਚੰਗੇ ਡਾਕਟਰ ਹੁੰਦੇ ਤਾਂ ਫਾਈਨਾਂਸ ਮਨਿਸਟਰ ਤੋਂ ਹੋਰ ਪੈਸਾ ਰਖਾ ਲੈਂਦੇ। ਲਗਦਾ ਹੈ ਉਨ੍ਹਾਂ ਦੇ ਸਰਟੀਫਿਕੇਟਾਂ ਵਿਚ ਕੁਝ ਗੜਬੜ ਹੈ। ਸਪੀਕਰ ਸਾਹਿਬ, ਫਿਰ ਪੈਨਸ਼ਨਾਂ ਦੀ ਗੱਲ ਆਈ। ਚੌਧਰੀ ਸਾਹਿਬ ਤਾਂ ਕਾਗਜ਼ਾਂ ਨੂੰ ਬੜੀ ਗੌਰ ਨਾਲ ਪੜ੍ਹਦੇ ਹਨ। ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਚੌਧਰੀ ਸਾਹਿਬ, ਗਰੀਬ ਭੈਣਾਂ 11,000 ਰੁਪਿਆ ਸ਼ਗਨ ਦਾ ਉਡੀਕ ਰਹੀਆਂ ਹਨ। ਜੇ ਕੋਈ ਮੈਨੂੰ ਪੁੱਛਦਾ ਹੈ ਤਾਂ ਮੈਂ ਕਹਿ ਦਿੰਦਾ ਹਾਂ ਕਿ ਚੌਧਰੀ ਸਾਹਿਬ ਦੀ ਚੈਕ ਬੁੱਕ ਹੀ ਕਿਤੇ ਗੁੰਮ ਹੋ ਗਈ ਹੈ, ਸ਼ਗਨ ਕਿਥੋਂ ਆਉਣੇ ਹਨ। ਤੁਸੀਂ ਗਰੀਬਾਂ ਨਾਲ ਪੈਨਸ਼ਨਾਂ ਦੇ ਵਾਇਦੇ ਕੀਤੇ, ਸ਼ਗਨਾਂ ਦੇ ਵਾਇਦੇ ਕੀਤੇ। ਸਾਰੇ ਵਾਇਦੇ, ਵਚਨਬੱਧਤਾ, ਸਟੇਜਾਂ ਤੇ ਖੜ੍ਹ ਕੇ ਕੀਤੇ। ਜੇ ਆਪਣੀ ਜ਼ੁਬਾਨ ਤੋਂ ਮੁਨਕਰ ਹੋ ਜਾਈਏ ਤਾਂ ਸਾਡਾ ਦੁਨੀਆਂ ਵਿਚ ਜਿਊਣ ਦਾ ਕੋਈ ਹੱਕ ਨਹੀਂ ਰਹਿੰਦਾ। ਸਪੀਕਰ ਸਾਹਿਬ, ਜ਼ੁਬਾਨ ਦੇ ਸਿਰ ਤੇ ਹੀ ਵੱਡੇ-ਵੱਡੇ ਕਾਰੋਬਾਰ ਹੁੰਦੇ ਹਨ, ਵੱਡੇ-ਵੱਡੇ ਸੌਦੇ ਹੁੰਦੇ ਹਨ....

**Mr. Speaker** : Please resume your seat now.

**ਸਰਦਾਰ ਕੁਸ਼ਲਦੀਪ ਸਿੰਘ ਢਿੱਲੋਂ** : ਸਰ, ਮੈਂ ਕਨਕਲੂਡ ਕਰਨ ਲਗਾ ਹਾਂ ਜੀ। ਸਪੀਕਰ ਸਾਹਿਬ, ਆਖਿਰ ਵਿਚ ਮੇਰੀ ਬੇਨਤੀ ਹੈ ਕਿ ਇਨ੍ਹਾਂ ਨੇ 2 ਪ੍ਰਤੀਸ਼ਤ ਲੋਕਲ ਏਰੀਆ ਡਿਵੈਲਪਮੈਂਟ ਟੈਕਸ ਲਗਾ ਦਿੱਤਾ। ਇਹ ਇਨ੍ਹਾਂ ਨੇ ਤਾਂ ਲਾਇਆ ਹੈ ਕਿ ਐਫ.ਐਮ. ਸਾਹਿਬ ਨੂੰ ਸ਼ੱਕ ਜਿਹਾ ਪੈ ਗਿਆ ਸੀ ਕਿ ਪੰਜਾਬ ਦੇ ਕਈ ਬੰਦੇ ਕਹਿ ਰਹੇ ਹਨ ਕਿ ਅਸੀਂ ਟੈਕਸ ਤੋਂ ਬਚ ਗਏ ਹਾਂ, ਸਾਡੇ ਤੇ ਕੋਈ ਟੈਕਸ ਨਹੀਂ ਲਗਾ। ਇਨ੍ਹਾਂ ਨੇ ਸੋਚਿਆ ਕਿ ਪੰਜਾਬ ਦਾ ਕੋਈ ਬੰਦਾ ਉਲਾਂਭਾ ਨਾ ਦੇਵੇ ਇਸ ਕਰਕੇ ਇਕ ਵਾਢਿਉਂ ਸਾਰੇ ਪੰਜਾਬ ਤੇ ਟੈਕਸ ਲਗਾ ਦਿੱਤਾ। ਮੈਂ ਆਖਿਰ ਵਿਚ ਇਕ ਗੱਲ ਕਹਿਣੀ ਹੈ ਕਿ ਜੋ ਅਨਿਆਂ, ਜੋ ਜ਼ੁਲਮ ਇਸ ਬਜਟ ਦੇ ਰਾਹੀਂ ਪੰਜਾਬ ਦੇ ਲੋਕਾਂ ਤੇ ਕੀਤਾ ਗਿਆ ਹੈ, ਇਹ ਵੀ ਇਤਿਹਾਸ ਵਿਚ ਇਕ ਮਿਸਾਲ ਬਣ ਜਾਵੇਗਾ। ਮੈਂ ਸਮਝਦਾ ਹਾਂ ਕਿ ਅੱਜਕੱਲ ਦੇ ਯੁੱਗ ਵਿਚ ਜੇ ਕਿਤੇ ਕਿਸੇ ਸੂਬੇ ਨੂੰ ਕਮਜੋਰ ਕਰਨਾ ਹੋਵੇ, ਤਾਂ ਉਸ ਦੀ ਆਰਥਿਕਤਾ ਨੂੰ ਮਾਰ ਦਿਓ। ਕਿਸੇ ਲੜਾਈ ਲੜਨ ਦੀ ਲੋੜ ਹੀ ਨਹੀਂ ਰਹਿੰਦੀ। ਸਪੀਕਰ ਸਾਹਿਬ, ਗਰੀਬਾਂ, ਜ਼ਿਮੀਦਾਰਾਂ, ਮੁਲਾਜਮਾਂ, ਵਪਾਰੀਆਂ ਨੂੰ ਜਿਸ ਹਿਸਾਬ ਨਾਲ ਇਹ ਮਾਰ ਰਹੇ ਹਨ, ਇਤਿਹਾਸ ਵਿਚ ਲੋਕ ਤੁਹਾਨੂੰ ਇਨ੍ਹਾਂ ਜ਼ੁਲਮਾਂ ਕਰਕੇ ਯਾਦ ਰੱਖਣਗੇ ਕਿ ਕੋਈ ਇਕ ਸਰਕਾਰ ਆਈ ਸੀ ਜਿਸ ਨੇ ਪੰਜਾਬ ਦੇ ਲੋਕਾਂ ਨੂੰ ਸਿਰਫ ਦੁੱਖ ਦਰਦ ਦਿੱਤਾ । ਕਹਿੰਦੇ ਹਨ :

ਵੋ ਜਬਰ ਭੀ ਦੇਖਾ ਵਕਤ ਕੇ ਅਹਿਦੋਂ ਕਾ
ਲਮਹੋਂ ਨੇ ਖਤਾ ਕੀ ਸਦੀਉਂ ਨੇ ਸਜ਼ਾ ਪਾਈ।

ਇਸ ਕਰਕੇ, ਸਪੀਕਰ ਸਾਹਿਬ, ਜੋ ਜ਼ੁਲਮ ਪੰਜਾਬ ਦੇ ਨੌਜਵਾਨਾਂ ਤੇ ਇਹ ਕਰ ਰਹੇ ਹਨ, ਪੰਜਾਬ ਦੀਆਂ ਆਉਣ ਵਾਲੀਆਂ ਪੂਰੀਆਂ ਪੀੜ੍ਹੀਆਂ ਉਨ੍ਹਾਂ ਨੂੰ ਯਾਦ ਰਖਣਗੀਆਂ ਕਿ

Original with;
Punjab Vidhan Sabha
Digitized by;

ਕਿਤੇ ਕੋਈ ਸਰਕਾਰ ਆਈ ਸੀ ਜਿਸ ਨੇ ਹਰੇਕ ਵਰਗ ਨੂੰ ਨਿੰਬੂ ਵਾਂਗੂੰ ਨਚੋੜਿਆ ਸੀ। ਇੰਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਹਰਬੰਤ ਸਿੰਘ (ਬੁਢਲਾਡਾ)** : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਹਾਨ ਸਦਨ ਵਿਚ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਸਾਡੇ ਸਤਿਕਾਰਯੋਗ ਬੁਲਾਰਿਆਂ ਨੇ, ਸਦਨ ਦੇ ਮੈਂਬਰ ਸਾਹਿਬਾਨ ਨੇ ਜੋ ਵਿਚਾਰ ਤੁਹਾਡੇ ਸਾਹਮਣੇ ਰਖੇ ਹਨ, ਉਨ੍ਹਾਂ ਦੇ ਨਾਲ ਮੈਂ ਆਪਣੇ ਵਿਚਾਰ ਵੀ ਰਖਣੇ ਚਾਹੁੰਦਾ ਹਾਂ। ਅਸੀਂ ਪਿਛਲੇ ਸਮਿਆਂ ਤੋਂ ਦੇਖ ਰਹੇ ਹਾਂ ਕਿ ਖਾਸ ਕਰਕੇ ਪਾਣੀਆਂ ਦੇ ਮਾਮਲੇ ਦੇ ਉਤੇ ਸਾਡੇ ਸਾਰੇ ਮੈਂਬਰ ਸਾਹਿਬਾਨ ਨੇ ਵੀ ਆਪਣੇ ਵਿਚਾਰ ਰਖੇ ਹਨ, ਸ਼੍ਰੋਮਣੀ ਅਕਾਲੀ ਦਲ ਨੇ ਜਦੋਂ ਵੀ ਪਾਣੀ ਦੀ ਲੜਾਈ ਲੜੀ, ਉਸ ਲੜਾਈ ਦਾ ਸਿਹਰਾ ਹਮੇਸ਼ਾ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਮਿਲਦਾ ਰਿਹਾ ਹੈ। ਪਰ ਸਪੀਕਰ ਸਾਹਿਬ, ਇਹ ਸਰਕਾਰ ਬਣਨ ਤੋਂ ਬਾਅਦ, ਜਿਸ ਦੇ ਮੁਦਈ ਕੈਪਟਨ ਅਮਰਿੰਦਰ ਸਿੰਘ ਜੀ ਹਨ, ਇਹ ਮੇਰੇ ਹਲਕੇ ਬੁਢਲਾਡੇ ਵਿਚ ਗਏ। ਉਥੇ ਲੋਕਾਂ ਦੇ ਸਾਹਮਣੇ, ਮੁੱਖ ਮੰਤਰੀ ਸਾਹਿਬ ਵਾਇਦਾ ਕਰਕੇ ਆਏ ਕਿ ਮੈਂ ਬਿਲਕੁਲ ਮਹਿਸੂਸ ਕਰਦਾ ਹਾਂ ਕਿ ਤੁਹਾਡਾ ਏਰੀਆ ਜੋ ਪਛੜਿਆ ਹੋਇਆ ਹੈ, ਟੇਲਾਂ ਤੇ ਤੁਹਾਡੇ ਪਾਣੀ ਪਹੁੰਚ ਨਹੀਂ ਰਿਹਾ ਤੇ ਇਸ ਪਾਣੀ ਨੂੰ ਪਹੁੰਚਾਉਣ ਦੀ ਜ਼ਿੰਮੇਵਾਰੀ ਜਿਥੇ ਮੈਂ ਆਪਣੇ ਤੇ ਲੈਂਦਾ ਹਾਂ, ਉਥੇ ਮੇਰੀ ਸਰਕਾਰ ਦੇ ਮੰਤਰੀਆਂ ਦੀ ਵੀ ਹੈ। ਮੈਂ ਮੰਤਰੀ ਦੀ ਵੀ ਡਿਊਟੀ ਲਗਾਵਾਂਗਾ ਕਿ ਉਹ ਇਸ ਦਾ ਪ੍ਰਬੰਧ ਕਰਨ ਫਿਰ ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਆਪ ਤਾਂ ਗਏ, ਉਨ੍ਹਾਂ ਦੇ ਮੰਤਰੀ ਵੀ ਉਥੇ ਪਹੁੰਚੇ ਪਰ ਵੀਰੋ, ਪਰਨਾਲਾ ਉਥੇ ਦਾ ਉਥੇ ਹੀ ਹੈ। 1947 ਤੋਂ ਬਾਦ ਜ਼ਿਆਦਾਤਰ ਇਥੇ ਕਾਂਗਰਸ ਪਾਰਟੀ ਰਾਜ ਕਰਦੀ ਰਹੀ ਹੈ। ਉਦੋਂ ਤੋਂ ਲੈ ਕੇ ਹੁਣ ਤੱਕ ਉਥੇ ਪਾਣੀ ਪਹੁੰਚਾਉਣ ਦਾ ਕਦੇ ਕਿਸੇ ਨੇ ਨਾਂ ਨਹੀਂ ਲਿਆ। ਜਿਥੇ ਪਾਣੀਆਂ ਦੀ ਗੱਲ ਹੈ, ਉਥੇ ਕੁਰੱਪਸ਼ਨ ਦੀ ਗੱਲ ਵੀ ਬਾਰ-ਬਾਰ ਇਥੇ ਆ ਰਹੀ ਹੈ। ਇਸ ਸਬੰਧ ਵਿਚ ਮੈਂ ਸਦਨ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਖਾਲਸਾ ਹਾਈ ਸਕੂਲ, ਮਾਨਸਾ, ਦੀ ਪ੍ਰਬੰਧਕ ਕਮੇਟੀ ਦਾ ਮੈਂ 11 ਮਹੀਨੇ ਪ੍ਰਧਾਨ ਰਿਹਾ ਹਾਂ। ਉਨ੍ਹਾਂ 11 ਮਹੀਨਿਆਂ ਵਿਚ ਉਸ ਵੇਲੇ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਕੋਲੋਂ 5 ਲੱਖ ਰੁਪਏ ਲੈ ਕੇ ਉਸ ਸਕੂਲ ਤੇ ਰੰਗ ਰੋਗਨ ਕਰਾਇਆ। ਉਸ ਸਕੂਲ ਦੀ ਇਮਾਰਤ ਡਿੱਗਣ ਵਾਲੀ ਸੀ ਅਤੇ ਉਥੇ ਪੜ੍ਹਨ ਵਾਲੇ ਬੱਚੇ ਕਿਸੇ ਵੇਲੇ ਵੀ ਉਸ ਦੇ ਥੱਲੇ ਆ ਸਕਦੇ ਸੀ। 28 ਸਾਲਾਂ ਬਾਦ ਉਸ ਸਕੂਲ ਦੀ ਬਿਲਡਿੰਗ ਬਣਾਉਣ ਦਾ ਪ੍ਰਬੰਧ ਕੀਤਾ ਗਿਆ। ਮੇਰੇ ਤੇ ਪੈਸੇ ਗਬਨ ਕਰਨ ਦਾ ਪਰਚਾ ਦਰਜ ਕਰਾਇਆ ਗਿਆ। ਜੇ ਮੈਂ 11 ਮਹੀਨਿਆਂ ਵਿਚ 23 ਲੱਖ ਰੁਪਿਆ ਖਾ ਸਕਦਾ ਹਾਂ ਤਾਂ ਮੇਰੇ ਖਿਲਾਫ ਪਰਚਾ ਦਰਜ ਕਰਾਉਣ ਵਾਲੇ ਜਿਹੜੇ ਸੱਜਣ 23 ਸਾਲਾਂ ਤੋਂ ਉਸ ਸਕੂਲ ਦੀ ਪ੍ਰਬੰਧਕ ਕਮੇਟੀ ਨੂੰ ਚਲਾ ਰਹੇ ਸਨ, ਉਹ ਕਿੰਨਾ ਰੁਪਿਆ ਖਾ ਗਏ ਹੋਣਗੇ। ਇਸ ਗੱਲ ਦਾ ਅੰਦਾਜ਼ਾ ਤੁਸੀਂ ਆਪ ਲਗਾ ਸਕਦੇ ਹੋ। ਉਸ ਸਕੂਲ ਦੀ 140 ਏਕੜ ਜ਼ਮੀਨ ਹੈ ਜਿਹੜੀ ਇਨ੍ਹਾਂ ਸੱਜਣਾਂ ਨੇ ਆਪਣੇ ਕਬਜ਼ੇ ਵਿਚ ਕੀਤੀ ਹੋਈ ਹੈ। ਕਈ ਸਾਲਾਂ ਤੋਂ ਇਕ ਵੀ ਪੈਸਾ ਸਕੂਲ ਦੇ ਕਿਸੇ ਖਾਤੇ ਵਿਚ ਜਮ੍ਹਾਂ ਹੋਇਆ ਹੋਵੇ ਜਾਂ ਉਸ ਜ਼ਮੀਨ ਨੂੰ ਖੁਲ੍ਹੀ ਬੋਲੀ ਰਾਹੀਂ ਦਿੱਤਾ ਗਿਆ ਹੋਇਆ ਹੋਵੇ, ਜੇ ਉਹ ਇਸ ਨੂੰ ਸਾਬਤ ਕਰ ਦੇਣ ਤਾਂ ਮੈਂ ਮੰਨ ਜਾਵਾਂਗਾ। ਮੈਂ ਬੇਨਤੀ ਕਰਦਾ ਹਾਂ ਕਿ ਇਸ ਸਦਨ ਦੀ ਇਕ ਕਮੇਟੀ ਬਣਾ ਕੇ ਉਥੇ ਭੇਜ ਦਿੱਤੀ ਜਾਵੇ ਅਤੇ ਜੇ ਉਹ ਕਮੇਟੀ ਇਹ ਸਾਬਤ ਕਰ ਦੇਵੇ ਕਿ 23 ਲੱਖ ਰੁਪਿਆ ਤਾਂ ਕੀ, ਇਕ ਸਿੰਗਲ ਪੈਸਾ ਵੀ ਮੈਂ ਖਾਧਾ ਹੈ ਤਾਂ ਮੈਂ ਕਸੂਰਵਾਰ ਹੋਵਾਂਗਾ। ਜਿਸ ਐਮ.ਐਲ.ਏ. ਨੇ ਮੇਰੇ ਖਿਲਾਫ ਐਫ.ਆਈ.ਆਰ. ਲਿਖਾਈ ਹੈ, ਜਦੋਂ ਮੈਂ ਉਥੇ ਕਾਲਜ ਦਾ ਸਟੂਡੈਂਟ ਸੀ ਤਾਂ ਉਹ ਨੰਗੇ ਪੈਰੀਂ ਉਦੋਂ ਬੋਤੀ ਨਾਲ ਹਲ ਵਾਹੁੰਦਾ ਹੁੰਦਾ ਸੀ। ਉਸ ਵੇਲੇ ਕੁੱਲ 10 ਏਕੜ ਜ਼ਮੀਨ ਸੀ ਉਸ ਕੋਲ। ਅੱਜ ਉਹ 100 ਏਕੜ ਜ਼ਮੀਨ ਦਾ ਮਾਲਕ ਹੈ। ਇਸ ਤੋਂ ਇਲਾਵਾ ਉਸ ਕੋਲ 5 ਕੋਠੀਆਂ,

Original with;
Punjab Vidhan Sabha
Digitized by;

**[ਸਰਦਾਰ ਹਰਬੰਤ ਸਿੰਘ]**

ਸ਼ੈਲਰ, ਪੈਟ੍ਰੋਲ ਪੰਪ, ਪਲਿੰਥਾਂ ਅਤੇ ਆੜ੍ਹਤ ਦੀਆਂ ਦੁਕਾਨਾਂ ਹਨ। ਜੇ ਸਦਨ ਦੀ ਕੋਈ ਕਮੇਟੀ ਉਥੇ ਜਾਵੇ ਤਾਂ ਮੈਂ ਇਹ ਸਾਰਾ ਕੁਝ ਸਾਬਤ ਕਰ ਸਕਦਾ ਹਾਂ। ਸਦਨ ਦੀ ਉਸ ਕਮੇਟੀ ਦਾ ਖਰਚਾ ਮੈਂ ਆਪ ਦਿਆਂਗਾ। ਦੂਜੇ ਪਾਸੇ ਜੇ ਸਦਨ ਦੀ ਕਮੇਟੀ ਸਾਬਤ ਕਰ ਦੇਵੇ ਕਿ 23 ਲੱਖ ਰੁਪਏ ਵਿਚੋਂ ਮੈਂ ਇਕ ਪੈਸੇ ਦੀ ਵੀ ਹੇਰਾਫੇਰੀ ਕੀਤੀ ਹੈ ਤਾਂ ਸਦਨ ਦੀ ਮੈਂਬਰੀ ਤੋਂ ਅਸਤੀਫਾ ਦੇ ਦਿਆਂਗਾ। (ਥੰਪਿੰਗ) ਜਿਸ ਐਮ.ਐਲ.ਏ. ਨੇ ਮੇਰੇ ਖਿਲਾਫ ਪਰਚਾ ਦਰਜ ਕਰਾਇਆ ਹੈ..........

**ਰਾਜ ਮੰਤਰੀ, ਸਹਿਕਾਰਤਾ (ਡਾਕਟਰ ਰਮੇਸ਼ ਦੱਤ ਸ਼ਰਮਾ)** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਜੋ ਕੁਝ ਕਹਿ ਰਹੇ ਹਨ, ਕੀ ਐਪ੍ਰੋਪ੍ਰੀਏਸ਼ਨ ਬਿੱਲ ਤੇ ਬੋਲ ਰਹੇ ਹਨ ਜਾਂ ਆਪਣੀ ਪਰਸਨਲ ਐਕਸਪਲੇਨੇਸ਼ਨ ਦੇ ਰਹੇ ਹਨ। ਇਹ ਤਾਂ ਆਪਣੀ ਪਰਸਨਲ ਐਕਪਲੇਨੇਸ਼ਨ ਦੇ ਰਹੇ ਲੱਗਦੇ ਹਨ।

**ਮਾਨਯੋਗ ਸਪੀਕਰ** : ਪਰਸਨਲ ਐਕਸਪਲੇਨੇਸ਼ਨ ਨਹੀਂ, ਇਹ ਜਨਰਲ ਗੱਲ ਹੀ ਕਰ ਰਹੇ ਹਨ। ਪਲੀਜ਼ ਵਾਈਂਡ ਅਪ।

**ਸਰਦਾਰ ਹਰਬੰਤ ਸਿੰਘ** : ਸਪੀਕਰ ਸਾਹਿਬ, ਜੋ ਇਨ੍ਹਾਂ ਲੋਕਾਂ ਵੱਲੋਂ ਵਿਚਾਰ ਆਏ ਹਨ, ਮੈਂ ਤਾਂ ਉਨ੍ਹਾਂ ਮੁਤਾਬਿਕ ਹੀ ਬਹਿਸ ਕਰ ਰਿਹਾ ਹਾਂ। ਇਹ ਜੋ ਕੁਝ ਬੋਲ ਕੇ ਗਏ ਹਨ, ਉਥੋਂ ਹੀ ਮੈਂ ਬੋਲ ਰਿਹਾ ਹਾਂ। ਇਨ੍ਹਾਂ ਵੱਲੋਂ ਬਾਰ-ਬਾਰ ਕੁਰੱਪਸ਼ਨ ਦੀਆਂ ਗੱਲਾਂ ਕੀਤੀਆਂ ਗਈਆਂ ਹਨ। ਐਫ.ਐਮ. ਸਾਹਿਬ ਵੀ ਹੁਣੇ ਹੀ ਬੋਲ ਕੇ ਗਏ ਹਨ। ਇਨ੍ਹਾਂ ਦਾ ਹਾਲ ਤਾਂ ਬਗਲੇ ਭਗਤ ਵਰਗਾ ਹੈ ਜਿਸ ਦਾ ਕੰਮ ਡੱਡਾਂ ਫੜਨਾ ਹੁੰਦਾ ਹੈ। ਇਨ੍ਹਾਂ ਦਾ ਹਮੇਸ਼ਾ ਇਹੀ ਕਰੈਕਟਰ ਰਿਹਾ ਹੈ। ਹਮੇਸ਼ਾ ਇਹ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਰਹਿੰਦੇ ਹਨ। ਜਿਥੋਂ ਤੱਕ ਸਾਡੀ ਪਾਰਟੀ ਦੀ ਗੱਲ ਹੈ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਪੰਜ ਸਾਲਾਂ ਵਿਚ ਜਿਥੇ ਧਰਮਸ਼ਾਲਾਵਾਂ ਦੀ ਬਿਹਤਰੀ ਦੀ ਗੱਲ ਕੀਤੀ ਗਈ, ਉਥੇ ਸਮੁੱਚੇ ਤੌਰ ਤੇ ਡਿਵੈਲਪਮੈਂਟ ਦੀ ਗੱਲ ਵੀ ਕੀਤੀ ਗਈ।

**Mr. Speaker** : Now, resume your seat. Shri Avinash Rai Ji.

**ਸ਼੍ਰੀ ਅਵਿਨਾਸ਼ ਰਾਏ ਖੰਨਾ (ਗੜ੍ਹਸ਼ੰਕਰ)** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੇਰੀ ਪਾਰਟੀ ਨੂੰ ਇਹ ਸਮਾਂ ਦਿੱਤਾ ਹੈ ਕਿ ਮੈਂ ਆਪਣੀ ਗੱਲ ਇਸ ਮੁੱਦੇ ਤੇ ਰੱਖ ਸਕਾਂ। ਅੱਜ ਜਦੋਂ ਮਾਨਯੋਗ ਫਾਇਨੈਂਸ ਮਨਿਸਟਰ ਸਾਹਿਬ ਬੋਲ ਰਹੇ ਸਨ ਤਾਂ ਉਨ੍ਹਾਂ ਨੇ ਜੋ ਫੈਕਟਸ ਐਂਡ ਫਿਗਰਜ਼ ਹਾਊਸ ਦੇ ਸਾਹਮਣੇ ਰੱਖੀਆਂ ਹਨ, ਉਨ੍ਹਾਂ ਨੇ ਕਿਹਾ ਹੈ ਕਿ ਸਾਡੀ ਆਮਦਨ 100 ਰੁਪਏ ਸੀ ਅਤੇ ਸਾਡਾ ਖਰਚਾ 118 ਰੁਪਏ ਸੀ। ਮੈਂ ਪੰਜਾਬ ਦੇ ਖਰਚੇ ਬਾਰੇ ਬੜਾ ਡੀਟੇਲ ਵਿੱਚ ਪੜ੍ਹਿਆ ਹੈ, ਪੰਜਾਬ ਵਿੱਚ ਹਰ ਰੋਜ਼ ਸੈਲਰੀ ਅਤੇ ਪੈਨਸ਼ਨ ਜਿਹੜੀ ਕਿ ਇੰਪਲਾਇਜ਼ ਨੂੰ ਮਿਲਦੀ ਹੈ ਉਸਦਾ 15 ਕਰੋੜ ਰੁਪਏ ਅਤੇ ਜਿਹੜਾ ਵਿਆਜ ਦੇਣਾ ਹੈ ਲੋਨ ਤੇ ਉਹ 10 ਕਰੋੜ ਰੁਪਏ ਅਤੇ ਜਿਹੜੇ ਹਰ ਰੋਜ਼ ਦੇ ਦਫ਼ਤਰ ਚਲਾਉਣ ਲਈ ਖਰਚੇ ਹਨ ਉਹ 6 ਕਰੋੜ ਰੁਪਏ ਹਨ। ਮਾਨਯੋਗ ਸਪੀਕਰ ਸਾਹਿਬ 3,73,000 ਦੇ ਕਰੀਬ ਪੰਜਾਬ ਦੇ ਮੁਲਾਜ਼ਮ ਹਨ ਲੇਕਿਨ ਹਾਜ਼ਰ ਕਿੰਨੇ ਲੋਕ ਹਨ ਉਹ ਹਨ 3,21,816 ਇਸ ਦਾ ਮਤਲਬ ਇਹ ਹੈ ਕਿ 52,000 ਮੁਲਾਜ਼ਮ ਉਹ ਹਨ ਜੋ ਜਾਂ ਤਾਂ ਛੁੱਟੀ ਤੇ ਬੈਠੇ ਹਨ ਅਤੇ ਜਾਂ ਫਿਰ ਵਿਦੇਸ਼ਾਂ ਵਿੱਚ ਗਏ ਹੋਏ ਹਨ। ਇਥੇ ਗੱਲ ਆਈ ਖਰਚੇ ਘਟਾਉਣ ਦੀ। ਮੈਂ ਤੁਹਾਡੇ ਰਾਹੀਂ ਇਸ ਸਦਨ ਵਿੱਚ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ 52,000 ਮੁਲਾਜ਼ਮ, ਤਨਖਾਹ ਲੈ ਰਹੇ ਹਨ ਕੀ ਸਰਕਾਰ ਨੇ ਉਨ੍ਹਾਂ ਨੂੰ ਨੱਥ ਪਾਉਣ ਲਈ ਕੋਈ ਯੋਜਨਾ

Original with;
Punjab Vidhan Sabha
Digitized by;
Panjab Digital Library

ਬਣਾਈ ਹੈ। ਜਿਹੜਾ 6 ਕਰੋੜ ਰੁਪਿਆ ਸਰਕਾਰੀ ਦਫ਼ਤਰ ਚਲਾਉਣ ਦਾ ਖਰਚਾ ਆ ਰਿਹਾ ਹੈ ਕੀ ਉਸ ਨੂੰ ਰਿਡੀਊਸ ਕਰਨ ਦੀ ਸਰਕਾਰ ਨੇ ਕਦੇ ਕੋਈ ਯੋਜਨਾ ਬਣਾਈ ਹੈ ਕਿ ਇਹ ਕਿਉਂ ਹੋ ਰਿਹਾ ਹੈ ਅਤੇ ਇਸ ਨੂੰ ਘੱਟ ਕਿਵੇਂ ਕੀਤਾ ਜਾ ਸਕਦਾ ਹੈ। ਸਾਨੂੰ ਸਵਾਲਾਂ ਦੇ ਜਿਹੜੇ ਜਵਾਬ ਆਏ ਹਨ, ਉਸ ਵਿੱਚ ਲਿਖਿਆ ਹੋਇਆ ਹੈ ਕਿ ਜਿਥੇ 56 ਅਫ਼ਸਰਾਂ ਦੀ ਲੋੜ ਹੈ, ਉਥੇ 81 ਅਫ਼ਸਰ ਰੱਖੇ ਗਏ ਹਨ ਹਾਲੇ ਵੀ ਸਰਕਾਰ ਦਾ ਸਰਦਾ ਨਹੀਂ। ਇਸ ਤੋਂ ਇਲਾਵਾ ਵੀ ਲੋਕਾਂ ਨੂੰ ਹਾਇਰ ਕਰਕੇ ਐਕਸਟਰਾ ਪੈਸਾ ਦੇ ਕੇ ਕੰਮ ਚਲਾਇਆ ਜਾ ਰਿਹਾ ਹੈ ਪਰ ਕੀ ਇਸ ਤਰ੍ਹਾਂ ਕਰਕੇ ਸਰਕਾਰ ਦੇ ਫਾਇਨਾਂਸ ਤੇ ਹੋਰ ਬੋਝ ਨਹੀਂ ਪਾਇਆ ਜਾ ਰਿਹਾ? ਮਾਨਯੋਗ ਸਪੀਕਰ ਸਾਹਿਬ, ਹਿੰਦੁਸਤਾਨ ਵਿੱਚ ਇਕ ਐਸਾ ਟਾਈਮ ਵੀ ਆਇਆ ਸੀ ਜਦੋਂ ਏਥੇ ਅੰਨ ਦੀ ਬਹੁਤ ਸ਼ਾਰਟੇਜ ਸੀ ਅਤੇ ਸਾਡੇ ਤੇ, ਹਿੰਦੁਸਤਾਨ ਦੇ ਲੋਕਾਂ ਤੇ ਬਹੁਤ ਸ਼ਰਤਾਂ ਲੱਗੀਆਂ ਹੋਈਆਂ ਸਨ ਲੇਕਿਨ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ਼੍ਰੀ ਲਾਲ ਬਹਾਦਰ ਸ਼ਾਸਤਰੀ ਜੀ ਨੇ ਇਹ ਗੱਲ ਕਹੀ ਸੀ ਕਿ ਅੱਜ ਹਿੰਦੁਸਤਾਨ ਤੇ ਅਜਿਹਾ ਟਾਈਮ ਹੈ ਕਿ ਇਥੇ ਅੰਨ ਸੰਕਟ ਹੈ। ਇਸ ਲਈ ਇਕ ਟਾਈਮ ਦਾ ਅੰਨ ਛੱਡੋ ਔਰ ਮੈਨੂੰ ਯਾਦ ਹੈ, ਜੋ ਮੈਂ ਅਖਬਾਰਾਂ ਵਿੱਚ ਪੜ੍ਹਿਆ ਹੈ, ਉਸ ਵੇਲੇ ਮੇਰੀ ਤਾਂ ਉਮਰ ਇਕ ਜਾਂ ਦੋ ਸਾਲ ਦੀ ਸੀ, ਲੇਕਿਨ ਮੈਂ ਤਾਂ ਅਖਬਾਰਾਂ ਵਿੱਚ ਪੜ੍ਹਿਆ ਹੈ ਕਿ ਇਸ ਸਮੱਸਿਆ ਨਾਲ ਨਜਿੱਠਣ ਲਈ ਇਕ ਦਿਨ ਢਾਬੇ ਵੀ ਬੰਦ ਹੋਣ ਲੱਗ ਗਏ ਸੀ। ਮੇਰਾ ਕਹਿਣ ਦਾ ਮਤਲਬ ਹੈ ਕਿ ਜੇਕਰ ਸਾਡੇ ਸੂਬੇ ਵਿੱਚ ਅੱਜ ਫਾਇਨੈਂਸ਼ੀਅਲ ਕ੍ਰਾਈਸਿਜ਼ ਹਨ ਤਾਂ ਕੀ ਪੰਜਾਬ ਦੇ ਮੁੱਖ ਮੰਤਰੀ ਹੈਲੀਕਾਪਟਰ ਤੋਂ ਬਗੈਰ ਨਹੀਂ ਜਾ ਸਕਦੇ। ਪੰਜਾਬ ਦੇ ਮੰਤਰੀਆਂ ਦੇ 33-33 ਲੱਖ ਰੁਪਏ ਸਾਲਾਨਾ ਦੇ ਟੈਲੀਫੂਨਾਂ ਦੇ ਬਿਲ ਆ ਰਹੇ ਹਨ, ਕੀ ਇਨ੍ਹਾਂ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ?..ਵਿਘਨ....ਮਾਨਯੋਗ ਸਪੀਕਰ ਸਾਹਿਬ ਇਹ ਅਖਬਾਰਾਂ ਵਿੱਚ ਵੀ ਪੜ੍ਹਿਆ ਹੈ ਅਤੇ ਇਕ ਸਵਾਲ ਦਾ ਜਵਾਬ ਵੀ ਆਇਆ ਹੈ।....ਵਿਘਨ.....

**Mr. Speaker** : No interruption, please,.....Order......Order.

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਮਾਨਯੋਗ ਸਪੀਕਰ ਸਾਹਿਬ, ਜਦੋਂ ਵੀ ਕਿਸੇ ਸਵਾਲ ਦਾ ਇਥੇ ਹਾਊਸ ਵਿੱਚ ਜਵਾਬ ਦਿੱਤਾ ਗਿਆ, ਬਹੁਤ ਹੀ ਇੰਪਾਰਟੈਂਟ ਸੜਕਾਂ, ਬਹੁਤ ਹੀ ਇੰਪਾਰਟੈਂਟ ਸਕੂਲਾਂ, ਬਹੁਤ ਹੀ ਇੰਪਾਰਟੈਂਟ ਹਸਪਤਾਲ, ਉਨ੍ਹਾਂ ਬਾਰੇ ਸਰਕਾਰ ਵੱਲੋਂ ਇਕੋ ਹੀ ਜਵਾਬ ਦਿੱਤਾ ਗਿਆ ਕਿ ਜੀ ਸਰਕਾਰ ਕੋਲ ਪੈਸਾ ਹੈ ਨਹੀਂ। ਅੱਜ ਮਾਨਯੋਗ ਵਿੱਤ ਮੰਤਰੀ ਸਾਹਿਬ ਇਹ ਗੱਲ ਕਹਿ ਰਹੇ ਹਨ ਕਿ ਅਸੀਂ 100 ਰੁਪਿਆ ਤੋਂ ਖਰਚ ਘਟਾ ਕੇ 99 ਰੁਪਏ ਤੇ ਲਿਆਂਦਾ ਹੈ। ਇਸ ਦਾ ਮਤਲਬ ਇਹ ਹੈ ਕਿ 1 ਰੁਪਿਆ ਬਚਦਾ ਹੈ। ਕੀ ਇਹ ਗੱਲ ਕਿ ਸਰਕਾਰ ਕੋਲ ਪੈਸਾ ਨਹੀਂ ਔਰ ਦੂਜੇ ਪਾਸੇ ਇਹ ਕਹਿਣਾ ਕਿ ਸਰਕਾਰ ਦਾ ਪੈਸਾ ਬੱਚ ਰਿਹਾ ਹੈ ਇਹ ਆਪਸ ਵਿੱਚ ਕੰਟਰਾਡਿਕਟਰੀ ਨਹੀਂ? ਮਾਨਯੋਗ ਸਪੀਕਰ ਸਾਹਿਬ, ਅੱਜ ਬਹੁਤ ਹੀ ਅਫਸੋਸ ਨਾਲ ਇਹ ਗੱਲ ਕਹਿਣੀ ਪੈ ਰਹੀ ਹੈ ਕਿ ਹੁਸ਼ਿਆਰਪੁਰ ਜ਼ਿਲ੍ਹਾ ਅੰਬਾਂ ਦਾ ਘਰ ਹੈ। ਅੱਜ ਉਨ੍ਹਾਂ ਅੰਬਾਂ ਤੇ ਬੂਰ ਨਹੀਂ ਆਇਆ। ਇਸ ਧੁੰਦ ਦੇ ਕਾਰਨ, ਕੋਰੇ ਦੇ ਕਾਰਨ ਅਤੇ ਇਸ ਕਾਰਨ ਜਿਹੜੇ ਕਿਸਾਨ ਅੰਬਾਂ ਦੀ ਕਾਸ਼ਤ ਕਰਦੇ ਹਨ, ਉਨ੍ਹਾਂ ਦਾ ਬਹੁਤ ਨੁਕਸਾਨ ਹੋ ਗਿਆ ਹੈ ਕਿਉਂਕਿ ਅੰਬਾਂ ਦੇ ਦਰਖਤ ਸੁੱਕ ਗਏ ਹਨ ਲੇਕਿਨ ਉਨ੍ਹਾਂ ਵਾਸਤੇ ਬਜਟ ਵਿੱਚ ਕੋਈ ਗੱਲ ਨਹੀਂ ਕੀਤੀ ਗਈ। ਜਿਹੜਾ ਕਿਸਾਨ ਇਨ੍ਹਾਂ ਅੰਬਾਂ ਤੇ ਨਿਰਭਰ ਕਰਦਾ ਹੈ, ਉਨ੍ਹਾਂ ਨੂੰ ਕੋਈ ਰਾਹਤ ਦਿੱਤੀ ਜਾਵੇ। ਸਪੀਕਰ ਸਾਹਿਬ, ਹਸਪਤਾਲਾਂ ਦਾ ਇੰਨਾ ਬੁਰਾ ਹਾਲ ਹੈ ਕਿ ਨਾ ਤਾਂ ਉਥੇ ਡਾਕਟਰ ਹਨ, ਨਾ ਹੀ ਬਿਲਡਿੰਗਾਂ ਹਨ। ਕਰੋੜਾਂ ਰੁਪਏ ਲਗਾ ਕੇ ਜਿਹੜੀਆਂ ਬਿਲਡਿੰਗਾਂ ਸ਼ੁਰੂ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਕੰਪਲੀਟ ਕਰਨ ਵੱਲ ਸਰਕਾਰ ਕੋਈ ਵੀ ਉਪਰਾਲੇ ਨਹੀਂ ਕਰ ਰਹੀ ਹੈ। ਜਿਹੜਾ ਪੈਸਾ ਲੱਗ ਚੁੱਕਾ ਹੈ, ਇਸ ਤਰ੍ਹਾਂ ਤਾਂ ਉਹ ਵੀ ਖਤਮ ਹੋ ਰਿਹਾ

Original with;
Punjab Vidhan Sabha
Digitized by;

[ਸ਼੍ਰੀ ਅਵਿਨਾਸ਼ ਰਾਏ ਖੰਨਾ]

ਹੈ। ਸਪੀਕਰ ਸਾਹਿਬ, ਮੈਂ ਇਸ ਸਦਨ ਵਿਚ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਹੈਲਥ ਦੀ ਗੱਲ ਆਈ ਹੈ ਤਾਂ ਮੈਂ ਕਹਿਣਾ ਚਾਹਾਂਗਾ ਕਿ ਸਰਕਾਰ ਬੜੇ-ਬੜੇ ਪ੍ਰੋਗਰਾਮ ਬਣਾ ਰਹੀ ਹੈ। ਏਡਜ਼ ਦਾ ਪ੍ਰੋਗਰਾਮ ਹੈ, ਪੋਲੀਓ ਬਾਰੇ ਪ੍ਰੋਗਰਾਮ ਹੈ ਪਰ ਅੱਜ ਇਕ ਜਿਹੜਾ ਸਾਡੇ ਨੌਜਵਾਨਾਂ ਨੂੰ ਭੈੜਾ ਰੋਗ ਲਗ ਰਿਹਾ ਹੈ ਅਤੇ ਬੁਰੀ ਬਿਮਾਰੀ ਲਗ ਰਹੀ ਹੈ, ਉਹ ਹੈ ਨਸ਼ਿਆਂ ਦੀ। ਉਸ ਦੀ ਰੋਕਥਾਮ ਕਰਨ ਵਾਸਤੇ ਸਰਕਾਰ ਵਲੋਂ ਕੋਈ ਪ੍ਰੋਗਰਾਮ ਪੇਸ਼ ਨਹੀਂ ਕੀਤਾ ਗਿਆ ਕਿ ਨਸ਼ਿਆਂ ਨੂੰ ਰੋਕਣ ਵਾਸਤੇ ਸਰਕਾਰ ਕੀ-ਕੀ ਉਪਰਾਲੇ ਕਰ ਰਹੀ ਹੈ। ਦੂਸਰੀ ਗੱਲ ਮੈਂ ਸਪੀਕਰ ਸਾਹਿਬ......

**ਮਾਨਯੋਗ ਸਪੀਕਰ** : ਪਲੀਜ਼ ਵਾਈਂਡ ਅੱਪ ਕਰੋ। Resume your seat.

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੇਰੀ ਪਾਰਟੀ ਦਾ ਟਾਈਮ ਹੈ, ਥੋੜ੍ਹਾ ਟਾਈਮ ਹੋਰ ਦੇ ਦਿਓ।

**ਮਾਨਯੋਗ ਸਪੀਕਰ** : ਤੁਹਾਡੀ ਪਾਰਟੀ ਦਾ ਤਾਂ ਟਾਈਮ ਬਣਦਾ ਹੀ ਨਹੀਂ ਸੀ। ਮੈਂ ਫਿਰ ਵੀ ਦੇ ਦਿੱਤਾ ਹੈ। Please resume your seat. ਅਗਲਾ ਸਪੀਕਰ ਸ਼੍ਰੀ ਆਦੇਸ਼ ਪ੍ਰਤਾਪ ਸਿੰਘ ਜੀ। ਤੁਹਾਡਾ ਸਮਾਂ ਕੇਵਲ ਪੰਜ ਮਿੰਟ ਦਾ ਹੈ।

**ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ (ਪੱਟੀ)** : ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਪਹਿਲਾਂ ਤਾਂ ਮੈਂ ਅਪੋਲੋਜਾਈਜ਼ਡ ਫੀਲ ਕਰਦਾ ਹਾਂ ਕਿ ਮੈਂ ਸਪੀਚ ਲਈ ਤਿਆਰ ਹੋ ਕੇ ਨਹੀਂ ਆਇਆ। ਮੈਂ ਕੁਝ ਦਿਨ ਹਾਊਸ ਵਿਚ ਨਹੀਂ ਆ ਸਕਿਆ ਕਿਉਂਕਿ ਮੇਰੇ ਹਲਕੇ ਵਿਚ ਉਥੇ ਕੋਈ ਲੋਕਲ ਐਡਮਨਿਸਟਰੇਸ਼ਨ ਦੀ ਪ੍ਰਾਬਲਮ ਹੋ ਗਈ ਸੀ। ਮੈਂ ਇਥੇ ਆ ਕੇ ਹੀ ਬਜਟ ਦੇਖਿਆ ਹੈ। ਜਿਹੜਾ ਮੈਂ ਥੋੜ੍ਹਾ-ਬਹੁਤ ਪੜ੍ਹ ਸਕਿਆ ਹਾਂ, ਉਸ ਬਾਰੇ ਹੀ ਮੈਂ ਕੁਝ ਸਪੀਚ ਕਰਨਾ ਚਾਹਾਂਗਾ। ਮੈਂ ਸਰਕਾਰ ਦਾ ਸਵਾਗਤ ਕਰਦਾ ਹਾਂ ਜਿਹੜਾ ਕਿ ਇਨ੍ਹਾਂ ਨੇ ਪ੍ਰਪੋਜ਼ਲ ਰੱਖੀ ਹੈ ਅਤੇ ਸਿਨਮੇ ਤੋਂ ਐਂਟਰਟੇਨਮੈਂਟ ਟੈਕਸ ਘਟਾਉਣ ਦੀ ਗੱਲ ਕੀਤੀ ਹੈ ਅਤੇ ਮਨੋਰੰਜਨ ਪਾਰਕਾਂ ਤੋਂ ਟੈਕਸ ਖਤਮ ਕੀਤਾ ਹੈ। ਇਹ ਜਿਹੜਾ ਟੈਕਸ ਘਟਾਇਆ ਹੈ ਇਹ ਸਾਡੀ ਗੌਰਮਿੰਟ ਦੀ ਪ੍ਰਪੋਜ਼ਲ ਸੀ। ਲੇਕਿਨ ਇਸ ਨੂੰ ਕਲੀਅਰ ਹੋਣ ਨੂੰ ਡੇਢ ਸਾਲ ਲੱਗ ਗਿਆ। ਲੇਕਿਨ ਫਿਰ ਵੀ ਮੈਂ ਸਵਾਗਤ ਕਰਦਾ ਹਾਂ। ਦੂਸਰਾ ਜਿਹੜਾ ਇਨ੍ਹਾਂ ਨੇ ਫਰਟੇਲਾਈਜ਼ਰ ਉਤੇ 4% ਤੋਂ 0% ਤੱਕ ਟੈਕਸ ਕੀਤਾ ਹੈ ਦਰਅਸਲ ਇਹ ਵੀ ਸਾਡੀ ਸਰਕਾਰ ਦੀ ਹੀ ਪ੍ਰਪੋਜ਼ਲ ਸੀ। ਇਹ ਵੀ ਹੋ ਗਈ ਹੈ। (ਟਰੈਜ਼ਰੀ ਬੈਂਚਾਂ ਵੱਲੋਂ ਥੰਪਿੰਗ) ਪਰ ਸਪੀਕਰ ਸਾਹਿਬ, ਅਫਸੋਸ ਦੀ ਗੱਲ ਹੈ ਕਿ 2% ਫਰਟੇਲਾਈਜ਼ਰ ਉਤੇ ਦੁਬਾਰਾ ਲਗਾ ਦਿੱਤਾ ਗਿਆ ਹੈ ਜਿਹੜਾ ਕਿ ਲੋਕਲ ਏਰੀਆ ਟੈਕਸ ਲਗਾ ਦਿਤਾ ਗਿਆ ਹੈ। ਇਸ ਤਰ੍ਹਾਂ ਇਹ ਸਾਰੇ ਐਗਰੀਕਲਚਰ ਸੈਕਟਰ ਉਤੇ ਹੀ 2% ਟੈਕਸ ਲਗਾ ਦਿਤਾ ਗਿਆ ਹੈ। ਜਿਹੜੀ ਰੈਵਨਿਊ 250 ਕਰੋੜ ਰੁਪਏ ਪ੍ਰੋਜੈਕਟ ਕਰ ਰਹੀ ਹੈ। ਐਕਚੁਅਲੀ ਜਿਹੜਾ ਇਹ ਟੈਕਸ ਹੈ, ਉਹ ਸਾਰਾ ਹੀ ਰੂਰਲ ਏਰੀਏ ਜਾਂ ਜਿਹੜਾ ਏਰੀਆ ਆਕਟਰਾਏ ਤੋਂ ਬਾਹਰ ਬੈਠਾ ਉਸ ਉਤੇ ਲਗਣਾ ਹੈ। ਫਿਰ ਉਸ ਦੀ ਡਿਸਟਰੀਬਿਊਸ਼ਨ ਕਿਵੇਂ ਹੋਵੇਗੀ ? ਕਈ ਮੰਡੀਆਂ ਜਿਨ੍ਹਾਂ ਵਿਚ ਕੋਈ ਬਾਹਰੋਂ ਐਕਸਪੋਰਟ ਕਰਕੇ ਮਾਲ ਹੀ ਨਹੀਂ ਲਿਆਉਂਦਾ। ਤੁਸੀਂ ਬਾਰਡਰ ਤੇ ਬੈਠ ਕੇ ਕਿਵੇਂ ਐਪਰੋਪਰੀਏਟ ਕਰੋਗੇ, ਕਿਵੇਂ ਉਨ੍ਹਾਂ ਮੰਡੀਆਂ ਨੂੰ ਭੇਜੋਗੇ। ਫਿਰ ਸਲਾਨਾ ਗਰੋਥ ਕਿੰਨੀ ਦਿਓਗੇ ? ਉਹ ਕਿਵੇਂ ਫਿਕਸ ਹੋਣਗੇ, ਇਸ ਬਾਰੇ ਮੈਂ ਸਮਝ ਨਹੀਂ ਸਕਿਆ। ਮੈਂ ਸੋਚਦਾ ਸੀ ਕਿ ਜਿਹੜਾ ਬਿੱਲ ਆਵੇਗਾ ਉਸ ਵਿਚ ਇਹ ਗੱਲਾਂ ਹੋਣਗੀਆਂ। ਉਸ ਵਿਚ ਨਾ ਤਾਂ ਇਹ ਪਤਾ ਲਗਦਾ ਹੈ ਕਿ ਐਕਸਪੋਰਟਰ ਨੂੰ ਕੀ ਦਿਤਾ ਜਾਏਗਾ। ਬੱਸ, ਥੋੜ੍ਹਾ ਜਿਹਾ ਕਹਿ ਦਿੱਤਾ ਕਿ ਅਸੀਂ ਐਕਸਪੋਰਟਰ

Original with;
Punjab Vidhan Sabha
Digitized by;
Panjab Digital Library

ਨੂੰ, ਟਰਾਂਸਪੋਰਟਰ ਸਬਸਿਡੀ ਦੇਵਾਂਗੇ ਪਰ ਜਿਹੜਾ ਐਕਸਪੋਰਟਰ ਸੇਲਜ਼ ਟੈਕਸ ਦੇ ਕੇ ਐਕਸਪੋਰਟ ਕਰ ਰਿਹਾ ਹੈ ਅਤੇ ਜਿਹੜਾ ਉਸ ਦਾ ਟੈਕਸ ਐਕਿਊਮੇਲੇਟ ਹੋ ਰਿਹਾ ਹੈ, ਉਸ ਦੀ ਵਾਪਸੀ ਕਿਵੇਂ ਹੋਵੇਗੀ, ਉਸ ਉਤੇ ਜਿਹੜਾ ਵਿਆਜ ਪਵੇਗਾ, ਉਸ ਬਾਰੇ ਕੋਈ ਰੈਫਰੈਂਸ ਨਹੀਂ ਹੈ, ਮੈਨੂੰ ਤਾਂ ਇਹ ਲਗਦਾ ਹੈ, ਵਿਆਜ ਵੱਧ ਹੋਵੇਗਾ ਅਤੇ ਸਬਸਿਡੀ ਘੱਟ ਹੋਵੇਗੀ। ਇਸ ਤੋਂ ਇਲਾਵਾ ਜਿਹੜੀ ਇੰਡਸਟਰੀਅਲ ਯੂਨਿਟਸ ਨੂੰ ਐਗਜ਼ਿਸਟਿੰਗ ਸਬਸਿਡੀ ਦੇਣੀ ਹੈ ਉਸ ਵਾਸਤੇ ਵੀ ਕੋਈ ਸਰਟੇਨ ਨਹੀਂ। ਕੇਵਲ ਇਹ ਕਹਿ ਦਿਤਾ ਕਿ ਅਸੀਂ ਬਾਂਡ ਦੇਵਾਂਗੇ ਜਿਹੜੇ 10 ਸਾਲਾਂ ਵਿਚ ਪੇਏਬਲ ਹੋਣਗੇ। ਸੋ ਸਾਲ ਤੱਕ ਤਾਂ ਇੰਡਸਟਰੀ ਵੈਸੇ ਹੀ ਮੁੱਕ ਜਾਵੇਗੀ ਜਿਸ ਨੂੰ ਤੁਸੀਂ ਦਿਓਗੇ ਕਿ ਅਲਾਟਮੈਂਟ ਤੋਂ ਲੈ ਕੇ 10 ਸਾਲ ਵਿਚ ਪੇ ਕਰਨਾ ਹੈ। ਕੀ ਅਗਲੀ ਸਬਸਿਡੀ ਵਾਸਤੇ ਅਸੀਂ ਲੋਕਾਂ ਨੂੰ ਕਨਵਿੰਸ ਕਰਵਾ ਸਕਾਂਗੇ ਕਿ ਜਿਹੜੀ ਅਸੀਂ ਹੁਣ ਕਰ ਰਹੇ ਹਾਂ, ਇਸ ਨੂੰ ਅਸੀਂ ਪੇ ਕਰ ਸਕਾਂਗੇ। ਮੇਰਾ ਖਿਆਲ ਹੈ ਕਿ ਕੋਈ ਵੀ ਇੰਡਸਟਰੀਅਲ ਯੂਨਿਟ ਇਸ ਗੱਲ ਨੂੰ ਮੰਨਣ ਨੂੰ ਤਿਆਰ ਨਹੀਂ ਹੈ ਕਿ ਇਹ ਉਨ੍ਹਾਂ ਨੂੰ ਪੇ ਹੋਵੇਗਾ। ਅੱਜ ਦੀ ਤਰੀਕ ਵਿਚ ਹਿਮਾਚਲ ਪ੍ਰਦੇਸ਼ ਵਿਚ ਸਾਰਾ ਕੁਝ ਬੜਾ ਵਧੀਆ ਹੈ। ਅਸੀਂ ਸੈਂਟਰ ਨੂੰ ਚਿੱਠੀ ਭੇਜੀ ਹੈ ਕਿ ਇਥੇ ਕਿੰਨੀ ਪ੍ਰਾਬਲਮ ਹੈ ਕਿ ਜਿਹੜੀ ਆਲੇ-ਦੁਆਲੇ ਇਨਵਾਇਰਮੈਂਟ ਕਰੀਏਟ ਹੋ ਗਈ ਹੈ, ਅਸੀਂ ਆਪਣੀ ਸਟੇਟ ਦੀ ਇੰਡਸਟਰੀ ਅਟਰੈਕਟ ਕਰਨੀ ਹੈ। ਪਰ ਸਟੇਟ ਦੀ ਇੰਡਸਟਰੀ ਨੂੰ ਅਟਰੈਕਟ ਕਰਨ ਵਾਸਤੇ ਕੀ ਕਮਿਟਮੈਂਟ ਹੈ। ਸਿਰਫ ਸੈਂਟਰ ਨੂੰ ਲੈਟਰ ਭੇਜਣ ਤੋਂ ਬਿਨਾਂ ਸਰਕਾਰ ਦੀ ਕੋਈ ਕਮਿਟਮੈਂਟ ਨਹੀਂ ਹੈ। ਅਸੀਂ ਆਪਣੀ ਪਾਲਿਸੀ ਵਿਚ ਕਿਉਂ ਅਟਰੈਕਟ ਨਹੀਂ ਕਰ ਰਹੇ, ਅਸੀਂ ਕਿਉਂ ਆਪਣੀ ਇੰਡਸਟਰੀ ਨੂੰ ਬਾਹਰ ਭੇਜ ਰਹੇ ਹਾਂ। ਅਸੀਂ ਕਿਉਂ ਰੈਮੀਡੀਅਲ ਸਟੈਪਸ ਨਹੀਂ ਲੈ ਰਹੇ। ਅਸੀਂ ਕਿਉਂ ਨਹੀਂ ਪਿਛਲੀਆਂ ਸਬਸਿਡੀਆਂ ਦੇ ਕੇ, ਪੇ ਕਰਕੇ ਉਨ੍ਹਾਂ ਨੂੰ ਇਥੇ ਰੱਖੀਏ। ਇਹ ਗੱਲਾਂ ਬਹੁਤ ਜ਼ਰੂਰੀ ਹਨ ਕਿਉਂਕਿ ਇਨ੍ਹਾਂ ਦੇ ਉਤੇ ਹੀ ਟੈਕਸ ਦੀਆਂ ਕੁਲੈਕਸ਼ਨਜ਼ ਆਉਣੀਆਂ ਹਨ। ਇਨ੍ਹਾਂ ਉਤੇ ਹੀ ਇੰਪਲਾਇਮੈਂਟ ਮਿਲਣੀ ਹੈ। ਇਨ੍ਹਾਂ ਉਤੇ ਹੀ ਜਿਹੜੇ ਅਸੀਂ ਟੈਕਨੀਕਲ ਐਜੂਕੇਸ਼ਨਲ ਇੰਸਟੀਚਿਊਟਸ ਲਗਾ ਰਹੇ ਹਾਂ, ਉਨ੍ਹਾਂ ਦੀ ਸਰਵਾਈਵਲ ਵੀ ਤਾਂ ਹੈ ਜਿਹੜੇ ਬੱਚੇ ਉਥੋਂ ਪੜ੍ਹ ਕੇ ਨਿਕਲਦੇ ਹਨ, ਉਨ੍ਹਾਂ ਨੂੰ ਅਸੀਂ ਨੌਕਰੀਆਂ ਦੇਵਾਂਗੇ। ਪਹਿਲਾਂ ਬੜੀ ਵਧੀਆ ਸਕੀਮ ਸੀ ਕਿ ਸਬਸਿਡੀ ਤਾਂ ਮਿਲਦੀ ਸੀ ਜੇਕਰ 50% ਇਲੈਕਟ੍ਰਾਨਿਕ ਯੂਨਿਟਸ ਵਿਚ, ਸਾਫਟਵੇਅਰ ਯੂਨਿਟਸ ਵਿਚ ਇੰਪਲਾਇਮੈਂਟ ਪੰਜਾਬ ਡੋਮੀਸਾਈਲ ਹੁੰਦੀ ਸੀ। ਇਹ ਪਾਲਿਸੀ ਵੀ ਖਤਮ ਹੋ ਗਈ। ਇਸ ਦੇ ਨਾਲ ਹੀ ਅਟਰੈਕਸ਼ਨ ਵੀ ਵੈਸੇ ਹੀ ਖਤਮ ਹੋ ਗਈ ਹੈ।

**ਮਾਨਯੋਗ ਸਪੀਕਰ** : ਪਲੀਜ਼ ਆਪਣੀ ਸੀਟ ਰਿਜ਼ਿਊਮ ਕਰੋ।

**ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ** : ਸਪੀਕਰ ਸਾਹਿਬ, ਮੈਂ ਤਾਂ ਵਿਦਾਊਟ ਪਰੀਪੇਅਰ ਹੋਇਆ ਬੋਲ ਰਿਹਾ ਹਾਂ। ਥੋੜ੍ਹਾ ਟਾਈਮ ਦਿਓ।

**ਮਾਨਯੋਗ ਸਪੀਕਰ** : ਹੁਣ ਟਾਈਮ ਨਹੀਂ ਹੈ। ਤੁਸੀਂ ਫਿਰ ਕਿਸੇ ਬਿੱਲ ਉਤੇ ਬੋਲ ਲੈਣਾ।

**ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ** : ਚਲੋ, Thank you, Sir.

**ਮਾਨਯੋਗ ਸਪੀਕਰ** : ਹਾਂ ਜੀ ਵਿੱਤ ਮੰਤਰੀ ਜੀ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** (ਸਰਦਾਰ ਲਾਲ ਸਿੰਘ) : ਸਰ, ਇਕ ਪੁਆਇੰਟ ਇੱਥੇ ਆਇਆ ਸੀ ਸ਼ਗਨ ਸਕੀਮ ਬਾਰੇ। ਉਸ ਦੇ ਬਾਰੇ ਮੈਂ ਜ਼ਰੂਰ ਵਿਸਥਾਰ ਵਿੱਚ ਦੱਸਣਾ ਚਾਹਾਂਗਾਂ। ਪੁਆਇੰਟ ਤਾਂ ਬਹੁਤ ਆਏ ਹਨ। ਸਪਕੀਰ ਸਾਹਿਬ, ਇਸ ਸਕੀਮ ਅਧੀਨ 5100 ਰੁਪਏ ਪਹਿਲੀ ਸਰਕਾਰ ਦੇ ਵੇਲੇ ਦਿਤੇ ਜਾਂਦੇ ਸੀ। ਸਪੀਕਰ ਸਾਹਿਬ, ਗੱਲ ਇਹ ਹੈ

Original with;
Punjab Vidhan Sabha
Digitized by;

[ ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ ]

ਕਿ ਇਸ ਸਕੀਮ ਤਹਿਤ ਪਿਛਲੀ ਸਰਕਾਰ ਵੇਲੇ ਗਰੀਬ ਲੋਕਾਂ ਦਾ ਦਲਿਤ ਲੋਕਾਂ ਦਾ ਬੜਾ ਮਜ਼ਾਕ ਉਡਾਇਆ ਗਿਆ। ਸਪੀਕਰ ਸਾਹਿਬ, ਲੜਕੀਆਂ ਤਾਂ ਸਭ ਨੇ ਤੋਰਨੀਆਂ ਹੁੰਦੀਆਂ ਹਨ ਕਿਸੇ ਨੇ ਘਰ ਨਹੀਂ ਰੱਖਣੀਆਂ ਹੁੰਦੀਆਂ। ਚਾਹੇ ਕੋਈ ਗਰੀਬ ਹੋਵੇ, ਚਾਹੇ ਅਮੀਰ ਹੋਵੇ, ਲੜਕੀਆਂ ਨੇ ਘਰੋਂ ਜਾਣਾ ਹੀ ਹੁੰਦਾ ਹੈ ਅਤੇ ਉਸ ਦਾ ਵਿਆਹ ਕਰਨਾ ਹੀ ਹੁੰਦਾ ਹੈ। ਕਿਸੇ ਵੀ ਗਰੀਬ ਦੀ ਲੜਕੀ ਦਾ ਵਿਆਹ ਹੋਣ ਤੋਂ ਕਦੇ ਵੀ ਨਹੀਂ ਰੁਕਿਆ। ਇਹ ਠੀਕ ਹੈ ਕਿ ਜਿੰਨੀ ਉਸ ਦੀ ਸਮਰੱਥਾ ਹੁੰਦੀ ਹੈ, ਥੋੜ੍ਹੀ ਜਾਂ ਬਹੁਤੀ, ਉਸ ਮੁਤਾਬਿਕ ਹਰ ਆਦਮੀ ਆਪਣੀ ਲੜਕੀ ਦਾ ਵਿਆਹ ਕਰਦਾ ਹੈ, ਪਰ ਸਪੀਕਰ ਸਾਹਿਬ ਜਦੋਂ ਇਨ੍ਹਾਂ ਨੇ ਸ਼ਗਨ ਸਕੀਮ ਸ਼ੁਰੂ ਕੀਤੀ ਸੀ ਤਾਂ ਪਹਿਲਾਂ-ਪਹਿਲਾਂ ਤਾਂ ਕੁਝ ਲੋਕਾਂ ਨੂੰ ਫਾਇਦਾ ਹੋਇਆ ਹੋਵੇਗਾ। ਇਸ ਸਰਕਾਰ ਦੀ ਸਕੀਮ ਸੀ ਕਿ ਸਰਕਾਰ ਦਾ ਐਮ.ਐਲ.ਏ, ਅਫਸਰ ਲੜਕੀ ਦਾ ਮਾਮਾ ਬਣ ਕੇ ਸ਼ਗਨ ਦੇਣ ਜਾਵੇਗਾ, ਸਪੀਕਰ ਸਾਹਿਬ ਕੋਈ ਮਾਮਾ ਨਹੀਂ ਗਿਆ, ਕੋਈ ਨਾਨਕੇ ਛੱਕ ਨਹੀਂ ਲਾ ਕੇ ਆਇਆ। ਇਸ ਸਕੀਮ ਲਈ ਸ਼ਰਤ ਇਹ ਸੀ ਕਿ ਕਾਰਡ ਜ਼ਰੂਰ ਛਪਵਾਓ, ਹਲਫੀਆ ਬਿਆਨ ਲਗਾਓ, ਫੇਰ ਰਿਪੋਰਟ ਲਗਾਓ, ਹੋਰ ਕਈ ਕੁਝ ਲਗਾਉਣਾ ਪੈਂਦਾ ਸੀ। ਉਸ 5100 ਰੁਪਏ ਦੇ ਲਾਲਚ ਵਿਚ ਗਰੀਬ ਆਦਮੀਆਂ ਨੂੰ ਕਾਫੀ ਖੱਜਲ ਖੁਆਰੀ ਸਹਿਣੀ ਪਈ ਅਤੇ ਪੰਜ-ਪੰਜ ਸੌ, ਸੱਤ ਸੱਤ ਸੌ ਰੁਪਏ ਵੀ ਖਰਚ ਕਰਨੇ ਪਏ ਪਰ ਉਹ 5100 ਰੁਪਏ ਨਹੀਂ ਮਿਲੇ। ਲੜਕੀਆਂ ਦੇ ਵਿਆਹ ਵੀ ਹੋ ਗਏ ਅਤੇ ਉਨ੍ਹਾਂ ਦੇ ਬੱਚੇ ਵੀ ਹੋ ਗਏ ਪਰ ਇਹ ਸ਼ਗਨ ਦੀ ਰਕਮ ਨਹੀਂ ਮਿਲੀ। ਕੁਝ ਲੋਕਾਂ ਨੂੰ ਜ਼ਰੂਰ ਫਾਇਦਾ ਹੋਇਆ ਹੋਵੇਗਾ। ਸਪੀਕਰ ਸਾਹਿਬ, ਹੁਣ ਅਸੀਂ ਇਸ ਦੀ ਥਾਂ ਇਕ ਨਵੀਂ ਸਕੀਮ "ਕੰਨਿਆ ਜਾਗਰਤੀ ਜੋਤੀ ਸਕੀਮ" ਇੰਟਰੋਸਡਿਊਸ ਕਰਨ ਲੱਗੇ ਹਾਂ। ਇਹ ਸਕੀਮ ਹੈ ਕਿ ਅਸੀਂ ਐਲ.ਆਈ.ਸੀ. ਕੋਲ 5000 ਰੁਪਏ ਜਮ੍ਹਾਂ ਕਰਵਾਵਾਂਗੇ ਅਤੇ ਜਦੋਂ ਲੜਕੀ 6 ਸਾਲ ਦੀ ਹੋ ਜਾਵੇਗੀ ਤਾਂ ਉਸ ਨੂੰ ਇਸ ਸਕੀਮ ਦੇ ਤਹਿਤ 100 ਰੁਪਿਆ ਪ੍ਰਤੀ ਮਹੀਨਾ ਵਜ਼ੀਫਾ ਮਿਲੇਗਾ ਅਤੇ ਜਦੋਂ ਉਹ 12 ਸਾਲ ਦੀ ਹੋ ਜਾਵੇਗੀ ਤਾਂ 200 ਰੁਪਏ ਪ੍ਰਤੀ ਮਹੀਨਾ ਮਿਲਣ ਲਗ ਜਾਵੇਗਾ ਅਤੇ ਜਦੋਂ 18 ਤੋਂ 21 ਸਾਲ ਦੀ ਉਮਰ ਹੋ ਜਾਵੇਗੀ ਅਤੇ ਸ਼ਾਦੀ ਕਰਾਉਣ ਦੇ ਕਾਬਲ ਹੋ ਜਾਵੇਗੀ ਤਾਂ ਇਸ ਸਕੀਮ ਦੇ ਤਹਿਤ ਉਸ ਨੂੰ 22,000 ਰੁਪਏ ਮਿਲਣਗੇ (ਥੰਪਿੰਗ)। ਸਪੀਕਰ ਸਾਹਿਬ ਇਸ ਦੇ ਨਾਲ ਉਨ੍ਹਾਂ ਦੀ ਘੱਟੋ-ਘੱਟ ਖੱਜਲ ਖੁਆਰੀ ਤਾਂ ਨਹੀਂ ਹੋਵੇਗੀ ਅਤੇ ਗਰੀਬ ਲੋਕਾਂ ਨੂੰ ਧੱਕੇ ਨਹੀਂ ਖਾਣੇ ਪੈਣਗੇ। ਮੈਂ ਸਮਝਦਾ ਹਾਂ ਕਿ ਇਹ ਸਕੀਮ ਬੜੀ ਚੰਗੀ ਹੈ ਅਤੇ ਨਵੀਂ ਸਕੀਮ ਲੈ ਕੇ ਅਸੀਂ ਆ ਰਹੇ ਹਾਂ। ਧਰਮਸ਼ਾਲਾਵਾਂ ਬਾਰੇ, ਜੰਝ ਘਰਾਂ ਵਾਸਤੇ ਅਸੀਂ ਅਨ-ਟਾਈਡ ਫੰਡ ਰੱਖੇ ਹਨ, ਉਸ ਦੇ ਵਿੱਚੋਂ ਜ਼ਰੂਰ ਅਸੀਂ ਪ੍ਰੋਵੀਜ਼ਨ ਕਰਾਂਗੇ। ਸਪੀਕਰ ਸਾਹਿਬ, ਇਹ ਅਸੀਂ ਪਹਿਲੀ ਵੇਰ ਅਨ-ਟਾਈਡ ਫੰਡ ਰੱਖੇ ਹਨ। ਤੀਸਰਾ ਕੁਝ ਗੱਲਾਂ ਚੁੰਗੀ ਬਾਰੇ ਕਹੀਆਂ ਗਈਆਂ ਹਨ, ਇਨ੍ਹਾਂ ਬਾਰੇ ਚੌਧਰੀ ਜਗਜੀਤ ਸਿੰਘ ਜੀ ਨੇ ਉੱਤਰ ਦੇਣਾ ਹੈ, ਉਹ ਸਾਰਾ ਦੱਸ ਦੇਣਗੇ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਕੰਨਿਆ ਜਾਗ੍ਰਿਤੀ ਜੋਤੀ ਸਕੀਮ ਦੀ ਗੱਲ ਕਰ ਰਹੇ ਹਨ ਇਹ ਤਾਂ ਪਹਿਲਾਂ ਤੋਂ ਹੀ ਚਲ ਰਹੀ ਹੈ ਅਤੇ ਇਹ ਸੈਂਟਰ ਗੌਰਮਿੰਟ ਦੀ ਸਕੀਮ ਹੈ ਅਤੇ ਸੈਂਟਰ ਵਲੋਂ ਪੈਸਾ ਆਉਣਾ ਹੈ, ਇਸ ਵਿੱਚ ਇਨ੍ਹਾਂ ਨੇ ਕੀ ਕਰਨਾ ਹੈ ?

**ਮਾਨਯੋਗ ਸਪੀਕਰ** : ਹਾਂ ਜੀ ਵਿੱਤ ਮੰਤਰੀ ਜੀ, ਇਹ ਕਹਿੰਦੇ ਹਨ ਕਿ ਇਹ ਤਾਂ ਸੈਂਟਰ ਗੌਰਮਿੰਟ ਦੀ ਸਕੀਮ ਹੈ, ਤੁਸੀਂ ਦੱਸੋ ?

Original with;
Punjab Vidhan Sabha
Digitized by:
Panjab Digital Library

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ :** ਸਪੀਕਰ ਸਾਹਿਬ, ਇਹ ਸੈਂਟਰ ਦੀ ਸਕੀਮ ਨਹੀਂ, ਸਾਡੀ ਆਪਣੀ ਸਕੀਮ ਹੈ ਅਤੇ ਇਸ ਦੇ ਲਈ ਅਸੀਂ 4 ਕਰੋੜ ਰੁਪਏ ਬਜਟ ਵਿੱਚ ਰੱਖੇ ਹਨ।

**Mr. Speaker** : Question is—

That the Punjab Appropriation (No.2) Bill be taken into consideration at once.

*The motion was carried.*

**Mr. Speaker** : Now the House will proceed to consider the Bill Clause by Clause.

**CLAUSE 2**

**Mr. Speaker** : Question is—

That Clause 2 stand part of the Bill.

*The motion was carried.*

**CLAUSE 3**

**Mr. Speaker** : Question is—

That Clause 3 stand part of the Bill.

*The motion was carried.*

**THE SCHEDULE**

**Mr. Speaker** : Question is—

That The Schedule stand part of the Bill.

*The motion was carried.*

**CLAUSE 1**

**Mr. Speaker** : Question is—

That Clause 1 stand part of the Bill.

*The motion was carried.*

**TITLE**

**Mr. Speaker** : Question is—

That Title be the Title of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Mr. Speaker** : Minister to move that the Bill be passed.

**Finance, Planning and Cooperation Minister (Sardar Lal Singh)** : Sir, I beg to move :—

> That the Punjab Appropriation (No. 2) Bill be passed.

**Mr. Speaker** : Motion moved—

> That the Punjab Appropriation (No. 2) Bill be passed.

**Mr. Speaker** : Question is—

> That the Punjab Appropriation (No. 2) Bill be passed.

*The motion was carried.*

---

## MOTION UNDER RULE 77

**Mr. Speaker** : Now the next item, Motion under Rule 77. Sardar Manpreet Singh Badal to move the motion.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸ਼੍ਰੀਮਾਨ ਜੀ, ਅਸੀਂ ਪ੍ਰਸਤਾਵ ਕਰਦੇ ਹਾਂ ਕਿ—

> ਰਾਜ ਵਿੱਚ ਨਗਰ ਪੰਚਾਇਤਾਂ/ਮਿਊਂਸਿਪਲ ਕੌਂਸਲਾਂ/ਪਰਿਸ਼ਦਾਂ ਦੀਆਂ ਹਾਲ ਹੀ ਵਿੱਚ ਹੋਈਆਂ ਚੋਣਾਂ ਦੌਰਾਨ ਅਕਾਲੀ/ਬੀ.ਜੇ.ਪੀ. ਕੌਂਸਲਰਾਂ ਦੀ ਕੁੱਟਮਾਰ ਅਤੇ ਜ਼ਖਮੀ ਕਰਨ ਕਰਕੇ ਪੈਦਾ ਹੋਈ ਸਥਿਤੀ ਤੇ ਬਹਿਸ ਕੀਤੀ ਜਾਵੇ।

**Mr. Speaker** : Motion moved—

> That the situation arising out of the thrashing of and causing injuries to the Akali/BJP Councillors during the recent elections to the Nagar Panchayats/Municipal Councils/Parishads in the State, be discussed.

Sardar Manpreet Singh Ji.

**ਸਰਦਾਰ ਮਨਪ੍ਰੀਤ ਸਿੰਘ ਬਾਦਲ (ਗਿੱਦੜਬਾਹਾ)** : ਮੁਅੱਜ਼ਜ਼ ਸਪੀਕਰ ਸਾਹਿਬ, ਬੜੇ ਭਰੇ ਮਨ ਨਾਲ ਇਸ ਸਦਨ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਇਹ ਮਤਾ ਲੈ ਕੇ ਆਈ ਹੈ। ਸਪੀਕਰ ਸਾਹਿਬ, ਇਹ ਇਸੇ ਕੜੀ ਦਾ ਹਿੱਸਾ ਹੈ ਜਿਹੜੀ ਕਿ ਮਲੋਟ ਬਾਈ ਇਲੈਕਸ਼ਨ ਤੋਂ ਸ਼ੁਰੂ ਹੋਈ ਅਤੇ ਇਹ ਹੌਲੀ-ਹੌਲੀ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ, ਬਲਾਕ ਸੰਮਤੀਆਂ ਦੀਆਂ ਚੋਣਾਂ, ਮਿਊਂਸਿਪਲ ਕਾਰਪੋਰੇਸ਼ਨ ਦੀਆਂ ਚੋਣਾਂ, ਮਿਊਂਸਿਪਲ ਕਮੇਟੀਆਂ ਦੀਆਂ ਚੋਣਾਂ, ਐਸ.ਜੀ.ਪੀ.ਸੀ. ਦੀਆਂ ਚੋਣਾਂ ਵਿੱਚ ਪਹੁੰਚੀ। ਇਹ ਸਾਰੀਆਂ

Original with;
Punjab Vidhan Sabha
Digitized by;

ਜਿਹੜੀਆਂ ਚੋਣਾਂ ਹੋਈਆਂ ਹਨ, ਇਹ ਇਕੋ ਕੜੀ ਦਾ ਹਿੱਸਾ ਹਨ। ਅਸੀਂ ਮਤਾ ਲੈ ਕੇ ਆਏ ਹਾਂ। ਇਹ ਕੋਈ ਹਾਰ ਜਿੱਤ ਦਾ ਮਤਾ ਨਹੀਂ ਬਲਕਿ ਅਸੂਲ ਦੀ ਗੱਲ ਕੀਤੀ ਗਈ ਹੈ। ਇਹ ਜਮਹੂਰੀਅਤ ਦਾ ਅਸੂਲ ਹੈ, ਲੋਕਰਾਜ ਦੀ ਤਸਵੀਰ ਹੈ, ਲੋਕਰਾਜ ਦਾ ਇੰਤਜਾਮ ਹੈ ਕਿ ਅਵਾਮ ਨੂੰ ਹੱਕ ਹਾਸਲ ਹੈ ਉਹ ਕਿਸੇ ਨੂੰ ਨੁਮਾਇੰਦਗੀ ਦੇ ਸਕਣ।

*12.58 ਬਾਅਦ ਦੁਪਹਿਰ

(*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਅੱਜ ਮੈਂ ਜਮਹੂਰੀਅਤ ਦੀ ਫਿਜ਼ਾ ਵਾਸਤੇ ਖੜ੍ਹਾ ਹੋਇਆ ਹਾਂ। ਮੈਨੂੰ ਅਹਿਸਾਸ ਹੈ ਕਿ ਰੂਲਿੰਗ ਪਾਰਟੀ ਦੇ ਮਾਨਯੋਗ ਮੈਂਬਰ 60 ਹਨ ਅਤੇ ਅਸੀਂ 40 ਹਾਂ ਔਰ ਉਨ੍ਹਾਂ ਨੇ ਮੇਰੀ ਅਵਾਜ਼ ਨੂੰ ਨਜ਼ਰਅੰਦਾਜ਼ ਕਰਨ ਦੀ ਕੋਸ਼ਿਸ਼ ਕਰਨੀ ਹੈ। ਮੇਰੀ ਅਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰਨੀ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਭਾਵੇਂ ਦਸ ਹਜ਼ਾਰ ਹੋ ਜਾਣ ਤੇ ਮੈਂ ਇਕੱਲਾ ਹੀ ਹੋਵਾਂ, ਫਿਰ ਵੀ ਮੈਂ ਲੋਕਰਾਜ ਦੀ ਗੱਲ ਕਰਨ ਦਾ ਸ਼ੌਕ ਰੱਖਾਂਗਾ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਕੋਈ ਵੇਲਾ ਸੀ, ਇਸ ਦੇਸ਼ ਤੇ ਅੰਗਰੇਜ਼ਾਂ ਦਾ ਰਾਜ ਸੀ। ਅੰਗਰੇਜ਼ਾਂ ਦੇ ਰਾਜ ਵਿੱਚ ਇੱਕ ਕਹਾਵਤ ਸੀ ਕਿ ਅੰਗਰੇਜ਼ਾਂ ਦੇ ਰਾਜ ਵਿੱਚ ਸੂਰਜ ਨਹੀਂ ਡੁੱਬਦਾ। ਡਿਪਟੀ ਸਪੀਕਰ ਸਾਹਿਬ, ਅੱਜ ਤੋਂ ਕੋਈ ਸਵਾ ਸੌ ਸਾਲ ਪਹਿਲਾਂ ਇੱਕ ਫਕੀਰ ਪੈਦਾ ਹੋਇਆ ਸੀ। ਉਸ ਫਕੀਰ ਦੇ ਮਨ ਵਿੱਚ ਗੱਲ ਆਈ ਕਿ ਇਸ ਮੁਲਕ ਤੇ ਗੁਲਾਮੀ ਦਾ ਕਲੰਕ ਲੱਗਾ ਹੋਇਆ ਹੈ ਤੇ ਇਹ ਗੁਲਾਮੀ ਦਾ ਕਲੰਕ ਲਾਹੁਣਾ ਹੈ। ਡਿਪਟੀ ਸਪੀਕਰ ਸਾਹਿਬ, ਪੰਜ ਫੁੱਟ ਦੋ ਇੰਚ ਉਸ ਫਕੀਰ ਦਾ ਕੱਦ ਸੀ। ਤਨ ਤੇ ਵੀ ਉਸ ਦੇ ਥੋੜ੍ਹੇ ਹੀ ਕੱਪੜੇ ਸਨ ਅਤੇ ਦੂਸਰੇ ਪਾਸੇ ਅੰਗਰੇਜ਼ ਦਾ ਸਾਮਰਾਜ ਸੀ ਜਿਹੜੀ ਬੜੀ ਬਹਾਦਰ ਤੇ ਸਿਆਣੀ ਕੌਮ ਆਪਣੇ ਆਪ ਨੂੰ ਮੰਨਦੀ ਸੀ। ਡਿਪਟੀ ਸਪੀਕਰ ਸਾਹਿਬ, ਇੱਕ ਜਮਹੂਰੀਅਤ ਦੀ ਜੋਤ ਉਸ ਫਕੀਰ ਨੇ ਜਗਾਈ ਅਤੇ ਅੰਗਰੇਜ਼ ਨੂੰ ਮਜਬੂਰਨ ਇਹ ਦੇਸ਼ ਛੱਡ ਕੇ ਜਾਣਾ ਪਿਆ। ਡਿਪਟੀ ਸਪੀਕਰ ਸਾਹਿਬ, ਉਸ ਫਕੀਰ ਦਾ ਨਾਮ ਸੀ-ਮੋਹਨ ਦਾਸ ਕਰਮ ਚੰਦ ਗਾਂਧੀ। ਜਦੋਂ ਵੀ ਇਸ ਸਦਨ ਵਿੱਚ, ਸੈਸ਼ਨ ਵਿੱਚ ਅਸੀਂ ਆਉਂਦੇ ਹਾਂ ਤਾਂ ਉਸ ਮਰਦੇ ਕਾਲਮ ਨੂੰ ਇਸ ਹਾਊਸ ਵਿੱਚ ਮੁਖਾਤਿਬ ਹੋਈਦਾ ਹੈ, ਦਰਸ਼ਨ ਹੁੰਦੇ ਹਨ ਅਤੇ ਦਿਲ ਵਿੱਚ ਉਨ੍ਹਾਂ ਨੂੰ ਸਜਦਾ ਵੀ ਕਰੀਦਾ ਹੈ। ਇਸ ਕਰਕੇ, ਡਿਪਟੀ ਸਪੀਕਰ ਸਾਹਿਬ, ਜੋ ਜੋਤ ਸੀ, ਜੋ ਬੂਟਾ ਸੀ, ਜਿਸ ਨੂੰ ਕਿ ਪੰਜਾਬ ਦੀ ਮਿੱਟੀ ਦੇ ਬਣੇ ਹੋਏ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਹੁਰਾਂ ਨੇ, ਲਾਲਾ ਲਾਜਪਤ ਰਾਏ ਨੇ, ਕਰਤਾਰ ਸਿੰਘ ਸਰਾਭਾ ਨੇ, ਸ਼ਹੀਦ ਊਧਮ ਸਿੰਘ ਨੇ ਆਪਣੀ ਛਾਤੀ ਡਾਹ-ਡਾਹ ਕੇ ਉਸ ਜੋਤ ਨੂੰ ਬਚਾਈ ਰੱਖਿਆ। ਡਿਪਟੀ ਸਪੀਕਰ ਸਾਹਿਬ, ਅੱਜ 55 ਸਾਲ ਬਾਅਦ ਉਸ ਬੂਟੇ ਨੂੰ, ਉਸ ਜੋਤ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਨੇ ਪਿਛਲੇ ਇੱਕ ਸਾਲ ਵਿੱਚ ਜੋ ਚੋਣਾਂ ਹੋਈਆਂ ਹਨ, ਉਨ੍ਹਾਂ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਵੋਟ ਪਾਉਣ ਦਾ ਹੱਕ ਹੈ ਜਾਂ ਵੋਟ ਪਵਾਉਣ ਦਾ ਹੱਕ ਹੈ ਇਹ ਕਿਸੇ ਤੋਂ ਖੈਰਾਤ ਵਿੱਚ ਨਹੀਂ ਲਿਆ, ਕਿਸੇ ਤੋਂ ਭੀਖ ਵਿੱਚ ਨਹੀਂ ਲਿਆ। ਵੋਟ ਪਾਉਣ ਦਾ ਹੱਕ ਹਿੰਦੁਸਤਾਨ ਦੇ ਲੋਕਾਂ ਨੇ, ਪੰਜਾਬ ਦੇ ਲੋਕਾਂ ਨੇ ਕਿਸੇ ਤੋਂ ਹਾਸਲ ਨਹੀਂ ਕੀਤਾ ਸੀ ਬਲਕਿ ਇਸ ਲਈ ਕੀਮਤੀ ਜਾਨਾਂ ਗਵਾਈਆਂ ਸਨ। ਕੀਮਤੀ ਜਾਨਾਂ ਗਵਾ ਕੇ ਵੋਟ ਪਾਉਣ ਦਾ ਹੱਕ ਮਿਲਿਆ ਹੈ। ਅੱਜ ਪੰਜਾਬ ਦੇ ਲੋਕਾਂ ਨੂੰ ਉਸ ਵੋਟ ਪਾਉਣ ਦੇ ਹੱਕ ਤੋਂ ਮਰਹੂਮ ਕੀਤਾ ਗਿਆ। ਪੰਜਾਬ ਦੇ ਜਿਹੜੇ ਇਲੈਕਸ਼ਨ ਹਨ, ਡਿਪਟੀ ਸਪੀਕਰ ਸਾਹਿਬ, ਜਿਹੜੇ ਅੱਜ ਹਾਜ਼ਰਾਤ ਦੂਸਰੇ ਪਾਸੇ ਬੈਠੇ ਹਨ, ਅੱਜ ਤੋਂ ਇੱਕ ਸਾਲ ਪਹਿਲਾਂ ਇਨ੍ਹਾਂ ਨੇ ਪ੍ਰਮਾਤਮਾ ਦਾ

Original with;
Punjab Vidhan Sabha
Digitized by;

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਹਲਫ਼ ਚੁੱਕਿਆ ਸੀ ਕਿ ਇਸ ਹਿੰਦੁਸਤਾਨ ਦੀ ਆਇਨ ਦੀ ਰੱਖਿਆ ਕਰਾਂਗੇ ਪਰ ਇਹ ਇਸ ਤੋਂ ਮੁਨਕਰ ਹੋਏ ਹਨ, ਇਨ੍ਹਾਂ ਨੇ ਆਪਣੇ ਫਰਜ਼ ਤੋਂ ਕੁਤਾਹੀ ਕੀਤੀ ਹੈ। ਪੰਜਾਬ ਦੇ ਜਿਹੜੇ ਛੇ ਇਲੈਕਸ਼ਨ ਇਨ੍ਹਾਂ ਨੇ ਸਾਜਿਸ਼ ਦੇ ਤਹਿਤ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਲੁੱਟੇ ਹਨ। ਜਿਸ ਤਰ੍ਹਾਂ ਕਿਸੇ ਸ਼ਾਇਰ ਨੇ ਲਿਖਿਆ ਹੈ—

ਬਹਾਰੋਂ ਨੇ ਚਮਨ ਲੂਟ ਲੀਆ।
ਨਾ ਖੁਦਾਓਂ ਨੇ ਵਤਨ ਲੂਟ ਲੀਆ।
ਦੇ ਦੇ ਕੇ ਹਮੇਂ ਜ਼ਿੰਦਗੀ ਕੇ ਦਿਲਾਸੇ।
ਰਹਿਨਮਾਓਂ ਨੇ ਵਤਨ ਲੂਟ ਲੀਆ।

ਡਿਪਟੀ ਸਪੀਕਰ ਸਾਹਿਬ, ਅੱਜ ਮੈਂ ਜਿਸ ਪ੍ਰਸਤਾਵ ਤੇ ਬੋਲਣ ਲਈ ਖੜ੍ਹਾ ਹੋਇਆ ਹਾਂ, ਇਹ ਜਿਹੜੀ ਸਾਜਿਸ਼ ਸੀ, ਮੈਂ ਇਹ ਬਿਆਨ ਕਰਨੀ ਚਾਹੁੰਦਾ ਹਾਂ ਕਿ ਸਭ ਤੋਂ ਪਹਿਲਾਂ ਇਨ੍ਹਾਂ ਨੇ ਵੋਟਾਂ ਹੀ ਨਹੀਂ ਬਣਨ ਦਿੱਤੀਆਂ ਅਤੇ ਹੋਰ ਬਣੀਆਂ ਹੋਈਆਂ ਕੈਂਸਲ ਕਰ ਦਿੱਤੀਆਂ। ਪਰ ਮਿਊਂਸਿਪਲ ਕੌਂਸਲ ਦੇ ਹਰ ਵਾਰਡ ਵਿੱਚ ਇਨ੍ਹਾਂ ਨੇ ਜਾਅਲੀ ਵੋਟਾਂ ਬਣਾਈਆਂ। ਡਿਪਟੀ ਸਪੀਕਰ ਸਾਹਿਬ, ਕਿਉਂਕਿ ਟਾਈਮ ਘੱਟ ਹੈ, ਮੈਂ ਇੰਨੀਆਂ ਉਦਾਹਰਨਾਂ ਨਹੀਂ ਦੇ ਸਕਦਾ। ਮੇਰੇ ਸਾਥੀ ਬੈਠੇ ਹਨ ਅਤੇ ਪੰਜਾਬ ਤੋਂ ਜਿਹੜੇ ਲੋਕ ਮੈਨੂੰ ਇਨਫਰਮੇਸ਼ਨ ਦੇ ਦੇ ਗਏ ਹਨ, ਉਹ ਸ਼ਾਇਦ ਗੁੱਸੇ ਹੋਣਗੇ ਕਿ ਤੁਸੀਂ ਸਾਡੀ ਕਮੇਟੀ ਦਾ ਨਾਮ ਨਹੀਂ ਲਿਆ। ਜਲਾਲਾਬਾਦ ਵਿੱਚ ਜੋ ਕੁਝ ਹੋਇਆ, ਉਸ ਦੀ ਮੈਨੂੰ ਸ਼ਰਮ ਆਉਂਦੀ ਹੈ। ਮੈਂ ਇਸ ਹਾਊਸ ਵਿੱਚ ਕਹਿੰਦਾ ਹਾਂ ਕਿ ਮੁੜ-ਮੁੜ ਕੇ ਇਲੈਕਸ਼ਨ ਕਮਿਸ਼ਨ ਨੇ ਬਣਾਈਆਂ। ਇਹ ਤਜਵੀਜ਼ ਕਰਦੇ ਰਹੇ ਅਤੇ ਮੁੜ-ਮੁੜ ਕੇ ਵੋਟਾਂ ਬਣਾਈਆਂ ਗਈਆਂ। ਉਥੋਂ ਦੇ ਐਸ.ਡੀ.ਐਮ. ਸਸਪੈਂਡ ਵੀ ਹੋਏ। ਜਿਹੜਾ ਦੂਸਰਾ ਪੜਾਅ ਸੀ, ਜਿਹੜੇ ਆਪੋਜ਼ੀਸ਼ਨ ਦੇ ਉਮੀਦਵਾਰਾਂ ਨੇ ਆਪਣੇ ਨਾਮ ਨਾਮਜ਼ਦ ਕੀਤੇ ਤਾਂ ਇਨ੍ਹਾਂ ਨੇ ਉਨ੍ਹਾਂ ਨੂੰ ਧੱਕੇ ਨਾਲ ਮਜਬੂਰ ਕੀਤਾ ਅਤੇ ਥਾਣੇ ਵਿੱਚ ਲਿਜਾ ਕੇ ਕਿਹਾ ਕਿ ਤੁਸੀਂ ਆਪਣੇ ਨਾਮਜ਼ਦਗੀ ਕਾਗਜ਼ ਵਾਪਸ ਲੈ ਲਓ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਤਮਾਮ ਸ਼ਹਿਰਾਂ ਬਾਰੇ 15 ਮਿੰਟਾਂ ਵਿੱਚ ਬੋਲਣਾ ਮੁਸ਼ਕਲ ਹੈ। ਮੈਂ ਜ਼ੀਰੇ ਦੀ ਗੱਲ ਕਰਾਂਗਾ ਜਿਥੇ ਪੰਜਾਬ ਦੇ ਡਾਇਰੈਕਟਰ ਜਨਰਲ ਦੇ ਫਰਜ਼ੰਦ ਸਨ। ਉਨ੍ਹਾਂ ਨੇ ਕਾਰ ਦੇ ਵਿੱਚ ਅਫੀਮ ਰੱਖੀ, ਉਨ੍ਹਾਂ ਨੇ ਭੁੱਕੀ ਰੱਖੀ, ਉਨ੍ਹਾਂ ਨੇ ਪੋਸਤ ਰੱਖਿਆ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੈਂਡੀਡੇਟਾਂ ਨੂੰ ਕਿਹਾ ਕਿ ਜਾਂ ਤਾਂ ਕਾਗਜ਼ ਵਾਪਸ ਲੈ ਲਓ ਵਰਨਾ ਇਨ੍ਹਾਂ ਵਿੱਚੋਂ ਜਿਹੜੀ ਚੀਜ਼ ਪਸੰਦ ਹੈ, ਉਸ ਦਾ ਪਰਚਾ ਦਰਜ ਕਰਵਾ ਲਓ। ਜੇ ਬਹੁਤ ਵੱਡੇ ਲੀਡਰ ਬਣਨਾ ਹੈ ਤਾਂ ਸਾਰਾ ਕੁਝ ਹੀ ਪਾ ਦੇਵਾਂਗੇ। ਜਿਸ ਦਿਨ ਪੋਲਿੰਗ ਹੋਈ ਤਾਂ ਜਿਸ ਕਿਸਮ ਦੀ ਗੁੰਡਾਗਰਦੀ ਹੋਈ, ਉਸ ਬਾਰੇ, ਡਿਪਟੀ ਸਪੀਕਰ ਸਾਹਿਬ, ਮੇਰੀ ਜ਼ੁਬਾਨ ਵਿੱਚੋਂ ਕੋਈ ਗੱਲ ਗਲਤ ਨਾ ਨਿਕਲ ਜਾਵੇ ਕਿਉਂਕਿ ਮੈਂ ਸ਼੍ਰੋਮਣੀ ਅਕਾਲੀ ਦਲ ਨਾਲ ਤਾਅਲੁੱਕ ਰੱਖਦਾ ਹਾਂ। ਡਿਪਟੀ ਸਪੀਕਰ ਸਾਹਿਬ, ਅਖਬਾਰਾਂ ਦੀਆਂ ਵੱਡੀਆਂ-ਵੱਡੀਆਂ ਸੁਰਖੀਆਂ ਮੇਰੇ ਕੋਲ ਹਨ। ਜਿਥੇ ਤੁਸੀਂ ਬੈਠੇ ਹੋ ਸ਼ਾਇਦ ਉਥੇ ਨਜ਼ਰ ਆ ਜਾਵੇ। ਡਿਪਟੀ ਸਪੀਕਰ ਸਾਹਿਬ, ਇੰਡੀਅਨ ਐਕਸਪਰੈਸ ਦੇ ਵਿੱਚ ਇਹ ਲਿਖਿਆ ਗਿਆ ਸੀ ਕਿ ਬਿਹਾਰ ਇਨ ਪੰਜਾਬ। ਇਹ ਖਬਰ ਇੰਡੀਅਨ ਐਕਸਪਰੈਸ ਅਖਬਾਰ ਵਿੱਚ ਸੁਰਖੀਆਂ ਵਿਚ ਲਗੀ ਸੀ। ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਟ੍ਰਿਬਿਊਨ ਅਖਬਾਰ ਜਿਹੜਾ ਕਿ ਬੜਾ ਮਕਬੂਲ ਅਖਬਾਰ ਹੈ, ਸਾਰੇ ਪੰਜਾਬੀਆਂ ਦਾ ਔਰ ਇਲਾਕੇ ਦਾ। ਉਸ ਅਖਬਾਰ ਵਿੱਚ ਕਿਸੇ ਰਿਪੋਰਟਰ ਵਲੋਂ ਰਿਪੋਰਟਿੰਗ

Original with;
Punjab Vidhan Sabha
Digitized by;
Panjab Digital Library

ਹੀ ਨਹੀਂ ਸੀ ਕੀਤੀ ਹੋਈ ਬਲਕਿ ਉਸ ਅਖਬਾਰ ਦਾ ਆਡੀਟੋਰੀਅਲ ਸੀ ਜਿਹੜਾ ਕਿ 11 ਤਰੀਕ ਦਾ ਅਖਬਾਰ ਸੀ ਔਰ ਮੈਂ ਇਸ ਨੂੰ ਤੁਹਾਡੀ ਖਿਦਮਤ ਕਰਨਾ ਚਾਹੁੰਦਾ ਹਾਂ :

Bihar in Punjab. Rampant rigging marks M.C. Polls in 'Indian Express' Violance, booth capturing and arrest disgraced the Congress victory in a second phase of the Civic poll in Punjab on Sunday. Official involvement in unlawful activity was massive. Poll violence, booth capturing and rigging are rarity in Punjab.

**ਸ਼ਹਿਰੀ ਹਵਾਬਾਜ਼ੀ ਦੇ ਸੰਸਦੀ ਸਕੱਤਰ (ਸ਼੍ਰੀ ਹੰਸ ਰਾਜ ਜੋਸ਼ਨ)** : ਡਿਪਟੀ ਸਪੀਕਰ ਸਾਹਿਬ, ਜੋ ਮਨਪ੍ਰੀਤ ਸਿੰਘ ਬਾਦਲ ਜਲਾਲਾਬਾਦ ਦੀ ਗੱਲ ਕਰ ਰਹੇ ਹਨ। ਮੈਂ ਇਨ੍ਹਾਂ ਦੇ ਕੋਲੋਂ ਇਸ ਗੱਲ ਦੀ ਕਲੇਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ....

**Mr. Deputy Speaker** : I will give you separate time.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਡਿਪਟੀ ਸਪੀਕਰ ਸਾਹਿਬ, ਟ੍ਰਿਬਿਊਨ ਦੇ ਆਡੀਟੋਰੀਅਲ ਵਿਚ ਲਿਖਿਆ ਹੋਇਆ ਹੈ ਕਿ booth capturing, rigging are in rarity in Punjab but however on Sunday, a Bihar like situation prevalied in certain parts of the State in Doaba and Majha region in which people exercised their franchise to elect 75 Municipal Counsels in Nagar Panchayat. Most irregularities were reported from the Jalalabad, Abohar, Fazilka and Malot area. The violent incidents point to let down of intelligence agencies at the administration failure to take preventive actions. There were allegations of Police and official's connivance to ensure victory of the ruling parties nominees. ਇਸ ਦੀ ਅਖੀਰਲੀ ਪੰਕਤੀ ਇਹ ਹੈ ਕਿ Politicization of the Police in bureaucracy coupled with the inability of some neutral to some spineless officers to which political interference is responsible not only for the lawlessness during Sundays but also the general mis-governance. ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਬੜਾ ਸਟਰਾਂਗ ਵਰਡ ਹੈ, ਟ੍ਰਿਬਿਊਨ ਔਰ ਇੰਡੀਅਨ ਐਕਸਪਰੈਸ ਅਖਬਾਰ ਦਾ ਔਰ ਇਹ ਗੱਲਾਂ ਮੇਰੀਆਂ ਆਪਣੀਆਂ ਮਨਘੜੰਤ ਨਹੀਂ ਹਨ। ਇਹ ਅਖਬਾਰ ਦੇ ਆਡੀਟੋਰੀਅਲ ਦੀ ਗੱਲ ਕਹੀ ਗਈ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਇਨ੍ਹਾਂ ਦੇ ਸਪੀਕਰ ਜੋ ਕੁਝ ਕਹਿ ਲੈਂਦੇ ਹਨ, ਕਹਿ ਲੈਣ ਸਾਨੂੰ ਕੋਈ ਫਰਕ ਨਹੀਂ ਪੈਣਾ। ਲੇਕਿਨ ਅਸੀਂ ਇਕ ਸ਼ੀਸ਼ਾ ਹਾਂ ਔਰ ਇਸ ਵਿਚੋਂ ਤੁਹਾਨੂੰ ਆਪਣੀ ਪਾਰਟੀ ਦਾ ਅਸਲੀ ਚਿਹਰਾ ਨਜ਼ਰ ਆਉਣਾ ਹੈ। ਮੈਂ ਇਸ ਕਰਕੇ ਕਹਿ ਰਿਹਾ ਹਾਂ ਕਿ ਅਸੀਂ ਕਿਸ ਤਰ੍ਹਾਂ ਦਾ ਸਮਾਜ ਉਸਾਰਨਾ ਚਾਹੁੰਦੇ ਹਾਂ, ਕਿਸ ਕਿਸਮ ਦਾ ਪੰਜਾਬ ਆਪਣੇ ਬੱਚਿਆਂ ਦੇ ਵਾਸਤੇ ਅਸੀਂ ਛੱਡਣਾ ਚਾਹੁੰਦੇ ਹਾਂ। ਡਿਪਟੀ ਸਪੀਕਰ ਸਾਹਿਬ, ਇਹ ਜਿੱਤ ਹਾਰ ਦੀ ਗੱਲ ਨਹੀਂ ਹੈ। ਇਹ ਜਮਹੂਰੀਅਤ ਅਤੇ ਅਸੂਲਾਂ ਦੀ ਗੱਲ ਹੈ। ਡਿਪਟੀ ਸਪੀਕਰ ਸਾਹਿਬ, ਇਸ ਤੋਂ ਅੱਗੇ ਕੀ ਹੋਇਆ ਹੈ ਜਿਹੜੀਆਂ ਇਲੈਕਸ਼ਨਾਂ ਹੋ ਗਈਆਂ ਔਰ ਜੋ ਰਿਜ਼ਲਟ ਸਨ ਉਹ ਟੈਂਪਰਿੰਗ ਕੀਤੇ ਗਏ ਹਨ। ਇਥੋਂ ਤੱਕ ਕਿ ਜਿਹੜੇ ਮਾਨਯੋਗ ਸੈਂਟਰ ਦੇ ਮੰਤਰੀ, ਸ਼੍ਰੀ ਵਿਨੋਦ ਖੰਨਾ ਉਨ੍ਹਾਂ ਨੂੰ ਗੁਰਦਾਸਪੁਰ ਦੇ ਡੀ.ਸੀ. ਦਫਤਰ ਦੇ ਸਾਹਮਣੇ ਆਕੇ ਧਰਨਾ ਦੇਣਾ ਪਿਆ ਹੈ ਕਿਉਂਕਿ ਜਿਹੜਾ ਕੈਂਡੀਡੇਟ ਜੇਤੂ ਕਰਾਰ ਦਿੱਤਾ ਗਿਆ ਸੀ, ਉਸ ਨੂੰ ਡੀ.ਸੀ. ਔਰ ਐਸ.ਡੀ.ਐਮ. ਵਲੋਂ ਤਬਦੀਲ ਕਰ ਦਿੱਤਾ ਗਿਆ ਸੀ। ਡਿਪਟੀ ਸਪੀਕਰ ਸਾਹਿਬ, ਇਸ ਤੋਂ ਸ਼ਰਮ ਵਾਲੀ ਹੋਰ ਕੀ ਗੱਲ ਹੋ ਸਕਦੀ ਹੈ। ਬਾਵਜੂਦ ਇਸ ਗੱਲ ਦੇ ਕਿ

Original with;
Punjab Vidhan Sabha
Digitized by;

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਇਨ੍ਹਾਂ ਵਲੋਂ ਇੰਨਾ ਜ਼ਿਆਦਾ ਕੁਝ ਹੋਇਆ, ਰਿਜ਼ਲਟ ਟੈਂਪਰਿੰਗ ਵੀ ਹੋਏ ਤੇ ਹੋਰ ਧੱਕੇ ਵੀ ਕੀਤੇ ਗਏ ਤਾਂ ਵੀ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਕਈ ਕਮੇਟੀਆਂ ਵਿੱਚ ਮੈਜਾਰਿਟੀ ਆ ਗਈ ਹੈ। ਇਥੇ ਸੀ.ਐਮ. ਸਾਹਿਬ ਨੇ ਬੋਲਦਿਆਂ ਹੋਇਆਂ ਕਿਹਾ ਹੈ ਕਿ ਮੈਨੂੰ ਪੰਜਾਬ ਵਿੱਚ ਇੱਕ ਵੀ ਇਸ ਤਰ੍ਹਾਂ ਦਾ ਇੰਸੀਡੈਂਸ ਦਿਖਾ ਦਿਓ ਜਿਥੇ ਕਿਸੇ ਤਰ੍ਹਾਂ ਦੀ ਵਾਇਓਲੈਂਸ, ਜੰਗਲ ਦਾ ਰਾਜ ਜਾਂ ਕਾਨੂੰਨ ਦੀ ਉਲੰਘਣਾ ਹੋਈ ਹੋਵੇ। ਡਿਪਟੀ ਸਪੀਕਰ ਸਾਹਿਬ, ਕਿਸੇ ਸ਼ਾਇਰ ਨੇ ਕਿਹਾ ਹੈ, "ਹੋਂਗੇ ਸੈਂਕੜੇ ਨਾਲੇ ਹਜ਼ਾਰੋਂ ਕੇ ਕਲੇਜਾ ਥਾਮ ਲੇ ਦਿਲ ਜਲੇ ਫਰਿਆਦ ਕਰਕੇ", ਇਥੇ ਚੌਧਰੀ ਸਾਹਿਬ ਬੈਠੇ ਹਨ ਇਨ੍ਹਾਂ ਨੂੰ ਮੈਂ ਦੱਸਦਾ ਹਾਂ ਕਿ ਕਿਹੜੀਆਂ ਕਿਹੜੀਆਂ ਮਿਉਂਸੀਪੈਲਟੀਆਂ ਵਿੱਚ ਧੱਕੇ ਹੋਏ ਹਨ। ਇਹ ਹਨ ਜਲਾਲਾਬਾਦ, ਫਾਜ਼ਿਲਕਾ, ਅਬੋਹਰ, ਮਲੋਟ, ਰਾਮਪੁਰਾ ਫੂਲ, ਭੁੱਚੋ, ਜ਼ੀਰਾ, ਫਿਰੋਜ਼ਪੁਰ, ਕੋਟਕਪੂਰਾ, ਜੈਤੋ, ਜਗਰਾਉਂ, ਹਰਿਆਣਾ, ਹੁਸ਼ਿਆਰਪੁਰ, ਡੇਰਾਬੱਸੀ, ਸੁਲਤਾਨਪੁਰ ਲੋਧੀ, ਬੰਗਾ, ਜ਼ੀਰਕਪੁਰ, ਪੱਟੀ, ਭਵਾਨੀਗੜ੍ਹ, ਗੁਰਦਾਸਪੁਰ, ਫਤਿਹਗੜ੍ਹ ਚੂੜੀਆਂ, ਬਟਾਲਾ ਤੇ ਡੇਰਾ ਬਾਬਾ ਨਾਨਕ ਹਨ ਜਿਥੇ-ਜਿਥੇ ਇਹ ਰੈਗਿੰਗਜ਼ ਹੋਈਆ ਹਨ। ਇਨ੍ਹਾਂ ਨੇ ਇਲੈਕਸ਼ਨਾਂ ਵਿੱਚ ਰੈਗਿੰਗ ਕਰਵਾਈ। ਮੈਂ ਦੱਸਦਾ ਹਾਂ ਕਿ ਇਨ੍ਹਾਂ ਨੇ ਪੱਟੀ ਦੀ ਇਲੈਕਸ਼ਨ ਵਿੱਚ 33 ਬੰਦਿਆਂ ਦੇ ਖਿਲਾਫ 307 ਦਾ ਪਰਚਾ ਦਰਜ ਕਰਵਾਇਆ: ਅਟੈਂਪਟ ਟੂ ਮਰਡਰ ਅਤੇ ਇਸੇ ਤਰ੍ਹਾਂ ਜ਼ੀਰਕਪੁਰ ਵਿੱਚ ਛੇ ਨਗਰ ਕੌਂਸਲਰਾਂ ਦੇ ਖਿਲਾਫ ਅਟੈਂਪਟ ਟੂ ਮਰਡਰ ਦੇ ਪਰਚੇ ਦਰਜ ਕਰਵਾਏ। ਉਸ ਨਗਰ ਕੌਂਸਲ ਵਿੱਚ ਅਕਾਲੀ ਪਾਰਟੀ ਦੇ 11 ਮੈਂਬਰ ਜਿੱਤੇ, ਕਾਂਗਰਸ ਪਾਰਟੀ ਦੇ 2 ਮੈਂਬਰ ਬਣੇ ਪਰ ਇਨ੍ਹਾਂ ਦੀ ਕਾਂਗਰਸ ਪਾਰਟੀ ਤੋਂ ਇਹ ਚੀਜ਼ ਬਰਦਾਸ਼ਤ ਨਹੀਂ ਹੋਈ ਤੇ ਪ੍ਰਧਾਨ ਦੀ ਇਲੈਕਸ਼ਨ ਪੋਸਟਪੋਨ ਕਰਵਾਈ ਤਾਂ ਕਿ ਕਿਸੇ ਤਰੀਕੇ ਨਾਲ ਨਗਰ ਕੌਂਸਲ ਦੇ ਮੈਂਬਰਾਂ ਤੇ ਦਬਾਅ ਪਾਕੇ ਨਗਰ ਕੌਂਸਲ ਤੇ ਕਬਜ਼ਾ ਕੀਤਾ ਜਾ ਸਕੇ। ਕਾਂਗਰਸ ਪਾਰਟੀ ਵਾਲੇ ਜਮਹੂਰੀਅਤ ਨੂੰ ਤਹਿਸ ਨਹਿਸ ਕਰ ਰਹੇ ਹਨ। ਇੱਕ ਮਿਉਂਸਿਪਲ ਕਮੇਟੀ ਵਿੱਚ ਅਗਰ ਆਪੋਜ਼ੀਸ਼ਨ ਦੀ ਕਮੇਟੀ ਬਣ ਵੀ ਜਾਵੇਗੀ ਤਾਂ ਕਿਹੜੀ ਖਾਸ ਗੱਲ ਹੋ ਜਾਂਦੀ ਹੈ। ਮੈਨੂੰ ਮੇਰੇ ਸਾਥੀ ਐਮ.ਐਲ.ਏਜ਼. ਨੇ ਦੱਸਿਆ ਕਿ ਉਨ੍ਹਾਂ ਨੂੰ ਭਾਵੇਂ ਵੋਟ ਪਾਉਣ ਦਾ ਹੱਕ ਹੈ ਪਰ ਕਿਸ ਤਰ੍ਹਾਂ ਲੋਕਲ ਐਸ.ਡੀ.ਐਮ. ਨੇ ਪੈਰ ਫੜੇ ਤੇ ਕਿਹਾ ਕਿ ਸਾਡੇ ਤੇ ਤਰਸ ਖਾਓ। ਸਾਨੂੰ ਉਪਰੋਂ ਆਰਡਰ ਆਏ ਹਨ ਕਿ ਕਾਂਗਰਸ ਦਾ ਹੀ ਪ੍ਰਧਾਨ ਬਣਾਉਣਾ ਹੈ ਨਹੀਂ ਤਾਂ ਤੁਹਾਨੂੰ ਨੌਕਰੀ ਨਹੀਂ ਕਰਨ ਦਿੱਤੀ ਜਾਵੇਗੀ। ਇਸੇ ਤਰ੍ਹਾਂ ਕੋਟਕਪੂਰੇ ਦੇ ਡੀ.ਸੀ. ਨੇ ਸੌਰੀ ਕਹਿ ਦਿੱਤੀ ਕਿ ਮੈਨੂੰ ਸਿਨਹਾ ਸਾਹਿਬ ਦਾ ਫੋਨ ਆ ਗਿਆ ਹੈ। ਮੈਂ ਹੈਲਪਲੈਸ ਹਾਂ। ਡਿਪਟੀ ਸਪੀਕਰ ਸਾਹਿਬ, ਲਾਹਨਤ ਹੈ, ਇਸ ਤਰ੍ਹਾਂ ਦੇ ਡੀ.ਸੀ. ਅਤੇ ਪੁਲਿਸ ਅਫਸਰਾਂ ਤੇ ਜੋ ਤਨਖਾਹਾਂ ਤਾਂ ਪੰਜਾਬ ਦੇ ਖਜ਼ਾਨੇ ਵਿੱਚੋਂ ਲੈਂਦੇ ਹਨ, ਆਪਣੇ ਬੱਚੇ ਪੰਜਾਬ ਦੇ ਖਜ਼ਾਨੇ ਵਿੱਚੋਂ ਪਾਲਦੇ ਹਨ ਪਰ ਨੌਕਰੀ, ਜਲਾਲਤ ਕਾਂਗਰਸ ਪਾਰਟੀ ਦੀ ਕਰਦੇ ਹਨ। ਉਹ ਪੰਜਾਬ ਦੇ ਲੋਕਾਂ ਨਾਲ ਬੇਵਫਾਈ ਕਰ ਰਹੇ ਹਨ। ਜਿਸ ਤਰ੍ਹਾਂ ਬਾਬਾ ਬੁੱਲ੍ਹੇ ਸ਼ਾਹ ਨੇ ਫਰਮਾਇਆ ਹੈ ਕਿ ਧੌਣ ਨੀਵੀਂ ਨਹੀਂ ਹੋਣ ਦੇਣੀ। ਇਹ ਲੋਕਾਂ ਦੀ ਅਵਾਜ਼ ਦਬਾਅ ਰਹੇ ਹਨ, ਅਵਾਮ ਤੇ ਜਮਹੂਰੀਅਤ ਦਾ ਕਤਲ ਕਰ ਰਹੇ ਹਨ। ਜਿਨ੍ਹਾਂ ਨੂੰ ਤੁਸੀਂ ਪ੍ਰਧਾਨ ਬਣਾ ਰਹੇ ਹੋ, ਉਹ ਤਾਂ ਰੇਤ ਦੇ ਢਿੱਗੇ ਹਨ। ਹਵਾ ਦਾ ਰੁੱਖ ਬਦਲਿਆ ਤੇ ਉਨ੍ਹਾਂ ਨੇ ਡਿੱਗ ਜਾਣਾ ਹੈ ਪਰ ਤੁਸੀਂ ਘੱਟ ਤੋਂ ਘੱਟ ਜਮਹੂਰੀਅਤ ਦਾ ਖਿਆਲ ਕਰੋ। ਜਿਸ ਦਿਨ ਸਾਡੀ ਸਰਕਾਰ ਆ ਗਈ, ਤੁਸੀਂ ਤਾਕਤ ਤੋਂ ਉਤਰ ਗਏ ਤਾਂ ਤੁਹਾਡਾ ਸਭ ਕੁਝ ਢੇਰੀ ਹੋ ਜਾਵੇਗਾ। ਮੈਂ ਕਹਿੰਦਾ ਹਾਂ ਕਿ ਜਿਹੜੇ ਤੁਹਾਡੇ ਪਲਾਨ ਹਨ, ਇਹ ਬਹੁਤੇ ਦਿਨ ਨਹੀਂ ਚਲਣੇ। ਲੋਕਾਂ ਵਿੱਚ ਦਖਲਅੰਦਾਜ਼ੀ ਨਾ ਕਰੋ। ਪੰਜਾਬ ਦੇ ਲੋਕ ਬੜੇ ਫਰਾਖਦਿਲ ਹਨ। ਉਹ ਛੋਟੀਆਂ ਮੋਟੀਆਂ ਗੱਲਾਂ ਭੁਲਾ ਦਿੰਦੇ ਹਨ ਔਰ ਫਿਰ ਸਾਡੀ ਪਾਰਟੀ ਨੂੰ ਹੀ ਤਵੱਜੋ ਦੇਣਗੇ। ਤੁਹਾਨੂੰ ਤੋਰ ਦੇਣਗੇ। ਮੇਰੀ ਗੱਲ ਮੰਨ ਲਓ। ਕੋਈ ਅੱਛੇ ਕੰਮ ਕਰੋ ਨਹੀਂ ਤਾਂ ਲੋਕਾਂ ਨੇ

Original with;
Punjab Vidhan Sabha
Digitized by;
Panjab Digital Library

ਤੁਹਾਡੀ ਇੱਥੇ ਹੀ ਕਬਰ ਬਣਾ ਦੇਣੀ ਹੈ। ਪਿਛਲੀਆਂ ਛੇ ਇਲੈਕਸ਼ਨਾਂ ਵਿੱਚ ਤੁਸੀਂ ਲੁੱਟ ਪਾਈ ਹੈ, ਮਿਊਂਸਿਪਲ ਕਮੇਟੀ ਦੀਆਂ ਇਲੈਕਸ਼ਨ ਵਿੱਚ ਸਾਜ਼ਿਸ਼ ਰਚ ਕੇ ਤੁਸੀਂ ਇਲੈਕਸ਼ਨਾਂ ਜਿੱਤੀਆਂ। 9 ਮਾਰਚ ਨੂੰ ਪੰਜਾਬ ਵਿੱਚ ਮਿਊਂਸਿਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਹੋਣੀਆਂ ਸਨ ** **

**Mr. Deputy Speaker** : Please do not cast any aspersions on the Election Commissioner.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ** **

**Mr. Deputy Speaker** : I am sorry, you cannot question this. This should not form part of the proceedings. The portion attributed to the Election Commissioner may kindly not be recorded.

**ਖੁਰਾਕ ਅਤੇ ਸਪਲਾਈ ਮੰਤਰੀ (ਸ਼੍ਰੀ ਅਵਤਾਰ ਹੈਨਰੀ)** : ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ। ਡਿਪਟੀ ਸਪੀਕਰ ਸਾਹਿਬ ਅਸੀਂ ਕੋਈ ਮਾੜੀ ਗੱਲ ਨਹੀਂ ਕੀਤੀ। ਇਨ੍ਹਾਂ ਨੇ ਆਪ ਬਣਾਇਆ ਸੀ। ਉਸ ਨੂੰ ਇਕ ਸਾਲ ਦੀ ਐਕਸਟੈਨਸ਼ਨ ਜੇ ਦੇ ਦਿੱਤੀ ਹੈ ਤਾਂ ਕਿਹੜਾ ਗੁਨਾਹ ਕਰ ਦਿੱਤਾ ਹੈ ? (ਵਿਘਨ) ਇਸ ਵਿਚ ਕੋਈ ਗਲਤ ਗੱਲ ਨਹੀਂ।

**ਮਾਨਯੋਗ ਡਿਪਟੀ ਸਪੀਕਰ** : ਉਹ ਪੋਰਸ਼ਨ ਐਕਸਪੰਜ ਹੋ ਗਿਆ ਹੈ। ਉਸਤੇ ਕੋਈ ਟਿੱਪਣੀ ਨਾ ਕਰੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਜੋ ਫੈਕਟਸ ਹਨ, ਅਗਰ ਉਹ ਪ੍ਰੋਸੀਡਿੰਗਜ਼ ਵਿਚ ਆਉਂਦੇ ਹਨ, ਤੁਸੀਂ ਇਹ ਕਹਿ ਕੇ ਕਟਾ ਰਹੇ ਹੋ ਕਿ ਕਿਸੇ ਇਨਸਾਨ ਤੇ ਇਹ ਦੋਸ਼ ਹੈ। ਇਹ ਅਸੀਂ ਕੁਝ ਬਾਈ ਨੇਮ ਤਾਂ ਕਿਹਾ ਨਹੀਂ। ਅਸੀਂ ਇਕ ਅਥਾਰਿਟੀ ਨੂੰ ਕਿਹਾ ਹੈ।

**Mr. Deputy Speaker** : I have given my ruling. That's all.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਡਿਪਟੀ ਸਪੀਕਰ ਸਾਹਿਬ, ਸਾਨੂੰ ਵੀ ਪਤਾ ਹੈ। ਅਸੀਂ ਰੂਲਿੰਗ ਨੂੰ ਚੈਲੰਜ ਨਹੀਂ ਕਰ ਸਕਦੇ। ਅਸੀਂ ਤਾਂ ਉਸਨੂੰ ਰੀਕੰਸਿਡਰ ਕਰਨ ਵਾਸਤੇ ਕਹਿ ਰਹੇ ਹਾਂ.....

**Mr. Deputy Speaker** : No, no. No reconsideration. Sorry.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਰ, ਜੇ ਸਾਰਾ ਕੁਝ ਕੱਟੀ ਹੀ ਜਾਣਾ ਹੈ ਤਾਂ ਸਾਡੇ ਬੋਲਣ ਦਾ ਕੋਈ ਮਤਲਬ ਹੀ ਨਹੀਂ ਰਹਿ ਜਾਂਦਾ। ਲਫਜ਼ ਕੋਈ ਕਿਸੇ ਦੇ ਅਗੇਂਸਟ ਬਾਈ ਨੇਮ ਹੁੰਦਾ ਤਾਂ ਅਸੀਂ ਵਿਦਡਰਾਅ ਕਰ ਲੈਂਦੇ।

**Mr. Deputy Speaker** : Please resume your seat.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਇਹ ਜਿਹੜੀ ਸਾਜ਼ਿਸ਼ ਹੈ, ਇਨ੍ਹਾਂ ਨੂੰ ਪਤਾ ਹੈ। ਜਿਹੜੀ ਸਟੇਟ ਦੀ ਇਸ ਵੇਲੇ ਸਿਵਲ ਐਡਮਨਿਸਟ੍ਰੇਸ਼ਨ ਹੈ, ਪੁਲਿਸ ਐਡਮਨਿਸਟ੍ਰੇਸ਼ਨ ਹੈ, ਇਨ੍ਹਾਂ ਦੇ ਪੈਰਾਂ ਦੇ ਥੱਲੇ ਹੈ। ਇਹ ਸਾਜ਼ਿਸ਼ ਕਾਮਯਾਬ ਕਰਨੀ ਸੀ, ਇਸ ਨੂੰ ਸਿਰੇ ਚੜ੍ਹਾਉਣਾ

---

**Expunged, not recordered as ordered by the Chair.

Original with;
Punjab Vidhan Sabha
Digitized by;

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਬੜਾ ਜ਼ਰੂਰੀ ਸੀ। ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹੀ ਕਹਿ ਸਕਦਾ ਹਾਂ ਕਿ ਰਾਜਿਆਂ ਮਹਾਰਾਜਿਆਂ ਦੇ ਰਾਜ ਜਿਹੜੇ ਹਨ, ਉਹ ਖਤਮ ਹੋ ਗਏ ਹਨ। ਜੱਦੀ ਪੁਸ਼ਤੀ ਜਿਹੜੇ ਰਾਜੇ ਬਣਦੇ ਸਨ, ਉਹ ਖਤਮ ਹੋ ਗਏ ਹਨ ਤੇ ਜਮਹੂਰੀਅਤ ਵਿਚ ਜਦੋਂ ਲੋਕਾਂ ਦੀਆਂ ਵੋਟਾਂ ਲੈ ਕੇ ਲੋਕਾਂ ਦੇ ਦਿਲਾਂ ਤੇ ਰਾਜ ਕਰਨਾ ਹੈ, ਇਹ ਕਿੰਨੀ ਦੇਰ ਚਲ ਸਕਦੇ ਹਨ। ਮੇਰਾ ਇਸ ਮੌਕੇ ਤੇ, ਕਿਉਂਕਿ 15 ਮਿੰਟ ਦਾ ਟਾਈਮ ਸੀ, ਮੈਂ ਇਸ ਮੌਕੇ ਤੇ ਇਹੀ ਕਹਿ ਸਕਦਾ ਹਾਂ ਕਿ ਇਹ ਜਿਹੜਾ ਮਾਹੌਲ ਪੰਜਾਬ ਵਿਚ ਪੈਦਾ ਹੋਇਆ ਹੈ, ਜੋ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੀ ਸਰਕਾਰ, ਜੋ ਕਥਨੀ ਤੇ ਕਰਨੀ ਵਿਚ ਕਹਿੰਦੇ ਹਨ ਕਿ ਕੋਈ ਫਰਕ ਨਹੀਂ ਸਮਝਦੇ ਤੇ ਫੇਰ ਡਿਪਟੀ ਸਪੀਕਰ ਸਾਹਿਬ, he should have an eye on history ਉਹ ਹਿਸਟਰੀ ਤੇ ਨਜ਼ਰ ਰਖਣ। ਛੋਟੀਆਂ ਮੋਟੀਆਂ ਮਿਉਂਸਿਪਲ ਕਮੇਟੀਆਂ ਵਿਚ ਲੋਕਾਂ ਦੇ ਜਜ਼ਬਾਤਾਂ ਨੂੰ ਹਾਈਜੈਕ ਕਰਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਜੀ ਦਾ ਕੱਦ ਮੇਰੀਆਂ ਨਜ਼ਰਾਂ ਵਿਚ ਛੋਟਾ ਹੋ ਗਿਆ ਹੈ। ਉਨ੍ਹਾਂ ਦੀ ਐਡਮਨਿਸਟ੍ਰੇਸ਼ਨ ਇਨ੍ਹਾਂ ਗੱਲਾਂ ਤੇ ਉਤਰ ਆਈ ਹੈ ਕਿ ਕੌਂਸਲਰਾਂ ਤੇ ਦਬਾਅ ਦੇ ਕੇ, ਹਾਈਜੈਕ ਕਰਕੇ ਮਿਉਂਸਿਪਲ ਕਮੇਟੀਆਂ ਬਣਾਉਣੀਆਂ ਹਨ। ਇਸ ਗੱਲ ਲਈ ਇਨ੍ਹਾਂ ਨੂੰ ਪੰਜਾਬ ਦੇ ਲੋਕ ਕਦੇ ਨਹੀਂ ਬਖਸ਼ਣਗੇ। ਡਿਪਟੀ ਸਪੀਕਰ ਸਾਹਿਬ, ਇਕ ਬੜੇ ਮਸ਼ਹੂਰ ਰਾਸ਼ਟਰਪਤੀ ਹੋਏ ਹਨ। ਅਮਰੀਕਾ ਨਾਲ ਉਨ੍ਹਾਂ ਦਾ ਤਾਅਲੁੱਕ ਸੀ। ਉਨ੍ਹਾਂ ਦੀਆਂ ਕਹੀਆਂ ਪੰਕਤੀਆਂ ਮੈਂ ਤੁਹਾਡੇ ਵਾਸਤੇ ਲਿਆਇਆ ਹਾਂ। ਕਹਿੰਦੇ ਹਨ ਕਿ ਜਿਸ ਵੇਲੇ ਉਨ੍ਹਾਂ ਦੀ ਪ੍ਰੈਜੀਡੈਂਸ਼ੀਅਲ ਸਪੀਚ ਸੀ ਉਨ੍ਹਾਂ ਨੇ ਕਿਹਾ ਸੀ ਕਿ ਜਦੋਂ ਹਿਸਟਰੀ ਦੀ ਹਾਈ ਕੋਰਟ ਬੈਠੇਗੀ ਤੇ ਇਨਸਾਫ ਕਰੇਗੀ ਕਿ ਸਾਡੇ ਮੋਢਿਆਂ ਤੇ ਕੌਮ ਦਾ ਤੇ ਸੂਬੇ ਦਾ ਬੋਝ ਪਾਇਆ ਸੀ, ਉਸ ਵੇਲੇ ਹਿਸਟਰੀ ਦੀ ਹਾਈ ਕੋਰਟ ਦੋ ਸਵਾਲ ਪੁੱਛੇਗੀ। ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੀ ਖਿਦਮਤ ਵਿਚ ਉਹ ਪੰਕਤੀਆਂ ਪੜ੍ਹ ਕੇ ਸੁਣਾਵਾਂਗਾ। ਪਹਿਲਾ ਸਵਾਲ ਇਹ ਪੁੱਛੇਗੀ "Were we truly men of courage, courage to stand up to one's enemies and also courage to stand up when necessary to associates and friends." ਇਹ ਜਿਹੜਾ ਹੌਂਸਲਾ ਹੈ ਇਹ ਸਿਰਫ ਦੁਸ਼ਮਣਾਂ ਵਾਸਤੇ ਨਹੀਂ ਹੁੰਦਾ। ਇਹ ਜਦੋਂ ਅਸੂਲਾਂ ਦੀ ਗੱਲ ਹੁੰਦੀ ਹੈ, ਦੋਸਤਾਂ, ਮਿੱਤਰਾਂ ਤੇ ਐਸੋਸੀਏਟਸ ਵਾਸਤੇ ਵੀ ਇਸੇ ਕਿਸਮ ਦਾ ਹੌਂਸਲਾ ਹੋਣਾ ਚਾਹੀਦਾ ਹੈ। "Were we men truly of dedication and dedication with honour, mortgaged to no single individual or group or compromised by public obligation but to devote solely to serve public good and national interest."

ਡਿਪਟੀ ਸਪੀਕਰ ਸਾਹਿਬ, ਅੱਜ ਕਾਂਗਰਸ ਪਾਰਟੀ ਨੇ ਪਿਛਲੇ ਇਕ ਸਾਲ ਵਿਚ ਤੇ ਖਾਸ ਕਰਕੇ ਮਿਉਂਸਿਪਲ ਚੋਣਾਂ ਵਿਚ, ਮੈਂ ਇਹ ਮਨਘੜਤ ਗੱਲਾਂ ਨਹੀਂ ਕਹੀਆਂ, ਮੈਂ ਅਖਬਾਰਾਂ ਤੋਂ ਲੈ ਕੇ ਕਹੀਆਂ ਹਨ। ਮੈਂ ਆਪਣੇ ਕੋਲੋਂ ਕੋਈ ਗੱਲ ਨਹੀਂ ਕਰ ਰਿਹਾ। ਜੋ ਅਖਬਾਰਾਂ ਵਿਚ ਖਬਰਾਂ ਲੱਗੀਆਂ ਹਨ, ਉਨ੍ਹਾਂ ਬਾਰੇ ਹੀ ਦੱਸ ਰਿਹਾ ਹਾਂ। ਕੱਲ੍ਹ ਦੀ ਅਖਬਾਰ ਵਿਚ ਖਬਰ ਲੱਗੀ ਸੀ ਕਿ ਕੈਪਟਨ ਅਮਰਿੰਦਰ ਸਿੰਘ ਦੇ ਓ.ਐਸ.ਡੀ. ਮੇਜਰ ਭੁੱਲਰ ਦੇ ਖਿਲਾਫ ਅਗਵਾ ਦਾ ਪਰਚਾ ਦਰਜ ਹੋਇਆ ਹੈ। ਇਕ ਮੁੱਖ ਮੰਤਰੀ ਦਾ ਸਾਥੀ ਹੋਵੇ ਤੇ ਉਸ ਦੇ ਖਿਲਾਫ ਇਕ ਮਿਉਂਸਿਪਲ ਕੌਂਸਲਰ ਨੂੰ ਅਗਵਾ ਕਰਨ ਦੀ ਐਫ.ਆਈ.ਆਰ. ਦਰਜ ਹੋ ਜਾਵੇ, ਇਹ ਕਿੰਨੀ ਮਾੜੀ ਗੱਲ ਹੈ......

**ਮਾਨਯੋਗ ਡਿਪਟੀ ਸਪੀਕਰ** : ਇਹ ਤਾਂ ਸਗੋਂ ਜੁਡੀਸ਼ੀਅਲ ਗੱਲ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library

**ਸ਼ਹਿਰੀ ਹਵਾਬਾਜ਼ੀ ਦੇ ਸੰਸਦੀ ਸਕੱਤਰ (ਸ਼੍ਰੀ ਹੰਸ ਰਾਜ ਜੋਸ਼ਨ) :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਅਕਾਲੀ ਦਲ ਵੱਲੋਂ ਲਿਆਂਦੇ ਗਏ ਮਿਊਂਸਿਪਲ ਚੋਣਾਂ ਦੇ ਇਸ ਮੁੱਦੇ ਤੇ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਇਥੇ ਮਨਪ੍ਰੀਤ ਸਿੰਘ ਬਾਦਲ ਹੋਰਾਂ ਨੇ ਗੱਲਾਂ ਕੀਤੀਆਂ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ 1997 ਵਿਚ ਜਦੋਂ ਅਸੈਂਬਲੀ ਦੀਆਂ ਚੋਣਾਂ ਹੋਈਆਂ ਤਾਂ ਲੋਕਾਂ ਨੇ ਮੈਨਡੇਟ ਦਿੱਤਾ ਅਤੇ ਅਕਾਲੀ ਦਲ ਦੀ ਗੌਰਮਿੰਟ ਬਣ ਗਈ ਪਰ ਆਪਣੇ ਪੰਜ ਸਾਲਾਂ ਦੇ ਰਾਜ ਵਿਚ ਇਨ੍ਹਾਂ ਨੇ ਜੋ ਡੈਮੋਕਰੇਸੀ ਦਾ ** ਕੀਤਾ ਹੈ, ਉਹ ਕਹਿਣ ਤੋਂ ਬਾਹਰ ਹੈ। 1997 ਵਿਚ ਅਸੈਂਬਲੀ ਦੀਆਂ ਚੋਣਾਂ ਹੋਈਆਂ ਅਤੇ 1998 ਵਿਚ ਪੰਚਾਇਤਾਂ ਦੀਆਂ ਚੋਣਾਂ ਹੋਈਆਂ। ਜੇ ਮੈਂ ਗੱਲ ਕਰਾਂ ਮੁਕਤਸਰ, ਫਿਰੋਜ਼ਪੁਰ ਦੀ ਤਾਂ ਉਥੇ ਮੈਂਬਰ ਪਾਰਲੀਮੈਂਟ ਜ਼ੋਰਾ ਸਿੰਘ ਮਾਨ ਡਿਕਟੇਸ਼ਨ ਦਿੰਦਾ ਸੀ ਕਿ ਫਲਾਣੇ ਪਿੰਡ ਦਾ ਫਲਾਣਾ ਬੰਦਾ ਸਰਪੰਚ ਬਣਾਉਣਾ ਹੈ, ਇਹ ਕਾਗਜ਼ ਰੱਦ ਕਰ ਦਿਓ ਅਤੇ ਇਹ ਕਾਗਜ਼ ਪਾੜ ਦਿਓ। ਇਹ ਸਾਰਾ ਕੁਝ ਸ਼ਰੇਆਮ ਵਾਪਰਿਆ ਹੈ........

**ਮਾਨਯੋਗ ਡਿਪਟੀ ਸਪੀਕਰ :** **ਲਫਜ਼ ਨਾ ਲਿਖਿਆ ਜਾਵੇ।

**ਸ਼ਹਿਰੀ ਹਵਾਬਾਜ਼ੀ ਦੇ ਸੰਸਦੀ ਸਕੱਤਰ :** ਚਲੋ, ਇਸ ਦੀ ਬਜਾਏ ਮੈਂ ਇਹ ਕਹਿ ਦਿੰਦਾ ਹਾਂ ਕਿ ਡੈਮੋਕਰੇਸੀ ਦਾ ਕਤਲ ਕੀਤਾ ਗਿਆ। ਡਿਪਟੀ ਸਪੀਕਰ ਸਾਹਿਬ, ਮੈਨੂੰ 1999 ਵਿਚ ਕਾਂਗਰਸ ਪਾਰਟੀ ਦੀ ਟਿਕਟ ਤੇ ਪਾਰਲੀਮੈਂਟ ਦੀ ਇਲੈਕਸ਼ਨ ਲੜਣ ਦਾ ਮੌਕਾ ਮਿਲਿਆ। ਉਨ੍ਹਾਂ ਚੋਣਾਂ ਵਿਚ ਕਾਂਗਰਸੀ ਬੰਦਿਆਂ ਦੇ ਖਿਲਾਫ ਕੇਸ ਬਣਾਏ ਗਏ ਅਤੇ ਦਫਾ 307 ਦੇ ਪਰਚੇ ਦਰਜ ਕਰਾਏ ਗਏ। ਸਾਡੇ 250 ਬੰਦੇ ਅਜੇ ਵੀ ਅਦਾਲਤਾਂ ਵਿਚ ਧੱਕੇ ਖਾ ਰਹੇ ਹਨ। ਫੇਰੂਰਾਏ ਉਸ ਵੇਲੇ ਫਿਰੋਜ਼ਪੁਰ ਦੇ ਐਸ.ਐਸ.ਪੀ. ਸਨ। ਅੱਜ ਉਹ ਆਪਣੀ ਕੀਤੀ ਦਾ ਫਲ ਭੁਗਤ ਰਹੇ ਹਨ। ਉਸ ਵੇਲੇ ਸਾਡੇ ਲੋਕਾਂ ਨੂੰ ਘਰਾਂ ਵਿਚੋਂ ਚੁੱਕ ਕੇ ਥਾਣਿਆਂ ਵਿਚ ਬੰਦ ਕਰ ਦਿੱਤਾ ਗਿਆ ਅਤੇ ਉਨ੍ਹਾਂ ਤੇ ਮੁਕੱਦਮੇ ਬਣਾਏ ਗਏ। ਉਹ ਗੱਲਾਂ ਲੋਕਾਂ ਨੂੰ ਅਜੇ ਤੱਕ ਭੁੱਲੀਆਂ ਨਹੀਂ ਹਨ। ਅੱਜ ਇਹ ਡੈਮੋਕਰੇਸੀ ਦੀ ਗੱਲ ਕਰਦੇ ਹਨ। ਪੰਜਾਬ ਵਿਚ ਪਿਛਲੀਆਂ ਅਸੈਂਬਲੀ ਦੀਆਂ ਚੋਣਾਂ ਹੋਈਆਂ। ਇਹ ਜਿਹੜੇ ਇਥੇ ਭੈਣ ਭਰਾ ਬੈਠੇ ਹਨ, ਇਹ ਸਾਰੇ ਚੁਣ ਕੇ ਆਏ ਹਨ। ਇਨ੍ਹਾਂ ਚੋਣਾਂ ਵਿਚ ਸਾਰੇ ਡੀ.ਸੀ. ਅਤੇ ਐਸ.ਡੀ.ਐਮ. ਨੂੰ ਉਸ ਵੇਲੇ ਦੀ ਸਰਕਾਰ ਵੱਲੋਂ ਅੰਦਰਖਾਤੇ ਹਦਾਇਤਾਂ ਸਨ ਕਿ 8-8, 10-10 ਹਜ਼ਾਰ ਵੋਟ (1) ਹਰੇਕ ਹਲਕੇ ਵਿਚ ਅਕਾਲੀ ਦਲ ਦੇ ਉਮੀਦਵਾਰ ਨੂੰ ਧੱਕੇ ਨਾਲ ਪੁਆਉਣੀ ਹੈ। ਜਲਾਲਾਬਾਦ ਵਿਚ 1 ਲੱਖ 52 ਹਜ਼ਾਰ ਵੋਟਾਂ ਸਨ ਲੇਕਿਨ ਬਾਦ ਵਿਚ ਉਹੀ ਵੋਟਾਂ 1 ਲੱਖ 70 ਹਜ਼ਾਰ ਬਣ ਕੇ ਚਲੀਆਂ ਗਈਆਂ। ਇਹ ਵੱਖਰੀ ਗੱਲ ਹੈ ਕਿ ਲੋਕਾਂ ਨੇ ਫਿਰ ਵੀ ਸਾਡੇ ਤੇ ਵਿਸ਼ਵਾਸ ਕੀਤਾ ਹੈ ਅਤੇ ਸਾਨੂੰ ਜਿਤਾ ਕੇ ਭੇਜਿਆ ਹੈ ਲੇਕਿਨ ਅਕਾਲੀ ਦਲ ਨੇ ਆਪਣੇ ਵੱਲੋਂ ਕੋਈ ਕਸਰ ਨਹੀਂ ਛੱਡੀ। ਇਨ੍ਹਾਂ ਦੀ ਹਦਾਇਤ ਸੀ ਕਿ 20-20 ਹਜ਼ਾਰ ਵੋਟ ਪਹਿਲਾਂ ਹੀ ਅਕਾਲੀ ਦਲ ਦੇ ਉਮੀਦਵਾਰ ਨੂੰ ਪਾ ਦਿੱਤੀਆਂ ਜਾਣ। ਮਨਪ੍ਰੀਤ ਜੀ ਨੇ ਇਥੇ ਮਿਊਂਸਪਲ ਚੋਣਾਂ ਦੀ ਗੱਲ ਕੀਤੀ ਹੈ। ਮੈਂ ਇਨ੍ਹਾਂ ਨਾਲ ਇਕ ਗੱਲ ਸਾਂਝੀ ਕਰਨੀ ਚਾਹੁੰਦਾ ਹਾਂ। ਇਹ ਬੜੇ ਪੜ੍ਹੇ ਲਿਖੇ ਅਤੇ ਸੁਲਝੇ ਹੋਏ ਆਦਮੀ ਹਨ। ਇਹ ਵੀ ਠੀਕ ਹੈ ਕਿ ਅਸੀਂ ਛੋਟੇ ਸਕੂਲਾਂ ਵਿਚੋਂ ਪੜ੍ਹ ਕੇ ਆਏ ਹਾਂ। ਸਾਨੂੰ ਛੋਟੇ ਸਕੂਲਾਂ ਵਿਚ ਪੜ੍ਹਨ ਦਾ ਮੌਕਾ ਮਿਲਿਆ ਹੈ ਅਤੇ ਇਹ ਵਲਾਇਤ ਵਿਚੋਂ ਪੜ੍ਹ ਕੇ ਆਏ ਹਨ। ਮੈਂ ਇਨ੍ਹਾਂ ਨਾਲ ਇਕ ਗੱਲ ਸਾਂਝੀ ਕਰਨੀ ਚਾਹੁੰਦਾ ਹਾਂ ਕਿ ਅਸੀ ਪ੍ਰਮਾਤਮਾ ਵਿਚ ਵਿਸ਼ਵਾਸ ਕਰਦੇ ਹਾਂ, ਭਗਵਾਨ ਵਿਚ ਵਿਸ਼ਵਾਸ ਕਰਦੇ ਹਾਂ, ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਅਤੇ ਹਨੂੰਮਾਨ ਦੇਵਤਾ ਵਿਚ ਵਿਸ਼ਵਾਸ (2)

**Expunged as ordered by the Chair.

Original with;
Punjab Vidhan Sabha
Digitized by;

[ਸ਼ਹਿਰੀ ਹਵਾਬਾਜ਼ੀ ਦੇ ਸੰਸਦੀ ਸਕੱਤਰ]

ਰੱਖਦੇ ਹਾਂ। ਜਲਾਲਾਬਾਦ ਦੀ ਇਲੈਕਸ਼ਨ ਵਿਚ ਜ਼ੋਰਾ ਸਿੰਘ ਮਾਨ ਆਪਣੇ ਭਾਸ਼ਣ ਵਿਚ ਕਹਿੰਦਾ ਹੈ ਕਿ ਮੈਂ ਅਕਾਲੀ ਪਾਰਟੀ ਦਾ ਹਨੂੰਮਾਨ ਹਾਂ। ਮੈਂ ਇਲੈਕਸ਼ਨ ਕਮਿਸ਼ਨ ਦੀ ਗੱਲ ਕੋਟ ਨਹੀਂ ਕਰਨਾ ਚਾਹੁੰਦਾ ਕਿ ਕਿਵੇਂ ਵੋਟਾਂ ਕੱਟੀਆਂ ਗਈਆਂ। ਮੈਂ ਇੰਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਨਾਲ ਤਾਂ ਕਰੋੜਪਤੀ ਧੜਾ ਖੜ੍ਹਾ ਹੈ ਜਦ ਕਿ ਸਾਡੇ ਨਾਲ ਡੈਮੋਕਰੇਸੀ ਵਿਚ ਵਿਸ਼ਵਾਸ ਰੱਖਣ ਵਾਲਾ ਅਤੇ ਗਰੀਬ ਧੜਾ ਖੜ੍ਹਾ ਹੈ। ਮੈਂ ਇਲੈਕਸ਼ਨ ਕਮਿਸ਼ਨ ਨੂੰ ਬੇਨਤੀ ਕੀਤੀ ਸੀ ਕਿ ਮੈਂ ਉਨ੍ਹਾਂ ਪਰਿਵਾਰਾਂ ਨਾਲ ਸਬੰਧ ਰੱਖਦਾ ਹਾਂ ਜੋ ਆਰਥਿਕ ਪੱਖੋਂ ਬੜੇ ਛੋਟੇ ਹਨ ਅਤੇ ਮਿਹਨਤ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ। ਪਾਕਿਸਤਾਨ ਵਿਚੋਂ ਉਜੜ ਕੇ ਇਧਰ ਆਏ ਅਤੇ ਆਪਣੀ ਮਿਹਨਤ ਦੇ ਬਲਬੂਤੇ ਆਪਣੇ ਪੈਰਾਂ ਤੇ ਖੜ੍ਹੇ ਹੋਏ। ਮੈਂ ਇਲੈਕਸ਼ਨ ਕਮਿਸ਼ਨ ਕੋਲ ਗਿਆ ਸੀ ਅਤੇ ਜਾ ਕੇ ਕਿਹਾ ਸੀ ਕਿ ਜਲਾਲਾਬਾਦ ਦੀ ਚੋਣ ਹੋ ਰਹੀ ਹੈ, ਇਸ ਲਈ ਬੇਨਤੀ ਕਰਨ ਆਇਆ ਹਾਂ ਕਿ ਲੋਕ ਕਾਂਗਰਸ ਨਾਲ ਖੜ੍ਹੇ ਹਨ। ਅੱਜ ਵੀ 90% ਲੋਕ ਕਾਂਗਰਸ ਨਾਲ ਖੜ੍ਹੇ ਹਨ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਦਲ ਵਾਲੇ, ਬੀ.ਜੇ.ਪੀ. ਵਾਲੇ ਆਪਣਾ ਇੱਕ ਮਖੌਟਾ ਪਾ ਕੇ ਗੱਲਾਂ ਕਰਦੇ ਹਨ। ਇਨ੍ਹਾਂ ਨੂੰ ਇਹ ਸੀ ਕਿ ਪੈਸੇ ਦੇ ਬਲਬੂਤੇ ਤੇ ਜਲਾਲਾਬਾਦ ਦੀ ਮਿਊਂਸਿਪਲ ਕਮੇਟੀ ਤੇ ਕੋਈ ਕਬਜ਼ਾ ਨਾ ਕਰ ਜਾਏ ਪਰ ਲੋਕਾਂ ਨੇ ਹੋਣ ਨਹੀਂ ਦਿੱਤਾ ਔਰ ਕਰੋੜਾਂ ਰੁਪਏ ਵੀ ਅਕਾਲੀ ਦਲ ਵਾਲਿਆਂ ਦੇ ਖਰਚ ਹੋ ਗਏ ਜਦ ਕਿ ਸਾਨੂੰ ਇਕ ਵੀ ਪੈਸਾ ਨਹੀਂ ਖਰਚ ਕਰਨਾ ਪਿਆ। ਜਲਾਲਾਬਾਦ ਦੀ ਮੈਂ ਗੱਲ ਕਰਦਾ ਹਾਂ। ਉਥੇ ਅਕਾਲੀ ਦਲ ਦਾ ਕੋਈ ਕੌਂਸਲਰ ਨਹੀਂ ਖੜ੍ਹਾ ਹੋਇਆ ਔਰ ਬੀ.ਜੇ.ਪੀ. ਦੇ ਜਿਹੜੇ ਖੜ੍ਹੇ ਹੋਏ, ਉਨ੍ਹਾਂ ਨੂੰ ਲੋਕਾਂ ਨੇ ਦੁਰਕਰਾਇਆ ਹੈ। ਉਥੇ ਦੋ ਵਾਰਡਾਂ ਦੀਆਂ ਚੋਣਾਂ ਹੋਈਆਂ ਹਨ। ਅਬੋਹਰ ਦੀਆਂ ਚੋਣਾਂ ਹੋਈਆਂ, ਸੀ.ਆਰ.ਪੀ. ਉਥੇ ਗਈ। ਫਾਜ਼ਿਲਕਾ ਦੀ ਇੱਥੇ ਗੱਲ ਕੀਤੀ ਹੈ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਲੋਕ ਅੱਜ ਕਾਂਗਰਸ ਦੇ ਨਾਲ ਖੜ੍ਹੇ ਹਨ। ਉਥੇ 21 ਵਿੱਚੋਂ 19 ਸਾਡੇ ਬਣੇ ਹਨ। ਜੇ ਜਲਾਲਾਬਾਦ ਦੀ ਗੱਲ ਕਰੀਏ ਅਤੇ ਜੇਕਰ 13 ਦੇ ਰਿਜ਼ਲਟ ਆਏ ਹਨ ਤਾਂ ਉਹ 13 ਦੇ 13 ਕਾਂਗਰਸ ਪਾਰਟੀ ਦੇ ਹੱਕ ਵਿੱਚ ਆਏ ਹਨ। ਕੋਈ ਵੀ ਮਿਊਂਸਿਪਲ ਕਮੇਟੀ ਦਾ ਕੌਂਸਲਰ ਇਹੋ ਜਿਹਾ ਨਹੀਂ ਜਿਹੜਾ 600 ਜਾਂ 700 ਤੋਂ ਘੱਟ ਵੋਟਾਂ ਤੇ ਨਾ ਜਿੱਤਿਆ ਹੋਵੇ। ਅਕਾਲੀ ਦਲ ਅਤੇ ਬੀ.ਜੇ.ਪੀ. ਵਾਲਿਆਂ ਨੇ ਇੱਥੇ ਆ ਕੇ ਇਲੈਕਸ਼ਨ ਕਮਿਸ਼ਨ ਨੂੰ ਕਿਹਾ ਕਿ ਦੋ ਵਾਰਡਾਂ ਵਾਸਤੇ ਸੀ.ਆਰ.ਪੀ. ਤਾਇਨਾਤ ਕਰੋ। ਬਾਦਲ ਸਾਹਿਬ, ਸਾਰੀਆਂ ਗੱਲਾਂ ਅਖਬਾਰਾਂ ਵਿੱਚ ਸੱਚੀਆਂ ਨਹੀਂ ਆਉਂਦੀਆਂ। ਅਕਾਲੀ ਦਲ ਵਾਲਿਆਂ ਨੇ, ਬੀ.ਜੇ.ਪੀ. ਵਾਲਿਆਂ ਦੇ ਜੋ ਦੋ ਵਾਰਡ ਰਹਿੰਦੇ ਸਨ, ਉਥੇ ਵੀ ਚੋਣਾਂ ਲੜੀਆਂ ਔਰ ਜਿੱਥੇ ਪੰਜਾਬ ਵਿੱਚ ਚੋਣਾਂ ਰਹਿ ਗਈਆਂ ਸਨ, ਉਥੇ ਵੀ ਚੋਣਾਂ ਲੜੀਆਂ ਔਰ ਕਰੋੜਪਤੀ ਜਿਹੜਾ ਹਮੇਸ਼ਾਂ 25-25 ਸਾਲ ਉਥੇ ਕਾਬਜ਼ ਹੋ ਕੇ ਰਿਹਾ, ਉਸ ਨੂੰ 300 ਵੋਟਾਂ ਤੋਂ ਵੱਧ ਨਹੀਂ ਪਈਆਂ। ਕਾਂਗਰਸ ਵਾਲਿਆਂ ਨੂੰ 900 ਵੋਟਾਂ ਪਈਆਂ ਔਰ ਉਹ 600 ਵੋਟਾਂ ਤੇ ਹਾਰਿਆ। ਅੱਜ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਨੂੰ ਮੈਂ ਕਹਿੰਦਾ ਹਾਂ ਕਿ ਲੋਕ ਅੱਜ ਕਾਂਗਰਸ ਪਾਰਟੀ ਨਾਲ ਖੜ੍ਹੇ ਹਨ ਕਿਉਂਕਿ ਇਨ੍ਹਾਂ ਨੇ ਇਹੋ ਜਿਹੀਆਂ ਸਕੀਮਾਂ ਲਿਆਂਦੀਆਂ ਹਨ ਜਿਹੜੀਆਂ ਲੋਕਾਂ ਦੇ ਹਿਤਾਂ ਦੀ ਰਾਖੀ ਕਰਦੀਆਂ ਹਨ। ਸਾਨੂੰ ਵੋਟਾਂ ਲੈ ਕੇ ਸਰਦਾਰ ਬੇਅੰਤ ਸਿੰਘ ਹੋਰਾਂ ਨਾਲ ਵੀ ਰਹਿਣ ਦਾ ਮੌਕਾ ਮਿਲਿਆ ਹੈ ਔਰ ਪੰਜਾਬ ਦੀ ਵਜ਼ਾਰਤ ਵਿੱਚ ਵੀ ਰਹਿਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਨੇ ਆਪਣੀ ਪਹਿਲੀ ਪ੍ਰੈਸ ਕਾਨਫਰੰਸ ਵਿੱਚ ਇਹ ਗੱਲ ਕਹੀ ਸੀ ਕਿ ਮੈਨੂੰ ਪੰਜਾਬ ਦਾ ਮੁੱਖ ਮੰਤਰੀ ਨਹੀਂ ਬਣਾਇਆ ਜਾ ਰਿਹਾ ਬਲਕਿ ਮੇਰੇ ਤੇ ਕੰਡਿਆਂ ਦਾ ਤਾਜ ਰੱਖਿਆ ਜਾ ਰਿਹਾ ਹੈ ਕਿਉਂਕਿ ਮੈਂ ਜਿਹੜੇ ਪੰਜਾਬ ਦੇ ਹਾਲਾਤ ਖਰਾਬ ਹੋਏ ਹਨ, ਉਸ

Original with;
Punjab Vidhan Sabha
Digitized by;
Panjab Digital Library

ਵਾਸਤੇ 92-92 ਸਾਥੀ ਲੈਣ ਵਾਸਤੇ ਜਾ ਰਿਹਾ ਹਾਂ। ਉਨ੍ਹਾਂ ਨੇ ਚੈਲੰਜ ਨੂੰ ਕਬੂਲ ਕਰਕੇ ਦਿਖਾਇਆ। ਉਨ੍ਹਾਂ ਨੂੰ ਪਤਾ ਸੀ ਕਿ ਮੈਂ ਇਨ੍ਹਾਂ ਤਾਕਤਾਂ ਨਾਲ ਲੜਿਆ ਹਾਂ ਜਿਹੜੀਆਂ ਮੈਨੂੰ ਮੁਆਫ ਨਹੀਂ ਕਰਨਗੀਆਂ। ਇਸ ਦੇ ਵਾਸਤੇ ......

**Mr. Deputy Speaker :** Josan Ji, please resume your seat.

**ਸ਼ਹਿਰੀ ਹਵਾਬਾਜ਼ੀ ਦੇ ਸੰਸਦੀ ਸਕੱਤਰ :** ਮੈਂ ਉਨ੍ਹਾਂ ਦੀ ਤਾਰੀਫ ਕੀਤੇ ਬਗੈਰ ਨਹੀਂ ਰਹਿ ਸਕਦਾ। ਅੱਜ ਡੈਮੋਕ੍ਰੇਸੀ ਦੀ ਗੱਲ ਹੋ ਰਹੀ ਹੈ। ਅੱਜ ਕੁਰੱਪਸ਼ਨ ਦੀ ਗੱਲ ਹੋ ਰਹੀ ਹੈ। ਅੱਜ ਮੈਂ ਛੋਟੀਆਂ ਗੱਲਾਂ ਕਰਦਾ ਹਾਂ ਪਰ ਇਹ ਤਾਂ ਵੱਡੇ ਲੋਕ ਹਨ, ਇਹ ਗੱਲਾਂ ਕਰਦੇ ਹਨ ਡਿਪਟੀ ਕਮਿਸ਼ਨਰਾਂ ਦੀਆਂ, ਤਹਿਸੀਲਦਾਰਾਂ ਦੀਆਂ । ਅਸੀਂ ਗੱਲ ਕਰਦੇ ਹਾਂ, ਪਿੰਡ ਦੇ ਚੌਕੀਦਾਰ, ਪਟਵਾਰੀ ਅਤੇ ਪਿੰਡ ਦੇ ਸਵੀਪਰ ਦੀ ਕਿਉਂਕਿ ਅਸੀਂ ਲੋਕਾਂ ਵਿੱਚ ਰਹਿੰਦੇ ਹਾਂ ਔਰ ਮੈਂ ਗਰੀਬ ਲੋਕਾਂ ਦੀ, ਛੋਟੇ ਲੋਕਾਂ ਦੀ ਗੱਲ ਕਰ ਰਿਹਾ ਹਾਂ। ਅੱਜ ਮੈਂ ਕੈਪਟਨ ਸਾਹਿਬ ਨੂੰ ਇਸ ਗੱਲ ਦੀ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ। ਜਿਸ ਤਰੀਕੇ ਨਾਲ ਸਰਦਾਰ ਬੇਅੰਤ ਸਿੰਘ ਨੇ ਪਹਿਲਾਂ ਅੱਤਵਾਦ ਦੇ ਖਿਲਾਫ ਲੜਾਈ ਲੜੀ ਉਸੀ ਤਰ੍ਹਾਂ ਅੱਜ ਇਹ ਕੁਰੱਪਸ਼ਨ ਦੇ ਉਲਟ ਲੜਾਈ ਲੜ ਰਹੇ ਹਨ। ਮੈਂ ਐਮ.ਐਲ.ਏ. ਬਣਕੇ ਆਇਆ ਹਾਂ, ਇਹ ਮੇਰੇ ਸਾਥੀ ਬੈਠੇ ਹਨ। ਸਾਨੂੰ ਸਾਰਿਆਂ ਨੂੰ ਲੋਕਾਂ ਨੇ ਚੁਣ ਕੇ ਇਥੇ ਭੇਜਿਆ ਹੈ। (ਘੰਟੀ)

**Mr. Deputy Speaker :** Please resume your seat now.

**ਸ਼ਹਿਰੀ ਹਵਾਬਾਜ਼ੀ ਦੇ ਸੰਸਦੀ ਸਕੱਤਰ :** ਡਿਪਟੀ ਸਪੀਕਰ ਸਾਹਿਬ, ਅੰਤ ਵਿੱਚ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਮਾਨਯੋਗ ਡਿਪਟੀ ਸਪੀਕਰ :** ਮੈਂ ਤਾਂ ਤੁਹਾਨੂੰ ਆਪਣਾ ਪੁਆਇੰਟ ਕਲੀਅਰ ਕਰਨ ਲਈ ਟਾਈਮ ਦਿੱਤਾ ਸੀ ਪਰੰਤੂ ਤੁਸੀਂ ਤਾਂ ਬਹੁਤ ਵੱਡੀ ਸਪੀਚ ਕਰ ਗਏ।

**ਸਰਦਾਰ ਮਨਤਾਰ ਸਿੰਘ ਬਰਾੜ (ਕੋਟਕਪੂਰਾ) :** ਡਿਪਟੀ ਸਪੀਕਰ ਸਾਹਿਬ, ਜਿਹੜਾ ਸਰਦਾਰ ਮਨਪ੍ਰੀਤ ਸਿੰਘ ਬਾਦਲ ਹੋਰਾਂ ਨੇ ਇਥੇ ਰੈਜ਼ੋਲਿਊਸ਼ਨ ਪੇਸ਼ ਕੀਤਾ ਹੈ, ਉਸ ਉਤੇ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ, ਇਸ ਲਈ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਮੈਂ ਇਕ ਛੋਟੀ ਜਿਹੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਕੁੱਕੜਾਂ ਨੂੰ ਬਾਂਗਾਂ ਦੇਣ ਦਾ ਸਮਾਂ ਮਿਲਦਾ ਰਹਿੰਦਾ ਹੈ। ਲੇਕਿਨ ਚੂਚਿਆਂ ਨੂੰ ਘੱਟ ਮਿਲਦਾ ਹੈ। ਜੇਕਰ ਮੈਂ ਕੋਈ ਗਲਤ ਸ਼ਬਦ ਬੋਲ ਗਿਆ ਹੋਵਾਂ ਤਾਂ ਮੈਂ ਮੁਆਫੀ ਮੰਗਦਾ ਹਾਂ।

**ਮਾਨਯੋਗ ਡਿਪਟੀ ਸਪੀਕਰ :** ਮੈਂ ਸੋਚਿਆ, ਤੁਸੀਂ ਕਹੋਗੇ ਕਿ ਆਂਡੇ ਦੇਣ ਦਾ ਮੌਕਾ ਪਹਿਲੀ ਵਾਰ ਮਿਲਿਆ ਹੈ।

**ਸਰਦਾਰ ਮਨਤਾਰ ਸਿੰਘ ਬਰਾੜ :** ਮੇਰੀ ਬੇਨਤੀ ਹੈ ਕਿ ਸਾਡਾ ਹਿੰਦੁਸਤਾਨ ਰਿਸ਼ੀਆਂ-ਮੁਨੀਆਂ, ਪੀਰਾਂ-ਫਕੀਰਾਂ, ਪੈਗੰਬਰਾਂ, ਗੁਰੂਆਂ ਦੀ ਧਰਤੀ ਹੈ ਅਤੇ ਇਸ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। ਇਥੇ ਕੁਦਰਤੀ ਸੋਮੇ, ਮੈਦਾਨੀ ਏਰੀਆ, ਪਹਾੜੀ ਏਰੀਆ, ਆਇਲ ਦੇ ਖੂਹ, ਲੋਹਾ, ਦਰਿਆ ਹਨ। ਇਸ ਤੋਂ ਇਲਾਵਾ ਜੰਗਲ ਵੀ ਹਨ। ਇਹ ਸਭ ਕੁਝ ਲੋੜ ਦੇ ਮੁਤਾਬਿਕ ਹੈ। ਲੇਕਿਨ ਸਮੇਂ-ਸਮੇਂ ਇਥੇ ਧਾੜਵੀ ਆਉਂਦੇ ਰਹੇ ਅਤੇ ਸਕੀਮਾਂ ਬਣਾਉਂਦੇ ਰਹੇ ਕਿ ਹਿੰਦੁਸਤਾਨ ਨੂੰ ਕਿਵੇਂ ਲੁੱਟਿਆ ਜਾਵੇ। ਪਹਿਲਾਂ ਮੁਗਲ ਆਏ। ਫਿਰ ਅੰਗਰੇਜ਼ ਆਏ। ਉਸ ਤੋਂ ਬਾਅਦ ਬੜੀਆਂ ਕੁਰਬਾਨੀਆਂ ਦੇ ਕੇ, ਸ਼ਹੀਦ ਭਗਤ ਸਿੰਘ, ਰਾਜਗੁਰੂ,

Original with;
Punjab Vidhan Sabha
Digitized by;

[ਸਰਦਾਰ ਮਨਤਾਰ ਸਿੰਘ ਬਰਾੜ]

ਸੁਖਦੇਵ, ਪੰਡਤ ਨਹਿਰੂ, ਗਾਂਧੀ ਜੀ, ਮੈਂ ਕਿੰਨ੍ਹਾਂ-ਕਿੰਨ੍ਹਾਂ ਦਾ ਨਾਂ ਗਿਣਾਵਾਂ। ਇਨ੍ਹਾਂ ਸਾਰਿਆਂ ਦੀਆਂ ਕੁਰਬਾਨੀਆਂ ਤੋਂ ਬਾਅਦ ਸਾਡਾ ਦੇਸ਼ ਅਜ਼ਾਦ ਹੋਇਆ। ਸਾਨੂੰ ਸੰਵਿਧਾਨ ਮਿਲਿਆ। ਲੋਕਤੰਤਰ ਬਹਾਲ ਹੋਇਆ। ਜੇਕਰ ਮੈਂ ਗੱਲ ਲੰਮੀ ਲੈ ਕੇ ਜਾਵਾਂ ਤਾਂ ਬੜਾ ਸਮਾਂ ਲੱਗ ਜਾਵੇਗਾ। ਪਰ ਜਦੋਂ ਅਸੀਂ ਦੇਖਦੇ ਹਾਂ ਕਿ ਸਾਡੀਆਂ ਆਸ਼ਾਵਾਂ ਉਤੇ ਮਿੱਟੀ ਪੈ ਰਹੀ ਹੈ, ਲੋਕਤੰਤਰ ਨੂੰ ਕੁਚਲਿਆ ਜਾ ਰਿਹਾ ਹੈ ਤਾਂ ਬੜਾ ਅਫਸੋਸ ਹੁੰਦਾ ਹੈ। ਮੇਰੇ ਤੋਂ ਪਹਿਲਾਂ ਮੇਰੇ ਵੱਡੇ ਵੀਰ ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਵਿਚਾਰ ਸਾਂਝੇ ਕੀਤੇ ਹਨ ਅਤੇ ਬੜੇ ਡਿਟੇਲ ਵਿਚ ਕੀਤੇ ਹਨ ਕਿ ਕਿਥੇ-ਕਿਥੇ ਧੱਕਾ ਹੋਇਆ ਅਤੇ ਕਿਵੇਂ-ਕਿਵੇਂ ਹੋਇਆ। ਮੈਂ ਬਹੁਤੀ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ। ਮੈਂ ਤਾਂ ਆਪਣੇ ਹਲਕੇ ਦੀ ਗੱਲ ਕਰਨਾ ਚਾਹੁੰਦਾ ਹਾਂ। ਮੇਰੇ ਹਲਕੇ ਵਿਚ 67% ਏਰੀਆ ਅਰਬਨ ਦਾ ਪੈਂਦਾ ਹੈ ਅਤੇ ਦੋ ਮਿਊਂਸਿਪਲ ਕਮੇਟੀਆਂ 'ਏ' ਕਲਾਸ ਦੀਆਂ ਹਨ, ਇਕ ਕੋਟਕਪੂਰਾ ਅਤੇ ਦੂਸਰੀ ਜੈਤੋ। ਜੈਤੋ ਵਿਚ 15 ਕੌਂਸਲਰਾਂ ਦੀਆਂ ਸੀਟਾਂ ਹਨ। ਇਨ੍ਹਾਂ ਵਿਚੋਂ ਕਾਂਗਰਸ ਨੇ ਆਪਣੇ 13 ਸੀਟਾਂ ਉਤੇ ਉਮੀਦਵਾਰ ਖੜ੍ਹੇ ਕੀਤੇ ਸਨ। ਇਹ ਗੱਲਾਂ ਕਰਦੇ ਹਨ ਕਿ ਕਾਂਗਰਸ ਪਾਰਟੀ ਲੋਕਾਂ ਵਿਚ ਬੜੀ ਹਰਮਨ ਪਿਆਰੀ ਹੋਈ ਹੈ। ਪਰ ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ 13 ਵਿਚੋਂ ਇਹ ਕੇਵਲ 2 ਸੀਟਾਂ ਹੀ ਜਿੱਤ ਸਕੇ ਹਨ। ਚਾਰ ਸੀਟਾਂ ਇਹੋ ਜਿਹੀਆਂ ਹਨ ਜਿਥੇ ਕਾਂਗਰਸ ਪਾਰਟੀ ਦੇ ਉਮੀਦਵਾਰ ਤੀਜੇ ਜਾਂ ਚੌਥੇ ਨੰਬਰ ਤੇ ਰਹੇ ਹਨ। ਸਾਡੇ ਗਠਬੰਧਨ ਨੇ 10 ਸੀਟਾਂ ਜਿੱਤੀਆਂ ਹਨ। ਲੇਕਿਨ ਜਿਸ ਤਰ੍ਹਾਂ ਧੱਕਾ ਹੋਇਆ ਹੈ ਜਿਵੇਂ ਜ਼ੀਰਕਪੁਰ ਵਿਚ ਹੋਏ ਧੱਕੇ ਦੀਆਂ ਖਬਰਾਂ ਅਖਬਾਰਾਂ ਵਿਚ ਵੀ ਆਈਆਂ ਹਨ ਕਿ ਕੈਪਟਨ ਕੰਵਲਜੀਤ ਸਿੰਘ ਵਰਗੇ, ਜਿਨ੍ਹਾਂ ਦਾ ਬੜਾ ਵੱਡਾ ਸਥਾਨ ਹੈ, ਉਨ੍ਹਾਂ ਦੀ ਵੀ ਕੁੱਟਮਾਰ ਕੀਤੀ ਗਈ। ਸਾਡੇ ਮਾਨਯੋਗ ਮੈਂਬਰ ਸਰਦਾਰ ਬਲਵਿੰਦਰ ਸਿੰਘ ਭੂੰਦੜ ਜੀ ਹਨ, ਐਮ.ਐਲ.ਏ. ਦੀ ਇਕ ਵੋਟ ਹੁੰਦੀ ਹੈ, ਉਨ੍ਹਾਂ ਦੇ ਬਰਾਬਰ ਦੇ ਮੈਂਬਰ ਨੇ ਉਨ੍ਹਾਂ ਨੂੰ ਵੋਟ ਪਾਉਣ ਤੋਂ ਰੋਕਿਆ। ਫਿਰ ਉਨ੍ਹਾਂ ਉਤੇ ਪਰਚਾ ਦਰਜ ਕਰਵਾ ਦਿੱਤਾ ਜਿਸ ਦਾ ਕਿ ਇਸ ਹਾਊਸ ਵਿਚ ਵੀ ਜ਼ਿਕਰ ਹੋਇਆ ਹੈ। ਇਥੇ ਹੀ ਬੱਸ ਨਹੀਂ। ਜੈਤੋ ਵਿਚ ਇਨ੍ਹਾਂ ਦੇ ਦੋ ਮੈਂਬਰਾਂ ਨੇ ਆਪਣਾ ਕਾਂਗਰਸੀ ਪ੍ਰਧਾਨ ਬਣਵਾਇਆ। ਉਹ ਕਿਸ ਤਰ੍ਹਾਂ ਬਣਾਇਆ, ਇਸਦੀ ਵੀ ਲੰਮੀ ਚੌੜੀ ਹਿਸਟਰੀ ਹੈ। ਪੁਲਿਸ ਨੇ ਦਬਾਅ ਪਾਇਆ। ਜਿਨ੍ਹਾਂ ਦੋ ਮੈਂਬਰਾਂ ਉਤੇ ਦਬਾਅ ਪਾਇਆ, ਮੈਂ ਉਨ੍ਹਾਂ ਦੇ ਨਾਂ ਕੋਟ ਕਰਨ ਤੋਂ ਨਹੀਂ ਝਿਜਕਾਂਗਾ। ਉਹ ਹਨ ਭੋਲੀ ਅਤੇ ਮਹੰਤ ਰਕੇਸ਼ ਕੁਮਾਰ। ਉਨ੍ਹਾਂ ਨੂੰ ਕਿਹਾ ਗਿਆ ਕਿ ਇਧਰ ਕਾਂਗਰਸ ਵਾਲੇ ਪਾਸੇ ਆ ਜਾਓ ਨਹੀਂ ਤਾਂ ਦੋ-ਦੋ ਕਿਲੋ ਅਫੀਮ ਦਾ ਕੇਸ ਪਾ ਦਿਤਾ ਜਾਵੇਗਾ। ਗਰੀਬ ਬੰਦਾ ਵਿਚਾਰਾ ਡਰ ਜਾਂਦਾ ਹੈ। ਉਹ ਬਦਕਿਸਮਤ ਮੈਂਬਰ ਸਾਡੇ ਕੋਲ ਆ ਕੇ ਰੋਣ ਲਗ ਪਏ। ਅਸੀਂ ਕਿਹਾ ਕਿ ਭਾਈ ਤੁਸੀਂ ਆਸੇ-ਪਾਸੇ ਹੋ ਜਾਓ, ਸਾਡਾ ਤਾਂ ਕੋਈ ਵੱਸ ਨਹੀਂ ਚਲਦਾ। ਮੈਂ 9 ਮੈਂਬਰਾਂ ਸਮੇਤ, 8 ਮੈਂਬਰ ਅਤੇ ਨੌਵਾਂ ਮੈਂ ਜਦੋਂ ਅਸੀਂ ਵੋਟ ਪਾਉਣ ਜਾ ਰਹੇ ਸਾਂ ਤਾਂ ਸਾਡੇ ਦੋ ਬੰਦਿਆਂ ਨੂੰ ਉਥੋਂ ਦੇ ਲੋਕਲ ਐਸ.ਐਚ.ਓ. ਅਤੇ ਐਸ.ਪੀ. ਜਿਨ੍ਹਾਂ ਦਾ ਮੈਂ ਨਾਂ ਨਹੀਂ ਲੈਣਾ ਚਾਹੁੰਦਾ ਕਿਉਂਕਿ ਸਰਕਾਰ ਨੂੰ ਕਿਹੜੀ ਗੱਲ ਦਾ ਪਤਾ ਨਹੀਂ ਲਗਦਾ, ਉਨ੍ਹਾਂ ਨੂੰ ਚੁਕਿਆ ਗਿਆ ਅਤੇ ਦਬਾਅ ਪਾ ਕੇ ਆਖਿਆ ਗਿਆ ਪੁੱਤ ਬਣ ਕੇ ਇਧਰ ਆ ਜਾਓ ਨਹੀਂ ਤਾਂ ਸੀ.ਆਈ.ਏ. ਸਟਾਫ ਕੋਲ ਦੇ ਦੇਵਾਂਗੇ। ਅਸੀਂ ਸੱਤ ਬੰਦੇ ਅੰਦਰ ਗਏ। ਉਥੇ ਅੰਦਰ ਇਕ ਅਸੈਂਬਲੀ ਦੇ ਮੈਂਬਰ ਸਾਹਿਬ ਵੀ ਸਨ। ਇਕ ਬੰਦਾ ਜਿਹੜਾ ਵੋਟ ਪਾਉਣ ਦੇ ਮੌਕੇ ਆਇਆ ਤਾਂ ਉਸ ਨੇ ਕਿਹਾ ਕਿ ਇਹ ਲੋਕਤੰਤਰ ਨਾਲ ਧੱਕਾ ਹੋ ਰਿਹਾ ਹੈ ਤਾਂ ਉਸ ਨੇ ਸਾਡੇ ਹੱਕ ਵਿੱਚ ਵੋਟ ਪਾਈ ਅਤੇ ਇਸ ਤਰ੍ਹਾਂ 8-8 ਵੋਟਾਂ ਪਈਆਂ। ਅਸੀਂ ਐਸ.ਡੀ.ਐਮ. ਨੂੰ ਟਾਸ ਕਰਨ ਲਈ ਕਿਹਾ ਪਰ ਕਾਂਗਰਸ ਦੇ ਇਕ ਮੈਂਬਰ ਲੇਖਰਾਜ ਨੇ ਐਸ.ਡੀ.ਐਮ. ਦੇ ਕੁਰਸੀ ਮਾਰੀ,

Original with;
Punjab Vidhan Sabha
Digitized by;
Panjab Digital Library

ਰੌਲਾ ਪੈ ਗਿਆ ਅਤੇ ਉਸ ਨੂੰ ਫੜ੍ਹ ਲਿਆ ਗਿਆ। ਮੇਰੇ ਕੋਲ ਪ੍ਰੋਸੀਡਿੰਗਜ਼ ਹਨ। ਜੇ ਕਹੋ ਤਾਂ ਮੈਂ ਪੇਸ਼ ਕਰ ਸਕਦਾ ਹਾਂ। 8-8 ਮੈਂਬਰ ਹਾਜ਼ਰ ਹੋਏ, ਮੈਂ ਪ੍ਰੋਸੀਡਿੰਗ ਬੁੱਕ ਨਾਲ ਲੈ ਕੇ ਆਇਆ ਹਾਂ। ਇਸ ਤੋਂ ਇਲਾਵਾ ਕੋਟਕਪੂਰੇ ਦੀ ਗੱਲ ਮੈਂ ਕਰਦਾ ਹਾਂ। ਉਥੇ 23 ਮੈਂਬਰਾਂ ਦਾ ਹਾਊਸ ਹੈ। 23 ਦੀਆਂ 23 ਸੀਟਾਂ ਤੇ ਕਾਂਗਰਸ ਪਾਰਟੀ ਨੇ ਆਪਣੇ ਬੰਦੇ ਖੜ੍ਹੇ ਕੀਤੇ ਸਨ ਉਥੇ 23 ਵਿਚੋਂ ਕਾਂਗਰਸ ਨੂੰ ਕੇਵਲ 6 ਤੇ ਜਿੱਤ ਪ੍ਰਾਪਤ ਹੋਈ ਅਤੇ ਸਾਡੇ 12 ਬੰਦੇ ਜਿੱਤੇ ਅਤੇ ਇਸ ਤੋਂ ਬਾਅਦ ਫਿਰ ਜੋੜ ਤੋੜ ਸ਼ੁਰੂ ਹੋ ਗਈ ਜਿਸ ਤਰ੍ਹਾਂ ਆਮ ਚਲਦੀ ਹੈ। ਉਥੇ ਏ.ਡੀ.ਸੀ. ਜਿਹੜਾ ਰੀਟਰਨਿੰਗ ਅਫਸਰ ਸੀ, ਰਾਕੇਸ਼ ਸਿੰਘ ਉਸ ਨੂੰ ਅਸੀਂ ਕਿਹਾ ਕਿ 12-12 ਵੋਟਾਂ ਪਈਆਂ ਹਨ ਹੁਣ ਤੁਸੀਂ ਟਾਸ ਕਰਾਓ ਪਰ ਉਸ ਨੇ ਉਸ ਦਿਨ ਫੈਸਲਾ ਟਾਲ ਦਿਤਾ ਅਤੇ 26 ਤਰੀਖ ਚੋਣ ਲਈ ਰੱਖ ਦਿਤੀ। ਉਨ੍ਹਾਂ ਨੂੰ ਜੋੜ ਤੋੜ ਵਿਚ ਫਿਰ ਸਫਲਤਾ ਨਾ ਮਿਲੀ ਅਤੇ ਜਦੋਂ ਮੈਂ 26 ਤਰੀਖ ਨੂੰ 12 ਬੰਦੇ ਲੈ ਕੇ ਹਾਜ਼ਰ ਹੋਣ ਲਈ ਗਿਆ ਤਾਂ ਅਸੀਂ ਉਥੇ 2.25 ਵਜੇ ਪੁੱਜ ਗਏ ਪਰ ਮੇਨ ਗੇਟ ਤੇ ਸਾਨੂੰ ਰੋਕਿਆ ਗਿਆ ਅਤੇ ਕਿਹਾ ਕਿ ਮਾਨਯੋਗ ਮੈਂਬਰਾਂ ਦੇ ਜਾਣ ਦਾ ਰਸਤਾ ਇਹ ਨਹੀਂ, ਦੂਸਰੇ ਪਾਸੇ ਹੈ। ਅਸੀਂ ਦੂਜੇ ਪਾਸੇ ਗਏ ਤਾਂ ਉਥੇ ਡੀ.ਐਸ.ਪੀ. ਰੰਧਾਵਾ ਸਾਹਿਬ ਖੜ੍ਹੇ ਸਨ ਅਤੇ ਉਨ੍ਹਾਂ ਨੇ ਸਾਨੂੰ ਰੋਕਿਆ ਅਤੇ ਜਾਣ ਨਹੀਂ ਦਿੱਤਾ। ਫਿਰ ਵੀ ਅਸੀਂ 3.05 ਵਜੇ ਅੰਦਰ ਪੁੱਜ ਗਏ। ਪਰ ਜਦੋਂ ਅਸੀਂ ਅੰਦਰ ਗਏ ਤਾਂ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਉਥੇ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਸਾਹਿਬ ਹਾਜ਼ਰ ਸਨ ਅਤੇ 26 ਤਰੀਕ ਨੂੰ ਉਥੇ ਜਿਹੜਾ ਪਹਿਲਾ ਰੀਟਰਨਿੰਗ ਅਫਸਰ ਸੀ, ਉਸ ਦੀ ਥਾਂ ਤੇ ਕੋਈ ਹੋਰ ਹੀ ਰੀਟਰਨਿੰਗ ਅਫਸਰ ਬੈਠਾ ਸੀ। ਮੈਂ ਕਿਹਾ ਕਿ ਇਲੈਕਸ਼ਨ ਦਾ ਪ੍ਰੋਸੈਸ ਸ਼ੁਰੂ ਕਰੋ, ਉਹ ਕਹਿਣ ਲੱਗੇ ਕਿ ਪਹਿਲਾਂ ਤੁਸੀਂ ਚਾਹ ਪੀਓ ਫਿਰ ਸ਼ੁਰੂ ਕਰਦੇ ਹਾਂ, ਪਹਿਲਾਂ ਤਾਂ ਮੈਂ ਨਾਂਹ ਨੁੱਕਰ ਕੀਤੀ ਪਰ ਉਨ੍ਹਾਂ ਦੇ ਕਹਿਣ ਤੇ ਮੈਂ ਕਿਹਾ ਚਲੋ ਠੀਕ ਹੈ। ਅਸੀਂ ਚਾਹ ਪੀਣ ਲੱਗ ਪਏ। ਚਾਹ ਪੀਣ ਤੋਂ ਬਾਅਦ ਜਦੋਂ ਮੈਂ ਫਿਰ ਕਿਹਾ ਕਿ ਹੁਣ ਇਲੈਕਸ਼ਨ ਦਾ ਪ੍ਰਸੈਸ ਸ਼ੁਰੂ ਕਰੀਏ ਤਾਂ ਉਹ ਕਹਿਣ ਲੱਗੇ ਇਲੈਕਸ਼ਨ ਤਾਂ ਹੋ ਵੀ ਚੁੱਕੀ ਹੈ। ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਦੀ ਸ਼ਰਮਨਾਕ ਗੱਲ ਉਥੇ ਹੋਈ। ਇਨ੍ਹਾਂ ਕੋਲ ਪਾਵਰ ਹੈ, ਪਰ ਡਿਪਟੀ ਸਪੀਕਰ ਸਾਹਿਬ ਲੋਕਤੰਤਰ ਦਾ ਘਾਣ ਹੋਇਆ ਹੈ ਅਤੇ ਸਾਰੀ ਸਟੇਟ ਵਿੱਚ ਥਾਂ-ਥਾਂ ਤੇ ਧਾਂਦਲੀਆਂ ਹੋਈਆਂ ਹਨ। ਇਸ ਲਈ ਮੇਰੀ ਮੰਗ ਹੈ ਕਿ ਇਸ ਦੀ ਜੁਡੀਸ਼ੀਅਲ ਇਨਕੁਆਰੀ ਹੋਣੀ ਚਾਹੀਦੀ ਹੈ। ਮੈਂ ਕਹਿੰਦਾ ਹਾਂ ਕਿ ਜਿੱਥੇ ਕੋਈ ਥੋੜ੍ਹਾ ਬਹੁਤ ਫਰਕ ਹੋਵੇ, ਉਥੇ ਥੋੜ੍ਹੀ ਬਹੁਤੀ ਜ਼ਿਆਦਤੀ ਚਲਦੀ ਹੈ ਕਿਉਂਕਿ ਕੰਮ ਤਾਂ ਸਰਕਾਰ ਨਾਲ ਹੀ ਚਲਣਾ ਹੈ ਪਰ ਜੇ 20-25% ਕਮੇਟੀਆਂ ਤੇ ਸਾਡਾ ਕਬਜ਼ਾ ਹੋ ਵੀ ਜਾਂਦਾ ਤਾਂ ਇਨ੍ਹਾਂ ਨੂੰ ਕੀ ਫਰਕ ਪੈਣਾ ਸੀ। ਮੈਂ ਕਹਿੰਦਾ ਹਾਂ ਕਿ ਇਹ ਲੋਕਤੰਤਰ ਦਾ ਘਾਣ ਕੀਤਾ ਗਿਆ ਹੈ ਅਤੇ ਇਸ ਦੀ ਸਾਰੇ ਪੰਜਾਬ ਵਿੱਚ ਜੁਡੀਸ਼ੀਅਲ ਇਨਕੁਆਰੀ ਕਰਵਾਈ ਜਾਣੀ ਚਾਹੀਦੀ ਹੈ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ। ਮੈਨੂੰ ਉਮੀਦ ਵੀ ਹੈ ਕਿ ਇਸ ਹਾਊਸ ਵਲੋਂ ਸਾਨੂੰ ਇਨਸਾਫ ਮਿਲੇਗਾ।

**ਸ਼੍ਰੀ ਰਾਜ ਕੁਮਾਰ ਗੁਪਤਾ (ਜਲੰਧਰ ਕੇਂਦਰੀ)** : ਮਾਨਯੋਗ ਸਪੀਕਰ ਸਾਹਿਬ, ਅੱਜ ਇਸ ਸਦਨ ਵਿਚ ਅਕਾਲੀ ਅਤੇ ਭਾਰਤੀ ਜਨਤਾ ਪਾਰਟੀ ਵਲੋਂ ਧਾਂਦਲੀਆਂ ਦੇ ਮੁਤਲਿਕ ਮੋਸ਼ਨ ਮੂਵ ਕੀਤੀ ਗਈ ਹੈ। ਮੈਂ ਸਮਝਦਾ ਹਾਂ ਕਿ ਜਿੱਥੇ-ਜਿੱਥੇ ਇਹ ਧੱਕਾ ਕਰਨਾ ਚਾਹੁੰਦੇ ਹੋਣਗੇ, ਉਥੇ ਇਨ੍ਹਾਂ ਦਾ ਧੱਕਾ ਨਹੀਂ ਚੱਲ ਸਕਿਆ। ਇਨ੍ਹਾਂ ਨੇ ਉਸ ਨੂੰ ਧਾਂਦਲੀ ਦਾ ਰੂਪ ਦੇ ਦਿੱਤਾ। (ਵਿਘਨ)

Original with;
Punjab Vidhan Sabha
Digitized by;

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ** ** **

**Mr. Deputy Speaker :** This is no Point of Order.

**ਸ਼੍ਰੀ ਰਾਜ ਕੁਮਾਰ ਗੁਪਤਾ :** ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਨੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦਾ ਨਾਂ ਲੈ ਕੇ ਜਮਹੂਰੀਅਤ ਦਾ ਜ਼ਿਕਰ ਕੀਤਾ ਹੈ। ਬੜੀ ਖੁਸ਼ੀ ਦੀ ਗੱਲ ਹੈ ਕਿ ਅੱਜ ਇਨ੍ਹਾਂ ਦੇ ਮੂੰਹ ਵਿੱਚੋਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦਾ ਨਾਂ ਸੁਣ ਰਹੇ ਹਾਂ ਜਿਨ੍ਹਾਂ ਨੇ ਕਦੀ ਵੀ ਮਹਾਤਮਾ ਗਾਂਧੀ ਜੀ ਦੀ ਫਿਲਾਸਫੀ ਨੂੰ ਨਹੀਂ ਮੰਨਿਆ ਔਰ ਇਨ੍ਹਾਂ ਦੀ ਸਹਿਯੋਗੀ ਪਾਰਟੀ, ਇਨ੍ਹਾਂ ਦੀ ਭਾਈਵਾਲ ਪਾਰਟੀ ਨੇ ਵੀ ਮਹਾਤਮਾ ਗਾਂਧੀ ਜੀ ਦਾ ਫਲਸਫਾ ਨਹੀਂ ਮੰਨਿਆ। ਮੈਨੂੰ ਅੱਜ ਇਸ ਗੱਲ ਦੀ ਖੁਸ਼ੀ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਡਿਪਟੀ ਸਪੀਕਰ ਸਾਹਿਬ, ਇਹ ਗਲਤ ਬਿਆਨੀ ਕਰ ਰਹੇ ਹਨ। ਇਹ ਗਲਤ ਕਹਿ ਰਹੇ ਹਨ ਕਿ ਮਹਾਤਮਾ ਗਾਂਧੀ ਜੀ ਨੂੰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨਹੀਂ ਮੰਨਦੀ। ਇਹ ਐਕਸਪੰਜ ਕਰਨਾ ਚਾਹੀਦਾ ਹੈ। (ਵਿਘਨ)

**ਸ਼੍ਰੀ ਤਿਕਸ਼ਨ ਸੂਦ :** ਇਹ ਆਪਣਾ ਵਿਊ ਦੇ ਰਹੇ ਹਨ ਜਦ ਕਿ ਸਾਡੀ ਪਾਰਟੀ ਦਾ ਇਹ ਵਿਊ ਨਹੀਂ ਹੈ। (ਵਿਘਨ)

**Mr. Deputy Speaker :** Please take your seat. You will have your time to speak.

**ਸ਼੍ਰੀ ਰਾਜ ਕੁਮਾਰ ਗੁਪਤਾ :** ਡਿਪਟੀ ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਦਾ ਵਿਊ ਦੱਸ ਰਿਹਾ ਹਾਂ ਔਰ ਜੋ ਇਨ੍ਹਾਂ ਦੇ ਵਿਊ ਹਨ, ਉਹ ਮੈਨੂੰ ਪਤਾ ਹਨ। ਜੋ ਇਨ੍ਹਾਂ ਦੇ ਮਹਾਤਮਾ ਗਾਂਧੀ ਜੀ ਬਾਰੇ ਵਿਚਾਰ ਹਨ, ਉਹ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। (ਵਿਘਨ) (ਸ਼ੋਰ)

ਡਿਪਟੀ ਸਪੀਕਰ ਸਾਹਿਬ, ਜਿੱਥੋਂ ਤੱਕ ਜਮਹੂਰੀਅਤ ਦਾ ਸਵਾਲ ਹੈ, ਮਨਪ੍ਰੀਤ ਸਿੰਘ ਜੀ ਨੇ ਜਮਹੂਰੀਅਤ ਦੀ ਗੱਲ ਕੀਤੀ ਹੈ ਔਰ ਜਮਹੂਰੀਅਤ ਕਾਇਮ ਕਰਨ ਵਾਸਤੇ ਪੰਡਤ ਜਵਾਹਰ ਲਾਲ ਨਹਿਰੂ ਜੀ ਨੇ ਸੰਘਰਸ਼ ਕੀਤਾ। ਕਾਂਗਰਸ ਦੇ ਵੱਡੇ-ਵੱਡੇ ਲੀਡਰਾਂ ਅਤੇ ਵੀਰਾਂ ਨੇ ਫਾਂਸੀਆਂ ਲਈਆਂ। ਅੰਡੇਮਾਨ ਨਿਕੋਬਾਰ ਦੇ ਕਾਲੇ ਪਾਣੀ ਵਿੱਚ ਸਜ਼ਾਵਾਂ ਕੱਟੀਆਂ ਤਾਂ ਜਾ ਕੇ 1947 ਵਿੱਚ ਦੇਸ਼ ਅਜ਼ਾਦ ਹੋਇਆ। (ਵਿਘਨ) (ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ਮੇਰੀ ਅਰਜ਼ ਹੈ ਕਿ ਜਦੋਂ ਮੈਂਬਰ ਸਾਹਿਬ ਬੋਲ ਰਹੇ ਹੋਣ Please hear him with attention. ਜਦੋਂ ਤੁਸੀਂ ਬੋਲ ਰਹੇ ਸੀ ਤਾਂ ਉਸ ਸਮੇਂ ਕੋਈ ਇੰਟਰੱਪਸ਼ਨ ਨਹੀਂ ਹੋਈ ਸੀ। Kindly let him speak. Let him speak. Then you can......

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ :** ਡਿਪਟੀ ਸਪੀਕਰ ਸਾਹਿਬ, ਛੋਟਾ ਜਿਹਾ ਪੁਆਇੰਟ ਆਫ ਆਰਡਰ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਮਾਨਯੋਗ ਡਿਪਟੀ ਸਪੀਕਰ** : ਕਿੰਨੇ ਕੁ ਇੰਚ ਦਾ ਹੈ ? (ਹਾਸਾ) ਪੁਆਇੰਟ ਆਫ ਆਰਡਰ ਤਾਂ ਪੁਆਇੰਟ ਆਫ ਆਰਡਰ ਹੀ ਹੁੰਦਾ ਹੈ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰ ਬੋਲ ਰਹੇ ਹਨ। ਮੈਂ ਇਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਗੋਲਡਨ ਜੁਬਲੀ ਵਿਧਾਨ ਸਭਾ ਵਿੱਚ ਮਨਾਈ ਗਈ ਸੀ। ਪੰਡਤ ਜਵਾਹਰ ਲਾਲ ਨਹਿਰੂ ਜੀ ਦੇ ਮਾਣ ਸਤਿਕਾਰ ਵਾਸਤੇ ਹੀ ਪਹਿਲੀ ਵਾਰ ਉਸ ਵੇਲੇ ਇਨੀਸ਼ੀਏਟਿਵ ਲਿਆ ਗਿਆ ਤੇ ਉਨ੍ਹਾਂ ਦੀ ਤਸਵੀਰ ਇਸ ਅਜ਼ੀਮ ਸਦਨ ਦੇ ਬਾਹਰ ਲਗਾਈ। ਇਹ ਮੈਂ ਇਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ।

**ਸ਼੍ਰੀ ਰਾਜ ਕੁਮਾਰ ਗੁਪਤਾ** : ਡਿਪਟੀ ਸਪੀਕਰ ਸਾਹਿਬ, ਜਦੋਂ ਇਹ ਬੋਲੇ ਸੀ ਤਾਂ ਮੈਂ ਨਹੀਂ ਬੋਲਿਆ। ਮੈਂ ਜ਼ਿਕਰ ਕਰ ਰਿਹਾ ਸੀ ਕਿ ਕਾਂਗਰਸ ਨੇ ਦੇਸ਼ ਅਜ਼ਾਦ ਕਰਵਾਇਆ, ਬੜੀਆਂ ਕੁਰਬਾਨੀਆਂ ਦਿੱਤੀਆਂ। ਕਾਂਗਰਸ ਦੇ ਲੱਖਾਂ ਆਦਮੀਆਂ ਨੇ ਕਾਲੇ ਪਾਣੀ ਵਿੱਚ ਸਜ਼ਾਵਾਂ ਲਈਆਂ, ਫਾਂਸੀ ਤੇ ਚੜ੍ਹੇ ਤੇ ਫਿਰ ਦੇਸ਼ ਅਜ਼ਾਦ ਹੋਇਆ। ਅਗਰ ਉਸ ਵਕਤ ਕਾਂਗਰਸ ਚਾਹੁੰਦੀ ਤਾਂ ਡਿਕਟੇਟਰਸ਼ਿਪ ਕਰ ਸਕਦੀ ਸੀ ਪਰ ਨਹੀਂ। ਕਾਂਗਰਸ ਦਾ ਅਕੀਦਾ ਸੀ ਕਿ ਹਰ ਆਦਮੀ ਨੂੰ ਹੇਠਾਂ ਤੋਂ ਉਪਰ ਤੱਕ ਵੋਟ ਦਾ ਹੱਕ ਦਿੱਤਾ ਜਾਵੇ। ਉਨ੍ਹਾਂ ਦਾ ਫੈਸਲਾ ਸੀ ਕਿ ਇਹੋ ਜਿਹੀ ਸਰਕਾਰ ਬਣੇ ਤਾਂ ਕਿ ਡੈਮੋਕਰੇਸੀ ਮਜ਼ਬੂਤ ਹੋਵੇ। ਕਾਂਗਰਸ ਪਾਰਟੀ ਨੇ ਡੈਮੋਕਰੇਸੀ ਦੀ ਪ੍ਰਨਾਲੀ ਸ਼ੁਰੂ ਕੀਤੀ ਸੀ ਔਰ ਉਸ ਤੋਂ ਬਾਅਦ ਰਾਜੀਵ ਗਾਂਧੀ ਜੀ ਨੇ ਵੋਟ ਦਾ ਅਧਿਕਾਰ 21 ਸਾਲ ਤੋਂ ਘਟਾ ਕੇ 18 ਸਾਲ ਕੀਤਾ ਸੀ। ਉਨ੍ਹਾਂ ਨੇ ਇੰਨੀਆਂ ਕੁਰਬਾਨੀਆਂ ਕੀਤੀਆਂ ਅਤੇ ਡੈਮੋਕਰੇਸੀ ਨੂੰ ਕਾਇਮ ਕੀਤਾ। ਕੀ ਅੱਜ ਅਸੀਂ ਡੈਮੋਕਰੇਸੀ ਦਾ ਸਬਕ ਅਕਾਲੀ ਦਲ ਜਾਂ ਬੀ.ਜੇ.ਪੀ. ਤੋਂ ਸਿਖਾਂਗੇ ? ਬੜੀ ਹੈਰਾਨੀ ਦੀ ਗੱਲ ਹੈ ਕਿ ਕਈ ਪਾਰਟੀਆਂ ਉਸ ਵੇਲੇ ਨਹੀਂ ਸਨ। ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਕਾਂਗਰਸ ਦੀ ਹਿਸਟਰੀ ਹੈ –

ਹਮਨੇ ਉਸ ਵਕਤ ਸਿਆਸਤ ਮੇਂ ਕਦਮ ਰੱਖਾ ਥਾ।
ਜਬ ਸਿਆਸਤ ਕਾ ਸਿਲਾ ਐਹਨੀ ਜੰਜੀਰੇਂ ਥੀ।
ਸਰਫਰੋਸ਼ੋਂ ਕੇ ਲੀਏ ਕਾਹੇ ਕਰਮ ਕਾਇਮ ਥੀ।
ਖਾਣਵਾਦੋਂ ਕੇ ਲੀਏ ਮੁਫਤ ਕੀ ਜੰਜੀਰੇਂ ਥੀ।

ਇਹ ਕਾਂਗਰਸ ਦੀ ਹਿਸਟਰੀ ਹੈ। ਕਾਂਗਰਸ ਬੜੀ ਜਿਹਾਦੀ ਸੀ। ਜਿਸ ਵਕਤ ਅੰਗਰੇਜ਼ਾਂ ਦੇ ਸਾਹਮਣੇ ਕੋਈ ਬੋਲ ਨਹੀਂ ਸਕਦਾ ਸੀ, ਜਦ ਆਜ਼ਾਦੀ ਦਾ ਨਾਮ ਵੀ ਨਹੀਂ ਲੈ ਸਕਦਾ ਸੀ, ਉਸ ਵਕਤ ਕਾਂਗਰਸ ਨੇ ਇਹ ਕੁਰਬਾਨੀਆਂ ਦੇ-ਦੇ ਕੇ ਜਮਹੂਰੀਅਤ ਪੈਦਾ ਕੀਤੀ। ਆਜ਼ਾਦੀ ਤੋਂ ਪਹਿਲਾਂ ਵੀ ਅਤੇ ਬਾਅਦ ਵੀ ਜਮਹੂਰੀਅਤ ਨੂੰ ਕਾਇਮ ਕਰਨ ਵਾਸਤੇ ਇਨ੍ਹਾਂ ਨੇ ਕੁਰਬਾਨੀ ਕੀਤੀ ਹੈ। ਜਿਸ ਤਰ੍ਹਾਂ ਪੰਜਾਬ ਦੇ ਅੰਦਰ ਸ਼ਹੀਦ-ਏ-ਆਜ਼ਮ ਸਰਦਾਰ ਬੇਅੰਤ ਸਿੰਘ ਨੇ ਦੇਸ਼ ਦੀ ਰਖਵਾਲੀ ਵਾਸਤੇ, ਸ਼ਾਂਤੀ ਕਾਇਮ ਕਰਨ ਵਾਸਤੇ, ਅਮਨ ਵਾਸਤੇ ਸ਼ਹੀਦੀ ਪ੍ਰਾਪਤ ਕੀਤੀ ਹੈ, ਉਸੇ ਤਰ੍ਹਾਂ ਬਹੁਤ ਸਾਰੇ ਕਾਂਗਰਸ ਦੇ ਨੇਤਾਗਣ ਨੇ ਸ਼ਹੀਦੀ ਪ੍ਰਾਪਤ ਕੀਤੀ ਹੈ, ਜਿਨ੍ਹਾਂ ਦੇ ਪਰਿਵਾਰਾਂ ਵਿਚੋਂ ਅੱਜ ਸਾਡੇ ਇਸ ਸਦਨ ਵਿੱਚ ਤਸ਼ਰੀਫ ਫਰਮਾ ਹਨ। ਉਨ੍ਹਾਂ ਦੇ ਵਿੱਚ ਜੋਗਿੰਦਰ ਪਾਲ ਪਾਂਡੇ ਜੀ ਹਨ, ਜਸਬੀਰ ਸਿੰਘ ਗਿੱਲ ਦੇ ਪਿਤਾ ਜੀ, ਕੇ.ਪੀ. ਸਾਹਿਬ ਬੈਠੇ ਹਨ। ਸਰਦਾਰ ਬੇਅੰਤ ਸਿੰਘ ਜੀ ਦੇ ਸਪੁੱਤਰ ਤੇਜ ਪ੍ਰਕਾਸ਼ ਸਿੰਘ ਜੀ ਅਤੇ ਬੇਟੀ ਮੇਰੀ ਭੈਣ ਗੁਰਕੰਵਲ ਕੌਰ ਬੈਠੇ ਹਨ। ਉਨ੍ਹਾਂ ਨੇ ਕੁਰਬਾਨੀਆਂ ਦੇ ਕੇ ਮੇਰੇ ਇਸ ਪੰਜਾਬ ਵਿੱਚ ਅਮਨ ਬਹਾਲ ਕਰਕੇ ਡੈਮੋਕਰੇਸੀ ਬਹਾਲ ਕੀਤੀ ਹੈ। ਉਸ ਕੁਰਬਾਨੀ

Original with;
Punjab Vidhan Sabha
Digitized by;
Punjab Digital Library

[ਸ਼੍ਰੀ ਰਾਜ ਕੁਮਾਰ ਗੁਪਤਾ]

ਸਦਕਾ ਹੀ ਹੈ ਕਿ ਤੁਸੀਂ ਅੱਜ ਹਕੂਮਤ ਦਾ ਮਾਣ ਮਾਣ ਰਹੇ ਹੋ। ਤੁਸੀਂ ਸਾਰੇ ਅਕਾਲੀ ਅਤੇ ਭਾਜਪਾ ਐਮ.ਐਲ.ਏ. ਜੋ ਇਸ ਸਦਨ ਦੀ ਸ਼ੋਭਾ ਬਣ ਰਹੇ ਹੋ, ਇਹ ਸਾਰਾ ਕੁਝ ਕਾਂਗਰਸੀਆਂ ਦੀ ਕੁਰਬਾਨੀ ਦਾ ਨਤੀਜਾ ਹੈ। ਇਸ ਕਰਕੇ ਤੁਸੀਂ ਸਾਨੂੰ ਡੈਮੋਕਰੇਸੀ ਦਾ ਸਬਕ ਨਾ ਸਿਖਾਓ। ਮੈਂ ਮੋਸ਼ਨ ਦੀ ਗੱਲ ਕਰਾਂਗਾ। ਇਨ੍ਹਾਂ ਨੇ ਕਿਹਾ ਹੈ ਕਿ ਬੜੀਆਂ ਧਾਂਦਲੀਆਂ ਹੋਈਆਂ ਹਨ। ਮੈਂ ਜਲੰਧਰ ਦਾ ਇੱਕ ਵਾਕਿਆ ਤੁਹਾਡੇ ਸਾਹਮਣੇ ਰੱਖਣਾ ਚਾਹਾਂਗਾ। ਉਸ ਮਿਊਂਸਿਪਲ ਕਾਰਪੋਰੇਸ਼ਨ ਅੰਦਰ ਬੀ.ਜੇ.ਪੀ. ਅਕਾਲੀ ਦਲ ਅਤੇ ਬੀ.ਐਸ.ਪੀ. ਦਾ ਸਾਂਝਾ ਮੇਅਰ ਚੁਣਿਆ ਗਿਆ ਸੀ। ਉਸ ਦੀਆਂ ਧਾਂਦਲੀਆਂ ਤੋਂ ਤੰਗ ਆ ਕੇ, ਜੋ ਉਹ ਗੈਰ ਕਾਨੂੰਨੀ ਕੰਮ ਕਰਦੇ ਸੀ, ਜਿਹੜੀ ਸਿਨਿਓਰਟੀ ਲਿਸਟ ਨੂੰ ਨਜ਼ਰ ਅੰਦਾਜ਼ ਕਰਕੇ ਕੰਮ ਕਰਦੇ ਸੀ, ਉਸ ਤੋਂ ਤੰਗ ਆ ਕੇ ਮਿਊਂਸਿਪਲ ਕਾਰਪੋਰੇਸ਼ਨ ਦੇ ਐਕਟ 76 ਦੀ ਧਾਰਾ 39 ਦੇ ਅਧੀਨ ਰਿਮੂਵਲ ਦਾ ਰੈਜ਼ੋਲਿਊਸ਼ਨ ਮੂਵ ਕੀਤਾ। ਉਸ ਵਕਤ ਮੀਟਿੰਗ ਦੇ ਅੰਦਰ, ਹਾਲ ਦੇ ਅੰਦਰ ਮੇਰੇ ਮਿੱਤਰ ਅਵਤਾਰ ਹੈਨਰੀ ਜੀ, ਕੇ.ਪੀ. ਸਾਹਿਬ ਅਤੇ ਤੇਜ ਪ੍ਰਕਾਸ਼ ਸਿੰਘ ਜੀ ਹਾਜ਼ਰ ਸਨ। ਉਹ ਜਿਹੜੀ ਮੋਸ਼ਨ ਮੂਵ ਕੀਤੀ ਸੀ, ਉਸ ਤੇ ਕਾਂਗਰਸ ਨੂੰ 37 ਵੋਟ ਮਿਲੇ ਅਤੇ 58 ਵਿੱਚੋਂ 21 ਵੋਟਾਂ ਕਾਬਜ਼ ਧੜੇ ਨੂੰ ਪਈਆਂ ਅਤੇ 16 ਵੋਟਾਂ ਤੇ ਹਾਰ ਗਏ। ਲੇਕਿਨ ਇਸ ਦੇ ਬਾਵਜੂਦ ਵੀ ਉਸ ਵਕਤ ਦੀ ਸਰਕਾਰ ਨੇ, ਉਸ ਵਕਤ ਦੇ ਲੋਕਲ ਬਾਡੀ ਮਨਿਸਟਰ ਨੇ ਉਸ ਨੂੰ ਅਨਸੀਟ ਨਹੀਂ ਹੋਣ ਦਿੱਤਾ ਕਿਉਂਕਿ ਮੀਟਿੰਗ ਦੇ ਦੌਰਾਨ ਹੀ ਮੋਬਾਈਲ ਤੇ ਗੱਲ ਹੋ ਰਹੀ ਸੀ। ਮਨਿਸਟਰ ਨੇ ਕਿਹਾ ਕਿ ਮੀਟਿੰਗ ਹੀ ਨਾ ਕਰੋ। ਉਸੇ ਮੇਅਰ ਨੂੰ ਕੁਰਸੀ ਤੇ ਬੈਠੇ ਰਹਿਣ ਦੇਣਾ ਚਾਹੀਦਾ ਹੈ ਲੇਕਿਨ ਉਸ ਵਕਤ ਦੇ ਕਮਿਸ਼ਨਰ ਅਤੇ ਐਡੀਸ਼ਨਲ ਕਮਿਸ਼ਨਰ ਦੋਹਾਂ ਨੇ ਆਪਣੀ ਪ੍ਰੋਸੀਡਿੰਗ ਦੀ ਰਿਪੋਰਟ ਸਰਕਾਰ ਨੂੰ ਭੇਜੀ। ਇਹ ਤਾਂ ਅਖਬਾਰਾਂ ਦੀ ਗੱਲ ਕਰ ਰਹੇ ਹਨ ਔਰ ਕਹਿੰਦੇ ਹਨ ਕਿ ਸਬੂਤ ਨਹੀਂ । ਮੈਂ ਉਹ ਗੱਲ ਕਰ ਰਿਹਾ ਹਾਂ, ਜਿਹੜੀ ਰਿਕਾਰਡ ਤੇ ਹੈ। ਇਹ ਰਿਕਾਰਡ ਪੜ੍ਹ ਕੇ ਦੇਖ ਲੈਣ। ਉਹ ਆਈ.ਏ.ਐਸ. ਅਫ਼ਸਰ ਜਿਹੜੇ ਸਨ ......

**ਮਾਨਯੋਗ ਡਿਪਟੀ ਸਪੀਕਰ** : ਰਾਜ ਕੁਮਾਰ ਜੀ, ਵਾਈਂਡ ਅੱਪ ਕਰੋ।

**ਸ਼੍ਰੀ ਰਾਜ ਕੁਮਾਰ ਗੁਪਤਾ** : ਔਰ ਉਨ੍ਹਾਂ ਆਈ.ਏ.ਐਸ. ਅਫ਼ਸਰਾਂ ਨੇ ਆਪਣੀ ਪ੍ਰੋਸੀਡਿੰਗ ਬਣਾ ਕੇ ਦਿੱਤੀ ਅਤੇ ਇਨ੍ਹਾਂ ਨੇ ਉਸ ਵਕਤ ਛੇ ਮਹੀਨੇ ਵਿੱਚ ਮੀਟਿੰਗ ਹੀ ਨਹੀਂ ਕੀਤੀ। ਕੀ ਇਹ ਡੈਮੋਕਰੇਸੀ ਹੈ ? ਕੀ ਇਹ ਧੱਕਾ ਨਹੀਂ ਹੈ ? ਕੀ ਇਹ ਧਾਂਦਲੀ ਨਹੀਂ ਹੈ ? ਡੈਮੋਕਰੇਸੀ ਤੇ ਤਾਂ ਤੁਸੀਂ ਵਿਸ਼ਵਾਸ ਹੀ ਨਹੀਂ ਕੀਤਾ। ਫਿਰ ਉਨ੍ਹਾਂ ਦੋਹਾਂ ਅਫ਼ਸਰਾਂ ਦੀ ਹਾਲਤ ਪਤਾ ਕੀ ਹੋਈ। ਉਨ੍ਹਾਂ ਦੀ ਹਰ ਮਹੀਨੇ ਟਰਾਂਸਫਰ ਕੀਤੀ ਗਈ। .....

**ਮਾਨਯੋਗ ਡਿਪਟੀ ਸਪੀਕਰ** : ਰਾਜ ਕੁਮਾਰ ਜੀ, ਵਾਈਂਡ ਅੱਪ ਕਰੋ।

**ਸ਼੍ਰੀ ਰਾਜ ਕੁਮਾਰ ਗੁਪਤਾ** : ਉਨ੍ਹਾਂ ਨੂੰ 6 ਮਹੀਨੇ ਵਿੱਚ ਵਾਰ-ਵਾਰ ਬਦਲਿਆ ਗਿਆ......

**ਮਾਨਯੋਗ ਡਿਪਟੀ ਸਪੀਕਰ** : ਹੁਣ ਤੁਸੀਂ ਆਸਣ ਗ੍ਰਹਿਣ ਕਰੋ। ਸੁਖਪਾਲ ਸਿੰਘ ਜੀ । ਨਹੀਂ ਹਨ। ਤਿਕਸ਼ਨ ਸੂਦ ਜੀ।

**ਸ਼੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ)** : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਇਸ ਬਹੁਤ ਮਹੱਤਵਪੂਰਨ ਮੁੱਦੇ ਤੇ ਮੈਨੂੰ ਬੋਲਣ ਦਾ ਸਮਾਂ

Original with;
Punjab Vidhan Sabha
Digitized by;

ਦਿੱਤਾ ਹੈ। ਮੈਂ ਤਾਂ ਸਿੱਧਾ ਹੀ ਗੱਲ ਤੇ ਆਉਣਾ ਚਾਹੁੰਦਾ ਸੀ ਪਰ ਮੈਨੂੰ ਜਿਹੜੀਆਂ ਗੱਲਾਂ ਸੁਣਨ ਨੂੰ ਮਿਲੀਆਂ ਹਨ, ਉਹ ਦੋ-ਚਾਰ ਗੱਲਾਂ ਮੈਂ ਸਿੱਧਾ ਆਉਣ ਤੋਂ ਪਹਿਲਾਂ ਕਰ ਲਵਾਂ। ਆਪਣਾ ਜੋ ਮੁਲਕ ਹਿੰਦੁਸਤਾਨ ਹੈ, ਇਹ ਕੋਈ ਦੱਸਣ ਦੀ ਲੋੜ ਨਹੀਂ ਹੈ ਕਿ ਸਾਡਾ ਸੁਭਾਅ ਹੀ ਡੈਮੋਕ੍ਰੇਟਿਕ ਹੈ। ਚਾਹੇ ਕੋਈ ਰਾਜਾ ਹੋਵੇ, ਮਹਾਰਾਜਾ ਹੋਵੇ ਪਰ ਜੋ ਪ੍ਰਭਾਵ ਸਾਡੇ ਸਮਾਜਿਕ ਨੇਤਾਵਾਂ ਦਾ, ਧਾਰਮਿਕ ਨੇਤਾਵਾਂ ਦਾ, ਗੁਰੂਆਂ ਪੀਰਾਂ ਦਾ ਸਾਡੀ ਸੁਸਾਇਟੀ ਤੇ ਰਿਹਾ ਹੈ, ਉਸ ਤੋਂ ਇਹ ਜ਼ਾਹਿਰ ਹੈ ਕਿ ਜੋ ਡੈਮੋਕਰੇਸੀ ਹੈ ਉਹ ਸਾਡੇ ਵਿਚ ਕਿੰਨੀ ਕੁ ਹੈ। ਆਪਾਂ ਸਾਰੇ ਜਣੇ ਇਥੇ ਬਾਪੂ ਗਾਂਧੀ ਦੀ ਵਾਰ-ਵਾਰ ਗੱਲ ਕਰਦੇ ਹਾਂ। ਫਾਦਰ ਆਫ ਦੀ ਨੇਸ਼ਨ ਉਨ੍ਹਾਂ ਨੂੰ ਕਹਿੰਦੇ ਹਾਂ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ। ਅਸੀਂ ਵੀ ਉਨਾ ਹੀ ਸਤਿਕਾਰ ਕਰਦੇ ਹਾਂ ਜਿੰਨਾ ਹੋਰ ਕੋਈ ਹਿੰਦੁਸਤਾਨੀ ਕਰਦਾ ਹੈ। ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਬਾਪੂ ਗਾਂਧੀ ਜੀ ਦੀ ਗੱਲ ਕਰਾਗਾਂ ਕਿ ਉਨ੍ਹਾਂ ਨੇ ਰਾਮ ਰਾਜ ਦਾ ਨਾਮ ਦਿੱਤਾ ਸੀ। ਰਾਮ ਰਾਜ ਕੀ ਹੈ। ਰਾਮ ਰਾਜ ਵਿੱਚ ਬੇਸ਼ਕ ਡੈਮੋਕਰੇਸੀ ਨਹੀਂ ਸੀ ਪਰ ਬਾਪੂ ਗਾਂਧੀ ਜੀ ਨੇ ਇਹ ਮਹਿਸੂਸ ਕੀਤਾ ਸੀ ਕਿ ਜੇਕਰ ਕੋਈ ਆਮ ਇਨਸਾਨ ਬੰਦਾ ਕਿਸੇ ਸ਼ਕਤੀਸ਼ਾਲੀ ਬੰਦੇ ਦੇ ਬਾਰੇ, ਜਿਹੜਾ ਕਿ ਰਾਜ ਕਰ ਰਿਹਾ ਹੈ ਜਾਂ ਕੋਈ ਹੋਰ ਹੈ, ਉਸ ਦੇ ਅੱਗੇ ਪਬਲਿਕ ਉਪੀਨੀਅਨ ਦੀ ਗੱਲ ਰੱਖੀ ਜਾਵੇਗੀ ਜਾਂ ਫਿਰ ਲੋਕਤੰਤਰ ਦੀ ਗੱਲ ਰੱਖੀ ਜਾਵੇਗੀ ਤਾਂ ਉਸ ਦੀ ਸੁਣਵਾਈ ਹੋਵੇਗੀ। ਇਸ ਤਰ੍ਹਾਂ ਦੇ ਰਾਮ ਰਾਜ ਦੀ ਕਲਪਨਾ ਮਹਾਤਮਾ ਗਾਂਧੀ ਜੀ ਨੇ ਕੀਤੀ ਸੀ ਪਰ ਕਾਂਗਰਸੀ ਜਿਸ ਦੀ ਇਹ ਬੜੀ ਦੁਹਾਈ ਦਿੰਦੇ ਹਨ ਡੈਮੋਕਰੇਸੀ ਦੀ ਔਰ ਅੱਜ ਜਨਮ ਦਾਤਾ ਔਰ ਕਾਂਗਰਸ ਦੇ ਠੇਕੇਦਾਰ ਬਣੀ ਫਿਰਦੇ ਹਨ। ਡਿਪਟੀ ਸਪੀਕਰ ਸਾਹਿਬ, ਕਾਂਗਰਸ ਨੂੰ ਜਨਮ ਦੇਣ ਵਾਲਾ ਕੌਣ ਸੀ, ਉਹ ਇੱਕ ਅੰਗਰੇਜ਼ ਸੀ ਔਰ ਉਦੋਂ ਲੋਕ ਲਹਿਰ ਬਣੀ ਸੀ ਜਿਸ ਵਿੱਚ ਕਾਂਗਰਸ ਨੇ ਵੀ ਤੇ ਹਿੰਦੁਸਤਾਨ ਦੇ ਹੋਰ ਲੋਕਾਂ ਨੇ ਵੀ ਹਿੱਸਾ ਲਿਆ ਸੀ। ਅਕਾਲੀ ਬੱਬਰ, ਕਿਹੜੀਆਂ-ਕਿਹੜੀਆਂ ਪਾਰਟੀਆਂ ਤੇ ਲੋਕਾਂ ਨੇ ਇਸ ਵਿਚ ਆਪਣਪਣ ਛੱਡ ਕੇ ਇਸ ਲਹਿਰ ਵਿਚ ਹਿੱਸਾ ਪਾਇਆ ਸੀ, ਯੋਗਦਾਨ ਪਾਇਆ ਸੀ। ਉਦੋਂ ਆਜ਼ਾਦੀ ਮਿਲੀ ਸੀ ਔਰ ਬਾਪੂ ਗਾਂਧੀ ਜੀ ਨੇ ਉਸ ਵੇਲੇ ਇਹ ਐਡਵਾਈਜ਼ ਕੀਤਾ ਕਿ ਭਾਈ ਦੇਖਿਓ ਕਾਂਗਰਸ ਵਾਲਿਓ, ਤੁਸੀਂ ਇਸ ਦਾ ਨਜਾਇਜ਼ ਫਾਇਦਾ ਨਾ ਉਠਾਉਣਾ, ਸਾਨੂੰ ਆਜ਼ਾਦੀ ਮਿਲ ਗਈ ਹੈ, ਸਾਡਾ ਮਿਸ਼ਨ ਪੂਰਾ ਹੋ ਗਿਆ ਹੈ ਔਰ ਇਸ ਕਾਂਗਰਸ ਨੂੰ ਬੰਦ ਕਰ ਦਿਉ। ਅੱਜ ਬਾਪੂ ਗਾਂਧੀ ਦੀ ਗੱਲ ਕੌਣ ਨਹੀਂ ਮੰਨਦਾ, ਇਹ ਕਾਂਗਰਸ ਵਾਲੇ ਨਹੀਂ ਮੰਨਦੇ। ਇਸ ਦਾ ਨਜਾਇਜ਼ ਫਾਇਦਾ ਉਠਾ ਰਹੇ ਹਨ ਔਰ ਡੈਮੋਕਰੇਸੀ ਦਾ ਕਤਲ ਕਰ ਰਹੇ ਹਨ। ਬਾਪੂ ਗਾਂਧੀ ਨੇ ਜਿਸ ਤਰ੍ਹਾਂ ਆਜ਼ਾਦੀ ਹਾਸਿਲ ਕੀਤੀ, ਆਪਣੇ ਨੰਗੇ ਪਿੰਡੇ ਉਤੇ ਦੁੱਖ ਉਠਾਕੇ, ਜ਼ੁਲਮ ਉਠਾ ਕੇ ਅੱਜ ਉਸ ਡੈਮੋਕਰੇਸੀ ਦਾ ਇਹ ਨਜਾਇਜ਼ ਫਾਇਦਾ ਉਠਾ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਆਪਣੀ ਗੱਲ ਤੇ ਆਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਵਿਚੋਂ ਇਨ੍ਹਾਂ ਕਮੇਟੀਆਂ ਦੀਆਂ ਇਲੈਕਸ਼ਨਾਂ ਵਿਚ ਕੀ ਕੁਝ ਕੀਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਚੌਲਾਂ ਦੀ ਦੇਗ ਬਣਦੀ ਹੈ ਤਾਂ ਉਸ ਵੇਲੇ ਸਾਰੇ ਚੌਲਾਂ ਨੂੰ ਨਹੀਂ ਦੇਖਿਆ ਜਾਂਦਾ ਕਿ ਬਣ ਗਏ ਹਨ ਜਾਂ ਨਹੀਂ ਪਰ ਉਸ ਵਿਚੋਂ ਦੋ ਚਾਰ ਚਾਵਲ ਹੀ ਦੇਖ ਲਏ ਜਾਂਦੇ ਹਨ ਕਿ ਇਹ ਬਣ ਗਏ ਹਨ ਜਾਂ ਨਹੀਂ। ਹੁਣ ਮੈਂ ਹੁਸ਼ਿਆਰਪੁਰ ਦੀ ਗੱਲ ਕਰਦਾ ਹਾਂ। 24 ਮਾਰਚ ਨੂੰ ਉਥੇ ਪ੍ਰਧਾਨ ਦੀ ਇਲੈਕਸ਼ਨ ਤਹਿ ਹੋ ਗਈ ਔਰ ਸਾਰੇ ਉਥੇ ਪਹੁੰਚ ਗਏ। ਉਸ ਦਿਨ ਕਾਂਗਰਸ ਦੇ ਦੋ ਕੈਂਡੀਡੇਟਾਂ ਦਾ ਨਾਮ ਪ੍ਰਧਾਨ ਦੀ ਚੋਣ ਵਿੱਚ ਆ ਗਿਆ ਸੀ। 19 ਮੈਂਬਰ ਇਨ੍ਹਾਂ ਦੇ ਸੀ, ਇੱਕ ਆਜ਼ਾਦ ਮੈਂਬਰ ਇਨ੍ਹਾਂ ਵਿਚ ਰਲ ਗਿਆ ਔਰ ਇਕ ਐਮ.ਐਲ.ਏ. ਰਾਮ ਲੁਭਾਇਆ ਜੀ ਸੀ, ਇਹ ਮੇਰੇ ਸਤਿਕਾਰਯੋਗ ਸਾਥੀ ਹਨ। ਡਿਪਟੀ ਸਪੀਕਰ ਸਾਹਿਬ, ਸਾਡੇ ਉਥੇ ਇੱਕ ਆਜ਼ਾਦ, 10 ਅਕਾਲੀ ਦਲ ਤੇ ਬੀ.ਜੇ.ਪੀ. ਦਾ ਇੱਕ ਮੈਂ ਸੀ। ਉਥੇ

Original with;
Punjab Vidhan Sabha
Digitized by;

[ਸ਼੍ਰੀ ਤਿਕਸ਼ਨ ਸੂਦ]

ਨਾਮੀਨੇਸ਼ਨ ਹੋ ਗਈ। ਕਾਂਗਰਸ ਦੇ ਦੋ ਕੈਂਡੀਡੇਟਾਂ ਦੇ ਨਾਮ ਆ ਗਏ। ਇਕ ਸਾਡਾ ਆ ਗਿਆ। ਜਿਸ ਵੇਲੇ ਦੇਖਿਆ ਗਿਆ ਕਿ ਇਨ੍ਹਾਂ ਦੀਆਂ ਵੋਟਾਂ ਅੱਧੋ ਅੱਧ ਵੰਡ ਹੁੰਦੀਆਂ ਹਨ, ਸਾਡਾ ਕੈਂਡੀਡੇਟ ਜਿੱਤਦਾ ਹੈ ਔਰ ਉਸ ਵੇਲੇ ਸ਼੍ਰੀ ਚਰਨਜੀਤ ਸਿੰਘ ਚੰਨੀ, ਐਮ.ਪੀ. ਹੁਰਾਂ ਨੂੰ ਹਾਊਸ ਵਿਚ ਕੋਈ ਅਧਿਕਾਰ ਨਹੀਂ ਸੀ ਬੈਠਣ ਦਾ, ਤਾਂ ਉਹ ਹਾਊਸ ਦੇ ਵਿੱਚ ਬੈਠੇ ਸੀ। ਅਸੀਂ ਵੀ ਇਸ ਗੱਲ ਤੇ ਕੋਈ ਆਬਜੈਕਸ਼ਨ ਨਹੀਂ ਕੀਤਾ ਕਿ ਚਲੋ ਕੋਈ ਗੱਲ ਨਹੀਂ ਕਿ ਇਹ ਵੀ ਆਪਣਾ ਜ਼ੋਰ ਲਗਾ ਕੇ ਵੇਖ ਲੈਣ। ਉਸ ਵੇਲੇ ਜਦੋਂ ਦੇਖਿਆ ਕਿ ਕਾਂਗਰਸ ਹਾਰਦੀ ਹੈ ਤੇ ਬੀ.ਜੇ.ਪੀ., ਅਕਾਲੀ ਦਲ ਦਾ ਕੈਂਡੀਡੇਟ ਜਿੱਤਦਾ ਹੈ ਤਾਂ ਜਦ ਇਹ ਪਹਿਲੋਂ ਆਏ ਤਾਂ ਮੈਂ ਇਨ੍ਹਾਂ ਨੂੰ ਆਫਰ ਕੀਤੀ ਕਿ ਤੁਸੀਂ ਇਕੱਠੇ ਹੋ ਲਵੋ, ਅਸੀਂ ਆਪਣਾ ਕੈਂਡੀਡੇਟ ਬਿਠਾ ਦੇਵਾਂਗੇ ਤੇ ਅਸੀਂ ਬਤੌਰ ਆਪੋਜ਼ੀਸ਼ਨ ਹੈਲਦੀ ਗੱਲਬਾਤ ਕਰਨੀ ਜਾਣਦੇ ਹਾਂ। ਆਪਣੇ ਇਲਾਕੇ ਦੀ ਭਲਾਈ ਕਰਨ ਲਈ ਤੁਹਾਡਾ ਸਾਥ ਦਿਆਂਗੇ। ਇਹ ਦੈਨਿਕ ਜਾਗਰਣ ਦੇ ਵਿੱਚ ਪੂਰੀ ਖਬਰ ਲੱਗੀ ਹੋਈ ਹੈ। ਹੋਇਆ ਕੀ, ਜਿਸ ਵੇਲੇ ਇਨ੍ਹਾਂ ਦੀ ਕੋਈ ਸਹਿਮਤੀ ਨਹੀਂ ਹੋਈ ਤਾਂ ਇਕ ਬਾਹਰੋਂ ਮੋਬਾਈਲ ਆਇਆ ਹੈ ਔਰ ਇਹ ਖਬਰ ਦੈਨਿਕ ਜਾਗਰਣ ਦੇ ਵਿਚ ਛਪੀ ਹੈ ਤੇ ਫੋਟੋਆਂ ਵੀ ਲਗੀਆਂ ਹਨ मोबाइल बजते ही कर दिया चुनाव स्थगित — सूद ने दी आफर, कांग्रेस एक उम्मीदवार पर सहमति बना ले तो भाजपा नाम वापस लेने को त्यार ਔਰ ਚੰਨੀ ਸਾਹਿਬ, ਐਮ.ਪੀ. ਸਾਹਿਬ ਦਾ ਕੀ ਬਿਆਨ ਆਇਆ ਸੀ, ਇਸ ਇਲੈਕਸ਼ਨ ਨੂੰ ਜਿਸ ਵੇਲੇ ਛੱਡ ਦਿੱਤਾ। ਡੀ.ਟੀ.ਓ. ਸਾਹਿਬ ਇਸ ਇਲੈਕਸ਼ਨ ਦੇ ਇੰਚਾਰਜ ਸਨ ਤਾਂ ਅਸੀਂ ਉਠ ਕੇ ਬਾਹਰ ਨੂੰ ਚਲੇ ਗਏ। ਕੋਈ ਗੱਲ ਨਹੀਂ ਹੋਈ, ਕੋਈ ਬਾਤ ਨਹੀਂ ਹੋਈ, ਕੋਈ ਝਗੜਾ ਨਹੀਂ ਹੋਇਆ, ਕੋਈ ਰੌਲਾ ਨਹੀਂ ਹੋਇਆ ਤਾਂ ਕਾਂਗਰਸ ਦੇ ਐਮ.ਪੀ. ਕਹਿੰਦੇ ਹਨ ....स्थगन को असंवैधानिक कार्यवाई बताया चन्नी ने : आज की बैठक में मौजूद क्षेत्र के कांग्रेसी सांसद चरणजीत सिंह चन्नी ने प्रशासन द्वारा चुनाव स्थगित किये जाने की कार्यवाई को असंवैधानिक करार दिया। उन्होंने कहा कि चुनाव अधिकारी द्वारा जब अध्यक्ष पद के उम्मीदवारों के नाम हासिल कर उन्हें स्वीकार कर लिया गया तो वोटिंग कराए बिना चुनाव स्थगित करना पूर्णतया असंवैधानिक कार्यवाई है। ਹੁਣ ਕਾਂਗਰਸ ਵਾਲੇ ਮੈਨੂੰ ਦੱਸਣ ਕਿ ਇਨ੍ਹਾਂ ਦਾ ਐਮ.ਪੀ. ਸਹੀ ਹੈ ਜਾਂ ਫਿਰ ਇਨ੍ਹਾਂ ਦਾ ਰੌਲਾ ਰੱਪਾ ਸਹੀ ਹੈ, ਇਨ੍ਹਾਂ ਦਾ ਭਾਸ਼ਣ ਸਹੀ ਹੈ। ਇਹ ਹਵਾ ਵਿਚ ਗੱਲਾਂ ਕਰਦੇ ਹਨ। ਇਕ-ਇਕ ਕਮੇਟੀ ਵਿਚ ਇਸ ਤਰ੍ਹਾਂ ਹੋ ਰਿਹਾ ਹੈ। ਮੇਰੇ ਸਾਥੀ ਸ਼੍ਰੀ ਸੁਖਪਾਲ ਸਿੰਘ ਜੀ ਬੈਠੇ ਹਨ। ਡਿਪਟੀ ਸਪੀਕਰ ਸਾਹਿਬ, ਫਿਰੋਜ਼ਪੁਰ ਕੀ ਹੋਇਆ? ਉਥੇ ਵੋਟਾਂ ਦੀ ਗਿਣਤੀ ਹੋਣੀ ਸੀ। ਸਾਡੇ ਐਮ.ਐਲ.ਏ. ਨੂੰ ਦੂਰ ਉਤਾਰ ਦਿੱਤਾ। 22 ਮਾਰਚ ਨੂੰ ਇਲੈਕਸ਼ਨ ਤਹਿ ਹੋਈ ਸੀ ਪਰ ਉਥੇ ਸਾਡੇ ਮੁੱਖ ਮੰਤਰੀ ਦੇ ਪੁਲੀਟੀਕਲ ਸੈਕਟਰੀ ਰਾਣਾ ਗੁਰਮੀਤ ਸਿੰਘ ਸੋਢੀ ਅਤੇ ਬਾਲ ਮੁਕੰਦ ਸ਼ਰਮਾ ਆਪਣੀ ਪੂਰੀ ਫੋਰਸ ਨਾਲ ਲੈ ਕੇ ਉਥੇ ਪਹੁੰਚ ਗਏ। ਉਥੇ ਉਨ੍ਹਾਂ ਨੇ ਇਲੈਕਸ਼ਨ ਕੈਂਸਲ ਕਰਵਾ ਦਿੱਤੀ। ਉਥੇ ਭੁੱਲਰ ਦੇ ਖਿਲਾਫ ਪਰਚਾ ਦਰਜ ਕਰਵਾ ਦਿੱਤਾ। ਇੱਕ ਕੌਂਸਲਰ ਨੂੰ ਚੁੱਕ ਲਿਆ ਗਿਆ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਕਿਸ ਤਰ੍ਹਾਂ ਡੈਮੋਕਰੇਸੀ ਨੂੰ ਤਬਾਹ ਕਰ ਰਹੇ ਹਨ। ਉਥੇ ਤਿੰਨ-ਤਿੰਨ ਕੈਂਡੀਡੇਟ ਖੜ੍ਹੇ ਹੋ ਗਏ। ਵੋਟਾਂ ਤਿੰਨ ਹਿੱਸਿਆ ਵਿੱਚ ਵੰਡੀਆਂ ਜਾਣੀਆਂ ਸਨ ਜਿਸ ਕਰਕੇ ਇਨ੍ਹਾਂ ਨੇ ਚੋਣ ਕੈਂਸਲ ਕਰਵਾ ਦਿੱਤੀ। ਫਿਰ ਪਠਾਨਕੋਟ ਵਿੱਚ ਕੀ ਹੋਇਆ? ਉਥੇ 33 ਮੈਂਬਰ ਸਨ। ਬੀ.ਜੇ.ਪੀ. ਦੇ 14 ਸਨ, ਅਕਾਲੀ ਦਲ ਦੇ ਤਿੰਨ ਸਨ ਔਰ ਕਾਂਗਰਸ ਦੇ ਮੈਂਬਰ ਵੀ ਉਥੇ ਸ਼ਾਮਲ ਸਨ ਪਰ ਉਥੇ ਇਲੈਕਸ਼ਨ ਦੌਰਾਨ ਕੋਰਮ ਗਿਆਰਾਂ ਬੰਦਿਆਂ ਦਾ ਚਾਹੀਦਾ ਸੀ। ਸਾਡੇ ਨਾਲ 14 ਬੰਦੇ ਬੈਠੇ ਸਨ ਪਰ ਫਿਰ ਇਨ੍ਹਾਂ ਨੇ ਬਹਾਨਾ ਬਣਾ ਕੇ ਪ੍ਰਧਾਨ ਦੀ ਚੋਣ

Original with;
Punjab Vidhan Sabha
Digitized by;

ਕੈਂਸਲ ਕਰਵਾ ਦਿੱਤੀ। ਫਿਰ ਇਹ ਉਥੋਂ ਉਠ ਕੇ ਚਲੇ ਗਏ। ਉਹ ਕਹਿਣ ਲੱਗੇ ਕਿ ਇਹ ਚੋਣ ਐਸ.ਡੀ.ਐਮ ਦੇ ਦਫਤਰ ਹੋਵੇਗੀ। ਇੱਥੇ ਨਹੀਂ ਹੋ ਸਕਦੀ। ਜੇਕਰ ਉਥੇ ਇਲੈਕਸ਼ਨ ਹੋ ਜਾਂਦੀ ਤਾਂ ਬੀ.ਜੇ.ਪੀ. ਦਾ ਪ੍ਰਧਾਨ ਬਣ ਜਾਣਾ ਸੀ ਪਰ ਇਹ ਡੈਮੋਕਰੇਸੀ ਦਾ ਕਤਲ ਕਰ ਰਹੇ ਹਨ। ਇਸੇ ਤਰ੍ਹਾਂ ਹੀ ਅਕਾਲੀ ਦਲ ਅਤੇ ਬੀ.ਜੇ.ਪੀ. ਨੇ ਰਲ ਕੇ ਇੱਥੇ ਇਲੈਕਸ਼ਨ ਲੜੀ ਸੀ ਪਰ ਉਥੇ ਇਨ੍ਹਾਂ ਨੇ ਪ੍ਰਧਾਨ ਦੀ ਇਲੈਕਸ਼ਨ ਨਹੀਂ ਹੋਣ ਦਿੱਤੀ। ਇਨ੍ਹਾਂ ਨੇ ਤਾਕਤ ਦਾ ਇਸਤੇਮਾਲ ਕਰਕੇ ਇਲੈਕਸ਼ਨ ਪੋਸਟਪੋਨ ਕਰਵਾ ਦਿੱਤੀ। ਡਿਪਟੀ ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਕਿਸ ਤਰ੍ਹਾਂ ਇਨ੍ਹਾਂ ਨੇ ਡੈਮੋਕਰੇਸੀ ਦਾ ਗਲਾ ਘੋਟਿਆ ਹੈ। ਇੱਥੇ ਮੇਰੇ ਨਾਲ ਖੰਨਾ ਸਾਹਿਬ ਤੇ ਸੁਖਪਾਲ ਸਿੰਘ ਬੈਠੇ ਹੋਏ ਹਨ। ਉਨ੍ਹਾਂ ਨੇ ਵੀ ਮਿਉਂਸਿਪਲ ਕਮੇਟੀ ਦੀਆਂ ਚੋਣਾਂ ਵਿੱਚ ਗੜਬੜ ਬਾਰੇ ਮੈਨੂੰ ਦੱਸਿਆ ਹੈ। ਹੁਣ ਮੈਂ ਤੁਹਾਨੂੰ ਜਗਰਾਓਂ ਕਮੇਟੀ ਦੀ ਗੱਲ ਕਰਦਾ ਹਾਂ। ਉਥੇ ਵਾਰਡ ਨੰ: 19 ਵਿੱਚ ਕਿੰਨੀ ਦਖਲਅੰਦਾਜ਼ੀ ਕੀਤੀ ਗਈ। ਪਹਿਲਾਂ ਤਾਂ ਉਥੇ ਵੋਟਰ ਲਿਸਟ ਹੀ ਕਿਸੇ ਨੂੰ ਨਹੀਂ ਦਿੱਤੀ ਅਤੇ 9 ਤਾਰੀਖ ਨੂੰ ਇਲੈਕਸ਼ਨ ਵਾਲੇ ਦਿਨ ਵੋਟਰ ਲਿਸਟ ਦਿੱਤੀ ਗਈ। ਸ਼ਾਮ ਨੂੰ ਜਦੋਂ ਕਾਊਂਟਿੰਗ ਸ਼ੁਰੂ ਹੋਈ ਤਾਂ ਸਾਨੂੰ ਸਾਰੇ ਏਜੰਟਾਂ ਨੂੰ 20-20 ਫੁੱਟ ਦੀ ਦੂਰੀ ਤੇ ਬਿਠਾ ਦਿੱਤਾ। ਉਥੇ ਉਨ੍ਹਾਂ ਨੇ ਡੀ.ਐਸ.ਪੀ. ਦੀ ਅਗਵਾਈ ਵਿੱਚ ਪੁਲਿਸ ਤੈਨਾਤ ਕਰ ਦਿੱਤੀ। ਡੀ.ਐਸ.ਪੀ. ਦੀ ਗੱਡੀ ਖੜ੍ਹੀ ਰਹੀ। ਉਹ ਕਹਿਣ ਲੱਗੇ ਕਿ ਕਾਊਂਟਿੰਗ ਐਸ.ਡੀ.ਐਮ. ਦੇ ਦਫਤਰ ਵਿੱਚ ਹੋਵੇਗੀ, ਇੱਥੇ ਨਹੀਂ ਹੋਵੇਗੀ ਕਿਉਂਕਿ ਇਹ ਕਾਂਗਰਸ ਪਾਰਟੀ ਦੇ ਪ੍ਰਧਾਨ ਰਵਿੰਦਰ ਮੋਹਨ ਨੂੰ ਹਰ ਹਾਲਤ ਵਿੱਚ ਹੇਰਾ ਫੇਰੀ ਨਾਲ ਬਣਾਉਣਾ ਚਾਹੁੰਦੇ ਸਨ। ਸਾਡੇ ਏਜੰਟ ਵੀ ਟਰੱਕ ਵਿੱਚ ਚੜ੍ਹ ਗਏ, ਉਨ੍ਹਾਂ ਬੰਦਿਆਂ ਨਾਲ ਪਰ ਰਸਤੇ ਵਿੱਚ ਹੀ ਸਾਡੀ ਪਾਰਟੀ ਦੇ ਏਜੰਟਾਂ ਨੂੰ ਚਲਦੇ ਟਰੱਕ ਵਿੱਚੋਂ ਥੱਲੇ ਸੁੱਟ ਦਿੱਤਾ ਗਿਆ। ਇਨ੍ਹਾਂ ਵਿੱਚੋਂ ਕੁਝ ਏਜੰਟ ਹਸਪਤਾਲ ਦਾਖਲ ਹਨ ਤੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਇੰਨੀ ਹੇਰਾ ਫੇਰੀ ਕਰਕੇ ਵੀ ਇਹ ਸਿਰਫ ਛੇ ਵੋਟਾਂ ਨਾਲ ਜਿੱਤੇ। ਹੁਣ ਮੈਂ ਰਾਏਕੋਟ ਮਿਉਂਸਿਪਲ ਕਮੇਟੀ ਦੀ ਗੱਲ ਕਰਦਾ ਹਾਂ। ਉਥੋਂ ਦੇ ਕਾਂਗਰਸ ਐਮ.ਪੀ. ਗਾਲਿਬ ਸਾਹਿਬ ਨੇ ਅਖਬਾਰ ਵਿਚ ਪਹਿਲੇ ਹੀ ਕਢਵਾ ਦਿੱਤਾ ਸੀ ਕਿ ਪਰਚੇ ਦਰਜ ਕਰਵਾਵਾਂਗੇ, ਮੁਖਾਲਫ ਕਰਾਂਗੇ। ਰਾਏਕੋਟ ਦੀ ਵਾਰਡ ਨੰਬਰ 15 ਵਿੱਚ ਜੋ ਹੇਰਾਫੇਰੀ ਹੋਈ, ਉਹ ਸਾਰਾ ਅਖਬਾਰਾਂ ਵਿੱਚ ਆ ਚੁੱਕਾ ਹੈ। ਉਥੇ 99% ਵੋਟਿੰਗ ਇਨ੍ਹਾਂ ਨੇ ਕਰਵਾਈ ਤੇ ਕਾਂਗਰਸ ਦਾ ਕੈਂਡੀਡੇਟ ਜਿੱਤਿਆ, ਕਿੰਨੀਆਂ ਵੋਟਾਂ ਨਾਲ, 76 ਵੋਟਾਂ ਨਾਲ। ਉਥੇ ਦੋ ਘੰਟੇ ਡੈਮੋਕਰੇਸੀ ਨੂੰ ਖਤਮ ਕਰਨ ਦਾ ਨੰਗਾ ਨਾਚ ਹੁੰਦਾ ਰਿਹਾ। ਆਪ ਹੀ ਮੋਹਰਾਂ ਲਾਈਆਂ ਗਈਆਂ, ਪਰਚੀਆਂ ਫਾੜੀਆਂ ਗਈਆਂ। 99 ਪ੍ਰਤੀਸ਼ਤ ਪੋਲਿੰਗ ਡੈਮੋਕਰੇਸੀ ਦੇ ਇਤਿਹਾਸ ਵਿਚ ਦੱਸ ਦਿਉ ਜੇ ਕਿਤੇ ਕਦੇ ਹੋਈ ਹੋਵੇ। ਚੋਣ ਤੋਂ ਪਹਿਲਾਂ ਹੀ ਅਖਬਾਰਾਂ ਵਿਚ ਵਾਰਨਿੰਗਾਂ ਦੇ ਦਿੱਤੀਆਂ ਕਿ ਜਿਹੜਾ ਖੜ੍ਹਾ ਹੋਇਆ ਉਸ ਤੇ ਪਰਚੇ ਦਰਜ ਹੋਣਗੇ। ਜੋ ਗੁਰਦਾਸਪੁਰ ਵਿਚ ਹੋਇਆ, ਉਹ ਵੀ ਮੈਂ ਦੱਸ ਦਿੱਤਾ ਸੀ.......

**ਮਾਨਯੋਗ ਡਿਪਟੀ ਸਪੀਕਰ** : ਡਾਕਟਰ ਮਹਿੰਦਰ ਕੁਮਾਰ ਰਿਣਵਾ ਜੀ।

**ਸ਼੍ਰੀ ਤਿਕਸ਼ਨ ਸੂਦ** : ਡਿਪਟੀ ਸਪੀਕਰ ਸਾਹਿਬ, ਅੰਤ ਵਿਚ ਮੈਂ ਇਹੀ ਕਹਿਣਾ ਚਾਹਵਾਂਗਾ ਕਿ ਡੈਮੋਕਰੇਸੀ ਦਾ ਘਾਣ ਹੋਇਆ ਹੈ ........ (ਵਿਘਨ)

**ਵਾਤਾਵਰਣ ਅਤੇ ਬਾਗਬਾਨੀ ਦੇ ਸੰਸਦੀ ਸਕੱਤਰ (ਡਾਕਟਰ ਮਹਿੰਦਰ ਕੁਮਾਰ ਰਿਣਵਾ)** : ਡਿਪਟੀ ਸਪੀਕਰ ਸਾਹਿਬ, ਕਿਉਂਕਿ ਸਾਡੇ ਆਨਰੇਬਲ ਮੈਂਬਰ ਮਨਪ੍ਰੀਤ ਸਿੰਘ ਬਾਦਲ ਨੇ ਸਾਡੇ ਜ਼ਿਲ੍ਹੇ ਬਾਰੇ ਜ਼ਿਕਰ ਕੀਤਾ ਸੀ, ਫਾਜ਼ਿਲਕਾ, ਅਬੋਹਰ ਅਤੇ ਜਲਾਲਾਬਾਦ ਬਾਰੇ ਜ਼ਿਕਰ ਕੀਤਾ ਸੀ (ਵਿਘਨ)

Original with;
Punjab Vidhan Sabha
Digitized by;

**Mr. Deputy Speaker :** Tikshan Ji, please take your seat.

**ਸ੍ਰੀ ਤਿਕਸ਼ਨ ਸੂਦ :** ਡਿਪਟੀ ਸਪੀਕਰ ਸਾਹਿਬ, ਇਸ ਘਾਲੇਮਾਲੇ ਦੀ ਜੁਡੀਸ਼ੀਅਲ ਇਨਕੁਆਇਰੀ ਹੋਣੀ ਚਾਹੀਦੀ ਹੈ। ਸਭ ਕੁਝ ਸਾਹਮਣੇ ਆ ਜਾਵੇਗਾ ਕਿ ਕੌਣ ਲੋਕਤੰਤਰ ਦਾ ਰਖਵਾਲਾ ਹੈ ਤੇ ਕੌਣ ਹਤਿਆਰਾ ਹੈ। ਇਹ ਸਭ ਸਦਾ ਨਹੀਂ ਚਲਦਾ ਰਹਿਣਾ। ਪੰਜਾਬ ਵਿਚ ਫੇਰ ਵੋਟਾਂ ਪੈਣੀਆਂ ਹਨ ....... (ਵਿਘਨ)

**Mr. Deputy Speaker :** Please take your seat.

**ਸ੍ਰੀ ਤਿਕਸ਼ਨ ਸੂਦ :** ਪਿਛਲਾ ਹਿਸਾਬ ਕੌਣ ਕਰਾਏਗਾ ਜੀ ........

**ਮਾਨਯੋਗ ਡਿਪਟੀ ਸਪੀਕਰ :** ਮਨਿਸਟਰ ਸਾਹਿਬ ਜਵਾਬ ਦੇਣਗੇ। ਤੁਸੀਂ ਮੰਗ ਕਰ ਦਿੱਤੀ ਹੈ। That's all.

**ਵਾਤਾਵਰਣ ਅਤੇ ਬਾਗਬਾਨੀ ਦੇ ਸੰਸਦੀ ਸਕੱਤਰ :** ਡਿਪਟੀ ਸਪੀਕਰ ਸਾਹਿਬ, ਮੇਰੇ ਜ਼ਿਲ੍ਹੇ ਬਾਰੇ ਗੱਲਾਂ ਹੋਈਆਂ। ਇਥੇ ਮਨਪ੍ਰੀਤ ਸਿੰਘ ਬਾਦਲ ਸਾਹਿਬ ਨੇ ਬੜੇ ਸ਼ਾਇਰਾਨਾ ਅੰਦਾਜ਼ ਵਿੱਚ ਗੱਲਾਂ ਪੇਸ਼ ਕੀਤੀਆਂ। ਪਰ ਮੈਂ ਦੱਸਦਾ ਹਾਂ ਕਿ ਫਾਜ਼ਿਲਕਾ ਅੰਦਰ 21 ਸੀਟਾਂ ਵਿਚੋਂ 19 ਤੇ ਕਾਂਗਰਸ ਦੀ ਜਿੱਤ ਹੋਈ ਹੈ ਤੇ ਇਹ ਜਿੱਤ ਵੀ 500—1000 ਅਤੇ 1500 ਵੋਟਾਂ ਦੇ ਫਰਕ ਨਾਲ ਹੋਈ ਹੈ। ਅਬੋਹਰ ਵਿਚ 29 ਵਿਚੋਂ 26 ਸੀਟਾਂ ਤੇ 500—1000 ਵੋਟਾਂ ਨਾਲ ਕਾਂਗਰਸ ਦੀ ਜਿੱਤ ਹੋਈ ਹੈ। ਜਲਾਲਾਬਾਦ ਬਾਰੇ ਜੋਸਨ ਸਾਹਿਬ ਨੇ ਪਹਿਲਾਂ ਹੀ ਦੱਸ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਇਨਫੈਕਸ਼ਨ ਕਿਥੋਂ ਫੈਲੀ ? ਹੁਣੇ ਇਲੈਕਸ਼ਨ ਹੋਈ ਹੈ। ਬਾਦਲ ਸਾਹਿਬ ਨੂੰ ਪੁੱਛੋ ਕਿ ਕਿੰਨੀਆਂ ਸੀਟਾਂ ਗਿੱਦੜਬਾਹਾ ਅਤੇ ਮਲੋਟ ਤੋਂ ਜਿੱਤ ਕੇ ਆਏ ਹਨ ?

**ਸਰਦਾਰ ਮਨਪ੍ਰੀਤ ਸਿੰਘ ਬਾਦਲ (ਬੈਠੇ ਬੈਠੇ) :** ਕਾਂਗਰਸ ਨੂੰ ਇਕ ਵੀ ਸੀਟ ਉਥੇ ਨਹੀਂ ਜਿੱਤਣ ਦਿੱਤੀ।

**ਵਾਤਾਵਰਣ ਅਤੇ ਬਾਗਬਾਨੀ ਦੇ ਸੰਸਦੀ ਸਕੱਤਰ :** ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਅਕਿਊਟ ਇਨਫੈਕਸ਼ਨ ਸ਼ੁਰੂ ਹੋਈ, ਇਸ ਨੇ ਅੱਗੇ ਚਲ ਕੇ ਕਰੌਨਿਕ ਇਨਫੈਕਸ਼ਨ ਫੈਲਾ ਦਿੱਤੀ। 1999 ਵਿਚ ਪਾਰਲੀਮੈਂਟ ਦੀਆਂ ਚੋਣਾਂ ਬਾਰੇ ਜੋਸਨ ਸਾਹਿਬ ਨੇ ਗੱਲ ਕੀਤੀ। ਉਦੋਂ ਉਥੇ ਕਾਂਗਰਸ ਵਰਕਰ ਦੇ ਅਗੇਂਸਟ ਪਰਚਾ ਦਰਜ ਹੋਇਆ। ਅਸੀਂ ਐਸ.ਐਸ.ਪੀ. ਨੂੰ ਮਿਲਣ ਗਏ। ਬਾਲ ਮੁਕੰਦ ਸ਼ਰਮਾ ਵੀ ਸਾਡੇ ਨਾਲ ਸਨ। ਜਦੋਂ ਅਸੀਂ ਚੋਣਾਂ ਦੇ ਬਾਰੇ ਅਤੇ ਪਰਚੇ ਬਾਰੇ ਗੱਲ ਕੀਤੀ, ਉਹ ਹੱਸਣ ਲੱਗ ਪਿਆ। ਕਹਿਣ ਲੱਗਾ ਕਿ ਤੁਸੀਂ ਕਿੰਨੀਆਂ ਵੋਟਾਂ ਐਕਸਪੈਕਟ ਕਰਦੇ ਹੋ ? ਅਸੀਂ ਕਿਹਾ ਕਿ 20, 25 ਹਜ਼ਾਰ ਵੋਟਾਂ ਤਾਂ ਹੋਣਗੀਆਂ। ਉਹ ਕਹਿਣ ਲਗਾ ਕਿ 40 ਹਜ਼ਾਰ ਵੋਟਾਂ ਤਾਂ ਪਹਿਲੇ ਦਿਨ ਮੇਰੀ ਪੁਲਿਸ ਨੇ ਹੀ ਡਰਾ ਧਮਕਾ ਕੇ ਪੁਆ ਦਿੱਤੀਆਂ ਹਨ। ਇਹ ਗੱਲਾਂ ਉਦੋਂ ਦੀਆਂ ਸ਼ੁਰੂ ਹੋਈਆਂ ਹਨ। 1997 ਵਿਚ ਜਦੋਂ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦਾ ਰਾਜ ਸਥਾਪਤ ਹੋਇਆ ਤਾਂ ਸਭ ਤੋਂ ਪਹਿਲਾਂ ਇਨ੍ਹਾਂ ਨੇ ਕਮੇਟੀਆਂ ਦੀਆਂ ਚੋਣਾਂ ਕਰਾਈਆਂ ਅਤੇ ਇਹ ਕੰਮ ਸ਼ੁਰੂ ਕੀਤਾ। ਸਾਡੇ ਜ਼ਿਲ੍ਹੇ ਵਿਚ ਜਿਹੜਾ ਜਰਨੈਲ ਡਿਪਿਊਟ ਕੀਤਾ ਸੀ, ਉਸ ਨੇ 150 ਪੰਚਾਇਤਾਂ ਦੇ ਫਾਰਮ ਹੀ ਨਹੀਂ ਲਏ ਅਤੇ ਨਾ ਹੀ ਕੋਈ ਨੋਟੀਫਿਕੇਸ਼ਨ ਹੋਈ। ਸੁਪਰੀਮ ਕੋਰਟ ਵਿਚ ਜਿਹੜੇ ਪ੍ਰੀਜ਼ਾਈਡਿੰਗ ਅਫਸਰ ਸਨ, ਜਿਹੜੇ ਰਿਟਰਨਿੰਗ ਅਫਸਰ ਸਨ, ਉਨ੍ਹਾਂ ਨੂੰ ਟਰਮੀਨੇਟ ਕੀਤਾ ਗਿਆ। ਇਹ ਰਿਕਾਰਡ ਦੀ ਗੱਲ ਹੈ। ਡਿਪਟੀ ਸਪੀਕਰ ਸਾਹਿਬ, ਬਾਦਲ ਸਾਹਿਬ

Original with;
Punjab Vidhan Sabha
Digitized by;
Punjab Digital Library

ਦਾ ਜਿਹੜਾ ਹਲਕਾ ਹੈ, ਉਹ ਸਾਡੇ ਜ਼ਿਲ੍ਹੇ ਨਾਲ ਲਗਦਾ ਹੈ। ਜੇ ਇਤਿਹਾਸ ਤੇ ਨਜ਼ਰ ਮਾਰੀਏ, ਇਹ ਜਿਹੜੀ ਮਨੀ ਪਾਵਰ ਹੈ, ਇਹ ਜਿਹੜੀ ਮਸਲ ਪਾਵਰ ਹੈ, ਇਹ ਕਿਥੋਂ ਸ਼ੁਰੂ ਹੋਈ। 1967 ਵਿਚ ਅਸੀਂ ਸਕੂਲ ਵਿਚ ਪੜ੍ਹਿਆ ਕਰਦੇ ਸੀ। ਉਸ ਜ਼ਮਾਨੇ ਵਿਚ 500 ਰੁਪਏ ਦੀ ਵੋਟ ਵਿਕਦੀ ਸੀ। ਇਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਲੁਟਿਆ ਹੈ ਤੇ ਕ੍ਰਿਮੀਨਲਾਈਜ਼ੇਸ਼ਨ ਵੱਲ ਤੋਰਿਆ ਹੈ। ਇਤਿਹਾਸ ਗਵਾਹ ਹੈ ਕਿ ਬਾਦਲ ਐਂਡ ਫੈਮਿਲੀ ਦੀ ਲਿਮਟਿਡ ਕੰਪਨੀ ਕੀ ਕਰਦੀ ਰਹੀ ਹੈ। ਅੱਜ ਇਹ ਡੈਮੋਕਰੇਸੀ ਦੀਆਂ ਗੱਲਾਂ ਕਰਦੇ ਹਨ, ਜਮਹੂਰੀਅਤ ਦੀਆਂ ਗੱਲਾਂ ਕਰਦੇ ਹਨ। ਬੜਾ ਅਫਸੋਸ ਹੁੰਦਾ ਹੈ ਮਲੋਟ ਦੀ ਬਾਈ-ਇਲੈਕਸ਼ਨ ਵਿਚ ਵੋਟਾਂ ਵੇਲੇ ਬੋਰੀਆਂ ਦੇ ਮੂੰਹ ਖੋਲ੍ਹ ਦਿੱਤੇ ਗਏ ਪਰ ਫੇਰ ਵੀ ਇਕ ਗਰੀਬ ਆਦਮੀ ਨੱਥੂ ਰਾਮ ਉਥੋਂ ਜਿੱਤ ਕੇ ਆਇਆ। ਇਨ੍ਹਾਂ ਵਲੋਂ ਜ਼ਿਲ੍ਹਾ ਪ੍ਰੀਸ਼ਦ ਦੇ ਚੁਣਾਓ 5 ਸਾਲ ਤੱਕ ਨਹੀਂ ਕਰਾਏ ਗਏ। ਅੱਜ ਇਹ ਮੇਰੇ ਵੀਰ ਗੱਲਾਂ ਕਰਦੇ ਹਨ। (ਵਿਘਨ)..1972 ਦੇ ਵਿਚ ਤੁਹਾਡਾ ਖਾਤਾ ਨਹੀਂ ਖੁਲ੍ਹਿਆ ਅਤੇ 1980 ਵਿਚ ਇਕ ਐਮ.ਐਲ.ਏ. ਜਿੱਤ ਕੇ ਆਇਆ। ਮੈਂ...(ਵਿਘਨ)...(ਸ਼ੋਰ)

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ। ਮੈਂ ਇਥੇ ਅਬੋਹਰ, ਫਾਜ਼ਿਲਕਾ ਅਤੇ ਜਲਾਲਾਬਾਦ ਦੀ ਜੋ ਗੱਲ ਕੀਤੀ ਹੈ, ਉਹ ਟ੍ਰਿਬਿਊਨ ਦਾ ਐਡੀਟੋਰੀਅਲ ਸੀ। ਜੋ ਕੁਝ ਉਥੇ ਹੋਇਆ, ਉਸ ਬਾਰੇ ਇਨ੍ਹਾਂ ਦਾ ਮਨ ਜਾਣਦਾ ਹੈ ਜਾਂ ਫਿਰ ਪ੍ਰਮਾਤਮਾ ਜਾਣਦਾ ਹੈ, ਪਰ ਮੈਂ ਇਨ੍ਹਾਂ ਨੂੰ ਪ੍ਰਸਨਲੀ/ਬਾਈ ਨੇਮ ਨਹੀਂ ਕਿਹਾ। ਇਨ੍ਹਾਂ ਨੇ ਮੇਰੇ ਪਰਿਵਾਰ ਤੇ, ਮੇਰੀ ਫੈਮਿਲੀ ਤੇ ਇਹ ਐਸਪਰਸ਼ਨ ਕੀਤੀ ਹੈ ਕਿ ਅਸੀਂ ਮਨੀ ਪਾਵਰ ਨਾਲ ਜਾਂ ਮਸਲ ਪਾਵਰ ਨਾਲ ਸਿਆਸਤ ਵਿਚ ਆਏ ਹਾਂ। ਪਿਛਲੇ 50 ਸਾਲਾਂ ਤੋਂ ਅਸੀਂ ਗਿਦੜਬਾਹਾ ਤੋਂ ਐਮ.ਐਲ.ਏ. ਬਣਦੇ ਆਏ ਹਾਂ। ਸਾਡੀ ਲੋਕਾਂ ਨਾਲ ਸਾਂਝ ਹੈ। ਅਸੀਂ ਤਿੰਨ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ ਹਾਂ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਗਲਤਬਿਆਨੀ ਕੀਤੀ ਹੈ, ਉਹ ਰਿਕਾਰਡ ਵਿਚੋਂ ਕੱਢੀ ਜਾਵੇ। ਅਸੀਂ ਲੋਕਾਂ ਦੇ ਦਿਲਾਂ ਤੇ ਰਾਜ ਕਰਦੇ ਹਾਂ। ਮੈਂ ਇਨ੍ਹਾਂ ਨੂੰ ਚੈਲਿੰਜ ਕਰਦਾ ਹਾਂ ਕਿ ਇਹ ਤੀਜੀ ਵਾਰ ਐਮ.ਐਲ.ਏ. ਬਣ ਕੇ ਵਿਖਾਉਣ। ਤਿੰਨ ਵਾਰ ਤਾਂ ਮਿਉਂਸਿਪਲ ਕੌਂਸਲਰ ਬਣਨਾ ਹੀ ਔਖਾ ਹੈ, ਅਸੀਂ ਤਾਂ ਸੀ.ਐਮ. ਬਣੇ ਹਾਂ। ਇਸ ਕਰਕੇ ਇਹ ਜੋ ਇਨ੍ਹਾਂ ਨੇ ਗਲਤ ਬਿਆਨੀ ਕੀਤੀ ਹੈ, ਇਹ ਇਸ ਨੂੰ ਵਾਪਸ ਲੈਣ। Deputy Speaker Sahib, you have to give your ruling.

**Mr. Deputy Speaker :** First you have to take your seat.

**Sardar Manpreet Singh Badal :** Deputy Speaker Sahib, whether those remarks have been expunged or not ?

**Mr. Deputy Speaker :** Please do not force me to expunge the remarks. First thing is that he has not referred by name. ਅਗਰ ਬਾਈ ਨੇਮ ਕਹਾ ਹੋਤਾ.....Do not get into arguments. If it is to be expunged then the remarks made by both the sides have to be expunged.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਤੇ ਕੋਈ ਪ੍ਰਸਨਲ ਰਿਮਾਰਕਸ ਨਹੀਂ ਦਿੱਤੇ ਜਦ ਕਿ ਇਨ੍ਹਾਂ ਨੇ ਬਾਦਲ ਫੈਮਿਲੀ ਤੇ ਪਰਸਨਲ ਅਟੈਕ ਕੀਤਾ ਹੈ। ਜਿਸ ਕੁਰਸੀ ਤੇ ਤੁਸੀਂ ਬੈਠੇ ਹੋ, ਮੈਨੂੰ ਤਵੱਕੋਂ ਨਹੀਂ ਹੈ ਕਿ ਇਹ ਪੰਜਾਬ ਦੇ ਡਿਪਟੀ ਸਪੀਕਰ ਹੁੰਦੇ ਹੋਏ ਤੁਸੀਂ ਕਾਂਗਰਸ ਪਾਰਟੀ ਦੀ ਪ੍ਰੋਟੈਕਸ਼ਨ ਕਰੋਗੇ.....

Original with;
Punjab Vidhan Sabha
Digitized by;
Panjab Digital Library

**Mr. Deputy Speaker :** Mr. Manpreet Singh Badal, please mind your language. You are casting aspersions on the Chair. You have no business to say this. I know my duties. Please sit down. You cannot challenge the Chair like this. Please take your seat. You are not to question the Chair like this.

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਜਿਹੜੀ ਸਹੀ ਗੱਲ ਹੈ, ਉਹੀ ਅਸੀਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦੇ ਹਾਂ ਭਾਵੇਂ ਰਿਕਾਰਡ ਕਢਵਾ ਕੇ ਵੇਖ ਲਵੋ। ਅਗਰ ਕੋਈ ਗਲਤ ਗੱਲ ਮਨਪ੍ਰੀਤ ਜੀ ਨੇ ਕਹੀ ਹੋਵੇ ਤਾਂ ਅਸੀਂ ਆਪ ਹੀ ਉਸ ਨੂੰ ਵਿਦਡਰਾਅ ਕਰ ਲੈਂਦੇ ਹਾਂ। ਰਿਣਵਾਂ ਜੀ ਨੇ ਬਾਦਲ ਐਂਡ ਕੰਪਨੀ ਲਿਮਟਿਡ ਕਿਹਾ ਹੈ। ਸਾਨੂੰ ਇਸ ਤੇ ਇਤਰਾਜ਼ ਹੈ। ਅਸੀਂ ਮੰਗ ਕਰਦੇ ਹਾਂ ਕਿ ਜਾਂ ਤਾਂ ਉਹ ਆਪਣੇ ਇਹ ਲਫਜ਼ ਵਾਪਸ ਲੈਣ ਜਾਂ ਫਿਰ ਤੁਸੀਂ ਇਨ੍ਹਾਂ ਨੂੰ ਐਕਸਪੰਜ ਕਰਾ ਦਿਓ। ਦੱਸੋ, ਅਸੀਂ ਕੀ ਗਲਤ ਗੱਲ ਕਰ ਰਹੇ ਹਾਂ। ਬੇਸ਼ੱਕ ਰਿਕਾਰਡ ਕਢਵਾ ਕੇ ਵੇਖ ਲਵੋ।

**Mr. Deputy Speaker :** You are debating an issue. ਦੋਨਾਂ ਪਾਸਿਆਂ ਤੋਂ ਅਟੈਕ ਹੋ ਰਿਹਾ ਹੈ। ਇਧਰੋਂ ਵੀ ਅਟੈਕ ਹੋ ਰਿਹਾ ਹੈ ਅਤੇ ਉਧਰੋਂ ਵੀ ਅਟੈਕ ਹੋ ਰਿਹਾ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਪਰ ਅਸੀਂ ਬਾਈ ਨੇਮ ਤਾਂ ਕੋਈ ਗੱਲ ਨਹੀਂ ਕਹੀ।

**ਮਾਨਯੋਗ ਡਿਪਟੀ ਸਪੀਕਰ :** ਮੈਂ ਸਾਰਿਆਂ ਨੂੰ ਬੇਨਤੀ ਕਰਾਂਗਾ ਕਿ ਕੋਈ ਐਸਾ ਰੈਫਰੈਂਸ ਨਹੀਂ ਹੋਣਾ ਚਾਹੀਦਾ ਜਿਸ ਦੇ ਨਾਲ ਕਿਸੇ ਦੇ ਮਨ ਨੂੰ ਕਿਸੇ ਦੇ ਪਰਿਵਾਰ ਦੀ ਆਭਾ ਨੂੰ ਠੇਸ ਪਹੁੰਚੇ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਤੁਸੀਂ ਇਸ ਤੇ ਆਪਣਾ ਫੈਸਲਾ ਦਿਓ ਕਿ ਤੁਸੀਂ ਇਹ ਲਫਜ਼ ਐਕਸਪੰਜ ਕਰਦੇ ਹੋ ਜਾਂ ਵਾਪਸ ਲੈਂਦੇ ਹੋ। ਇਹ ਲਫਜ਼ ਹਨ ਬਾਦਲ ਐਂਡ ਕੰਪਨੀ।

**Mr. Deputy Speaker :** I have allowed the Point of Order of Sardar Manpreet Singh Badal. That goes on record. That is all.

**ਖੁਰਾਕ ਅਤੇ ਸਪਲਾਈ ਮੰਤਰੀ (ਸ਼੍ਰੀ ਅਵਤਾਰ ਹੈਨਰੀ) :** ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਾਬਕਾ ਵਿੱਤ ਮੰਤਰੀ ਕੈਪਟਨ ਕੰਵਲਜੀਤ ਸਿੰਘ ਜੀ ਪਰਸੋਂ ਬੋਲ ਰਹੇ ਸੀ ਤਾਂ ਉਨ੍ਹਾਂ ਨੂੰ ਸਾਡੇ ਵੱਲੋਂ ਕਿਸੇ ਨੇ ਡਿਸਟਰਬ ਨਹੀਂ ਕੀਤਾ ਕਿਉਂਕਿ ਸਾਡੇ ਐਫ.ਐਮ. ਸਾਹਿਬ ਨੇ ਕਿਹਾ ਸੀ ਕਿ ਕਿਸੇ ਨੇ ਉਨ੍ਹਾਂ ਨੂੰ ਡਿਸਟਰਬ ਨਹੀਂ ਕਰਨਾ। ਇਸ ਕਰਕੇ ਕਿਸੇ ਨੇ ਕੋਈ ਪੁਆਇੰਟ ਆਫ ਆਰਡਰ ਵੀ ਨਹੀਂ ਕੀਤਾ। ਪਰੰਤੂ ਅੱਜ ਜਦੋਂ ਫਾਇਨਾਂਸ ਮਨਿਸਟਰ ਸਾਹਿਬ ਬੋਲ ਰਹੇ ਸਨ, ਇਨ੍ਹਾਂ ਸਾਰਿਆਂ ਨੇ ਉਦੋਂ ਆਬਜੈਕਟ ਵੀ ਕੀਤਾ ਔਰ ਪੁਆਇੰਟ ਆਫ ਆਰਡਰਜ਼ ਵੀ ਹੋਏ। ਇਸ ਤੋਂ ਇਲਾਵਾ ਹੁਣ ਜਦੋਂ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਬੋਲ ਰਹੇ ਤਾਂ ਵੀ ਸਾਡੇ ਵਾਲੇ ਪਾਸੇ ਤੋਂ ਕੋਈ ਨਹੀਂ ਬੋਲਿਆ। ਜੇਕਰ ਰਿਣਵਾਂ ਜੀ ਬੋਲੇ ਸੀ ਤਾਂ ਉਹ ਵੀ ਇਨ੍ਹਾਂ ਨੂੰ ਸੁਣ ਲੈਣਾ ਚਾਹੀਦਾ ਹੈ। ਤੁਸੀਂ ਵੀ ਧਾਂਦਲੀਆਂ ਕੀਤੀਆਂ ਹਨ। ਉਦੋਂ ਅਸੀਂ ਤੁਹਾਡੇ ਵਾਲੇ ਪਾਸੇ 14 ਬੈਠੇ ਸੀ ਜੋ ਸਾਡੇ ਨਾਲ ਤੁਸੀਂ ਕੀਤਾ, ਉਹ ਹੁਣ ਤੁਹਾਨੂੰ ਸੁਣਨੀਆਂ ਪੈਣਗੀਆਂ। ਜਿਹੜੇ ਦੂਸਰੀ ਵਾਰੀ ਚੁਣ ਕੇ ਆਏ ਹਨ ਉਹ ਜਾਣਦੇ ਹਨ ਕਿ ਸਾਡੇ ਨਾਲ ਤੁਸੀਂ ਕੀ ਕਰਦੇ ਰਹੇ ਹੋ। ਅਸੀਂ ਵੀ ਉਦੋਂ ਇਹੀ ਦੁਹਾਈ ਪਾਉਂਦੇ ਰਹਿੰਦੇ ਸੀ।

Original with;
Punjab Vidhan Sabha
Digitized by;

**Shri Sunil Kumar Jakhar :** Deputy Speaker Sahib, Point of Order. He has mentioned about Abohar. Let me raise the Point of Order.

**Mr. Deputy Speaker :** They have mentioned almost every city of Punjab. If you start answering, the sitting will go on till evening. The Minister is answering the debate, he will cover every thing. You have no need to reply. The Hon'ble Minister would reply.

**ਖੁਰਾਕ ਅਤੇ ਸਪਲਾਈ ਮੰਤਰੀ (ਸ਼੍ਰੀ ਅਵਤਾਰ ਹੈਨਰੀ) :** ਅਸੀਂ ਵੀ ਉਦੋਂ ਡੈਮੋਕਰੇਸੀ ਦੀ ਦੁਹਾਈ ਪਾਉਂਦੇ ਸੀ। ਅਸੀਂ ਇੱਥੇ ਕਾਲੇ ਚੋਲੇ ਪਾ ਕੇ ਬੈਠੇ ਰਹਿੰਦੇ ਸੀ ਪਰ ਤੁਸੀਂ ਸਾਨੂੰ ਕਿਸੇ ਨੇ ਪੁੱਛਿਆ ਤੱਕ ਨਹੀਂ। ਮੈਂ ਇੱਥੇ ਇਕੋ ਹੀ ਸੀ ਜਿਹੜਾ ਨਹੀਂ ਕੱਢਿਆ ਗਿਆ ਸੀ। ਉਸ ਵੇਲੇ ਮੈਂ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਚੇਅਰ ਦੇ ਰਾਹੀਂ ਬੇਨਤੀ ਕੀਤੀ ਸੀ ਕਿ ਕ੍ਰਿਪਾ ਕਰਕੇ ਇਹ ਜਿਹੜੇ ਕੱਢੇ ਹਨ ਇਨ੍ਹਾਂ ਦੀ ਗੱਲ ਤਾਂ ਸੁਣ ਲਓ, ਇਨ੍ਹਾਂ ਦੀ ਆਵਾਜ਼ ਸੁਣ ਲਓ। ਅੱਜ ਤੁਸੀਂ ਡੈਮੋਕਰੇਸੀ ਦੀ ਗੱਲ ਕਰਦੇ ਹੋ। ਅਗਰ ਅੱਜ ਇਹ ਗੱਲ ਹੁੰਦੀ ਹੈ ਜਦੋਂ ਇਹ ਬੋਲੇ ਹਨ ਤਾਂ ਇਹ ਠੀਕ ਬੋਲੇ ਹਨ ਕਿ ਜਲਾਲਾਬਾਦ ਵਿੱਚ ਕੀ ਕੀ ਹੋਇਆ। ਇਹ ਸਹੀ ਹੋਇਆ। ਮੇਰੀਆਂ ਤਾ ਇੰਨੀਆਂ ਹੀ ਬੇਨਤੀਆਂ ਹਨ। ਇਨ੍ਹਾਂ ਨੂੰ ਹੁਣ ਤਕਰਾਰ ਨਹੀਂ ਕਰਨਾ ਚਾਹੀਦਾ, ਸੁਣ ਵੀ ਲੈਣਾ ਚਾਹੀਦਾ ਹੈ। ਵਿਘਨ....

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ (ਚੌਧਰੀ ਜਗਜੀਤ ਸਿੰਘ) :** ਡਿਪਟੀ ਸਪੀਕਰ ਸਾਹਿਬ, ਮੈਂ......

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਪਹਿਲੇ ਪੁਆਇੰਟ ਤੇ ਡਿਸਕਸ਼ਨ ਹੋ ਰਹੀ ਹੈ। ਮੈਂ ਇਕ ਕਲੈਰੀਫਿਕੇਸਨ ਲੈਣੀ ਹੈ।

**ਮਾਨਯੋਗ ਡਿਪਟੀ ਸਪੀਕਰ :** ਤੁਸੀਂ ਕਲੈਰੀਫਿਕੇਸ਼ਨ ਬਾਅਦ ਵਿੱਚ ਲੈ ਲੈਣਾ। ਹੁਣ ਹੋਰ ਟਾਈਮ ਹੈ ਨਹੀਂ। ਪਹਿਲਾਂ ਹੀ 2.12 ਹੋ ਗਏ ਹਨ। ਤੁਸੀਂ ਪਲੀਜ਼ ਬੈਠੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਤੁਸੀਂ ਪਹਿਲਾਂ ਮੈਨੂੰ ਬੋਲਣ ਲਈ ਅਲਾਓ ਹੀ ਨਹੀਂ ਕੀਤਾ।

**ਮਾਨਯੋਗ ਡਿਪਟੀ ਸਪੀਕਰ :** ਤੁਸੀਂ ਉਦੋਂ ਬੋਲਣ ਲਈ ਟਾਈਮ ਮੰਗ ਲੈਂਦੇ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਤੁਸੀਂ ਮੈਨੂੰ ਅੱਧਾ ਸਕਿੰਟ ਬੋਲਣ ਲਈ ਦੇ ਦਿਓ।

**ਮਾਨਯੋਗ ਡਿਪਟੀ ਸਪੀਕਰ :** ਅੱਧਾ ਸਕਿੰਟ ਤਾਂ ਹੋ ਗਿਆ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਤੁਸੀਂ ਮੈਨੂੰ ਬੋਲਣ ਲਈ ਅਲਾਓ ਤਾਂ ਕਰੋ, ਫਿਰ ਹੀ ਬੋਲਾਂਗਾ।

**ਮਾਨਯੋਗ ਡਿਪਟੀ ਸਪੀਕਰ :** ਤੁਸੀਂ ਜੋ ਕਹਿ ਰਹੇ ਹੋ ਕਿ ਮੈਂ ਤਾਂ ਉਸ ਤੋਂ ਪਹਿਲਾਂ ਖੜ੍ਹਾ ਸੀ। ਉਦੋਂ ਤੁਸੀਂ ਟਾਈਮ ਲੈ ਲੈਂਦੇ। ਹੁਣ ਨਹੀਂ। ਹੁਣ ਤੁਸੀਂ ਬੈਠ ਜਾਓ। ਮਨਿਸਟਰ ਸਾਹਿਬ ਬੋਲਣ ਲਈ ਖੜ੍ਹੇ ਹਨ। I cannot allow you. It will take 10 minutes to tell you that I do not have time to allow you. Kindly take your seat. Let the Minister reply the debate.

Original with;
Punjab Vidhan Sabha
Digitized by;

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੋਜ਼ਗਾਰ ਮੰਤਰੀ (ਚੌਧਰੀ ਜਗਜੀਤ ਸਿੰਘ)** : ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਅੱਜ ਜੋ ਪੰਜਾਬ ਦੀਆਂ ਮਿਊਂਸਿਪਲ ਚੋਣਾਂ ਹੋਈਆਂ ਹਨ ਉਨ੍ਹਾਂ ਚੋਣਾਂ ਸਬੰਧੀ ਇਨ੍ਹਾਂ ਨੇ (ਵਿਰੋਧੀ ਧਿਰ ਵੱਲ ਇਸ਼ਾਰਾ) ਜੋ ਰੈਜ਼ੋਲਿਊਸ਼ਨ ਰੱਖਿਆ ਉਸ ਤੇ ਜਵਾਬ ਦੇਣ ਲਈ ਸਮਾਂ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਚੋਣਾਂ ਦੀ ਗੱਲ ਤਾਂ ਬਾਅਦ ਵਿਚ ਥੋੜ੍ਹੀ ਜਿਹੀ ਕਰਾਂਗਾ। ਪਹਿਲਾਂ ਮੈਂ ਕਹਿਣਾ ਚਾਹਾਂਗਾ ਕਿ ਕਿਉਂ ਜੋ ਸਾਡੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਡੈਮੋਕਰੇਸੀ ਅਤੇ ਜਮਹੂਰੀਅਤ ਦਾ ਬੜਾ ਰੌਲਾ ਪਾਇਆ ਹੈ ਕਿ ਉਨ੍ਹਾਂ ਦੀ ਅਕਾਲੀ-ਬੀ.ਜੇ.ਪੀ. ਦੀ ਸਰਕਾਰ ਦੇ ਸਮੇਂ ਇਲੈਕਸ਼ਨਾਂ ਬੜੀਆਂ ਜਮਹੂਰੀ ਤਰੀਕੇ ਨਾਲ ਕਰਵਾਈਆਂ ਜਾਂਦੀਆਂ ਰਹੀਆਂ ਹਨ। ਲੇਕਿਨ ਹੁਣ ਦੀ ਕਾਂਗਰਸ ਸਰਕਾਰ ਨੇ ਜਮਹੂਰੀਅਤ ਨੂੰ ਇਕ ਪਾਸੇ ਰੱਖ ਦਿਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹਾਂਗਾ ਕਿ ਇਨ੍ਹਾਂ ਦੇ ਪਿਛੋਕੜ ਵੱਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਇਹ ਸਾਡੇ ਭਰਾ ਜਦੋਂ ਅਕਾਲੀ-ਬੀ.ਜੇ.ਪੀ.. ਦਾ ਪੰਜ ਸਾਲ ਪੰਜਾਬ ਵਿਚ ਰਾਜ ਰਿਹਾ ਹੈ ਤਾਂ ਉਸ ਸਮੇਂ ਪੰਚਾਇਤਾਂ ਦੀਆਂ ਚੋਣਾਂ ਹੋਈਆਂ ਸਨ। ਉਨ੍ਹਾਂ ਪੰਚਾਇਤਾਂ ਦੀਆਂ ਚੋਣਾਂ ਵਿਚ ਜਿਸ ਤਰੀਕੇ ਨਾਲ ਇਨ੍ਹਾਂ ਨੇ ਪਿੰਡਾਂ ਵਿਚ ਆਪਣੇ ਪੰਚ ਅਤੇ ਸਰਪੰਚ ਬਣਾਉਣ ਦਾ ਯਤਨ ਕੀਤਾ, ਉਸ ਬਾਰੇ ਮੈਂ ਦੱਸਦਾ ਹਾਂ ਕਿ ਉਸ ਸਮੇਂ ਇਨ੍ਹਾਂ ਨੇ ਬਿਲਕੁਲ ਪੰਜਾਬ ਵਿਚ ਡੈਮੋਕਰੇਸੀ ਨੂੰ ਖਤਮ ਕਰ ਦਿਤਾ ਸੀ। ਇਨ੍ਹਾਂ ਨੇ ਆਪਣੀ ਮਰਜ਼ੀ ਨਾਲ ਜਿੰਨੇ ਵੀ ਰਿਟਰਨਿੰਗ ਅਫਸਰ ਲਗਾਏ ਸਨ, ਉਨ੍ਹਾਂ ਨੂੰ ਹੁਕਮ ਦਿੱਤਾ ਕਿ ਜਿਹੜੀਆਂ ਪਹਿਲੀਆਂ ਵੋਟਰ ਲਿਸਟਾਂ ਬਣੀਆਂ ਸਨ, ਕਿਉਂਕਿ ਬਦਕਿਸਮਤੀ ਨਾਲ ਅਸੈਂਬਲੀ ਦੀਆਂ ਚੋਣਾਂ ਵਿਚ ਵੱਖਰੀ ਫਰਿਸ਼ਤ ਹੁੰਦੀ ਹੈ ਅਤੇ ਪੰਚਾਇਤਾਂ ਦੀਆਂ ਚੋਣਾਂ ਵਿਚ ਵੱਖਰੀ ਫਰਿਸ਼ਤ ਹੁੰਦੀ ਹੈ। ਜਿਹੜੀਆਂ ਪਹਿਲੀਆਂ ਵੋਟਰ ਲਿਸਟਾਂ ਸਨ, ਉਨ੍ਹਾਂ ਨੂੰ ਨਹੀਂ ਦੇਖਿਆ ਬਲਕਿ ਬੀ.ਡੀ.ਓ. ਦੁਆਰਾ ਨਵੀਆਂ ਵੋਟਾਂ ਬਣਾਈਆਂ ਗਈਆਂ ਸਨ ਅਤੇ ਉਹ ਵੀ ਆਪਣੀ ਮਰਜ਼ੀ ਨਾਲ ਬਣਾਈਆਂ ਗਈਆਂ ਸਨ। ਵੋਟਾਂ ਬਣਾਉਣ ਤੋਂ ਜਦੋਂ ਇਲੈਕਸ਼ਨਾਂ ਹੋਈਆਂ ਅਤੇ ਕਾਗਜ ਦਾਖਲ ਕਰਨ ਦਾ ਸਮਾਂ ਆਇਆ। ਉਸ ਵੇਲੇ ਸਾਡੇ 40% ਪੰਚਾਂ ਅਤੇ ਸਰਪੰਚਾਂ ਦੇ ਕਾਗਜ਼ ਰੱਦ ਕਰ ਦਿੱਤੇ ਅਤੇ ਆਪਣੇ ਸਰਪੰਚ ਬਣਾ ਲਏ। ਜਦੋਂ ਸਾਡੇ ਵੋਟਰ ਵੋਟਾਂ ਪਾਉਣ ਗਏ ਤਾਂ ਉਨ੍ਹਾਂ ਦੇ ਨਾਂ ਲਿਸਟਾਂ ਵਿਚ ਨਹੀਂ ਸਨ। ਉਸ ਵੇਲੇ ਸਾਰੇ ਪੰਜਾਬ ਵਿਚ ਲੋਕ ਕੁਰਲਾ ਉਠੇ ਸਨ। ਜੇ ਕਿਸੇ ਨੇ ਸ਼ਕਾਇਤ ਕੀਤੀ . . . .

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ।

**Mr. Deputy Speaker :** No, No. Minister is to reply the debates.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਡਿਪਟੀ ਸਪੀਕਰ ਸਾਹਿਬ, ਇਹ ਤਾਂ ਹਰ ਇਕ ਮੈਂਬਰ ਦਾ ਰਾਈਟ ਹੈ ਪੁਆਇੰਟ ਆਫ ਆਰਡਰ ਕਰਨ ਦਾ।

**ਮਾਨਯੋਗ ਡਿਪਟੀ ਸਪੀਕਰ** : ਅੱਛਾ ਦੱਸੋ, ਤੁਹਾਡਾ ਪੁਆਇੰਟ ਆਫ ਆਰਡਰ ਕੀ ਹੈ ?

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ** ** ** **

**ਮਾਨਯੋਗ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

---

* Expunged as ordered by the Chair.

Original with;
Punjab Vidhan Sabha
Digitized by;
Punjab Digital Library

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ** : ਡਿਪਟੀ ਸਪੀਰਕ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਕੁਝ ਇਹ ਪਿਛੇ ਕਰਦੇ ਰਹੇ ਹਨ, ਪਹਿਲਾਂ ਉਸ ਬਾਰੇ ਦੱਸਿਆ ਜਾਵੇ। ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਸਾਰੀਆਂ ਗੱਲਾਂ ਕਹੀਆਂ ਹਨ। ਅਕਾਲੀ-ਬੀ.ਜੇ.ਪੀ. ਗਠਬੰਧਨ ਨੇ ਪਿਛਲੀਆਂ ਹੋਈਆਂ ਅਸੈਂਬਲੀ ਦੀਆਂ ਚੋਣਾਂ ਵਿਚ ਇਕ ਬੜੀ ਵੱਡੀ ਸਾਜਸ਼ ਰਚੀ ਸੀ। ਉਹ ਸਾਜਸ਼ ਕੀ ਰਚੀ ਸੀ। ਉਹ ਇਹ ਸੀ ਕਿ ਸਾਰੇ ਪੰਜਾਬ ਵਿਚ ਵੇਖਿਆ ਜਾਵੇ ਕਿ ਸਾਰੀਆਂ ਕੰਸਟੀਚਿਊਐਂਸੀਆਂ ਵਿਚ ਕਿਹੜੇ ਕਿਹੜੇ ਲੋਕ ਕਾਂਗਰਸ ਨੂੰ ਵੋਟਾਂ ਪਾ ਸਕਦੇ ਹਨ। ਉਨ੍ਹਾਂ ਵਿਚ ਵੱਡੀ ਗਿਣਤੀ ਵਿਚ ਦਲਿਤ ਲੋਕ ਸਨ। ਇਨ੍ਹਾਂ ਨੇ ਹਰੇਕ ਕੰਸਟੀਚਿਊਐਂਸੀ ਵਿਚ ਕਿਧਰੇ 10 ਹਜ਼ਾਰ ਵੋਟਾਂ ਕਟਵਾ ਦਿੱਤੀਆਂ ਅਤੇ ਕਿਧਰੇ 8 ਹਜ਼ਾਰ ਵੋਟਾਂ ਕਟਵਾ ਦਿੱਤੀਆਂ . . . (ਵਿਘਨ)

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਪੁਆਇੰਟ ਆਫ ਆਰਡਰ।

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੋਜ਼ਗਾਰ ਮੰਤਰੀ** : ਡਿਪਟੀ ਸਪੀਕਰ ਸਾਹਿਬ ਅਸੀਂ ਇਨ੍ਹਾਂ ਨੂੰ ਡਿਸਟਰਬ ਨਹੀਂ ਕਰਦੇ ਜਦੋਂ ਇਹ ਬੋਲਦੇ ਹਨ। ਹੁਣ ਇਹ ਸੁਣਨ ਦਾ ਮਾਦਾ ਵੀ ਰੱਖਣ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਜੋ ਕੁਝ ਇਹ ਕਰਦੇ ਰਹੇ ਹਨ.......।

## ਵਾਕ ਆਊਟ

(ਇਸ ਸਮੇਂ ਸਦਨ ਵਿੱਚ ਹਾਜ਼ਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ** ** ਨਾਅਰੇ ਲਗਾ ਰਹੇ ਸਨ)

**ਮਾਨਯੋਗ ਡਿਪਟੀ ਸਪੀਕਰ** : ਕੀ ਤੁਸੀਂ ਇਨ੍ਹਾਂ ਨੂੰ ਸੁਣਨ ਲਈ ਤਿਆਰ ਹੋ? ਕਿਰਪਾ ਕਰਕੇ ਤੁਸੀਂ ਬੈਠੋ। You cannot force the Minister to give reply. ਕਿਰਪਾ ਕਰਕੇ ਬੈਠ ਜਾਓ। You cannot interrupt the Minister.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸੰਸਦੀ ਮਾਮਲਿਆਂ ਦੇ ਮੰਤਰੀ ਵਲੋਂ ਦਿੱਤੀ ਜਾ ਰਹੀ ਸਪੀਚ ਦੇ ਵਿਰੋਧ ਵਿੱਚ ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

**ਮਾਨਯੋਗ ਡਿਪਟੀ ਸਪੀਕਰ** : ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸਥਾਨਕ ਸਰਕਾਰ ਸੰਸਦੀ ਮਾਮਲੇ ਅਤੇ ਕਿਰਤ ਤੇ ਰੋਜ਼ਗਾਰ ਮੰਤਰੀ** : ਤੁਸੀਂ ਜਿਹੜੀਆਂ ਕਰਤੂਤਾਂ ਕਰਦੇ ਰਹੇ ਹੋ, ਸੁਣ ਕੇ ਜਾਓ। ਦੌੜਦੇ ਕਿਉਂ ਹੋ ? ਤੁਸੀਂ ਫੇਸ ਨਹੀਂ ਕਰ ਸਕਦੇ ?

**ਸ੍ਰੀ ਡਿਪਟੀ ਸਪੀਕਰ** : "ਜਾਨਾ ਥਾ ਹਮ ਸੇ ਦੂਰ,

ਬਹਾਨੇ ਬਨਾ ਲੀਏ . . ."

---

** Not recorded as ordered by the Chair.

Original with;
Punjab Vidhan Sabha
Digitized by;

MOTION UNDER RULE 77 *(Resumption)*

**ਸਥਾਨਕ ਸਰਕਾਰ, ਸੰਸਦੀ ਮਾਮਲੇ ਅੰਤੇ ਕਿਰਤ ਤੇ ਰੋਜ਼ਗਾਰ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਅਸੈਂਬਲੀ ਦੇ ਇਲੈਕਸ਼ਨਾਂ ਵੇਲੇ ਹਰ ਕੰਸਟੀਚੂਐਂਸੀ ਵਿਚੋਂ 12-12 ਹਜ਼ਾਰ ਵੋਟਾਂ ਕਟਾ ਦਿੱਤੀਆਂ ਅਤੇ ਜਦੋਂ ਲੋਕ ਵੋਟਾਂ ਪਾਉਣ ਲਈ ਗਏ ਤਾਂ ਪਰਚੀਆਂ ਉਨ੍ਹਾਂ ਦੇ ਹੱਥ ਵਿੱਚ ਸਨ ਪਰ ਵੋਟਰ ਲਿਸਟਾਂ ਵਿਚੋਂ ਉਨ੍ਹਾਂ ਦੇ ਨਾਮ ਕੱਟੇ ਹੋਏ ਸਨ। ਪ੍ਰੀਜ਼ਾਈਡਿੰਗ ਅਫ਼ਸਰ ਕੋਲ ਉਹ ਜਾਂਦੇ ਸਨ ਤਾਂ ਉਨ੍ਹਾਂ ਦੇ ਨਾਮਾਂ ਤੇ ਲਾਲ ਲਕੀਰ ਫੇਰੀ ਹੁੰਦੀ ਸੀ। ਡੈਮੋਕਰੇਸੀ ਨੂੰ ਬੀ.ਜੇ.ਪੀ. ਅਤੇ ਸ਼੍ਰੋਮਣੀ ਅਕਾਲੀ ਦਲ ਨੇ ਖਤਮ ਕਰਨ ਦਾ ਯਤਨ ਕੀਤਾ। ਇਹ ਇਸ ਕਰਕੇ ਕਰਦੇ ਰਹੇ ਕਿਉਂਕਿ ਇਹ ਸੱਤਾ ਵਿਚ ਆਉਣਾ ਚਾਹੁੰਦੇ ਸਨ। ਵੋਟਾਂ ਕੱਟ ਕੇ ਇਨ੍ਹਾਂ ਨੇ ਇਲੈਕਸ਼ਨ ਕਰਵਾਇਆ ਅਤੇ ਫਿਰ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਵੋਟਾਂ ਵੀ ਕੱਟੀਆਂ ਗਈਆਂ ਅਤੇ ਇਲੈਕਸ਼ਨਾਂ ਵੀ ਹੋਈਆਂ। ਲੋਕਾਂ ਨੇ 12-12 ਹਜ਼ਾਰ ਵੋਟਾਂ ਕੱਟਣ ਦੇ ਬਾਵਜੂਦ ਵੀ ਇਨ੍ਹਾਂ ਨੂੰ ਦੁਰਕਾਰ ਦਿੱਤਾ, ਰੀਜੈਕਟ ਕਰ ਦਿੱਤਾ। ਕਿਉਂਕਿ ਇਹ ਸਮਝਦੇ ਸਨ ਕਿ ਇਨ੍ਹਾਂ ਨੇ ਪੰਜ ਸਾਲ ਦੇ ਰਾਜ ਵਿੱਚ ਜੋ ਧਾਂਦਲੀਆਂ ਅਤੇ ਕੁਰੱਪਸ਼ਨ ਕੀਤੀ ਹੈ, ਲੋਕਾਂ ਨੇ ਇਨ੍ਹਾਂ ਨੂੰ ਮੂੰਹ ਨਹੀਂ ਲਗਾਉਣਾ। ਅੱਜ ਇਹ ਮਿਊਂਸਿਪਲ ਕਮੇਟੀ ਦੀਆਂ ਚੋਣਾਂ ਦੀ ਗੱਲ ਕਰਦੇ ਹਨ ਕਿ ਮਿਊਂਸਿਪਲ ਕਮੇਟੀ ਦੀਆਂ ਚੋਣਾਂ ਵਿਚ ਧਾਂਦਲੀਆਂ ਹੋਈਆਂ ਹਨ। ਮੈਂ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਮੁੱਖ ਮੰਤਰੀ ਜਦੋਂ ਇਲੈਕਸ਼ਨ ਵਿੱਚ ਗਏ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਸ ਵੇਲੇ ਹਿੰਦੁਸਤਾਨ ਦਾ ਜਿਹੜਾ ਇਲੈਕਸ਼ਨ ਕਮਿਸ਼ਨ ਹੈ, ਉਸ ਨੇ ਮੁਕਤਸਰ ਦੇ ਡਿਪਟੀ ਕਮਿਸ਼ਨਰ, ਜਿਸ ਨੇ ਵੋਟਾਂ ਕੱਟੀਆਂ ਸਨ, ਸ਼੍ਰ: ਕੇ.ਜੇ.ਐਸ. ਚੀਮਾ ਨੂੰ ਉਥੋਂ ਟਰਾਂਸਫਰ ਕੀਤਾ ਅਤੇ ਇਸੇ ਤਰ੍ਹਾਂ ਡਿਪਟੀ ਕਮਿਸ਼ਨਰ, ਕਪੂਰਥਲਾ ਸ਼੍ਰੀ ਅਗਰਵਾਲ ਨੂੰ ਟਰਾਂਸਫਰ ਕੀਤਾ ਅਤੇ ਹੋਰ ਕਈ ਐਸ.ਡੀ.ਐਮਜ਼ ਨੂੰ ਸਸਪੈਂਡ ਕੀਤਾ। ਇਹ ਬੀ.ਜੇ.ਪੀ. ਅਤੇ ਸ਼੍ਰੋਮਣੀ ਅਕਾਲੀ ਦਲ ਵਾਲੇ ਜ਼ਮਹੂਰੀਅਤ ਨੂੰ ਖਤਮ ਕਰਨਾ ਚਾਹੁੰਦੇ ਸਨ ਅਤੇ ਵੋਟਾਂ ਕੱਟੀਆਂ ਕਿਉਂਕਿ ਮੁੜ ਕੇ ਸੱਤਾ ਵਿਚ ਆਉਣਾ ਚਾਹੁੰਦੇ ਸਨ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਜ਼ਮਹੂਰੀਅਤ ਦੀਆਂ ਕਦਰਾਂ ਕੀਮਤਾਂ ਨੂੰ ਕਿੰਨਾ ਕੁ ਸਮਝਦੇ ਹਨ। ਇਕ ਮਿਸਾਲ ਮੈਂ ਹੋਰ ਦੇਣੀ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਵੇਲੇ ਅੰਮ੍ਰਿਤਸਰ ਮਿਊਂਸਿਪਲ ਕਾਰਪੋਰੇਸ਼ਨ ਦੇ ਮੇਅਰ ਦੀ ਚੋਣ ਹੋਣੀ ਸੀ ਅਤੇ ਜਦੋਂ ਮੇਅਰ ਦੀ ਚੋਣ ਉਥੇ ਕੀਤੀ ਗਈ ਉਦੋਂ ਸਥਾਨਕ ਸਰਕਾਰ ਮੰਤਰੀ, ਬ੍ਰਹਮਪੁਰਾ ਜੀ, ਡਾਕਟਰ ਰਤਨ ਸਿੰਘ ਜੀ ਅਤੇ ਚਾਵਲਾ ਜੀ ਉਥੇ ਹਾਜ਼ਰ ਸਨ। ਇਲੈਕਸ਼ਨ ਕਮਿਸ਼ਨਰ, ਜਲੰਧਰ ਨੇ ਚੋਣ ਕਰਾਉਣੀ ਸੀ। ਚੁਣਾਓ ਹੋ ਗਿਆ, ਵੋਟਾਂ ਪੈ ਗਈਆਂ। 24 ਵੋਟਾਂ ਕਾਂਗਰਸ ਦੇ ਸੁਨੀਲ ਦੱਤੀ ਨੂੰ ਪਈਆਂ ਅਤੇ 23 ਬੀ.ਜੇ.ਪੀ. ਦੇ ਕੈਂਡੀਡੇਟ ਨੂੰ ਪਈਆਂ ਅਤੇ ਫਿਰ ਇਨ੍ਹਾਂ ਨੇ ਰੌਲਾ ਪਾ ਦਿੱਤਾ। ਇਨ੍ਹਾਂ ਨੇ ਧੱਕਾ ਕੀਤਾ ਅਤੇ ਇਨ੍ਹਾਂ ਨੇ ਰੌਲਾ ਪਾ ਦਿੱਤਾ। ਰੌਲਾ ਪਾ ਕੇ ਇਨ੍ਹਾਂ ਨੇ 24 ਵੋਟਾਂ ਵਿੱਚੋਂ 1 ਵੋਟ ਕੈਂਸਲ ਕਰਵਾਈ। ਫਿਰ ਇਨ੍ਹਾਂ ਨੇ ਰੌਲਾ ਪਾ ਕੇ ਕਹਿ ਦਿੱਤਾ ਕਿ ਲਾਟਰੀ ਪਾਈ ਜਾਵੇਗੀ ਪਰ ਫਿਰ ਲਾਟਰੀ ਵੀ ਨਹੀਂ ਪਾਈ ਤੇ ਬੀ.ਜੇ.ਪੀ. ਦਾ ਕੈਂਡੀਡੇਟ ਇਨ੍ਹਾਂ ਨੇ ਮੇਅਰ ਬਣਾ ਦਿੱਤਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਕਿ ਅਸੀਂ ਸਾਫ ਹਾਂ ਪਰ ਇਨ੍ਹਾਂ ਨੇ ਧੱਕੇ ਨਾਲ ਅੰਮ੍ਰਿਤਸਰ ਦਾ ਮੇਅਰ ਬਣਵਾਇਆ। ਇਹ ਜਮਹੂਰੀਅਤ ਦਾ ਬੇੜਾ ਗਰਕ ਕਰ ਰਹੇ ਹਨ। ਇੱਥੇ ਬੱਸ ਨਹੀਂ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਹੁਣੇ ਜਿਹੜੀਆਂ ਚੋਣਾਂ ਹੋਈਆਂ ਹਨ, ਉਨ੍ਹਾਂ ਚੋਣਾਂ ਨੂੰ ਕਰਵਾਉਣ ਵਾਲੇ ਕੌਣ ਹਨ? ਸਾਡੇ ਪੰਜਾਬ ਦੇ ਇਲੈਕਸ਼ਨ ਕਮਿਸ਼ਨਰ ਸ਼੍ਰੀ ਸੀ.ਐਲ.ਬੈਂਸ ਜਿਨ੍ਹਾਂ ਨੂੰ ਪੰਜਾਬ ਸਰਕਾਰ ਨੇ ਮੁਕੱਰਰ ਕੀਤਾ। ਉਨ੍ਹਾਂ ਨੇ ਸਾਨੂੰ ਕਿਹਾ ਸੀ ਕਿ ਮੈਂ ਬੜੀ ਫੇਅਰ ਇਲੈਕਸ਼ਨ ਕਰਵਾਵਾਂਗਾ। ਇਨ੍ਹਾਂ ਦੇ ਸਮੇਂ ਵੀ

Original with;
Punjab Vidhan Sabha
Digitized by;
Panjab Digital Library

ਇਲੈਕਸ਼ਨ ਹੋਏ ਪਰ ਉਸ ਸਮੇਂ ਪੰਜਾਬ ਵਿੱਚ ਕਦੀ ਫੇਅਰ ਇਲੈਕਸ਼ਨ ਨਹੀਂ ਹੋਏ, ਧੱਕੇ ਨਾਲ ਇਲੈਕਸ਼ਨ ਹੋਏ ਪਰ ਹੁਣ ਸਾਡੇ ਇਲੈਕਸ਼ਨ ਕਮਿਸ਼ਨਰ ਨੇ ਫੇਅਰ ਇਲੈਕਸ਼ਨ ਕਰਵਾਏ ਔਰ ਕੋਈ ਪੰਜਾਬ ਵਿੱਚ ਧਾਂਦਲੀ ਨਹੀਂ ਹੋਈ। ਅੱਜ ਜਿਹੜਾ ਇਹ ਰੌਲਾ ਪਾਉਂਦੇ ਹਨ, ਮੈਂ ਕਹਿਣਾ ਚਾਹੁੰਦਾ ਹਾਂ ਕਿ ਰੌਲਾ ਇਲੈਕਸ਼ਨਾਂ ਦਾ ਨਹੀਂ ਬਲਕਿ ਜਿਹੜੀ ਇਨ੍ਹਾਂ ਨੂੰ ਹਾਰ ਹੋਈ ਹੈ, ਉਸ ਦਾ ਹੈ। ਲੋਕਾਂ ਨੇ ਇਨ੍ਹਾਂ ਨੂੰ ਪੰਜਾਬ ਵਿੱਚ ਦੁਰਕਾਰ ਦਿੱਤਾ ਹੈ ਔਰ ਇਨ੍ਹਾਂ ਨੂੰ ਮੂੰਹ ਨਹੀਂ ਲਗਾਇਆ। ਮੈਂ ਇਸ ਬਾਰੇ ਅੰਕੜੇ ਵੀ ਪੇਸ਼ ਕਰਨੇ ਚਾਹੁੰਦਾ ਹਾਂ। 91 ਮਿਊਂਸਿਪਲ ਕਮੇਟੀਆਂ ਦੇ ਪੰਜਾਬ ਵਿੱਚ ਇਲੈਕਸ਼ਨ ਹੋਏ। ਇਸ ਸਮੇਂ 76 ਮਿਊਂਸਿਪਲ ਕਮੇਟੀਆਂ ਦੇ ਪ੍ਰਧਾਨ ਚੁਣੇ ਜਾ ਚੁੱਕੇ ਹਨ ਜਿਨ੍ਹਾਂ ਵਿੱਚੋਂ 55 ਕਾਂਗਰਸ ਪਾਰਟੀ ਦੇ ਪ੍ਰਧਾਨ ਹਨ ਔਰ ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਪਾਰਟੀ ਦੇ ਸਿਰਫ 2 ਹੀ ਪ੍ਰਧਾਨ ਚੁਣੇ ਗਏ ਹਨ। ਪੰਜਾਬ ਦੇ ਲੋਕਾਂ ਨੇ ਇਨ੍ਹਾਂ ਦੀ ਫੱਟੀ ਪੋਚ ਦਿੱਤੀ ਹੈ। ਇਨ੍ਹਾਂ ਨੂੰ ਦੁਰਕਾਰ ਦਿੱਤਾ ਹੈ। ਅੱਜ ਇਹ ਰੌਲਾ ਪਾ ਰਹੇ ਹਨ ਕਿਉਂਕਿ ਇਹ ਸੱਤਾ ਵਿੱਚ ਨਹੀਂ ਆ ਸਕੇ, ਮਿਊਂਸਿਪਲ ਕਮੇਟੀਆਂ ਤੇ ਕਬਜ਼ਾ ਨਹੀਂ ਕਰ ਸਕੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਬਜ਼ੇ ਕਰਨੇ ਜਾਂ ਧਾਂਦਲੀ ਕਰਨੀ ਕਾਂਗਰਸ ਪਾਰਟੀ ਦਾ ਕੰਮ ਨਹੀਂ ਹੈ। ਕਾਂਗਰਸ ਪਾਰਟੀ ਦੇ ਵਰਕਰ ਔਰ ਕਾਂਗਰਸ ਪਾਰਟੀ ਇੱਕ ਡਿਸਿਪਲਨਡ ਪਾਰਟੀ ਹੈ। ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਜੀ ਦੀ ਅਗਵਾਈ ਹੇਠ ਸਾਰੇ ਪ੍ਰੋਗਰਾਮ ਚਲਦੇ ਹਨ। ਕੈਪਟਨ ਅਮਰਿੰਦਰ ਸਿੰਘ ਔਰ ਕਾਂਗਰਸ ਪਾਰਟੀ ਦੀ ਸਰਕਾਰ ਇਹ ਬਿਲਕੁਲ ਨਹੀਂ ਚਾਹੁੰਦੀ ਕਿ ਜਮਹੂਰੀਅਤ ਦਾ ਜੋ ਹੱਕ ਲੋਕਾਂ ਨੂੰ ਮਿਲਿਆ ਹੈ, ਉਹ ਮਾਰਿਆ ਜਾਵੇ। ਇਸ ਲਈ ਪੰਜਾਬ ਵਿੱਚ ਫੇਅਰ ਤਰੀਕੇ ਨਾਲ ਇਲੈਕਸ਼ਨ ਹੋਏ ਹਨ।

## EXTENSION OF TIME OF THE SITTING OF THE HOUSE

**ਮਾਨਯੋਗ ਡਿਪਟੀ ਸਪੀਕਰ** : ਤੁਸੀਂ ਹੁਣ ਵਾਈਂਡ ਅੱਪ ਕਰੋ ਕਿਉਂਕਿ ਹਾਊਸ ਦਾ ਸਮਾਂ ਖਤਮ ਹੋਣ ਵਾਲਾ ਹੈ ਤੇ ਇਹ ਐਕਸਟੈਂਡ ਨਹੀਂ ਹੋ ਸਕਦਾ।

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ** : ਡਿਪਟੀ ਸਪੀਕਰ ਸਾਹਿਬ, ਹਾਊਸ ਥੋੜ੍ਹਾ ਜਿਹਾ ਐਕਸਟੈਂਡ ਕਰ ਲਓ। ਮੈਂ 2-3 ਮਿੰਟ ਤੱਕ ਹੋਰ ਜਵਾਬ ਦੇਣਾ ਹੈ।

**ਮਾਨਯੋਗ ਡਿਪਟੀ ਸਪੀਕਰ** : ਜੇ ਹਾਊਸ ਦੀ ਮਰਜ਼ੀ ਹੋਵੇ ਤਾਂ ਜਦੋਂ ਤੱਕ ਮੰਤਰੀ ਜੀ ਜਵਾਬ ਖਤਮ ਨਹੀਂ ਕਰਦੇ, ਉਦੋਂ ਤੱਕ ਹਾਊਸ ਦਾ ਸਮਾਂ ਐਕਸਟੈਂਡ ਕਰ ਲਿਆ ਜਾਵੇ।

(ਅਵਾਜ਼ਾਂ : ਹਾਂ ਜੀ, ਹਾਂ ਜੀ)

**ਮਾਨਯੋਗ ਡਿਪਟੀ ਸਪੀਕਰ** : ਹਾਊਸ ਦਾ ਸਮਾਂ ਮੰਤਰੀ ਜੀ ਦੇ ਜਵਾਬ ਦੇਣ ਤੱਕ ਵਧਾਇਆ ਜਾਂਦਾ ਹੈ।

## MOTION UNDER RULE 77 *(Resumption)*

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਕਾਂਗਰਸ ਪਾਰਟੀ ਨੇ ਲੋਕਾਂ ਨੂੰ ਉਨ੍ਹਾਂ ਦਾ ਹੱਕ ਦਿੱਤਾ। ਅਸੀਂ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝੇ ਨਹੀਂ ਕਰਨਾ ਚਾਹੁੰਦੇ। ਡਿਪਟੀ ਸਪੀਕਰ ਸਾਹਿਬ, ਮੈਂ ਜ਼ੀਰਕਪੁਰ ਮਿਊਂਸਿਪਲ ਕਮੇਟੀ ਦੀ ਗੱਲ ਕਰਨੀ ਚਾਹੁੰਦਾ ਹਾਂ। ਮੈਂ ਇਸ ਦੇ

Original with;
Punjab Vidhan Sabha
Digitized by;

[ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ]

ਪਿਛੋਕੜ ਵਿੱਚ ਥੋੜ੍ਹੀ ਜਿਹੀ ਗੱਲ ਕਹਿਣੀ ਹੈ। ਜ਼ੀਰਕਪੁਰ ਵਿੱਚ ਅਸੰਬਲੀ ਇਲੈਕਸ਼ਨ ਹੋਏ। ਕੈਪਟਨ ਕੰਵਲਜੀਤ ਸਿੰਘ ਜੀ ਦੀ ਆਦਤ ਹੈ ਕਿ ਜਦੋਂ ਵੀ ਇਲੈਕਸ਼ਨ ਹੋਵੇ ਭਾਵੇਂ ਮਿਊਂਸਿਪਲ ਕਮੇਟੀ ਦਾ ਹੋਵੇ, ਭਾਵੇਂ ਅਸੰਬਲੀ ਦਾ ਹੋਵੇ ਭਾਵੇਂ ਪੰਚਾਇਤਾਂ ਦੇ ਹੋਣ, ਇਹ ਉਥੇ ਜਾ ਕੇ ਹੁਲੜਬਾਜ਼ੀ ਕਰਦੇ ਹਨ। ਡਿਪਟੀ ਸਪੀਕਰ ਸਾਹਿਬ, ਮੈ ਤੁਹਾਡੇ ਰਾਹੀਂ 14 ਫਰਵਰੀ, 2000 ਦੀ ਟਾਈਮਜ਼ ਆਫ ਇੰਡੀਆ ਦੀ ਖਬਰ ਰੱਖਣੀ ਚਾਹੁੰਦਾ ਹਾਂ। ਉਸ ਸਮੇਂ ਦੇ ਵਿੱਤ ਮੰਤਰੀ ਕੈਪਟਨ ਕੰਵਲਜੀਤ ਸਿੰਘ ਨੇ ਲਾਲੜੂ ਵਿਖੇ ਕਾਂਗਰਸੀ ਵਰਕਰਾਂ ਨਾਲ ਧੱਕਾ ਕੀਤਾ। ਕਾਂਗਰਸ ਵਰਕਰਾਂ ਨੂੰ ਧੱਕੇ ਮਾਰੇ, ਚਪੇੜਾਂ ਮਾਰੀਆਂ ਔਰ ਕੈਪਟਨ ਕੰਵਲਜੀਤ ਸਿੰਘ ਦੇ ਖਿਲਾਫ ਪੁਲਿਸ ਨੇ 323 ਆਈ.ਪੀ.ਸੀ. ਅਧੀਨ ਮੁਕੱਦਮਾ ਰਜਿਸਟਰ ਕੀਤਾ। ਜਦੋਂ ਇਹ ਖੁਦ ਮਨਿਸਟਰ, ਖੁਦ ਇਨ੍ਹਾਂ ਦੀ ਸਰਕਾਰ ਸੀ ਉਦੋਂ ਵੀ ਇਨ੍ਹਾਂ ਦੇ ਖਿਲਾਫ ਮੁਕੱਦਮੇ ਰਜਿਸਟਰ ਹੁੰਦੇ ਰਹੇ ਕਿਉਂਕਿ ਇਹ ਧੱਕੇ ਕਰਦੇ ਸਨ। ਅੱਜ ਵੀ ਇਹ ਜ਼ੀਰਕਪੁਰ ਧੱਕਾ ਕਰਨਾ ਚਾਹੁੰਦੇ ਸਨ ਔਰ ਜੋ ਉਥੇ ਫਸਾਦ ਹੋਇਆ, ਉਹ ਕੈਪਟਨ ਕੰਵਲਜੀਤ ਸਿੰਘ ਨੇ ਫਸਾਦ ਕਰਵਾਇਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਦਲ ਦੀ ਪਾਰਟੀ ਜਿਥੇ ਵੀ ਕਦੇ ਇਲੈਕਸ਼ਨ ਹੋਏ ਹਨ, ਇਨ੍ਹਾਂ ਨੇ ਧੱਕੇਸ਼ਾਹੀ ਕੀਤੀ ਹੈ। ਅੱਜ ਪੰਜਾਬ ਵਿੱਚ ਜਿਹੜੀਆਂ ਕਮੇਟੀਆਂ ਦਾ ਜ਼ਿਕਰ ਕੀਤਾ ਹੈ, ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਰਾਜਾ ਸਾਂਸੀ ਕਮੇਟੀ ਵਿੱਚ ਅੱਠ ਕਾਂਗਰਸ ਪਾਰਟੀ ਦੇ ਕੌਂਸਲਰ ਚੁਣੇ ਗਏ ਸਨ ਅਤੇ ਚਾਰ ਇਨ੍ਹਾਂ ਦੇ ਚੁਣੇ ਗਏ ਸਨ ਲੇਕਿਨ ਚਾਰ ਵਾਲਿਆਂ ਨੇ ਆਪਣਾ ਪ੍ਰਧਾਨ ਡਿਕਲੇਅਰ ਕਰ ਦਿੱਤਾ। ਅੱਠ ਕਾਂਗਰਸ ਪਾਰਟੀ ਦੇ ਚੁਣੇ ਗਏ ਸਨ, ਉਨ੍ਹਾਂ ਨੂੰ ਅੰਦਰ ਨਹੀਂ ਜਾਣ ਦਿੱਤਾ। ਉਥੇ ਲਾਠੀਚਾਰਜ ਕਰ ਦਿੱਤਾ ਗਿਆ। ਮਜੀਠੇ ਜਿਹੜੀ ਸਾਡੀ ਕੌਂਸਲ ਬਣੀ, ਉਥੇ ਸਾਡੀ ਮੈਜਾਰਿਟੀ ਹੋਈ ਪਰ ਇਨ੍ਹਾਂ ਨੇ ਛੇ ਵਾਰ ਇਲੈਕਸ਼ਨ ਪੋਸਟਪੋਨ ਕੀਤੇ। ਮਜੀਠੇ ਵਿੱਚ ਤਿੰਨ ਸਾਲ ਇਲੈਕਸ਼ਨ ਨਹੀਂ ਕਰਵਾਏ। ਇਹ ਸਾਰਾ ਕੁਝ ਕਰਨ ਵਾਲੀ ਪਾਰਟੀ ਅੱਜ ਸਾਨੂੰ ਕਹਿ ਰਹੇ ਹਨ ਕਿ ਅਸੀਂ ਫੇਅਰ ਇਲੈਕਸ਼ਨ ਨਹੀਂ ਕਰਵਾਏ। ਅੱਜ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਫਿਰੋਜ਼ਪੁਰ ਦਾ, ਅਬੋਹਰ ਦਾ, ਫਾਜ਼ਿਲਕਾ ਦਾ, ਜਲਾਲਾਬਾਦ ਦਾ ਅਤੇ ਜਿਹੜੀਆਂ ਗੱਲਾਂ ਇਨ੍ਹਾਂ ਨੇ ਇਥੇ ਕਹੀਆਂ ਹਨ, ਮੈਂ ਸਮਝਦਾ ਹਾਂ, ਉਹ ਸਾਰੀਆਂ ਬੇਬੁਨਿਆਦ ਹਨ। ਕੋਈ ਐਸੀ ਗੱਲ ਨਹੀਂ ਹੋਈ ਜਿਹੜੀ ਕਿ ਸਰਕਾਰ ਵੱਲੋਂ ਗਲਤ ਕੀਤੀ ਜਾਵੇ। ਸਰਕਾਰ ਬਿਲਕੁਲ ਇਸ ਗੱਲ ਦੀ ਵਚਨਬੱਧ ਹੈ ਕਿ ਜਿਹੜੀ ਇਲੈਕਸ਼ਨ ਹੈਂ, ਉਹ ਬਿਲਕੁਲ ਫੇਅਰ ਕਰਵਾਏ ਹਨ ਅਤੇ ਜਿਹੜੇ ਕੋਈ ਰਹਿੰਦੇ ਹਨ, ਉਹ ਵੀ ਬਿਲਕੁਲ ਸਹੀ ਹੋਣਗੇ। ਸਾਨੂੰ ਲੋਕਾਂ ਨੇ ਇਥੇ ਵੋਟਾਂ ਪਾ ਕੇ ਲਿਆਂਦਾ ਹੈ ਅਤੇ ਇਨ੍ਹਾਂ ਨੂੰ ਇਧਰੋਂ ਉਧਰ ਲਿਜਾ ਕੇ ਬਿਠਾ ਦਿੱਤਾ ਹੈ। ਮੈਂ ਤੁਹਾਨੂੰ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਮਲੋਟ ਇਲੈਕਸ਼ਨ ਤੋਂ ਲੈ ਕੇ ਚਾਰ ਕਾਰਪੋਰੇਸ਼ਨਾਂ ਦੇ ਇਲੈਕਸ਼ਨ ਹੋਏ ਅਤੇ ਉਸ ਤੋਂ ਬਾਅਦ 90 ਮਿਊਂਸਿਪਲ ਕਮੇਟੀਆਂ ਦੇ ਇਲੈਕਸ਼ਨ ਵਿੱਚ ਲੋਕਾਂ ਨੇ ਕੈਪਟਨ ਅਮਰਿੰਦਰ ਸਿੰਘ ਦੀਆਂ ਪਾਲਿਸੀਆਂ ਦੇ ਹੱਕ ਵਿੱਚ ਫਤਵਾ ਦਿੱਤਾ। ਪਹਿਲਾਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿੱਚ ਫਤਵਾ ਦਿੱਤਾ, ਫਿਰ ਪੰਚਾਇਤ ਸੰਮਤੀਆਂ ਵਿੱਚ ਫਤਵਾ ਦਿੱਤਾ, ਫਿਰ ਜ਼ਿਲ੍ਹਾ ਪ੍ਰੀਸ਼ਦ ਦੀਆਂ ਵਿੱਚ ਦਿੱਤਾ ਅਤੇ ਹੁਣ ਨਗਰ ਪਾਲਿਕਾਵਾਂ ਵਿੱਚ ਦਿੱਤਾ ਹੈ। ਅੱਜ ਪੰਜਾਬ ਦੀ ਸਾਰੀ ਜਨਤਾ ਕਾਂਗਰਸ ਪਾਰਟੀ ਦੇ ਨਾਲ ਖੜ੍ਹੀ ਹੈ। ਅੱਜ ਇਨ੍ਹਾਂ ਦੇ ਕੋਲ ਸਿਰਫ ਰੌਲਾ ਹੀ ਹੈ, ਇਸ ਕਰਕੇ ਹੀ ਲੋਕਾਂ ਨੇ ਇਨ੍ਹਾਂ ਨੂੰ ਮੂੰਹ ਨਹੀਂ ਲਾਇਆ। ਜੋ ਵੀ ਇਨ੍ਹਾਂ ਨੇ ਗੱਲਾਂ ਕਹੀਆਂ ਹਨ, ਉਹ ਸਾਰੀਆਂ ਬੇਬੁਨਿਆਦ ਹਨ ਅਤੇ ਬਿਲਕੁਲ ਝੂਠੀਆਂ ਹਨ। ਇਹ ਸਰਕਾਰ ਹੀ ਸਹੀ ਮਾਇਨਿਆਂ ਵਿੱਚ, ਸਹੀ ਤਰੀਕੇ ਦੇ ਨਾਲ ਪੰਜਾਬ ਦੇ ਲੋਕਾਂ ਦੀ ਤਰਜਮਾਨੀ ਕਰਦੀ ਹੈ ਅਤੇ ਪੰਜਾਬ ਦੇ ਲੋਕਾਂ ਦੇ ਜੋ ਹੱਕ ਹਨ, ਉਨ੍ਹਾਂ ਦੇ ਹੱਕ ਸਹੀ

Original with;
Punjab Vidhan Sabha
Digitized by;
Punjab Digital Library

ਤਰੀਕੇ ਨਾਲ ਉਨ੍ਹਾਂ ਨੂੰ ਦਿੱਤੇ ਹਨ। ਉਨ੍ਹਾਂ ਦੇ ਹੱਕ ਮਾਰਨ ਦੀ ਸਾਡੀ ਸਰਕਾਰ ਵੱਲੋਂ ਕਦੇ ਵੀ ਇਸ ਤਰ੍ਹਾਂ ਗੱਲ ਨਹੀਂ ਹੋ ਸਕਦੀ ਕਿਉਂਕਿ ਕੈਪਟਨ ਅਮਰਿੰਦਰ ਸਿੰਘ ਬਹੁਤ ਸੁਲਝੇ ਹੋਏ, ਸਿਆਣੇ ਅਤੇ ਜਮਹੂਰੀ ਕਦਰਾਂ ਕੀਮਤਾਂ ਵਿੱਚ ਵਿਸ਼ਵਾਸ ਰੱਖਣ ਵਾਲੇ ਹਨ। ਅੰਤ ਵਿੱਚ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਅਕਾਲੀ ਭਾਜਪਾ ਵਾਲੇ ਹਨ, ਮੈਂ ਇਨ੍ਹਾਂ ਨੂੰ ਇਹ ਜ਼ਰੂਰ ਦੱਸਣੀ ਚਾਹੁੰਦਾ ਹਾਂ ਕਿ ਜਿਥੇ ਸਾਡੀਆਂ ਮਿਉਂਸਿਪਲ ਕਮੇਟੀਆਂ ਅਤੇ ਕੌਂਸਲਾਂ ਦੀ ਗੱਲ ਹੈ, ਉਨ੍ਹਾਂ ਵਿੱਚ ਇਨ੍ਹਾਂ ਨੇ ਬਹੁਤ ਧੱਕਾ ਕੀਤਾ ਹੈ। ਮੈਂ ਅੱਜ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਮਿਉਂਸਿਪਲ ਕਮੇਟੀਆਂ ਦੀਆਂ ਨਵੀਆਂ ਚੋਣਾਂ ਹੋਈਆਂ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਨੇ 92 ਕਰੋੜ ਰੁਪਏ ਦਾ ਗਿਫਟ ਸਾਰੀਆਂ ਕਮੇਟੀਆਂ ਨੂੰ ਦਿੱਤਾ ਹੈ। ਜਿਹੜਾ ਰੁਪਿਆ ਜ਼ਿਲ੍ਹਿਆਂ ਵਿੱਚ ਸਾਰੀਆਂ ਕਮੇਟੀਆਂ ਨੂੰ ਗਿਆ ਹੈ ਤਾਂ ਕਿ ਜਿਹੜਾ ਉਨ੍ਹਾਂ ਨੇ ਇਸ ਸਾਲ ਨੂੰ ਵਿਕਾਸ ਦਾ ਸਾਲ ਐਲਾਨਿਆ ਸੀ, ਉਹ ਨਵੀਆਂ ਕਮੇਟੀਆਂ ਆਪਣੇ ਸ਼ਹਿਰਾਂ ਵਿੱਚ, ਆਪਣੇ ਮੁਹੱਲਿਆਂ ਵਿੱਚ ਵਿਕਾਸ ਕਰ ਸਕਣ ਅਤੇ ਪੰਜਾਬ ਵਿੱਚ ਤਰੱਕੀ ਦੇ ਪ੍ਰੋਗਰਾਮ ਵਿੱਚ ਕਾਂਗਰਸ ਪਾਰਟੀ ਦੇ ਨਾਲ ਚੱਲ ਸਕਣ। ਮੈਂ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਇੱਕ ਵਾਰੀ ਫਿਰ ਤੁਹਾਡੇ ਮਾਰਫਤ ਕਹਿਣਾ ਚਾਹੁੰਦਾ ਹਾਂ ਕਿ ਇਹ ਬੜੀਆਂ ਫੇਅਰ ਚੋਣਾਂ ਹੋਈਆਂ ਹਨ ਅਤੇ ਜੋ ਕੁਝ ਆਪੋਜੀਸ਼ਨ ਦੇ ਮੈਂਬਰਾਂ ਨੇ ਸਾਡੇ ਮੈਂਬਰਾਂ ਦੇ ਮੁਤੱਲਕ, ਚੋਣਾਂ ਦੇ ਮੁਤੱਲਕ ਇਥੇ ਕਿਹਾ ਹੈ, ਉਹ ਸਾਰਾ ਝੂਠ ਦਾ ਪੁਲੰਦਾ ਹੈ ਅਤੇ ਇਹ ਬਿਲਕੁੱਲ ਬੇਬੁਨਿਆਦ ਹੈ। ਮੈਂ ਇਨ੍ਹਾਂ ਸ਼ਬਦਾਂ ਨਾਲ ਤੁਹਾਡਾ ਧੰਨਵਾਦ ਕਰਦਾ ਹਾਂ।

**Mr. Deputy Speaker :** The House stands adjourned till 2.00 P.M. on Tuesday, the 1st April, 2003.

*2.34 P.M.

(The Sabha then adjourned* till 2.00 P.M. on Tuesday, the 1st April, 2003.)

---



Original with;
Punjab Vidhan Sabha
Digitized by;

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;

© 2003

Published under the authority of the Punjab Vidhan Sabha and printed by the Controller, Printing and Stationery, Punjab at the Govt. Press, Punjab.

Original with;
Punjab Vidhan Sabha
Digitized by;

# PUNJAB VIDHAN SABHA

## DEBATES

*1st April, 2003*

**Vol. IV - No. 11**

OFFICIAL REPORT

CONTENTS

*Tuesday, the 1st April, 2003*


| | | *Page* |
|---|---|---|
| Postponed Starred Questions and Answers | .. | (11) 1 |
| Starred Questions and Answers | .. | (11)22 |
| Matters raised during Zero Hour | .. | (11)45 |
| Call Attention Notice under Rule 66 | .. | (11)48 |
| **LEGISLATIVE BUSINESS** | | |
| The Punjab Electricity Bill, 2003 | .. | (11)48 |
| 1. **Official Resolution** No. 1 regarding Incentives to the Industrial Units in the State of Punjab | .. | (11)57 |
| 2. **Official Resolution** No. 2, regarding SYL | .. | (11)64 |
| Personal Explanation by Sardar Parkash Singh Badal, Leader of the Opposition | .. | (11)81 |
| Official Resolution No. 2 reg. SYL *(Resumption)* | .. | (11)81 |
| Appendix | .. | (i) |


---


**Punjab Vidhan Sabha Secretariat, Chandigarh.**

**Price : Rs.** 106- 0 ...............



*Original with;*
Punjab Vidhan Sabha
*Digitized by;*

*Vidha*
*Kewal*

**PO**

ਲਾਓ

Capt.

My De

of Que
Singh
suppli
body.
this in

may k

Dr. Ke
Hon'bl
Punjab
Chand

For Pos
this Deb

*Original with;*
Punjab Vidhan Sabha
*Digitized by;*

# PUNJAB VIDHAN SABHA

*Tuesday, the 1st April, 2003*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 2.00 P.M. Mr. Speaker (Doctor Kewal Krishan) in the Chair.*

---

## POSTPONED STARRED QUESTIONS AND ANSWERS

**ਮੁਲਤਵੀ ਕੀਤਾ ਗਿਆ ਨਿਸ਼ਾਨ ਵਾਲਾ ਪ੍ਰਸ਼ਨ ਨੰ: *443**

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ·ਲਾਓ ਕਰ ਦਿੱਤੀ ਹੈ।

Capt. Amarinder Singh

Chief Minister,
Punjab,
Chandigarh.

D.O. No. 2/41/2003-
2HR/
29th March, 2003.

My Dear Speaker Sahib,

The answer to Starred Question No. 443 appearing in the list of Question for 1st April, 2003, in the name of Sardar Inder Iqbal Singh Atwal, MLA, is not ready. The requisite information is to be supplied by the Punjab Human Rights Commission, which is a statutory body. The Commission has asked for four months time for supplying this information. Copies of their letters are enclosed.

I am, therefore, to request that time for answering this question may kindly be extended, accordingly.

Yours sincerely,

(Sd.) . . .,

(Amarinder Singh).

Dr. Kewal Krishan,
Hon'ble Speaker,
Punjab Vidhan Shaba,
Chandigarh.

---

For Postponed Starred Question No. 443 and reply thereto, please *see* Appendix to this Debate.

Original with;
Punjab Vidhan Sabha
Digitized by;
Panjab Digital Library

## ਲਿੰਕ ਸੜਕਾਂ ਦੀ ਮੁਰੰਮਤ ਤੇ ਖਰਚ

*322. **ਸ਼੍ਰੀ ਤਰਲੋਚਨ ਸਿੰਘ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਪਿਛਲੇ ਤਿੰਨ ਵਿੱਤੀ ਸਾਲਾਂ ਦੇ ਦੌਰਾਨ ਲਿੰਕ ਸੜਕਾਂ ਦੀ ਮੁਰੰਮਤ ਤੇ ਸਾਲ-ਵਾਰ ਅਤੇ ਸਬ-ਡਿਵੀਜ਼ਨ-ਵਾਰ ਕੁੱਲ ਕਿੰਨਾ-ਕਿੰਨਾ ਖਰਚ ਕੀਤਾ ਗਿਆ;

(ਅ) ਉਕਤ ਵਰਣਿਤ ਸਮੇਂ ਦੇ ਦੌਰਾਨ ਹਰ ਇਕ ਸਬ-ਡਿਵੀਜ਼ਨ ਵਿਚ ਕੁੱਲ ਕਿੰਨੇ ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਕੀਤੀ ਗਈ ; ਅਤੇ

(ੲ) ਕੀ ਉਪਰੋਕਤ ਵਰਣਿਤ ਲਿੰਕ ਸੜਕਾਂ ਦੀ ਮੁਰੰਮਤ ਲਈ ਮਿੱਟੀ ਦਾ ਕੰਮ ਜਨਤਾ ਜਾਂ ਸਰਕਾਰ ਦੁਆਰਾ ਕੀਤਾ ਗਿਆ ਸੀ ?

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :**

(ੳ) ਰਾਜ ਵਿੱਚ ਪਿਛਲੇ ਤਿੰਨ ਵਿੱਤੀ ਸਾਲਾਂ ਦੇ ਦੌਰਾਨ ਲਿੰਕ ਸੜਕਾਂ ਦੀ ਮੁਰੰਮਤ ਤੇ ਸਾਲ-ਵਾਰ ਅਤੇ ਸਬ-ਡਿਵੀਜ਼ਨ-ਵਾਰ ਖਰਚੇ ਦਾ ਵੇਰਵਾ ਅਨੁਲੱਗ "ੳ" ਤੇ ਹੈ;

(ਅ) ਉਕਤ ਵਰਣਿਤ ਸਮੇਂ ਦੇ ਦੌਰਾਨ ਹਰ ਇਕ ਸਬ-ਡਿਵੀਜ਼ਨ ਵਿੱਚ ਮੁਰੰਮਤ ਕੀਤੀਆਂ ਗਈਆਂ ਸੜਕਾਂ ਦੀ ਲੰਬਾਈ ਦਾ ਵੇਰਵਾ ਅਨੁਲੱਗ "ਅ" ਤੇ ਹੈ;

(ੲ) ਉਪਰੋਕਤ ਵਰਣਿਤ ਲਿੰਕ ਸੜਕਾਂ ਦੀ ਮੁਰੰਮਤ ਲਈ ਮਿੱਟੀ ਦਾ ਕੰਮ ਆਮ ਤੌਰ ਤੇ ਜਨਤਾ ਵੱਲੋਂ ਹੀ ਕੀਤਾ ਗਿਆ ਪਰ ਕੰਡੀ ਏਰੀਏ ਵਿੱਚ ਕੁੱਝ ਲਿੰਕ ਸੜਕਾਂ ਤੇ ਮਿੱਟੀ ਦਾ ਕੰਮ ਸਰਕਾਰ ਵੱਲੋਂ ਮਹਿਕਮਾਨਾ ਤੌਰ ਤੇ ਵੀ ਕਰਵਾਇਆ ਗਿਆ ਹੈ।

### ਅਨੁਲੱਗ 'ੳ'

**ਪਿਛਲੇ 3 ਵਿੱਤੀ ਸਾਲਾਂ ਦੌਰਾਨ ਲਿੰਕ ਸੜਕਾਂ ਦੀ ਮੁਰੰਮਤ ਤੇ ਹੋਏ ਖਰਚੇ ਦਾ ਵੇਰਵਾ**

| ਲੜੀ ਨੰ: | ਸਬ-ਡਿਵੀਜ਼ਨ | ਸਮੇਂ ਦੌਰਾਨ 01.04.1999 ਤੋਂ 31.03.2000 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2000 ਤੋਂ 31.03.2001 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2001 ਤੋਂ31.03.2002 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
|---|---|---|---|---|---|---|---|---|---|---|
| | (ਖਰਚਾ ਲੱਖਾਂ ਵਿਚ) | | | | | | | | | |
| | ਜ਼ਿਲ੍ਹਾ : ਅੰਮ੍ਰਿਤਸਰ | | | | | | | | | |
| 1 | ਅਜਨਾਲਾ | 3.54 | 353.03 | 356.57 | 0.00 | 281.01 | 281.01 | 14.90 | 469.62 | 484.52 |
| 2 | ਅੰਮ੍ਰਿਤਸਰ | 45.34 | 0.67 | 46.01 | 31.57 | 8.41 | 39.98 | 323.84 | 87.50 | 411.34 |
| 3 | ਬਾਬਾ ਬਕਾਲਾ | 0.00 | 38.08 | 38.08 | 0.00 | 5.84 | 5.84 | 1.82 | 239.75 | 241.57 |
| 4 | ਖਡੂਰ ਸਾਹਿਬ | 0.00 | 45.28 | 45.28 | 0.00 | 35.18 | 35.18 | 0.00 | 123.66 | 123.66 |
| 5 | ਪਟੀ | 8.13 | 94.64 | 102.77 | 3.62 | 38.39 | 42.01 | 119.60 | 276.98 | 396.58 |
| 6 | ਤਰਨ ਤਾਰਨ | 152.33 | 0.00 | 152.33 | 38.56 | 0.00 | 38.56 | 418.76 | 0.00 | 418.76 |
| | ਜੋੜ | 209.34 | 531.70 | 741.04 | 73.75 | 368.83 | 442.58 | 878.92 | 1197.51 | 2076.43 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਸਬ-ਡਿਵੀਜ਼ਨ | ਸਮੇਂ ਦੌਰਾਨ 01.04.1999 ਤੋਂ 31.03.2000 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2000 ਤੋਂ 31.03.2001 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2001 ਤੋਂ 31.03.2002 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
|---|---|---|---|---|---|---|---|---|---|---|
| | | (ਖਰਚਾ ਲੱਖਾਂ ਵਿਚ) | | | | | | | | |
| ਜ਼ਿਲ੍ਹਾ : ਬਠਿੰਡਾ | | | | | | | | | | |
| 1 | ਬਠਿੰਡਾ | 16.07 | 204.25 | 220.32 | 88.94 | 99.47 | 188.41 | 0.00 | 227.40 | 227.40 |
| 2 | ਫੂਲ | 0.00 | 123.74 | 123.74 | 0.00 | 164.25 | 164.25 | 0.00 | 86.85 | 86.85 |
| 3 | ਤਲਵੰਡੀ ਸਾਬੋ | 0.00 | 176.04 | 176.04 | 0.00 | 287.86 | 287.86 | 0.00 | 109.55 | 109.55 |
| | ਜੋੜ | 16.07 | 504.03 | 520.10 | 88.94 | 551.58 | 640.52 | 0.00 | 423.80 | 423.80 |
| ਜ਼ਿਲ੍ਹਾ : ਫਰੀਦਕੋਟ | | | | | | | | | | |
| 1 | ਫਰੀਦਕੋਟ | 26.87 | 0.00 | 26.87 | 39.58 | 0.00 | 39.58 | 528.26 | 0.00 | 528.26 |
| 2 | ਕੋਟਕਪੂਰਾ | 136.18 | 26.50 | 162.68 | 167.37 | 0.00 | 167.37 | 209.01 | 87.94 | 296.95 |
| | ਜੋੜ | 163.05 | 26.50 | 189.55 | 206.95 | 0.00 | 206.95 | 737.27 | 87.94 | 825.21 |
| ਜ਼ਿਲ੍ਹਾ ਫਤਹਿਗੜ੍ਹ ਸਾਹਿਬ | | | | | | | | | | |
| 1 | ਅਮਲੋਹ | 0.00 | 54.98 | 54.98 | 0.00 | 130.88 | 130.88 | 0.00 | 130.33 | 130.33 |
| 2 | ਬੱਸੀ ਪਠਾਣਾਂ | 0.00 | 25.96 | 25.96 | 0.00 | 85.14 | 85.14 | 0.00 | 103.64 | 103.64 |
| 3 | ਖਮਾਣੋਂ | 0.00 | 50.71 | 50.71 | 0.00 | 135.59 | 135.59 | 0.00 | 169.00 | 169.00 |
| 4 | ਸਰਹਿੰਦ | 0.00 | 355.05 | 355.05 | 0.00 | 10.06 | 10.06 | 0.00 | 122.35 | 122.35 |
| | ਜੋੜ | 0.00 | 486.70 | 486.70 | 0.00 | 361.67 | 361.67 | 0.00 | 525.32 | 525..32 |
| ਜ਼ਿਲ੍ਹਾ : ਫਿਰੋਜ਼ਪੁਰ | | | | | | | | | | |
| 1 | ਅਬੋਹਰ | 47.61 | 0.00 | 47.61 | 25.40 | 0.00 | 25.40 | 114.03 | 0.00 | 114.03 |
| 2 | ਫਾਜ਼ਿਲਕਾ | 159.81 | 0.00 | 159.81 | 151.68 | 0.00 | 151.68 | 239.66 | 0.00 | 239.66 |
| 3 | ਫਿਰੋਜ਼ਪੁਰ | 51.14 | 148.99 | 200.13 | 62.24 | 62.57 | 124.81 | 75.55 | 316.33 | 391.88 |
| 4 | ਜਲਾਲਾਬਾਦ | 25.32 | 262.12 | 287.44 | 11.78 | 84.55 | 96.33 | 10.94 | 303.97 | 314.91 |
| 5 | ਜ਼ੀਰਾ | 447.18 | 43.69 | 490.87 | 504.29 | 19.91 | 524.20 | 450.03 | 106.35 | 556.38 |
| | ਜੋੜ | 731.06 | 454.80 | 1185.86 | 755.39 | 167.03 | 922.42 | 890.21 | 726.65 | 1616.86 |
| ਜ਼ਿਲ੍ਹਾ : ਗੁਰਦਾਸਪੁਰ | | | | | | | | | | |
| 1 | ਬਟਾਲਾ | 249.18 | 0.00 | 249.18 | 56.15 | 0.00 | 56.15 | 518.11 | 0.00 | 518.11 |
| 2 | ਡੇਰਾ ਬਾਬਾ ਨਾਨਕ | 0.00 | 14.54 | 14.54 | 0.00 | 13.53 | 13.53 | 135.50 | 98.73 | 234.23 |
| 3 | ਧਾਰ ਕਲਾਂ | 0.00 | 6.96 | 6.96 | 0.00 | 41.99 | 41.99 | 0.00 | 0.00 | 0.00 |
| 4 | ਗੁਰਦਾਸਪੁਰ | 51.88 | 175.62 | 227.50 | 92.32 | 102.76 | 195.08 | 292.15 | 517.76 | 809.91 |
| 5 | ਪਠਾਨਕੋਟ | 0.00 | 103.64 | 103.64 | 0.00 | 170.71 | 170.71 | 0.00 | 784.33 | 784.33 |
| | ਜੋੜ | 301.06 | 300.76 | 601.82 | 148.47 | 328.99 | 477.46 | 945.76 | 1400.82 | 2346.58 |

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

| ਲੜੀ ਨੰ: | ਸਬ-ਡਿਵੀਜ਼ਨ | ਸਮੇਂ ਦੌਰਾਨ 01.04.1999 ਤੋਂ 31.03.2000 | | | 01.04.2000 ਤੋਂ 31.03.2001 | | | 01.04.2001 ਤੋਂ 31.03.2002 | | |
|---|---|---|---|---|---|---|---|---|---|---|
| | | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
| | | (ਖਰਚਾ ਲੱਖਾਂ ਵਿਚ) | | | | | | | | |
| | **ਜ਼ਿਲ੍ਹਾ : ਹੁਸ਼ਿਆਰਪੁਰ** | | | | | | | | | |
| 1 | ਦਸੂਹਾ | 0.00 | 156.90 | 156.90 | 0.00 | 336.82 | 336.82 | 0.00 | 657.67 | 657.67 |
| 2 | ਗੜ੍ਹ ਸ਼ੰਕਰ | 0.00 | 275.95 | 275.95 | 0.00 | 347.44 | 347.44 | 0.00 | 464.49 | 464.49 |
| 3 | ਹੁਸ਼ਿਆਰਪੁਰ | 0.00 | 412.52 | 412.52 | 0.00 | 484.03 | 484.03 | 0.00 | 366.11 | 366.11 |
| 4 | ਮੁਕੇਰੀਆਂ | 0.00 | 285.62 | 285.62 | 0.00 | 481.45 | 481.45 | 0.00 | 422.10 | 422.10 |
| | ਜੋੜ | 0.00 | 1130.99 | 1130.99 | 0.00 | 1649.74 | 1649.74 | 0.00 | 1910.37 | 1910.37 |
| | **ਜ਼ਿਲ੍ਹਾ : ਜਲੰਧਰ** | | | | | | | | | |
| 1 | ਜਲੰਧਰ | 0.00 | 170.19 | 170.19 | 0.00 | 186.24 | 186.24 | 0.00 | 654.28 | 654.28 |
| 2 | ਨਕੋਦਰ | 50.31 | 0.00 | 50.31 | 210.12 | 0.00 | 210.12 | 310.99 | 0.00 | 310.99 |
| 3 | ਫਿਲੌਰ | 105.19 | 21.36 | 126.55 | 218.04 | 13.15 | 231.19 | 322.91 | 184.77 | 507.68 |
| 4 | ਸ਼ਾਹਕੋਟ | 229.51 | 0.00 | 229.51 | 140.98 | 0.00 | 140.98 | 287.87 | 0.00 | 287.87 |
| | ਜੋੜ | 385.01 | 191.55 | 576.56 | 569.14 | 199.39 | 768.53 | 921.77 | 839.05 | 1760.82 |
| | **ਜ਼ਿਲ੍ਹਾ : ਕਪੂਰਥਲਾ** | | | | | | | | | |
| 1 | ਭੁਲੱਥ | 0.00 | 97.18 | 97.18 | 0.00 | 51.85 | 51.85 | 0.00 | 219.15 | 219.15 |
| 2 | ਕਪੂਰਥਲਾ | 0.00 | 111.68 | 111.68 | 0.00 | 63.47 | 63.47 | 0.00 | 154.70 | 154.70 |
| 3 | ਫਗਵਾੜਾ | 0.00 | 57.55 | 57.55 | 0.00 | 74.50 | 74.50 | 0.00 | 244.09 | 244.09 |
| 4 | ਸੁਲਤਾਨਪੁਰ | 0.00 | 59.84 | 59.84 | 0.00 | 84.28 | 84.28 | 0.00 | 176.88 | 176.88 |
| | ਜੋੜ | 0.00 | 326.25 | 326.25 | 0.00 | 274.10 | 274.10 | 0.00 | 794.82 | 794.82 |
| | **ਜ਼ਿਲ੍ਹਾ : ਲੁਧਿਆਣਾ** | | | | | | | | | |
| 1 | ਜਗਰਾਉਂ | 136.75 | 42.20 | 178.95 | 75.81 | 54.74 | 130.55 | 159.42 | 52.57 | 211.99 |
| 2 | ਲੁਧਿਆਣਾ (ਪੂਰਬੀ) | 0.00 | 213.82 | 213.82 | 0.00 | 271.65 | 271.65 | 0.00 | 320.87 | 320.87 |
| 3 | ਲੁਧਿਆਣਾ (ਪੱਛਮੀ) | 210.43 | 122.30 | 332.73 | 97.25 | 124.54 | 221.79 | 171.64 | 228.70 | 400.34 |
| 4 | ਖੰਨਾ | 0.00 | 133.44 | 133.44 | 0.00 | 41.92 | 41.92 | 0.00 | 167.09 | 167.09 |
| 5 | ਪਾਇਲ | 0.00 | 138.01 | 138.01 | 0.00 | 166.19 | 166.19 | 0.00 | 290.78 | 290.78 |
| 6 | ਰਾਏ ਕੋਟ | 131.68 | 0.00 | 131.68 | 40.78 | 0.00 | 40.78 | 69.20 | 0.00 | 69.20 |
| 7 | ਸਮਰਾਲਾ | 0.00 | 261.01 | 261.01 | 0.00 | 294.54 | 294.54 | 0.00 | 335.56 | 335.56 |
| | ਜੋੜ | 478.86 | 910.78 | 1389.64 | 213.84 | 953.58 | 1167 42 | 400.26 | 1395.57 | 1795.83 |

Original with;
Punjab Vidhan Sabha
Digitized by;

| ਲੜੀ ਨੰ: | ਸਬ-ਡਿਵੀਜ਼ਨ | ਸਮੇਂ ਦੌਰਾਨ (ਖਰਚਾ ਲੱਖਾਂ ਵਿਚ) 01.04.1999 ਤੋਂ 31.03.2000 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2000 ਤੋਂ 31.03.2001 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2001 ਤੋਂ 31.03.2002 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
|---|---|---|---|---|---|---|---|---|---|---|
| | **ਜ਼ਿਲ੍ਹਾ : ਮਾਨਸਾ** | | | | | | | | | |
| 1 | ਬੁਢਲਾਡਾ | 5.03 | 0.00 | 5.03 | 29.35 | 0.00 | 29.35 | 164.07 | 0.00 | 164.07 |
| 2 | ਮਾਨਸਾ | 66.17 | 0.00 | 66.17 | 70.87 | 0.00 | 70.87 | 170.01 | 0.00 | 170.01 |
| 3 | ਸਰਦੂਲਗੜ੍ਹ | 0.00 | 0.00 | 0.00 | 158.97 | 0.00 | 158.97 | 159.09 | 0.00 | 159.09 |
| | ਜੋੜ | 71.20 | 0.00 | 71.20 | 259.19 | 0.00 | 259.19 | 493.17 | 0.00 | 493.17 |
| | **ਜ਼ਿਲ੍ਹਾ : ਮੋਗਾ** | | | | | | | | | |
| 1 | ਬਾਘਾ ਪੁਰਾਣਾ | 127.92 | 0.00 | 127.92 | 0.00 | 0.00 | 0.00 | 237.50 | 0.00 | 237.50 |
| 2 | ਮੋਗਾ | 0.00 | 91.79 | 91.79 | 0.00 | 31.34 | 31.34 | 285.40 | 256.58 | 541.98 |
| 3 | ਨਿਹਾਲ ਸਿੰਘ-ਵਾਲਾ | 13.75 | 30.57 | 44.32 | 0.00 | 21.04 | 21.04 | 68.50 | 116.11 | 184.61 |
| | ਜੋੜ | 141.67 | 122.36 | 264.03 | 0.00 | 52.38 | 52.38 | 591.40 | 372.69 | 964.09 |
| | **ਜ਼ਿਲ੍ਹਾ : ਮੁਕਤਸਰ** | | | | | | | | | |
| 1 | ਗਿੱਦੜਬਾਹਾ | 463.12 | 0.00 | 463.12 | 156.48 | 0.00 | 156.48 | 415.06 | 0.00 | 415.06 |
| 2 | ਮਲੋਟ | 1317.81 | 0.00 | 1317.81 | 491.06 | 0.00 | 491.06 | 911.63 | 0.00 | 911.63 |
| 3 | ਮੁਕਤਸਰ | 480.67 | 24.10 | 504.77 | 280.27 | 0.01 | 280.28 | 732.96 | 146.91 | 879.87 |
| | ਜੋੜ | 2261.60 | 24.10 | 2285.70 | 927.81 | 0.01 | 927.82 | 2059.65 | 146.91 | 2206.56 |
| | **ਜ਼ਿਲ੍ਹਾ : ਨਵਾਂ ਸ਼ਹਿਰ** | | | | | | | | | |
| 1 | ਬਲਾਚੌਰ | 210.49 | 0.00 | 210.49 | 149.96 | 0.00 | 149.96 | 197.37 | 0.00 | 197.37 |
| 2 | ਨਵਾਂ ਸ਼ਹਿਰ | 525.43 | 0.00 | 525.43 | 256.11 | 0.00 | 256.11 | 675.23 | 0.00 | 675.23 |
| | ਜੋੜ | 735.92 | 0.00 | 735.92 | 406.07 | 0.00 | 406.07 | 872.60 | 0.00 | 872.60 |
| | **ਜ਼ਿਲ੍ਹਾ : ਪਟਿਆਲਾ** | | | | | | | | | |
| 1 | ਡੇਰਾ ਬਸੀ | 37.40 | 0.00 | 37.40 | 159.58 | 0.00 | 159.58 | 394.38 | 0.00 | 394.38 |
| 2 | ਨਾਭਾ | 0.00 | 79.54 | 79.54 | 0.00 | 23.30 | 23.30 | 0.00 | 121.81 | 121.81 |
| 3 | ਰਾਜਪੁਰਾ | 225.33 | 0.00 | 225.33 | 433.39 | 13.20 | 446.59 | 352.82 | 87.62 | 440.44 |
| 4 | ਪਟਿਆਲਾ | 0.00 | 263.89 | 263.89 | 0.00 | 210.98 | 210.98 | 81.40 | 131.21 | 212.61 |
| 5 | ਸਮਾਣਾ | 189.22 | 29.22 | 218.44 | 203.73 | 8.62 | 212.35 | 381.76 | 73.36 | 455.12 |
| | ਜੋੜ | 451.95 | 372.65 | 824.60 | 796.70 | 256.10 | 1052.80 | 1210.36 | 414.00 | 1624.36 |

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

| ਲੜੀ ਨੰ: | ਸਬ-ਡਿਵੀਜ਼ਨ | ਸਮੇਂ ਦੌਰਾਨ 01.04.1999 ਤੋਂ 31.03.2000 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2000 ਤੋਂ 31.03.2001 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2001 ਤੋਂ 31.03.2002 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
|---|---|---|---|---|---|---|---|---|---|---|
| | | (ਖਰਚਾ ਲੱਖਾਂ ਵਿੱਚ) | | | | | | | | |
| | ਜ਼ਿਲ੍ਹਾ : ਰੂਪ ਨਗਰ | | | | | | | | | |
| 1 | ਆਨੰਦਪੁਰ ਸਾਹਿਬ | 0.00 | 62.96 | 62.96 | 0.00 | 243.73 | 243.73 | 0.00 | 957.62 | 957.62 |
| 2 | ਖਰੜ | 0.00 | 40.44 | 40.44 | 0.00 | 179.19 | 179.19 | 0.00 | 1270.09 | 1270.09 |
| 3 | ਰੂਪ ਨਗਰ | 0.00 | 109.04 | 109.04 | 0.00 | 542.58 | 542.58 | 0.00 | 1141.54 | 1141.54 |
| 4 | ਐਸ.ਏ.ਐਸ. ਨਗਰ | 0.00 | 100.60 | 100.60 | 0.00 | 50.41 | 50.41 | 0.00 | 191.32 | 191.32 |
| | ਜੋੜ | 0.00 | 313.04 | 313.04 | 0.00 | 1015.91 | 1015.91 | 0.00 | 3560.57 | 3560.57 |
| | ਜ਼ਿਲ੍ਹਾ : ਸੰਗਰੂਰ | | | | | | | | | |
| 1 | ਬਰਨਾਲਾ | 291.09 | 118.30 | 409.39 | 309.72 | 14.25 | 323.97 | 148.32 | 65.34 | 213.66 |
| 2 | ਧੂਰੀ | 94.10 | 0.00 | 94.10 | 80.60 | 0.00 | 80.60 | 158.43 | 0.00 | 158.43 |
| 3 | ਮਲੇਰਕੋਟਲਾ | 86.84 | 74.80 | 161.64 | 0.00 | 137.70 | 137.70 | 50.02 | 61.56 | 111.58 |
| 4 | ਮੂਣਕ | 0.00 | 30.00 | 30.00 | 0.00 | 0.40 | 0.40 | 0.00 | 135.95 | 135.95 |
| 5 | ਸੰਗਰੂਰ | 4.03 | 14.18 | 18.21 | 71.04 | 10.80 | 81.84 | 142.60 | 127.50 | 270 10 |
| 6 | ਸੁਨਾਮ | 21.53 | 8.95 | 30.48 | 26.50 | 3.70 | 30.20 | 174.19 | 51.30 | 225.49 |
| | ਜੋੜ | 497.59 | 246.23 | 743.82 | 487.86 | 166.85 | 654.71 | 673.56 | 441.65 | 1115.21 |
| | ਕੁੱਲ ਜੋੜ | 6444.38 | 5942.44 | 12386.82 | 4934.11 | 6346.16 | 11280.27 | 10674.93 | 14237.67 | 24912.60 |

## ਅਨੁਲੱਗ 'ਅ'

### ਪਿਛਲੇ 3 ਵਿੱਤੀ ਸਾਲਾਂ ਦੌਰਾਨ ਮੁਰੰਮਤ ਕੀਤੀਆਂ ਗਈਆਂ ਲਿੰਕ ਸੜਕਾਂ ਦੀ ਲੰਬਾਈ ਦਾ ਵੇਰਵਾ

| ਲੜੀ ਨੰ: | ਸਬ-ਡਿਵੀਜ਼ਨ | ਸਮੇਂ ਦੌਰਾਨ 01.04.1999 ਤੋਂ 31.03.2000 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2000 ਤੋਂ 31.03.2001 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2001 ਤੋਂ 31.03.2002 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
|---|---|---|---|---|---|---|---|---|---|---|
| | | (ਲੰਬਾਈ ਕਿ.ਮੀ. ਵਿੱਚ) | | | | | | | | |
| | ਜ਼ਿਲ੍ਹਾ : ਅੰਮ੍ਰਿਤਸਰ | | | | | | | | | |
| 1 | ਅਜਨਾਲਾ | 2.00 | 79.71 | 81.71 | 0.00 | 53.15 | 53.15 | 6.09 | 111.14 | 117.23 |
| 2 | ਅੰਮ੍ਰਿਤਸਰ | 9.98 | 1.96 | 11.94 | 6.51 | 3.09 | 9.60 | 90.94 | 28.47 | 119.41 |
| 3 | ਬਾਬਾ ਬਕਾਲਾ | 0.00 | 16.39 | 16.39 | 0.00 | 1.07 | 1.07 | 1.00 | 64.16 | 65.16 |
| 4 | ਖਡੂਰ ਸਾਹਿਬ | 0.00 | 12.20 | 12.20 | 0.00 | 6.75 | 6.75 | 0.00 | 32.38 | 32.38 |
| 5 | ਪੱਟੀ | 3.89 | 31.35 | 35.24 | 1.40 | 7.12 | 8.52 | 34.95 | 93.94 | 128 89 |
| 6 | ਤਰਨ ਤਾਰਨ | 57.37 | 0.00 | 57.37 | 20.21 | 0.00 | 20.21 | 159.67 | 0.00 | 159.67 |
| | ਜੋੜ | 73.24 | 141.61 | 214.85 | 28.12 | 71.18 | 99.30 | 292.65 | 330.09 | 622.74 |

Original with;
Punjab Vidhan Sabha
Digitized by;

| ਲੜੀ ਨੰ: | ਸਬ-ਡਿਵੀਜ਼ਨ | ਸਮੇਂ ਦੌਰਾਨ | | | | | | | | |
|---|---|---|---|---|---|---|---|---|---|---|
| | | 01.04.1999 ਤੋਂ 31.03.2000 | | | 01.04.2000 ਤੋਂ 31.03.2001 | | | 01.04.2001 ਤੋਂ 31.03.2002 | | |
| | | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
| | | (ਲੰਬਾਈ ਕਿ.ਮੀ. ਵਿੱਚ) | | | | | | | | |
| ਜ਼ਿਲ੍ਹਾ : ਬਠਿੰਡਾ | | | | | | | | | | |
| 1 | ਬਠਿੰਡਾ | 3.57 | 68.79 | 72.36 | 12.86 | 34.48 | 47.34 | 0.00 | 54.92 | 54.92 |
| 2 | ਫੂਲ | 0.00 | 38.63 | 38.63 | 0.00 | 29.34 | 29.34 | 0.00 | 45.43 | 45.43 |
| 3 | ਤਲਵੰਡੀ ਸਾਬੋ | 0.00 | 90.72 | 90.72 | 0.00 | 40.11 | 40.11 | 0.00 | 33.25 | 33.25 |
| | ਜੋੜ | 3.57 | 198.14 | 201.71 | 12.86 | 103.93 | 116.79 | 0.00 | 133.60 | 133.60 |
| ਜ਼ਿਲ੍ਹਾ : ਫਰੀਦਕੋਟ | | | | | | | | | | |
| 1 | ਫਰੀਦਕੋਟ | 12.55 | 0.00 | 12.55 | 7.52 | 0.00 | 7.52 | 129.64 | 0.00 | 129.64 |
| 2 | ਕੋਟਕਪੂਰਾ | 47.81 | 11.73 | 59.54 | 62.82 | 0.00 | 62.82 | 58.39 | 27.10 | 85.49 |
| | ਜੋੜ | 60.36 | 11.73 | 72.09 | 70.34 | 0.00 | 70.34 | 188.03 | 27.10 | 215.13 |
| ਜ਼ਿਲ੍ਹਾ : ਫਤਹਿਗੜ੍ਹ ਸਾਹਿਬ | | | | | | | | | | |
| 1 | ਅਮਲੋਹ | 0.00 | 9.38 | 9.38 | 0.00 | 37.75 | 37.75 | 0.00 | 48.09 | 48.09 |
| 2 | ਬੱਸੀ ਪਠਾਣਾਂ | 0.00 | 6.55 | 6.55 | 0.00 | 20.26 | 20.26 | 0.00 | 35.45 | 35.45 |
| 3 | ਖਮਾਣੋਂ | 0.00 | 14.03 | 14.03 | 0.00 | 24.76 | 24.76 | 0.00 | 54.60 | 54.60 |
| 4 | ਸਰਹਿੰਦ | 0.00 | 72.39 | 72.39 | 0.00 | 2.50 | 2.50 | 0.00 | 43.13 | 43.13 |
| | ਜੋੜ | 0.00 | 102.35 | 102.35 | 0.00 | 85.27 | 85.27 | 0.00 | 181.27 | 181.27 |
| ਜ਼ਿਲ੍ਹਾ : ਫਿਰੋਜ਼ਪੁਰ | | | | | | | | | | |
| 1 | ਅਬੋਹਰ | 20.52 | 0.00 | 20.52 | 1.32 | 0.00 | 1.32 | 38.63 | 0.00 | 38.63 |
| 2 | ਫਾਜ਼ਿਲਕਾ | 63.40 | 0.00 | 63.40 | 32.61 | 0.00 | 32.61 | 44.99 | 0.00 | 44.99 |
| 3 | ਫਿਰੋਜ਼ਪੁਰ | 26.18 | 65.22 | 91.40 | 6 59 | 27.39 | 33.98 | 22.18 | 112.00 | 134.18 |
| 4 | ਜਲਾਲਾਬਾਦ | 13.75 | 95.31 | 109.06 | 4.46 | 23.41 | 27.87 | 0.00 | 77.94 | 77.94 |
| 5 | ਜ਼ੀਰਾ | 78.74 | 13.77 | 92.51 | 156.92 | 0.53 | 157.45 | 90.02 | 36.07 | 126.09 |
| | ਜੋੜ | 202.59 | 174.30 | 376.89 | 201.90 | 51.33 | 253.23 | 195.82 | 226.01 | 421.83 |
| ਜ਼ਿਲ੍ਹਾ : ਗੁਰਦਾਸਪੁਰ | | | | | | | | | | |
| 1 | ਬਟਾਲਾ | 109.06 | 0.00 | 109.06 | 19.41 | 0.00 | 19.41 | 167.56 | 0.00 | 167.56 |
| 2 | ਡੇਰਾ ਬਾਬਾ ਨਾਨਕ | 0.00 | 0.47 | 0.47 | 0.00 | 0.47 | 0.47 | 49.54 | 24.54 | 74.08 |
| 3 | ਧਾਰ ਕਲਾਂ | 0.00 | 1.10 | 1.10 | 0.00 | 14.40 | 14.40 | 0.00 | 0.00 | 0.00 |
| 4 | ਗੁਰਦਾਸਪੁਰ | 19.00 | 11.69 | 30.69 | 33.27 | 56.06 | 89.33 | 81.60 | 69.25 | 150.85 |
| 5 | ਪਠਾਨਕੋਟ | 0.00 | 13.99 | 13.99 | 0.00 | 39.09 | 39.09 | 0.00 | 69.44 | 69.44 |
| | ਜੋੜ | 128.06 | 27.25 | 155.31 | 52.68 | 110.02 | 162 70 | 298.70 | 163.23 | 461.93 |

Original with;
Punjab Vidhan Sabha
Digitized by;

[ਖੇਤੀਬਾੜੀ ਮੰਤਰੀ]

| ਲੜੀ ਨੰ: | ਸਬ-ਡਿਵੀਜ਼ਨ | ਸਮੇਂ ਦੌਰਾਨ 01.04.1999 ਤੋਂ 31.03.2000 | | | 01.04.2000 ਤੋਂ 31.03.2001 | | | 01.04.2001 ਤੋਂ 31.03.2002 | | |
|---|---|---|---|---|---|---|---|---|---|---|
| | | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
| | | | | | (ਲੰਬਾਈ ਕਿ.ਮੀ. ਵਿੱਚ) | | | | | |
| | ਜ਼ਿਲ੍ਹਾ : ਹੁਸ਼ਿਆਰਪੁਰ | | | | | | | | | |
| 1 | ਦਸੂਹਾ | 0.00 | 38.48 | 38.48 | 0.00 | 67.36 | 67.36 | 0.00 | 107.22 | 107.22 |
| 2 | ਗੜ੍ਹ ਸ਼ੰਕਰ | 0.00 | 66.50 | 66.50 | 0.00 | 189.36 | 189.36 | 0.00 | 88.38 | 88.38 |
| 3 | ਹੁਸ਼ਿਆਰਪੁਰ | 0.00 | 41.16 | 41.16 | 0.00 | 172.17 | 172.17 | 0.00 | 64.13 | 64.13 |
| 4 | ਮੁਕੇਰੀਆਂ | 0.00 | 70.11 | 70.11 | 0.00 | 117.48 | 117.48 | 0.00 | 68.27 | 68.27 |
| | ਜੋੜ | 0.00 | 216.25 | 216.25 | 0.00 | 546.37 | 546.37 | 0.00 | 328.00 | 328.00 |
| | ਜ਼ਿਲ੍ਹਾ : ਜਲੰਧਰ | | | | | | | | | |
| 1 | ਜਲੰਧਰ | 0.00 | 99.42 | 99.42 | 0.00 | 55.36 | 55.36 | 0.00 | 218.89 | 218.89 |
| 2 | ਨਕੋਦਰ | 16.33 | 0.00 | 16.33 | 68.37 | 0.00 | 68.37 | 86.44 | 0.00 | 86.44 |
| 3 | ਫਿਲੌਰ | 32.20 | 14.73 | 46.93 | 54.82 | 4.76 | 59.58 | 90.73 | 43.90 | 134.63 |
| 4 | ਸ਼ਾਹਕੋਟ | 70.65 | 0.00 | 70.65 | 40.66 | 0.00 | 40.66 | 65.11 | 0.00 | 65.11 |
| | ਜੋੜ | 119.18 | 114.15 | 233.33 | 163.85 | 60.12 | 223.97 | 242.28 | 262.79 | 505.07 |
| | ਜ਼ਿਲ੍ਹਾ : ਕਪੂਰਥਲਾ | | | | | | | | | |
| 1 | ਭੁਲੱਥ | 0.00 | 17.94 | 17.94 | 0.00 | 19.27 | 19.27 | 0.00 | 59.36 | 59.36 |
| 2 | ਕਪੂਰਥਲਾ | 0.00 | 42.94 | 42.94 | 0.00 | 15.70 | 15.70 | 0.00 | 49.59 | 49.59 |
| 3 | ਫਗਵਾੜਾ | 0.00 | 19.03 | 19.03 | 0.00 | 26.10 | 26.10 | 0.00 | 45.29 | 45.29 |
| 4 | ਸੁਲਤਾਨਪੁਰ | 0.00 | 20.50 | 20.50 | 0.00 | 43.16 | 43.16 | 0.00 | 49.47 | 49.47 |
| | ਜੋੜ | 0.00 | 100.41 | 100.41 | 0.00 | 104.23 | 104.23 | 0.00 | 203.71 | 203.71 |
| | ਜ਼ਿਲ੍ਹਾ : ਲੁਧਿਆਣਾ | | | | | | | | | |
| 1 | ਜਗਰਾਉਂ | 25.00 | 20.25 | 45.25 | 15.00 | 15.94 | 30.94 | 32.00 | 11.85 | 43.85 |
| 2 | ਲੁਧਿਆਣਾ (ਪੂਰਬੀ) | 0.00 | 52.72 | 52.72 | 0.00 | 67.48 | 67.48 | 0.00 | 53.07 | 53.07 |
| 3 | ਲੁਧਿਆਣਾ (ਪੱਛਮੀ) | 31.00 | 21.05 | 52.05 | 18.00 | 54.89 | 72.89 | 27.00 | 79.96 | 106.96 |
| 4 | ਖੰਨਾ | 0.00 | 39.08 | 39.08 | 0.00 | 11.10 | 11.10 | 0.00 | 65.77 | 65.77 |
| 5 | ਪਾਇਲ | 0.00 | 24.07 | 24.07 | 0.00 | 64.08 | 64.08 | 0.00 | 99.64 | 99.64 |
| 6 | ਰਾਏਕੋਟ | 28.00 | 0.00 | 28.00 | 9.00 | 0.00 | 9.00 | 10.00 | 0.00 | 10.00 |
| 7 | ਸਮਰਾਲਾ | 0.00 | 65.23 | 65.23 | 0.00 | 65.08 | 65.08 | 0.00 | 61.16 | 61.16 |
| | ਜੋੜ | 84.00 | 222.40 | 306.40 | 42.00 | 278.57 | 320.57 | 69.00 | 371.45 | 440.45 |

Original with;
Punjab Vidhan Sabha
Digitized by;

| ਲੜੀ ਨੰ: | ਸਬ-ਡਿਵੀਜ਼ਨ | ਸਮੇਂ ਦੌਰਾਨ 01.04.1999 ਤੋਂ 31.03.2000 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2000 ਤੋਂ 31.03.2001 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | 01.04.2001 ਤੋਂ 31.03.2002 ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
|---|---|---|---|---|---|---|---|---|---|---|
| | | | | | (ਲੰਬਾਈ ਕਿ.ਮੀ. ਵਿੱਚ) | | | | | |
| ਜ਼ਿਲ੍ਹਾ : ਮਾਨਸਾ | | | | | | | | | | |
| 1 | ਬੁਢਲਾਡਾ | 10.00 | 0.00 | 10.00 | 13.95 | 0.00 | 13.95 | 39.31 | 0.00 | 39.31 |
| 2 | ਮਾਨਸਾ | 28.00 | 0.00 | 28.00 | 20.32 | 0.00 | 20.32 | 30.50 | 0.00 | 30.50 |
| 3 | ਸਰਦੂਲ ਗੜ੍ਹ | 12.00 | 0.00 | 12.00 | 35.89 | 0.00 | 35.89 | 25.29 | 0.00 | 25.29 |
| | ਜੋੜ | 50.00 | 0.00 | 50.00 | 70.16 | 0.00 | 70.16 | 95.10 | 0.00 | 95.10 |
| ਜ਼ਿਲ੍ਹਾ : ਮੋਗਾ | | | | | | | | | | |
| 1 | ਬਾਘਾ ਪੁਰਾਣਾ | 38.04 | 0.00 | 38.04 | 0.00 | 0.00 | 0.00 | 60.02 | 0.00 | 60.02 |
| 2 | ਮੋਗਾ | 0.00 | 13.45 | 13.45 | 0.00 | 11.65 | 11.65 | 57.12 | 115.28 | 172.40 |
| 3 | ਨਿਹਾਲ ਸਿੰਘ-ਵਾਲਾ | 9.48 | 2.06 | 11.54 | 0.00 | 6.74 | 6.74 | 19.50 | 53.55 | 73.05 |
| | ਜੋੜ | 47.52 | 15.51 | 63.03 | 0.00 | 18.39 | 18.39 | 136.64 | 168.83 | 305.47 |
| ਜ਼ਿਲ੍ਹਾ : ਮੁਕਤਸਰ | | | | | | | | | | |
| 1 | ਗਿੱਦੜਬਾਹਾ | 103.07 | 0.00 | 103.07 | 23.90 | 0.00 | 23.90 | 68.96 | 0.00 | 68.96 |
| 2 | ਮਲੋਟ | 244.82 | 0.00 | 244.82 | 69.30 | 0.00 | 69.30 | 148.51 | 0.00 | 148.51 |
| 3 | ਮੁਕਤਸਰ | 103.52 | 8.25 | 111.77 | 36.87 | 1.22 | 38.09 | 124.35 | 32.62 | 156.97 |
| | ਜੋੜ | 451.41 | 8.25 | 459.66 | 130.07 | 1.22 | 131.29 | 341.82 | 32.62 | 374.44 |
| ਜ਼ਿਲ੍ਹਾ : ਨਵਾਂ ਸ਼ਹਿਰ | | | | | | | | | | |
| 1 | ਬਲਾਚੌਰ | 70.00 | 0.00 | 70.00 | 39.16 | 0.00 | 39.16 | 55.55 | 0.00 | 55.55 |
| 2 | ਨਵਾਂ ਸ਼ਹਿਰ | 175.00 | 0.00 | 175.00 | 67.31 | 0.00 | 67.31 | 190.03 | 0.00 | 190.03 |
| | ਜੋੜ | 245.00 | 0.00 | 245.00 | 106.47 | 0.00 | 106.47 | 245.58 | 0.00 | 245.58 |
| ਜ਼ਿਲ੍ਹਾ : ਪਟਿਆਲਾ | | | | | | | | | | |
| 1 | ਡੇਰਾ ਬੱਸੀ | 4.91 | 0.00 | 4.91 | 25.04 | 0.00 | 25.04 | 53.60 | 0.00 | 53.60 |
| 2 | ਨਾਭਾ | 0.00 | 42.90 | 42.90 | 0.00 | 4.58 | 4.58 | 0.00 | 37.58 | 37.58 |
| 3 | ਰਾਜਪੁਰਾ | 52.70 | 0.00 | 52.70 | 57.68 | 3.91 | 61.59 | 46.92 | 32.47 | 79.39 |
| 4 | ਪਟਿਆਲਾ | 0.00 | 106.86 | 106.86 | 0.00 | 58.24 | 58.24 | 15.78 | 33.33 | 49.11 |
| 5 | ਸਮਾਣਾ | 45.09 | 7.82 | 52.91 | 44.46 | 0.00 | 44.46 | 70.82 | 15.45 | 86.27 |
| | ਜੋੜ | 102.70 | 157.58 | 260.28 | 127.18 | 66.73 | 193.91 | 187.12 | 118.83 | 305.95 |

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

| ਲੜੀ ਨੰ: | ਸਬ-ਡਿਵੀਜ਼ਨ | ਸਮੇਂ ਦੌਰਾਨ 01.04.1999 ਤੋਂ 31.03.2000 | | | 01.04.2000 ਤੋਂ 31.03.2001 | | | 01.04.2001 ਤੋਂ 31.03.2002 | | |
|---|---|---|---|---|---|---|---|---|---|---|
| | | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ | ਪੰ.ਮੰ.ਬੋ. | ਲੋ.ਨਿ.ਵਿ. | ਕੁੱਲ |
| | | | | | (ਲੰਬਾਈ ਕਿ.ਮੀ. ਵਿੱਚ) | | | | | |
| ਜ਼ਿਲ੍ਹਾ : ਰੂਪ ਨਗਰ | | | | | | | | | | |
| 1 | ਆਨੰਦਪੁਰ ਸਾਹਿਬ | 0.00 | 7.82 | 7.82 | 0.00 | 35.24 | 35.24 | 0.00 | 163.38 | 163.38 |
| 2 | ਖਰੜ | 0.00 | 4.53 | 4.53 | 0.00 | 29.17 | 29.17 | 0.00 | 211.95 | 211.95 |
| 3 | ਰੂਪ ਨਗਰ | 0.00 | 23.25 | 23.25 | 0.00 | 90.82 | 90.82 | 0.00 | 209.34 | 209.34 |
| 4 | ਐਸ.ਏ.ਐਸ. ਨਗਰ | 0.00 | 11.27 | 11.27 | 0.00 | 9.94 | 9.94 | 0.00 | 40.61 | 40.61 |
| | ਜੋੜ | 0.00 | 46.87 | 46.87 | 0.00 | 165.17 | 165.17 | 0.00 | 625.28 | 625.28 |
| ਜ਼ਿਲ੍ਹਾ : ਸੰਗਰੂਰ | | | | | | | | | | |
| 1 | ਬਰਨਾਲਾ | 70.10 | 69.59 | 139.69 | 81.74 | 8.15 | 89.89 | 58.03 | 36.30 | 94.33 |
| 2 | ਧੂਰੀ | 40.67 | 0.00 | 40.67 | 32.78 | 0.00 | 32.78 | 63.33 | 0.00 | 63.33 |
| 3 | ਮਲੇਰਕੋਟਲਾ | 38.03 | 44.00 | 82.03 | 0.00 | 78.69 | 78.69 | 17.68 | 34.20 | 51.88 |
| 4 | ਮੂਣਕ | 0.00 | 16.15 | 16.15 | 0.00 | 0.21 | 0.21 | 0.00 | 75.53 | 75.53 |
| 5 | ਸੰਗਰੂਰ | 0.81 | 7.88 | 8.69 | 19.65 | 6.18 | 25.83 | 38.14 | 72.86 | 111.00 |
| 6 | ਸੁਨਾਮ | 7.14 | 4.97 | 12.11 | 9.69 | 2.11 | 11.80 | 51.62 | 29.31 | 80.93 |
| | ਜੋੜ | 156.75 | 142.59 | 299.34 | 143.86 | 95.34 | 239.20 | 228.80 | 248.20 | 477.00 |
| | ਕੁੱਲ ਜੋੜ | 1724.38 | 1679.39 | 3403.77 | 1149.49 | 1757.87 | 2907.36 | 2521.54 | 3421.01 | 5942.55 |

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਾਲ 2003-04 ਦੇ ਬਜਟ ਵਿੱਚ ਪੁਰਾਣੀਆਂ ਸੜਕਾਂ ਦੀ ਰਿਪੇਅਰ ਵਾਸਤੇ ਕਿੰਨੇ-ਕੁ ਫੰਡਜ਼ ਰੱਖੇ ਗਏ ਹਨ ?

**ਮੰਤਰੀ :** ਸਪੀਕਰ ਸਾਹਿਬ, ਸਾਲ 2003-04 ਦੇ ਵਾਸਤੇ ਤਕਰੀਬਨ ਇਹ ਫੈਸਲਾ ਹੋਇਆ ਹੈ ਕਿ ਇਸ ਤਰ੍ਹਾਂ ਦੀਆਂ ਸੜਕਾਂ ਦੀ ਰਿਪੇਅਰ ਨੂੰ ਪ੍ਰਾਇਰਿਟੀ ਦੇਵਾਂਗੇ। ਇਸ ਤਰ੍ਹਾਂ ਅਸੀਂ 80 ਕਰੋੜ ਰੁਪਿਆ ਮੰਡੀ ਬੋਰਡ ਵੱਲੋਂ ਰੱਖਿਆ ਹੈ, ਅਤੇ 80 ਕਰੋੜ ਰੁਪਿਆ ਹੀ ਮਾਰਕੀਟ ਕਮੇਟੀਆਂ ਵੱਲੋਂ ਹੋਵੇਗਾ ਲੇਕਿਨ ਇਸ ਤੋਂ ਇਲਾਵਾ ਸਾਡੀ ਇੱਕ ਮੀਟਿੰਗ ਮੁੱਖ ਮੰਤਰੀ ਜੀ ਦੇ ਨਾਲ ਹੋਈ ਹੈ ਔਰ ਅਸੀਂ 100 ਕਰੋੜ ਰੁਪਿਆ ਰੂਰਲ ਡਿਵੈਲਪਮੈਂਟ ਫੰਡ ਵੱਲੋਂ ਵੀ ਰੱਖਿਆ ਹੈ। ਇਸ ਤਰ੍ਹਾਂ ਇਹ ਤਕਰੀਬਨ 200—225 ਕਰੋੜ ਰੁਪਿਆ ਰੱਖਿਆ ਗਿਆ ਹੈ।

Original with;
Punjab Vidhan Sabha
Digitized by:
Panjab Digital Library

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਨਵੀਆਂ ਸੜਕਾਂ, ਜਿਹੜੀਆਂ ਬਣਾਉਣੀਆਂ ਬਹੁਤ ਜ਼ਰੂਰੀ ਹਨ, ਉਨ੍ਹਾਂ ਨੂੰ ਬਣਾਉਣ ਦੀ ਵੀ ਸਰਕਾਰ ਦੀ ਕੋਈ ਤਜਵੀਜ਼ ਹੈ ?

**ਮੰਤਰੀ** : ਸਪੀਕਰ ਸਾਹਿਬ, ਅਜੇ ਕੋਈ ਨਹੀਂ ਹੈ। ਸਾਡੀ ਫਸਟ ਪ੍ਰਾਇਰਿਟੀ, ਜਿਸ ਤਰ੍ਹਾਂ ਮੈਂ ਪਹਿਲਾਂ ਵੀ ਦੱਸਿਆ ਹੈ ਕਿ ਪੁਰਾਣੀਆਂ ਸੜਕਾਂ ਦੀ ਰਿਪੇਅਰ ਉਤੇ ਹੀ ਹੋਵੇਗੀ। ਜਿਸ ਤਰ੍ਹਾਂ ਸਾਲ 1997 ਦੀਆਂ ਜਿਹੜੀਆਂ ਸੜਕਾਂ ਹਨ ਔਰ ਉਨ੍ਹਾਂ ਦੀ ਸਾਰੇ ਪੰਜਾਬ ਵਿਚ ਬਹੁਤ ਜ਼ਿਆਦਾ ਮਾੜੀ ਹਾਲਤ ਹੈ ਅਤੇ ਕਾਫ਼ੀ ਮਾਨਯੋਗ ਮੈਂਬਰਾਂ ਦੀ ਵੀ ਇਨ੍ਹਾਂ ਸੜਕਾਂ ਦੀ ਪਹਿਲਾਂ ਰਿਪੇਅਰ ਕਰਨ ਸਬੰਧੀ ਮੰਗ ਹੈ। ਇਸ ਦੇ ਲਈ ਸਾਨੂੰ 575 ਕਰੋੜ 95 ਲੱਖ ਰੁਪਏ ਦੀ ਜ਼ਰੂਰਤ ਹੈ। ਇਸ ਕਰਕੇ ਹਾਲੇ ਕੋਈ ਗੁੰਜਾਇਸ਼ ਨਹੀਂ ਹੈ ਕਿ ਨਵੀਆਂ ਸੜਕਾਂ ਬਣਾਈਏ।

**ਸਰਦਾਰ ਤੋਤਾ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਇਹ ਲਿੰਕ ਰੋਡਜ਼ ਹਨ, ਇਹ ਦੋ ਕਿਸਮ ਦੀਆਂ ਹੁੰਦੀਆਂ ਹਨ ਇਕ ਤਾਂ ਪੂਰੀ ਦੀ ਪੂਰੀ ਸੜਕ ਬਣਾਈ ਜਾਂਦੀ ਹੈ ਪਰ ਜਿਵੇਂ ਕੋਈ ਸਾਲ 1995-96 ਦੀ ਬਣੀ ਹੋਈ ਪੁਰਾਣੀ ਸੜਕ ਹੈ, ਅੱਜ ਉਸ ਸੜਕ ਦੇ ਉਤੇ ਦਸ ਟੋਏ ਪੈਂਦੇ ਹਨ, ਕੱਲ੍ਹ ਨੂੰ ਉਹੀ 20 ਟੋਏ ਹੋ ਜਾਣਗੇ ਔਰ ਫਿਰ ਇਹ ਵਧ ਕੇ 40 ਟੋਏ ਬਣ ਜਾਣਗੇ, ਜਿਨ੍ਹਾਂ ਦੀ ਰਿਪੇਅਰ ਦੇ ਉਤੇ ਤਕਰੀਬਨ ਤਿੰਨ ਜਾਂ ਚਾਰ ਲੱਖ ਰੁਪਿਆ ਖਰਚਾ ਆਉਂਦਾ ਹੈ। ਇਸ ਲਈ ਜੇਕਰ ਇਨ੍ਹਾਂ ਦਾ ਪੈਚ ਵਰਕ ਪਹਿਲਾਂ ਹੀ ਨਾਲ-ਨਾਲ ਕਰਵਾ ਲਿਆ ਜਾਇਆ ਕਰੇ ਤਾਂ ਇਸ ਦੇ ਨਾਲ ਸੜਕਾਂ ਠੀਕ ਰਹਿਣਗੀਆਂ। ਕੀ ਮਾਰਕੀਟ ਕਮੇਟੀਆਂ ਨੂੰ 20-20 ਹਜ਼ਾਰ ਰੁਪਏ ਦੀ ਪਾਵਰ ਦੇ ਕੇ, ਇਸ ਤਰ੍ਹਾਂ ਦੀਆਂ ਸੜਕਾਂ ਦੇ ਪੈਚ ਵਰਕ ਦਾ ਕੰਮ ਕਰਵਾਇਆ ਜਾਵੇਗਾ ?

**ਮਾਨਯੋਗ ਸਪੀਕਰ** : ਹਾਂ ਜੀ, ਕੀ ਪੈਚ ਵਰਕ ਦੇ ਬਾਰੇ ਪ੍ਰਾਇਰਿਟੀ ਹੈ ?

**ਮੰਤਰੀ** : ਹਾਂ ਜੀ, ਪੈਚ ਵਰਕ ਦੇ ਕੰਮ ਲਈ 40 ਕਰੋੜ ਰੁਪਿਆ ਰੱਖਿਆ ਹੈ।

## ਜਗਰਾਉਂ ਵਿਖੇ ਤਹਿਸੀਲ ਕੰਪਲੈਕਸ ਲਈ ਨਵੀਂ ਇਮਾਰਤ

*507. **ਸਰਦਾਰ ਭਾਗ ਸਿੰਘ ਮੱਲ੍ਹਾ** : ਕੀ ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਜਗਰਾਉਂ ਵਿਖੇ ਤਹਿਸੀਲ ਕੰਪਲੈਕਸ ਦੀ ਪੁਰਾਣੀ ਇਮਾਰਤ ਨੂੰ ਅਸੁਰੱਖਿਅਤ ਘੋਸ਼ਿਤ ਕੀਤਾ ਗਿਆ ਹੈ; ਅਤੇ

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਸਰਕਾਰ ਦੀ ਉਕਤ ਤਹਿਸੀਲ ਕੰਪਲੈਕਸ ਲਈ ਨਵੀਂ ਇਮਾਰਤ ਉਸਾਰਨ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਇਮਾਰਤ ਦੀ ਉਸਾਰੀ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;

**ਸਰਦਾਰ ਅਮਰਜੀਤ ਸਿੰਘ ਸਮਰਾ** : (ੳ) ਹਾਂ ਜੀ ।

(ਅ) ਇਸ ਸਮੇਂ ਅਜਿਹੀ ਕੋਈ ਤਜਵੀਜ਼ ਨਹੀਂ ਹੈ । ਪੁਰਾਣੀ ਇਮਾਰਤ ਮੁਰੰਮਤ ਕਰਕੇ ਵਰਤੋਂ ਵਿੱਚ ਲਿਆਂਦੀ ਜਾ ਰਹੀ ਹੈ।

**ਸਰਦਾਰ ਭਾਗ ਸਿੰਘ ਮੱਲ੍ਹਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਬਿਲਡਿੰਗ ਕਦੋਂ ਅਨਸੇਫ ਡਿਕਲੇਅਰ ਕੀਤੀ ਗਈ ਹੈ ਔਰ ਉਸ ਤੋਂ ਬਾਅਦ ਇਸ ਬਿਲਡਿੰਗ ਦੇ ਲਈ ਕੋਈ ਰਾਸ਼ੀ ਵੀ ਆਈ ਹੈ ?

**ਰਾਜ ਮੰਤਰੀ** : ਇਸ ਬਿਲਡਿੰਗ ਦੀ ਮੁਰੰਮਤ ਪੀ.ਡਬਲਯੂ.ਡੀ. ਵਲੋਂ ਹੀ ਕੀਤੀ ਜਾ ਰਹੀ ਹੈ। ਸਾਲ 2001 ਵਿੱਚ 25 ਹਜ਼ਾਰ ਰੁਪਿਆ ਇਸ ਬਿਲਡਿੰਗ ਦੇ ਉਤੇ ਪੀ. ਡਬਲਯੂ. ਡੀ. ਵਲੋਂ ਖਰਚ ਕੀਤਾ ਗਿਆ ਸੀ।

**ਸਰਦਾਰ ਭਾਗ ਸਿੰਘ ਮੱਲ੍ਹਾ** : ਸਪੀਕਰ ਸਾਹਿਬ, ਅਜੇ ਉਥੇ ਕੋਈ ਰਿਪੇਅਰ ਦਾ ਕੰਮ ਨਹੀਂ ਚਲ ਰਿਹਾ ਹੈ। ਦੂਸਰਾ, ਮੈਂ, ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਹ ਬਿਲਡਿੰਗ ਕਾਫੀ ਦੇਰ ਤੋਂ ਅਨਸੇਫ ਡਿਕਲੇਅਰ ਹੋ ਚੁੱਕੀ ਹੈ ਤੇ ਜੇਕਰ ਕੋਈ ਇਸ ਕਾਰਨ ਉਥੇ ਹਾਦਸਾ ਵਾਪਰ ਜਾਵੇ ਤਾਂ ਕੀ ਇਸ ਦੀ ਜ਼ਿੰਮੇਵਾਰੀ ਸਰਕਾਰ ਕਬੂਲੇਗੀ ? ਜੇ ਕਬੂਲੇਗੀ ਤਾਂ ਇਸ ਦੇ ਲਈ ਲੋਕਾਂ ਨੂੰ ਕੀ ਕੰਪਨਸੇਸ਼ਨ ਦਿੱਤਾ ਜਾਵੇਗਾ ?

**ਰਾਜ ਮੰਤਰੀ** : ਸਪੀਕਰ ਸਾਹਿਬ, ਵੈਸੇ ਤਾਂ ਕੋਈ ਮਾੜੀ ਘਟਨਾ ਨਾ ਵਾਪਰੇ। ਮੇਰੇ ਵਿਭਾਗ ਨੇ ਮਿਤੀ 22 ਮਾਰਚ, 2001 ਨੂੰ ਫੈਸਲਾ ਕੀਤਾ ਹੈ ਕਿ ਅੱਗੇ ਜਿਹੜੇ ਪ੍ਰਬੰਧਕੀ ਕੰਪਲੈਕਸ ਹੋਣਗੇ ਉਨ੍ਹਾਂ ਦੀ ਉਸਾਰੀ ਪੁੱਡਾ ਦੇ ਵਲੋਂ ਕੀਤੀ ਜਾਵੇਗੀ। ਪੁੱਡਾ ਵਲੋਂ ਇਕ ਸਕੀਮ ਹੈ, ਉਸ ਦੇ ਅਧੀਨ ਇਹ ਸਾਰੀ ਜ਼ਮੀਨ ਪੁੱਡਾ ਨੂੰ ਟਰਾਂਸਫਰ ਕੀਤੀ ਜਾਵੇਗੀ ਉਨ੍ਹਾਂ ਤੋਂ ਬਾਅਦ ਕੰਪਲੈਕਸ ਬਣਾਇਆ ਜਾਵੇਗਾ। ਡੀ.ਸੀ. ਸਾਹਿਬ ਨੂੰ ਪਹਿਲਾਂ ਅਸੀਂ ਮਿਤੀ 31 ਜਨਵਰੀ, 2000 ਨੂੰ ਕਿਹਾ ਸੀ ਅਤੇ ਫਿਰ ਮਿਤੀ 23 ਜਨਵਰੀ, 2003 ਨੂੰ ਚਿਤਾਵਨੀ ਦਿੱਤੀ ਹੈ ਕਿ ਸਾਰਾ ਕੇਸ ਦੇਖੋ ਅਤੇ ਉਸਾਰੀ ਕਰਵਾਉਣ ਲਈ ਸਾਨੂੰ ਕੇਸ ਦੀ ਪੁਜ਼ੀਸ਼ਨ ਦੱਸੋ। ਜਦੋਂ ਪੈਸੇ ਦਾ ਅਰੇਂਜਮੈਂਟ ਹੋ ਜਾਵੇਗਾ ਤਾਂ ਸਾਰਾ ਪ੍ਰੋਗਰਾਮ ਸ਼ੁਰੂ ਕਰ ਦਿੱਤਾ ਜਾਵੇਗਾ।

**ਸਰਦਾਰ ਭਾਗ ਸਿੰਘ ਮੱਲ੍ਹਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਟਾਈਮ ਬਾਊਂਡ ਹੋ ਸਕਦਾ ਹੈ ?

**ਮਾਨਯੋਗ ਸਪੀਕਰ** : ਦੱਸੋ ਜੀ, ਕੀ ਇਹ ਟਾਈਮ ਬਾਊਂਡ ਹੋ ਸਕਦਾ ਹੈ ?

**ਰਾਜ ਮੰਤਰੀ** : ਨਹੀਂ ਜੀ, ਇਹ ਟਾਈਮ ਬਾਊਂਡ ਨਹੀਂ ਹੋ ਸਕਦਾ। ਜਲਦੀ ਤੋਂ ਜਲਦੀ ਪ੍ਰਬੰਧ ਕੀਤਾ ਜਾਵੇਗਾ।

---

Original with;
Punjab Vidhan Sabha
Digitized by;

## ਅੰਮ੍ਰਿਤਸਰ ਵਿਖੇ ਵਣ ਵਿਭਾਗ ਦੀ ਜ਼ਮੀਨ ਤੇ ਨਜਾਇਜ਼ ਕਬਜ਼ਾ

*471. **ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਕੀ ਜੰਗਲਾਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਵਣ ਵਿਭਾਗ ਦੀ ਸੁੰਦਰ ਨਗਰ ਅਤੇ ਕਾਂਗੜਾ ਕਲੌਨੀ, ਅੰਮ੍ਰਿਤਸਰ ਦੇ ਦਰਮਿਆਨ ਹਸਲੀ-ਸ਼ਿਵਾਲਾ ਸੜਕ ਤੇ ਪੈਂਦੀ ਜ਼ਮੀਨ ਨਜਾਇਜ਼ ਕਬਜ਼ੇ ਹੇਠ ਹੈ; ਜੇਕਰ ਅਜਿਹਾ ਹੋਵੇ, ਤਾਂ ਸਰਕਾਰ ਉਕਤ ਜ਼ਮੀਨ ਤੋਂ ਨਜਾਇਜ਼ ਕਬਜ਼ਾ ਹਟਾਉਣ ਲਈ ਕੀ ਕਦਮ ਚੁੱਕਣ ਦੀ ਤਜ਼ਵੀਜ਼ ਰੱਖਦੀ ਹੈ ; ਅਤੇ

(ਅ) ਕੀ ਸਰਕਾਰ ਦੇ ਵਿਚਾਰ ਅਧੀਨ ਇਹ ਜ਼ਮੀਨ ਮਿਉਂਸਿਪਲ ਕਾਰਪੋਰੇਸ਼ਨ, ਅੰਮ੍ਰਿਤਸਰ ਨੂੰ ਟਰਾਂਸਫਰ ਕਰਨ ਦੀ ਕੋਈ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤਕ ਕਰਨ ਦੀ ਸੰਭਾਵਨਾ ਹੈ ?

**ਡਾਕਟਰ ਹਰਬੰਸ ਲਾਲ** : (ੳ) ਇਹ ਠੀਕ ਹੈ ਕਿ ਅੰਮ੍ਰਿਤਸਰ ਸ਼ਹਿਰ ਦੀ ਕਾਂਗੜਾ ਕਲੌਨੀ ਅਤੇ ਸੁੰਦਰ ਨਗਰ ਵਿਚੋਂ ਲੰਘਦੀ ਅਬੰਡਨਡ ਡਿਸਟਰੀਬਿਊਟਰੀ ਦੇ ਕੁਝ ਹਿਸਿਆਂ ਤੇ ਲੰਮੇ ਸਮੇਂ ਤੋਂ ਨਜਾਇਜ਼ ਕਬਜ਼ਾ ਹੋਇਆ ਹੈ। ਵਣ ਵਿਭਾਗ ਵੱਲੋਂ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਭਾਰਤੀ ਵਣ ਐਕਟ, 1927; ਵਣ ਸੁਰੱਖਿਆ ਐਕਟ, 1980 ਅਤੇ ਪੰਜਾਬ ਪਬਲਿਕ ਪਰੀਮਿਸਿਜ਼ (ਨਜਾਇਜ਼ ਕਾਬਜ਼ਾਂ ਨੂੰ ਹਟਾਉਣ) ਐਕਟ, 1971 ਅਧੀਨ ਕਈ ਕਦਮ ਉਠਾਏ ਗਏ ਹਨ।

(ਅ) ਮਿਉਂਸਿਪਲ ਕਾਰਪੋਰੇਸ਼ਨ, ਅੰਮ੍ਰਿਤਸਰ ਨੂੰ 1.14 ਹੈਕਟੇਅਰ ਵਣ ਰਕਬਾ ਦੇਣ ਲਈ ਭਾਰਤੀ ਵਣ ਸੁੱਰਖਿਆ ਐਕਟ, 1980 ਅਧੀਨ ਇਕ ਨਾ-ਮੁਕੰਮਲ ਤਜਵੀਜ਼ ਵਣ ਮੰਡਲ ਅਫਸਰ, ਅੰਮ੍ਰਿਤਸਰ ਕੋਲ ਪ੍ਰਾਪਤ ਹੋਈ ਹੈ। ਮੁਕੰਮਲ ਤਜਵੀਜ਼ ਪ੍ਰਾਪਤ ਹੋਣ ਤੇ ਇਸ ਨੂੰ ਭਾਰਤ ਸਰਕਾਰ ਦੇ ਪਰਿਆਵਰਣ ਅਤੇ ਵਣ ਮੰਤਰਾਲੇ ਨੂੰ ਪ੍ਰਵਾਨਗੀ ਲਈ ਭੇਜਿਆ ਜਾਵੇਗਾ। ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜੇਠੂਵਾਲ ਇਕ ਰੱਦ ਕੱਸੀ ਹੈ ਜੋ ਕਿ ਮੇਨ ਬਰਾਂਚ ਲੋਅਰ ਨਹਿਰ ਵਿਚੋਂ ਨਿਕਲਦੀ ਹੈ ਅਤੇ ਇਹ ਸੁੰਦਰ ਨਗਰ ਅਤੇ ਕਾਂਗੜਾ ਕਲੋਨੀ ਨੂੰ ਦੋ ਹਿੱਸਿਆਂ ਵਿਚ ਵੰਡਦੀ ਹੋਈ ਅੰਮ੍ਰਿਤਸਰ ਸ਼ਹਿਰ ਵਿਚੋਂ ਦੀ ਲੰਘਦੀ ਹੈ। ਇਸ ਰੱਦ ਕੱਸੀ ਦੇ ਦੋਵੇਂ ਪਾਸੇ ਦੇ ਰਕਬੇ ਦਾ ਪ੍ਰਬੰਧ ਬਤੌਰ ਸੁਰੱਖਿਅਤ ਵਣ ਕੀਤਾ ਜਾ ਰਿਹਾ ਹੈ। ਇਸ ਕੱਸੀ ਦੇ ਰੱਦ ਹੋਣ ਬਾਅਦ ਅੰਮ੍ਰਿਤਸਰ ਸ਼ਹਿਰ ਦੇ ਵਾਧੇ ਕਾਰਨ ਇਸ ਦੇ ਆਲੇ ਦੁਆਲੇ ਦੇ ਵਣ ਰਕਬੇ ਤੇ ਨਵੀਆਂ ਕਲੋਨੀਆਂ ਆਉਣ ਕਾਰਨ ਨਜਾਇਜ਼ ਕਬਜ਼ੇ ਹੋ ਗਏ ਸਨ। ਇਹ ਨਜਾਇਜ਼ ਕਬਜ਼ੇ ਕੋਈ 20-25 ਸਾਲ ਪਹਿਲਾਂ ਦੇ ਹਨ।

Original with;
Punjab Vidhan Sabha
Digitized by;

[ਰਾਜ ਮੰਤਰੀ, ਜੰਗਲਾਤ]

ਸਮੇਂ ਸਮੇਂ ਤੇ ਇਸ ਵਣ ਰਕਬੇ ਤੇ ਉਸਾਰੀ ਕਾਰਨ ਨਜਾਇਜ਼ ਕਬਜ਼ੇ ਹੋ ਜਾਣ ਨਾਲ ਇਸ ਕੱਸੀ ਦੀ ਅਸਲ ਬਾਊਂਡਰੀ ਧਰਤੀ ਤੇ ਹੁਣ ਲੱਭਣਾ ਆਸਾਨ ਨਹੀਂ ਹੈ। ਇਸ ਕਾਰਨ ਇਕ ਕੱਸੀ ਦੇ ਸੁੰਦਰ ਨਗਰ ਅਤੇ ਕਾਂਗੜਾ ਕਲੋਨੀ ਨਾਲ ਲਗਦੇ ਕੁਝ ਹੋਰ ਰਕਬਿਆਂ ਵਿਚ ਵੀ ਨਜਾਇਜ਼ ਕਬਜ਼ੇ ਹੋ ਗਏ ਸਨ। ਇਸ ਸੜਕ ਅਧੀਨ 1.14 ਹੈਕਟੇਅਰ ਰਕਬਾ ਆਉਂਦਾ ਹੈ ਅਤੇ ਵਣ ਸੁਰੱਖਿਆ ਐਕਟ ਅਧੀਨ ਕੇਸ ਨਗਰ ਨਿਗਮ ਵਲੋਂ ਵਣ ਮੰਡਲ ਅਫਸਰ ਨੂੰ ਨਵੰਬਰ, 2002 ਵਿਚ ਪੇਸ਼ ਕੀਤਾ ਗਿਆ। ਨਗਰ ਨਿਗਮ ਵਲੋਂ ਕੰਪਨਸੇਟਰੀ ਅਫਾਰੈਸਟੇਸ਼ਨ ਲਈ 3,87,000 ਰੁਪਏ ਦੀ ਰਕਮ ਜਮ੍ਹਾਂ ਕਰਵਾਈ ਗਈ ਹੈ ਪਰੰਤੂ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਰਾਬਰ ਦਾ ਗੈਰ ਵਣ ਰਕਬਾ ਅਜੇ ਤੱਕ ਨਹੀਂ ਦਿੱਤਾ ਗਿਆ ਜਿਸ ਕਾਰਨ ਇਹ ਕੇਸ ਪੈਂਡਿੰਗ ਪਿਆ ਹੈ। ਵਣ ਸੁਰੱਖਿਆ ਐਕਟ ਅਧੀਨ ਤਜਵੀਜ਼ ਨਗਰ ਨਿਗਮ ਵਲੋਂ ਬਰਾਬਰ ਦਾ ਰਕਬਾ ਦੇਣ ਉਪਰੰਤ ਹੀ ਭਾਰਤ ਸਰਕਾਰ ਨੂੰ ਭੇਜੀ ਜਾ ਸਕੇਗੀ।

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕੇਸ ਕੀਤੇ ਗਏ ਹਨ, ਇਹ ਕੁੱਲ ਕਿੰਨੇ ਕੇਸ ਹੋਏ ਹਨ, ਅਤੇ ਕੀ ਕੋਈ ਐਸਾ ਕੇਸ ਵੀ ਹੈ ਜਿਸ ਦੇ ਵਿਚ ਕੋਈ ਜਗ੍ਹਾ ਖਾਲੀ ਹੋਈ ਹੈ? ਇਸ ਤਰ੍ਹਾਂ ਅੱਗੋਂ ਨਜਾਇਜ਼ ਕਬਜ਼ੇ ਨਾ ਹੋਣ, ਇਸ ਦੇ ਲਈ ਸਰਕਾਰ ਕੀ ਕਦਮ ਉਠਾਏਗੀ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਸਵਾਲ ਮੈਂਬਰ ਸਾਹਿਬ ਨੇ ਕੀਤਾ ਹੈ ਕਿ ਨਜਾਇਜ਼ ਕਬਜ਼ੇ ਨਾ ਹੋਣ ਸਬੰਧੀ ਕੀ ਕਾਰਵਾਈ ਕੀਤੀ ਹੈ, ਇਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਇਹ ਹੈ ਕਿ ਲਾਰੰਸ ਰੋਡ ਅਤੇ ਮਾਲ ਰੋਡ ਨੂੰ ਜੋੜਨ ਲਈ ਲਿੰਕ ਸੜਕ ਦੀ ਉਸਾਰੀ ਕਰਨ ਲਈ ਮਿਉਂਸਿਪਲ ਕਾਰਪੋਰੇਸ਼ਨ ਵਲੋਂ ਵਣ (ਸੁਰੱਖਿਆ) ਐਕਟ, 1980 ਅਧੀਨ ਇਕ ਨਾ ਮੁਕੰਮਲ ਕੇਸ ਪ੍ਰਵਾਨਗੀ ਲਈ ਵਣ ਮੰਡਲ ਅਫ਼ਸਰ, ਅੰਮ੍ਰਿਤਸਰ ਨੂੰ ਭੇਜਿਆ ਗਿਆ ਹੈ। ਅਜਿਹੇ ਕੇਸਾਂ ਵਿਚ ਭਾਰਤੀ ਵਣ ਐਕਟ, 1927, ਵਣ (ਸੁਰੱਖਿਆ) ਐਕਟ, 1980 ਅਤੇ ਪੰਜਾਬ ਪਬਲਿਕ ਪਰੀਮਿਸਜ਼ ਐਂਡ ਲੈਂਡ (ਇਵੈਕਸ਼ਨ ਐਂਡ ਰੈਂਟ ਰਿਕਵਰੀ) ਐਕਟ, 1973 ਅਧੀਨ ਹੇਠ ਲਿਖੇ ਅਨੁਸਾਰ ਦਰਜ ਕੀਤੇ ਗਏ ਹਨ:

(ੳ) ਮੰਗਤ ਰਾਮ ਅਤੇ ਹੋਰ, (ਅ) ਮਸਤ ਰਾਮ ਅਤੇ ਹੋਰ, (ੲ) ਰਾਜੇਸ਼ ਕੁਮਾਰ ਅਤੇ ਹੋਰ। ਰਿਹਾਇਸ਼ੀ ਘਰਾਂ ਦੀ ਉਸਾਰੀ :

(ੳ) ਕੇਵਲ ਕ੍ਰਿਸ਼ਨ ਅਗਰਵਾਲ, (ਅ) ਪ੍ਰੇਮ ਕੁਮਾਰ ਸ਼ਰਮਾ ਅਲਾਇੰਸ ਬਕਸ਼ੀ ਪੀ.ਏ. ਟੂ ਗੁਰਿੰਦਰ ਸਿੰਘ ਕੈਰੋਂ। ਇਨ੍ਹਾਂ ਦੇ ਖਿਲਾਫ ਕੋਰਟ ਦੇ ਵਿਚ ਕਾਰਵਾਈ ਚਲ ਰਹੀ ਹੈ। ਇਸ ਤੋਂ ਇਲਾਵਾ ਪੁਲਿਸ ਲਾਈਨ ਅਤੇ ਕੰਪਨੀ ਬਾਗ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਗਈ।

ਸਰਕਾਰੀ ਏਜੰਸੀਆਂ ਦੁਆਰਾ ਕਬਜ਼ੇ : ਪੀ.ਐਚ.ਡੀ. ਅਤੇ ਪੀ.ਐਸ.ਈ.ਬੀ. ਟਰਾਂਸਫਾਰਮਰ ਲਗਾਉਣਾ, ਇਨ੍ਹਾਂ ਸਬੰਧੀ ਭਾਰਤੀ ਵਣ ਐਕਟ, 1927 ਅਧੀਨ ਕੇਸ ਚਲ ਰਿਹਾ ਹੈ।

**ਮਾਨਯੋਗ ਸਪੀਕਰ** : ਮੈਂਬਰ ਸਾਹਿਬ ਨੇ ਕਿਹਾ ਹੈ ਕਿ ਕਦੋਂ ਕਾਰਵਾਈ ਸ਼ੁਰੂ ਕੀਤੀ ਗਈ ਹੈ। ਜੋ ਸਵਾਲ ਇਨ੍ਹਾਂ ਨੇ ਪੁੱਛਿਆ ਹੈ, ਮੰਤਰੀ ਜੀ ਤੁਸੀਂ ਉਸ ਦੇ ਨਾਲ ਲਿੰਕਡ ਜਵਾਬ ਦਿਉ। ਸ਼ਰਮਾ ਜੀ, ਕੀ ਤੁਹਾਡੇ ਸਵਾਲ ਦਾ ਠੀਕ ਜਵਾਬ ਆ ਗਿਆ ਹੈ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਨਹੀਂ ਜੀ। ਸਪੀਕਰ ਸਾਹਿਬ, ਮੈਂ ਪੁੱਛਿਆ ਹੈ ਕਿ ਕੀ ਸਰਕਾਰ ਨੇ ਕੋਈ ਜਗ੍ਹਾ ਖਾਲੀ ਕਰਵਾਈ ਹੈ, ਅਤੇ ਅੱਗੋਂ ਲਈ ਇਹੋ ਜਿਹੇ ਕਬਜ਼ੇ ਨਾ ਹੋਣ, ਇਸ ਦੇ ਲਈ ਸਰਕਾਰ ਕੀ ਕਦਮ ਉਠਾ ਰਹੀ ਹੈ ?

**ਮਾਨਯੋਗ ਸਪੀਕਰ** : ਮੰਤਰੀ ਜੀ ਤੁਸੀਂ ਸਵਾਲ ਦਾ ਜਵਾਬ ਦਿਉ ਜੀ।

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਇਹ ਕਬਜ਼ੇ ਪਿਛਲੇ 20-25 ਸਾਲਾਂ ਤੋਂ ਪੁਰਾਣੇ ਹਨ। ਹੁਣ ਇਨ੍ਹਾਂ ਨੂੰ ਅਸੀਂ ਖਾਲੀ ਕਰਵਾਉਣ ਲਈ ਕੋਰਟ ਰਾਹੀਂ ਕੋਸ਼ਿਸ਼ ਕਰ ਰਹੇ ਹਾਂ। ਜਿਨ੍ਹਾਂ ਨੇ ਕਬਜ਼ੇ ਕੀਤੇ ਹੋਏ ਹਨ, ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ। ਇਸ ਦੀ ਕਾਪੀ ਮੈਂ ਮੈਂਬਰ ਸਾਹਿਬ ਨੂੰ ਦੇ ਦਿੱਤੀ ਹੈ।

**ਮਾਨਯੋਗ ਸਪੀਕਰ** : ਮੈਂਬਰ ਸਾਹਿਬ ਨੇ ਪੁੱਛਿਆ ਹੈ ਕਿ ਹੁਣ ਤੱਕ ਕੋਈ ਕਬਜ਼ਾ ਖਾਲੀ ਹੋਇਆ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਪੁਰਾਣੇ ਕਬਜ਼ੇ ਹਨ। ਇਨ੍ਹਾਂ ਨੂੰ ਖਾਲੀ ਕਰਵਾਉਣ ਵਾਸਤੇ ਹੀ ਅਸੀਂ ਕੋਰਟ ਵਿੱਚ ਕੋਸ਼ਿਸ਼ ਕਰ ਰਹੇ ਹਾਂ। ਹੁਣ ਤੱਕ ਕੋਈ ਕਬਜ਼ਾ ਖਾਲੀ ਨਹੀਂ ਹੋਇਆ।

---

**ਮੁਲਤਵੀ ਕੀਤਾ ਗਿਆ ਨਿਸ਼ਾਨ ਵਾਲਾ ਪ੍ਰਸ਼ਨ ਨੰ: **521**

**ਮਾਨਯੋਗ ਸਪੀਕਰ** : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

Capt. Amarinder Singh

Chief Minister,
Punjab
Chandigarh.

D.O. No. 14/9/03-3TC/184-R
29th March, 2003.

My Dear Speaker Sahib,

Kindly refer to my D.O. letter No. 14/9/03-3TC/330, dated 19th March, 2003 ,—*vide* which a request was made to give extension for one month for answering Starred Question No. 521 appearing in the list of questions for 21st March, 2003. Now this question has again been fixed for reply on 1st April, 2003 in the Punjab Vidhan Sabha. Patiala Heritage Festival to which this question relates has been organized by the Patiala Heritage Society, an organization registered

---

**For Postponed Starred Question No. 521 and reply thereto, please *see* Appendix to this Debate.

Original with;
Punjab Vidhan Sabha
Digitized by;

[ਮਾਨਯੋਗ ਸਪੀਕਰ]

under the Registration of Societies Act. The festival has concluded on 2nd March, 2003 and this society has reported that the expenditure figures have not yet been compiled. I accordingly request you to grant extension for atleast one month for replying this question.

Yours sincerely,

(Sd.). . .,

(Amarinder Singh).

Dr. Kewal Krishan,
Speaker,
Punjab Vidhan Sabha,
Chandigarh.

---

Capt. Amarinder Singh

Chief Minister,
Punjab,
Chandigarh.

D.O. No. CMS/Pb.-03/189-R
1st April, 2003.

Dear Speaker Sahib,

Please refer to my previous D.O. Letter No. 14/9/03-3TC/184-R, dated the 29th March, 2003, regarding Starred Assembly Question No. 521.*

The information to reply to this question is not readily available and I regret to say that it is not possible to answer this question.

I, therefore, request that this question may kindly, be deferred from this Session.

Yours sincerely,

(Sd.)

(Amarinder Singh).

Dr. Kewal Krishan,
Hon'ble Speaker,
Punjab Vidhan Sabha,
Chandigarh.

*Kindly *See* the reply of the Starred Question No. 521 at Appendix of this Debate.

Original with;
Punjab Vidhan Sabha
Digitized by;

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੇਰੇ ਸਵਾਲਾਂ ਦੇ ਜਵਾਬ ਨਹੀਂ ਆਏ ਔਰ ਸੈਸ਼ਨ ਖਤਮ ਹੋਣ ਲੱਗਾ ਹੈ। ਮੇਰੇ ਕੋਲ ਜਵਾਬ ਆਏ ਹੋਏ ਹਨ ਪਰ ਇਨ੍ਹਾਂ ਨੇ ਐਕਸਟੈਨਸ਼ਨ ਮੰਗ ਲਈ ਹੈ। ਇਸ ਸੈਸ਼ਨ ਵਿੱਚ ਜਵਾਬ ਆ ਜਾਣਾ ਚਾਹੀਦਾ ਹੈ।

**ਮਾਨਯੋਗ ਸਪੀਕਰ** : ਐਫ.ਐਮ. ਸਾਹਿਬ, ਕੀ ਤੁਸੀਂ ਹਾਊਸ ਵਿੱਚ ਐਸ਼ਿਓਰੈਂਸ ਦੇ ਸਕਦੇ ਹੋ ਕਿਉਂਕਿ ਮੈਂਬਰ ਸਾਹਿਬ ਬੜੀ ਮਿਹਨਤ ਕਰਕੇ ਸਵਾਲ ਬਣਾ ਕੇ ਭੇਜਦੇ ਹਨ। ਅਗਰ ਉਨ੍ਹਾਂ ਦਾ ਜਵਾਬ ਨਾ ਆਵੇ ਤਾਂ ਇਹ ਠੀਕ ਗੱਲ ਨਹੀਂ ਹੈ। ਇਹ ਜਵਾਬ ਆਉਣਾ ਚਾਹੀਦਾ ਹੈ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਸਵਾਲ ਦੇ ਜਵਾਬ ਤਾਂ ਮਿਲ ਗਏ ਹਨ ਪਰ ਸਿਰਫ ਸਪਲੀਮੈਂਟਰੀਆਂ ਰਹਿੰਦੀਆਂ ਹਨ।

**ਮਾਨਯੋਗ ਸਪੀਕਰ** : ਜੋ ਸਪਲੀਮੈਂਟਰੀ ਰਹਿੰਦੀ ਹੈ, ਉਸ ਦਾ ਜਵਾਬ ਮਿਲਣਾ ਚਾਹੀਦਾ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਇਸ ਸਵਾਲ ਦਾ ਜਵਾਬ ਕੱਲ੍ਹ ਤੱਕ ਆ ਜਾਣਾ ਚਾਹੀਦਾ ਹੈ।

**ਮਾਨਯੋਗ ਸਪੀਕਰ** : ਐਫ.ਐਮ. ਸਾਹਿਬ, ਕੱਲ੍ਹ ਇਸ ਸਵਾਲ ਦਾ ਜਵਾਬ ਆ ਜਾਣਾ ਚਾਹੀਦਾ ਹੈ।

---

## ਹੈਲੀਕਾਪਟਰ ਦੀ ਸਾਂਭ-ਸੰਭਾਲ ਤੇ ਖਰਚਾ

*523. **ਸਰਦਾਰ ਮਨਪ੍ਰੀਤ ਸਿੰਘ ਬਾਦਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਸਰਕਾਰ ਦੁਆਰਾ ਪੱਟੇ (ਲੀਜ਼) ਤੇ ਲਏ ਗਏ ਹੈਲੀਕਾਪਟਰ ਦੀ ਸਾਂਭ-ਸੰਭਾਲ ਤੇ 27 ਫਰਵਰੀ, 2002 ਤੋਂ 28 ਫਰਵਰੀ, 2003 ਤਕ ਦੇ ਸਮੇਂ ਦੌਰਾਨ ਕੁੱਲ ਕਿੰਨਾ ਖਰਚਾ ਕੀਤਾ ਗਿਆ ?

**Sardar Lal Singh (Finance, Planning and Cooperation Minister)** : Total expenditure incurred on the up-keep of Helicopter taken on lease by the State Govt. during the period from 27th February, 2002 to 28th February, 2003 is Rs. 4,53,87,927.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਕਿੰਨੀ ਹੈਰਾਨੀ ਦੀ ਗੱਲ ਹੈ ਕਿ ਇੱਕ ਸਵਾਲ ਦੇ ਦੋ ਜਵਾਬ ਮੇਰੇ ਕੋਲ ਆਏ ਹਨ। ਇੱਕ ਦੇ ਜਵਾਬ ਵਿੱਚ ਸਰਕਾਰ ਨੇ ਕਿਹਾ ਹੈ ਕਿ ਇੱਕ ਸਾਲ ਵਿੱਚ ਮੁੱਖ ਮੰਤਰੀ ਜੀ ਦਾ ਹੈਲੀਕਾਪਟਰ ਤੇ ਖਰਚਾ 5 ਕਰੋੜ 25 ਲੱਖ ਰੁਪਏ ਹੈ ਪਰ ਹੁਣ ਜਿਹੜਾ ਜਵਾਬ ਮਿਲਿਆ ਹੈ, ਉਸ ਵਿੱਚ ਇਹ ਕਿਹਾ ਗਿਆ ਹੈ ਕਿ ਇੱਕ ਸਾਲ ਵਿੱਚ ਖਰਚਾ 4,53,87,927 ਰੁਪਿਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪਹਿਲੇ ਸਵਾਲ ਵਿੱਚ ਕੀ ਲੁਕਾਉਣਾ ਚਾਹੁੰਦੇ ਹਨ ?

Original with;
Punjab Vidhan Sabha
Digitized by;

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਹੁਣ ਜਵਾਬ ਦਿੱਤਾ ਗਿਆ ਹੈ, ਇਹ ਸਹੀ ਹੈ ਕਿਉਂਕਿ ਪਹਿਲੇ ਸਵਾਲ ਦੇ ਜਵਾਬ ਵਿੱਚ ਕੁਝ ਕਨਫਿਊਜ਼ਨ ਸੀ। ਇਹ ਖਰਚਾ 4,53,87,927 ਰੁਪਏ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਜਿਹੜਾ 4,53,87,927 ਰੁਪਿਆ ਜਿਹੜਾ ਖਰਚਾ ਹੈ, ਇਸ ਵਿੱਚ ਮੁੱਖ ਮੰਤਰੀ ਜੀ ਦੇ ਆਫੀਸ਼ੀਅਲ ਦੌਰੇ ਵੀ ਹਨ ਅਤੇ ਇਸ ਵਿੱਚ ਪ੍ਰਾਈਵੇਟ ਵਿਜ਼ਿਟ ਜਿਵੇਂ ਹਿਮਾਚਲ ਪ੍ਰਦੇਸ਼ ਦੇ ਇਲੈਕਸ਼ਨ ਵਿਜ਼ਿਟ ਅਤੇ ਮੈਡਮ ਸੋਨੀਆ ਗਾਂਧੀ ਕੋਲ ਜਾਣ ਦੇ ਦੌਰੇ ਵੀ ਸ਼ਾਮਲ ਹਨ। ਕੀ ਇਹ ਹਾਊਸ ਵਿੱਚ ਲਾਗ-ਬੁੱਕ ਰੱਖਣ ਨੂੰ ਤਿਆਰ ਹਨ ?

**ਮੰਤਰੀ** : ਸਪੀਕਰ ਸਾਹਿਬ, ਜਿੱਥੋਂ ਤੱਕ ਨਾਨ-ਆਫੀਸ਼ੀਅਲ ਖਰਚੇ ਦਾ ਸਵਾਲ ਹੈ, ਮੈਂ ਦੱਸਦਾ ਹਾਂ ਕਿ ਮੈਡਮ ਸੋਨੀਆ ਗਾਂਧੀ ਅਤੇ ਹਿਮਾਚਲ ਪ੍ਰਦੇਸ਼ ਦੀ ਇਲੈਕਸ਼ਨ ਦੇ ਵਿਜ਼ਿਟ ਦਾ ਜੋ ਜ਼ਿਕਰ ਕੀਤਾ ਗਿਆ ਹੈ, ਉਸ ਵਿੱਚ ਹਿਮਾਚਲ ਦੀ ਇਲੈਕਸ਼ਨ ਦੌਰਾਨ ਹੈਲੀਕਾਪਟਰ ਡੀ-ਹਾਇਰ ਕੀਤਾ ਸੀ ਅਤੇ ਇਸ ਉਕਤ ਖਰਚੇ ਵਿੱਚ ਪ੍ਰਾਈਵੇਟ ਵਿਜ਼ਿਟ ਦੇ ਖਰਚੇ ਸ਼ਾਮਲ ਨਹੀਂ ਹਨ। ਹਿਮਾਚਲ ਪ੍ਰਦੇਸ਼ ਦੀ ਇਲੈਕਸ਼ਨ ਦੌਰਾਨ ਜੋ ਖਰਚਾ ਹੋਇਆ ਸੀ, ਉਸ ਦੀ ਹਿਮਾਚਲ ਪ੍ਰਦੇਸ਼ ਦੀ ਕਾਂਗਰਸ ਪਾਰਟੀ ਨੇ ਪੇਮੈਂਟ ਕੀਤੀ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਪੰਜਾਬ ਇੱਕ ਬੜਾ ਛੋਟਾ ਜਿਹਾ ਸੂਬਾ ਹੈ ਅਤੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਜਾਣ ਲਈ ਤਿੰਨ ਘੰਟੇ ਵਿੱਚ ਸਫਰ ਤਹਿ ਹੋ ਸਕਦਾ ਹੈ ਔਰ ਦੂਸਰੇ ਪਾਸੇ ਐਫ.ਐਮ. ਸਾਹਿਬ ਕਹਿ ਰਹੇ ਹਨ ਕਿ ਅਸੀਂ ਆਪਣੇ ਐਕਸਪੈਂਸਿਜ਼ ਨੂੰ ਕਰਟੇਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਅਤੇ ਕੀ ਪੰਜਾਬ ਸਰਕਾਰ ਜਾਂ ਮੁੱਖ ਮੰਤਰੀ ਜਾਂ ਐਫ.ਐਮ. ਸਾਹਿਬ ਇਹ ਜਿਹੜੀ ਹੈਲੀਕਾਪਟਰ ਦੀ ਸੇਵਾ ਹੈ, ਇਸ ਨੂੰ ਛੱਡਣ ਲਈ ਤਿਆਰ ਹਨ ?

**ਮਾਨਯੋਗ ਸਪੀਕਰ** : ਛੱਡਣ ਲਈ ਜਾਂ ਘਟਾਉਣ ਲਈ ?

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਛੱਡ ਹੀ ਦੇਣ ਤਾਂ ਵੀ ਕੀ ਹੈ ਜੀ। ਪੰਜਾਬ ਦੇ ਕਿਸੇ ਵੀ ਹਿੱਸੇ ਵਿਚ ਜਾਣ ਲਈ 3 ਘੰਟੇ ਦਾ ਹੀ ਤਾਂ ਸਫਰ ਤੈਅ ਕਰਨਾ ਪੈਂਦਾ ਹੈ।

**ਮੰਤਰੀ** : ਸਪੀਕਰ ਸਾਹਿਬ, ਇਹ ਪਤਾ ਨਹੀਂ, ਇਨ੍ਹਾਂ ਨੂੰ ਹੁਣ ਕਿਉਂ ਖਿਆਲ ਆਇਆ ਹੈ ? ਇਹ ਹੈਲੀਕਾਪਟਰ ਕਿਹੜਾ ਅਸੀਂ ਹੁਣ ਹਾਇਰ ਕੀਤਾ ਹੈ, ਇਹ ਇਨ੍ਹਾਂ ਦੇ ਵੇਲੇ ਵੀ ਸੀ। ਬਾਦਲ ਸਾਹਿਬ ਦੀ ਸਰਕਾਰ ਵੇਲੇ 2000-2001 ਵਿਚ ਇਸ ਦੀ ਲੀਜ਼ ਤੇ 4,94,48,000 ਰੁਪਏ ਦਾ ਖਰਚਾ ਆਇਆ ਸੀ। ਹਰ ਗੱਲ ਤੇ ਐਵੇਂ ਹੀ ਨਹੀਂ ਨੁਕਤਾਚੀਨੀ ਕਰਨ ਲਈ ਖੜ੍ਹੇ ਹੋ ਜਾਣਾ ਚਾਹੀਦਾ। ਪਹਿਲਾਂ ਆਪਣੀ ਮੰਜੀ ਥੱਲੇ ਸੋਟਾ ਫੇਰਨਾ ਚਾਹੀਦਾ ਹੈ, ਫੇਰ ਕਿਸੇ ਦੀ ਗੱਲ ਕਰਨੀ ਚਾਹੀਦੀ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਕਹਿੰਦੇ ਹਨ ਕਿ :

ਦੁਨੀਆ ਕੇ ਮੁਸਾਫਿਰਖਾਨੇ ਮੇਂ ਮਹਿਮਾਨ ਬਦਲਤੇ ਰਹਿਤੇ ਹੈਂ
ਕਿੱਸਾ ਵਹੀ ਪੁਰਾਨਾ ਹੈ, ਹੈਡਲਾਈਨ ਬਦਲਤੇ ਰਹਿਤੇ ਹੈਂ।

Original with;
Punjab Vidhan Sabha
Digitized by:

ਸਪੀਕਰ ਸਾਹਿਬ, ਇਨ੍ਹਾਂ ਦੀ ਸਰਕਾਰ ਜਿਹੜੀ ਬੜਾ ਕਹਿੰਦੀ ਹੈ ਕਿ ਲੋਕਾਂ ਦੀ ਭਲਾਈ ਦੀ ਬੜੀ ਵੱਡੀ ਚੈਂਪੀਅਨ ਹੈ, ਅੱਜ ਇਹ ਇਸ ਨੂੰ ਛੱਡਣ ਲਈ ਤਿਆਰ ਨਹੀਂ।

**ਮਾਨਯੋਗ ਸਪੀਕਰ** : ਇਹ ਤੁਸੀਂ ਇਨਫਰਮੇਸ਼ਨ ਦਿੱਤੀ ਹੈ, ਸਵਾਲ ਨਹੀਂ ਕੀਤਾ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ 2001-2002 ਅਤੇ 2002-2003 ਦੇ ਸਮੇਂ ਦੌਰਾਨ ਪਿਛਲੇ ਮੁੱਖ ਮੰਤਰੀ ਦੇ ਸਮੇਂ ਦੇ ਇਕ ਸਾਲ ਦੀ ਅਤੇ ਇਸ ਮੁੱਖ ਮੰਤਰੀ ਦੇ ਸਮੇਂ ਦੇ ਇਕ ਸਾਲ ਦੇ ਦੌਰਾਨ ਦੀ ਲਾਗਬੁੱਕ, ਇਸ ਸਦਨ ਦੀ ਟੇਬਲ ਤੇ ਪਬਲਿਕ ਇੰਟਰਸਟ ਵਾਸਤੇ ਰੱਖਣ ਲਈ ਤਿਆਰ ਹਨ ?

**ਮੰਤਰੀ** : ਸਪੀਕਰ ਸਾਹਿਬ, ਸੀ.ਐਮ. ਹਮੇਸ਼ਾ ਪਬਲਿਕ ਇੰਟਰਸਟ ਵਾਸਤੇ ਹੀ ਇਸ ਵਿਚ ਘੁੰਮਦਾ ਹੈ। ਅਸੀਂ ਤਾਂ ਕਦੇ ਨਹੀਂ ਪੁਛਿਆ ਕਿ ਇਨ੍ਹਾਂ ਦਾ ਸੀ.ਐਮ. ਇਸ ਵਿਚ ਕਿਥੇ ਗਿਆ ਅਤੇ ਕਿਉਂ ਗਿਆ। ਹੁਣ ਇਸ ਦੀ ਕੀ ਲੋੜ ਹੈ ? ਪਹਿਲਾਂ ਜਦੋਂ ਇਨ੍ਹਾਂ ਦੀ ਸਰਕਾਰ ਸੀ, ਇਹ ਉਦੋਂ ਲਾਗਬੁੱਕ ਦੇਖ ਲੈਂਦੇ, ਜੇ ਇਨ੍ਹਾਂ ਨੂੰ ਦੇਖਣ ਦਾ ਸ਼ੌਕ ਹੈ। ਹੁਣ ਕੀ ਲੋੜ ਪੈ ਗਈ ?

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੇਰਾ ਡਾਇਰੈਕਟ ਕੁਐਸਚਨ ਹੈ ਕਿ ਜੋ ਇਹ ਫੈਸਿਲਟੀਜ਼ ਹਨ, ਜੋ ਵੀ ਸਾਡੇ ਮਨਿਸਟਰ ਸਾਹਿਬਾਨ ਜਾਂ ਮੁੱਖ ਮੰਤਰੀ ਸਾਹਿਬ ਵਰਤਦੇ ਹਨ, ਉਹ ਲੋਕਾਂ ਦੀ ਭਲਾਈ ਵਾਸਤੇ ਹੀ ਵਰਤਦੇ ਹਨ। ਸਾਡੇ ਸਾਬਕਾ ਮੁੱਖ ਮੰਤਰੀ ਵੀ ਕੋਲ ਹੀ ਬੈਠੇ ਹਨ। ਅਸੀਂ ਸਵਾਲ ਕਰ ਰਹੇ ਹਾਂ ਕਿ ਇਹ ਹੈਲੀਕਾਪਟਰ ਪਿਛਲੇ ਸਾਲ ਅਤੇ ਇਸ ਸਾਲ ਪਬਲਿਕ ਇੰਟਰਸਟ ਵਾਸਤੇ ਯੂਜ਼ ਹੋਇਆ ਹੈ। ਇਨ੍ਹਾਂ ਦੋਨਾਂ ਸਾਲਾਂ ਦੀਆਂ ਲਾਗਬੁੱਕਾਂ ਸਦਨ ਦੀ ਟੇਬਲ ਤੇ ਰੱਖੀਆਂ ਜਾਣ।

**ਮਾਨਯੋਗ ਸਪੀਕਰ** : ਇਹ ਸਵਾਲ ਤਾਂ ਨਹੀਂ ਹੋਇਆ। ਡਿਮਾਂਡ ਹੋਈ ਹੈ। ਕੀ ਤੁਸੀਂ ਲਾਗਬੁੱਕਾਂ ਟੇਬਲ ਤੇ ਰੱਖਣ ਨੂੰ ਤਿਆਰ ਹੋ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਇਹ ਜਵਾਬ ਦੇ ਦਿੱਤਾ ਹੈ ਕਿ ਜਦੋਂ ਇਹ ਹੈਲੀਕਾਪਟਰ ਵਿਚ ਘੁੰਮਦੇ ਸਨ, ਕੀ ਇਨ੍ਹਾਂ ਨੇ ਉਸ ਵੇਲੇ ਲਾਗਬੁੱਕ ਪੜ੍ਹੀ ਸੀ ? ਹੁਣ ਇਹ ਉਸ ਵਿਚੋਂ ਕੀ ਖਾਸ ਗੱਲ ਸਮਝਣਾ ਚਾਹੁੰਦੇ ਹਨ। ਹੈਲੀਕਾਪਟਰ ਸੀ.ਐਮ. ਸਾਹਿਬ ਵਲੋਂ ਪਹਿਲਾਂ ਵੀ ਅਤੇ ਹੁਣ ਵੀ ਲੋਕਾਂ ਦੇ ਹਿਤ ਵਿਚ ਅਤੇ ਲੋਕਾਂ ਵਾਸਤੇ ਹੀ ਇਸਤੇਮਾਲ ਕੀਤਾ ਜਾਂਦਾ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਖਰਚਾ ਇਨ੍ਹਾਂ ਵਲੋਂ ਦੱਸਿਆ ਗਿਆ ਹੈ, ਉਸ ਦੇ ਵਿਚ ਜਿਹੜਾ ਇਸ ਤੇ ਫਿਊਲ ਦਾ ਖਰਚਾ ਜੋ ਹੁੰਦਾ ਹੈ, ਉਹ ਵੀ ਸ਼ਾਮਲ ਹੈ ਜਾਂ ਨਹੀਂ ? ਜਿਹੜੀਆਂ ਤਨਖਾਹਾਂ ਮੁਲਾਜ਼ਮਾਂ ਨੂੰ ਦੇਣੀਆਂ ਪੈਂਦੀਆਂ ਹਨ, ਕੀ ਇਸ ਖਰਚੇ ਵਿਚ ਉਹ ਵੀ ਸ਼ਾਮਲ ਹਨ ਜਾਂ ਨਹੀਂ ? ਜੇ ਇਹ ਵਿਚ ਨਹੀਂ ਤਾਂ ਉਹ ਕਿੰਨਾ ਖਰਚਾ ਹੈ ?

**ਮੰਤਰੀ** : ਪ੍ਰਸ਼ਨ ਨੂੰ ਦੁਬਾਰਾ ਦੱਸ ਦੇਣ।

Original with;
Punjab Vidhan Sabha
Digitized by;

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਜਿਹੜੀ ਅਮਾਊਂਟ ਇਸ ਦੇ ਰਖ-ਰਖਾਉ ਤੇ ਸਦਨ ਵਿਚ ਦੱਸੀ ਗਈ ਹੈ, ਉਸਦੇ ਵਿਚ ਫਿਊਲ ਦਾ ਜੋ ਖਰਚਾ ਹੁੰਦਾ ਹੈ, ਤੇਲ, ਇੰਧਨ ਦਾ ਜੋ ਖਰਚਾ ਹੁੰਦਾ ਹੈ, ਕੀ ਉਹ ਸ਼ਾਮਲ ਹੈ ? ਅਤੇ ਮੁਲਾਜ਼ਮਾਂ ਨੂੰ ਜੋ ਤਨਖਾਹਾਂ ਦੇ ਰਹੇ ਹਨ, ਕੀ ਉਹ ਵਿਚ ਸ਼ਾਮਲ ਹਨ ?

**ਮਾਨਯੋਗ ਸਪੀਕਰ** : ਇਹ ਮੁਲਾਜ਼ਮਾਂ ਦੀ ਤਨਖਾਹ ਔਰ ਫਿਊਲ ਦੇ ਖਰਚੇ ਬਾਰੇ ਪੁੱਛ ਰਹੇ ਹਨ।

**ਮੰਤਰੀ** : ਸਪੀਕਰ ਸਾਹਿਬ, ਮੈਨੂੰ ਕਿਰਾਏ ਬਾਰੇ ਪ੍ਰਸ਼ਨ ਪੁਛਿਆ ਗਿਆ ਹੈ ਅਤੇ ਮੈਂ ਕਿਰਾਏ ਦਾ ਜਵਾਬ ਦੇ ਦਿੱਤਾ ਹੈ। ਜੇ ਇਨ੍ਹਾਂ ਨੇ ਕੋਈ ਹੋਰ ਗੱਲ ਪੁੱਛਣੀ ਹੈ, ਇਹ ਨਵਾਂ ਕੁਐਸਚਨ ਕਰ ਦੇਣ। ਮੈਂ ਸਿਰਫ ਲੀਜ਼ ਤੇ ਹੋਏ ਖਰਚੇ ਬਾਰੇ ਹੀ ਦੱਸਿਆ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਸਵਾਲ ਦਾ ਜਵਾਬ ਨਹੀਂ ਆਇਆ।

**ਮਾਨਯੋਗ ਸਪੀਕਰ** : ਤੁਸੀਂ ਜੋ ਪੁੱਛਿਆ ਸੀ, ਉਸਦਾ ਜਵਾਬ ਆ ਗਿਆ ਹੈ। ਅਗਲਾ ਸਵਾਲ। ਸਰਦਾਰ ਹਰਬੰਤ ਸਿੰਘ।

---

**ਪੰਜਾਬ ਲਲਿਤ ਕਲਾ ਅਕਾਦਮੀ ਦੇ ਪ੍ਰਧਾਨ ਵਜੋਂ**
**ਇਕ ਗੈਰ-ਪੰਜਾਬੀ ਦੀ ਨਿਯੁਕਤੀ**

*536. (1) **ਸਰਦਾਰ ਹਰਬੰਤ ਸਿੰਘ ਦਾਤੇਵਾਸ**
(2) **ਸਰਦਾਰ ਵੀਰ ਸਿੰਘ ਲੋਪੋਕੇ**
(3) **ਡਾਕਟਰ ਰਤਨ ਸਿੰਘ** } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਕੁੱਝ ਵਿਧਾਇਕਾਂ ਵਲੋਂ ਕੋਈ ਅਜਿਹਾ ਪੱਤਰ ਪ੍ਰਾਪਤ ਹੋਇਆ ਹੈ ਜਿਸ ਵਿਚ ਉਨ੍ਹਾਂ ਨੇ ਇਕ ਅਜਿਹੇ ਵਿਅਕਤੀ, ਜੋ ਕਿ ਨਾ ਤਾਂ ਪੰਜਾਬੀ ਬੋਲ ਸਕਦਾ ਹੈ ਅਤੇ ਨਾ ਹੀ ਲਿਖ ਸਕਦਾ ਹੈ, ਦੀ ਪੰਜਾਬ ਲਲਿਤ ਕਲਾ ਅਕਾਦਮੀ ਦੇ ਪ੍ਰਧਾਨ ਵਜੋਂ ਨਿਯੁਕਤੀ ਕੀਤੇ ਜਾਣ ਦਾ ਦੋਸ਼ ਲਗਾਇਆ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਪੱਤਰ ਤੇ ਕੀਤੀ ਗਈ ਕਾਰਵਾਈ, ਜੇਕਰ ਕੋਈ ਹੋਵੇ, ਦੇ ਵੇਰਵੇ ਕੀ ਹਨ।

**ਸਰਦਾਰ ਲਾਲ ਸਿੰਘ** (ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ) : ਨਹੀਂ ਜੀ।

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਇਨ੍ਹਾਂ ਨੇ ਮੇਰੇ ਸਵਾਲ ਦਾ ਜਵਾਬ ਅਧੂਰਾ ਦਿੱਤਾ ਹੈ। ਜਿਹੜੀ ਲਲਿਤ ਕਲਾ ਅਕੈਡਮੀ ਹੈ, ਮੈਂ ਇਕੱਲੇ ਇਸ ਦੇ ਪ੍ਰਧਾਨ ਦਾ ਹੀ ਨਹੀਂ, ਸੈਕੇਟਰੀ ਦਾ ਸਵਾਲ ਵੀ ਪੁੱਛਿਆ ਸੀ। ਪ੍ਰਧਾਨ ਅਤੇ ਸਕੱਤਰ, ਦੋਹਾਂ ਬਾਰੇ ਪੁੱਛਿਆ ਸੀ। ਇਹ ਦੋਵੇਂ ਬੰਦੇ ਪੰਜਾਬ ਨਾਲ ਸਬੰਧਤ ਨਹੀਂ ਹਨ। ਐਤਕੀਂ ਜਿਹੜਾ ਪ੍ਰਧਾਨ ਅਤੇ ਸਕੱਤਰ ਬਣਾਉਣ ਦੀ ਵਾਰੀ ਸੀ, ਉਹ ਪੰਜਾਬ ਦੇ ਬਣਾਉਣ ਦੀ ਸੀ। ਪਰ ਇਨ੍ਹਾਂ ਦੋਹਾਂ ਬੰਦਿਆਂ ਦੀ ਨਾਮਜ਼ਦਗੀ ਜਿਹੜੀ ਸਰਕਾਰ ਨੇ ਕੀਤੀ ਹੈ, ਉਹ ਦੋਵੇਂ ਆਊਟ-ਆਫ-ਸਟੇਟ ਹਨ। ਇਸ ਤੋਂ ਇਲਾਵਾ ਭਾਰਤ ਸਰਕਾਰ ਦੀ ਦਿਲੀ ਵਿਖੇ ਨੈਸ਼ਨਲ ਲੈਵਲ ਤੇ ਲਲਿਤ ਕਲਾ ਅਕੈਡਮੀ

Original with;
Punjab Vidhan Sabha
Digitized by;

ਹੈ ਉਸ ਦੀ 5 ਸਾਲਾਂ ਬਾਦ ਚੋਣ ਹੁੰਦੀ ਹੈ ਇਹ ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਇਨ੍ਹਾਂ ਨੇ ਨਾਮਜ਼ਦਗੀਆਂ ਕੀਤੀਆਂ ਹਨ ਉਹ ਪੰਜਾਬ ਵਿਚੋਂ ਛੱਡ ਕੇ ਦੂਸਰੀਆਂ ਸਟੇਟਾਂ ਵਿਚੋਂ ਕਿਉਂ ਕੀਤੀਆਂ ਗਈਆਂ ਹਨ ? ਇਸ ਦੇ ਕੀ ਕਾਰਣ ਹਨ ?

**ਮੰਤਰੀ :** ਸਪੀਕਰ ਸਾਹਿਬ, ਮੈਂ ਥੋੜ੍ਹੀ ਜਿਹੀ ਡਿਟੇਲ ਤੁਹਾਡੇ ਰਾਹੀਂ ਇਨ੍ਹਾਂ ਨੂੰ ਦੇਣੀ ਚਾਹੁੰਦਾ ਹਾਂ। ਪੰਜਾਬ ਕਲਾ ਪ੍ਰੀਸ਼ਦ ਦਾ ਪੁਨਰਗਠਨ ਹੋਇਆ ਔਰ ਇਸ ਦੇ ਪ੍ਰਧਾਨ ਸਰਦਾਰ ਕਰਤਾਰ ਸਿੰਘ ਦੁੱਗਲ, ਐਮ.ਪੀ. ਸਨ। ਉਨ੍ਹਾਂ ਦੇ ਨਾਲ ਨੀਲਮ ਮਾਨ ਸਿੰਘ, ਕਰਨਲ ਆਈ.ਜੇ.ਐਸ. ਬਖਸ਼ੀ (ਪ੍ਰਿੰਸੀਪਲ, ਰਿਟਾਇਰਡ) ਮੈਂਬਰ ਬਣਾਏ ਗਏ ਸਨ। ਇਸ ਤੋਂ ਬਾਦ ਦੀ ਚੋਣ ਕੌਂਸਲ ਦੀ ਮੀਟਿੰਗ ਮਿਤੀ 3 ਅਕਤੂਬਰ, 2002 ਨੂੰ ਹੋਈ ਜਿਸ ਵਿਚ ਉਸ ਵੇਲੇ ਦੇ ਪ੍ਰਿੰਸੀਪਲ ਸਕੱਤਰ ਵੀ ਸ਼ਾਮਲ ਸਨ। ਸਰਦਾਰ ਕਰਤਾਰ ਸਿੰਘ ਦੁੱਗਲ ਨੂੰ ਇਸ ਦਾ ਚੇਅਰਮੈਨ ਚੁਣਿਆ ਗਿਆ ਔਰ ਜਨਰਲ ਹਾਊਸ ਨੇ ਸਰਦਾਰ ਕਰਤਾਰ ਸਿੰਘ ਦੁੱਗਲ ਨੂੰ ਅਖਤਿਆਰ ਦਿੱਤੇ ਕਿ ਇਹ ਜਿਹੜੀਆਂ ਤਿੰਨ ਇੰਸਟੀਚਿਊਸ਼ਨਜ਼ ਹਨ—ਪੰਜਾਬ ਸੰਗੀਤ ਨਾਟਕ ਅਕੈਡਮੀ, ਪੰਜਾਬ ਸਾਹਿੱਤ ਅਕੈਡਮੀ ਅਤੇ ਪੰਜਾਬ ਲਲਿਤ ਕਲਾ ਅਕੈਡਮੀ, ਇਨ੍ਹਾਂ ਦੇ ਪ੍ਰਧਾਨ ਉਹ ਆਪ ਚੁਣ ਸਕਦੇ ਹਨ। ਸਰਦਾਰ ਕਰਤਾਰ ਸਿੰਘ ਇਸ ਦੇ ਚੇਅਰਮੈਨ ਸਨ। ਉਨ੍ਹਾਂ ਨੇ ਅੱਗੇ ਇਨ੍ਹਾਂ ਦੀਆਂ ਨਾਮਜ਼ਦਗੀਆਂ ਕੀਤੀਆਂ ਔਰ ਇਨ੍ਹਾਂ ਨਾਮਜ਼ਦਗੀਆਂ ਨੂੰ ਪ੍ਰਵਾਨ ਕਰਨ ਵਾਲਾ ਕੇਸ ਪੰਜਾਬ ਸਰਕਾਰ ਕੋਲ ਪੈਂਡਿੰਗ ਹੈ। ਇਹ ਅਜੇ ਵਿਚਾਰ ਅਧੀਨ ਹੈ, ਹਾਲੇ ਇਹ ਫਾਈਨਲ ਨਹੀਂ ਹੋਇਆ ਹੈ।

**ਸਰਦਾਰ ਹਰਬੰਤ ਸਿੰਘ ਦਾਤੇਵਾਸ :** ਸਪੀਕਰ ਸਾਹਿਬ, ਮੈਂ ਇਕੱਲੀ ਲਲਿਤ ਕਲਾ ਅਕੈਡਮੀ ਦੀ ਗੱਲ ਕੀਤੀ ਹੈ, ਬਾਕੀਆਂ ਦੀ ਨਹੀਂ। ਪ੍ਰਧਾਨ ਅਤੇ ਸਕੱਤਰ ਦੀ ਜਿਹੜੀ ਨਾਮੀਨੇਸ਼ਨ ਹੋਈ ਹੈ, ਉਹ ਅਲਕਾ ਪਾਂਡੇ ਅਤੇ ਵਰੇਨ ਤਨਵਰ ਦੀ ਹੋਈ ਹੈ। ਮੈਂ ਸਿਰਫ ਲਲਿਤ ਕਲਾ ਅਕੈਡਮੀ ਦੀ ਗੱਲ ਕਰ ਰਿਹਾ ਹਾਂ। ਮੇਰਾ ਸਵਾਲ ਇਹ ਸੀ ਕਿ ਪੰਜਾਬ ਲਲਿਤ ਕਲਾ ਅਕੈਡਮੀ ਵਿਚ ਜਿਹੜੇ ਬੰਦੇ ਸ਼ਾਮਲ ਕੀਤੇ ਗਏ ਹਨ, ਉਹ ਪੰਜਾਬ ਨਾਲ ਸਬੰਧਤ ਹਨ ਜਾਂ ਦੂਸਰੇ ਰਾਜਾਂ ਨਾਲ ?

**ਮੰਤਰੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਿਆ ਹੈ ਕਿ ਇਹ ਜਿਹੜੀ ਪੰਜਾਬ ਲਲਿਤ ਕਲਾ ਪ੍ਰੀਸ਼ਦ ਹੈ, ਇਸ ਦੇ ਚੇਅਰਮੈਨ ਸਰਦਾਰ ਕਰਤਾਰ ਸਿੰਘ ਦੁੱਗਲ ਜੀ ਹਨ। ਉਨ੍ਹਾਂ ਨੇ ਨਾਮਜ਼ਦਗੀ ਕੀਤੀ ਹੈ ਔਰ ਪਹਿਲਾਂ ਇਸ ਦਾ ਪ੍ਰਧਾਨ ਅਰਪਨਾ ਕੌਰ ਨੂੰ ਚੁਣਿਆ ਗਿਆ ਸੀ ਲੇਕਿਨ ਉਨ੍ਹਾਂ ਦੀ ਕੋਈ ਮਜਬੂਰੀ ਸੀ ਜਿਸ ਕਰਕੇ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਫਿਰ ਉਨ੍ਹਾਂ ਦੀ ਥਾਂ ਤੇ ਦੂਜੀ ਨਿਯੁਕਤੀ ਹੋਈ ਹੈ ਡਾਕਟਰ ਅਲਕਾ ਪਾਂਡੇ ਦੀ। ਪੰਜਾਬ ਲਲਿਤ ਕਲਾ ਅਕੈਡਮੀ ਦਾ ਰੋਲ ਇਹ ਹੈ—ਪੇਂਟਿੰਗ, ਮਿਊਜ਼ਿਕ, ਮਿਊਜ਼ੀਕਲ ਇੰਸਟਰੂਮੈਂਟਸ, ਮੂਰਤੀ ਕਲਾ ਅਤੇ ਸ਼ਿਲਪ ਕਲਾ। ਡਾਕਟਰ ਅਲਕਾ ਪਾਂਡੇ ਇਕ ਬਹੁਤ ਹੀ ਕਾਬਲ ਅਤੇ ਸਮਝਦਾਰ ਵਿਅਕਤੀ ਹਨ। ਉਨ੍ਹਾਂ ਦੀ ਨਾਮਜ਼ਦਗੀ ਹੋਈ ਹੈ ਲੇਕਿਨ ਇਸ ਨੂੰ ਅਜੇ ਪੰਜਾਬ ਸਰਕਾਰ ਨੇ ਪ੍ਰਵਾਨਗੀ ਨਹੀਂ ਦਿੱਤੀ, ਇਹ ਅਜੇ ਵਿਚਾਰ ਅਧੀਨ ਹੈ। ਇਸ ਤੇ ਅਜੇ ਵਿਚਾਰ ਕੀਤਾ ਜਾਣਾ ਹੈ।

**ਸਰਦਾਰ ਹਰਬੰਤ ਸਿੰਘ ਦਾਤੇਵਾਸ :** ਸਪੀਕਰ ਸਾਹਿਬ, ਮੈਂ ਤਾਂ ਸਿਰਫ ਇਹ ਗੱਲ ਪੁੱਛੀ ਹੈ ਕਿ ਇਹ ਵਿਅਕਤੀ ਪੰਜਾਬ ਨਾਲ ਸਬੰਧ ਰੱਖਦੇ ਹਨ ਜਾਂ ਨਹੀਂ ?

**ਮਾਨਯੋਗ ਸਪੀਕਰ :** ਉਨ੍ਹਾਂ ਨੇ ਦੱਸ ਤਾਂ ਦਿੱਤਾ ਹੈ ਕਿ ਨਹੀਂ ਅਤੇ ਇਸ ਨਾਮਜ਼ਦਗੀ ਦੀ ਅਜੇ ਸਰਕਾਰ ਨੇ ਮਨਜ਼ੂਰੀ ਨਹੀਂ ਦਿੱਤੀ।

Original with;
Punjab Vidhan Sabha
Digitized by;

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਸਪੀਕਰ ਸਾਹਿਬ, ਮੇਰੀ ਬੇਨਤੀ ਤਾਂ ਸੁਣ ਲਓ ਦਿੱਲੀ ਦੀ ਲਲਿਤ ਕਲਾ ਦੇ ਸੰਵਿਧਾਨ ਵਿਚ ਉਨ੍ਹਾਂ ਨੇ ਲਿਖਿਆ ਹੈ ਕਿ ਚਰਿੱਤਰ ਅਤੇ ਇਖਲਾਕੀ ਤੌਰ ਤੇ ਜਿਹੜੇ ਬੰਦੇ ਠੀਕ ਅਤੇ ਕਾਬਲ ਹੋਣ ਉਨ੍ਹਾਂ ਨੂੰ ਹੀ ਭੇਜਿਆ ਜਾ ਸਕਦਾ ਹੈ।............

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ, ਤੁਸੀਂ ਇਨਫਰਮੇਸ਼ਨ ਨਾ ਦਿਓ।

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਪਰ ਜਿਹੜੇ ਵੀਰੇਨ ਤਨਵਰ ਭੇਜੇ ਹੋਏ ਹਨ ਉਸ ਨੂੰ ਚੰਡੀਗੜ੍ਹ ਦੇ ਆਰਟ ਕਾਲਜ ਵਿੱਚੋਂ ਸਸਪੈਂਡ ਕੀਤਾ ਗਿਆ ਹੈ। ਫਿਰ ਉਨ੍ਹਾਂ ਨੂੰ ਨੌਕਰੀ ਤੋਂ.............

**ਮਾਨਯੋਗ ਸਪੀਕਰ** : ਤੁਸੀਂ ਇਨਫਰਮੇਸ਼ਨ ਦੇ ਰਹੇ ਹੋ। You are giving information only. Nothing else. Next question.

---

## STARRED QUESTIONS AND ANSWERS

### ਸ਼ਾਹਪੁਰ ਕੰਢੀ ਟਾਊਨਸ਼ਿਪ ਵਿਖੇ ਸ਼ਾਪਿੰਗ ਕੰਪਲੈਕਸ

***294. ਸ਼੍ਰੀ ਤਿਕਸ਼ਨ ਸੂਦ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸ਼ਾਹਪੁਰ ਕੰਢੀ ਟਾਊਨਸ਼ਿਪ ਦੇ ਸ਼ਾਪਿੰਗ ਕੰਪਲੈਕਸ ਵਿਖੇ ਸ਼ਾਪਸ ਅਤੇ ਸ਼ਾਪ-ਕਮ-ਆਫਿਸ-ਕਮ-ਫਲੈਟਸ (ਤਿੰਨ ਮੰਜ਼ਲੇ) ਦੀ ਗਿਣਤੀ ਕਿੰਨੀ ਹੈ ਅਤੇ 1982 ਤੋਂ ਹੁਣ ਤਕ ਹਰ ਇਕ ਸ਼ਾਪ ਦੇ ਸਬੰਧ ਵਿਚ ਕਿਸ ਦਰ ਨਾਲ ਕਿਰਾਇਆ ਵਸੂਲ ਕੀਤਾ ਜਾ ਰਿਹਾ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਦੁਕਾਨਾਂ ਦੀ ਉਸਾਰੀ ਕਿਸ ਸਾਲ ਵਿਚ ਕੀਤੀ ਗਈ ਸੀ ਅਤੇ ਹਰ ਇਕ ਕੇਸ ਵਿਚ ਕਬਜ਼ੇਦਾਰਾਂ ਦੇ ਨਾਂ ਕੀ-ਕੀ ਹਨ; ਅਤੇ

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਦੁਕਾਨਾਂ ਨੂੰ ਕਿਰਾਏ/ਲਸੰਸ ਤੇ ਦੇਣ ਦੀ ਵਿਧੀ ਕੀ ਹੈ ਅਤੇ ਮੁਕੱਦਮੇਬਾਜ਼ੀ ਅਧੀਨ ਕੇਸਾਂ; ਜੇਕਰ ਕੋਈ ਹੋਣ, ਦੇ ਵੇਰਵੇ ਕੀ ਹਨ ?

**ਸਰਦਾਰ ਗੁਰਚੇਤ ਸਿੰਘ ਭੁੱਲਰ** : (ੳ) ਸ਼ਾਹਪੁਰ ਕੰਢੀ ਟਾਊਨਸ਼ਿਪ ਦੇ ਸ਼ਾਪਿੰਗ ਕੰਪਲੈਕਸ ਵਿਖੇ 24 ਸ਼ਾਪਸ ਅਤੇ 10 ਸ਼ਾਪ-ਕਮ-ਆਫਿਸ-ਕਮ ਫਲੈਟਸ (ਤਿੰਨ ਮੰਜ਼ਿਲੇ) ਹਨ। ਸਾਲ 1982 ਤੋਂ ਹੁਣ ਤਕ ਹਰ ਇੱਕ ਸ਼ਾਪ ਦੇ ਸਬੰਧ ਵਿੱਚ ਵਸੂਲ ਕੀਤਾ ਕਿਰਾਏ ਦਾ ਵੇਰਵਾ 'ਅਨੁਲੱਗ-I' ਅਨੁਸਾਰ ਹੈ।

(ਅ) 24 ਦੁਕਾਨਾਂ ਦੀ ਉਸਾਰੀ ਸ਼ਾਹਪੁਰ ਕੰਢੀ ਟਾਊਨਸ਼ਿਪ ਵਿਖੇ ਸਾਲ 1982 ਵਿਚ ਕੀਤੀ ਗਈ ਸੀ ਅਤੇ ਇਹ ਦੁਕਾਨਾਂ ਖੁੱਲ੍ਹੀ ਬੋਲੀ ਦੁਆਰਾ ਅਲਾਟ ਕੀਤੀਆਂ ਗਈਆਂ ਸਨ। (ਵਿਸਤਾਰ ਪੂਰਵਕ ਵੇਰਵਾ 'ਅਨੁਲੱਗ-II' ਨਾਲ ਨੱਥੀ ਹੈ ਜੀ।)

Original with;
Punjab Vidhan Sabha
Digitized by;
Panjab Digital Library

(ੲ) ਇਹ ਦੁਕਾਨਾਂ ਖੁੱਲ੍ਹੀ ਬੋਲੀ ਰਾਹੀਂ ਅਲਾਟ ਕੀਤੀਆਂ ਗਈਆਂ ਸਨ ਜਿਨ੍ਹਾਂ ਦਾ ਵੇਰਵਾ 'ਅਨੁਲੱਗ-II' ਵਿੱਚ ਦਰਜ ਹੈ ਜੀ। ਕੋਰਟ ਕੇਸਾਂ ਦਾ ਵੇਰਵਾ 'ਅਨੁਲੱਗ-III' ਵਿਚ ਦਰਜ ਹੈ ਜੀ।

## ਅਨੁਲੱਗ-I

### ਦੁਕਾਨਾਂ ਦਾ ਵੇਰਵਾ

| ਲੜੀ ਨੰ: | ਦੁਕਾਨ ਨੰ: | ਸਾਲ | ਕਬਜ਼ੇਦਾਰ ਦਾ ਨਾਂ | ਹਰ ਮਹੀਨੇ ਕਿਰਾਏ ਦਾ ਰੇਟ (ਰੁ: ਵਿੱਚ) |
|---|---|---|---|---|
| 1 | 2 | 3 | 4 | 5 |
| 1 | 1 | 7-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਸੁਸ਼ੀਲ ਕੁਮਾਰ | 125<br>500 |
| 2 | 2 | 6-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਹਰਨਾਮ ਦਾਸ | 155<br>500 |
| 3 | 3 | 6-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਰੋਸ਼ਨ ਲਾਲ | 190<br>500 |
| 4 | 4 | 7-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਦਰਮੇਸ਼ ਕੁਮਾਰ | 125<br>500 |
| 5 | 5 | 11-1984 ਤੋਂ 6-2002 | ਸ਼੍ਰੀ ਸੁਦਰਸ਼ਨ ਕੁਮਾਰ | 255 |
| 6 | 6 ਅਤੇ 7 | 7-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਰਮੇਸ਼ ਕੁਮਾਰ | 625<br>1100 |
| 7 | 8 | 7-1982 ਤੋਂ 6-2002 | ਸ਼੍ਰੀ ਸੇਵਾ ਰਾਮ ਢੋਗਰਾ | 255 |
| 8 | 9 | 8-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਮਦਨ ਲਾਲ | 225<br>800 |
| 9 | 10 | 7-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਰਾਕੇਸ਼ ਕੁਮਾਤ | 320<br>800 |
| 10 | 11 | 8-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਸੁਨੀਲ | 280<br>800 |
| 11 | 12 | 10-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਜੁਭਾਸ਼ ਚੰਦਰ | 225<br>800 |
| 12 | 13 | 8-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਲੇਖ ਰਾਜ | 125<br>500 |

Original with;
Punjab Vidhan Sabha
Digitized by;

[ਸਿੰਚਾਈ ਮੰਤਰੀ]

| ਲੜੀ ਨੰ: | ਦੁਕਾਨ ਨੰ: | ਸਾਲ | ਕਬਜ਼ੇਦਾਰ ਦਾ ਨਾਂ | ਹਰ ਮਹੀਨੇ ਕਿਰਾਏ ਦਾ ਰੇਟ (ਰु: ਵਿੱਚ) |
|---|---|---|---|---|
| 1 | 2 | 3 | 4 | 5 |
| 13 | 14 | 7-1982 ਤੋਂ 6-2002 | ਸ਼੍ਰੀ ਵਿਜੇ ਕੁਮਾਰ | 200 |
| | | 7-2002 ਤੋਂ ਹੁਣ ਤੱਕ | | 500 |
| 14 | 15 | 12-1984 ਤੋਂ 6-2002 | ਸ਼੍ਰੀ ਰਜਿੰਦਰ ਕੁਮਾਰ | 150 |
| | | 7-2002 ਤੋਂ ਹੁਣ ਤੱਕ | | 500 |
| 15 | 16 | 9-1982 ਤੋਂ 6-2002 | ਸ਼੍ਰੀ ਦੇਸ਼ ਰਾਜ | 125 |
| | | 7-2002 ਤੋਂ ਹੁਣ ਤੱਕ | | 500 |
| 16 | 17 | 7-1982 ਤੋਂ 6-2002 | ਸ਼੍ਰੀ ਵਿਪਨ ਕੁਮਾਰ | 205 |
| | | 7-2002 ਤੋਂ ਹੁਣ ਤੱਕ | | 800 |
| 17 | 18 | 12-1995 ਤੋਂ 4-2002 | ਸ਼੍ਰੀ ਗੁਪਾਲ | 100 |
| | | 5-2002 ਤੋਂ ਹੁਣ ਤੱਕ | ਸ਼੍ਰੀ ਦਿਨੇਸ਼ ਕੁਮਾਰ | 3100 |
| 18 | 19 | 8-1982 ਤੋਂ 6-2002 | ਸ਼੍ਰੀ ਨਰਿੰਦਰ ਸਿੰਘ | 270 |
| | | 7-2002 ਤੋਂ ਹੁਣ ਤੱਕ | | 800 |
| 19 | 20 | 7-1982 ਤੋਂ 2-1995 | ਸ਼੍ਰੀ ਸਿੱਘੂ ਰਾਮ | 310 |
| | | 3-1995 ਤੋਂ 6-2002 | ਸ਼੍ਰੀਮਤੀ ਚੰਚਲ ਡੋਗਰਾ | 310 |
| | | 7-2000 ਤੋਂ ਹੁਣ ਤੱਕ | | 800 |
| 20 | 21 | 10-1997 ਤੋਂ 6-2002 | ਸ਼੍ਰੀ ਰਾਮ ਪਾਲ | 320 |
| | | 7-2002 ਤੋਂ ਹੁਣ ਤੱਕ | | |
| 21 | 22 ਅਤੇ 23 | 10-1982 ਤੋਂ 6-2002 | ਸ਼੍ਰੀ ਰਮੇਸ਼ ਕੁਮਾਰ | 435 |
| | | 7-2002 ਤੋਂ ਹੁਣ ਤੱਕ | | 1100 |
| 22 | 24 | 7-1982 ਤੋਂ 3-98 | ਸ਼੍ਰੀਮਤੀ ਗੁਰਪ੍ਰੀਤ ਕੌਰ | 250 |
| | | 4-98 ਤੋਂ 4-2002 | ਸ਼੍ਰੀ ਅਜਿੰਦਰ ਸਿੰਘ ਸੈਣੀ | 250 |
| | | 5-2002 ਤੋਂ ਹੁਣ ਤੱਕ | | 3100 |

Original with;
Punjab Vidhan Sabha
Digitized by;
Panjab Digital Library

## ਅਨੁਲੱਗ-2

## ਦੁਕਾਨਾਂ ਦਾ ਵੇਰਵਾ

| ਲੜੀ ਨੰ: | ਦੁਕਾਨ ਨੰ: | ਸਾਲ | ਕਬਜ਼ੇਦਾਰ ਦਾ ਨਾਂ | ਹਰ ਮਹੀਨੇ ਕਿਰਾਏ ਦਾ ਰੇਟ (ਰੁਪਏ ਵਿੱਚ) | ਕਿਰਾਏ ਤੇ ਦੇਣ ਦੀ ਵਿਧੀ | ਵਿਸ਼ੇਸ਼ ਕਥਨ |
|---|---|---|---|---|---|---|
| 1 | 2 | 3 | 4 | 5 | 6 | 7 |
| 1 | 1 | 7-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਸੁਸ਼ੀਲ ਕੁਮਾਰ | 125<br>500 | ਖੁੱਲੀ ਬੋਲੀ ਰਾਹੀਂ | — |
| 2 | 2 | 6-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਹਰਨਾਮ ਦਾਸ | 155<br>500 | -ਉਹੀ- | — |
| 3 | 3 | 6-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਰੋਸ਼ਨ ਲਾਲ | 190<br>500 | -ਉਹੀ- | — |
| 4 | 4 | 7-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਦਰਮੇਸ਼ ਕੁਮਾਰ | 125<br>500 | -ਉਹੀ- | — |
| 5 | 5 | 11-1984 ਤੋਂ 6-2002 | ਸ਼੍ਰੀ ਸੁਦਰਸ਼ਨ ਕੁਮਾਰ | 255 | -ਉਹੀ- | ਕੋਰਟ ਕੇਸ |
| 6 | 6 ਅਤੇ 7 | 7-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਰਮੇਸ਼ ਕੁਮਾਰ | 625<br>1100 | -ਉਹੀ- | — |
| 7 | 8 | 7-1982 ਤੋਂ 6-2002 | ਸ਼੍ਰੀ ਸੇਵਾ ਰਾਮ ਡੋਗਰਾ | 255 | -ਉਹੀ- | ਕੋਰਟ ਕੇਸ |
| 8 | 9 | 8-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਮਦਨ ਲਾਲ | 225<br>800 | -ਉਹੀ- | — |
| 9 | 10 | 7-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਰਾਕੇਸ਼ ਕੁਮਾਰ | 320<br>800 | -ਉਹੀ- | — |
| 10 | 11 | 8-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਸੁਨੀਲ | 280<br>800 | -ਉਹੀ- | — |
| 11 | 12 | 10-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਸੁਭਾਸ਼ ਚੰਦਰ | 225<br>800 | -ਉਹੀ- | — |
| 12 | 13 | 8-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਲੇਖ ਰਾਜ | 125<br>500 | -ਉਹੀ- | — |
| 13 | 14 | 7-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਵਿਜੇ ਕੁਮਾਰ | 200<br>500 | -ਉਹੀ- | — |
| 14 | 15 | 12-1984 ਤੋਂ 6-2002<br>6-2002 ਤੋਂ ਹੁਣ ਤੱਕ | ਸ਼੍ਰੀ ਰਜਿੰਦਰ ਕੁਮਾਰ | 150<br>500 | -ਉਹੀ- | — |
| 15 | 16 | 9-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਦੇਸ਼ ਰਾਜ | 125<br>500 | -ਉਹੀ- | — |

Original with;
Punjab Vidhan Sabha
Digitized by;

[ਸਿੰਚਾਈ ਮੰਤਰੀ]

| ਲੜੀ ਨੰ: | ਦੁਕਾਨ ਨੰ: | ਸਾਲ | ਕਬਜ਼ੇਦਾਰ ਦਾ ਨਾਂ | ਹਰ ਮਹੀਨੇ ਕਿਰਾਏ ਦਾ ਰੇਟ (ਰੁਪਏ ਵਿੱਚ) | ਕਿਰਾਏ ਤੇ ਦੇਣ ਦੀ ਵਿਧੀ | ਵਿਸ਼ੇਸ਼ ਕਥਨ |
|---|---|---|---|---|---|---|
| 1 | 2 | 3 | 4 | 5 | 6 | 7 |
| 16 | 17 | 7-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਵਿਪਨ ਕੁਮਾਰ | 205<br>800 | ਖੁੱਲੀ ਬੋਲੀ ਰਾਹੀਂ | — |
| 17 | 18 | 12-1995 ਤੋਂ 4-2002<br>5-2002 ਤੋਂ ਹੁਣ ਤੱਕ | ਸ਼੍ਰੀ ਗੁਪਾਲ<br>ਸ਼੍ਰੀ ਦਿਨੇਸ਼ ਕੁਮਾਰ | 100<br>3100 | ਮੁੱਖ ਇੰਜੀ:/ ਆਰ. ਐਸ. ਡੀ.ਸੀ. ਦੁਆਰਾ ਅਲਾਟ ਕੀਤੀ ਗਈ। | (11/82 ਤੋਂ 11/95) ਕੋਆਪਰੇਟਿਵ ਸਟੋਰ |
| 18 | 19 | 8-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਨਰਿੰਦਰ ਸਿੰਘ | 270<br>800 | ਖੁੱਲੀ ਬੋਲੀ ਰਾਹੀਂ | |
| 19 | 20 | 7-1982 ਤੋਂ 2-1995<br>3-1995 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਸਿੱਘੂ ਰਾਮ<br>ਸ਼੍ਰੀਮਤੀ ਚੰਚਲ ਡੋਗਰਾ | 310<br>310<br>800 | -ਉਹੀ-<br>-ਉਹੀ- | |
| 20 | 21 | 10-1997 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਰਾਮ ਪਾਲ | 320 | ਮੁੱਖ ਇੰਜੀ:/ ਆਰ. ਐਸ. ਡੀ.ਸੀ. ਦੁਆਰਾ ਅਲਾਟ ਕੀਤੀ ਗਈ। | (11/82 ਤੋਂ 9/97) ਕੋਆਪਰੇਟਿਵ ਸਟੋਰ |
| 21 | 22 ਅਤੇ 23 | 10-1982 ਤੋਂ 6-2002<br>7-2002 ਤੋਂ ਹੁਣ ਤੱਕ | ਸ਼੍ਰੀ ਰਮੇਸ਼ ਕੁਮਾਰ | 435<br>1100 | ਖੁੱਲੀ ਬੋਲੀ ਰਾਹੀਂ | |
| 22 | 24 | 7-1982 ਤੋਂ 3-1998<br>4-98 ਤੋਂ 4-2002<br>5-2002 ਤੋਂ ਹੁਣ ਤੱਕ | ਸ਼੍ਰੀਮਤੀ ਗੁਰਪ੍ਰੀਤ ਕੌਰ<br>ਸ਼੍ਰੀ ਅਜਿੰਦਰ ਸਿੰਘ ਸੈਣੀ | 250<br>250<br>3100 | -ਉਹੀ-<br>ਮੁੱਖ ਇੰਜੀ:/ ਆਰ. ਐਸ. ਡੀ.ਸੀ. ਦੁਆਰਾ ਅਲਾਟ ਕੀਤੀ ਗਈ। | ਕੋਰਟ ਕੇਸ |

Original with;
Punjab Vidhan Sabha
Digitized by;
Panjab Digital Library

## ਅਨੁਲੱਗ-3

## ਕੋਰਟ ਕੇਸਾਂ ਦਾ ਵੇਰਵਾ

(1) ਦੁਕਾਨ ਨੰਬਰ 5 ਸ਼੍ਰੀ ਸੁਦਰਸ਼ਨ ਕੁਮਾਰ ਨੂੰ ਖੁੱਲ੍ਹੀ ਬੋਲੀ ਰਾਹੀਂ ਅਲਾਟ ਕੀਤੀ ਗਈ ਸੀ। ਵਿਭਾਗ ਵੱਲੋਂ ਦੁਕਾਨ ਦਾ ਕਿਰਾਇਆ 255 ਰੁਪਏ ਪ੍ਰਤੀ ਮਹੀਨਾ ਤੋਂ ਵਧਾਕੇ 800 ਰੁਪਏ ਕੀਤਾ ਗਿਆ ਸੀ। ਦੁਕਾਨ ਦਾ ਅਲਾਟੀ ਵਧੇ ਹੋਏ ਕਿਰਾਏ ਅਨੁਸਾਰ ਕਿਰਾਇਆ ਜਮ੍ਹਾਂ ਨਹੀਂ ਕਰਵਾ ਰਿਹਾ ਹੈ ਅਤੇ ਪਠਾਨਕੋਟ ਵਿਖੇ ਮਾਨਯੋਗ ਕੋਰਟ ਵਿੱਚ ਕਿਰਾਏ ਦੇ ਰੇਟ ਘਟਾਉਣ ਬਾਰੇ ਸਿਵਲ ਸੂਟ ਦਾਇਰ ਕੀਤਾ ਹੈ। ਕੇਸ ਅਜੇ ਵੀ ਮਾਨਯੋਗ ਕੋਰਟ ਵਿੱਚ ਲੰਬਿਤ ਹੈ।

(2) ਦੁਕਾਨ ਨੰਬਰ 8 ਸਾਲ 1982 ਵਿੱਚ ਸ਼੍ਰੀ ਸੇਵਾ ਰਾਮ ਡੋਗਰਾ ਨੂੰ ਖੁੱਲ੍ਹੀ ਬੋਲੀ ਰਾਹੀਂ ਅਲਾਟ ਕੀਤੀ ਗਈ ਸੀ। ਸ਼੍ਰੀ ਸੇਵਾ ਰਾਮ ਡੋਗਰਾ ਮਿਤੀ 5 ਫਰਵਰੀ, 1985 ਨੂੰ ਸਵਰਗਵਾਸ ਹੋ ਗਏ ਹਨ। ਸ਼੍ਰੀ ਸੇਵਾ ਰਾਮ ਦੀ ਪੁੱਤਰੀ ਸ਼੍ਰੀਮਤੀ ਸੁਦੇਸ ਡੋਗਰਾ ਨੇ ਦੁਕਾਨ ਦੀ ਅਲਾਟਮੈਂਟ ਆਪਣੇ ਨਾਂ ਕਰਾਉਣ ਲਈ ਗੁਰਦਾਸਪੁਰ ਦੀ ਮਾਨਯੋਗ ਕੋਰਟ ਵਿੱਚ ਸੂਟ ਦਾਇਰ ਕੀਤਾ ਹੈ। ਕੇਸ ਅਜੇ ਵੀ ਕੋਰਟ ਵਿੱਚ ਪੈਂਡਿੰਗ ਹੈ।

(3) ਦੁਕਾਨ ਨੰਬਰ 24 ਸ਼੍ਰੀ ਅਜਿੰਦਰ ਸਿੰਘ ਸੈਣੀ ਨੂੰ ਮਿਤੀ 13 ਮਈ, 2002 ਨੂੰ ਮੁੱਖ ਇੰਜੀਨੀਅਰ/ਰਣਜੀਤ ਸਾਗਰ ਡੈਮ ਦੀ ਪ੍ਰਵਾਨਗੀ ਨਾਲ 3,100 ਰੁਪਏ ਪ੍ਰਤੀ ਮਹੀਨਾ ਕਿਰਾਏ ਤੇ ਮੈਡੀਕਲ ਸਟੋਰ ਲਈ ਅਲਾਟ ਕੀਤੀ ਗਈ ਸੀ। ਦੁਕਾਨ ਦਾ ਅਲਾਟੀ ਕਿਰਾਇਆ ਜਮ੍ਹਾਂ ਨਹੀਂ ਕਰਵਾ ਰਿਹਾ ਹੈ ਅਤੇ ਗੁਰਦਾਸਪੁਰ ਦੀ ਮਾਨਯੋਗ ਕੋਰਟ ਵਿੱਚ ਸਿਵਲ ਸੂਟ ਦਾਇਰ ਕਰ ਦਿੱਤਾ ਹੈ । ਕੇਸ ਅਜੇ ਵੀ ਮਾਨਯੋਗ ਕੋਰਟ ਵਿੱਚ ਪੈਂਡਿੰਗ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਹ ਜਵਾਬ ਦਾ ਪਹਿਲਾ ਹਿੱਸਾ ਹੈ। ਇੱਕ ਤਾਂ ਮੈਨੂੰ ਜਵਾਬ ਹੀ ਕੱਲ੍ਹ ਸ਼ਾਮ ਨੂੰ ਮੈਨੂੰ ਆਇਆ ਹੈ ਅਤੇ ਅੱਜ ਲਿਖਤੀ ਮਿਲਿਆ ਹੈ। ਇਨ੍ਹਾਂ ਨੇ ਜਵਾਬ ਦੇ ਵਿੱਚ 10 ਸ਼ਾਪ-ਕਮ-ਆਫਿਸ ਦੇ ਬਾਰੇ ਕੋਈ ਲਿਖਤੀ ਜਵਾਬ ਨਹੀਂ ਦਿੱਤਾ। ਜੇ ਇਹ ਜ਼ਬਾਨੀ ਹੁਣ ਦੱਸ ਸਕਦੇ ਹਨ ਤਾਂ ਦੇ ਦੇਣ।

**ਮਾਨਯੋਗ ਸਪੀਕਰ** : ਜੇ ਜ਼ਬਾਨੀ ਦੇ ਸਕਦੇ ਹਨ ਤਾਂ ਤੁਸੀਂ ਪੁੱਛ ਲਓ।

**ਸ਼੍ਰੀ ਤਿਕਸ਼ਨ ਸੂਦ** : ਇਨ੍ਹਾਂ ਨੇ 24 ਦੁਕਾਨਾਂ ਦਾ ਵੇਰਵਾ ਦਿੱਤਾ ਹੈ। 10 ਦੁਕਾਨਾਂ ਦਾ ਵੇਰਵਾ ਨਹੀਂ ਦਿੱਤਾ ਕ੍ਰਿਪਾ ਕਰਕੇ ਇਹ ਦੱਸ ਦੇਣ ਕਿ ਇਹ ਦੁਕਾਨਾਂ ਕਦੋਂ-ਕਦੋਂ ਅਤੇ ਕਿਸ-ਕਿਸ ਨੂੰ ਦਿੱਤੀਆਂ ?

**ਮਾਨਯੋਗ ਸਪੀਕਰ** : ਹਾਂ ਜੀ ਮੰਤਰੀ ਜੀ ਤੁਸੀਂ 10 ਦੁਕਾਨਾਂ ਦਾ ਵੇਰਵਾ ਦਿਉ ਜੀ।

**ਮੰਤਰੀ** : ਸਪੀਕਰ ਸਾਹਿਬ, ਐਸ.ਸੀ.ਐਫ. ਨੰ: 4 ਪਹਿਲੀ ਮੰਜ਼ਿਲ ਕੇਬਲ ਨੈਟਵਰਕਸ, ਖਾਨਪੁਰ ਚੌਂਕੀ, ਪਠਾਨਕੋਟ ਨੂੰ ਮਿਤੀ 29 ਮਈ, 2002 ਨੂੰ 5,000 ਰੁਪਏ ਪ੍ਰਤੀ ਮਹੀਨਾ ਤੇ ਦਿੱਤੀ ਹੋਈ ਹੈ। (2) ਐਸ.ਸੀ.ਐਫ. ਨੰ: 7, ਦੂਸਰੀ ਮੰਜ਼ਿਲ, ਮੈਸ:

Original with;
Punjab Vidhan Sabha
Digitized by;

[ਸਿੰਚਾਈ ਮੰਤਰੀ]

ਰਿਲਾਈਂਸ ਕਮਿਊਨੀਕੇਸ਼ਨ ਲਿਮਿਟਿਡ ਨੂੰ ਮਿਤੀ 24 ਜਨਵਰੀ, 2002 ਨੂੰ ਟੈਲੀਫੂਨ ਐਕਸਚੇਂਜ ਖੋਲ੍ਹਣ ਵਾਸਤੇ 945 ਰੁਪਏ ਪ੍ਰਤੀ ਮਹੀਨਾ ਤੇ ਦਿੱਤੀ ਗਈ ਹੈ।(3) ਐਸ.ਸੀ.ਐਫ. ਨੰ: 9, (ਪੂਰਾ ਸੈਟ), ਭਾਰਤ ਅਰਥ ਮੂਵਰਜ਼ ਲਿਮਿਟਿਡ ਨੂੰ ਬਿਨਾਂ ਕਿਰਾਏ ਤੇ ਐਗਰੀਮੈਂਟ ਦੇ ਆਧਾਰ ਤੇ ਅਲਾਟ ਕੀਤਾ ਗਿਆ ਸੀ। ਹੁਣ ਰਣਜੀਤ ਸਾਗਰ ਡੈਮ ਦਾ ਕੰਮ ਮੁਕੰਮਲ ਹੋ ਜਾਣ ਕਾਰਕੇ ਇਸ ਕੰਪਨੀ ਨੇ ਇਹ ਸੈਟ ਖਾਲੀ ਕਰ ਦਿੱਤਾ ਹੈ ਜਿਸ ਦੀ ਪਹਿਲੀ ਮੰਜ਼ਲ ਅਜੇ ਤੱਕ ਵੀ ਇਸ ਕੰਪਨੀ ਕੋਲ ਹੈ।(4) ਐਸ.ਸੀ.ਐਫ. ਨੰ: 9, ਗਰਾਊਂਡ ਫਿਲੌਰ, ਦੂਸਰੀ ਮੰਜ਼ਲ ਅਤੇ ਐਸ.ਸੀ.ਐਫ. ਨੰ: 10 ਗਰਾਊਂਡ ਫਿਲੌਰ ਬੀ.ਐਸ.ਐਨ.ਐਲ. ਨੂੰ ਮਿਤੀ 1 ਮਾਰਚ, 2001 ਤੋਂ ਟੈਲੀਫੂਨ ਐਕਸਚੇਂਜ ਖੋਲ੍ਹਣ ਵਾਸਤੇ ਕਿਰਾਏ ਤੇ ਦਿੱਤੀ ਗਈ ਸੀ ਜਿਸ ਦਾ ਕਿਰਾਇਆ ਗਰਾਊਂਡ ਫਿਲੌਰ ਦਾ 4,230 ਰੁਪਏ ਅਤੇ ਦੂਸਰੀ ਮੰਜ਼ਲ ਦਾ 3,265 ਰੁਪਏ ਪ੍ਰਤੀ ਮਹੀਨਾ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੇ ਸਵਾਲ ਦਾ ਪੂਰਾ ਜਵਾਬ ਨਹੀਂ ਦਿੱਤਾ। ਨਾ ਤਾ ਲਿਖਤੀ ਤੌਰ ਤੇ ਹੀ ਜਵਾਬ ਆਇਆ ਹੈ ਅਤੇ ਨਾ ਹੀ ਇਨ੍ਹਾਂ ਨੇ ਪੂਰਾ ਜਵਾਬ ਹੁਣ ਦਿੱਤਾ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਸਾਰੀਆਂ ਦੁਕਾਨਾਂ ਬਾਰੇ ਨਹੀਂ ਦੱਸਿਆ।

**ਮਾਨਯੋਗ ਸਪੀਕਰ** : ਤੁਸੀਂ ਹੁਣ ਪੁੱਛ ਲਓ ਕਿ ਕਿੰਨਆਂ ਦੁਕਾਨਾਂ ਰਹਿ ਗਈਆਂ ਹਨ। ਇਹ ਤੁਹਾਨੂੰ ਲਿਖ ਕੇ ਬਾਅਦ ਵਿੱਚ ਭੇਜ ਦੇਣਗੇ। ਲਿਖ ਕੇ ਭੇਜਣਾ ਤਾਂ ਇਨ੍ਹਾਂ ਦਾ ਹੱਕ ਬਣਦਾ ਹੈ।

**ਸ਼੍ਰੀ ਤਿਕਸ਼ਨ ਸੂਦ** : ਲਿਖ ਕੇ ਭੇਜਣਾ ਵੀ ਤਾਂ ਇਨ੍ਹਾਂ ਦਾ ਫਰਜ਼ ਬਣਦਾ ਹੈ। ਲੇਕਿਨ ਮੇਰੇ ਸਵਾਲ ਦਾ ਇਹ ਜਵਾਬ ਅਧੂਰਾ ਹੈ।

**ਮਾਨਯੋਗ ਸਪੀਕਰ** : ਚੱਲੋ ਠੀਕ ਹੈ, ਇਹ ਜਵਾਬ ਲਿਖ ਕੇ ਭੇਜ ਦੇਣਗੇ। ਨੈਕਸਟ ਕੁਐਸਚਨ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਜੇ ਇਹ ਸਵਾਲ ਪੋਸਟਪੋਨ ਕਰਨਾ ਹੈ ਫਿਰ ਤਾਂ ਠੀਕ ਹੈ, ਨਹੀਂ ਤਾਂ ਮੈਂ ਸਪਲੀਮੈਂਟਰੀ ਕਰ ਲੈਂਦਾ ਹੈ।

**ਮਾਨਯੋਗ ਸਪੀਕਰ** : ਨਹੀਂ, ਪੋਸਟਪੋਨ ਨਹੀਂ ਕਰਨਾ। ਤੁਸੀਂ ਸਪਲੀਮੈਂਟਰੀ ਪੁੱਛਣੀ ਹੈ ਤਾਂ ਪੁੱਛ ਲਓ।

**ਸ਼੍ਰੀ ਤਿਕਸ਼ਨ ਸੂਦ** : ਜਵਾਬ ਅਧੂਰਾ ਸੀ ਮੈਂ ਤਾਂ ਇਸ ਲਈ ਕਿਹਾ ਹੈ। ਚਲੋ ਹੁਣ ਮੈਂ ਸਪਲੀਮੈਂਟਰੀ ਪੁੱਛ ਲੈਂਦਾ ਹਾਂ।

**ਮਾਨਯੋਗ ਸਪੀਕਰ** : ਠੀਕ ਹੈ, ਪੁੱਛ ਲਓ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੇਰਾ ਪਹਿਲਾ ਸਪਲੀਮੈਂਟਰੀ ਇਹ ਹੈ ਕਿ ਇਹ ਜਿਹੜੀਆਂ 10 ਐਸ.ਸੀ.ਓ. ਵਾਲੀਆਂ ਦੁਕਾਨਾਂ ਹਨ, ਇਹ ਕਦੋਂ ਬਣੀਆਂ ਸੀ ਅਤੇ ਕਿੰਨੇ ਸਾਲ ਤੋਂ ਇਹ ਕਿਰਾਏ ਤੇ ਨਹੀਂ ਚੜ੍ਹੀਆਂ, ਇਸ ਵਾਸਤੇ ਕੌਣ ਅਧਿਕਾਰੀ ਕਸੂਰਵਾਰ ਹੈ?

Original with;
Punjab Vidhan Sabha
Digitized by;

**ਮੰਤਰੀ** : ਸਪੀਕਰ ਸਾਹਿਬ, ਇਹ 10 ਦੁਕਾਨਾਂ 1987 ਵਿੱਚ ਉਸਾਰੀਆਂ ਗਈਆਂ ਸਨ ਜਿਨ੍ਹਾਂ ਵਿੱਚੋਂ ਕੁਝ ਦੁਕਾਨਾਂ-ਕਮ-ਆਫਿਸ-ਕਮ-ਫਲੈਟ ਅਲੱਗ-ਅਲੱਗ ਕੰਪਨੀਆਂ ਜਿਵੇਂ ਮੈਸ: ਬੀ.ਐਮ.ਐਲ., ਮੈਸ: ਭਾਰਤ ਸੰਚਾਰ ਨਿਗਮ ਲਿਮਟਿਡ, ਮੈਸ: ਰਿਲਾਇੰਸ ਇੰਡੀਆ ਅਤੇ ਜ਼ੋਆਇਲ ਕੇਬਲ ਨੈਟ ਵਰਕ ਵਾਲਿਆਂ ਨੂੰ ਐਗਰੀਮੈਂਟ ਦੇ ਆਧਾਰ ਤੇ ਅਲਾਟ ਕੀਤੀਆਂ ਗਈਆਂ ਸਨ। ਇਹ ਸੂਚਨਾ ਅਨੈਕਸਚਰ ਵਿੱਚ ਦਰਜ ਹੈ। ਬਾਕੀ ਦੁਕਾਨਾਂ............

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ........

**ਮਾਨਯੋਗ ਸਪੀਕਰ** : ਤੁਸੀਂ ਉਨ੍ਹਾਂ ਨੂੰ ਆਪਣਾ ਜਵਾਬ ਤਾਂ ਦੇ ਲੈਣ ਦਿਓ ਫਿਰ ਸਵਾਲ ਕਰ ਲੈਣਾ ।

**ਮੰਤਰੀ** : ਸਪੀਕਰ ਸਾਹਿਬ, ਰਣਜੀਤ ਸਾਗਰ ਡੈਮ ਪ੍ਰਾਜੈਕਟ ਅਤੇ ਸ਼ਾਹਪੁਰਕੰਡੀ ਪ੍ਰਾਜੈਕਟ ਵਾਲਿਆਂ ਦੇ ਦਫ਼ਤਰ ਖੋਲ੍ਹੇ ਗਏ ਹਨ ਅਤੇ ਜਿਨ੍ਹਾਂ ਬਾਰੇ ਕੋਰਟ ਕੇਸ ਚੱਲ ਰਹੇ ਹਨ, ਉਨ੍ਹਾਂ ਬਾਰੇ ਸੂਚਨਾ ਅਨੁਲੱਗ-3 ਵਿੱਚ ਦਰਜ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਦੁਕਾਨਾਂ ਕਿਤਨੀ ਦੇਰ ਖਾਲੀ ਪਈਆਂ ਰਹੀਆਂ ਅਤੇ ਕਿਰਾਏ ਤੇ ਨਾ ਚੜਾਉਣ ਲਈ ਕੌਣ ਜ਼ਿੰਮੇਵਾਰ ਹੈ।

**ਮੰਤਰੀ** : ਪਿਛਲੇ ਪੰਜ ਸਾਲ ਇਨ੍ਹਾਂ ਦਾ ਰਾਜ ਰਿਹਾ ਹੈ ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ। ਇਹੀ ਦੱਸ ਸਕਦੇ ਹਨ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਹ ਕੋਈ ਜਵਾਬ ਹੈ ?

**Mr. Speaker** : I postpone the supplemntaries to this question.

(ਇਸ ਸਵਾਲ ਦੀਆਂ ਸਪਲੀਮੈਂਟਰੀਜ਼ ਮਿਤੀ 2-4-2003 ਲਈ ਪੋਸਟਪੋਨ ਕੀਤੀਆਂ ਗਈਆਂ।)

---

**ਅਨੁਸੂਚਿਤ ਜਾਤੀਆਂ ਨੂੰ ਰੂੜੀ ਸੁੱਟਣ ਲਈ ਜਗ੍ਹਾ (ਪਿੱਟਸ) ਮੁਹੱਈਆ ਕਰਨਾ**

*490. (1) **ਸ਼੍ਰੀ ਤਰਲੋਚਨ ਸਿੰਘ**
(2) **ਸ਼੍ਰੀ ਨੱਥੂ ਰਾਮ** : ਕੀ ਸਮਾਜਿਕ ਸੁਰੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲਾ 2000-2001, 2001-2002 ਅਤੇ 2002-2003 ਦੇ ਬਜਟ ਅਨੁਮਾਨਾਂ ਵਿਚ ਅਨੁਸੂਚਿਤ ਜਾਤੀਆਂ ਨੂੰ ਰਾਜ ਵਿਚ ਰੂੜੀ ਸੁੱਟਣ ਲਈ ਜਗ੍ਹਾ (ਪਿੱਟਸ) ਮੁਹੱਈਆ ਕਰਨ ਲਈ ਮਦਦ ਦੇਣ ਲਈ ਸਾਲ-ਵਾਰ ਕਿੰਨੀ-ਕਿੰਨੀ ਰਕਮ ਰਾਖਵੀਂ ਰੱਖੀ ਗਈ ਸੀ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਰਕਮ ਉਕਤ ਮੰਤਵ ਲਈ ਖਰਚ ਕਰ ਲਈ ਗਈ ਹੈ; ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ?

Original with;
Punjab Vidhan Sabha
Digitized by:

**ਸਰਦਾਰ ਜੋਗਿੰਦਰ ਸਿੰਘ ਮਾਨ** : (ੳ) ਅਤੇ (ਅ) ਸ਼੍ਰੀਮਾਨ ਜੀ, ਇਸ ਸਕੀਮ ਅਧੀਨ ਸਾਲ 2000-2001, 2001-2002 ਅਤੇ ਸਾਲ 2002-2003 ਵਿੱਚ ਕੋਈ ਬਜਟ ਅਲਾਟਮੈਂਟ ਨਹੀਂ ਕੀਤੀ ਗਈ ਜੀ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦਲਿਤ ਵਰਗ ਦੇ ਲੋਕਾਂ ਨੂੰ ਕੂੜਾ ਸੁੱਟਣ ਦੀ ਸਕੀਮ ਅਧੀਨ ਜ਼ਮੀਨ ਖਰੀਦਣ ਵਾਸਤੇ ਇਸ ਦੀ ਕੋਈ ਅਹਿਮੀਅਤ ਨਹੀਂ ਸਮਝਦੀ ?

**ਮੰਤਰੀ** : ਸਰ, ਅਹਿਮੀਅਤ ਤਾਂ ਇਸ ਦੀ ਬਹੁਤ ਹੈ। ਇਸ ਵਾਸਤੇ ਪਿਛਲੇ ਸਮੇਂ ਵਿਚ ਬਜਟ ਦੀ ਕੁਝ ਅਲਾਟਮੈਂਟ ਹੋਈ ਸੀ। ਹੁਣ ਇਸ ਦੀ ਥਾਂ ਸਰਕਾਰ ਇਕ ਅੱਛੀ ਜਿਹੀ ਸਕੀਮ ਲਿਆ ਰਹੀ ਹੈ। ਪਹਿਲਾਂ ਇਹ ਸਕੀਮ ਪਿੰਡ ਦੇ ਐਸ.ਸੀਜ਼, ਲੋਕਾਂ ਵਾਸਤੇ ਹੀ ਸੀ ਜਿਨ੍ਹਾਂ ਨੂੰ ਇਕ-ਇਕ ਮਰਲਾ ਜ਼ਮੀਨ ਦੇ ਪਲਾਟ ਦਿੱਤੇ ਜਾਣੇ ਸਨ। ਹੁਣ ਇਸ ਸਕੀਮ ਵਿਚ ਕੁਝ ਤਬਦੀਲੀਆਂ ਕਰਕੇ ਇਹ ਸਾਰੇ ਪਿੰਡ ਵਾਸਤੇ ਤਿਆਰ ਕੀਤੀ ਗਈ ਹੈ। ਇਹ ਸਕੀਮ ਡਰਾਪ ਨਹੀਂ ਕੀਤੀ ਗਈ। ਇਸ ਵਾਸਤੇ ਇਸ ਸਾਲ ਬਜਟ ਵਿਚ ਕੋਈ ਪ੍ਰੋਵੀਜ਼ਨ ਨਹੀਂ ਹੋ ਸਕੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਦੁਆਰਾ ਇਸ ਸਕੀਮ ਵਿਚ ਸਾਲ 2001-2002 ਦੌਰਾਨ 5 ਲੱਖ ਰੁਪਏ ਦੀ ਪ੍ਰੋਵੀਜ਼ਨ ਪ੍ਰਵਾਨ ਕੀਤੀ ਗਈ ਸੀ। ਇਹ ਟੋਕਨ ਪ੍ਰੋਵੀਜ਼ਨ ਸੀ। ਸਰਕਾਰ ਨੂੰ ਇਸ ਵਾਸਤੇ 2 ਕਰੋੜ ਰੁਪਏ ਦੀ ਤਜਵੀਜ਼ ਵਿਭਾਗ ਵਲੋਂ ਪ੍ਰਵਾਨਗੀ ਲਈ ਭੇਜੀ ਗਈ ਸੀ ਜਿਸ ਨੂੰ ਬਾਅਦ ਵਿਚ ਸਰਕਾਰ ਵੱਲੋਂ ਫੰਡਾਂ ਦੀ ਘਾਟ ਹੋਣ ਕਰਕੇ ਪ੍ਰਵਾਨ ਨਹੀਂ ਕੀਤਾ ਗਿਆ ਅਤੇ ਇਸ ਕਰਕੇ ਸਾਲ 2002-2003 ਵਿਚ ਇਸ ਲਈ ਬਜਟ ਵਿਚ ਉਪਬੰਧ ਨਹੀਂ ਕੀਤਾ ਜਾ ਸਕਿਆ। ਮਿਤੀ 29 ਅਗਸਤ, 2002 ਨੂੰ ਡਿਪਟੀ ਚੇਅਰਮੈਨ, ਪੰਜਾਬ ਰਾਜ ਯੋਜਨਾ ਬੋਰਡ ਦੀ ਮੀਟਿੰਗ ਦੌਰਾਨ ਅਤੇ ਕਾਂਗਰਸ ਪਾਰਟੀ ਦੇ ਚੋਣ ਮੈਨੀਫੈਸਟੋ ਵਿਚ ਇਸ ਸਕੀਮ ਨੂੰ ਸ਼ੁਰੂ ਕਰਨ ਦੇ ਵਾਅਦੇ ਅਨੁਸਾਰ ਇਸ ਸਕੀਮ ਅਧੀਨ 5 ਕਰੋੜ ਰੁਪਏ ਦੀ ਰਾਸ਼ੀ ਦੇਣ ਦਾ ਫੈਸਲਾ ਕੀਤਾ। ਪ੍ਰੰਤੂ ਮੀਟਿੰਗ ਤੋਂ ਬਾਅਦ ਯੋਜਨਾਬੰਦੀ ਵਿਭਾਗ ਵਲੋਂ ਜਾਰੀ ਹੋਈ ਕਾਰਵਾਈ ਜਿਸ ਵਿਚ ਇਸ ਸਕੀਮ ਵਾਸਤੇ 2 ਕਰੋੜ ਰੁਪਏ ਚਾਲੂ ਵਿੱਤੀ ਸਾਲ ਵਿੱਚ ਦੇਣ ਦਾ ਜ਼ਿਕਰ ਸੀ, ਵਲੋਂ ਸੋਧੇ ਅਨੁਮਾਨਾਂ ਮੁਤਾਬਿਕ ਇਹ ਰਾਸ਼ੀ ਵੀ ਨਹੀਂ ਦਿੱਤੀ ਗਈ। ਹੁਣ ਸਰਕਾਰ ਇਹ ਸਕੀਮ ਪਿੰਡ ਦੇ ਐਸ.ਸੀਜ਼ ਲੋਕਾਂ ਵਾਸਤੇ ਹੀ ਨਹੀਂ ਸਗੋਂ ਇਸ ਵਿਚ ਮੋਡੀਫਿਕੇਸ਼ਨ ਕਰਕੇ ਇਸ ਨੂੰ ਸਮੁੱਚੇ ਪਿੰਡ ਦੀ ਸਕੀਮ ਵਜੋਂ ਪ੍ਰਪੋਜ਼ਲ ਤਿਆਰ ਕਰ ਰਹੀ ਹੈ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਰੂੜੀਆਂ ਵਾਸਤੇ ਜਿਹੜੀ ਅੱਛੀ ਸਕੀਮ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਹੈ, ਕੀ ਇਹ ਉਸ ਦਾ ਵੇਰਵਾ ਦੇ ਸਕਣਗੇ ?

**ਮੰਤਰੀ** : ਹੁਣ ਜਿਹੜੀ ਅੱਛੀ ਸਕੀਮ ਸਰਕਾਰ ਵੱਲੋਂ ਲਾਗੂ ਹੋਣੀ ਹੈ ਉਸ ਨਾਲ ਪਿੰਡਾਂ ਦਾ ਸਮੁੱਚਾ ਵਿਕਾਸ ਹੋ ਸਕੇਗਾ। ਇਸ ਅਧੀਨ ਬਾਇਓ ਗੈਸ ਪਲਾਂਟ ਪਿੰਡ ਵਿਚ ਲਗਾਇਆ ਜਾਵੇਗਾ ਅਤੇ ਕਮਿਊਨਿਟੀ ਟਾਇਲਟਸ ਵੀ ਉਸਾਰੀਆਂ ਜਾਣਗੀਆਂ। ਬਾਇਓ ਗੈਸ ਪਲਾਂਟ ਵਾਸਤੇ ਘਰਾਂ ਦਾ ਕੂੜਾ ਕਰਕਟ ਅਤੇ ਮੈਨਿਓਰ ਸਾਂਝੇ ਤੌਰ ਤੇ ਵਰਤਿਆ ਜਾਵੇਗਾ। ਬਾਇਓ ਗੈਸ ਪਲਾਂਟ ਲਗਾ ਕੇ ਪਿੰਡ ਵਿਚ ਸਟਰੀਟ ਲਾਈਟ ਦਿੱਤੀ ਜਾਵੇਗੀ

Original with;
Punjab Vidhan Sabha
Digitized by;
Panjab Digital Library

ਅਤੇ ਹਰੇਕ ਘਰ ਵਿਚ ਰਸੋਈ ਲਈ ਗੈਸ ਕੁਨੈਕਸ਼ਨ ਦਿੱਤਾ ਜਾਵੇਗਾ, ਜਿਸ ਦੇ ਬੜੇ ਹੀ ਨਾਮੀਨਲ ਚਾਰਜ਼ਿਜ ਲਏ ਜਾਣਗੇ। ਇਸ ਮੱਦ ਦੇ ਅਧੀਨ ਜਿਹੜੀ ਵੀ ਆਮਦਨ ਹੋਵੇਗੀ ਉਹ ਘਰਾਂ ਦਾ ਕੂੜਾ ਅਤੇ ਮੈਨਿਓਰ ਖਰੀਦਣ ਵਾਸਤੇ ਖਰਚੀ ਜਾਵੇਗੀ ਅਤੇ ਬਾਕੀ ਬਚਦੀ ਇਨਕਮ ਉਨ੍ਹਾਂ ਵਿਚ ਅਨੁਪਾਤ ਦੇ ਹਿਸਾਬ ਨਾਲ ਵੰਡ ਦਿੱਤੀ ਜਾਵੇਗੀ। ਇਸ ਨਾਲ ਸਮੁੱਚੇ ਪਿੰਡ ਦੀ ਸਫਾਈ ਵੀ ਵਧੀਆ ਹੋ ਸਕੇਗੀ ਅਤੇ ਲੋਕਾਂ ਨੂੰ ਵਧੀਆ ਸਹੂਲਤਾਂ ਵੀ ਮਿਲ ਸਕਣਗੀਆਂ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਦੱਸਣਾ ਵੀ ਚਾਹੁੰਦਾ ਹਾਂ ਅਤੇ ਪੁੱਛਣਾ ਵੀ ਚਾਹੁੰਦਾ ਹਾਂ ਕਿ ਮੰਤਰੀ ਜੀ ਨੇ ਬੜੇ ਵਿਸਥਾਰ ਨਾਲ ਜਵਾਬ ਦਿੱਤਾ ਹੈ। ਇਹੋ ਜਿਹਾ ਸਿਸਟਮ ਤਾਂ ਪਹਿਲਾਂ ਹੀ ਫੇਲ੍ਹ ਹੋ ਚੁੱਕਾ ਹੈ। ਸਾਂਝੀਆਂ ਚੀਜ਼ਾਂ ਦਾ ਰੱਖ ਰਖਾਵ ਕੋਈ ਵੀ ਨਹੀਂ ਕਰਦਾ। ਕੀ ਕੂੜਾ ਕਰਕਟ ਸੁੱਟਣ ਵਾਸਤੇ ਸਰਕਾਰ ਕੋਈ ਠੋਸ ਕਦਮ ਚੁੱਕੇਗੀ ?

**ਮੰਤਰੀ** : ਇਸ ਸਕੀਮ ਅਧੀਨ ਮੋਡੀਫਿਕੇਸ਼ਨ ਕੀਤੀ ਗਈ ਹੈ। ਪਹਿਲਾਂ ਇਹ ਰੂਰਲ ਡਿਪੈਵਲਪਮੈਂਟ ਦੀ ਸਕੀਮ ਸੀ। ਇਸ ਵਿਚ ਦੋ ਮੁਲਾਜ਼ਮ ਰੱਖੇ ਜਾਣਗੇ। ਉਨ੍ਹਾਂ ਨੂੰ ਤਨਖਾਹਾਂ ਦਿੱਤੀਆਂ ਜਾਣਗੀਆਂ। ਇਸ ਤਰ੍ਹਾਂ ਸਮੁੱਚੇ ਪਿੰਡ ਦੀ ਯੋਜਨਾ ਤਿਆਰ ਕੀਤੀ ਗਈ ਹੈ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੈਨੂੰ ਬੜਾ ਅਫਸੋਸ ਹੈ ਕਿ ਸਵਾਲ ਬੜਾ ਸਿੱਧਾ ਹੈ। ਕੀ ਰੂੜੀਆਂ ਦੇ ਪਲਾਟ ਐਸ.ਸੀਜ਼., ਲੋਕਾਂ ਅਤੇ ਹੋਰ ਦਲਿਤ ਲੋਕਾਂ ਨੂੰ ਦਿੱਤੇ ਜਾਣਗੇ ਜਾਂ ਨਹੀਂ ? ਮੰਤਰੀ ਜੀ ਹੋਰ ਹੀ ਜਵਾਬ ਦੇਈ ਜਾ ਰਹੇ ਹਨ ਅਤੇ ਹੋਰ ਗੱਲਾਂ ਕਰ ਰਹੇ ਹਨ। ਉਹ 'ਹਾਂ' ਜਾਂ 'ਨਾਂਹ' ਵਿਚ ਸਪਸ਼ਟ ਜਵਾਬ ਦੇਣ।

**ਮੰਤਰੀ** : ਸਪੀਕਰ ਸਾਹਿਬ, ਇਸ ਸਕੀਮ ਅਧੀਨ, ਮੈਂ ਦੱਸਿਆ ਹੈ ਕਿ ਕੋਈ ਬਜਟ ਨਹੀਂ ਰੱਖਿਆ।

---

## ਜ਼ਿਲ੍ਹਾ ਸੰਗਰੂਰ ਵਿਚ ਪੈਨਸ਼ਨਰਾਂ ਦੀ ਗਿਣਤੀ

***561. ਸਰਦਾਰ ਗਗਨਜੀਤ ਸਿੰਘ ਬਰਨਾਲਾ** : ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਸੰਗਰੂਰ ਵਿੱਚ ਫਰਵਰੀ, 2002 ਤਕ ਬੁਢਾਪਾ/ਵਿਧਵਾ/ਅਪਾਹਜ ਪੈਨਸ਼ਨ ਪ੍ਰਾਪਤ ਕਰ ਰਹੇ ਮਰਦਾਂ ਅਤੇ ਔਰਤਾਂ ਦੀ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਅਜਿਹੇ ਲਾਭਪਾਤਰਾਂ ਦੀ ਗਿਣਤੀ ਕਿੰਨੀ ਹੈ ; ਅਤੇ

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਲਾਭਪਾਤਰਾਂ ਨੂੰ ਕਿੰਨੇ ਸਮੇਂ ਤਕ ਪੈਨਸ਼ਨਾਂ ਦੀ ਅਦਾਇਗੀ ਕਰ ਦਿੱਤੀ ਗਈ ਹੈ ?

Original with;
Punjab Vidhan Sabha

**ਸਰਦਾਰ ਜੋਗਿੰਦਰ ਸਿੰਘ ਮਾਨ :** (ੳ) ਜ਼ਿਲ੍ਹਾ ਸੰਗਰੂਰ ਵਿੱਚ ਫਰਵਰੀ, 2002 ਤੱਕ ਬੁਢਾਪਾ/ਵਿਧਵਾ/ਅਪਾਹਜ ਪੈਨਸ਼ਨ ਪ੍ਰਾਪਤ ਕਰ ਰਹੇ ਮਰਦਾਂ ਅਤੇ ਔਰਤਾਂ ਦੀ ਗਿਣਤੀ ਅਤੇ ਮੌਜੂਦਾ ਸਮੇਂ ਵਿੱਚ ਅਜਿਹੇ ਲਾਭਪਾਤਰਾਂ ਦੀ ਗਿਣਤੀ ਅਨੁਲੱਗ "ੳ" ਅਨੁਸਾਰ ਹੈ ਜੀ।

(ਅ) ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਅਤੇ ਅਪਾਹਜ ਪੈਨਸ਼ਨ ਸਕੀਮ ਦੇ ਲਾਭਪਾਤਰੀਆਂ ਨੂੰ ਪੈਨਸ਼ਨ ਦੀ ਅਦਾਇਗੀ ਅਨੁਲੱਗ "ਅ" ਅਨੁਸਾਰ ਹੈ ਜੀ।

**ਅਨੁਲੱਗ "ੳ"**

**ਜ਼ਿਲ੍ਹਾ ਸੰਗਰੂਰ**

| ਸਕੀਮ ਦਾ ਨਾਂ | ਫਰਵਰੀ, 2002 ਤੱਕ ਦੇ ਲਾਭਪਾਤਰੀ | | ਮੌਜੂਦਾ ਲਾਭਪਾਤਰੀ | |
|---|---|---|---|---|
| | ਮਰਦ | ਔਰਤਾਂ | ਮਰਦ | ਔਰਤਾਂ |
| ਬੁਢਾਪਾ ਪੈਨਸ਼ਨ | 27,197 | 42,428 | 15,796 | 24,709 |
| ਵਿਧਵਾ ਪੈਨਸ਼ਨ | ਨਿੱਲ | 8,914 | ਨਿੱਲ | 9,240 |
| ਅਪਾਹਜ ਪੈਨਸ਼ਨ | 4,478 | 2,087 | 4,476 | 2,086 |

**ਅਨੁਲੱਗ "ਅ"**

**ਜ਼ਿਲ੍ਹਾ ਸੰਗਰੂਰ**

| ਲੜੀ ਨੰ: | ਸਕੀਮ ਦਾ ਨਾਂ | ਪੈਨਸ਼ਨ ਦੀ ਅਦਾਇਗੀ ਕਦੋਂ ਤੱਕ ਕੀਤੀ ਗਈ |
|---|---|---|
| 1 | ਬੁਢਾਪਾ ਪੈਨਸ਼ਨ | 7/2002 |
| 2 | ਵਿਧਵਾ ਪੈਨਸ਼ਨ | 7/2002 |
| 3 | ਅਪਾਹਜ ਪੈਨਸ਼ਨ | 8/2002 |

**Sardar Gaganjit Singh Barnala :** Hon'ble Speaker Sir, through you, I would like the Minister to kindly update this august House as to when the Government intends to clear the dues. ਸਰ, 8 ਮਹੀਨੇ ਪੈਨਸ਼ਨਾਂ ਦਿੱਤੀਆਂ ਨੂੰ ਹੋ ਗਏ ਹਨ। ਮੰਤਰੀ ਜੀ ਇਹ ਜਾਣਕਾਰੀ ਦੇਣ ਦੀ ਖੇਚਲ ਕਰਨ ਕਿ ਇਨ੍ਹਾਂ ਪੈਨਸ਼ਨਾਂ ਦਾ ਬੈਕਲਾਗ ਕਦੋਂ ਤੱਕ ਕਲੀਅਰ ਕਰ ਦੇਣਗੇ ?

**ਮਾਨਯੋਗ ਸਪੀਕਰ :** ਇਹ ਬੈਕਲਾਗ ਬਾਰੇ ਪੁੱਛ ਰਹੇ ਹਨ ਕਿ ਕਦੋਂ ਤੱਕ ਤੁਸੀਂ ਕਲੀਅਰ ਕਰ ਦੇਵੋਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਰ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਤਿੰਨ ਮਹੀਨੇ ਦੀ, ਅਗਸਤ, ਸਤੰਬਰ ਅਤੇ ਅਕਤੂਬਰ, 2002 ਤੱਕ ਦੀ ਪੈਨਸ਼ਨ ਅਸੀਂ ਰਲੀਜ਼ ਕਰ ਦਿੱਤੀ ਹੈ ਅਤੇ ਬਾਕੀ ਰਹਿੰਦੀ ਪੈਨਸ਼ਨ ਵੀ ਛੇਤੀ ਹੀ ਰਲੀਜ਼ ਕਰ ਦੇਵਾਂਗੇ ਜੀ।

**ਸਰਦਾਰ ਗਗਨਜੀਤ ਸਿੰਘ ਬਰਨਾਲਾ** : ਸਪੀਕਰ ਸਾਹਿਬ, ਮੰਤਰੀ ਸਾਹਿਬ ਦੱਸ ਰਹੇ ਹਨ ਕਿ ਤਿੰਨ ਮਹੀਨੇ ਦੀ ਪੈਨਸ਼ਨ ਰਲੀਜ਼ ਕਰ ਦਿੱਤੀ ਹੈ। ਅੱਠ ਮਹੀਨੇ ਹੋ ਗਏ ਹਨ They are the poorest of the poor. ਜਿਹੜੇ ਇਥੇ ਖਰਚੇ ਦਾ ਜ਼ਿਕਰ ਕੀਤਾ ਗਿਆ ਹੈ, ਮਨਿਸਟਰ ਸਾਹਿਬਾਨ ਦੇ ਬੰਗਲਿਆਂ ਤੇ 4-4 ਕਰੋੜ ਰੁਪਏ ਖਰਚ ਕੀਤੇ ਗਏ ਹਨ ਪਰ ਉਹ ਡੈਸਟੀਚੂਟ ਬਜ਼ੁਰਗ ਹਨ, ਉਨ੍ਹਾਂ ਨੂੰ ਪੈਨਸ਼ਨ ਨਹੀਂ ਦਿੱਤੀ ਗਈ।

**ਮਾਨਯੋਗ ਸਪੀਕਰ** : ਤੁਹਾਡਾ ਸਵਾਲ ਕੀ ਹੈ ? ਤੁਸੀਂ ਸਵਾਲ ਪੁੱਛੋ।

**ਸਰਦਾਰ ਗਗਨਜੀਤ ਸਿੰਘ ਬਰਨਾਲਾ** : ਸਪੀਕਰ ਸਾਹਿਬ ਇਹ ਦੱਸਣ ਕਿ ਕਦੋਂ ਤੱਕ ਬੈਕਲਾਗ ਕਲੀਅਰ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਤਿੰਨ ਮਹੀਨੇ ਦੀ ਪੈਨਸ਼ਨ ਰਲੀਜ਼ ਕਰ ਦਿੱਤੀ ਹੈ ਅਤੇ 5 ਮਹੀਨੇ ਦੀ ਵੀ ਮਨਜ਼ੂਰ ਕਰ ਦੇਵਾਂਗੇ। ਇਸ ਦਾ ਕਾਰਨ ਪੈਨਸ਼ਨਾਂ ਦੀ ਵੈਰੀਫਿਕੇਸ਼ਨ ਕਰਨਾ ਹੈ। ਇਸਦੇ ਵਿੱਚ ਬਹੁਤ ਸਾਰੀਆਂ ਪੈਨਸ਼ਨਾਂ ਇਲਲੀਗਲ ਪਾਈਆਂ ਗਈਆਂ ਸਨ, ਇਸ ਕਰਕੇ ਡਿਲੇਅ ਹੋਈ ਹੈ। ਐਫ.ਡੀ. ਨਾਲ ਗੱਲ ਹੋ ਗਈ ਹੈ। ਬਾਕੀ ਰਹਿੰਦੀ ਰਕਮ ਵੀ ਛੇਤੀ ਹੀ ਰਲੀਜ਼ ਕਰ ਦੇਵਾਂਗੇ ਜੀ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਸਪੱਸ਼ਟੀਕਰਨ ਲੈਣਾ ਚਾਹੁੰਦਾ ਹਾਂ ਕਿ ਜਿਹੜੀਆਂ ਬਜ਼ੁਰਗਾਂ ਦੀਆਂ, ਵਿਧਵਾਵਾਂ ਦੀਆਂ ਅਤੇ ਬੁਢਾਪਾ ਪੈਨਸ਼ਨਾਂ ਹਨ, ਉਹ ਇੰਨੀ ਦੇਰ ਤੱਕ ਕਿਉਂ ਅਦਾ ਨਹੀਂ ਕੀਤੀ ਗਈ ? ਕੀ ਇਸਦੇ ਪਿੱਛੇ ਕੋਈ ਸਰਕਾਰ ਦੀ ਬਦਨੀਤੀ ਤਾਂ ਨਹੀਂ ਹੈ ?

**ਮਾਨਯੋਗ ਸਪੀਕਰ** : ਇਨ੍ਹਾਂ ਨੇ ਦੱਸਿਆ ਹੈ ਕਿ ਵੈਰੀਫੀਕੇਸ਼ਨ ਕਰਕੇ ਲੇਟ ਹੋਈ ਹੈ।

**ਮੰਤਰੀ** : ਸਰ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਦੇ ਪਿੱਛੇ ਸਰਕਾਰ ਦੀ ਕੋਈ ਬਦਨੀਤੀ ਨਹੀਂ ਹੈ। ਸਾਡੇ ਮੁੱਖ ਮੰਤਰੀ ਸਾਹਿਬ ਨੇ ਅਤੇ ਐਫ.ਐਮ. ਸਾਹਿਬ ਨੇ ਇਹ ਪੈਸੇ ਰਲੀਜ਼ ਕਰਨ ਦਾ ਐਲਾਨ ਕੀਤਾ ਹੈ। ਸਪੀਕਰ ਸਾਹਿਬ, ਪਰ ਇਨ੍ਹਾਂ ਪੈਨਸ਼ਨਾਂ ਵਿੱਚ ਬਹੁਤ ਸਾਰੀਆਂ ਬੇਨਿਯਮੀਆਂ ਹੋਈਆਂ ਸਨ, ਉਨ੍ਹਾਂ ਕਰਕੇ ਡਿਲੇਅ ਹੋਈ ਹੈ। ਬਾਕੀ ਰਹਿੰਦੀ ਪੰਜ ਮਹੀਨੇ ਦੀ ਪੈਨਸ਼ਨ ਵੀ ਛੇਤੀ ਹੀ ਸੈਂਕਸ਼ਨ ਕਰ ਦੇਵਾਂਗੇ ਜੀ। ਅਸੀਂ ਸਾਰੀਆਂ ਪੈਨਸ਼ਨਾਂ ਦੇਣੀਆਂ ਹਨ। 5 ਮਹੀਨੇ ਦੀਆਂ ਪੈਨਸ਼ਨਾਂ ਰਹਿੰਦੀਆਂ ਹਨ ਔਰ ਅਸੀਂ ਉਹ ਵੀ ਜਲਦੀ ਦੇਵਾਂਗੇ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਦਾ ਜਵਾਬ ਨਹੀਂ ਆਇਆ। ਮੈਂ ਬੜਾ ਸਪਸ਼ਟ ਸਵਾਲ ਪੁੱਛਿਆ ਸੀ ਕਿ 8 ਮਹੀਨੇ ਹੋ ਗਏ ਹਨ, ਬਜ਼ੁਰਗਾਂ ਔਰ ਗਰੀਬ ਜਨਤਾ ਨੂੰ ਪੈਨਸ਼ਨ ਨਹੀਂ ਮਿਲੀ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੈਨਸ਼ਨ ਕਿਉਂ ਨਹੀਂ ਦਿੱਤੀ ?

Original with;
Punjab Vidhan Sabha
Digitized by;

**ਮੰਤਰੀ** : ਸਪੀਕਰ ਸਾਹਿਬ, ਅੱਠ ਮਹੀਨਿਆਂ ਵਿੱਚੋਂ ਤਿੰਨ ਮਹੀਨਿਆਂ ਦੀ ਪੈਨਸ਼ਨ ਰਲੀਜ਼ ਕਰ ਦਿੱਤੀ ਹੈ ਔਰ ਸਿਰਫ ਪੰਜ ਮਹੀਨਿਆਂ ਦੀ ਹੀ ਰਹਿੰਦੀ ਹੈ। ਮੈਂ ਐਸ਼ਿਓਰ ਕਰਦਾ ਹਾਂ ਕਿ ਇਹ ਪੈਨਸ਼ਨਾਂ ਜਲਦੀ ਦੇ ਦੇਵਾਂਗੇ।

**ਸਰਦਾਰ ਤੋਤਾ ਸਿੰਘ** : ਮਾਨਯੋਗ ਸਪੀਕਰ ਸਾਹਿਬ, 31 ਜਨਵਰੀ, 2002 ਤੱਕ ਸਾਡੀ ਸਰਕਾਰ ਨੇ ਪੈਨਸ਼ਨ ਦਿੱਤੀ ਸੀ। ਪਰ ਬਜ਼ੁਰਗਾਂ ਨੂੰ ਹਾਲੇ ਤੱਕ ਫਰਵਰੀ ਅਤੇ ਮਾਰਚ, 2002 ਦੀ ਪੈਨਸ਼ਨ ਨਹੀਂ ਮਿਲੀ ? ਮੈਂ ਮੰਤਰੀ ਜੀ ਤੋਂ ਇਹ ਜਾਣਕਾਰੀ ਲੈਣੀ ਚਾਹੁੰਦਾ ਹਾਂ ਕਿ ਕੀ ਇਹ ਪੈਨਸ਼ਨ ਦਿੱਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਨੂੰ ਜੋ ਮੈਂ ਇਨਫਰਮੇਸ਼ਨ ਦਿੱਤੀ ਹੈ, ਉਹ ਸਾਲ, 2002 ਦੇ ਤਿੰਨ ਮਹੀਨਿਆਂ ਬਾਰੇ ਹੀ ਦਿੱਤੀ ਹੈ ਔਰ ਅਗਲੇ ਪੰਜ ਮਹੀਨਿਆਂ ਬਾਰੇ ਮੈਂ ਐਸ਼ਿਓਰ ਕਰਦਾ ਹਾਂ ਕਿ ਅਸੀਂ ਪੈਨਸ਼ਨਾਂ ਜਲਦੀ ਦੇ ਰਹੇ ਹਾਂ।

**ਸਰਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਮੈਂ ਫਰਵਰੀ ਅਤੇ ਮਾਰਚ, 2002 ਦੀ ਗੱਲ ਕਰ ਰਿਹਾ ਹਾਂ ਨਾ ਕਿ ਸਾਲ, 2003 ਦੀ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਉਨ੍ਹਾਂ ਮਹੀਨਿਆਂ ਦੀ ਪੈਨਸ਼ਨ ਕਦੋਂ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਸਵਾਲ ਹੀ ਫਰਵਰੀ, 2002 ਨਾਲ ਸਬੰਧਤ ਹੈ।

---

### ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੰਡਵੀ ਲਈ ਮਨਜ਼ੂਰਸ਼ੁਦਾ ਆਸਾਮੀਆਂ

*557. **ਸਰਦਾਰ ਨਿਰਮਲ ਸਿੰਘ** : ਕੀ ਸਕੂਲ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਰਕਾਰੀ ਸ਼ੀਨੀਅਰ ਸੈਕੰਡਰੀ ਸਕੂਲ, ਮੰਡਵੀ, ਜ਼ਿਲ੍ਹਾ ਸੰਗਰੂਰ ਲਈ ਮਨਜ਼ੂਰਸ਼ੁਦਾ ਆਸਾਮੀਆਂ ਦੇ ਸ਼੍ਰੇਣੀਵਾਰ ਵੇਰਵੇ ਕੀ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਵਿਚੋਂ ਕਿੰਨੀਆਂ ਆਸਾਮੀਆਂ ਹੁਣ ਤੱਕ ਨਹੀਂ ਭਰੀਆਂ ਗਈਆਂ ਹਨ ਅਤੇ ਇਨ੍ਹਾਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਖੁਸ਼ਹਾਲ ਬਹਿਲ** : (ੳ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੰਡਵੀ, ਜ਼ਿਲ੍ਹਾ ਸੰਗਰੂਰ ਲਈ ਮਨਜ਼ੂਰਸ਼ੁਦਾ ਆਸਾਮੀਆਂ ਦੇ ਸ਼੍ਰੇਣੀਵਾਰ ਵੇਰਵੇ ਨੱਥੀ ਅਨੁਲੱਗ ਵਿਚ ਦਿੱਤੇ ਜਾਂਦੇ ਹਨ।

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਵਿਚੋਂ ਜਿਹੜੀਆਂ ਆਸਾਮੀਆਂ ਹਾਲੇ ਭਰੀਆਂ ਨਹੀਂ ਗਈਆਂ, ਉਨ੍ਹਾਂ ਦੀ ਗਿਣਤੀ ਵੀ ਨੱਥੀ ਅਨੁਲੱਗ ਵਿਚ ਦਿੱਤੀ ਜਾਂਦੀ ਹੈ। ਸਰਕਾਰ ਇਸ ਮਾਮਲੇ ਤੇ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ ਅਤੇ ਥੋੜ੍ਹੇ ਸਮੇਂ ਵਿਚ ਇਹ ਆਸਾਮੀਆਂ ਭਰ ਦਿੱਤੀਆਂ ਜਾਣਗੀਆਂ।

Original with;
Punjab Vidhan Sabha
Digitized by;

### ਅਨੁਲੱਗ

### ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੰਡਵੀਂ, ਜ਼ਿਲ੍ਹਾ ਸੰਗਰੂਰ ਵਿਖੇ ਸ਼੍ਰੇਣੀਵਾਰ ਮਨਜ਼ੂਰਸ਼ੁਦਾ ਆਸਾਮੀਆਂ ਦੇ ਵੇਰਵੇ

| ਪ੍ਰਿੰਸੀਪਲ | ਲੈਕਚਰਾਰ | | ਮਾਸਟਰ | | ਸੀ. ਅਤੇ ਵੀ. | ਕਲਰਕ | ਰਿਸਟੋਰਰ | ਦਰਜਾ-4 | |
|---|---|---|---|---|---|---|---|---|---|
| 01 | ਹਿਸਟਰੀ | 01 | ਸਮਾਜਿਕ ਸਿੱਖਿਆ | 02 | 01 | 01 | 01 | ਚੌਕੀਦਾਰ | 01 |
| | ਅੰਗਰੇਜ਼ੀ | 01 | ਸਾਇੰਸ | 02 | | | | ਮਾਲੀ | 01 |
| | ਪੋਲ ਸਾਇੰਸ | 01 | ਹਿਸਾਬ | 01 | | | | ਪੀਅਨ | 01 |
| | ਹਿਸਾਬ | 01 | ਡੀ.ਪੀ.ਈ. | 01 | | | | | |
| | ਇਕਨਾਮਿਕਸ | 01 | ਹਿੰਦੀ | 01 | | | | | |
| | ਪੰਜਾਬੀ | 01 | ਪੰਜਾਬੀ | 01 | | | | | |
| | ਕੁੱਲ | 06 | ਕੁੱਲ | 08 | | | | | |

### ਉਪਰ ਦਿੱਤੀਆਂ ਆਸਾਮੀਆਂ ਵਿਚੋਂ ਜਿਹੜੀਆਂ ਅਸਾਮੀਆਂ ਭਰੀਆਂ ਨਹੀਂ ਗਈਆਂ ਹਨ

| ਪ੍ਰਿੰਸੀਪਲ | ਲੈਕਚਰਾਰ | | ਮਾਸਟਰ | | ਸੀ. ਅਤੇ ਵੀ. | ਕਲਰਕ | ਰਿਸਟੋਰਰ | ਦਰਜਾ-4 | |
|---|---|---|---|---|---|---|---|---|---|
| 01 | ਪੰਜਾਬੀ | 01 | ਸਮਾਜਿਕ | 02 | 01 | 01 | 01 | ਮਾਲੀ | 01 |
| | ਹਿਸਾਬ | 01 | ਸਾਇੰਸ | 01 | | | | | |
| | ਇਕਨਾਮਿਕਸ | 01 | ਹਿੰਦੀ | 01 | | | | | |
| | | | ਹਿਸਾਬ | 01 | | | | | |
| | ਕੁੱਲ | 03 | ਕੁੱਲ | 05 | | | | | |

**ਸਰਦਾਰ ਨਿਰਮਲ ਸਿੰਘ :** ਸਪੀਕਰ ਸਾਹਿਬ, ਕੀ ਮੰਤਰੀ ਜੀ ਇਸ ਬਾਰੇ ਸਮਾਂ ਨਿਸ਼ਚਿਤ ਕਰਨਗੇ ਕਿ ਕਦੋਂ ਤੱਕ ਇਹ ਪੋਸਟਾਂ ਭਰ ਦਿੱਤੀਆਂ ਜਾਣਗੀਆਂ ?

**ਮੰਤਰੀ :** ਸਪੀਕਰ ਸਾਹਿਬ, ਪੋਸਟਾਂ ਭਰਨ ਦੇ ਦੋ ਢੰਗ ਹਨ। ਇੱਕ ਢੰਗ ਤਾਂ ਇਹ ਹੈ ਕਿ ਇਹ ਪੋਸਟਾਂ ਪਰਮੋਸ਼ਨ ਦੇ ਜ਼ਰੀਏ ਭਰੀਆਂ ਜਾਣ। ਇਸ ਵਾਸਤੇ ਅਸੀਂ ਅਪ੍ਰੈਲ ਮਹੀਨੇ ਤੋਂ ਡਿਪਾਰਟਮੈਂਟਲ ਪਰਮੋਸ਼ਨ ਕਮੇਟੀ ਬਿਠਾ ਦਿੱਤੀ ਹੈ। ਇਸ ਕਮੇਟੀ ਰਾਹੀਂ ਇਹ ਪੋਸਟਾਂ ਭਰੀਆਂ ਜਾਣਗੀਆਂ। ਇਸ ਤੋਂ ਇਲਾਵਾ ਦੂਸਰੇ ਪਾਸੇ ਅਸੀਂ ਪੋਸਟਾਂ ਭਰਨ ਲਈ ਸਟੈਪ ਲੈ ਰਹੇ ਹਾਂ ਔਰ ਬਕਾਇਦਾ ਰਿਕਰੂਟਮੈਂਟ ਕਰਕੇ ਇਹ ਪੋਸਟਾਂ ਭਰਾਂਗੇ।

**ਸਰਦਾਰ ਤੋਤਾ ਸਿੰਘ :** ਸਪੀਕਰ ਸਾਹਿਬ, 3,411 ਪੋਸਟਾਂ ਐਡਵਰਟਾਈਜ਼ ਹੋਈਆਂ ਸਨ। ਉਨ੍ਹਾਂ ਕੈਂਡੀਡੇਟਾਂ ਦੀ ਅਸੀਂ ਕੋਈ ਇੰਟਰਵਿਊ ਨਹੀਂ ਲਈ ਸੀ ਬਲਕਿ ਮੈਰਿਟ ਦੇ ਆਧਾਰ ਤੇ ਪੋਸਟਾਂ ਭਰਨ ਲਈ ਬੀ.ਏ., ਬੀ.ਐਡ. ਦੇ ਨੰਬਰ ਲਗਾਏ ਸਨ ਤਾਂ ਕਿ ਮਹਿਕਮੇ ਦੀ ਬਦਨਾਮੀ ਨਾ ਹੋਵੇ। ਉਸ ਦੀ ਸਿਲੈਕਸ਼ਨ ਹੋਈ ਪਈ ਹੈ ਔਰ ਸਿਰਫ ਆਰਡਰ ਹੀ ਕਰਨੇ ਹਨ। ਇਸ ਲਈ, ਮੈਂ, ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਸਾਡੇ ਵਾਲੀ ਨੀਤੀ ਹੀ ਜਾਰੀ ਰੱਖੋਗੇ ਜਾਂ ਇਹ ਨੀਤੀ ਬਦਲੀ ਜਾਵੇਗੀ ?

Original with;
Punjab Vidhan Sabha
Digitized by;

**ਮੰਤਰੀ** : ਸਪੀਕਰ ਸਾਹਿਬ, ਮਈ ਮਹੀਨੇ ਵਿੱਚ ਅਸੀਂ ਕੁਝ ਪੋਸਟਾਂ ਅਬਾਲਿਸ਼ ਕਰ ਦਿੱਤੀਆਂ ਹਨ। ਜਿਸ ਵੇਲੇ ਅਸੀਂ ਇਹ ਪੋਸਟਾਂ ਅਬਾਲਿਸ਼ ਕੀਤੀਆਂ, ਉਸ ਤੋਂ ਬਾਅਦ ਅਸੀਂ ਅਗਲਾ ਕਦਮ ਚੁੱਕ ਰਹੇ ਹਾਂ। ਇਸ ਲਈ ਅਸੀਂ ਨਵੀਂ ਰਿਕਰੂਟਮੈਂਟ ਕਰਨੀ ਹੈ ਔਰ ਜ਼ਰੂਰ ਕਰਾਂਗੇ।

---

## ਨਜ਼ੂਲ ਜ਼ਮੀਨ ਦੀ ਅਲਾਟਮੈਂਟ

*568. **ਰਾਣਾ ਗੁਰਜੀਤ ਸਿੰਘ** : ਕੀ ਮਾਲ ਅਤੇ ਪੁਨਰਵਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕਪੂਰਥਲਾ ਦੀਆਂ ਮਿਉਂਸਪਲ ਹੱਦਾਂ ਦੇ ਦੋ ਕਿਲੋਮੀਟਰ ਦੇ ਅੰਦਰ-ਅੰਦਰ ਨਜ਼ੂਲ ਜ਼ਮੀਨ ਦਾ ਕੁੱਲ ਕਿੰਨਾ ਰਕਬਾ ਆਉਂਦਾ ਹੈ ;

(ਅ) ਕੀ ਇਹ ਜ਼ਮੀਨ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਨੂੰ ਅਲਾਟ ਕੀਤੀ ਗਈ ਸੀ ਅਤੇ ਬਾਅਦ ਵਿਚ ਵਿਭਾਗ ਦੁਆਰਾ ਅਲਾਟਮੈਂਟ ਰੱਦ ਕਰ ਦਿੱਤੀ ਗਈ ਸੀ ; ਅਤੇ

(ੲ) ਇਸ ਜ਼ਮੀਨ ਦੀ ਦੁਬਾਰਾ ਅਲਾਟਮੈਂਟ ਕਰਨ ਲਈ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਤੋਂ ਪ੍ਰਾਪਤ ਹੋਈਆਂ ਅਰਜ਼ੀਆਂ ਦੇ ਵੇਰਵੇ ਕੀ ਹਨ ਅਤੇ ਉਨ੍ਹਾਂ ਤੇ ਕੀ ਕਾਰਵਾਈ ਕੀਤੀ ਗਈ ?

**ਸਰਦਾਰ ਅਮਰਜੀਤ ਸਿੰਘ ਸਮਰਾ** : (ੳ) ਕਪੂਰਥਲਾ ਮਿਉਂਸਪਲ ਹੱਦ ਦੇ ਅੰਦਰ 99 ਏਕੜ ਅਤੇ ਮਿਉਂਸਪਲ ਹੱਦ ਤੋਂ ਦੋ ਮੀਲ ਅੰਦਰ 175 ਏਕੜ ਨਜ਼ੂਲ ਲੈਂਡ ਹੈ;

(ਅ) ਸਾਲ 1956 ਵਿੱਚ 962 ਏਕੜ ਨਜ਼ੂਲ ਲੈਂਡ ਕਪੂਰਥਲਾ ਸ਼ਡਿਊਲਡ ਕਾਸਟਸ ਸੁਸਾਇਟੀ ਨੂੰ ਅਲਾਟ ਕੀਤੀ ਗਈ ਸੀ। ਇਸ ਦਾ ਕੁੱਝ ਹਿੱਸਾ ਮਿਉਂਸਪਲ ਹੱਦ ਦੇ ਅੰਦਰ ਸਥਿਤ ਸੀ ਅਤੇ ਬਹੁਤ ਸਾਰਾ ਹਿੱਸਾ ਮਿਉਂਸਪਲ ਹੱਦ ਤੋਂ ਬਾਹਰ ਸੀ। ਉਕਤ ਸੁਸਾਇਟੀ ਵਲੋਂ ਨਿਯਮਾਂ ਅਨੁਸਾਰ ਕਿਸ਼ਤਾਂ ਜਮ੍ਹਾਂ ਨਾ ਕਰਵਾਉਣ ਕਰਕੇ ਮਿਤੀ 18 ਜੁਲਾਈ, 1958 ਨੂੰ ਇਹ ਅਲਾਟਮੈਂਟ ਕੈਂਸਲ ਕਰ ਦਿੱਤੀ ਗਈ ਸੀ। ਹੁਣ ਉਪਰ ਭਾਗ (ੳ) ਵਿੱਚ ਦੱਸੇ ਅਨੁਸਾਰ 274 ਏਕੜ ਨਜ਼ੂਲ ਲੈਂਡ ਹੈ ਜੋ ਸਰਕਾਰ ਦੀ ਵਰਤਮਾਨ ਪਾਲਿਸੀ ਅਨੁਸਾਰ ਅਲਾਟ ਨਹੀਂ ਕੀਤੀ ਜਾ ਸਕਦੀ;

(ੲ) 38 ਵਿਅਕਤੀਆਂ ਵਲੋਂ 243 ਏਕੜ-01 ਕਨਾਲ-05 ਮਰਲੇ ਰਕਬਾ ਦੁਬਾਰਾ ਅਲਾਟ ਕਰਨ ਲਈ ਡਿਪਟੀ ਕਮਿਸ਼ਨਰ, ਕਪੂਰਥਲਾ ਦੇ ਦਫ਼ਤਰ ਵਿੱਚ ਬਿਨੈਪੱਤਰ ਪ੍ਰਾਪਤ ਹੋਏ ਹਨ ਅਤੇ ਇਨ੍ਹਾਂ ਦਾ ਵੇਰਵਾ **ਅਨੁਲੱਗ** ਅਨੁਸਾਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ। ਪੰਜਾਬ ਸਰਕਾਰ ਦੀ ਵਰਤਮਾਨ ਪਾਲਿਸੀ ਅਨੁਸਾਰ ਮਿਉਂਸਪਲ ਹੱਦ ਦੇ ਅੰਦਰ ਅਤੇ ਹੱਦ ਤੋਂ ਦੋ ਮੀਲ ਅੰਦਰ ਨਜ਼ੂਲ ਲੈਂਡ ਅਲਾਟ ਕਰਨ ਦੇ ਉਪਬੰਧ ਨਹੀਂ ਹਨ।

Original with;
Punjab Vidhan Sabha
Digitized by;
Panjab Digital Library

## ਅਨੁਲੱਗ

| | ਬਿਨੈਕਾਰ ਦਾ ਨਾਂ | ਰਕਬਾ |
|---|---|---|
| | *ਸਰਵਸ਼੍ਰੀ—* | |
| 1 | ਸੰਤੋਖ ਸਿੰਘ ਆਦਿ ਪੁੱਤਰ ਉਧਮ ਸਿੰਘ | 76–16 ਮਰਲੇ |
| 2 | ਤਾਰਾ ਸਿੰਘ ਪੁੱਤਰ ਉਧਮ ਸਿੰਘ | 87–06 ਮਰਲੇ |
| 3 | ਭਜਨ ਸਿੰਘ ਪੁੱਤਰ ਉਧਮ ਸਿੰਘ | 78–16 ਮਰਲੇ |
| 4 | ਦਰਸ਼ਨ ਸਿੰਘ ਪੁੱਤਰ ਕਿਸ਼ਨ ਸਿੰਘ | 71–01 ਮਰਲੇ |
| 5 | ਕਰਨੈਲ ਸਿੰਘ ਪੁੱਤਰ ਚੰਦਾ ਸਿੰਘ | 53–00 ਮਰਲੇ |
| 6 | ਪਿਆਰਾ ਪੁੱਤਰ ਉਦੋ | 56–13 ਮਰਲੇ |
| 7 | ਅਮਰ ਸਿੰਘ ਪੁੱਤਰ ਮਹਿੰਗਾ ਸਿੰਘ | 45–11 ਮਰਲੇ |
| 8 | ਈਸ਼ਰ ਪੁੱਤਰ ਰੇਲੂ | 28–04 ਮਰਲੇ |
| 9 | ਸੋਹਣ ਸਿੰਘ ਪੁੱਤਰ ਝੰਡਾ ਸਿੰਘ | 52–12 ਮਰਲੇ |
| 10 | ਦਰਸ਼ਨ ਸਿੰਘ ਪੁੱਤਰ ਖੈਰਾ ਸਿੰਘ | 99–15 ਮਰਲੇ |
| 11 | ਸੰਤੋਖ ਸਿੰਘ ਪੁੱਤਰ ਉਧਮ ਸਿੰਘ | 86–04 ਮਰਲੇ |
| 12 | ਤੇਜਾ ਸਿੰਘ ਪੁੱਤਰ ਹਰੀ ਰਾਮ | 51–02 ਮਰਲੇ |
| 13 | ਦੁਰਗਾ ਦਾਸ ਪੁੱਤਰ ਧਿਰਤ ਰਾਮ | 45–12 ਮਰਲੇ |
| 14 | ਰਾਜਾ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਸੁਦਾਗਰ ਸਿੰਘ | 36–16 ਮਰਲੇ |
| 15 | ਸਰਵਣ ਸਿੰਘ ਪੁੱਤਰ ਅੱਛਰ ਸਿੰਘ ਰਾਹੀਂ ਜੋਗਿੰਦਰ ਸਿੰਘ | 46–00 ਮਰਲੇ |
| 16 | ਪੂਰਨ ਚੰਦ ਪੁੱਤਰ ਚਾਨਣ ਰਾਮ | 38–17 ਮਰਲੇ |
| 17 | ਦੀਦਾਰ ਸਿੰਘ ਪੁੱਤਰ ਹੰਸਾ ਸਿੰਘ | 36–10 ਮਰਲੇ |
| 18 | ਪੂਰਨ ਸਿੰਘ ਪੁੱਤਰ ਕਾਲਾ ਸਿੰਘ | 53–12 ਮਰਲੇ |
| 19 | ਕਰਨੈਲ ਸਿੰਘ ਪੁੱਤਰ ਰਾਮ ਸਿੰਘ | 39–14 ਮਰਲੇ |
| 20 | ਹੰਸਾ ਸਿੰਘ ਪੁੱਤਰ ਮਹਿੰਗਾ ਸਿੰਘ | 34–14 ਮਰਲੇ |
| 21 | ਜੋਗਿੰਦਰ ਸਿੰਘ ਪੁੱਤਰ ਉਧਮ ਸਿੰਘ | 4–08 ਮਰਲੇ |
| 22 | ਸਵਰਨ ਸਿੰਘ ਪੁੱਤਰ ਤਾਰਾ ਸਿੰਘ | 100–06 ਮਰਲੇ |
| 23 | ਬਲਵੀਰ ਕੌਰ ਪਤਨੀ ਕਰਨੈਲ ਸਿੰਘ ਪੁੱਤਰ ਪ੍ਰੀਤਮ ਸਿੰਘ | 12–00 ਮਰਲੇ |
| 24 | ਸਤਪਾਲ ਆਦਿ ਬੇਟੇ ਈਸ਼ਰ ਸਿੰਘ ਪੁੱਤਰ ਸ਼ਾਮ ਸਿੰਘ | 71–14 ਮਰਲੇ |

Original with;
Punjab Vidhan Sabha
Digitized by;

[ਮਾਲ ਅਤੇ ਪੁਨਰਵਾਸ ਰਾਜ ਮੰਤਰੀ]

| | ਬਿਨੈਕਾਰ ਦਾ ਨਾਂ | ਰਕਬਾ |
|---|---|---|
| | *ਸਰਵਸ਼੍ਰੀ—* | |
| 25 | ਪ੍ਰੀਤਮ ਸਿੰਘ ਪੁੱਤਰ ਗੁਰਦਿੱਤ ਸਿੰਘ | 42–10 ਮਰਲੇ |
| 26 | ਦਲੀਪ ਚੰਦ ਪੁੱਤਰ ਚੰਦਾ ਰਾਮ ਪੁੱਤਰ ਜੀਉਣ | 46–07 ਮਰਲੇ |
| 27 | ਹਰਜਿੰਦਰ ਸਿੰਘ ਪੁੱਤਰ ਕਰਮ ਸਿੰਘ | 72–04 ਮਰਲੇ |
| 28 | ਗੁਰਮੇਜ਼ ਸਿੰਘ ਪੁੱਤਰ ਮੀਹਾਂ ਸਿੰਘ | 81–15 ਮਰਲੇ |
| 29 | ਗਿਆਨ ਚੰਦ ਪੁੱਤਰ ਮੋਹਨ ਲਾਲ | 27–09 ਮਰਲੇ |
| 30 | ਚੰਨਣ ਸਿੰਘ ਪੁੱਤਰ ਬਾਜ਼ ਸਿੰਘ | 17–07 ਮਰਲੇ |
| 31 | ਗੁਰਚਰਨ ਸਿੰਘ ਆਦਿ ਪੁਤਰਾਨ ਅੱਛਰ ਸਿੰਘ ਪੁੱਤਰ ਨਾਨਕ ਸਿੰਘ | 61–04 ਮਰਲੇ |
| 32 | ਦਰਸ਼ਨ ਸਿੰਘ ਪੁੱਤਰ ਸੋਹਣ ਸਿੰਘ | 18–15 ਮਰਲੇ |
| 33 | ਪਿਆਰਾ ਸਿੰਘ ਪੁੱਤਰ ਹਰਨਾਮ ਸਿੰਘ ਪੁੱਤਰ ਲਾਭ ਸਿੰਘ | 77–19 ਮਰਲੇ |
| 34 | ਮੰਗਤ ਰਾਏ ਆਦਿ ਪੁੱਤਰਾਨ ਪ੍ਰੀਤੂ ਪੁੱਤਰ ਬੂਟਾ | 13–04 ਮਰਲੇ |
| 35 | ਮੋਹਨ ਸਿੰਘ ਪੁੱਤਰ ਮੇਲਾ ਸਿੰਘ | 12–00 ਮਰਲੇ |
| 36 | ਸਤਨਾਮ ਸਿੰਘ ਪੁੱਤਰ ਸੋਹਣ ਸਿੰਘ | 30–05 ਮਰਲੇ |
| 37 | ਗਿਆਨ ਚੰਦ ਪੁੱਤਰ ਸੋਹਣ ਸਿੰਘ ਪੁੱਤਰ ਸੁਰੈਣ ਸਿੰਘ | 70–06 ਮਰਲੇ |
| 38 | ਚੂੰਨੀ ਲਾਲ ਪੁੱਤਰ ਸੁਰੈਣਾ | 46–16 ਮਰਲੇ |
| | ਕੁਲ ਜੋੜ : | 1945–05 ਮਰਲੇ |

(243 ਏਕੜ 01 ਕਨਾਲ 05 ਮਰਲੇ)

**ਰਾਣਾ ਗੁਰਜੀਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਸ਼ਡਿਊਲਡ ਕਾਸਟ ਅਲਾਟੀ ਲਈ ਸਕੀਮ ਜਾਂ ਪਾਲਿਸੀ ਵਿੱਚ ਕੋਈ ਤਬਦੀਲੀ ਕਰਨਾ ਚਾਹ ਰਹੀ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ 962 ਏਕੜ ਜ਼ਮੀਨ ਸੀ। ਮਿਤੀ 18 ਅਗਸਤ, 1958 ਨੂੰ 1956 ਐਕਟ ਦੇ ਅਧੀਨ ਇਹ ਕੈਂਸਲ ਹੋ ਗਈ ਸੀ। ਇਹ ਜ਼ਮੀਨ ਸੁਸਾਇਟੀ ਦੇ ਰਾਹੀਂ ਅਲਾਟ ਹੁੰਦੀ ਸੀ ਪਰ ਸੁਸਾਇਟੀ ਵਲੋਂ ਕਿਸ਼ਤ ਜਮ੍ਹਾਂ ਨਾ ਕਰਵਾਉਣ ਕਰਕੇ ਇਹ ਅਲਾਟਮੈਂਟ ਨਹੀਂ ਸੀ ਹੋ ਸਕਦੀ। ਇਸ ਸਬੰਧੀ ਪਾਲਿਸੀ ਵੱਖਰੇ-ਵੱਖਰੇ

Original with;
Punjab Vidhan Sabha
Digitized by;

ਸਮੇਂ ਤਬਦੀਲ ਹੁੰਦੀ ਰਹੀ ਹੈ। ਬਾਦਲ ਸਾਹਿਬ ਦੀ ਸਰਕਾਰ ਵੇਲੇ ਮਿਤੀ 23 ਅਗਸਤ, 2001 ਅਤੇ ਮਿਤੀ 3 ਜੁਲਾਈ, 2001 ਦੀ ਮੀਟਿੰਗ ਵਿੱਚ ਇਹ ਜ਼ਮੀਨ ਅਲਾਟ ਕਰਨ ਦੇ ਲਈ ਮਿਊਂਸਿਪਲ ਕਮੇਟੀ ਵੱਲੋਂ ਸ਼ਹਿਰੀ ਕੀਮਤ ਦੀ 50% ਕੀਮਤ ਲੈ ਕੇ ਅਲਾਟਮੈਂਟ ਕਰਨ ਦਾ ਫੈਸਲਾ ਕੀਤਾ ਗਿਆ ਸੀ। ਸਰਕਾਰ ਨੇ ਇਸ ਸਬੰਧੀ ਹਾਲੇ ਕੋਈ ਨਵੀਂ ਪਾਲਿਸੀ ਨਹੀਂ ਬਣਾਈ ਹੈ। ਜਦੋਂ ਵੀ ਕੋਈ ਨਵੀਂ ਪਾਲਿਸੀ ਬਣੇਗੀ ਤਾਂ ਇਨ੍ਹਾਂ ਨੂੰ ਅਲਾਟ ਕਰਨ ਦੇ ਲਈ ਪ੍ਰਬੰਧ ਕਰ ਦਿੱਤਾ ਜਾਵੇਗਾ।

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਮਾਨਸਾ ਦੇ ਸ਼ਹਿਰ ਬੁਢਲਾਡਾ ਦੇ ਇੱਕ ਪਿੰਡ ਵਿੱਚ ਨਜ਼ੂਲ ਸੁਸਾਇਟੀ ਦੀ ਜ਼ਮੀਨ 1993 ਵਿੱਚ ਸਰਕਾਰ ਦੀ ਮਿਲੀ ਭੁਗਤ ਨਾਲ 99 ਸਾਲ ਲਈ ਪਟੇ ਤੇ ਦੇ ਦਿੱਤੀ ਸੀ। ਕੀ ਸਰਕਾਰ ਨੇ ਉਹ ਜ਼ਮੀਨ ਅੱਜ ਤੱਕ ਉਸ ਸੁਸਾਇਟੀ ਨੂੰ ਵਾਪਸ ਨਹੀਂ ਦਿਵਾਈ ? ਕੀ ਉਹ ਨਜ਼ੂਲ ਲੈਂਡ ਵੇਚੀ ਜਾ ਰਹੀ ਹੈ ਜਾਂ ਉਸ ਸੁਸਾਇਟੀ ਦੇ ਜਿਹੜੇ ਮਾਲਕ ਹਨ, ਉਨ੍ਹਾਂ ਨੂੰ ਕਬਜ਼ਾ ਦਿਵਾ ਦੇਵੇਗੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਵੱਖਰਾ ਸਵਾਲ ਦੇ ਦੇਣ ਕਿਉਂਕਿ ਸਾਡੀ ਨਾਲੇਜ ਵਿੱਚ ਇਸ ਤਰ੍ਹਾਂ ਦਾ ਕੋਈ ਮਸਲਾ ਨਹੀਂ ਹੈ। ਜਿਹੜੀ ਨਜ਼ੂਲ ਲੈਂਡ ਹੈ, ਜਿਹੜਾ ਇਨ੍ਹਾਂ ਨੇ ਫੈਸਲਾ ਕੀਤਾ ਹੈ, ਉਸ ਤਹਿਤ 50% ਕੀਮਤਾਂ ਜਿਹੜੀ ਵੀ ਕੋਈ ਕਾਰਪੋਰੇਸ਼ਨ ਹੈ ਜਾਂ ਇੰਪਰੂਵਮੈਂਟ ਟਰਸਟ ਹੈ ਜਾਂ ਗੌਰਮਿੰਟ ਦੀ ਹੋਰ ਕੋਈ ਸੁਸਾਇਟੀ ਹੈ, ਉਸ ਨੂੰ 50% ਕੀਮਤਾਂ ਤੇ ਅਲਾਟ ਕੀਤੇ ਜਾਣ। ਜੇਕਰ ਇਨ੍ਹਾਂ ਦਾ ਕੋਈ ਇਸ ਤਰ੍ਹਾਂ ਦਾ ਮਸਲਾ ਹੈ ਤਾਂ ਦੱਸ ਦੇਣ, ਜ਼ਰੂਰ ਇਨ੍ਹਾਂ ਦਾ ਹੱਲ ਕੀਤਾ ਜਾਵੇਗਾ।

---

## ਧਰਮ ਪਰਿਵਰਤਨ ਤੇ ਰੋਕ ਲਗਾਉਣ ਲਈ ਕਾਨੂੰਨ ਬਣਾਉਣਾ

***292. ਸ਼੍ਰੀ ਤਿਕਸ਼ਨ ਸੂਦ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕਿਸੇ ਲਾਲਚ, ਡਰਾਵੇ, ਧਮਕੀ, ਦਬਾਓ ਅਤੇ ਧੋਖਾਦੇਹੀ ਆਦਿ ਅਧੀਨ ਲੋਕਾਂ ਨੂੰ ਇਕ ਧਰਮ ਤੋਂ ਦੂਜੇ ਧਰਮ ਵਿਚ ਪਰਿਵਰਤਨ ਹੋਣ ਤੋਂ ਰੋਕਣ ਲਈ ਕਾਨੂੰਨ ਬਣਾਉਣ ਦੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਸਰਦਾਰ ਲਾਲ ਸਿੰਘ (ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ)** : ਨਹੀਂ ਜੀ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹਾਂਗਾ ਕਿ ਸਾਡਾ ਜਿਹੜਾ ਸੰਵਿਧਾਨ ਹੈ ਅਤੇ ਸਾਡਾ ਲੋਕਤੰਤਰ ਦਾ ਢਾਂਚਾ ਹੈ, ਉਹ ਧਰਮ ਨਿਰਪੱਖ ਹੈ। ਅਸੀਂ ਸਰਬ ਧਰਮ ਸਦਭਾਵਨਾ ਵਿੱਚ ਵਿਸ਼ਵਾਸ ਰੱਖਦੇ ਹਾਂ ਪਰ ਇਸ ਸਾਰੀ ਚੀਜ਼ ਨੂੰ ਇਸ ਵੇਲੇ ਬਹੁਤ ਵੱਡਾ ਖਤਰਾ ਪੈਦਾ ਹੋ ਗਿਆ ਹੈ। ਬਹੁਤ ਗੰਭੀਰ .......

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ।

**ਸ਼੍ਰੀ ਤਿਕਸ਼ਨ ਸੂਦ** : ਸਵਾਲ ਹੀ ਕਰ ਰਿਹਾ ਹਾਂ।

Original with;
Punjab Vidhan Sabha
Digitized by;

**ਮਾਨਯੋਗ ਸਪੀਕਰ** : ਇੰਨਾ ਲੰਬਾ ਸਵਾਲ ਨਾ ਕਰੋ, ਛੋਟਾ ਕਰੋ।

**ਸ਼੍ਰੀ ਤਿਕਸ਼ਨ ਸੂਦ** : ਸਾਡੇ ਤਾਮਿਲਨਾਡੂ ਨੇ ਇਸ ਦੀ ਗੰਭੀਰਤਾ ਨੂੰ ਸਮਝਦੇ ਹੋਏ ਕਾਨੂੰਨ ਬਣਾ ਦਿੱਤਾ ਹੈ। ਇਹ ਬਹੁਤ ਗੰਭੀਰ ਮਸਲਾ ਹੈ। ਇਸ ਦੀ ਗੰਭੀਰਤਾ ਨੂੰ ਸਮਝਦੇ ਹੋਏ 'ਦੈਨਿਕ ਜਾਗਰਣ' ਅਖਬਾਰ ਨੇ ਇਸ ਇਸ਼ੂ ਨੂੰ ਚੁੱਕਿਆ ਹੈ ਅਤੇ ਹੋਰ ਪਰੈਸ ਮੀਡੀਏ ਨੇ ਵੀ ਇਸ ਇਸ਼ੂ ਨੂੰ ਚੁੱਕਿਆ ਹੈ। ਕੀ ਸਰਕਾਰ ਇੰਨੇ ਸੈਂਸੇਟਿਵ ਇਸ਼ੂ ਤੇ, ਬਾਰਡਰ ਏਰੀਏ ਦੇ ਲੋਕ ਬਹੁਤ ਗਰੀਬ ਹਨ.........

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰਨਾ ਹੈ ਤਾਂ ਕਰੋ, ਨਹੀਂ ਕਰਨਾ ਤਾਂ .......

**ਸ਼੍ਰੀ ਤਿਕਸ਼ਨ ਸੂਦ** : ਇਥੇ ਧਰਮ ਪਰਿਵਰਤਨ ਹੋਣ ਜਾ ਰਿਹਾ ਹੈ, ਕੀ ਸਰਕਾਰ ਇਸ ਦੇ ਬਾਰੇ ਗੰਭੀਰ ਹੈ ਜਾਂ ਸੰਜੀਦਾ ਹੈ ?

**ਮਾਨਯੋਗ ਸਪੀਕਰ** : ਕੀ ਇਸ ਬਾਰੇ ਕਾਨੂੰਨ ਬਣਾਉਣ ਦੀ ਲੋੜ ਹੈ ?

**ਮੰਤਰੀ** : ਸਪੀਕਰ ਸਾਹਿਬ, ਇਸ ਦੇ ਵਾਸਤੇ ਪੰਜਾਬ ਵਿੱਚ ਕੋਈ ਐਸੀ ਘਟਨਾ ਨਹੀਂ ਹੋਈ। ਕਿਸੇ ਲਾਲਚ, ਧਮਕੀ, ਡਰਾਵਾ ਜਾਂ ਧੱਕੇਸ਼ਾਹੀ ਆਦਿ ਨਾਲ ਲੋਕਾਂ ਨੂੰ ਇੱਕ ਧਰਮ ਤੋਂ ਹੋਰ ਧਰਮ ਵੱਲ ਨਹੀਂ ਲਿਜਾਇਆ ਜਾ ਰਿਹਾ, ਇਸ ਲਈ ਧਰਮ ਪਰਿਵਰਤਨ ਹੋਣ ਤੋਂ ਰੋਕਣ ਲਈ ਕਾਨੂੰਨ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ। ਧਰਮ ਪਰਿਵਰਤਨ ਸਬੰਧੀ ਅਜਿਹਾ ਕੋਈ ਕੇਸ ਪੰਜਾਬ ਵਿੱਚ ਹੁਣ ਤੱਕ ਰਜਿਸਟਰ ਨਹੀਂ ਪਾਇਆ ਗਿਆ। ਜਿੰਨੇ ਵੀ ਧਰਮ ਪਰਿਵਰਤਨ ਪੰਜਾਬ ਦੇ ਅੰਦਰ ਹੋਏ ਹਨ, ਉਨ੍ਹਾਂ ਵਿੱਚੋਂ ਕਿਸੇ ਵਿੱਚ ਵੀ ਲਾਲਚ, ਧਮਕੀ, ਡਰਾਵਾ, ਦਬਾਓ, ਧੱਕੇਸ਼ਾਹੀ ਆਦਿ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ। ਇਹ ਭਾਰਤ ਦੇ ਸੰਵਿਧਾਨ ਦਾ ਜ਼ਿਕਰ ਕਰਦੇ ਹਨ। ਸੰਵਿਧਾਨ ਦੀ ਧਾਰਾ 25 ਦੇ ਮੁਤਾਬਿਕ ਹਰ ਵਿਅਕਤੀ ਨੂੰ ਆਪਣਾ ਧਰਮ ਅਪਣਾਉਣ ਅਤੇ ਉਸ ਦਾ ਪ੍ਰਚਾਰ ਕਰਨ ਦੀ ਆਜ਼ਾਦੀ ਹੈ ਪਰ ਦਬਾਅ ਹੇਠ, ਲਾਲਚ ਹੇਠ, ਪ੍ਰੈਸ਼ਰ ਪਾ ਕੇ ਕਿਸੇ ਦਾ ਵੀ ਧਰਮ ਪਰਿਵਰਤਨ ਨਹੀਂ ਕੀਤਾ ਜਾ ਸਕਦਾ। ਜੇ ਅਜਿਹਾ ਹੋਵੇ ਉਸ ਵਾਸਤੇ ਪਹਿਲਾਂ ਹੀ ਕਾਨੂੰਨ ਸਾਡੇ ਕੋਲ ਹਨ, ਉਸ ਦੇ ਖਿਲਾਫ਼ ਕੇਸ ਹੋ ਸਕਦਾ ਹੈ ਔਰ ਇੰਡੀਅਨ ਪੀਨਲ ਐਕਟ ਦੀ ਧਾਰਾ 295 ਤੇ 295 ਏ ਮੁਤਾਬਿਕ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਤਾਂ ਉਸ ਨੂੰ ਇਨ੍ਹਾਂ ਧਾਰਾਵਾਂ ਦੇ ਤਹਿਤ ਤਿੰਨ ਸਾਲ ਦੀ ਸਜ਼ਾ ਹੋ ਸਕਦੀ ਹੈ। ਇਸ ਕਰਕੇ ਕੋਈ ਨਵਾਂ ਕਾਨੂੰਨ ਬਣਾਉਣ ਦੀ ਲੋੜ ਨਹੀਂ ਹੈ। ਇਸ ਤਰ੍ਹਾਂ ਆਈ.ਪੀ.ਸੀ. ਦੀ ਧਾਰਾ 420 ਹੇਠ ਜੇ ਕੋਈ ਧੱਕਾ ਕਿਸੇ ਨਾਲ ਕਰਦਾ ਹੈ ਤਾਂ ਸਜ਼ਾ ਦੀ ਪ੍ਰੋਵੀਜ਼ਨ ਉਸ ਦੇ ਵਿਚ ਹੈ ਔਰ ਜੇਕਰ ਉਸ ਦਾ ਧਰਮ ਪਰਿਵਰਤਨ ਕਰਾਉਂਦਾ ਹੈ ਤਾਂ ਉਸ ਦੇ ਉਤੇ ਫੌਜਦਾਰੀ ਦਾ ਜੁਰਮ ਬਣਦਾ ਹੈ ਅਤੇ ਆਈ.ਪੀ.ਸੀ. ਦੀ ਧਾਰਾ 505 ਤੇ 506 ਮੁਤਾਬਿਕ ਕੋਈ ਵੀ ਵਿਅਕਤੀ ਕਿਸੇ ਦੂਜੇ ਵਿਅਕਤੀ ਨੂੰ ਡਰਾ ਕੇ, ਧਮਕਾ ਕੇ, ਉਸ ਦੀ ਇਜਾਜ਼ਤ ਦੇ ਵਿਰੁੱਧ ਕੋਈ ਕੰਮ ਕਰਵਾਉਂਦਾ ਹੈ ਤਾਂ ਉਸ ਤੇ ਵੀ ਫੌਜਦਾਰੀ ਦਾ ਕੇਸ ਬਣਦਾ ਹੈ ਤੇ ਉਸ ਦੇ ਲਈ ਸੱਤ ਸਾਲ ਦੀ ਸਜ਼ਾ ਹੈ। ਜੇ ਇਹ ਇਸ ਗੱਲ ਦੇ ਉਤੇ ਬਜ਼ਿੱਦ ਹਨ, ਤਾਂ ਇਸ ਦੇ ਬਾਰੇ ਕਾਂਸਟੀਚਿਊਸ਼ਨਲੀ ਅਮੈਂਡਮੈਂਟ ਤਾਂ ਪਾਰਲੀਮੈਂਟ ਦੇ ਵਿਚ ਹੀ ਹੋ ਸਕਦੀ ਹੈ। ਉਥੇ ਇਨ੍ਹਾਂ ਦੀ ਭਾਈਵਾਲ ਸਰਕਾਰ ਹੈ ਔਰ ਇਹ ਉਨ੍ਹਾਂ ਦੇ ਕੋਲੋਂ ਕਰਵਾ ਲੈਣ ਔਰ ਸਾਰੇ ਹਿੰਦੁਸਤਾਨ ਦੇ ਧਰਮ ਪਰਿਵਰਤਨ ਬਾਰੇ ਹੀ ਕਰਵਾ ਲੈਣ ਤੇ ਇਸ ਦਾ ਯੱਬ ਵੀ ਮੁਕਾ ਦੇਣ।

Original with;
Punjab Vidhan Sabha
Digitized by:

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਬੜਾ ਹੈਰਾਨ ਹਾਂ, ਮੇਰਾ ਸਵਾਲ ਕੀ ਸੀ ਔਰ ਇਨ੍ਹਾਂ ਨੇ ਜਵਾਬ ਕੀ ਦਿੱਤਾ ਹੈ। ਮੇਰਾ ਖਿਆਲ ਹੈ ਕਿ ਇਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਦਾ ਤਾਂ ਪਤਾ ਨਹੀਂ ਹੈ। ਅਸੀਂ ਤਾਂ ਆਈ.ਪੀ.ਸੀ. ਦੇ ਬਾਰੇ ਕੰਮ ਕਰਦੇ ਰਹੇ ਹਾਂ। ਜੋ ਧਾਰਾ 295 ਹੈ ਉਹ ਕਿਸੇ ਦੇ ਧਰਮ ਨੂੰ ਠੇਸ ਪਹੁੰਚਾਉਣ ਸਬੰਧੀ ਹੈ ਔਰ ਉਸ ਦਾ ਧਰਮ ਦੇ ਪਰਿਵਰਤਨ ਨਾਲ ਕੋਈ ਤੁਅੱਲਕ ਨਹੀਂ ਹੈ, ਇਸੇ ਤਰ੍ਹਾਂ ਧਾਰਾ 506 ਜੋ ਹੈ ਉਹ ਕਿਸੇ ਨੂੰ ਧਮਕਾਉਣ ਸਬੰਧੀ ਹੈ ਜਿਸ ਦਾ ਧਰਮ ਦੇ ਪਰਿਵਰਤਨ ਨਾਲ ਕੋਈ ਤੁਅੱਲਕ ਨਹੀਂ ਹੈ, ਇਸੇ ਤਰ੍ਹਾਂ ਜੋ ਧਾਰਾ 420 ਹੈ ਉਹ ਕਿਸੇ ਦੀ ਜਾਇਦਾਦ ਨੂੰ ਨਜਾਇਜ਼ ਤੌਰ ਤੇ ਹਥਿਆ ਲੈਣਾ ਜਾਂ ਉਸ ਤੋਂ ਵਾਂਝਾ ਕਰਨਾ ਹੈ, ਇਸ ਦਾ ਵੀ ਧਰਮ ਦੇ ਪਰਿਵਰਤਨ ਨਾਲ ਕੋਈ ਤੁਅੱਲਕ ਨਹੀਂ ਹੈ...

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਸਵਾਲ ਹੀ ਪੁੱਛ ਰਿਹਾ ਹਾਂ। ਮੈਂ ਮੰਤਰੀ ਜੀ ਤੋਂ ਇਸ ਪਵਿੱਤਰ ਸਦਨ ਦੇ ਵਿੱਚ ਪੁੱਛਣਾ ਚਾਹੁੰਦਾ ਹਾਂ ਕਿ ਇਹ ਅਖਬਾਰਾਂ ਪੜ੍ਹ ਲੈਣ, ਕੀ ਇਹ ਮੀਡੀਆ ਦੇ ਵਿਚ ਜਾਂਦੇ ਹਨ ਜਾਂ ਸਿਰਫ ਅਫਸਰਾਂ ਦੇ ਜਵਾਬ ਨਾਲ ਹੀ ਗੱਲਾਂ ਕਰਦੇ ਹਨ। ਇਹ ਏਨੀ ਸੀਰੀਅਸ ਸਮੱਸਿਆ ਪੈਦਾ ਹੋ ਗਈ ਹੈ। ਪਿਛਲੇ ਤਿੰਨ ਦਿਨਾਂ ਦੀਆਂ ਅਖਬਾਰਾਂ ਵੇਖ ਲਵੋ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ, ਮੈਂ ਤੁਹਾਨੂੰ ਏਨਾ ਲੰਮਾ ਸਵਾਲ ਕਰਨ ਲਈ ਨਹੀਂ ਕਿਹਾ।

**ਸ਼੍ਰੀ ਤਿਕਸ਼ਨ ਸੂਦ** : ਤੁਸੀਂ ਅਖਬਾਰਾਂ ਪੜ੍ਹ ਕੇ ਵੇਖ ਲਵੋ। ਜੋ ਸੰਵਿਧਾਨ ਦੀ ਅਮੈਂਡਮੈਂਟ ਦੀ ਗੱਲ ਕੀਤੀ ਗਈ ਹੈ ਜਿਵੇਂ ਦੂਜੀਆਂ ਸਟੇਟਾਂ ਇਸ ਤਰ੍ਹਾਂ ਕਰ ਰਹੀਆਂ ਹਨ ਤਾਂ ਸਾਨੂੰ ਵੀ ਕਰਨਾ ਚਾਹੀਦਾ ਹੈ। ਸੰਵਿਧਾਨ ਤਾਂ ਰਾਜਾਂ ਨੂੰ ਇਜਾਜ਼ਤ ਦਿੰਦਾ ਹੈ ਕਿ ਕਾਨੂੰਨ ਬਣ ਸਕਦਾ ਹੈ (ਵਿਘਨ)

**Mr. Speaker** : Please put question.

**ਸ਼੍ਰੀ ਤਿਕਸ਼ਨ ਸੂਦ** : ਮੰਤਰੀ ਜੀ, ਇਹ ਦੱਸਣ ਕਿ ਕੀ ਸਰਕਾਰ ਦਾ ਇਸ ਬੁਰਾਈ ਨੂੰ ਰੋਕਣ ਲਈ ਉਤਰਦਾਇਤਵ ਨਹੀਂ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਬੜਾ ਕਲੀਅਰ ਦੱਸ ਦਿਤਾ ਹੈ ਔਰ ਇਨ੍ਹਾਂ ਨੇ ਆਪ ਵੀ ਮੰਨਿਆ ਹੈ ਕਿ ਧਮਕਾਉਣ ਦੀ ਸਜ਼ਾ ਹੈ, ਡਰਾਉਣ ਦੀ ਸਜ਼ਾ ਹੈ। ਲਾਲਚ ਦੇ ਕੇ ਕਿਸੇ ਨੂੰ ਕੰਪੈਲ ਕਰਕੇ, ਉਸ ਤੋਂ ਕੋਈ ਕੰਮ ਕਰਾਉਂਦਾ ਹੈ ਉਸ ਦੀ ਸਜ਼ਾ ਹੈ ਔਰ ਜੇਕਰ ਕੋਈ ਧੋਖਾ ਕਰਦਾ ਹੈ ਤਾਂ 420 ਦੇ ਤਹਿਤ ਸਜ਼ਾ ਦੀ ਪ੍ਰੋਵੀਜ਼ਨ ਹੈ। ਇਹ ਸਾਰਾ ਧਰਮ ਪਰਿਵਰਤਨ ਨਾਲ ਹੈ ਜਾਂ ਹੋਰ ਕਿਸੇ ਤਰ੍ਹਾਂ ਹੈ, ਪਰ ਹੈ। ਹਾਂ, ਜੇਕਰ ਕੋਈ ਸਪੈਸੇਫਿਕ ਘਟਨਾ ਇਸ ਤਰ੍ਹਾਂ ਦੀ ਵਾਪਰੀ ਹੈ ਕਿ ਕਿਸੇ ਨੂੰ ਡਰਾ, ਧਮਕਾ ਕੇ ਜਾਂ ਲਾਲਚ ਦੇ ਕੇ ਕਿਸੇ ਦਾ ਧਰਮ ਪਰਿਵਰਤਨ ਕਰਵਾਇਆ ਗਿਆ ਤਾਂ ਇਹ ਸਾਡੇ ਨੋਟਿਸ ਦੇ ਵਿਚ ਲਿਆਉਣ, ਅਸੀਂ ਉਸ ਤੇ ਕਾਰਵਾਈ ਕਰਾਂਗੇ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ ......

**Mr. Speaker** : No supplementary. ਜਵਾਬ ਆ ਗਿਆ ਹੈ।

Original with;
Punjab Vidhan Sabha

## ਐਲ.ਟੀ.ਸੀ. ਦੀ ਸਹੂਲਤ ਮੁੜ ਬਹਾਲ ਕਰਨਾ

*559. **ਕੈਪਟਨ ਕੰਵਲਜੀਤ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਆਪਣੇ ਮੁਲਾਜ਼ਮਾਂ ਨੂੰ ਕੇਂਦਰ ਸਰਕਾਰ ਦੇ ਫੈਸਲੇ ਮੁਤਾਬਕ ਐਲ.ਟੀ.ਸੀ. ਦੀ ਸਹੂਲਤ ਮੁੜ-ਬਹਾਲ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਕਿੰਨੇ ਸਮੇਂ ਦੇ ਅੰਦਰ-ਅੰਦਰ ਇਹ ਸਹੂਲਤ ਬਹਾਲ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਲਾਲ ਸਿੰਘ (ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ)** : ਹਾਂ, ਸ਼੍ਰੀਮਾਨ ਜੀ। ਰਾਜ ਸਰਕਾਰ ਨੇ ਭਾਰਤ ਸਰਕਾਰ ਦੇ ਪੈਟਰਨ ਤੇ ਆਪਣੇ ਕਰਮਚਾਰੀਆਂ ਨੂੰ ਐਲ.ਟੀ.ਸੀ. ਦੀ ਸਹੂਲਤ ਮਿਤੀ 1 ਅਪ੍ਰੈਲ, 2003 ਤੋਂ ਮੁੜ ਬਹਾਲ ਕਰਨ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਲੋੜੀਂਦੀਆਂ ਹਦਾਇਤਾਂ ਜਲਦੀ ਜਾਰੀ ਕੀਤੀਆਂ ਜਾ ਰਹੀਆਂ ਹਨ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਬੜੀ ਅੱਛੀ ਗੱਲ ਹੈ ਕਿ ਮੇਰਾ ਸਵਾਲ ਜਾਣ ਤੋਂ ਬਾਅਦ ਇਨ੍ਹਾਂ ਨੇ ਐਲ.ਟੀ.ਸੀ. ਲਾਗੂ ਕਰ ਦਿੱਤੀ ਹੈ। ਲੇਕਿਨ ਮੈਂ ਇਨ੍ਹਾਂ ਤੋਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਮੁਲਾਜ਼ਮਾਂ ਨੂੰ ਹੋਰ ਸਹੂਲਤਾਂ ਦੇਣ ਦੇ ਵਾਸਤੇ, ਜਿਹੜੀਆਂ ਟੂਰਿਸਟ ਬੱਸਾਂ ਹਨ ਉਨ੍ਹਾਂ ਦੇ ਰਾਹੀਂ ਉਹ ਮੁਲਾਜ਼ਮ ਕਨਸੈਸ਼ਨ ਲੈ ਕੇ, ਇਸ ਸਹੂਲਤ ਦਾ ਫਾਇਦਾ ਉਠਾ ਸਕਣ, ਇਸ ਤਰ੍ਹਾਂ ਦਾ ਐਲਾਨ ਮੰਤਰੀ ਜੀ ਕਰਨਗੇ?

**ਮੰਤਰੀ** : ਸਪੀਕਰ ਸਾਹਿਬ, ਇਹ ਸਵਾਲ ਦੇ ਨਾਲ ਤੁਅੱਲਕ ਤਾਂ ਨਹੀਂ ਹੈ ਪਰ ਜਿਥੋਂ ਤੱਕ ਮੁਲਾਜ਼ਮਾਂ ਦਾ ਤੁਅੱਲਕ ਹੈ, ਅਸੀਂ ਮੁਲਾਜ਼ਮਾਂ ਦੀ ਹਰ ਤਰ੍ਹਾਂ ਦੇ ਨਾਲ ਮਦਦ ਕਰਨ ਵਾਸਤੇ ਤਿਆਰ ਹਾਂ। ਹਾਲਾਂ ਕਿ ਕੈਪਟਨ ਕੰਵਲਜੀਤ ਸਿੰਘ ਜੀ ਨੇ ਇਹ ਸਾਰਾ ਕੁਝ ਵਿਗਾੜਿਆ ਹੈ ਜਿਸ ਕਰਕੇ ਉਸ ਮਜ਼ਬੂਰੀ ਵਿਚ ਕੁਝ ਸਹੂਲਤਾਂ ਹਾਲਾਤ ਨੂੰ ਵੇਖਦੇ ਹੋਏ ਅਸੀਂ ਵਾਪਸ ਲੈ ਲਈਆਂ ਸਨ ਔਰ ਇਹ ਵੀ ਕਿਹਾ ਸੀ ਕਿ ਜਿਉਂ-ਜਿਉਂ ਵਿੱਤੀ ਹਾਲਾਤ ਠੀਕ ਹੁੰਦੇ ਜਾਣਗੇ, ਅਸੀਂ ਇਹ ਸਹੂਲਤਾਂ ਦਿਆਂਗੇ। ਜੇ ਵਿੱਤੀ ਹਾਲਾਤ ਹੋਰ ਜ਼ਿਆਦਾ ਠੀਕ ਹੋ ਗਏ ਤਾਂ ਤੁਹਾਡੇ ਨਾਲੋਂ ਵੀ ਵੱਧ ਸਹੂਲਤਾਂ ਦੇਵਾਂਗੇ। (ਥੰਪਿੰਗ)

**ਮਾਨਯੋਗ ਸਪੀਕਰ** : ਜਿੰਨਾ ਲੰਬਾ ਸਵਾਲ ਕਰੋਗੇ, ਉਨਾ ਲੰਬਾ ਹੀ ਜਵਾਬ ਮਿਲੇਗਾ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੈਂ ਤਾਂ ਇੰਨਾ ਭਾਸ਼ਣ ਕਰਨ ਨੂੰ ਨਹੀਂ ਕਿਹਾ ਸੀ। ਮੈਂ ਤਾਂ ਸਿਰਫ 'ਹਾਂ' ਜਾਂ 'ਨਾਂਹ' ਦੇ ਵਿਚ ਜਵਾਬ ਦੇਣ ਲਈ ਹੀ ਕਿਹਾ ਸੀ। ਜੇ ਮੈਂ ਆਪਣੇ ਕਰਮਚਾਰੀਆਂ ਨਾਲ ਧੱਕਾ ਕੀਤਾ ਹੁੰਦਾ ਤਾਂ ਮੇਰੇ ਵੇਲੇ ਐਲ.ਟੀ.ਸੀ. ਦੀ ਸਹੂਲਤ ਬੰਦ ਹੋ ਜਾਂਦੀ। ਇਹ ਸਹੂਲਤ ਤਾਂ ਇਨ੍ਹਾਂ ਦੀ ਕਾਂਗਰਸ ਸਰਕਾਰ ਵੇਲੇ ਬੰਦ ਹੋਈ ਹੈ।

**ਮਾਨਯੋਗ ਸਪੀਕਰ** : ਸਵਾਲ ਕਰੋ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਭਾਸ਼ਣ ਦਿੱਤਾ ਹੈ ਤਾਂ ਮੈਨੂੰ ਵੀ ਦੋ ਮਿੰਟ ਲਈ ਮੌਕਾ ਦਿਓ। ਮੈਂ ਸਿਰਫ ਇੱਕ ਸਵਾਲ ਪੁੱਛਿਆ ਹੈ ਕਿ ਕੀ ਸਰਕਾਰ ਟੂਰਿਸਟ ਬੱਸਾਂ ਵਿੱਚ ਮੁਲਾਜ਼ਮਾਂ ਨੂੰ ਕਨਸੈਸ਼ਨ ਦੇ ਤੌਰ ਤੇ ਸਫਰ ਮੁਹੱਈਆ ਕਰਵਾਉਣ ਲਈ ਕੋਈ ਕਦਮ ਚੁਕੇਗੀ ਜਾਂ ਨਹੀਂ?

**Mr. Speaker :** No need of answer.

---

Original with;
Punjab Vidhan Sabha
Digitized by;
Panjab Digital Library

## ਅਨਾਜ ਮੰਡੀ, ਘੱਗਾ ਦੀ ਉਸਾਰੀ

*556. **ਸਰਦਾਰ ਨਿਰਮਲ ਸਿੰਘ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਨਾਜ ਮੰਡੀ, ਘੱਗਾ, ਜ਼ਿਲ੍ਹਾ ਪਟਿਆਲਾ ਦੀ ਉਸਾਰੀ ਦੀ ਤਾਜ਼ਾ ਸਥਿਤੀ ਕੀ ਹੈ ਅਤੇ ਇਸ ਨੂੰ ਕਦੋਂ ਤਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਅਨਾਜ ਮੰਡੀ ਘੱਗਾ, ਜ਼ਿਲ੍ਹਾ ਪਟਿਆਲਾ ਦੀ ਜ਼ਮੀਨ ਐਕਵਾਇਰ ਕਰ ਲਈ ਗਈ ਹੈ। ਇਸ ਮੰਡੀ ਦੀ ਉਸਾਰੀ ਦਾ ਕੰਮ ਜਲਦ ਹੱਥ ਵਿੱਚ ਲਿਆ ਜਾ ਰਿਹਾ ਹੈ। ਮਾਰਕੀਟ ਕਮੇਟੀ, ਪਾਤੜਾਂ ਵਲੋਂ ਜਿਉਂ-ਜਿਉਂ ਫੰਡ ਉਪਲਬਧ ਕੀਤੇ ਜਾਣਗੇ, ਇਸ ਮੰਡੀ ਦੀ ਉਸਾਰੀ ਕੀਤੀ ਜਾਵੇਗੀ।

**ਸਰਦਾਰ ਨਿਰਮਲ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਮਾਰਕੀਟ ਕਮੇਟੀ ਪਾਤੜਾਂ ਵਲੋਂ ਕੋਈ ਫੰਡ ਪਹਿਲਾਂ ਜਮ੍ਹਾਂ ਕਰਵਾਏ ਗਏ ਹਨ ?

**ਮਾਨਯੋਗ ਸਪੀਕਰ** : ਕੀ ਕੋਈ ਫੰਡ ਪਹਿਲਾਂ ਜਮ੍ਹਾਂ ਕਰਵਾਏ ਗਏ ਹਨ ?

**ਮੰਤਰੀ** : ਸਪੀਕਰ ਸਾਹਿਬ, ਜ਼ਮੀਨ ਐਕਵਾਇਰ ਕਰਨ ਸਬੰਧੀ ਕਾਰਵਾਈ ਹੁੰਦੀ ਹੈ ਜੋ ਕਿ ਹੁਣ ਮੁਕੰਮਲ ਹੋਈ ਹੈ। ਸਾਰਾ ਕੁਝ ਮੁਕੰਮਲ ਕਰਕੇ, ਪੂਰਨ ਤੌਰ ਤੇ ਸਾਰੀਆਂ ਫਾਰਮੈਲੇਟੀਜ਼ ਪੂਰੀਆਂ ਕਰ ਲਈਆਂ ਗਈਆਂ ਹਨ। ਇਸ ਦੇ ਵਾਸਤੇ ਫੰਡਜ਼ ਮਾਰਕੀਟ ਕਮੇਟੀ ਕੋਲ ਰੱਖੇ ਗਏ ਹਨ, ਉਨ੍ਹਾਂ ਫੰਡਾਂ ਵਿਚੋਂ ਹੀ ਖਰਚਾ ਕਰਨਾ ਹੈ। ਹੋਰ ਕਿਧਰੇ ਤੋਂ ਪ੍ਰਬੰਧ ਕਰਨ ਦੀ ਲੋੜ ਨਹੀਂ ਹੈ। ਮਾਰਕੀਟ ਕਮੇਟੀ ਕੋਲ ਫੰਡਜ਼ ਹਨ।

**ਸਰਦਾਰ ਨਿਰਮਲ ਸਿੰਘ** : ਸਪੀਕਰ ਸਾਹਿਬ, ਪਾਤੜਾਂ ਮਾਰਕੀਟ ਕਮੇਟੀ ਵਲੋਂ 8,76,700 ਰੁਪਏ ਇਸ ਮੰਡੀ ਦੀ ਚਾਰ ਦੀਵਾਰੀ ਲਈ ਜਮ੍ਹਾਂ ਕਰਵਾਏ ਗਏ ਹਨ। ਇਹ ਐਕਸੀਅਨ ਮੰਡੀ ਬੋਰਡ ਵਲੋਂ ਜਮ੍ਹਾਂ ਕਰਵਾਏ ਗਏ ਹਨ ਪਰ ਅਜੇ ਤੱਕ ਕੰਮ ਨਹੀਂ ਚਲਿਆ। ਕੀ ਮੰਤਰੀ ਜੀ ਦੱਸਣਗੇ ਕਿ ਇਹ ਕੰਮ ਕਿਉਂ ਨਹੀਂ ਚੱਲਿਆ ?

**ਮੰਤਰੀ** : ਸਪੀਕਰ ਸਾਹਿਬ, ਇਹ ਮਾਮਲਾ ਡਿਸਪਿਊਟਡ ਸੀ। ਪਹਿਲਾਂ ਇਹ ਜ਼ਮੀਨ ਕਿਸੇ ਉਜਾਗਰ ਸਿੰਘ ਨਾਂ ਦੇ ਵਿਅਕਤੀ ਦੇ ਨਾਂ ਸੀ। ਉਸ ਨੇ ਮਿਤੀ 26 ਸਤੰਬਰ, 2002 ਦੇ ਵਿਚ ਬੇਨਤੀ ਕੀਤੀ ਸੀ ਕਿ ਮੇਰਾ ਰੈਜੀਡੈਂਸ਼ੀਅਲ ਏਰੀਆ ਇਸ ਦੇ ਵਿਚ ਆ ਗਿਆ ਹੈ। ਜਿਸ ਕਾਰਨ ਸਾਰਾ ਪ੍ਰੋਸੈਸ ਫਿਰ ਦੁਬਾਰਾ ਤੋਂ ਕਰਨਾ ਪਿਆ। ਇਹ ਜ਼ਮੀਨ ਕਿਸੇ ਪਾਸਿਓਂ ਸੜਕ ਦੇ ਨਾਲ ਲਿੰਕਡ ਵੀ ਨਹੀਂ ਹੁੰਦੀ ਸੀ। ਦੁਬਾਰਾ ਤੋਂ ਸਾਰੀ ਕਾਰਵਾਈ ਕਰਨੀ ਪਈ ਹੈ। ਇਸ ਕੰਮ ਨੂੰ ਪੂਰਾ ਕਰਨ ਦਾ ਪੀਰੀਅਡ ਇੱਕ ਸਾਲ ਦਾ ਹੁੰਦਾ ਹੈ। ਸਾਲ ਦੇ ਵਿਚ-ਵਿਚ ਇਹ ਪੂਰਾ ਕਰਨਾ ਹੁੰਦਾ ਹੈ। ਅਸੀਂ ਇਹ ਹੁਣ ਪੂਰਾ ਕਰਾਂਗੇ।

---

Original with;
Punjab Vidhan Sabha
Digitized by;
Panjab Digital Library

## ਗੰਨੇ ਬਾਰੇ ਖੋਜ ਕਰਨ ਤੇ ਖਰਚਾ

*567. **ਰਾਣਾ ਗੁਰਜੀਤ ਸਿੰਘ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਸੀਡ ਫਾਰਮ, ਲਾਢੋਵਾਲ, ਜ਼ਿਲ੍ਹਾ ਲੁਧਿਆਣਾ ਵਿਖੇ ਇਨਟੈਗਰੇਟਿਡ ਲੈਬਾਰਟਰੀ ਸਿਸਟਮ ਨੂੰ ਮੁੜ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ;

(ਅ) ਰਾਜ ਵਿਚ ਸਾਲ 2002-2003 ਦੇ ਦੌਰਾਨ ਗੰਨੇ ਬਾਰੇ ਖੋਜ ਕਰਨ ਤੇ ਕੁੱਲ ਕਿੰਨਾ ਖਰਚ ਕੀਤਾ ਗਿਆ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : (ੳ) ਨਹੀਂ ਜੀ।

(ਅ) ਰਾਜ ਵਿਚ ਸਾਲ 2002-2003 ਦੇ ਦੌਰਾਨ ਗੰਨੇ ਬਾਰੇ ਖੋਜ ਕਰਨ ਤੇ ਕੁੱਲ 1,02,74,000 ਰੁਪਏ ਖਰਚ ਕੀਤੇ ਗਏ ਹਨ।

**ਰਾਣਾ ਗੁਰਜੀਤ ਸਿੰਘ** : ਸਪੀਕਰ ਸਾਹਿਬ, ਇੱਕ ਥੰਨੇ ਤਾਂ ਆਪਾਂ ਡਾਈਵਰਸੀਫਿਕੇਸ਼ਨ ਦੀ ਗੱਲ ਕਰ ਰਹੇ ਹਾਂ। ਦੂਜੇ ਪਾਸੇ ਜਦੋਂ ਇੰਟੇਗਰੇਟਿਡ ਲੈਬਾਰਟਰੀ ਸਿਸਟਮ, ਲਾਢੋਵਾਲ ਸੀਡ ਫਾਰਮ ਵਿਚ ਲਾਉਣ ਦੀ ਗੱਲ ਕਰਦੇ ਹਾਂ ਤਾਂ ਇਸ ਦੇ ਬਾਰੇ ਇਨ੍ਹਾਂ ਨੇ ਜਵਾਬ ਵਿੱਚ ਕਿਹਾ ਹੈ ਕਿ ਨਹੀਂ ਜੀ, ਇਹ ਲਾਉਣ ਦੀ ਕੋਈ ਤਜਵੀਜ਼ ਨਹੀਂ ਹੈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਗੰਨੇ ਦੀ ਰਿਸਰਚ ਵਾਸਤੇ ਸਰਕਾਰ ਕੇਨ ਫਾਊਂਡੇਸ਼ਨ ਲਈ ਸੋਚ ਰਹੀ ਹੈ, ਜਿਸ ਦੇ ਵਿਚ ਸਰਕਾਰ ਵੀ ਕਰੀਬ ਇੱਕ ਕਰੋੜ ਰੁਪਿਆ ਦੇਵੇ ਅਤੇ ਇੰਡਸਟਰੀ ਵਿਭਾਗ ਵੀ ਇੱਕ ਕਰੋੜ ਰੁਪਿਆ ਦੇਵੇ ? ਕੀ ਇਹੋ ਜਿਹੀ ਕੋਈ ਸਕੀਮ ਇੰਪਲੀਮੈਂਟ ਕਰਨ ਵਾਸਤੇ ਸਰਕਾਰ ਸੋਚ ਰਹੀ ਹੈ ?

**ਮੰਤਰੀ** : ਇਸ ਗੱਲ ਨਾਲ ਸਾਨੂੰ ਪੂਰਨ ਤੌਰ ਤੇ ਹਮਦਰਦੀ ਹੈ। ਇਸੇ ਕਰਕੇ ਪਹਿਲਾਂ ਸਾਲ 1939 ਦੇ ਵਿਚ ਇਹ ਗੰਨਾ ਖੋਜ ਕੇਂਦਰ, ਜਲੰਧਰ ਵਿਚ ਸੀ। ਫਿਰ 104 ਏਕੜ ਜ਼ਮੀਨ ਦੇ ਵਿਚ ਇਹ ਗੰਨਾ ਖੋਜ ਕੇਂਦਰ, ਲੁਧਿਆਣਾ ਦੇ ਵਿਚ ਐਗਰੀਕਲਚਰਲ ਯੂਨੀਵਰਸਿਟੀ ਦੇ ਨੇੜੇ ਲੈ ਕੇ ਆਏ। ਗੰਨੇ ਦੀਆਂ 17 ਕਿਸਮਾਂ ਹੁੰਦੀਆਂ ਹਨ। ਉਥੋਂ ਇਹ ਕੇਂਦਰ 20 ਕੁ ਕਿਲੋਮੀਟਰ ਦੇ ਫਾਸਲੇ ਤੇ ਪੈਂਦਾ ਹੈ। ਕਿਉਂਕਿ ਨਵਾਂ ਕੇਂਦਰ ਬਣਾਉਣ ਲਈ ਘੱਟੋ ਘੱਟ 10 ਕਰੋੜ ਰੁਪਿਆ ਲੱਗਦਾ ਹੈ ਔਰ ਮਾਨਯੋਗ ਮੈਂਬਰ ਨੇ ਜਿਹੜੀ ਪਰਪੋਜ਼ਲ ਦੱਸੀ ਹੈ, ਜੇ ਇਸ ਦੇ ਨਾਲ ਲੋਕਾਂ ਦਾ ਫਾਇਦਾ ਹੋਵੇਗਾ ਅਤੇ ਲੋਕਾਂ ਤੇ ਆਰਥਿਕ ਬੋਝ ਵੀ ਨਾ ਪਵੇ, ਇਸ ਲਈ ਜੇ ਇਹ ਕੋਈ ਨਵੀਂ ਪਰਪੋਜ਼ਲ ਇਸ ਤਰ੍ਹਾਂ ਦੀ ਦੇਣਗੇ ਤਾਂ ਅਸੀਂ ਜ਼ਰੂਰ ਵਿਚਾਰ ਕਰਾਂਗੇ।

---

Original with;
Punjab Vidhan Sabha
Digitized by;
Panjab Digital Library

## ਕੇਂਦਰੀ ਸਰਕਾਰ ਪਾਸੋਂ ਵਾਤਾਵਰਣ ਨਾਲ ਸਬੰਧਿਤ ਪ੍ਰਾਜੈਕਟਾਂ ਲਈ ਪ੍ਰਾਪਤ ਹੋਏ ਫੰਡ

***560. ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 2002-2003 ਦੌਰਾਨ ਰਾਜ ਸਰਕਾਰ ਨੇ ਕੇਂਦਰ ਸਰਕਾਰ ਪਾਸੋਂ ਵਾਤਾਵਰਣ ਨਾਲ ਸਬੰਧਿਤ ਪ੍ਰਾਜੈਕਟਾਂ ਲਈ ਕੁੱਲ ਕਿੰਨੀ ਰਕਮ ਦੇ ਫੰਡ ਪ੍ਰਾਪਤ ਕੀਤੇ ; ਅਤੇ

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਫੰਡਾਂ ਵਿਚੋਂ ਕੋਈ ਰਕਮ ਹੋਰ ਮੰਤਵਾਂ ਲਈ ਵੀ ਖਰਚ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਅਤੇ ਅਜਿਹਾ ਕਰਨ ਦੇ ਕਾਰਣ ਕੀ ਹਨ ?

**ਸਰਦਾਰ ਲਾਲ ਸਿੰਘ (ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ)** : (ੳ) ਵਾਤਾਵਰਣ ਪ੍ਰੋਜੈਕਟਾਂ ਵਾਸਤੇ ਸਾਲ 2002-2003 ਦੌਰਾਨ ਕੇਂਦਰ ਸਰਕਾਰ ਪਾਸੋਂ ਕੁੱਲ 102.65 ਲੱਖ ਰੁਪਏ ਦੇ ਫੰਡਜ਼ ਪ੍ਰਾਪਤ ਹੋਏ ਹਨ।

(ਅ) ਨਹੀਂ ਜੀ।

**Mr. Speaker :** Question Hour is over. Now we will take the next item on the Agenda i.e., Call Attention Notice of Shri Khanna Ji.

---

## MATTERS RAISED DURING ZERO HOUR

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੈਂ ਜ਼ੀਰੋ ਆਵਰ ਤੇ ਬੋਲਣਾ ਚਾਹੁੰਦਾ ਹਾਂ। ਅੱਜ ਪੰਜਾਬ ਵਿੱਚ ਬੜਾ ਅਹਿਮ ਮਸਲਾ ਦਰਪੇਸ਼ ਹੈ। ਜਿਹੜੇ ਮਸਲੇ ਦੀ ਗੱਲ ਮੈਂ ਕਰ ਰਿਹਾ ਹਾਂ, ਉਹ ਸਮੁੱਚੇ ਪੰਜਾਬ ਦੇ ਲੋਕਾਂ ਨਾਲ ਜੁੜਿਆ ਹੋਇਆ ਹੈ। ਇਸ ਮਸਲੇ ਨਾਲ ਬਿਜਲੀ ਬੋਰਡ ਦੇ ਤਕਰੀਬਨ ਇੱਕ ਲੱਖ ਕਰਮਚਾਰੀਆਂ ਦੇ ਭਵਿੱਖ ਦਾ ਸਵਾਲ ਹੈ। ਇਹ ਗਲਤ ਗੱਲ ਕਰ ਰਹੇ ਹਨ। ਇਸ ਮਹਾਨ ਸਦਨ ਵਿੱਚ ਸਰਕਾਰ ਵੱਲੋਂ ਗਵਰਨਰ ਐਡਰੈਸ ਤੇ ਬੋਲਦੇ ਹੋਏ ਇਹ ਵਿਸ਼ਵਾਸ ਤੇ ਭਰੋਸਾ ਦਿੱਤਾ ਗਿਆ ਸੀ ਕਿ......

**ਮਾਨਯੋਗ ਸਪੀਕਰ** : ਅੱਜ ਹਾਊਸ ਵਿੱਚ ਮਤਾ ਆ ਰਿਹਾ ਹੈ। ਤੁਸੀਂ ਗੱਲ ਕਰ ਲੈਣਾ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਕਿਹਾ ਸੀ ਕਿ ਕਾਂਗਰਸ ਪਾਰਟੀ ਦੀ ਸਰਕਾਰ ਹਲਦੀਆ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦੀ ਕੋਈ ਮਨਸ਼ਾ ਨਹੀਂ ਰੱਖਦੀ। ਇਸ ਰਿਪੋਰਟ ਤੇ ਪਹਿਲਾਂ ਪਬਲਿਕ ਡਿਬੇਟ ਕਰਵਾਈ ਜਾਵੇਗੀ ਤੇ ਉਸ ਤੋਂ ਬਾਅਦ ਹਾਊਸ ਵਿੱਚ ਵੀ ਡਿਬੇਟ ਕਰਵਾਈ ਜਾਵੇਗੀ ਔਰ ਨਾਲ ਹੀ ਸਾਰੇ ਪੰਜਾਬ ਦੇ ਲੋਕਾਂ ਨੂੰ ਵਿਸ਼ਵਾਸ ਵਿੱਚ ਲਿਆ ਜਾਵੇਗਾ ਤਾਂ ਹੀ ਹਲਦੀਆ ਕਮਿਸ਼ਨ ਦੀ ਰਿਪੋਰਟ ਲਾਗੂ ਕੀਤੀ ਜਾਵੇਗੀ ਪਰ ਹਲਦੀਆ ਕਮਿਸ਼ਨ ਨੇ ਖੁਦ ਕਿਹਾ ਹੈ ਕਿ ਬਿਜਲੀ ਰਿਫਾਰਮਜ਼ ਵਿੱਚ ਬੜੇ ਸੋਚ ਸਮਝ ਕੇ ਫੈਸਲੇ ਲੈਣੇ ਚਾਹੀਦੇ ਹਨ ਕਿਉਂਕਿ ਬਹੁਤ ਸਾਰੇ ਪ੍ਰਾਂਤਾਂ ਵਿੱਚ ਲਾਗੂ ਕਰਨ ਨਾਲ ਜਿਵੇਂ ਆਂਧਰਾ ਪ੍ਰਦੇਸ਼, ਮਹਾਂਰਾਸ਼ਟਰ..........।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਇਲੈਕਟ੍ਰੀਸਿਟੀ ਬੋਰਡ ਸਬੰਧੀ ਬਿਲ ਆ ਰਿਹਾ ਹੈ। ਤੁਸੀਂ ਉਸ ਸਮੇਂ ਆਪਣੀ ਗੱਲ ਕਹਿ ਲੈਣਾ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਇਹ ਹਾਊਸ ਨੂੰ ਮਿਸ-ਗਾਈਡ ਕਰ ਰਹੇ ਹਨ। ਇਹ ਮਸਲਾ ਨਾ ਤਾਂ ਬੀ.ਏ.ਸੀ. ਵਿੱਚ ਲਿਆਂਦਾ ਗਿਆ ਔਰ ਬੜੇ ਅਫਸੋਸ ਦੀ ਗੱਲ ਹੈ ਕਿ ਕੱਲ੍ਹ ਸ਼ਾਮ ਤੱਕ ਇਹ ਬਿਲ ਸਾਡੇ ਕੋਲ ਭੇਜਿਆ ਗਿਆ ਕਿ ਕੱਲ੍ਹ ਹਾਊਸ ਵਿੱਚ ਇਸ ਮੁੱਦੇ ਤੇ ਬਹਿਸ ਹੋਵੇਗੀ ਅਤੇ ਇਹ ਵੀ ਕਿਹਾ ਗਿਆ ਕਿ ਇਸ ਬਿਲ ਨੂੰ ਪਾਸ ਵੀ ਕੀਤਾ ਜਾਵੇਗਾ।

**ਮਾਨਯੋਗ ਸਪੀਕਰ** : ਇਹ ਜਿਹੜਾ ਬਿਲ ਅੱਜ ਆਉਣਾ ਹੈ, ਤੁਸੀਂ ਉਸ ਤੇ ਆਪਣੇ ਵਿਊਜ਼ ਐਕਸਪ੍ਰੈਸ ਕਰ ਲੈਣਾ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਇਸ ਇਸ਼ੂ ਤੇ ਸਰਕਾਰ ਨੇ ਮਿਸ-ਗਾਈਡ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਪੰਜਾਬ ਦਾ ਬੜਾ ਗੰਭੀਰ ਮਸਲਾ ਹੈ।

**Mr. Speaker** : I have to make an announcement. I am to inform the House that today, His Excellency the Governor of Punjab is hosting a tea party at Raj Bhawan at 5.00 P.M. where a Group Photograph of all the Hon'ble Members of 12th Punjab Vidhan Sabha will also be taken as per past practice. All the Hon'ble Ministers, Hon'ble Deputy Speaker and Hon'ble Members are requested to kindly reach Punjab Raj Bhawan at 5.00 P.M.

For this purpose the House stands adjourned from 4.45 P.M. to 5.45 P.M.

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਤੁਸੀਂ ਬੜੇ ਪੁਰਾਣੇ ਲੈਜਿਸਲੇਚਰ ਹੋ। ਤੁਸੀਂ ਆਪ ਵੀ ਵੇਖਿਆ ਹੈ ਕਿ ਪੰਜਾਬ ਦਾ ਜਿਹੜਾ ਇਲੈਕਟ੍ਰੀਸਿਟੀ ਬਿਲ ਲਿਆਂਦਾ ਗਿਆ ਹੈ ਔਰ ਮੈਂਬਰ ਸਾਹਿਬਾਨ ਨੂੰ ਅੱਜ ਸਵੇਰੇ ਹੀ ਮਿਲਿਆ ਹੈ ਔਰ ਕਈਆਂ ਨੂੰ ਨਹੀਂ ਵੀ ਮਿਲਿਆ। ਇਤਨਾ ਵੱਡਾ ਬਿਲ ਮੇਰੇ ਖਿਆਲ ਵਿੱਚ ਤੁਸੀਂ ਵੀ ਨਹੀਂ ਪੜ੍ਹ ਸਕਦੇ ਹੋਵੋਗੇ। ਇਹ ਬਿਲ ਸਾਰੇ ਪੰਜਾਬ ਦੀ ਇਕਾਨਮੀ ਤੇ ਅਸਰ ਪਾਵੇਗਾ ਪਰ ਇਹ ਇਸ ਬਿਲ ਨੂੰ ਪਾਸ ਕਰਨਾ ਚਾਹੁੰਦੇ ਹਨ। ਜੇਕਰ ਇਨ੍ਹਾਂ ਨੇ ਇਸ ਬਿਲ ਨੂੰ ਇੰਟਰੋਡਿਊਸ ਕਰਨਾ ਹੁੰਦਾ ਤਾਂ ਠੀਕ ਸੀ ਤੇ ਬਹਿਸ ਵੀ ਕਰਵਾ ਲੈਂਦੇ ਪਰ ਇਹ ਤਾਂ ਪਾਸ ਕਰਨਾ ਚਾਹੁੰਦੇ ਹਨ। ਇਸ ਬਿਲ ਦੇ ਪਾਸ ਹੋਣ ਨਾਲ ਪੰਜ ਲੱਖ ਕੰਜ਼ਿਊਮਰ ਇਫੈਕਟ ਹੋਣਗੇ। ਇਸ ਤਰ੍ਹਾਂ ਦਾ ਬਿਲ ਪਹਿਲਾਂ ਮਹਾਂਰਾਸ਼ਟਰ ਵਿੱਚ ਲਾਗੂ ਕੀਤਾ ਗਿਆ ਸੀ। ਉਨ੍ਹਾਂ ਨੇ ਇਸ ਤੇ ਖੁੱਲ੍ਹੀ ਬਹਿਸ ਕਰਵਾਈ ਔਰ ਇਸ ਉੱਤੇ ਮਹਾਂਰਾਸ਼ਟਰ ਦੇ ਲੋਕਾਂ ਨੂੰ ਕਾਂਫੀਡੈਂਸ ਵਿੱਚ ਲਿਆ। ਉਨ੍ਹਾਂ ਨੇ ਉਸ ਕਮੇਟੀ ਦੀ ਰਿਪੋਰਟ ਨੂੰ ਵਾਈਟ ਪੇਪਰ ਦੀ ਸ਼ਕਲ ਵਿੱਚ ਸਾਰੇ ਅਖਬਾਰਾਂ ਵਿੱਚ ਇਸ਼ੂ ਕੀਤਾ। ਅਖਬਾਰਾਂ ਵਿੱਚ ਐਡਵਰਟਾਈਜ਼ਮੈਂਟ ਕੀਤੀ ਤਾਂ ਕਿ ਸਾਰੇ ਲੋਕਾਂ ਦੀਆਂ ਸੁਜੈਸ਼ਨਜ਼ ਅਤੇ ਇਤਰਾਜ਼ ਆ ਸਕਣ। ਇਹ ਤਾਂ ਤਰੀਕਾ ਹੈ ਲੇਕਿਨ ਇਕ ਅੱਧੇ ਮਿੰਟ ਵਿੱਚ ਸਭ ਤੋਂ ਅਖੀਰਲੀ ਆਈਟਮ ਲਿਆ ਕੇ ਏਡਾ ਵੱਡਾ ਮਸਲਾ ਇਕ ਮਿੰਟ ਵਿਚ ਹੀ ਖਤਮ ਕਰ ਦੇਣਾ, ਕਿੰਨੀ ਕੁ ਚੰਗੀ ਗੱਲ ਹੈ।

**ਮਾਨਯੋਗ ਸਪੀਕਰ** : ਸੀ.ਐਮ. ਸਾਹਿਬ, ਬਿਲ ਦੀ ਇੰਟਰੋਡਕਸ਼ਨ ਕਰਨਾ ਚਾਹੋਗੇ ਜਾਂ ਬਿੱਲ ਪਾਸ ਕਰਨਾ ਹੈ ?

Original with;
Punjab Vidhan Sabha
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਜੋ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਗੱਲ ਕਹੀ ਹੈ, ਜਦੋਂ ਅਸੀਂ ਗਵਰਨਰ ਭਾਸ਼ਣ ਤੇ ਬੋਲ ਰਹੇ ਸੀ, ਇਨ੍ਹਾਂ ਨੇ ਵੀ ਬੜੇ ਸਪੱਸ਼ਟ ਤਰੀਕੇ ਨਾਲ ਕਿਹਾ ਸੀ ਅਤੇ ਉਦੋਂ ਮੈਂ ਵੀ ਗੱਲ ਕੀਤੀ ਸੀ ਕਿ ਇਹ ਜਿਹੜਾ ਬਿਲ ਹੈ, ਇਸ ਨੂੰ ਅਸੀਂ ਓਪਨ ਡਿਬੇਟ ਵਾਸਤੇ ਸਦਨ ਵਿਚ ਅਤੇ ਸਦਨ ਤੋਂ ਬਾਹਰ ਵੀ ਪੇਸ਼ ਕਰਨਾ ਚਾਹੁੰਦੇ ਹਾਂ। ਅੱਜ ਅਸੀਂ ਬਿਲ ਨੂੰ ਇੰਟਰੋਡਿਊਸ ਕਰ ਰਹੇ ਹਾਂ, ਪਾਸ ਕਰਨ ਦੀ ਗੱਲ ਨਹੀਂ ਕਹੀ। ਇਹ ਆਪਣੇ ਕਾਗਜ਼ ਚੰਗੀ ਤਰ੍ਹਾਂ ਪੜ੍ਹ ਲੈਣ। ਕਿਥੇ ਕਿਹਾ ਹੈ ਕਿ ਬਿੱਲ ਪਾਸ ਹੋਵੇਗਾ? We have never said that we are going to pass this Bill. I want to make that clear Mr. Speaker, that we want an open debate in the whole State. (ਥੰਪਿੰਗ) ਅਸੀਂ ਚਾਹੁੰਦੇ ਹਾਂ ਕਿ ਇਕੱਲੀ-ਇਕੱਲੀ ਜਿਹੜੀ ਵੀ ਸੰਸਥਾ ਹੈ, ਇਸ ਇਸ਼ੂ ਤੇ ਬਹਿਸ ਕਰ ਸਕੇ।

**Mr. Speaker** : Sorry. I agree, ਪਾਸ ਕਰਨ ਵਾਸਤੇ ਨਹੀਂ ਕਿਹਾ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਜਿਹੜਾ ਪ੍ਰੋਗਰਾਮ ਛਾਇਆ ਕੀਤਾ ਹੈ, ਤੁਸੀਂ ਪੜ੍ਹ ਲਓ, Minister to introduce the Punjab Electricity Bill ਫੇਰ ਲਿਖਿਆ ਹੈ, Also to move that the Bill be passed.

**ਮਾਨਯੋਗ ਸਪੀਕਰ** : ਸੀ.ਐਮ. ਸਾਹਿਬ ਨੇ ਕਹਿ ਦਿੱਤਾ ਹੈ ਕਿ ਬਿਲ ਦੀ ਇੰਟਰੋਡਕਸ਼ਨ ਹੀ ਹੋਵੇਗੀ, ਬਿਲ ਪਾਸ ਨਹੀਂ ਹੋਵੇਗਾ। I have received communication from the Hon'ble Chief Minister wherein he has requested that he may be given time to speak on the Power Sector Reforms issue and the SYL issue and the Resolution on the Special Package of incentives to Industrial Units on the analogy of Himachal Pradesh and Uttaranchal before the House adjourns for tea with His Excellency, the Governor of Punjab. In view of this, if it is the wish of the House, the arrangement of the business stated for today's sitting may be modified to the extent that the Punjab Electricity Bill, 2003 may be taken up before the Official Resolution for introduction.

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਅਸੀਂ ਇਸ ਵਿਚ ਇਕ ਅਮੈਂਡਮੈਂਟ ਜ਼ਰੂਰ ਚਾਹਵਾਂਗੇ ਕਿ ਮਾਨਯੋਗ ਮੁੱਖ ਮੰਤਰੀ ਸਾਹਿਬ ਇਨ੍ਹਾਂ ਰੈਜ਼ੋਲਿਊਸਨਜ਼ ਤੇ ਬੋਲਣਾ ਚਾਹੁੰਦੇ ਹਨ ਤੇ ਬੜੀ ਖੁਸ਼ੀ ਨਾਲ ਬੋਲਣ, ਲੇਕਿਨ ਵਿਰੋਧੀ ਧਿਰ ਨੂੰ ਇਸ ਗੱਲ ਤੇ ਆਪਣਾ ਪੱਖ ਪੇਸ਼ ਕਰਨ ਵਾਸਤੇ ਵੀ ਸਮਾਂ ਜ਼ਰੂਰ ਮਿਲੇ।

**ਮਾਨਯੋਗ ਸਪੀਕਰ** : ਜ਼ਰੂਰ ਮਿਲੇਗਾ। ਕਾਲ ਅਟੈਨਸ਼ਨ ਨੋਟਿਸ। ਸ਼੍ਰੀ ਅਵਿਨਾਸ਼ ਰਾਏ ਖੰਨਾ।

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੇਰੀ ਪਹਿਲਾਂ ਬੇਨਤੀ ਹੈ ਕਿ ਮੈਂ ਪੰਜਾਬੀ ਵਿਚ ਕਾਲ ਅਟੈਨਸ਼ਨ ਦਿੱਤੀ ਸੀ, ਜਿਹੜੀ ਐਡਵਾਂਸ ਕਾਪੀ ਦਿੱਤੀ ਸੀ। ਜੇ ਇਹ ਪੰਜਾਬੀ ਵਿਚ ਹੀ ਆ ਜਾਵੇ ਤਾਂ ਠੀਕ ਹੈ।

**ਮਾਨਯੋਗ ਸਪੀਕਰ** : ਚਲੋ, ਤੁਸੀਂ ਹੁਣ ਤਰਜਮਾ ਕਰਕੇ ਪੜ੍ਹ ਲਓ।

Original with;
Punjab Vidhan Sabha
Digitized by;

## CALL ATTENTION NOTICE UNDER RULE 66

(Serial No. 32)

**Shri Avinash Rai Khanna :** Sir, I beg to draw the attention of the Government towards a matter of urgent public importance namely, the non-payment of Daily Wages/Salary for the last many months till date to the 20,000 Home Guard Jawans posted at different places in the State resulting into serious discontentment amongst them.

Keeping in view the obvious and urgent importance of the matter, the Minister concerned may please be asked to make a Statement on the floor of the House.

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ (ਸਰਦਾਰ ਲਾਲ ਸਿੰਘ) :** ਪੰਜਾਬ ਵਿਚ 12798 ਹੋਮ ਗਾਰਡ ਵਾਲੰਟੀਅਰ ਤੈਨਾਤ ਹਨ। ਇਨ੍ਹਾਂ ਨੂੰ ਕੋਈ ਡੇਲੀ ਵੇਜਿਜ਼ ਜਾਂ ਤਨਖਾਹ ਨਹੀਂ ਦਿੱਤੀ ਜਾਂਦੀ ਬਲਕਿ 90 ਰੁਪਏ ਪ੍ਰਤੀ ਦਿਨ ਗੁਜ਼ਾਰਾ ਭੱਤਾ ਅਤੇ 20 ਰੁਪਏ ਧੁਲਾਈ ਭੱਤਾ ਦਿੱਤਾ ਜਾਂਦਾ ਹੈ। ਫੰਡਾਂ ਦੀ ਘਾਟ ਹੋਣ ਕਰਕੇ ਵੱਖ-ਵੱਖ ਕੇਸਾਂ ਵਿਚ 8 ਦਿਨ ਤੋਂ ਲੈ ਕੇ 100 ਦਿਨ ਦੇ ਭੱਤਿਆਂ ਦੀ ਅਦਾਇਗੀ ਨਹੀਂ ਹੋਈ। ਇਸ ਵਾਸਤੇ ਮਨਜ਼ੂਰੀ ਜਾਰੀ ਕਰ ਦਿੱਤੀ ਗਈ ਹੈ। ਅਪ੍ਰੈਲ, 2003 ਦੇ ਪਹਿਲੇ ਹਫ਼ਤੇ ਅਦਾਇਗੀ ਹੋ ਜਾਵੇਗੀ।

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ 90 ਰੁਪਏ ਦੀ ਗੱਲ ਕੀਤੀ ਹੈ, ਕੀ ਇਹ ਇਸ ਗੁਜ਼ਾਰਾ ਭੱਤੇ ਨੂੰ ਵਧਾ ਕੇ 150 ਰੁਪਏ ਜਾਂ 200 ਰੁਪਏ ਤੱਕ ਕਰਨ ਦੀ ਕੋਈ ਪਰੋਪੋਜ਼ਲ ਰਖਦੇ ਹਨ ?

**ਮੰਤਰੀ :** ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਇਨ੍ਹਾਂ ਦਾ ਜਿਹੜਾ ਸਵਾਲ ਸੀ, ਉਸਨੂੰ ਥੋੜ੍ਹਾ ਜਿਹਾ ਦਰੁਸਤ ਕਰ ਦੇਵਾਂ। ਇਨ੍ਹਾਂ ਨੇ 20000 ਹੋਮਗਾਰਡ ਵਾਲੰਟੀਅਰ ਕਿਹਾ। ਇਹ ਇਨਫਰਮੇਸ਼ਨ ਗਲਤ ਹੈ। ਸਹੀ ਫਿਗਰ ਮੈਂ ਇਨ੍ਹਾਂ ਨੂੰ ਦੱਸੀ ਹੈ। ਨਾ ਇਨ੍ਹਾਂ ਨੂੰ ਤਨਖਾਹ ਮਿਲਦੀ ਹੈ, ਡੇਅਲੀ ਵੇਜਿਜ਼ ਮਿਲਦੀ ਹੈ। ਸਿਰਫ ਗੁਜ਼ਾਰਾ ਭੱਤਾ ਮਿਲਦਾ ਹੈ। 90 ਰੁਪਏ ਗੁਜ਼ਾਰਾ ਭੱਤਾ ਮਿਲਦਾ ਹੈ ਅਤੇ 20 ਰੁਪਏ ਧੁਲਾਈ ਭੱਤਾ ਮਿਲਦਾ ਹੈ, ਇਹ ਟੋਟਲ 110 ਰੁਪਏ ਮਿਲਦੇ ਹਨ। ਫਿਲਹਾਲ ਫਾਈਨਾਂਸ਼ੀਅਲ ਕਰਾਈਸਿਸ ਕਰਕੇ ਇਸ ਨੂੰ ਵਧਾਉਣ ਦੀ ਕੋਈ ਤਜਵੀਜ਼ ਨਹੀਂ ਹੈ।

---

## LAGISLATIVE BUSINESS
## THE PUNJAB ELECTRICITY BILL, 2003

**Mr. Speaker :** C.M. Sahib to introduce The Punjab Electricity Bill, 2003.

**Chief Minister (Captain Amarinder Singh) :** Sir, I beg to move for leave to introduce the Punjab Electricity Bill, 2003.

**Mr. Speaker :** Motion moved—

That leave be granted to introduce the Punjab Electricity Bill.

ਜੇ ਕਿਸੇ ਨੇ ਬੋਲਣਾ ਹੈ ਤਾਂ ਸ਼ੁਰੂ ਕਰੋ। ਪਾਸ ਤਾਂ ਇਸ ਨੂੰ ਅੱਜ ਕਰਾਂਗੇ ਨਹੀਂ।

Original with;
Punjab Vidhan Sabha
Digitized by;
Panjab Digital Library

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਜਿਹੜਾ ਇਸ਼ੂ ਮੈਂ ਰੇਜ਼ ਕੀਤਾ ਸੀ, ਉਹ ਇਸੇ ਕਰਕੇ ਕੀਤਾ ਸੀ। ਬਿਲ ਅੱਜ ਸਵੇਰੇ ਹੀ ਮਿਲਿਆ ਹੈ, ਇਸ ਕਰਕੇ ਅਸੀਂ ਇਸ ਤੇ ਕੀ ਬਹਿਸ ਕਰ ਸਕਾਂਗੇ। ਤੁਸੀਂ ਇਹ ਰੂਲਿੰਗ ਦਿਓ ਕਿ ਇਸ ਬਹਿਸ ਵਾਸਤੇ ਸਮਾਂ ਦੁਬਾਰਾ ਨਿਸ਼ਚਿਤ ਕੀਤਾ ਜਾਵੇਗਾ।

**ਮਾਨਯੋਗ ਸਪੀਕਰ** : ਠੀਕ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਸਦਨ ਵਿਚ ਬੇਇਨਸਾਫੀ ਹੋ ਰਹੀ ਹੈ। ਪਿੱਛੇ ਜਦੋਂ ਗਵਰਨਰ ਐਡਰੈਸ ਤੇ ਬਹਿਸ ਹੋਈ ਤਾਂ ਉਦੋਂ ਵੀ ਵੇਖਿਆ ਗਿਆ ਕਿ ਜਦੋਂ ਸੀ.ਐਮ. ਬੋਲਦੇ ਹਨ ਤਾਂ ਉਦੋਂ ਫੋਟੋ ਖਿੱਚਣ ਵਾਲੇ ਅਤੇ ਟੀ.ਵੀ. ਵਾਲੇ ਸਾਰੇ ਆ ਜਾਂਦੇ ਹਨ। ਜਦੋਂ ਬੋਲਣ ਦੀ ਸਾਡੀ ਵਾਰੀ ਆਉਂਦੀ ਹੈ ਤਾਂ ਉਨ੍ਹਾਂ ਨੂੰ ਭਜਾ ਦਿੱਤਾ ਜਾਂਦਾ ਹੈ। ਮੈਨੂੰ ਇਹ ਵੀ ਪਤਾ ਹੈ ਕਿ ਪਿਛਲੀ ਵਾਰ ਕੁਝ ਇਹੋ ਜਿਹੇ ਲੋਕ ਵੀ ਅੰਦਰ ਆ ਗਏ ਜਿਨ੍ਹਾਂ ਨੂੰ ਤੁਹਾਡੇ ਵਲੋਂ ਪਰਮਿਸ਼ਨ ਨਹੀਂ ਮਿਲੀ ਸੀ। ਸੁਰੱਖਿਆ ਵਾਲੇ ਜਿਹੜੇ ਬੰਦੇ ਹਨ, ਉਹ ਉਨ੍ਹਾਂ ਨੂੰ ਅੰਦਰ ਭੇਜ ਦਿੰਦੇ ਹਨ। ਇਹ ਕੋਈ ਤਰੀਕਾ ਨਹੀਂ ਹੈ। ਕੋਈ ਸਿਸਟਮ ਬਣਾ ਲਉ ਕਿ ਸਾਰਿਆਂ ਦੀ ਕਵਰੇਜ ਟੀ.ਵੀ. ਤੇ ਆ ਜਾਵੇ। ਘੱਟੋ ਘੱਟ ਗਵਰਨਰ ਐਡਰੈਸ ਅਤੇ ਬਜਟ ਤੇ ਬੋਲਦੇ ਹੋਏ ਲੀਡਰ ਆਫ ਦਿ ਹਾਊਸ ਦੇ ਨਾਲ ਨਾਲ ਲੀਡਰ ਆਫ ਦਿ ਆਪੋਜ਼ੀਸ਼ਨ ਦੀ ਕਵਰੇਜ ਵੀ ਹੋਵੇ।

**ਮਾਨਯੋਗ ਸਪੀਕਰ** : ਤੁਹਾਡਾ ਸੁਜੈਸ਼ਨ ਆ ਗਿਆ ਹੈ, ਇਸ ਨੂੰ ਕਨਸਿਡਰ ਕਰ ਲਵਾਂਗੇ।

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੋਜ਼ਗਾਰ ਮੰਤਰੀ** : ਸਪੀਕਰ ਸਾਹਿਬ, ਅੱਜ ਬਾਦਲ ਸਾਹਿਬ ਨੂੰ ਇਸ ਗੱਲ ਦੀ ਯਾਦ ਆ ਗਈ ਹੈ ਕਿ ਲੀਡਰ ਆਫ ਦਿ ਆਪੋਜ਼ੀਸ਼ਨ ਦੀ ਜਦੋਂ ਸਪੀਚ ਹੁੰਦੀ ਹੈ ਤਾਂ ਉਸ ਨੂੰ ਟੀ.ਵੀ. ਤੇ ਲਿਆਉਣਾ ਚਾਹੀਦਾ ਹੈ ਪਰ ਥੋੜ੍ਹਾ ਚਿਰ ਹੀ ਲੰਘਿਆ ਹੈ ਜਦੋਂ ਮੈਂ ਵੀ ਲੀਡਰ ਆਫ ਦਿ ਆਪੋਜ਼ੀਸ਼ਨ ਸੀ। ਉਦੋਂ ਤਾਂ ਇਨ੍ਹਾਂ ਨੂੰ ਯਾਦ ਨਹੀਂ ਆਈ। ਅੱਜ ਪਤਾ ਨਹੀਂ ਕਿਸ ਤਰ੍ਹਾਂ ਯਾਦ ਆ ਗਈ ਹੈ। ਉਦੋਂ ਇਨ੍ਹਾਂ ਨੇ ਤਾਂ ਇਹ ਕੰਮ ਕੀਤਾ ਨਹੀਂ.......

**ਮਾਨਯੋਗ ਸਪੀਕਰ** : ਚਲੋ, ਉਨ੍ਹਾਂ ਦੀ ਗੱਲ ਆ ਗਈ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਕੀ ਤੁਸੀਂ ਚੈੱਕ ਕਰ ਸਕਦੇ ਹੋ ਕਿ ਇਹ ਟੀ.ਵੀ. ਅਤੇ ਫੋਟੋ ਖਿੱਚਣ ਵਾਲੇ ਲੋਕ ਸਾਰੇ ਤੁਹਾਡੀ ਇਜਾਜ਼ਤ ਨਾਲ ਆਏ ਹਨ ? ਤੁਸੀਂ ਜਿਹੜੀ ਇਜਾਜ਼ਤ ਦਿੱਤੀ ਹੈ, ਉਹ ਕਿਹੜੇ ਟੀ.ਵੀ. ਵਾਲਿਆਂ ਨੂੰ ਦਿੱਤੀ ਹੈ ?

**ਮਾਨਯੋਗ ਸਪੀਕਰ** : ਪੰਜਾਬ ਟੂਡੇ ਅਤੇ ਅਲਫਾ ਟੀ.ਵੀ. ਨੂੰ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ)** : ਸਪੀਕਰ ਸਾਹਿਬ, ਅੱਜ ਇਹ ਪੰਜਾਬ ਇਲੈਕਟਰੀਸਿਟੀ ਬਿਲ ਆਨ ਪਾਵਰ ਰਿਫਾਰਮਜ਼ ਇੰਟਰੋਡਿਊਸ ਹੋਇਆ ਹੈ। ਅਸੀਂ ਸਮਝਦੇ ਹਾਂ ਕਿ ਪੰਜਾਬ ਵਿਚ ਜਿਹੜੀ ਬਿਜਲੀ ਦੀ ਮੌਜੂਦਾ ਸਿਚੂਏਸ਼ਨ ਹੈ, ਇਹ ਸਹੀ ਨਹੀਂ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਇਹ ਜਿਹੜੀ ਬਿਜਲੀ ਹੈ, ਇਹ ਬੇਸਿਕ ਰਿਕੁਆਇਰਮੈਂਟ ਹੈ। ਇਹ ਕੋਈ ਲਗਜ਼ਰੀ ਨਹੀਂ ਹੈ ਬਲਕਿ ਨਸੈਸਿਟੀ ਹੈ। ਜਦ ਲੋਕਾਂ ਨੂੰ 24 ਘੰਟੇ ਬਿਜਲੀ ਨਾ ਮਿਲੇ ਤਾਂ ਸਰਕਾਰ ਨੂੰ ਵੇਖਣਾ ਪੈਂਦਾ ਹੈ ਕਿ ਅਸੀਂ ਕਿਸ ਤਰ੍ਹਾਂ ਦੇ ਹਾਲਾਤ ਬਣਾ ਸਕਦੇ ਹਾਂ ਤਾਂ ਕਿ ਲੋਕ ਸੈਟਿਸਫਾਈਡ ਹੋਣ। ਜੇ ਬਿਜਲੀ 4 ਘੰਟੇ ਵੀ ਨਾ ਮਿਲੇ ਅਤੇ ਫਸਲ ਨੂੰ

Original with;
Punjab Vidhan Sabha
Panjab Digital Library

[ਮੁੱਖ ਮੰਤਰੀ]

ਬਚਾਉਣ ਵਾਸਤੇ ਬਾਹਰੋਂ ਬਿਜਲੀ ਖਰੀਦਣੀ ਪਵੇ ਤਾਂ ਸਰਕਾਰ ਨੂੰ ਕੁਝ ਸੋਚਣਾ ਪੈਂਦਾ ਹੈ ਤਾਂ ਜੋ ਖੇਤੀਬਾੜੀ ਵਾਸਤੇ, ਇੰਡਸਟਰੀ ਵਾਸਤੇ ਅਤੇ ਡੋਮੈਸਟਿਕ ਯੂਜ਼ ਵਾਸਤੇ ਅਸੀਂ ਲੋਕਾਂ ਨੂੰ 24 ਘੰਟੇ ਬਿਜਲੀ ਦੇ ਸਕੀਏ। ਇਹ ਕਨਸਿਡਰੇਸ਼ਨ, ਇਹ ਸੋਚ ਜਾਂ ਲੋੜ ਇਸੇ ਕਰਕੇ ਪਈ। ਇਹ ਸੋਚ ਅੱਜ ਸਾਰੇ ਹਿੰਦੁਸਤਾਨ ਵਿਚ ਚੱਲ ਰਹੀ ਹੈ, ਸਿਰਫ ਪੰਜਾਬ ਵਿਚ ਵੀ ਨਹੀਂ। 8 ਸੂਬਿਆਂ ਵਿੱਚ ਇਸ ਦਾ ਦਾਖਲਾ ਹੋ ਗਿਆ ਹੈ। ਜਿੱਥੇ ਸ਼ੁਰੂਆਤ ਹੋਈ ਹੈ, ਕੁਝ ਪਰਾਬਲੱਮਜ਼ ਵੀ ਆਈਆਂ ਹਨ। ਆਮ ਤੌਰ ਤੇ ਜਿਹੜਾ ਵੀ at the time of ਜਦੋਂ ਕੋਈ ਸਿਖਦਾ ਹੈ ਉਸ ਨੂੰ ਸਿੱਖ ਕੇ ਅੱਗੇ ਪਾਲਿਸੀਆਂ ਵਧ ਸਕਦੀਆਂ ਹਨ। ਸੋ, ਮੈਂ, ਇਸ ਲਈ ਇਸ ਦੀ ਇੰਟਰੋਡਕਸ਼ਨ ਕਰਨਾ ਚਾਹੁੰਦਾ ਸੀ ਤਾਂ ਕਿ ਇਸ ਤੇ ਡਿਬੇਟ ਹੋਵੇ। ਜਿਵੇਂ ਮੈਂ ਗਵਰਨਰ ਐਡਰੈਸ ਵੇਲੇ ਕਿਹਾ ਸੀ ਕਿ ਪੰਜਾਬ ਦੇ ਭਵਿੱਖ ਵਾਸਤੇ ਇਹ ਇਕ ਅਹਿਮ ਚੀਜ਼ ਹੈ। ਇਹ ਸਦਨ ਵਿੱਚ ਅਤੇ ਸਦਨ ਤੋਂ ਬਾਹਰ ਵੀ, ਜਿੱਥੇ ਜਥੇਬੰਦੀਆਂ ਇਸ ਵਿੱਚ ਇੰਟਰੈਸਟ ਲੈਂਦੀਆਂ ਹਨ ਉਹ ਇਸ ਵਿੱਚ ਹਿੱਸਾ ਲੈਣ। ਮੈਂ ਇਸ ਇੰਟਰੋਡਕਟਰੀ ਸਪੀਚ ਨੂੰ ਪੜ੍ਹ ਕੇ ਸੁਣਾ ਦੇਣਾ ਚਾਹੁੰਦਾ ਹਾਂ। ਉਸਦਾ ਕਾਰਨ ਇਹ ਹੈ ਕਿ ਜਦੋਂ ਕੋਈ ਵਰਬੈਟਮ ਬੋਲਦਾ ਹੈ ਤਾਂ ਕੋਈ ਅਖਬਾਰ ਵਾਲਾ ਕੁਝ ਚੁੱਕ ਲੈਂਦਾ ਹੈ ਅਤੇ ਕੋਈ ਕੁਝ ਚੁੱਕ ਲੈਂਦਾ ਹੈ। ਅੱਜ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਕਿਹਾ ਹੈ, ਇਨ੍ਹਾਂ ਦੇ ਮਨ ਵਿੱਚ ਵੀ ਹੋਣਾ ਹੈ ਕਿ ਇੰਟਰੋਡਕਸ਼ਨ ਅੱਜ ਹੋਵੇ। ਮੈਂ ਚਾਹੁੰਦਾ ਹਾਂ ਕਿ ਏਥੇ ਕੋਈ ਇਹੋ ਜਿਹੀ ਐਂਬੂਗਵਿਟੀ ਨਾ ਰਹੇ ਅਤੇ ਕੋਈ ਅਖਬਾਰ ਇਸ ਗੱਲ ਨੂੰ ਨਾ ਚੁੱਕੇ ਕਿਉਂਕਿ ਉਹ ਪੰਜ ਇਸ਼ੂ ਚੁੱਕ ਲੈਂਦੇ ਹਨ, ਅਤੇ ਕਹਿੰਦੇ ਹਨ ਕਿ ਇਨ੍ਹਾਂ ਤੇ ਡਿਬੇਟ ਲਿਖਣੀ ਚਾਹੁੰਦੇ ਹਾਂ ਇਸਦੇ ਬਾਰੇ ਤੁਹਾਡਾ ਕੀ ਵਿਚਾਰ ਹੈ। ਉਸ ਨਾਲ ਸਹੀ ਬਿਲ ਲੋਕਾਂ ਦੇ ਸਾਹਮਣੇ ਨਹੀਂ ਪਹੁੰਚਦਾ। ਇਸ ਤਰ੍ਹਾਂ ਕਰਨ ਨਾਲ ਸਹੀ ਬਿਲ ਲੋਕਾਂ ਕੋਲ ਜਾਏਗਾ। ਮੈਂ ਇਸ ਦੇ ਬਾਰੇ ਕੁਝ ਬੋਲਣਾ ਚਾਹੁੰਦਾ ਹਾਂ। ਮੈਂ ਚਾਹੁੰਦਾ ਹਾਂ ਕਿ ਅਸੀਂ ਇਹ ਸਾਰਾ ਅਖਬਾਰਾਂ ਨੂੰ ਵੰਡ ਦਿਆਂਗੇ ਤਾਂ ਕਿ ਕਿਸੀ ਤਰ੍ਹਾਂ ਦੀ ਕੋਈ ਐਂਬੂਗਵਿਟੀ ਨਾ ਰਹੇ।

As Hon'ble Members are aware that electric power has had the most profound influence during the past century on the way people live and work. It has become a basic need without which the quality of life remains poor.

Punjab has been a pioneering state in the rapid electrification of every nook and corner of the State after India attained independence. However, the process was halted when the State fell prey to militancy during the 1980s. Unfortunately, even after normalcy was restored and the development process resumed, the Akali government dealt a bloody blow to PSEB by destroying its financial health through short-sighted populism such as free power supply to farmers.

We discovered at our cost and peril that free supply would ultimately lead to no supply and that it was more important to provide reliable supply at a reasonable price than to promise free goodies that the State was incapable of delivering, particularly in view of the precarious finances of the State Government that the Akalis left behind.

Original with;
Punjab Vidhan Sabha
Digitized by;
Punjab Digital Library

As a result of past mismanagement, Punjab faces the shame of 3 lakh farmers waiting in a queue to get a mere electric connection and the 8 lakh farmers who have the connections, cannot get power supply for more than 8 hours a day. My government had to take extraordinary measures to reach additional supplies to farmers during the last kharif when their crops faced a severe stress caused by an unprecedented drought.

We have to put all this behind us. A resurgent Punjab cannot but provide power to every one, in every household, work place, and at each moment. No State can claim to be developed or civilized if a basic amenity like electricity is not assured to all its citizens. It is, therefore, the resolve of my government to provide universal access to reliable supply at competitive and affordable prices.

What stands in the way of our cherished objective must be demolished. First and foremost, the monopoly of PSEB would have to go. Producers of power must have the freedom to sell power to whoever is willing to buy. This would not only improve efficiency and cut costs, it would also add to the much-needed capacity that is necessary for alleviating the present power cuts. The State needs an investment of over Rs. 10,000 crore in the next five years and unless we attract private investment on competitive terms, our people may be starved of power supply.

It is inevitable that we modernize our power sector on the basis of international experience and open it up to investment and competition. Let producers come foward and fulfil all the demand for power supply. Let them complete and provide the most optimum services to the people. The government should not obstruct this endeavour under any mistaken notions of its own role.

We need to remember that a Punjabi is enterprising and hard working by nature. He is productive and dynamic. He knows the value of what he produces or what he buys. He is happy to spend on the welfare of his family and for his own well-being. The average household in Punjab earns about Rs. 12,500 per month and it is unthinkable that it would be unwilling to pay a reasonable price for reliable power supply. In the matter of power supply, the fault is not of the people; it rests entriely with faulty government policies; and we are determined to set things right.

The consumer is presently paying about Re. 1 per unit in the form of T&D losses, often referred to as 'theft and dacoity'. Thus, for every 100 units purchased by a consumer, he also has to pay for 38 units in T&D losses. In addition, he pays over 65 paise per unit to

Original with;
Punjab Vidhan Sabha
Digitized by;

[ Chief Minister ]

support the establishment costs of PSEB. We need to cut these costs and reduce their burden on the consumer and taxpayer. We, therefore, need to restructure the monolithic PSEB and form viable corporate entities that would be more efficient and accountable.

Corporatization does not necessarily mean privatization. In the first stage, we will try and run the new entities in the public sector by providing performance based incentives to the employees and by empowering them to improve their productivity. Side by side we will induct competition in generation so that consumers have choice, thereby compelling the public and private sector entities to improve services and cut costs. We see competition as the vehicles for improving services, and that will be the thrust of our reform strategy. Privatization will be considered at a later stage only when we are assured that consumers will stand to gain by such privatization. At all times, consumer interest will be our over riding priority.

The proposed Bill is essentially an enabling one. It does not mandate any restructuring as such, nor does it fix any time frame. It will only enable the State Government to undertake these measures as and when it deems appropriate to do so. I have assured the people on several occasions that we will take these steps after the fullest consideration of the larger interests of our State and after a debate on the issues involved. It is not our intention to undertake reforms for reforms sake. My government is committed to only such reforms that would benefit the people of Punjab and we wish to pursue reforms only if they are endorsed by the people.

As the Hon'ble Members are no doubt aware, there is a national consensus about the need for reform and restructuring of the power sector. So far, eight States have passed their respective reform legislations while, two more are on the verge of doing so. The Central Government has also introduced reform legislation in the Parliament. Punjab cannot afford to lag behind. On the contrary, it should draw upon the experiences of these States and forge ahead with a better model that would lead the way. We must remember that Punjab led the green revolution that gave food security to India. We should now strive to pave the way for energy security. Let Punjab be the undisputed leader once again, in an area that is equally critical for sustaining growth and development.

Mr. Speaker, Sir, I now wish to touch upon some of the salient features of the proposed Bill.

Original with;
Punjab Vidhan Sabha
Digitized by;

**Restructuring and corporatization :**

One of the reasons contributing to the present inefficiency and losses is the combination of generation, distribution and transmission of electricity in the same entity. This has resulted in lack of focus and absence of operational and financial accountability. In order to enable the functions of generation, transmission, distribution and supply services to develop fully to provide efficient and cost effective services, restructuring of the PSEB is imperative. Therefore, the existing functions of generation, transmission and distribution are proposed to be entrusted to separate entities.

The proposed restructuring will not only enable functional specialization but will also promote competition, particularly in generation and supply. Across the world, economic and technological developments have been driving the electricity industry to restructure its operations for taking greater choice, efficiency and economy at the consumer's doorstep. In the emerging structure, both in developed as well as developing economies competition in generation and open access to transmission and distribution networks are providing tangible gains for economic growth and consumer welfare. Competition is thus perceived by the State Government as crucial to the reform strategy as it has delivered significant gains for the consumers in several countries.

**Generation :**

Private participation is envisaged in setting up of new generating capacity without the need for a licence, but subject to the rules made by the State Government regarding the location, fuel or other matters of public importance. New generating companies would have the freedom to generate and supply electricity in a competitive environment that would work to the advantage of the consumer. It is proposed to deregulate the generation sector and allow prospective generating stations to supply electricity in a free market.

In order to safeguard consumer interests and, the State's entitlements to low-cost power from old power stations, the existing agreements will continue as before.

Original with;
Punjab Vidhan Sabha
Digitized by;

[ Chief Minister ]

**Transmission :**

Under the proposed arrangement, the transmission network will act as a transmission high way for flow of electricity from generating companies to customers—whether distribution companies or bulk consumers—on the basis of contractual agreements between them. This is proposed to be achieved through establishment of a separate corporation entity, the State Transmission Company, as part of the unbundling of PSEB. The new company will generate its income from wheeling charges for transmission services.

**Distribution :**

Reduction of T&D losses, reliable power supply, and better consumer satisfaction is the principal objective of the Punjab Electricity Bill. The existing distribution circles in the State will have to be organized as corporate entities that are able to operate in a commercially viable manner with sufficient financial and operational autonomy to carry out distribution of electricity.

**Independence of the Regulatory Commission :**

Eventually power sector in Punjab is perceived to develop through full emergence of a large number of competing players delivering quality services to consumers. This will necessarily required a functioning market with proper, transparent and fair regulation rather than government control over commercial and operational aspects of the sector. Of paramount importance is the setting of tariffs in a fair and transparent manner and regulation of the various entities by an independent Regulatory Commission. The Commission will discharge regulatory, licensing and tariff/setting functions.

There already exists a Regulatory Commission in Punjab that was set up in 2001 under the Electricity Regulatory Commissions Act, 1998. It is essential to reconstitute the Regulatory Commission as a multi-disciplinary commission for taking up the challenges of the future.

**Subsidies :**

The Commission would be required to promote an equitable supply of electricity to the rural areas and to the weaker sections. Government would, however, continue to provide direct subsidies to reduce the tariff for selected target groups, particularly the farmers.

Original with;
Punjab Vidhan Sabha
Digitized by;

The Bill also provides for timely reimbursement of such subsidies by the State Government to the proposed distribution companies.

**State Electricity Plan :**

The State Government will evolve and publish a State Electricity Plan once every 5 years and annual plans once a year. The plans will be prepared after a process of consultation with the stakeholders. This would ensure continuing public participation in the reform process.

**Rural Electrification :**

The State Government recognizes the importance of providing electricity to all, and in particular the rural population of the State. There is a need to develop suitable models for rural electrification in accordance with the requirements and the conditions in the State. The Government would have to play a pro-active role through combination of policy and fiscal measures. The Bill provides for the articulation of such a role.

**Anti Theft Provisions :**

The Bill contains stringent provisions for minimizing theft and pilferage of electricity. It provides for summary trial of the first offence, and enhanced punishment for the second and subsequent offences. Compounding of offences by the Regulatory Commission has also been stipulated. The emphasis, however, is on speedy resolution through financial penalties rather than on criminal prosecution.

**Impact on Stakeholders :**

The reform strategy of my Government aims at promoting the interests of all sections of the people of Punjab.

It will be our endeavour to provide connections on demand to all farmers and to increase their hours of supply. Any increase in tariffs will be reasonable and only to the extent necessary for improving supplies. Support of the government in terms of subsidy will continue.

Households will be able to get assured and reliable supply with freedom from power cuts. Improved services at competitive prices will help improve the quality of life of every citizen.

Industry will be able to buy power from competing producers,

Original with;
Punjab Vidhan Sabha
Digitized by;

[ Chief Minister ]

thus ensuring better and cheaper power supply. Needless to say industrial growth will bring more incomes and employment for the people.

As for PSEB employees, about which my friends are concerned, and we are equally concerned, we are aware they are our employees and we are not going to dump our employees. Their interest will be foremost to us. My Government wishes to assure them that their terms of service will be fully protected. (Thumping) They will be empowered to improve the functioning of the proposed corporate entities; we will also offer them equity participation and they can have the satisfaction of serving Punjab better while improving their own service conditions.

**Summing up :**

The Bill creates an enabling framework for the State to pursue a cautious, yet definite path towards restructuring and liberalization of the power sector in the interests of our people. The Bill has been broadly developed on the pattern adopted for the Central Electricity Bill coupled with recommendations of the Standing Committee of the Parliament. It has also taken into account the existing reform legislations in several other States.

I wish to assure all sections of the people that my government is committed to furthering the interests of each and every section of the society. I have thrown open this debate, as never before, only to elicit the views and support of all sections of our people. We have resolved to carry forward this process with the fullest public participation. Thank you, Sir.

**Mr. Speaker :** Question is—

That leave be granted to introduce the Punjab Electricity Bill.

*The motion was carried.*

**Chief Minister (Captain Amarinder Singh) :** Sir, I beg to introduce the Punjab Electricity Bill.

Original with;
Punjab Vidhan Sabha
Digitized by;

## 1. OFFICIAL RESOLUTION NO. 1 REG. INCENTIVES TO THE INDUSTRIAL UNITS IN THE STATE OF PUNJAB

**Mr. Speaker :** Official Resolution No. 1. C.M. Sahib.

**Chief Minister (Captain Amarinder Singh) :** Sir, I beg to move—

"This House views with concern the impact of the Special Package of incentives granted by the Government of India in the form of Excise Waiver and Income Tax holiday to the neighbouring States on the existing industrial units and the new Industrial investment in Punjab and unanimously resolves to urge upon the Government of India to provide the same Special Package of Incentives to the Industrial units in the State of Punjab that has been provided to the States of Uttaranchal and Himachal Pradesh,—*vide* Office Memorandum No. 1(10)2001-NER dated 7th January, 2003."

**Mr. Speaker :** Motion moved—

"This House views with concern the impact of the Special Package of incentives granted by the Government of India in the form of Excise Waiver and Income Tax holiday to the neighbouring States on the existing industrial units and the new Industrial investment in Punjab and unanimously resolves to urge upon the Government of India to provide the same Special Package of Incentives to the Industrial units in the State of Punjab that has been provided to the States of Uttaranchal and Himachal Pradesh,—*vide* Office Memorandum No. 1(10)2001-NER dated 7th January, 2003."

Discussion, Captain Kanwaljit Singh.

**ਕੈਪਟਨ ਕੰਵਲਜੀਤ ਸਿੰਘ (ਬਨੂੜ) :** ਮਾਨਯੋਗ ਸਪੀਕਰ ਸਾਹਿਬ, ਪੰਜਾਬ ਦੀ ਆਰਥਿਕਤਾ ਲਈ ਬੜਾ ਹੀ ਅਹਿਮ ਮਤਾ ਮਾਨਯੋਗ ਮੁੱਖ ਮੰਤਰੀ ਜੀ ਨੇ ਪੇਸ਼ ਕੀਤਾ ਹੈ। ਮੈਂ, ਬਜਟ ਸਪੀਚ ਤੇ ਬੋਲਦਿਆਂ ਹੋਇਆਂ ਇਹ ਪੇਸ਼ਕਸ਼ ਕੀਤੀ ਸੀ ਕਿ ਜੇ ਸਰਕਾਰ ਇਸ ਤਰ੍ਹਾਂ ਦਾ ਮਤਾ ਲੈ ਕੇ ਆਵੇ ਤਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੈਂ ਭਰੋਸਾ ਦਿੱਤਾ ਸੀ ਕਿ ਅਸੀਂ ਇਸ ਮਤੇ ਦੀ ਪ੍ਰੋੜ੍ਹਤਾ ਕਰਾਂਗੇ। ਸਪੀਕਰ ਸਾਹਿਬ, ਅੱਜ ਪੰਜਾਬ ਦੇ ਖੁਸ਼ਹਾਲ ਹੋਣ ਲਈ ਪੰਜਾਬ ਨੂੰ ਅਗਲੇ ਪੜਾਅ ਉਪਰ ਤਰੱਕੀ ਤੇ ਲਿਜਾਉਣ ਲਈ ਇਹ ਲਾਜ਼ਮੀ ਹੈ ਕਿ ਸਾਡੇ ਪੰਜਾਬ ਦੀ ਸਨਅਤ, ਇੰਡਸਟਰੀਲਾਈਜੇਸ਼ਨ ਨੂੰ ਬੜਾਵਾ ਦਿੱਤਾ ਜਾਵੇ। ਇਸ ਵਾਸਤੇ ਵੱਖ-ਵੱਖ

Original with;
Punjab Vidhan Sabha
Digitized by;

[ਕੈਪਟਨ ਕੰਵਲਜੀਤ ਸਿੰਘ]

ਉਪਰਾਲੇ ਸਾਡੀ ਸਰਕਾਰ ਵੇਲੇ ਵੀ ਕੀਤੇ ਗਏ। ਮੈਂ ਕਹਿੰਦਾ ਹਾਂ ਕਿ ਸਾਡੀ ਸਰਕਾਰ ਵੇਲੇ ਪੰਜ ਸਾਲਾਂ ਵਿੱਚ ਤਕਰੀਬਨ 16,500 ਕਰੋੜ ਰੁਪਏ ਦੀ ਇਨਵੈਸਟਮੈਂਟ ਪੰਜਾਬ ਵਿੱਚ ਸਨਅਤ, ਇੰਡਸਟਰੀਲਾਈਜ਼ੇਸ਼ਨ ਪੱਖੋਂ ਕੀਤੀ ਗਈ। (ਥੰਪਿੰਗ) ਜਿਸ ਨਾਲ ਪੰਜਾਬ ਦੇ ਵਿਕਾਸ ਨੂੰ, ਪੰਜਾਬ ਦੀ ਸਨਅਤ, ਇੰਡਸਟਰੀਲਾਈਜ਼ੇਸ਼ਨ ਨੂੰ ਬੜਾ ਹੁਲਾਰਾ ਮਿਲਿਆ। ਮੈਨੂੰ ਯਕੀਨ ਹੈ ਕਿ ਅੱਜ ਦੀ ਸਰਕਾਰ ਵੀ ਇਸ ਸਨਅਤੀ ਵਿਕਾਸ ਵਿੱਚ ਅੱਗੇ ਵੱਧਦੀ ਹੋਈ ਕੋਈ ਨਾ ਕੋਈ ਨੀਤੀਆਂ ਜਾਰੀ ਰੱਖੇਗੀ। ਸਪੀਕਰ ਸਾਹਿਬ, ਇਕ ਵੇਲੇ ਭਾਰਤ ਸਰਕਾਰ ਦੇ ਪੱਧਰ ਤੇ ਇੱਕ ਫਾਇਨਾਂਸ ਮਨਿਸਟਰਾਂ ਦੀ ਮੀਟਿੰਗ ਹੋਈ ਸੀ। ਇਸ ਸਬੰਧੀ ਫਾਇਨਾਂਸ ਮਨਿਸਟਰਾਂ ਦੀ ਕਮੇਟੀ ਬਣਾਈ ਗਈ ਸੀ ਜਿਸ ਵਿੱਚ ਸੇਲਜ਼ ਟੈਕਸ ਸਾਰੇ ਰਾਜਾਂ ਵਿੱਚ ਯੂਨੀਫਾਰਮ ਕਰਨ ਅਤੇ ਹੋਰ ਦੂਸਰੇ ਇੰਸੈਂਟਿਵ ਦੇਣ ਬਾਰੇ ਫੈਸਲਾ ਕੀਤਾ ਗਿਆ ਸੀ। ਸਪੀਕਰ ਸਾਹਿਬ, ਮੈਨੂੰ ਵੀ ਉਸ ਕਮੇਟੀ ਵਿੱਚ ਕੰਮ ਕਰਨ ਦਾ ਮਾਣ ਪ੍ਰਾਪਤ ਹੋਇਆ। ਉਸ ਵਿੱਚ ਇੱਕ ਗੱਲ ਜ਼ਰੂਰ ਤਹਿ ਹੋਈ ਸੀ ਕਿ ਜਿੱਥੋਂ ਤੱਕ ਸੇਲਜ ਟੈਕਸ ਜਾਂ ਦੂਸਰੇ ਕਨਸੈਸ਼ਨਾਂ ਦਾ ਸਵਾਲ ਹੈ, ਕੈਪੀਟਲ ਜਾਂ ਦੂਸਰੀਆਂ ਸਬਸਿਡੀਆਂ ਤੇ ਇੱਕ ਸਾਰ ਲੈਵਲ ਪਲਾਨਿੰਗ ਫੀਡ ਹੋਣੀ ਚਾਹੀਦੀ ਹੈ ਔਰ ਕਿਸੇ ਸੂਬੇ ਨੂੰ ਆਗਿਆ ਨਹੀਂ ਹੋਣੀ ਚਾਹੀਦੀ ਕਿ ਉਹ ਆਪਣੇ ਸੂਬੇ ਨੂੰ ਅਟਰੈਕਟ ਕਰਨ ਵਾਸਤੇ ਕੈਪੀਟਲ ਸਬਸਿਡੀਆਂ ਜਾਂ ਸੇਲਜ ਟੈਕਸ ਦੀ ਕਨਸੈਸ਼ਨ ਦੇਵੇ। ਇਸ ਵਾਸਤੇ ਨੈਸ਼ਨਲ ਕਨਸੈਂਸਿਜ਼ ਬਣਿਆ। ਭਾਰਤ ਦੇ ਸਾਰੇ ਮੁੱਖ ਮੰਤਰੀਆਂ ਨੇ ਇਸ ਤੇ ਸਹਿਮਤੀ ਦਿੱਤੀ ਔਰ ਫੈਸਲਾ ਹੋਇਆ ਕਿ ਕਿਸੇ ਵੀ ਇੰਡਸਟਰੀ ਲਈ ਕੋਈ ਵੀ ਸਟੇਟ ਡਾਇਰੈਕਟ ਇੰਸੈਂਟਿਵ, ਫਿਸਕਲ ਇੰਸੈਂਟਿਵ ਨਹੀਂ ਦੇਵੇਗੀ। ਸਾਡੇ ਗੁਆਂਢੀ ਸੂਬੇ ਜੰਮੂ ਕਸ਼ਮੀਰ, ਉਤਰਾਂਚਲ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਵਿੱਚ ਔਰ ਹੋਰ ਨਾਰਥ ਈਸਟਰਨ ਸਟੇਟਾਂ ਵਿੱਚ ਇੰਡਸਟਰੀ ਲਈ ਸੈਂਟਰ ਵੱਲੋਂ ਸਪੈਸ਼ਲ ਪੈਕੇਜ ਦਿੱਤੇ ਗਏ ਹਨ। ਅਸੀਂ ਉਨ੍ਹਾਂ ਨੂੰ ਇਹ ਪੈਕੇਜ ਦੇਣ ਤੇ ਵਿਰੋਧ ਨਹੀਂ ਕਰਦੇ, ਅਸੀਂ ਇਹ ਵੀ ਨਹੀਂ ਚਾਹੁੰਦੇ ਕਿ ਉਹ ਸਪੈਸ਼ਲ ਪੈਕੇਜ ਵਾਪਸ ਲਏ ਜਾਣ। ਸਪੀਕਰ ਸਾਹਿਬ, ਇਨ੍ਹਾਂ ਪ੍ਰਾਂਤਾਂ ਵਿੱਚ ਸਪੈਸ਼ਲ ਪਰਾਬਲਮਜ਼ ਹਨ, ਉਹ ਹਿਲੀ ਸਟੇਟਸ ਹਨ। ਅਸੀਂ ਉਨ੍ਹਾਂ ਦਾ ਵਿਰੋਧ ਨਹੀਂ ਕਰਦੇ ਲੇਕਿਨ ਇਸ ਮਤੇ ਦੀ ਪ੍ਰੋੜ੍ਹਤਾ ਕਰਦੇ ਹੋਏ ਇੱਕ ਗੱਲ ਜ਼ਰੂਰ ਆਖਾਂਗੇ ਕਿ ਇਸ ਫੈਸਲੇ ਨਾਲ ਜਿਹੜੀ ਪੰਜਾਬ ਦੀ ਸਨਅਤ ਹੈ, ਆਖਰਕਾਰ ਜਿਹੜਾ ਸਾਡਾ ਇਥੇ ਨਾਲਾਗੜ੍ਹ ਏਰੀਆ ਹੈ ਜਾਂ ਸਾਡਾ ਪਰਵਾਣੂ ਏਰੀਆ ਹੈ, ਇਹ ਪੰਜਾਬ ਨਾਲੋਂ ਕੀ ਵੱਖਰਾ ਹੈ ਲੇਕਿਨ ਇਥੇ ਇਹ ਇੰਸੈਂਟਿਵ ਹੋਣ ਕਾਰਨ ਜਿਹੜੀ ਸਾਡੇ ਪੰਜਾਬ ਦੀ ਇੰਡਸਟਰੀ ਹੈ, ਉਹ ਪੰਜਾਬ ਵਿੱਚ ਲੱਗਣ ਦੀ ਬਜਾਏ, ਇਨ੍ਹਾਂ ਏਰੀਆਂ ਵਿੱਚ ਲਗਣੀ ਮਨਜ਼ੂਰ ਕਰਦੀ ਹੈ। ਇਸ ਨਾਲ ਸਾਡੇ ਪੰਜਾਬ ਦੀ ਜਿਹੜੀ ਇੰਡਸਟਰੀਲਾਈਜ਼ੇਸ਼ਨ ਹੈ, ਪੰਜਾਬ ਦੀ ਜਿਹੜੀ ਖੁਸ਼ਹਾਲੀ ਹੈ, ਪੰਜਾਬੀ ਦੀ ਜਿਹੜੀ ਤਰੱਕੀ ਹੈ, ਉਹ ਨਹੀਂ ਹੋਵੇਗੀ। ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਹੈ ਕਿ ਜੇ ਸਾਡੇ ਸੂਬੇ ਅੰਦਰ ਸਨਅਤ ਲੱਗੇਗੀ ਤਾਂ ਹੀ ਬੇਰੁਜ਼ਗਾਰੀ ਦੀ ਸਮੱਸਿਆ ਵੀ ਕੁਝ ਹੱਲ ਹੋਏਗੀ। ਜੇ ਸਾਡੇ ਸੂਬੇ ਅੰਦਰ ਸਨਅਤ ਲੱਗੇਗੀ ਤਾਂ ਹੀ ਖੇਤੀਬਾੜੀ ਪੈਦਾਵਰ ਵਾਸਤੇ ਵੈਲਿਊ ਐਡੀਸ਼ਨ ਲਈ ਇਥੇ ਕੋਈ ਨਾ ਕੋਈ ਕਾਰੋਬਾਰ ਸ਼ੁਰੂ ਹੋਣਗੇ। ਇਸੇ ਕਰਕੇ ਹੀ ਜਿਹੜੀ ਪਲੈਟੋ (plateau) ਹੈ, ਜਿਹੜੀ ਸਭ ਤੋਂ ਵੱਡੀ ਡਿਵੈਲਪਮੈਂਟ ਬਣੀ ਹੈ, ਉਸ ਨੂੰ ਅਗਲੇ ਪੜਾਅ ਤੱਕ ਲਿਜਾਣ

Original with;
Punjab Vidhan Sabha
Digitized by;

ਵਾਸਤੇ ਲਾਜ਼ਮੀ ਹੈ ਕਿ ਪੰਜਾਬ ਦੀ ਇੰਡਸਟਰੀਲਾਈਜ਼ੇਸ਼ਨ ਐਸੀ ਸੂਝਬੂਝ ਦੇ ਨਾਲ ਕੀਤੀ ਜਾਵੇ, ਐਸੀ ਨੀਤੀ ਦੇ ਨਾਲ ਕੀਤੀ ਜਾਵੇ, ਜਿਹੜੀ ਕਿ ਪੰਜਾਬ ਨੂੰ ਇੱਕ ਇੰਡਸਟਰੀਏਲਾਈਡ ਸੂਬਾ ਬਣਾਉਣ ਵਾਸਤੇ ਕਾਮਯਾਬ ਹੋਵੇ। ਲੇਕਿਨ ਸਾਡੀਆਂ ਇਨ੍ਹਾਂ ਕੋਸ਼ਿਸ਼ਾਂ ਵਿੱਚ, ਇਹ ਜੋ ਸਾਰੇ ਇੰਡਸਟਰੀ ਲਈ ਕਨਸੈਸ਼ਨ ਨਾਲ ਦੀਆਂ ਸਟੇਟਾਂ ਨੂੰ ਦਿੱਤੇ ਗਏ ਹਨ, ਉਨ੍ਹਾਂ ਵਿੱਚ ਲਾਜ਼ਮੀ ਤੌਰ ਤੇ ਪੰਜਾਬ ਦੀ ਸਨਅਤ ਨਾਲ, ਪੰਜਾਬ ਦੇ ਸੂਬੇ ਨਾਲ, ਪੰਜਾਬ ਦੀ ਜਨਤਾ ਨਾਲ ਵਿਤਕਰਾ ਹੁੰਦਾ ਹੈ। ਇਹ ਸਾਡੇ ਨਾਲ ਵਿਤਕਰਾ ਹੈ। ਮੈਂ ਅੱਜ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਹਿਮਤੀ ਪ੍ਰਗਟ ਕਰਾਂਗਾ ਕਿ ਅਸੀਂ ਸਾਰੇ ਇਸ ਸਦਨ ਵਿੱਚ ਰਲ ਕੇ ਭਾਰਤ ਸਰਕਾਰ ਨੂੰ ਇਹ ਬੇਨਤੀ ਕਰੀਏ ਕਿ ਉਨ੍ਹਾਂ ਨੂੰ ਦਿੱਤੇ ਗਏ ਪੈਕੇਜ ਵਾਪਸ ਨਾ ਲੈਣ ਪਰ ਉਹੀ ਕਨਸੈਸ਼ਨ, ਚਾਹੇ ਇਨਕਮ ਟੈਕਸ ਕਨਸੈਸ਼ਨ ਹੈ, ਚਾਹੇ ਕੈਪੀਟਲ ਸਬਸਿਡੀ, ਚਾਹੇ ਟੈਕਸੇਸ਼ਨ ਵਿੱਚ ਕੋਈ ਰਿਆਇਤ ਹੈ ਅਤੇ ਜਿਹੜੀਆਂ ਹੋਰ ਰਿਆਇਤਾਂ ਇੰਡਸਟਰੀ ਲਈ ਦਿੱਤੀਆਂ ਹਨ, ਉਹ ਸਾਰੀਆਂ ਦੀਆਂ ਸਾਰੀਆਂ ਸਾਡੀ ਪੰਜਾਬ ਦੀ ਸਨਅਤ ਨੂੰ ਵੀ ਦੇ ਦਿੱਤੀਆਂ ਜਾਣ। ਸਪੀਕਰ ਸਾਹਿਬ, ਮੈਂ ਇਹ ਗੱਲ ਇਸ ਕਰਕੇ ਇਸ ਮਹਾਨ ਸਦਨ ਵਿੱਚ ਕਹਿ ਰਿਹਾ ਹਾਂ ਕਿ ਸਾਡਾ ਸ਼੍ਰੋਮਣੀ ਅਕਾਲੀ ਦਲ ਇਸ ਗੱਲ ਉਤੇ ਇਕ ਮੱਤ ਹੈ ਕਿ ਜਿਥੋਂ ਤੱਕ ਪੰਜਾਬ ਦੇ ਹਿੱਤਾਂ ਦਾ ਸਵਾਲ ਹੈ, ਅਸੀਂ ਸਰਕਾਰ ਨੂੰ ਸਹਿਯੋਗ ਦੇਣ ਲਈ ਤਿਆਰ ਹਾਂ। (ਥੰਪਿੰਗ) ਜਿਥੋਂ ਤੱਕ ਪੰਜਾਬ ਦੀ ਖੁਸ਼ਹਾਲੀ ਦਾ ਸਵਾਲ ਹੈ, ਅਸੀਂ ਸਰਕਾਰ ਦੇ ਨਾਲ ਰਲ ਕੇ ਚੱਲਣ ਲਈ ਤਿਆਰ ਹਾਂ। ਅਸੀਂ ਇਥੇ ਮਤਾ ਪਾਸ ਕਰਨ ਲਈ ਵੀ ਤਿਆਰ ਹਾਂ। ਅਸੀਂ ਜੋ ਇਹ ਆਖਣ ਤਾਂ ਪ੍ਰਧਾਨ ਮੰਤਰੀ ਜੀ ਕੋਲ ਔਰ ਭਾਰਤ ਸਰਕਾਰ ਕੋਲ ਜਾ ਕੇ ਪੰਜਾਬ ਦਾ ਦੁਖ-ਰੋਣ ਵਾਸਤੇ ਤਿਆਰ ਹਾਂ, ਲੇਕਿਨ ਸਰਕਾਰ ਸਾਡਾ ਸਹਿਯੋਗ ਤਾਂ ਮੰਗੇ। ਇਹ ਤਾਂ ਸਾਡੇ ਨਾਲ ਲੜਾਈ ਜ਼ਿਆਦਾ ਪਾ ਕੇ ਰੱਖਦੇ ਹਨ। ਸੋ, ਸਪੀਕਰ ਸਾਹਿਬ, ਮੈਂ ਇਸ ਮਤੇ ਦੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਪ੍ਰੋੜ੍ਹਤਾ ਕਰਦਾ ਹੋਇਆ ਬੇਨਤੀ ਕਰਾਂਗਾ ਕਿ ਸਾਡੇ ਇਸ ਮਹਾਨ ਸਦਨ ਦੀ ਇੱਕ ਆਵਾਜ਼, ਜਿਹੜੀ ਆਵਾਜ਼ ਅੱਜ ਇਸ ਸਦਨ ਵਿੱਚ ਹੈ, ਭਾਰਤ ਸਰਕਾਰ ਪੂਰਨ ਤੌਰ ਤੇ ਉਸ ਤੇ ਵਿਚਾਰ ਕਰਕੇ ਪੰਜਾਬ ਦੀ ਸਨਅਤ ਦੀ ਰਾਖੀ ਕਰੇ ਤਾਂ ਹੀ ਇਹ ਅੱਗੇ ਰਸਤਾ ਤਹਿ ਕਰ ਸਕੇਗੀ। ਲੇਕਿਨ ਮੈਂ, ਅੱਜ ਇਸ ਮਤੇ ਦੇ ਰਾਹੀਂ ਔਰ ਸਾਡੇ ਵੱਲੋਂ ਇਹ ਪ੍ਰੋੜ੍ਹਤਾ ਦੇ ਰਾਹੀਂ ਇਹ ਕਹਾਂਗਾ ਕਿ ਇਸ ਮਹਾਨ ਸਦਨ ਦੇ ਵਿੱਚ ਇੱਕ ਐਸਾ ਵਾਤਾਵਰਣ, ਇੱਕ ਐਸੀ ਆਵਾਜ਼, ਜਿਹੜੀ ਆਵਾਜ ਦੇ ਨਾਲ ਅੱਜ ਇੱਕ ਗੱਲ ਹੋ ਗਈ ਹੈ, ਕਿ ਪੰਜਾਬ ਦੇ ਹਿੱਤਾਂ ਦੇ ਵਾਸਤੇ, ਵਿਰੋਧੀ ਧਿਰ ਵੀ ਸਰਕਾਰ ਦੇ ਨਾਲ ਹਾਅ ਦਾ ਨਾਅਰਾ ਮਾਰਨ ਵਾਸਤੇ ਤਿਆਰ ਹੈ। ਮੇਰੇ ਖਿਆਲ ਦੇ ਵਿੱਚ ਪੰਜਾਬੀਆਂ ਦੇ ਲਈ ਇਹ ਬੜੀ ਖੁਸ਼ੀ ਦੀ ਖਬਰ ਹੈ ਅਤੇ ਉਨ੍ਹਾਂ ਵਾਸਤੇ ਇਹ ਇੱਕ ਉਤਸ਼ਾਹਜਨਕ ਗੱਲ ਹੋਏਗੀ। ਇੰਨੇ ਸ਼ਬਦਾਂ ਨਾਲ, ਸਪੀਕਰ ਸਾਹਿਬ, ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹੋਇਆ, ਮੈਂ ਆਪ ਤੋਂ ਆਗਿਆ ਮੰਗਾਂਗਾ। (ਥੰਪਿੰਗ)

**ਮਾਨਯੋਗ ਸਪੀਕਰ** : ਹਾਂ ਜੀ, ਖੰਨਾ ਜੀ, ਤੁਸੀਂ ਵੀ ਬੀ.ਜੇ.ਪੀ. ਵੱਲੋਂ ਕਹਿਣਾ ਹੈ ਕਿਉਂਕਿ ਅਕਾਲੀ ਪਾਰਟੀ ਵੱਲੋਂ ਉਨ੍ਹਾਂ ਦਾ ਪੱਖ ਆ ਗਿਆ ਹੈ।

Original with;
Punjab Vidhan Sabha
Digitized by:

**ਸ਼੍ਰੀ ਅਵਿਨਾਸ਼ ਰਾਏ ਖੰਨਾ (ਗੜ੍ਹਸ਼ੰਕਰ)** : ਸਪੀਕਰ ਸਾਹਿਬ, ਵੈਸੇ ਤਾਂ ਮੇਰਾ ਆਪਣਾ ਸਵਾਲ ਵੀ ਇਸ ਬਾਰੇ ਸੀ, ਜਿਸ ਤੇ ਮਾਨਯੋਗ ਮੁੱਖ ਮੰਤਰੀ ਜੀ ਨੇ ਬੜੀ ਹਮਦਰਦੀ ਨਾਲ ਇੰਡਸਟਰੀ ਲਈ ਵਿਚਾਰ ਕਰਨ ਦੀ ਗੱਲ ਕਹੀ ਸੀ। ਸੋ, ਆਪਣੀ ਪਾਰਟੀ ਵੱਲੋਂ ਮੈਂ ਇਹ ਆਸ਼ਵਾਸ਼ਨ ਦਿੰਦਾ ਹਾਂ ਕਿ ਜਦੋਂ ਵੀ ਮੁੱਖ ਮੰਤਰੀ ਜੀ, ਮਾਨਯੋਗ ਪ੍ਰਧਾਨ ਮੰਤਰੀ ਜੀ ਨੂੰ ਮਿਲਣ ਜਾਣ, ਅਸੀਂ ਬਤੌਰ ਬੀ.ਜੇ.ਪੀ., ਵੱਲੋਂ ਇਨ੍ਹਾਂ ਦੇ ਨਾਲ ਪੰਜਾਬ ਦੇ ਹਿਤਾਂ ਦੇ ਵਾਸਤੇ ਜੋ ਵੀ ਇੰਡਸਟਰੀ ਲਈ ਮੰਗ ਰੱਖਣਗੇ, ਉਸ ਦੇ ਨਾਲ ਪੂਰਾ ਸਹਿਯੋਗ ਦੇਵਾਂਗੇ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ)** : ਸਪੀਕਰ ਸਾਹਿਬ, ਮੈਂ ਲੀਡਰ ਆਫ਼ ਦਿ ਆਪੋਜ਼ੀਸ਼ਨ ਅਤੇ ਇਨ੍ਹਾਂ ਦੇ ਮੈਂਬਰ ਸਾਹਿਬਾਨ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸਾਡੇ ਰੈਜ਼ੋਲਿਊਸ਼ਨ ਦੀ ਪੂਰੀ ਸਪੋਰਟ ਕਰਨ ਦਾ ਵਿਸ਼ਵਾਸ ਦਿੱਤਾ ਹੈ। ਇਹ ਬੜੀ ਖੁਸ਼ੀ ਦੀ ਗੱਲ ਹੈ। ਅੱਜ ਹਿੰਦੁਸਤਾਨ ਦੇ ਵੱਖ-ਵੱਖ ਸੂਬਿਆਂ ਦੀਆਂ ਆਪਣੀਆਂ ਆਪਣੀਆਂ ਪ੍ਰਾਬਲਮਜ਼ ਹਨ। ਸਾਡੀ ਵੀ ਆਪਣੀ ਪ੍ਰਾਬਲਮ ਹੈ ਔਰ ਮੈਨੂੰ ਅਫਸੋਸ ਸਿਰਫ ਉਦੋਂ ਹੀ ਹੁੰਦਾ ਹੈ ਕਿ ਜਦੋਂ ਅਸੀਂ ਇਨ੍ਹਾਂ ਮਸਲਿਆਂ ਦੇ ਉਤੇ ਸਿਰਫ ਵਿਚਾਰ ਕਰਦੇ ਹਾਂ ਪਰ ਸੈਂਟਰ ਦੇ ਵਿੱਚ ਜਿਹੜੇ ਇਨ੍ਹਾਂ ਦੇ ਹੁਕਮਰਾਨ ਬੈਠੇ ਹਨ, ਉਨ੍ਹਾਂ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਕੀ-ਕੀ ਪ੍ਰਾਬਲਮਜ਼ ਕਦੋਂ-ਕਦੋਂ ਆਈਆਂ ਹਨ। ਸਾਡਾ ਪਿਛੋਕੜ ਕੀ ਹੈ, ਸਾਡੀ ਹਿਸਟਰੀ ਕੀ ਹੈ। ਅਸੀਂ ਕਿਉਂ ਏਥੇ ਗੜਬੜੀ ਦੇ ਸਮੇਂ ਦੇ ਵਿਚੋਂ ਦੀ ਗੁਜ਼ਰ ਕੇ ਆਏ ਹਾਂ ਔਰ ਫਿਰ ਉਹ ਫੈਸਲਾ ਕਰਨ। ਅੱਜ ਹਿਮਾਚਲ ਪ੍ਰਦੇਸ਼ ਦੇ ਵਿਚ 11 ਲੱਖ ਨੌਜਵਾਨ ਬੇਰੁਜ਼ਗਾਰ ਫਿਰਦੇ ਹਨ ਔਰ ਇਹ ਭੁੱਲ ਗਏ ਹਨ ਕਿ ਪੰਜਾਬ ਦੇ ਵਿੱਚ 20 ਲੱਖ ਬੇਰੁਜ਼ਗਾਰ ਨੌਜਵਾਨ ਘੁੰਮ ਰਹੇ ਹਨ। ਇਹ ਜੋ ਇੰਡਸਟਰੀ ਦੀ ਸਹੂਲਤ ਹੈ ਇਹ ਉਨ੍ਹਾਂ ਨੂੰ ਸੌਂਕ ਦੇ ਨਾਲ ਦਿਉ। ਉਤਰਾਂਚਲ ਰਾਜ ਨੂੰ ਦਿਉ, ਜੰਮੂ ਕਸ਼ਮੀਰ ਦੇ ਵਿੱਚ ਜੋ ਮਸਲਾ ਹੈ, ਉਨ੍ਹਾਂ ਨੂੰ ਦਿਉ। ਇਸੇ ਤਰ੍ਹਾਂ ਭੱਦੀ ਹੈ ਜਾਂ ਨਾਲਾਗੜ੍ਹ ਹੈ ਉਨ੍ਹਾਂ ਨੂੰ ਦਿਉ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਇਹ ਭੁੱਲ ਗਏ ਕਿ ਪੰਜਾਬ ਪਿਛਲੇ 15 ਸਾਲ ਇਕ ਭਿਆਨਕ ਸਮੇਂ ਦੇ ਵਿਚੋਂ ਦੀ ਗੁਜ਼ਰ ਕੇ ਆਇਆ ਹੈ। ਉਹ ਨੌਜਵਾਨ ਸਨ ਜਿਨ੍ਹਾਂ ਨੂੰ ਭੜਕਾਇਆ ਗਿਆ ਔਰ ਜਿਸ ਕਰਕੇ ਅਜਿਹੇ ਪੰਜਾਬ ਦੇ ਵਿਚ ਹਾਲਾਤ ਬਣੇ ਸਨ। ਅਗਰ ਅਸੀਂ ਉਨ੍ਹਾਂ ਦੇ ਵੱਲ ਧਿਆਨ ਨਹੀਂ ਦੇਵਾਂਗੇ, ਉਨ੍ਹਾਂ ਦੇ ਭਵਿੱਖ ਬਾਰੇ ਨਹੀਂ ਦੇਖਾਂਗੇ ਤਾਂ ਫਿਰ ਬੱਚਿਆਂ ਨੂੰ ਕਿਸ ਤਰ੍ਹਾਂ ਬਚਾਇਆ ਜਾਵੇਗਾ। ਇਸੇ ਤਰ੍ਹਾਂ ਐਗਰੀਕਲਚਲਰ ਦਾ ਖੇਤਰ ਹੈ ਜਾਂ ਡਬਲਯੂ.ਟੀ.ਓ. ਦੇ ਇੰਪੈਕਟ ਦੀ ਗੱਲ ਹੈ ਜਾਂ ਐਮ.ਐਸ.ਪੀ. ਫਰੀਜ਼ ਕਰਨ ਦੀ ਗੌਰਮਿੰਟ ਦੀ ਗੱਲ ਹੈ। ਸਾਡੇ ਪਿੰਡਾਂ ਦੇ ਵਿੱਚ 70% ਲੋਕ ਵਸਦੇ ਹਨ ਜਦ ਕਿ 23% ਸ਼ਹਿਰਾਂ ਦੇ ਵਿਚ ਵਸਦੇ ਹਨ। ਅੱਜ ਇੰਡਸਟਰੀ ਕਿਸੇ ਵੀ ਮੁਲਕ ਦੀ ਡਿਵੈਲਪਮੈਂਟ ਵਿਚ ਬਹੁਤ ਅਹਿਮ ਜਗ੍ਹਾ ਰਖਦੀ ਹੈ। ਅੱਜ ਕੋਈ ਵੀ ਸੂਬਾ ਜਾਂ ਕੋਈ ਵੀ ਦੇਸ਼ ਟੋਟਲੀ ਆਪਣੀ ਐਗਰੀਕਲਚਰ ਇਕਾਨਮੀ ਦੇ ਉਤੇ ਸਰਵਾਈਵ ਨਹੀਂ ਕਰ ਸਕਦਾ ਹੈ ਔਰ ਉਸ ਨੂੰ ਇੰਡਸਟਰੀ ਦੀ ਇਕਾਨਮੀ ਦੀ ਲੋੜ ਪੈਂਦੀ ਹੈ। ਅੱਜ ਪੰਜਾਬ ਦੇ ਵਿੱਚ ਮੌਜੂਦਾ 20 ਲੱਖ ਬੱਚੇ ਬੇਰੁਜ਼ਗਾਰ ਬੈਠੇ ਹਨ। ਅੱਜ ਸਾਡੇ ਪੰਜਾਬ ਦੀ ਆਬਾਦੀ 2 ਕਰੋੜ 43 ਲੱਖ ਦੇ ਕਰੀਬ ਹੈ ਔਰ ਦੋ ਫੀਸਦੀ ਦਾ ਵਾਧਾ ਹੁੰਦਾ ਹੈ ਔਰ ਹਰ ਸਾਲ 4 ਲੱਖ 80 ਹਜ਼ਾਰ ਬੱਚਾ ਜੰਮਦਾ ਹੈ। ਅੱਜ ਸਾਡੇ 2,48,000 ਨੌਜਵਾਨ 16 ਸਾਲ ਦੀ ਉਮਰ ਵਿਚ ਪਹੁੰਚ ਰਹੇ ਹਨ ਔਰ ਉਨ੍ਹਾਂ ਨੇ ਹਰ ਸਾਲ ਵਧਦੇ ਹੀ ਜਾਣਾ ਹੈ। ਇਸ ਤਰ੍ਹਾਂ ਹੋਣ ਦੇ ਨਾਲ ਸਾਡੇ ਵਾਸਤੇ ਕੰਪਾਊਂਡਿੰਗ ਪ੍ਰਾਬਲਮ ਹੋ

Original with;
Punjab Vidhan Sabha
Digitized by:

ਜਾਣੀ ਹੈ। ਇਸ ਲਈ, ਗੌਰਮਿੰਟ ਨੂੰ ਸੋਚਣਾ ਚਾਹੀਦਾ ਸੀ ਕਿ ਸਾਡੇ ਪ੍ਰਬਾਲਮਜ਼ ਕੀ ਹਨ। ਅੱਜ ਸਾਡੇ ਚਾਈਨਾ ਤੋਂ ਬਾਈ ਸਾਈਕਲ ਆ ਰਹੇ ਹਨ ਔਰ ਇਸ ਤਰ੍ਹਾਂ ਪੰਜਾਬ ਦੀ ਇੰਡਸਟਰੀ ਨੂੰ ਮਾਰ ਰਹੇ ਹਨ। ਜਿਵੇਂ ਅਸੀਂ ਪਿਛੇ ਦੇਖਿਆ ਸੀ ਤੇ ਇਸੇ ਤਰ੍ਹਾਂ ਚਾਈਨਾ ਦੀ ਸਟੀਲ ਇਥੇ ਸਾਡੇ ਨਾਲੋਂ ਘੱਟ ਰੇਟ ਤੇ ਵਿਕ ਰਹੀ ਹੈ ਤੇ ਸਾਡੇ ਮੰਡੀ ਗੋਬਿੰਦਗੜ੍ਹ ਵਿਖੇ ਇੰਡਸਟਰੀ ਬੰਦ ਪਈ ਹੈ। ਇਹ ਸਾਰੀ ਰਿਵਾਈਵਲ ਪੈਕੇਜ ਜੋ ਹੈ ਇਸਦੇ ਲਈ ਨਵੀਂ ਪਾਲਿਸੀ ਦੇ ਰਾਹੀਂ ਇਸ ਸਦਨ ਦੇ ਵਿੱਚ ਆਪਣੇ ਸਾਹਮਣੇ ਮੈਂ ਕਿਹਾ ਵੀ ਸੀ ਕਿ ਸਾਨੂੰ ਇਸ ਦੇ ਲਈ ਕੁਝ ਕਰਨ ਦੀ ਲੋੜ ਹੈ ਔਰ ਜਿਹੜੀ ਸਾਡੀ ਰਿਵਾਈਵਲ ਪੈਕੇਜ਼ ਹੈ, ਉਹ ਡਿਪੈਂਡ ਕਰੇਗੀ ਕਿ ਇਸ ਸੂਬੇ ਵਿੱਚ ਕੀ ਨੀਤੀਆਂ ਹਨ ਔਰ ਨਾਲ ਦੇ ਸੂਬਿਆਂ ਦੇ ਵਿੱਚ ਕੀ ਨੀਤੀਆਂ ਹਨ। ਉਨ੍ਹਾਂ ਨੂੰ ਗੌਰਮਿੰਟ ਆਫ਼ ਇੰਡੀਆ 100% ਐਕਸਾਈਜ਼ ਡਿਊਟੀ ਦੀ 10 ਸਾਲਾਂ ਵਾਸਤੇ ਐਗਜੰਪਸ਼ਨ ਦੇ ਰਹੀ ਹੈ ਅਗਰ ਪੰਜ ਸਾਲਾਂ ਵਾਸਤੇ 100% ਇਨਕਮ ਟੈਕਸ ਐਗਜੰਪਸ਼ਨ ਤੇ ਉਸ ਤੋਂ ਬਾਅਦ 30% ਐਗਜੰਪਸ਼ਨ ਫਾਰ ਕੰਪਨੀਜ਼ ਤੇ 25% ਐਗਜੰਪਸ਼ਨ ਦੂਜੀਆਂ ਕੰਪਨੀਆਂ ਲਈ ਹੋਵੇਗੀ ਤਾਂ ਇਥੇ ਕੋਈ ਇੰਡਸਟਰੀ ਨਹੀਂ ਲਗਾਏਗਾ। ਸਪੀਕਰ ਸਾਹਿਬ, ਅਸੀਂ ਆਪਣੀ ਇੰਡਸਟਰੀ ਨੂੰ ਰੀਵਾਈਵ ਕਿਸ ਤਰ੍ਹਾਂ ਕਰਾਂਗੇ? ਇਸ ਦੇ ਲਈ ਇਹ ਜ਼ਰੂਰੀ ਸੀ ਕਿ ਜਿਸ ਤਰ੍ਹਾਂ ਐਸ.ਵਾਈ.ਐਲ. ਦਾ ਮਸਲਾ ਹੋਇਆ ਜਾਂ ਐਗਰੀਕਲਚਰਲ ਇਕਾਨਮੀ ਦਾ ਮਸਲਾ ਹੋਇਆ, ਪਾਣੀ ਦਾ ਮਸਲਾ ਹੋਇਆ ਜਾਂ ਇੰਡਸਟਰੀ ਦਾ ਮਸਲਾ ਹੋਇਆ। ਆਖਿਰਕਾਰ ਇਸ ਦਾ ਇਕੋ ਹੀ ਨਿਚੋੜ ਹੈ ਕਿ ਪੰਜਾਬ ਦੀ ਇਕਾਨਮੀ ਦੇ ਉਪਰ ਇਸ ਦਾ ਅਸਰ ਪੈ ਸਕਦਾ ਹੈ। ਜਦੋਂ ਤੱਕ ਅਸੀਂ ਇਸ ਉਤੇ ਗੰਭੀਰਤਾ ਦੇ ਨਾਲ ਇਸ ਤੇ ਏਕਤਾ ਨਹੀਂ ਕਰਾਂਗੇ। ਅੱਜ ਮੈਨੂੰ ਖੁਸ਼ੀ ਹੈ ਕਿ ਅੱਜ ਇਸ ਇਸ਼ੂ ਦੇ ਉਤੇ ਸਾਰੇ ਸਦਨ ਦੇ ਵਿਚ ਅਸੀਂ ਇਕੋ ਅਵਾਜ਼ ਦੇ ਨਾਲ ਬੋਲ ਰਹੇ ਹਾਂ। ਸਾਡੇ ਸੂਬੇ ਦੇ ਵਿਚ ਪ੍ਰਾਬਲਮਜ਼ ਹੋ ਜਾਣਗੀਆਂ। ਸਪੀਕਰ ਸਾਹਿਬ, ਮੈਂ ਇਹੀ ਗੱਲ ਜਦੋਂ ਨੈਸ਼ਨਲ ਡਿਵੈਲਪਮੈਂਟ ਕੌਂਸਿਲ ਆਫ਼ ਇੰਡੀਆ ਦੀ ਮੀਟਿੰਗ ਹੋਈ ਸੀ ਤਾਂ ਪ੍ਰਧਾਨ ਮੰਤਰੀ ਨੂੰ ਕਿਹਾ ਸੀ ਔਰ ਹੋਮ ਮਨਿਸਟਰ ਵੀ ਉਥੇ ਸਨ। ਮੈਂ ਕਿਹਾ ਕਿ ਤੁਸੀਂ ਇਹ ਕਿਸ ਤਰ੍ਹਾਂ ਭੁੱਲ ਗਏ ਹੋ ਕਿ ਇੱਕ ਭਿਆਨਕ ਸਮੇਂ ਦੇ ਵਿਚੋਂ ਦੀ ਪੰਜਾਬ ਗੁਜ਼ਰਿਆ ਹੈ ਔਰ ਉਸ ਵੇਲੇ ਨੌਜ਼ਵਾਨ ਭਟਕੇ ਪਏ ਸਨ ਲੇਕਿਨ ਹੁਣ ਸਮਾਂ ਆ ਗਿਆ ਹੈ ਤੇ ਇਸ ਦੇ ਉਤੇ ਸੋਚੋ। ਮੈਂ ਪਿਛੇ ਜਿਹੇ ਜਾ ਕੇ ਪ੍ਰਾਈਮ ਮਨਿਸਟਰ ਨੂੰ ਮਿਲਿਆ ਸੀ ਔਰ ਉਨ੍ਹਾਂ ਦੇ ਉਥੇ ਪ੍ਰਬੰਧਕ ਜੋ ਸਨ ਉਨ੍ਹਾਂ ਨੂੰ ਵੀ ਇਹੀ ਗੱਲ ਕਹੀ ਸੀ ਕਿ ਸਾਡੇ ਪੰਜਾਬ ਦੇ ਵਾਸਤੇ ਔਰ ਜਿਹੜੇ ਪੰਜਾਬ ਦੇ ਵਿਚ ਬੇਰੁਜ਼ਗਾਰ ਨੌਜਵਾਨ ਹਨ ਉਨ੍ਹਾਂ ਦੇ ਵਾਸਤੇ ਸਾਨੂੰ ਅੱਜ ਕੁਝ ਨਾ ਕੁਝ ਦੇਣਾ ਪਵੇਗਾ। ਇਹ ਸਾਰੀਆਂ ਗੱਲਾਂ ਮੈਂ ਪ੍ਰਧਾਨ ਮੰਤਰੀ ਨੂੰ ਕਹੀਆਂ ਸਨ ਔਰ ਉਨ੍ਹਾਂ ਨੂੰ ਮੈਂ ਚਿੱਠੀ ਵੀ ਲਿਖੀ ਸੀ ਉਹ ਵੀ ਮੇਰੇ ਕੋਲ ਹੈ। ~~Just says Captain Amrinder Singh, I have received your letter requesting~~ incentives to Industries in Punjab. ਇਸ ਦੇ ਨਾਲ ਇਹ ਹੁੰਦਾ ਹੈ ਔਰ ਸਾਡੇ ਨਾਲ ਵਿਤਕਰਾ ਕਿਉਂ ਹੁੰਦਾ ਹੈ ਜਦ ਕਿ ਅੱਜ ਅਸੀਂ ਪੰਜਾਬ ਦੇ ਵਿੱਚ ਐਗਰੀਕਲਚਰਲ ਫੀਲਡ ਦੇ ਵਿੱਚ 50% ਹਿੱਸਾ ਨੇਸ਼ਨ ਨੂੰ ਦੇ ਰਹੇ ਹਾਂ ਜਦ ਕਿ ਸਾਡੇ ਪੰਜਾਬ ਕੋਲ ਤਕਰੀਬਨ ਦੋ ਜਾਂ ਡੇਢ ਫੀਸਦੀ ਧਰਤੀ ਹੈ। ਜੋ ਸਾਡੀ ਇੰਡਸਟਰੀ ਸੀ, ਉਸ ਦਾ ਕੁਝ ਹਿੱਸਾ ਹਰਿਆਣਾ ਵਿਚ ਫਰੀਦਾਬਾਦ ਵਗੈਰਾ ਕੋਲ ਚਲਾ ਗਿਆ ਹੈ। ਫਿਰ ਵੀ ਅਸੀ ਜੀ.ਟੀ. ਰੋਡ ਸ਼ੁਰੂ ਕਰਕੇ ਡਿਵੈਲਪਮੈਂਟ ਕੀਤੀ। ਪਹਿਲਾਂ ਜਿਹੜੀ

Original with;
Punjab Vidhan Sabha
Digitized by;

[ਮੁੱਖ ਮੰਤਰੀ]

ਸਾਡੀ ਇੰਡਸਟਰੀ ਡਿਵੈਲਪ ਸੀ ਉਸ ਦੇ ਲਈ ਸਾਨੂੰ ਗਲੋਬਲ ਮਾਰਕੀਟ ਅਤੇ ਸੋਰਸਿਜ਼ ਆਫ ਰਾਅ ਮੈਟੀਰੀਅਲ ਤੋਂ ਕਾਫੀ ਦੂਰ ਹੋਣ ਵਰਗੀਆਂ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਅਸੀਂ ਰਾਅ ਮੈਟੀਰੀਅਲ ਦੇ ਸੋਰਸਿਜ਼ ਤੋਂ ਕਾਫ਼ੀ ਦੂਰ ਬੈਠੇ ਹਾਂ। ਕੋਇਲਾ ਵੀ ਸਾਨੂੰ ਕਾਫੀ ਦੂਰੋਂ ਮਿਲਦਾ ਹੈ। ਅਸੀਂ ਆਪਣੀ ਇੰਡਸਟਰੀ ਨੂੰ ਡਿਵੈਲਪ ਕਰਨ ਵਾਸਤੇ ਪੂਰੀ ਕੋਸ਼ਿਸ਼ ਕਰਨੀ ਚਾਹੁੰਦੇ ਹਾਂ। ਪੰਜਾਬ ਦੇ ਜਿਹੜੇ ਜ਼ਿਲ੍ਹੇ ਬਾਰਡਰ ਦੇ ਨਾਲ ਲਗਦੇ ਹਨ ਜਿਵੇਂ ਗੁਰਦਾਸਪੁਰ, ਅੰਮ੍ਰਿਤਸਰ ਅਤੇ ਫਿਰੋਜਪੁਰ ਹਨ, ਇਨ੍ਹਾਂ ਜ਼ਿਲ੍ਹਿਆਂ ਵਿਚ ਡਿਵੈਲਪਮੈਂਟ ਕਿਉਂ ਨਹੀਂ ਹੋਈ? ਇਹ ਗੱਲ ਇਨ੍ਹਾਂ ਨੂੰ ਸੋਚਣੀ ਚਾਹੀਦੀ ਹੈ। ਜੇ ਜੰਮੂ ਕਸ਼ਮੀਰ ਦੇ ਵਿਚ ਅੱਜ ਲੋੜ ਹੈ ਕਿ ਨੌਜਵਾਨਾਂ ਨੂੰ ਕਿਤੇ ਨਾ ਕਿਤੇ ਨੌਕਰੀ ਮਿਲੇ ਤਾਂ ਫਿਰ ਪੰਜਾਬ ਦੇ ਵਿਚ ਪਠਾਨਕੋਟ ਤੋਂ ਲੈ ਕੇ ਜੰਮੂ ਤੱਕ ਔਰ ਇਸ ਤੋਂ ਅੱਗੇ ਜੇ ਤੁਸੀਂ ਇੰਡਸਟਰੀ ਲਗਾ ਦਿੰਦੇ ਹੋ ਤਾਂ ਪੰਜਾਬ ਦੇ ਬਾਰਡਰ ਦੇ ਜ਼ਿਲ੍ਹੇ ਜਿਵੇਂ ਫਿਰੋਜਪੁਰ, ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਵਿਚ ਇੱਥੇ ਇੰਡਸਟਰੀ ਕਿਉਂ ਨਹੀਂ ਲਗਾ ਸਕਦੇ ? ਇਥੇ ਇੰਡਸਟਰੀ ਲਗਣੀ ਚਾਹੀਦੀ ਹੈ। ਅੱਜ ਬਟਾਲਾ ਦੇ ਵਿਚ ਇੰਡਸਟਰੀ ਖਤਮ ਪਈ ਹੈ। ਅੰਮ੍ਰਿਤਸਰ ਤੇ ਫਿਰੋਜਪੁਰ ਦੇ ਵਿਚ ਇੰਡਸਟਰੀ ਦਾ ਕੋਈ ਨਾਮੋ ਨਿਸ਼ਾਨ ਨਹੀਂ ਹੈ। ਪੰਜਾਬ ਵਿਚ ਇੰਡਸਟਰੀ ਦੀ ਡਿਵੈਲਪਮੈਂਟ ਲਈ ਗੌਰਮਿੰਟ ਆਫ਼ ਇੰਡੀਆ ਨੂੰ ਇਹ ਗੱਲਾਂ ਸੋਚਣੀਆਂ ਚਾਹੀਦੀਆਂ ਹਨ। ਅਨਫਾਰਚੂਨੇਟਲੀ ਅਸੀਂ ਪਿਛੇ ਔਖੇ ਸਮੇਂ ਵਿਚੋਂ ਲੰਘੇ ਹਾਂ। ਅਸੀਂ ਪਿਛੇ 15 ਸਾਲਾਂ ਦਾ ਔਖਾ ਸਮਾਂ ਵੀ ਟਪਾਇਆ ਹੈ। ਮੈਨੂੰ ਖੁਸ਼ੀ ਹੈ ਕਿ ਅੱਜ ਕੈਪਟਨ ਕੰਵਲਜੀਤ ਸਿੰਘ ਨੇ ਬੋਲਦਿਆਂ ਹੋਇਆਂ ਕਿਹਾ ਹੈ ਕਿ ਇੱਥੇ 16 ਹਜ਼ਾਰ ਕਰੋੜ ਰੁਪਏ ਦੀ ਇੰਡਸਟਰੀ ਆਈ ਹੈ। ਮੈਨੂੰ ਨਹੀਂ ਪਤਾ ਕਿ ਇਹ 16 ਹਜ਼ਾਰ ਕਰੋੜ ਰੁਪਏ ਦੀ ਇੰਡਸਟਰੀ ਕਿਥੇ-ਕਿਥੇ ਲੱਗੀ ਹੈ। ਸ਼ਾਇਦ ਇਹ ਆਪਣੇ ਬਠਿੰਡੇ ਨੂੰ ਵੀ ਵਿਚ ਹੀ ਗਿਣਦੇ ਹਨ। ਜੋ ਕੁਝ ਵੀ ਹੈ I don't Know. ਲੇਕਿਨ ਮੇਰੇ ਕਹਿਣ ਦਾ ਮਤਲਬ ਹੈ ਕਿ ਚਾਹੇ ਕੋਈ ਵੀ ਗੌਰਮਿੰਟ ਹੋਵੇ, ਚਾਹੇ ਇਨ੍ਹਾਂ ਦੀ ਹੋਵੇ ਜਾਂ ਸਾਡੀ ਹੋਵੇ, ਗੌਰਮਿੰਟ ਨੂੰ ਇਥੇ ਪੰਜਾਬ ਦੇ ਆਰਥਿਕ ਭਵਿੱਖ ਬਾਰੇ ਸੋਚਣਾ ਚਾਹੀਦਾ ਹੈ। (ਥੰਪਿੰਗ) ਅੱਜ ਟੋਟਲ ਤਬਦੀਲੀ ਇੰਡਸਟਰੀ ਦੇ ਵਿਚ ਆ ਰਹੀ ਹੈ। ਅੱਜ ਆਪਾਂ ਗੱਲ ਕਰਦੇ ਹਾਂ ਸਮਾਲ ਸਕੇਲ ਇੰਡਸਟਰੀ ਦੇ ਬਾਰੇ। ਅੱਜ ਸਮਾਲ ਸਕੇਲ ਇੰਡਸਟਰੀ ਦੇ ਵਿਚ ਵੀ ਰਿਵਾਈਵਲ ਦੀ ਲੋੜ ਹੈ। ਅਸੀਂ ਇਸ ਦੇ ਬਾਰੇ ਪੈਕੇਜ਼ ਦਿੱਤਾ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੇ ਸੂਬੇ ਦੇ ਵਿਚ ਕੋਈ ਹੋਰ ਖੁਸ਼ੀ ਦੇ ਨਾਲ ਆ ਕੇ ਇੱਥੇ ਇੰਡਸਟਰੀ ਲਗਾਏ। ਇਥੇ ਤਕਰੀਬਨ 20 ਕੁ ਦੇ ਕਰੀਬ ਇੰਡਸਟਰੀਲਿਸਟ ਕੈਪੀਟਲ ਲਗਾਉਣਾ ਚਾਹੁੰਦੇ ਹਨ। ਇਸ ਦੇ ਵਾਸਤੇ ਅਸੀਂ ਇੰਸਪੈਕਟਰੀ ਰਾਜ ਖਤਮ ਕਰ ਦਿੱਤਾ ਹੈ। ਇਹ ਕਹਿੰਦੇ ਰਹਿੰਦੇ ਸਨ ਕਿ ਇੰਸਪੈਕਟਰੀ ਰਾਜ ਖਤਮ ਕਰ ਦਿਉ, ਇੰਸਪੈਕਟਰੀ ਰਾਜ ਖਤਮ ਕਰ ਦਿਉ, ਵਾਰ ਵਾਰ ਇਹ ਹੀ ਗੱਲ ਉਠਦੀ ਸੀ। ਅਸੀਂ ਇਹ ਖਤਮ ਹੀ ਕਰ ਦਿੱਤਾ। ਅਸੀਂ ਇਥੇ ਇਸ ਤਰ੍ਹਾਂ ਦਾ ਮਾਹੌਲ ਬਣਾਉਣਾ ਚਾਹੁੰਦੇ ਹਾਂ ਕਿ ਹਰ ਕੋਈ ਸਾਡੇ ਸੂਬੇ ਵਿਚ ਆ ਕੇ ਖੁਸ਼ੀ ਨਾਲ ਆਪਣਾ ਪੈਸਾ ਲਗਾਵੇ। ਇਸ ਦੇ ਬਾਰੇ ਸਾਰਾ ਕੁਝ ਗੌਰਮਿੰਟ ਆਫ਼ ਇੰਡੀਆ ਦੀਆਂ ਨੀਤੀਆਂ ਨਾਲ ਹੀ ਹੋਵੇਗਾ। ਮੈਂ ਅੱਜ ਤੱਕ ਇਸ ਦੇ ਬਾਰੇ ਜਿੰਨੀ ਵਾਰੀ ਵੀ ਉਥੇ ਜਾ ਕੇ ਗੱਲ ਕੀਤੀ ਹੈ ਤਾਂ ਉਹ ਉਥੇ ਬੈਠੇ ਹੀ ਹਮਦਰਦੀ ਤਾਂ ਬਹੁਤ ਜਿਤਾਉਂਦੇ ਹਨ ਅਤੇ ਕਹਿੰਦੇ ਹਨ ਕਿ ਅਸੀਂ ਕੋਸ਼ਿਸ਼ ਕਰਾਂਗੇ ਪਰ ਕਦੇ ਵੀ ਚਿੱਠੀਆਂ ਦੇ ਵਿਚ ਕੋਈ

Original with;
Punjab Vidhan Sabha
Digitized by;

ਕੁਮਿੱਟਮੈਂਟ ਨਹੀਂ ਕੀਤੀ। ਪੰਜਾਬ ਦੇ ਵਿਚ ਇੰਡਸਟਰੀ ਲਗਾਉਣ ਵਾਸਤੇ ਕਦੇ ਕੋਈ ਕੁਮਿਟਮੈਂਟ ਨਹੀਂ ਕੀਤੀ ਕਿ ਪੰਜਾਬ ਨੂੰ ਇਨ੍ਹਾਂ ਰਾਜਾਂ ਦੇ ਵਿਚ ਸ਼ਾਮਿਲ ਕੀਤਾ ਜਾਵੇਗਾ। ਇਹ ਤਾਂ ਸਾਰੇ ਹੀ ਕਹਿੰਦੇ ਹਨ ਕਿ ਕੋਸ਼ਿਸ਼ ਕਰਾਂਗੇ। ਲੇਕਿਨ ਉਹ ਇਸ ਦੇ ਬਾਰੇ ਕਰਦੇ ਕੁਝ ਨਹੀਂ। ਵੈਸੇ ਤਾਂ ਕਹਿ ਰਹੇ ਹਨ ਕਿ ਪੰਜਾਬ ਸੂਬੇ ਦੀ ਸੰਭਾਲ ਅਸੀਂ ਕਰਾਂਗੇ। ਗੁਜਰਾਤ ਨੂੰ ਡਿਵੈਲਪ ਕਰੋ। ਰਾਜਸਥਾਨ ਨੂੰ ਡਿਵੈਲਪ ਕਰੋ, ਪੂਰੇ ਸ਼ੌਂਕ ਨਾਲ ਡਿਵੈਲਪ ਕਰੋ। ਇਹ ਤਾਂ ਠੀਕ ਗੱਲ ਹੈ ਜੇ ਪੂਰੇ ਪੰਜਾਬ ਨੂੰ ਕੋਈ ਇੰਸੈਂਟਿਵ ਨਹੀਂ ਦੇਣਾ ਤਾਂ ਘੱਟੋ ਘੱਟ ਪੰਜਾਬ ਦੇ ਤਿੰਨ ਬਾਰਡਰ ਦੇ ਨਾਲ ਲਗਦੇ ਜ਼ਿਲ੍ਹਿਆਂ ਨੂੰ ਤਾਂ ਜ਼ਰੂਰ ਡਿਵੈਲਪ ਕਰੋ। ਲੇਕਿਨ ਇਹ ਵਿਤਕਰਾ ਕਿਉਂ ? ਪੰਜਾਬ ਦੇ ਨਾਲ ਵਿਤਕਰਾ ਨਹੀਂ ਕਰਨਾ ਚਾਹੀਦਾ। ਜੇ ਸਾਡੀਆਂ ਇੰਸੈਂਟਿਵਜ਼ ਨਹੀਂ ਮਿਲਣਗੀਆਂ ਤਾਂ ਪੰਜਾਬ ਦਾ ਕੈਪੀਟਲ, ਪੰਜਾਬ ਵਿਚ ਵਾਪਸ ਆਉਣਾ ਮੁਸ਼ਕਿਲ ਹੈ, ਜਿਹੜਾ ਕਿ ਪਹਿਲਾਂ ਹੀ ਇਥੋਂ ਭੱਜ ਗਿਆ ਹੈ। ਮੈਂ ਦੱਸਣ ਲੱਗਾ ਹਾਂ ਕਿ ਕੋਈ ਬੰਗਲੌਰ ਜਾ ਕੇ ਕੈਪੀਟਲ ਲਗਾਉਂਦਾ ਸੀ, ਕੋਈ ਨਾਗਪੁਰ ਜਾ ਕੇ ਲਗਾਉਂਦਾ ਸੀ ਅਤੇ ਕੋਈ ਕਿਤੇ ਹੋਰ ਜਾ ਕੇ ਕੈਪੀਟਲ ਲਗਾਉਂਦਾ ਹੈ, ਕਿਉਂਕਿ ਉਸ ਵੇਲੇ ਹਾਲਾਤ ਇਸ ਤਰ੍ਹਾਂ ਦੇ ਹੀ ਸਨ। But we have to make it sure ਕੀ ਅਸੀਂ ਗੌਰਮਿੰਟ ਆਫ਼ ਇੰਡੀਆ ਤੇ ਦਬਾਓ ਪਾਈਏ। ਇਸ ਸਦਨ ਦਾ ਜਿਹੜਾ ਇਹ ਯੂਨਾਨੀਮਸਲੀ ਰੈਜ਼ੋਲਿਊਸ਼ਨ ਹੋਵੇਗਾ, ਇਹ ਜ਼ਰੂਰ ਇੱਕ ਕਿਸਮ ਦਾ ਸੈਂਟਰ ਗੌਰਮਿੰਟ ਤੇ ਪ੍ਰੇਸ਼ਰ ਲਿਆਵੇਗਾ ਕਿ ਅੱਜ ਜੋ ਪੰਜਾਬ ਦੀ ਅਸੈਂਬਲੀ ਨੇ ਯੂਨਾਨੀਮਸਲੀ ਰੈਜ਼ੋਲਿਊਸ਼ਨ ਪਾਸ ਕੀਤਾ ਹੈ, ਇਹ ਇਕ ਬਹੁਤ ਹੀ ਅਹਿਮ ਇਸ਼ੂ ਬਾਰੇ ਪਾਸ ਕੀਤਾ ਹੈ। ਮੈਨੂੰ ਪੂਰੀ ਉਮੀਦ ਹੈ ਕਿ ਗੌਰਮਿੰਟ ਆਫ਼ ਇੰਡੀਆ ਇਸ ਤੇ ਧਿਆਨ ਦੇਵੇਗੀ।

ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇੱਕ ਨਵੀਂ ਇੰਡਸਟਰੀਅਲ ਪਾਲਿਸੀ ਬਣਾਈ ਹੈ। ਇਸ ਸਦਨ ਦੇ ਵਿਚ ਵੀ ਇਸ ਨੂੰ ਰੱਖ ਚੁੱਕੇ ਹਾਂ। ਇਸਦੇ ਵਿਚ ਜੋ ਵੀ ਸ਼ਾਰਟ ਕੰਮਿਗਜ਼ ਸਨ, ਉਹ ਵੀ ਅਸੀਂ ਕੱਢ ਦਿੱਤੀਆਂ ਹਨ। ਸਾਡੀ ਇੰਟੈਨਸ਼ਨ ਹੈ ਕਿ ਅਗਰ ਕੋਈ ਕੰਸਟਰਕਟਿਵ ਸੁਝਾਅ ਅਤੇ ਕੋਆਪਰੇਸ਼ਨ ਆਪੋਜ਼ੀਸ਼ਨ ਦੇ ਵਲੋਂ ਹੋਵੇ ਤਾਂ ਅਸੀਂ ਉਨ੍ਹਾਂ ਨੂੰ ਮੰਨਣ ਲਈ ਜ਼ਰੂਰ ਤਿਆਰ ਹਾਂ। We are willing to incorporate it. ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੀ ਇੰਡਸਟਰੀ ਨੂੰ ਅੱਗੇ ਲੈ ਕੇ ਚੱਲੀਏ। ਇੱਕ ਸਮਾਂ ਸੀ ਜਦੋਂ ਸਟੀਲ ਦੀ ਰਿਕੁਆਇਰਮੈਂਟ ਸੀ। ਇੰਜੀਨੀਅਰਿੰਗ, ਹੌਜ਼ਰੀ ਤੇ ਟੈਕਸਟਾਈਲ ਦੇ ਵਿਚ ਤਾਂ ਹੁਣ ਵੀ ਰਿਕੁਆਇਰਮੈਂਟ ਹੋਣੀ ਹੈ। ਲੇਕਿਨ ਅੱਜ ਦੁਨੀਆਂ ਇਸ ਤੋਂ ਵੀ ਬਹੁਤ ਅੱਗੇ ਵਧ ਗਈ ਹੈ। ਅੱਜ ਇਨਫਰਮੇਸ਼ਨ ਟੈਕਨਾਲੋਜੀ, ਬਾਇਓ ਟੈਕਨਾਲੋਜੀ ਅਤੇ ਹੋਰ ਕਿਸਮ ਦੀ ਨਵੀਂ-ਨਵੀਂ ਇੰਡਸਟਰੀ ਆ ਰਹੀ ਹੈ। ਅੱਜ ਦੁਨੀਆਂ ਦੇ ਵਿਚ ਜਿਹੜਾ ਮਾਹੌਲ ਬਣਿਆ ਹੋਇਆ ਹੈ We have to look at both aspects. ਨਵੀਂ ਡਿਵੈਲਪਿੰਗ ਇੰਡਸਟਰੀ ਅਤੇ ਜਿਹੜੀ ਸਾਡੇ ਕੋਲ ਪਹਿਲਾਂ ਦੀ ਇੰਡਸਟਰੀ ਹੈ, ਉਸ ਦੇ ਵਿਚ ਅਸੀਂ ਹੋਰ ਇਨਵੈਸਟਮੈਂਟ ਕਰ ਸਕਦੇ ਹਾਂ। ਸਮਾਲ ਸਕੇਲ ਇੰਡਸਟਰੀ ਦੇ ਬਾਰੇ ਬਹੁਤ ਵਾਰ ਜ਼ਿਕਰ ਆਇਆ ਹੈ। ਵਾਰ-ਵਾਰ ਸਵਾਲ ਕੀਤੇ ਜਾਂਦੇ ਹਨ। ਵਾਰ-ਵਾਰ ਇਹ ਸਵਾਲ ਪੁੱਛੇ ਜਾਂਦੇ ਹਨ ਕਿ ਇਹ ਕਿਉਂ ਬੰਦ ਹੋ ਰਹੀ ਹੈ ? ਸਮਾਲ ਸਕੇਲ ਇੰਡਸਟਰੀ ਦੇ ਵਿਚ ਕਿਸੇ ਦੇ ਕੋਲ ਪੰਜ ਬੰਦੇ ਕੰਮ ਕਰਦੇ ਹਨ, ਕਿਸੇ ਕੋਲ ਦਸ ਅਤੇ ਕਿਸੇ ਕੋਲ ਪੰਦਰਾਂ ਬੰਦੇ

Original with;
Punjab Vidhan Sabha
Digitized by;

[ਮੁੱਖ ਮੰਤਰੀ]

ਕੰਮ ਕਰਦੇ ਹਨ। ਉਹ ਸਾਰੇ ਹੀ ਕੰਟਰੀਬਿਊਟ ਕਰਦੇ ਹਨ। ਉਨ੍ਹਾਂ ਵਾਸਤੇ ਵੀ ਅਸੀਂ ਨੀਤੀਆਂ ਬਣਾਈਆਂ ਹਨ।

ਸਪੀਕਰ ਸਾਹਿਬ, ਅੱਜ ਮੈਂ ਪੂਰੇ ਹਾਊਸ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਕਿ ਯੂਨਾਨੀਮਸਲੀ ਇਸ ਰੈਜ਼ੋਲਿਊਸ਼ਨ ਦੀ ਸਪੋਰਟ ਕਰਨ ਦਾ ਫੈਸਲਾ ਕੀਤਾ ਹੈ। ਜਿਸ ਦੇ ਰਾਹੀਂ ਅਸੀਂ ਗੌਰਮਿੰਟ ਆਫ਼ ਇੰਡੀਆਂ ਤੋਂ ਸਾਡੇ ਪੰਜਾਬ ਲਈ ਕੁਝ ਪ੍ਰਾਪਤੀ ਲੈ ਸਕੀਏ। ਬਹੁਤ-ਬਹੁਤ ਧੰਨਵਾਦ। (ਥੰਪਿੰਗ)

---

**Mr. Speaker :** Question is—

"This House views with concern the impact of the Special Package of in centives granted by the Government of India in the form of Excise Waiver and Income Tax Holiday to the neighbouring States on the existing industrial units and the new Industrial investment in Punjab and unanimously resolves to urge upon the Government of India to provide the same Special Package of Incentives to the Industrial units in the State of Punjab that has been provided to the States of Uttaranchal and Himachal Pradesh,—*vide* Office Memorandum No. 1(10)2001-NER, dated 7th January, 2003".

*The motion was carried unanimously.*

**Mr. Speaker :** Official Resolution No. 2. Minister to move Resolution regarding SYL.

## OFFICIAL RESOLUTION NO. 2.
## REGARDING SYL

ਸਿੰਜਾਈ ਮੰਤਰੀ (ਸਰਦਾਰ ਗੁਰਚੇਤ ਸਿੰਘ ਭੁੱਲਰ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ—

"ਜਦੋਂ ਕਿ ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 8 ਜਨਵਰੀ, 2003 ਨੂੰ ਇਕ ਮੀਟਿੰਗ ਹੋਈ ਸੀ ਜਿਸ ਵਿਚ ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ, ਕਿਸਾਨਾਂ ਦੇ ਸੰਗਠਨਾਂ ਅਤੇ ਵੱਖ-ਵੱਖ ਸਮਾਜਿਕ ਅਤੇ ਆਰਥਿਕ ਗਰੁੱਪਾਂ ਨੇ ਹਿੱਸਾ ਲਿਆ।

ਅਤੇ ਜਦੋਂ ਕਿ ਉਕਤ ਮੀਟਿੰਗ ਵਿਚ ਕੁੱਝ ਰਾਜਨੀਤਿਕ ਪਾਰਟੀਆਂ ਨੂੰ ਛੱਡ ਕੇ ਬਾਕੀ ਸਾਰੇ ਸੱਦੇ ਗਏ ਮੈਂਬਰ ਹਾਜ਼ਰ ਹੋਏ।

Original with;
Punjab Vidhan Sabha
Digitized by;
Panjab Digital Library

ਅਤੇ ਜਦੋਂ ਕਿ ਸਾਰੀਆਂ ਪਾਰਟੀਆਂ ਨੇ ਹੇਠ ਲਿਖੇ ਅਨੁਸਾਰ ਮਤਾ ਪਾਸ ਕੀਤਾ :—

(1) "ਇਹ ਕਿ ਪੰਜਾਬ ਬਿਨਾਂ ਕਿਸੇ ਹੋਰ ਦੇਰੀ ਤੋਂ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਨੂੰ ਪਹੁੰਚ ਕਰੇ ਤਾਂ ਕਿ ਮਾਨਯੋਗ ਅਦਾਲਤ ਦੇ ਮਿਤੀ 15 ਜਨਵਰੀ, 2002 ਨੂੰ ਜਾਰੀ ਕੀਤੇ ਹੁਕਮਾਂ ਤੋਂ ਰਾਹਤ ਮਿਲ ਸਕੇ।

(2) ਇਹ ਸਭਾ ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਜੀ ਨੂੰ ਐਸ.ਵਾਈ.ਐਲ. ਨਹਿਰ ਦੇ ਮਸਲੇ ਬਾਰੇ ਜਲਦੀ ਦਖ਼ਲ ਅੰਦਾਜੀ ਕਰਨ ਅਤੇ ਇਸ ਨੂੰ ਹੱਲ ਕਰਨ ਦੀ ਬੇਨਤੀ ਕਰਦੀ ਹੈ।

(3) ਸਮੁੱਚੀ ਸਭਾ ਪੰਜਾਬ ਸਰਕਾਰ ਨੂੰ ਪੂਰਾ ਸਮਰਥਨ ਦਿੰਦੀ ਹੈ, ਤਾਂ ਕਿ ਉਪਰੋਕਤ ਉਦੇਸ਼ ਦੀ ਪ੍ਰਾਪਤੀ ਲਈ ਜ਼ਰੂਰੀ ਕਦਮ ਚੁੱਕੇ ਜਾਣ।

(4) ਪੰਜਾਬ ਰਾਜ ਰਾਵੀ-ਬਿਆਸ ਦੇ ਪਾਣੀਆਂ ਲਈ ਰਾਜ ਦੇ ਹਿੱਤਾਂ ਦੀ ਰਾਖੀ ਲਈ ਹੋਰ ਵੀ ਲੋੜੀਂਦੀ ਕਾਰਵਾਈ/ਕਦਮ ਚੁੱਕੇ।

(5) ਸਰਬ ਸੰਮਤੀ ਨਾਲ ਇਹ ਵੀ ਫੈਸਲਾ ਕਰਦੀ ਹੈ ਕਿ ਇਸ ਪੱਖ ਦੀ ਪੁਸ਼ਟੀ ਲਈ ਵਿਧਾਨ ਸਭਾ ਦਾ ਵਿਸ਼ੇਸ਼ ਸ਼ੈਸਨ ਬੁਲਾਇਆ ਜਾਵੇ।

ਅਤੇ ਜਦੋਂ ਕਿ ਪੰਜਾਬ ਸਰਕਾਰ ਨੇ ਉਕਤ ਮਤੇ ਦੀ ਪਾਲਣਾ ਹਿਤ ਹੇਠ ਲਿਖੇ ਕਦਮ ਚੁੱਕੇ ਹਨ :

(1) ਮਿਤੀ 11 ਜਨਵਰੀ, 2003 ਨੂੰ ਰਾਜ ਸਰਕਾਰ ਨੇ ਇੰਟਰ ਸਟੇਟ ਵਾਟਰ ਡਿਸਪਿਊਟ ਐਕਟ, 1956 ਦੀ ਧਾਰਾ 3 ਅਧੀਨ ਭਾਰਤ ਸਰਕਾਰ ਦੇ ਜਲ ਸਾਧਨ ਮੰਤਰਾਲੇ ਕੋਲ ਦੂਸਰੇ ਮਾਮਲਿਆਂ ਸਮੇਤ ਰਾਵੀ-ਬਿਆਸ ਦੇ ਪਾਣੀ ਦੀ ਉਪਲਬਧਤਾ ਦੀ ਘਾਟ ਅਤੇ ਇਸ ਮਸਲੇ ਨੂੰ ਵਿਚਾਰਨ ਲਈ ਇਕ ਟ੍ਰਿਬਿਊਨਲ ਸਥਾਪਤ ਕਰਨ ਸਬੰਧੀ ਸ਼ਿਕਾਇਤ ਦਾਇਰ ਕੀਤੀ ਹੈ।

(2) ਮਿਤੀ 13 ਜਨਵਰੀ, 2003 ਨੂੰ ਸੁਪਰੀਮ ਕੋਰਟ ਆਫ ਇੰਡੀਆ ਵਿਚ ਇਕ ਸਿਵਲ ਸੂਟ ਦਾਇਰ ਕੀਤਾ ਗਿਆ ਜਿਸ ਵਿਚ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਨੂੰ ਇਹ ਬੇਨਤੀ ਕੀਤੀ ਗਈ ਕਿ ਉਹ ਪੰਜਾਬ ਰਾਜ ਨੂੰ ਆਪਣੇ ਮਿਤੀ 15 ਜਨਵਰੀ, 2002 ਦੇ ਹੁਕਮਾਂ ਤੋਂ ਰਾਹਤ ਦੇਵੇ।

ਹੁਣ, ਇਸ ਲਈ, ਇਹ ਸਦਨ ਸਰਬ ਸੰਮਤੀ ਨਾਲ ਸੰਕਲਪ ਕਰਦਾ ਹੈ ਕਿ—

(1) ਰਾਜ ਦੇ ਹਿੱਤਾਂ ਦੀ ਖ਼ਾਤਰ ਰਾਜ ਸਰਕਾਰ ਵਲੋਂ ਕੀਤੀ ਗਈ ਉਪਰੋਕਤ ਕਾਰਵਾਈ ਦੀ ਪ੍ਰੌੜ੍ਹਤਾ ਕੀਤੀ ਜਾਵੇ;

Original with;
Punjab Vidhan Sabha
Digitized by;

[ਸਿੰਜਾਈ ਮੰਤਰੀ]

(2) ਰਾਜ ਸਰਕਾਰ ਰਾਜ ਅਤੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਸਾਰੇ ਪੱਧਰਾ ਤੇ ਜ਼ੋਰਦਾਰ ਕਦਮ ਉਠਾਏ।

ਹੁਣ, ਇਸ ਲਈ, ਇਹ ਸਦਨ ਸੰਕਲਪ ਕਰਦਾ ਹੈ ਕਿ ਉਪਰੋਕਤ ਮਤਾ ਪਾਸ ਕੀਤਾ ਜਾਵੇ।"

**Mr. Speaker :** Motion moved—

"WHEREAS a meeting was held under the Chairmanship of Captain Amarinder Singh, Chief Minister, Punjab on 8th January, 2003, in which all the Political Parties, Farmers' Organizations and various Social and Economic Groups of the State participated.

AND whereas in the said meeting but for some of the Political Parties, all the invited members were present.

AND whereas all the Parties passed the following Resolution:—

"(1) the State Government, without any further delay, should approach the Hon'ble Supreme Court so that relief could be sought from the directions dated 15th January, 2002, as issued by it;

(2) the Sabha, appeals the Hon'ble Prime Minister of India, to intervene in the SYL Canal matter at the earliest possible and also to resolve the same;

(3) the entire Sabha backs the State Government, so that it can take necessary steps for the achievement of the above mentioned aims;

(4) to take further necessary action/steps in order to safeguard the interests of the State in regard to the water of Punjab State Ravi-Beas;

(5) it is also decided unanimously that in order to uphold this view, a special Session of the Punjab Vidhan Sabha may be summoned."

AND whereas the State Government in compliance with the said Resolution had taken the following steps :—

(1) On 11th January, 2003, the State Government has filed a complaint with the Ministry of Water

Original with;
Punjab Vidhan Sabha
Digitized by;
Panjab Digital Library

Resources, Government of India, under Section 3 of the Inter State Water Disputes Act, 1956 in regard to the scarcity of the availability of Ravi-Beas Water and to set up a Tribunal to consider the said matter, besides other matters;

(2) On 13th January, 2003, a civil suit has been filed in the Hon'ble Supreme Court of India, in which a relief from the orders of the Hon'ble Supreme Court of India, dated 15th January, 2002, was sought.

NOW this House, therefore, unanimously resolves that ,—

(1) in view of the interest's of the State, the above mentioned steps, as taken by the State Government be seconded;

(2) the state Government with an aim to safeguard the interests of the State as well as the farmers, should take strong steps at all levels.

NOW, therefore, this House resolves that the above said resolution be passed."

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਲੰਬੀ)** : ਸਪੀਕਰ ਸਾਹਿਬ, ਅਸੀਂ ਅੱਜ ਇਕ ਇਹੋ ਜਿਹੇ ਅਹਿਮ ਮਸਲੇ ਤੇ ਡਿਸਕਸ਼ਨ ਕਰ ਰਹੇ ਹਾਂ ਜਿਸ ਤੇ ਕਿ ਸਾਰੇ ਪੰਜਾਬ ਦੀ ਇਕਾਨਮੀ ਮੁਨੱਸਰ ਹੈ। ਦੁਨੀਆਂ ਵਿਚ ਇਕੋ ਹੀ ਸੂਬਾ ਹੈ ਪੰਜਾਬ। ਜਿਸ ਦਾ ਨਾਂ ਵੀ ਪੰਜ ਆਬ ਤੇ ਰਖਿਆ ਗਿਆ ਸੀ—ਪੰਜ ਦਰਿਆ ਅਤੇ ਇਸ ਤਰ੍ਹਾਂ ਪਾਣੀ ਦੀ ਜੋ ਮਹਾਨਤਾ ਹੈ, ਉਹ ਗੁਰਬਾਣੀ ਵਿਚ ਵੀ ਆਉਂਦੀ ਹੈ :

ਪਹਿਲਾ ਪਾਣੀ ਜੀਓ ਹੈ ਜਿਤੁ ਹਰਿਆ ਸਭ ਕੋਇ।
ਫੇਰ ਕਿਹਾ ਹੈ ਕਿ :
ਪਵਣ ਗੁਰੂ ਪਾਣੀ ਪਿਤਾ।

ਪਾਣੀ ਸਾਡੀ ਜ਼ਿੰਦਗੀ ਹੈ, ਪਾਣੀ ਸਾਡੀ ਖੁਸ਼ਹਾਲੀ ਹੈ ਤੇ ਸਭ ਕੁਝ ਸਾਡਾ ਪਾਣੀ ਹੈ। ਜੇ ਪਾਣੀ ਦੀ ਕੀਮਤ ਪਾਈਏ, ਵੈਸੇ ਪਾਣੀ ਦੀ ਕੋਈ ਕੀਮਤ ਹੈ ਨਹੀਂ ਲੇਕਿਨ ਜਿਹੜੇ ਬੜੇ ਫਾਈਨਾਂਸ਼ੀਅਲ ਐਕਸਪਰਟਸ ਹਨ, ਉਨ੍ਹਾਂ ਨੇ ਦੱਸਿਆ ਹੈ ਕਿ one acre foot of water—one acre of land. ਸਪੀਕਰ ਸਾਹਿਬ, ਅਸੀਂ ਆਪਣੀਆਂ ਜ਼ਿੰਮੇਵਾਰੀਆਂ ਚੰਗੀ ਤਰ੍ਹਾਂ ਨਾ ਨਿਭਾਉਂਦੇ ਹੋਏ ਆਪਣਾ ਦੋ ਹਜ਼ਾਰ ਦੋ ਕਰੋੜ ਏਕੜ ਪਾਣੀ ਜਿਹੜਾ ਹੈ, ਕੁਝ ਗੁਆ ਬੈਠੇ ਹਾਂ ਤੇ ਕੁਝ ਤੇ ਅੱਜ ਚਰਚਾ ਹੈ। ਇਸ ਦੀ ਏਨੀ ਕੀਮਤ ਹੈ ਕਿ ਜਿਸਦੇ ਨਾਲ ਦੋ ਪੰਜਾਬ ਜਿੰਨੀ ਜ਼ਮੀਨ ਖਰੀਦੀ ਜਾ ਸਕਦੀ ਹੈ। ਇਹ ਵੀ ਥੋੜ੍ਹੇ ਦਿਨ ਹੋਏ ਹਨ, ਕਿਸੇ ਦੀ ਸਟੇਟਮੈਂਟ ਆਈ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਸੀ ਕਿ ਅੱਗੇ ਤੋਂ ਜਿਹੜੀਆਂ ਲੜਾਈਆਂ ਹੋਣੀਆਂ ਹਨ, ਉਹ ਤੇਲ ਤੇ ਨਹੀਂ ਹੋਣੀਆਂ, ਪਾਣੀ ਤੇ ਹੋਣੀਆਂ ਹਨ। ਇਕ ਹੋਰ ਸਾਡੇ ਮਨ ਤੇ ਬਹੁਤ ਵੱਡਾ ਬੋਝ ਕੀ ਹੈ ਕਿ ਅਸਲੀਅਤ ਹੈ ਕਿ ਅਸੀਂ ਹਰ ਸਾਲ ਦੋ ਕਰੋੜ ਏਕੜ ਫੁੱਟ ਪਾਣੀ ਜ਼ਮੀਨ ਵਿਚੋਂ ਖਿਚਦੇ ਜਾ ਰਹੇ ਹਾਂ ਤੇ ਏਨਾ ਪਾਣੀ ਜ਼ਮੀਨ ਥੱਲੇ ਜਾ ਨਹੀਂ ਰਿਹਾ, ਜਿਸ ਦਾ ਨਤੀਜਾ ਹੈ ਕਿ ਤਕਰੀਬਨ 86 ਬਲਾਕਾਂ ਵਿਚ ਹਰ ਸਾਲ ਇਕ ਫੁੱਟ ਪਾਣੀ ਡੂੰਘਾ ਚਲਾ ਜਾ ਰਿਹਾ ਹੈ ਤੇ ਐਕਸਪਰਟਸ ਦਾ ਵਿਊ ਹੈ ਕਿ ਸੰਨ 2015 ਤੱਕ ਜਿਹੜੇ ਟਿਊਬਵੈਲਜ਼ ਹਨ, ਉਹ ਸਾਰੇ ਖੁਸ਼ਕ ਹੋ ਜਾਣਗੇ ਤੇ ਪੰਜਾਬ ਸਾਰਾ ਡੈਜ਼ਰਟ ਹੋ ਜਾਵੇਗਾ। ਇਸ ਲਈ ਇਹ ਜਿਹੜੀ ਸਾਡੇ ਸਾਹਮਣੇ ਡਿਸਕਸ਼ਨ ਹੈ, ਇਹ ਬੜੀ ਅਹਿਮ ਡਿਸਕਸ਼ਨ ਹੈ। ਸਪੀਕਰ ਸਾਹਿਬ, ਇਸ ਦੀ ਜਦੋਂ ਤੱਕ ਅਸੀਂ ਬੈਕ ਵਿਚ ਨਹੀਂ ਜਾਵਾਂਗੇ ਕਿ ਕਿਸ ਤਰ੍ਹਾਂ ਸਾਨੂੰ ਅੱਜ ਇਹ ਰੈਜ਼ੋਲਿਊਸ਼ਨ ਕਰਨਾ ਪਿਆ ਤੇ ਕਿਉਂ ਕਰਨਾ ਪਿਆ, ਸਾਡਾ ਪਾਣੀ ਕਿਵੇਂ ਚਲਾ ਜਾਵੇਗਾ ਤਾਂ ਸਾਰੀ ਗੱਲ ਨਿੱਤਰ ਕੇ ਸਾਹਮਣੇ ਨਹੀਂ ਆਉਣੀ। ਸਪੀਕਰ ਸਾਹਿਬ, ਪਾਣੀ ਬਾਰੇ ਦੋ ਗੱਲਾਂ ਹਨ। ਇਕ ਤਾਂ ਇਹ ਹੈ ਕਿ ਇਹ ਰਿਪੇਰੀਅਨ ਰਾਈਟ ਵਿਚ ਕਵਰ ਹੁੰਦਾ ਹੈ। ਸਾਰੀ ਦੁਨੀਆਂ ਵਿਚ ਇਕੋ ਲਾਅ ਹੈ, ਕਨਵੈਨਸ਼ਨ ਹੈ ਜਾਂ ਕਹਿ ਲਓ ਕਿ ਕੰਸਟੀਚਿਊਸ਼ਨ ਹੈ ਕਿ ਪਾਣੀ ਉਸੇ ਸੂਬੇ ਦਾ ਹੈ ਜਿਸ ਵਿਚੋਂ ਉਹ ਦਰਿਆ ਵਗਦਾ ਹੈ। ਅੰਗਰੇਜ਼ ਵੱਲੋਂ ਵੀ ਇਹੀ ਫੈਸਲੇ ਹੋਏ ਹਨ ਅਤੇ ਆਜ਼ਾਦੀ ਤੋਂ ਬਾਦ ਸਾਡੇ ਦੇਸ਼ ਵਿਚ ਵੀ ਇਹੀ ਫੈਸਲੇ ਹੋਏ ਹਨ। ਇਹ ਸਾਰੇ ਰਿਪੇਰੀਅਨ ਰਾਈਟ ਦੇ ਮੁਤਾਬਿਕ ਫੈਸਲੇ ਹੋਏ ਹਨ। ਮੈਂ ਪਹਿਲਾਂ ਵੀ ਜ਼ਿਕਰ ਕੀਤਾ ਸੀ ਅਤੇ ਉਸ ਨੂੰ ਹੁਣ ਫਿਰ ਦੁਹਰਾਉਣਾ ਨਹੀਂ ਚਾਹੁੰਦਾ ਕਿ ਅੰਗਰੇਜ਼ ਦੇ ਸਮੇਂ ਦੋ ਵਾਰੀ ਸਾਡੇ ਦਰਿਆਵਾਂ ਦਾ ਪਾਣੀ ਗਿਆ ਸੀ। ਇਕ ਵਾਰ ਗੰਗਾ ਨਗਰ ਦੇ ਮਹਾਰਾਜੇ ਨੇ ਪਾਣੀ ਲਿਆ ਸੀ ਜਿਸ ਕਰਕੇ ਗੰਗ ਕੈਨਾਲ ਨਿਕਲੀ ਅਤੇ ਦੂਸਰੀ ਵਾਰ ਪੈਪਸੂ—ਪਟਿਆਲਾ, ਜੀਂਦ, ਨਾਭਾ ਵਗੈਰਾ ਨੇ ਅੰਗਰੇਜ਼ ਦੇ ਸਮੇਂ ਪਾਣੀ ਲਿਆ ਸੀ। ਅੰਗਰੇਜ਼ ਨੇ ਉਦੋਂ ਲਿਖਿਆ ਸੀ ਕਿ ਇਨ੍ਹਾਂ ਪਾਣੀਆਂ ਦਾ ਮਾਲਕ ਤਾਂ ਪੰਜਾਬ ਹੈ ਅਤੇ ਇਹ ਪੰਜਾਬ ਦੀ ਮਿਹਰਬਾਨੀ ਹੈ ਕਿ ਉਸ ਨੇ ਇਨ੍ਹਾਂ ਨੂੰ ਪਾਣੀ ਦਿੱਤਾ ਹੈ। ਇਸ ਕਰਕੇ ਇਨ੍ਹਾਂ ਦੋਹਾਂ ਸਟੇਟਾਂ ਨੂੰ ਪੰਜਾਬ ਸਰਕਾਰ ਦਾ ਧੰਨਵਾਦ ਕਰਨਾ ਚਾਹੀਦਾ ਹੈ। ਜਿਥੇ ਅੰਗਰੇਜ਼ ਦੇ ਸਮੇਂ ਇਹ ਕੁਝ ਹੋਇਆ, ਉਥੇ ਬਾਦ ਵਿਚ ਵੀ ਹਿੰਦੁਸਤਾਨ ਦੇ ਦੋ ਅਹਿਮ ਫੈਸਲੇ ਹੋਏ ਹਨ। ਇਕ ਝਗੜਾ ਨਰਮਦਾ ਰਿਵਰ ਵਾਟਰ ਡਿਸਪਿਊਟ ਹੋਇਆ ਸੀ। ਇਹ ਮਹਾਂਰਾਸ਼ਟਰ ਅਤੇ ਗੁਜਰਾਤ ਵਿਚਕਾਰ ਝਗੜਾ ਸੀ। ਇਸ ਝਗੜੇ ਵਿਚ ਰਿਪੇਰੀਅਨ ਰਾਈਟ ਦੇ ਮੁਤਾਬਿਕ ਹੀ ਦਖਲ ਦਿੱਤਾ ਜਾ ਸਕਦਾ ਸੀ। ਇਸ ਝਗੜੇ ਦੇ ਨਿਪਟਾਰੇ ਵਾਸਤੇ ਇਕ ਟ੍ਰਿਬਿਊਨਲ ਬਣ ਗਿਆ ਅਤੇ ਗੌਰਮਿੰਟ ਆਫ ਇੰਡੀਆ ਨੇ ਟ੍ਰਿਬਿਊਨਲ ਨੂੰ ਕਿਹਾ ਕਿ ਰਾਜਸਥਾਨ ਨੂੰ ਵੀ ਇਸ ਦੇ ਵਿਚ ਸ਼ਾਮਲ ਕਰ ਲਵੋ ਲੇਕਿਨ ਉਸ ਨੇ ਆਪਣਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਇਹ ਫੈਸਲਾ ਕਰ ਦਿੱਤਾ ਕਿ ਕਿਉਂਕਿ ਰਾਜਸਥਾਨ ਦਾ ਰਿਪੇਰੀਅਨ ਰਾਈਟ ਨਹੀਂ ਬਣਦਾ, ਇਸ ਲਈ ਇਸ ਝਗੜੇ ਦੀ ਡਿਸਕਸ਼ਨ ਵਿਚ ਅਸੀਂ ਰਾਜਸਥਾਨ ਦੇ ਹੱਕ ਨੂੰ ਡਿਸਕਸ ਨਹੀਂ ਕਰ ਸਕਦੇ। ਇਸੇ ਤਰ੍ਹਾਂ ਪਹਿਲਾਂ ਇਕ ਮਦਰਾਸ ਸਟੇਟ ਹੁੰਦੀ ਸੀ। ਉਸ ਵਿਚੋਂ ਬਾਦ ਵਿਚ ਆਂਧਰਾ ਪ੍ਰਦੇਸ਼ ਨਿਕਲਿਆ। ਇਹ ਜਿਹੜੀ ਸਟੇਟ ਸੀ, ਇਸ ਵਿਚੋਂ 3 ਦਰਿਆ ਵਗਦੇ ਸੀ—ਮਹਾਂ ਨਦੀ, ਕਾਵੇਰੀ ਅਤੇ ਕ੍ਰਿਸ਼ਨਾ। ਆਂਧਰਾ ਪ੍ਰਦੇਸ਼ ਵਿਚ ਕਾਵੇਰੀ

Original with;
Punjab Vidhan Sabha
Digitized by;
Panjab Digital Library

ਦਰਿਆ ਵਗਦਾ ਸੀ। ਉਸ ਝਗੜੇ ਵਿਚ ਵੀ ਆਂਧਰਾ ਇਕ ਤੁਪਕਾ ਵੀ ਦੂਜੇ ਦਰਿਆਵਾਂ ਵਿਚੋਂ ਨਹੀਂ ਸੀ ਲੈ ਸਕਿਆ ਅਤੇ ਨਾ ਹੀ ਮਦਰਾਸ ਦੂਜੇ ਦਰਿਆਵਾਂ ਵਿਚੋਂ ਲੈ ਸਕਿਆ। ਸੋ, ਇਹ ਪਾਣੀਆਂ ਦਾ ਮਸਲਾ ਸਭ ਤੋਂ ਵੱਡਾ ਮਸਲਾ ਹੈ। ਜੇ ਅਸੀਂ ਸ਼ੁਰੂ ਤੋਂ ਠੀਕ ਸਟੈਂਡ ਲੈਂਦੇ ਤਾਂ ਇਹ ਪਾਣੀ ਸਾਡੇ ਕੋਲੋਂ ਬਾਹਰ ਨਹੀਂ ਜਾ ਸਕਦਾ ਸੀ। ਹਿੰਦੁਸਤਾਨ ਅਤੇ ਪਾਕਿਸਤਾਨ ਬਣਨ ਤੋਂ ਪਹਿਲਾਂ ਸਾਡੇ ਪੰਜਾਬ ਵਿਚ 6 ਦਰਿਆ ਵਗਦੇ ਸਨ—ਸਤਲੁਜ, ਬਿਆਸ, ਰਾਵੀ, ਜਿਹਲਮ, ਚਨਾਬ ਅਤੇ ਸਿੰਧ। ਇਨ੍ਹਾਂ ਵਿਚੋਂ ਪਾਰਟੀਸ਼ਨ ਤੋਂ ਬਾਦ 3 ਦਰਿਆਂਵਾਂ ਦਾ ਪਾਣੀ ਸਾਨੂੰ ਮਿਲਿਆ ਅਤੇ 3 ਦਰਿਆ ਪਾਕਿਸਤਾਨ ਕੋਲ ਰਹਿ ਗਏ। ਉਹ ਪਾਣੀ ਜਿਹੜੇ ਸਾਨੂੰ ਮਿਲੇ ਸਨ ਅਤੇ ਜਿਨ੍ਹਾਂ ਦਾ ਅਸੀਂ ਪ੍ਰੀ-ਪਾਰਟੀਸ਼ਨ ਯੂਜ਼ ਕਰਦੇ ਸੀ, ਉਹ ਸੀ 15.2 ਐਮ.ਏ.ਐਫ.। ਸਾਡੀ ਸਰਕਾਰ ਨੇ ਕਿਹਾ ਕਿ ਰਾਵੀ-ਬਿਆਸ ਦਾ ਪਾਣੀ ਸਰਪਲੱਸ ਹੈ, ਇਸ ਨੂੰ ਵੰਡ ਦਿੱਤਾ ਜਾਵੇ। ਗੌਰਮਿੰਟ ਆਫ ਇੰਡੀਆ ਨੇ ਸਟੇਟਾਂ ਨੂੰ ਲਿਖਿਆ। ਪੰਜਾਬ ਨੂੰ ਲਿਖਿਆ ਅਤੇ ਹੋਰਨਾਂ ਸਟੇਟਾਂ ਨੂੰ ਵੀ ਲਿਖਿਆ ਹੋਣਾ ਹੈ। ਜੇ ਅਸੀਂ ਉਦੋਂ ਹੀ ਕਰੜੇ ਹੋ ਕੇ ਕਹਿੰਦੇ ਕਿ ਸਾਰਾ ਪਾਣੀ ਰਿਪੇਰੀਅਨ ਰਾਈਟ ਦੇ ਮੁਤਾਬਿਕ ਸਾਡਾ ਆਪਣਾ ਹੈ ਅਤੇ ਦੂਸਰੀਆਂ ਸਟੇਟਾਂ ਦਾ ਇਸ ਤੇ ਕੋਈ ਹੱਕ ਹੀ ਨਹੀਂ ਬਣਦਾ ਤਾਂ ਅੱਜ ਸਾਡੀ ਹਾਲਤ ਇਹ ਨਾ ਹੁੰਦੀ ਲੇਕਿਨ ਸਾਡੀ ਬਦਕਿਸਮਤੀ ਹੈ ਕਿ ਉਦੋਂ ਦੀ ਜਿਹੜੀ ਪੰਜਾਬ ਦੀ ਕਾਂਗਰਸ ਸਰਕਾਰ ਸੀ, ਉਸ ਨੇ ਇਸ ਪਾਸੇ ਜ਼ੋਰ ਨਹੀਂ ਲਾਇਆ। ਉਦੋਂ ਦੀ ਸਾਡੀ ਸਰਕਾਰ ਤੋਂ ਬਹੁਤ ਵੱਡੀ ਗਲਤੀ ਹੋਈ, ਬਲਕਿ ਮੈਂ ਕਹਿੰਦਾ ਹਾਂ ਕਿ ਹਿਮਾਲੀਅਨ ਬਲੰਡਰ ਹੋਈ ਕਿ ਪੰਜਾਬ ਦੀ ਉਸ ਵੇਲੇ ਦੀ ਸਰਕਾਰ ਨੇ ਆਪਣੀ ਡਿਮਾਂਡ ਭੇਜੀ, ਸਿਰਫ 5.9 ਐਮ.ਏ.ਐਫ. ਪਾਣੀ ਦੀ, ਕਿ ਸਾਨੂੰ ਤਾਂ ਐਨੀ ਹੀ ਲੋੜ ਹੈ। ਅਸੀਂ ਇਸ ਤੋਂ ਵੱਧ ਪਾਣੀ ਯੂਟੇਲਾਈਜ਼ ਨਹੀਂ ਕਰ ਸਕਦੇ। ਸਾਨੂੰ 5.9 ਐਮ.ਏ.ਐਫ. ਪਾਣੀ ਦੇ ਦਿਓ। ਇਹ ਰਿਕਾਰਡ ਦੀ ਗੱਲ ਹੈ। ਇਸ ਦੇ ਵਾਸਤੇ ਕੌਣ ਕਲਪਰਿਟ ਹੈ। ਕੁੱਲ ਪਾਣੀ ਸੀ 15.2 ਐਮ.ਏ.ਐਫ. ਅਤੇ ਮੰਗਿਆ ਸਿਰਫ 5.9 ਐਮ.ਏ.ਐਫ. ਅਤੇ ਕਿਹਾ ਬਾਕੀ ਪਾਣੀ ਛੱਡ ਦਿਓ, ਬਾਕੀ ਦਾ ਪਾਣੀ ਦਾਨ ਕਰ ਦਿਓ। ਮੈਂ ਕਹਿੰਦਾ ਹਾਂ ਕਿ ਇਸ ਨਾਲੋਂ ਤਾਂ ਰਾਜਸਥਾਨ ਵਾਲੇ ਸਿਆਣੇ ਰਹੇ। ਉਹ ਇਸ ਕਰਕੇ ਸਿਆਣੇ ਰਹੇ, ਕਿਉਂਕਿ ਭਾਵੇਂ ਉਥੇ ਅੱਜ ਤੱਕ ਵੀ ਪਾਣੀ ਨਹੀਂ ਲਗਦਾ ਲੇਕਿਨ ਉਨ੍ਹਾਂ ਨੇ ਪਾਣੀ ਦੀ ਆਪਣੀ 8 ਐਮ.ਏ.ਐਫ. ਦੀ ਡਿਮਾਂਡ ਕਰ ਦਿੱਤੀ। ਇਸੇ ਤਰ੍ਹਾਂ ਪੈਪਸੂ ਨੇ 1.30 ਐਮ.ਏ.ਐਫ. ਪਾਣੀ ਦੀ ਡਿਮਾਂਡ ਕਰ ਦਿੱਤੀ ਅਤੇ ਜੇ.ਕੇ. ਨੇ 0.65 ਐਮ.ਏ.ਐਫ. ਦੀ ਡਿਮਾਂਡ ਕਰ ਦਿੱਤੀ। ਹੁਣ ਸਵਾਲ ਇਹ ਹੈ ਕਿ ਗਲਤੀ ਕਿਸ ਦੀ ਹੈ। ਮੈਂ ਗਲਤੀ ਉਸ ਵੇਲੇ ਦੀ ਕਾਂਗਰਸ ਸਰਕਾਰ ਦੀ ਮੰਨਦਾ ਹਾਂ ਜਿਸ ਨੇ ਆਪਣੀ ਡਿਮਾਂਡ ਸਿਰਫ਼ ਉਨੀ ਰੱਖੀ। ਜੇਕਰ ਉਹ ਆਪਣੀ ਡਿਮਾਂਡ ਜ਼ਿਆਦਾ ਰੱਖ ਦਿੰਦੇ ਤਾਂ ਆਪਾਂ ਨੂੰ ਅਵੱਸ਼ ਹੀ ਪਾਣੀ ਮਿਲ ਜਾਣਾ ਸੀ। ਇਸ ਲਈ ਸਭ ਤੋਂ ਪਹਿਲਾਂ ਜੋ ਕਾਂਗਰਸ ਨੇ ਹਿਮਾਲੀਅਨ ਬਲੰਡਰ ਕੀਤੀ ਉਹ ਇਹ ਕੀਤੀ। ਕਈ ਲੋਕਾਂ ਨੂੰ ਤਾਂ ਹੋ ਸਕਦਾ ਹੈ ਕਿ ਸ਼ਾਇਦ ਪਤਾ ਵੀ ਨਾ ਹੋਵੇ, ਕਈ ਮੈਂਬਰਾਂ ਨੂੰ ਵੀ ਹੋ ਸਕਦਾ ਹੈ ਕਿ ਪਤਾ ਨਾ ਹੋਵੇ ਕਿ ਉਸ ਵੇਲੇ ਮੰਗਿਆ ਕੀ ਸੀ। ਸਪੀਕਰ ਸਾਹਿਬ, ਇਸ ਦੇ ਨਾਲ ਹੀ ਇੱਕ ਗੱਲ ਹੋਰ ਆ ਜਾਂਦੀ ਹੈ ਲੇਕਿਨ ਅੱਜ ਮੈਂ ਸਾਹਮਣੇ ਬੈਠੇ ਬੈਂਚਾਂ ਵਾਲਿਆਂ ਨੂੰ ਕਹਿੰਦਾ ਹਾਂ ਕਿ ਤੁਸੀਂ ਇਸ ਚੀਜ਼ ਦਾ ਫਾਇਦਾ ਉਠਾ ਸਕਦੇ ਹੋ। ਆਪਣਾ ਦੋਹਾਂ ਦਾ ਮਤਲਬ ਇਹੀ ਹੈ ਕਿ ਹਰਿਆਣਾ ਜਿਹੜਾ ਕਿ ਸਾਡਾ ਗੁਆਂਢੀ ਰਾਜ ਹੈ ਉਹ

Original with;
Punjab Vidhan Sabha
Digitized by:

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਪਾਣੀ ਨਾ ਲੈ ਜਾਵੇ ਲੇਕਿਨ ਮੈਂ ਇਸ ਗੱਲ ਦੇ ਵਿੱਚ ਇਕ ਹੋਰ ਐਡੀਸ਼ਨ ਕਰਦਾ ਹਾਂ ਕਿ ਉਸ ਵੇਲੇ ਜੋ ਪੰਜਾਬ ਨੇ ਮੰਗ ਮੰਗੀ ਸੀ ਉਹ 5.00 ਐਮ.ਏ.ਐਫ. ਪਾਣੀ ਸੀ ਤਾਂ ਉਸ ਵੇਲੇ ਸੈਂਟਰਲ ਗੌਰਮਿੰਟ ਨੇ ਇਹ ਵੀ ਆਖਿਆ ਸੀ ਕਿ ਤੁਸੀਂ ਇਸਦੀ ਯੂਟੇਲਾਈਜ਼ੇਸ਼ਨ ਕਿਸ ਤਰ੍ਹਾਂ ਕਰੋਗੇ। ਯੂਟੇਲਾਈਜ਼ੇਸ਼ਨ ਵਿੱਚ ਇਹ ਲਿਖਿਆ ਹੈ ਕਿ ਯੂ.ਬੀ.ਡੀ.ਸੀ. 1.69, ਬੇਟ ਏਰੀਆ ਅਤੇ ਰਾਵੀ-ਬਿਆਸ 0.23, ਸ਼ਾਹ ਨਹਿਰ 0.23, ਈਸਟਰਨ ਕੈਨਾਲ 0.79, ਸਰਹੰਦ ਫੀਡਰ 2.79। ਮੇਰਾ ਕਹਿਣ ਤੋਂ ਮਤਲਬ ਹੈ ਕਿ ਉਸ ਵੇਲੇ ਪੰਜਾਬ ਦੇ ਸੀ.ਐਮ. ਸਾਹਿਬ ਨੂੰ ਇਹ ਕਰਨਾ ਚਾਹੀਦਾ ਸੀ ਕਿ ਜਿਹੜੇ ਉਸ ਵੇਲੇ ਚੌਧਰੀ ਲਹਿਰੀ ਸਿੰਘ ਹਰਿਆਣੇ ਦੇ ਇਰੀਗੇਸ਼ਨ ਮਨਿਸਟਰ ਸੀ ਉਸ ਨੇ ਸਕੀਮ ਬਣਾ ਕੇ ਦਿੱਤੀ ਸੀ ਕਿ ਜਿਹੜਾ ਪਾਣੀ ਹੈ ਜਿਹੜੀ ਪਾਣੀ ਦੀ ਯੂਟੇਲਾਈਜ਼ੇਸ਼ਨ ਮੰਗੀ ਸੀ ਉਸ ਵਿੱਚ ਉਨ੍ਹਾਂ ਨੇ ਹਰਿਆਣੇ ਦਾ ਕੋਈ ਵੀ ਹਿੱਸਾ ਨਹੀਂ ਦਿੱਤਾ, ਜਿਹੜਾ ਉਹ ਅੱਜ ਕਲੇਮ ਕਰਦੇ ਹਨ। ਸਪੀਕਰ ਸਾਹਿਬ, ਇਕ ਬਹੁਤ ਵੱਡੀ ਗਲਤੀ ਹੋਈ ਹੈ। ਮੇਰਾ ਖਿਆਲ ਹੈ ਕਿ ਮਾਹੌਲ ਬੜਾ ਸੋਹਣਾ ਸੀ ਲੇਕਿਨ ਬਦਕਿਸਮਤੀ ਇਹ ਹੈ ਕਿ ਮੈਨੂੰ ਫਿਰ ਇਹੋ ਜਿਹੀ ਗੱਲ ਕਰਨੀ ਪੈਂਦੀ ਹੈ ਕਿ ਏਥੇ ਇਕ ਰੀਆਰਗੇਨਾਈਜ਼ੇਸ਼ਨ ਐਕਟ ਬਣਿਆ, ਜੇਕਰ ਕੋਈ ਬੀਮਾਰੀ ਹੋਵੇ ਅਤੇ ਮੌਕੇ ਤੇ ਜੇਕਰ ਉਸ ਬੀਮਾਰੀ ਦਾ ਇਲਾਜ ਨਾ ਕੀਤਾ ਜਾਵੇ ਤਾਂ ਫਿਰ ਉਹ ਕੈਂਸਰ ਹੀ ਬਣ ਜਾਂਦੀ ਹੈ। ਸਪੀਕਰ ਸਾਹਿਬ, ਜਦੋਂ ਰੀਆਰਗੇਨਾਈਜੇਸ਼ਨ ਐਕਟ ਬਣਿਆ ਤਾਂ ਉਸ ਵਿੱਚ ਆਰਟੀਕਲ 79 ਲਗਾ ਦਿੱਤੀ ਕਿ ਸੈਂਟਰ ਗੌਰਮਿੰਟ ਨੂੰ ਪਾਵਰ ਹੈ ਕਿ ਕੋਈ ਜੇਕਰ ਇਹੋ ਜਿਹਾ ਝਗੜਾ ਹੋਵੇ ਤਾਂ ਉਹ ਨਜਿੱਠ ਸਕਦੀ ਹੈ। ਸੈਂਟਰ ਗੌਰਮਿੰਟ ਨੂੰ ਵੈਸੇ ਕੋਈ ਇਸ ਤਰ੍ਹਾਂ ਦੀ ਪਾਵਰ ਨਹੀਂ ਹੈ। ਕਿਉਂਕਿ ਪਾਣੀ ਸਾਡੀ ਸਟੇਟ ਦਾ ਹੈ ਅਤੇ ਝਗੜਾ ਸਾਡੀ ਸਟੇਟ ਦਾ ਹੈ ਅਤੇ ਇਸ ਬਾਰੇ ਪੂਰੀ ਅਥਾਰਟੀ ਸੂਬੇ ਨੂੰ ਹੈ, ਲੇਕਿਨ ਫਿਰ ਐਮਰਜੰਸੀ ਲਗਾਈ ਗਈ। ਸਪੀਕਰ ਸਾਹਿਬ, ਐਮਰਜੰਸੀ ਦੇ ਦਿਨਾਂ ਵਿੱਚ ਜਦੋਂ ਅਸੀਂ ਸਾਰੇ ਜੇਲ੍ਹਾਂ ਵਿੱਚ ਸੀ ਉਦੋਂ ਉਸ ਵੇਲੇ ਪ੍ਰਾਈਮ ਮਨਿਸਟਰ ** ** ** ਨੇ ਆਪਣੇ ਆਪ ਇਕ ਫੈਸਲਾ ਕਰ ਦਿੱਤਾ ਕਿ ਮੈਂ ਜਿਹੜਾ ਪਾਣੀ ਦੇਣਾ ਹੈ ਇਹ 3.5 ਐਮ.ਏ.ਐਫ. ਹਰਿਆਣੇ ਨੂੰ ਦੇਣਾ ਹੈ। ਸਪੀਕਰ ਸਾਹਿਬ, ਕਿਸੇ ਨੂੰ ਬੁਲਾਇਆ ਨਹੀਂ, ਕੋਈ ਰੂਲ ਨਹੀਂ, ਹਰਿਆਣੇ ਦਾ ਇਸ ਪਾਣੀ ਉਤੇ ਕੋਈ ਰਿਪੇਰੀਅਨ ਰਾਈਟ ਨਹੀਂ । ਪਰ ਫਿਰ ਵੀ ਫੈਸਲਾ ਕਰ ਦਿੱਤਾ ਅਤੇ ਸਾਡੇ ਨਾਲ ਧੋਖਾ ਕਰ ਦਿੱਤਾ। ਸਪੀਕਰ ਸਾਹਿਬ, ਫਿਰ ਐਮਰਜੰਸੀ ਟੁੱਟ ਗਈ ਤੇ ਹਕੂਮਤ ਸਾਡੀ ਬਣ ਗਈ। ਮੇਰੇ ਦਿਲ ਵਿੱਚ ਤਾਂ ਪੰਜਾਬ ਬਾਰੇ ਬੜਾ ਵੱਡਾ ਦਰਦ ਸੀ ਅਤੇ ਮੈਂ ਉਦੋਂ ਹਿੰਦੁਸਤਾਨ ਦੀ ਸਰਕਾਰ ਨੂੰ ਐਮਰਜੰਸੀ ਦੇ ਦੌਰਾਨ ਜਿਹੜੀਆਂ ਐਕਸੈਸਿਜ਼ ਹੋਈਆਂ ਸਨ ਉਸ ਵਾਸਤੇ ਇਕ ਕਮਿਸ਼ਨ ਮੁਕਰਰ ਕਰਨ ਬਾਰੇ ਕਿਹਾ ਸੀ ਕਿ ਜੇਕਰ ਕਿਸੇ ਜਾਤ ਤੇ ਕੋਈ ਸਖ਼ਤੀ ਹੋਈ ਹੋਵੇ ਜਾਂ ਕਿਸੇ ਨਾਲ ਕੋਈ ਬੇਇਨਸਾਫ਼ੀ ਹੋਈ ਹੋਵੇ ਤਾਂ ਉਨ੍ਹਾਂ ਲਈ ਕਮਿਸ਼ਨ ਮੁਕਰਰ ਕੀਤਾ ਤੇ ਉਸ ਵੇਲੇ, ਮੈਂ ਇਹ ਕੀਤਾ ਕਿ ਸਾਡੇ ਨਾਲ ਐਮਰਜੰਸੀ ਵੇਲੇ ਐਕਸੈਸਿਜ਼ ਹੋਈ ਹੈ, ਮੈਂ ਸ਼੍ਰੀ ਮੁਰਾਰਜੀ ਡਿਸਾਈ ਸਾਹਿਬ ਕੋਲ ਗਿਆ, ਉਨ੍ਹਾਂ ਨੇ ਹਰਿਆਣੇ ਦੇ ਮੁੱਖ ਮੰਤਰੀ ਨੂੰ ਵੀ ਬੁਲਾਇਆ ਅਤੇ ਉਨ੍ਹਾਂ ਨੇ ਮੇਰੀ ਵੀ ਸਾਰੀ ਗੱਲ ਸੁਣੀ, ਨਕਸ਼ੇ ਦੇਖੇ ਔਰ ਐਕਸਪਰਟ ਵੀ ਉਥੇ ਹਾਜ਼ਰ ਸਨ, ਉਨ੍ਹਾਂ ਨੇ

** Expunged as ordered by the Chair.

Original with;
Punjab Vidhan Sabha
Digitized by;

ਵੀ ਆਪਣੀ ਰਾਏ ਦਿੱਤੀ ਤਾਂ ਸ੍ਰੀ ਮੁਰਾਰਜੀ ਡਿਸਾਈ ਸਾਹਿਬ ਨੇ ਆਖਿਆ ਕਿ ਮੈਂ ਇਸ ਕੇਸ ਨੂੰ ਅਟਾਰਨੀ ਜਨਰਲ ਕੋਲ ਭੇਜ ਦਿੰਦਾ ਹਾਂ ਉਹ ਇਸ ਤੇ ਆਪਣੀ ਰਾਏ ਦੇ ਦੇਣਗੇ ਕਿ ਜਿਹੜੀਆਂ ਐਮਰਜੰਸੀ ਦੇ ਦੌਰਾਨ ਪੰਜਾਬ ਉਤੇ ਐਕਸੈਸਿਜ਼ ਹੋਈਆਂ ਹਨ, ਉਸ ਦਾ ਕਿਸ ਤਰ੍ਹਾਂ ਹੱਲ ਕੀਤਾ ਜਾ ਸਕੇ। ਸਪੀਕਰ ਸਾਹਿਬ, ਮੈਂ ਇਥੇ ਵੀ ਸਬਰ ਨਹੀਂ ਕੀਤਾ ਕਿਉਂਕਿ ਮੈਨੂੰ ਪਤਾ ਸੀ ਕਿ ਗੌਰਮਿੰਟਾਂ ਦੇ ਕੰਮ ਇਹੋ ਜਿਹੇ ਹੀ ਹੁੰਦੇ ਹਨ, ਲੀਗਲੀ ਵੀ ਲੜਾਈ ਲੜੀ ਜਾਵੇ, ਕਿਉਂਕਿ ਜੇਕਰ ਕੋਈ ਲੀਗਲੀ ਲੜਾਈ ਲੜਨੀ ਹੋਵੇ ਤਾਂ ਇਹ ਕਿਸੇ ਦਾ ਇੰਡੀਵਿਜੂਅਲ, ਇਸ ਕੰਮ ਲਈ ਸੁਪਰੀਮ ਕੋਰਟ ਵਿਚ ਮੁਕੱਦਮਾ ਨਹੀਂ ਕਰ ਸਕਦਾ। ਜੇਕਰ ਮੁਕੱਦਮਾ ਕਰਨਾ ਹੋਵੇ ਤਾਂ ਸਿਰਫ ਗੌਰਮਿੰਟ ਹੀ ਕਰ ਸਕਦੀ ਹੈ। ਗੌਰਮਿੰਟ ਵੱਲੋਂ ਸਾਲ 1979 ਵਿਚ ਜਦੋਂ ਮੈਂ ਚੀਫ ਮਨਿਸਟਰ ਬਣਿਆ ਸੀ, ਉਸ ਸਮੇਂ ਮੈਂ ਸੁਪਰੀਮ ਕੋਰਟ ਵਿਚ ਮੁਕੱਦਮਾ ਦਾਇਰ ਕਰ ਦਿਤਾ। ਜਦੋਂ ਸਰਦਾਰ ਦਰਬਾਰਾ ਸਿੰਘ, ਪੰਜਾਬ ਦੇ ਮੁੱਖ ਮੰਤਰੀ ਸਨ, ਜਦੋਂ ਸੈਂਟਰ ਸਰਕਾਰ ਨੂੰ ਪਤਾ ਲਗ ਗਿਆ ਕਿ ਪੰਜਾਬ ਦਾ ਕੇਸ ਬਹੁਤ ਹੀ ਮਜ਼ਬੂਤ ਹੈ, ਇਸ ਦੇ ਵਿਚੋਂ ਜਿਹੜਾ ਪਾਣੀ 3.5 ਐਮ.ਏ.ਐਫ. ਰਾਜਸਥਾਨ ਨੂੰ ਦਿੱਤਾ ਗਿਆ ਹੈ, ਉਹ ਵੀ ਵਾਪਸ ਪੰਜਾਬ ਨੂੰ ਮਿਲ ਜਾਣਾ ਹੈ। ਇਸ ਲਈ ਕਾਨੂੰਨੀ ਤੌਰ ਤੇ ਅਸੀਂ ਜਿੱਤ ਨਹੀਂ ਸਕਦੇ। ਇਸ ਲਈ ਕੋਈ ਹੋਰ ਰਸਤਾ ਅਪਣਾਇਆ ਜਾਣਾ ਚਾਹੀਦਾ ਹੈ। ਉਥੇ ਲਾਅ ਮਨਿਸਟਰਾਂ ਦੀ ਮੀਟਿੰਗ ਹੋ ਰਹੀ ਸੀ। ਸਰਦਾਰ ਦਰਬਾਰਾ ਸਿੰਘ ਵੀ ਉਥੇ ਹਾਜ਼ਰ ਸਨ। ਹਰਿਆਣਾ ਦੇ ਮੁੱਖ ਮੰਤਰੀ ਵੀ ਉਥੇ ਸਨ। ਸਰਦਾਰ ਦਰਬਾਰਾ ਸਿੰਘ ਨੇ ਮੀਟਿੰਗ ਵਿਚ ਜਵਾਬ ਦੇ ਦਿੱਤਾ ਕਿ ਮੈਂ ਕੇਸ ਵਾਪਸ ਨਹੀਂ ਲਵਾਂਗਾ। ਉਸੇ ਵੇਲੇ ਹੀ ਸ੍ਰੀ ਸ਼ੰਕਰ ਦਿਆਲ ਜਾਂ ਕੋਈ ਹੋਰ ਸੀ, ਮੈਨੂੰ ਹੁਣ ਨਾਂ ਨਹੀਂ ਪਤਾ, ਝੱਟ ਹੀ ਮੀਟਿੰਗ ਵਿਚੋਂ ਉਠ ਕੇ ** ** ਕੋਲ ਚਲਾ ਗਿਆ ਤੇ ਦੱਸਿਆ ਕਿ ਸਰਦਾਰ ਦਰਬਾਰਾ ਸਿੰਘ ਜੀ ਕੇਸ ਵਾਪਸ ਲੈਣਾ ਨਹੀਂ ਮੰਨਦੇ। ਉਸ ਸਮੇਂ ** ** ਨੇ ਕਿਹਾ, ਕੋਈ ਗੱਲ ਨਹੀਂ, ਮੈਂ ਮਨਾਉਂਦੀ ਹਾਂ, ਦਰਬਾਰਾ ਸਿੰਘ ਕੋ ਬੁਲਾਓ। ਇਹ ਅਖਬਾਰਾਂ ਦੀਆਂ ਗੱਲਾਂ ਹਨ। ਮੈਂ ਆਪਣੇ ਕੋਲੋਂ ਕਦੀ ਬਗੈਰ ਪਰੂਫ ਤੋਂ ਗੱਲ ਨਹੀਂ ਆਖੀ ਅਤੇ ਨਾ ਹੀ ਮੈਨੂੰ ਇਸ ਤਰ੍ਹਾਂ ਦੀ ਆਦਤ ਹੈ। ਉਸ ਨੂੰ ਦਬਕਾ ਮਾਰਿਆ ਕਿ ਜਾਂ ਅਸਤੀਫਾ ਦੇ ਦਿਓ ਜਾਂ ਕੇਸ ਵਾਪਸ ਲੈ ਲਵੋ। ਉਹ ਬੜੇ ਪ੍ਰੇਸ਼ਾਨ ਹੋਏ ਅਤੇ ਉਥੇ ਪੰਜਾਬ ਭਵਨ ਆ ਗਏ। ਉਥੇ ਕੁਝ ਦੋਸਤਾਂ ਨਾਲ ਸਲਾਹ ਕੀਤੀ। ਉਨ੍ਹਾਂ ਦਾ ਮਨ ਸੀ ਕਿ ਮੈਂ ਅਸਤੀਫਾ ਦੇ ਦਿਆਂ। ਪਰ ਦੋਸਤਾਂ ਨੇ ਕਿਹਾ ਕਿ ਜੇ ਤਾਂ ਪੰਜਾਬ ਦਾ ਫਾਇਦਾ ਹੁੰਦਾ ਹੋਵੇ ਤਾਂ ਭਾਵੇਂ ਅਸਤੀਫਾ ਦੇ ਦਿਓ। ਤੁਸੀਂ ਜਾਂਦੇ ਰਹੋਗੇ ਅਤੇ ਜਿਹੜਾ ਦੂਜਾ ਆਵੇਗਾ, ਉਸ ਨੇ ਅੰਗੂਠਾ ਲਗਾ ਦੇਣਾ ਹੈ। ਇਸ ਲਈ ਤੁਸੀਂ ਵੀ ਅਗੂੰਠਾ ਲਗਾ ਦਿਓ। ਦੂਜੀ ਗਲਤੀ ਉਥੇ ਹੋਈ ਅਤੇ ਜਿਸ ਕੇਸ ਨੂੰ ਸ਼੍ਰੋਮਣੀ ਅਕਾਲੀ ਦਲ ਕੋਸ਼ਿਸ਼ ਕਰਕੇ ਸੁਪਰੀਮ ਕੋਰਟ ਵਿਚ ਲੈ ਕੇ ਗਿਆ ਸੀ, ਹਿਸਟਰੀ ਗਵਾਹ ਹੈ ਕਿ ਸਰਦਾਰ ਦਰਬਾਰਾ ਸਿੰਘ ਨੇ ਉਹ ਕੇਸ ਵਾਪਸ ਲੈ ਲਿਆ। ਜੇਕਰ ਸਰਦਾਰ ਦਰਬਾਰਾ ਸਿੰਘ ਉਹ ਕੇਸ ਵਾਪਸ ਨਾ ਲੈਂਦੇ ਤਾਂ ਨਾ ਤਾਂ ਅੱਜ ਇਹ ਰੈਜ਼ੋਲਿਊਸ਼ਨ ਲਿਆਉਣ ਦੀ ਲੋੜ ਪੈਣੀ ਸੀ, ਨਾ ਐਸ.ਵਾਈ.ਐਲ. ਬਣਨੀ ਸੀ ਅਤੇ ਨਾ ਹੀ ਪੰਜਾਬ ਦਾ ਇੰਨਾ ਖੂਨ ਡੁਲ੍ਹਣਾ ਸੀ। ਸਪੀਕਰ ਸਾਹਿਬ, ਇਹ ਸਾਰਾ ਕੰਮ ਐਸ.ਵਾਈ.ਐਲ. ਕਰਕੇ ਹੀ ਵਿਗੜਿਆ ਹੈ। ਤੁਸੀਂ ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਕਿੰਨੇ ਗੁਨਾਹ ਕੀਤੇ, ਕਿੰਨੇ ਪਾਪ

** Expunged as ordered by the Chair.

Original with;
Punjab Vidhan Sabha
Digitized by;

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਕੀਤੇ ਅਤੇ ਪੰਜਾਬ ਦੇ ਖਿਲਾਫ ਕਿੰਨੀਆਂ ਗੱਲਾਂ ਕੀਤੀਆਂ ਗਈਆਂ। ਹੁਣ ਭਾਵੇਂ ਕੁਝ ਕਹੀ ਜਾਵੇ। ਇਹ ਗੱਲਾਂ ਇਤਿਹਾਸਕ ਹਨ। ਸਪੀਕਰ ਸਾਹਿਬ, ਆਹ ਇਕ ਹੋਰ ਚਿੱਠੀ ਹੈ ਜਿਹੜੀ ਕਿ ਮੈਂ ਨਹੀਂ ਪੜ੍ਹਦਾ ਬਹੁਤ ਲੰਮੀ ਗੱਲ ਹੋ ਜਾਵੇਗੀ। ਮੈਂ ਕਾਂਗਰਸ ਦੀਆਂ ਗਲਤੀਆਂ ਨੂੰ ਕਨਸੋਲੀਡੇਟ ਕਰਦਾ ਹਾਂ। ਪਹਿਲੀ ਗਲਤੀ 5.9 ਐਮ.ਏ.ਐਫ. ਪਾਣੀ ਮੰਗ ਕੇ ਕੀਤੀ, ਦੂਜੀ ਗਲਤੀ ਕਲਾਜ਼-79 ਇਨਸਰਟ ਕਰਕੇ ਕੀਤੀ। ਤੀਜੀ ਗਲਤੀ ** ** ਨੇ 3.5 ਐਮ.ਏ.ਐਫ. ਪਾਣੀ ਦੇ ਦਿੱਤਾ। ਚੌਥੀ ਗਲਤੀ ਸਰਦਾਰ ਦਰਬਾਰਾ ਸਿੰਘ ਵੱਲੋਂ ਕੇਸ ਵਾਪਸ ਲੈਣਾ। ਸਭ ਤੋਂ ਵੱਧ ਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ ** ** ਨੂੰ ਇਥੇ ਨਹਿਰ ਪੁੱਟਣ ਵਾਸਤੇ ਬੁਲਾਉਣਾ ਹੈ। ਸਪੀਕਰ ਸਾਹਿਬ, ਇਹ ਬੜੀਆਂ ਵੱਡੀਆਂ ਗਲਤੀਆਂ ਹੋਈਆਂ ਹਨ। ਇਸ ਤੋਂ ਬਾਅਦ ਗੱਲ ਆ ਜਾਂਦੀ ਹੈ ਕਿ ਬੜਾ ਰੌਲਾ ਪੈਂਦਾ ਹੈ ਕਿ ਮੈਂ ਦੇਵੀ ਲਾਲ ਤੋਂ ਪੈਸਾ ਲੈ ਲਿਆ, ਉਹ ਮੇਰਾ ਦੋਸਤ ਸੀ। ਮੈਂ ਇਹ ਪਹਿਲਾਂ ਵੀ ਕਿਹਾ ਹੈ ਕਿ ਲੈਟਰ ਹੁਣ ਵੀ ਮੇਰੇ ਕੋਲ ਪਏ ਹਨ। ਜੇਕਰ, ਸਪੀਕਰ ਸਾਹਿਬ, ਇਜਾਜ਼ਤ ਦਿਉ ਤਾਂ ਮੈਂ ਇਹ ਸਦਨ ਦੀ ਮੇਜ਼ ਦੇ ਰੱਖ ਦਿੰਦਾ ਹਾਂ। ਇਸ ਨਾਲ ਮੇਰਾ ਕੋਈ ਤੁਅਲੱਕ ਨਹੀਂ ਹੈ। ਗਿਆਨੀ ਜ਼ੈਲ ਸਿੰਘ ਜੀ ਨੇ ਹਰਿਆਣੇ ਦੇ ਮੁੱਖ ਮੰਤਰੀ ਗੁਪਤਾ ਸਾਹਿਬ ਨੂੰ ਚਿੱਠੀ ਲਿਖੀ ਕਿ ਅਸੀਂ ਪਰੀਲੀਮਿਨਰੀ ਸਰਵੇ ਕਰਨਾ ਹੈ, ਪੈਸਾ ਖਰਚ ਹੋਣਾ ਹੈ, ਸਾਨੂੰ ਇਕ ਕਰੋੜ ਰੁਪਿਆ ਦੇ ਦਿਓ। ਗੁਪਤਾ ਸਾਹਿਬ ਨੇ ਉਹ ਰੁਪਿਆ ਭੇਜ ਦਿਤਾ। ਗਿਆਨੀ ਜ਼ੈਲ ਸਿੰਘ ਜੀ ਨੇ ਥੈਂਕਸ ਵੀ ਕੀਤਾ। ਅੱਜ ਭਾਵੇਂ ਕੋਈ ਕੁਝ ਕਹਿੰਦਾ ਫਿਰੇ। ਸਪੀਕਰ ਸਾਹਿਬ, ਇਨ੍ਹਾਂ ਸਾਰੀਆਂ ਚੀਜ਼ਾਂ ਦੀ ਜ਼ਿੰਮੇਵਾਰੀ ਕਾਂਗਰਸ ਸਰਕਾਰ ਦੀ ਹੈ। ਸਾਡੇ ਨਾਲ ਪਾਣੀ ਦਾ ਵਿਤਕਰਾ ਹੋਇਆ, ਬਾਕੀ ਵਿਤਕਰੇ ਛੱਡ ਦਿਓ। ਸਪੀਕਰ ਸਾਹਿਬ, ਪੰਜਾਬ ਵਿਚ ਧਾਰਮਿਕ, ਆਰਥਿਕ ਅਤੇ ਸਿਆਸੀ ਤੌਰ ਤੇ ਜੋ ਧੱਕਾ ਹੋਇਆ ਹੈ, ਉਸਦੇ ਲਈ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। ਜੇ ਮੈਂ ਇਹ ਕਿਹਾ ਤਾਂ ਤੁਸੀਂ ਕਹੋਗੇ ਕਿ ਆਪੋਜ਼ੀਸ਼ਨ ਕਰਕੇ ਮੈਂ ਕਹਿ ਰਿਹਾ ਹੈ। ਮੈਂ ਪਹਿਲਾਂ ਵੀ ਇਥੇ ਦੱਸਿਆ ਸੀ। ਇਹ ਬਹੁਤ ਵੱਡੇ ਐਕਸਪਰਟ ਦੀ ਰਿਪੋਰਟ ਹੈ, ਫਾਰਮਰ ਚੇਅਰਮੈਨ ਆਫ ਸੈਂਟਰਲ ਵਾਟਰ ਐਂਡ ਪਾਵਰ ਕਮਿਸ਼ਨ, ਮਿਸਟਰ ਕੰਵਰਸੈਨ ਜੀ ਨੇ ਲਿਖਿਆ ਹੈ ਕਿ "That the Akali demand for the reopening of river water issue is fully justified as the State was not given its due share." Mr. Sain was architect of the 1955 agreement reached between Punjab and Rajasthan on the utilization of surplus waters of Ravi and Beas rivers. He had drafted the agreement. ਜਿਹੜਾ ਐਗਰੀਮੈਂਟ ਉਦੋਂ ਹੋਇਆ ਹੈ, ਅਸੀਂ ਪਹਿਲੀ ਵੇਰ ਉਦੋਂ ਧੋਖਾ ਖਾਧਾ, ਉਸਨੂੰ ਬਣਾਇਆ। The Union Minister of State for Irrigation. Mr. R.N. Mirdha consulted Mr. Sain on Wednesday on the issue. He told ENS that though he had soft corner towards Rajasthan and Haryana, he said ਮੇਰਾ ਸਾਫਟ ਕਾਰਨਰ ਹੈ ਰਾਜਸਥਾਨ ਅਤੇ ਹਰਿਆਣਾ ਨਾਲ, but he felt that Akali Demand was justified. He said that the entire issue should

** Expunged as ordered by the Chair.

Original with;
Punjab Vidhan Sabha
Digitized by;
Panjab Digital Library

now be referred to the inter-state river water tribunal for review. Even the 1955 agreement should be reopened, he said. Mr. Sain said that the 1955 agreement was done in a hurry because of certain pressures. A World Bank team was to come for the inspection of the areas. The project of Rajasthan Canal was also prepared in a hurry to overcome certain issues. Mr. Sain felt that the 1976 award of the Prime Minister giving 3.5 MAF water each to Punjab and Haryana was not fair to Punjab that either Punjab's case was not properly put before the Prime Minister or the decision was taken under pressure from Haryana. ਇਹ ਇੰਡੀਪੈਂਟ ਆਦਮੀ ਜਿਸ ਦੀ ਹਰਿਆਣੇ ਨਾਲ ਵੀ ਹਮਦਰਦੀ ਸੀ ਅਤੇ ਰਾਜਸਥਾਨ ਨਾਲ ਵੀ ਹਮਦਰਦੀ ਸੀ। ਇਹ ਵੀ ਉਨ੍ਹਾਂ ਨੇ ਕਿਹਾ। ਇਹ ਸਾਨੂੰ ਕਹਿੰਦੇ ਹਨ ਕਿ ਅਸੀਂ ਕੇਸ ਪੁੱਟ ਨਹੀਂ ਕੀਤਾ, ਪਰ ਉਹ ਕਹਿੰਦੇ ਹਨ ਕਿ ਕਾਂਗਰਸ ਸਰਕਾਰ ਨੇ ਪ੍ਰਾਪਰਲੀ ਕੇਸ ਡੀਸਾਈਡ ਨਹੀਂ ਕੀਤਾ। Mr. Sain found from his records that during 1955 when Punjab, Rajasthan and the then Pepsu State, now a part of Punjab had given their claim for water, the present Haryana area were not considered as they were known as lift areas. ਦੋ ਤਰੀਕੇ ਨਾਲ ਜਾਂ ਤਾਂ ਹਰਿਆਣਾ ਨੇ ਪ੍ਰੈਸ਼ਰ ਪਾਇਆ ਜਾਂ ਪੰਜਾਬ ਦੀ ਸਰਕਾਰ ਨੇ ਠੀਕ ਤਰੀਕੇ ਨਾਲ ਕੇਸ ਪੇਸ਼ ਨਹੀਂ ਕੀਤਾ। ਉਹ ਪਾਣੀ ਜਿਹੜਾ ਸਰਪਲੱਸ ਕਹਿੰਦੇ ਹਨ, ਹਰਿਆਣੇ ਵਾਲੇ ਮੰਗਦੇ ਹਨ, ਮੈਂ ਤਾਂ ਕਹਿੰਦਾ ਹਾਂ ਕਿ ਰਿਕਾਰਡ ਮੰਗਵਾ ਲਓ ਇਹ ਤਾਂ ਉਦੋਂ ਵੀ ਨਹੀਂ ਮੰਗਿਆ ਗਿਆ ਸੀ ਉਸ ਵੇਲੇ ਹਰਿਆਣੇ ਦੇ ਇਰੀਗੇਸ਼ਨ ਮਨਿਸਟਰ ਹੁੰਦੇ ਸਨ ਚੌਧਰੀ ਲਹਿਰੀ ਸਿੰਘ, ਇਹ ਸਾਰਾ ਕੁਝ ਰਿਕਾਰਡ ਵਿੱਚ ਹੈ। ਸਪੀਕਰ ਸਾਹਿਬ, ਇਹ ਜਿਹੜਾ ਸਾਡਾ ਕੀਮਤੀ ਖਜ਼ਾਨਾ ਹੈ ਜਿਹੜਾ ਕਿਸੇ ਸਰਕਾਰ ਨੇ ਨਹੀਂ, ਕੁਦਰਤ ਨੇ ਸਾਨੂੰ ਦਿੱਤਾ ਹੈ, ਉਹ ਸਾਥੋਂ ਜੇ ਚਲਾ ਗਿਆ ਤਾਂ ਉਹ ਸਾਰੀ ਕਾਂਗਰਸ ਸਰਕਾਰ ਦੀ ਨਾ-ਅਹਿਲੀ ਸਮਝੋ ਜਾਂ ਮੈਂ ਇਸ ਦੇ ਬਾਰੇ ਹੋਰ ਕੀ ਕਹਾਂ। ਸਪੀਕਰ ਸਾਹਿਬ, ਜਿਹੜਾ ਕਬੂਤਰ ਹੁੰਦਾ ਹੈ ਉਹ ਆਪਣੀਆਂ ਅੱਖਾਂ ਮੀਚ ਲੈਂਦਾ ਹੈ ਅਤੇ ਬਿੱਲੀ ਉਸਨੂੰ ਝੱਟ ਚੁੱਕ ਲੈਂਦੀ ਹੈ। ਇਨ੍ਹਾਂ ਦੀ ਜੁਅਰਤ ਹੀ ਨਹੀਂ ਸੀ ਕਿ ਇਹ ਪ੍ਰਾਈਮ ਮਨਿਸਟਰ ਨੂੰ ਕਹਿੰਦੇ ਕਿ ਤੁਸੀਂ ਇਹ ਗਲਤ ਕਰਦੇ ਹੋ, ਬੇਇਨਸਾਫ਼ੀ ਕਰਦੇ ਹੋ। ਸੈਂਟਰ ਵਾਲੇ ਜੋ ਕੁਝ ਕਰਦੇ ਰਹੇ ਉਸ ਬਾਰੇ ਇਹ ਸਤਿ-ਬਚਨ ਕਹਿੰਦੇ ਰਹੇ, ਜਿਸ ਦੇ ਕਾਰਨ ਪੰਜਾਬ ਬਰਬਾਦੀ ਦੀ ਦਹਿਲੀਜ ਤੇ ਖੜ੍ਹਾ ਹੈ। ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਐਕਸ਼ਨ ਲੈਣਾ ਹੈ, ਇਹ ਮਤਾ ਜਿਹੜਾ ਆਇਆ ਹੈ, ਮੈਂ ਕਹਿੰਦਾ ਹਾਂ ਕਿ ਅਸੀਂ ਇਸ ਨੂੰ ਫੁੱਲੀ-ਸਪੋਰਟ ਕਰਾਂਗੇ, ਭਾਵੇਂ ਚਾਰ ਅੱਖਰ ਹੋਰ ਲਿਖ ਲੈਣ, ਅਸੀਂ ਅਗੂੰਠਾ ਲਗਾਵਾਂਗੇ ਕਿਉਂਕਿ ਇਹ ਪੰਜਾਬ ਦੇ ਹਿੱਤ ਦਾ ਸਵਾਲ ਹੈ ਅਤੇ ਕੇਵਲ ਅਮਰਿੰਦਰ ਸਿੰਘ ਦੇ ਹਿੱਤਾਂ ਦੇ ਸਵਾਲ ਨਾਲ ਨਹੀਂ ਬਲਕਿ ਇਸ ਦਾ ਪੰਜਾਬ ਦੇ ਹਿੱਤਾਂ ਨਾਲ ਸਬੰਧ ਹੈ। ਇਹ ਹਿਸਟਰੀ ਦੱਸਦੀ ਹੈ ਕਿ ਅਗਰ ਪੰਜਾਬ ਦੇ ਹਿਤਾਂ ਦੀ ਕਿਸੇ ਨੇ ਰਾਖੀ ਕੀਤੀ ਹੈ ਤਾਂ ਉਹ ਸ਼੍ਰੋਮਣੀ ਅਕਾਲੀ ਦਲ ਹੈ (ਥੰਪਿੰਗ) ਅਸੀਂ ਮੋਰਚੇ ਵੀ ਲਗਾਏ , ਕੈਦਾਂ ਵੀ ਕੱਟੀਆਂ। ਸਾਹਮਣੇ ਭਰਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਬੈਠੇ ਹਨ, ਇੱਕ ਵੀ ਦੱਸ ਦੇਵੇ ਜਿਸ ਨੇ ਇੱਕ ਦਿਨ ਵੀ ਕੈਦ ਕੱਟੀ ਹੋਵੇ। ਮੇਰਾ ਖਿਆਲ ਹੈ ਕਿ ਇਧਰੋਂ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਹੀ ਕੈਦ ਹੋਏ ਹਨ। (ਥੰਪਿੰਗ) (ਵਿਘਨ)

**Mr. Speaker :** Please address the Chair.

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਇੱਕ ਗੱਲ ਮੈਂ ਭੁੱਲ ਗਿਆ। ਇਨ੍ਹਾਂ ਵਲੋਂ ਇੱਕ ਬੰਦਾ ਜੇਲ੍ਹ ਗਿਆ ਹੈ। ਇਹ ਸਾਡੇ ਕੋਲ ਬੈਠੇ ਹਨ (ਸ਼੍ਰੀ ਡਿਪਟੀ ਸਪੀਕਰ, ਸਰਦਾਰ ਬੀਰ ਦਵਿੰਦਰ ਸਿੰਘ ਜੀ ਵੱਲ ਇਸ਼ਾਰਾ)। ਬਾਕੀ ਤਾਂ ਸਾਰਿਆਂ ਦਾ ਇਹ ਹਾਲ ਸੀ ਕਿ ਲੁੱਟ ਲਓ, ਪੁੱਟ ਲਓ, ਕੁਝ ਕਰ ਲਓ। ਇਨ੍ਹਾਂ ਨੂੰ ਕੋਈ ਫਿਕਰ ਨਹੀਂ ਸੀ। ਮੈਂ ਫਿਰ ਕਹਿੰਦਾ ਹਾਂ ਕਿ ਠੀਕ ਹੈ ਕਿ ਟੈਲੀਵਿਜ਼ਨ ਵਾਲੇ ਲਿਆਂਦੇ ਗਏ। ਮੈਨੂੰ ਬੜੀ ਹੈਰਾਨੀ ਹੋਈ ਕਿ ਉਹ ਵਿਚਾਰੇ ਇੱਥੇ ਖੜ੍ਹੇ ਰਹੇ। ਸੈਕ੍ਰੇਟਰੀ ਸਾਹਿਬ ਨੇ ਵੀ ਆਬਜੈਕਟ ਨਹੀਂ ਕੀਤਾ ਔਰ ਨਾ ਹੀ ਕਿਸੇ ਹੋਰ ਨੇ ਆਬਜੈਕਟ ਕੀਤਾ। ਇੱਕ ਅਫਸਰ ਨੂੰ ਤਾਂ ਅੱਗ ਹੀ ਲੱਗ ਗਈ ਕਿ ਹੁਣ ਕੈਪਟਨ ਸਾਹਿਬ ਦੀ ਫੋਟੋ ਆ ਗਈ ਹੈ, ਮੇਰੇ ਵੱਲ ਕੈਮਰਾ ਨਹੀਂ ਮਾਰਿਆ ਗਿਆ। ਉਸ ਨੇ ਹੌਲੀ ਜਿਹੇ ਜਾ ਕੇ ਸਕੱਤਰ ਸਾਹਿਬ ਨੂੰ ਆਖਿਆ। ਸਕੱਤਰ ਸਾਹਿਬ ਨੇ ਵਾਚ ਐਂਡ ਵਾਰਡ ਅਫਸਰ ਨੂੰ ਬੁਲਾਇਆ। ਉਹ ਵੀ ਸਮਝਦੇ ਹਨ ਕਿ ਇਸ ਬਾਰੇ ਸਾਨੂੰ ਪਤਾ ਨਹੀਂ ਹੈ। ਫਿਰ ਉਨ੍ਹਾਂ ਨੂੰ ਕਿਹਾ ਗਿਆ ਕਿ ਤੁਸੀਂ ਹੌਲੀ-ਹੌਲੀ ਖਿਸਕ ਜਾਓ। ਇਹ ਇਸ ਕਰਕੇ ਆਖਿਆ ਕਿ ਇੱਕ ਨੂੰ ਹੀ ਪਰਮਿਸ਼ਨ ਮਿਲੀ ਸੀ, ਸਾਰਿਆਂ ਨੂੰ ਪਰਮਿਸ਼ਨ ਨਹੀਂ ਦਿੱਤੀ ਗਈ ਸੀ। ਮੇਰਾ ਮਤਲਬ ਹੈ ਕਿ ਫਿਰ ਇਹ ਕਹਿੰਦੇ ਹਨ ਕਿ ਡੈਮੋਕਰੇਸੀ ਹੋਣੀ ਚਾਹੀਦੀ ਹੈ। ਡੈਮੋਕਰੇਸੀ ਵਿੱਚ ਸਾਰਿਆਂ ਨੂੰ ਬਰਾਬਰ ਦੇ ਹਕੂਕ ਦਿੱਤੇ ਜਾਣ। ਮੈਂ ਕਹਾਂਗਾ ਕਿ ਅਗਲੇ ਸਾਲ ਸੈਸ਼ਨ ਸਾਰਾ ਹੀ ਟੈਲੀਵਿਜ਼ਨ ਤੇ ਆਉਣਾ ਚਾਹੀਦਾ ਹੈ ਤਾਂ ਕਿ ਪੰਜਾਬ ਦੇ ਲੋਕ ਵੇਖ ਸਕਣ। (ਥੰਪਿੰਗ) ਪਬਲੀਸਿਟੀ ਲਈ ਆਪਣੀ ਕਹੀ ਹੋਈ ਗੱਲ ਭਾਵੇਂ ਕਿਹੋ ਜਿਹੀ ਵੀ ਹੋਵੇ, ਉਹ ਤਾਂ ਟੈਲੀਵਿਜ਼ਨ ਵਿੱਚ ਆ ਜਾਵੇ ਪਰ ਜੋ ਆਪੋਜ਼ੀਸ਼ਨ ਨੇ ਕੋਈ ਵੱਡੀ ਗੱਲ ਵੀ ਕਹੀ ਹੋਵੇ, ਉਹ ਟੈਲੀਵਿਜ਼ਨ ਤੇ ਨਾ ਆਵੇ।

ਸਪੀਕਰ ਸਾਹਿਬ, ਮੈਂ ਦੋ ਗੱਲਾਂ ਕਹਾਂਗਾ। ਅਸੀਂ ਪੂਰੀ ਸਪੋਰਟ ਕਰਾਂਗੇ ਪਰ ਇਹ ਕੁਝ ਗਲਤੀਆਂ ਕਰ ਰਹੇ ਹਨ। ਮਤੇ ਵਿੱਚ ਲਿਖਿਆ ਹੈ:

> ਮਿਤੀ 11 ਜਨਵਰੀ, 2003 ਨੂੰ ਰਾਜ ਸਰਕਾਰ ਨੇ ਇੰਟਰ ਸਟੇਟ ਵਾਟਰ ਡਿਸਪਿਊਟ ਐਕਟ, 1956 ਦੀ ਧਾਰਾ 3 ਅਧੀਨ ਭਾਰਤ ਸਰਕਾਰ ਦੇ ਜਲ ਸਾਧਨ ਮੰਤਰਾਲੇ ਕੋਲ ਦੂਸਰੇ ਮਾਮਲਿਆਂ ਸਮੇਤ ਰਾਵੀ-ਬਿਆਸ ਦੇ ਪਾਣੀ ਦੀ ਉਪਲਬਧਤਾ ਦੀ ਘਾਟ ਅਤੇ ਇਸ ਮਸਲੇ ਨੂੰ ਵਿਚਾਰਨ ਲਈ ਇੱਕ ਟ੍ਰਿਬਿਊਨਲ ਸਥਾਪਿਤ ਕਰਨ ਸਬੰਧੀ ਸ਼ਿਕਾਇਤ ਦਾਇਰ ਕੀਤੀ ਹੈ।

ਸਪੀਕਰ ਸਾਹਿਬ, ਅਸੀਂ ਤਾਂ ਪਹਿਲਾਂ ਹੀ ਟ੍ਰਿਬਿਊਨਲਾਂ ਨਾਲ ਮਰੇ ਹੋਏ ਹਾਂ ਪਰ ਇਨ੍ਹਾਂ ਨੇ ਇੱਕ ਹੋਰ ਸੁਜੈਸਟ ਕਰ ਦਿੱਤਾ ਹੈ ਕਿ ਇੱਕ ਹੋਰ ਟ੍ਰਿਬਿਊਨਲ ਬਣਾ ਲਓ। ਟ੍ਰਿਬਿਊਨਲ ਬਣਾਉਣ ਲਈ ਕਹਿਣ ਦਾ ਭਾਵ ਇਹ ਹੈ ਕਿ ਤੁਸੀ ਸਮਝਦੇ ਹੋ ਕਿ ਹਰਿਆਣੇ ਨੂੰ ਹੱਕ ਹੈ।

Original with;
Punjab Vidhan Sabha
Digitized by;
Panjab Digital Library

ਅਸੀਂ ਤਾਂ ਨਹੀਂ ਸਮਝਦੇ। ਟ੍ਰਿਬਿਊਨਲ ਕਹਿ ਕੇ ਤਾਂ ਤੁਸੀਂ ਆਪ ਹੀ ਜਸਟੀਫਾਈ ਕਰ ਰਹੇ ਹੋ ਕਿ ਹਰਿਆਣੇ ਨੂੰ ਹੱਕ ਹੈ। ਇਸ ਕਰਕੇ ਮੈਂ ਚਾਹੁੰਦਾ ਹਾਂ ਕਿ ਇਹ ਚੀਜ਼ ਇਥੋਂ ਡਿਲੀਟ ਹੋਣੀ ਚਾਹੀਦੀ ਹੈ। ਸਾਨੂੰ ਤਾਂ ਕੋਈ ਫਰਕ ਨਹੀਂ, ਪਰ ਇਹ ਚੀਜ਼ ਰੈਜ਼ੋਲਿਊਸ਼ਨ ਵਿੱਚ ਗਲਤ ਹੋਵੇਗੀ। ਟ੍ਰਿਬਿਊਨਲ ਮੁਕੱਰਰ ਕਰਨਾ ਠੀਕ ਨਹੀਂ ਹੈ, ਟ੍ਰਿਬਿਊਨਲ ਨੂੰ ਅਸੀਂ ਨਹੀਂ ਮੰਨਦੇ। ਦੂਸਰੀ, ਇਸ ਵਿੱਚ ਇੱਕ ਹੋਰ ਗੱਲ ਕਹੀ ਗਈ ਹੈ ਕਿ—

> ਇਹ ਸਭਾ ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਜੀ ਨੂੰ ਐਸ.ਵਾਈ.ਐਲ. ਨਹਿਰ ਦੇ ਮਾਮਲੇ ਬਾਰੇ ਜਲਦੀ ਦਖਲ-ਅੰਦਾਜ਼ੀ ਕਰਨ ਅਤੇ ਇਸ ਨੂੰ ਹੱਲ ਕਰਨ ਦੀ ਬੇਨਤੀ ਕਰਦੀ ਹੈ।

ਸਪੀਕਰ ਸਾਹਿਬ, ਮੈਂ ਫਿਰ ਕਹਾਂਗਾ ਕਿ ਸਾਨੂੰ ਇੱਕ ਜਗ੍ਹਾ ਤੇ ਖੜ੍ਹੇ ਹੋਣਾ ਚਾਹੀਦਾ ਹੈ। ਉਥੋਂ ਬਦਲਣਾ ਨਹੀਂ ਚਾਹੀਦਾ ਭਾਵੇਂ ਕਿੰਨਾ ਨੁਕਸਾਨ ਹੋ ਜਾਵੇ। ਅਸੀਂ ਕਹਿੰਦੇ ਰਹੇ ਹਾਂ ਵਾਟਰ, ਪਾਣੀ ਸਟੇਟ ਸਬਜੈਕਟ ਹੈ, ਸੈਂਟਰ ਸਰਕਾਰ ਦਾ ਸਬਜੈਕਟ ਨਹੀਂ ਹੈ। ਸੈਂਟਰ ਸਰਕਾਰ ਨੂੰ ਇਸ ਪਾਸੇ ਕੋਈ ਅਧਿਕਾਰ ਨਹੀਂ ਹੋਣਾ ਚਾਹੀਦਾ। ** ** ਵੇਲੇ ਵੀ ਕਿਹਾ ਗਿਆ ਸੀ ਕਿ ਸਾਡੇ ਪਾਣੀਆਂ ਤੇ ਸੈਂਟਰ ਸਰਕਾਰ ਨੂੰ ਫੈਸਲਾ ਦੇਣ ਦਾ ਅਧਿਕਾਰ ਨਹੀਂ ਹੈ। ਜੇ ** ** ਵੇਲੇ ਇਹ ਕਿਹਾ ਗਿਆ ਸੀ ਕਿ ਉਨ੍ਹਾਂ ਨੂੰ ਇੰਟਰਵੀਨ ਕਰਨ ਦਾ ਅਧਿਕਾਰ ਨਹੀਂ ਤਾਂ ਫਿਰ ਸ਼੍ਰੀ ਅਟੱਲ ਬਿਹਾਰੀ ਵਾਜਪਾਈ ਜੀ ਨੂੰ ਵੀ ਕੋਈ ਅਧਿਕਾਰ ਨਹੀਂ ਹੈ। ਇਸ ਲਈ, ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਆਪਾਂ ਗਰੇਟ ਇੰਟਰਸਟ ਲੈ ਕੇ ਚਲੀਏ। ਸਾਨੂੰ ਇੱਕ ਜਗ੍ਹਾ ਤੇ ਡਟਣਾ ਚਾਹੀਦਾ ਹੈ ਕਿ ਪਾਣੀ ਸਾਡਾ ਆਪਣਾ ਸਬਜੈਕਟ ਹੈ, ਸੈਂਟਰਲ ਸਬਜੈਕਟ ਨਹੀਂ ਹੈ, ਸੈਂਟਰ ਦਾ ਇਸ ਨਾਲ ਤਾਅਲੁੱਕ ਨਹੀਂ ਹੈ। ਸਰਦਾਰ ਅਮਰਿੰਦਰ ਸਿੰਘ ਜੀ ਨੂੰ ਪੁੱਛ ਲਓ। ਜਦੋਂ ਇਨ੍ਹਾਂ ਨੇ ਕਿਹਾ ਸੀ ਕਿ ਸੁਪਰੀਮ ਕੋਰਟ ਦਾ ਜੋ ਵੀ ਫੈਸਲਾ ਹੋਵੇਗਾ, ਉਹ ਸਾਨੂੰ ਨਿਭਾਉਣਾ ਪਵੇਗਾ। ਸਾਨੂੰ ਆਰਡਰ ਮੰਨਣਾ ਪਵੇਗਾ।

**ਮੁੱਖ ਮੰਤਰੀ (ਬੈਠੇ-ਬੈਠੇ)** :ਤੁਸੀਂ ਵੀ ਮੰਨੋਗੇ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਅਸੀਂ ਨਹੀਂ ਮੰਨਾਂਗੇ। ਭਾਵੇਂ ਕੈਦ ਕਰ ਲੈਣ। ਭਾਵੇਂ ਗੋਲੀ ਮਾਰ ਦੇਣ। ਇਸ ਤੋਂ ਵੱਧ ਹੋਰ ਕੀ ਕਰ ਸਕਣਗੇ। (ਥੰਪਿੰਗ) ਤੁਸੀਂ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਂਦੇ ਹੋ। ਸਾਡੇ ਲਈ ਪੰਜਾਬ ਪਹਿਲਾਂ ਹੈ ਤੇ ਅਸੀਂ ਇਨਸਾਨੀ ਤੌਰ ਤੇ ਬਾਅਦ ਵਿੱਚ ਹਾਂ। (ਥੰਪਿੰਗ) ਸਾਡੀ ਕੁਰਬਾਨੀ ਨਾਲ ਅਗਰ ਪੰਜਾਬ ਦਾ ਪਾਣੀ ਬਚਦਾ ਹੈ ਤਾਂ ਕੋਈ ਗੱਲ ਨਹੀਂ। ਸਾਨੂੰ ਕੁਰਬਾਨੀਆਂ ਦੇਣੀਆਂ ਚਾਹੀਦੀਆਂ ਹਨ। ਕੁਰਬਾਨੀਆਂ ਦੇਣ ਦੀ ਜਦੋਂ ਵਾਰੀ ਆਵੇਗੀ ਤਾਂ ਅਸੀਂ ਦੇਵਾਂਗੇ ਔਰ ਪਾਣੀ ਨੂੰ ਅਸੀਂ ਹੀ ਬਚਾਵਾਂਗੇ। (ਥੰਪਿੰਗ) ਇਨ੍ਹਾਂ ਦੇ ਵੀ ਕਿਸੇ ਬੰਦੇ ਦੀ ਸਟੇਟਮੈਂਟ ਆਈ ਸੀ।

---

** Expunged as ordered by the Chair.

Original with;
Punjab Vidhan Sabha
Digitized by;

[**ਸਰਦਾਰ ਪ੍ਰਕਾਸ਼ ਸਿੰਘ ਬਾਦਲ**]

ਕੀ ਉਨ੍ਹਾਂ ਦਾ ਨਾਮ ਹੈ . . . ਮੋਤੀ ਲਾਲ ਵੋਹਰਾ। ਉਨ੍ਹਾਂ ਦੀ ਸਟੇਟਮੈਂਟ ਹੈ। ਪਹਿਲਾਂ ਸਟੇਟਮੈਂਟ ਦੇ ਦਿਓ ਪਰ ਮਗਰੋਂ ਇਹ ਕਹੋ ਕਿ ਇਹ ਠੀਕ ਨਹੀਂ ਹੈ। ਇਸ ਪਾਸੇ ਲੋਕਾਂ ਨੂੰ ਲਾਉਣ ਦੀ ਸਰਕਾਰ ਬੜੀ ਕੋਸ਼ਿਸ਼ ਕਰ ਰਹੀ ਹੈ ਕਿ ਅਕਾਲੀ ਦਲ ਨੇ ਕੇਸ ਖਰਾਬ ਕੀਤਾ ਹੈ। ਜਦੋਂ ਐਸ.ਵਾਈ.ਐਲ. ਦਾ ਕੇਸ ਲੈ ਕੇ ਸੁਪਰੀਮ ਕੋਰਟ ਗਏ ਤਾਂ ਮੈਂ ਉਦੋਂ ਹੀ ਆਪਣੇ ਐਡਵੋਕੇਟ ਜਨਰਲ ਨੂੰ ਇਹ ਕਿਹਾ ਸੀ, ਮਿਸਟਰ ਸੂਰੀ ਜਿਹੜਾ ਇਨ੍ਹਾਂ ਦਾ ਐਡਵੋਕੇਟ-ਆਨ-ਰਿਕਾਰਡ ਹੈ, ਉਸ ਦੀ ਡਿਊਟੀ ਲਗਾਈ ਸੀ ਅਤੇ ਪਾਣੀਆਂ ਦੇ ਬਾਰੇ ਸੈਂਟਰ ਦਾ ਜਿਹੜਾ ਸਭ ਤੋਂ ਵੱਡਾ ਵਕੀਲ ਹੈ, ਉਸ ਦਾ ਨਾਮ ਯਾਦ ਨਹੀਂ ਆ ਰਿਹਾ, ਉਸ ਨੂੰ ਕੇਸ ਲੜਨ ਲਈ ਕੀਤਾ ਗਿਆ . . .

**ਆਵਾਜ਼ਾਂ** : ਨਾਰੀਮਨ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਾਰੀਮਨ ਨਹੀਂ, ਹੋਰ ਸੀ। ਇੱਕ ਇਨ੍ਹਾਂ ਨੇ ਗੱਲ ਕਹਿ ਦਿੱਤੀ ਕਿ ਫਲਾਣੇ ਵਕੀਲ ਨੂੰ ਪੈਸੇ ਨਹੀਂ ਦਿੱਤੇ। ਇਸ ਬਾਰੇ ਤੁਸੀਂ ਆਪਣਾ ਰਿਕਾਰਡ ਦੇਖ ਲਓ, ਸੈਕ੍ਰੇਟਰੀ ਸਾਹਿਬ ਬੈਠੇ ਹਨ, ਇਨ੍ਹਾਂ ਨੂੰ ਦੱਸ ਦੇਣ। ਉਹ ਝਗੜਾ ਇਹ ਸੀ ਕਿ ਅਸੀਂ ਉਤਰਾਂਚਲ ਵਾਲੇ ਝਗੜੇ ਵਿੱਚ ਰਾਏ ਲਈ ਸੀ, ਉਹ ਉਦੋਂ ਉਤਰਾਂਚਲ ਵੱਲੋਂ ਝਗੜਾ ਸੀ। ਉਸ ਨੂੰ ਪੰਜਾਬ ਗੌਰਮਿੰਟ ਨੇ ਕਿਸ ਚੀਜ਼ ਦਾ ਪੈਸਾ ਦੇਣਾ ਸੀ। ਪਾਣੀ ਦਾ ਕੇਸ ਲੜਨ ਵਾਸਤੇ ਹੋਰ ਸੱਜਣ ਸੀ, ਮੈਂ ਭੁੱਲ ਗਿਆ, ਉਸ ਦਾ ਨਾਮ ਲਿਖਿਆ ਸੀ। ਜਿੰਨੇ ਝਗੜੇ ਪੰਜਾਬ ਵਿੱਚ ਪਾਣੀਆਂ ਦੇ ਹੋਏ ਹਨ, ਉਸ ਐਡਵੋਕੇਟ ਸਾਹਿਬ ਨੇ ਲੜੇ ਹਨ। ਇਹ ਰਿਕਾਰਡ ਦੀਆਂ ਗੱਲਾਂ ਹਨ। ਮੈਂ ਚਾਹੁੰਦਾ ਹਾਂ ਕਿ ਆਪਾਂ ਐਡਮਿਟ ਕਰੀਏ। ਸਾਥੋਂ ਵੀ ਗਲਤੀਆਂ ਹੋਈਆਂ ਹਨ ਔਰ ਅਸੀਂ ਉਨ੍ਹਾਂ ਨੂੰ ਐਡਮਿਟ ਕਰਨ ਨੂੰ ਤਿਆਰ ਹਾਂ। ਪਰ ਅਫਸੋਸ ਹੈ ਕਿ ਜਿਹੜੀਆਂ ਗਲਤੀਆਂ ਇਨ੍ਹਾਂ ਤੋਂ ਹੁੰਦੀਆਂ ਹਨ, ਇਹ ਐਡਮਿਟ ਨਹੀਂ ਕਰਦੇ। ਅਸੀਂ ਤਾਂ ਐਡਮਿਟ ਕਰਨ ਨੂੰ ਤਿਆਰ ਹਾਂ ਪਰ ਇਹ ਭਾਵੇਂ ਨਾ ਵੀ ਕਰਨ, ਇਨ੍ਹਾਂ ਦੀਆਂ ਗਲਤੀਆਂ ਬਾਰੇ ਪੰਜਾਬ ਦੇ ਬੱਚੇ ਬੱਚੇ ਨੂੰ ਪਤਾ ਹੈ। ਮੈਂ ਫਿਰ ਇਸ ਸਦਨ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਪਾਣੀ ਦਾ ਮਸਲਾ ਹੋਵੇ ਭਾਵੇਂ ਹੋਰ ਮਸਲੇ ਹੋਣ, ਜਿਥੋਂ ਤੱਕ ਪੰਜਾਬ ਦਾ ਮਸਲਾ ਹੈ, ਭਾਵੇਂ ਸਾਨੂੰ ਬੀਂਡੀ ਵਾਲੇ ਬਲਦ ਵਾਂਗੂੰ ਅੱਗੇ ਜੋੜ ਲਓ। ਜਦੋਂ ਗੱਡਾ ਖੁੱਭ ਜਾਂਦਾ ਹੈ, ਗੱਡਾ ਇਨ੍ਹਾਂ ਵਿਚੋਂ ਸ਼ਾਇਦ ਹੀ ਕਿਸੇ ਨੇ ਦੇਖਿਆ ਹੋਣਾ ਹੈ . . . (ਹਾਸਾ) . . . ਜਦੋਂ ਗੱਡਾ ਚੀਲ੍ਹੇ ਵਿੱਚ ਪੈਂਦਾ ਹੈ ਤਾਂ ਫਿਰ ਕਿਸੇ ਨੂੰ ਬੀਂਡੀ ਤੇ ਜੋੜਦੇ ਹਨ। ਇੱਕ ਬਲਦ ਨੂੰ ਮੂਹਰੇ ਜੋੜਦੇ ਹਨ ਅਤੇ ਉਹ ਫਿਰ ਗੋਡਣੀ ਲਾ ਲੈਂਦਾ ਹੈ ਅਤੇ ਗੱਡਾ ਚਿੱਕੜ ਵਿੱਚੋਂ ਸ਼ੁਰਲੀ ਮਾਰ ਕੇ ਬਾਹਰ ਆ ਜਾਂਦਾ ਹੈ। ਇਸੇ ਤਰ੍ਹਾਂ ਅਕਾਲੀ ਦਲ ਤੁਹਾਡੇ ਗੱਡੇ ਵਿੱਚ ਬੀਂਡੀ ਦੇ ਰੂਪ ਵਿੱਚ ਜੁੜ ਕੇ ਇਸ ਨੂੰ ਬਾਹਰ ਕੱਢੇਗਾ। ਜਦੋਂ ਮਰਜ਼ੀ ਤੁਸੀਂ ਦੇਖ ਲਓ, ਤੁਸੀਂ ਮੈਨੂੰ ਜਿਥੇ ਆਖੋਗੇ ਮੈਂ ਤੁਹਾਡੇ ਨਾਲ ਚੱਲਾਂਗਾ। ਇਸ ਗੱਲ ਦਾ ਖਤਰਾ ਹੈ ਕਿ ਤੁਸੀਂ ਭਾਵੇਂ ਪਿੱਛੇ ਹਟ ਜਾਵੋ, ਪਰ ਅਸੀਂ ਪੰਜਾਬ ਦਾ ਪਾਣੀ ਨਹੀਂ ਦੇਣਾ। ਇਥੇ ਬੜਾ ਕਿਹਾ ਜਾਂਦਾ ਹੈ ਕਿ ਬਾਦਲ ਤੇ ਚੌਟਾਲੇ ਦੀ ਯਾਰੀ ਹੈ। ਕੀ ਯਾਰੀ ਹੋਣਾ ਮਾੜਾ ਹੈ ? ਕੀ ਤੁਹਾਡੀ ਤੇ ਬੰਸੀ ਲਾਲ ਦੀ ਯਾਰੀ ਨਹੀਂ ਹੈ ? ਇਸ ਵਿੱਚ ਕੀ ਗੱਲ ਹੈ, ਬੰਦਿਆਂ ਨਾਲ ਯਾਰੀ ਹੈ, ਦੂਜੇ ਪਾਸੇ ਤਾਂ ਨਹੀਂ ਯਾਰੀ ਲਗਾਉਣ ਜਾਂਦੇ। (ਹਾਸਾ) ਇਹ ਯਾਰੀ ਦੇਵੀ ਲਾਲ ਜੀ ਨਾਲ ਵੀ ਸੀ, ਫਿਰ ਚੌਟਾਲੇ ਨਾਲ ਸਾਡੀ ਯਾਰੀ ਹੈ ਅਤੇ ਉਸ ਦੇ ਬੱਚਿਆਂ ਨਾਲ ਵੀ ਯਾਰੀ ਹੈ। ਮੇਰੇ ਕੋਲ ਚੌਧਰੀ ਸਾਹਿਬ ਆਏ ਕਿ ਤੁਸੀਂ ਸਾਡੇ ਨਾਲ

Original with;
Punjab Vidhan Sabha
Digitized by;
Panjab Digital Library

ਫੰਕਸ਼ਨ ਕਰੋ, ਮੈਂ ਕਿਹਾ ਨਹੀਂ, ਪੰਜਾਬ ਦਾ ਇੰਟਰਸਟ ਮੇਰੇ ਲਈ ਪਹਿਲਾਂ ਹੈ, ਦੋਸਤੀ ਉਸ ਤੋਂ ਬਾਅਦ। ਇਸ ਕਰਕੇ, ਸਪੀਕਰ ਸਾਹਿਬ, ਸਾਡੀ ਜਿਹੜੀ ਹਿਸਟਰੀ ਹੈ, ਉਹ ਤਾਂ ਖੁਲ੍ਹੀ ਕਿਤਾਬ ਹੈ। ਕੋਈ ਸਾਡੇ ਤੇ ਨਹੀਂ ਕਹਿ ਸਕਦਾ ਕਿ ਕਦੇ ਦੇਸ਼ ਨਾਲ ਗੱਦਾਰੀ ਕੀਤੀ ਹੋਵੇ, ਕਦੇ ਪੰਜਾਬ ਨਾਲ ਗੱਦਾਰੀ ਕੀਤੀ ਹੋਵੇ। ਐਮਰਜੰਸੀ ਦੀ ਲੜਾਈ ਕੀ ਕੋਈ ਲੜ ਸਕਦਾ ਹੈ। ਹਿੰਦੁਸਤਾਨ ਵਿੱਚ ਐਮਰਜੰਸੀ ਲਗਾਉਣ ਵਾਲੇ ਵੀ ਬੈਠੇ ਹਨ। (ਰੂਲਿੰਗ ਪਾਰਟੀ ਵੱਲ ਇਸ਼ਾਰਾ) ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਹੀ ਸੀ ਜਿਸ ਨੇ ਲਗਾਤਾਰ ਲੰਬੀ ਲੜਾਈ ਲੜੀ ਸੀ। (ਥੰਪਿੰਗ) ਸਾਨੂੰ ਉਦੋਂ ਇਹ ਵੀ ਕਿਹਾ ਗਿਆ, ਉਸ ਵੇਲੇ ** ** ਦਾ ਮੈਸਿਜ ਆਇਆ ਕਿ ਤੁਸੀਂ ਪੰਜਾਬ ਤੇ ਸਦਾ ਲਈ ਰਾਜ ਕਰੋ, ਕਾਂਗਰਸ ਉਸ ਵਿੱਚ ਇੰਟਰਫੀਅਰ ਨਹੀਂ ਕਰੇਗੀ ਪਰ ਤੁਸੀਂ ਐਮਰਜੰਸੀ ਵਿੱਚ ਜੈ ਪ੍ਰਕਾਸ਼ ਨਰਾਇਣ ਦੀ ਮਦਦ ਨਾ ਕਰੋ ਲੇਕਿਨ ਸਾਡੀ ਪਾਰਟੀ ਨੇ ਨਾਂਹ ਕਰ ਦਿੱਤੀ। ਸਾਨੂੰ ਜੇਲ੍ਹਾਂ ਮਨਜ਼ੂਰ ਹਨ, ਅਸੀਂ 15-15 ਸਾਲ ਜੇਲ੍ਹਾਂ ਵਿੱਚ ਰਹਿ ਜਾਵਾਂਗੇ।

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ 'ਤੇ ਰੁਜ਼ਗਾਰ ਮੰਤਰੀ :** ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ। ਇਨ੍ਹਾਂ ਵੱਲੋਂ ਜੋ ** ** ਦਾ ਨਾਮ ਲਿਆ ਜਾ ਰਿਹਾ ਹੈ, ਇਨ੍ਹਾਂ ਨੇ ਕਿਹਾ ਹੈ ਕਿ ਮੈਨੂੰ ਮੈਸਿਜ ਆਇਆ। ਉਹ ਇਥੇ ਜਵਾਬ ਨਹੀਂ ਦੇ ਸਕਦੇ ਕਿ ਉਨ੍ਹਾਂ ਦਾ ਮੈਸਿਜ ਗਿਆ ਜਾਂ ਨਹੀਂ ਗਿਆ। ਇਸ ਤਰ੍ਹਾਂ ਗਲਤ ਗੱਲ ਹਾਊਸ ਦੇ ਰਿਕਾਰਡ ਵਿੱਚ ਲਿਆਂਦੀ ਜਾ ਰਹੀ ਹੈ। ਤੁਸੀਂ ਉਨ੍ਹਾਂ ਦਾ ਨਾਮ ਐਕਸਪੰਜ ਕਰਵਾਓ।

**ਮਾਨਯੋਗ ਸਪੀਕਰ :** ** ** ਦਾ ਨਾਮ ਐਕਸਪੰਜ ਕਰ ਦਿਓ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਨਾਮ ਕੱਟ ਦਿਓ। ਕਿਸੇ ਬਹੁਤ ਮਹਾਨ ਆਗੂ ਨੇ ਕਹਿ ਦਿੰਦਾ ਹਾਂ। ਮਹਾਨ ਤੋਂ ਵੀ ਮਹਾਨ ਆਗੂ ਨੇ ਕਿਹਾ ਕਹਿ ਦਿੰਦਾ ਹਾਂ ਲੇਕਿਨ ਅਸੀਂ ਕਦੇ ਇਹੋ ਜਿਹੀ ਗੱਲ ਨਹੀਂ ਕਰ ਸਕਦੇ ਕਿ ਆਪਣੇ ਸੂਬੇ ਨਾਲ ਜਾਂ ਆਪਣੇ ਦੇਸ਼ ਨਾਲ ਗੱਦਾਰੀ ਕਰੀਏ। ਮੈਂ ਆਖਰ ਵਿੱਚ ਕਹਾਂਗਾ ਕਿ ਅਸੀਂ ਦਿਲੋਂ ਇਸ ਰੈਜ਼ੋਲਿਊਸ਼ਨ ਦੀ ਸਪੋਰਟ ਕਰਦੇ ਹਾਂ। ਧੰਨਵਾਦ।

**ਮਾਨਯੋਗ ਸਪੀਕਰ :** ਹੋਰ ਕਿਸੇ ਨੇ ਬੋਲਣਾ ਹੈ ?

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਸਪੀਕਰ ਸਾਹਿਬ . . . . . .

**ਮਾਨਯੋਗ ਸਪੀਕਰ :** ਖੰਨਾ ਜੀ, ਇਨ੍ਹਾਂ ਤੋਂ ਬਾਅਦ ਕੀ ਤੁਹਾਡੇ ਬੋਲਣ ਦੀ ਲੋੜ ਹੈ। ਅਵਿਨਾਸ਼ ਰਾਏ ਜੀ, ਤੁਹਾਡੀ ਗੱਲ ਵੀ ਨਾਲ ਹੀ ਆ ਗਈ ਹੈ। ਹੁਣ ਸੀ. ਐਮ. ਸਾਹਿਬ ਬੋਲਣਗੇ।

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਸਰ, ਦੋ ਮਿੰਟ ਲਈ ਹੀ ਬੋਲਣਾ ਹੈ।

**ਮਾਨਯੋਗ ਸਪੀਕਰ :** ਤੁਹਾਡੀ ਰਾਏ ਵੀ ਨਾਲ ਹੀ ਆ ਗਈ ਹੈ। ਤੁਸੀਂ ਵੀ ਇਸ ਮਤੇ ਦੇ ਨਾਲ ਸਹਿਮਤ ਹੋ।

---

** Expunged as ordered by the Chair.

Original with;
Punjab Vidhan Sabha
Digitized by;

**ਸ਼੍ਰੀ ਅਵਿਨਾਸ਼ ਰਾਏ ਖੰਨਾ** : ਸਪੀਕਰ ਸਾਹਿਬ, ਮੈਂ ਸਿਰਫ ਦੋ ਮਿੰਟ ਹੀ ਬੋਲਣਾ ਹੈ।

**ਮਾਨਯੋਗ ਸਪੀਕਰ** : ਸ਼੍ਰੀ ਅਵਿਨਾਸ਼ ਰਾਏ ਖੰਨਾ ਜੀ, ਤੁਹਾਡੀ ਵੀ ਇਸ ਦੇ ਨਾਲ ਸਹਿਮਤੀ ਆ ਗਈ ਹੈ।

ਹੁਣ ਸੀ.ਐਮ. ਸਾਹਿਬ ਬੋਲਣਗੇ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ)** : ਸਪੀਕਰ ਸਾਹਿਬ, ਇਕ ਵਾਰੀ ਮੇਰਾ ਖਿਆਲ ਹੈ, ਕਿ ਅੱਜ ਕੋਈ ਚੰਗਾ ਦਿਨ ਚੜ੍ਹਿਆ ਹੈ ਔਰ ਇਹ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਸਾਡੇ ਨਾਲ ਦੋ ਵਾਰੀ ਇਸ ਇਸ਼ੂ ਦੇ ਬਾਰੇ ਸਪੋਰਟ ਕਰ ਗਏ ਹਨ, ਇਸ ਸਦਨ ਦੇ ਵਿੱਚ ਲੇਕਿਨ, ਸਪੀਕਰ ਸਾਹਿਬ, ਜਦੋਂ ਕੋਈ ਵੱਡੇ ਦਿਲ ਦੇ ਨਾਲ ਗੱਲ ਕਰਦਾ ਹੈ ਤਾਂ ਉਸ ਨੂੰ ਮੇਰੇ ਖਿਆਲ ਮੁਤਾਬਿਕ ਟਿੱਚਰਾਂ ਮਾਰਨ ਦੀ ਕੋਈ ਲੋੜ ਨਹੀਂ ਹੈ। ਬਾਹਲੀਆਂ ਚੂੰਢੀਆਂ ਵੱਢਣ ਦੀ ਇਨ੍ਹਾਂ ਨੂੰ ਪ੍ਰਾਬਲਮ ਹੈ। ਲੇਕਿਨ ਇਹ ਵੀ ਇਨ੍ਹਾਂ ਨੂੰ ਪਤਾ ਹੈ ਕਿ ਇਹ ਚੂੰਢੀਆਂ ਦੂਜੇ ਪਾਸੇ ਵੀ ਵੱਢੀਆਂ ਜਾ ਸਕਦੀਆਂ ਹਨ। ਮੈਂ ਕਈ ਗੱਲਾਂ ਦਾ ਵਿਟਨੇਸ ਹਾਂ ਜਿਸ ਦਾ ਇਨ੍ਹਾਂ ਨੂੰ ਵੀ ਔਰ ਮੈਨੂੰ ਵੀ ਪਤਾ ਹੈ। ਇਨ੍ਹਾਂ ਨੂੰ ਹੀ ਮੈਂ ** ** ਨੂੰ ਮਿਲਣ ਦੇ ਲਈ ਲੈ ਕੇ ਜਾਇਆ ਕਰਦਾ ਸੀ ਔਰ ਇਹ ਬਾਅਦ ਦੇ ਵਿਚ ਮੁਕਰ ਜਾਂਦੇ ਸਨ ਕਿ ਮੈਂ ਤਾਂ ਮਿਲਿਆ ਹੀ ਨਹੀਂ ਹਾਂ। ਮੈਨੂੰ ਪਤਾ ਹੈ ਕਿ ਕਦੋਂ-ਕਦੋਂ ਤੇ ਕਿਥੇ-ਕਿਥੇ ਗੱਲਬਾਤ ਚਲ ਰਹੀ ਸੀ ਤੇ ਕੌਣ-ਕੌਣ ਕਿਥੇ-ਕਿਥੇ ਜਾਂਦਾ ਸੀ। ਅੱਜ ਮੈਂ ਇਹ ਸਪੱਸ਼ਟ ਤਰੀਕੇ ਦੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਥੇ ਕੋਈ ਹਾਲਾਤ ਵਿਗੜੇ, ਅਗਰ ਇਥੇ ਕੋਈ ਹੱਲ ਨਹੀਂ ਨਿਕਲਿਆ। ਚਾਹੇ ਜੋ ਵੀ ਮਸਲੇ ਸਨ। ਅਨੰਦਪੁਰ ਸਾਹਿਬ ਦੇ ਮਤੇ ਲਈ ਵੀ ਇਹੀ ਜ਼ਿੰਮੇਵਾਰ ਸਨ, ਇਹ ਵਾਰ-ਵਾਰ ਇਥੋਂ ਕਰਾਉਂਦੇ ਰਹੇ ਔਰ ਵਾਰ-ਵਾਰ ਲੰਬੀ ਗੱਲ ਪਾਉਂਦੇ ਰਹੇ ਹਨ ਔਰ ਇਸ ਦੇ ਨਾਲ ਅੰਤ ਵਿਚ ਪੰਜਾਬ ਦੇ ਹਾਲਾਤ ਵਿਗੜ ਗਏ ਔਰ ਅੱਗੇ ਜਾ ਕੇ ਇਨ੍ਹਾਂ ਨੇ ਹੋਰ ਹਾਲਾਤ ਵਿਗਾੜੇ। ਇਹ ਸਾਰੀਆਂ ਗੱਲਾਂ ਕਹਿ ਦੇਣੀਆਂ ਸੌਖੀਆਂ ਹੁੰਦੀਆਂ ਹਨ। ਅੱਜ ਔਖ ਲਗਦੀ ਹੈ ਔਰ ਅਸੀਂ ਕਹਿੰਦੇ ਹਾਂ ਕਿ ਇਨ੍ਹਾਂ ਦੀ ਚੌਟਾਲਾ ਸਾਹਿਬ ਦੇ ਨਾਲ ਯਾਰੀ ਹੈ। ਸਾਨੂੰ ਪਤਾ ਹੈ ਕਿ ਇਨ੍ਹਾਂ ਦੀ ਉਨ੍ਹਾਂ ਦੇ ਨਾਲ ਕਿਸ ਕਿਸਮ ਦੀ ਯਾਰੀ ਹੈ ਔਰ ਉਥੇ ਕਿਸ ਕਿਸਮ ਦੇ ਸੌਦੇ ਹੁੰਦੇ ਰਹੇ ਹਨ। ਪੰਜਾਬ ਦੇ ਅੱਜ ਦੇ ਅਹਿਮ ਮਸਲੇ ਦੇ ਉਤੇ ਅੱਜ ਲੀਡਰ ਆਫ ਦਿ ਆਪੋਜ਼ੀਸ਼ਨ ਕਹਿੰਦੇ ਹਨ ਕਿ ਜੋ ਫਾਲੀ ਨਾਰੀਮਨ ਜੋ ਐਡਵੋਕੇਟ ਸਨ, ਉਹ ਸਾਡੇ ਵੀ ਐਡਵੋਕੇਟ ਹਨ। ਮੇਰਾ ਉਨ੍ਹਾਂ ਦੇ ਨਾਲ ਸੰਪਰਕ ਹੈ ਔਰ ਉਹ ਪੰਜਾਬ ਦੀ ਇਸ ਮਾਮਲੇ ਉਤੇ ਡਿਫੈਂਸ ਕਰ ਰਹੇ ਹਨ, ਔਰ ਇਨ੍ਹਾਂ ਦੇ ਨਾਲ ਜੋ ਪੈਸਿਆਂ ਦੀ ਗੱਲ ਹੈ ਔਰ ਬੇਸੀਕਲੀ ਇੱਕ ਸੀਨੀਅਰ ਐਡਵੋਕੇਟ ਦੇ ਵਾਸਤੇ 70,000 ਰੁਪਏ ਦਾ ਇਹ ਬਿਲ ਨਹੀਂ ਦੇ ਸਕੇ। ਕੀ ਇਹ ਗੱਲਾਂ ਕਹਿਣ ਦੀਆਂ ਹਨ? ਜੇ ਅੱਜ ਇਹ ਗੱਲਾਂ ਸਦਨ ਦੇ ਵਿਚ ਕਹਿਣ ਤਾਂ ਇਹ ਸ਼ੋਭਾ ਨਹੀਂ ਦਿੰਦਾ। ਇਹ ਕਹਿੰਦੇ ਹਨ ਕਿ ਅਸੀਂ ਚੈੱਕ ਹੀ ਨਹੀਂ ਦਿੱਤਾ। ਸਾਰੀ ਦੁਨੀਆਂ ਨੂੰ ਪਤਾ ਹੈ ਕਿ ਚੈਕ ਦਿੱਤਾ ਗਿਆ ਹੈ। ਵਾਈਟ ਪੇਪਰਾਂ ਦੇ ਵਿਚ ਆਇਆ ਕਿ ਇਨ੍ਹਾਂ ਨੇ ਚੈੱਕ ਦਿੱਤਾ ਹੈ। ਇਨ੍ਹਾਂ ਨੂੰ ਸਦਨ ਦੇ ਵਿਚ ਇਸ ਤਰ੍ਹਾਂ ਮੁਕਰਨ ਦੀ ਕੀ ਲੋੜ ਹੈ। ਅਗਰ ਇਨ੍ਹਾਂ ਨੂੰ ਔਖ ਲਗਦੀ ਸੀ ਔਰ ਅਗਰ ਇਸ ਤਰ੍ਹਾਂ ਦੀ ਕੋਈ ਗੱਲ ਹੋਈ ਵੀ ਹੈ ਤਾਂ ਫਿਰ ਜਿਹੜਾ ਇਕ ਕਰੋੜ ਰੁਪਏ ਦਾ ਚੈਕ ਆਇਆ ਸੀ ਤਾਂ ਉਹ ਵਾਪਸ ਕਿਉਂ ਨਹੀਂ ਕੀਤਾ। ਉਹ ਵੀ ਰੱਖ ਲਿਆ ਔਰ ਉਸ ਤੋਂ ਬਾਅਦ ਦੋ ਕਰੋੜ ਰੁਪਿਆ ਉਨ੍ਹਾਂ ਨੂੰ ਹੋਰ ਦੇ ਦਿੱਤਾ। ਫੈਕਟ ਆਫ਼ ਦਿ

** Expunged as ordered by the Chair.

Original with;
Punjab Vidhan Sabha
Digitized by;

ਮੈਟਰ, ਸਪੀਕਰ ਸਾਹਿਬ, ਇਹ ਮਸਲਾ ਬਹੁਤ ਗੰਭੀਰ ਹੈ। ਟਿੱਚਰਾਂ ਮਾਰਨੀਆਂ ਔਰ ਚੂੰਢੀਆਂ ਵੱਢਣਾ ਤਾਂ ਆਸਾਨ ਕੰਮ ਹੁੰਦਾ ਹੈ। ਇਹ ਸਾਡੇ ਸੂਬੇ ਦੇ ਸਾਹਮਣੇ ਗੰਭੀਰ ਸਮੱਸਿਆ ਹੈ। ਇਹ ਇਨ੍ਹਾਂ ਨੂੰ ਸਮਝਣੀ ਚਾਹੀਦੀ ਹੈ। ਛੋਟੇ-ਛੋਟੇ ਅੰਕੜੇ ਜਾਂ ਛੋਟੀਆਂ-ਛੋਟੀਆਂ ਗੱਲਾਂ ਕਰਕੇ ਤਾਂ ਜੋ ਮਰਜ਼ੀ ਕਹਿ ਲਵੋ ਔਰ ਇਸ ਤਰ੍ਹਾਂ ਕਰਨ ਦੇ ਨਾਲ ਸਦਨ ਦਾ ਟਾਈਮ ਵੇਸਟ ਕਰ ਲਵੋ। ਪਰ ਅਸਲੀਅਤ ਇਹ ਹੈ ਕਿ ਇਹ ਜੈਨੇਸਿਸ ਪੰਜਾਬ ਦੀ ਪ੍ਰਾਬਲਮ ਦਾ ਹੋਇਆ ਕਦੋਂ ਹੈ ? ਇਹ ਹੋਇਆ ਕਿਸੇ ਦੀ ਵੀ ਗਲਤੀ ਹੋਵੇ, ਚਾਹੇ 1955 ਦੀ ਸੈਕਟਰੀਜ਼ ਦੀ ਮੀਟਿੰਗ ਹੋਈ ਹੋਵੇ, ਉਸ ਦੇ ਵਿਚ ਗਲਤੀ ਹੋਈ ਹੋ ਸਕਦੀ ਹੈ ਜਾਂ ਫਿਰ ਕਿਸੇ ਹੋਰ ਸਟੇਜ ਜਾਂ ਨੋਟੀਫਿਕੇਸ਼ਨ ਦੇ ਰਾਹੀਂ 1976 ਦੇ ਵਿਚ ਹੋ ਸਕਦੀ ਹੈ। ਲੇਕਿਨ ਫੈਕਟ ਆਫ ਦੀ ਮੈਟਰ ਇਹ ਹੈ ਕਿ ਇਹ ਪੰਜਾਬ ਦੀ ਕੰਪਾਊਂਡ ਪ੍ਰਾਬਲਮ ਹੈ। 1955 ਦੇ ਵਿੱਚ ਪੰਜਾਬ ਦੀਆਂ ਨਦੀਆਂ ਦਾ ਪਾਣੀ ਇਨ੍ਹਾਂ ਨੇ 15.85 ਐਮ.ਏ.ਐਫ. ਕੱਢਿਆ ਸੀ। ਉਸ ਤੋਂ ਬਾਅਦ ਜਿਹੜੀ 1976 ਦੇ ਵਿਚ ਨੋਟੀਫਿਕੇਸ਼ਨ ਹੈ ਉਸ ਦੇ ਵਿਚ 15.85 ਪਾਣੀ, ਉਹੀ ਪਾਣੀ ਚਲਦਾ ਆਇਆ ਹੈ। ਇਹ ਸਾਰਿਆਂ ਨੇ ਦੇਖਿਆ ਹੈ, ਜੋ ਅਸੈਸਮੈਂਟ ਕੀਤੀ ਗਈ ਹੈ, ਬੀ.ਬੀ.ਐਮ.ਬੀ. ਵਾਲਿਆਂ ਨੇ ਵੀ ਕੀਤੀ ਹੋਣੀ ਹੈ ਜਾਂ ਹੋਰ ਸੰਸਥਾਵਾਂ ਨੇ ਵੀ ਕੀਤੀ ਹੋਣੀ ਹੈ। ਉਸ ਤੋਂ ਬਾਅਦ ਇਹ 1981 ਦੇ ਐਗਰੀਮੈਂਟ ਨੂੰ ਚੁੱਕ ਕੇ ਇਸ ਨੂੰ 70.17 ਤੇ ਲੈ ਗਏ, ਇਹ ਕਿਸ ਤਰ੍ਹਾਂ ਲੈ ਗਏ। ਇਸ ਪ੍ਰਾਬਲਮ ਦੇ ਲਈ ਸੋਚਣ ਦੀ ਲੋੜ ਹੈ ਕਿਉਂਕਿ 1921 ਦੇ ਵਿਚ ਅਸੀਂ ਫਲੋਅ 60 ਮੰਨਦੇ ਸੀ ਇਨ੍ਹਾਂ ਨੇ ਇਹ 45-60 ਤੇ ਪਹੁੰਚਾ ਦਿੱਤਾ ਹੈ। ਫਿਰ ਇਹੀ ਮਾਮਲਾ ਇਰਾਡੀ ਕਮਿਸ਼ਨ ਦੇ ਵਿੱਚ ਸਾਲ 1985 ਵਿਚ ਆਇਆ ਉਸਦੇ ਵਿਚ ਉਨ੍ਹਾਂ ਨੂੰ ਇਹ ਪਾਣੀ ਇਥੋਂ ਐਕਸਟਰਾ ਮਿਲ ਗਿਆ। ਹੁਣ ਇਹ ਪ੍ਰਾਬਲਮ ਹੈ ਕਿ ਪੁਲੀਟੀਕਲ ਪ੍ਰਾਬਲਮ ਕੰਪਾਊਂਡ ਹੁੰਦੀ ਗਈ। ਉਸ ਦੇ ਵਿਚ ਬਹੁਤ ਮੀਟਿੰਗਾਂ ਹੁੰਦੀਆਂ ਗਈਆਂ ਲੇਕਿਨ ਕਿਤੇ ਵੀ ਕੁਝ ਨਹੀਂ ਹੋਇਆ। ਇਸ ਦਾ ਕੋਈ ਫਾਈਨਲ ਸਲਿਊਸ਼ਨ ਨਹੀਂ ਨਿਕਲਿਆ। ਇਹ ਤਾਂ ਸਮਝਣਾ ਚਾਹੀਦਾ ਹੈ ਕਿ ਇਸ ਦਾ ਸਾਡੇ ਸੂਬੇ ਤੇ ਕੀ ਅਸਰ ਹੈ ? ਇਹ ਅਸਰ ਮੇਜਰ ਅਸਰ ਹੈ। ਇਹ ਕੋਈ ਅੰਕੜੇ ਦੱਸਣ ਲੱਗੇ ਸਨ। ਲੇਕਿਨ ਮੈਨੂੰ ਤਾਂ ਇਨ੍ਹਾਂ ਦੇ ਅੰਕੜੇ ਸਮਝ ਨਹੀਂ ਆਉਂਦੇ। ਮੈਂ ਪਹਿਲਾਂ ਵੀ ਕਿਹਾ ਹੈ ਕਿ ਇਹ ਕਹਿੰਦੇ ਹਨ ਕਿ ਇਕ ਏਕੜ ਅਤੇ ਇੱਕ ਫੁੱਟ ਪਾਣੀ, ਪਤਾ ਨਹੀਂ, ਕਿਸ ਤਰ੍ਹਾਂ ਕਹਿੰਦੇ ਹਨ ਕਿ ਬਰਾਬਰ ਹੁੰਦਾ ਹੈ। ਫੈਕਟ ਆਫ ਦੀ ਮੈਟਰ ਇਹ ਹੈ ਕਿ ਪੰਜਾਬ ਦੀ ਕਾਸ਼ਤਕਾਰੀ ਧਰਤੀ 105 ਲੱਖ ਕਿੱਲੇ ਜ਼ਮੀਨ ਹੈ। ਅਗਰ ਆਪਾਂ ਕਣਕ ਔਰ ਝੋਨਾ ਲਾਉਣਾ ਹੈ ਤਾਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਮੁਤਾਬਿਕ ਪੰਜ ਏਕੜ ਫੁੱਟ ਪਾਣੀ ਦੀ ਇਨ੍ਹਾਂ ਦੋਵਾਂ ਕਾਸ਼ਤਕਾਰੀਆਂ ਵਾਸਤੇ ਲੋੜ ਹੈ। ਇਸ ਦਾ ਮਤਲਬ ਹੈ ਕਿ ਪੰਜਾਬ ਦੀ 52.5 ਐਮ.ਏ.ਐਫ. ਵਾਟਰ ਦੀ ਰਿਕੁਆਇਰਮੈਂਟ ਹੈ। ਪ੍ਰਾਬਲਮ ਕੀ ਹੋਈ ਕਿ 1960 ਦੇ ਵਿਚ ਇੰਡਸ ਵਾਟਰ ਟਰੀਟੀ ਹੋਈ। ਉਸ ਇੰਡਸ ਵਾਟਰ ਟਰੀਟੀ ਦੇ ਰਾਹੀਂ ਜਿਹੜੇ ਪੰਜਾਬ ਦੇ ਪੰਜ ਦਰਿਆ ਸਨ ਉਨ੍ਹਾਂ ਦੇ ਵਿੱਚ 170 ਐਮ.ਏ.ਐਫ. ਪਾਣੀ ਸੀ ਜਿਸ ਦੇ ਵਿਚੋਂ ਇਨ੍ਹਾਂ ਨੇ ਤਕਰੀਬਨ 137.3 ਐਮ.ਏ.ਐਫ. ਪਾਣੀ ਪਾਕਿਸਤਾਨ ਨੂੰ ਦੇ ਦਿੱਤਾ, ਜਿਹੜਾ ਉਸ ਸਮੇਂ ਵਰਲਡ ਬੈਂਕ ਦਾ ਚੇਅਰਮੈਨ ਰਾਬਰਟ ਮੇਕਮਾਰਾ ਸੀ, ਪੰਜਾਬ ਦੇ ਵਿਚ ਜੇਹਲਮ, ਚਨਾਬ, ਸਤਲੁਜ, ਬਿਆਸ ਤੇ ਰਾਵੀ ਦਰਿਆ ਸਨ, ਬੀ.ਬੀ.ਐਮ.ਬੀ. ਦੇ ਨਾਲ ਅੰਤ ਵਿਚ 32.7 ਐਮ.ਏ.ਐਫ. ਪਾਣੀ ਸੀ। ਠੀਕ ਹੈ ਇਨ੍ਹਾਂ ਦੀ ਗੱਲ ਸਹੀ ਹੈ। ਉਸ ਦੇ ਬਾਅਦ ਜਿਹੜੀਆਂ ਨੋਟੀਫਿਕੇਸ਼ਨਾਂ ਹੁੰਦੀਆਂ ਰਹੀਆਂ ਹਨ, ਅਨਫਰਚੂਨੇਟਲੀ ਕਿਸੇ ਨੇ ਵੇਖਿਆ ਹੀ ਨਹੀਂ ਕਿ ਇਕ ਸਮਾਂ ਆਵੇਗਾ ਜਦੋਂ ਪੰਜਾਬ 100% ਇਰੀਗੇਟਿਡ ਹੋਵੇਗਾ।

Original with;
Punjab Vidhan Sabha
Digitized by;

[ਮੁੱਖ ਮੰਤਰੀ]

ਪਰ ਸਾਨੂੰ ਪੰਜਾਬ ਦੇ ਲਈ ਲੋੜ ਪਈ। ਜੋ ਮਰਜ਼ੀ ਕਹਿ ਲਵੋ ਇਹ ਤਾਂ ਹੁਣ ਸਮੱਸਿਆ ਬਣੀ ਹੋਈ ਹੈ। ਇਸ ਬਣੀ ਹੋਈ ਸਮੱਸਿਆ ਦਾ ਸਾਹਮਣਾ ਆਪਾਂ ਨੇ ਕਰਨਾ ਹੈ। That is the contention of the problem. ਇਥੇ ਤਾਈਂ ਅਸੀਂ ਪਹੁੰਚੇ ਹੋਏ ਹਾਂ। ਅੱਜ 32.7 ਐਮ.ਏ.ਐਫ. ਪਾਣੀ ਦੇ ਵਿਚੋਂ ਕੱਢ ਕੇ ਸਾਨੂੰ 12.5 ਐਮ.ਏ.ਐਫ. ਪਾਣੀ ਛੱਡਿਆ ਹੋਇਆ ਹੈ। ਇਸ ਨੂੰ ਹੱਲ ਕਰਨ ਦੇ ਦੋ ਤਰੀਕੇ ਹਨ, ਜਾਂ ਤਾਂ ਉਹ ਰਿਪੇਰੀਅਨ ਪ੍ਰਿੰਸੀਪਲ ਮੰਨਣ, ਗੌਰਮਿੰਟ ਆਫ਼ ਇੰਡੀਆ ਮੰਨੇ ਤੇ ਸੁਪਰੀਮ ਕੋਰਟ ਮੰਨੇ, ਜਾਂ ਜੋ ਸਾਡੀ ਆਰਗੇਨਾਈਜੇਸ਼ਨ ਹੈ ਜਿਸ ਦੇ ਤਹਿਤ 1966 ਦੇ ਵਿਚ ਸਾਰੀਆਂ ਚੀਜ਼ਾਂ ਵੰਡੀਆਂ ਗਈਆਂ ਸਨ। ਉਦੋਂ 1966 ਦੇ ਵਿਚ ਸਾਰੀਆਂ ਚੀਜ਼ਾਂ 60:40 ਦੀ ਰੇਸ਼ੋ ਦੇ ਵਿਚ ਵੰਡੀਆਂ ਗਈਆਂ ਸਨ। ਪਰ ਪੰਜਾਬ ਦਾ ਪਾਣੀ ਇਸੇ ਰੇਸ਼ੋ ਮੁਤਾਬਿਕ ਨਹੀਂ ਵੰਡਿਆ ਗਿਆ। ਉਨ੍ਹਾਂ ਨੇ ਬੀ.ਬੀ.ਐਮ.ਬੀ. ਦਾ ਪਾਣੀ ਵੰਡ ਦਿੱਤਾ। ਸਾਨੂੰ ਰਫਲੀ 12.5 ਐਮ.ਏ.ਐਫ. ਪਾਣੀ ਦੇ ਦਿੱਤਾ ਅਤੇ ਹਰਿਆਣੇ ਨੂੰ 8.5 ਐਮ.ਏ.ਐਫ. ਪਾਣੀ ਦੇ ਦਿੱਤਾ ਅਤੇ ਕਹਿ ਦਿੱਤਾ ਕਿ ਤੁਹਾਡੇ ਨਾਲ ਬੜਾ ਇਨਸਾਫ ਕੀਤਾ ਹੈ। ਲੇਕਿਨ ਜਦੋਂ ਪੰਜਾਬ ਔਰ ਹਰਿਆਣਾ ਪ੍ਰਾਂਤ ਬਣੇ, ਤਾਂ ਯਮੁਨਾ ਦਾ ਪਾਣੀ 5.58 ਐਮ.ਏ.ਐਫ. ਸੀ। ਇਨ੍ਹਾਂ ਦੋਨਾਂ ਦਾ ਜੋੜ ਲਓ, ਹਰਿਆਣੇ ਨੂੰ 14.08 ਐਮ.ਏ.ਐਫ. ਪਾਣੀ ਮਿਲ ਗਿਆ ਔਰ ਸਾਨੂੰ 12.6 ਐਮ.ਏ.ਐਫ. ਮਿਲਿਆ। ਸਾਡੀ 105 ਲੱਖ ਏਕੜ ਧਰਤੀ ਹੈ ਔਰ ਉਨ੍ਹਾਂ ਦੀ 80 ਲੱਖ ਏਕੜ ਧਰਤੀ ਹੈ। ਸਾਡੀ ਧਰਤੀ ਜ਼ਿਆਦਾ ਹੈ ਔਰ ਪਾਣੀ ਦੀ ਮਾਤਰਾ ਘੱਟ ਤੇ ਉਨ੍ਹਾਂ ਨੂੰ ਧਰਤੀ ਘੱਟ ਤੇ ਪਾਣੀ ਜ਼ਿਆਦਾ ਦਿੱਤਾ ਗਿਆ। ਇਹ ਗੱਲਾਂ ਹਨ, ਇਹ ਮਸਲੇ ਹਨ ਜਿਹੜੇ ਕਿ ਇਸ ਗੱਲ ਨੂੰ ਲਟਕਾਉਂਦੇ ਆਏ ਹਨ। ਕਿਉਂਕਿ ਸਾਡੀ ਪੂਰੀ ਧਰਤੀ ਕਾਸ਼ਤਕਾਰੀ ਦੀ ਹੈ ਜਿਸ ਵਿਚੋਂ ਅਸੀਂ ਪਾਣੀ ਕੱਢਦੇ ਹਾਂ। ਅੱਜ ਪੰਜਾਬ ਵਿੱਚ 8 ਲੱਖ ਟਿਊਬਵੈਲ ਚਲ ਰਹੇ ਹਨ। ਇਸ ਤਰ੍ਹਾਂ ਅਸੀਂ 14 ਐਮ.ਏ.ਐਫ. ਪਾਣੀ ਧਰਤੀ ਤੋਂ ਕੱਢ ਰਹੇ ਹਾਂ ਅਤੇ ਦਿਨ-ਪ੍ਰਤੀ-ਦਿਨ ਪਾਣੀ ਥੱਲੇ ਜਾ ਰਿਹਾ ਹੈ ਔਰ ਇਕ ਸਮਾਂ ਆਵੇਗਾ ਜਦੋਂ ਕਿ ਸਬਮਰਸੀਬਲ ਪੰਪਾਂ ਤੋਂ ਬਗੈਰ ਪਾਣੀ ਨਿਕਲ ਨਹੀਂ ਸਕੇਗਾ। ਅੱਜ ਪੰਜਾਬ ਵਿਚ ਬਹੁਤ ਸਾਰੇ ਲੋਕ ਪੰਜ ਕਿੱਲਿਆਂ ਤੋਂ ਘੱਟ ਦੇ ਵੀ ਮਾਲਕ ਹਨ। ਕਿਸੇ ਵਿਚ ਗੁੰਜਾਇਸ਼ ਨਹੀਂ ਹੈ। ਕਿਸੇ ਨੂੰ ਇਸ ਗੱਲ ਦਾ ਫਿਕਰ ਨਹੀਂ ਹੈ ਕਿ ਪਾਣੀ ਕਿਥੋਂ ਆਵੇਗਾ ? ਸਬਮਰਸੀਬਲ ਪੰਪਾਂ ਵਾਸਤੇ ਇੱਕ ਲੱਖ ਜਾਂ ਡੇਢ ਲੱਖ ਰੁਪਏ ਕਿਥੋਂ ਲਾਓਗੇ ? ਇਹ ਗੱਲ ਨਹੀਂ ਹੋਣੀ। ਇਥੇ ਬਿਲਕੁਲ ਤਬਾਹੀ ਆ ਜਾਵੇਗੀ ਔਰ ਅਗਰ ਅਸੀਂ ਇਸ ਦੀ ਡਿਫੈਂਸ ਠੀਕ ਨਹੀਂ ਕਰਦੇ ਤਾਂ ਇਕ ਸਮਾਂ ਆਵੇਗਾ, ਸਪੀਕਰ ਸਾਹਿਬ, ਕਿ ਅਸੀਂ ਇਥੇ ਹਾਰ ਜਾਵਾਂਗੇ ਔਰ ਇਹੀ ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਕਿ ਸੁਪਰੀਮ ਕੋਰਟ ਚਲੇ ਜਾਂਦੇ ਹੋ। ਇਹ ਵੀ ਸੁਪਰੀਮ ਕੋਰਟ ਵਿਚ ਗਏ ਹਨ। ਉਸ ਤੋਂ ਬਾਅਦ ਇਹ ਰਿਵਿਊ ਪਟੀਸ਼ਨ ਵੀ ਰਿਜੈਕਟ ਕਰਵਾ ਕੇ ਆਏ ਹਨ। ਹੁਣ ਅਸੀਂ ਸੁਪਰੀਮ ਕੋਰਟ ਦੇ ਵਿਚ ਗਏ ਹਾਂ। ਉਥੇ ਕੁਦਰਤੀ ਤੌਰ ਤੇ ਸਾਡੀ ਰਿਪਰੇਜ਼ੇਂਟੇਸ਼ਨ ਅੱਛੀ ਹੋਈ ਹੈ। ਉਨ੍ਹਾਂ ਨੇ ਅੱਜ ਉਥੋਂ ਸਾਨੂੰ ਪੰਜਾਬ ਔਰ ਹਰਿਆਣਾ ਦੋਵਾਂ ਗੌਰਮਿੰਟਾਂ ਨੂੰ ਨੋਟਿਸ ਦਿੱਤਾ ਹੈ। ਮੈਨੂੰ ਉਮੀਦ ਹੈ ਕਿ ਸਾਡਾ ਕੰਮ ਹੋ ਜਾਵੇਗਾ। (ਥੰਪਿੰਗ) ਲੇਕਿਨ ਇਨ੍ਹਾਂ ਨੇ ਪੰਜਾਬ ਦੇ ਪਾਣੀਆਂ ਬਾਰੇ ਇਨੀਸ਼ੀਅਲ ਸਟੇਜ ਤੇ ਡਿਫੈਂਸ ਕਿਉਂ ਨਹੀਂ ਕੀਤੀ ? ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਜਿਹਾ ਕਿਉਂ ਨਹੀਂ ਕੀਤਾ ? ਜਿਹੜੇ ਇਥੋਂ ਦੇ ਕਾਂਸਟੀਚਿਊਸ਼ਨਲ ਮਾਹਿਰ ਹਨ, ਸੰਵਿਧਾਨਿਕ ਮਾਹਿਰ/ਵਕੀਲ ਹਨ,

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੂੰ ਕਿਉਂ ਨਹੀਂ ਲਗਾਇਆ ? ਇਨ੍ਹਾਂ ਨੇ ਨਹੀਂ ਲਗਾਏ। ਵੀਨੂ ਗੋਪਾਲ ਜੀ ਨਹੀਂ ਲਾਏ, He was a constitutional expert. ਕਈ ਇਥੇ ਹੋਰ ਮਾਹਿਰ ਵੀ ਹਨ। ਫ਼ਾਲੀ ਨਾਰੀਮਾਨ ਜੀ ਵੀ ਬਹੁਤ ਵਧੀਆ ਕਾਨੂੰਨੀ ਮਾਹਿਰ ਹਨ। ਅਸੀਂ ਬੜੀ ਮੁਸ਼ਕਿਲ ਨਾਲ ਉਨ੍ਹਾਂ ਨੂੰ ਆਪਣੀ ਡਿਫੈਂਸ ਵਾਸਤੇ ਲੈ ਕੇ ਆਏ ਹਾਂ, ਉਨ੍ਹਾਂ ਦਾ ਪੰਜਾਬ ਬਾਰੇ ਬੜਾ ਬੈਡ ਐਕਸਪੀਰੀਐਂਸ ਸੀ। ਉਹ ਕਹਿੰਦੇ ਸਨ ਕਿ ਅਸੀਂ ਇਨ੍ਹਾਂ ਦੇ ਐਕਸਪੀਰੀਐਂਸ ਕਰਕੇ ਪੰਜਾਬ ਦੇ ਵਾਸਤੇ ਕੁਝ ਨਹੀਂ ਕਰਨਾ ਚਾਹੁੰਦੇ, ਔਰ ਇਹ ਉਨ੍ਹਾਂ ਨੂੰ ਰੱਖਣਾ ਨਹੀਂ ਚਾਹੁੰਦੇ ਸਨ ਕਿਉਂਕਿ ਇਨ੍ਹਾਂ ਦਾ ਅਲਟੀਰੀਅਰ ਮੋਟਿਵ ਹੈ। ਸਪੀਕਰ ਸਾਹਿਬ, ਅਲਟੀਰੀਅਰ ਮੋਟਿਵ ਕਿਉਂ ਹੋ ਸਕਦਾ ਹੈ ? ਕਿਉਂਕਿ ਜਦੋਂ ਨਿੱਜੀ ਸਵਾਰਥ ਨਾਲ, ਸੂਬੇ ਦੇ ਸਵਾਰਥ ਨਾਲੋਂ ਜ਼ਿਆਦਾ ਪਿਆਰ ਹੋ ਜਾਂਦਾ ਹੈ ਤਾਂ ਇਹ ਅਲਟੀਰੀਅਰ ਮੋਟਿਵ ਹੋ ਜਾਂਦਾ ਹੈ, ਤਾਂ ਹੀ ਇਹ ਹਾਈ ਕੋਰਟ ਦੇ ਵਿਚੋਂ ਹਾਰ ਕੇ ਆਏ ਸੀ, ਹਾਈ ਕੋਰਟ ਦੇ ਵਿਚ ਇਨ੍ਹਾਂ ਦਾ ਇੱਕ ਹੋਟਲ ਦਾ ਮਸਲਾ ਸੀ। ਇਹ ਹਾਈ ਕੋਰਟ ਦੇ ਵਿਚ ਡਬਲ ਬੈਂਚਿਜ਼ ਦੇ ਵਿਚ ਹਾਰ ਕੇ ਆਏ ਸੀ। ਚੌਟਾਲੇ ਦੇ ਹਾਰਨ ਦੇ ਚਾਂਸਿਜ਼ ਸਨ ਤਾਂ ਫਿਰ ਇਨ੍ਹਾਂ ਨੇ ਆਪਣਾ ਸਟੈਂਡ ਬਦਲ ਦਿੱਤਾ। ਇਨ੍ਹਾਂ ਆਪਣਾ ਸਟੈਂਡ ਬਦਲ ਕੇ ਹੀ ਆਪਣਾ ਕੇਸ ਉਨ੍ਹਾਂ ਨੂੰ ਜਿਤਾ ਦਿੱਤਾ। ਇਹ ਆਪਣੇ ਦੋਸਤ ਨੂੰ ਤੰਗ ਨਹੀਂ ਕਰਨਾ ਚਾਹੁੰਦੇ ਸਨ। ਇਹ ਪੰਜ ਸਾਲ ਇਕੱਠੇ ਰਹੇ ਪਰ ਇਨ੍ਹਾਂ ਨੇ ਆਪਣੇ ਦੋਸਤ ਨਾਲ ਪੰਜਾਬ ਦਾ ਮਸਲਾ ਕਿਉਂ ਨਹੀਂ ਉਠਾਇਆ। ਇਨ੍ਹਾਂ ਨੇ ਕੋਈ ਵੱਡਾ ਲਾੱਯਅਰ ਨਹੀਂ ਕੀਤਾ ਬਲਕਿ ਇੱਕ ਛੋਟਾ ਜਿਹਾ ਵਕੀਲ ਖੜ੍ਹਾ ਕਰ ਦਿੱਤਾ। ਇਸ ਤਰ੍ਹਾਂ ਦੇ ਇਹ ਕੰਮ ਕਰਦੇ ਰਹੇ ਹਨ। ਪੰਜਾਬ ਦੇ ਮਸਲੇ ਨੂੰ ਇਹ ਆਪਣੇ ਨਿੱਜੀ ਸਵਾਰਥਾਂ ਨਾਲ ਜੋੜਦੇ ਰਹੇ। ਇਨ੍ਹਾਂ ਨੇ ਪੰਜਾਬ ਦੇ ਹਿਤਾਂ ਨੂੰ ਹਰਿਆਣੇ ਕੋਲ ਵੇਚ ਦਿੱਤਾ। ਇਨ੍ਹਾਂ ਨੇ ਆਪਣੇ ਪ੍ਰਧਾਨ ਸੰਤ ਲੌਂਗੋਵਾਲ ਦਾ ਕਹਿਣਾ ਨਹੀਂ ਮੰਨਿਆ। ਉਹ ਮੇਰੇ ਪਿੰਡ ਦੇ ਸਨ ਅਤੇ ਮੇਰਾ ਉਨ੍ਹਾਂ ਨਾਲ ਬਹੁਤ ਪਿਆਰ ਸੀ।

## PERSONAL EXPLANATION BY SARDAR PARKASH SINGH BADAL, LEADER OF THE OPPOSITION

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ on a personal explanation sir, ਅੱਜ ਮੈਂ ਗੱਲ ਕਰਦਾ ਹਾਂ, ਕਿ ਪੰਜਾਬ ਦੇ ਹਿਤਾਂ ਅਤੇ ਦੇਸ਼ ਦੇ ਹਿਤਾਂ ਨੂੰ ਅਸੀਂ ਕਦੇ ਨਹੀਂ ਵੇਚਿਆ ਸਗੋਂ ਅਸੀਂ ਪੰਜਾਬ ਦੇ ਹਿਤਾਂ ਲਈ ਪੰਦਰਾਂ ਸਾਲ ਜੇਲ੍ਹਾਂ ਕੱਟੀਆਂ ਹਨ। ਇਹ (ਰੂਲਿੰਗ ਪਾਰਟੀ ਵੱਲ ਇਸ਼ਾਰਾ) ਮੈਨੂੰ ਦੱਸ ਦੇਣ ਕਿ ਇਨ੍ਹਾਂ ਨੇ ਇੱਕ ਦਿਨ ਵੀ ਜੇਲ੍ਹ ਕੱਟੀ ਹੋਈ ਹੋਵੇ। (ਵਿਘਨ)

## 2. OFFICIAL RESOLUTION NO. 2 REG. SYL *(RESUMPTION)*

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਦਾ ਜੇਲਾਂ ਵਿੱਚ ਜਾਣ ਦਾ ਤਰੀਕਾ ਹੀ ਹੋਰ ਸੀ। ਇਨ੍ਹਾਂ ਦੀ ਹਿਸਟਰੀ ਰਹੀ ਹੈ ਕਿ ਪਹਿਲੇ ਪਬਲਿਕ ਵਿੱਚ ਹਲਚਲ ਮਚਾ ਦਿਓ, ਮੋਰਚਾ ਲਗਾ ਦਿਓ ਤਾਂ ਕਿ ਪੁਲਿਸ ਲੋਕਾਂ ਤੇ ਝੂਠੇ ਕੇਸ ਬਣਾਵੇ ਤੇ ਡੰਡੇ ਮਾਰੇ ਔਰ ਇਹ ਬਾਅਦ ਵਿੱਚ ਗ੍ਰਿਫਤਾਰੀ ਦੇ ਦਿੰਦੇ ਸਨ ਤੇ ਰੈਸਟ ਹਾਊਸ ਵਿੱਚ ਚਲੇ ਜਾਂਦੇ ਸਨ। ਇਨ੍ਹਾਂ ਦੀ ਇਹੀ ਪਿਛਲੀ ਹਿਸਟਰੀ ਹੈ। ਜੇਲ੍ਹਾਂ ਵਿੱਚ ਲੋਕਾਂ ਨੂੰ ਤਾਂ ਡੰਡੇ ਖਾਣੇ ਪੈਂਦੇ ਸਨ ਤੇ ਇਹ ਰੈਸਟ ਹਾਊਸ ਵਿੱਚ ਅਰਾਮ ਕਰਦੇ ਸਨ। ਇਹ ਇਨ੍ਹਾਂ ਦੀ ਪੰਦਰਾਂ ਸਾਲਾਂ ਦੀ ਜੇਲ੍ਹ ਦੀ ਹਿਸਟਰੀ ਹੈ। ਇਨ੍ਹਾਂ

Original with;
Punjab Vidhan Sabha
Digitized by;

[ਮੁੱਖ ਮੰਤਰੀ]

ਨੇ ਸਾਲ 1973 ਤੋਂ ਲੈ ਕੇ ਸਾਲ 1992 ਆਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਪਾਸ ਕਰਕੇ ਲੱਖਾਂ ਬੰਦਿਆਂ ਨੂੰ ਸ਼ਹੀਦ ਕਰਵਾ ਦਿੱਤਾ, ਇਨ੍ਹਾਂ ਸ਼ਹੀਦੀਆਂ ਵਿੱਚ ਕਿਸ ਦੀ ਜ਼ੁੰਮੇਵਾਰੀ ਹੈ, ਇਸ ਵਿਗਾੜ ਦੇ ਲਈ ਕੌਣ ਜ਼ਿੰਮੇਵਾਰ ਹੈ? ਇਸਦਾ ਕੋਈ ਜ਼ਿੰਮੇਵਾਰ ਹੀ ਨਹੀਂ ਹੈ। (ਸ਼ੇਮ ਸ਼ੇਮ ਦੀਆਂ ਅਵਾਜ਼ਾਂ) (ਵਿਘਨ)

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਜੇ ਮੈਂ ਸਾਬਤ ਕਰ ਦੇਵਾਂ ਕਿ ਕੈਪਟਨ ਸਾਹਿਬ ਨੇ ਖਾਲਿਸਤਾਨ ਦਾ ਰੈਜ਼ੋਲਿਊਸ਼ਨ ਪਾਸ ਕਰਵਾਇਆ ਤਾਂ ਕੀ ਇਹ ਹਾਊਸ ਵਿੱਚੋਂ ਅਸਤੀਫਾ ਦੇ ਦੇਣਗੇ? (ਵਿਘਨ)

**ਮੁੱਖ ਮੰਤਰੀ** : ਸਪੀਕਰ ਸਾਹਿਬ, ਖੁਦ ਤਾਂ ਅਰਾਮ ਇਹ ਰੈਸਟ ਹਾਊਸ ਵਿੱਚ ਕਰਦੇ ਸਨ ਤੇ ਲੋਕ ਵਿਚਾਰੇ ਮੁਜ਼ਾਹਰੇ ਕਰਦੇ ਸਨ, ਧਰਨੇ ਮਾਰਦੇ ਸਨ। ਅਸੀਂ ਇੰਡਸਟਰੀ ਤੇ ਰੈਜ਼ੋਲਿਊਸ਼ਨ ਪਾਸ ਕੀਤਾ ਤੇ ਇੰਡਸਟਰੀਅਲ ਪਾਲਿਸੀ ਨੂੰ ਲਾਗੂ ਕੀਤਾ, ਕਿਉਂਕਿ ਪੰਜਾਬ ਵਿੱਚੋਂ ਬਹੁਤ ਸਾਰੀ ਇੰਡਸਟਰੀ ਬਾਹਰ ਚਲੀ ਗਈ ਸੀ। ਸਾਡੀ ਕੋਸ਼ਿਸ਼ ਹੈ ਕਿ ਇੰਡਸਟਰੀ ਨੂੰ ਵਾਪਸ ਲਿਆ ਸਕੀਏ। ਮੈਂ ਤਾਂ ਇਹ ਕਹਾਂਗਾ ਕਿ ਇਹ ਤਾਂ ਆਪਣੇ ਪ੍ਰਧਾਨ ਸੰਤ ਲੌਂਗੋਵਾਲ ਦੀ ਵੀ ਗੱਲ ਨਹੀਂ ਸੁਣਦੇ ਸਨ। ਇਨ੍ਹਾਂ ਨੇ ਉਨ੍ਹਾਂ ਦੇ ਸਮਝੌਤੇ ਨੂੰ ਵੀ ਨਹੀਂ ਮੰਨਿਆ। ਮੇਰਾ ਉਨ੍ਹਾਂ ਨਾਲ ਪਿਆਰ ਸੀ ਤੇ ਉਹ ਮੇਰੀ ਮਦਰ ਨੂੰ ਭੂਆ ਜੀ ਕਹਿੰਦੇ ਸਨ। ਮੇਰੇ ਮਨ ਵਿੱਚ ਉਨ੍ਹਾਂ ਪ੍ਰਤੀ ਬੜਾ ਆਦਰ ਸੀ। ਉਹ ਬੜੀ ਮਹਾਨ ਸ਼ਖਸੀਅਤ ਸਨ। ਜਿਹੜਾ ਉਨ੍ਹਾਂ ਨੇ ਰਾਜੀਵ-ਲੌਂਗੋਵਾਲ ਸਮਝੌਤਾ ਕੀਤਾ, ਉਸ ਨੂੰ ਵੀ ਇਨ੍ਹਾਂ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ। ਉਸ ਸਮਝੌਤੇ ਵਿੱਚ ਐਸ.ਵਾਈ.ਐਲ ਦਾ ਵੀ ਮਸਲਾ ਸੀ। ਇਨ੍ਹਾਂ ਦੇ ਪ੍ਰਧਾਨ ਨੇ ਫੈਸਲਾ ਕੀਤਾ ਪਰ ਇਨ੍ਹਾਂ ਨੇ ਉਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਹ ਵਾਰ ਵਾਰ ਐਸੀਆਂ ਗੱਲਾਂ ਕਰਕੇ ਕਨਫਿਊਜ਼ਨ ਪੈਦਾ ਕਰਨੀ ਚਾਹੁੰਦੇ ਹਨ। ਇਹ ਪੰਜਾਬ ਦੇ ਲੋਕਾਂ ਲਈ ਮੁਸੀਬਤਾਂ ਖੜ੍ਹੀਆਂ ਕਰਨੀਆਂ ਚਾਹੁੰਦੇ ਹਨ। ਪੰਜਾਬ ਦੀ ਐਗਰੀਕਲਚਰ ਇਕਾਨਮੀ 70% ਹੈ ਜਿਹੜੇ ਕਿਸਾਨ ਵਾਹੀ ਕਰ ਰਹੇ ਹਨ। ਸਪੀਕਰ ਸਾਹਿਬ, ਸਾਡੀ ਧਰਤੀ ਵਿੱਚ ਪਹਿਲਾਂ ਅਨਾਜ ਘੱਟ ਪੈਦਾ ਹੁੰਦਾ ਸੀ ਔਰ ਅਸੀਂ ਪੀ.ਐਲ-480 ਕਣਕ ਅਮਰੀਕਾ ਤੋਂ ਮੰਗਵਾਉਂਦੇ ਸੀ ਤਾਂ ਕਿ ਅਸੀਂ ਆਪਣੇ ਲੋਕਾਂ ਨੂੰ ਅਨਾਜ ਪ੍ਰੋਵਾਈਡ ਕਰ ਸਕੀਏ। ਫਿਰ ਕਿਸਾਨਾਂ ਨੇ ਮਿਹਨਤ ਕੀਤੀ, ਕਾਸ਼ਤਕਾਰੀ ਕਰਕੇ ਪੰਜਾਬ ਦੇ ਲੋਕਾਂ ਨੂੰ ਅੰਨ ਪ੍ਰਦਾਨ ਕਰਵਾਇਆ। ਫਿਰ ਸਾਡੇ ਕੋਲ ਪਾਣੀ ਦਾ ਮਸਲਾ ਆ ਗਿਆ। ਇਸ ਪਾਣੀ ਦੇ ਮਸਲੇ ਦੇ ਹੱਕ ਵਿੱਚ ਅਸੀਂ ਸਾਰੇ ਜ਼ੋਰ ਲਗਾ ਰਹੇ ਹਾਂ ਪਰ ਇਹ ਇਸ ਇਸ਼ੂ ਨੂੰ ਇੱਕ ਪੁਲੀਟੀਕਲ ਇਸ਼ੂ ਬਣਾ ਰਹੇ ਹਨ। ਹੁਣ ਇਹ ਕਹਿੰਦੇ ਹਨ ਕਿ ਅਸੀਂ ਸੁਪਰੀਮ ਕੋਰਟ ਦੇ ਆਰਡਰ ਨੂੰ ਵੀ ਨਹੀਂ ਮੰਨਦੇ। ਜਦ ਇਹ ਮੇਰੇ ਪਾਸੇ ਬੈਠੇ ਸਨ ਤਾਂ ਇਹ ਸੁਪਰੀਮ ਕੋਰਟ ਦੇ ਫੈਸਲੇ ਨੂੰ ਮੰਨਦੇ ਸਨ ਪਰ ਜਦੋਂ ਇਹ ਆਪੋਜ਼ੀਸ਼ਨ ਬੈਂਚਾਂ ਵਿੱਚ ਚਲੇ ਗਏ ਹਨ ਤਾਂ ਇਹ ਕਹਿੰਦੇ ਹਨ ਕਿ ਅਸੀਂ ਸੁਪਰੀਮ ਕੋਰਟ ਦੇ ਫੈਸਲੇ ਨੂੰ ਨਹੀਂ ਮੰਨਦੇ। ਸੁਪਰੀਮ ਕੋਰਟ ਇੱਕ ਅਪੈਕਸ ਕੋਰਟ ਹੈ ਜਿਸ ਦੇ ਆਰਡਰਾਂ ਨੂੰ ਸਾਰੇ ਮੰਨਦੇ ਹਨ। ਈਵਨ ਪ੍ਰਾਈਮ ਮਨਿਸਟਰ ਵੀ ਸੁਪਰੀਮ ਕੋਰਟ ਦੇ ਆਰਡਰ ਮੰਨਦੇ ਹਨ ਪਰ ਲੀਡਰ ਆਫ ਦਿ ਆਪੋਜ਼ੀਸ਼ਨ ਕਹਿ ਰਹੇ ਹਨ ਕਿ ਅਸੀਂ ਸੁਪਰੀਮ ਕੋਰਟ ਦੇ ਆਰਡਰ ਨਹੀਂ ਮੰਨਦੇ।

Original with;
Punjab Vidhan Sabha
Digitized by;

ਇਹ ਕਾਂਸਟੀਚਿਊਸ਼ਨ ਪਾੜਦੇ ਹਨ, ਉਸ ਨੂੰ ਵੀ ਇਨ੍ਹਾਂ ਅੱਗ ਲਾ ਦਿੱਤੀ ਸੀ . . . .

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਜੇ ਫੇਰ ਬਹਿਸ ਕੀਤੀ ਹੈ, ਸੁਪ੍ਰੀਮ ਕੋਰਟ ਨੇ ਤਾਂ ਫੈਸਲਾ ਖਰਾਬ ਕਰਨਾ ਹੀ ਕਰਨਾ ਹੈ, ਫੇਰ ਕਾਹਦੇ ਲਈ ਰੈਜੋਲਿਊਸ਼ਨ ਕਰਦੇ ਹਨ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਕੇਸ ਕਰਨ ਦੀ ਜ਼ਰੂਰਤ ਕੀ ਹੈ ? ਬਗੈਰ ਕੇਸ ਕੀਤਿਆਂ ਪੰਜਾਬ ਦਾ ਲਾਸ ਕੀ ਹੈ ? ਮੈਂ ਪੁੱਛਦਾ ਹਾਂ ਕਿ ਦੇਸ਼ ਵਿਚ ਐਸੀ ਕਿਹੜੀ ਕੋਰਟ ਹੈ ਜਿਥੇ ਡਿਫੈਂਸ ਸਹੀ ਤਰੀਕੇ ਨਾਲ ਹੋਵੇ ਅਤੇ ਉਹ ਗੱਲ ਨਾ ਮੰਨੇ, ਤੁਹਾਡੇ ਇੰਟਰਸਟਸ ਦੀ ਦੇਖਭਾਲ ਨਾ ਕਰੇ। ਉਹ ਕਿਹੜੀ ਕੋਰਟ ਹੈ ? ਇਹ ਅਪੈਕਸ ਕੋਰਟ ਹੈ। ਪਹਿਲਾਂ ਕੋਰਟ ਵਿਚ ਕੇਸ ਮੂਵ ਕਰੋ, ਫੇਰ ਕਹਿ ਦਿਉ ਕਿ ਕੋਰਟ ਨੇ ਕੁਝ ਨਹੀਂ ਕਰਨਾ। ਇਹ ਇਕ ਪੈਸੀਮਿਸਟਿਕ ਅਤੇ ਨੈਗੇਟਿਵ ਐਟੀਚਿਊਡ ਹੈ। ਸਾਨੂੰ ਆਪਣੀ ਸਮੱਸਿਆ ਦੱਸਣੀ ਪਵੇਗੀ। ਪਹਿਲੀ ਜਿਹੜੀ ਇਨ੍ਹਾਂ ਨੇ ਵੀ ਪਲੀਅ ਲਈ ਸੀ, ਜਿਹੜੀ ਅਸੀਂ ਵੀ ਪਲੀਅ ਲਈ ਹੈ ਉਹ ਹੈ ਕਿ Haryana is not a part of the Indus basin. ਦੂਜਾ ਕਿਹਾ ਹੈ ਕਿ ਤੁਸੀਂ ਡੈਫੀਸਿਟ ਬੇਸਿਨ ਤੋਂ ਸਰਪਲੱਸ ਬੇਸਿਨ ਵਿਚ ਪਾਣੀ ਕਿਵੇਂ ਦੇ ਸਕਦੇ ਹੋ ? ਅਗਰ ਹਰਿਆਣਾ ਸਾਡੇ ਬੇਸਿਨ ਦਾ ਮੈਂਬਰ ਨਹੀਂ, ਦੂਜਾ ਯਮੁਨਾ ਵਿਚੋਂ ਵੀ ਉਨ੍ਹਾਂ ਨੂੰ 5.5 ਐਮ.ਏ.ਐਫ. ਪਾਣੀ ਦਿੱਤਾ ਹੈ, they cannot have it both ways.

**ਮਾਨਯੋਗ ਸਪੀਕਰ** : ਸੀ.ਐਮ. ਸਹਿਬ, ਕੀ ਮਤਾ ਪਾਸ ਕਰਵਾ ਕੇ ਗਵਰਨਰ ਸਾਹਿਬ ਕੋਲ ਚਲਣਾ ਹੈ ?

**ਮੁੱਖ ਮੰਤਰੀ** : ਬੱਸ ਜੀ, ਮੈਂ ਹੁਣੇ 2 ਮਿੰਟ ਵਿਚ ਖਤਮ ਕਰਨ ਲੱਗਾ ਹਾਂ। ਜੇ ਅਸੀਂ ਕੇਸ ਨਹੀਂ ਜਿਤਾਂਗੇ ਤਾਂ 9 ਲੱਖ ਕਿੱਲੇ ਧਰਤੀ ਫਿਰੋਜਪੁਰ, ਮੋਗਾ, ਮਾਨਸਾ, ਬਠਿੰਡਾ, ਸੰਗਰੂਰ, ਫਾਜਿਲਕਾ ਅਬੋਹਰ, ਮੁਕਤਸਰ ਦੀ ਸੁੱਕ ਜਾਵੇਗੀ। ਉਥੇ ਥੱਲੇ ਦਾ ਪਾਣੀ ਖਾਰਾ ਹੈ ਤੇ ਉਹ ਲੋਕ ਬਹੁਤ ਦੂਰ ਟੇਲਾਂ ਤੇ ਬੈਠੇ ਹਨ। ਅਸੀਂ ਇਹ ਡਿਫੈਂਸ ਕਰਨੀ ਹੈ। ਤੁਹਾਡਾ ਕੀ ਖਿਆਲ ਹੈ ਕਿ ਸੁਪ੍ਰੀਮ ਕੋਰਟ ਵਿਚ ਇਹ ਗੱਲਾਂ ਸੁਣ ਕੇ ਜੱਜ ਬਾਹਰ ਸੁੱਟ ਦੇਵੇਗਾ ? We have no confidence. ਇਨ੍ਹਾਂ ਨੂੰ ਤਾਂ ਨਾ ਗੌਰਮਿੰਟ ਆਫ ਇੰਡੀਆ ਵਿਚ ਕਾਨਫੀਡੈਂਸ ਹੈ, ਨਾ ਕਾਂਸਟੀਚਿਊਸ਼ਨ ਵਿਚ ਕਾਨਫੀਡੈਂਸ ਹੈ ਤੇ ਨਾ ਸੁਪ੍ਰੀਮ ਕੋਰਟ ਵਿਚ ਕਾਨਫੀਡੈਂਸ ਹੈ। ਇਨ੍ਹਾਂ ਨੂੰ ਤਾਂ ਸਿਰਫ ਚੌਟਾਲੇ ਵਿਚ ਕਾਨਫੀਡੈਂਸ ਹੈ, ਆਪਣੇ ਕੇਸ ਵਿਚ ਨਹੀਂ। ਇਹ ਸੈਕਸ਼ਨ 14 ਆਫ ਇੰਟਰ ਸਟੇਟ ਵਾਟਰ ਡਿਸਪਿਊਟਸ ਐਕਟ ਵਿਚ ਪਹਿਲਾਂ ਹੀ ਲਿਖਿਆ ਹੋਇਆ ਹੈ, that Section 14 of the Inter State Water Disputes Act is ultravires of the Constitution. This is our plea ਕਿ ਹਰਿਆਣਾ ਨੂੰ ਪਾਣੀ ਦੀ ਵੱਧ ਐਲੋਕੇਸ਼ਨ ਹੈ। ਅਰਾਦੀ ਕਮਿਸ਼ਨ ਨੂੰ ਪਹਿਲਾਂ ਹੀ ਸਾਰਾ ਪੰਜਾਬ ਰਿਜੈਕਟ ਕਰ ਚੁੱਕਾ ਹੈ। ਇਸ ਤੇ ਜਿਹੜਾ ਕਾਨੂੰਨ ਹੈ, ਉਸਦੇ ਮੁਤਾਬਿਕ ਹੀ ਹਰ 25-30 ਸਾਲ ਬਾਅਦ ਅਸੈਸਮੈਂਟ ਕਰਨੀ ਚਾਹੀਦੀ ਹੈ ਕਿ ਕਿਹੜੇ ਦਰਿਆ ਵਿਚ ਕਿੰਨਾ ਪਾਣੀ ਰਹਿ ਗਿਆ ਹੈ। 1955 ਦੀ ਅਸੈਸਮੈਂਟ ਹੀ ਪਿਛੇ ਸੀ ਅਤੇ ਹੁਣ ਵੀ ਉਹੀ ਹੈ। ਹੁਣ ਬੀ.ਬੀ.ਐਮ.ਬੀ. ਨੇ ਨਾ 16 ਅਤੇ ਨਾ 17-18 ਐਮ.ਏ.ਐਫ. ਦੱਸਿਆ ਹੈ, ਨਾ 15.5 ਐਮ.ਏ.ਐਫ. ਦੱਸਿਆ ਹੈ, ਬਲਕਿ ਇਹ ਦੱਸਿਆ ਹੈ ਕਿ ਸਾਡੇ ਦਰਿਆਵਾਂ ਵਿਚ ਇਸ ਵੇਲੇ 14.37 ਐਮ.ਏ.ਐਫ. ਪਾਣੀ ਹੈ। ਬੀ.ਬੀ.ਐਮ.ਬੀ. ਸਾਡੀ ਸੰਸਥਾ ਨਹੀਂ। ਇਹ ਗੌਰਮਿੰਟ ਆਫ ਇੰਡੀਆ ਦੀ ਸੰਸਥਾ ਹੈ। ਇਸ ਐਵੀਡੈਂਸ ਨੂੰ ਵੀ

Original with;
Punjab Vidhan Sabha
Digitized by:

[ਮੁੱਖ ਮੰਤਰੀ]

ਕੀ ਸੁਪ੍ਰੀਮ ਕੋਰਟ ਅਵਾਇਡ ਕਰ ਸਕਦਾ ਹੈ ? ਆਪਣੇ ਕੇਸ ਵਿਚ ਇਨ੍ਹਾਂ ਨੂੰ ਭਰੋਸਾ ਹੋਣਾ ਚਾਹੀਦਾ ਹੈ। ਇਹ ਇਕ ਅਹਿਮ ਗੱਲ ਹੈ। ਇਹ ਗੱਲਾਂ ਚੁੱਕਣੀਆਂ, ਛੋਟੇ ਛੋਟੇ ਇਸ਼ੂ ਉਠਾਉਣੇ, ਹੁਣ ਇਹ ਸ਼ੋਭਾ ਨਹੀਂ ਸੀ ਦਿੰਦਾ। ਗਵਰਨਰ ਐਡਰੈਸ ਵੇਲੇ ਕੁਝ ਚੂੰਢੀਆਂ ਤੁਸੀਂ ਵੱਢੀਆਂ, ਕੁਝ ਅਸੀਂ ਵੱਢ ਲਈਆਂ। ਪਰ ਜਿਥੇ ਪੰਜਾਬ ਦੇ ਲੋਕਾਂ ਦਾ ਭਵਿੱਖ ਇਨਵਾਲਵਡ ਹੋਵੇ, ਉਥੇ ਕੁਝ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ। ਸਾਡੇ ਸੂਬੇ ਦੀ ਐਗਰੀਕਲਚਰ ਬੇਸਡ ਇਕਾਨਮੀ ਹੈ ਤੇ ਹੋਪਫੁਲੀ ਥੋੜ੍ਹੇ ਅਰਸੇ ਵਿਚ ਇੰਡਸਟਰੀਅਲ ਬੇਸਡ ਇਕਾਨਮੀ ਵੀ ਸਾਡੇ ਸੂਬੇ ਦੀ ਬਣੇਗੀ। ਸਾਡੇ ਸੂਬੇ ਵਿਚ ਇਸ ਵੇਲੇ 85 ਪ੍ਰਤੀਸ਼ਤ ਲੋਕਾਂ ਕੋਲ 5 ਕਿੱਲੇ ਜ਼ਮੀਨ ਦੀ ਮਲਕੀਅਤ ਹੈ ਤੇ ਥੋੜ੍ਹੇ ਅਰਸੇ ਅੰਦਰ ਇਹ ਢਾਈ ਕਿੱਲੇ ਤੇ ਪਹੁੰਚ ਜਾਵੇਗੀ। ਇਹ ਪੰਜਾਬ ਦੇ ਵਾਸਤੇ ਇਕ ਅਹਿਮ ਸੋਚਣ ਵਾਲੀ ਗੱਲ ਹੈ। ਮੈਨੂੰ ਖੁਸ਼ੀ ਹੈ ਕਿ ਇਨ੍ਹਾਂ ਨੇ ਦੋਬਾਰਾ ਇਸ ਰੈਜ਼ੋਲਿਊਸ਼ਨ ਵਿਚ ਗੌਰਮਿੰਟ ਦਾ ਸਾਥ ਦਿੱਤਾ ਹੈ। ਮੈਂ ਆਸ ਕਰਦਾ ਹਾਂ ਕਿ ਅਸੀਂ ਆਪਣੇ ਹੱਕਾਂ ਦੀ ਰਾਖੀ ਕਰਾਂਗੇ, ਇਹ ਅਖੀਰਲੇ ਦਮ ਤੱਕ ਸਾਡੇ ਨਾਲ ਰਹਿਣ। ਅਸੀਂ ਦੇਖਣਾ ਹੈ ਕਿ ਪੂਰੀ ਡਿਫੈਂਸ ਕਰਕੇ ਜਿਥੋਂ ਵੀ ਪੈਸਾ ਲਾਉਣਾ ਪਵੇ, ਪੈਸਾ ਗੌਰਮਿੰਟ ਲਾਏਗੀ, ਅਸੀਂ ਡਿਫੈਂਸ ਕਰਕੇ ਪੂਰੇ ਤੌਰ ਤੇ ਸਫਲਤਾ ਪ੍ਰਾਪਤ ਕਰਾਂਗੇ, ਜਿੱਤ ਵੀ ਪ੍ਰਾਪਤ ਕਰਾਂਗੇ। ਧੰਨਵਾਦ

**Mr. Speaker :** Question is—

"WHEREAS a meeting was held under the Chairmanship of Captain Amarinder Singh, Chief Minister, Punjab on 8th January, 2003, in which all the Political Parties, Farmers' Organizations and various Social & Economic Groups of the State participated;

AND whereas in the said meeting but for some of the Political Parties, all the invited members were present;

AND whereas all the Parties passed the following Resolution :—

"(1) the State Government, without any further delay, should approach the Hon'ble Supreme Court so that relief could be sought from the directions dated 15th January, 2002, as issued by it.

(2) the Sabha, appeals the Hon'ble Prime Minister of India, to intervene in the SYL Canal matter at the earliest possible and also to resolve the same.

(3) the entire Sabha backs the State Government so that it can take necessary steps for the achievement of the above mentioned aims.

Original with;
Punjab Vidhan Sabha
Digitized by;
Punjab Digital Library

(4) to take further necessary action/ steps in order to safeguard the interests of the State in regard to the water of Punjab State Ravi-Beas.

(5) it is also decided unanimously that in order to uphold this view, a special Session of the Punjab Vidhan Sabha may be summoned."

AND whereas the State Government in compliance with the said Resolution, had taken the following steps :—

(1) On 11th January, 2003, the State Government has filed a complaint with the Ministry of Water Resources, Government of India, under section 3 of the Inter State Water Disputes Act, 1956 in regard to the scarcity of the availability of Ravi-Beas Water and to set up a Tribunal to consider the said matter, besides other matters;

(2) On 13th January, 2003, a civil suit has been filed in the Hon'ble Supreme Court of India, in which a relief from the orders of the Hon'ble Supreme Court of India, dated 15th Janaury, 2002, was sought.

NOW this House, therefore, unanimously resolves that :-

(1) in view of the interests of the State, the above-mentioned steps, as taken by the State Government be seconded;

(2) the State Government with an aim to safeguard the interests of the State as well as the farmers, should take strong steps at all levels.

NOW, therefore, this House resolves that the above said resolution be passed."

*The motion was carried unanimously.*

**Mr. Speaker :** Now the House is adjourned for one hour and will meet here again at 6.00 P.M.

Original with;
Punjab Vidhan Sabha
Digitized by;
Panjab Digital Library

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੋਜ਼ਗਾਰ ਮੰਤਰੀ :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਤੁਸੀਂ ਕਿਹਾ ਹੈ ਕਿ ਇਕ ਘੰਟੇ ਬਾਅਦ ਹਾਊਸ ਦੁਬਾਰਾ ਸ਼ੁਰੂ ਕਰਾਂਗੇ, ਅੱਜ ਦੀ ਬਜਾਏ ਉਹ ਰੈਜ਼ੋਲਿਊਸ਼ਨ ਕੱਲ੍ਹ ਲੈਜਿਸਲੇਟਿਵ ਬਿਜ਼ਨਿਸ ਤੋਂ ਬਾਅਦ ਅਗਰ ਡਿਸਕਸ ਕਰ ਲਿਆ ਜਾਵੇ ਤਾਂ ਜ਼ਿਆਦਾ ਠੀਕ ਰਹੇਗਾ।

**ਮਾਨਯੋਗ ਸਪੀਕਰ :** ਜੇ ਹਾਊਸ ਠੀਕ ਸਮਝਦਾ ਹੈ ਤਾਂ ਫਿਰ ਠੀਕ ਹੈ।

(ਆਵਾਜ਼ਾਂ : ਠੀਕ ਹੈ ਜੀ, ਠੀਕ ਹੈ।)

**Mr. Speaker :** The House stands adjouned till 10.00 A.M. on Wednesday, the 2nd April, 2003.

4.53 P.M. (The Sabha *then adjourned till 10.00 A.M. on Wednesday, the 2nd April, 2003)

Original with;
Punjab Vidhan Sabha
Digitized by;
Panjab Digital Library

# APPENDIX

# TO

# PUNJAB VIDHAN SABHA DEBATES

*Dated 1st April, 2003*

**Vol. IV-No. 11**

## STARRED QUESTIONS AND ANSWERS

## NUMBER OF COMPLAINTS FILED WITH THE PUNJAB HUMAN RIGHTS COMMISION

***443. Sardar Inder Iqbal Singh Atwal :** Will the Chief Minister be pleased to state—

(a) the year-wise number of complaints filed with the Punjab Human Rights Commission during the period from the year 2000 to date; together with the number of complaints which related to Police Department ; and

(b) the number of complaints out of those mentioned in part (a) above in which the enquiry has been completed together with the number of cases in which the police officials have been found guilty ?

**Captain Amarinder Singh :** (a & b) Classification of complaints is not being maintained by the Punjab State Human Rights Commission. However, position of total complaints, their disposal, complaints referred to Inspector General of Police (Litigation) and their disposal is as under :—

| Year | Number of complaints received by P.S.H.R.C. | Number of complaints disposed off by P.S.H.R.C. | Number of complaints referred by P.S.H.R.C. to I.G.P. (Litigation) | Number of complaints [(Out of complaints referred to I.G.P. (Litigation)] disposed off by P.S.H.R.C. | Number of Cases in which P.S.H.R.C. ordered for action against police officials. |
|---|---|---|---|---|---|
| 2000 | 4926 | 3745 | 2354 | 902 | 10 |
| 2001 | 7520 | 4870 | 2555 | 537 | 9 |
| 2002 | 8312 | 2953 | 2240 | 915 | 6 |
| 2003 (15.3.2003) | 1504 | — | 567 | 501 | 2 |

Original with;
Punjab Vidhan Sabha
Digitized by;

## ਪਟਿਆਲਾ ਹੇਰੀਟੇਜ ਮੇਲੇ ਤੇ ਕੀਤਾ ਗਿਆ ਖਰਚ

*521. **ਸਰਦਾਰ ਮਨਪ੍ਰੀਤ ਸਿੰਘ ਬਾਦਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਸਰਕਾਰ ਦੁਆਰਾ ਫਰਵਰੀ, 2003 ਦੇ ਦੌਰਾਨ ਆਯੋਜਿਤ ਕੀਤੇ ਗਏ ਪਟਿਆਲਾ ਹੇਰੀਟੇਜ ਮੇਲੇ ਤੇ ਕੁੱਲ ਕਿੰਨਾ ਖਰਚ ਕੀਤਾ ਗਿਆ ਸੀ ?

**ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ, ਪੰਜਾਬ** : ਫਰਵਰੀ, 2003 ਦੌਰਾਨ ਪਟਿਆਲਾ ਹੇਰੀਟੇਜ ਮੇਲੇ ਨੂੰ ਆਯੋਜਿਤ ਕਰਨ ਲਈ ਰਾਜ ਸਰਕਾਰ ਦੁਆਰ ਮੰਨਜੂਰੀ ਕੀਤੀ ਗਈ 1.00 ਕਰੋੜ ਰੁਪਏ ਦੀ ਗਰਾਂਟ ਵਿੱਚੋਂ ਹੁਣ ਤੱਕ 87,92,427/- ਰੁਪਏ (ਸਤਾਸੀ ਲੱਖ ਬੰਨਵੇਂ ਹਜ਼ਾਰ ਚਾਰ ਸੌ ਸਤਾਈ ਰੁਪਏ ਕੇਵਲ) ਦਾ ਖਰਚਾ ਹੋਇਆ ਹੈ।

---

*4396 PVS—Govt. Press, U.T., Chd.*

Original with;
Punjab Vidhan Sabha
Digitized by;
Punjab Digital Library

Original with;
Punjab Vidhan Sabha
Digitized by;

© 2003

Published under the authority of the Punjab Vidhan Sabha and printed by Govt. Press, U.T., Chandigarh.

Original with;
Punjab Vidhan Sabha
Digitized by;

# PUNJAB VIDHAN SABHA

## DEBATES

*2nd April, 2003*

VOL. IV-NO. 12

OFFICIAL REPORT

CONTENTS

*Wednesday, the 2nd April, 2003*


| | | Page |
|---|---|---|
| Starred Questions and Answers | ... | (12)1 |
| Unstarred Questions and Answers | ... | (12)20 |
| Matter raised during Zero Hour | ... | (12)23 |
| Walk out | ... | (12)25 |
| Call Attention Notice under rule 66 | .. | (12)25 |
| Motion under Rule 16 | ... | (12)27 |
| **Legislative Business :** | | |
| 1. The Punjab Industrial Establishment (National and Festival Holidays and Casual and Sick Leave) Amendment Bill, 2003. | ... | (12)28 |
| 2. The Punjab Tax on entry of Goods into local areas (Amendment) Bill, 2003 (Replacing Ordinance) | ... | (12)31 |
| 3. The Punjab General Sales Tax (Amendment) Bill, 2003 (Replacing Ordinance) | .. | (12)38 |
| 4. The Punjab Agricultural Produce Markets (Amendment) Bill, 2003 (Replacing Ordinance) | ... | (12)49 |


---


Punjab Vidhan Sabha Secretariat, Chandigarh.

Price Rs.————



*Original with;*
Punjab Vidhan Sabha
*Digitized by;*

5. Th
Bi
6. Th
(A
(R
7. Th
Bu
8. Th
9. Th
10. Th
(A
11. Th
De
12. Th
(A
13. Th
M
14. Th
an
Bi
15. Th
(P
A
16. Th
an
Bi
17. Th
Op
(A
18. D
fo
of
in
pr
19. W
20. D
fo
of
in
pr
(A

Original with;
Punjab Vidhan Sabha
Digitized by;
Panjab Digital Library

5. The Punjab Electricity (Duty) Amendment Bill, 2003 (Replacing Ordinance) ... (12)53

6. The Punjab State Election Commission (Amendment) Bill, 2003 (Replacing Ordinance) ... (12)60

7. The Punjab Fiscal Responsibility and Budget Management Bill, 2002 ... (12)63

8. The Punjab Value Added Tax Bill, 2003 ... (12)67

9. The Punjab Excise (Amendment) Bill, 2003 ... (12)67

10. The Punjab Co-operative Societies (Amendment) Bill, 2003 ... (12)72

11. The Punjab Regional Town Planning and Development (Amendment) Bill, 2003 .. (12)79

12. The East Punjab Ministers' Salaries (Amendment) Bill, 2003 ... (12)81

13. The Salaries and Allowances of Deputy Ministers, Punjab (Amendment) Bill, 2003 .. (12)83

14. The Punjab Legislative Assembly (Salaries and Allowances of Members) Amendment Bill, 2003 ... (12)85

15. The Punjab State Legislature Members (Pension and Medical Facilities Regulation) Amendment Bill, 2003 ... (12)87

16. The Punjab Legislative Assembly Speaker's and Deputy Speaker's Salaries (Amendment) Bill, 2003 .. (12)89

17. The Salary and Allowances of Leader of Opposition in Legislative Assembly (Amendment) Bill, 2003 ... (12)91

18. Discussion on Statement showing the reasons for not implementing the Recommendations of the Committee of the House to enquire into the Recruitment of Teachers made by the previous Government (1992-1997) .. (12)94

19. Walk-Out ... (12)113

20. Discussion on Statement showing the reasons for not implementing the recommendations of the Committee of the House to enquire into the Recruitment of Teachers by the previous Government (1992-1997) (*Resumption*) ... (12)113


*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

# PUNJAB VIDHAN SABHA

*Wednesday, the 2nd April, 2003*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Doctor Kewal Krishan) in the Chair.*

---

## STARRED QUESTIONS AND ANSWERS

### Supplementaries to Starred Question No. 294*

**MR. SPEAKER :** First of all, Supplementaries to Postponed Starred Question. Shri Tikshan Sood.

**ਸ਼੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਕੁਐਸਚਨ ਨੰ: 294 ਤੇ ਮੈਂ ਸਪਲੀਮੈਂਟਰੀ ਕਰਦਾ ਹਾਂ ਜੀ......

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਮੁਆਫ਼ ਕਰਨਾ ਇੱਕ ਮਿੰਟ ਪਹਿਲਾਂ ਮੈਂ ਬੇਨਤੀ ਕਰਨੀ ਹੈ ਕਿ 20 ਦਿਨ ਪਹਿਲਾਂ ਮੈਂ ਆਪਣਾ ਕੁਐਸਚਨ ਦਿੱਤਾ ਸੀ, ਸਵਾਲ ਨੰ: **394,** ਉਹ ਤੁਹਾਡੇ ਵੱਲੋਂ ਅਪਰੂਵ ਹੋ ਕੇ ਵੀ ਆ ਗਿਆ ਸੀ ਲੇਕਿਨ ਫਿਰ ਵੀ ਉਹ ਸਵਾਲ ਲੱਗ ਨਹੀਂ ਰਿਹਾ । ਤੁਹਾਡੇ ਵੱਲੋਂ ਮੈਨੂੰ Yes ਵੀ ਹੋ ਕੇ ਆ ਗਿਆ । ਮੈਂ ਤਾਂ ਵੇਟ ਕਰਦਾ ਰਿਹਾ ਹਾਂ ਪਰੰਤੂ ਅੱਜ ਸੈਸ਼ਨ ਖਤਮ ਹੋ ਰਿਹਾ ਹੈ ਲੇਕਿਨ ਉਹ ਸਵਾਲ ਨਹੀਂ ਲੱਗਿਆ ।

**ਮਾਨਯੋਗ ਸਪੀਕਰ** : ਇਸ ਵਾਸਤੇ ਹਾਊਸ ਬੜਾ ਸੀਰੀਅਸ ਹੈ ਔਰ ਮੈਂ ਵੀ ਬੜਾ ਸੀਰੀਅਸ ਹਾਂ । ਇਸ ਵਾਰ ਇਸ ਵਾਸਤੇ ਇਕ ਕਮੇਟੀ ਬਣ ਰਹੀ ਹੈ । ਜਿੰਨੇ ਕੁਐਸਚਨਜ਼ ਦੇ ਆਨਸਰਜ਼ ਨਹੀਂ ਦਿੱਤੇ ਗਏ ਜਾਂ ਠੀਕ ਆਨਸਰਜ਼ ਨਹੀਂ ਹੁੰਦੇ ਉਹ ਸਾਰੇ ਦੇ ਸਾਰੇ ਇਸ ਕਮੇਟੀ ਵਿੱਚ ਆ ਜਾਣਗੇ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਧੰਨਵਾਦ ਜੀ । ਲੇਕਿਨ ਮੈਂ ਥੋੜ੍ਹੀ ਜਿਹੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ......

**MR. SPEAKER :** I also feel it.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਮਹਿਕਮੇ ਦਾ ਏਥੇ ਹੀ ਹੈਡਕੁਆਰਟਰ ਸੀ, ਕੋਈ ਇਨਫਰਮੇਸ਼ਨ ਬਾਹਰੋਂ ਵੀ ਨਹੀਂ ਆਉਣੀ ਸੀ ਲੇਕਿਨ ਫਿਰ ਵੀ ਮੇਰੇ ਪ੍ਰਸ਼ਨ ...

---

*For Starred Question No. 294 and reply thereto, please see P.V.S. Debates dated 1.4.2003.

Original with;
Punjab Vidhan Sabha
Digitized by;
Panjab Digital Library

MR. SPEAKER : It is a sensitive matter.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਤੁਸੀਂ ਮੈਨੂੰ ਵੀ ਵਿਸ਼ਵਾਸ ਦਿਵਾਇਆ ਸੀ ਕਿ ਮੇਰੇ ਜਿਹੜੇ ਸਵਾਲ ਪੋਸਟਪੋਨ ਹੋ ਗਏ ਹਨ ਉਨ੍ਹਾਂ ਦਾ ਜਵਾਬ ਦਿਵਾਇਆ ਜਾਵੇਗਾ । ਲੇਕਿਨ ਅੱਜ......

**ਮਾਨਯੋਗ ਸਪੀਕਰ** : ਮੈਂ ਕਿਹਾ ਹੈ ਕਿ ਜਿਹੜੀ ਕਮੇਟੀ ਬਣਾਈ ਗਈ ਹੈ, ਉਹ ਏਸੇ ਮਤਬਲ ਲਈ ਹੀ ਬਣਾਈ ਹੈ । ਉਹ ਕਮੇਟੀ ਇਸ ਵਾਸਤੇ ਰਿਪੋਰਟ ਕਰੇਗੀ । ਹਾਂ ਜੀ, ਸ੍ਰੀ ਤਿਕਸ਼ਨ ਸੂਦ ਜੀ, ਤੁਸੀਂ ਆਪਣੀ ਸਪਲੀਮੈਂਟਰੀ ਕਰੋ ।

**ਸ੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਰਿਪਲਾਈ ਦਿੱਤਾ ਹੈ, ਉਨ੍ਹਾਂ 24 ਸ਼ਾਪਸ ਦੇ ਵਿੱਚੋਂ ਮੈਂ ਸਪੈਸੇਫਿਕਲੀ ਤਿੰਨ ਸ਼ਾਪਸ ਬਾਰੇ ਸਵਾਲ ਕਰਨਾ ਚਾਹੁੰਦਾ ਹਾਂ ਕਿ ਸ਼ਾਪ ਨੰ: 17 ਅਤੇ 18 ਦਾ ਕਿਰਾਇਆ 100/- ਰੁਪਏ ਤੋਂ 3100/- ਰੁਪਏ ਹੋ ਗਿਆ । ਏਸੇ ਤਰ੍ਹਾਂ ਸ਼ਾਪ ਨੰ: 21 ਬਾਰੇ ਹੈ ਕਿ ਉਸ ਦਾ ਕਿਰਾਇਆ ਵੀ 320/- ਰੁਪਏ ਤੋਂ 800/- ਰੁਪਏ ਪ੍ਰਤੀ ਮਹੀਨਾ ਹੋ ਗਿਆ, ਮੌਕੇ ਤੇ ਇਨ੍ਹਾਂ ਨੇ ਭਾਵੇਂ ਨਹੀਂ ਲਿਖਿਆ । ਸ਼ਾਪ ਨੰ: 20 ਹੈ, ਉਸ ਦਾ 800/- ਰੁਪਏ ਪ੍ਰਤੀ ਮਹੀਨਾ ਕਿਰਾਇਆ ਹੋ ਗਿਆ ਹੈ ।

**ਮਾਨਯੋਗ ਸਪੀਕਰ** : ਇਹ ਦਸਾਂ ਬਾਰੇ ਇਕੱਠਾ ਹੀ ਦੱਸ ਦੇਣਗੇ ।

**ਸ੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਇਸ ਤਰ੍ਹਾਂ ਕਰਕੇ ਇਕ ਤਰ੍ਹਾਂ ਨਾਲ ਬੜੀ ਡਿਸਕ੍ਰਿਮੀਨੇਸ਼ਨ ਹੋਈ ਹੈ, ਮੈਂ ਤੁਹਾਨੂੰ ਦੱਸ ਰਿਹਾ ਹਾਂ । ਸ਼ਾਪ ਨੰ: 24 ਦਾ ਕਿਰਾਇਆ 500/- ਰੁਪਏ ਤੋਂ ਵੱਧ ਕੇ 3100/- ਰੁਪਏ ਪ੍ਰਤੀ ਮਹੀਨਾ ਹੋ ਗਿਆ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਸਾਰੀਆਂ ਦੁਕਾਨਾਂ ਦੀ ਬੋਲੀ ਇਕੱਠੀ ਹੋਈ ਸੀ ਜਾਂ ਕਿ ਦੋ ਵਾਰ ਹੋਈ ਸੀ ?

**ਮਾਨਯੋਗ ਸਪੀਕਰ** : ਹਾਂ ਜੀ, ਦੱਸੋ ਬੋਲੀ ਇਕੱਠੀ ਹੋਈ ਸੀ ਜਾਂ ਕਿੰਨੀ ਵਾਰ ਹੋਈ ਸੀ ?

**ਸਰਦਾਰ ਗੁਰਚੇਤ ਸਿੰਘ ਭੁੱਲਰ, ਸਿੰਚਾਈ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੂੰ ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ 24 ਦੁਕਾਨਾਂ ਦੀ ਉਸਾਰੀ 1982 ਵਿੱਚ ਕੀਤੀ ਗਈ ਸੀ । ਇਹ ਦੁਕਾਨਾਂ ਖੁਲ੍ਹੀ ਬੋਲੀ ਦੁਆਰਾ ਅਲਾਟ ਕੀਤੀਆਂ ਗਈਆਂ ਸਨ ਜਿਨ੍ਹਾਂ ਦਾ ਵੇਰਵਾ ਅਨੁਲੱਗ-2 ਵਿੱਚ ਦਿੱਤਾ ਗਿਆ ਹੈ । ਇਹ ਦੁਕਾਨਾਂ ਖੁਲ੍ਹੀ ਬੋਲੀ ਰਾਹੀਂ ਅਲਾਟ ਕੀਤੀਆਂ ਗਈਆਂ ਸਨ । ਇਹ ਦੁਕਾਨਾਂ ਮੁਲਾਜ਼ਮਾਂ ਦੀ ਸਹੂਲਤ ਲਈ ਉਸਾਰੀਆਂ ਗਈਆਂ ਸਨ । ਇਹ ਦੁਕਾਨਾਂ ਖੁਲ੍ਹੀ ਬੋਲੀ ਦੁਆਰਾ ਅਲੱਗ ਅਲੱਗ ਲੋਕਾਂ ਨੂੰ ਸੱਭ ਤੋਂ ਵੱਧ ਬੋਲੀਕਾਰਾਂ ਨੂੰ ਕਿਰਾਏ ਦੇ ਆਧਾਰ ਤੇ ਅਲਾਟ ਕੀਤੀਆਂ ਗਈਆਂ ਸਨ । ਇਨ੍ਹਾਂ 24 ਦੁਕਾਨਾਂ ਵਿੱਚੋਂ 8 ਦੁਕਾਨਾਂ ਦਾ ਸਾਈਜ਼ 8 ਫੁੱਟ X 7 ਫੁੱਟ ਹੈ ਜਿਨ੍ਹਾਂ ਨੂੰ ਬੂਥ ਕਿਹਾ ਜਾਂਦਾ ਹੈ ਅਤੇ 12 ਦੁਕਾਨਾਂ ਦਾ ਸਾਈਜ਼ 8 ਫੁੱਟ X 16 ਫੁੱਟ ਹੈ । ਦੁਕਾਨ ਨੰ: 6 ਅਤੇ 7 ਅਤੇ 22 ਅਤੇ 23 ਨੂੰ ਇਕ ਇਕ

Original with;
Punjab Vidhan Sabha
Digitized by;
Panjab Digital Library

ਦੁਕਾਨ ਵਿੱਚ ਤਬਦੀਲ ਕੀਤਾ ਗਿਆ ਹੈ ਕਿਉਂਕਿ ਇਕ ਵਿੱਚ ਢਾਬਾ ਅਤੇ ਦੂਜੀ ਵਿੱਚ ਮਠਿਆਈ ਦੀ ਦੁਕਾਨ ਹੈ। ਦੁਕਾਨਾਂ ਦਾ ਕਿਰਾਇਆ ਬੋਲੀ ਦੇ ਆਧਾਰ ਉਤੇ ਨਿਯੁਕਤ ਕੀਤਾ ਗਿਆ ਸੀ, ਜਿਸ ਵਿੱਚ ਬਿਜ਼ਨਸ ਅਤੇ ਦੁਕਾਨਾਂ ਦੇ ਸਾਈਜ਼ ਨੂੰ ਅਧਾਰ ਮੰਨਿਆ ਗਿਆ ਸੀ। ਉਸ ਸਮੇਂ ਦੁਕਾਨਾਂ ਦਾ ਕਿਰਾਇਆ 125/- ਰੁਪਏ ਤੋਂ 435/- ਰੁਪਏ ਪ੍ਰਤੀ ਮਹੀਨਾ ਸੀ। ਇਨ੍ਹਾਂ ਦੁਕਾਨਾਂ ਦੀ ਦੁਬਾਰਾ ਬੋਲੀ ਕਰਵਾਉਣ ਲਈ ਦੁਕਾਨਾਂ ਖਾਲੀ ਕਰਵਾਉਣ ਦੇ ਯਤਨ ਕੀਤੇ ਗਏ।

ਦੁਕਾਨਾਂ ਦੇ ਕਿਰਾਏ ਵਿਚ ਸੋਧ ਕਰਨ ਲਈ ਇਸ ਪ੍ਰਾਜੈਕਟ ਦੇ ਅਫਸਰਾਂ ਦੀ ਇਕ ਕਮੇਟੀ ਮਿਤੀ 2.7.2002 ਨੂੰ ਨਿਯੁਕਤ ਕੀਤੀ ਗਈ ਸੀ। ਕਮੇਟੀ ਨੇ ਆਪਣੀ ਰਿਪੋਰਟ ਵਿੱਚ ਬੂਥ ਦਾ ਕਿਰਾਇਆ 500/- ਰੁਪਏ ਪ੍ਰਤੀ ਮਹੀਨਾ, ਦੁਕਾਨ ਦਾ ਕਿਰਾਇਆ 800/- ਰੁਪਏ ਪ੍ਰਤੀ ਮਹੀਨਾ ਅਤੇ ਦੋ ਵੱਡੀਆਂ ਦੁਕਾਨਾਂ ਦਾ ਕਿਰਾਇਆ 1100/- ਰੁਪਏ ਪ੍ਰਤੀ ਮਹੀਨਾ ਜੁਲਾਈ, 2002 ਤੋਂ ਵਸੂਲ ਕਰਨ ਦੀ ਸਿਫਾਰਸ ਕੀਤੀ ਸੀ।

ਦੁਕਾਨ ਨੰ: 28 ਸ੍ਰੀ ਗੋਪਾਲ ਨੂੰ ਦਸੰਬਰ, 1995 ਵਿੱਚ ਕੋਆਪ੍ਰੇਟਿਵ ਸਟੋਰ ਖਾਲੀ ਹੋਣ ਉਪਰੰਤ 100/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਅਲਾਟ ਕੀਤੀ ਗਈ ਸੀ। ਇਸ ਤੋਂ ਬਾਅਦ ਸ੍ਰੀ ਗੋਪਾਲ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ ਇਹ ਦੁਕਾਨ ਸ੍ਰੀ ਗੋਪਾਲ ਨੇ ਖਾਲੀ ਕਰਨੀ ਸੀ। ਇਸ ਦੁਕਾਨ ਨੂੰ ਅਲਾਟ ਕਰਵਾਉਣ ਲਈ ਕਾਫੀ ਦਾਅਵੇਦਾਰਾਂ ਨੇ ਅਰਜ਼ੀਆਂ ਦਿੱਤੀਆਂ, ਇਕ ਦਾਅਵੇਦਾਰ ਨੇ 3100/- ਰੁਪਏ ਪ੍ਰਤੀ ਮਹੀਨਾ ਕਿਰਾਇਆ ਦੇਣ ਲਈ ਆਪਣੀ ਬੇਨਤੀ ਭੇਜੀ ਜੋ ਕਿ ਸਭ ਤੋਂ ਵੱਧ ਸੀ।

ਸ੍ਰੀ ਦਿਨੇਸ਼ ਕੁਮਾਰ (ਸ੍ਰੀ ਗੋਪਾਲ ਦਾ ਭਰਾ) ਨੇ ਵੀ ਇਹ ਦੁਕਾਨ ਅਲਾਟ ਕਰਵਾਉਣ ਲਈ ਬੇਨਤੀ ਕੀਤੀ ਅਤੇ ਆਪਣੀ ਬੇਨਤੀ ਵਿੱਚ ਇਹ ਵੀ ਦੱਸਿਆ ਕਿ ਉਹ ਦੁਕਾਨ ਅੰਦਰ ਤਕਰੀਬਨ 5,00,000/- ਰੁਪਏ ਦੀਆਂ ਦਵਾਈਆਂ ਦਾ ਸਟਾਕ ਵੇਚਣ ਵਾਸਤੇ ਮੌਜੂਦ ਹੈ। ਸ੍ਰੀ ਦਿਨੇਸ਼ ਕੁਮਾਰ ਨੇ ਬੇਨਤੀ ਕੀਤੀ ਕਿ ਉਹ ਦੁਕਾਨ ਦਾ ਵੱਧ ਤੋਂ ਵੱਧ ਕਿਰਾਇਆ ਮਾਰਕੀਟ ਰੇਟ ਦੇਣ ਲਈ ਤਿਆਰ ਹੈ। ਇਸ ਵਿਸ਼ੇ ਨੂੰ ਮੱਦੇ ਨਜ਼ਰ ਰਖਦੇ ਹੋਏ ਕਿ ਦੁਕਾਨ ਅੰਦਰ ਦਵਾਈਆਂ ਦਾ ਸਟਾਕ ਮੌਜੂਦ ਹੈ, ਇਸ ਲਈ ਇਹ ਦੁਕਾਨ ਸ੍ਰੀ ਦਿਨੇਸ਼ ਕੁਮਾਰ ਨੂੰ 3100/- ਰੁਪਏ ਪ੍ਰਤੀ ਮਹੀਨਾ ਕਿਰਾਇਆ ਦੇ ਹਿਸਾਬ ਨਾਲ ਦਵਾਈਆਂ ਦਾ ਸਟਾਕ ਵੇਚਣ ਲਈ ਅਤੇ ਕਿਸੇ ਕਾਨੂੰਨੀ ਅੜਚਨ ਤੋਂ ਬਚਣ ਲਈ 2 ਮਹੀਨੇ ਵਾਸਤੇ ਅਲਾਟ ਕਰ ਦਿੱਤੀ ਗਈ।

ਇਸ ਸਮੇਂ ਦੌਰਾਨ ਮਹਿਕਮੇ ਨੇ ਸਾਰੀਆਂ ਦੁਕਾਨਾਂ ਦੀ ਦੁਬਾਰਾ ਬੋਲੀ ਕਰਵਾਉਣ ਲਈ ਨੋਟਿਸ ਜਾਰੀ ਕੀਤਾ ਸੀ, ਜਿਸ ਉਪਰ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਲੋਂ ਸਟੇਅ ਆਰਡਰ ਜਾਰੀ ਕਰ ਦਿੱਤਾ ਗਿਆ ਸੀ। ਇਸ ਲਈ ਦੁਕਾਨਾਂ ਦੀ ਬੋਲੀ ਨਹੀਂ ਹੋ ਸਕੀ ਸੀ। ਇਹ ਦੁਕਾਨ ਸ੍ਰੀ ਦਿਨੇਸ਼ ਕੁਮਾਰ ਨੂੰ ਦੁਬਾਰਾ ਬੋਲੀ ਹੋਣ ਤੱਕ 3100/- ਰੁਪਏ ਪ੍ਰਤੀ ਮਹੀਨਾ ਕਿਰਾਏ ਉਪਰ ਆਪਣਾ ਕੰਮ ਜਾਰੀ ਰੱਖਣ ਲਈ ਮਨਜ਼ੂਰੀ ਦੇ ਦਿੱਤੀ ਗਈ ਸੀ।

ਇਸੇ ਤਰ੍ਹਾਂ ਹੀ, ਦੁਕਾਨ ਨੰ: 21, ਮਹੀਨਾ ਸਤੰਬਰ, 1997 ਵਿੱਚ ਖਾਲੀ ਹੋਈ ਸੀ ਅਤੇ ਇਹ ਦੁਕਾਨ ਸ੍ਰੀ ਰਾਮ ਪਾਲ ਨੂੰ ਰਾਸ਼ਨ ਡਿਪੂ ਖੋਲ੍ਹਣ ਲਈ 320/- ਰੁਪਏ ਪ੍ਰਤੀ ਮਹੀਨਾ ਕਿਰਾਏ ਤੇ ਅਲਾਟ ਕੀਤੀ ਗਈ ਸੀ। ਦੁਕਾਨ ਨੰ: 24 ਪਹਿਲੇ ਦੁਕਾਨਦਾਰ ਨੂੰ

Original with;
Punjab Vidhan Sabha
Digitized by;

[ਸਿੰਚਾਈ ਮੰਤਰੀ]

ਕਿਰਾਇਆ ਨਾ ਜਮ੍ਹਾਂ ਕਰਵਾਉਣ ਤੇ ਡਿਫਾਲਟਰ ਘੋਸ਼ਿਤ ਕਰਨ ਉਪਰੰਤ ਇਹ ਦੁਕਾਨ ਸ੍ਰੀ ਅਜਿੰਦਰ ਸਿੰਘ ਸੈਣੀ ਨੂੰ 250/- ਰੁਪਏ ਪ੍ਰਤੀ ਮਹੀਨਾ ਕਿਰਾਏ ਤੇ ਅਲਾਟ ਕੀਤੀ ਗਈ ਸੀ । ਸ੍ਰੀ ਅਜਿੰਦਰ ਸਿੰਘ ਨੇ ਆਪਣਾ ਬਿਜਨੈਸ ਰੈਡੀਮੇਡ ਗਾਰਮੈਂਟਸ ਤੋਂ ਮੈਡੀਕਲ ਸਟੋਰ ਵਜੋਂ ਬਦਲਣ ਲਈ ਬੇਨਤੀ ਕੀਤੀ । ਸ੍ਰੀ ਅਜਿੰਦਰ ਸਿੰਘ ਸੈਣੀ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਦੁਕਾਨ ਦਾ ਕਿਰਾਇਆ 3100/- ਰੁਪਏ ਪ੍ਰਤੀ ਮਹੀਨਾ ਫਿਕਸ ਕਰ ਦਿੱਤਾ ਗਿਆ ਜਿਸ ਤਰ੍ਹਾਂ ਕਿ ਦੁਕਾਨ ਨੰ: 18 ਦਾ ਕੀਤਾ ਗਿਆ ਸੀ, ਕਿਉਂਕਿ ਦੋਹਾਂ ਦਾ ਬਿਜ਼ਨੈਸ ਇਕੋ ਜਿਹਾ ਸੀ ।

ਦੁਕਾਨਾਂ ਦੀ ਦੁਬਾਰਾ ਬੋਲੀ ਕਰਵਾਉਣ ਲਈ ਮਿਤੀ 11.12.2002 ਨੂੰ ਨੋਟਿਸ ਜਾਰੀ ਕੀਤਾ ਗਿਆ ਸੀ, ਜਿਸ ਉਪਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਵਲੋਂ ਸਿਵਲ ਰਿਟ ਪਟੀਸ਼ਨ ਨੰ: 154, ਸਾਲ 2003 ਮਿਤੀ 10.1.2003 ਮੁਤਾਬਿਕ ਬੋਲੀ ਦੇ ਨੋਟਿਸ ਮਿਤੀ 11.12.2002 ਉੱਪਰ ਅਗਲੇ ਹੁਕਮਾਂ ਤੱਕ ਰੋਕ ਲਗਾ ਦਿਤੀ ਗਈ ਸੀ । ਇਸ ਲਈ ਦੁਕਾਨਾਂ.........

**ਮਾਨਯੋਗ ਸਪੀਕਰ** : ਮੈਂ ਆਨਰੇਬਲ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿੰਨਾ ਜਵਾਬ ਬਰੀਫ ਵਿਚ ਹੋਵੇਗਾ ਉਤਨੀਆਂ ਹੀ ਸਪਲੀਮੈਂਟਰੀਆਂ ਘੱਟ ਹੋਣਗੀਆਂ । ਜਿੰਨਾ ਜਵਾਬ ਲੰਮਾ ਹੋਵੇਗਾ ਉਤਨੀਆਂ ਹੀ ਜ਼ਿਆਦਾ ਸਪਲੀਮੈਂਟਰੀਜ਼ ਅਰਾਈਜ਼ ਹੋਣਗੀਆਂ ।

**ਸ੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੇਰਾ ਸਵਾਲ ਤਾਂ ਦੋ ਲਫਜ਼ਾਂ ਦਾ ਹੀ ਹੈ । ਇਨ੍ਹਾਂ ਨੇ ਕਿਰਾਏ ਦੀ ਸੂਚੀ ਅਨੁਲੱਗ-2 ਵਿਚ ਦਰਸਾਈ ਹੈ ਅਤੇ ਕਿਹਾ ਹੈ ਕਿ ਖੁੱਲੀ ਬੋਲੀ ਰਾਹੀਂ ਕਿਰਾਏ ਤੇ ਦੁਕਾਨਾਂ ਚੜ੍ਹਾਈਆਂ ਗਈਆਂ । ਇਕ ਕਿਰਾਇਆ 7/82 ਤੋਂ 6/2002 ਤੱਕ ਦਾ ਹੈ ਅਤੇ ਦੂਸਰਾ 7/2002 ਤੋਂ ਹੁਣ ਤੱਕ ਦਾ ਹੈ । ਪਹਿਲਾਂ ਕਿਰਾਇਆ 125/- ਰੁਪਏ ਅਤੇ 155/- ਰੁਪਏ ਹੈ ਤੇ ਬਾਅਦ ਦਾ 500/- ਰੁਪਏ ਅਤੇ 600/- ਰੁਪਏ ਹੈ । ਕੁਝ ਇਸ ਤਰ੍ਹਾਂ ਦਾ ਜਵਾਬ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬੋਲੀ ਕਦੋਂ ਹੋਈ ? ਸਾਰੀਆਂ ਦੁਕਾਨਾਂ ਦੀ ਬੋਲੀ ਕਦੋਂ ਹੋਈ ? ਬੋਲੀ ਕਿਤਨੀ ਵਾਰ ਹੋਈ ? ਜੇ ਇਸ ਤੋਂ ਕੁਝ ਇਲਾਵਾ ਹੋਇਆ ਹੋਵੇ ਤਾਂ ਉਹ ਦੱਸ ਦੇਣ ।

**ਮਾਨਯੋਗ ਸਪੀਕਰ** : ਹਾਂ ਜੀ, ਮੰਤਰੀ ਜੀ ਟੂ ਦਾ ਪੁਆਇੰਟ ਜਵਾਬ ਦਿਓ ।

**ਮੰਤਰੀ** : ਪਹਿਲੀ ਵਾਰ ਬੋਲੀ 7/1982 ਵਿਚ ਹੋਈ ਸੀ ਜਿਸ ਤਰ੍ਹਾਂ ਕਿ ਮੈਂ ਪਹਿਲਾਂ ਵੀ ਦੱਸਿਆ ਹੈ । ਫਿਰ ਮਿਤੀ 6/2/2002 ਨੂੰ ਬੋਲੀ ਹੋਣੀ ਸੀ ਪ੍ਰੰਤੂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚੋਂ ਸਟੇਟ ਆਰਡਰ ਹੋਣ ਕਾਰਨ ਇਨ੍ਹਾਂ ਦੀ ਬੋਲੀ ਹੋ ਨਹੀਂ ਸਕੀ ।

**ਸ੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਪਹਿਲਾਂ ਖੁਲ੍ਹੀ ਬੋਲੀ ਰਾਹੀਂ ਦੁਕਾਨਾਂ ਚੜ੍ਹਾਈਆਂ ਗਈਆਂ ਤਾਂ ਹਰੇਕ ਕੇਸ ਵਿਚ 3 ਸਾਲਾਂ ਮਗਰੋਂ 10% ਕਿਰਾਇਆ ਵਧਾਉਣ ਦੀ ਸ਼ਰਤ ਸੀ ।

Original with;
Punjab Vidhan Sabha
Digitized by;

ਬਜਾਏ ਇਸ ਦੇ, ਮਹਿਕਮੇ ਦੇ ਅਫਸਰਾਂ ਨੇ ਦੁਕਾਨਾਂ ਵਾਲਿਆਂ ਨਾਲ ਰਲ ਕੇ ਕਿਸੇ ਨੂੰ ਡਰਾ-ਧਮਕਾ ਕੇ.....

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ ।

**ਸ਼੍ਰੀ ਤਿਕਸ਼ਨ ਸੂਦ :** ਮੈਂ ਉਹੀ ਪੁੱਛ ਰਿਹਾ ਹਾਂ ਜੀ । ਕਿਸੇ ਦਾ ਕਿਰਾਇਆ 250/- ਰੁਪਏ ਕਰ ਦਿੱਤਾ ਅਤੇ ਕਿਸੇ ਦਾ 3100/- ਰੁਪਏ ਕਰ ਦਿੱਤਾ, ਕਿਸੇ ਦਾ ਉਥੇ ਦਾ ਉਥੇ ਹੀ ਰੱਖ ਦਿਤਾ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਰਾਇਆ ਵਧਾਉਣ ਲਈ ਕੋਈ ਯੂਨੀਫਾਰਮ ਸਿਸਟਮ ਅਪਣਾਇਆ ਗਿਆ ਕਿ ਨਹੀਂ, ਕਿਉਂਕਿ ਕਿਰਾਇਆਂ ਵਿਚ ਬੜਾ ਵੱਡਾ ਫਰਕ ਹੈ ?

**ਮੰਤਰੀ :** ਉਨ੍ਹਾਂ ਨੇ ਆਪਣਾ ਬਿਜ਼ਨੈਸ ਚੇਂਜ ਕੀਤਾ ਸੀ । ਦਵਾਈਆਂ ਦਾ ਸਟਾਕ ਦੁਕਾਨ ਵਿਚ ਪਿਆ ਸੀ । ਇਸ ਲਈ ਹੀ ਕਿਰਾਇਆ ਵਧਾਇਆ ਗਿਆ ।

**ਸ਼੍ਰੀ ਤਿਕਸ਼ਨ ਸੂਦ :** ਮੈਂ ਪੁੱਛਣਾਂ ਚਾਹੁੰਦਾ ਹਾਂ ਕਿ 3 ਸਾਲਾਂ ਵਿਚ 10% ਕਿਰਾਇਆ ਵਧਾਉਣ ਦੀ ਸ਼ਰਤ ਹੈਗੀ ਸੀ ਜਾਂ ਨਹੀਂ ।

**ਮਾਨਯੋਗ ਸਪੀਕਰ :** ਮੰਤਰੀ ਜੀ ਕਿਰਾਇਆਂ ਵਿਚ ਵੱਡਾ ਫਰਕ ਹੈ । ਕੀ ਤੁਸੀਂ ਇਨਕੁਆਇਰੀ ਕਰਾਓਗੇ ਜਾਂ ਨਹੀਂ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਬਿਲਕੁਲ ਕਰਵਾਵਾਂਗੇ ਅਤੇ ਜਿਹੜਾ ਦੋਸ਼ੀ ਪਾਇਆ ਗਿਆ, ਉਸ ਨੂੰ ਸਜ਼ਾ ਵੀ ਦਿਆਂਗੇ ।

**ਮਾਨਯੋਗ ਸਪੀਕਰ :** ਹੁਣ ਸਵਾਲਾਂ ਦੀ ਰੈਗੂਲਰ ਲਿਸਟ ਟੇਕ-ਅੱਪ ਕੀਤੀ ਜਾਵੇਗੀ ।

---

### "ਸ਼ਗਨ ਸਕੀਮ" ਅਧੀਨ ਜਾਰੀ ਕੀਤੀ ਗਈ ਰਕਮ

*339. **ਸ਼੍ਰੀ ਤਿਕਸ਼ਨ ਸੂਦ :** ਕੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਰਚ, 2002 ਤੋਂ ਲੈ ਕੇ ਹੁਣ ਤੱਕ 'ਸ਼ਗਨ ਸਕੀਮ' ਅਧੀਨ 5100 ਰੁਪਏ ਦੀ ਗ੍ਰਾਂਟ ਲੈਣ ਲਈ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬਲਾਕ-ਵਾਰ ਕਿੰਨੀਆਂ ਅਰਜ਼ੀਆਂ ਪ੍ਰਾਪਤ ਹੋਈਆਂ ਅਤੇ ਹਰ ਇਕ ਬਲਾਕ ਲਈ ਰਾਸ਼ੀ ਕਿਸ-ਕਿਸ ਤਰੀਕ ਨੂੰ ਜਾਰੀ ਕੀਤੀ ਗਈ ਸੀ ?

**ਸਰਦਾਰ ਜੋਗਿੰਦਰ ਸਿੰਘ ਮਾਨ :** ਸ਼੍ਰੀਮਾਨ ਜੀ, ਸਦਨ ਦੀ ਮੇਜ਼ ਤੇ ਸਟੇਟਮੈਂਟ ਰੱਖੀ ਜਾਂਦੀ ਹੈ ।

'ਸਟੇਟਮੈਂਟ'

ਸ਼ਗਨ ਸਕੀਮ ਅਧੀਨ, ਮਾਰਚ, 2002 ਤੋਂ ਲੈ ਕੇ ਹੁਣ ਤੱਕ, ਜ਼ਿਲ੍ਹਾ ਹੁਸ਼ਿਆਰਪੁਰ

Original with;
Punjab Vidhan Sabha
Digitized by;

[ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ]

ਵਿੱਚ 5100/- ਰੁਪਏ ਦੀ ਗਰਾਂਟ ਲੈਣ ਲਈ, ਬਲਾਕ-ਵਾਈਜ਼ ਪ੍ਰਾਪਤ ਹੋਈਆਂ ਦਰਖਾਸਤਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਬਲਾਕ ਦਾ ਨਾਮ | ਪ੍ਰਾਪਤ ਹੋਈਆਂ ਦਰਖਾਸਤਾਂ ਦੀ ਗਿਣਤੀ |
|---|---|---|
| 1. | ਦਸੂਹਾ | 72 |
| 2. | ਟਾਂਡਾ | 79 |
| 3. | ਭੂੰਗਾ | 84 |
| 4. | ਮੁਕੇਰੀਆਂ | 58 |
| 5. | ਹਾਜ਼ੀਪੁਰ | 40 |
| 6. | ਤਲਵਾੜਾ | 33 |
| 7. | ਹੁਸ਼ਿਆਰਪੁਰ-I | 131 |
| 8. | ਹੁਸ਼ਿਆਰਪੁਰ-II | 149 |
| 9. | ਗੜ੍ਹਸ਼ੰਕਰ | 110 |
| 10. | ਮਾਹਿਲਪੁਰ | 79 |
| | ਜੋੜ | 835 |

(ੲ) ਕਿਉਂਕਿ ਸਾਲ 2002-03 ਦੌਰਾਨ ਸ਼ਗਨ ਸਕੀਮ ਅਧੀਨ ਕੋਈ ਬਜਟ ਉਪਬੰਧ ਨਹੀਂ ਕੀਤਾ ਗਿਆ। ਇਸ ਲਈ ਕੋਈ ਰਾਸ਼ੀ ਹੁਣ ਤੱਕ ਰਲੀਜ਼ ਨਹੀਂ ਕੀਤੀ ਗਈ।

**ਸ਼੍ਰੀ ਤਿਕਸ਼ਨ ਸੂਦ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੇ ਵੀ ਸਾਡੇ ਦਲਿਤ ਵੀਰ ਹਨ ਜਿਨ੍ਹਾਂ ਦੀਆਂ ਬੇਟੀਆਂ ਨੂੰ ਸ਼ਗਨ ਦੇਣ ਲਈ ਇਹ ਸਕੀਮ ਚਲਾਈ ਗਈ ਸੀ ਕੀ ਉਹ ਇਹ ਸਮਝ ਲੈਣ ਕਿ ਉਨ੍ਹਾਂ ਨੂੰ ਸ਼ਗਨ ਨਹੀਂ ਮਿਲਣਾ ਅਤੇ ਉਨ੍ਹਾਂ ਵਲੋਂ ਦਿੱਤੀਆਂ ਗਈਆਂ ਦਰਖਾਸਤਾਂ ਖਤਮ ਹੋ ਗਈਆਂ ਹਨ, ਅਤੇ ਕੀ ਅੱਗੇ ਨੂੰ ਉਹ ਦਰਖਾਸਤਾਂ ਦੇਣੀਆਂ ਬੰਦ ਕਰ ਦੇਣ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਸ ਸਕੀਮ ਲਈ ਸਾਲ 2001-2002 ਤੱਕ ਬਜਟ ਉਪਲਬਦ ਕਰਵਾਇਆ ਜਾਂਦਾ ਰਿਹਾ ਹੈ ਪਰ ਸਾਲ 2002-03 ਵਿੱਚ ਨਾ ਤਾਂ ਇਹ ਸਕੀਮ ਬੰਦ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਨਾ ਹੀ ਕੋਈ ਬਜਟ ਵਿੱਚ ਪੈਸਾ ਰੱਖਿਆ ਗਿਆ । ਇਸ ਸਾਲ ਵੀ ਕੋਈ ਬਜਟ ਪ੍ਰੋਵੀਜ਼ਨ ਨਹੀਂ ਕੀਤੀ ਗਈ । ਹੁਣ ਇਸ ਦੀ ਥਾਂ ਇਕ ਨਵੀਂ ਸਕੀਮ ਸੋਸ਼ਲ ਸੀਕਿਉਰਟੀ ਵਿਭਾਗ ਰਾਹੀਂ "ਕੰਨਿਆ ਜੋਤੀ ਜਾਗ੍ਰਤੀ ਸਕੀਮ" ਸ਼ੁਰੂ ਕੀਤੀ ਜਾ ਰਹੀ ਹੈ । ਪਹਿਲੀ ਸਕੀਮ ਵਿੱਚ ਕਾਫੀ ਬੇਨਿਯਮੀਆਂ ਹੋਈਆਂ ਸਨ, ਇਸ ਲਈ ਨਵੀਂ ਸਕੀਮ ਤਿਆਰ ਕੀਤੀ ਗਈ ਹੈ ਜੀ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਦੋ ਪੁਆਇੰਟ ਆਪਣੇ ਉਤਰ ਵਿੱਚ ਦਿਤੇ ਹਨ, ਇਕ ਤਾਂ ਇਨ੍ਹਾਂ ਨੇ ਕਿਹਾ ਕਿ ਅਸੀਂ ਨਵੀਂ ਸਕੀਮ "ਕੰਨਿਆ ਜਾਗ੍ਰਤੀ ਜੋਤੀ ਸਕੀਮ" ਸ਼ੁਰੂ ਕਰਨ ਬਾਰੇ ਸੋਚ ਰਹੇ ਹਾਂ । ਮੰਤਰੀ ਜੀ ਦੱਸਣ ਕਿ ਕੀ ਇਹ ਸਕੀਮ ਚਾਰ ਸਾਲ ਪਹਿਲਾਂ ਤੋਂ ਨਹੀਂ ਚਲ ਰਹੀ ? ਦੂਸਰਾ ਇਨ੍ਹਾਂ ਨੇ ਪਿਛਲੇ ਬਜਟ ਵਿੱਚ ਕੋਈ ਪੈਸਾ ਇਸ ਸਕੀਮ ਲਈ ਨਹੀਂ ਸੀ ਰੱਖਿਆ ਅਤੇ ਹੁਣ ਵੀ ਨਹੀਂ ਰੱਖਿਆ ਗਿਆ । ਕੀ ਮੰਤਰੀ ਜੀ ਸਪਸ਼ਟ ਉਤਰ 'ਹਾਂ' ਜਾਂ 'ਨਾਂਹ' ਵਿੱਚ ਦੇਣਗੇ ਕਿ ਲੋਕ ਅਰਜ਼ੀਆਂ ਇਸ ਸਕੀਮ ਅਧੀਨ ਦੇਣ ਜਾਂ ਨਾਂਹ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਤਾਂ ਕਿਹਾ ਹੈ ਕਿ ਬਜਟ ਵਿੱਚ ਕੋਈ ਪ੍ਰੋਵੀਜ਼ਨ ਨਹੀਂ ਕੀਤੀ ਗਈ । ਇਸ ਲਈ ਇਸ ਦੀ ਥਾਂ ਤੇ ਨਵੀਂ ਸਕੀਮ "ਕੰਨਿਆ ਜਾਗ੍ਰਤੀ ਜੋਤੀ ਸਕੀਮ" ਸ਼ੁਰੂ ਕਰਨ ਦੀ ਪ੍ਰੋਪੋਜ਼ਲ ਹੈ ਜੀ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਮੇਰਾ ਉੱਤਰ ਨਹੀਂ ਆਇਆ ਕਿ ਕੀ ਇਹ ਸਕੀਮ ਪਹਿਲਾਂ ਤੋਂ ਚਲ ਰਹੀ ਹੈ ਜਾਂ ਨਹੀਂ ?

**ਮਾਨਯੋਗ ਸਪੀਕਰ** : ਮੈਂਬਰ ਸਾਹਿਬ ਪੁੱਛ ਰਹੇ ਹਨ ਕਿ ਕੀ ਇਹ ਸਕੀਮ ਪਹਿਲਾਂ ਤੋਂ ਚਲ ਰਹੀ ਹੈ ?

**ਮੰਤਰੀ** : ਹਾਂ ਜੀ, ਪਹਿਲਾਂ ਤੋਂ ਚਲ ਰਹੀ ਹੈ ਜੀ ।

**ਸ੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਵਲੋਂ ਮੇਰੇ ਸਵਾਲ ਦਾ ਹੋਰ ਹੀ ਜਵਾਬ ਆ ਜਾਂਦਾ ਹੈ ਜੀ । ਮੈਂ ਇਹ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਵਿਖੇ ਜਿਨ੍ਹਾਂ 835 ਦਲਿਤ ਵੀਰਾਂ ਨੇ ਐਪਲੀਕੇਸ਼ਨਾਂ ਦਿੱਤੀਆਂ ਹੋਈਆਂ ਹਨ ਕੀ ਉਹ ਰੱਦ ਸਮਝਣ ਜਾਂ ਆਸ ਰੱਖਣ ਕਿ ਸਰਕਾਰ ਉਨ੍ਹਾਂ ਨੂੰ ਕੁਝ ਦੇਵੇਗੀ ਜਾਂ ਨਹੀਂ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਕੋਈ ਬਜਟ ਹੀ ਨਹੀਂ ਰੱਖਿਆ ਤਾਂ ਪੈਸਾ ਮਿਲਣ ਦੀ ਕੋਈ ਆਸ ਨਹੀਂ ।

**ਸ੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ.........

**ਮਾਨਯੋਗ ਸਪੀਕਰ** : ਸੂਦ ਸਾਹਿਬ, ਮੰਤਰੀ ਜੀ ਨੇ ਕਹਿ ਦਿਤਾ ਹੈ ਕਿ ਕੋਈ ਆਸ ਨਹੀਂ । ਹੁਣ ਅਗਲਾ ਸਵਾਲ ।

---

Original with;
Punjab Vidhan Sabha
Digitized by;
Panjab Digital Library

## ਧੂਰੀ ਵਿਖੇ ਸੀਵਰੇਜ ਸਿਸਟਮ

*563. **ਸਰਦਾਰ ਗਗਨਜੀਤ ਸਿੰਘ ਬਰਨਾਲਾ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਿਊਂਸਪਲ ਕਮੇਟੀ, ਧੂਰੀ ਤੋਂ ਧੂਰੀ ਵਿਚ ਸੀਵਰੇਜ਼ ਸਿਸਟਮ ਵਿਛਾਉਣ ਲਈ ਸਰਕਾਰ ਨੂੰ ਕੋਈ ਤਜਵੀਜ਼ ਪ੍ਰਾਪਤ ਹੋਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਤੇ'ਕੀਤੀ ਗਈ/ਕੀਤੀ ਜਾ ਰਹੀ ਕਾਰਵਾਈ ਕੀ ਹੈ ?

**ਚੌਧਰੀ ਜਗਜੀਤ ਸਿੰਘ** : ਨਹੀਂ ਜੀ ।

**ਸਰਦਾਰ ਗਗਨਜੀਤ ਸਿੰਘ ਬਰਨਾਲਾ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਦੀ ਡੀਟੇਲਡ ਸਕੀਮ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਡਵੀਜ਼ਨ ਨੇ 17.9.2001 ਨੂੰ ਜਮ੍ਹਾਂ ਕਰਵਾਈ ਸੀ ਅਤੇ ਨਿਗਰਾਨ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਨੇ ਪਟਿਆਲਾ ਵਿਖੇ ਇਸ ਨੂੰ ਰਿਸੀਵ ਕੀਤਾ ਸੀ । ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਜੇ ਤੱਕ ਇਸ'ਤੇ ਐਕਸ਼ਨ ਕਿਉਂ ਨਹੀਂ ਲਿਆ ? ਅਤੇ ਧੂਰੀ ਵਿਖੇ ਸੀਵਰੇਜ਼ ਪਾਉਣ ਲਈ ਕਿੰਨਾ ਸਮਾਂ ਹੋਰ ਲੈਣਾ ਚਾਹੁਣਗੇ ਕਿਉਂਕਿ ਧੂਰੀ ਦੀ ਆਬਾਦੀ ਹੁਣ ਵਧਕੇ 50,000 ਤੋਂ ਵੀ ਉਪਰ ਹੋ ਗਈ ਹੈ ਅਤੇ ਸੀਵਰੇਜ ਨਾ ਹੋਣ ਕਾਰਨ ਉਥੇ'ਬੀਮਾਰੀ ਫੈਲਣ ਦਾ ਖਤਰਾ ਹੈ ਜੀ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਿਊਂਸਿਪਲ ਕਮੇਟੀ, ਧੂਰੀ ਦੀ ਵਿੱਤੀ ਹਾਲਤ ਬੜੀ ਕਮਜ਼ੋਰ ਹੈ । ਇਕ ਸਕੀਮ ਹੁਡਕੋ ਦੀ ਅਸੀਂ ਬਣਾਈ ਹੈ ਜਿਸ ਵਿੱਚ 20-20 ਪਰਸੈਂਟ ਸ਼ੇਅਰ ਗੌਰਮਿੰਟ ਅਤੇ ਮਿਊਂਸਿਪਲ ਕਮੇਟੀ ਨੇ ਪਾਉਣਾ ਹੁੰਦਾ ਹੈ । ਮਿਊਂਸਿਪਲ ਕਮੇਟੀ, ਧੂਰੀ ਕੋਲ ਇਸ ਵੇਲੇ ਪੈਸੇ ਨਹੀਂ ਹਨ ਔਰ ਸਭ ਤੋਂ ਪਹਿਲਾਂ ਕਿਸੇ ਵੀ ਕੰਮ ਵਾਸਤੇ ਮਿਊਂਸਿਪਲ ਕਮੇਟੀ ਨੇ ਮਤਾ ਪਾਸ ਕਰਨਾ ਹੁੰਦਾ ਹੈ ਪਰ ਇਸ ਸਬੰਧ ਵਿੱਚ ਧੂਰੀ ਦੀ ਮਿਊਂਸਿਪਲ ਕਮੇਟੀ ਵੱਲੋਂ ਕੋਈ ਮਤਾ ਪਾਸ ਨਹੀਂ ਕੀਤਾ ਗਿਆ । ਜਦੋਂ ਇਸ ਸਬੰਧੀ ਮਿਊਂਸਿਪਲ ਕਮੇਟੀ ਮਤਾ ਪਾਸ ਕਰ ਦੇਵੇਗੀ ਤਾਂ ਫਿਰ ਅਸੀਂ ਹੁਡਕੋ ਨੂੰ ਕਹਾਂਗੇ ਅਤੇ ਨਾਲ ਹੀ ਮਿਊਂਸਿਪਲ ਕਮੇਟੀ ਸਾਨੂੰ ਇਹ ਵੀ ਦੱਸੇ ਕਿ ਉਹ ਆਪਣਾ ਸ਼ੇਅਰ ਪਾਉਣ ਦੇ ਸਮਰੱਥ ਹੈ ਜਾਂ ਨਹੀਂ ।

**ਸਰਦਾਰ ਗਗਨਜੀਤ ਸਿੰਘ ਬਰਨਾਲਾ** : ਮਾਨਯੋਗ ਸਪੀਕਰ ਸਾਹਿਬ, ਮਿਊਂਸਿਪਲ ਕਮੇਟੀ, ਧੂਰੀ ਦੀ ਸਲਾਨਾ ਇਨਕਮ ਤਕਰੀਬਨ ਤਿੰਨ ਕਰੋੜ ਹੈ ! ਮੈਂ ਉਥੋਂ ਰੈਜ਼ੋਲਿਊਸ਼ਨ ਪਾਸ ਕਰਕੇ ਮੰਤਰੀ ਜੀ ਕੋਲ ਸਬਮਿਟ ਕਰਵਾ ਦੇਵਾਂਗਾ ਔਰ ਨਾਲ ਹੀ ਬੇਨਤੀ ਕਰਨੀ ਚਾਹਾਂਗਾ ਕਿ ਮਤਾ ਪ੍ਰਾਪਤ ਹੋਣ ਤੋਂ ਬਾਅਦ ਇਹ ਜਲਦੀ ਤੋਂ ਜਲਦੀ ਸਕੀਮ ਲਾਗੂ ਕਰਨ ਤਾਂ ਹੀ ਇਹ ਜਨਤਾ ਦੇ ਹਿਤ ਲਈ ਲਾਹੇਵੰਦ ਹੋਵੇਗੀ । ਧੰਨਵਾਦ ।

———

Original with;
Punjab Vidhan Sabha
Digitized by;

### ਨਗਰਪਾਲਿਕਾ ਧੂਰੀ ਦੇ ਪ੍ਰਧਾਨ ਦੇ ਵਿਰੁੱਧ ਭ੍ਰਿਸ਼ਟਾਚਾਰ ਦੇ ਕੇਸ

*564. **ਸਰਦਾਰ ਗਗਨਜੀਤ ਸਿੰਘ ਬਰਨਾਲਾ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਗਰਪਾਲਿਕਾ ਧੂਰੀ ਦੇ ਪ੍ਰਧਾਨ ਦੇ ਵਿਰੁੱਧ ਫਰਵਰੀ, 2002 ਤੋਂ ਮਿਤੀ ਅੰਤ ਤਕ ਦਰਜ ਕੀਤੇ ਗਏ ਭ੍ਰਿਸ਼ਟਾਚਾਰ ਦੇ ਕੇਸਾਂ ਦਾ ਵੇਰਵਾ ਕੀ ਹੈ ਅਤੇ ਇਸ ਤੇ ਕੀ ਕਾਰਵਾਈ ਕੀਤੀ ਗਈ ?

**ਚੌਧਰੀ ਜਗਜੀਤ ਸਿੰਘ** : ਨਹੀਂ ਜੀ ।

**ਸਰਦਾਰ ਗਗਨਜੀਤ ਸਿੰਘ ਬਰਨਾਲਾ** : ਮਾਨਯੋਗ ਸਪੀਕਰ ਸਾਹਿਬ, ਐਕਸ ਪ੍ਰਧਾਨ ਉਤੇ ਐਲੀਗੇਸ਼ਨ ਲਗਾਏ ਗਏ ਸਨ । ਉਸ ਉਤੇ ਇਨਕੁਆਰੀ ਇਨੀਸ਼ੀਏਟ ਹੋਈ ਸੀ ਜਿਹੜੀ ਕਿ ਸੈਕ੍ਰੇਟਰੀ, ਲੋਕਲ ਬਾਡੀਜ਼ ਕੋਲ ਆਈ ਸੀ ।

**ਮਾਨਯੋਗ ਸਪੀਕਰ** : ਤੁਸੀਂ ਇਨਫਰਮੇਸ਼ਨ ਨਾ ਦਿਓ ਬਲਕਿ ਸਵਾਲ ਕਰੋ ।

**ਸਰਦਾਰ ਗਗਨਜੀਤ ਸਿੰਘ ਬਰਨਾਲਾ** : ਮਾਨਯੋਗ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਇਨਕੁਆਰੀ ਦੀ ਕਾਰਵਾਈ ਪੂਰੀ ਹੋ ਗਈ ਹੈ ਜਾਂ ਨਹੀਂ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਪ੍ਰਧਾਨ ਤੇ ਜੋ ਐਲੀਗੇਸ਼ਨ ਲੱਗਾ ਸੀ, ਉਸ ਬਾਰੇ ਪ੍ਰਧਾਨ ਨੂੰ ਨੋਟਿਸ ਦਿੱਤਾ ਗਿਆ ਸੀ । ਉਸ ਦਾ ਜਵਾਬ ਉਨ੍ਹਾਂ ਨੇ ਦੇ ਦਿੱਤਾ ਹੈ । ਜਵਾਬ ਪ੍ਰਾਪਤ ਹੋਣ ਤੋਂ ਬਾਅਦ ਸੈਕਟਰੀ, ਲੋਕਲ ਬਾਡੀਜ਼ ਨੇ ਜੁਡੀਸ਼ੀਅਲ ਆਰਡਰ ਕੀਤੇ ਸਨ । ਬਾਅਦ ਵਿੱਚ ਇਹ ਐਲੀਗੇਸ਼ਨ ਸਾਬਤ ਨਹੀਂ ਹੋਏ ਔਰ ਇਹ ਚਾਰਜ਼ਿਜ਼ ਵਿਦਡਰਾਅ ਕਰ ਲਏ ਹਨ ।

---

### ਨਿਸ਼ਾਨ ਵਾਲਾ ਪ੍ਰਸ਼ਨ ਨੰ: 566

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ ।)

---

### ਕਪੂਰਥਲਾ ਜ਼ਿਲ੍ਹੇ ਵਿਚ ਪਲੇਨ ਸੜਕਾਂ ਦੀ ਮੁਰੰਮਤ

*571. **ਡਾਕਟਰ ਉਪਿੰਦਰਜੀਤ ਕੌਰ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਪੂਰਥਲਾ ਜ਼ਿਲ੍ਹੇ ਵਿਚ ਅਜਿਹੀਆਂ ਪਲੇਨ ਸੜਕਾਂ ਦੇ ਨਾਂ ਅਤੇ ਵੇਰਵੇ ਕੀ ਹਨ ਜਿਨ੍ਹਾਂ ਦੀ ਮੁਰੰਮਤ ਕੀਤੀ ਜਾਣੀ ਬਣਦੀ ਹੈ ਅਤੇ ਕਿੰਨੇ ਸਮੇਂ ਦੇ ਅੰਦਰ-ਅੰਦਰ ਇਨ੍ਹਾਂ ਸੜਕਾਂ ਦੀ ਮੁਰੰਮਤ ਕਰਵਾਏ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਜ਼ਿਲ੍ਹਾ ਕਪੂਰਥਲਾ ਵਿੱਚ 7 ਸੜਕਾਂ ਮੁਰੰਮਤ ਲਈ ਡਿਊ ਹਨ। ਇਨ੍ਹਾਂ ਪਲਾਨ ਸੜਕਾਂ ਦੇ ਨਾਮ ਅਤੇ ਵੇਰਵੇ ਸਦਨ ਦੀ ਮੇਜ਼ ਤੇ ਅਨੁਲੱਗ 'ੳ' ਅਨੁਸਾਰ ਰੱਖੇ ਜਾਂਦੇ ਹਨ। ਫੰਡਾਂ ਦੀ ਘਾਟ ਕਾਰਨ ਇਨ੍ਹਾਂ ਸੜਕਾਂ ਦੀ ਮੁਰੰਮਤ ਲਈ ਕੋਈ ਸਮਾਂ ਸੀਮਾ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ।

ਅਨੁਲੱਗ 'ੳ'

## ਜ਼ਿਲ੍ਹਾ ਕਪੂਰਥਲਾ ਵਿਚ ਮੁਰੰਮਤ ਹੋਣ ਵਾਲੀਆਂ ਪਲਾਨ ਸੜਕਾਂ ਦੀ ਸੂਚੀ

| ਲੜੀ ਨੰ: | ਸੜਕ ਦਾ ਨਾਂ | ਸੜਕ ਦੀ ਕੁਲ ਲੰਬਾਈ | 2002-2003 ਦੌਰਾਨ ਮੁਰੰਮਤ ਹੋਣ ਵਾਲਾ ਹਿੱਸਾ |
|---|---|---|---|
| 1. | ਕਪੂਰਥਲਾ-ਕਾਲਾ ਸੰਘਿਆ ਸੜਕ (ਐਮ ਡੀ.ਆਰ.-48) | 17.71 ਕਿਲੋਮੀਟਰ (18') | 1.00 ਕਿਲੋਮੀਟਰ |
| 2. | ਕਪੂਰਥਲਾ-ਫਤੁਢੀਂਗਾ-ਸੁਲਤਾਨਪੁਰ ਸੜਕ (ਐਮ.ਡੀ.ਆਰ.-49) | 34.40 ਕਿਲੋਮੀਟਰ (23') | 5.05 ਕਿਲੋਮੀਟਰ |
| 3. | ਕਪੂਰਥਲਾ-ਤਾਸ਼ਪੁਰ ਸੜਕ (ਐਮ.ਡੀ.ਆਰ.-52) | 31.60 ਕਿਲੋਮੀਟਰ (18') | 9.70 ਕਿਲੋਮੀਟਰ |
| 4. | ਕਪੂਰਥਲਾ-ਕਤਲਗੜ੍ਹ-ਕਾਂਜਲੀ ਸੜਕ (ੳ.ਡੀ.ਆਰ.-02) | 4.47 ਕਿਲੋਮੀਟਰ (23') | 3.30 ਕਿਲੋਮੀਟਰ |
| 5. | ਹੁਸੈਨਪੁਰ-ਸੈਦਪੁਰ-ਮੰਗੂਪੁਰ ਸੜਕ (ੳ.ਡੀ.ਆਰ.-14) | 13.35 ਕਿਲੋਮੀਟਰ (18') | 4.60 ਕਿਲੋਮੀਟਰ |
| 6. | ਸੁਲਤਾਨਪੁਰ ਬਾਈਪਾਸ (ੳ.ਡੀ.ਆਰ.-7) | 2.00 ਕਿਲੋਮੀਟਰ (10') | 0.50 ਕਿਲੋਮੀਟਰ |
| 7. | ਫਗਵਾੜਾ-ਜੰਡਿਆਲਾ-ਨਕੋਦਰ ਸੜਕ (ੳ.ਡੀ.ਆਰ.-8) | 8.60 ਕਿਲੋਮੀਟਰ (18') | 1.60 ਕਿਲੋਮੀਟਰ |
| | ਕੁੱਲ ਜੋੜ | 112.13 ਕਿਲੋਮੀਟਰ | 25.75 ਕਿਲੋਮੀਟਰ |

Original with;
Punjab Vidhan Sabha
Digitized by:
Panjab Digital Library

**ਡਾਕਟਰ ਉਪਿੰਦਰਜੀਤ ਕੌਰ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਵਿੱਚ ਸੱਤ ਸੜਕਾਂ ਦਾ ਜ਼ਿਕਰ ਕੀਤਾ ਹੈ ਜਦ ਕਿ ਜਿਨ੍ਹਾਂ ਸੜਕਾਂ ਦੀ ਮੁਰੰਮਤ ਡਿਊ ਹੈ, ਉਹ ਅੱਠ ਸੜਕਾਂ ਹਨ । ਜਿਹੜੀ ਸੜਕ ਅਣਗੌਲੀ ਗਈ ਹੈ, ਉਹ ਸੁਲਤਾਨਪੁਰ-ਲੋਹੀਆਂ ਪਲਾਨ ਰੋਡ ਹੈ । ਇਸ ਸੜਕ ਦੀ ਦਸ਼ਾ ਬਹੁਤ ਮਾੜੀ ਹੈ । ਇਸ ਤੋਂ ਇਲਾਵਾ ਮੇਰੀ ਮੰਤਰੀ ਜੀ ਦੇ ਉੱਤਰ ਨਾਲ ਤਸੱਲੀ ਨਹੀਂ ਹੋਈ । ਮਾਨਯੋਗ ਸਪੀਕਰ ਸਾਹਿਬ, ਸ਼ਾਹ-ਮਾਰਗ ਸੜਕਾਂ, ਕਪੂਰਥਲਾ ਵਾਇਆ ਫਤੂ ਢੀਂਗਾ ਸੁਲਤਾਨਪੁਰ ਲੋਧੀ ਅਤੇ ਸੁਲਤਾਨਪੁਰ-ਲੋਹੀਆਂ ਇਹ ਕਪੂਰਥਲੇ ਨੂੰ ਗੋਇੰਦਵਾਲ ਸਾਹਿਬ ਅਤੇ ਸ੍ਰੀ ਅੰਮ੍ਰਿਤਸਰ ਨਾਲ ਜੋੜਨ ਦੇ ਨਾਲ ਨਾਲ ਫਿਰੋਜ਼ਪੁਰ ਨਾਲ ਵੀ ਜੋੜਦੀਆਂ ਹਨ । ਇਨ੍ਹਾਂ ਸੜਕਾਂ ਦੀ ਅਵਸਥਾ ਮਾੜੀ ਹੈ, ਮਿੱਟੀ ਪਾਉਣ ਵਾਲੀ ਹੈ, ਮੀਂਹ ਦੇ ਪਾਣੀ ਨਾਲ ਖੋਭਾ ਹੋ ਜਾਂਦਾ ਹੈ, ਟੋਏ ਪਏ ਹੋਏ ਹਨ । ਇਹ ਸੜਕਾਂ ਕਿਉਂਕਿ ਰਿਲੀਜੀਅਸ ਪਲੇਸਿਜ਼ ਅਤੇ ਇੰਪਾਰਟੈਂਟ ਪਲੇਸਿਜ਼ ਨੂੰ ਜੋੜਦੀਆਂ ਹਨ । ਇਸ ਲਈ ਕੀ ਮੰਤਰੀ ਜੀ ਇਨ੍ਹਾਂ ਸੜਕਾਂ ਨੂੰ ਅਗੇਤ ਦੇ ਆਧਾਰ ਤੇ ਮੁਰੰਮਤ ਕਰਵਾਉਣ ਲਈ ਆਸ਼ਵਾਸਨ ਦੇਣਗੇ ਔਰ ਜੇ ਅਲਪ ਕਾਲ ਵਿੱਚ ਮੁਕੰਮਲ ਮੁਰੰਮਤ ਨਹੀਂ ਹੋ ਸਕਦੀ ਤਾਂ ਕੀ ਟੋਏ ਭਰਨ ਲਈ ਕੋਈ ਸਮਾਂ ਨਿਸ਼ਚਿਤ ਕਰਨਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜੋ ਕਿਹਾ ਹੈ, ਇਹ ਬਿਲਕੁਲ ਠੀਕ ਹੈ । ਹਾਲਾਤ ਉਹੀ ਹੈ ਜੋ ਇਨ੍ਹਾਂ ਨੇ ਕਹੀ ਹੈ । ਮੇਰੀ ਗੁਜ਼ਾਰਿਸ਼ ਹੈ ਕਿ ਐਫ.ਐਮ. ਸਾਹਿਬ ਬੈਠੇ ਹਨ, ਇਨ੍ਹਾਂ ਨੂੰ ਪਹਿਲਾਂ ਵੀ ਬੇਨਤੀ ਕੀਤੀ ਸੀ ਔਰ ਹੁਣ ਫਿਰ ਕਰਨੀ ਚਾਹੁੰਦੇ ਹਾਂ ਕਿ 3054 ਦਾ ਜੋ ਨਾਨ ਪਲਾਨ ਫੰਡ ਹੈ, ਉਸ ਦੇ ਵਿੱਚ ਪਿਛਲੇ ਸਾਲ 19.50 ਕਰੋੜ ਰੁਪਏ ਦੀ ਪ੍ਰੋਵੀਜ਼ਨ ਸੀ ਪਰ ਇੱਕ ਰੁਪਿਆ ਵੀ ਸਾਨੂੰ ਨਹੀਂ ਮਿਲ ਸਕਿਆ । ਇਸ ਸਾਲ ਉਹ 9.50 ਕਰੋੜ ਰੁਪਏ ਕਰ ਦਿੱਤਾ ਗਿਆ ਹੈ । ਮੈਂ ਬਿਲਕੁਲ ਇਨ੍ਹਾਂ ਨਾਲ ਸਹਿਮਤ ਹਾਂ ਕਿ ਇਹ ਰਿਲੀਜੀਅਸ ਇੰਪਾਰਟੈਂਟ ਰੋਡਜ਼ ਹਨ, ਚਾਹੇ ਇਹ ਰਿਲੀਜੀਅਸ ਇੰਪਾਰਟੈਂਟ ਨਾ ਵੀ ਹੋਣ ਤਾਂ ਵੀ ਸਾਡਾ ਫਰਜ਼ ਬਣਦਾ ਹੈ ਪਰ ਜਦੋਂ ਫੰਡਜ਼ ਅਵੇਲੇਬਲ ਹੋ ਜਾਣਗੇ ਤਾਂ ਹੀ ਅਸੀਂ ਇਹ ਕਰ ਸਕਾਂਗੇ । ਇਸ ਵਿੱਚ ਸਾਡੀ ਇਹ ਪਰਾਬਲਮ ਹੈ ।

**ਡਾਕਟਰ ਉਪਿੰਦਰਜੀਤ ਕੌਰ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਫਿਰ ਪ੍ਰਸ਼ਨ ਕਰਨਾ ਚਾਹਾਂਗੀ ਕਿ ਇਨ੍ਹਾਂ ਨੇ ਤਾਂ ਕੋਈ ਭਰੋਸਾ ਦਿਵਾਇਆ ਨਹੀਂ । ਵਿੱਤ ਮੰਤਰੀ ਜੀ ਹਾਊਸ ਵਿੱਚ ਬੈਠੇ ਹਨ, ਇਨ੍ਹਾਂ ਨੇ ਬਜਟ ਪਰੋਪੋਜ਼ਲਜ਼ ਵਿੱਚ ਕੁਝ ਰਿਲੀਫ ਦਿੱਤੇ ਹਨ ਅਤੇ ਕੁਝ ਰਿਲੀਫ ਨਹੀਂ ਦਿੱਤੇ । ਜੋ ਰਿਲੀਫ ਨਹੀਂ ਦਿੱਤੇ, ਉਸ ਵਿੱਚ 3400 ਕਰੋੜ ਰੁਪਏ ਐਡੀਸ਼ਨਲ ਟੈਕਸਿਜ਼ ਦੇ ਰੂਪ ਵਿੱਚ ਇਕੱਠੇ ਹੋ ਰਹੇ ਹਨ । ਮੇਰੀ ਮੰਤਰੀ ਜੀ ਨੂੰ ਗੁਜ਼ਾਰਿਸ਼ ਹੈ ਕਿ ਸਾਡੀਆਂ ਸੜਕਾਂ ਬਹੁਤ ਇੰਪਾਰਟੈਂਟ ਹਨ.........

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ ।

**ਡਾਕਟਰ ਉਪਿੰਦਰਜੀਤ ਕੌਰ** : ਕ੍ਰਿਪਾ ਕਰਕੇ ਇਹ ਸਪੈਸੀਫਾਈ ਕਰਕੇ ਦੱਸਣ ਕਿ ਕਦੋਂ ਤੱਕ ਇਹ ਕਾਰਜ ਮੁਕੰਮਲ ਹੋ ਜਾਵੇਗਾ ? ਇਹ ਅਤਿ ਜ਼ਰੂਰੀ ਹੈ ।

**ਮਾਨਯੋਗ ਸਪੀਕਰ** : ਇਹ ਤਾਂ ਪੈਸੇ ਮਿਲਣ ਨਾਲ ਸਬੰਧਤ ਹੋ ਗਿਆ ਹੈ ।

Original with;
Punjab Vidhan Sabha
Digitized by;

**ਡਾਕਟਰ ਉਪਿੰਦਰਜੀਤ ਕੌਰ** : ਵੇਗ ਨਹੀਂ ਜੀ, ਨਿਸ਼ਚਿਤ ਰੂਪ ਵਿੱਚ ਦੱਸਣ।

**ਮੰਤਰੀ** : ਮੇਰੀ ਇਹੀ ਗੁਜ਼ਾਰਿਸ਼ ਹੈ, ਮੈਂ ਇਨ੍ਹਾਂ ਨਾਲ ਬਿਲਕੁਲ ਸਹਿਮਤ ਹਾਂ, ਸੌ ਪ੍ਰਤੀਸ਼ਤ ਸਹਿਮਤ ਹਾਂ ਪਰ ਸਾਡੀ ਜੇਬ ਦਾ ਰਸਤਾ ਕਿਸੇ ਪਾਸਿਓਂ ਹੋਰ ਆਉਂਦਾ ਹੈ। ਜੇ ਫੰਡਜ਼ ਆ ਜਾਣ ਤਾਂ ਅਸੀਂ ਸੌ ਪ੍ਰਤੀਸ਼ਤ ਮੰਨਣ ਨੂੰ ਤਿਆਰ ਹਾਂ। ਮੇਰੀ ਫਾਈਨਾਂਸ ਵਾਲਿਆਂ ਨੂੰ ਵੀ ਗੁਜ਼ਾਰਿਸ਼ ਹੈ ਕਿ ਇਸ ਸਬੰਧੀ ਪੈਸਾ ਦੇ ਦਿੱਤਾ ਜਾਵੇ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੇਰੇ ਖਿਆਲ ਦੇ ਵਿੱਚ ਮਾਨਯੋਗ ਮੰਤਰੀ ਜੀ ਨੇ ਇਨ੍ਹਾਂ ਨੂੰ ਟਾਲਿਆ ਹੈ। ਜੇ ਪੈਸੇ ਨਹੀਂ ਹਨ ਤਾਂ ਪੈਸੇ ਦੇਣ ਵਾਲੇ ਵੀ ਇਥੇ ਇਸ ਮਹਾਨ ਸਦਨ ਵਿੱਚ ਬੈਠੇ ਹਨ। ਵਿੱਤ ਮੰਤਰੀ ਜੀ ਨੇ 3400 ਕਰੋੜ ਰੁਪਏ ਦੇ ਟੈਕਸ ਪਾਏ ਹਨ, ਕੀ ਇਹ ਪੀ.ਡਬਲਿਯੂ.ਡੀ. ਦੀ ਜਿਹੜੀ ਫੰਡਜ਼ ਦੀ ਐਲੋਕੇਸ਼ਨ ਹੈ, ਉਹ ਵਧਾਉਣਗੇ ?

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਪੈਸੇ ਦੇਣ ਵਾਲੇ ਇਥੇ ਬੈਠੇ ਹਨ। ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਖਜ਼ਾਨੇ ਨੂੰ ਬਰਬਾਦ ਕਰਨ ਵਾਲੇ ਵੀ ਇਥੇ ਹੀ ਬੈਠੇ ਹਨ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੇਰੇ ਖਿਆਲ ਵਿੱਚ ਵਿੱਤ ਮੰਤਰੀ ਜੀ ਨੂੰ ਗਲਤੀ ਲੱਗ ਗਈ ਹੈ। ਇਹ ਸਮਝਦੇ ਹਨ ਕਿ ਹਾਲੇ ਵੀ ਮੈਂ ਹੀ ਵਿੱਤ ਮੰਤਰੀ ਹਾਂ ਜਦ ਕਿ ਪਿਛਲੇ ਸਾਲ ਤੋਂ ਇਹ ਖੁਦ ਹਨ। ਹੁਣ ਇਹ ਭਰੋਸਾ ਦੇਣ। ਜਾਂ ਤਾਂ ਇਹ ਚਲੇ ਜਾਣ, ਕੰਮ ਕਾਰ ਸਾਨੂੰ ਦੇ ਦੇਣ। ਅਸੀਂ ਆਪੇ ਵਿਸ਼ਵਾਸ ਦੇਵਾਂਗੇ ਅਤੇ ਬਾਜਵਾ ਸਾਹਿਬ ਨੂੰ ਪੈਸੇ ਵੀ ਦੇਵਾਂਗੇ। ਇਹ ਇਸ ਸਦਨ ਵਿੱਚ ਵਿਸ਼ਵਾਸ ਦੇਣਗੇ ਕਿ ਕੀ ਸਾਲ 2003-04 ਦੇ ਦੌਰਾਨ ਪੀ.ਡਬਲਿਯੂ.ਡੀ. ਦੀਆਂ ਸੜਕਾਂ ਦੀ ਬੁਰੀ ਹਾਲਤ ਨੂੰ ਸੁਧਾਰਨ ਲਈ ਫੰਡਜ਼ ਦੀ ਐਲੋਕੇਸ਼ਨ ਵਧਾਉਣਗੇ ?

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਨੂੰ ਤਾਂ ਕੋਈ ਭੁਲੇਖਾ ਨਹੀਂ ਕਿ ਮੈਂ ਫਾਈਨਾਂਸ ਮਨਿਸਟਰ ਨਹੀਂ ਹਾਂ। ਇਨ੍ਹਾਂ ਨੂੰ ਕਦੇ ਕਦੇ ਭੁਲੇਖਾ ਲੱਗਦਾ ਹੈ ਕਿ ਮੈਂ ਹੀ ਫਾਈਨਾਂਸ ਮਨਿਸਟਰ ਹਾਂ।

**ਮਾਨਯੋਗ ਸਪੀਕਰ** : ਦਿਲ ਕੋ ਬਹਿਲਾਣੇ ਕੇ ਲੀਏ ਖਿਆਲ ਅੱਛਾ ਹੈ...

**ਕੈਪਟਨ ਕੰਵਲਜੀਤ ਸਿੰਘ** : ਉਸ ਭੁਲੇਖੇ ਨੂੰ...

**ਮਾਨਯੋਗ ਸਪੀਕਰ** : ਇਹ ਕੋਈ ਨੋਕ ਝੋਕ ਦਾ ਸਮਾਂ ਨਹੀਂ ਹੈ, ਕੁਐਸ਼ਚਨ ਆਵਰ ਹੈ। ਜਵਾਬ ਆ ਗਿਆ ਹੈ ਕਿ ਪੈਸੇ ਨਹੀਂ ਹਨ। ਅਗਲਾ ਸਵਾਲ।

---

### ਰਾਜ ਵਿੱਚ ਸ਼ਹਿਰੀ ਮਿਲਖਾਂ ਦਾ ਵਿਕਾਸ

*570. **ਡਾਕਟਰ ਉਪਿੰਦਰਜੀਤ ਕੌਰ** ; ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

Original with;
Punjab Vidhan Sabha
Digitized by;
Panjab Digital Library

(ੳ) ਰਾਜ ਵਿਚ ਅਜਿਹੇ ਸ਼ਹਿਰਾਂ ਦੇ ਨਾਂ ਕੀ-ਕੀ ਹਨ ਜਿਥੇ ਇਸ ਸਮੇਂ ਸ਼ਹਿਰੀ ਮਿਲਖਾਂ ਦਾ ਵਿਕਾਸ ਕੀਤਾ ਜਾ ਰਿਹਾ ਹੈ ਅਤੇ ਇਸ ਦੇ ਵੇਰਵੇ ਕੀ ਹਨ;

(ਅ) ਕੀ ਸੁਲਤਾਨਪੁਰ ਲੋਧੀ ਵਿਖੇ ਵੀ ਸ਼ਹਿਰੀ ਮਿਲਖ ਦਾ ਵਿਕਾਸ ਕੀਤਾ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧ ਵਿਚ ਹੋਈ ਪ੍ਰਗਤੀ ਦੇ ਵੇਰਵੇ ਕੀ ਹਨ ?

**ਸ੍ਰੀ ਰਘੂਨਾਥ ਸਹਾਏ ਪੁਰੀ** : (ੳ) ਨਾਭਾ ਤੋਂ ਇਲਾਵਾ, ਜਿਥੇ ਲਗਭਗ 891 ਕਨਾਲ 19 ਮਰਲੇ ਖੇਤੀਬਾੜੀ ਵਿਭਾਗ ਦੀ ਭੋਂ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਨੂੰ ੳ.ਯੂ.ਵੀ.ਜੀ.ਐਲ. ਸਕੀਮ ਅਧੀਨ ਤਬਦੀਲ ਹੋਈ ਹੈ, ਰਾਜ ਵਿਚ ਹਾਲ ਦੀ ਘੜੀ ਪੁੱਡਾ ਵੱਲੋਂ ਹੋਰ ਕਿਸੇ ਸ਼ਹਿਰ ਵਿਚ ਸ਼ਹਿਰੀ ਮਿਲਖਾਂ ਦਾ ਵਿਕਾਸ ਨਹੀਂ ਕੀਤਾ ਜਾ ਰਿਹਾ ਜੀ ।

(ਅ) ਨਹੀਂ ਜੀ, ਸੁਲਤਾਨਪੁਰ ਲੋਧੀ ਵਿਖੇ ਸ਼ਹਿਰੀ ਮਿਲਖ ਦਾ ਵਿਕਾਸ ਨਹੀਂ ਕੀਤਾ ਜਾ ਰਿਹਾ ।

**ਡਾਕਟਰ ਉਪਿੰਦਰਜੀਤ ਕੌਰ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਮੇਰੇ ਪ੍ਰਸ਼ਨ ਦੇ "ਅ" ਭਾਗ ਦਾ ਉਤਰ ਮੁਕੰਮਲ ਨਾ ਦੇ ਕੇ, ਮੇਰੀ ਬੇਨਤੀ ਹੈ, ਹਾਊਸ ਨੂੰ ਗੁੰਮਰਾਹ ਕੀਤਾ ਹੈ । ਕੀ ਮੰਤਰੀ ਜੀ ਕ੍ਰਿਪਾ ਕਰਕੇ ਦੱਸਣਗੇ ਕਿ ਪਵਿੱਤਰ ਤੇ ਇਤਿਹਾਸਕ ਸ਼ਹਿਰ ਸੁਲਤਾਨਪੁਰ ਲੋਧੀ ਵਿਖੇ ਅਰਬਨ ਅਸਟੇਟ ਸਥਾਪਿਤ ਕਰਨ ਦੇ ਲਈ ਕਿੰਨੇ ਏਕੜ ਭੂਮੀ ਐਕੂਵਾਇਰ ਕੀਤੀ ਗਈ ਹੈ ਅਤੇ ਇਸ ਲਈ ਕਿੰਨੀ ਰਕਮ ਭੂਮੀ ਮਾਲਕਾਂ ਨੂੰ ਅਦਾ ਕੀਤੀ ਗਈ ਹੈ ਅਤੇ ਕਿੰਨੀ ਰਕਮ ਖਜ਼ਾਨੇ ਵਿੱਚ ਜਮ੍ਹਾਂ ਕਰਵਾਈ ਗਈ ਹੈ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, 66 ਏਕੜ ਇੱਕ ਕਨਾਲ, ਛੇ ਮਰਲੇ ਪਿੰਡ ਅਲਾਦਦਾਦ ਵਿਖੇ ਐਕੁਆਇਰ ਕੀਤੀ ਗਈ ਸੀ । 59 ਏਕੜ 6 ਮਰਲੇ ਜ਼ਮੀਨ ਪਿੰਡ ਮੱਛੀ ਜੂਆਂ ਜੀ ਵਿਚ ਐਕੁਆਇਰ ਕੀਤੀ ਗਈ ਹੈ । ਇਸ ਦੀ ਧਾਰਾ ਚਾਰ ਦੀ ਨੋਟੀਫਿਕੇਸ਼ਨ ਮਿਤੀ 14.12.02 ਨੂੰ ਇਸ ਕਰਕੇ ਖਤਮ ਕੀਤੀ ਗਈ ਕਿਉਂਕਿ ਪਿਛਲੇ ਪੰਜਾਂ ਸਾਲਾਂ ਦੇ ਵਿੱਚ ਇਨ੍ਹਾਂ ਨੇ ਇਸ ਦਾ ਰੇਟ 1495/- ਰੁਪਏ ਤੋਂ 1695/- ਰੁਪਏ ਰੱਖਿਆ ਪਰ ਕੋਈ ਇਸ ਦਾ ਹੁੰਗਾਰਾ ਨਹੀਂ ਆਇਆ ਪਰ 1200/- ਰੁਪਏ ਰੇਟ ਕਰਨ ਤੋਂ ਬਾਅਦ ਵੀ ਔਰ ਉਥੇ ਡਿਮਾਂਡ ਸਰਵੇ ਵੀ ਕਰਵਾਇਆ ਗਿਆ ਹੈ ਤਾਂ ਸਿਰਫ ਇਸ ਦੇ ਲਈ 46 ਐਪਲੀਕੇਸ਼ਨਾਂ ਹੀ ਆਈਆਂ ਹਨ । ਮੈਂ ਆਪਣੀ ਮਾਨਯੋਗ ਭੈਣ ਜੀ ਨੂੰ ਪੁੱਛਣਾ ਚਾਹੁੰਦਾ ਹਾਂ ..

**ਮਾਨਯੋਗ ਸਪੀਕਰ** : ਤੁਸੀਂ ਜਵਾਬ ਦੱਸਣਾ ਹੈ ।

**ਮੰਤਰੀ** : ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਪੰਜ ਸਾਲਾਂ ਦੇ ਵਿੱਚ ਕੀ ਕੋਈ ਅਰਬਨ ਅਸਟੇਟ ਕੱਟੀ ਹੈ ਜਾਂ ਕੋਈ ਹਾਊਸਿਜ਼ ਬਣਾਏ ਹਨ । ਇਸ ਕਰਕੇ

Original with;
Punjab Vidhan Sabha
Digitized by;

[ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ]

ਉਥੇ ਕੋਈ ਯੋਜਨਾ ਨਹੀਂ ਹੈ ਅਤੇ ਨਾ ਹੀ ਕੋਈ ਬਣਾਈ ਜਾ ਰਹੀ ਹੈ ਕਿਉਂਕਿ ਉਥੇ ਕੋਈ ਐਪਲੀਕੇਸ਼ਨਾਂ ਜਿਹੜਾ ਅਸੀਂ ਡਿਮਾਂਡ ਸਰਵੇ ਕਰਵਾਇਆ ਹੈ ਉਸ ਅਨੁਸਾਰ ਹੁੰਗਾਰਾ ਨਹੀਂ ਮਿਲਿਆ ਹੈ ।

**ਡਾਕਟਰ ਉਪਿੰਦਰਜੀਤ ਕੌਰ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦੀ ਹਾਂ ਕਿ ਮੰਤਰੀ ਜੀ ਫਿਰ ਗਲਤ ਉੱਤਰ ਦੇ ਕੇ ਹਾਊਸ ਨੂੰ ਗੁੰਮਰਾਹ ਕਰ ਰਹੇ ਹਨ । 67 ਏਕੜ ਜ਼ਮੀਨ ਐਕੁਆਇਰ ਕਰ ਲਈ ਗਈ ਹੈ ਔਰ ਇਸ ਦੀ ਹੁਣ ਪੁੱਡਾ ਮਾਲਕ ਹੈ । ਪੁੱਡਾ ਹੀ ਕਾਬਜ਼ ਹੈ । ਇਸ ਦੇ ਲਈ ਚਾਰ ਕਰੋੜ ਰੁਪਏ ਦੀ ਜਿੰਨੀ ਕੁੱਲ ਰਕਮ ਬਣਦੀ ਸੀ ਉਹ ਜਾਂ ਤਾਂ ਭੂਮੀ ਮਾਲਕਾਂ ਨੂੰ ਅਦਾ ਕੀਤੀ ਗਈ ਹੈ ਤੇ ਜਾਂ ਬਾਕੀ ਬਣਦੀ ਦੋ ਕਰੋੜ ਰੁਪਏ ਦੀ ਰਕਮ ਭੂਮੀ ਮਾਲਕਾਂ ਲਈ ਖਜ਼ਾਨੇ ਵਿਚ ਜਮ੍ਹਾਂ ਕਰਵਾ ਕੇ ਰੱਖੀ ਗਈ ਹੈ ।

**ਮਾਨਯੋਗ ਸਪੀਕਰ** : ਤੁਸੀਂ ਤਾਂ ਇਨਫਰਮੇਸ਼ਨ ਹੀ ਦੇਣ ਲੱਗੇ ਹੋ, ਸਵਾਲ ਪੁੱਛੋ ।

**ਡਾਕਟਰ ਉਪਿੰਦਰਜੀਤ ਕੌਰ** : ਮੇਰੀ ਬੇਨਤੀ ਹੈ ਇਸ ਭੂਮੀ ਬਾਰੇ ਡੀ-ਨੋਟੀਫਿਕੇਸ਼ਨ ਨਹੀਂ ਹੋਈ । ਇਸ ਤੋਂ ਇਲਾਵਾ ਸੁਲਤਾਨਪੁਰ ਲੋਧੀ ਵਿਖੇ ਜੋ ਹੋਰ ਭੂਮੀ ਐਕੁਆਇਰ ਕੀਤੀ ਜਾ ਰਹੀ ਸੀ, ਕੀ ਉਸ ਦੇ ਲਈ ਇਨ੍ਹਾਂ ਨੇ ਡੀ-ਨੋਟੀਫਿਕੇਸ਼ਨ ਕੀਤੀ ਹੈ ਜਿਹੜੇ ਇਹ ਕਹਿੰਦੇ ਹਨ (ਵਿਘਨ)

**ਮਾਨਯੋਗ ਸਪੀਕਰ** : ਸੌਰੀ, ਤੁਸੀਂ ਸਵਾਲ ਪੁੱਛੋ ।

**ਡਾਕਟਰ ਉਪਿੰਦਰਜੀਤ ਕੌਰ** : ਅਰਬਨ ਅਸਟੇਟ ਲਈ ਡੀ-ਨੋਟੀਫਾਈ ਕਰ ਦਿੱਤਾ ਗਿਆ ਹੈ ਇਹ ਸੂਚਨਾ ਹਾਊਸ ਦੇ ਵਿਚ ਗਲਤ ਦਿੱਤੀ ਜਾ ਰਹੀ ਹੈ । ਇਹ ਮੈਂ ਆਪ ਜੀ ਦੇ ਨੋਟਿਸ ਵਿਚ ਲਿਆਉਣਾ ਹੈ । ਕੀ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ 67 ਏਕੜ ਭੂਮੀ ਜਿਸ ਤੇ ਪੁੱਡਾ ਦੀ ਮਲਕੀਅਤ ਹੈ ਜਿਹੜੀ ਅਰਬਨ ਅਸਟੇਟ ਬਣਾਉਣ ਲਈ ਜ਼ਮੀਨ ਐਕੁਆਇਰ ਕੀਤੀ ਗਈ ਹੈ. ਵਿਕਸਤ ਕੀਤੀ ਗਈ ਹੈ ਉਸ ਦੀ ਡਿਵੈਲਪਮੈਂਟ ਲਈ ਇਹ ਅੱਗੇ ਕੀ ਕਾਰਵਾਈ ਕਰ ਰਹੇ ਹਨ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਅੱਗੇ ਵੀ ਬੇਨਤੀ ਕਰ ਚੁੱਕਾ ਹਾਂ ਕਿ ਉਥੇ ਕੋਈ ਵੀ ਅਰਬਨ ਅਸਟੇਟ ਨਹੀਂ ਬਣਾਇਆ ਜਾਵੇਗਾ, ਉਸ ਦੀ ਡੀ-ਨੋਟੀਫਿਕੇਸ਼ਨ ਲਈ ਕਾਰਵਾਈ ਕੀਤੀ ਜਾ ਰਹੀ ਹੈ ।

---

**ਸਿਵਲ ਹਸਪਤਾਲ, ਮੰਡਵੀ ਵਿੱਚ ਖਾਲੀ ਆਸਾਮੀਆਂ**

*558. **ਸਰਦਾਰ ਨਿਰਮਲ ਸਿੰਘ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪਿੰਡ ਮੰਡਵੀ, ਜ਼ਿਲ੍ਹਾ ਸੰਗਰੂਰ ਵਿਖੇ ਸਿਵਲ ਹਸਪਤਾਲ ਲਈ ਮਨਜ਼ੂਰਸ਼ੁਦਾ

Original with;
Punjab Vidhan Sabha
Digitized by;
Panjab Digital Library

ਆਸਾਮੀਆਂ ਦੇ ਸ਼੍ਰੇਣੀਵਾਰ ਵੇਰਵੇ ਕੀ ਹਨ ਅਤੇ ਇਨ੍ਹਾਂ ਵਿਚੋਂ ਕਿੰਨੀਆਂ ਆਸਾਮੀਆਂ ਅਜੇ ਤਕ ਨਹੀਂ ਭਰੀਆਂ ਗਈਆਂ; ਅਤੇ

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਖਾਲੀ ਪਈਆਂ ਆਸਾਮੀਆਂ ਦੇ ਕਦੋਂ ਤਕ ਭਰੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਰਮੇਸ਼ ਚੰਦਰ ਡੋਗਰਾ : (ੳ) ਰੂਰਲ ਹਸਪਤਾਲ, ਮੰਡਵੀ, ਜ਼ਿਲ੍ਹਾ ਸੰਗਰੂਰ ਵਿਖੇ ਸ਼੍ਰੇਣੀਵਾਰ ਮਨਜ਼ੂਰ-ਸ਼ੁਦਾ ਆਸਾਮੀਆਂ ਅਤੇ ਖਾਲੀ ਅਸਾਮੀਆਂ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

(ਅ) ਇਸ ਸਮੇਂ ਰਾਜ ਵਿਚ ਨਵੀਂ ਭਰਤੀ ਤੇ ਰੋਕ ਲੱਗੀ ਹੋਈ ਹੈ । ਜਦੋਂ ਵੀ ਰੋਕ ਹਟ ਜਾਵੇਗੀ ਤਾਂ ਖਾਲੀ ਅਸਾਮੀਆਂ ਨੂੰ ਭਰਨ ਲਈ ਕਾਰਵਾਈ ਕੀਤੀ ਜਾਵੇਗੀ ।

## ਰੂਰਲ ਹਸਪਤਾਲ, ਮੰਡਵੀ ਵਿਚ ਖਾਲੀ ਅਸਾਮੀਆਂ

| ਲੜੀ ਨੰ: | ਅਸਾਮੀ ਦਾ ਨਾਮ | ਮਨਜ਼ੂਰ-ਸ਼ੁਦਾ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|
| 1. | ਮੈਡੀਕਲ ਅਫਸਰ | 2 | 1 |
| 2. | ਨਰਸਿੰਗ ਸਿਸਟਰ | 1 | 1 |
| 3. | ਸਟਾਫ ਨਰਸ | 4 | 4 |
| 4. | ਰੇਡੀਓਗਰਾਫਰ | 1 | — |
| 5. | ਮੈਡੀਕਲ ਲਬਾਰਟਰੀ ਟੈਕਨੀਸ਼ਨ | 1 | 1 |
| 6. | ਫਾਰਮਾਸਿਸਟ | 3 | — |
| 7. | ਕਲਰਕ | 1 | — |
| 8. | ਮਲਟੀਪਰਪਜ਼ ਹੈਲਥ ਵਰਕਰ (ਮੇਲ) | 1 | — |
| 9. | ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) | 1 | 1 |
| 10. | ਦਰਜਾ-4 | 13 | 3 |

Original with;
Punjab Vidhan Sabha

**ਸਰਦਾਰ ਨਿਰਮਲ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਪਿੰਡਾਂ ਦੀ ਆਬਾਦੀ ਹੈ, ਵਸੋਂ ਹੈ ਉਸ ਦੇ ਵਿਚ ਤਾਂ ਪਹਿਲਾਂ ਹੀ ਡਾਕਟਰ ਜਾਣਾ ਨਹੀਂ ਚਾਹੁੰਦੇ, ਪਿੰਡਾਂ ਦੀ ਬਹੁਤ ਮਾੜੀ ਹਾਲਤ ਹੈ ਤੇ ਦੂਜੇ ਪਾਸੇ ਇਹ ਪੰਜਾਬ ਦੇ ਸੀਨੀਅਰ ਮੰਤਰੀ, ਬੀਬੀ ਭੱਠਲ ਜੀ ਦਾ ਹਲਕਾ ਹੈ। ਇਸ ਤਰ੍ਹਾਂ ਜੇਕਰ ਇਨ੍ਹਾਂ ਦੇ ਹਲਕੇ ਦਾ ਇਹ ਹਾਲ ਹੈ ਤਾਂ ਸਾਡੇ ਹਲਕੇ ਦਾ ਕੀ ਬਣੇਗਾ ? ਕੀ ਮੰਤਰੀ ਜੀ ਇਹ ਯਕੀਨ ਦਿਵਾਉਣਗੇ ਕਿ ਇਹ ਪੋਸਟਾਂ ਕਦੋਂ ਤੱਕ ਭਰ ਦੇਣਗੇ ?

**ਮਾਨਯੋਗ ਸਪੀਕਰ** : ਉਨ੍ਹਾਂ ਨੇ ਹਲਕੇ ਦੀ ਇੰਪਾਰਟੈਂਸ ਬਾਰੇ ਦੱਸਿਆ ਹੈ।

**ਮੰਤਰੀ** : ਮੈਂ ਇਸ ਦੀ ਇੰਪਾਰਟੈਂਸ ਨਾਲ ਬਿਲਕੁਲ ਸਹਿਮਤ ਹਾਂ ਲੇਕਿਨ ਮੈਂ ਬੜਾ ਕਲੀਅਰ ਜਵਾਬ ਦਿੱਤਾ ਹੈ ਕਿ ਇਸ ਵੇਲੇ ਭਰਤੀ ਬੰਦ ਹੈ ਤੇ ਜਦੋਂ ਭਰਤੀ ਖੁਲ੍ਹ ਜਾਵੇਗੀ ਤਾਂ ਉਦੋਂ ਹੀ ਪੋਸਟਾਂ ਭਰ ਸਕਦੇ ਹਾਂ।

**ਸਰਦਾਰ ਨਿਰਮਲ ਸਿੰਘ** : ਮਾਨਯੋਗ ਸਪੀਕਰ ਸਾਹਿਬ, ਇਹ ਇਨ੍ਹਾਂ ਪੋਸਟਾਂ ਦੇ ਭਰਨ ਦੇ ਲਈ ਕੋਈ ਡੇਟ, ਕੋਈ ਸਮਾਂ ਨਿਸ਼ਚਿਤ ਕਰਨਗੇ ?

**ਮਾਨਯੋਗ ਸਪੀਕਰ** : ਕੋਈ ਡੇਟ ਬਾਰੇ ਦੱਸੋ ਕਿ ਭਰਤੀ ਕਦੋਂ ਖੁਲ੍ਹ ਜਾਵੇਗੀ ?

**ਮੰਤਰੀ** : ਸਰ, ਇਹ ਵੀ ਸਭ ਕੁਝ ਸਮਝਦੇ ਹਨ ਔਰ ਜਾਣਦੇ ਹਨ। ਜਦੋਂ ਭਰਤੀ ਖੁਲ੍ਹ ਜਾਵੇਗੀ ਤਾਂ ਇਨ੍ਹਾਂ ਪੋਸਟਾਂ ਨੂੰ ਭਰਨ ਲਈ ਕਾਰਵਾਈ ਉਦੋਂ ਹੀ ਸਟਾਰਟ ਹੋਵੇਗੀ। I can not give the details because I do not know ਕਿ ਇਹ ਭਰਤੀ ਕਦੋਂ ਖੁਲ੍ਹੇਗੀ ਲੇਕਿਨ ਜਦੋਂ ਭਰਤੀ ਖੁਲ੍ਹੇਗੀ, ਤਾਂ We will do it.

**ਮਾਨਯੋਗ ਸਪੀਕਰ** : ਸਵਾਲ ਕਰ ਲਓ। ਨੋਕ ਝੋਕ ਨਾ ਕਰਨਾ।

**ਕੈਪਟਨ ਕੰਵਲਜੀਤ ਸਿੰਘ** : ਸਵਾਲ ਹੀ ਕਰਾਂਗਾ ਜੀ। ਮਾਨਯੋਗ ਸਪੀਕਰ ਸਾਹਿਬ, ਮੈਂ ਤਾਂ ਹਮੇਸ਼ਾ ਸਵਾਲ ਹੀ ਕਰਦਾ ਹਾਂ, ਪਰ ਤੁਸੀਂ ਮੈਨੂੰ ਜਵਾਬ ਲੈ ਕੇ ਨਹੀਂ ਦਿੰਦੇ। ਇਹ ਮੇਰਾ ਤੁਹਾਡੇ ਨਾਲ ਗਿਲਾ ਹੈ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ। ਜਵਾਬ ਜ਼ਰੂਰ ਮਿਲੇਗਾ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਤਾਂ ਇਸ ਮਹਾਨ ਸਦਨ ਦੇ ਵਿਚ ਸਿਰਫ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਮਹਾਨ ਸਦਨ ਨੂੰ ਜਾਣਕਾਰੀ ਦੇਣਗੇ ਕਿ ਬੀਬੀ ਰਾਜਿੰਦਰ ਕੌਰ ਭੱਠਲ ਜੀ ਦੇ ਹਲਕੇ ਦੇ ਨਾਲ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ ?

**ਮਾਨਯੋਗ ਸਪੀਕਰ** . ਹਾਂ ਜੀ, ਮਨਿਸਟਰ ਸਾਹਿਬ, ਇਸ ਦਾ ਜਵਾਬ ਦਿਓ।

**ਮੰਤਰੀ** : ਅਸੀਂ ਤਾਂ ਬਹੁਤ ਆਦਰ ਸਤਿਕਾਰ ਕਰਦੇ ਹਾਂ। ਮੈਂ ਸਮਝਦਾ ਹਾਂ ਕਿ ਇਸ ਦੇ ਵਿਚ ਇਨ੍ਹਾਂ ਨੂੰ ਕੋਈ ਪਰੇਸ਼ਾਨੀ ਨਹੀਂ ਹੋਣੀ ਚਾਹੀਦੀ। We are doing it, Sir.

Original with;
Punjab Vidhan Sabha
Digitized by;

**ਮਾਨਯੋਗ ਸਪੀਕਰ** : ਵਿਤਕਰਾ ਕਿਉਂ ਕੀਤਾ ?

**ਮੰਤਰੀ** : ਵਿਤਕਰਾ ਕੋਈ ਹੈ ਹੀ ਨਹੀਂ ਹੈ ।

**ਮਾਨਯੋਗ ਸਪੀਕਰ** : ਕੋਈ ਵਿਤਕਰਾ ਨਹੀਂ ਹੈ ਜੀ ।

---

**ਸ਼ਾਹਪੁਰ ਕੰਢੀ ਟਾਊਨਸ਼ਿਪ ਵਿਖੇ ਸਰਕਾਰੀ ਜ਼ਮੀਨ ਤੇ ਨਾਜਾਇਜ਼ ਕਬਜ਼ਾ**

*295. **ਸ਼੍ਰੀ ਤਿਕਸ਼ਨ ਸੂਦ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਸ਼ਾਹਪੁਰ ਕੰਢੀ ਟਾਊਨਸ਼ਿਪ (ਜੁਗਿਆਲ) ਵਿਖੇ ਅਡਿਆਲ ਰੋਡ ਤੇ ਲੱਗਭੱਗ 40 ਪੱਕੀਆਂ ਦੁਕਾਨਾਂ ਅਤੇ ਵਰਕਸ਼ਾਪ ਤੋਂ ਸੁਜਾਨਪੁਰ ਤੱਕ ਰੋਡ ਤੇ 200 ਪੱਕੀਆਂ ਦੁਕਾਨਾਂ ਅਤੇ ਖੋਖੇ ਸਰਕਾਰੀ ਜ਼ਮੀਨ ਤੇ ਨਾਜਾਇਜ਼ ਤੌਰ ਤੇ ਬਣਾਏ ਗਏ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਹਰ ਇਕ ਕੇਸ ਵਿਚ ਨਾਜਾਇਜ਼ ਕਾਬਜ਼ਦਾਰਾਂ ਦੇ ਨਾਂ ਅਤੇ ਨਾਜਾਇਜ਼ ਕਬਜ਼ਾ ਕਿਸ ਤਰੀਕ ਨੂੰ ਕੀਤਾ ਗਿਆ ਸੀ ਅਤੇ ਸਰਕਾਰੀ ਜ਼ਮੀਨ ਤੇ ਨਾਜਾਇਜ਼ ਕਾਬਜ਼-ਦਾਰਾਂ ਅਤੇ ਸਬੰਧਤ ਕਰਮਚਾਰੀਆਂ/ਅਧਿਕਾਰੀਆਂ ਦੇ ਵਿਰੁੱਧ ਕੀ ਕਾਰਵਾਈ ਕੀਤੀ ਜਾ ਰਹੀ ਹੈ ?

**ਸਰਦਾਰ ਗੁਰਚੇਤ ਸਿੰਘ ਭੁੱਲਰ** : (ੳ) ਸ਼ਾਹਪੁਰਕੰਡੀ ਟਾਊਨਸ਼ਿਪ (ਜੁਗਿਆਲ) ਵਿਖੇ ਅਡਿਆਲ ਰੋਡ ਤੇ ਕੋਈ ਪੱਕੀ ਦੁਕਾਨ ਸਰਕਾਰੀ ਜ਼ਮੀਨ ਤੇ ਨਹੀਂ ਹੈ । ਵਰਕ-ਸ਼ਾਪ ਤੋਂ ਸੁਜਾਨਪੁਰ ਤੱਕ ਰੋਡ ਤੇ ਲੱਗਭੱਗ 300 ਕੱਚੀਆਂ/ਪੱਕੀਆਂ ਦੁਕਾਨਾਂ ਅਤੇ ਖੋਖੇ ਸਰਕਾਰੀ ਜ਼ਮੀਨ ਤੇ ਨਜਾਇਜ਼ ਤੌਰ ਤੇ ਬਣਾਏ ਗਏ ਹਨ ।

(ਅ) ਨਜਾਇਜ਼ ਕਬਜ਼ਾਕਾਰਾਂ ਦੇ ਨਾਂ *ਅਨੇਕਸਚਰ-1 ਅਨੁਸਾਰ ਹਨ । ਨਜਾਇਜ਼ ਕਬਜ਼ੇ ਸਾਲ 1982 ਦੌਰਾਨ ਕੀਤੇ ਗਏ ਸਨ । ਸਰਕਾਰੀ ਜ਼ਮੀਨ ਤੇ ਨਜਾਇਜ਼ ਕਬਜ਼ਾ-ਕਾਰਾਂ ਨੂੰ ਸਰਕਾਰੀ ਜ਼ਮੀਨ ਖਾਲੀ ਕਰਾਉਣ ਸਬੰਧੀ ਨੋਟਿਸ ਦਿਤੇ ਗਏ ਹਨ ਅਤੇ ਡਿਪਟੀ ਕਮਿਸ਼ਨਰ, ਗੁਰਦਾਸਪੁਰ ਨੂੰ ਨਜ਼ਾਇਜ਼ ਕਬਜਾ ਹਟਾਉਣ ਲਈ ਲਿਖਿਆ ਗਿਆ ਹੈ । ਸਰਕਾਰੀ ਜ਼ਮੀਨ ਤੇ ਨਜਾਇਜ਼ ਕਬਜ਼ਾ ਕਰਨ ਸਮੇਂ ਸਬੰਧਿਤ ਕਰਮਚਾਰੀਆਂ/ਅਧਿਕਾਰੀਆਂ ਵੱਲੋਂ ਕਬਜ਼ਾਕਾਰਾਂ ਨੂੰ ਪੰਜਾਬ ਪਬਲਿਕ ਪਰਮਿਸਿਜ਼ ਐਂਡ ਲੈਂਡ (ਅਵਿਕਸ਼ਨ ਐਂਡ ਰੇਂਟ ਰਿਕਵਰੀ) ਐਕਟ, 1973 ਅਧੀਨ ਨੋਟਿਸ ਜਾਰੀ ਕੀਤੇ ਗਏ ਸਨ ਅਤੇ ਬਾਅਦ ਵਿੱਚ ਡਿਪਟੀ ਕਮਿਸ਼ਨਰ, ਗੁਰਦਾਸਪੁਰ ਨੂੰ ਨਜਾਇਜ਼ ਕਬਜ਼ਾ ਹਟਾਉਣ ਬਾਰੇ ਲਿਖਿਆ ਗਿਆ ਹੈ ।

---

*Placed in the Reviser's Branch.

Original with;
Punjab Vidhan Sabha
Digitized by;

**ਸ਼੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੇਰੇ ਕੋਲ ਬਹੁਤ ਸ਼ਿਕਾਇਤਾਂ ਆਉਂਦੀਆਂ ਹਨ । ਇਨ੍ਹਾਂ ਦੀਆਂ ਕਾਪੀਆਂ ਅਤੇ ਐਫੀਡੇਵਿਟ ਵੀ ਹਨ ਕਿ ਸ਼ਾਹਪੁਰ ਕੰਡੀ ਦੇ ਵਿਚ ਅਫ਼ਸਰ ਜੋ ਹਨ, ਉਹ ਨਜਾਇਜ਼ ਕਬਜ਼ੇ ਦੁਕਾਨਦਾਰਾਂ ਵਗੈਰਾ ਨਾਲ ਮਿਲੀਭੁਗਤ ਕਰਕੇ.........

**ਮਾਨਯੋਗ ਸਪੀਕਰ** : ਸਵਾਲ ਕਰੋ ਜੀ ।

**ਸ਼੍ਰੀ ਤਿਕਸ਼ਨ ਸੂਦ** : ਮੈਂ ਸਵਾਲ ਹੀ ਕਰ ਰਿਹਾ ਹਾਂ ਜੀ । ਉਹ ਨਜਾਇਜ਼ ਢੰਗ ਨਾਲ ਉਨ੍ਹਾਂ ਤੋਂ ਪੈਸੇ ਲੈ ਕੇ ਉਨ੍ਹਾਂ ਨੂੰ ਐਡਜਸਟ ਕਰਦੇ ਹਨ । ਮੈਂ ਮੰਤਰੀ ਜੀ ਤੋਂ ਸਿਰਫ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਸ ਤਰ੍ਹਾਂ ਦੇ ਸਵਾਲ ਅਤੇ ਸ਼ਿਕਾਇਤਾਂ ਆਉਂਦੀਆਂ ਹਨ ਤਾਂ ਇਹ ਨੋਟਿਸ ਦੇ ਦਿੰਦੇ ਹਨ । ਪਰ ਕੀ ਉਹ ਇਸ ਗੱਲ ਦੀ ਪਰਾਪਰ ਇਨਕੁਆਇਰੀ ਕਰਵਾਉਣਗੇ ਕਿ ਜਿਹੜੇ ਅਫ਼ਸਰ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਨਜਾਇਜ਼ ਕਬਜ਼ੇ ਕਰਵਾਏ ਹਨ.........

**ਮਾਨਯੋਗ ਸਪੀਕਰ** : ਉਨ੍ਹਾਂ ਦੇ ਖਿਲਾਫ ਕੀ ਇਨਕੁਆਇਰੀ ਕੀਤੀ ਹੈ, ਇਹੀ ਪੁੱਛਣਾ ਚਾਹੁੰਦੇ ਹੋ ?

**ਸ਼੍ਰੀ ਤਿਕਸ਼ਨ ਸੂਦ** : ਮੇਰਾ ਸਵਾਲ ਹੈ ਕਿ ਕੀ ਉਨ੍ਹਾਂ ਦੇ ਖਿਲਾਫ ਕਾਰਵਾਈ ਹੋਵੇਗੀ ? ਕ੍ਰਿਪਾ ਕਰਕੇ ਇਹ ਐਸ਼ਿਓਰ ਕਰਵਾਉਣ ਕਿ ਨੋਟਿਸ ਦੇਣ ਦੀ ਗੱਲ ਛੱਡ ਕੇ, ਉਨ੍ਹਾਂ ਦੇ ਖਿਲਾਫ ਜਲਦੀ ਤੋਂ ਜਲਦੀ ਪਬਲਿਕ ਪਰਮਿਸਿਜ਼ ਐਕਟ ਦੇ ਹੇਠ ਸਾਰੇ ਕੇਸ ਕਰਕੇ, ਕੀ ਉਨ੍ਹਾਂ ਤੋਂ ਨਜਾਇਜ਼ ਕਬਜ਼ੇ ਛੁਡਵਾਏ ਜਾਣਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਅਫ਼ਸਰਾਂ ਨੇ ਨਜਾਇਜ਼ ਕਬਜ਼ੇ ਕੀਤੇ ਹਨ, ਉਹ ਹੁਣ ਰਹੇ ਹੀ ਨਹੀਂ ਹਨ । ਉਨ੍ਹਾਂ ਵਿਚੋਂ ਕੁਝ ਤਾਂ ਦੁਨੀਆਂ ਦੇ ਵਿਚੋਂ ਚਲੇ ਗਏ ਹਨ ਅਤੇ ਕੁਝ ਰਿਟਾਇਰ ਹੋ ਗਏ ਹਨ । ਉਨ੍ਹਾਂ ਦੇ ਖਿਲਾਫ ਹੁਣ ਕੀ ਕਾਰਵਾਈ ਕਰ ਸਕਦੇ ਹਾਂ ? (ਹਾਸਾ) ਦੂਸਰੀ ਗੱਲ ਜਿਹੜੀ ਕਬਜ਼ੇ ਖਾਲੀ ਕਰਵਾਉਣ ਦੀ ਹੈ, ਇਸ ਬਾਰੇ ਹਾਈ ਕੋਰਟ ਨੇ ਆਰਡਰ ਕਰ ਦਿੱਤੇ ਹਨ ਕਿ ਸਬੰਧਤ ਜ਼ਿਲ੍ਹੇ ਦੇ ਡੀ.ਸੀ. ਇਹੋ ਜਿਹੇ ਨਜਾਇਜ਼ ਕਬਜ਼ੇ ਖਾਲੀ ਕਰਵਾਉਣਗੇ । ਅਸੀਂ ਉਨ੍ਹਾਂ ਨੂੰ ਕਹਿ ਦਿੱਤਾ ਹੈ ਔਰ ਜਲਦੀ ਤੋਂ ਜਲਦੀ ਨਜਾਇਜ਼ ਕਬਜ਼ੇ ਖਾਲੀ ਕਰਵਾਏ ਜਾਣਗੇ ।

**ਸ਼੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਸਾਰੇ ਸਦਨ ਦੇ ਵਿਚ ਗਲਤ ਇਨਫਰਮੇਸ਼ਨ ਆ ਰਹੀ ਹੈ । ਉਹ ਅਫ਼ਸਰ ਹੁਣ ਸਭ ਤੋਂ ਵੱਡੇ ਅਫ਼ਸਰ ਬਣੇ ਬੈਠੇ ਹਨ, ਮੈਂ ਉਨ੍ਹਾਂ ਦਾ ਨਾਂ ਨਹੀਂ ਲੈਣਾ ਚਾਹੁੰਦਾ । ਸਾਲ 1992 ਤੋਂ ਲੈ ਕੇ ਇਮਾਰਤਾਂ ਵੀ ਕਿਰਾਏ ਤੇ ਦੇ ਰਹੇ ਹਨ ਅਤੇ ਕਿਰਾਏ ਵੀ ਵਧਾਏ ਜਾ ਰਹੇ ਹਨ, ਇਹੋ ਜਿਹਾ ਸਭ ਕੁਝ ਹੋ ਰਿਹਾ ਹੈ ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁਛੋ ।

**ਸ਼੍ਰੀ ਤਿਕਸ਼ਨ ਸੂਦ** : ਮੈਂ ਇਹੀ ਪੁੱਛ ਰਿਹਾ ਹਾਂ ਕਿ ਇਹ ਉਨ੍ਹਾਂ ਨੂੰ ਪ੍ਰੋਟੈਕਟ ਕਿਉਂ ਕਰ ਰਹੇ ਹਨ ? ਇਸ ਦੇ ਵਿਚ ਇਨ੍ਹਾਂ ਨੂੰ ਕੀ ਇੰਟਰਸਟ ਹੈ ? ਮੈਨੂੰ ਤਾਂ ਸਮਝ ਨਹੀਂ

Original with;
Punjab Vidhan Sabha
Digitized by;
Panjab Digital Library

ਆ ਰਿਹਾ ਔਰ ਕੀ ਇਨ੍ਹਾਂ ਨੇ ਉਨ੍ਹਾਂ ਨੂੰ ਆਈਡੈਂਟੀਫਾਈ ਕਰ ਲਿਆ ਹੈ ? 1982 ਤੋਂ ਲੈ ਕੇ ਉਨ੍ਹਾਂ ਦੇ ਖਿਲਾਫ ਕੀ ਕਾਰਵਾਈ ਕੀਤੀ ਗਈ ? ਕੀ ਇਹ ਆਈਡੈਂਟੀਫਾਈ ਕਰ ਲਿਆ ਗਿਆ ਹੈ ਕਿ ਉਨ੍ਹਾਂ ਵਿਚੋਂ ਕਿਹੜੇ-ਕਿਹੜੇ ਅਫ਼ਸਰ ਮਰ ਗਏ ਹਨ ਅਤੇ ਕਿਹੜੇ-ਕਿਹੜੇ ਰਿਟਾਇਰ ਹੋ ਗਏ ਹਨ ਜਾਂ ਸਰਵਿਸ ਦੇ ਵਿਚ ਹਨ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਦੇ ਵਿਚੋਂ ਇੱਕ ਅਫਸਰ ਹੈ ਸ਼੍ਰੀ ਟੀ.ਐਸ. ਨੇਗੀ, ਨਿਗਰਾਨ ਇੰਜੀਨੀਅਰ, ਇਹ ਸਾਲ 1990 ਦੇ ਵਿਚ ਰਿਟਾਇਰ ਹੋ ਚੁੱਕਾ ਹੈ । ਦੂਜਾ ਸ਼੍ਰੀ ਜੀ.ਐਸ. ਬਹਿਲ, ਕਾਰਜਕਾਰੀ ਇੰਜੀਨੀਅਰ, ਇਹ ਸਾਲ 1984 ਦੇ ਵਿਚ ਰਿਟਾਇਰ ਹੋ ਚੁੱਕਾ ਹੈ ਅਤੇ ਸਵਰਗਵਾਸ ਵੀ ਹੋ ਚੁੱਕਾ ਹੈ । ਤੀਜਾ, ਸ਼੍ਰੀ ਵਾਈ. ਐਸ. ਭਾਟੀਆ, ਉਪ ਮੰਡਲ ਅਫਸਰ, ਇਹ ਸਾਲ 1984 ਦੇ ਵਿਚ ਰਿਟਾਇਰ ਹੋ ਚੁੱਕਾ ਹੈ । ਚੌਥਾ, ਸ਼੍ਰੀ ਪੀ.ਐਸ. ਬਹਿਲ, ਜੇ.ਈ., ਇਹ ਸਾਲ 1986 ਦੇ ਵਿਚ ਰਿਟਾਇਰ ਹੋ ਚੁੱਕਾ ਹੈ । ਇਨ੍ਹਾਂ ਸਭਨਾਂ ਨੂੰ ਰਿਟਾਇਰ ਹੋਇਆਂ ਨੂੰ ਚਾਰ ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਿਆ ਹੈ । ਇਨ੍ਹਾਂ ਦੇ ਖਿਲਾਫ ਪੰਜਾਬ ਸਿਵਲ ਸੇਵਾਵਾਂ ਦੇ ਰੂਲ 2.2 ਦੇ ਅਧੀਨ ਹੁਣ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ ।

**ਸ਼੍ਰੀ ਤ੍ਰਿਕਸ਼ਨ ਸੂਦ :** ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਕਈ ਅਫਸਰ ਰਿਟਾਇਰ ਹੋ ਗਏ ਹਨ ਔਰ ਇਨ੍ਹਾਂ ਨੇ ਅਫ਼ਸਰਾਂ ਨੂੰ ਆਈਡੈਂਟੀਫਾਈ ਵੀ ਕੀਤਾ ਹੈ । ਕੀ ਇਹ ਉਨ੍ਹਾਂ ਅਫਸਰਾਂ ਦੇ ਖਿਲਾਫ ਡਿਪਾਰਟਮੈਂਟਲ ਇਨਕੁਆਰੀ ਕਰਨਗੇ ਜਾਂ ਉਨ੍ਹਾਂ ਖਿਲਾਫ ਵਿਜੀਲੈਂਸ ਇਨਕੁਆਰੀ ਕਰਵਾਉਣ ਨੂੰ ਤਿਆਰ ਹਨ ?

**ਮਾਨਯੋਗ ਸਪੀਕਰ :** ਮੰਤਰੀ ਜੀ, ਕੀ ਰਿਟਾਇਰ ਹੋਣ ਉਪਰੰਤ ਕੋਈ ਕਾਰਵਾਈ ਕਰ ਸਕਦੇ ਹੋ ?

**ਸ਼੍ਰੀ ਤ੍ਰਿਕਸ਼ਨ ਸੂਦ :** ਮਾਨਯੋਗ ਸਪੀਕਰ ਸਾਹਿਬ, ਇਸ ਮਾਮਲੇ ਵਿੱਚ ਚੀਫ ਇੰਜੀਨੀਅਰ ਵੀ ਸ਼ਾਮਲ ਹੈ । ਕੀ ਇਹ ਇਸ ਮਾਮਲੇ ਵਿੱਚ ਚੀਫ ਇੰਜੀਨੀਅਰ ਖਿਲਾਫ ਇਨਕੁਆਰੀ ਕਰਨ ਨੂੰ ਤਿਆਰ ਹਨ ?

**ਮਾਨਯੋਗ ਸਪੀਕਰ :** ਜਿਹੜੇ ਅਫ਼ਸਰ ਰਿਟਾਇਰ ਹੋ ਗਏ ਹਨ, ਕੀ ਮੰਤਰੀ ਜੀ ਤੁਸੀਂ ਉਨ੍ਹਾਂ ਖਿਲਾਫ ਕਾਰਵਾਈ ਕਰ ਸਕਦੇ ਹੋ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਜਿਹੜੇ ਅਫ਼ਸਰ ਚਾਰ ਸਾਲ ਪਹਿਲਾਂ ਰਿਟਾਇਰ ਹੋਏ ਹੋਣ, ਉਨ੍ਹਾਂ ਖਿਲਾਫ ਕਾਰਵਾਈ ਨਹੀਂ ਹੋ ਸਕਦੀ । ਇਹ ਪਿਛਲੇ ਪੰਜ ਸਾਲ ਸੁੱਤੇ ਰਹੇ ਹਨ ! ਇਨ੍ਹਾਂ ਨੇ ਆਪਣੇ ਵੇਲੇ ਕਿਉਂ ਨਹੀਂ ਕਾਰਵਾਈ ਕੀਤੀ ?

**MR. SPEAKER :** Questions are over. Now, we will take the next item of the Agenda.

---

Original with;
Punjab Vidhan Sabha
Digitized by;

## UNSTARRED QUESTIONS AND ANSWERS

### ਪੰਜਾਬ ਸੈਰ-ਸਪਾਟਾ ਵਿਕਾਸ ਕਾਰਪੋਰੇਸ਼ਨ ਵਿਚ ਆਸਾਮੀਆਂ ਦੀ ਗਿਣਤੀ

88. **ਸਰਦਾਰ ਗਗਨਜੀਤ ਸਿੰਘ ਬਰਨਾਲਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਸੈਰ-ਸਪਾਟਾ ਵਿਕਾਸ ਕਾਰਪੋਰੇਸ਼ਨ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਮਿਤੀ ਅੰਤ ਤਕ ਇਸ ਵਿਚ ਸਾਲਵਾਰ ਅਤੇ ਸ਼੍ਰੇਣੀਵਾਰ ਆਸਾਮੀਆਂ ਦੀ ਗਿਣਤੀ ਕਿੰਨੀ-ਕਿੰਨੀ ਰਹੀ ?

**ਕੈਪਟਨ ਅਮਰਿੰਦਰ ਸਿੰਘ** : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਅਨੁਲੱਗ ਅਨੁਸਾਰ ਰੱਖੀ ਜਾਂਦੀ ਹੈ ।

**ਅਨੁਲੱਗ**

ਪੰਜਾਬ ਯਾਤਰਾ ਵਿਕਾਸ ਨਿਗਮ ਮਿਤੀ 1-4-1979 ਨੂੰ ਸਥਾਪਤ ਕੀਤੀ ਗਈ ਸੀ । ਲੋੜੀਂਦੀ ਸੂਚਨਾ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਸਾਲ | ਕੈਟਾਗਰੀ | | | | ਦਿਹਾੜੀਦਾਰ | ਜੋੜ |
|---|---|---|---|---|---|---|---|
| | | ਏ. | ਬੀ. | ਸੀ. | ਡੀ. | | |
| 1 | 2 | 3 | 4 | 5 | 6 | 7 | 8 |
| 1. | 1979-80 | 3 | 2 | 81 | 169 | 51 | 306 |
| 2. | 1980-81 | 5 | 8 | 110 | 224 | 64 | 411 |
| 3. | 1981-82 | 5 | 8 | 138 | 226 | 100 | 477 |
| 4. | 1982-83 | 5 | 10 | 150 | 193 | 147 | 505 |
| 5. | 1983-84 | 5 | 10 | 142 | 178 | 111 | 446 |
| 6. | 1984-85 | 3 | 12 | 142 | 166 | — | 323 |
| 7. | 1985-86 | 3 | 12 | 142 | 184 | — | 341 |
| 8. | 1986-87 | 3 | 12 | 142 | 212 | — | 369 |
| 9. | 1987-88 | 3 | 12 | 142 | 228 | 90 | 475 |
| 10. | 1988-89 | 3 | 11 | 141 | 215 | 63 | 453 |

Original with;
Punjab Vidhan Sabha
Digitized by:
Panjab Digital Library

| 1 | 2 | 3 | 4 | 5 | 6 | 7 | 8 |
|---|---|---|---|---|---|---|---|
| 11. | 1989-90 | 3 | 11 | 141 | 231 | 94 | 480 |
| 12. | 1990-91 | 3 | 11 | 141 | 325 | 14 | 494 |
| 13. | 1991-92 | 3 | 11 | 141 | 319 | 14 | 488 |
| 14. | 1992-93 | 3 | 11 | 141 | 319 | 14 | 488 |
| 15. | 1993-94 | 3 | 10 | 144 | 315 | 18 | 490 |
| 16. | 1994-95 | 3 | 10 | 220 | 239 | 20 | 492 |
| 17. | 1995-96 | 3 | 06 | 220 | 263 | 74 | 566 |
| 18. | 1996-97 | 3 | 06 | 218 | 260 | 74 | 561 |
| 19. | 1997-98 | 3 | 06 | 215 | 257 | 72 | 553 |
| 20. | 1998-99 | 3 | 03 | 215 | 256 | 70 | 547 |
| 21. | 1999-00 | 3 | 05 | 214 | 247 | 68 | 537 |
| 22. | 2000-01 | 2 | 06 | 212 | 240 | 65 | 525 |
| 23. | 2001-02 | 2 | 07 | 210 | 228 | 63 | 510 |
| 24. | 2002-03 | 1 | 07 | 209 | 218 | 63 | 498 |

——

## ਸਾਲਾਨਾ ਯੋਜਨਾ 2002-03 ਲਈ ਕੇਂਦਰੀ ਸਹਾਇਤਾ

89. **ਸਰਦਾਰ ਗਗਨਜੀਤ ਸਿੰਘ ਬਰਨਾਲਾ** : ਕੀ ਵਿੱਤ ਅਤੇ ਯੋਜਨਾਬੰਦੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕੇਂਦਰ ਸਰਕਾਰ ਨੇ 2002-03 ਲਈ ਸਾਲਾਨਾ ਯੋਜਨਾ ਨੂੰ ਲਾਗੂ ਕਰਨ ਲਈ ਰਾਜ ਸਰਕਾਰ ਨੂੰ ਵਿੱਤੀ ਸਹਾਇਤਾ ਦਿੱਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਸਦੀ ਰਕਮ ਕਿੰਨੀ ਹੈ ਅਤੇ ਅਜਿਹੀ ਸਹਾਇਤਾ ਲਈ ਕੀ ਸ਼ਰਤਾਂ ਹਨ ?

**ਸਰਦਾਰ ਲਾਲ ਸਿੰਘ** : ਯੋਜਨਾ ਕਮਿਸ਼ਨ ਸਮੂਹ ਰਾਜਾਂ ਦੀਆਂ ਸਾਲਾਨਾ ਯੋਜਨਾਵਾਂ ਲਾਗੂ ਕਰਨ ਲਈ ਹਰ ਸਾਲ ਕੇਂਦਰੀ ਸਹਾਇਤਾ ਮਨਜ਼ੂਰ ਕਰਦਾ ਹੈ ਜੋ ਕਿ ਗੈਰ-

Original with;
Punjab Vidhan Sabha
Panjab Digital Library

[ਵਿੱਤ ਮੰਤਰੀ]

ਵਿਸ਼ੇਸ਼ ਸ਼੍ਰੇਣੀ ਰਾਜਾਂ ਜਿਨ੍ਹਾਂ ਵਿਚੋਂ ਪੰਜਾਬ ਵੀ ਹੈ, ਲਈ 70 ਪ੍ਰਤੀਸ਼ਤ ਕਰਜ਼ਾ ਅਤੇ 30 ਪ੍ਰਤੀਸ਼ਤ ਗ੍ਰਾਂਟ ਹੁੰਦੀ ਹੈ। ਸਾਲ 2002-03 ਦੀ ਸਾਲਾਨਾ ਯੋਜਨਾ ਨੂੰ ਲਾਗੂ ਕਰਨ ਲਈ ਪੰਜਾਬ ਲਈ ਯੋਜਨਾ ਕਮਿਸ਼ਨ ਵਲੋਂ 964.62 ਕਰੋੜ ਰੁਪਏ ਕੇਂਦਰੀ ਸਹਾਇਤਾ ਵਜੋਂ ਪ੍ਰਵਾਨ ਕੀਤੇ ਗਏ। ਇਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| | | (ਰੁਪਏ ਕਰੋੜਾਂ ਵਿਚ) |
|---|---|---|
| (i) | ਆਮ ਕੇਂਦਰੀ ਸਹਾਇਤਾ | 277.35 |
| (ii) | ਦੂਸਰੇ ਦੇਸ਼ਾਂ ਦੀ ਮਦਦ ਨਾਲ ਚੱਲਣ ਵਾਲੇ ਪ੍ਰਾਜੈਕਟਾਂ ਲਈ ਕੇਂਦਰੀ ਸਹਾਇਤਾ | 246.07 |
| (iii) | ਹੋਰ | 441.20 |
| | a) ਪੀ.ਐਮ.ਜੀ.ਵਾਈ. (ਪੇਂਡੂ ਸੜਕਾਂ ਤੋਂ ਬਿਨਾ) | 44.42 |
| | b) ਏ.ਆਈ.ਬੀ.ਪੀ. | 150.00 |
| | c) ਪੁੱਲ ਅਤੇ ਸੜਕਾਂ | 40.43 |
| | d) ਗੰਦੀਆਂ ਬਸਤੀਆਂ ਦਾ ਸੁਧਾਰ | 9.42 |
| | e) ਬੀ.ਏ.ਡੀ.ਪੀ. | 10.08 |
| | f) ਐਨ.ਐਸ.ਏ.ਪੀ. | 4.88 |
| | g) ਏ.ਪੀ.ਡੀ.ਆਰ.ਪੀ. | 124.52 |
| | h) ਆਈ.ਐਸ.ਯੂ.ਆਈ. | 14.45 |
| | i) ਅਨੁਸੂਚਿਤ ਜਾਤੀਆਂ ਲਈ ਘਰ | 10.00 |
| | j) ਸੀਮਾਵਰਤੀ ਪਿੰਡਾਂ ਲਈ | 20.00 |
| | k) ਮੈਡੀਕਲ ਅਤੇ ਡੈਂਟਲ ਕਾਲਜ | 13.00 |
| | ਜੋੜ: (i+ii+iii) | 964.62 |

Original with;
Punjab Vidhan Sabha
Digitized by;

27 ਜਨਵਰੀ, 2003 ਤੱਕ ਪੰਜਾਬ ਨੂੰ 964.62 ਕਰੋੜ ਰੁਪਏ ਵਿਚੋਂ 479.09 ਕਰੋੜ ਰੁਪਏ (331.93 ਕਰੋੜ ਰੁਪਏ ਕਰਜ਼ਾ ਅਤੇ 147.16 ਕਰੋੜ ਰੁਪਏ ਗ੍ਰਾਂਟ) ਕੇਂਦਰੀ ਸਹਾਇਤਾ ਵਜੋਂ ਪ੍ਰਾਪਤ ਹੋਈ ਹੈ ।

ਕੇਂਦਰੀ ਸਹਾਇਤਾ ਲਈ ਹੇਠ ਲਿਖੀਆਂ ਸ਼ਰਤਾਂ ਮਿੱਥੀਆਂ ਗਈਆਂ ਹਨ :—

(ੳ) ਇਨ੍ਹਾਂ ਕਰਜ਼ਿਆਂ ਤੇ 11.50 ਪ੍ਰਤੀਸ਼ਤ ਵਿਆਜ ਲਿਆ ਜਾਣਾ ਹੈ ।

(ਅ) ਇਹ ਕਰਜ਼ਾ 20 ਸਾਲਾਂ ਵਿਚ ਬਰਾਬਰ ਦੀਆਂ 20 ਵਾਰਸ਼ਿਕ ਕਿਸ਼ਤਾਂ ਵਿਚ ਮੋੜਿਆ ਜਾਣਾ ਹੈ ਅਤੇ ਇਸ ਤੇ ਅਗਲੇ ਸਾਲ ਤੋਂ ਵਿਆਜ ਦੀ ਅਦਾਇਗੀ ਕੀਤੀ ਜਾਣੀ ਹੈ । ਇਸ ਵਿਚੋਂ 50 ਪ੍ਰਤੀਸ਼ਤ ਹਿੱਸੇ ਤੇ 5 ਸਾਲ ਦਾ ਗਰੇਸ ਦਾ ਸਮਾਂ ਹੁੰਦਾ ਹੈ ਅਤੇ ਇਸ ਦੀ 15 ਬਰਾਬਰ ਦੀਆਂ ਵਾਰਸ਼ਿਕ ਕਿਸ਼ਤਾਂ ਵਿਚ ਅਦਾਇਗੀ ਕੀਤੀ ਜਾਣੀ ਹੈ । ਹਰ ਸਾਲ ਦਿਤੀ ਜਾਣ ਵਾਲੀ ਰਕਮ ਜੂਨ ਅਤੇ ਮਾਰਚ ਤੱਕ ਹਰ ਮਹੀਨੇ ਦੀ 15 ਤਾਰੀਕ ਤੱਕ 10 ਬਰਾਬਰ ਦੀਆਂ ਕਿਸ਼ਤਾਂ ਵਿਚ ਕੱਟੀ ਜਾਂਦੀ ਹੈ ।

(ੲ) ਕਰਜ਼ੇ ਜਾਂ ਵਿਆਜ ਦੀ ਰਕਮ ਦੀ ਸਮੇਂ ਸਿਰ ਅਦਾਇਗੀ ਨਾ ਹੋਣ ਤੇ 14.25 ਪ੍ਰਤੀਸ਼ਤ ਦੀ ਦਰ ਨਾਲ ਵਿਆਜ ਲਗਦਾ ਹੈ ।

---

## MATTERS RAISED DURING ZERO HOUR

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਇਕ ਬੜੀ ਦੁੱਖਦਾਈ ਘਟਨਾ ਦਾ ਜ਼ਿਕਰ ਕਰਨ ਲੱਗਾ ਹਾਂ । ਅੱਜ ਪੰਜਾਬ ਅੰਦਰ ਨਾ ਕੋਈ ਅਮਨ ਰਿਹਾ ਹੈ ਤੇ ਨਾ ਹੀ ਲਾਅ ਐਂਡ ਆਰਡਰ ਰਿਹਾ ਹੈ । ਇਥੇ ਨਾ ਕੋਈ ਅਪੀਲ ਰਹੀ ਹੈ, ਨਾ ਕੋਈ ਦਲੀਲ ਰਹੀ ਹੈ । ਐਸਾ ਵਾਤਾਵਰਨ ਇਥੇ ਪੈਦਾ ਹੋ ਗਿਆ ਹੈ ਕਿ ਜਮਹੂਰੀਅਤ ਦੀਆਂ ਅਤੇ ਸੰਵਿਧਾਨਿਕ ਤੌਰ ਤਰੀਕਿਆਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ । ਮਾਨਯੋਗ ਸਪੀਕਰ ਸਾਹਿਬ, ਰਾਜਪੁਰਾ ਬਲਾਕ ਸੰਮਤੀ ਦੀਆਂ ਚੋਣਾਂ ਹੋਈਆਂ ਔਰ ਉਨ੍ਹਾਂ ਚੋਣਾਂ ਵਿੱਚ ਜੋ ਕੁਝ ਹੋਇਆ, ਉਹ ਮੈਂ ਦੱਸਣਾ ਚਾਹੁੰਦਾ ਹਾਂ ।

**ਮਾਨਯੋਗ ਸਪੀਕਰ** : ਚੋਣਾਂ ਤੇ ਤਾਂ ਪਹਿਲਾਂ ਬਹਿਸ ਹੋ ਚੁੱਕੀ ਹੈ ਹੁਣ ਤੁਸੀਂ ਕੋਈ ਹੋਰ ਗੱਲ ਕਰੋ ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਇਹ ਕਲ੍ਹ ਦੀ ਘਟਨਾ ਹੈ । ਬਲਾਕ ਸੰਮਤੀ ਦੀ ਚੋਣ ਵਿੱਚ ਮੈਜਾਰਿਟੀ ਸਾਡੀ ਪਾਰਟੀ ਅਤੇ ਅਜ਼ਾਦ ਉਮੀਦਵਾਰਾਂ ਦੀ ਸੀ ਪਰ ਪੰਜਾਬ ਸਰਕਾਰ ਦੇ ਆਦੇਸ਼ਾਂ ਮੁਤਾਬਕ ਬਲਾਕ ਸੰਮਤੀ ਦੇ ਅਹੁਦੇਦਾਰਾਂ ਦੀਆਂ ਚੋਣਾਂ ਦੋ ਵਾਰ ਮੁਲਤਵੀ ਹੋਈਆਂ ਕਿਉਂਕਿ ਕਾਂਗਰਸ ਪਾਰਟੀ ਕੋਲ ਮੈਜਾਰਿਟੀ ਨਹੀਂ ਸੀ ਔਰ ਇਨ੍ਹਾਂ ਨੇ ਕੋਈ ਨਾ ਕੋਈ ਬਹਾਨਾ ਲਗਾ ਕੇ ਇਨ੍ਹਾਂ ਚੋਣਾਂ ਨੂੰ ਪੋਸਟਪੋਨ ਕਰ ਦਿੱਤਾ । ਮੈਂ ਆਪਣੇ ਹਲਕੇ ਦੀ ਗੱਲ ਕਰ ਰਿਹਾ ਹਾਂ । ਮਾਨਯੋਗ ਸਪੀਕਰ ਸਾਹਿਬ, ਚੋਣਾਂ ਬਾਰੇ ਮੈਂ ਦੱਸਣ ਲੱਗਾ ਹਾਂ ਕਿ ਕੀ ਹੋਇਆ ਹੈ ?

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਤੁਸੀਂ ਬੈਠ ਜਾਓ । ਤੁਹਾਡੀ ਗੱਲ ਆ ਗਈ ਹੈ ।

**ਕੈਪਟਨ ਕੰਵਲਜੀਤ ਸਿੰਘ :** ਮਾਨਯੋਗ ਸਪੀਕਰ ਸਾਹਿਬ, ਜ਼ੀਰੋ ਆਵਰ ਚੱਲ ਰਿਹਾ ਹੈ । ਇੱਕ ਘੰਟਾ ਜ਼ੀਰੋ ਆਵਰ ਦਾ ਹੈ । ਮੈਨੂੰ ਆਪਣੀ ਗੱਲ ਕਹਿ ਲੈਣ ਦਿਓ ।

**ਮਾਨਯੋਗ ਸਪੀਕਰ :** ਤੁਹਾਡੀ ਗੱਲ ਹਾਊਸ ਵਿੱਚ ਆ ਗਈ ਹੈ । ਅਸੀਂ ਹੋਰ ਵੀ ਲੈਜਿਸਲੇਟਿਵ ਬਿਜ਼ਨਸ ਟੇਕ-ਅੱਪ ਕਰਨਾ ਹੈ ।

**ਕੈਪਟਨ ਕੰਵਲਜੀਤ ਸਿੰਘ :** ** ** **

**ਮਾਨਯੋਗ ਸਪੀਕਰ :** ਜੋ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਿਹਾ ਜਾ ਰਿਹਾ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ ।)

I have already given maximum time. ਹੁਣ ਤੁਸੀਂ ਕ੍ਰਿਪਾ ਕਰਕੇ ਬੈਠ ਜਾਉ ।

**ਕੈਪਟਨ ਕੰਵਲਜੀਤ ਸਿੰਘ :** ** ** **

**ਮਾਨਯੋਗ ਸਪੀਕਰ :** ਤੁਸੀਂ ਤਸ਼ਰੀਫ ਰੱਖੋ, ਪਲੀਜ਼ ।

**ਕੈਪਟਨ ਕੰਵਲਜੀਤ ਸਿੰਘ :** ** ** **

**MR. SPEAKER :** Resume your seat. Why are you forcing me to expunge ? Please resume your seat, otherwise I will expunge all this. (ਵਿਘਨ) ਜੋ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਜਾ ਰਿਹਾ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ ।

ਜੋ ਕੁਝ ਵੀ ਚੇਅਰ ਦੀ ਮਰਜ਼ੀ ਬਿਨਾਂ ਕਿਹਾ ਜਾ ਰਿਹਾ ਹੈ ਉਹ ਐਕਸਪੰਜ ਕਰ ਦਿੱਤਾ ਜਾਵੇ । ਕਾਲ ਅਟੈਨਸ਼ਨ ਨੋਟਿਸ, ਕੈਪਟਨ ਬਲਬੀਰ ਸਿੰਘ ਬਾਠ । (ਵਿਘਨ) (ਸ਼ੋਰ)

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ :** ਸਰ, ਇਹ ਵਧਾ ਚੜ੍ਹਾ ਕੇ ਕਹਿ ਰਹੇ ਹਨ ਜਿਸ ਵਿਚ ਕੋਈ ਸਚਾਈ ਨਹੀਂ ।

---

**Expunged as ordered by the Chair.

Original with;
Punjab Vidhan Sabha
Digitized by;

**ਮਾਨਯੋਗ ਸਪੀਕਰ :** ਕੈਪਟਨ ਬਲਬੀਰ ਸਿੰਘ ਬਾਠ ਤੁਸੀਂ ਆਪਣੀ ਕਾਲ ਅਟੈਨਸ਼ਨ ਪੜ੍ਹੋ । . (ਵਿਘਨ) ..

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਮਾਨਯੋਗ ਸਪੀਕਰ ਸਾਹਿਬ, ਸਰਕਾਰ ਤੋਂ ਜਵਾਬ ਦਿਵਾਉ ।...(ਵਿਘਨ)

**ਮਾਨਯੋਗ ਸਪੀਕਰ :** ਜਵਾਬ ਦੇਣਾ ਕੋਈ ਜ਼ਰੂਰੀ ਨਹੀਂ ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਕਿਸੇ ਗੱਲ ਵਿਚ ਕੋਈ ਸਚਾਈ ਨਹੀਂ । ਸਾਰੀਆਂ ਗੱਲਾਂ ਵਧਾ ਚੜ੍ਹਾ ਕੇ ਕਹੀਆਂ ਗਈਆਂ ਹਨ ।...(ਵਿਘਨ)..(ਸ਼ੋਰ) ..

---

## WALK OUT

(ਇਸ ਸਮੇਂ ਕੈਪਟਨ ਬਲਬੀਰ ਸਿੰਘ ਬਾਠ, ਮੈਂਬਰ, ਸ਼੍ਰੋਮਣੀ ਅਕਾਲੀ ਦਲ ਦੇ ਸਿਵਾਏ ਸਦਨ ਵਿਚ ਹਾਜ਼ਰ ਸ਼੍ਰੋਮਣੀ ਅਕਾਲੀ ਦਲ ਦੇ ਸਮੂਹ ਮੈਂਬਰ ਸਾਹਿਬਾਨ ਅਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ ਸਾਹਿਬਾਨ ** ** ** ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ ।)

**ਮਾਨਯੋਗ ਸਪੀਕਰ :** ਜੋ ਕੁਝ ਵੀ ਇਜਾਜ਼ਤ ਤੋਂ ਬਿਨਾਂ ਸਲੋਗਨ ਲੱਗ ਰਹੇ ਹਨ ਔਰ ਡੈਮੋਂਸਟ੍ਰੇਸ਼ਨ ਕਰ ਰਹੇ ਹਨ, ਕੋਈ ਰਿਕਾਰਡ ਨਾ ਕੀਤਾ ਜਾਵੇ । **All expunged.**

---

## CALL ATTENTION NOTICE UNDER RULE 66

### (Sr. No. 33)

**ਕੈਪਟਨ ਬਲਬੀਰ ਸਿੰਘ ਬਾਠ :** ਮਾਨਯੋਗ ਸਪੀਕਰ ਸਾਹਿਬ, ਮੈਨੂੰ ਬੋਲਣ ਦਾ ਮੌਕਾ ਦਿੱਤਾ ਜਾਵੇ । ਮੈਂ ਆਪਣੀ ਸੀਟ ਤੇ ਖੜ੍ਹਾ ਹਾਂ, ਮੈਨੂੰ ਬੋਲਣ ਦੀ ਇਜਾਜ਼ਤ ਦਿੱਤੀ ਜਾਵੇ ।

**ਮਾਨਯੋਗ ਸਪੀਕਰ :** ਬੋਲ ਲਓ, ਬੋਲ ਲਓ । ਕੈਪਟਨ ਸਾਹਿਬ, ਤੁਸੀਂ ਆਪਣੀ ਕਾਲ ਅਟੈਨਸ਼ਨ ਤੇ ਬੋਲ ਲਓ ।

**ਕੈਪਟਨ ਬਲਬੀਰ ਸਿੰਘ ਬਾਠ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ । ਮਾਨਯੋਗ ਸਪੀਕਰ ਸਾਹਿਬ, ਮੈਂ ਬਹੁਤ ਹੀ ਮਹੱਤਵ ਵਾਲਾ ਮੁੱਦਾ ਆਪ ਜੀ ਦੇ ਰਾਹੀਂ ਹਾਊਸ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਿੱਖਿਆ ਵਿਭਾਗ ਵਲੋਂ ਪੀ. ਈ. ਐਸ. ਕਲਾਸ-1 ਰੂਲਜ਼ ਦੇ ਮੁਤਾਬਿਕ ਮੁੱਖ ਅਧਿਆਪਕਾਂ ਦੀ ਨਿਯੁਕਤੀ ਲਈ 25% ਕੋਟਾ ਸਿੱਧੀ/ਪਬਲਿਕ ਸਰਵਿਸ ਕਮਿਸ਼ਨ ਰਾਹੀਂ ਭਰਿਆ ਜਾਣਾ

*Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਕੈਪਟਨ ਬਲਬੀਰ ਸਿੰਘ ਬਾਠ]

ਜ਼ਰੂਰੀ ਹੈ ਪਰ ਸਿੱਖਿਆ ਵਿਭਾਗ ਵਿੱਚ ਤਰੱਕੀ ਰਾਹੀਂ ਮਾਸਟਰਾਂ ਤੋਂ ਬਤੌਰ ਹੈਡ ਮਾਸਟਰ ਰਾਹੀਂ ਤਰੱਕੀਆਂ ਧੜਾ-ਧੜ ਕੀਤੀਆਂ ਜਾ ਰਹੀਆਂ ਹਨ ਜਿਸ ਕਾਰਨ ਪੰਜਾਬ ਦੇ ਹਜ਼ਾਰਾਂ ਬੇ-ਰੁਜ਼ਗਾਰ ਅਤੇ ਹੋਣਹਾਰ ਉਮੀਦਵਾਰ ਜਿਨ੍ਹਾਂ ਨੇ ਪਰਾਪਰ ਢੰਗ ਨਾਲ ਚੁਣ ਕੇ ਆਉਣਾ ਸੀ, ਉਨ੍ਹਾਂ ਦੀ ਉਮਰ ਸੀਮਾ ਲੰਘਦੀ ਜਾ ਰਹੀ ਹੈ ਅਤੇ ਉਨ੍ਹਾਂ ਦਾ ਭਵਿੱਖ ਖਤਰੇ ਵਿਚ ਹੈ। ਕੀ ਇਸ ਸਬੰਧੀ ਵਿੱਦਿਆ ਮੰਤਰੀ ਸਾਹਿਬ ਬਿਆਨ ਦੇਣਗੇ ?

**ਸਕੂਲ ਸਿੱਖਿਆ ਮੰਤਰੀ (ਸ੍ਰੀ ਖੁਸ਼ਹਾਲ ਬਹਿਲ)** : ਮਾਨਯੋਗ ਸਪੀਕਰ ਸਾਹਿਬ, ਐਜੂਕੇਸ਼ਨ ਡਿਪਾਰਟਮੈਂਟ ਵਿਚ ਹੈਡਮਾਸਟਰਾਂ ਦੀਆਂ 1742 ਸੈਂਕਸ਼ਨਡ ਪੋਸਟਾਂ ਹਨ ਜਿਨ੍ਹਾਂ ਦਾ ਵੇਰਵਾ ਇਸ ਢੰਗ ਨਾਲ ਹੈ : ਟੋਟਲ ਪੋਸਟਸ 1742 ਔਰ ਇਸ ਦੇ ਵਿਚੋਂ 75% ਜਿਹੜੀਆਂ ਹਨ, ਉਹ ਪਰੋਪੋਰਸ਼ਨ ਦੇ ਰਾਹੀਂ ਫਿੱਲ ਕਰਨੀਆਂ ਹਨ, ਉਨ੍ਹਾਂ ਦਾ ਨੰਬਰ 1307 ਬਣਦਾ ਹੈ। ਬਾਕੀ ਪੋਸਟਾਂ 435 ਹਨ ਅਤੇ 25% ਦੇ ਮੁਤਾਬਿਕ ਜਿਹੜਾ ਨੰਬਰ ਹੈਡਮਾਸਟਰਾਂ ਦਾ ਹੈ, ਇਸ ਵੇਲੇ ਜੋ ਕੰਮ ਕਰ ਰਹੇ ਹਨ, ਉਹ 23 ਹੈ। ਖਾਲ੍ਹੀ ਪੋਸਟਾਂ ਬਾਕੀ ਰਹਿੰਦੀਆਂ 412 ਹਨ ਜਿਨ੍ਹਾਂ ਦੀ ਰਿਕੁਈਜ਼ੀਸ਼ਨ ਪਟਿਆਲਾ ਵਿਖੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਨੂੰ ਮਿਤੀ 12.9.1997 ਨੂੰ ਬਕਾਇਦਾ ਦੇ ਦਿੱਤੀ ਗਈ ਸੀ ਅਤੇ ਉਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ ਇਹ ਪੋਸਟਾਂ ਭਰ ਦਿਓ ਔਰ ਉਨ੍ਹਾਂ ਨੇ ਮਿਤੀ 9.6.2001 ਨੂੰ ਐਡਵਰਟਾਈਜ਼ਮੈਂਟ ਵੀ ਕੀਤੀਆਂ ਸਨ ਲੇਕਿਨ ਉਹ ਇੰਟਰਵਿਊ ਕਨਵੀਨ ਨਹੀਂ ਕਰ ਸਕੇ ਜਿਸ ਕਰਕੇ ਇਹ ਪੋਸਟਾਂ ਭਰੀਆਂ ਨਹੀਂ ਜਾ ਸਕੀਆਂ। ਅਗਰ 412 ਵਿਚੋਂ 112 ਕੱਢ ਦੇਈਏ ਤਾਂ ਬਾਕੀ 300 ਪੋਸਟਾਂ ਰਹਿ ਜਾਂਦੀਆਂ ਹਨ। ਇਨ੍ਹਾਂ 300 ਪੋਸਟਾਂ ਵਿਚੋਂ 276 ਪੋਸਟਾਂ ਦੀ ਫਿਰ ਪੀ.ਪੀ.ਐਸ.ਸੀ. ਨੂੰ ਮਿਤੀ 20 8 2001 ਨੂੰ ਰਿਕੁਇਜ਼ੇਸ਼ਨ ਦਿੱਤੀ ਸੀ ਲੇਕਿਨ ਬਦਕਿਸਮਤੀ ਨਾਲ ਉਹ ਐਡਵਰਟਾਈਜ਼ਮੈਂਟ ਨਹੀਂ ਕੀਤੀਆਂ ਗਈਆਂ, ਇਸ ਕਰਕੇ ਉਨ੍ਹਾਂ ਨੂੰ ਭਰਨ ਦਾ ਤਾਂ ਸਵਾਲ ਹੀ ਪੈਂਦਾ ਨਹੀਂ ਹੁੰਦਾ। 300 ਪੋਸਟਾਂ ਵਿਚੋਂ ਇਹ 276 ਪੋਸਟਾਂ ਕੱਢ ਦੇਈਏ ਤਾਂ ਬਾਕੀ 24 ਪੋਸਟਾਂ ਰਹਿ ਜਾਂਦੀਆਂ ਹਨ। ਇਹ 24 ਪੋਸਟਾਂ 10/13 ਮਈ ਨੂੰ ਜਾਰੀ ਕੀਤੀ ਇਕ ਲੈਟਰ ਜਿਸ ਦਾ ਨੰ: ਡੀ.ਆਰ.ਆਰ.ਈ.-1,02658 ਹੈ, ਦੇ ਜ਼ਰੀਏ ਅਬਾਲਿਸ਼ ਕਰ ਦਿੱਤੀਆਂ ਗਈਆਂ ਹਨ ਔਰ 75% ਜਿਹੜੀਆਂ ਪੋਸਟਾਂ ਹਨ, ਉਨ੍ਹਾਂ ਵਾਸਤੇ ਐਕਸ਼ਨ ਇਨੀਸ਼ੀਏਟ ਕੀਤਾ ਹੈ ਤਾਂ ਕਿ ਪ੍ਰੋਮੋਸ਼ਨ ਦੇ ਜਰੀਏ ਉਹ ਭਰੀਆਂ ਜਾਣ।

**ਕੈਪਟਨ ਬਲਬੀਰ ਸਿੰਘ ਬਾਠ** : ਮਾਨਯੋਗ ਸਪੀਕਰ ਸਾਹਿਬ, ਬੜਾ ਅਫਸੋਸ ਹੈ ਕਿ ਇਨ੍ਹਾਂ ਨੇ ਉਹ ਪੋਸਟਾਂ ਹੀ ਅਬਾਲਿਸ਼ ਕਰ ਦਿੱਤੀਆਂ। ਇਹ ਉਨ੍ਹਾਂ ਲੋਕਾਂ ਨਾਲ ਬੜੀ ਵਧੀਕੀ ਹੈ ਜਿਹੜੇ ਇਹ ਪੋਸਟਾਂ ਡਿਜ਼ਰਵ ਕਰਦੇ ਹਨ, ਜਿਹੜੇ ਕੁਆਲੀਫਾਈਡ ਹਨ ਅਤੇ ਜਿਨ੍ਹਾਂ ਨੇ ਟੈਸਟ ਪਾਸ ਕੀਤੇ ਹੋਏ ਹਨ। ਇਨ੍ਹਾਂ ਲੋਕਾਂ ਨੂੰ ਪੀ.ਪੀ.ਐਸ.ਸੀ. ਨੇ ਮੌਕਾ ਨਹੀਂ ਦਿੱਤਾ, ਇਹ ਬੜੀ ਖੇਦ ਦੀ ਗੱਲ ਹੈ। ਇਨ੍ਹਾਂ ਵਿਚੋਂ ਕਈ ਆਪਣੀ ਉਮਰ ਦੀ ਹੱਦ ਵੀ ਪਾਰ ਗਏ ਹੋਏ ਹਨ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੋਸਟਾਂ ਭਰਨ ਵਾਸਤੇ ਕੀ ਉਹ ਦੁਬਾਰਾ ਕਨਸਿਡਰ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਅਸੀਂ ਜਿਹੜੀਆਂ ਰਿਕੁਈਜ਼ੀਸ਼ਨਜ਼ ਦਿੱਤੀਆਂ ਹਨ, ਉਹ ਅਜੇ ਵੀ ਉਨ੍ਹਾਂ ਕੋਲ ਪੈਂਡਿੰਗ ਪਈਆਂ ਹਨ...

**ਕੈਪਟਨ ਬਲਬੀਰ ਸਿੰਘ ਬਾਠ :** ਮਾਨਯੋਗ ਸਪੀਕਰ ਸਾਹਿਬ, ਮੇਰਾ ਸਵਾਲ ਅਜੇ ਪੂਰਾ ਨਹੀਂ ਹੋਇਆ । ਨਾਲ ਹੀ ਮੰਤਰੀ ਜੀ ਇਹ ਭਰੋਸਾ ਵੀ ਦੇਣ ਕਿ ਇਹ ਜਿਹੜਾ 25% ਕੋਟਾ ਭਰਨਾ ਰਹਿੰਦਾ ਹੈ, ਇਸ ਨੂੰ ਭਰਿਆ ਜਾਵੇਗਾ ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਹ 25% ਕੋਟਾ ਬਿਲਕੁਲ ਮੇਨਟੇਨ ਕੀਤਾ ਜਾਵੇਗਾ । ਮਹਿਕਮੇ ਨੇ ਰਿਕੁਈਜ਼ੀਸ਼ਨ ਦਿੱਤੀ ਹੋਈ ਹੈ ਅਤੇ ਉਸ ਦੇ ਮੁਤਾਬਿਕ ਇਹ ਪੋਸਟਾਂ ਭਰੀਆਂ ਜਾਣੀਆਂ ਚਾਹੀਦੀਆਂ ਸਨ ਲੇਕਿਨ ਉਹ ਭਰ ਨਹੀਂ ਸਕੇ । ਅਸੀਂ ਉਨ੍ਹਾਂ ਨੂੰ ਕਿਹਾ ਹੈ ਕਿ ਇਸ ਨੂੰ ਐਕਸਪੀਡਾਈਟ ਕਰੋ । ਮੈਂ ਮੈਂਬਰ ਸਾਹਿਬ ਨੂੰ ਵੀ ਅਤੇ ਹਾਊਸ ਨੂੰ ਵੀ ਇਹ ਐਸ਼ਿਓਰੈਂਸ ਦਿਆਂਗਾ ਕਿ ਜਿਹੜਾ ਡਾਇਰੈਕਟ ਕੋਟਾ ਹੈ, ਇਸ ਨੂੰ ਅਸੀਂ ਮੇਨਟੇਨ ਕਰਾਂਗੇ ।

**ਕੈਪਟਨ ਬਲਬੀਰ ਸਿੰਘ ਬਾਠ :** ਧੰਨਵਾਦ ਜੀ ।

---

## MOTION UNDER RULE 16

**MR. SPEAKER :** Minister to move that the Vidhan Sabha (Assembly) at its rising this day shall stand adjourned sine die.

**LOCAL GOVERNMENT, LABOUR & EMPLOYMENT AND PARLIAMENTARY AFFAIRS MINISTER (CHAUDHARY JAGJIT SINGH):** Sir, I beg to move.

That the Vidhan Sabha (Assembly) at its rising this day shall stand adjourned sine-die.

**MR. SPEAKER :** Motion moved.

That the Vidhan Sabha (Assembly) at its rising this day shall stand adjourned sine-die.

**MR. SPEAKER :** Questlon is—

That the Vidhan Sabha (Assembly) at its rising this day shall stand adjourned sine-die.

*The motion was carried unanimously.*

---

Original with;
Punjab Vidhan Sabha
Digitized by;

## LEGISLATIVE BUSINESS

### 1. THE PUNJAB INDUSTRIAL ESTABLISHMENTS (NATIONAL AND FESTIVAL HOLIDAYS AND CASUAL AND SICK LEAVE) AMENDMENT BILL, 2003.

**MR. SPEAKER :** Minister to introduce the Punjab Industrial Establishments (National and Festival Holidays and Casual and Sick Leave) Amendment Bill.

**LOCAL GOVERNMENT, LABOUR & EMPLOYMENT AND PARLIAMENTARY AFFAIRS MINISTER (CHAUDHARY JAGJIT SINGH) :** Sir, I beg to introduce The Punjab Industrial Establishments (National and Festival Holidays and Casual and Sick Leave) Amendment Bill.

Sir, I also beg to move—

That the Punjab Industrial Establishments (National and Festival Holidays and Casual and Sick Leave) Amendment Bill, be taken into consideration at once.

**MR. SPEAKER :** Motion moved—

That the Punjab Industrial Establishment (National and Festival Holidays and Casual and Sick Leave) Amendment Bill be taken into consideration at once.

Discussion

**ਕੈਪਟਨ ਬਲਬੀਰ ਸਿੰਘ ਬਾਠ (ਸ੍ਰੀ ਹਰਗੋਬਿੰਦਪੁਰ) :** ਮਾਨਯੋਗ ਸਪੀਕਰ ਸਾਹਿਬ, ਇਹ ਜੋ ਪੰਜਾਬ ਇੰਡਸਟਰੀਅਲ ਐਸਟੈਬਲਿਸ਼ਮੈਂਟਸ (ਨੈਸ਼ਨਲ ਐਂਡ ਫੈਸਟੀਵਲ ਹੋਲੀਡੇਜ਼ ਐਂਡ ਕੈਜੂਅਲ ਐਂਡ ਸਿਕ ਲੀਵ) ਅਮੈਂਡਮੈਂਟ ਬਿਲ ਹੈ, ਇਹ ਬੜੀ ਮਹੱਤਤਾ ਵਾਲਾ ਬਿਲ ਹੈ ਅਤੇ ਇਸ ਦੇ ਉਤੇ ਮੈਨੂੰ ਕੁਝ ਕਹਿਣ ਦਾ ਤੁਸੀਂ ਮੌਕਾ ਦਿੱਤਾ ਹੈ, ਇਸ ਦੇ ਵਾਸਤੇ ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ। ਇਹ ਐਕਟ ਉਨ੍ਹਾਂ ਲੋਕਾਂ ਲਈ ਹੈ ਜਿਨ੍ਹਾਂ ਬਾਰੇ ਅੱਜ ਤੋਂ 5-7 ਸੌ ਸਾਲ ਪਹਿਲਾਂ ਸ੍ਰੀ ਗੁਰੂ ਨਾਨਕ ਸਾਹਿਬ ਇਹ ਗੱਲ ਕਹਿ ਗਏ ਹਨ—ਨਖਿੱਧ ਚਾਕਰੀ। ਇਹ ਬਹੁਤ ਹੀ ਨਖਿੱਧ ਕੰਮ ਹੈ ਜਿਹੜੇ ਲੋਕ ਦਿਹਾੜੀ ਕਰ ਆਪਣਾ ਗੁਜ਼ਾਰਾ ਕਰਦੇ ਹਨ ਅਤੇ ਆਪਣਾ ਟੱਬਰ ਪਾਲਦੇ ਹਨ, ਉਨ੍ਹਾਂ ਨੂੰ ਦੂਸਰੇ ਲੋਕਾਂ ਦੀ ਅਧੀਨਗੀ ਕਰਨੀ ਪੈਂਦੀ ਹੈ। ਉਹ ਪਰ-ਅਧੀਨਗੀ ਵਿਚ ਕੰਮ ਕਰਦੇ ਹਨ। ਉਨ੍ਹਾਂ ਦੇ ਭਲੇ ਲਈ ਇਹ ਬਿਲ ਲਿਆਂਦਾ ਗਿਆ ਹੈ। ਉਨ੍ਹਾਂ ਨੂੰ ਘੱਟੋ ਘੱਟ ਉਜਰਤਾਂ ਦਿੱਤੀਆਂ ਜਾਂਦੀਆਂ ਹਨ। ਸੋਧ ਤੋਂ ਪਹਿਲਾਂ ਇਹ 500/- ਰੁਪਿਆ ਸੀ ਜੋ ਕਿ ਇਕ ਬੜੀ ਮਾਮੂਲੀ ਰਕਮ ਹੈ। ਇਹ 18 ਤੋਂ 20 ਰੁਪਏ ਦਿਹਾੜੀ ਪੈਂਦੀ ਹੈ। ਜਦ ਕਿ ਇਸ

Original with;
Punjab Vidhan Sabha
Digitized by;
Panjab Digital Library

ਐਕਟ ਦੇ ਮੁਤਾਬਿਕ 2500/- ਰੁਪਏ ਹੈ। ਮੈਂ ਇਹ ਕਹਿਣਾ ਹੈ ਕਿ ਹੁਣ 100/- ਰੁਪਿਆ ਦਿਹਾੜੀ ਮਜ਼ਦੂਰ ਨੂੰ ਮਿਲੇਗੀ ਜਿਸ ਨਾਲ ਉਸ ਦਾ ਪਰਵਾਰ ਨੂੰ ਪਾਲਣਾ ਬਹੁਤ ਮੁਸ਼ਕਲ ਹੋਵੇਗਾ। ਜਦੋਂ ਕਿ ਮਾਨਯੋਗ ਸਪੀਕਰ ਸਾਹਿਬ, ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਪੰਜਾਬ ਵਿੱਚ ਆਪਣੇ ਘਰੇਲੂ ਉਦਯੋਗ ਬਹੁਤ ਘੱਟ ਹਨ, ਕਮੀ ਹੈ। ਆਉਣ ਵਾਲੇ ਸਮੇਂ ਵਿੱਚ ਏਥੇ ਕਾਰਖਾਨੇ ਵੀ ਬੰਦ ਹੁੰਦੇ ਜਾ ਰਹੇ ਹਨ, ਇੰਡਸਟਰੀ ਬੰਦ ਹੁੰਦੀ ਜਾ ਰਹੀ ਹੈ, ਇਨ੍ਹਾਂ ਹਾਲਤਾਂ ਵਿੱਚ ਏਨੇ ਪੈਸੇ ਰਖਣਾ ਵੀ ਮੇਰਾ ਖਿਆਲ ਹੈ ਕਿ ਬਹੁਤ ਵਧੀਆ ਗੱਲ ਹੈ ਜਦੋਂ ਕਿ ਕਾਰਖਾਨੇ ਦਾ ਮਾਲਕ ਗਰੀਬ ਮਜ਼ਦੂਰ ਨੂੰ ਐਕਸਪਲਾਇਟ ਕਰਨਾ ਚਾਹੇਗਾ। ਜੇਕਰ ਉਨ੍ਹਾਂ ਤੇ ਅਜਿਹੀ ਕੋਈ ਬੰਧਸ਼ ਨਹੀਂ ਹੋਵੇਗੀ ਤਾਂ ਹੌਜ਼ਰੀ ਵਾਲੇ ਕੁਦਰਤੀ ਹੈ ਕਿ ਐਕਸਪਲਾਇਟ ਕਰਨਗੇ ਅਤੇ ਇਸ ਹਾਲਤ ਦਾ ਉਹ ਵੱਧ ਤੋਂ ਵੱਧ ਫਾਇਦਾ ਲੈਣ ਦਾ ਯਤਨ ਕਰਨਗੇ। ਇਸ ਤਰ੍ਹਾਂ ਗਰੀਬ ਮਜ਼ਦੂਰ ਦੇ ਨਾਲ ਇਕ ਤਰ੍ਹਾਂ ਨਾਲ ਬੇਈਮਾਨੀ ਹੋਵੇਗੀ ਅਤੇ ਉਸ ਦੇ ਹੱਕ ਨਹੀਂ ਮਿਲਣਗੇ। ਇਸ ਲਈ ਮੈਂ ਇਸ ਨੂੰ ਐਪਰੀਸ਼ੀਏਟ ਕਰਦਾ ਹਾਂ। ਇਸ ਦੇ ਨਾਲ ਮੈਂ ਇਕ ਗੱਲ ਹੋਰ ਕਰਨੀ ਚਾਹਾਂਗਾ ਕਿ ਜਲੰਧਰ ਅਤੇ ਲੁਧਿਆਣਾ ਜਿਹੜੇ ਸ਼ਹਿਰ ਹਨ ਇਨ੍ਹਾਂ ਵਿੱਚ ਹੌਜ਼ਰੀ ਦਾ ਕੰਮ ਬਹੁਤ ਜ਼ਿਆਦਾ ਹੈ ਜਿਨ੍ਹਾਂ ਵਿੱਚ ਔਰਤਾਂ ਅਕਸਰ ਕੰਮ ਕਰਦੀਆਂ ਹਨ। ਇਸ ਐਕਟ ਵਿੱਚ ਡਾਇਰੈਕਟਲੀ ਉਨ੍ਹਾਂ ਔਰਤਾਂ ਦੇ ਬਾਰੇ ਕੋਈ ਗੱਲ ਨਹੀਂ ਕੀਤੀ ਗਈ, ਉਨ੍ਹਾਂ ਗਰੀਬ ਔਰਤਾਂ ਦੇ ਬਾਰੇ ਕੋਈ ਗੱਲ ਨਹੀਂ ਕੀਤੀ ਗਈ ਜਿਨ੍ਹਾਂ ਨੂੰ ਐਕਸਪਲਾਇਟ ਕੀਤਾ ਜਾ ਸਕਦਾ ਹੈ ਉਹ ਆਦਮੀਆਂ ਦੇ ਹਾਣੀ ਹਨ। ਉਨ੍ਹਾਂ ਨੂੰ ਮਰਦਾਂ ਦੇ ਮੁਕਾਬਲੇ ਘੱਟ ਤਨਖਾਹ ਨਹੀਂ ਦਿੱਤੀ ਜਾਣੀ ਚਾਹੀਦੀ। ਮੈਂ ਮਹਿਸੂਸ ਕਰਦਾ ਹਾਂ ਕਿ ਉਨ੍ਹਾਂ ਦੇ ਬਾਰੇ ਵੀ ਇਸ ਬਿਲ ਵਿੱਚ ਪਰਾਪਰ ਤੌਰ ਤੇ ਦੱਸਣਾ ਜ਼ਰੂਰੀ ਸੀ। ਮੈਂ, ਮਾਨਯੋਗ ਸਪੀਕਰ ਸਾਹਿਬ, ਮਹਿਸੂਸ ਕਰਦਾ ਹਾਂ ਕਿ ਇਨ੍ਹਾਂ ਹਾਲਤਾਂ ਨੂੰ ਮੱਦੇ ਨਜ਼ਰ ਰਖਦੇ ਹੋਏ ਇਹ ਐਕਟ ਲਿਆਉਣਾ ਜ਼ਰੂਰੀ ਸੀ ਤੇ ਮੈਂ ਇਸ ਦੀ ਪ੍ਰਸ਼ੰਸਾ ਕਰਦਾ ਹਾਂ। (ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ)।

**ਮਾਨਯੋਗ ਸਪੀਕਰ :** ਹੋਰ ਕੋਈ ਮੈਂਬਰ ਇਸ ਬਿਲ ਤੇ ਬੋਲਣਾ ਚਾਹੁੰਦਾ ਹੈ ?

(ਇਸ ਸਮੇਂ ਕੋਈ ਵੀ ਮਾਨਯੋਗ ਮੈਂਬਰ ਬੋਲਣ ਲਈ ਖੜ੍ਹਾ ਨਹੀਂ ਹੋਇਆ।)

ਹਾਂ ਜੀ, ਮਨਿਸਟਰ ਸਾਹਿਬ, ਤੁਸੀਂ ਬੋਲੋ।

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ (ਚੌਧਰੀ ਜਗਜੀਤ ਸਿੰਘ) :** ਮਾਨਯੋਗ ਸਪੀਕਰ ਸਾਹਿਬ, ਇਹ 1965 ਦਾ ਐਕਟ ਹੈ। ਸੈਕਸ਼ਨ-13 ਦੀ ਸਬ ਸੈਕਸ਼ਨ 1 ਦੀ ਕਲਾਜ਼-ਏ ਵਿੱਚ ਲਿਖਿਆ ਹੈ, ਸ਼ਬਦ 500/- ਰੁਪਏ ਦੀ ਥਾਂ ਤੇ 2500/- ਰੁਪਏ ਲਿਖਿਆ ਜਾਣਾ ਹੈ। ਇਹ ਤਾਂ ਅਮੈਂਡਮੈਂਟ ਸੀ ਔਰ ਇਹਦੇ ਨਾਲ ਇਹ ਹੋਏਗਾ ਕਿ ਜਿਹੜੀਆਂ ਸਾਡੀਆਂ ਛੁੱਟੀਆਂ ਹਨ ਉਹ ਜਿਹੜੇ 2500/- ਰੁਪਏ ਤੋਂ ਘੱਟ ਤਨਖਾਹ ਵਾਲੇ ਹਨ ਉਨ੍ਹਾਂ ਨੂੰ ਜਿਹੜੀਆਂ ਛੁੱਟੀਆਂ ਮਿਲਣਗੀਆਂ ਉਹਦੇ ਵਿੱਚ ਕੈਜ਼ੂਅਲ ਲੀਵ 7, ਨੈਸ਼ਨਲ ਹੋਲੀਡੇ 3, ਫੈਸਟੀਵਲ 4 ਔਰ ਬੀਮਾਰੀ ਹੋਣ

Original with;
Punjab Vidhan Sabha
Digitized by;

[ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੋਜ਼ਗਾਰ ਮੰਤਰੀ]

ਕਾਰਨ 7 ਮਿਲਣਗੀਆਂ। ਇਹ ਅਮੈਂਡਮੈਂਟ ਸੀ। ਇਸ ਨੂੰ ਮੈਂ ਸਮਝਦਾ ਹਾਂ ਕਿ ਪਾਸ ਕਰ ਦੇਣਾ ਚਾਹੀਦਾ ਹੈ।

**MR. SPEAKER :** Question is—

That the Punjab Industrial Establishments (National and Festival Holidays and Casual and Sick Leave) Amendment Bill be taken into consideration.

*The motion was carried.*

**MR. SPEAKER :** Now the House will proceed to consider the Bill Clause by Clause.

**SUB-CLAUSE (2) OF CLAUSE 1**

**MR. SPEAKER :** Question is—

That Sub-clause(2) of Clause 1 stand part of the Bill.

*The motion was carried.*

**CLAUSE 2**

**MR. SPEAKER :** Question is—

That Clause 2 stand part of the Bill.

*The motion was carried.*

**SUB-CLAUSE (1) OF CLAUSE 1**

**MR. SPEAKER :** Question is—

That Sub-Clause (1) of Clause 1 stand part of the Bill.

*The motion was carried.*

**TITLE**

**MR. SPEAKER :** Question is :—

That Title be the Title of the Bill.

*The motion was carried.*

———

Original with;
Punjab Vidhan Sabha
Digitized by;

LOCAL GOVERNMENT, LABOUR & EMPLOYMENT AND PARLIAMENTARY AFFAIRS MINISTER (CHAUDHARY JAGJIT SINGH : Sir I beg to move—

That the Punjab Industrial Establishment (National and Festival Holidays and Casual and Sick Leave) Amendment Bill be passed.

MR. SPEAKER : Motion moved—

That the Punjab Industrial Establishments (National and Festival Holidays and Casual and Sick Leave) Amendment Bill be passed.

MR. SPEAKER : Question is

That the Punjab Industrial Establishments (National and Festival Holidays and Casual and Sick Leave) Amendment Bill be passed.

*The motion was carried unanimously.*

———

2. THE PUNJAB TAX ON ENTRY OF GOODS INTO LOCAL AREAS (AMENDMENT) BILL, 2003 (Replacing Ordinance)

EXCISE & TAXATION MINISTER (SARDAR SARDUL SINGH) : Sir, I beg to introduce the Punjab Tax on Entry of Goods into Local Areas (Amendment) Bill.

Sir, I also beg to move—

That the Punjab Tax on Entry of Goods into Local Areas (Amendment) Bill be taken into consideration at once.

MR. SPEAKER : Motion moved –

That the Punjab Tax on Entry of Goods into Local Areas (Amendment) Bill be taken into consideration at once.

Original with;
Punjab Vidhan Sabha
Digitized by:

**ਸ੍ਰੀ ਤਿਕ੍ਰਸ਼ਨ ਸੂਦ (ਹੁਸ਼ਿਆਰਪੁਰ)** : ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਇਸ ਅਹਿਮ ਬਿਲ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਇਸ ਵਿਚ ਸੈਕਸ਼ਨ 3 ਦੇ 3–ਏ ਵਿਚ ਜਿਹੜੀ ਪ੍ਰੋਵੀਜ਼ੋ ਪਾਈ ਗਈ ਹੈ ਕਿ Provided that the State Government may, exempt any class of goods or Persons from the payment of tax under this Act, subject to such conditions, as may be prescribed, ਮਾਨਯੋਗ ਸਪੀਕਰ ਸਾਹਿਬ, ਇਸ ਬਾਰੇ ਮੈਂ ਕਹਿਣਾ ਚਾਹਾਂਗਾ ਕਿ ਸਦਨ ਦੀ ਟੇਬਲ ਤੇ Value Added Tax ਬਿਲ ਦੀ enactment ਕਰਨ ਲਈ ਸਰਕਾਰ ਵੱਲੋਂ ਬਿਲ ਲਿਆਂਦਾ ਗਿਆ ਹੈ। ਦੂਸਰਾ ਇਹ ਲੋਕਲ ਏਰੀਏ ਵਿਚ ਗੁਡਜ਼ ਦੀ ਐਂਟਰੀ ਉਤੇ ਟੈਕਸ ਲਗਾਉਣ ਲਈ ਇਹ ਅਮੈਂਡਮੈਂਟ ਬਿੱਲ ਰੱਖਿਆ ਗਿਆ ਹੈ। ਜਦੋਂ ਸਰਕਾਰ ਨੇ ਵੈਲਿਊ ਐਡਡ ਟੈਕਸ ਬਿਲ ਰੱਖਿਆ ਹੈ ਤਾਂ ਫਿਰ ਐਂਟਰੀ ਟੈਕਸ ਵਾਲੇ ਬਿਲ ਦੀ ਕੋਈ ਜਗ੍ਹਾ ਹੀ ਨਹੀਂ ਰਹਿ ਜਾਂਦੀ। ਇਹ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ ਉਹ ਚਲਣਾ ਹੈ ਜਾਂ ਉਸ ਨੂੰ ਛੱਡ ਦਿੱਤਾ ਗਿਆ ਹੈ ਅਤੇ ਉਸ ਦੀ ਥਾਂ ਤੇ ਇਹ ਐਂਟਰੀ ਟੈਕਸ ਬਿਲ ਲਿਆਉਣਾ ਹੈ। ਲੋਕਲ ਏਰੀਆ ਐਂਟਰੀ ਟੈਕਸ ਬਿਲ ਦੇ ਬਾਰੇ ਮੈਂ ਗੱਲ ਕਰਨਾ ਚਾਹੁੰਦਾ ਹਾਂ। ਇਸ ਦੇ ਪ੍ਰੋਵੀਜ਼ੋ ਵਿਚ 3–ਏ ਸੈਕਸ਼ਨ ਦੇ ਅਨੁਸਾਰ ਇਸ ਵਿਚਲੀਆਂ ਸਾਰੀਆਂ ਪਾਵਰਾਂ ਇਕ ਤਰ੍ਹਾਂ ਨਾਲ ਸਰਕਾਰ ਦੇ ਹੱਥਾਂ ਵਿਚ ਆ ਜਾਂਦੀਆਂ ਹਨ। ਇਹ ਐਕਸੈਸਿਵ ਡੈਲੀਗੇਸ਼ਨ ਹਨ ਜਿਹੜੀਆਂ ਕਿ allow ਨਹੀਂ ਹੋਣੀਆਂ ਚਾਹੀਦੀਆਂ ਕਿਉਂਕਿ ਜੇਕਰ ਪਾਵਰ ਸਰਕਾਰ ਪਾਸ ਹੀ ਰਹਿਣੀ ਹੈ ਬਿਨਾਂ ਕਿਸੇ ਹਾਊਸ ਵਿਚ ਲਿਜਾਣ ਦੇ, ਬਿਨਾਂ ਕਿਸੇ ਰੂਲ ਦੇ, ਕਿਸੇ ਵੀ ਵਿਅਕਤੀ ਨੂੰ ਇਸ ਟੈਕਸ ਤੋਂ ਛੱਡ ਦਿਓ ਜਾਂ ਕਿਸੇ ਵੀ ਕਲਾਸ ਨੂੰ ਟੈਕਸ ਤੋਂ ਛੋਟ ਦੇ ਦਿਉ, ਇਸ ਤਰ੍ਹਾਂ ਤਾਂ ਐਕਟ ਦੀ ਕੋਈ ਮਹੱਤਤਾ ਨਹੀਂ ਰਹੇਗੀ। ਸਾਨੂੰ ਇਕ ਸ਼ੈਡਿਊਲ ਬਣਾਉਣਾ ਚਾਹੀਦਾ ਹੈ ਕਿ ਐਂਟਰੀ ਟੈਕਸ ਕਿਨ੍ਹਾਂ ਕਿਨ੍ਹਾਂ ਚੀਜ਼ਾਂ ਤੇ ਲਗਣਾ ਹੈ ਅਤੇ ਬਾਕੀ ਉਤੇ ਸੇਲਜ਼ ਟੈਕਸ ਦੀਆਂ ਮੱਦਾਂ ਇਸ ਵਿਚ ਰੱਖਣੀਆਂ ਹਨ ਜਾਂ ਨਹੀਂ। ਮਾਨਯੋਗ ਸਪੀਕਰ ਸਾਹਿਬ, ਇਸ ਸਬੰਧ ਵਿਚ ਜਿਹੜਾ ਫਾਈਨੈਂਸ਼ੀਅਲ ਮੈਮੋਰੰਡਮ ਦਿਤਾ ਗਿਆ ਹੈ ਉਸ ਵਿਚ ਕਲੀਅਰ ਹੈ ਕਿ with levy of Entry Tax on Yarn and Paper of all kinds on registered dealers under the Punjab Tax on Entry of Goods into Local Areas Act, 2000, the State is expected to earn an additional revenue of Rs. 50 crores per annum. ਮਾਨਯੋਗ ਸਪੀਕਰ ਸਾਹਿਬ, ਇਸ ਐਕਟ ਵਿਚ ਇਨ੍ਹਾਂ ਨੇ ਕਲੀਅਰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਇਸ ਵਿਚ ਕਿਹੜੀਆਂ ਕਿਹੜੀਆਂ ਚੀਜ਼ਾਂ ਲਿਆਉਣੀਆਂ ਹਨ। ਦੂਸਰਾ ਇਸ ਵਾਸਤੇ ਵਪਾਰੀਆਂ ਵਿਚ ਬੜਾ ਭਾਰੀ ਰੋਸ ਹੈ। ਇਸ ਵਿਚ ਇਕ ਐਗਜ਼ਿਮ ਫਾਰਮ ਦੀ ਪ੍ਰੋਵੀਜ਼ਨ ਕੀਤੀ ਗਈ ਹੈ, ਉਹ ਲਗਾ ਰਹੇ ਹਨ ਜਿਹੜਾ ਕਿ ਇਕ ਸਪੈਸ਼ਲ ਫਾਰਮ ਹੋਵੇਗਾ ਅਤੇ ਸੇਲਜ਼ ਟੈਕਸ ਦੇ ਦਫਤਰ ਵਿਚੋਂ ਮਿਲੇਗਾ। ਮਾਨਯੋਗ ਸਪੀਕਰ ਸਾਹਿਬ, ਪਹਿਲਾਂ ਐਸ.ਟੀ.ਵਾਈ. ਫਾਰਮ ਵੀ ਵਪਾਰੀਆਂ ਲਈ ਬੜੀ ਦੇਰ ਗਲੇ ਦੀ ਹੱਡੀ ਬਣਿਆ ਰਿਹਾ ਹੈ। ਪਿਛਲੀ ਸਰਕਾਰ ਸਮੇਂ ਵਪਾਰੀਆਂ ਦੀ ਬੜੀ ਭਾਰੀ ਮੰਗ ਸੀ ਅਤੇ ਇਹ ਐਸ.ਟੀ.ਵਾਈ. ਫਾਰਮ ਹਟਾਇਆ ਗਿਆ ਸੀ ਅਤੇ ਵਪਾਰੀਆਂ ਨੂੰ ਰਾਹਤ ਮਿਲੀ ਸੀ। ਹੁਣ ਇਹ ਐਂਟਰੀ ਟੈਕਸ ਲਗਾਇਆ ਜਾ ਰਿਹਾ ਹੈ। ਇਕ ਪਾਸੇ ਤਾਂ ਸਰਕਾਰ ਕਹਿੰਦੀ ਹੈ ਕਿ ਵਪਾਰੀਆਂ ਆਦਿ ਨੂੰ ਇੰਸਪੈਕਟਰੀ ਰਾਜ ਤੋਂ ਮੁਕਤ ਕਰਾਇਆ ਜਾਣਾ ਹੈ। ਇਸ ਦੇ ਲਗਣ ਨਾਲ

Original with;
Punjab Vidhan Sabha
Panjab Digital Library

ਵਪਾਰੀਆਂ ਨੇ ਫਿਰ ਬੜਾ ਤੰਗ ਅਤੇ ਪਰੇਸ਼ਾਨ ਹੋਣਾ ਹੈ । ਇਹ ਜਿਹੜਾ ਐਂਟਰੀ ਟੈਕਸ ਲਗਾਇਆ ਜਾ ਰਿਹਾ ਹੈ, ਇਸ ਬਾਰੇ ਪੰਜਾਬ ਦੀ ਜਨਤਾ ਨੂੰ ਕਲੀਅਰ ਹੋਣਾ ਚਾਹੀਦਾ ਹੈ ਕਿ ਕਿਹੜੀ ਕਿਹੜੀ ਚੀਜ਼ ਉਤੇ ਐਂਟਰੀ ਟੈਕਸ ਲਗਣਾ ਹੈ । ਸਰਕਾਰ ਵਲੋਂ ਇਹ ਅਨ-ਲਿਮਟਿਡ ਅਤੇ ਅਨ-ਇਫੈਕਟਿਡ ਟੈਕਸ ਨਹੀਂ ਲਗਾਇਆ ਜਾਣਾ ਚਾਹੀਦਾ । ਇਹ ਲਿਖਤੀ ਆ ਜਾਣਾ ਚਾਹੀਦਾ ਹੈ ਕਿ ਇਨ੍ਹਾਂ ਇਨ੍ਹਾਂ ਚੀਜ਼ਾਂ ਤੇ ਐਂਟਰੀ ਟੈਕਸ ਲਗਣਾ ਹੈ ਅਤੇ ਜਿਹੜਾ ਐਗਜ਼ਿਮ ਫਾਰਮ ਹੈ ਉਹ ਬੰਦ ਹੋਣਾ ਚਾਹੀਦਾ ਹੈ ਜਾਂ ਉਸ ਦੀ ਸ਼ਕਲ ਐਸੀ ਬਣੇ ਜਿਸ ਨਾਲ ਵਪਾਰੀਆਂ ਨੂੰ ਪਰੇਸ਼ਾਨੀ ਨਾ ਹੋਵੇ । ਵਪਾਰੀਆਂ ਨੂੰ ਪਿਛਲਾ ਤਜਰਬਾ ਹਾਸਿਲ ਹੈ ਕਿ ਉਨ੍ਹਾਂ ਨੂੰ ਦਫਤਰ ਵਿਖੇ ਫਾਰਮ ਲੈਣ ਲਈ ਜਾਣਾ ਪੈਂਦਾ ਸੀ, ਡੀਲਰਾਂ ਕੋਲ ਜਾਣਾ ਪੈਂਦਾ ਸੀ, ਉਹ ਉਨ੍ਹਾਂ ਤੋਂ ਫਾਰਮ ਮੰਗਦੇ ਸੀ ਪਰ ਫਾਰਮ ਨਹੀਂ ਮਿਲਦੇ ਸੀ । ਇਸ ਲਈ ਮੇਰੀ ਬੇਨਤੀ ਹੈ ਕਿ ਇਹ ਟੈਕਸ ਤਾਂ ਜਰੂਰ ਲਗਣਾ ਚਾਹੀਦਾ ਹੈ ਪਰ ਜਦੋਂ ਤੱਕ ਵਪਾਰੀਆਂ ਦੀਆਂ ਮੁਸ਼ਕਲਾਂ ਦੂਰ ਨਹੀਂ ਹੁੰਦੀਆਂ ਉਦੋਂ ਤੱਕ ਇਹ ਨਹੀਂ ਲਗਣਾ ਚਾਹੀਦਾ ।

**ਕੈਪਟਨ ਕੰਵਲਜੀਤ ਸਿੰਘ (ਬਨੂੜ)** : ਸਪੀਕਰ ਸਾਹਿਬ, ਇਹ ਐਂਟਰੀ ਟੈਕਸ ਅਤੇ ਲੋਕਲ ਏਰੀਆਜ਼ ਅਮੈਂਡਮੈਂਟ ਬਿਲ ਪੇਸ਼ ਹੋਇਆ ਹੈ । ਅਮੈਂਡਮੈਂਟ ਕਰਨ ਦੀ ਮਨਜ਼ੂਰੀ ਅੱਜ ਇਸ ਮਹਾਨ ਸਦਨ ਤੋਂ ਲੈਣ ਵਾਸਤੇ ਸਰਕਾਰ ਨੇ ਕਾਰਵਾਈ ਕੀਤੀ ਹੈ । ਮਾਨਯੋਗ ਸਪੀਕਰ ਸਾਹਿਬ, ਪਹਿਲਾਂ ਤਾਂ ਮੈਨੂੰ ਇਸ ਸਰਕਾਰੀ ਕਾਰਵਾਈ ਤੇ ਇਕ ਇਤਰਾਜ਼ ਇਹ ਹੈ ਕਿ ਸਰਕਾਰ ਨੇ ਚੁੱਪ ਚੁਪੀਤੇ ਹੀ ਆਰਡੀਨੈਂਸ ਜਾਰੀ ਕਰਕੇ ਇਹ ਟੈਕਸ ਤਾਂ ਪਹਿਲਾਂ ਹੀ ਲਗਾ ਦਿਤਾ ਹੈ । ਮੇਰੀ ਸਮਝ ਤੋਂ ਇਹ ਚੀਜ਼ ਬਾਹਰ ਹੈ ਕਿ ਪੰਜਾਬ ਦੀ ਜਨਤਾ ਤੇ ਟੈਕਸ ਦਾ ਬੋਝ ਪਾਉਣ ਵਾਸਤੇ ਇੰਨੀ ਕਿਹੜੀ ਜਲਦੀ ਸੀ ਕਿ ਇਸ ਮਹਾਨ ਸਦਨ ਦੀ ਮਨਜ਼ੂਰੀ ਤੋਂ ਬਗੈਰ ਹੀ ਟੈਕਸ ਲਾਗੂ ਕਰ ਦਿਤਾ । ਮੇਰੇ ਖਿਆਲ ਵਿੱਚ ਆਰਡੀ-ਨੈਂਸ ਕੇਵਲ ਉਸ ਵੇਲੇ ਪਾਸ ਕੀਤੇ ਜਾਂਦੇ ਹਨ ਜਦੋਂ ਕੋਈ ਐਮਰਜੰਸੀ ਹੋਵੇ ਜਾਂ ਕਿਸੇ ਮੈਟਰ ਦੀ ਅਰਜੰਸੀ ਹੋਵੇ, ਲੇਕਿਨ ਅਜਿਹੇ ਟੈਕਸ ਲਗਾਉਣ ਵਿੱਚ ਨਾ ਤਾਂ ਕੋਈ ਐਮਰ-ਜੰਸੀ ਹੁੰਦੀ ਹੈ ਅਤੇ ਨਾ ਹੀ ਅਰਜੰਸੀ ਹੁੰਦੀ ਹੈ । ਇਸ ਲਈ ਮੇਰਾ ਸਖਤ ਇਤਰਾਜ਼ ਹੈ ਕਿ ਸਰਕਾਰ ਨੇ ਲੋਕਾਂ ਨੂੰ ਹਨੇਰੇ ਵਿੱਚ ਰੱਖ ਕੇ ਆਰਡੀਨੈਂਸ ਪਾਸ ਕਰਕੇ ਅੱਜ ਇਕ ਡੀ-ਪੋਸਟਫੈਕਟੋ ਤੇ 'ਹਾਂ' ਕਰਾਉਣ ਵਾਸਤੇ ਇਹ ਸਦਨ ਵਿੱਚ ਪੇਸ਼ ਕੀਤਾ ਹੈ । ਇਸ ਤੇ ਮੈਂ ਸਖਤ ਇਤਰਾਜ਼ ਕਰਦਾ ਹਾਂ । ਦੂਸਰੀ ਗੱਲ ਇਹ ਹੈ ਕਿ ਇਸ ਅਮੈਂਡਮੈਂਟ ਦੇ ਰਾਹੀਂ ਜਿਹੜਾ ਕਿ ਪਹਿਲਾਂ ਹੀ ਲਾਗੂ ਕੀਤਾ ਹੋਇਆ ਹੈ, ਇਨ੍ਹਾਂ ਨੇ ਆਖਿਆ ਕਿ ਅਸੀਂ 2% ਯਾਰਨ ਤੇ ਅਤੇ 3% ਪੇਪਰ ਤੇ ਐਂਟਰੀ ਟੈਕਸ ਲਗਾ ਦਿਤਾ ਹੈ ਇਸ ਦੀ ਮਨਜ਼ੂਰੀ ਇਹ ਲੈ ਰਹੇ ਹਨ, ਜਿਸ ਦੇ ਨਾਲ, ਮਾਨਯੋਗ ਸਪੀਕਰ ਸਾਹਿਬ, 50 ਕਰੋੜ ਰੁਪਏ ਦਾ ਪੰਜਾਬ ਦੀ ਜਨਤਾ ਤੇ ਫਾਲਤੂ ਵਜ਼ਨ ਪਿਆ ਹੈ । ਮਾਨਯੋਗ ਸਪੀਕਰ ਸਾਹਿਬ, ਇਸ ਸਰਕਾਰ ਨੇ ਆਪਣੇ ਪਿਛਲੇ ਸਵਾ ਸਾਲ ਦੇ ਅਰਸੇ ਦੌਰਾਨ ਇਹ ਪਹਿਲਾ ਇਕ ਕੰਮ ਕੀਤਾ ਹੈ ਅਤੇ ਇਸ ਟੈਕਸ ਦੇ ਨਾਲ ਗਰੀਬ ਜਨਤਾ ਨੂੰ ਕੁਚਲ ਕੇ ਰੱਖ ਦਿੱਤਾ ਹੈ । ਮਾਨਯੋਗ ਸਪੀਕਰ ਸਾਹਿਬ, ਤੁਸੀਂ ਮੇਰੇ ਨਾਲ ਸਹਿਮਤ ਹੋਵੋਗੇ ਕਿ ਇਹ ਦੋ ਐਸੀਆਂ ਆਈਟਮਾਂ ਹਨ ਜਿਨ੍ਹਾਂ ਨੂੰ ਗਰੀਬ ਜਨਤਾ ਇਸਤੇਮਾਲ ਕਰਦੀ ਹੈ । ਇਹ ਆਈਟਮਾਂ ਐਸੀਆਂ ਹਨ ਜਿਹੜੀਆਂ ਇਸਤੇਮਾਲ ਕਰਕੇ ਗਰੀਬ ਜਨਤਾ ਆਪਣੇ ਪ੍ਰਵਾਰ ਲਈ ਰੋਜ਼ੀ

Original with;
Punjab Vidhan Sabha
Digitized by;
Panjab Digital Library

[ਕੈਪਟਨ ਕੰਵਲਜੀਤ ਸਿੰਘ]

ਰੋਟੀ ਦਾ ਕੰਮ ਚਲਾਉਂਦੀ ਹੈ । ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਆਈਟਮਾਂ ਤੇ ਪਹਿਲਾਂ ਹੀ ਸੇਲ ਟੈਕਸ ਲਾਗੂ ਕੀਤਾ ਹੋਇਆ ਹੈ। 4% ਯਾਰਨ ਤੇ ਲੈਂਦੇ ਹਨ ਅਤੇ 5% ਕਾਗਜ਼ ਤੇ ਲੈਂਦੇ ਹਨ । ਸੇਲ ਟੈਕਸ ਪਹਿਲਾਂ ਹੀ ਲਾਗੂ ਹੈ ਅਤੇ ਹੁਣ ਇਹ ਐਂਟਰੀ ਟੈਕਸ ਲਗਾ ਕੇ 50 ਕਰੋੜ ਰੁਪਏ ਦਾ ਵਜ਼ਨ ਗਰੀਬ ਲੋਕਾਂ ਤੇ ਹੋਰ ਪਾ ਦਿੱਤਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਇਨ੍ਹਾਂ ਨੇ ਗਰੀਬ ਜਨਤਾ ਤੇ ਵਜ਼ਨ ਪਾਇਆ ਹੈ ਅਤੇ ਟੈਕਸ ਰਾਹੀਂ ਕੁਚਲ ਕੇ ਰੱਖ ਦਿੱਤਾ ਹੈ ਅਤੇ ਦੂਸਰਾ, ਮਾਨਯੋਗ ਸਪੀਕਰ ਸਾਹਿਬ, ਪੰਜਾਬ ਅਤੇ ਦੇਸ਼ ਦੇ ਬਾਕੀ ਸਾਰੇ ਸੂਬਿਆਂ ਵਿੱਚ ਇਕ ਨੈਸ਼ਨਲ ਕੰਸੈਂਸਿਸ ਤਹਿ ਹੋਇਆ ਸੀ, ਜਿਸਦੇ ਵਿੱਚ ਇਹ ਸਹਿਮਤੀ ਹੋਈ ਸੀ ਕਿ ਰੇਟ ਆਫ ਟੈਕਸਿਸ ਵਿੱਚ ਸਾਰੇ ਸੂਬਿਆਂ ਵਿੱਚ ਯੂਨੀਫਾਰਮਿਟੀ ਲਿਆਂਦੀ ਜਾਵੇ, ਇਕ-ਸੁਰਤਾ ਲਿਆਂਦੀ ਜਾਵੇ । ਮੇਰਾ ਖਿਆਲ ਹੈ ਕਿ ਇਨ੍ਹਾਂ ਨੇ ਨੈਸ਼ਨਲ ਕੰਸੈਂਸਿਸ ਨੂੰ ਵੀ ਤੋੜ ਕੇ ਰੱਖ ਦਿੱਤਾ ਹੈ । ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਇਨ੍ਹਾਂ ਨੇ ਵਜ਼ਨ ਪਾਇਆ ਹੈ ਮੈਨੂੰ ਇਹ ਪਤਾ ਹੈ ਕਿ ਮੰਤਰੀ ਜੀ ਨੇ ਉਤਰ ਦਿੰਦੇ ਹੋਏ ਕਹਿਣਾ ਹੈ ਕਿ ਇਹ ਟੈਕਸ ਅਸੀਂ ਯਾਰਨ ਅਤੇ ਪੇਪਰ ਬਣਾਉਣ ਵਾਲੇ ਜਿਹੜੇ ਮੈਨੂਫੈਕਚਰਰ ਹਨ, ਉਨ੍ਹਾਂ ਦੀ ਸਿਫਾਰਸ਼ ਤੇ ਲਗਾਇਆ ਹੈ, ਮੈਂ ਮੰਤਰੀ ਜੀ ਨੂੰ ਇਕ ਸਵਾਲ ਕਰਦਾ ਹਾਂ ਕਿ ਮੈਨੂਫੈਕ-ਚਰਰ ਨੂੰ ਫਾਇਦਾ ਦੇਣ ਵਾਸਤੇ, ਉਨ੍ਹਾਂ ਨੂੰ ਲਾਭ ਪਹੁੰਚਾਉਣ ਵਾਸਤੇ ਪੰਜਾਬ ਦੀ ਢਾਈ ਕਰੋੜ ਆਬਾਦੀ ਨੂੰ ਇਨ੍ਹਾਂ ਨੇ ਕੁਚਲ ਕੇ ਰੱਖ ਦਿੱਤਾ । ਇਹ ਚੀਜ਼ ਕਿੱਥੋਂ ਤੱਕ ਜਾਇਜ਼ ਹੈ । ਜਦੋਂ ਮੰਤਰੀ ਜੀ ਜਵਾਬ ਦੇਣਗੇ, ਸਮ-ਅੱਪ ਕਰਨਗੇ ਤਾਂ ਅਸੀਂ ਇਹ ਸਮਝਾਂਗੇ ਕਿ ਚੰਦ ਵਪਾਰੀਆਂ ਜਾਂ ਚੰਦ ਮੈਨੂਫੈਕਚਰਰ ਨੂੰ ਲਾਭ ਦੇਣ ਵਾਸਤੇ ਇਹ ਗਰੀਬ ਜਨਤਾ ਨੂੰ ਕੁਚਲਣ ਲਈ ਦਾਅਵੇਦਾਰ ਹੈ । ਇਹ ਵਾਇਦੇ ਕਰਦੇ ਹਨ ਕਿ ਅਸੀਂ ਗਰੀਬ ਜਨਤਾ ਦੇ ਮੁੱਦਈ ਹਾਂ, ਗਰੀਬ ਜਨਤਾ ਦੇ ਹਮਦਰਦ ਹਾਂ ਪਰ ਇਨ੍ਹਾਂ ਨੇ ਟੈਕਸ ਲਗਾ ਕੇ ਕਿਸ ਤਰ੍ਹਾਂ ਗਰੀਬ ਜਨਤਾ ਨੂੰ ਬੇਦਰਦੀ ਨਾਲ ਕੁਚਲ ਕੇ ਰੱਖ ਦਿੱਤਾ ਹੈ । 3400 ਕਰੋੜ ਰੁਪਏ ਦੇ ਟੈਕਸ ਫਾਇਨਾਂਸ ਮਨਿਸਟਰ ਸਾਹਿਬ ਨੇ ਲਗਾਏ ਸਨ, 50 ਕਰੋੜ ਰੁਪਏ ਦੇ ਹੋਰ ਟੈਕਸ ਐਕਸਾਈਜ਼ ਮਨਿਸਟਰ ਨੇ ਲਗਾ ਦਿੱਤੇ ਹਨ । ਹਾਲੇ ਹੋਰ ਪਤਾ ਨਹੀਂ ਕਿਹੜੇ ਕਿਹੜੇ ਟੈਕਸ ਲੱਗਣੇ ਹਨ । ਮੈਂ ਕਹਾਂਗਾ ਕਿ ਇਹ ਸਰਕਾਰ ਟੈਕਸਾਂ ਦੀ ਸਰਕਾਰ ਹੈ ਜਿਸ ਸਰਕਾਰ ਦਾ ਇੱਕੋ ਹੀ ਕੰਮ ਹੈ, ਟੈਕਸ ਲਗਾਉਣੇ । ਇਹ ਪੰਜਾਬ ਦੀ ਜਨਤਾ ਨੂੰ ਕੀ ਜਵਾਬਦੇਹ ਹੋਣਗੇ ? ਪੰਜਾਬ ਦੀ ਗਰੀਬ ਜਨਤਾ ਜਿਨ੍ਹਾਂ ਦੇ ਬੱਚੇ ਸਕੂਲ ਜਾਂਦੇ ਹਨ ਔਰ ਉਹ ਯਾਰਨ ਤੋਂ ਬਣੇ ਕਪੜੇ ਪਾਉਂਦੇ ਹਨ, ਉਹ ਕਿਸ ਤਰ੍ਹਾਂ ਗੁਜ਼ਾਰਾ ਕਰਨਗੇ । ਇਹ ਆਪ ਤਾਂ ਸਿਲਕ ਦੇ ਕੱਪੜੇ ਪਾਉਂਦੇ ਹਨ ਜਾਂ ਟੈਰਾਲੀਨ ਦੇ ਕੱਪੜੇ ਪਾਉਂਦੇ ਹਨ । ਇਸ ਕਰਕੇ ਇਨ੍ਹਾਂ ਤੇ ਤਾਂ ਟੈਕਸ ਲੱਗਣਾ ਨਹੀਂ ਪਰ ਜਿਹੜੀ ਗਰੀਬ ਜਨਤਾ ਕੋਲ ਪੈਸੇ ਨਹੀਂ ਹਨ, ਉਨ੍ਹਾਂ ਨੂੰ ਟੈਕਸ ਦੀ ਅਦਾਇਗੀ ਕਰਨੀ ਪਵੇਗੀ । ਇਹ ਅਦਾਇਗੀ ਗਰੀਬ ਜਨਤਾ ਨੇ ਕਰਨੀ ਹੈ । ਇਸ ਲਈ ਮੈਂ ਕਹਾਂਗਾ ਕਿ ਇਹ ਸਰਕਾਰ ਗਰੀਬ ਜਨਤਾ ਨੂੰ ਕੁਚਲਣ ਤੇ ਕਿਉਂ ਲੱਗੀ ਹੋਈ ਹੈ । ਮੈਂ ਇਸ ਗੱਲ ਦਾ ਜਵਾਬ ਸਰਕਾਰ ਤੋਂ ਜ਼ਰੂਰ ਮੰਗਾਂਗਾ । ਮਾਨਯੋਗ ਸਪੀਕਰ ਸਾਹਿਬ, ਨਜਾਇਜ਼ ਢੰਗ ਨਾਲ ਕੁਝ ਚੰਦ ਘਰਾਂ, ਚੰਦ ਵਪਾਰੀਆਂ ਨੂੰ ਫਾਇਦਾ ਦੇਣ ਵਾਸਤੇ ਅਜਿਹਾ ਸਾਰਾ ਕੁਝ ਕੀਤਾ ਜਾ ਰਿਹਾ ਹੈ । ਮੈਂ ਪੁੱਛਦਾ ਹਾਂ ਕਿ ਅਜਿਹਾ ਕਿਨ੍ਹਾਂ ਕਾਰਨਾਂ ਕਰਕੇ ਕੀਤਾ ਜਾ ਰਿਹਾ ਹੈ । ਇਸ ਪਿੱਛੇ

Original with;
Punjab Vidhan Sabha
Digitized by;

ਲੁਕੀ ਕਹਾਣੀ ਜ਼ਰੂਰ ਕਿਸੇ ਸਮੇਂ ਸਾਹਮਣੇ ਆਵੇਗੀ। ਇਸ ਤਰ੍ਹਾਂ ਜਿਹੜਾ ਇਹ 50 ਕਰੋੜ ਦਾ ਨਜਾਇਜ਼ ਢੰਗ ਨਾਲ ਗਰੀਬ ਜਨਤਾ ਤੇ ਟੈਕਸ ਲਗਾਇਆ ਹੈ, ਮੈਂ ਸਮਝਦਾ ਹਾਂ ਕਿ ਇਹ ਕਿਸੇ ਢੰਗ ਨਾਲ ਵੀ ਠੀਕ ਨਹੀਂ ਹੈ। ਇਸ ਟੈਕਸ ਨੂੰ ਜਾਇਜ਼ ਕਰਾਰ ਨਹੀਂ ਦਿੱਤਾ ਜਾ ਸਕਦਾ। ਇਸ ਕਰਕੇ ਮੈਂ ਇਸ ਟੈਕਸ ਸਬੰਧੀ ਅਮੈਂਡਮੈਂਟ ਦੀ ਵਿਰੋਧਤਾ ਕਰਦਾ ਹਾਂ। ਦੂਜੇ ਪਾਸੇ ਇਸ ਅਮੈਂਡਮੈਂਟ ਦੀ ਵਿਰੋਧਤਾ ਇਸ ਕਰਕੇ ਵੀ ਕਰਦਾ ਹਾਂ ਕਿਉਂਕਿ ਟੈਕਸ ਲਗਾਉਣ ਲਈ ਕੋਈ ਐਮਰਜੰਸੀ ਨਹੀਂ ਹੁੰਦੀ। ਇਹ ਟੈਕਸ ਮਹੀਨੇ-ਦੋ ਮਹੀਨੇ ਲੇਟ ਵੀ ਲਗਾਏ ਜਾ ਸਕਦੇ ਹਨ, ਲੇਕਿਨ, ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਇਸ ਸਬੰਧੀ ਆਰਡੀਨੈਂਸ ਜਾਰੀ ਕੀਤਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਜਿਹੀ ਕਿਹੜੀ ਕਾਹਲੀ ਸੀ, ਉਨ੍ਹਾਂ ਪਰਿਵਾਰਾਂ ਨੂੰ ਕੀ ਕਾਹਲੀ ਸੀ ਜਿਸ ਕਰਕੇ ਇਹ ਆਰਡੀਨੈਂਸ ਜਾਰੀ ਕਰਨ ਦੀ ਲੋੜ ਪਈ। ਮੈਂ ਇਹ ਵੀ ਸਮਝਦਾ ਹਾਂ ਕਿ ਆਰਡੀਨੈਂਸ ਜਾਰੀ ਕਰਕੇ ਸਦਨ ਦੀ ਅਥਾਰਟੀ, ਸਦਨ ਦੀ ਪਾਰਦਰਸ਼ਤਾ, ਸਦਨ ਦੀ ਰਿਸਪਾਂਸੀਬਿਲਟੀ ਨੂੰ ਅੰਡਰਮਾਈਨ ਕੀਤਾ ਗਿਆ ਹੈ। ਇਸ ਲਈ ਮੈਂ ਇਸ ਅਮੈਂਡ-ਮੈਂਟ ਦੀ ਪੁਰਜ਼ੋਰ ਸ਼ਬਦਾਂ ਨਾਲ ਵਿਰੋਧਤਾ ਕਰਦਾ ਹਾਂ ਔਰ ਬੇਨਤੀ ਕਰਦਾ ਹਾਂ ਕਿ ਇਸ ਅਮੈਂਡਮੈਂਟ ਨੂੰ ਪਾਸ ਨਾ ਕੀਤਾ ਜਾਵੇ।

**ਰਾਜ ਮੰਤਰੀ, ਸਕੂਲ ਸਿੱਖਿਆ (ਪ੍ਰੋਫੈਸਰ ਦਰਬਾਰੀ ਲਾਲ)** : ਮਾਨਯੋਗ ਸਪੀਕਰ ਸਾਹਿਬ, ਮੈਂ ਪੰਜਾਬ ਟੈਕਸ ਆਨ ਐਂਟਰੀ ਆਫ ਗੁਡਸ ਇਨਟੂ ਲੋਕਲ ਏਰੀਆਜ਼ (ਅਮੈਂਡਮੈਂਟ) ਬਿਲ, 2003 ਤੇ ਬੋਲਣ ਲਈ ਖੜ੍ਹਾ ਹੋਇਆ ਹਾਂ। ਮੈਂ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਪੰਜਾਬ ਵਿੱਚ ਪਿਛਲੇ ਪੰਜ ਸਾਲਾਂ ਦੇ ਦੌਰਾਨ ਕੀ ਹੋਇਆ, ਮੈਂ ਉਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿਉਂਕਿ ਜਿੰਨਾ ਚਿਰ ਤੱਕ ਦੋਹਾਂ ਸਰਕਾਰਾਂ ਵਿੱਚ ਕੰਪੇਅਰ ਨਾ ਕੀਤਾ ਜਾਵੇ, ਪਤਾ ਨਹੀਂ ਲੱਗਦਾ। ਟੈਕਸ ਸਟਰਕਚਰ ਵਿੱਚ ਫਰਕ ਹੋਣ ਕਾਰਨ ਪਿਛਲੇ ਸਾਲਾਂ ਵਿੱਚ ਵਪਾਰ ਉਦਯੋਗ ਨੂੰ ਕਿੰਨਾ ਨੁਕਸਾਨ ਹੋਇਆ ਹੈ ਉਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਮਾਨਯੋਗ ਸਪੀਕਰ ਸਾਹਿਬ, ਪੰਜਾਬ ਵਿੱਚ ਚਾਹ ਦੀ ਖੇਤੀਬਾੜੀ ਨਹੀਂ। ਪੰਜਾਬ ਚਾਹ ਪ੍ਰੋਡਿਊਸ ਨਹੀਂ ਕਰਦਾ। ਸਾਡੇ ਸ੍ਰੋਮਣੀ ਸ਼ਹਿਰ ਅੰਮ੍ਰਿਤਸਰ ਵਿੱਚ ਵਪਾਰੀਆਂ ਦੀ ਮਿਹਨਤ ਸਦਕਾ 200 ਕਰੋੜ ਰੁਪਏ ਦੀ ਚਾਹ ਦੀ ਮੰਡੀ ਸਥਾਪਿਤ ਕੀਤੀ ਗਈ। ਸਰਕਾਰ ਨੂੰ ਇਸ ਤੋਂ ਸੇਲਜ਼ ਟੈਕਸ ਮਿਲਿਆ, ਇਨਕਮ ਟੈਕਸ ਵੀ ਮਿਲਿਆ। ਇਸ ਤੋਂ ਇਲਾਵਾ ਹਜ਼ਾਰਾਂ ਮਜ਼ਦੂਰਾਂ ਔਰ ਵਪਾਰੀਆਂ ਨੂੰ ਕੰਮ ਮਿਲਿਆ ਲੇਕਿਨ ਪਿਛਲੀ ਸਰਕਾਰ ਵੇਲੇ ਜਿਸ ਵੇਲੇ ਕੈਪਟਨ ਕੰਵਲਜੀਤ ਸਿੰਘ ਆਪ ਫਾਇਨਾਂਸ ਮਨਿਸਟਰ ਸਨ, ਉਦੋਂ ਸੇਲਜ਼ ਟੈਕਸ ਦੇ ਸਟਰਕਚਰ ਵਿੱਚ ਤਬਦੀਲੀ ਕੀਤੀ ਗਈ। ਸਾਡੇ ਸ਼ਹਿਰ ਦੇ ਵਪਾਰੀ ਡੈਪੂਟੇਸ਼ਨ ਲੈ ਕੇ ਇਨ੍ਹਾਂ ਨੂੰ ਮਿਲੇ ਕਿ ਅਜਿਹਾ ਨਾ ਕੀਤਾ ਜਾਵੇ, ਤਾਂ ਹੀ ਸਾਡਾ ਸ਼ਹਿਰੀ ਵਪਾਰੀ ਬਚ ਸਕਦਾ ਹੈ ਪਰ ਕਿਸੇ ਦੀ ਪ੍ਰਵਾਹ ਨਾ ਕੀਤੀ ਗਈ। ਇਸ ਦਾ ਰਿਜ਼ਲਟ ਕੀ ਨਿਕ-ਲਿਆ ? ਪੰਜਾਬ ਵਿੱਚ ਸੇਲਜ਼ ਟੈਕਸ 8.50% ਕਰ ਦਿੱਤਾ ਗਿਆ ਜਦ ਕਿ ਕਲਕੱਤੇ 4% ਸੀ, ਗੁਹਾਟੀ 4% ਸੀ, ਕੋਚੀਨ 4% ਸੀ। ਅਫਗਾਨਿਸਤਾਨ, ਜੰਮੂ ਕਸ਼ਮੀਰ ਜਾਂ ਬਾਹਰਲੇ ਦੇਸ਼ਾਂ ਵਿੱਚ ਜਿਹੜੀ ਅਸੀਂ ਚਾਹ ਭੇਜਦੇ ਸਾਂ, ਉਥੋਂ ਦੇ ਵਪਾਰੀਆਂ ਨੇ ਚਾਹ ਸਾਡੇ ਤੋਂ ਲੈਣ ਦੀ ਬਜਾਏ ਦੂਜੀਆਂ ਸਟੇਟਾਂ ਤੋਂ ਲੈਣੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ

Original with;
Punjab Vidhan Sabha
Digitized by;

[ਰਾਜ ਮੰਤਰੀ, ਸਕੂਲ ਸਿੱਖਿਆ]

200 ਕਰੋੜ ਰੁਪਏ ਦੀ ਮੰਡੀ ਅਕਾਲੀ-ਬੀ.ਜੇ.ਪੀ. ਸਰਕਾਰ ਨੇ ਤਬਾਹ ਕਰ ਦਿੱਤੀ ਔਰ ਬਰਬਾਦ ਕਰ ਕੇ ਰੱਖ ਦਿੱਤੀ। ਕੈਪਟਨ ਸਾਹਿਬ ਆਪਣੇ ਆਪ ਨੂੰ ਇਸ ਟੈਕਸ ਤੇ ਸਮਝ ਰਹੇ ਹਨ ਕਿ ਬਹੁਤ ਮੁਹਾਰਤ ਹਾਸਲ ਹੈ ਮਗਰ ਪੰਜਾਬ ਵਿੱਚ ਜਿਹੜੀ ਗੁਰੂ ਸਾਹਿਬਾਨਾਂ ਦੇ ਸਮੇਂ ਦੀ ਮੰਡੀ ਹੈ, ਉਸ ਨੂੰ ਅਗਰ ਖਤਮ ਕੀਤਾ ਹੈ ਤਾਂ ਇਹ ਅਕਾਲੀ ਦਲ ਨੇ ਕੀਤਾ ਹੈ ਔਰ ਇਨ੍ਹਾਂ ਦੇ ਨਾਲ ਭਾਜਪਾ ਵਾਲਿਆਂ ਨੇ ਉਸ ਨੂੰ ਮਿਲ ਕੇ ਖਤਮ ਕੀਤਾ ਹੈ।

**ਮਾਨਯੋਗ ਸਪੀਕਰ** : ਤੁਸੀਂ ਐਂਟਰੀ ਟੈਕਸ ਤੇ ਬੋਲੋ।

**ਰਾਜ ਮੰਤਰੀ** : ਮੈਂ ਉਸ ਤੇ ਹੀ ਆ ਰਿਹਾ ਹਾਂ। ਜਿੰਨਾ ਚਿਰ ਇਹ ਨਹੀਂ ਦੱਸਾਂਗਾ, ਉਸ ਦਾ ਕੋਈ ਹੱਲ ਨਹੀਂ ਨਿਕਲੇਗਾ। ਦੂਜੀ ਗੱਲ ਮੈਂ ਐਂਟਰੀ ਟੈਕਸ ਦੇ ਮੁਤਾਬਿਕ ਕਹਿਣੀ ਹੈ ਕਿ ਅਸੀਂ ਔਕਟਰਾਏ ਨੂੰ ਮੁਆਫ਼ ਕੀਤਾ ਹੈ। ਅਗਲੀ ਗੱਲ ਇਹ ਹੈ ਕਿ ਸਾਡੀ ਸਾਰੀ ਜਿਹੜੀ ਫੈਨ ਇੰਡਸਟਰੀ ਹੈ, ਜਿਥੇ ਇੱਕ ਲੱਖ ਤੋਂ ਜ਼ਿਆਦਾ ਮੁਲਾਜ਼ਮ ਕੰਮ ਕਰਦੇ ਸਨ, ਟੈਕਸ ਸਟਰਕਚਰ ਵਿੱਚ ਤਬਦੀਲੀ ਨਾ ਲਿਆਉਣ ਕਰਕੇ ਸਾਡੇ ਸ਼ਹਿਰ ਦੀ ਉਹ ਟੋਟਲ ਫੈਨ ਇੰਡਸਟਰੀ ਤਬਾਹ ਹੋ ਗਈ ਹੈ। ਸਾਡੇ 1500 ਤੋਂ ਜ਼ਿਆਦਾ ਹੈਂਡਲੂਮ ਪਾਵਰ ਮਿੱਲਾਂ ਸਨ, ਉਹ ਵੀ ਤਬਾਹ ਹੋਈ ਹੈ........

**MR. SPEAKER** : Please speak on the Bill.

**ਰਾਜ ਮੰਤਰੀ** : ਮੈਂ ਜਿਹੜਾ ਪਿਛਲਾ ਟੈਕਸ ਸਟਰਕਚਰ ਸੀ, ਉਸ ਬਾਰੇ ਦੱਸ ਰਿਹਾ ਹਾਂ। ਦੁਬਾਰਾ ਜਿਹੜਾ ਨਵਾਂ ਟੈਕਸ ਲਗਾਇਆ ਗਿਆ ਹੈ, ਜਿਹੜਾ ਵਧਾਇਆ ਗਿਆ ਹੈ, ਇਸ ਨੂੰ ਪਾਸ ਕੀਤਾ ਜਾਵੇ। ਇਹੀ ਮੇਰੀ ਬੇਨਤੀ ਹੈ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਚੁੰਗੀ ਮੁਆਫ਼ ਕਰ ਦਿੱਤੀ ਹੈ, ਮੇਰਾ ਖਿਆਲ ਹੈ ਇਸ ਵਿੱਚ ਕੁਰੈਕਸ਼ਨ ਕੀਤੀ ਜਾਵੇ। ਚੁੰਗੀ ਮੁਆਫ਼ ਨਹੀਂ ਹੋਈ।

**ਮਾਨਯੋਗ ਸਪੀਕਰ** : ਨਹੀਂ ਕੀਤੀ ਗਈ।

**ਕੈਪਟਨ ਕੰਵਲਜੀਤ ਸਿੰਘ** : ਜੇਕਰ ਇਨ੍ਹਾਂ ਦਾ ਚੁੰਗੀ ਮੁਆਫ਼ ਕਰਨ ਦਾ ਇਰਾਦਾ ਹੈ ਤਾਂ ਇਸ ਸਦਨ ਵਿੱਚ ਬਿਲ ਲਿਆ ਕੇ ਕੀਤੀ ਜਾਵੇ।

**ਮਾਨਯੋਗ ਸਪੀਕਰ** : ਅਜੇ ਮੁਆਫ਼ ਨਹੀਂ ਕੀਤੀ।

**ਕੈਪਟਨ ਕੰਵਲਜੀਤ ਸਿੰਘ** : ਜੇਕਰ ਚੁੰਗੀ ਮੁਆਫ਼ ਕਰਨ ਦਾ ਇਰਾਦਾ ਸੀ ਤਾਂ ਪਹਿਲਾਂ ਇਸ ਬਾਰੇ ਬਿਲ ਲਿਆ ਕੇ ਸਦਨ ਦੀ ਪ੍ਰਵਾਨਗੀ ਲੈਂਦੇ ਲੇਕਿਨ ਅੱਜ ਸਦਨ ਦਾ ਆਖਰੀ ਦਿਨ ਹੈ ਅਤੇ ਸਰਕਾਰ ਵੱਲੋਂ ਕੋਈ ਤਜਵੀਜ਼ ਨਹੀਂ ਆਈ। ਇਸ ਕਰਕੇ ਇਨ੍ਹਾਂ ਦਾ ਦਾਅਵਾ ਕਿ ਚੁੰਗੀ ਮੁਆਫ਼ ਕੀਤੀ ਹੈ, ਇਹ ਸਦਨ ਪ੍ਰਵਾਨ ਨਹੀਂ ਕਰੇਗਾ।

**ਮਾਨਯੋਗ ਸਪੀਕਰ** : ਅਜੇ ਨਹੀਂ ਹੋਈ। ਹਾਂ ਜੀ, ਮਨਿਸਟਰ ਸਾਹਿਬ।

Original with;
Punjab Vidhan Sabha
Digitized by;
Panjab Digital Library

**ਆਬਕਾਰੀ ਅਤੇ ਕਰ ਮੰਤਰੀ (ਸਰਦਾਰ ਸਰਦੂਲ ਸਿੰਘ)** : ਮਾਨਯੋਗ ਸਪੀਕਰ ਸਾਹਿਬ, ਯਾਰਨ ਤੇ ਐਂਟਰੀ ਟੈਕਸ ਅਤੇ ਸੇਲਜ਼ ਟੈਕਸ ਦੀ ਬੜੀ ਚੋਰੀ ਹੋ ਰਹੀ ਸੀ। ਲੋਕਲ ਏਰੀਏ ਦੇ ਕੁਝ ਟਰੇਡਰ ਸਾਨੂੰ ਮਿਲੇ ਅਤੇ ਉਨ੍ਹਾਂ ਨੇ ਸਾਨੂੰ ਸੁਝਾਅ ਦਿੱਤਾ ਕਿ ਐਂਟਰੀ ਟੈਕਸ ਲਗਾਉਣਾ ਜ਼ਰੂਰੀ ਹੈ। ਸ਼ਾਇਦ ਕੈਪਟਨ ਸਾਹਿਬ ਇਸ ਚੀਜ਼ ਨੂੰ ਸਮਝ ਨਹੀਂ ਸਕੇ ਕਿ ਸੇਲ ਟੈਕਸ ਨਾਲ ਦੂਹਰਾ ਬੋਝ ਨਹੀਂ ਪਵੇਗਾ। ਐਂਟਰੀ ਟੈਕਸ ਸੇਲ ਟੈਕਸ ਦੀ ਤਰ੍ਹਾਂ ਰਹੇਗਾ। ਇਸ ਦੇ ਵਿੱਚ ਸੈਟਆਫ ਦੇਣ ਦੀ ਪ੍ਰੋਵੀਜ਼ਨ ਰੱਖੀ ਹੈ, ਇਸ ਕਰਕੇ ਇਸ ਦਾ ਦੂਹਰਾ ਬੋਝ ਨਹੀਂ ਪਵੇਗਾ। ਜਿਥੋਂ ਤੱਕ ਟੈਕਸ ਦਾ ਸਵਾਲ ਹੈ, ਇਸ ਬਾਰੇ ਅਸੀਂ ਇੰਡਸਟਰੀ ਦੀਆਂ ਵੱਖ ਵੱਖ ਐਸੋਸੀਏਸ਼ਨਾਂ ਨੂੰ ਸੁਣਿਆ ਹੈ ਅਤੇ ਐਂਟਰੀ ਟੈਕਸ ਦੀ ਜਿਹੜੀ ਦਰ ਹੈ, ਉਹ 4% ਤੋਂ ਘਟਾ ਕੇ 2% ਕਰ ਦਿੱਤੀ ਹੈ। (ਥੰਪਿੰਗ) ਪੇਪਰ ਤੇ ਐਂਟਰੀ ਟੈਕਸ 8% ਤੋਂ ਘਟਾ ਕੇ 3% ਕਰ ਦਿੱਤਾ ਗਿਆ ਹੈ। (ਥੰਪਿੰਗ) ਇਸ ਤੋਂ ਇਲਾਵਾ ਜਿਹੜਾ ਨਿਊਜ਼ ਪਰਿੰਟਾਂ ਵਾਸਤੇ ਪੇਪਰ ਵਰਤਿਆ ਜਾਂਦਾ ਹੈ, ਵੇਸਟ ਪੇਪਰ, ਇਨ੍ਹਾਂ ਤੇ ਬਿਲਕੁਲ ਟੈਕਸ ਨਹੀਂ ਲੱਗੇਗਾ। ਜਿਹੜਾ ਪੇਪਰ ਯੂਨੀਵਰਸਿਟੀ ਔਰ ਪੰਜਾਬ ਸਕੂਲ ਸਿੱਖਿਆ ਬੋਰਡ ਆਦਿ ਦੀਆਂ ਕਿਤਾਬਾਂ ਲਈ ਬਾਹਰਲੇ ਸੂਬਿਆਂ ਤੋਂ ਆਉਂਦਾ ਹੈ, ਉਸ ਤੇ ਵੀ ਕੋਈ ਐਂਟਰੀ ਟੈਕਸ ਨਹੀਂ ਲੱਗੇਗਾ। ਇਸ ਹਾਊਸ ਦੇ ਵਿੱਚ ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਕੋਈ ਦੂਹਰਾ ਬੋਝ ਨਹੀਂ ਪਾਇਆ ਗਿਆ। ਐਂਟਰੀ ਟੈਕਸ ਸੇਲਜ਼ ਟੈਕਸ ਵਿਚੋਂ ਮਾਈਨਸ ਹੋ ਜਾਵੇਗਾ। ਉਸ ਵਿੱਚ ਸੈਟਆਫ਼ ਦਿੱਤਾ ਜਾਵੇਗਾ। ਇਹ ਅਮੈਂਡਮੈਂਟ ਹੈ। ਮੈਂ ਰਿਕੁਐਸਟ ਕਰਾਂਗਾ, ਸਾਰਿਆਂ ਦੇ ਹਿੱਤ ਵਿੱਚ ਕਿ ਇਸ ਨੂੰ ਪਾਸ ਕਰ ਦਿੱਤਾ ਜਾਵੇ।

**MR. SPEAKER** : Question is—

That the Punjab Tax on Entry of Goods into Local Areas (Amendment) Bill be taken into consideration at once.

*The motion was carried.*

**MR. SPEAKER** : Now the House will proceed to consider the Bill clause by clause.

**SUB CLAUSE (2) OF CLAUSE 1**

**MR. SPEAKER** : Question is—

That Sub-Clause (2) of Clause 1 stand part of the Bill.

*The motion was carried.*

**CLAUSES 2 to 4**

**MR. SPEAKER** : As there is no amendment to Clauses 2 to 4, if the House agrees, these Clauses be put to the vote of the House together.

*(Voices : Yes, Yes)*

Original with;
Punjab Vidhan Sabha
Digitized by;

[Mr. Speaker]

MR. SPEAKER : Question is—

That Clauses 2 to 4 stand part of the Bill.

*The motion was carried.*

SUB-CLAUSE (1) OF CLAUSE 1

MR. SPEAKER : Question is—

That Sub-Clause (1) of Clause 1 stand part of the Bill.

*The motion was carried.*

TITLE

MR. SPEAKER : Question is

That Tital be the Title of the Bill.

*The motion was carried.*

EXCISE & TAXATION MINISTER (Sardar Sardul Singh) : Sir, I beg to move :—

That the Punjab Tax on Entry of Goods into Local Areas (Amendment) Bill be passed.

MR. SPEAKER : Motion moved—

That the Punjab Tax on Entry of Goods into Local Areas (Amendment) Bill be passed.

MR. SPEAKER : Question is—

That the Punjab Tax on Entry of Goods into Local Areas (Amendment) Bill be passed.

*The motion was carried.*

---

3. THE PUNJAB GENERAL SALES TAX (AMENDMENT) BILL, 2003 (Replacing Ordinance).

EXCISE & TAXATION MINISTER (Sardar Sardul Singh) : Sir, I beg to introduce the Punjab General Sales Tax (Amendment) Bill.

Sir, I also beg to move—

Original with;
Punjab Vidhan Sabha
Digitized by;
Panjab Digital Library

That the Punjab General Sales Tax (Amendment) Bill, be taken into consideration at once.

**MR. SPEAKER** : Motion moved—

That the Punjab General Sales Tax (Amendment) Bill, be taken into consideration at once.

Discussion. Yes, Capt. Kanwaljit Singh Ji.

**ਕੈਪਟਨ ਕੰਵਲਜੀਤ ਸਿੰਘ** (ਬਨੂੜ) : ਮਾਨਯੋਗ ਸਪੀਕਰ ਸਾਹਿਬ, ਵਾਰ ਵਾਰ ਇਕੋ ਹੀ ਗੱਲ ਸਾਹਮਣੇ ਆਉਂਦੀ ਹੈ ਕਿ ਸਾਡੀ ਕਾਂਗਰਸ ਦੀ ਸਰਕਾਰ ਗਰੀਬ ਜਨਤਾ ਨੂੰ ਕੁਚਲਣ ਦੇ ਵਿੱਚ ਪੂਰੀ ਤਰ੍ਹਾਂ ਡਟ ਕੇ ਲੱਗੀ ਹੋਈ ਹੈ ਔਰ ਇਹ ਪਤਾ ਨਹੀਂ ਕਿ ਕੀ ਖਾ ਕੇ ਲਗੇ ਹੋਏ ਹਨ ਕਿ ਬਈ ਕਿਸੇ ਵੀ ਗਰੀਬ ਨੂੰ ਛੱਡਣਾ ਹੀ ਨਹੀਂ ਹੈ। ਇਸ ਅਮੈਂਡਮੈਂਟ ਦੇ ਵਿੱਚ, ਜੋ ਇਨ੍ਹਾਂ ਨੇ ਪੇਸ਼ ਕੀਤੀ ਹੈ, ਇਸ ਨੂੰ ਮੈਂ ਪੜ੍ਹ ਕੇ ਸੁਣਾਵਾਂਗਾ। ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ/ਕਿਹਾ ਹੈ ਕਿ ਤੰਦੂਰ ਵਾਲੇ ਉਤੇ ਜਾਂ ਕਿਸੇ ਲੋਹ ਵਾਲੇ ਤੋਂ ਜੇਕਰ ਕੋਈ ਗਰੀਬ ਵਿਅਕਤੀ ਰੋਟੀ ਖਾ ਲੈਂਦਾ ਹੈ ਤਾਂ ਉਹ ਵੀ ਅੱਗੇ ਤੋਂ ਇਨ੍ਹਾਂ ਦੇ ਕੋਲੋਂ ਰੋਟੀ ਨਾ ਖਾ ਲਵੇ। ਇਹ ਜੋ ਤੰਦੂਰ ਵਾਲਿਆਂ ਜਾਂ ਲੋਹ ਵਾਲਿਆਂ, ਢਾਬਿਆਂ ਦੇ ਉਤੇ ਸੇਲ ਟੈਕਸ ਲਗਾਇਆ ਜਾ ਰਿਹਾ ਹੈ ਇਸ ਦੇ ਬਾਰੇ ਮੈਂ ਕਹਾਂਗਾ ਕਿ ਇਹ ਗਰੀਬ ਜਨਤਾ ਨੂੰ ਦੁਨੀਆਂ ਦੇ ਵਿੱਚ ਵਸਣ ਵਾਸਤੇ ਕਦੇ ਵੀ ਆਗਿਆ ਨਹੀਂ ਦੇਵੇਗੀ। ਮਾਨਯੋਗ ਸਪੀਕਰ ਸਾਹਿਬ/ਜਿਸ ਤਰ੍ਹਾਂ ਇਹ ਤੰਦੂਰ ਔਰ ਲੋਹ ਲਗਾ ਕੇ ਰੋਟੀਆਂ ਬਣਾ ਬਣਾਕੇ ਲੋਕਾਂ ਨੂੰ ਖਿਲਾਉਂਦੇ ਹਨ ਇਸੇ ਤਰ੍ਹਾਂ, ਮਾਨਯੋਗ ਸਪੀਕਰ ਸਾਹਿਬ, ਗੁਰਦੁਆਰਿਆਂ ਦੇ ਵਿੱਚ ਵੀ ਲੰਗਰ ਲੱਗਦੇ ਹਨ ਔਰ ਉਥੇ ਲੋਕਾਂ ਦੇ ਵਾਸਤੇ ਰੋਟੀ ਤਿਆਰ ਕਰਨ ਵਾਸਤੇ ਲੋਹ ਲਗਾਏ ਜਾਂਦੇ ਹਨ। ਮੈਨੂੰ ਤਾਂ ਇਹੀ ਲੱਗਦਾ ਹੈ ਕਿ ਕੱਲ੍ਹ ਨੂੰ ਇਹ ਗੁਰਦੁਆਰਿਆਂ ਵਾਲੇ ਲੋਹਾਂ ਦੇ ਉਤੇ ਵੀ ਟੈਕਸ ਲਗਾ ਦੇਣਗੇ, ਇਨ੍ਹਾਂ ਦਾ ਕੀ ਭਰੋਸਾ ਹੈ। ਹੋ ਸਕਦਾ ਹੈ ਲੰਗਰਾਂ ਦੇ ਉਤੇ ਵੀ/ ਟੈਕਸ ਲੱਗਣ। ਮਾਨਯੋਗ ਸਪੀਕਰ ਸਾਹਿਬ, ਕੌਣ ਬੰਦਾ ਲੋਹ ਲਾਉਂਦਾ ਹੈ ਜਾਂ ਫਿਰ ਕੌਣ ਬੰਦਾ ਤੰਦੂਰ ਲਗਾਉਂਦਾ ਹੈ ? ਜਿਹੜਾ ਵੱਡਾ ਬੰਦਾ ਹੁੰਦਾ ਹੈ ਉਹ ਤਾਂ ਢਾਬਾ ਜਾਂ ਰੈਸਟੋਰੈਂਟ ਵਗੈਰਾ ਖੋਲ੍ਹ ਲੈਂਦਾ ਹੈ, ਲੇਕਿਨ ਜਿਹੜਾ ਵਿਚਾਰਾ ਗਰੀਬ ਆਦਮੀ ਔਰ ਅਨਪੜ੍ਹ ਵਿਅਕਤੀ ਜਿਹੜਾ ਕਿ ਦੋ ਵਕਤ ਦੀ ਰੋਟੀ ਕਮਾਉਣ ਵਾਸਤੇ ਸੜਕਾਂ ਦੇ ਉਤੇ ਇਹ ਤੰਦੂਰ ਲਗਾ ਲੈਂਦਾ ਹੈ ਔਰ ਉਹ ਅਨਪੜ੍ਹ ਵਿਅਕਤੀ ਆਪਣੇ ਨਾਲ ਦੋ ਮੁੰਡੇ ਰੋਟੀ ਪਕਾਉਣ ਲਈ ਰੱਖ ਲੈਂਦਾ ਹੈ/ਲੇਕਿਨ ਹਾਲੇ ਤੀਕਰ ਜਿਹੜਾ ਵੀ ਉਥੇ ਰੋਟੀ ਖਾਂਦਾ ਹੈ, ਚਾਹੇ ਉਥੇ ਰੋਟੀ ਸਸਤੀ ਮਿਲਦੀ ਹੈ ਉਹ ਰੋਟੀ ਇਸ ਕਰਕੇ ਸਸਤੀ ਮਿਲਦੀ ਹੈ ਕਿਉਂਕਿ ਉਹ ਹਾਲੇ ਤੱਕ ਗੌਰਮਿੰਟ ਦੇ ਸ਼ਿਕੰਜੇ ਤੋਂ ਬਚੇ ਹੋਏ ਸਨ ਲੇਕਿਨ ਜੇਕਰ ਉਨ੍ਹਾਂ ਦੇ ਉਤੇ ਹੁਣ ਸੇਲ ਟੈਕਸ ਲਗਾ ਦਿੱਤਾ ਜਾਵੇਗਾ ਤਾਂ ਉਨ੍ਹਾਂ ਨੂੰ ਇਸ ਦੇ ਲਈ ਖਾਤੇ ਤੇ ਕਾਪੀਆਂ ਖੋਲ੍ਹਣੀਆਂ ਪੈਣਗੀਆਂ, ਉਸ ਦੇ ਹਿਸਾਬ ਕਿਤਾਬ ਲਈ ਲੈਜ਼ਰ ਲਗਾਉਣੇ ਪੈਣਗੇ, ਉਨ੍ਹਾਂ ਨੂੰ ਇਸ ਦਾ ਅਕਾਊਂਟ ਰੱਖਣਾ/ਪਵੇਗਾ। ਮਾਨਯੋਗ ਸਪੀਕਰ ਸਾਹਿਬ, ਫਿਰ ਉਨ੍ਹਾਂ ਦੇ ਕੋਲ ਸੇਲਜ਼ ਟੈਕਸ ਦੇ ਇੰਸਪੈਕਟਰ ਜਾਇਆ ਕਰਨਗੇ। ਇਸ ਸਰਕਾਰ ਨੇ ਬੜੇ ਵੱਡੇ ਵੱਡੇ ਵਾਅਦੇ ਕੀਤੇ ਸਨ ਕਿ ਸਾਡੀ ਸਰਕਾਰ ਪਾਰਦਰਸ਼ੀ ਸਰਕਾਰ ਹੋਵੇਗੀ, ਅਸੀਂ ਇੰਸਪੈਕਟਰੀ ਰਾਜ ਖਤਮ ਕਰਾਂਗੇ......

Original with;
Punjab Vidhan Sabha

[ਕੈਪਟਨ ਕੰਵਲਜੀਤ ਸਿੰਘ]

ਮਾਨਯੋਗ ਸਪੀਕਰ ਸਾਹਿਬ, ਮੈਨੂੰ ਲੱਗਦਾ ਹੈ ਕਿ ਅਗਲੀ ਵਾਰ ਜਿਹੜੇ ਜੁੱਤੇ ਪਾਲਿਸ਼ ਕਰਦੇ ਹਨ, ਉਨ੍ਹਾਂ ਤੇ ਵੀ ਇਹ ਟੈਕਸ ਲਾਉਣਗੇ। ਇਹ ਵੇਖੋ ਕਿ ਅਨਪੜ੍ਹ, ਗਰੀਬ ਤੇ ਸਾਧਾਰਨ ਵਿਅਕਤੀ, ਜਿਹੜੇ ਲੋਕਾਂ ਨੂੰ ਆਮ ਚਾਹ ਜਾਂ ਰੋਟੀ ਖਿਲਾ ਕੇ ਆਪਣਾ ਕੰਮ/ਚਲਾਉਂਦੇ ਹਨ, ਹੁਣ ਉਨ੍ਹਾਂ ਲੋਕਾਂ ਨੂੰ ਸੇਲ ਟੈਕਸ ਦੇ ਖਾਤੇ ਖੁਲ੍ਹਵਾਉਣੇ ਪੈਣਗੇ। ਉਨ੍ਹਾਂ ਨੂੰ ਸੇਲ ਟੈਕਸ ਦੇ ਮਹਿਕਮੇ ਦੇ ਅਫ਼ਸਰਾਂ ਦਾ ਧੱਕਾ ਵੀ ਝੱਲਣਾ ਪਵੇਗਾ। ਇਸ ਤੋਂ ਇਲਾਵਾ ਗਰੀਬ ਲੋਕਾਂ ਨੂੰ ਢਾਬਿਆਂ ਤੇ ਰੋਟੀ ਸਸਤੀ ਨਹੀਂ ਮਿਲੇਗੀ, ਉਨ੍ਹਾਂ ਨੂੰ ਮਹਿੰਗੀ ਰੋਟੀ ਮਿਲੇਗੀ ਕਿਉਂਕਿ ਮਹਿਕਮੇ ਦਾ ਕਮਿਸ਼ਨ ਵੀ ਦੇਣਾ ਪਵੇਗਾ। ਮਾਨਯੋਗ ਸਪੀਕਰ ਸਾਹਿਬ, ਇਸ ਕਰਕੇ ਮੈਂ ਕਹਾਂਗਾ ਕਿ ਬੜਾ ਹੀ ਬੇਦਰਦਾ, ਬੜਾ ਹੀ ਜ਼ਾਲਮਾਨਾ ਔਰ ਬੜਾ ਹੀ ਗਰੀਬ ਵਿਰੋਧੀ ਫੈਸਲਾ ਇਨ੍ਹਾਂ/ਨੇ ਕੀਤਾ ਹੈ। ਫਿਰ ਇਸ ਦੇ ਵਿਚੋਂ ਟੈਕਸ ਕਿੰਨਾ ਇਕੱਠਾ ਕਰਨਾ ਹੈ, ਇਸ ਬਾਰੇ ਇਨ੍ਹਾਂ ਨੂੰ ਪੁੱਛੋ। ਇਸ ਬਾਰੇ ਬੜਾ ਰੌਲਾ ਪਾਇਆ ਗਿਆ। ਸਾਰਿਆਂ ਨੇ ਖਾਤੇ ਵੀ ਖੁਲ੍ਹਵਾਏ। ਜਿਹੜੇ ਢਾਬੇ ਹਨ, ਉਨ੍ਹਾਂ ਦੇ ਵਿਚ ਆਪਣੇ ਇੰਸਪੈਕਟਰਾਂ ਨੂੰ ਵੀ ਭੇਜਿਆ ਗਿਆ। ਖੈਰ ਇਸ ਦੇ ਵਿਚ ਇੰਸਪੈਕਟਰਾਂ ਦੀ ਤਾਂ ਚਾਂਦੀ ਬਣ ਗਈ ਲੇਕਿਨ ਗੱਲ ਇਹ ਹੈ ਕਿ ਟੈਕਸ ਕਿੰਨਾ ਇਕੱਠਾ ਕਰਨਾ ਹੈ। ਇਨ੍ਹਾਂ ਨੇ ਇਹ ਬਿਲ ਦੇ ਵਿਚ ਡਿਸਕਸ ਕੀਤਾ ਹੈ/ਕਿ ਪੰਜ ਕਰੋੜ ਰੁਪਿਆ ਇਕੱਠਾ ਹੋਵੇਗਾ। ਮਾਨਯੋਗ ਸਪੀਕਰ ਸਾਹਿਬ, ਪੰਜ ਕਰੋੜ ਰੁਪਏ ਲਈ ਇੰਨੀ ਸਿਰਦਰਦੀ ਪੈਦਾ ਕਰਕੇ ਮੇਰੇ ਖਿਆਲ ਦੇ ਵਿਚ ਪੰਜਾਬ ਦੇ ਵਿਚ ਹਜ਼ਾਰਾਂ ਦੀ ਗਿਣਤੀ ਦੇ ਵਿਚ ਢਾਬੇ ਹੋਣੇ ਹਨ ਜਿਹੜੇ ਕਿ ਇਹ ਕੰਮ ਕਰਕੇ ਪੰਜਾਬ ਦੇ ਵਿਚ ਆਪਣਾ ਕੰਮ ਕਾਰ ਚਲਾ ਰਹੇ ਹਨ, ਉਨ੍ਹਾਂ ਵਾਸਤੇ ਪਰੇਸ਼ਾਨੀ ਪੈਦਾ ਹੋਣੀ ਹੈ। ਉਨ੍ਹਾਂ ਨੂੰ ਨਵੇਂ ਖਾਤੇ ਖੁਲ੍ਹਵਾਉਣੇ ਪੈਣਗੇ ਅਤੇ ਇੰਸਪੈਕਟਰ ਉਨ੍ਹਾਂ ਤੇ ਰਾਜ ਕਾਇਮ ਕਰਨਗੇ। ਪਰ ਪੈਸਾ ਸਿਰਫ ਪੰਜ ਕਰੋੜ/ਰੁਪਿਆ ਇਕੱਠਾ ਹੋਵੇਗਾ। ਇਹ ਦਾਅਵਾ ਕਰਦੇ ਹਨ ਪਰ ਮੈਂ ਤਾਂ ਮੰਨਦਾ ਨਹੀਂ, ਲੇਕਿਨ ਇਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਆਪਣੇ ਬਜਟ ਵਿਚ ਕਿ ਸੇਲ ਟੈਕਸ ਇਕੱਠਾ ਕਰਨ ਲਈ 3500 ਕਰੋੜ ਰੁਪਏ ਦੇ ਅਨੁਮਾਨ ਦੀ ਉਮੀਦ ਹੈ। ਇਨ੍ਹਾਂ ਨੂੰ 3500 ਕਰੋੜ ਰੁਪਏ ਦੇ ਨਾਲ ਸਬਰ ਨਹੀਂ ਆਇਆ। ਗਰੀਬ ਲੋਕਾਂ ਤੇ ਟੈਕਸ ਲਗਾ ਦਿੱਤਾ। ਮਾਨਯੋਗ ਸਪੀਕਰ ਸਾਹਿਬ, ਮੈਂ ਤਾਂ ਮੰਤਰੀ ਸਾਹਿਬ ਨੂੰ ਇਹ ਜ਼ਰੂਰ ਕਹਾਂਗਾ ਕਿ ਗਰੀਬ ਜਨਤਾ ਤੇ ਰਹਿਮ ਕਰੋ/ ਗਰੀਬ ਜਨਤਾ ਨੂੰ ਇੰਸਪੈਕਟਰੀ ਰਾਜ ਵਿਚੋਂ ਕੱਢਣ ਵਾਸਤੇ ਇਸ ਮੱਦ ਨੂੰ ਰੱਦ ਕਰਨ ਦਾ ਫੈਸਲਾ ਕਰੋ।

ਮਾਨਯੋਗ ਸਪੀਕਰ ਸਾਹਿਬ, ਪੈਰ੍ਹਾ ਨੰ: 5 ਦੇ ਵਿਚ ਐਗਜ਼ਿਮ ਫਾਰਮ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਐਗਜ਼ਿਮ ਫਾਰਮ ਦਾ ਮਤਲਬ ਹੈ ਕਿ ਜਿਹੜਾ ਵੀ ਕੋਈ ਮਾਲ ਹੋਰਾਂ ਸਟੇਟਾਂ ਤੋਂ ਪੰਜਾਬ ਦੇ ਵਿਚ ਆਵੇਗਾ ਜਾਂ ਪੰਜਾਬ ਤੋਂ ਬਾਹਰ ਜਾਵੇਗਾ ਉਸ ਵਾਸਤੇ ਜਿਹੜਾ ਮਹਿਕਮੇ ਵੱਲੋਂ ਇੱਕ ਵਿਸ਼ੇਸ਼ ਫਾਰਮ ਜਾਰੀ ਕੀਤਾ ਜਾਵੇਗਾ, ਜਿਸ ਉਪਰ ਦਸਤਖਤ ਕੀਤੇ ਜਾਣਗੇ, ਉਹ ਫਾਰਮ ਡੀਲਰ ਨੂੰ ਔਰ ਮਾਲ ਐਕਸਪੋਰਟ ਕਰਨ ਵਾਲੇ ਨੂੰ ਤਿਆਰ ਕਰਨਾ ਪਵੇਗਾ। ਮਾਨਯੋਗ ਸਪੀਕਰ ਸਾਹਿਬ, ਸਟੇਟ ਮਨਿਸਟਰ ਸਾਹਿਬ ਕਹਿ ਰਹੇ ਸੀ ਕਿ ਮੇਰੇ ਖਿਆਲ ਦੇ ਵਿਚ ਅੱਜ ਪੰਜਾਬ ਦੇ ਵਿਚ ਵਪਾਰੀ ਵਰਗ ਦੇ ਵਿਚ ਜੇ ਇੱਕ ਗੱਲ ਦੇ ਉਪਰ ਸਹਿਮਤੀ ਹੈ ਜਾਂ ਪੰਜਾਬ ਦੇ ਵਪਾਰੀ ਵਰਗ ਦੇ ਵਿਚ ਜੇ ਇੱਕ

Original with;
Punjab Vidhan Sabha
Digitized by;
Panjab Digital Library

ਗੱਲ ਦੀ ਬੇਚੈਨੀ ਹੈ, ਜੋ ਪੰਜਾਬ ਦਾ ਵਪਾਰੀ ਵਰਗ ਪੰਜਾਬ ਦੀਆਂ ਸੜਕਾਂ ਦੇ ਉਪਰ ਸੰਘਰਸ਼ ਕਰਨ ਲਈ ਆ ਰਿਹਾ ਹੈ ਤਾਂ ਉਹ ਇਸ ਕਰਕੇ ਹੈ ਕਿਉਂਕਿ ਉਹ ਇਸ ਫਾਰਮ ਦੇ ਖਿਲਾਫ ਹਨ। ਮਾਨਯੋਗ ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਅੱਜ ਪੰਜਾਬ ਦਾ ਸਮੁੱਚਾ ਵਪਾਰੀ ਵਰਗ ਇਕ ਮੁੱਠ ਹੋ ਕੇ ਇਸ ਫਾਰਮ ਦੇ ਵਿਰੋਧ ਵਿਚ ਪੰਜਾਬ ਦੀਆਂ ਸੜਕਾਂ ਦੇ ਉਪਰ ਆ ਗਿਆ ਹੈ। ਸਟੇਟ ਮਨਿਸਟਰ ਸਾਹਿਬ ਕਹਿ ਰਹੇ ਸਨ ਕਿ ਅਸੀਂ ਵਪਾਰ ਬਚਾ ਲਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਗੱਲ ਨਾਲ ਵਪਾਰੀਆਂ ਨੂੰ ਪਰੇਸ਼ਾਨੀ ਹੋਵੇਗੀ। ਇਹ ਕਹਿੰਦੇ ਹਨ ਕਿ ਇੰਸਪੈਕਟਰੀ ਰਾਜ ਖਤਮ ਕਰਾਂਗੇ, ਇਸ ਤਰ੍ਹਾਂ ਇਹ ਖਤਮ ਨਹੀਂ ਹੋਵੇਗਾ ਬਲਕਿ ਇਨ੍ਹਾਂ ਫਾਰਮਾਂ ਦੇ ਲਾਗੂ ਹੋਣ ਨਾਲ ਇੰਸਪੈਕਟਰੀ ਰਾਜ ਹੋਰ ਮਜ਼ਬੂਤ ਹੋਵੇਗਾ। ਵਪਾਰੀਆਂ ਲਈ ਪਰੇਸ਼ਾਨੀ ਅਤੇ ਰਿਸ਼ਵਤਖੋਰੀ ਹੋਰ ਵਧ ਜਾਵੇਗੀ ਔਰ ਮਹਿਕਮੇ ਦੀ ਦਖਲਅੰਦਾਜ਼ੀ ਕਾਰਨ ਪੰਜਾਬ ਦਾ ਵਪਾਰੀ ਪਰੇਸ਼ਾਨ ਹੋਵੇਗਾ।

ਫਿਰ ਦੇਖੋ ਅਗਲਾ ਪੁਆਇੰਟ ਹੈ ਕਿ ਕਲਾਜ਼-ਡੀ ਦੇ ਵਿਚ ਸਬ ਸੈਕਸ਼ਨ-2 ਦੇ ਵਿਚ ਕਿਹਾ ਹੈ ਕਿ ਪਹਿਲਾਂ 20% ਸੀ। ਮੈਂ ਪੜ੍ਹ ਦਿੰਦਾ ਹਾਂ "impose on the consignor or consignee of the goods, a penalty, which shall not be less than twenty percent and not more than thirty percent of the value of the goods and in case he finds otherwise, he shall order the release of the goods."

ਮਾਨਯੋਗ ਸਪੀਕਰ ਸਾਹਿਬ, ਇਹ ਪਤਾ ਨਹੀਂ 20% ਜਾਂ 30% ਪੈਨਲਟੀਆਂ ਦੇ ਨਾਲ ਵੀ ਜਿਹੜੇ ਮੁਲਾਜ਼ਮ ਹਨ, ਜਿਹੜੇ ਇੰਸਪੈਕਟਰ ਹਨ ਔਰ ਜਿਹੜੇ ਅਫਸਰ ਹਨ, ਉਹ ਮਾਲ ਨੂੰ ਪਕੜਨਗੇ ਅਤੇ ਉਨ੍ਹਾਂ ਦੀ ਡਿਸਕਰੀਸ਼ਨ ਇੰਨੀ ਵਧ ਜਾਵੇਗੀ ਅਤੇ ਉਨ੍ਹਾਂ ਦੇ ਹੱਥਾਂ ਵਿਚ ਇੰਨੀ ਤਾਕਤ ਆ ਜਾਵੇਗੀ ਕਿ ਉਹ ਮਾਲ ਵਪਾਰੀਆਂ ਤੋਂ ਧੱਕੇ ਨਾਲ ਪਕੜ ਕੇ ਕਹੇਗਾ ਕਿ ਜਾਂ ਤਾਂ ਇੰਨੇ ਪੈਸੇ ਰੱਖ ਦੇ ਜਾਂ ਫਿਰ ਤੇਰੇ ਤੇ 30% ਪੈਨਲਟੀ ਲਾਵਾਂਗਾ। ਮੇਰੇ ਖਿਆਲ ਦੇ ਵਿਚ ਸਰਕਾਰ ਨੇ ਇਹ ਵਪਾਰੀ ਵਿਰੋਧੀ ਫੈਸਲਾ ਕੀਤਾ ਹੈ।

ਇਨ੍ਹਾਂ ਨੇ ਜਿਹੜੀ ਲਿਮਟ ਸੈਕਸ਼ਨ-5 ਦੀ ਸਬ ਸੈਕਸ਼ਨ 2 ਵਿੱਚ ਰੱਖੀ ਹੈ, ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ :

> "in sub-section (4), in the first proviso, for the words and sign "not exceeding two thousand rupees or twenty percent of the value of the goods, whichever is greater", the following shall be substituted."

ਇਹ ਵਪਾਰੀਆਂ ਦੇ ਪੱਖੀ ਸਰਕਾਰ ਦੀ ਗੱਲ ਨਹੀਂ ਹੈ। ਇਹ ਸਰਕਾਰ ਜਿਹੜੀ ਵਪਾਰੀਆਂ ਦੀਆਂ ਕਸਮਾਂ ਖਾ ਰਹੀ ਸੀ, ਇਨ੍ਹਾਂ ਨੇ 20% ਤੋਂ ਹੁਣ substitute ਕਰਕੇ equal to 50% of the value of the goods ਦਾ ਜੁਰਮਾਨਾ ਕਰ ਦਿੱਤਾ ਹੈ। ਇਹ ਪਹਿਲਾਂ 20% ਸੀ। ਇਸ ਕਰਕੇ ਉਹ ਹੁਣ 50% ਟੈਕਸ ਲਗਾ ਸਕਦੇ ਹਨ। ਇਸ

Original with;
Punjab Vidhan Sabha
Digitized by;

[ਕੈਪਟਨ ਕੰਵਲਜੀਤ ਸਿੰਘ]

ਨਾਲ ਵਪਾਰੀ ਖਤਮ ਹੋ ਜਾਵੇਗਾ ਤੇ ਦੁਬਾਰਾ ਵਪਾਰੀ ਖੜ੍ਹਾ ਨਹੀਂ ਹੋ ਸਕਦਾ। ਹੁਣ ਇਸ ਮਹਿਕਮੇ ਦਾ ਅਫਸਰ ਤੇ ਇੰਸਪੈਕਟਰ ਵਪਾਰੀ ਤੇ 50% ਟੈਕਸ ਲਗਾ ਸਕਦਾ ਹੈ। ਇਸ ਨਾਲ ਵਪਾਰੀ ਖਤਮ ਹੋ ਜਾਵੇਗਾ। ਇਹ ਚਾਹ ਦੇ ਵਪਾਰੀਆਂ ਦੀ ਗੱਲ ਕਰ ਰਹੇ ਸਨ ਪਰ ਜਿਹੜੀ ਅਮੈਂਡਮੈਂਟ ਇਨ੍ਹਾਂ ਨੇ ਲਿਆਂਦੀ ਹੈ, ਉਸ ਨਾਲ ਵਪਾਰੀ ਵਰਗ ਲਾਜ਼ਮੀ ਤੌਰ ਤੇ ਤਬਾਹ ਹੋ ਜਾਵੇਗਾ। ਸਾਡੀ ਸਰਕਾਰ ਨੇ ਵਪਾਰੀਆਂ ਨੂੰ ਹਰ ਤਰ੍ਹਾਂ ਦੀ ਮਦਦ ਕੀਤੀ ਅਤੇ ਉਨ੍ਹਾਂ ਨੂੰ ਹਰ ਪ੍ਰੋਵੀਜ਼ਨ ਰਾਹੀਂ ਪ੍ਰਫੁੱਲਤ ਕਰਨ ਦੀ ਕੋਸ਼ਿਸ਼ ਕੀਤੀ। ਜੇਕਰ ਮੈਂ ਇਥੇ ਰਿਆਇਤਾਂ ਗਿਣਾਉਣ ਲੱਗਾਂ ਤਾਂ ਕਾਫੀ ਸਮਾਂ ਲੱਗ ਜਾਵੇਗਾ। ਦੂਸਰਾ, ਇਥੇ ਕਾਫੀ ਬਿਲ ਰੱਖੇ ਹੋਏ ਹਨ। ਮੈਂ ਇੰਨਾ ਹੀ ਕਹਿੰਦਾ ਹਾਂ ਕਿ ਅਸੀਂ ਪੰਜਾਬ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਵਪਾਰੀਆਂ ਦੇ ਪੈਰ ਪੱਕੇ ਕੀਤੇ ਹਨ। ਜਿਸ ਤਰ੍ਹਾਂ ਇਹ ਤਜਵੀਜ਼ਾਂ ਜਾਂ ਬਿਲ ਪੇਸ਼ ਕਰ ਰਹੇ ਹਨ, ਇਸ ਨਾਲ ਪੰਜਾਬ ਦਾ ਵਪਾਰੀ ਵਰਗ ਖਤਰੇ ਵਿੱਚ ਪੈ ਜਾਵੇਗਾ। ਇਹ ਉਸ ਲਈ ਖਤਰੇ ਦੀ ਘੰਟੀ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਦਾ ਵਿਰੋਧ ਕਰਦਾ ਹਾਂ।

**ਮਾਨਯੋਗ ਸਪੀਕਰ** : ਸ੍ਰੀ ਤਿਕਸ਼ਨ ਸੂਦ। ਸੂਦ ਸਾਹਿਬ, ਤੁਸੀਂ ਰਿਪੀਟ ਨਾ ਕਰਨਾ ਸਗੋਂ ਨਵੀਂ ਗੱਲ ਕਰਨਾ।

**ਸ੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ)** : ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਸੇਲਜ਼ ਟੈਕਸ ਸਬੰਧੀ ਬਿਲ ਲਿਆਏ ਹਨ, ਮੈਂ ਕਹਾਂਗਾ ਕਿ ਇਨ੍ਹਾਂ ਦਾ ਜੇ ਕੋਈ ਹਿਡਨ ਏਜੰਡਾ ਹੈ ਤਾਂ ਇਹ ਕਲੀਅਰ ਕਰ ਦੇਣ ਕਿਉਂਕਿ ਇਹ ਜਿਹੜਾ ਆਰਡੀਨੈਂਸ ਨੂੰ ਬਿਲ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਇਹ ਵਪਾਰੀ ਮਾਰੂ ਹੈ, ਲੋਕ ਮਾਰੂ ਹੈ। ਇਸ ਨਾਲ ਪੰਜਾਬ ਦਾ ਵਪਾਰੀ ਖਤਮ ਹੋ ਜਾਵੇਗਾ। ਮੈਂ ਸੋਚਿਆ ਸੀ ਕਿ ਇਨ੍ਹਾਂ ਨੇ ਸਬ ਸੈਕਸ਼ਨ 5 ਦੀ ਧਾਰਾ 4 ਦੀ ਲਿਮਿਟ ਵਿੱਚ ਕੋਈ ਵਾਧਾ ਦੇਣਗੇ ਪਰ ਇਨ੍ਹਾਂ ਨੇ ਲਿਮਿਟ ਵਿੱਚ ਵਾਧਾ ਨਹੀਂ ਕੀਤਾ ਜਿਸ ਦਾ ਸਾਨੂੰ ਦੁੱਖ ਹੈ। ਬਾਹਰਲੀਆਂ ਸਟੇਟਾਂ ਤੋਂ ਜਿਹੜੀ ਚੀਜ਼ ਪੰਜਾਬ ਵਿੱਚ ਆਵੇਗੀ, ਉਸ ਲਈ ਸੇਲਜ਼ ਟੈਕਸ ਲਈ ਰਜਿਸਟਰ ਹੋਣਾ ਬੜਾ ਜ਼ਰੂਰੀ ਹੈ। ਜੇਕਰ ਕੋਈ ਵਪਾਰੀ ਸਧਾਰਨ ਚੀਜ਼ ਵੀ ਪੰਜਾਬ ਵਿੱਚ ਲਿਆਵੇਗਾ, ਭਾਵੇਂ ਉਸ ਚੀਜ਼ ਨੂੰ ਆਪਣੇ ਵਾਸਤੇ ਹੀ ਯੂਜ਼ ਕਰਨਾ ਹੋਵੇ ਪਰ ਜਦੋਂ ਉਸ ਨੂੰ ਇੰਸਪੈਕਟਰ ਪਕੜੇਗਾ ਤੇ ਉਸ ਤੋਂ ਪੁੱਛੇਗਾ ਕਿ ਇਸ ਚੀਜ਼ ਨੂੰ ਭਾਵੇਂ ਵਪਾਰ ਵਾਸਤੇ ਲਿਆਇਆ ਹੈ ਜਾਂ ਆਪਣੇ ਵਾਸਤੇ ਪਰ ਇਸ ਤੇ ਤੈਨੂੰ ਜੁਰਮਾਨਾ ਦੇਣਾ ਪਵੇਗਾ। ਇਸ ਤਰ੍ਹਾਂ ਮੈਨੂੰਫੈਕਚਰਿੰਗ ਦੇ ਰਜਿਸਟਰਡ ਡੀਲਰ ਕੋਲ ਇੱਕ ਲੱਖ ਦੀ ਲਿਮਿਟ ਹੈ। ਸੇਲਜ਼ ਟੈਕਸ ਰਜਿਸਟਰ ਹੋਣਾ ਬੜਾ ਜ਼ਰੂਰੀ ਹੈ। ਇਹ ਲਿਮਿਟ ਪਹਿਲਾਂ 40,000 ਸੀ ਪਰ ਹੁਣ ਇਹ ਇੱਕ ਲੱਖ ਰੁਪਿਆ ਕਰ ਦਿੱਤੀ ਹੈ ਪਰ ਇਹ ਇੱਕ ਲੱਖ ਰੁਪਏ ਦੀ ਲਿਮਿਟ ਵੀ ਥੋੜ੍ਹੀ ਹੈ ਕਿਉਂਕਿ ਇੱਕ ਲੱਖ ਰੁਪਏ ਦੀ ਲਿਮਿਟ ਨਾਲ ਸੁਧਾਰ ਨਹੀਂ ਹੋ ਸਕਦਾ ਬਲਕਿ ਸਿਰਫ ਵਪਾਰੀ ਦੀ ਰੋਟੀ ਹੀ ਚੱਲ ਸਕਦੀ ਹੈ। ਉਹ ਕੋਈ ਨਵੀਂ ਇਨਵੈਸਟਮੈਂਟ ਨਹੀਂ ਕਰ ਸਕਦਾ।

ਸੋ, ਮਾਨਯੋਗ ਸਪੀਕਰ ਸਾਹਿਬ, ਇਹ ਬੜਾ ਜ਼ਰੂਰੀ ਸੀ ਕਿ ਇਸ ਲਿਮਟ ਨੂੰ ਵਧਾਇਆ ਜਾਂਦਾ ਪਰ ਇਹ ਉਥੇ ਦੀ ਉਥੇ ਖੜ੍ਹੀ ਹੈ। ਇਸੇ ਤਰ੍ਹਾਂ ਆਮ ਡੀਲਰਜ਼ ਲਈ

Original with;
Punjab Vidhan Sabha
Digitized by;
Panjab Digital Library

5 ਲੱਖ ਦੀ ਲਿਮਿਟ ਸੀ । ਇਹ ਵਪਾਰ ਮੰਡਲਾਂ ਦੀ, ਹੋਰ ਲੋਕਾਂ ਦੀ ਵੀ ਮੰਗ ਸੀ ਕਿ ਤੁਸੀਂ ਫਸਟ ਸਟੇਜ ਤੇ ਟੈਕਸ ਬੇਸ਼ਕ ਲਾ ਲਓ ਪਰ ਇਹ ਜਿਹੜੀ 5 ਲੱਖ ਦੀ ਲਿਮਿਟ ਹੈ, ਇਸ ਨੂੰ ਵਧਾਇਆ ਜਾਣਾ ਚਾਹੀਦਾ ਹੈ । ਹੋਰ ਸੂਬਿਆਂ ਵਿਚ ਕਾਫੀ ਜ਼ਿਆਦਾ ਉੱਚੀਆਂ ਲਿਮਿਟਸ ਹਨ ਪਰ ਪੰਜਾਬ ਵਿਚ ਜਿਸ ਤਰ੍ਹਾਂ ਵਪਾਰ ਵਧਣਾ ਚਾਹੀਦਾ ਹੈ, ਉਸ ਤਰ੍ਹਾਂ ਨਹੀਂ ਵੱਧ ਰਿਹਾ । ਉਸਦਾ ਕਾਰਨ ਹੈ ਕਿ ਹਰ ਆਦਮੀ ਡਰਦਾ ਹੈ ਕਿ ਜੇ ਮੈਂ ਸੇਲ ਵਧਾ ਲਈ ਤਾਂ ਇੰਸਪੈਕਟਰ ਨੇ ਆ ਜਾਣਾ ਹੈ, ਉਹ ਕਹੇਗਾ ਤੇਰੀ ਸੇਲ 5 ਲੱਖ ਦੀ ਹੈ । ਵਪਾਰੀ ਕਹੇਗਾ ਮੇਰੀ ਨਹੀਂ ਹੈ । ਇਸ ਤਰ੍ਹਾਂ ਨਾਲ ਝਗੜਾ ਹੋਣ ਤੇ ਵਪਾਰ ਦਬਦਾ ਹੈ, ਲੋਕਾਂ ਦੀ ਚੋਰੀ ਦੀ ਜ਼ਿਆਦਾ ਇੱਛਾ ਹੁੰਦੀ ਹੈ ਤੇ ਉਹ ਸੋਚਦੇ ਹਨ ਕਿ ਮੈਂ ਲਿਮਿਟ ਨਾ ਵਧਾਵਾਂ । ਇਸ ਸਬੰਧੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ 1 ਲੱਖ ਵਾਲੀ ਲਿਮਿਟ ਹੈ, ਉਸਨੂੰ ਵਧਾ ਕੇ 5 ਲੱਖ ਕਰ ਦਿੱਤਾ ਜਾਣਾ ਚਾਹੀਦਾ ਸੀ ਤੇ ਜਿਹੜੀ 5 ਲੱਖ ਵਾਲੀ ਲਿਮਿਟ ਹੈ, ਉਸ ਨੂੰ ਵਧਾ ਕੇ 10 ਲੱਖ ਕਰ ਦਿੱਤਾ ਜਾਣਾ ਚਾਹੀਦਾ ਸੀ ਪਰ ਸਰਕਾਰ ਨੇ ਇਸ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ ।

ਇਸ ਤੋਂ ਅੱਗੇ, ਮਾਨਯੋਗ ਸਪੀਕਰ ਸਾਹਿਬ, ਇਸ ਵਿਚ ਜਿਹੜੇ ਇਨ੍ਹਾਂ ਨੇ ਢਾਬੇ ਅਤੇ ਰੈਸਟੋਰੈਂਟ ਲਏ ਹਨ, ਇਹ ਸਰਕਾਰ ਦਾ ਇਕ ਬਹੁਤ ਹੀ ਲੋਕਮਾਰੂ ਫੈਸਲਾ ਹੈ ਕਿਉਂਕਿ ਢਾਬੇ ਅਤੇ ਰੈਸਟੋਰੈਂਟਾਂ ਵਾਲੇ ਐਸੀਆਂ ਚੀਜ਼ਾਂ ਬਣਾਉਂਦੇ ਹਨ, ਜਿਹੜੀਆਂ ਟਿਕਦੀਆਂ ਨਹੀਂ । ਸਵੇਰੇ ਉਨ੍ਹਾਂ ਨੂੰ ਆਪਣਾ ਸਾਰਾ ਇੰਤਜ਼ਾਮ ਕਰਨਾ ਪੈਂਦਾ ਹੈ । ਕਿਸੇ ਦਿਨ 100 ਗ੍ਰਾਹਕ ਆ ਗਿਆ, ਕਿਸੇ ਦਿਨ 500 ਆ ਗਿਆ ਤੇ ਕਿਸੇ ਦਿਨ 5 ਵੀ ਨਹੀਂ ਆਉਂਦੇ । ਜੇ ਕਿਤੇ ਇੰਸਪੈਕਟਰ ਆ ਗਿਆ ਉਸ ਨੇ ਉਸ ਦਿਨ ਦਾ ਸਮਾਨ ਦੇਖ ਲਿਆ ਤਾਂ ਉਸੇ ਹਿਸਾਬ ਨਾਲ ਉਸਨੇ ਮਹੀਨਿਆਂ ਅਤੇ ਸਾਲਾਂ ਦਾ ਬਣਾ ਕੇ ਕਹਿਣਾ ਹੈ ਕਿ ਤੂੰ ਹੁਣ ਟੈਕਸ ਦੀ ਜ਼ੱਦ ਵਿਚ ਆ ਗਿਆ ਹੈ । ਤੇਰੀ ਏਨੀ ਸੇਲ ਬਣਦੀ ਹੈ । ਉਸਦਾ ਸਮਾਨ ਭਾਵੇਂ ਬੇਕਾਰ ਜਾਵੇ, ਕੋਈ ਚੀਜ਼ ਵਿਕੇ, ਨਾ ਵਿਕੇ, ਇਸ ਤਰ੍ਹਾਂ ਉਹ ਸੇਲ ਟੈਕਸ ਦੀ ਜ਼ੱਦ ਵਿਚ ਆ ਜਾਵੇਗਾ । ਮਾਨਯੋਗ ਸਪੀਕਰ ਸਾਹਿਬ, ਪਿਛਲੀ ਸਰਕਾਰ ਦੇ ਸਮੇਂ, ਮੈਂ ਦੱਸਣਾ ਚਾਹਵਾਂਗਾ ਕਿ ਹਲਵਾਈਆਂ ਤੇ ਟੈਕਸ ਲਗਾਉਣ ਦੀ ਤਜਵੀਜ਼ ਉਦੋਂ ਮਹਿਕਮੇ ਕੋਲੋਂ ਆਈ ਕਿ ਹਲਵਾਈਆਂ ਤੇ ਟੈਕਸ ਲਾਉਣਾ ਹੈ ਜਿਸ ਵੇਲੇ ਹਲਵਾਈਆਂ ਦਾ ਪੱਖ ਸੁਣਿਆ ਗਿਆ, ਸਰਕਾਰ ਨੂੰ ਮਹਿਸੂਸ ਹੋਇਆ ਕਿ ਇਹ ਗੱਲ ਗਲਤ ਹੈ । ਉਦੋਂ ਵੀ ਟੈਕਸ ਯੱਕਮੁਸ਼ਤ ਹੀ ਲਗਣਾ ਸੀ ਪਰ ਅਸੀਂ ਕਿਹਾ ਕਿ ਇਹ ਇਕ ਐਸੀ ਟਰੇਡਰਜ਼ ਦੀ ਕਲਾਸ ਹੈ, ਜਿਸ ਦੇ ਵਪਾਰ ਵਿਚ ਪੂਰੀ ਅਨਿਸ਼ਚਿਤਤਾ ਰਹਿੰਦੀ ਹੈ । ਕਿੰਨਾ ਫਾਇਦਾ ਹੋਣਾ ਹੈ, ਕਿੰਨਾ ਨੁਕਸਾਨ ਹੋਣਾ ਹੈ, ਕੁਝ ਵਿਕੇਗਾ ਜਾਂ ਨਹੀਂ ਵਿਕੇਗਾ, ਕੁਝ ਨਹੀਂ ਕਿਹਾ ਜਾ ਸਕਦਾ । ਆਪਣੇ ਉਨ੍ਹਾਂ ਦੇ ਹੱਥ ਕਿੱਤੇ ਵਿਚ ਲਗੇ ਰਹਿੰਦੇ ਹਨ । ਉਨ੍ਹਾਂ ਦੀ ਸਾਰੀ ਅਕਾਉਂਟੈਂਟ ਰੱਖਣ ਦੀ ਨਹੀਂ ਹੁੰਦੀ, ਇਸ ਕਰਕੇ ਢਾਬੇ ਅਤੇ ਰੈਸਟੋਰੈਂਟਾਂ ਚ ਟੈਕਸ ਲਗਾਉਣ ਦਾ ਸਰਕਾਰ ਦਾ ਇਹ ਫੈਸਲਾ ਗਲਤ ਹੈ, ਇਹ ਇਨ੍ਹਾਂ ਨੂੰ ਇਸ ਬਿਲ ਵਿਚ ਨਹੀਂ ਲਿਆਉਣਾ ਚਾਹੀਦਾ । ਇਸ ਵਿਚ ਲੋਕਾਂ ਦਾ ਵੀ ਹਿਤ ਨਹੀਂ ਹੈ ਕਿਉਂਕਿ ਆਮ ਗਰੀਬ ਆਦਮੀ ਨੇ ਹੀ ਢਾਬੇ ਤੇ ਰੋਟੀ ਖਾਣੀ ਹੁੰਦੀ ਹੈ । ਉਸਦਾ ਵੀ ਖਰਚਾ ਵਧੇਗਾ ਤੇ ਕਈ ਜਿਹੜੇ ਵਿਦਿਆਰਥੀ ਬਾਹਰੋਂ ਆ ਕੇ ਪੜ੍ਹਦੇ ਹਨ, ਉਨ੍ਹਾਂ ਦਾ ਵੱਧ ਖਰਚਾ ਵੀ ਉਨ੍ਹਾਂ ਦੇ ਮਾਂ-ਬਾਪ ਨੂੰ ਚੁੱਕਣਾ ਪਵੇਗਾ ਕਿਉਂਕਿ ਉਹ ਬੱਚੇ ਇਨ੍ਹਾਂ ਢਾਬਿਆਂ ਤੇ ਹੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਤਿਕਸ਼ਨ ਸੂਦ]

ਰੋਟੀ ਖਾਂਦੇ ਹਨ । ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਸੈਕਸ਼ਨ-4 ਵਿਚ ਸਬ ਸੈਕਸ਼ਨ-5 ਪਾਇਆ ਹੈ, ਇਸ ਸਬੰਧੀ ਮੈਂ ਇਹੀ ਕਹਾਂਗਾ ਕਿ ਢਾਬਿਆਂ ਅਤੇ ਰੈਸਟੋਰੈਂਟਾਂ ਨੂੰ ਬਾਹਰ ਕੱਢ ਕੇ ਸਰਕਾਰ ਲਿਮਿਟ ਵਧਾਵੇ ਤਾਂਕਿ ਵਪਾਰੀ ਵਰਗ ਨੂੰ ਰਾਹਤ ਮਿਲ ਸਕੇ ।

ਅਗਲੀ ਗੱਲ, ਮਾਨਯੋਗ ਸਪੀਕਰ ਸਾਹਿਬ, ਇਹ ਹੈ ਕਿ ਸਰਕਾਰ ਨੂੰ ਪੁਰਾਣੇ ਤਜਰਬਿਆਂ ਤੋਂ ਕੁਝ ਸਿੱਖਣਾ ਚਾਹੀਦਾ ਹੈ । ਪਹਿਲਾਂ ਜਦੋਂ ਇਨਫਰਮੇਸ਼ਨ ਕੁਲੈਕਸ਼ਨ ਸੈਂਟਰ ਲਗੇ ਤਾਂ, ਮਾਨਯੋਗ ਸਪੀਕਰ ਸਾਹਿਬ, ਬੜਾ ਸਖਤ ਕਾਨੂੰਨ ਬਣਾਇਆ ਗਿਆ । ਐਡਮਨਿਸਟ੍ਰੇਟਿਵ ਮੈਮੋਰੰਡਮ ਵਿਚ ਲਿਖਿਆ ਗਿਆ ਕਿ ਹਾਈਕੋਰਟ ਦਾ ਫੈਸਲਾ ਹੈ, ਉਨ੍ਹਾਂ ਨੇ 16 ਪੁਆਇੰਟਸ ਦਸੇ ਜਿਨ੍ਹਾਂ ਤੇ ਸਟੇਟ ਲੈਜਿਸਲੇਚਰ ਕਾਨੂੰਨ ਬਣਾਏ ਤਾਂਕਿ ਟੈਕਸ ਦੀ ਚੋਰੀ ਰੋਕੀ ਜਾ ਸਕੇ । ਇਹ ਡਾਇਰੈਕਸ਼ਨ ਸੀ, ਇਹ ਨਹੀਂ ਸੀ ਕਿ ਇੰਨੇ ਪਰਸੈਂਟ ਪੈਨਲਟੀ ਲਗਾ ਦਿਉ । ਇਹ ਇਕ ਗਾਈਡਲਾਈਨ ਸੀ । ਜਿਸ ਵੇਲੇ ਕੋਈ ਗੱਡੀ ਇਨਫਰਮੇਸ਼ਨ ਕੁਲੈਕਸ਼ਨ ਸੈਂਟਰ ਤੋਂ 2 ਗਜ਼ ਵੀ ਅੱਗੇ ਚਲੀ ਜਾਂਦੀ ਸੀ, ਚਾਹੇ ਧੁੰਦ ਕਰਕੇ, ਹਨੇਰੇ ਕਰਕੇ, ਡਰਾਈਵਰ ਦੀ ਗਲਤੀ ਕਰਕੇ ਜਾਂ ਨਾ ਸਮਝੀ ਨਾਲ ਹੀ ਜਦੋਂ ਕੋਈ ਬਾਹਰੋਂ ਟਰਾਂਸਪੋਰਟਰ ਸਮਾਨ ਲੈ ਕੇ ਆਉਂਦਾ ਸੀ, ਹੁੰਦਾ ਕੀ ਸੀ ਅਫਸਰ ਲੰਘਾ ਹੀ ਦਿੰਦਾ ਸੀ ਤੇ ਵਾਹਵਾਹੀ ਲੁੱਟਣ ਲਈ ਚੀਜ਼ਾਂ ਦੀ ਜਿੰਨੀ ਕੀਮਤ ਹੁੰਦੀ ਸੀ, ਉਸ ਤੇ 50 ਪ੍ਰਤੀਸ਼ਤ ਪੈਨਲਟੀ ਠੁਕ ਜਾਂਦੀ ਸੀ । ਪੰਜਾਬ ਦਾ ਵਪਾਰੀ ਇਸ ਨਾਲ ਬਹੁਤ ਅਫੈਕਟਿਡ ਹੋਇਆ ਹੈ । ਸਾਰੀਆਂ ਵਪਾਰ ਯੂਨੀਅਨਾਂ ਅਤੇ ਵਪਾਰ ਮੰਡਲ ਇਸ ਬਾਰੇ ਸਰਕਾਰ ਨੂੰ ਮਿਲੇ ਸਨ । ਇਸ ਤਜਰਬੇ ਨੂੰ ਸਾਹਮਣੇ ਰੱਖਦੇ ਹੋਏ ਅਤੇ ਵਪਾਰੀਆਂ ਨੂੰ ਬਚਾਉਣ ਵਾਸਤੇ ਪਿਛਲੀ ਸਰਕਾਰ ਨੇ ਇਹ ਫੈਸਲਾ ਕੀਤਾ ਸੀ ਕਿ ਇਹ ਟੈਕਸ ਢਾਈ ਹਜ਼ਾਰ ਰੁਪਏ ਘੱਟ ਤੋਂ ਘੱਟ 20% ਤੋਂ ਵੱਧ ਕਿਸੇ ਵੀ ਸੂਰਤ ਵਿੱਚ ਨਹੀਂ ਲੱਗਣਾ ਚਾਹੀਦਾ । ਪੈਨਲਟੀ ਤਾਂ ਵੈਸੇ ਵੀ ਵੱਧ ਤੋਂ ਵੱਧ 20-30% ਹੀ ਹੈ । ਫਿਰ ਇਸ ਨੂੰ 50% ਕਿਉਂ ਕੀਤਾ ਜਾਵੇ ? ਇਹ 50% ਕਰਨ ਦਾ ਮਤਲਬ ਹੈ ਕਿ ਸਰਕਾਰ ਨੇ ਆਪਣੇ ਪਿਛਲੇ ਤਜਰਬੇ ਤੋਂ ਕੁਝ ਹਾਸਲ ਨਹੀਂ ਕੀਤਾ ਅਤੇ ਆਪਣਾ ਰਿਕਾਰਡ ਨਹੀਂ ਵੇਖਿਆ ਜਾਂ ਫਿਰ ਇਸ ਨੇ ਵਪਾਰੀਆਂ ਦਾ ਲੱਕ ਤੋੜਨ ਦਾ ਫੈਸਲਾ ਕਰ ਲਿਆ ਹੈ । ਇਸ ਨਾਲ ਟਰਾਂਸਪੋਰਟਰਾਂ ਨੂੰ ਵੀ ਬੜੀ ਮੁਸ਼ਕਲ ਹੋਵੇਗੀ । ਹੁਣ ਜਿਹੜੀ ਕਲਾਜ਼ 5 ਦੀ ਸਬ-ਕਲਾਜ਼ ਸੀ. (ii) ਲਾਈ ਹੈ, ਉਸ ਵਿੱਚ ਇਨ੍ਹਾਂ ਨੇ ਲਿਖਿਆ ਹੈ such goods shall be detained along with vehicle for a period not exceeding 72 hours. ਮਾਨਯੋਗ ਸਪੀਕਰ ਸਾਹਿਬ, ਇਕ ਟ੍ਰਾਂਸਪੋਰਟਰ ਜਿਸ ਵੇਲੇ ਸਮਾਨ ਲੱਦਦਾ ਹੈ, ਉਸ ਵੇਲੇ ਉਹ ਐਨੀ ਵੈਰੀਫਿਕੇਸ਼ਨ ਨਹੀਂ ਕਰ ਸਕਦਾ ਕਿ ਬਿਲ ਡੁਪਲੀਕੇਟ ਹੈ ਜਾਂ ਅਸਲੀ ਹੈ । ਉਹ ਬੇਅਲੀ (bailee) ਹੁੰਦਾ ਹੈ ਕਿ ਇਹ ਸਮਾਨ ਇਸ ਜਗ੍ਹਾ ਤੋਂ ਉਸ ਜਗ੍ਹਾ ਤੇ ਪਹੁੰਚਾਉਣਾ ਹੈ ਅਤੇ ਉਸ ਦਾ ਉਸ ਨੇ ਭਾੜਾ ਲੈਣਾ ਹੈ । ਜਿਸ ਵੇਲੇ ਉਸ ਦਾ ਵਹੀਕਲ ਡਿਟੇਨ ਹੋ ਜਾਂਦਾ ਹੈ ਤਾਂ ਉਸ ਨੂੰ ਇਕ ਇਕ ਦਿਹਾੜੀ ਮਹਿੰਗੀ ਪੈਂਦੀ ਹੈ । ਡਰਾਈਵਰ ਦਾ ਖਰਚਾ ਵੀ ਹੈ ਅਤੇ ਗੱਡੀ ਦੀ ਕਿਸ਼ਤ ਵੀ ਉਸ ਨੇ ਤਾਰਨੀ ਹੁੰਦੀ ਹੈ । ਇਸ ਕਰਕੇ ਇਹ ਟ੍ਰਾਂਸਪੋਰਟਰ ਮਾਰੂ ਕੰਮ ਹੈ । ਪਹਿਲਾਂ ਵੀ ਟ੍ਰਾਂਸਪੋਰਟ ਯੂਨੀਅਨਾਂ ਇਨ੍ਹਾਂ ਗੱਲਾਂ ਕਰਕੇ ਹਮੇਸ਼ਾਂ ਮਿਲਦੀਆਂ ਰਹਿੰਦੀਆਂ ਸਨ । ਇਹ ਕੰਮ

Original with;
Punjab Vidhan Sabha
Digitized by;
Panjab Digital Library

ਕਰਕੇ ਹੁਣ ਅਫਸਰਾਂ ਨੂੰ ਪੂਰੇ ਕਲੱਚਿਜ਼ ਦੇ ਦਿੱਤੇ ਗਏ ਹਨ ਕਿ ਤੁਸੀਂ ਟ੍ਰਾਂਸਪੋਰਟਰਾਂ ਅਤੇ ਵਪਾਰੀਆਂ ਨੂੰ ਪੂਰਾ ਐਕਸਪਲਾਇਟ ਕਰੋ । ਇਸ ਤੋਂ ਬਾਅਦ ਇਹ ਜਿਹੜੀ ਕਲਾਜ਼ 5 ਦੀ ਸਬ-ਕਲਾਜ਼ ਬੀ. ਦੀ ਪ੍ਰੋਵਾਈਜ਼ੋ ਹੈ, ਇਸ ਵਿਚ ਲਿਖਿਆ ਹੈ : Provided further that where the goods carried by such vehicle are, after their entry into the State of Punjab, transported outside the State of Punjab by any other vehicle or conveyance, the burden of proving that the goods have actually moved out of the State of Punjab, shall be on the owner or person-in-charge of the vehicle. ਮਾਨਯੋਗ ਸਪੀਕਰ ਸਾਹਿਬ, ਇਹ ਜਿਹੜੀ ਪ੍ਰੋਵੀਜ਼ਨ ਇਨ੍ਹਾਂ ਨੇ ਪਾ ਦਿੱਤੀ ਹੈ, ਇਹ ਬੜੀ ਖਤਰਨਾਕ ਹੈ । ਪਹਿਲਾਂ ਜਿਹੜੀ ਅਫਸਰਾਂ ਦੀ ਜ਼ਿੰਮੇਂਵਾਰੀ ਹੁੰਦੀ ਸੀ, ਉਹ ਹੁਣ ਬਿਲਕੁਲ ਖਤਮ ਹੋ ਗਈ । ਅੱਗੇ ਤਾਂ ਕੋਈ ਪੁੱਛ ਸਕਦਾ ਸੀ ਕਿ ਜਿਹੜਾ ਸਟੇਟ ਵਿਚ ਸਮਾਨ ਐਂਟਰ ਕਰ ਗਿਆ ਸੀ, ਉਸ ਦੇ ਬਾਹਰ ਨਿਕਲਣ ਵਾਸਤੇ ਜ਼ਿੰਮੇਂਵਾਰ ਕੌਣ ਹੈ । ਹੁਣ ਕੀ ਹੋ ਸਕਦਾ ਹੈ ਕਿ ਆਪਣੀ ਪਰਚੀ ਆਊਟਰ ਬੈਰੀਅਰ ਤੇ ਦੇ ਦਿੱਤੀ ਅਤੇ ਉਸ ਦੇ ਬਾਅਦ ਅਗਰ ਕੋਈ ਮਿਲੀਭੁਗਤ ਹੋ ਕੇ ਗੜਬੜ ਹੁੰਦੀ ਹੈ ਤਾਂ ਉਸ ਬਾਰੇ ਟ੍ਰਾਂਸਪੋਰਟਰ ਹੀ ਦੱਸੇਗਾ, ਅਫਸਰ ਨੂੰ ਕੁਝ ਨਹੀਂ ਹੋਵੇਗਾ । ਇਸ ਦੇ ਵਿਚ ਟ੍ਰਾਂਸਪੋਰਟਰ ਤੇ ਜ਼ਿੰਮੇਂਵਾਰੀ ਪਾ ਦਿੱਤੀ ਗਈ ਹੈ ਕਿ ਤੂੰ ਸਾਬਤ ਕਰਨਾ ਹੈ ਕਿ ਮਾਲ ਸਟੇਟ ਵਿਚੋਂ ਬਾਹਰ ਕਿਵੇਂ ਗਿਆ । ਇਹ ਪ੍ਰੋਵੀਜ਼ਨ ਪੂਰੀ ਤਰ੍ਹਾਂ ਮਿਸਯੂਟੇਲਾਈਜ਼ ਹੋ ਸਕਦੀ ਹੈ। ਸਾਬਤ ਕਰਨ ਦੀ ਜ਼ਿੰਮੇਂਵਾਰੀ ਹੁਣ ਵਪਾਰੀ ਤੇ ਪਾ ਦਿੱਤੀ ਗਈ ਹੈ ਅਤੇ ਉਸ ਨੇ ਹੀ ਐਗਜ਼ਿਟ ਆਫ ਗੁਡਜ਼ ਬਾਰੇ ਸਾਬਤ ਕਰਨਾ ਹੈ ਪਰ ਉਹ ਕਿਸ ਤਰ੍ਹਾਂ ਕਰੇਗਾ । ਇਸ ਦੇ ਵਾਸਤੇ ਅਫਸਰ ਜ਼ਿੰਮੇਂਵਾਰ ਕਿਉਂ ਨਾ ਹੋਵੇ । ਸੋ, ਇਹ ਜਿਹੜੀ ਕਲਾਜ਼ ਪਾਈ ਗਈ ਹੈ, ਇਹ ਵਪਾਰੀਆਂ ਨੂੰ ਤੰਗ ਕਰਨ ਵਾਸਤੇ ਅਤੇ ਅਫਸਰੀ ਰਾਜ ਦਾ ਬੋਲਬਾਲਾ ਕਰਨ ਵਾਸਤੇ ਪਾਈ ਗਈ ਹੈ । ਅੱਗੇ ਇਕ ਹੋਰ ਅੰਮੇਂਡਮੈਂਟ ਪ੍ਰੋਪੋਜ਼ ਕੀਤੀ ਹੈ । ਕਲਾਜ਼ 2 ਅਤੇ ਸਬ ਸੈਕਸ਼ਨ 7 ਵਿਚ 14 ਦਿਨਾਂ ਦਾ ਸਮਾਂ ਅਫਸਰਾਂ ਨੂੰ ਦੇ ਦਿੱਤਾ ਗਿਆ ਹੈ ਕਿ 14 ਦਿਨਾਂ ਦੇ ਵਿਚ ਵਿਚ ਉਨ੍ਹਾਂ ਨੇ ਫੈਸਲਾ ਕਰਨਾ ਹੈ । ਪਹਿਲਾਂ ਸਮੇਂ ਦੀ ਕੋਈ ਹੱਦ ਨਹੀਂ ਸੀ। ਇਸ ਕਰਕੇ ਕੋਈ ਵੀ ਚੀਜ਼ ਕਦੇ ਵੀ ਡਿਸਕਸ ਹੋ ਸਕਦੀ ਸੀ । ਹੁਣ ਅਫਸਰ ਦੀ ਮਰਜ਼ੀ ਹੈ ਅਤੇ ਉਹ ਕਹਿ ਸਕਦਾ ਹੈ ਕਿ 14 ਦਿਨਾਂ ਤੋਂ ਪਹਿਲਾਂ ਫੈਸਲਾ ਨਹੀਂ ਕਰਨਾ । ਇਹ ਚੀਜ਼ ਵੀ ਪੂਰੀ ਤਰ੍ਹਾਂ ਐਕਸਪਲਾਇਟ ਹੋਵੇਗੀ । ਅਫਸਰ ਆਰਾਮ ਨਾਲ ਬੈਠੇ ਰਹਿਣਗੇ ਅਤੇ 14 ਦਿਨਾਂ ਤੱਕ ਤੰਗ ਕਰਦੇ ਰਹਿਣਗੇ, ਸੌਦੇਬਾਜ਼ੀ ਕਰਦੇ ਰਹਿਣਗੇ। ਇਹ ਸਮਾਂ 7 ਦਿਨਾਂ ਤੋਂ ਵੱਧ ਨਹੀਂ ਹੋਣਾ ਚਾਹੀਦਾ ਜਾਂ ਇਹ ਹੋਣਾ ਚਾਹੀਦਾ ਹੈ ਕਿ as early as possible. ਜਿਸ ਵੇਲੇ ਕੇਸ ਆਵੇ, ਉਸ ਵੇਲੇ ਉਸ ਨੂੰ ਮੁਕਾਉਣਾ ਚਾਹੀਦਾ ਹੈ ।

ਪਰ ਜੇ ਤਾਂ ਉਸਨੂੰ ਕਾਨੂੰਨ ਦੀ ਪ੍ਰੋਟੈਕਸ਼ਨ ਦੇਂਦੇ ਹਾਂ ਕਿ ਉਹ 14 ਦਿਨਾਂ ਦੇ ਅੰਦਰ ਅੰਦਰ ਫੈਸਲਾ ਕਰੇ ਫੇਰ ਉਸ ਨੂੰ ਕੋਈ ਪੁੱਛ ਨਹੀਂ ਸਕਦਾ । ਫਿਰ ਉਹ 13ਵੇਂ ਦਿਨ ਫੈਸਲਾ ਕਰੇਗਾ । ਇਸ ਤਰ੍ਹਾਂ ਦੀਆਂ ਖੁੱਲ੍ਹੀਆਂ ਛੁੱਟੀਆਂ ਜਿਹੜੇ ਅਫਸਰਾਂ ਨੂੰ ਦਿੱਤੀਆਂ, ਇਨਸਪੈਕਟਰਾਂ ਨੂੰ ਦਿੱਤੀਆਂ ਹਨ ਉਸ ਨਾਲ ਵਪਾਰੀ ਵਰਗ ਹੋਰ ਮਰੇਗਾ । ਕਲਾਜ਼ 3 ਵਿੱਚ ਵੀ ਇਹੀ ਪਾਇਆ ਗਿਆ ਹੈ । ਮਾਨਯੋਗ ਸਪੀਕਰ ਸਾਹਿਬ, ਜੋ

Original with;
Punjab Vidhan Sabha
Digitized by;

[ਸ਼੍ਰੀ ਤਿਕਸ਼ਨ ਸੂਦ]

ਜ਼ੁਰਮਾਨਾ 50% ਹੈ ਇਹ ਵੀ ਜ਼ਰੂਰ ਘਟਾਇਆ ਜਾਣਾ ਚਾਹੀਦਾ ਹੈ । 14 ਦਿਨ ਵੀ ਜ਼ਰੂਰ ਘੱਟ ਕੀਤੇ ਜਾਣੇ ਚਾਹੀਦੇ ਹਨ । ਮਾਨਯੋਗ ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਦੁਬਾਰਾ ਕਹਿਣਾ ਚਾਹੁੰਦਾ ਹਾਂ ਕਿ ਕੀ ਜਲਦੀ ਪਈ ਸੀ ਇਸ ਤਰ੍ਹਾਂ ਦੀਆਂ ਅਮੈਂਡਮੈਂਟਾਂ ਲਿਆਉਣ ਦੀ । ਇਹ ਸਾਰੀਆਂ ਚੀਜਾਂ ਅੱਗੇ ਸੇਲਜ਼ ਟੈਕਸ ਵਿੱਚ ਲਿਆਂਦੀਆਂ ਜਾ ਸਕਦੀਆਂ ਸਨ । ਇਨ੍ਹਾਂ ਰਾਹੀਂ ਇਸ ਤਰ੍ਹਾਂ ਦੀਆਂ ਚੀਜ਼ਾਂ ਨਾਲ ਵਪਾਰੀਆਂ ਦਾ ਨੁਕਸਾਨ ਹੈ । ਪਹਿਲਾਂ ਵੀ ਵਪਾਰੀ ਵਰਗ ਨੇ ਇਸ ਦਾ ਵਿਰੋਧ ਕੀਤਾ ਸੀ । ਐਗਜ਼ਿਮ ਫਾਰਮ ਨੇ ਇਸ ਸਿਸਟਮ ਨੂੰ ਫੇਲ੍ਹ ਕਰ ਦੇਣਾ ਹੈ । ਇਹ ਸਾਡੇ ਪੁਰਾਣੇ ਤਜਰਬੇ ਹਨ । ਵਪਾਰੀ ਵਰਗ ਇਸ ਤਰ੍ਹਾਂ ਦੀ ਅਮੈਂਡਮੈਂਟ ਨੂੰ ਕਦੇ ਮਨਜ਼ੂਰ ਨਹੀਂ ਕਰੇਗਾ । ਮੈਂ ਹਾਊਸ ਵਿੱਚ ਕਹਿੰਦਾ ਹਾਂ ਕਿ ਅੱਗੇ ਵੈਟ ਆ ਰਿਹਾ ਹੈ । ਇਨ੍ਹਾਂ ਸਾਰਿਆਂ ਨੂੰ ਇਕੱਠੇ ਤੌਰ ਤੇ ਕੰਸਿਡਰ ਕਰਨਾ ਚਾਹੀਦਾ ਹੈ, ਇਨ੍ਹਾਂ ਤੇ ਵਿਚਾਰ ਹੋਣੀ ਚਾਹੀਦੀ ਹੈ ਤਾਂ ਕਿ ਪੰਜਾਬ ਦਾ ਵਪਾਰ ਹੋਰ ਵੱਧ ਸਕੇ । ਮੈਂ ਬੇਨਤੀ ਕਰਦਾ ਹਾਂ ਕਿ ਇਸ ਅਮੈਂਡਮੈਂਟ ਨੂੰ ਰੱਦ ਕਰ ਦਿੱਤਾ ਜਾਵੇ ਅਤੇ ਇਹ ਬਿਲ ਪਾਸ ਨਾ ਹੋਣ ਦਿੱਤਾ ਜਾਵੇ ।

**ਆਬਕਾਰੀ ਅਤੇ ਕਰ ਮੰਤਰੀ (ਸਰਦਾਰ ਸਰਦੂਲ ਸਿੰਘ)** : ਮਾਨਯੋਗ ਸਪੀਕਰ ਸਾਹਿਬ, ਹੋਟਲਾਂ, ਢਾਬਿਆਂ ਵਾਲਿਆਂ ਨੂੰ ਜਿਨ੍ਹਾਂ ਦੀ ਪਹਿਲਾਂ ਇਕ ਲੱਖ ਰੁਪਏ ਦੀ ਰਿਟਰਨ ਸੀ ਉਨ੍ਹਾਂ ਨੂੰ ਸੇਲਜ਼ ਟੈਕਸ ਦਾ ਨੰਬਰ ਲੈਣਾ ਪੈਂਦਾ ਸੀ ਅਸੀਂ ਉਸ ਲਿਮਿਟ ਨੂੰ ਵਧਾ ਕੇ ਇਕ ਲੱਖ ਰੁਪਏ ਤੋਂ ਪੰਜ ਲੱਖ ਰੁਪਏ ਕਰ ਦਿੱਤਾ ਹੈ ਜਿਸ ਨਾਲ ਹੁਣ ਛੋਟੇ ਢਾਬੇ ਵਾਲਿਆਂ ਨੂੰ ਇਸ ਵਿੱਚ ਰਾਹਤ ਮਿਲਣੀ ਹੈ । ਹੁਣ ਉਹ ਢਾਬੇ ਵਾਲੇ ਜਿਨ੍ਹਾਂ ਦੀ ਆਮਦਨ ਪੰਜ ਲੱਖ ਰੁਪਏ ਤੋਂ ਘੱਟ ਹੋਏਗੀ ਉਨ੍ਹਾਂ ਨੂੰ ਸੇਲਜ਼ ਟੈਕਸ ਨੰਬਰ ਲੈਣਾ ਨਹੀਂ ਪਵੇਗਾ । ਸੋ, ਇਸ ਤਰ੍ਹਾਂ ਕਰਕੇ ਅਸੀਂ ਤਾਂ ਉਨ੍ਹਾਂ ਨੂੰ ਰਾਹਤ ਦਿੱਤੀ ਹੈ । ਯਾਰਨ ਅਤੇ ਪੇਪਰ ਤੇ ਲਗਦੇ ਐਂਟਰੀ ਟੈਕਸ ਬਾਰੇ ਮੈਂ ਪਹਿਲਾਂ ਹੀ ਦੱਸ ਦਿੱਤਾ ਹੈ ਕਿ ਉਸ ਉਤੇ ਵੀ ਟੈਕਸ ਤੋਂ ਚੋਰੀ ਰੋਕਣ ਦਾ ਇੰਤਜਾਮ ਕੀਤਾ ਹੈ । ਅਮੈਂਡਮੈਂਟ ਵਿੱਚ ਇਕ ਹੋਰ ਜ਼ਰੂਰੀ ਚੀਜ਼ ਆਈ ਹੈ ਕਿ ਮੋਟਰ ਵਹੀਕਲ ਤੇ ਪਹਿਲਾਂ ਸਰਚਾਰਜ ਲਾਉਣ ਦੀ ਤਜਵੀਜ਼ ਸੀ, ਉਹ ਸਰਚਾਰਜ ਲਗਾਉਣ ਦੇ ਨਾਲ ਪੰਜਾਬ ਦੇ ਡੀਲਰਾਂ ਦੀ ਜਿਹੜੀ ਮੋਟਰ ਵਹੀਕਲਜ਼ ਦੀ ਸੇਲ ਸੀ ਉਹ ਬਹੁਤ ਘੱਟ ਗਈ ਸੀ ਔਰ ਸਰਕਾਰ ਨੂੰ ਵੀ ਉਸ ਤੋਂ ਰੈਵੀਨਿਊ ਘੱਟ ਆਉਂਦਾ ਸੀ । ਹੁਣ ਅਸੀਂ ਉਹ ਸਰਚਾਰਜ ਖਤਮ ਕਰ ਦਿੱਤਾ ਹੈ ਜਿਸ ਦੇ ਨਾਲ ਹੁਣ ਮੋਟਰ ਵਹੀਕਲਜ਼ ਦੀ ਸੇਲ ਬਹੁਤ ਜ਼ਿਆਦਾ ਹੋ ਗਈ ਹੈ ਔਰ ਸਰਕਾਰ ਦੇ ਮਾਲੀਏ ਵਿੱਚ ਵੀ ਕਾਫੀ ਵਾਧਾ ਹੋਇਆ ਹੈ ਔਰ ਟੈਕਸ ਵੀ ਦੂਜੇ ਸੂਬਿਆਂ ਦੇ ਬਰਾਬਰ ਹੋ ਗਏ ਹਨ । ਜਿਹੜਾ ਸਾਡੇ ਆਨਰੇਬਲ ਮੈਂਬਰ ਸਾਹਿਬ ਨੇ ਸੁਝਾਅ ਦਿੱਤਾ ਹੈ, ਵਪਾਰੀਆਂ ਦੀ ਪਹਿਲਾਂ ਸ਼ਕਾਇਤ ਸੀ ਕਿ ਉਥੇ ਵੈਰੀਫਿਕੇਸ਼ਨ ਵਾਸਤੇ ਪਹਿਲਾਂ ਗੱਡੀਆਂ ਰੋਕੀਆਂ ਜਾਂਦੀਆਂ ਸਨ ਉਨ੍ਹਾਂ ਨੂੰ ਪ੍ਰੇਸ਼ਾਨੀ ਆਉਂਦੀ ਸੀ ਔਰ ਵਪਾਰੀ ਸ਼ਕਾਇਤਾਂ ਕਰਦੇ ਸੀ, ਉਸ ਵਿੱਚ ਵੀ ਅਸੀਂ ਅਮੈਂਡਮੈਂਟ ਕਰਕੇ ਇਹ ਦੱਸ ਦਿੱਤਾ ਹੈ ਕਿ ਜਿਹੜੀ ਵੀ ਗੱਡੀ ਉਥੇ ਰੋਕੀ ਜਾਂਦੀ ਹੈ ਉਸ ਨੂੰ 72 ਘੰਟੇ ਦੇ ਅੰਦਰ ਅੰਦਰ ਉਸਦਾ ਫੈਸਲਾ ਕਰਕੇ ਉਸ ਗੱਡੀ ਨੂੰ ਛੱਡਣਾ ਪਵੇਗਾ । ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਵਪਾਰੀ ਨੂੰ 50% ਜ਼ੁਰਮਾਨਾ ਲੱਗਣਾ ਹੈ, ਇਸ ਨਾਲ ਬੜਾ ਨੁਕਸਾਨ ਹੋਏਗਾ ਅਤੇ ਉਸ ਵਪਾਰੀ ਦਾ ਇਸ

Original with;
Punjab Vidhan Sabha
Digitized by;

ਨਾਲ ਲੱਕ ਟੁੱਟੇਗਾ । ਮਾਨਯੋਗ ਸਪੀਕਰ ਸਾਹਿਬ, ਉਹ ਕੀ ਕਰਦੇ ਸਨ ਕਿ ਉਹ ਸਿਰਫ ਗੱਡੀਆਂ ਦੀ ਰਾਹਦਾਰੀ ਲੈ ਲੈਂਦੇ ਸਨ ਅਤੇ ਡਰਾਈਵਰ ਕਹਿੰਦੇ ਸਨ ਕਿ ਜੰਮੂ ਕਸ਼ਮੀਰ ਜਾਣਾ ਹੈ ਔਰ ਜਿਹੜਾ ਮਾਲ ਸੀ ਉਹ ਰਸਤੇ ਵਿੱਚ ਹੀ ਲੁਧਿਆਣੇ ਜਾਂ ਜਲੰਧਰ ਉਤਾਰ ਦਿੱਤਾ ਜਾਂਦਾ ਸੀ ਔਰ ਇਸ ਤਰ੍ਹਾਂ ਟੈਕਸ ਦੀ ਚੋਰੀ ਹੁੰਦੀ ਸੀ । ਇਸ ਟੈਕਸ ਨੂੰ ਰੋਕਣ ਵਾਸਤੇ ਇਹ ਕਦਮ ਚੁੱਕਿਆ ਗਿਆ ਹੈ ਤਾਂ ਕਿ ਜਿਹੜੀ ਮਾਲੀਏ ਦੀ ਚੋਰੀ ਹੈ, ਉਹ ਨਾ ਹੋ ਸਕੇ । ਜੋ ਬਾਰ ਬਾਰ ਐਗਜ਼ਿਮ ਫਾਰਮ ਦੀ ਗੱਲ ਆ ਰਹੀ ਹੈ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸਦੀ ਤਾਂ ਅਜੇ ਕੋਈ ਨੋਟੀਫਿਕੇਸ਼ਨ ਨਹੀਂ ਹੋਈ ਅਤੇ ਨਾ ਕੋਈ ਇਹ ਫਾਰਮ ਲਾਗੂ ਹੈ, ਜਦੋਂ ਨੋਟੀਫਿਕੇਸ਼ਨ ਹੋਏਗੀ ਉਸ ਤੋਂ ਬਾਅਦ ਇਸ ਤੇ ਵਿਚਾਰ ਕੀਤਾ ਜਾਵੇਗਾ । ਸੋ, ਮੈਂ......

**ਸ਼੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੈਂ ਏਥੇ ਇਕ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ ।

**ਮਾਨਯੋਗ ਸਪੀਕਰ** : ਜਿਸ ਵੇਲੇ ਇਹ ਬੋਲ ਲੈਣਗੇ ਉਸ ਤੋਂ ਬਾਅਦ ਤੁਸੀਂ ਕਲੈਰੀਫਿਕੇਸ਼ਨ ਲੈ ਲੈਣਾ ।

**ਆਬਕਾਰੀ ਅਤੇ ਕਰ ਮੰਤਰੀ** : ਸੋ, ਅੰਤ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਵਪਾਰੀ ਔਰ ਸਰਕਾਰ ਦੇ ਮਾਲੀਏ ਦੇ ਹਿੱਤ ਵਿੱਚ ਹੈ ਇਸ ਲਈ ਇਸ ਨੂੰ ਪਾਸ ਕਰਨਾ ਚਾਹੀਦਾ ਹੈ ।

**ਸ਼੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਕੋਲੋਂ ਇਕ ਕਲੈਰੀਫਿਕੇਸ਼ਨ ਲੈਣਾ ਚਾਹੁੰਦਾ ਹਾਂ ਕਿ ਮੰਤਰੀ ਜੀ ਨੇ ਜਿਹੜਾ ਕਿਹਾ ਹੈ ਕਿ ਐਗਜ਼ਿਮ ਫਾਰਮ ਦੀ ਨੋਟੀਫਿਕੇਸ਼ਨ ਨਹੀਂ ਹੋਈ । ਇਹ ਇਸ ਦੀ ਪ੍ਰੋਵੀਜ਼ੋ ਵਿਚ ਹੈ । ਕੀ ਇਸ ਦੀ ਵੱਖਰੀ ਨੋਟੀਫਿਕੇਸ਼ਨ ਕੀਤੀ ਜਾਣੀ ਹੈ ਜਾਂ ਇਸੇ ਐਕਟ ਵਿਚ ਕਵਰ ਹੋ ਜਾਂਦੀ ਹੈ ?

**ਆਬਕਾਰੀ ਤੇ ਕਰ ਮੰਤਰੀ** : ਕੋਈ ਵੱਖਰੀ ਨਹੀਂ ਕਰਨੀ ਜੀ ।

**MR. SPEAKER** : Question is—

That the Punjab General Sales Tax (Amendment) Bill be taken into consideration at once.

*The motion was carried.*

**MR. SPEAKER** : Now the House will proceed to consider the Bill clause by clause.

**SUB CLAUSE (2) OF CLAUSE 1**

**MR. SPEAKER** : Question is—

That Sub-Clause (2) of Clause 1 stand part of the Bill.

*The motion was carried.*

Original with;
Punjab Vidhan Sabha
Digitized by;

## CLAUSES 2 to 7

**MR. SPEAKER** : As there is no amendment to Clauses 2 to 7, if the House agrees, these Clauses may be put to the vote of the House together.

(*Voices : Yes, Yes*)

**MR. SPEAKER** : Question is—

That Clauses 2 to 7 stand part of the Bill.

*The motion was carried.*

## SUB-CLAUSE (1) OF CLAUSE 1

**MR. SPEAKER** : Question is—

That Sub-Clause (1) of Clause 1 stand part of the Bill.

*The motion was carried.*

## TITLE

**MR. SPEAKER** : Question is—

That Title be the Title of the Bill.

*The motion was carried.*

**EXCISE & TAXATION MINISTER (Sardar Sardul Singh)** : Sir, I bag to move :—

That the Punjab General Sales Tax (Amendment) Bill be passed.

**MR. SPEAKER** : Motion moved—

That the Punjab General Sales Tax (Amendment) Bill be passed.

**MR. SPEAKER** : Question is—

That the Punjab General Sales Tax (Amendment) Bill be passed.

*The motion was carried.*

---

Original with;
Punjab Vidhan Sabha
Digitized by;

## 4. THE PUNJAB AGRICULTURAL PRODUCE MARKETS (AMENDMENT) Bill, 2003 (*Replacing Ordinance*)

**RURAL DEVELOPMENT, PANCHAYATS AND AGRICULTURE MINISTER (SHRIMATI RAJINDER KAUR BHATTAL) :** Sir, I beg to introduce the Punjab Agricultural Produce Markets (Amendment) Bill.

Sir, I also beg to move—

That the Punjab Agricultural Produce Markets (Amendment) Bill be taken into consideration at once.

**MR. SPEAKER :** Motion moved—

That the Punjab Agricultural Produce Markets (Amendment) Bill be taken into consideration at once.

**ਸ਼੍ਰੀ ਅਵਿਨਾਸ਼ ਰਾਏ ਖੰਨਾ (ਗੜ੍ਹਸ਼ੰਕਰ) :** ਮਾਨਯੋਗ ਸਪੀਕਰ ਸਾਹਿਬ, ਇਸ ਬਿੱਲ ਤੇ ਬੋਲਣ ਤੋਂ ਪਹਿਲਾਂ ਸਦਨ ਵਿਚ ਮੈਂ ਇਕ ਗੱਲ ਕਰਨੀ ਚਾਹੁੰਦਾ ਹਾਂ । ਅੱਜ ਬਿਕਰਮੀ ਸੰਮਤ **2060** ਸ਼ੁਰੂ ਹੋਇਆ ਹੈ । ਇਸ ਨਵੇਂ ਸਾਲ ਦੇ ਚੜ੍ਹਨ ਦੇ ਸ਼ੁਭ ਮੌਕੇ ਤੇ ਮੈਂ ਸਮੂਹ ਮੈਂਬਰ ਸਾਹਿਬਾਨ ਨੂੰ, ਪ੍ਰੈਸ ਗੈਲਰੀ ਵਿਚ ਬੈਠੇ ਪੱਤਰਕਾਰ ਸਾਹਿਬਾਨ, ਦਰਸ਼ਕ ਗੈਲਰੀਆਂ ਵਿਚ ਬੈਠੇ ਦਰਸ਼ਕ ਸਾਹਿਬਾਨ, ਵਿਧਾਨ ਸਭਾ ਦੇ ਬੈਠੇ ਅਫਸਰ ਅਤੇ ਕਰਮਚਾਰੀ ਸਾਹਿਬਾਨ ਨੂੰ ਲੱਖ ਲੱਖ ਵਧਾਈ ਦਿੰਦਾ ਹਾਂ ਅਤੇ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ ਆਉਣ ਵਾਲੇ ਸਾਲ ਦਾ ਸਮਾਂ ਪੰਜਾਬ ਵਾਸਤੇ, ਇਸ ਦੇਸ਼ ਵਾਸਤੇ ਬਹੁਤ ਹੀ ਵਧੀਆ ਹੋਵੇ । ਅਸੀਂ ਸਾਰੇ ਸਿਹਤਮੰਦ ਹੋਈਏ ਅਤੇ ਇਸ ਦੇਸ਼ ਦੀ ਤਰੱਕੀ ਵਾਸਤੇ ਕੰਮ ਕਰ ਸਕੀਏ ।

**ਮਾਨਯੋਗ ਸਪੀਕਰ :** ਇਸ ਗੱਲ ਲਈ ਤੁਹਾਡਾ ਧੰਨਵਾਦ ਹੈ ।

**ਸ਼੍ਰੀ ਅਵਿਨਾਸ਼ ਰਾਏ ਖੰਨਾ :** ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਬਿਲ ਪੇਸ਼ ਹੋਇਆ ਹੈ ਇਸ ਦੇ ਰੀਜਨਜ਼ ਐਂਡ ਆਬਜੈਕਟਸ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਕਰਦੇ ਹਨ ਕਿਉਂਕਿ ਇਨ੍ਹਾਂ ਨੇ ਗੱਲ ਲਿਖੀ ਹੈ ਕਿ ਆਰਡੀਨੈਂਸ ਜਾਰੀ ਕਰਨ ਦੀ ਕਿਉਂ ਲੋੜ ਪਈ ਔਰ ਅੱਜ ਇਹ ਬਿਲ ਪਾਸ ਕਰਾਉਣ ਲਈ ਕਿਉਂ ਪੇਸ਼ ਹੋਇਆ ਹੈ ? ਮਾਨਯੋਗ ਸਪੀਕਰ ਸਾਹਿਬ, ਇਹ ਲਿਖਦੇ ਹਨ ਕਿ : In the light of present changed political circumstances in the State, the nominated Market Committees, constituted under the Punjab Agriculture Produce Markets

Original with;
Punjab Vidhan Sabha
Digitized by;

[ਸ਼੍ਰੀ ਅਵਿਨਾਸ਼ ਰਾਏ ਖੰਨਾ]

Act, 1961 are no longer representative bodies and are thus not serving the best interests of the State. Party factionalism and gross mis-management is apprehended. ਮਾਨਯੋਗ ਸਪੀਕਰ ਸਾਹਿਬ, ਇਹ ਕਮੇਟੀਆਂ ਦੀ ਚੋਣ ਵਾਸਤੇ 6 ਮਹੀਨੇ ਦੇ ਸਮੇਂ ਦੀ ਥਾਂ ਇਕ ਸਾਲ ਕਰਨ ਦੀ ਗੱਲ ਕਹੀ ਗਈ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਮਾਨਯੋਗ ਸਪੀਕਰ ਸਾਹਿਬ ਇਕ ਸਾਲ ਦੇ ਸਮੇਂ ਵਿਚ ਇਹ ਪਾਰਟੀ ਫੈਕਸ਼ਨਜ਼ ਖਤਮ ਹੋ ਜਾਣਗੇ ? ਜਿਹੜੇ ਲੋਕਾਂ ਨੂੰ ਨਾਮੀਨੇਟ ਕਰਨ ਬਾਰੇ ਕਿਹਾ ਗਿਆ ਹੈ ਕੀ ਉਨ੍ਹਾਂ ਨੂੰ ਟਰੇਨਿੰਗ ਦਿੱਤੀ ਜਾਵੇਗੀ ਕਿ ਮਿਸ-ਮਨੇਜਮੈਂਟ ਨਾ ਹੋਵੇ ? ਮਾਨਯੋਗ ਸਪੀਕਰ ਸਾਹਿਬ, ਇਸ ਦੇ ਆਈਡੀਏ ਪਿੱਛੇ ਇਸ ਤਰ੍ਹਾਂ ਲੱਗਦਾ ਹੈ ਕਿ ਕਾਂਗਰਸ ਪਾਰਟੀ ਸਤਾ ਵਿੱਚ ਹੈ ਅਤੇ ਇਨ੍ਹਾਂ ਨੇ ਆਪਣੇ ਮੈਂਬਰ ਨਾਮੀਨੇਟ ਕਰਨੇ ਹਨ। ਇਹ ਆਪਣੀ ਪਾਰਟੀ ਫੈਕਸ਼ਨ ਨੂੰ ਬਚਾਉਣ ਲਈ ਇਹ ਬਿਲ ਲੈ ਕੇ ਆ ਰਹੀ ਹੈ ਔਰ, ਮਾਨਯੋਗ ਸਪੀਕਰ ਸਾਹਿਬ, ਇਸ ਦੇ ਵਿੱਚ ਇਕ ਹੋਰ ਡਰ ਹੈ ਕਿ ਮਾਰਕੀਟ ਕਮੇਟੀ ਦੇ ਚੇਅਰਮੈਨ ਹੁੰਦੇ ਹਨ, ਵਾਈਸ ਚੇਅਰਮੈਨ, ਮੈਂਬਰ ਹੁੰਦੇ ਹਨ ਉਨ੍ਹਾਂ ਨੂੰ ਕਿਸਾਨ ਅਤੇ ਸਾਧਾਰਨ ਲੋਕ ਆਸਾਨੀ ਨਾਲ ਐਪਰੋਚ ਕਰ ਸਕਦੇ ਹਨ ਲੇਕਿਨ ਇਸ ਬਿਲ ਰਾਹੀਂ ਅਫਸਰਾਂ ਨੂੰ ਬਹੁਤ ਜ਼ਿਆਦਾ ਤਾਕਤਾਂ ਦਿਤੀਆਂ ਜਾ ਰਹੀਆਂ ਹਨ ਅਤੇ ਲੋਕਾਂ ਨੂੰ ਦੂਰ ਰਖਿਆ ਜਾ ਰਿਹਾ ਹੈ। ਮੇਰੀ ਬੇਨਤੀ ਹੈ ਕਿ ਇਸ ਆਰਡੀਨੈਂਸ ਨੂੰ ਬਿਲ ਵਿੱਚ ਕਨਵਰਟ ਕਰਕੇ ਪਾਸ ਨਹੀਂ ਕਰਨਾ ਚਾਹੀਦਾ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** (ਗਿੱਦੜਬਾਹਾ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ ਇਤਰਾਜ਼ ਤਾਂ ਮੈਨੂੰ ਇਹ ਚਾਹੀਦਾ ਸੀ ਕਿ ਇਹ ਜਿਹੜੀਆਂ ਨਾਮੀਨੇਟਿਡ ਮਾਰਕੀਟ ਕਮੇਟੀਆਂ ਸਨ, ਇਹ ਸੁਪਰਸੀਡ ਕਰਨ ਦੀ ਕੀ ਜ਼ਰੂਰਤ ਪਈ ? ਗੌਰਮਿੰਟ ਇਕ ਆਨ-ਗੋਇੰਗ ਪ੍ਰੋਸੈਸ ਹੈ ਅਤੇ ਬੋਰਡ ਨਾਮੀਨੇਟ ਹੋ ਜਾਂਦੇ ਹਨ, ਮੈਂਬਰ ਨਾਮੀਨੇਟ ਹੋ ਜਾਂਦੇ ਹਨ। ਉਨ੍ਹਾਂ ਨੂੰ ਇਸ ਤਰ੍ਹਾਂ ਸੁਪਰਸੀਡ ਕਰ ਦਈਏ, ਠੀਕ ਨਹੀਂ ਪਰ, ਬਹਿਰਹਾਲ, ਮੈਂ ਇਨ੍ਹਾਂ ਦੀ ਮਜ਼ਬੂਰੀ ਸਮਝਦਾ ਹਾਂ ਕਿ ਸਾਲ ਮਗਰੋਂ ਇਨ੍ਹਾਂ ਨੇ ਵੀ ਆਪਣੇ ਬੰਦੇ ਨਾਮੀਨੇਟ ਕਰਨੇ ਹਨ। ਮੈਂ ਖੰਨਾ ਜੀ ਨਾਲ ਮੁਤਫਿਕ ਹਾਂ ਪਰ ਮੈਂ ਪਾਰਟੀ ਪੱਧਰ ਤੋਂ ਉੱਪਰ ਉਠ ਕੇ ਮੈਂ ਮੋਹਤਰਮਾ ਮਨਿਸਟਰ ਸਾਹਿਬਾਨ ਨੂੰ ਅਤੇ ਪਾਰਲੀਮੈਂਟ ਦੇ ਮਨਿਸਟਰ ਸਾਹਿਬ ਨੂੰ ਇਹ ਕਹਾਂਗਾ ਕਿ ਜੇ ਇਹ ਹਕੀਕਤ ਹੀ ਬਣ ਗਿਆ ਕਿ ਜਿਹੜੇ ਵੀ ਪੁਰਾਣੀ ਸਰਕਾਰ ਦੇ ਮੈਂਬਰ ਹਨ, ਨਾਮੀਨੇਟਿਡ ਮੈਂਬਰ ਹਨ ਉਨ੍ਹਾਂ ਨੂੰ ਕੱਢਣਾ ਹੀ ਹੈ, ਤਾਂ ਕਿਉਂ ਨਾ ਇਹ ਜਿਹੜੀ ਸੈਕਸ਼ਨ 12 ਦੇ ਤਹਿਤ ਇਨ੍ਹਾਂ ਨੇ ਅਮੈਂਡਮੈਂਟ ਲਿਆਂਦੀ ਹੈ, ਮਾਨਯੋਗ ਸਪੀਕਰ ਸਾਹਿਬ, ਮੈਂ ਪਾਰਟੀ ਪੱਧਰ ਤੇ ਉਪਰ ਉਠ ਕੇ ਇਹ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਇਹੋ ਜਿਹੀਆਂ ਜਿਹੜੀਆਂ ਕਮੇਟੀਆਂ ਹਨ ਇਨ੍ਹਾਂ ਦੀ ਜਿਹੜੀ ਲਾਈਫ ਹੈ ਜਾਂ ਟਰਮ ਹੈ, ਇਹ ਸਰਕਾਰ ਦੇ ਨਾਲ ਕੋ-ਟਰਮੀਨਸ ਕਰ ਦਿਤੀ ਜਾਵੇ ਕਿ ਜਿੰਨਾਂ ਚਿਰ ਸਰਕਾਰ ਚਲੇਗੀ ਅਤੇ ਆਟੋਮੈਟੀਕਲੀ ਜਦੋਂ ਸਰਕਾਰ ਦੀ ਟਰਮ ਮੁੱਕਦੀ ਹੈ, ਉਸਦੇ ਨਾਲ ਹੀ ਮੈਂਬਰਾਂ ਦੀ ਟਰਮ ਖਤਮ ਹੋ ਜਾਵੇ। ਆਪਾਂ ਨੂੰ ਇਥੇ ਕਾਗਜ਼ ਕਾਲੇ ਕਰਨੇ ਪੈਂਦੇ ਹਨ ਅਤੇ ਅਮੈਂਡਮੈਂਟਸ ਲਿਆਉਣੀਆਂ ਪੈਂਦੀਆਂ ਹਨ, ਫਿਰ ਇਨ੍ਹਾਂ ਵਿੱਚ ਕਹਿਣਾ ਪੈਂਦਾ ਹੈ ਅਤੇ ਇਸ ਦੇ ਵਿੱਚ ਲਿਖਿਆ ਹੈ ਕਿ **In** bringing amount economy

Original with;
Punjab Vidhan Sabha
Digitized by;
Panjab Digital Library

expenditure. ਮਾਨਯੋਗ ਸਪੀਕਰ ਸਾਹਿਬ, ਚੇਅਰਮੈਨਾਂ ਦਾ ਕੋਈ ਖਰਚਾ ਨਹੀਂ ਸੀ ਅਤੇ ਅਫਸਰਾਂ ਦਾ ਹੋ ਸਕਦਾ ਹੈ। ਇਸ ਲਈ ਮੈਂ ਫਲੋਰ/ਆਫ ਦੀ ਹਾਊਸ ਤੇ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਬਿਲ ਲਿਆਉਣ ਕਿ ਜਿਹੜੇ ਨਾਮੀਨੇਟਿਡ ਮੈਂਬਰ ਹੋਣਗੇ ਉਨ੍ਹਾਂ ਦੀ ਟਰਮ ਸਰਕਾਰ ਦੇ ਨਾਲ ਕੋ-ਟਰਮੀਨਸ ਹੋਵੇਗੀ ਤਾਂ ਅਸੀਂ ਉਸਦੀ ਸਪੋਰਟ ਕਰ ਦਿਆਂਗੇ। ਬਹੁਤ ਬਹੁਤ ਧੰਨਵਾਦ।

**ਪੇਂਡੂ ਵਿਕਾਸ, ਪੰਚਾਇਤਾਂ ਅਤੇ ਖੇਤੀਬਾੜੀ ਮੰਤਰੀ (ਸ੍ਰੀਮਤੀ ਰਜਿੰਦਰ ਕੌਰ ਭੱਠਲ) :** ਮਾਨਯੋਗ ਸਪੀਕਰ ਸਾਹਿਬ, ਮੈਂ ਸਮਝਦੀ ਹਾਂ ਕਿ ਸਾਡੀ ਸਰਕਾਰ ਨੇ ਮਹਿਸੂਸ ਕੀਤਾ ਕਿ ਇਹ ਅਮੈਂਡਮੈਂਟ ਲਿਆਉਣੀ ਬਹੁਤ ਜ਼ਰੂਰੀ ਸੀ। ਆਪਾਂ ਸਾਰੇ ਜਾਣਦੇ ਹਾਂ ਕਿ ਸਾਡਾ ਮੁਲਕ ਡੈਮੋਕਰੇਟਿਕ ਹੈ। ਸਾਡੇ ਸੂਬੇ ਵਿੱਚ ਵੀ ਉਸੇ ਤਰ੍ਹਾਂ ਨਾਲ/ ਲੋਕਾਂ ਦੀ ਰਾਏ ਨਾਲ, ਮੈਜਾਰਿਟੀ ਨਾਲ ਸਰਕਾਰਾਂ ਬਣਦੀਆਂ ਹਨ। ਹਰ ਪਾਰਟੀ ਜਿਸਦੀ ਸਰਕਾਰ ਬਣਦੀ ਹੈ, ਉਸਦੀਆਂ ਆਪਣੀਆਂ ਪਾਲਿਸੀਆਂ ਹੁੰਦੀਆਂ ਹਨ, ਉਸਨੇ ਅਕਾਰਡਿੰਗਲੀ ਪੰਜ ਸਾਲ ਵਿੱਚ ਆਪਣੀ ਕਾਰਗੁਜ਼ਾਰੀ ਦਿਖਾ ਕੇ ਅਗਲੀ ਵੇਰ ਫਿਰ ਪਿੰਡਾਂ ਵਿੱਚ ਜਾਣਾ/ਹੁੰਦਾ ਹੈ ਕਿ ਸਾਡੇ ਕੰਮ ਕੀ ਸੀ ਅਤੇ ਸਾਡੀਆਂ ਪਾਲਿਸੀਆਂ ਕੀ ਸਨ ? ਮਾਨਯੋਗ ਸਪੀਕਰ ਸਾਹਿਬ, ਜੇ ਉਪਰ ਕਾਂਗਰਸ ਪਾਰਟੀ ਦੀ ਸਰਕਾਰ ਹੋਵੇ ਅਤੇ ਥੱਲੇ ਵਾਲੀ ਮਸ਼ੀਨਰੀ ਦੇ ਪੱਹੀਏ ਦੂਜੀ ਪਾਰਟੀ ਦੇ ਹੋਣ ਤਾਂ ਇਹ ਮੇਲ/ ਨਹੀਂ ਖਾਂਦਾ। ਆਮ ਤੌਰ ਤੇ ਤਾਂ ਇਹ ਹੁੰਦਾ ਹੈ ਕਿ ਜਦੋਂ ਲੋਕ ਕਿਸੇ ਸਰਕਾਰ ਨੂੰ ਬਦਲ ਦੇਣ ਤਾਂ ਅੱਛਾ ਵੀ ਇਹੀ ਲਗਦਾ ਹੈ ਕਿ ਗਰੇਸਫੁੱਲੀ ਉਸ ਪਾਰਟੀ ਦੇ ਜਿਹੜੇ ਨਾਮੀਨੇਟਡ ਮੈਂਬਰ ਹੁੰਦੇ ਹਨ ਉਹ ਆਪਣੇ/ ਆਪ ਅਸਤੀਫਾ ਦੇ ਦੇਣ, ਰੀਜ਼ਾਇਨ ਕਰ ਦੇਣ। ਪਰ ਬਦਕਿਸਮਤੀ ਦੀ ਗੱਲ ਇਹ ਹੈ ਕਿ ਅਸੀਂ ਤਾਂ ਆਪਣੇ ਆਪ ਹੀ ਛੱਡ ਜਾਂਦੇ ਹਾਂ ਪਰ ਇਨ੍ਹਾਂ ਨੂੰ (ਵਿਰੋਧੀ ਧਿਰਾਂ ਵੱਲ ਇਸ਼ਾਰਾ) ਤਾਂ ਹਟਾਉਣਾ ਹੀ ਪੈਂਦਾ ਹੈ ਅਤੇ ਇਹ ਆਪਣੇ ਆਪ ਨਹੀਂ ਹੱਟਦੇ/। (ਥੰਪਿੰਗ) ਆਪਣੇ ਆਪ ਇਹ ਨਹੀਂ ਛੱਡਦੇ। ਮੈਨੂੰ ਇਕ ਗੱਲ ਯਾਦ ਹੈ, ਅਸੀਂ ਕਾਫੀ ਮਹੀਨੇ ਤੱਕ ਦੇਖਿਆ ਅਤੇ ਇਸ ਤਰ੍ਹਾਂ ਵੀ ਦੇਖਿਆ ਕਿ ਨੀਚੇ ਕਈ ਪ੍ਰੋਗਰਾਮ ਵੀ ਹੋਏ, ਜਿਵੇਂ ਕਹਿੰਦੇ ਹਨ ਕਿ ਲਾਹਾ ਲੈ ਲਵੋ। ਕਿਸੇ ਨੂੰ ਪੁੱਛਣਾ/ ਨਹੀਂ ਗਿੱਛਣਾ ਨਹੀਂ, ਉਥੇ ਲੋਕਾਂ ਦਾ ਚੁਣਿਆ ਹੋਇਆ ਐਮ.ਐਲ.ਏ, ਬੈਠਾ ਹੁੰਦਾ ਹੈ, ਉਸਦੀ ਬਿਨਾਂ ਪ੍ਰਵਾਹ ਕੀਤੇ ਆਪਣੇ ਆਪ ਚਲੇ ਗਏ ਹਨ। ਮੈਨੂੰ ਯਾਦ ਹੈ ਕਿ ਤੁਹਾਡੇ ਆਪਣੇ ਹਲਕੇ ਵਿੱਚ ਵੀ ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਸਪੀਕਰ/ ਬਨਣ ਤੋਂ ਬਾਅਦ ਤੁਹਾਡੀ ਕੰਸਟੀਚੂਐਂਸੀ ਵਿੱਚ ਵੀ ਜਿਹੜਾ ਨਾਮੀਨੀ ਹੈ, ਤੁਹਾਡੇ ਹਲਕੇ ਵਿੱਚ ਤੁਹਾਨੂੰ ਫੰਕਸ਼ਨ ਵਿੱਚ ਬੁਲਾਇਆ ਨਹੀਂ ਗਿਆ, ਲੋਕਾਂ ਦੇ ਚੁਣੇ ਐਮ.ਐਲ.ਏ. ਨੂੰ ਨਹੀਂ ਬੁਲਾਇਆ, ਸਗੋਂ ਮਾਰਕਿਟ ਕਮੇਟੀ ਦਾ ਚੇਅਰਮੈਨ ਜਿਹੜਾ ਫੰਕਸ਼ਨ ਰੱਖ ਰਿਹਾ/ ਹੈ, ਉਸ ਨੇ ਉਸ ਪਾਰਟੀ ਦੇ ਨਾਮਨੀ ਨੂੰ ਬੁਲਾਇਆ ਜਿਸ ਨੂੰ ਲੋਕਾਂ ਨੇ ਹਾਰ ਦਿੱਤੀ ਲੇਕਿਨ ਇਸ ਚੀਜ਼ ਦੀ ਪ੍ਰਵਾਹ ਨਹੀਂ ਕੀਤੀ ਗਈ। ਇਸ ਲਈ ਭਾਵੇਂ ਸਾਡੀ ਪਾਰਟੀ ਦੀ ਸਰਕਾਰ ਹੋਵੇ ਤੇ ਚਾਹੇ ਸਾਹਮਣੇ ਬੈਠੇ/ ਵੀਰਾਂ ਦੀ ਪਾਰਟੀ ਦੀ ਸਰਕਾਰ ਹੋਵੇ, ਪਾਲਿਸੀਆਂ ਮੁਤਾਬਕ ਹੀ ਚੱਲਣਾ ਪੈਂਦਾ ਹੈ। ਇਸ ਲਈ ਇਹ ਬਿਲ ਲਿਆਉਣਾ ਬਹੁਤ ਜ਼ਰੂਰੀ ਸੀ। ਸਾਡੇ ਇਕ ਹੋਰ ਮਾਨਯੋਗ ਮੈਂਬਰ ਬੋਲੇ ਹਨ, ਉਨ੍ਹਾਂ ਨੇ ਵਿਦਇਨ ਪਾਰਟੀ ਬਾਰੇ ਕੁਝ ਕਿਹਾ ਸੀ/। ਇਹ ਸ਼ਾਇਦ ਇਸ ਦਾ ਭਾਵ ਨਹੀਂ ਸਮਝ ਸਕੇ। ਸਾਡਾ ਵਿਦਇਨ ਪਾਰਟੀ ਫਰਿਕਸ਼ਨ ਤੋਂ ਭਾਵ ਨਹੀਂ ਬਲਕਿ ਮੇਰੀ ਬੇਨਤੀ ਹੈ ਕਿ ਸਾਡੀਆਂ ਪਾਲਿਸੀਆਂ

Original with;
Punjab Vidhan Sabha
Digitized by;

[ਪੇਂਡੂ ਵਿਕਾਸ, ਪੰਚਾਇਤਾਂ ਅਤੇ ਖੇਤੀਬਾੜੀ ਮੰਤਰੀ]

ਹੋਰ ਹਨ, ਤੁਹਾਡੀਆਂ ਪਾਲਿਸੀਆਂ ਹੋਰ ਹਨ । ਇਸ ਲਈ ਸਾਡੀ ਸਰਕਾਰ ਵੇਲੇ ਪਹਿਲੀ ਸਰਕਾਰ/ਦੇ ਨਾਮਜ਼ਦੀ ਦਾ ਝੰਡਾ ਕਿਵੇਂ ਲਹਿਰਾ ਸਕਦਾ ਹੈ ਔਰ ਅਸੀਂ ਇਹ ਕਿਵੇਂ ਦੇਖ ਸਕਦੇ ਹਾਂ । ਇਸ ਕਰਕੇ ਇਹ ਸਾਨੂੰ ਬਿਲ ਲਿਆਉਣਾ ਪਿਆ । (ਥੰਪਿੰਗ) ਜਿੱਥੋਂ ਤੱਕ ਡੈਮੋਕਰੇਸੀ ਦਾ ਸਵਾਲ ਹੈ, ਮੈਂ ਐਸ਼ਿਓਰੈਂਸ ਦਿੰਦੀ ਹਾਂ ਕਿ ਅਸੀਂ ਅਗਲੇ/ ਮਹੀਨੇ ਤੱਕ ਲੋਕਾਂ ਦੀ ਸੇਵਾ ਕਰਨ ਵਾਲੇ ਵਿਅਕਤੀ ਨਾਮੀਨੇਟ ਕਰਾਂਗੇ । ਬਕਾਇਦਾ ਨਵੇਂ ਬੰਦੇ ਨਾਮੀਨੇਟ ਹੋਣਗੇ, ਇਹ ਚਿੰਤਾ ਨਾ ਕਰਨ । ਲੋਕਾਂ ਦੇ ਪ੍ਰਤੀਨਿਧ ਨਾਮੀਨੇਟ ਹੋਣਗੇ ਔਰ ਉਹ ਲੋਕਾਂ ਦੀ ਸੇਵਾ ਕਰਨਗੇ/।

**MR. SPEAKER** :Question is-

That the Punjab Agricultural Produce Markets (Amendment) Bill be taken into consideration at once.

*The motion was carried.*

**MR. SPEAKER** : Now the House will proceed to consider the Bill Clause by Clause.

**Sub-Clause (2) of Clause 1**

**MR. SPEAKER** : Question is-

That Sub-Clause (2)of Clause 1 stand part of the Bill,

*The motion was carried.*

**CLAUSES 2 AND 3**

**MR. SPEAKER** : As there is no Amendment to Clauses 2 and 3, if the House agrees, these Clauses be put to the vote of the House together.

(*Voices: Yes, yes.*)

**MR. SPEAKER** : Question is-

That Clauses 2 and 3 stand part of the Bill.

*The motion was carried.*

**SUB-CLAUSE (1) OF CLAUSE 1**

**MR. SPEAKER** : Question is-

That Sub-Clause (1) of Clause 1 stands part of the Bill.

*The motion was carried.*

*Original with;*
Punjab Vidhan Sabha
*Digitized by;*
Panjab Digital Library

TITLE

**MR. SPEAKER** : Question is-

That Title be the title of the Bill,

*The motion was carried.*

**MR. SPEAKER** : Now the Minister to move that the Bill be passed.

**RURAL DEVELOPMENT PANCHAYATS AND AGRICULTURE MINISTER (SHRIMATI RAJINDER KAUR BHATTAL)** : Sir, I beg to move that the Bill be passed.

That the Punjab Agricultural Produce Markets (Amendment) Bill be passed.

**MR. SPEAKER** : Motion moved-

That the Punjab Agricultural Produce Markets (Amendment) Bill be passed.

**MR. SPEAKER** : Question is.

That the Punjab Agricultural Produce Markets (Amendment) Bill, be passed.

*The motion was carried.*

## 5. THE PUNJAB ELECTRICITY (DUTY) AMENDMENT BILL, 2003 (*Replacing Ordinance*)

**MR. SPEAKER** : Now Minister to Introduce the Punjab Electricity (Duty) Amendment Bill.

**FINANCE, PLANNING AND CO-OPERATION MINISTER (SARDAR LAL SINGH)** : Sir, I beg to introdue the Punjab Electricity (Duty) Amendment Bill.

Sir, I also beg to move-

That the Punjab Electricity (Duty) Amendment Bill be taken into consideration at once.

**MR. SPEAKER** : Motion moved-

That the Punjab Electricity (Duty) Amendment Bill be taken into consideration at once.

Original with;
Punjab Vidhan Sabha

**ਕੈਪਟਨ ਕੰਵਲਜੀਤ ਸਿੰਘ (ਬਨੂੜ)** : ਮਾਨਯੋਗ ਸਪੀਕਰ ਸਾਹਿਬ, ਕਿਸੇ ਵੀ ਟੈਕਸੇਸ਼ਨ ਉਪਰ ਜੇਕਰ ਕੋਈ ਨਵਾਂ ਟੈਕਸ ਲਗਾਉਣਾ ਹੋਵੇ ਤਾਂ ਉਸ ਦਾ ਪਰਵਿਊ ਲੈਜਿਸਲੇਚਰ ਕੋਲ ਹੁੰਦਾ ਹੈ ਲੇਕਿਨ ਜਦੋਂ ਲੈਜਿਸਲੇਚਰ ਦੀਆਂ ਪਾਵਰਾਂ ਅੰਡਰਮਾਈਨ ਕਰਕੇ, ਉਸ ਲੈਜਿਸ-ਲੇਚਰ ਦੀਆਂ ਮਹਾਨ ਸ਼ਕਤੀਆਂ ਅਤੇ ਅਥਾਰਟੀਜ਼ ਨੂੰ ਨੀਚਾ ਕਰਕੇ, ਉਨ੍ਹਾਂ ਨੂੰ ਕਮਜ਼ੋਰ ਕਰਕੇ ਕੋਈ ਸਰਕਾਰ ਆਪਣੇ ਪੱਧਰ ਤੇ ਫ਼ੈਸਲਾ ਕਰਕੇ ਜਨਤਾ ਦੇ ਉਪਰ ਟੈਕਸ ਲਗਾ ਦੇਵੇ ਤਾਂ ਮੇਰੇ ਖਿਆਲ ਵਿੱਚ, ਮਾਨਯੋਗ ਸਪੀਕਰ ਸਾਹਿਬ, ਇਸ ਮਹਾਨ ਸਦਨ ਦੇ ਵਾਸਤੇ ਇਹ ਬੜੀ ਚਿੰਤਾ ਦਾ ਵਿਸ਼ਾ ਬਣ ਸਕਦਾ ਹੈ । ਮੈਂ ਆਪ ਨੂੰ ਬੇਨਤੀ ਕਰਾਂਗਾ ਕਿਉਂਕਿ ਤੁਸੀਂ ਇਸ ਹਾਊਸ ਦੇ ਕਸਟੋਡੀਅਨ ਹੋ ਕਿ ਇਸ ਮਹਾਨ ਸਦਨ ਵਿੱਚ ਟੈਕਸੇਸ਼ਨ ਦੇ ਉਪਰ ਫ਼ੈਸਲਾ ਹੋਣਾ ਚਾਹੀਦਾ ਹੈ । ਟੈਕਸੇਸ਼ਨ ਕੋਈ ਐਸੀ ਅਰਜੈਂਟ ਗੱਲ ਨਹੀਂ, ਜਿਹੜੀ ਸੈਸ਼ਨ ਤੋਂ ਬਗੈਰ ਲਾਗੂ ਕਰਨੀ ਜ਼ਰੂਰੀ ਹੈ । ਇੱਕ ਮਹੀਨੇ ਜਾਂ ਦੋ ਮਹੀਨੇ ਵਿੱਚ ਇਸ ਮਹਾਨ ਸਦਨ ਦਾ ਸੈਸ਼ਨ ਕਾਲ ਕੀਤਾ ਜਾ ਸਕਦਾ ਹੈ, ਉਸ ਤੋਂ ਬਾਅਦ ਪਾਸ ਹੋਣ ਉਪਰੰਤ ਉਸਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ । ਜਿਹੜੇ ਟੈਕਸੇਸ਼ਨ ਦੇ ਮਸਲੇ ਹਨ, ਉਹ ਸਿਰਫ ਸਦਨ ਦੇ ਵਿੱਚ ਹੀ ਸਰਕਾਰ ਵੱਲੋਂ ਪਾਸ ਕਰਵਾਏ ਜਾਣ ਅਤੇ ਇਨ੍ਹਾਂ ਦੇ ਬਾਰੇ ਕੋਈ ਆਰਡੀਨੈਂਸ ਇਸ਼ੂ ਨਾ ਕੀਤਾ ਜਾਵੇ । ਵੈਸੇ ਵੀ ਆਰਡੀਨੈਂਸ ਜਿਹੜਾ ਹੈ, ਉਹ ਕਿਸੇ ਅਰਜੈਂਟ ਗੱਲ ਤੇ ਹੀ ਹੁੰਦਾ ਹੈ । ਕੋਈ ਐਸੀ ਅਰਜੈਂਸੀ ਹੋਵੇ ਤਾਂ ਕਰ ਲਵੋ । ਮੈਂ ਇਹ ਵੀ ਆਖਾਂਗਾ ਕਿ ਸਰਕਾਰ ਉਸ ਦੀ ਐਕਸਪਲੇਨੇਸ਼ਨ ਇਸ ਸਦਨ ਵਿੱਚ ਦੇਵੇ ਕਿ ਅਜਿਹਾ ਕਰਨ ਦੀ ਕੀ ਲੋੜ ਪਈ ਸੀ ? ਮੈਨੂੰ ਆਸ ਹੈ ਕਿ, ਮਾਨਯੋਗ ਸਪੀਕਰ ਸਾਹਿਬ, ਤੁਸੀਂ ਇਸ ਬਾਰੇ ਕੋਈ ਨਾ ਕੋਈ ਰੂਲਿੰਗ ਦੇਵੋਗੇ । ਤੁਹਾਡੀ ਰੂਲਿੰਗ ਨਾਲ ਇਸ ਸਦਨ ਦੀ ਜਿਹੜੀ ਲੈਜਿਸਲੇਸ਼ਨ ਦੀ ਅਥਾਰਿਟੀ ਹੈ, ਉਹ ਅਪਹੋਲਡ ਹੋਏਗੀ । ਮਾਨਯੋਗ ਸਪੀਕਰ ਸਾਹਿਬ, ਆਪ ਦੀ ਇਸ ਰੂਲਿੰਗ ਨਾਲ ਹੀ ਕੋਈ ਫ਼ੈਸਲਾ ਹੋਏਗਾ ਕਿਉਂਕਿ ਇਹ ਹਾਊਸ ਦੀ ਪਰੈਸਟਿਜ ਦਾ ਸਵਾਲ ਹੈ, ਇਸ ਸਦਨ ਦੀ ਅਥਾ-ਰਿਟੀ ਦਾ ਸਵਾਲ ਹੈ । ਮੈਂ ਅੱਗੇ ਗੱਲ ਕਰਾਂਗਾ ਕਿ ਇਨ੍ਹਾਂ ਨੇ ਪ੍ਰਸਤਾਵ ਕੀਤਾ ਹੈ ਕਿ ਅਸੀਂ ਪੰਜ ਪ੍ਰਤੀਸ਼ਤ ਇਲੈਕਟ੍ਰੀਸਿਟੀ ਡਿਊਟੀ ਲਗਾਉਣੀ ਹੈ । ਇਹ ਲਗਾ ਤਾਂ ਦਿੱਤੀ ਹੈ, ਸਾਡੇ ਕੋਲ ਤਾਂ ਹੁਣ ਇਹ ਸਿਰਫ ਅੰਗੂਠਾ ਲਗਾਉਣ ਵਾਸਤੇ ਹੀ ਲੈ ਕੇ ਆਏ ਹਨ । ਮਾਨਯੋਗ ਸਪੀਕਰ ਸਾਹਿਬ, ਸਾਡੇ ਵੇਲੇ 12 ਪੈਸੇ ਫ਼ੀ ਯੂਨਿਟ ਇਲੈਕਟ੍ਰੀਸਿਟੀ ਡਿਊਟੀ ਸੀ, ਜਿਸ ਨਾਲ ਲਗਭਗ 150 ਕਰੋੜ ਰੁਪਏ ਪੰਜਾਬ ਸਰਕਾਰ ਨੂੰ ਬਿਜਲੀ ਬੋਰਡ ਅਦਾ ਕਰਦਾ ਸੀ ਲੇਕਿਨ ਬਿਜਲੀ ਬੋਰਡ ਦੀ ਸਮਰਥਾ ਇੰਨੀ ਨਹੀਂ ਸੀ, ਜਿਸ ਕਰਕੇ ਅਸੀਂ ਤਾਂ ਉਹ 150 ਕਰੋੜ ਰੁਪਏ ਵੀ ਉਨ੍ਹਾਂ ਨੂੰ ਐਜ਼ ਸਬਸਿਡੀ ਵਾਪਸ ਕਰ ਦਿੰਦੇ ਸੀ । ਇਨ੍ਹਾਂ ਨੇ ਹੁਣ ਜਿਹੜਾ ਲੰਪਸੰਮ 12 ਪੈਸੇ ਸੀ, ਉਸ ਨੂੰ ਖਤਮ ਕਰਕੇ ਪਰਸੈਂਟ ਜੋੜ ਦਿੱਤਾ । ਪਰਸੈਂਟ ਜੋੜਣ ਦਾ ਮਤਲਬ ਇਹ ਹੈ ਕਿ ਫੌਰੀ ਤੌਰ ਤੇ ਇਲੈਕਟ੍ਰੀਸਿਟੀ ਡਿਊਟੀ ਪੰਜ ਪ੍ਰਤੀਸ਼ਤ ਕਰਨ ਨਾਲ 100 ਕਰੋੜ ਰੁਪਏ ਤੋਂ ਵਧ ਕੇ ਹੁਣ 250 ਕਰੋੜ ਰੁਪਏ ਹੋ ਜਾਵੇਗਾ । ਮਾਨਯੋਗ ਸਪੀਕਰ ਸਾਹਿਬ, 100 ਕਰੋੜ ਰੁਪਏ ਦੀ ਇਹ ਇੰਪਲੀ-ਕੇਸ਼ਨ ਪੇਸ਼ ਕਰ ਰਹੇ ਹਨ ਲੇਕਿਨ ਗੱਲ ਤਾਂ ਇਥੇ ਮੁੱਕ ਨਹੀਂ ਜਾਂਦੀ । ਇਸ ਸਦਨ ਦੇ ਵਿੱਚ ਵਿੱਤ ਮੰਤਰੀ ਜੀ ਨੇ ਆਪਣੇ ਬਜਟ ਵਿੱਚ ਇਹ ਗੱਲ ਆਖੀ ਹੈ ਕਿ 1862 ਕਰੋੜ ਰੁਪਏ ਦਾ ਬਿਜਲੀ ਬੋਰਡ ਨੂੰ ਘਾਟਾ ਹੈ । ਉਹ ਘਾਟਾ ਪੂਰਾ ਕਰਨ ਵਾਸਤੇ ਬਿਜਲੀ ਬੋਰਡ ਨੇ ਇਲੈਕਟ੍ਰੀਸਿਟੀ ਰੈਗੂਲੇਟਰੀ ਟੈਰਿਫ ਕਮਿਸ਼ਨ ਨੂੰ ਪ੍ਰਸਤਾਵ ਵੀ ਪੇਸ਼ ਕਰ ਦਿੱਤਾ । ਇਸ ਦਾ ਮਤਲਬ ਇਹ ਹੋਏਗਾ ਕਿ ਅਗਲੇ ਮਹੀਨੇ ਉਸ ਟੈਰਿਫ ਕਮਿਸ਼ਨ ਨੇ

Original with;
Punjab Vidhan Sabha
Digitized by;
Panjab Digital Library

ਆਪਣੀ ਰਿਪੋਰਟ ਦੇਣੀ ਹੈ ਅਤੇ ਅਸੀਂ ਉਸ ਰਿਪੋਰਟ ਦੇ ਆਧਾਰ ਤੇ ਜੇ ਬਿਜਲੀ ਬੋਰਡ ਦਾ ਘਾਟਾ ਪੂਰਾ ਕਰਨਾ ਹੈ ਤਾਂ ਲਾਜ਼ਮੀ ਤੌਰ ਤੇ ਜਿਹੜੇ ਬਿਜਲੀ ਦੇ ਬਿਲ ਹਨ, ਚਾਹੇ ਬਿਜਲੀ ਦੀਆਂ ਮੋਟਰਾਂ ਦੇ ਬਿਲ ਹੋਣ, ਵਧਣਗੇ । ਮੈਂ ਉਸ ਦਿਨ ਵੀ ਆਖਿਆ ਸੀ ਕਿ ਪੰਜ ਹਾਰਸ ਪਾਵਰ ਮੋਟਰ ਦਾ ਬਿਲ 300/- ਰੁਪਏ ਤੋਂ ਵਧ ਕੇ 890/- ਰੁਪਏ ਹੋ ਜਾਵੇਗਾ । ਘਰੇਲੂ ਬਿਜਲੀ ਦੇ ਬਿਲ ਡੇਢ ਗੁਣਾ ਹੋ ਜਾਣਗੇ । ਇਕੱਲੇ ਬਿਲਾਂ ਵਿੱਚ ਹੀ ਨਹੀਂ, ਮਾਨਯੋਗ ਸਪੀਕਰ ਸਾਹਿਬ, ਇਸ ਨਾਲ ਪੰਜਾਬ ਦੀ ਗਰੀਬ ਜਨਤਾ ਤੇ ਹੋਰ ਕਈ ਤਰ੍ਹਾਂ ਦਾ ਵਜ਼ਨ ਪਵੇਗਾ । ਉਸ ਨਾਲ ਆਟੋਮੈਟੀਕਲੀ ਇਹ ਪੰਜ ਪ੍ਰਤੀਸ਼ਤ ਵੀ ਹੋਏਗਾ । ਜਿਥੇ 1862 ਕਰੋੜ ਰੁਪਏ ਦਾ ਬਿਜਲੀ ਦੇ ਬਿਲਾਂ ਨਾਲ ਵਾਧਾ ਹੋਏਗਾ, ਉਥੇ ਮੈਂ ਇਹ ਵੀ ਖਦਸ਼ਾ ਪ੍ਰਗਟ ਕਰਦਾ ਹਾਂ ਕਿ ਤਕਰੀਬਨ 200 ਕਰੋੜ ਰੁਪਏ ਦੀ ਡਿਊਟੀ ਦਾ ਬੋਝ ਵੀ ਖਪਤਕਾਰ ਤੇ ਪਵੇਗਾ, ਚਾਹੇ ਉਹ ਦਲਿਤ ਹੈ, ਚਾਹੇ ਕਿਸਾਨ ਹੈ, ਚਾਹੇ ਵਪਾਰੀ ਹੈ, ਚਾਹੇ ਸਨਅਤਕਾਰ ਹੈ, ਚਾਹੇ ਕੋਈ ਵੀ ਹੈ । ਇਸ ਕਰਕੇ, ਮਾਨਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਸਰਕਾਰ ਕਿਉਂ ਪੰਜਾਬ ਦੀ ਜਨਤਾ ਨੂੰ ਟੈਕਸਾਂ ਵਿੱਚ ਦੱਬਣ ਲੱਗੀ ਹੈ ? ਕਿਉਂ ਪੰਜਾਬ ਦੀ ਜਨਤਾ ਤੇ ਰਹਿਮ ਨਹੀਂ ਕਰਦੀ ? ਇਨ੍ਹਾਂ ਨੇ ਤਾਂ ਕਿਹਾ ਸੀ ਕਿ ਦਲਿਤਾਂ ਦੀ ਬਿਜਲੀ ਦੇ ਡੇਢ ਦੋ ਸੌ ਯੂਨਿਟ ਮੁਆਫ ਕਰਾਂਗੇ ! ਉਹ ਇੱਕ ਮਹੀਨੇ ਦੇ ਡੇਢ ਦੋ ਸੋ ਯੂਨਿਟ ਤਾਂ ਕੀ ਮੁਆਫ਼ ਕਰਨੇ ਹਨ, ਇਹ ਤਾਂ ਹੁਣ ਜਿਥੇ ਬਿਲ ਵਧਾ ਰਹੇ ਹਨ ਉਥੇ ਇਲੈਕਟ੍ਰੀਸਿਟੀ ਡਿਊਟੀ ਵੀ ਲਗਾ ਰਹੇ ਹਨ । ਜਿਥੇ ਦੇਖੋ ਉਥੇ ਵਜ਼ਨ ਪਾ ਰਹੇ ਹਨ । ਇਸ ਕਰਕੇ, ਮਾਨਯੋਗ ਸਪੀਕਰ ਸਾਹਿਬ, ਇਹ ਬਹੁਤ ਵਜ਼ਨ ਪਵੇਗਾ ਅਤੇ ਗਰੀਬ ਜਨਤਾ ਤੇ ਬੜਾ ਬੁਰਾ ਅਸਰ ਪਵੇਗਾ । ਮੈਂ ਕਹਾਂਗਾ ਕਿ ਬਿਜਲੀ ਇਕ ਐਸੀ ਚੀਜ਼ ਹੈ, ਜਿਹੜੀ ਇਕੱਲੇ ਇਕੱਲੇ ਘਰ ਨੂੰ ਟੱਚ ਕਰਦੀ ਹੈ । ਜਿਸ ਨੇ ਵੀ ਝੋਂਪੜੀ ਪਾਈ ਹੈ ਉਸ ਦੇ ਉਤੇ ਵੀ ਅਸਰ ਪੈਂਦਾ ਹੈ, ਜਿਸ ਨੇ ਕਾਰਖਾਨਾ ਲਗਾਇਆ ਹੈ ਉਸ ਤੇ ਵੀ ਅਸਰ ਪੈਂਦਾ ਹੈ ਔਰ ਜਿਹੜਾ ਪੰਜਾਬ ਦਾ ਦਲਿਤ ਹੈ ਉਸ ਤੇ ਵੀ ਅਸਰ ਪੈਂਦਾ ਹੈ ਜਾਂ ਫਿਰ ਜਿਹੜਾ ਪੰਜਾਬ ਦਾ ਧਨਾਢ ਹੈ ਉਸ ਤੇ ਵੀ ਅਸਰ ਪੈਂਦਾ ਹੈ । ਮੇਰਾ ਖਿਆਲ ਹੈ ਕਿ ਇਹ ਬੜੀ ਵੱਡੀ ਬੇਇਨਸਾਫੀ ਹੈ, ਇਤਨਾ ਵੱਡਾ ਵਜ਼ਨ ਪੰਜਾਬ ਦੀ ਜਨਤਾ ਤੇ ਸਰਕਾਰ ਨੇ ਪਾ ਕੇ ਬਿਲ ਵਧਾ ਦੇਣੇ ਹਨ ਔਰ ਦੂਸਰੇ ਪਾਸੇ ਇਲੈਕਟ੍ਰੀਸਿਟੀ ਡਿਊਟੀ ਵਧਾ ਦੇਣੀ ਹੈ ਇਹ ਨਾ ਸਹਿਣ ਵਾਲਾ ਵਜ਼ਨ ਹੈ । ਇਸ ਕਰਕੇ ਅਸੀਂ ਇਸ ਤਜਵੀਜ਼ ਦਾ ਵਿਰੋਧ ਕਰਦੇ ਹਾਂ ।

**ਸ਼੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ)** : ਮਾਨਯੋਗ ਸਪੀਕਰ ਸਾਹਿਬ, ਇਹ ਜੋ ਪੰਜਾਬ ਇਲੈਕਟ੍ਰੀਸਿਟੀ (ਡਿਊਟੀ) ਅਮੈਂਡਮੈਂਟ ਬਿਲ, 2003 ਪੇਸ਼ ਕੀਤਾ ਗਿਆ ਹੈ, ਮੈਂ ਇਸ ਦਾ ਵਿਰੋਧ ਕਰਨ ਲਈ ਖੜ੍ਹਾ ਹੋਇਆ ਹਾਂ । ਮਾਨਯੋਗ ਸਪੀਕਰ ਸਾਹਿਬ, ਕੱਲ੍ਹ ਸੀ. ਐਮ. ਸਾਹਿਬ ਨੇ ਵੀ ਪੰਜਾਬ ਇਲੈਕਟ੍ਰੀਸਿਟੀ ਬਿਲ ਪੇਸ਼ ਕੀਤਾ ਸੀ ਤੇ ਕਿਹਾ ਸੀ ਕਿ ਇਹ ਬਹੁਤ ਜ਼ਰੂਰੀ ਹੈ । ਵਾਕਿਆ ਹੀ ਬਿਜਲੀ ਅਜਿਹੀ ਚੀਜ਼ ਹੋ ਗਈ ਹੈ ਜਿਸ ਤੋਂ ਬਿਨਾਂ ਕੋਈ ਵੀ ਨਹੀਂ ਚਲ ਸਕਦਾ, ਇਥੋਂ ਤੱਕ ਕਿ ਇਨਸਾਨ ਵੀ ਨਹੀਂ ਚਲ ਸਕਦਾ । ਮਾਨਯੋਗ ਸਪੀਕਰ ਸਾਹਿਬ, ਉਮੀਦ ਸੀ ਕਿ ਜੇ ਇਕਲੈਟ੍ਰੀਸਿਟੀ ਡਿਊਟੀ ਦੇ ਵਿੱਚ ਵੀ ਕੋਈ ਤਰਮੀਮ ਲਿਆਉਣਗੇ ਤਾਂ ਪੰਜਾਬ ਦੇ ਭਲੇ ਵਾਸਤੇ, ਪੰਜਾਬ ਦੇ ਲੋਕਾਂ ਦੇ ਭਲੇ ਵਾਸਤੇ ਹੋਵੇਗਾ । ਲੇਕਿਨ ਜਿਸ ਵੇਲੇ ਇਹ ਪੜ੍ਹਿਆ ਤਾਂ ਉਸ ਵੇਲੇ ਬੜਾ ਅਫਸੋਸ

Original with;
Punjab Vidhan Sabha
Digitized by;

[ਸ੍ਰੀ ਤਿਕਸ਼ਨ ਸੂਦ]

ਹੋਇਆ ਜਿਵੇਂ ਕਹਾਵਤ ਹੈ "**ਅੰਧੇਰ ਨਗਰੀ ਚੌਪਟ ਰਾਜਾ, ਟਕੇ ਸੇਰ ਭਾਜੀ ਟਕੇ ਸੇਰ ਖਾਜਾ**"। ਮਾਨਯੋਗ ਸਪੀਕਰ ਸਾਹਿਬ, ਜਿਸ ਨੇ ਏ.ਸੀ. ਚਲਾਉਣਾ ਹੈ, ਉਸ ਤੇ ਵੀ ਪੰਜ ਪ੍ਰਤੀਸ਼ਤ ਡਿਊਟੀ ਲਗੇਗੀ, ਜਿਸ ਨੇ ਕੂਲਰ ਚਲਾਉਣਾ ਹੈ ਉਸ ਤੇ ਵੀ ਪੰਜ ਪ੍ਰਤੀਸ਼ਤ ਡਿਊਟੀ ਲਗੇਗੀ ਔਰ ਜਿਸ ਤਰ੍ਹਾਂ ਕਿਸਾਨ ਹੈ, ਜਾਂ ਜਿਸ ਗਰੀਬ ਨੇ ਆਪਣਾ ਛੋਟਾ ਮੋਟਾ ਕਾਰੋਬਾਰ ਚਲਾਉਣਾ ਹੈ ਉਸ ਤੇ ਵੀ ਪੰਜ ਪ੍ਰਤੀਸ਼ਤ ਇਲੈਕਟ੍ਰੀਸਿਟੀ ਡਿਊਟੀ ਲੱਗੇਗੀ। ਮੈਂ ਸਮਝਦਾ ਹਾਂ ਕਿ ਜਿਸ ਵੇਲੇ ਇਸ ਤਰ੍ਹਾਂ ਦੀ ਕੋਈ ਅਮੈਂਡਮੈਂਟ ਲਿਆਉਣੀ ਹੋਵੇ ਤਾਂ ਉਸ ਦੇ ਸਾਰੇ ਪਹਿਲੂਆਂ ਦੇ ਉਤੇ ਸਰਕਾਰ ਵਲੋਂ ਵਿਚਾਰ ਕਰਨੀ ਚਾਹੀਦੀ ਹੈ। ਜਿਸ ਵੇਲੇ ਕੋਈ ਵਾਧਾ ਕਰਨਾ ਹੈ, ਵਾਧਾ ਕਰਨ ਦੀ ਗੱਲ ਹੈ ਜਿਵੇਂ ਅੱਜ ਇਲੈਕਟ੍ਰੀਸਿਟੀ ਡਿਊਟੀ ਦੇ ਵਿੱਚ ਵਾਧਾ ਕੀਤਾ ਗਿਆ ਹੈ, ਮਾਨਯੋਗ ਸਪੀਕਰ ਸਾਹਿਬ, ਅਸਲ ਵਿੱਚ ਬਿਜਲੀ ਦਾ ਬਿਲ ਤਾਂ ਥੋੜ੍ਹਾ ਹੁੰਦਾ ਹੈ ਪਰ ਉਸ ਦੇ ਉਤੇ ਜਿਵੇਂ ਸਰਚਾਰਜ, ਸਰਵਿਸ ਚਾਰਜਿਜ਼, ਇਲੈਕਟ੍ਰੀਸਿਟੀ ਡਿਊਟੀ, ਆਕਟਰਾਏ ਜਾਂ ਹੋਰ ਪਤਾ ਨਹੀਂ ਕਿ ਕਿੰਨਾ ਕੁ ਲਗਦਾ ਹੈ ਤੇ ਇਹ ਤਕਰੀਬਨ ਦੁੱਗਣਾ ਬਿਲ ਬਣਿਆ ਹੁੰਦਾ ਹੈ। ਡਿਊਟੀ ਫਿਰ ਵਧਾਈ ਹੈ, ਇਹ ਬੜੀ ਵੱਡੀ ਫਾਈਨਾਂਸ਼ੀਅਲ ਇੰਪਲੀਕੇਸ਼ਨ ਹੈ ਔਰ ਮੈਂ ਇਸ ਬਿਲ ਦੇ ਨਾਲ ਬਿਲਕੁਲ ਵੀ ਮੁਤਫਿਕ ਨਹੀਂ ਹਾਂ। ਮਾਨਯੋਗ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹਾਂਗਾ ਕਿ ਜਿਹੜੀ ਇਹ ਇਲੈਕਟ੍ਰੀਸਿਟੀ ਡਿਊਟੀ ਹੈ ਇਸ ਨੂੰ ਲਗਾਉਣ ਵਾਸਤੇ ਸਰਕਾਰ ਵਲੋਂ ਕੋਈ ਸਿਸਟਮ ਸਾਹਮਣੇ ਨਹੀਂ ਰੱਖਿਆ ਗਿਆ। ਮਾਨਯੋਗ ਸਪੀਕਰ ਸਾਹਿਬ, ਜਿਵੇਂ ਕਿਸੇ ਦਾ ਖੇਤੀ ਦਾ ਕਿੱਤਾ ਹੈ ਔਰ ਜਿਵੇਂ ਕੋਈ ਗਰੀਬ ਛੋਟੀ ਮੋਟੀ ਮੋਟਰ ਲਗਾ ਕੇ ਆਪਣਾ ਛੋਟਾ ਕਾਰੋਬਾਰ ਕਰਦਾ ਹੈ ਉਸ ਦੇ ਉਤੇ ਵੀ ਉਤਨੀ ਹੀ ਇਲੈਕਟ੍ਰੀਸਿਟੀ ਡਿਊਟੀ ਲੱਗੇਗੀ ਔਰ ਜੇਕਰ ਕੋਈ ਏਅਰ ਕੰਡੀਸ਼ਨਰ ਚਲਾਉਂਦਾ ਹੈ ਉਸ ਤੇ ਵੀ ਉਸੇ ਅਨੁਸਾਰ ਲਗੇਗੀ ਜਾਂ ਫਿਰ ਕੋਈ ਲਗਜ਼ਰੀਜ਼ ਚੀਜ਼ਾਂ ਚਲਾ ਰਿਹਾ ਹੈ ਉਸ ਦੇ ਉਤੇ ਵੀ ਉਸੇ ਤਰ੍ਹਾਂ ਇਹ ਟੈਕਸ ਲਗੇਗਾ। ਮੇਰਾ ਕਹਿਣਾ ਇਹ ਹੈ ਕਿ ਇਹ ਡਿਊਟੀਆਂ ਅਲੱਗ ਅਲੱਗ ਹੋਣੀਆਂ ਚਾਹੀਦੀਆਂ ਹਨ ਜਿਸ ਤਰ੍ਹਾਂ ਦਾ ਕਿਸੇ ਦਾ ਕੰਮ ਕਾਰ ਹੈ ਉਸ ਮੁਤਾਬਿਕ ਹੀ ਲੱਗਣੀਆਂ ਚਾਹੀਦੀਆਂ ਹਨ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਇਸ ਬਿਲ ਨੂੰ ਛੱਡ ਦਿੱਤਾ ਜਾਵੇ। ਪੰਜਾਬ ਇਲੈਕਟ੍ਰੀਸਿਟੀ ਬਿਲ ਜਿਹੜਾ ਕਿ ਪੇਸ਼ ਹੋ ਚੁੱਕਾ ਹੈ ਔਰ ਉਸ ਦੇ ਉਤੇ ਹਾਲੇ ਬਹਿਸ ਵੀ ਹੋਣੀ ਹੈ ਇਸ ਲਈ ਇਹ ਜੋ ਇਲੈਕਟ੍ਰੀਸਿਟੀ ਡਿਊਟੀ ਅਮੈਂਡਮੈਂਟ ਬਿਲ ਰਾਹੀਂ ਪੰਜ ਪ੍ਰਤੀਸ਼ਤ ਡਿਊਟੀ ਲਗਾਈ ਜਾ ਰਹੀ ਹੈ, ਇਸ ਬਿਲ ਨੂੰ ਪਾਸ ਨਾ ਕੀਤਾ ਜਾਵੇ।

**MR. SPEAKER** : This is Budget Session. The House can consider imposing all taxes or ordinance etc. I am servant of the House not master of the House. The House is all powerful.

**MR. SPEAKER** : Now, Question is—

That the Punjab Electricity Amendment Bill, 2003......

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ (ਸਰਦਾਰ ਲਾਲ ਸਿੰਘ)** : ਮਾਨਯੋਗ ਸਪੀਕਰ ਸਾਹਿਬ, ਮੈਂ ਇਸ ਦੇ ਉਤੇ ਬੋਲਣਾ ਹੈ ਤੇ ਜਵਾਬ ਵੀ ਦੇਣਾ ਹੈ......

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਤੁਸੀਂ ਪਹਿਲਾਂ ਤਾਂ ਉਠੇ ਨਹੀਂ, ਚਲੋ ਹੁਣ ਜਵਾਬ ਦੇ ਦਿਓ ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਜੋ ਪੰਜਾਬ ਇਲੈਕਟ੍ਰੀਸਿਟੀ (ਡਿਊਟੀ) ਅਮੈਂਡਮੈਂਟ ਬਿਲ ਲਿਆਂਦਾ ਗਿਆ ਹੈ । ਮੇਰੇ ਤੋਂ ਪਹਿਲਾਂ ਕੈਪਟਨ ਕੰਵਲਜੀਤ ਸਿੰਘ ਜੀ ਨੇ ਇਤਰਾਜ਼ ਕੀਤਾ ਹੈ ਕਿ ਇਹ ਆਰਡੀਨੈਂਸ ਵੀ ਜਾਰੀ ਨਹੀਂ ਸੀ ਹੋਣਾ ਚਾਹੀਦਾ । ਆਰਡੀਨੈਂਸ ਹੋਣ ਨਾਲ ਇਸ ਹਾਊਸ ਦੀ ਵੱਡੀ ਤੌਹੀਨ ਹੈ । ਮਾਨਯੋਗ ਸਪੀਕਰ ਸਾਹਿਬ, ਇਹੋ ਜਿਹੀ ਕੋਈ ਗੱਲ ਨਹੀਂ ਹੈ । ਇਸ ਤੋਂ ਪਹਿਲਾਂ ਇਹ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਸਾਰਾ ਕੁਝ ਕਰਦੇ ਰਹੇ ਹਨ ਔਰ ਇਸ ਤਰ੍ਹਾਂ ਦੇ ਆਰਡੀਨੈਂਸ ਲੈ ਕੇ ਆਉਂਦੇ ਰਹੇ ਹਨ ਔਰ ਹਾਊਸ ਦੀ ਤੌਹੀਨ ਕਰਦੇ ਰਹੇ ਹਨ । ਮਾਨਯੋਗ ਸਪੀਕਰ ਸਾਹਿਬ, ਦੂਜੀ ਗੱਲ ਇਹ ਹੈ ਕਿ ਆਰਡੀਨੈਂਸ ਐਕਟ ਦੇ ਵਿਚ ਤਬਦੀਲ ਨਹੀਂ ਹੋ ਸਕਦਾ ਜਦੋਂ ਤੱਕ ਉਸ ਦੇ ਉਤੇ ਇਹ ਸਤਿਕਾਰਯੋਗ ਸਦਨ ਆਪਣੀ ਮੋਹਰ ਨਾ ਲਗਾ ਦੇਵੇ । ਇਸ ਕਰਕੇ ਇਹ ਹਾਊਸ ਦੀ ਤੌਹੀਨ ਕਰਨ ਵਾਲਾ ਕੋਈ ਇਸ਼ੂ ਨਹੀਂ ਹੈ । ਹਾਊਸ ਸੁਪਰੀਮ ਹੈ । ਅਸੀਂ ਹਾਊਸ ਦਾ ਪੂਰਾ ਸਤਿਕਾਰ ਕਰਦੇ ਹਾਂ । ਆਰਡੀਨੈਂਸ ਐਕਟ ਦੇ ਵਿਚ ਤਬਦੀਲ ਨਹੀਂ ਹੋ ਸਕਦਾ ਜਦੋਂ ਤੱਕ ਕਿ ਇਸ ਹਾਊਸ ਦੀ ਪ੍ਰਵਾਨਗੀ ਨਹੀਂ ਹੁੰਦੀ । ਦੂਜੀ ਗੱਲ .....

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ,...... ਮੈਂ ਇਨ੍ਹਾਂ ਨੂੰ ...

**ਮਾਨਯੋਗ ਸਪੀਕਰ** : ਪਹਿਲਾਂ ਇਹ ਗੱਲ ਕਰ ਲੈਣ । ਫਿਰ ਬਾਅਦ ਵਿਚ ਪੁੱਛ ਲੈਣਾ ਜੋ ਵੀ ਤੁਸੀਂ ਪੁੱਛਣਾ ਚਾਹੁੰਦੇ ਹੋ ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਬਿਲ ਲੈ ਕੇ ਆਏ ਹਾਂ, ਮੈਂਬਰ ਸਾਹਿਬ ਨੇ ਕਿਹਾ ਹੈ ਕਿ ਪਹਿਲਾਂ 12 ਪੈਸੇ ਪਰ ਯੂਨਿਟ ਡਿਊਟੀ ਲਗਦੀ ਸੀ, ਪਰ ਇਹੋ ਜਿਹੀ ਕੋਈ ਗੱਲ ਨਹੀਂ ਹੈ । ਮੈਂ ਇਸ ਨੂੰ ਦਰੁਸਤ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਡੋਮੈਸਟਿਕ ਬਿਲ ਸੀ, ਉਸ ਤੇ 9 ਪੈਸੇ ਪਰ ਯੂਨਿਟ ਡਿਊਟੀ ਲਗਦੀ ਸੀ ਔਰ ਕਮਰਸ਼ੀਅਲ ਵਾਸਤੇ 11 ਪੈਸੇ ਪਰ ਯੂਨਿਟ ਡਿਊਟੀ ਲਗਦੀ ਸੀ । ਹੁਣ ਇਹ ਜਿਹੜਾ ਪੰਜ ਪਰਸੈਂਟ ਇਲੈਕਟਰੀਸਿਟੀ ਬਿਲ ਤੇ ਡਿਊਟੀ ਲੈ ਕੇ ਆਏ ਹਾਂ, ਮਾਨਯੋਗ ਸਪੀਕਰ ਸਾਹਿਬ, ਇਹ ਸ਼ਾਇਦ ਭੁੱਲ ਗਏ ਹਨ, ਸਾਬਕਾ ਖਜ਼ਾਨਾ ਮੰਤਰੀ ਸਾਹਿਬ ਕਿ ਇਨ੍ਹਾਂ ਦੀ ਸਰਕਾਰ ਵੇਲੇ ਇਨ੍ਹਾਂ ਦੀ ਹੀ ਕੈਬਨਿਟ ਨੇ ਇਸ ਨੂੰ ਪਾਸ ਕੀਤਾ ਸੀ । ਜੋ ਇਨ੍ਹਾਂ ਦੀ ਕੈਬਨਿਟ ਦਾ ਫੈਸਲਾ, ਇਨ੍ਹਾਂ ਦੇ ਵੇਲੇ ਹੋਇਆ ਸੀ, ਅਸੀਂ ਉਸ ਨੂੰ ਅਮਲੀ ਰੂਪ ਦਿੱਤਾ ਹੈ ਔਰ ਮਾਨਯੋਗ ਸਪੀਕਰ ਸਾਹਿਬ ਜਿਸ ਤਰ੍ਹਾਂ ਕਿਹਾ ਹੈ ਕਿ ਕਿਸੇ ਕਿਸਾਨ ਦੇ ਬਿਲ ਤੇ ਇਹ ਨਹੀਂ ਲਗਣਾ ਨਾ ਪਹਿਲਾਂ ਲਗਿਆ ਅਤੇ ਨਾ ਕਿਸਾਨਾਂ ਤੇ ਹੁਣ ਲਗਣਾ ਹੈ । (ਥੰਪਿੰਗ) ਉਸ ਵੇਲੇ ਇਨ੍ਹਾਂ ਦੇ ਵੇਲੇ 138 ਕਰੋੜ ਰੁਪਏ ਦੀ ਇਨਕਮ ਹੋਈ ਸੀ, ਇਸ ਸਾਲ ਇਸ ਤੋਂ 185 ਕਰੋੜ ਰੁਪਏ ਦੀ ਇਨਕਮ ਹੋਈ ਹੈ । ਐਜੂਕੇਸ਼ਨ ਸੈਸ ਵੀ ਇਨ੍ਹਾਂ ਨੇ ਲਗਾਇਆ ਸੀ । ਬਿਜਲੀ ਬੋਰਡ ਦੀ ਮਾੜੀ ਹਾਲਤ ਹੋਣ ਕਰਕੇ ਉਹ ਦੂਜੇ ਪਾਸੇ ਚਲਾ ਗਿਆ । ਇਸ ਕਰਕੇ ਇਸ ਦੇ ਵਿਚ ਕੋਈ ਲੰਬੀ ਚੌੜੀ

Original with;
Punjab Vidhan Sabha
Digitized by;

[ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ]

ਗੱਲ ਨਹੀਂ ਹੈ । ਮੈਂ ਸਮਝਦਾ ਹਾਂ ਕਿ ਅਸੀਂ ਕੋਈ ਗਲਤ ਗੱਲ ਨਹੀਂ ਕੀਤੀ । ਜੋ ਇਨ੍ਹਾਂ ਨੇ ਫੈਸਲਾ ਕੀਤਾ ਸੀ, ਉਸ ਨੂੰ ਅਸੀਂ ਇੰਪਲੀਮੈਂਟ ਹੀ ਕੀਤਾ ਹੈ ਔਰ ਇਨ੍ਹਾਂ ਨੂੰ ਵੀ ਇਸ ਗੱਲ ਦੇ ਵਿਚ ਸ਼ਾਮਲ ਹੋਣਾ ਚਾਹੀਦਾ ਹੈ, ਸਾਡੇ ਨਾਲ ਰਲਣਾ ਚਾਹੀਦਾ ਹੈ । ਰਲ ਕੇ ਇਸ ਨੂੰ ਪਾਸ ਕਰਵਾਉਣਾ ਚਾਹੀਦਾ ਹੈ । ਇਹ ਫੈਸਲਾ ਇਨ੍ਹਾਂ ਵੇਲੇ ਹੀ ਹੋਇਆ ਸੀ ।

**ਮਾਨਯੋਗ ਸਪੀਕਰ** : ਕੈਪਟਨ ਸਾਹਿਬ, ਤੁਸੀਂ ਕੁਝ ਪੁੱਛਣਾ ਚਾਹੁੰਦੇ ਹੋ ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਵਿੱਤ ਮੰਤਰੀ ਜੀ ਨੇ ਇਸ ਗੱਲ ਬਾਰੇ ਭਰੋਸਾ ਦਿੱਤਾ ਹੈ ਕਿ ਸਦਨ ਦਾ ਸਾਰੇ ਸਤਿਕਾਰ ਕਰਦੇ ਹਨ । ਇਹ ਬੜੀ ਅੱਛੀ ਗੱਲ ਹੈ । ਇਨ੍ਹਾਂ ਦੀ ਬਹੁਤ ਮੇਹਰਬਾਨੀ ਹੈ ਔਰ ਇਨ੍ਹਾਂ ਨੇ ਇਹ ਵੀ ਆਖਿਆ ਹੈ ਕਿ ਅਸੀਂ ਸਦਨ ਨੂੰ ਕਿਸੇ ਗੱਲ ਲਈ ਵੀ ਅੱਖੋਂ ਪਰੋਖੇ ਨਹੀਂ ਕਰਨਾ ਚਾਹੁੰਦੇ । ਤੁਸੀਂ ਵੀ ਆਖਿਆ ਹੈ ਕਿ ਹਾਊਸ ਸੁਪਰੀਮ ਹੈ । ਵਿੱਤ ਮੰਤਰੀ ਜੀ ਨੇ ਵੀ ਭਰੋਸਾ ਦਿੱਤਾ ਹੈ ਕਿ ਸਦਨ ਦਾ ਹਮੇਸ਼ਾ ਹੀ ਸਤਿਕਾਰ ਕਰਾਂਗੇ । ਇਥੇ ਅਸੀਂ ਇਕ ਇਹ ਵੀ ਫੈਸਲਾ ਕਰ ਲਈਏ ਕਿ ਇਨ੍ਹਾਂ ਵਲੋਂ ਰੂਲਿੰਗ ਬੈਂਚਿਜ਼ ਵਲੋਂ ਵੀ ਔਰ ਸਾਡੇ ਵਲੋਂ ਵੀ, ਜਿਥੋਂ ਤੱਕ ਟੈਕਸੇਸ਼ਨ ਦੀ ਗੱਲ ਹੈ, ਜਿਥੋਂ ਤੱਕ ਨਵੇਂ ਟੈਕਸ ਲਗਾਉਣ ਦਾ ਸਵਾਲ ਹੈ, ਅੱਗੋਂ ਤੋਂ ਉਸ ਤੇ ਕੋਈ ਆਰਡੀਨੈਂਸ ਪਾਸ ਨਹੀਂ ਹੋਵੇਗਾ । Let there be a consensus on this. ਇਸ ਬਾਰੇ ਸਦਨ ਦੇ ਵਿੱਚ ਹੀ ਬਹਿਸ ਹੋਣੀ ਚਾਹੀਦੀ ਹੈ ਕਿ ਇਸ ਨੂੰ ਪਾਸ ਕਰਨਾ ਹੈ ਜਾਂ ਰਿਜੈਕਟ ਕਰਨਾ ਹੈ ।

**ਮਾਨਯੋਗ ਸਪੀਕਰ** : ਇਹ ਬਜਟ ਸੈਸ਼ਨ ਹੈ । ਇਸ ਵਿਚ ਪਰਪੋਜ਼ਲ ਵੀ ਆਉਂਦੀ ਹੈ । ਆਰਡੀਨੈਂਸ ਵੀ ਆਉਣੇ ਹਨ । ਪਾਸ ਵੀ ਕਰਨੇ ਹਨ, ਘਟਾਉਣੇ ਵੀ ਹਨ ਅਤੇ ਵਧਾਉਣੇ ਵੀ ਹਨ ।

**MR. SPEAKER** : Question is—

> **That the Punjab Electricity (Duty) Amendment Bill be taken into consideration at once.**

*The motion was carried.*

**MR. SPEAKER** : Now the House will proceed to consider the Bill Clause by Clause.

**Sub Clause (2) of Clause 1**

**MR. SPEAKER** : Question is—

> **That Sub Clause (2) of Clause 1 stand part of the Bill.**

*The motion was carried.*

Original with;
Punjab Vidhan Sabha
Panjab Digital Library

**Clauses 2 and 3**

**MR. SPEAKER :** As there is no amendment to Clauses 2 and 3, if the House agrees, these Clauses be put to the vote of the House together.

(*Voices : Yes, Yes*)

**MR. SPEAKER :** Question is—

That Clauses 2 and 3 stand part of the Bill.

*The motion was carried.*

**Sub Clause (1) of Clause 1**

**MR. SPEAKER :** Question is—

That Sub Clause (1) of Clause 1 stand part of the Bill.

*The motion was carried.*

**Title**

**MR. SPEAKER :** Question is—

That Title be the Title of the Bill.

*The motion was carried.*

**MR. SPEAKER : Minister to move that the Bill be passed.**

**Finance, Planning and Co-operation Minister (Sardar Lal Singh) :** Sir, I beg to move—

That the Punjab Electricity (Duty) Amendment Bill be passed.

**MR. SPEAKER :** Motion moved—

That the Punjab Electricity (Duty) Amendment Bill be passed.

**MR. SPEAKER :** Question is—

That the Punjab Electricity (Duty) Amendmeat Bill be passed.

*The motion was carried.*

———

Original with;
Punjab Vidhan Sabha

**THE PUNJAB STATE ELECTION COMMISSION (AMENDMENT) BILL, 2003 (REPLACING ORDINANCE)**

**LOCAL GOVERNMENT, PARLIAMENTARY AFFAIRS AND LABOUR & EMPLOYMENT MINISTER (CHAUDHARY JAGJIT SINGH)** : Sir, I beg to introduce the Punjab State Election Commission (Amendment) Bill.

Sir, I also beg to move—

That the Punjab State Election Commission (Amendment) Bill be taken into consideration at once.

**MR. SPEAKER** : Motion moved—

That the Punjab State Election Commission (Amendment) Bill be taken into consideration at once.
Discussion.

**ਸ੍ਰੀ ਅਵਿਨਾਸ਼ ਰਾਏ ਖੰਨਾ (ਗੜ੍ਹਸ਼ੰਕਰ)** : ਮਾਨਯੋਗ ਸਪੀਕਰ ਸਾਹਿਬ, ਮਿਤੀ 19 ਫਰਵਰੀ, 2003 ਨੂੰ ਸਟੇਟ ਪੰਜਾਬ ਇਲੈਕਸ਼ਨ ਕਮਿਸ਼ਨ ਅਮੈਂਡਮੈਂਟ ਬਿੱਲ, 2003 ਦੀ ਆਰਡੀਨੈਂਸ ਹੋਈ ਹੈ । ਮਾਨਯੋਗ ਸਪੀਕਰ ਸਾਹਿਬ, ਜਦੋਂ ਹਾਊਸ ਬੈਠਾ ਨਹੀਂ ਹੁੰਦਾ ਤਾਂ ਗਵਰਨਰ ਸਾਹਿਬ ਨੂੰ ਪਾਵਰਾਂ ਹਨ ਕਿ ਉਹ ਕਾਂਸਟੀਚਿਊਸ਼ਨ ਦੀ ਧਾਰਾ 213 ਅਧੀਨ ਆਰਡੀਨੈਂਸ ਪਾਸ ਕਰ ਦਿੰਦੇ ਹਨ । ਉਦੋਂ ਉਹ ਅਜਿਹਾ ਕਰ ਸਕਦੇ ਹਨ, ਜਦੋਂ ਗਵਰਨਰ ਸਾਹਿਬ ਸੈਟਿਸਫਾਈ ਹੋਣ ਕਿ ਕਿਸੇ ਆਰਡੀਨੈਂਸ ਤੇ ਇਮੀਜੀਏਟ ਐਕਸ਼ਨ ਦੀ ਲੋੜ ਹੈ, ਮਾਨਯੋਗ ਸਪੀਕਰ ਸਾਹਿਬ, ਇਸ ਆਰਡੀਨੈਂਸ ਨਾਲ ਸਰਕਾਰ ਦੀ ਕਾਰਗੁਜ਼ਾਰੀ ਦੇ ਉਤੇ ਇਕ ਪ੍ਰਸ਼ਨ ਚਿੰਨ੍ਹ ਲੱਗਾ ਹੈ, ਉਸ ਵੇਲੇ ਪੰਜਾਬ ਦੇ ਵਿੱਚ ਲੋਕਲ ਬਾਡੀਜ਼ ਦੀਆਂ ਚੋਣਾਂ ਹੋਣੀਆਂ ਸਨ, ਇਹ ਚੋਣਾਂ ਡਾਇਰੈਕਟ ਅੰਡਰ ਸੁਪਰਵੀਜ਼ਨ ਆਫ ਦੀ ਇਲੈਕਸ਼ਨ ਕਮਿਸ਼ਨ ਹੋਣੀਆਂ ਸਨ ਔਰ ਚੋਣਾਂ ਤੋਂ ਪਹਿਲਾਂ 19 ਫਰਵਰੀ ਨੂੰ ਇਹ ਆਰਡੀਨੈਂਸ ਕਰਨ ਦਾ ਮਤਲਬ ਇਹ ਹੈ ਕਿ ਇਸ ਇਲੈਕਸ਼ਨ ਕਮਿਸ਼ਨ ਆਫਿਸ ਤੋਂ ਫੇਵਰ ਲੈਣ ਲਈ ਪਾਰਟੀ ਨੇ ਇਹ ਆਰਡੀਨੈਂਸ ਕੀਤਾ ਹੈ । ਮਾਨਯੋਗ ਸਪੀਕਰ ਸਾਹਿਬ, ਇਸ ਬਾਰੇ ਕਾਫੀ ਆਰਟੀਕਲ ਵੀ ਲਿਖੇ ਗਏ, ਸ਼ਾਇਦ ਉਨ੍ਹਾਂ ਵੱਲ ਸਰਕਾਰ ਨੇ ਧਿਆਨ ਨਹੀਂ ਦਿੱਤਾ । ਜਿਨ੍ਹਾਂ ਲਈ ਇਹ ਐਕਸਟੈਨਸ਼ਨ ਚਾਹੁੰਦੇ ਹਨ, ਉਨ੍ਹਾਂ ਨੇ 2006 ਦੇ ਵਿੱਚ ਰਿਟਾਇਰ ਹੋਣਾ ਹੈ । ਮਾਨਯੋਗ ਸਪੀਕਰ ਸਾਹਿਬ, ਕੀ ਨਸੈਸਿਟੀ ਸੀ ਕਿ ਇਲੈਕਸ਼ਨ ਦੇ ਦੌਰਾਨ ਇਹ ਆਰਡੀਨੈਂਸ ਲੈ ਆਂਦਾ ਹੈ । ਅੱਜ ਹਾਊਸ ਦੇ ਵਿੱਚ ਇਸ ਆਰਡੀਨੈਂਸ ਨੂੰ ਬਿਲ ਬਣਾਉਣ ਲਈ ਰੱਖਿਆ ਗਿਆ ਹੈ । ਸੋ, ਮਾਨਯੋਗ ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਵਲੋਂ ਵੀ ਇਸ ਆਰਡੀਨੈਂਸ ਦੀ ਵਿਰੋਧਤਾ ਕਰਦਾ ਹਾਂ, ਔਰ ਮੈਂ ਇਸ ਤੇ ਇਹ ਕਹਿਣਾ ਚਾਹਾਂਗਾ ਕਿ What was the necessity to pass this ordinance when the election was due.

Original with;
Punjab Vidhan Sabha
Digitized by;
Panjab Digital Library

**ਸਰਦਾਰ ਮਨਪ੍ਰੀਤ ਸਿੰਘ ਬਾਦਲ (ਗਿੱਦੜਬਾਹਾ)** : ਮਾਨਯੋਗ ਸਪੀਕਰ ਸਾਹਿਬ, ਮੈਂ ਖੰਨਾ ਜੀ ਦੇ ਨਾਲ ਮੁਤਫਿਕ ਹਾਂ ਕਿ ਜਿਸ ਤਰ੍ਹਾਂ ਕੈਪਟਨ ਸਾਹਿਬ ਨੇ ਵੀ ਹਾਊਸ ਦੇ ਵਿੱਚ ਕਿਹਾ ਹੈ ਕਿ ਆਰਡੀਨੈਂਸ ਤਾਂ ਉਦੋਂ ਜਾਰੀ ਹੁੰਦਾ ਹੈ ਜਦੋਂ ਕੋਈ ਅਰਜੈਂਸੀ ਜਾਂ ਐਮਰਜੈਂਸੀ ਹੋਵੇ ਤੇ ਜਿਸ ਤਰ੍ਹਾਂ ਉਨ੍ਹਾਂ ਨੇ ਕਿਹਾ ਹੈ ਕਿ 19 ਫਰਵਰੀ ਨੂੰ ਆਰਡੀਨੈਂਸ ਕੀਤਾ ਹੈ ਸਟੇਟ ਇਲੈਕਸ਼ਨ ਕਮਿਸ਼ਨਰ ਨੂੰ ਇੱਕ ਸਾਲ ਦੀ ਐਕਸਟੈਂਨਸ਼ਨ ਦਿੱਤੀ ਹੈ। ਮਾਨਯੋਗ ਸਪੀਕਰ ਸਾਹਿਬ, ਇਸ ਨਾਲ ਉਨ੍ਹਾਂ ਦੀ ਰਿਟਾਇਰਮੈਂਟ ਦੀ ਏਜ 64 ਸਾਲ ਦੀ ਬਜਾਏ 65 ਸਾਲ ਦੀ ਹੋ ਗਈ ਹੈ। ਇਸ ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋ ਸਕਦਾ। 65 ਦੀ ਜਗ੍ਹਾ 70 ਜਾਂ 75 ਸਾਲ ਕਰ ਦੇਣ, ਇਹ ਸਰਕਾਰ ਦਾ ਪ੍ਰੈਰੋਗੇਟਿਵ ਹੈ, ਉਹ ਇਸ ਤੇ ਲੈਜਿਸਲੇਟ ਕਰ ਸਕਦੇ ਹਨ। ਮਾਨਯੋਗ ਸਪੀਕਰ ਸਾਹਿਬ, ਸਾਨੂੰ ਤਾਂ ਸਿਰਫ ਜਿਸ ਤਰ੍ਹਾਂ ਕਹਿੰਦੇ ਹਨ Justice not only has to be done but ~~is~~ must also seem to be done. ਇਸ ਮਸਲੇ ਤੇ ਜਦੋਂ 15 ਜਾਂ 20 ਦਿਨਾਂ ਦੇ ਬਾਅਦ ਹਾਊਸ ਦਾ ਬਜਟ ਸੈਸ਼ਨ ਆਉਣਾ ਸੀ, ਅਤੇ ਸਟੇਟ ਇਲੈਕਸ਼ਨ ਕਮਿਸ਼ਨਰ ਨੇ ਸਾਲ 2006 ਦੇ ਵਿੱਚ ਰਿਟਾਇਰ ਹੋਣਾ ਸੀ ਤਾਂ ਫਿਰ ਉਸ ਨੂੰ ਐਕਸਟੈਨਸ਼ਨ ਦੀ ਨਾ ਤਾਂ ਐਮਰਜੈਂਸੀ ਸੀ ਤੇ ਨਾ ਹੀ ਕੋਈ ਅਰਜੈਂਸੀ ਸੀ। ਇਹ ਜੋ ਸਰਕਾਰ ਨੇ 15 ਦਿਨ ਪਹਿਲਾਂ ਆਰਡੀਨੈਂਸ ਲਿਆਂਦਾ ਹੈ। ਮਾਨਯੋਗ ਸਪੀਕਰ ਸਾਹਿਬ, ਇਹ ਜੋ ਸਰਕਾਰ ਦਾ ਰੋਲ ਹੈ ਇਹ ਸ਼ੱਕ ਦੇ ਘੇਰੇ ਵਿੱਚ ਆਉਂਦਾ ਹੈ। ਮੈਂ ਸਿਰਫ ਇਨ੍ਹਾ ਹੀ ਕਹਿਣਾ ਹੈ।

**ਮਾਨਯੋਗ ਸਪੀਕਰ** : ਹਾਂ ਜੀ, ਚੌਧਰੀ ਸਾਹਿਬ ਤੁਸੀਂ ਇਨ੍ਹਾਂ ਦਾ ਸ਼ੱਕ ਦਾ ਘੇਰਾ ਦੂਰ ਕਰੋ ਜੀ।

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ (ਚੌਧਰੀ ਜਗਜੀਤ ਸਿੰਘ)** : ਮਾਨਯੋਗ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜਿਹੜਾ ਸਰਦਾਰ ਮਨਪ੍ਰੀਤ ਸਿੰਘ ਜੀ ਨੇ ਕਿਹਾ ਹੈ ਕਿ ਇਹ ਸ਼ੱਕ ਦੇ ਘੇਰੇ ਵਿਚ ਹੈ, ਐਸੀ ਕੋਈ ਗੱਲ ਨਹੀਂ ਹੈ ਕਿਉਂਕਿ ਜਿਹੜਾ ਇਲੈਕਸ਼ਨ ਕਮਿਸ਼ਨ ਹੈ, ਅਸੀਂ ਨਹੀਂ ਬਣਾਇਆ। ਇਲੈਕਸ਼ਨ ਕਮਿਸ਼ਨ ਸੀ.ਐਲ. ਬੈਂਸ ਜੀ ਨੂੰ ਇਨ੍ਹਾਂ ਦੀ ਸਰਕਾਰ ਨੇ, ਇਨ੍ਹਾਂ ਦੀ ਪਾਰਟੀ ਨੇ ਬਣਾਇਆ ਹੈ। ਕਿਉਂਕਿ ਉਨ੍ਹਾਂ ਦੀ ਮਿਆਦ 5 ਸਾਲ ਦੀ ਹੁੰਦੀ ਹੈ ਤੇ ਉਨ੍ਹਾਂ ਦੀ ਰਿਟਾਇਰਮੈਂਟ 5 ਮਹੀਨੇ ਪਹਿਲਾਂ ਸੀ, ਇਸ ਕਰਕੇ ਇਹ ਆਰਡੀਨੈਂਸ ਕਰਨਾ ਪਿਆ। ਇਹ ਉਨ੍ਹਾਂ ਨੂੰ ਪੂਰੇ 5 ਸਾਲ ਦੇਣ ਵਾਸਤੇ ਕਰਨਾ ਪਿਆ, ਇਸ ਵਿਚ ਕੋਈ ਸ਼ੱਕ ਵਾਲੀ ਗੱਲ ਨਹੀਂ ਸੀ। ਇਹ ਇਨ੍ਹਾਂ ਦਾ ਹੀ ਨਿਯੁਕਤ ਕੀਤਾ ਹੋਇਆ ਇਲੈਕਸ਼ਨ ਕਮਿਸ਼ਨ ਸੀ। ਇਸ ਕਰਕੇ ਇਸ ਬਿਲ ਨੂੰ ਪਾਸ ਕਰ ਦੇਣਾ ਚਾਹੀਦਾ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ** ਦੀ ਕੋਸ਼ਿਸ਼ ਕੀਤੀ ਹੈ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਕਹਿ ਰਹੇ ਹਨ ਤੇ ਮੈਂ ਸਮਝਦਾ ਹਾਂ ਕਿ ਇਹ ਲਫਜ਼ ਇਨ੍ਹਾਂ ਨੂੰ ਵਾਪਸ ਲੈਣੇ ਚਾਹੀਦੇ ਹਨ।

Original with;
Punjab Vidhan Sabha
Digitized by:

**ਮਾਨਯੋਗ ਸਪੀਕਰ** : ਇਹ ਕੋਈ** ** ਦੀ ਮੰਡੀ ਨਹੀਂ ਹੈ, ਇਹ ਪਵਿੱਤਰ ਹਾਊਸ ਹੈ । ਮੈਂ ਸਮਝਦਾ ਹਾਂ ਕਿ** ** ਦੀ ਗੱਲ ਐਕਸਪੰਜ ਹੋਣੀ ਚਾਹੀਦੀ ਹੈ । ਇਸ ਨੂੰ ਐਕਸਪੰਜ ਕੀਤਾ ਜਾਂਦਾ ਹੈ ।

**MR. SPEAKER** : Question is—

That the Punjab State Election Commission (Amendment) Bill be taken into consideration at once.

*The motion was carried.*

**MR. SPEAKER** : Now the House will proceed to consider the Bill Clause by Clause.

**SUB-CLAUSE (2) OF CLAUSE 1**

**MR. SPEAKER** : Question is—

That Sub-Clause (2) of Clause 1 stand part of the Bill.

*The motion was carried.*

**CLAUSES 2 & 3**

**MR. SPEAKER** : Now as there is no other amendment to Clauses 2 and 3, if the House agrees, these clauses be put to the vote of the House together.

**(Voices : yes, yes)**

**MR. SPEAKER** : Question is—

That Clauses 2 & 3 stand part of the Bill.

*The motion was carried.*

**SUB-CLAUSE (1) OF CLAUSE 1**

**MR. SPEAKER** : Question is—

That Sub-Clause (1) of Clause 1 stand part of the Bill.

*The motion was carried.*

** Expunged as ordered by the Chair.

Original with;
Punjab Vidhan Sabha
Digitized by;
Panjab Digital Library

**TITLE**

**MR. SPEAKER** : Question is—

That Title be the Title of the Bill.

*The motion was carried.*

**MR. SPEAKER** : Minister to move that the Bill be passed.

**LOCAL GOVERNMENT, PARLIAMENTARY AFFAIRS & LABOUR & EMPLOYMENT MINISTER (CHAUDHARY JAGJIT SINGH)** : Sir, I beg to move—

That the Punjab State Election Commission (Amendment) Bill be passed.

**MR. SPEAKER** : Motion moved—

That the Punjab State Election Commission (Amendment) Bill be passed.

**MR. SPEAKER** : Question is—

That the Punjab State Election Commission (Amendment) Bill be passed.

*The motion was carried.*

---

## THE PUNJAB FISCAL RESPONSIBILITY AND BUDGET MANAGEMENT BILL, 2002

**FINANCE, PLANNING AND COOPERATION MINISTER (SARDAR LAL SINGH)** : Sir, I beg to move—

That the Punjab Fiscal Responsibility and Budget Management Bill, as reported by the Select Committee, be, taken into consideration at once.

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਇਹ **ਬਿਲ** ਨਾ ਤਾਂ ਸਰਕੂਲੇਟ ਹੋਇਆ ਹੈ ਤੇ ਨਾ ਹੀ ਸਿਲੈਕਟ ਕਮੇਟੀ ਦੀ ਰਿਪੋਰਟ ਮੈਂਬਰਾਂ ਨੂੰ ਸਰਕੂਲੇਟ ਹੋਈ ਹੈ । ਇਸ ਤਰ੍ਹਾਂ ਇਸ ਤੇ ਡਿਸਕਸ਼ਨ ਕਿਸ ਤਰ੍ਹਾਂ ਹੋਵੇਗੀ ?

**ਮਾਨਯੋਗ ਸਪੀਕਰ** : ਸਿਲੈਕਟ ਕਮੇਟੀ ਦੀ ਰਿਪੋਰਟ ਅਤੇ ਨਾਲ ਹੀ ਬਿਲ ਹਾਊਸ ਵਿਚ ਲੇਅ ਹੋ ਚੁਕੇ ਹਨ ।

Original with;
Punjab Vidhan Sabha
Digitized by;

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਉਸ ਦਿਨ ਇਹ ਜੀਰਕਪੁਰ ਇਲੈਕਸ਼ਨ ਲੜਣ ਗਏ ਹੋਏ ਸੀ ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਜਿਹੜੀ ਸਿਲੈਕਟ ਕਮੇਟੀ ਇਸ ਬਿਲ ਨੂੰ ਕੰਸਿਡਰ ਕਰ ਰਹੀ ਸੀ, ਮੈਂ ਉਸਦਾ ਮੈਂਬਰ ਸੀ । ਉਸ ਬਿਲ ਦੇ ਵਿਚ ਕਈ ਸਿਫਾਰਸ਼ਾਂ ਜਿਹੜੀਆਂ ਹਨ, ਜਾਂ ਇਨ੍ਹਾਂ ਨੇ ਜੋ ਸੈਕਸ਼ਨ ਲਾਏ ਹਨ, ਕਈ ਅੱਛੀਆਂ ਵੀ ਹਨ, ਪਰੋਗ੍ਰੈਸਿਵ ਹਨ, ਪਰ ਇਹ ਬਿਲ ਜਿਹੜਾ ਹੈ, ਅਧੂਰਾ ਹੈ ।

**MR. SPEAKER** : Motion moved—

That the Punjab Fiscal Responsibility and Budget Management Bill, as reported by the Select Committee, be taken into consideration at once.

**ਸਰਦਾਰ ਮਨਪ੍ਰੀਤ ਸਿੰਘ ਬਾਦਲ (ਗਿੱਦੜਬਾਹਾ)** : ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਪੰਜਾਬ ਫਿਸਕਲ ਰਿਸਪਾਂਸੀਬਿਲਟੀ ਐਂਡ ਬਜਟ ਮੈਨੇਜਮੈਂਟ ਬਿਲ ਲਿਆਂਦਾ ਗਿਆ ਹੈ, ਇਹ ਬਿਲ ਅਧੂਰਾ ਹੈ ਕਿਉਂਕਿ ਇਸ ਦੇ ਆਈਡਅਲਜ਼ ਤਾਂ ਬਹੁਤ ਅੱਛੇ ਹਨ ਲੇਕਿਨ ਨਾਲ ਹੀ ਸੈਕਸ਼ਨ 8 ਵਿਚ ਇਹ ਜ਼ਿਕਰ ਵੀ ਕੀਤਾ ਗਿਆ ਹੈ no suit prosecution or other legal proceedings shall lie against the State Government or any officer of the State Government for anything which is done or intended to be done in good faith under this Act or the Rules there under ਮਾਨਯੋਗ ਸਪੀਕਰ ਸਾਹਿਬ, ਬਿਲ ਤਾਂ ਲੈ ਆਂਦਾ ਹੈ ਪਰ ਇਸ ਦੇ ਵਿਚ ਪੈਨਲਟੀ ਦੀ ਕੋਈ ਕਲਾਜ਼ ਨਹੀਂ ਹੈ । ਠੀਕ ਹੈ ਕਿ ਇਹ ਸਾਰਾ ਕੁਝ ਕਰਨ ਲਈ ਅਸੀਂ ਵਚਨਬੱਧ ਹਾਂ ਲੇਕਿਨ ਇਸ ਦੇ ਵਿਚ ਸਜ਼ਾ ਦੀ ਕੋਈ ਵਿਵਸਥਾ ਨਹੀਂ ਕੀਤੀ ਗਈ ਹੈ । ਇਹ ਕਹਿੰਦੇ ਹਨ ਕਿ ਅਸੀਂ ਤਾਂ ਗੁੱਡ ਫੇਥ ਵਿਚ ਕਰਾਂਗੇ । ਐਫ.ਐਮ. ਸਾਹਿਬ ਨੂੰ ਮੈਂ ਵਧਾਈ ਦਿੰਦਾ ਹਾਂ ਕਿ ਇਸ ਬਿਲ ਦੇ ਆਈਡਲਜ਼ ਬਹੁਤ ਅੱਛੇ ਹਨ ਲੇਕਿਨ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਐਤਕੀ ਤਾਂ ਇਸ ਨੂੰ ਪਾਸ ਕਰਾ ਲਓ ਪਰ ਨਾਲ ਹੀ ਅਗਲੇ ਸੈਸ਼ਨ ਵਿਚ ਸੈਕਸ਼ਨ 8 ਵਿਚ ਕੋਈ ਪੈਨਲਟੀ ਜ਼ਰੂਰ ਸ਼ਾਮਲ ਕਰ ਦਿਓ ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ (ਸਰਦਾਰ ਲਾਲ ਸਿੰਘ)** : ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਸ ਬਿਲ ਦੀ ਤਾਰੀਫ਼ ਕੀਤੀ ਹੈ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਹ ਜਿਹੜਾ ਬਿਲ ਹੈ, ਇਹ ਅਸੀਂ ਆਪਣੇ ਹੱਥ ਆਪ ਬੰਨ੍ਹਣ ਵਾਸਤੇ ਲਿਆਂਦਾ ਹੈ । ਇਹ ਬਿਲ ਲਿਆਉਣਾ ਕਿਉਂ

Original with;
Punjab Vidhan Sabha
Digitized by;
Panjab Digital Library

ਪਿਆ ? ਇਹ ਇਸ ਕਰਕੇ ਲਿਆਉਣਾ ਪਿਆ ਕਿਉਂਕਿ ਪਿਛਲੀ ਸਰਕਾਰ ਵੱਲੋਂ ਲੋਕਾਂ ਦਾ ਪੈਸਾ ਬੜੀ ਬੇਦਰਦੀ ਨਾਲ ਲੋਕਾਂ ਦੀ ਮਰਜ਼ੀ ਦੇ ਉਲਟ ਖਰਾਬ ਕੀਤਾ ਗਿਆ। ਉਸ ਵੇਲੇ ਜਦੋਂ ਇਲੈਕਸ਼ਨ ਨੇੜੇ ਸੀ, ਤਾਕਤ ਹਾਸਲ ਕਰਨ ਵਾਸਤੇ ਪਿਛਲੀ ਸਰਕਾਰ ਵੱਲੋਂ ਲੋਕਾਂ ਦੇ ਪੈਸੇ ਦੀ ਦੁਰਵਰਤੋਂ ਕੀਤੀ ਗਈ। ਇਸ ਗਲਤ ਵਰਤੋਂ ਨੂੰ ਰੋਕਣ ਵਾਸਤੇ ਇਹ ਬਿਲ ਲਿਆਂਦਾ ਗਿਆ ਹੈ। ਸਾਡੀ ਸਰਕਾਰ ਦਾ ਮਨ ਸਾਫ ਹੈ ਜਿਸ ਤਰ੍ਹਾਂ ਕਿ ਇਨ੍ਹਾਂ ਨੇ ਆਪ ਵੀ ਵੇਖ ਲਿਆ ਹੈ ਕਿ ਇਹ ਬਿਲ ਅਸੀਂ ਆਪਣੇ ਹੱਥ ਬੰਨ੍ਹਣ ਵਾਸਤੇ ਆਪ ਲਿਆਂਦਾ ਹੈ। ਇਹ ਬਿਲ ਇਸ ਕਰਕੇ ਲਿਆਂਦਾ ਗਿਆ ਤਾਂ ਜੋ ਅੱਗੇ ਤੋਂ ਕੋਈ ਵੀ ਬਾਦਲ ਸਰਕਾਰ ਵਰਗੀ ਸਰਕਾਰ ਸਾਡੇ ਮਾਲੀ ਢਾਂਚੇ ਨੂੰ ਖਰਾਬ ਨਾ ਕਰ ਸਕੇ। ਇਹ ਦਰੁਸਤੀ ਕਰਨ ਵਾਸਤੇ ਅਸੀਂ ਇਹ ਸੋਧੀਅਰਜ਼ ਲਏ ਹਨ। ਜੋ ਕੁਝ ਮੈਂਬਰ ਸਾਹਿਬ ਨੇ ਕਿਹਾ ਹੈ, ਉਹ ਕੁਝ ਸਾਡੇ ਤੇ ਤਾਂ ਲਾਗੂ ਹੁੰਦਾ ਨਹੀਂ, ਫਿਰ ਵੀ ਆਉਣ ਵਾਲੇ ਸੈਸ਼ਨ ਵਿਚ ਇਸ ਚੀਜ਼ ਤੇ ਜ਼ਰੂਰ ਵਿਚਾਰ ਕਰਾਂਗੇ ਕਿਉਂਕਿ ਇਸ ਚੀਜ਼ ਦੀ ਲੋੜ ਤਾਂ ਇਨ੍ਹਾਂ ਨੂੰ ਹੀ ਪੈਣੀ ਹੈ। ਵੈਸੇ ਇਨ੍ਹਾਂ ਦੀ ਵਾਰੀ 8-10 ਸਾਲ ਤੱਕ ਤਾਂ ਆਉਣ ਵਾਲੀ ਨਹੀਂ। ਇਹ ਕਿਸਾਨੀ ਦੇ ਨਾਂ ਤੇ ਅਤੇ ਪੰਥ ਦੇ ਨਾਂ ਤੇ ਲੋਕਾਂ ਦੇ ਜਜ਼ਬਾਤ ਭੜਕਾਉਂਦੇ ਰਹੇ ਹਨ ਲੇਕਿਨ ਹੁਣ ਇਨ੍ਹਾਂ ਨੂੰ ਨਾ ਪੰਥ ਨੇ ਅਤੇ ਨਾ ਹੀ ਕਿਸਾਨਾਂ ਨੇ ਮੂੰਹ ਲਾਉਣਾ ਹੈ। ਇਸ ਕਰਕੇ ਇਨ੍ਹਾਂ ਨੂੰ ਕੋਈ ਚਿੰਤਾ ਕਰਨ ਦੀ ਲੋੜ ਨਹੀਂ। ਅਸੀਂ ਬਿਲਕੁਲ ਸਾਫ ਨੀਯਤ ਨਾਲ ਆਪਣੇ ਆਪ ਨੂੰ ਲਾਮਬੰਦ ਕਰਨ ਵਾਸਤੇ ਇਹ ਬਿਲ ਲਿਆਂਦਾ ਹੈ। ਇਸ ਕਰਕੇ ਮੇਰੀ ਬੇਨਤੀ ਹੈ ਕਿ ਸਾਨੂੰ ਸਾਰਿਆਂ ਨੂੰ ਸਰਬ-ਸੰਮਤੀ ਨਾਲ ਇਹ ਬਿਲ ਪਾਸ ਕਰ ਦੇਣਾ ਚਾਹੀਦਾ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਮੇਰੇ ਵਲੋਂ ਤਾਰੀਫ ਕਰਨ ਦਾ ਇਹ ਸਿਲਾ ਇਨ੍ਹਾਂ ਨੇ ਮੈਨੂੰ ਦਿੱਤਾ ਹੈ।...(ਹਾਸਾ)...

**ਸਰਦਾਰ ਤੋਤਾ ਸਿੰਘ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਬਾਰ ਬਾਰ ਦੁਰ-ਵਰਤੋਂ ਲਫਜ਼ ਯੂਜ਼ ਕੀਤਾ ਹੈ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਿਕਾਸ ਕਰਨਾ ਦੁਰਵਰਤੋਂ ਕਰਨਾ ਹੁੰਦਾ ਹੈ ?

**ਮਾਨਯੋਗ ਸਪੀਕਰ** : ਵਿੱਤ ਮੰਤਰੀ ਜੀ, ਦੁਰਵਰਤੋਂ ਦਾ ਜਵਾਬ ਦੇ ਦਿਓ ਕਿ ਕੀ ਹੁੰਦੀ ਹੈ।

**ਵਿੱਤ, ਯੋਜਨਾ ਅਤੇ ਸਹਿਕਾਰਤਾ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਵਿਕਾਸ ਕਰਨਾ ਮਾੜੀ ਗੱਲ ਨਹੀਂ। ਵਿਕਾਸ ਹੋਣਾ ਚਾਹੀਦਾ ਹੈ ਲੇਕਿਨ ਵਿਕਾਸ ਦੇ ਨਾਂ ਤੇ ਲੁੱਟਣਾ ਨਹੀਂ ਚਾਹੀਦਾ।

**MR. SPEAKER** : Question is—

> That the Punjab Fiscal Responsibility and Budget Management Bill, as reported by the Select Committee, be taken into consideration at once.

*The motion was carried.*

Original with;
Punjab Vidhan Sabha
Digitized by;

MR. SPEAKER : Now the House will proceed to consider the Bill Clause by Clause.

**SUB-CLAUSE (2) OF CLAUSE 1**

MR. SPEAKER : Question is—

That Sub-clause (2) of Clause 1 stand part of the Bill.

*The motion was carried.*

**CLAUSES 2 TO 10**

MR. SPEAKER : As there is no amendment to Clauses 2 to 10, if the House agrees, these Clauses be put to the vote of the House together.

(Voices : Yes, Yes)

MR. SPEAKER : Question is—

That Clauses 2 to 10 stand part of the Bill.

*The motion was carried.*

**SUB-CLAUSE (1) OF CLAUSE 1**

MR. SPEAKER : Question is—

That Sub-Clause (1) of Clause 1 stand part of the Bill.

*The motion was carried.*

**TITLE**

MR. SPEAKER : Question is—

That Title be the Title of the Bill.

*The motion was carried.*

FINANCE, PLANNING AND CO-OPERATION MINISTER (SARDAR LAL SINGH) : Sir, I beg to move—

That the Punjab Fiscal Responsibility and Budget Management Bill, as reported by the Select Committee, be passed.

Original with;
Punjab Vidhan Sabha
Digitized by;
Panjab Digital Library

MR. SPEAKER : Motion moved—

That the Punjab Fiscal Responsibility and Budget Management Bill, as reported by the Select Committee be passed.

MR. SPEAKER : Question is—

That the Punjab Fiscal Responsibility and Budget Management Bill, as reported by the Select Committee, be passed.

*The motion was carried.*

——

## 8. THE PUNJAB VALUE ADDED TAX BILL, 2003

MR. SPEAKER : The Government has withdrawn the Punjab Value Added Tax Bill, 2003. (At this stage, some Hon'ble Members rose to speak)

MR. SPEAKER : I think there is no need of discussion.

——

## 9. THE PUNJAB EXCISE (AMENDMENT) BILL, 2003

EXCISE & TAXATION MINISTER (SARDAR SARDUL SINGH) : Sir, I beg to introduce the Punjab Excise (Amendment) Bill.

Sir, I also beg to move—

That the Punjab Excise (Amendment) Bill be taken into consideration at once.

MR. SPEAKER : Motion moved—

That the Punjab Excise (Amendment) Bill be taken into consideration at once.

ਸ੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ) : ਮਾਨਯੋਗ ਸਪੀਕਰ ਸਾਹਿਬ, ਇਸ ਪੰਜਾਬ ਐਕਸਾਈਜ਼ ਐਕਟ, 1914 ਵਿੱਚ ਜਿਹੜੀਆਂ ਤਰਮੀਮਾਂ ਕਰਨ ਲਈ ਇਹ ਬਿਲ ਪੇਸ਼ ਹੋਇਆ ਹੈ ਇਹਦੇ ਵਿੱਚ ਕਾਫੀ ਖਾਮੀਆਂ ਹਨ ਅਤੇ ਕਾਫੀ ਕੁਝ ਜਿਹੜਾ ਹੋਣ ਵਾਲਾ ਸੀ,

Original with;
Punjab Vidhan Sabha
Digitized by:

[ਸ਼੍ਰੀ ਤਿਕਸ਼ਨ ਸੂਦ]

ਨਹੀਂ ਹੋਇਆ ਮੈਂ ਉਹਦੇ ਬਾਰੇ ਕਹਿਣਾ ਚਾਹਾਂਗਾ। ਸਭ ਤੋਂ ਪਹਿਲਾਂ, ਮਾਨਯੋਗ ਸਪੀਕਰ ਸਾਹਿਬ, ਸੈਕਸ਼ਨ 61 A. Penalty for offences not triable by a Court. ਇਸਦੇ ਵਿੱਚ, ਮਾਨਯੋਗ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ। ਇਸ ਨਾਲ ਹਾਊਸ ਨੂੰ ਵੀ ਪਤਾ ਚਲ ਜਾਵੇਗਾ ਅਤੇ ਇਹ ਵੀ ਪਤਾ ਚਲ ਜਾਵੇਗਾ ਕਿ ਇਸ ਵਿੱਚ ਕੀ ਗੜਬੜ ਹੈ।

"Whosoever in contravention of any provision of this Act, the rules framed thereunder, any notification issued or any order made or any licence, permit or pass granted under this Act, imports exports transports, or possesses any liquor, shall along with liquor and means of transport, except the passenger buses, owned by the Central Government or the State Government or any of their undertaking, be detained by an Excise Officer, ....."

ਮਾਨਯੋਗ ਸਪੀਕਰ ਸਾਹਿਬ, ਇਹ ਤਾਂ ਮੈਂ ਸਮਝਦਾ ਹਾਂ ਕਿ ਕਾਫੀ ਵਿਤਕਰੇ ਵਾਲੀ ਗੱਲ ਹੈ ਕਿ ਹੋਰ ਤਾਂ ਸਾਰੇ ਵਹੀਕਲ ਢੋਆ ਢੁਆਈ ਵਾਲੇ ਜਾਂ ਟਰਾਂਸਪੋਰਟ ਵਹੀਕਲ ਸਮਾਨ ਢੋਣ ਵਾਲੇ ਬਾਰੇ ਮੰਨ ਲੈਂਦੇ ਹਾਂ ਕਿ ਡਰਾਈਵਰ ਨੂੰ ਪਤਾ ਹੁੰਦਾ ਹੈ ਕਿ ਉਸ ਨੇ ਕੀ ਮਾਲ ਲੱਦਿਆ ਹੋਇਆ ਹੈ, ਜਿਹੜੀਆਂ ਪ੍ਰਾਈਵੇਟ ਬੱਸਾਂ ਚਲਦੀਆਂ ਹਨ ਉਸ ਵਿੱਚ ਕੰਡਕਟਰ ਅਤੇ ਡਰਾਈਵਰ ਨੂੰ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ। ਸਰਕਾਰੀ ਬੱਸਾਂ ਵਿੱਚ ਵੀ ਇਹੀ ਕੁਝ ਹੈ। ਸੋ, ਇਹ ਕਰਕੇ ਤਾਂ ਲਾਇਸੈਂਸ ਦੇਣ ਵਾਲੀ ਗੱਲ ਹੈ। ਸਰਕਾਰੀ ਬੱਸਾਂ ਦੇ ਡਰਾਈਵਰ ਸਮੇਤ ਸਵਾਰੀਆਂ ਜਿਵੇਂ ਅੱਗੇ ਚਲ ਕੇ ਚੰਡੀਗੜ੍ਹ ਬੱਸ ਸਟੈਂਡ ਤੋਂ ਬੱਸ ਰੋਕ ਕੇ ਦੋ ਤਿੰਨ ਬੋਤਲਾਂ ਸ਼ਰਾਬ ਲੈ ਜਾਵੇ, ਇਸ ਤਰ੍ਹਾਂ ਕਰਨ ਨਾਲ ਸਰਕਾਰੀ ਬੱਸਾਂ ਇੰਪਾਊਂਡ ਨਹੀਂ ਹੋਣਗੀਆਂ ਅਤੇ ਜਿਹੜੇ ਪੈਸੰਜਰ ਪ੍ਰਾਈਵੇਟ ਬੱਸਾਂ ਵਿੱਚ ਹਨ ਕੀ ਉਨ੍ਹਾਂ ਦਾ ਸਮਾਂ ਕੀਮਤੀ ਨਹੀਂ, ਕੀ ਉਨ੍ਹਾਂ ਨੂੰ ਹਰਾਸਮੈਂਟ ਨਹੀਂ ਹੋਏਗੀ, ਕਿਉਂਕਿ ਉਨ੍ਹਾਂ ਤੇ ਅਜਿਹੀ ਕੋਈ ਪਾਬੰਦੀ ਨਹੀਂ......ਇਹ ਡਰਾਈਵਰ ਅਤੇ ਕੰਡਕਟਰ ਦੀ ਗਲਤੀ ਦੇ ਕਾਰਨ ਸਵਾਰੀਆਂ ਨੂੰ ਹੈਰਾਸਮੈਂਟ ਹੋਵੇਗੀ। ਇਸ ਵਿਚ ਯੂਨੀਫਾਰਮਟੀ ਹੋਣੀ ਚਾਹੀਦੀ ਹੈ। ਮਾਨਯੋਗ ਸਪੀਕਰ ਸਾਹਿਬ, ਸਾਡੇ ਸੰਵਿਧਾਨ ਵਿਚ ਆਰਟੀਕਲ 14 ਦੇ ਤਹਿਤ ਸਾਰਿਆਂ ਨੂੰ ਅਜ਼ਾਦੀ ਹੈ ਅਤੇ ਸਾਰੇ ਹੀ ਬਰਾਬਰ ਹਨ। ਇਸ ਕਰਕੇ ਇਹ ਕੋਈ ਕੰਸਟੀਚਿਊਸ਼ਨਲ ਵੀ ਨਹੀਂ ਹੈ, ਇਹ ਸਮਾਜ ਵਾਸਤੇ ਵੀ ਠੀਕ ਨਹੀਂ ਹੈ, ਟਰਾਂਸਪੋਰਟ ਦੇ ਬਿਜ਼ਨੇਸ ਵਾਸਤੇ ਵੀ ਠੀਕ ਨਹੀਂ ਹੈ। ਇਹ ਤਾਂ ਇਕ ਤਰ੍ਹਾਂ ਨਾਲ ਸਰਕਾਰੀ ਬੱਸਾਂ ਨੂੰ ਲਾਇਸੈਂਸ ਦੇਣ ਵਾਲੀ ਗੱਲ ਹੋਵੇਗੀ ਕਿ ਸਰਕਾਰੀ ਬੱਸਾਂ ਦੇ ਡਰਾਈਵਰ ਅਤੇ ਕੰਡਕਟਰ ਬੱਸਾਂ ਵਿਚ ਸਸਤੀ ਸ਼ਰਾਬ ਚੁੱਕੀ ਫਿਰਨ। ਇਸ ਤਰ੍ਹਾਂ ਫਿਰ ਪ੍ਰਾਈਵੇਟ ਬੱਸਾਂ ਵਿਚ ਕਿਹੜਾ ਚੜ੍ਹਿਆ ਕਰੇਗਾ। ਇਕ ਵਾਰੀ ਇਕ-ਦੋ ਬੋਤਲਾਂ ਫੜੀਆਂ ਗਈਆਂ ਤਾਂ ਉਸ ਦੀ ਬੱਸ ਇੰਪਾਊਂਡ ਹੋ ਜਾਵੇਗੀ। ਇਹ ਜ਼ਰੂਰ ਠੀਕ ਹੋਣਾ ਚਾਹੀਦਾ ਹੈ। ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਵੱਡੀ ਜਿਹੜੀ ਗੱਲ ਹੈ ਉਹ ਇਹ ਹੈ ਕਿ ਇਸ ਦੇ ਆਬਜੈਕਟਸ ਅਤੇ ਫਾਈਨੈਂਸ਼ੀਅਲ ਮੈਮੋਰੰਡਮ ਦੋਨੋ ਹੀ ਮੈਂ ਪੜ੍ਹੇ ਹਨ, ਮਾਨਯੋਗ ਸਪੀਕਰ ਸਾਹਿਬ, ਫਾਈਨੈਂਸ਼ੀਅਲ ਮੈਮੋਰੰਡਮ ਤਾਂ ਐਡੀਸ਼ਨਲ

Original with;
Punjab Vidhan Sabha
Digitized by;
Panjab Digital Library

ਰੈਵੇਨਿਊ ਅਰਨ ਕਰਨ ਦੀ ਗੱਲ ਕਰਦਾ ਹੈ ਕਿ ਇਸ ਅਮੈਂਡਮੈਂਟ ਰਾਹੀਂ ਐਕਸਾਈਜ਼ ਦੀ ਆਮਦਨ ਵਿਚ ਹੋਰ ਵਾਧਾ ਹੋਵੇਗਾ । ਵਾਧਾ ਸਰਕਾਰ ਨੂੰ ਜ਼ਰੂਰ ਕਰਨਾ ਚਾਹੀਦਾ ਹੈ ਇਹ ਸਰਕਾਰ ਦਾ ਕੰਮ ਵੀ ਹੈ । ਪਰ, ਮਾਨਯੋਗ ਸਪੀਕਰ ਸਾਹਿਬ, ਸ਼ਰਾਬ ਦੀ ਬੋਤਲ ਉਤੇ ਲਿਖਿਆ ਹੁੰਦਾ ਹੈ ਅਤੇ ਸਾਡੇ ਸੰਵਿਧਾਨ ਦੇ ਪ੍ਰਿੰਸੀਪਲ ਡਾਇਰੈਕਟਿਵਜ਼ ਵੀ ਕਹਿੰਦੇ ਹਨ ਕਿ ਸ਼ਰਾਬ ਇਕ ਬੁਰਾਈ ਹੈ । ਸਰਕਾਰ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਰਕਾਰ ਪ੍ਰੋਹਿਬਸ਼ਨ ਲੈ ਕੇ ਆਵੇ । ਇਸ ਅਮੈਂਡਮੈਂਟ ਦਾ ਸਾਰੇ ਦਾ ਸਾਰਾ ਰੁਝਾਨ ਕੀ ਹੈ । ਹੁਣ ਕੋਰਟਾਂ ਵਿਚ ਸਜ਼ਾਵਾਂ ਵੀ ਹੁੰਦੀਆਂ ਹਨ ਅਤੇ ਜੁਰਮਾਨੇ ਵੀ ਹੁੰਦੇ ਹਨ । ਇਸ ਐਕਟ ਵਿਚ ਅਮੈਂਡਮੈਂਟ ਨਾਲ ਸਾਰਾ ਰੁਝਾਨ ਜੁਰਮਾਨਿਆਂ ਵੱਲ ਹੀ ਚਲਾ ਜਾਵੇਗਾ । ਕੋਰਟਾਂ ਵਿਚ ਮਹਿਕਮੇ ਨੇ ਕੋਈ ਕੋਸ਼ਿਸ਼ ਨਹੀਂ ਕਰਨੀ ਕਿ ਸਜ਼ਾਵਾਂ ਦਿਵਾਈਆਂ ਜਾਣ, ਨਾ ਕਿਸੇ ਦਾ ਰਿਕਾਰਡ ਖਰਾਬ ਕਰਨਾ ਹੈ ਅਤੇ ਨਾ ਹੀ ਹੋਰ ਇਸ ਤਰ੍ਹਾਂ ਦੀ ਕੋਈ ਕਾਰਵਾਈ ਕਰਨੀ ਹੈ । ਮੈਂ ਬਿਟਵੀਨ ਦੀ ਲਾਈਨਜ਼ ਇਹ ਗੱਲ ਕਹਾਂਗਾ ਕਿ ਇਸ ਵਾਰੀ ਜਿਹੜੀਆਂ ਵੀ ਸ਼ਰਾਬ ਦੇ ਠੇਕਿਆਂ ਦੀਆਂ ਬੋਲੀਆਂ ਹੋਈਆਂ ਹਨ, ਪਿਛਲੀ ਵਾਰ ਸਰਕਾਰ ਨੇ ਬੜੀਆਂ ਗੱਲਾਂ ਕੀਤੀਆਂ ਸਨ ਕਿ ਇੰਨੇ ਪੈਸਿਆਂ ਦਾ ਵਾਧਾ ਕੀਤਾ ਜਾਵੇਗਾ। ਹਰੇਕ ਸਾਲ ਉਤਨੀਆਂ ਹੀ ਸ਼ਰਾਬ ਦੀਆਂ ਦੁਕਾਨਾਂ ਹੋਣ ਤਾਂ ਹਰ ਸਾਲ ਇਸ ਤੋਂ ਰੈਵਨਿਊ ਬਹੁਤਾ ਵਧਾਇਆ ਨਹੀਂ ਜਾ ਸਕਦਾ ਇਹ ਪੌਸੀਬਲ ਨਹੀਂ ਹੈ । ਇਸ ਸਾਲ ਰੈਵਨਿਊ ਥੋੜ੍ਹਾ ਪ੍ਰਾਪਤ ਹੋਇਆ ਹੈ । ਪਿਛਲੀ ਵਾਰ ਜੋ ਕੁਝ ਸ਼ਰਾਬ ਦੇ ਠੇਕਿਆਂ ਦੀ ਨੀਲਾਮੀ ਵੇਲੇ ਹੋਇਆ, ਉਸ ਦੀ ਬੜੀ ਚਰਚਾ ਰਹੀ ਹੈ ਅਤੇ ਇਹ ਟਰੇਡ ਡਿਸਟਰੱਕਸ਼ਨ ਵੱਲ ਨੂੰ ਗਈ ਹੈ । ਹਰ ਜਗ੍ਹਾ ਤੇ ਠੇਕੇਦਾਰਾਂ ਨੂੰ ਘਾਟਾ ਰਿਹਾ ਹੈ । ਇਸ ਵਾਰੀ ਵੱਡੀਆਂ ਵੱਡੀਆਂ ਲਾਬੀਆਂ ਸਰਕਾਰ ਦੀ ਪ੍ਰੋਟੈਕਸ਼ਨ ਵਿਚ ਬਾਹਰੋਂ ਆ ਗਈਆਂ ਹਨ । ਜਦੋਂ ਇਸ ਅਮੈਂਡਮੈਂਟ ਦੀ ਇਨੈਕਟਮੈਂਟ ਹੋ ਗਈ ਤਾਂ ਇਸ ਦੇ ਨਾਲ ਉਨ੍ਹਾਂ ਰਾਹੀਂ ਸਮਗਲਿੰਗ ਨੂੰ ਬੜ੍ਹਾਵਾ ਮਿਲੇਗਾ ਕਿਉਂਕਿ ਸਜ਼ਾਵਾਂ ਦਾ ਡਰ ਘੱਟ ਜਾਵੇਗਾ । ਇਕੱਲੇ ਜੁਰਮਾਨੇ ਹੀ ਹੋਣਗੇ । ਉਹ ਵੀ ਇਸ ਤਰ੍ਹਾਂ ਹੋਣਗੇ ਕਿ ਤੁਸੀਂ 10 ਵਾਰੀ ਸ਼ਰਾਬ ਢੋਅ ਲਵੋ, ਇਕ ਵਾਰੀ ਫੜੇ ਗਏ ਥੋੜ੍ਹਾ-ਬਹੁਤਾ ਜੁਰਮਾਨਾ ਭਰ ਦਿਉ ਤੇ ਫਿਰ ਆਪਣਾ ਕੰਮ ਕਰੀ ਜਾਉ । ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਵੱਡੀਆਂ ਲਾਬੀਆਂ ਰਾਹੀਂ ਸਮਗਲਿੰਗ ਨੂੰ ਬੜ੍ਹਾਵਾ ਦੇਣ ਲਈ, ਉਨ੍ਹਾਂ ਦਾ ਫਾਇਦਾ ਕਰਨ ਲਈ ਇਹ ਐਕਟ ਲਿਆਂਦਾ ਗਿਆ ਹੈ । ਉਨ੍ਹਾਂ ਨੂੰ ਕੇਵਲ ਜੁਰਮਾਨੇ ਹੀ ਹੋਣਗੇ, ਸਜ਼ਾਵਾਂ ਤੋਂ ਬਚਾਉਣ ਲਈ, ਇਸ ਐਕਟ ਨੂੰ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ । ਇਸ ਨੂੰ ਐਕਟ ਨਹੀਂ ਬਣਨ ਦੇਣਾ ਚਾਹੀਦਾ ਅਤੇ ਲੋਕਾਂ ਨੂੰ ਸਜ਼ਾਵਾਂ ਜਾਰੀ ਰਹਿਣੀਆਂ ਚਾਹੀਦੀਆਂ ਹਨ । ਸ਼ਰਾਬ ਦੀ ਸਮਗਲਿੰਗ ਵਿਚ ਵਾਧਾ ਹੋ ਰਿਹਾ ਹੈ । ਨਕਲੀ ਸ਼ਰਾਬ ਵੀ ਵਿਕਦੀ ਹੈ ਜਿਸ ਨਾਲ ਲੋਕਾਂ ਦੀ ਸਿਹਤ ਦਾ ਨੁਕਸਾਨ ਹੁੰਦਾ ਹੈ, ਮੌਤਾਂ ਵੀ ਹੁੰਦੀਆਂ ਹਨ । ਇਹ ਸਾਰੀਆਂ ਚੀਜ਼ਾਂ ਤਾਂ ਹੀ ਰੁਕ ਸਕਦੀਆਂ ਹਨ ਜੇਕਰ ਸਖਤ ਤੋਂ ਸਖਤ ਸਜ਼ਾਵਾਂ ਹੋਣ, ਜੁਰਮਾਨੇ ਵੀ ਨਾਲ ਹੀ ਹੋਣ । ਇਹ ਵੱਡੀਆਂ ਲਾਬੀਆਂ ਜਿਹੜੀਆਂ ਸਮਗਲਿੰਗ ਵਾਸਤੇ ਪੰਜਾਬ ਵਿਚ ਆ ਗਈਆਂ ਹਨ, ਉਨ੍ਹਾਂ ਰਾਹੀਂ ਸਮਗਲਿੰਗ ਨੂੰ ਹੋਰ ਬੜ੍ਹਾਵਾ ਮਿਲੇਗਾ । ਇਸ ਨੂੰ ਪਾਸ ਨਹੀਂ ਕਰਨਾ ਚਾਹੀਦਾ । ਇਸ ਨੂੰ ਰੱਦ ਕਰਨਾ ਚਾਹੀਦਾ ਹੈ । ਧੰਨਵਾਦ ।

**ਆਬਕਾਰੀ ਅਤੇ ਕਰ ਮੰਤਰੀ (ਸਰਦਾਰ ਸਰਦੂਲ ਸਿੰਘ)** : ਮਾਨਯੋਗ ਸਪੀਕਰ ਸਾਹਿਬ, ਇਹ ਸਮਗਲਿੰਗ ਰੋਕਣ ਲਈ ਹੈ । ਜਿਹੜਾ ਪਹਿਲਾਂ ਐਕਟ ਸੀ ਉਸ ਦੇ

Original with;
Punjab Vidhan Sabha
Digitized by;

[ਆਬਕਾਰੀ ਅਤੇ ਕਰ ਮੰਤਰੀ]

ਤਰੀਕੇ ਦੇ ਨਾਲ ਨੌਕਰੀ ਤੇ ਲਗ ਜਾਵੇ ਤੇ ਫਿਰ ਉਸ ਨੂੰ ਦੁਬਾਰਾ ਨੌਕਰੀ ਦੇ ਵਿਚੋਂ ਕੱਢਿਆ ਜਾਵੇ ਤਾਂ ਇਸ ਦੇ ਨਾਲ ਉਸ ਦਾ ਸਾਰਾ ਪਰਿਵਾਰ ਹੀ ਬਰਬਾਦ ਹੋ ਜਾਂਦਾ ਹੈ ਔਰ ਉਸ ਨੂੰ ਵੀ ਦੁੱਖ ਹੁੰਦਾ ਹੈ। ਅਸੀਂ ਸੋਚਿਆ ਕਿ ਉਨ੍ਹਾਂ ਨੂੰ ਨੌਕਰੀ ਤੋਂ ਨਾ ਕੱਢਿਆ ਜਾਵੇ। ਅਸੀਂ ਪ੍ਰਮਾਤਮਾ ਤੋਂ ਡਰਨ ਵਾਲੇ ਬੰਦੇ ਹਾਂ। ਇਸ ਤਰ੍ਹਾਂ ਸਾਡੇ ਮਨ ਦੇ ਉਤੇ ਬਹੁਤ ਬੋਝ ਬਣ ਗਿਆ ਔਰ ਜਿਹੜੇ ਕਾਂਗਰਸੀ ਮੈਂਬਰ ਸਨ ਉਹ ਵੀ ਇਸ ਤੋਂ ਕਾਫੀ ਜਿਆਦਾ ਚਿੰਤੁਤ ਸਨ ਕਿ ਕਿਸੇ ਨਾ ਕਿਸੇ ਤਰੀਕੇ ਦੇ ਨਾਲ ਇਨ੍ਹਾਂ ਨੂੰ ਨੌਕਰੀ ਤੇ ਰੱਖ ਲਿਆ ਜਾਵੇ। ਅਸੀਂ ਤਿੰਨ ਚਾਰ ਮਹੀਨੇ ਇਨ੍ਹਾਂ ਨੂੰ ਨੌਕਰੀ ਤੋਂ ਕੱਢਣ ਦੇ ਆਰਡਰ ਨਹੀਂ ਕੀਤੇ ਪਰ ਸਾਨੂੰ ਸੁਪਰੀਮ ਕੋਰਟ ਦੀ ਕੰਟੈਂਪਟ ਦਾ ਡਰ ਸੀ। ਇਸ ਕਰਕੇ ਸਾਨੂੰ ਇਸ ਤਰ੍ਹਾਂ ਕਰਨਾ ਪਿਆ ਔਰ ਉਨ੍ਹਾਂ 5200 ਵਾਧੂ ਟੀਚਰਾਂ ਨੂੰ ਨੌਕਰੀ ਤੋਂ ਕੱਢਣਾ ਪਿਆ। ਲੇਕਿਨ ਇਸ ਚੀਜ਼ ਦਾ ਸਾਡੇ ਮਨ ਦੇ ਉਤੇ ਬਹੁਤ ਬੋਝ ਸੀ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਤਬਾਹੀ ਤੋਂ ਬਚਾਇਆ ਜਾ ਸਕੇ। ਅਸੀਂ ਇਸ ਦੇ ਬਾਰੇ ਦੋ ਤਿੰਨ ਮੀਟਿੰਗਾਂ ਵੀ ਕੀਤੀਆਂ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਵੀ ਮੀਟਿੰਗਾਂ ਦੇ ਵਿਚ ਇਸ ਮਸਲੇ ਦੇ ਉੱਤੇ ਵਿਚਾਰਾਂ ਕੀਤੀਆਂ ਗਈਆਂ ਕਿ ਕਿਸ ਤਰ੍ਹਾਂ ਇਸ ਦਾ ਹਲ ਕੱਢਿਆ ਜਾਵੇ। ਸੁਪਰੀਮ ਕੋਰਟ ਵਲੋਂ ਫੈਸਲਾ ਆ ਚੁੱਕਿਆ ਸੀ। ਜਿਹੜੇ ਕਰਮਚਾਰੀਆਂ ਨੂੰ ਤਿੰਨ ਤਿੰਨ ਜਾਂ ਚਾਰ ਚਾਰ ਸਾਲ ਨੌਕਰੀਆਂ ਤੇ ਲੱਗਿਆਂ ਨੂੰ ਹੋ ਗਏ ਸਨ ਉਨ੍ਹਾਂ ਨੂੰ ਕੱਢਣ ਦੇ ਨਾਲ ਉਨ੍ਹਾਂ ਦੇ ਪਰਿਵਾਰਾਂ ਦੀ ਬਰਬਾਦੀ ਹੋ ਜਾਵੇਗੀ। ਇਸ ਦੇ ਲਈ ਬੜੀ ਸੋਚ ਵਿਚਾਰ ਤੋਂ ਬਾਅਦ ਇਕ ਆਰਡੀਨੈਂਸ ਜਾਰੀ ਕੀਤਾ, ਉਸ ਦੇ ਤਹਿਤ ਉਨ੍ਹਾਂ ਨੂੰ ਲਗਾ ਦਿੱਤਾ ਗਿਆ। ਮਗਰੋਂ ਉਹ ਆਰਡੀਨੈਂਸ ਵੀ ਹਾਈ ਕੋਰਟ ਦੇ ਵਿਚ ਚੈਲੰਜ ਹੋ ਗਿਆ। ਉਸ ਤੋਂ ਬਾਅਦ ਸਾਨੂੰ ਫਿਰ ਫਿਕਰ ਪੈ ਗਿਆ ਕਿ ਇਸ ਦਾ ਹੱਲ ਕੀ ਕੀਤਾ ਜਾਵੇ। ਉਸ ਲਈ ਕਾਨੂੰਨੀ ਮਾਹਿਰਾਂ ਦੀ ਰਾਏ ਲਈ ਗਈ। ਕਾਨੂੰਨੀ ਰਾਏ ਲੈ ਕੇ ਫਿਰ ਦੁਬਾਰਾ ਆਰਡੀਨੈਂਸ ਕੀਤਾ ਗਿਆ। ਜਿਹੜੀਆਂ ਪੁਰਾਣੇ ਆਰਡੀਨੈਂਸ ਦੇ ਵਿਚ ਕਮੀਆਂ ਪੇਸ਼ੀਆਂ ਰਹਿ ਗਈਆਂ ਸਨ ਉਨ੍ਹਾਂ ਸਬੰਧੀ ਐਲ.ਆਰ. ਤੋਂ ਤੇ ਹੋਰ ਮਾਹਿਰ ਸੱਜਣਾਂ ਤੋਂ ਰਾਏ ਲੈ ਕੇ ਦੁਬਾਰਾ ਆਰਡੀਨੈਂਸ ਕੀਤਾ ਗਿਆ ਔਰ ਇਸ ਤਰ੍ਹਾਂ ਉਨ੍ਹਾਂ ਨੂੰ ਨੌਕਰੀ ਤੋਂ ਲਗਾ ਦਿੱਤਾ ਗਿਆ। ਮੇਰਾ ਖਿਆਲ ਹੈ ਕਿ ਉਹ ਆਰਡੀਨੈਂਸ ਹਾਲੇ ਵੀ ਹਾਈ ਕੋਰਟ ਦੇ ਵਿਚ ਚੈਲੰਜ ਹੈ, ਮੈਨੂੰ ਪੱਕਾ ਪਤਾ ਨਹੀਂ ਹੈ। ਮਨਿਸਟਰ ਸਾਹਿਬ ਨੂੰ ਪਤਾ ਹੋਵੇਗਾ ਕਿਉਂਕਿ ਇਕ ਸਾਲ ਦਾ ਸਮਾਂ ਹੋ ਗਿਆ ਹੈ। ਉਸ ਤੋਂ ਬਾਅਦ ਇਹ ਇਸ ਪਵਿੱਤਰ ਸਦਨ ਦੇ ਵਿੱਚ ਲਿਆਂਦਾ ਗਿਆ ਔਰ ਇਸ ਨੂੰ ਸਾਰਿਆਂ ਵਲੋਂ ਸਰਬਸੰਮਤੀ ਦੇ ਨਾਲ ਪਾਸ ਕੀਤਾ ਗਿਆ ਸੀ ਔਰ ਇਸ ਆਰਡੀਨੈਂਸ ਨੂੰ ਐਕਟ ਦੇ ਰੂਪ ਵਿਚ ਬਦਲ ਦਿੱਤਾ ਗਿਆ ਸੀ। ਇਸੇ ਦੌਰਾਨ ਹੀ ਬੜਾ ਰੌਲਾ ਰੱਪਾ ਪਿਆ ਔਰ ਜਿਵੇਂ ਅੱਜ ਕੱਲ੍ਹ ਵੀ ਚਰਚਾ ਹੋ ਰਹੀ ਹੈ। ਫਿਰ ਇਸ ਦੇ ਲਈ ਇਹ ਕਮੇਟੀ ਬਣਾਈ ਗਈ ਸੀ ਕਿ ਇਸ ਦੀ ਪੜਤਾਲ ਕੀਤੀ ਜਾਵੇ ਔਰ ਇਸ ਪੜਤਾਲ ਦੇ ਵਿੱਚ ਸਾਲ ਡੇਢ ਸਾਲ ਦਾ ਸਮਾਂ ਲੱਗਿਆ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਤੁਸੀਂ ਤਾਂ ਬੜੇ ਜਾਣਕਾਰ ਹੋ ਔਰ ਜਦੋਂ ਇਨ੍ਹਾਂ ਟੀਚਰਾਂ ਦੀ ਭਰਤੀ ਹੁੰਦੀ ਹੈ ਤਾਂ ਉਸ ਦੀ ਇਕੱਲਾ

Original with;
Punjab Vidhan Sabha
Digitized by;

[ਸਰਦਾਰ ਤੋਤਾ ਸਿੰਘ]

ਮਨਿਸਟਰ ਭਰਤੀ ਨਹੀਂ ਕਰ ਸਕਦਾ । ਇਸ ਲਈ ਕੋਈ ਸਿਸਟਮ ਅਪਣਾਇਆ ਜਾਂਦਾ ਹੈ, ਜਿਸ ਦੇ ਤਹਿਤ ਇਹ ਭਰਤੀ ਕੀਤੀ ਜਾਂਦੀ ਹੈ । ਇਸ ਸਾਰੀ ਭਰਤੀ ਦੇ ਅਧਿਕਾਰ ਕੇਬਨਿਟ ਵਲੋਂ ਮੁੱਖ ਮੰਤਰੀ ਜੀ ਨੂੰ ਦਿੱਤੇ ਜਾਂਦੇ ਹਨ ਅਤੇ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਦੇ ਨਾਲ ਇਨ੍ਹਾਂ ਦੀ ਭਰਤੀ ਕਰਨ ਸਬੰਧੀ ਕਮੇਟੀਆਂ ਬਣਾਈਆਂ ਜਾਂਦੀਆਂ ਹਨ । ਜਦੋਂ ਇਹ ਕਮੇਟੀਆਂ ਬਣੀਆਂ ਸਨ, ਸਿਲੈਕਸ਼ਨ ਕਮੇਟੀ ਵਲੋਂ ਜਿਹੜੀਆਂ ਸਿਲੈਕਸ਼ਨਾਂ ਹੋਈਆਂ, ਅਸੀਂ ਕਿਸੇ ਨੂੰ ਚੈਲਿੰਜ ਨਹੀਂ ਕੀਤਾ ਕਿਉਂਕਿ ਜਦੋਂ ਅਸੀਂ ਰਿਕਾਰਡ ਮੰਗਵਾਇਆ ਤਾਂ ਉਨ੍ਹਾਂ ਨੇ ਕਿਹਾ ਕਿ ਜਿਹੜੀਆਂ ਉਸ ਵੇਲੇ ਸਾਲ 1992-93 ਅਤੇ 1994 ਵਿਚ ਇੰਟਰਵਿਊਜ਼ ਲਈਆਂ ਗਈਆਂ ਸਨ, ਉਨ੍ਹਾਂ ਦਾ ਰਿਕਾਰਡ ਪਾਣੀ ਨਾਲ ਖਰਾਬ ਹੋ ਗਿਆ ਹੈ । ਉਹ ਰਿਕਾਰਡ ਨਹੀਂ ਮਿਲ ਸਕਦਾ । ਕਿਹਾ ਗਿਆ ਕਿ ਕੇਵਲ ਰਜਿਸਟਰ ਹੀ ਸਾਡੇ ਕੋਲ ਕੰਪਲੀਟ ਹਨ ਜਿਹੜੇ ਰਜਿਸਟਰਾਂ ਤੇ ਸਿਲੈਕਸ਼ਨ ਕਮੇਟੀਆਂ ਨੇ ਮਾਰਕਿੰਗ ਕੀਤੀ ਸੀ । ਜਿਸ ਕਾਰਨ ਸਾਨੂੰ ਸਿਰਫ ਰਜਿਸਟਰ ਹੀ ਮਿਲੇ । ਬਾਕੀ ਰਿਕਾਰਡ ਨਹੀਂ ਮਿਲਿਆ । ਭਰਤੀ ਕਰਨ ਲਈ ਟੀਚਰ ਦੀ 85% ਤਾਂ ਬਿਲਕੁਲ ਆਪਣੀ ਯੋਗਤਾ ਹੁੰਦੀ ਹੈ ਅਤੇ 15 ਨੰਬਰ ਇੰਟਰਵਿਊ ਦੇ ਹੁੰਦੇ ਹਨ । ਜਿਹੜੀਆਂ ਸਿਲੈਕਸ਼ਨ ਕਮੇਟੀਆਂ ਬਣਦੀਆਂ ਹਨ, ਉਸ ਦੇ ਵਿਚ ਜਿਹੜਾ ਚੇਅਰਮੈਨ ਹੁੰਦਾ ਹੈ, ਉਹ ਸਿੱਖਿਆ ਵਿਭਾਗ ਦਾ ਹੁੰਦਾ ਹੈ, ਇੱਕ ਡੀ.ਸੀ. ਦਾ ਨੁਮਾਇੰਦਾ ਹੁੰਦਾ ਹੈ, ਇੱਕ ਸਮਾਜ ਭਲਾਈ ਡਿਪਾਰਟਮੈਂਟ ਦਾ ਨੁਮਾਇੰਦਾ ਹੁੰਦਾ ਹੈ, ਇੱਕ ਐਕਸ-ਸਰਵਿਸਮੈਨ ਕਾਰਪੋਰੇਸ਼ਨ ਦਾ ਨੁਮਾਇੰਦਾ ਹੁੰਦਾ ਹੈ । ਇਸ ਤਰ੍ਹਾਂ ਕਮੇਟੀ ਬਣਦੀ ਹੈ । ਜਿਹੜੀ ਕਮੇਟੀ ਬਣ ਜਾਂਦੀ ਹੈ ਉਸ ਨੇ ਕੈਂਡੀਡੇਟ ਦੀ ਯੋਗਤਾ ਵੇਖ ਕੇ ਇੰਟਰਵਿਊ ਦੇ 15 ਨੰਬਰਾਂ ਵਿਚੋਂ ਹੀ ਇੰਟਰਵਿਊ ਦੇ ਨੰਬਰ ਦੇਣੇ ਹੁੰਦੇ ਹਨ । ਉਸ ਨੇ ਜੋ ਨੰਬਰ ਦਿੱਤੇ, ਉਨ੍ਹਾਂ ਤੇ ਸਾਰਿਆਂ ਨੇ ਸਾਈਨ ਕਰਨੇ ਹੁੰਦੇ ਹਨ । ਰਜਿਸਟਰ ਤੇ ਇੱਕ ਬਕਾਇਦਾ ਰਿਕਾਰਡ ਬਣਾਇਆ ਜਾਂਦਾ ਹੈ । ਇੱਕ ਕੋਆਰਡੀਨੇਟਰ ਬਣਿਆ ਹੁੰਦਾ ਹੈ । ਸਾਡੇ ਵਲੋਂ ਤਾਂ ਡੀ.ਪੀ.ਆਈ. ਲਗਾਇਆ ਗਿਆ ਸੀ । ਇਨ੍ਹਾਂ ਦੇ ਵੇਲੇ ਡਿਪਟੀ ਡਾਇਰੈਕਟਰ ਕੋਆਰਡੀਨੇਟਰ ਲਗਾਇਆ ਗਿਆ ਸੀ । ਕੋਆਰਡੀਨੇਟਰ ਕੋਲ ਸਾਰਾ ਰਿਕਾਰਡ ਆ ਜਾਂਦਾ ਹੈ । ਕੋਆਰਡੀਨੇਟਰ ਨੇ ਹੀ ਸਿਲੈਕਸ਼ਨ ਕਮੇਟੀਆਂ ਦੁਆਰਾ ਜੋ ਇੰਟਰਵਿਊ ਲਈ ਹੁੰਦੀ ਹੈ, ਉਸ ਵਿਚ ਕੈਂਡੀਡੇਟ ਦੀ ਯੋਗਤਾ ਅਤੇ ਇੰਟਰਵਿਊ ਦੇ ਨੰਬਰ ਜੋੜ ਕੇ ਟੋਟਲ ਨੰਬਰ ਦੇਣੇ ਹੁੰਦੇ ਹਨ । ਇਸ ਤਰ੍ਹਾਂ ਇਕ ਰਿਕਾਰਡ ਬਣਾਉਣਾ ਹੁੰਦਾ ਹੈ । ਵੱਧ ਨੰਬਰਾਂ ਵਾਲੇ ਹੀ ਰਿਕਾਰਡ ਮੁਤਾਬਕ ਟੀਚਰ ਸਿਲੈਕਟ ਕੀਤੇ ਜਾਂਦੇ ਹਨ । ਪਰ ਇਨ੍ਹਾਂ ਸਿਲੈਕਸ਼ਨ ਕਮੇਟੀਆਂ ਨੇ ਜੋ ਸਿਲੈਕਸ਼ਨ ਕੀਤੀ ਹੈ, ਇੰਟਰਵਿਊ ਲਈ ਹੈ, ਉਸ ਦਾ ਰਿਕਾਰਡ ਅਸੀਂ ਨਹੀਂ ਵੇਖਿਆ, ਸਾਨੂੰ ਰਿਕਾਰਡ ਮਿਲਿਆ ਹੀ ਨਹੀਂ । ਕੇਵਲ ਜਿਹੜਾ ਰਜਿਸਟਰਾਂ ਦੇ ਉਤੇ ਰਿਕਾਰਡ ਬਣਿਆ ਸੀ, ਉਹ ਹੀ ਅਸੀਂ ਵੇਖਿਆ ਹੈ । ਕੋਆਰਡੀਨੇਟਰ ਅਤੇ ਡਿਪਟੀ ਡਾਇਰੈਕਟਰ ਨੇ ਜੋ ਰਿਕਾਰਡ ਬਣਾਇਆ ਸੀ, ਉਨ੍ਹਾਂ ਕੈਂਡੀਡੇਟਾਂ ਦੇ ਆਪਣੀ ਯੋਗਤਾ ਅਤੇ ਇੰਟਰਵਿਊ ਦੇ ਨੰਬਰ ਜੋੜ ਜੋੜ ਕੇ ਉਸ ਦੇ ਵਿਚ ਬਹੁਤ ਵੱਡੀ ਬੇਨਿਯਮੀ ਹੋਈ । ਜਿਥੋਂ ਤੱਕ ਇੰਟਰਵਿਊ ਅਤੇ ਉਨ੍ਹਾਂ ਦੀ ਆਪਣੀ ਯੋਗਤਾ ਦੇ ਬਾਰੇ ਗੱਲ ਹੈ, ਇਸ ਦੇ ਵਿਚ ਬੜੀ ਬੇਨਿਯਮੀ ਹੋਈ ਸੀ । ਜੇ ਕਿਸੇ ਕੈਂਡੀਡੇਟ ਨੇ 48 ਨੰਬਰ ਲਏ ਹਨ ਤਾਂ ਉਸ ਨੂੰ 12 ਨੰਬਰ ਇੰਟਰਵਿਊ ਦੇ ਦੇ ਕੇ ਉਸ ਦੇ 60 ਨੰਬਰ ਬਣ ਗਏ । ਇਸ ਤਰ੍ਹਾਂ ਹੋਇਆ ਕਿ ਜੇ ਕਿਸੇ ਕੈਂਡੀਡੇਟ ਨੇ

Original with;
Punjab Vidhan Sabha
Digitized by;

52 ਨੰਬਰ ਲਏ ਹਨ ਤਾਂ ਉਸ ਨੂੰ ਤਾਂ ਆਰਡਰ ਦੇ ਦਿੱਤਾ ਪਰ 60 ਨੰਬਰ ਪ੍ਰਾਪਤ ਕਰਨ ਵਾਲੇ ਨੂੰ ਨਹੀਂ ਦਿੱਤਾ ਗਿਆ । ਸਰਦਾਰ ਮਨਪ੍ਰੀਤ ਸਿੰਘ ਨੇ ਜੋ ਲਿਸਟ ਪੜ੍ਹੀ ਇਸ ਤੇ ਸਾਰੇ ਹੀ ਮੈਂਬਰ ਹੈਰਾਨ ਹੋਏ । ਆਮ ਤੌਰ ਤੇ ਇਕ ਲਿਸਟ ਬਣੀ ਹੁੰਦੀ ਹੈ । ਲੇਕਿਨ ਉਸ ਲਿਸਟ ਨੂੰ ਮਾਨਤਾ ਨਹੀਂ ਦਿੱਤੀ ਗਈ, ਉਸ ਦੇ ਮੁਤਾਬਿਕ ਆਰਡਰ ਨਹੀਂ ਦਿੱਤੇ ਗਏ । ਇਸ ਤਰ੍ਹਾਂ ਬੜੀਆਂ ਵੱਡੀਆਂ ਬੇਨਿਯਮੀਆਂ ਹੋਈਆਂ । ਬਹੁਤ ਵੱਡੀਆਂ ਅਣ-ਗਹਿਲੀਆਂ ਹੋਈਆਂ ਤਾਂ ਹੀ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਸਹਿਮਤ ਹੋਏ ਸੀ ਕਿ ਜਿਸ ਨੇ ਇੰਨੀ ਵੱਡੀ ਅਣਗਹਿਲੀ ਕੀਤੀ ਹੈ, ਉਸ ਦੀ ਜ਼ਿੰਮੇਵਾਰੀ ਫਿਕਸ ਕੀਤੀ ਜਾਵੇ । ਅਸੀਂ ਚਾਰ-ਚਾਰ ਸਾਲ ਦੇ ਨੌਕਰੀ ਵਿਚ ਲੱਗੇ ਹੋਇਆਂ ਨੂੰ ਕੱਢਣ ਦੇ ਹੱਕ ਵਿਚ ਨਹੀਂ ਸੀ । ਅਸੀਂ ਨਹੀਂ ਚਾਹੁੰਦੇ ਸੀ ਕਿ ਉਨ੍ਹਾਂ ਨੂੰ ਕੱਢਿਆ ਜਾਵੇ । ਪਰ ਜਿਸ ਨੇ ਇੰਨੀ ਵੱਡੀ ਅਣਗਹਿਲੀ ਕੀਤੀ ਹੈ ਉਸ ਦੀ ਜ਼ਿੰਮੇਵਾਰੀ ਫਿਕਸ ਕੀਤੀ ਜਾਵੇ । ਇਸ ਦੇ ਬਾਰੇ ਵਿਧਾਨ ਸਭਾ ਦੀ ਕਮੇਟੀ ਨੇ ਇੱਥੇ ਰਿਕੁਮੈਂਡ ਕੀਤਾ ਸੀ ਅਤੇ ਵਿਧਾਨ ਸਭਾ ਨੇ ਉਸ ਰਿਪੋਰਟ ਨੂੰ ਪਾਸ ਕੀਤਾ ਸੀ । ਉਸ ਦੇ ਬਾਰੇ ਸਾਡੇ ਵਿਚਾਰ ਹਨ । ਅਸੀਂ ਵੈਸੇ ਇੱਕ ਦੂਜੇ ਨੂੰ ਬੜਾ ਬਦਨਾਮ ਕਰਦੇ ਹਾਂ । ਸਾਡੇ ਵੇਲੇ ਵੀ ਇੰਟਰਵਿਊਜ਼ ਅਤੇ ਸਿਲੈਕਸ਼ਨਾਂ ਹੋਈਆਂ । ਅਸੀਂ ਕਹਿੰਦੇ ਹਾਂ ਕਿ ਕੋਈ ਇਕ ਵੀ ਮਿਸਾਲ ਲਿਆ ਕੇ ਵਿਖਾ ਦਿਓ । ਅਸੀਂ ਕੋਆਰਡੀਨੇਟਰ ਡੀ.ਪੀ.ਆਈ. ਨੂੰ ਬਣਾਇਆ । ਸਿਲੈਕਸ਼ਨ ਕਮੇਟੀਆਂ 23 ਸਨ । 23 ਕਮੇਟੀਆਂ ਦੀ ਰਿਪੋਰਟ ਬਣਾ ਦਿੱਤੀ । ਉਸ ਦੇ ਵਿਚ ਸਾਰੇ ਮਹਿਕਮਿਆਂ ਦੇ ਨੁਮਾ-ਇੰਦੇ ਸਨ, ਉਨ੍ਹਾਂ ਸਾਰੀਆਂ ਕਮੇਟੀਆਂ ਨੇ ਆਪਣੀ ਰਿਪੋਰਟ ਬਣਾ ਦਿੱਤੀ । ਰਿਪੋਰਟ ਬਣਾ ਕੇ ਡਾਇਰੈਕਟਰ ਨੂੰ ਦੇ ਦਿੱਤੀ । ਉਸ ਤੋਂ ਅਗਲੇ ਦਿਨ ਹੀ ਅਖਬਾਰਾਂ ਦੇ ਵਿਚ ਵੀ ਖਬਰ ਦੇ ਦਿੱਤੀ ਗਈ । ਅਖਬਾਰ ਵਿਚ ਖਬਰ ਦੇਣ ਤੋਂ ਬਾਅਦ ਸਾਰਿਆਂ ਨੂੰ ਆਰਡਰ ਦੇ ਦਿੱਤੇ । ਹੈਡ ਆਫਿਸ ਲੈਵਲ ਤੇ ਇੱਕ ਪਰਸੈਂਟ ਦੀ ਵੀ ਹੇਰਾਫੇਰੀ ਨਹੀਂ ਹੋਈ । ਮੇਰੀ ਬੇਨਤੀ ਹੈ ਕਿ ਹਾਊਸ ਦੀ ਇੱਕ ਸਾਂਝੀ ਕਮੇਟੀ ਇਸ ਕੰਮ ਦੇ ਲਈ ਬਣਾ ਦਿਓ ਕਿ ਜੋ ਅਕਾਲੀ ਗੌਰਮਿੰਟ ਦੇ ਵੇਲੇ ਟੀਚਰਾਂ ਦੀਆਂ ਨਿਯੁਕਤੀਆਂ ਹੋਈਆਂ ਹਨ, ਕੀ ਉਨ੍ਹਾਂ ਦੇ ਵਿਚ ਹੈਡ ਆਫਿਸ ਲੈਵਲ ਤੇ ਵੀ ਕੋਈ ਹੇਰਾਫੇਰੀ ਹੋਈ ਹੈ, ਜੇ ਕੋਈ ਹੇਰਾਫੇਰੀ ਹੋਈ ਹੈ ਤਾਂ ਉਸ ਨੂੰ ਕੱਢ ਦਿੱਤਾ ਜਾਵੇ । (ਆਪੋਜ਼ੀਸ਼ਨ ਵਲੋਂ ਥੰਪਿੰਗ) ਇੱਕ ਦੂਜੇ ਤੇ ਚਿੱਕੜ ਸੁੱਟਣਾ ਕੋਈ ਸ਼ੋਭਾ ਨਹੀਂ ਦਿੰਦਾ । ਇਸ ਲਈ ਮੇਰੀ ਇਸ ਪਵਿੱਤਰ ਹਾਊਸ ਦੇ ਵਿਚ ਬੇਨਤੀ ਹੈ ਕਿ ਇਸ ਪਵਿੱਤਰ ਹਾਊਸ ਵਿਚ ਜੋ ਰਿਪੋਰਟ ਦਿੱਤੀ ਗਈ ਹੈ, ਉਸ ਵਿਚ ਜਿਸ ਬੰਦੇ ਨੇ ਅਣਗਹਿਲੀ ਕੀਤੀ ਹੈ, ਉਸ ਦੀ ਜ਼ਿੰਮੇਵਾਰੀ ਫਿਕਸ ਹੋਣੀ ਚਾਹੀਦੀ ਹੈ । ਇਹ ਕਹਿਣਗੇ ਕਿ ਕੋਰਟ ਦਾ ਮਸਲਾ ਹੈ । ਕੋਰਟ ਦਾ ਜਿਹੜਾ ਆਰਡੀਨੈਂਸ ਦਾ ਜੋ ਮਸਲਾ ਹੈ, ਉਸ ਦਾ ਕਮੇਟੀ ਦੀ ਰਿਪੋਰਟ ਦੇ ਨਾਲ ਕੋਈ ਤੁਅੱਲਕ ਨਹੀਂ ਹੈ । ਬਹੁਤ-ਬਹੁਤ ਧੰਨਵਾਦ ।

**ਸ੍ਰੀ ਤਿਕਸ਼ਨ ਸੂਦ** (ਹੁਸ਼ਿਆਰਪੁਰ): ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਆਪ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਥੇ ਬੋਲਣ ਦਾ ਮੌਕਾ ਦਿੱਤਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਵੀ ਖੁਦ ਉਸ ਕਮੇਟੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਤਿਕਸ਼ਨ ਸੂਦ]

ਦਾ ਮੈਂਬਰ ਸੀ । ਮਾਨਯੋਗ ਡਿਪਟੀ ਸਪੀਕਰ ਸਾਹਿਬ, ਬਹੁਤ ਮਿਹਨਤ ਹੋਈ, ਬੜੀਆਂ ਮੀਟਿੰਗਾਂ ਹੋਈਆਂ ਔਰ ਵਾਰ-ਵਾਰ ਰਿਕਾਰਡ ਮੰਗਵਾਉਣ ਤੇ ਵੀ ਰਿਕਾਰਡ ਨਹੀਂ ਮਿਲਿਆ । ਕਈ ਵਾਰ ਤਾਂ ਇਹੋ ਜਿਹੇ ਬਹਾਨੇ ਵੀ ਲਗਾਏ ਕਿ ਜਿਸ ਕਮਰੇ ਵਿਚ ਪਿਆ ਹੈ, ਉਥੇ ਪਾਣੀ ਹੈ ਅਤੇ ਉਥੇ ਸੱਪ ਹਨ । ਫਿਰ ਹੌਲੀ ਹੌਲੀ ਰਿਕਾਰਡ ਇਕੱਠਾ ਹੋਇਆ । ਕੁਝ ਰਿਕਾਰਡ ਮਿਲਿਆ ਅਤੇ ਕੁਝ ਨਹੀਂ ਮਿਲਿਆ । ਮੈਂ ਜਿਸ ਗੱਲ ਤੇ ਆਉਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਟੀਚਿੰਗ ਦਾ/ਜੋ ਪ੍ਰੋਫੈਸ਼ਨ ਹੈ, ਇਹ ਬਹੁਤ ਹੀ ਪਆਇਸ ਪ੍ਰੋਫੈਸ਼ਨ ਹੈ । ਇਹ ਆਉਣ ਵਾਲੀ ਪੀੜ੍ਹੀ ਇਸ ਦੇ ਕਾਰਨ ਹੀ ਖੜ੍ਹੀ ਹੁੰਦੀ ਹੈ ਔਰ ਜੇ ਇਲੀਜੀਬਲ ਨਹੀਂ ਹਨ, ਹੱਕਦਾਰ ਨਹੀਂ ਅਤੇ ਟੀਚਰ ਹੀ ਮੈਰਿਟ ਵਾਲੇ/ ਨਹੀਂ ਤਾਂ, ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਾਡੇ ਦੇਸ਼ ਦਾ ਭਵਿੱਖ ਵੀ ਧੁੰਦਲਾ ਹੋ ਜਾਵੇਗਾ । ਅਸੀਂ ਅੱਜ ਸਾਰੇ ਇਸ ਸਰਕਾਰ ਨੂੰ ਜਿਹੜੀ ਕਿ ਇਸ ਰਿਪੋਰਟ ਨੂੰ ਇੰਪਲੀਮੈਂਟ ਕਰਨ ਤੋਂ ਕਤਰਾ ਰਹੀ ਹੈ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਿੱਧੂ ਦੇ ਕੇਸ ਵਿਚ ਤਾਂ ਅਸੀਂ ਬੜੀ ਫੜ੍ਹ ਮਾਰਦੇ ਹਾਂ ਕਿ ਉਸ ਦੇ ਰੱਖੇ ਹੋਏ ਪੀ.ਸੀ.ਐਸ. ਅਫ਼ਸਰ ਕੱਢ ਦਿੱਤੇ ਗਏ, ਹੋਰ ਮੁਲਾਜ਼ਮ ਵੀ ਕੱਢਣੇ ਚਾਹੁੰਦੇ ਹਾਂ । ਅਧੀਨ ਸੇਵਾਵਾਂ ਚੋਣ ਬੋਰਡ ਦੁਆਰਾ ਰੱਖੇ ਹੋਏ ਮੁਲਾਜ਼ਮ ਵੀ ਕੱਢਣੇ/ਚਾਹੁੰਦੇ ਹਾਂ । ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਜੋ ਸਰਕਾਰ ਹੈ ਇਹ ਸਾਰੇ ਮਾਮਲਿਆਂ ਵਿਚ ਵਿਤਕਰਿਆਂ ਦੀ ਸਰਕਾਰ ਹੈ । ਜੇ ਤਾਂ ਪਿਛਲੀ ਸਰਕਾਰ ਦੀਆਂ ਭਰਤੀਆਂ ਦੀ ਗੱਲ ਕਰੋ ਤਾਂ ਉਸ ਸਮੇਂ ਡਾਕਟਰਾਂ, ਪ੍ਰੋਫੈਸਰਾਂ ਦੀ ਭਰਤੀ ਹੋਈ, ਪੀ.ਸੀ.ਐਸ. ਅਫ਼ਸਰਾਂ ਦੀ ਭਰਤੀ ਹੋਈ । ਪਰ ਹੁਣ ਪਿੱਕ ਐਂਡ ਚੂਜ਼ ਦੀ ਪਾਲਿਸੀ ਵਰਤੀ ਗਈ ਹੈ । ਪੁਲੀਟੀਕਲ ਜੋ ਗੱਲਾਂ-ਬਾਤਾਂ ਸ਼ੁਰੂ ਹੋਈਆਂ, ਪੁਲੀਟੀਕਲ ਕੁਰੱਪਸ਼ਨ ਦੂਰ ਕਰਨ ਦੀ ਜੋ ਗੱਲ ਹੋਈ/ ਉਸ ਵਿਚ ਵਿਤਕਰੇ ਹੋਏ । ਇਹ ਗੱਲਾਂ/ਜੋ ਹੋਈਆਂ ਹਨ, ਬਿਲਕੁਲ ਇਨ੍ਹਾਂ ਵਿਚ ਵਿਤਕਰੇ ਹੋਏ ਹਨ । ਇਹ ਉਸ ਸਮੇਂ ਦੀ ਬੇਅੰਤ ਸਿੰਘ ਸਰਕਾਰ ਨੇ ਕੀਤੇ ਹਨ । ਇਹ ਸਾਰਾ ਕੁਝ ਉਸ ਵੇਲੇ ਹੋਇਆ ਸੀ ਔਰ ਪਬਲਿਕ ਵਿੱਚ ਇਹ ਗੱਲ ਆਈ ਸੀ ਕਿ ਸਰਕਾਰ/ਜ਼ੇਬਾਂ ਭਰ ਰਹੀ ਹੈ ਤੇ ਨੌਕਰੀਆਂ ਦੇ ਰਹੀ ਹੈ । ਇਸ ਦਾ ਫਤਵਾ ਵੀ ਲੋਕਾਂ ਨੇ ਇਨ੍ਹਾਂ ਨੂੰ ਚੋਣਾਂ ਵੇਲੇ ਦੇ ਦਿੱਤਾ ਔਰ ਇਨ੍ਹਾਂ ਦੀ ਪਾਰਟੀ ਦੀ ਸਰਕਾਰ ਹਾਰ ਵੀ ਗਈ ਜਿਸ ਦਾ ਕਈ ਇਮਾਨਦਾਰ ਲੋਕਾਂ/ਨੂੰ ਵੀ ਖਮਿਆਜ਼ਾ ਭੁਗਤਣਾ ਪਿਆ ਜਿਨ੍ਹਾਂ ਦਾ ਇਸ ਵਿੱਚ ਹੱਥ ਨਹੀਂ ਸੀ । ਇਤਨੀ ਭਰਤੀ ਬਗੈਰ ਮਤਲਬ ਤੋਂ ਕੀਤੀ ਔਰ ਇਸ ਤੇ ਹਾਈ ਕੋਰਟ ਨੇ ਵੀ ਇਨ੍ਹਾਂ ਖਿਲਾਫ ਫੈਸਲਾ ਕੀਤਾ । ਇਨਕੁਆਰੀ ਕਮੇਟੀ ਦੀ ਰਿਪੋਰਟ ਵੀ ਐਡਵਰਸ/ਆਈ । 2461 ਟੀਚਰਾਂ ਦੀਆਂ ਪੋਸਟਾਂ ਸਨ ਜਿਸ ਦੇ ਅਗੇਂਸਟ 7735 ਪੋਸਟਾਂ ਭਰ ਦਿੱਤੀਆਂ ਗਈਆਂ ਔਰ ਪੈਸੇ ਦੇ ਕੇ ਸਾਰੇ ਨੌਕਰੀ ਤੇ ਲਗਾਏ ਗਏ । ਇਹ ਮਾਮਲਾ/ਕਾਫ਼ੀ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਰਿਹਾ । ਇਹ ਮਾਮਲਾ/ਹਾਊਸ ਵਿੱਚ 10-15 ਵਾਰੀ ਆਇਆ ਕਿ ਬੜੇ ਗਲਤ ਢੰਗ ਨਾਲ ਟੀਚਰਾਂ ਦੀ ਭਰਤੀ ਬੇਅੰਤ ਸਿੰਘ ਸਰਕਾਰ ਵੇਲੇ ਹੋਈ ਹੈ ਔਰ ਜਿਹੜੀ ਐਡਹਾਕ ਭਰਤੀ ਹੋਈ ਸੀ, ਉਹ ਟੀਚਰ ਮੁਜ਼ਾਹਰੇ ਕਰ ਰਹੇ ਸਨ ਕਿ ਸਾਨੂੰ ਰੈਗੂਲਰਾਈਜ਼ ਕੀਤਾ/ਜਾਵੇ । ਬੇਅੰਤ ਸਿੰਘ ਸਰਕਾਰ ਨੇ ਇਹ ਐਡਹਾਕ ਭਰਤੀ ਬੈਕ ਡੋਰ ਐਂਟਰੀ ਰਾਹੀਂ ਕੀਤੀ ਸੀ । ਟੀਚਰਾਂ ਨੇ ਮੁਜ਼ਾਹਰੇ ਕੀਤੇ ਕਿ ਸਾਨੂੰ ਰੈਗੂਲਰ ਕੀਤਾ ਜਾਵੇ ਤੇ ਬਾਦਲ ਸਾਹਿਬ ਨੇ ਕਿਹਾ ਕਿ ਇਸ ਵਿੱਚ ਇਨ੍ਹਾਂ ਬੱਚਿਆਂ ਦਾ ਕੀ/ਕਸੂਰ ਹੈ । ਜੇ ਹੁਕਮਰਾਨ ਹੀ ਗਲਤ ਸੀ ਤਾਂ

Original with;
Punjab Vidhan Sabha
Digitized by;
Panjab Digital Library

ਬੱਚਿਆਂ ਦਾ ਕੀ ਕਸੂਰ ਹੈ। ਸੁਪਰੀਮ ਕੋਰਟ ਵਿੱਚ ਕੇਸ ਗਿਆ। ਕੋਰਟ ਦੇ ਫੈਸਲੇ ਮੁਤਾਬਕ ਲੈਜਿਸਲੇਸ਼ਨ ਤਿਆਰ ਕੀਤੀ ਗਈ ਪਰ ਉਹ ਵੀ ਨਲ-ਐਂਡ ਵਾਇਡ ਹੋ ਗਈ। ਉਸ ਤੋਂ ਬਾਅਦ/ ਫਿਰ ਕਾਨੂੰਨ ਬਣਾਇਆ ਗਿਆ। ਉਹ ਮੁੱਦਾ ਫਿਰ ਉਠਿਆ ਕਿ ਜਿਹੜੀ ਮਾਸ ਸਕੇਲ ਤੇ ਟੀਚਰਾਂ ਦੀ ਭਰਤੀ ਹੋਈ ਹੈ, ਇਹ/ਬਹੁਤ ਗਲਤ ਹੋਈ ਹੈ। ਜਿਹੜੇ ਬੰਦੇ ਉਸ ਸਮੇਂ ਇਲੀਜੀਬਲ ਵੀ ਨਹੀਂ ਸਨ, ਉਨ੍ਹਾਂ ਦੀ ਭਰਤੀ ਕਿਵੇਂ/ਹੋ ਗਈ। ਇਹ ਕਿਸੇ ਨਾ ਕਿਸੇ ਤਰੀਕੇ ਨਾਲ ਮਦਦ ਕਰਕੇ ਉਨ੍ਹਾਂ ਟੀਚਰਾਂ ਨੂੰ ਭਰਤੀ ਕੀਤਾ ਗਿਆ ਸੀ। ਇਸ ਸਾਰੇ ਮਾਮਲੇ ਦੀ ਇਨਕੁਆਰੀ ਕਰਵਾਉਣ ਦੀ ਮੰਗ ਕੀਤੀ ਗਈ ਔਰ ਇਸ ਤਰ੍ਹਾਂ ਇਹ ਇੱਕ ਪੁਲੀਟੀਕਲ ਮਾਮਲਾ ਬਣ/ਗਿਆ। ਵਿਜੀਲੈਂਸ ਬਿਊਰੋ ਤੋਂ ਵੀ ਇਨ-ਕੁਆਰੀ ਕਰਵਾਈ ਗਈ। ਫਿਰ ਇਨ੍ਹਾਂ ਨੇ ਹਾਊਸ ਦੀ ਕਮੇਟੀ ਬਣਾਈ ਔਰ ਉਸ ਕਮੇਟੀ ਵਿੱਚ ਸਰਦਾਰ ਬੇਅੰਤ ਸਿੰਘ ਦੇ ਪੁੱਤਰ ਵੀ ਮੈਂਬਰ ਸਨ। ਉਹ ਵੀ ਪ੍ਰੋਸੀਡਿੰਗ ਵਿੱਚ ਹਿੱਸਾ ਲੈਂਦੇ ਰਹੇ। ਉਨ੍ਹਾਂ ਦਾ/ ਕੋਈ ਡਿਫੈਂਡਿੰਗ ਨੋਟ ਨਹੀਂ ਸੀ। ਉਹ ਕਮੇਟੀ ਦੀ ਪ੍ਰੋਸੀਡਿੰਗ ਵਿੱਚ ਵੇਖਦੇ ਰਹੇ ਕਿ ਸਰਦਾਰ ਬੇਅੰਤ ਸਿੰਘ ਦੇ ਟਾਈਮ ਕਿੰਨੀ ਘਪਲੇ-ਬਾਜ਼ੀ ਹੋਈ ਹੈ। ਇਸ ਕਮੇਟੀ ਨੇ ਕਾਫੀ ਨਤੀਜੇ ਕੱਢੇ ਕਿ ਲੈਕਚਰਾਰਾਂ ਦੀਆਂ 1025 ਪੋਸਟਾਂ ਵਿੱਚ ਸਿਰਫ/751 ਸਹੀ ਭਰਤੀ ਸੀ ਔਰ 274 ਗਲਤ ਭਰਤੀ ਕੀਤੀ ਗਈ ਸੀ/ ਕਮੇਟੀ ਨੇ ਇਕੱਲੇ ਇਕੱਲੇ ਕੇਸ ਨੂੰ ਐਗਜ਼ਾਮਿਨ ਕੀਤਾ ਔਰ ਉਸ ਤੇ ਆਪਣਾ ਫੈਸਲਾ ਦਿੱਤਾ। ਇਸੇ ਤਰ੍ਹਾਂ ਵੋਕੇਸ਼ਨਲ ਟੀਚਰਾਂ ਵਿੱਚ 390 ਪੋਸਟਾਂ ਸਨ ਔਰ 302/ਸਹੀ ਪਾਈਆਂ ਗਈਆਂ, 88 ਗਲਤ ਪਾਈਆਂ ਗਈਆਂ। ਇਸੇ ਤਰ੍ਹਾਂ ਮਾਸਟਰਾਂ ਦੀਆਂ ਪੋਸਟਾਂ 3100 ਸਨ ਔਰ 2204 ਠੀਕ ਪਾਈਆਂ ਗਈਆਂ, 924 ਗੈਰ ਕਾਨੂੰਨੀ ਢੰਗ ਨਾਲ ਭਰਤੀ ਕੀਤੀਆਂ ਗਈਆਂ ਸਨ। ਇਸੇ ਤਰ੍ਹਾਂ ਪੁਲੀਟੀਕਲ ਸਾਇੰਸ ਵਿੱਚ ਕਿਸੇ ਦਾ ਰਿਕਾਰਡ ਅਵੇਲੇਬਲ/ਨਹੀਂ ਸੀ, ਨਾ ਲਿਸਟ ਅਵੇਲੇਬਲ ਸੀ ਔਰ ਕਈ ਜਗ੍ਹਾ ਤੇ ਲਿਸਟ ਅਵੇਲੇਬਲ ਸੀ ਤੇ ਰਿਕਾਰਡ ਅਵੇਲੇਬਲ ਨਹੀਂ ਸੀ। ਇਸੇ ਤਰ੍ਹਾਂ ਹਿੰਦੀ ਵਿੱਚ ਲਿਸਟਾਂ ਅਵੇਲੇਬਲ ਸੀ ਤੇ ਰਿਕਾਰਡ ਅਵੇਲੇਬਲ ਨਹੀਂ ਸੀ। ਇਸ ਹਾਊਸ ਦੀ ਕਮੇਟੀ ਨੇ/ਬੜੀ ਜੀਅ ਜਾਨ ਨਾਲ, ਤਨਦੇਹੀ ਨਾਲ ਰਿਪੋਰਟ ਤਿਆਰ ਕੀਤੀ। ਇਸ ਦੇ ਖਿਲਾਫ ਇੱਕ ਇੰਡਵਿਜ਼ੂਅਲ ਬੰਦਾ ਕੋਰਟ ਵਿੱਚ ਚਲਾ ਗਿਆ ਜਿਸ ਕਰਕੇ ਇਹ ਕਹਿੰਦੇ ਹਨ ਕਿ ਮੈਟਰ ਕੋਰਟ ਵਿੱਚ ਹੈ। ਜੇਕਰ ਅਫਸਰ ਕਿਸੇ ਦੀ ਫੇਵਰ ਕਰਨੀ/ ਚਾਹੇ ਤਾਂ ਰਿਕਾਰਡ ਅਵੇਲੇਬਲ ਕਰ ਦਿੰਦੇ ਹਨ ਪਰ ਜੇ ਕਿਸੇ ਦੇ ਵਿਰੁੱਧ ਜਾਣਾ ਹੋਵੇ ਤਾਂ ਰਿਕਾਰਡ ਨਹੀਂ ਦਿੰਦੇ। ਇਹ ਮੈਟਰ ਹਾਊਸ ਦੀ ਪ੍ਰਿਵਿਲੇਜ ਵਿੱਚ ਹੈ ਔਰ ਸੁਪਰਮੇਸੀ ਵਿੱਚ ਹੈ। ਇਹ ਕਮੇਟੀ ਜਨਤਾ ਦੀ ਨੁਮਾਇੰਦਗੀ/ਕਰਦੀ ਹੈ ਔਰ ਸਰਕਾਰ ਦੇ ਉਪਰ ਹਾਊਸ ਦਾ ਪੂਰਾ ਕੰਟਰੋਲ ਹੈ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਗੱਲ ਤੁਸੀਂ ਵੀ ਮੰਨੋਗੇ। ਜੇ ਇਸ ਕਮੇਟੀ ਨੇ ਸਮੁੱਚੇ ਰਿਕਾਰਡ ਨੂੰ ਘੋਖਿਆ, ਇਕੱਲਾ ਇਕ ਕੇਸ ਨਹੀਂ ਕਿ ਕੋਰਟ ਵਿਚ ਗਲਤ/ ਗਿਆ ਜਾਂ ਸਹੀ ਗਿਆ, ਸਾਰਿਆਂ ਕੇਸਾਂ ਦੀ ਕੰਪੇਰੇਟਿਵ ਸਟੇਟਮੈਂਟ ਬਣਾਈ ਅਤੇ ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਿਹੜੀ ਇੰਟੈਰਿਮ ਰਿਪੋਰਟ ਆਈ, ਤੁਸੀਂ ਹੈਰਾਨ ਹੋਵੋਗੇ, 33 ਬੰਦਿਆਂ ਦਾ ਅਸੀਂ ਨੰਬਰ ਕਿਹਾ ਸੀ, ਇਕੱਲੇ ਇਕੱਲੇ ਕੇਸ ਬਾਰੇ ਮੈਂ ਇਕ/

Original with;
Punjab Vidhan Sabha
Digitized by;
Panjab Digital Library

[ਸ਼੍ਰੀ ਤਿਕਸ਼ਨ ਸੂਦ]

ਦੇ ਪੁਆਇੰਟਸ ਪੜ੍ਹ ਦਿੰਦਾ ਹਾਂ ਕਿ ਕਿੰਨੀਆਂ ਧਾਂਦਲੀਆਂ ਹੋਈਆਂ.....

**ਮਾਨਯੋਗ ਡਿਪਟੀ ਸਪੀਕਰ** : ਰਿਪੋਰਟ ਨਾ ਪੜ੍ਹੋ । ਸਾਰੇ ਮੈਂਬਰ ਪੜ੍ਹ ਚੁੱਕੇ ਹਨ ।

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ** : ਰਿਪੋਰਟ ਸਾਰੇ ਪੜ੍ਹ ਚੁੱਕੇ ਹਨ ਜੀ । ਇਹ ਦੁਬਾਰਾ ਪੜ੍ਹਨ ਨਾਲ ਹਾਊਸ ਦਾ ਸਮਾਂ ਖਰਾਬ ਹੁੰਦਾ ਹੈ ।

**ਸ਼੍ਰੀ ਤਿਕਸ਼ਨ ਸੂਦ** : ਸਰ, ਮੈਂ ਹਾਊਸ ਨੂੰ ਦੱਸਣ ਲਗਾ ਹਾਂ ਕਿ ਇਲਿਜਿਬਿਲਟੀ ਕਿਹੜੀ ਸੀ ਤੇ ਲਿਆ ਕਿਹੜੇ ਨੂੰ ਗਿਆ । ਇਥੇ ਦੇਖੋ, ਪਤਾ ਲਗੇਗਾ ਕਿ ਚੋਣ ਸੂਚੀ ਵਿਚ ਕੱਟ ਮੈਰਿਟ ਹੈ 12.63 ਪਰਸੈਂਟ.........

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਸਾਰੀ ਸੂਚੀ ਸਾਰੇ ਮੈਂਬਰ ਸਾਹਿਬਾਨ ਕੋਲ ਹੈ ।

**ਮਾਨਯੋਗ ਡਿਪਟੀ ਸਪੀਕਰ** : ਮੈਂ ਕਹਿ ਚੁੱਕਾ ਹਾਂ ।

**ਸ਼੍ਰੀ ਤਿਕਸ਼ਨ ਸੂਦ** : ਸਰ, ਮੈਂ ਉਸ ਵਿਚੋਂ ਰੇਫਰੈਂਸ ਤਾਂ ਦੇ ਸਕਦਾ ਹਾਂ । ਮੈਂ ਜਿਹੜੀ 33 ਬੰਦਿਆਂ ਦੀ ਲਿਸਟ ਪੜ੍ਹ ਰਿਹਾ ਹਾਂ, ਇਨ੍ਹਾਂ (ਸਰਕਾਰੀ ਬੈਂਚਾਂ ਵਲ ਇਸ਼ਾਰਾ) ਨੂੰ ਪਤਾ ਨਹੀਂ ਕਿਉਂ ਮੁਸ਼ਕਲ ਮਹਿਸੂਸ ਹੋ ਰਹੀ ਹੈ । ਗੱਲ ਇਹ ਹੈ ਕਿ ਜਿਹੜੀ ਇਲਿਜਿਬਿਲਟੀ ਨਿਸ਼ਚਿਤ ਕੀਤੀ ਗਈ ਸੀ, ਜਿਹੜੀ ਕੱਟ ਮੈਰਿਟ ਸੀ, ਉਸ ਤੋਂ ਥੱਲੇ ਦੇ ਬੰਦੇ ਭਰਤੀ ਕੀਤੇ ਹੋਏ ਹਨ ਅਤੇ ਉਸ ਤੋਂ ਉਪਰਲੇ ਉਮੀਦਵਾਰ ਛੱਡੇ ਹੋਏ ਹਨ । ਹੁਣ ਸਰਕਾਰ ਕਿਉਂ ਉਨ੍ਹਾਂ ਨੂੰ ਪ੍ਰੋਟੈਕਟ ਕਰਨਾ ਚਾਹੁੰਦੀ ਹੈ ? ਸਮੁੱਚੇ ਤੌਰ ਤੇ ਸਾਡੀ ਸਰਕਾਰ ਨੇ ਕਾਨੂੰਨ ਬਣਾ ਦਿੱਤਾ ਤੇ ਜਿੰਨੀਆਂ ਵਕੈਂਸੀਆਂ ਸਨ, ਉਂਨੇ ਰਖ ਲਏ ਸਨ । ਜਿਹੜੇ ਗਲਤ ਬੰਦੇ ਹਨ, ਉਨ੍ਹਾਂ ਨੂੰ ਹੁਣ ਇਹ ਕਿਉਂ ਪ੍ਰੋਟੈਕਟ ਕਰਦੇ ਹਨ ? ਇਹ ਹਾਊਸ ਦੀ ਕਮੇਟੀ ਦੀ ਰਿਪੋਰਟ ਹੈ । ਬਾਕੀ ਕੋਰਟ ਦਾ ਫੈਸਲਾ ਅਨਡੂ ਕਰਨ ਲਈ ਲੈਜਿਸਲੇਸ਼ਨ ਅਸੀਂ ਲਿਆ ਸਕਦੇ ਹਾਂ । ਕੋਰਟ ਵਿਚ ਕੋਈ ਅੜਚਨ ਨਾ ਆਵੇ, ਇਸ ਗੱਲ ਨੂੰ ਰਿਵਿਊ ਕਰਾ ਲਓ । ਬਾਕੀ ਇਹ ਰਿਪੋਰਟ ਇੰਪਲੀਮੈਂਟ ਹੋਣੀ ਚਾਹੀਦੀ ਹੈ, ਨਹੀਂ ਤਾਂ ਮੈਂ ਸਮਝਾਂਗਾ ਕਿ ਇਨ੍ਹਾਂ ਦੀ ਕੁਰੱਪਸ਼ਨ ਦੇ ਅਗੇਂਸਟ ਜਿਹੜੀ ਡ੍ਰਾਈਵ ਹੈ, ਉਹ ਕੁਝ ਨਹੀਂ । ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਰਿਪੋਰਟ ਹੂਬਹੂ ਇੰਪਲੀਮੈਂਟ ਹੋਵੇ ।

**ਸਰਦਾਰ ਸੁੱਚਾ ਸਿੰਘ ਛੋਟੇਪੁਰ (ਧਾਰੀਵਾਲ)** : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ । ਕਿਸ ਸਰਕਾਰ ਨੇ ਕੀ ਕੀਤਾ, ਇਹ ਸਾਰੇ ਪੰਜਾਬ ਦੇ ਲੋਕਾਂ ਨੂੰ ਸਮੇਂ ਸਮੇਂ ਤੇ ਪਤਾ ਲਗਦਾ ਰਹਿੰਦਾ ਹੈ । ਜਿਸ ਸਰਕਾਰ ਨੇ ਮਾੜਾ ਕੰਮ ਕੀਤਾ ਹੈ, ਪੰਜਾਬ ਦੇ ਲੋਕ ਬੜੇ ਸੂਝਵਾਨ ਹਨ, ਉਨ੍ਹਾਂ ਉਸੇ ਵੇਲੇ ਉਸਨੂੰ ਯੋਗ ਸਜ਼ਾ ਦਿੱਤੀ ਹੈ । ਇਥੇ ਆਪਣੀ ਆਪਣੀ ਗੱਲ ਦੋਹਾਂ ਸਰਕਾਰਾਂ ਵੇਲੇ ਦੀ ਕੀਤੀ ਗਈ ਹੈ । ਟੀਚਰਾਂ ਦੀ ਭਰਤੀ ਵਿਚ ਧਾਂਦਲੀਆਂ ਦੀ ਗੱਲ ਦਾ ਜ਼ਿਕਰ ਆਇਆ ਹੈ । ਇਹ ਕੁਦਰਤੀ ਗੱਲ ਹੈ,

Original with;
Punjab Vidhan Sabha
Panjab Digital Library

ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਦੋਂ ਵੀ ਕਿਸੇ ਕੋਲ ਤਾਕਤ ਆਉਂਦੀ ਹੈ, ਉਸਦੀ ਦੁਰਵਰਤੋਂ ਹੁੰਦੀ ਹੈ । ~~ਮਹਾਰਾਜ ਨੇ ਬਾਣੀ ਵਿਚ ਕਿਹਾ ਹੈ~~ :

~~ਜਿਸ ਹਥ ਜੋਰ ਕਰ ਵੇਖੈ~~ ਸੋਇ,
~~ਨਾਨਕ ਉੱਤਮ ਨੀਚ ਨਾ ਕੋਇ~~ ।

ਜਿਸਨੂੰ ਵੀ ਮੌਕਾ ਮਿਲਿਆ ਹੈ, ਕਿਸੇ ਨੇ ਘੱਟ ਨਹੀਂ ਕੀਤੀ । ਮੈਂ ਨਾ ਕਿਸੇ ਦੇ ਹੱਕ ਵਿਚ ਅਤੇ ਨਾ ਕਿਸੇ ਦੇ ਵਿਰੋਧ ਵਿਚ ਕੁਝ ਕਹਿਣਾ ਚਾਹੁੰਦਾ ਹਾਂ । ਸਾਰੇ ਪੰਜਾਬ ਦੇ ਲੋਕਾਂ ਨੂੰ ਪਤਾ ਹੈ । ਮੇਰੀ ਇਕੋ ਹੀ, ਮਾਨਯੋਗ ਡਿਪਟੀ ਸਪੀਕਰ ਸਾਹਿਬ, ਬੇਨਤੀ ਹੈ ਕਿ ਇਸ ਪਵਿੱਤਰ ਸਦਨ ਦੀ ਮਰਿਆਦਾ ਨੂੰ ਕਾਇਮ ਰਖਣਾ ਚਾਹੀਦਾ ਹੈ । ਇਹ ਪਵਿੱਤਰ ਹਾਊਸ ਹੈ । ਜੋ ਕੁਝ ਅਸੀਂ ਇਥੇ ਬੋਲਦੇ ਹਾਂ, ਜੋ ਕੁਝ ਕਰਦੇ ਹਾਂ, ਉਸਦਾ ਸਾਰੇ ਪੰਜਾਬ ਤੇ ਅਸਰ ਹੁੰਦਾ ਹੈ । ਸਾਰੇ ਪੰਜਾਬ ਦੇ ਲੋਕ ਇਸ ਨੂੰ ਬੜੇ ਗੌਰ ਨਾਲ ਦੇਖਦੇ ਹਨ । ਜੋ ਕੋਈ ਹਾਊਸ ਦੀ ਕਮੇਟੀ ਬਣੀ ਹੈ, ਕੁਝ ਮੈਂਬਰ ਇਸ ਪਾਸੇ ਦੇ ਉਸ ਵਿਚ ਸਨ ਤੇ ਕੁਝ ਉਸ ਪਾਸੇ ਦੇ ਉਸ ਕਮੇਟੀ ਵਿਚ ਸਨ । ਮੇਰੀ ਇਕੋ ਹੀ ਬੇਨਤੀ ਹੈ ਕਿ ਉਸ ਕਮੇਟੀ ਦੀ ਜਿਹੜੀ ਰਿਪੋਰਟ ਹੈ, ਇਸ ਚੇਅਰ ਤੇ ਬੈਠ ਕੇ ਪਹਿਲੇ ਮਾਨਯੋਗ ਸਪੀਕਰ, ਮਾਨਯੋਗ ਡਿਪਟੀ ਸਪੀਕਰ ਨੇ ਸਾਰੇ ਹਾਊਸ ਦੀ ਮਨਜ਼ੂਰੀ ਨਾਲ ਉਹ ਸਾਂਝੀ ਕਮੇਟੀ ਬਣਾਈ ਸੀ, ਉਸ ਕਮੇਟੀ ਦੀ ਰਿਪੋਰਟ ਜ਼ਰੂਰ ਛਾਇਆ ਹੋਣੀ ਚਾਹੀਦੀ ਹੈ । ਇਸ ਨਾਲ ਇਸ ਹਾਊਸ ਦੇ ਮਾਣ ਸਤਿਕਾਰ ਵਿਚ ਵਾਧਾ ਹੋਵੇਗਾ । ਬਾਹਰ ਤਾਂ ਅਸੀਂ ਬਹੁਤ ਕੁਝ ਬੋਲ ਜਾਂਦੇ ਹਾਂ । ਅਸੀਂ ਵਜ਼ੀਰ ਅਤੇ ਐਮ.ਐਲ.ਏ. ਬਾਹਰ ਜਾ ਕੇ ਕਈ ਵਾਰ ਗਲਤ ਗੱਲਾਂ ਵੀ ਕਰ ਜਾਂਦੇ ਹਾਂ ਪਰ ਜਦੋਂ ਅਸੀਂ ਜਾਇੰਟਲੀ ਇਸ ਹਾਊਸ ਵਿਚ ਆਉਂਦੇ ਹਾਂ ਤਾਂ ਇਸ ਹਾਊਸ ਦੀ ਮਰਿਆਦਾ ਨੂੰ ਕਾਇਮ ਰੱਖਣਾ ਸਾਡੇ ਵਾਸਤੇ ਬਹੁਤ ਜ਼ਰੂਰੀ ਹੋ ਜਾਂਦਾ ਹੈ । ਜਿਹੜੀ ਵੀ ਰਿਪੋਰਟ ਉਸ ਕਮੇਟੀ ਦੀ ਹੈ, ਉਹ ਜ਼ਰੂਰ ਛਾਇਆ ਹੋਣੀ ਚਾਹੀਦੀ ਹੈ । ਬਹੁਤ ਕੁਝ ਮੈਂ ਸੁਣਿਆ ਹੈ ਕਿ ਰਿਕਰੂਟਮੈਂਟ ਵਿਚ ਧਾਂਦਲੀਆਂ ਹੋਈਆਂ ਹਨ । ਐਡਵਰਟਾਈਜ਼ ਕੁਝ ਕੀਤਾ ਗਿਆ ਅਤੇ ਇੰਪਲੀਮੈਂਟ ਕੁਝ ਹੋਰ ਹੋਇਆ । ਜੇ ਇਸ ਪਾਸਿਓਂ ਕੁਝ ਗਲਤੀਆਂ ਹੋਈਆਂ ਸਨ ਤਾਂ ਇਨ੍ਹਾਂ ਦੂਜੇ ਵੀਰਾਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਸੀ ਕਿ ਉਨ੍ਹਾਂ ਗਲਤੀਆਂ ਦੀ ਦਰੁੱਸਤੀ ਕੀਤੀ ਜਾਵੇ । ਮੈਨੂੰ ਯਾਦ ਹੈ ਕਿ 1997 ਵਿਚ ਈ.ਟੀ.ਟੀ. ਦੇ ਪੇਪਰ ਹੋਏ ਸਨ । ਗੁਰਦਾਸਪੁਰ ਜਿਹੜਾ ਸੈਂਟਰ ਬਣਿਆ ਸੀ, ਉਸ ਵਿਚ ਬੜੇ ਕਾਬਲ ਬੱਚੇ ਅਪੀਅਰ ਹੋਏ ਸਨ ਅਤੇ ਉਨ੍ਹਾਂ ਨੂੰ ਆਸ ਸੀ ਕਿ ਉਹ ਚੰਗੇ ਨੰਬਰ ਲੈ ਜਾਣਗੇ ਅਤੇ ਉਨ੍ਹਾਂ ਨੂੰ ਈ.ਟੀ.ਟੀ. ਵਿਚ ਐਡਮਿਸ਼ਨ ਮਿਲ ਜਾਵੇਗੀ ਲੇਕਿਨ ਜਿੰਨੀਆਂ ਗੈਰ-ਕਾਨੂੰਨੀ ਗੱਲਾਂ ਉਥੇ ਹੋਈਆਂ, ਉਹ ਮੈਂ ਕਦੀ ਪੰਜਾਬ ਦੀ ਹਿਸਟਰੀ ਵਿਚ ਨਹੀਂ ਵੇਖੀਆਂ । ਪੇਪਰ ਬਾਹਰ ਆ ਗਏ । ਪੁਲਿਸ ਉਨ੍ਹਾਂ ਲੋਕਾਂ ਨੂੰ ਐਸਕਾਰਟ ਕਰ ਰਹੀ ਸੀ । ਸੈਂਟਰ ਗੁਰਦਾਸਪੁਰ ਸੀ ਲੇਕਿਨ ਪਠਾਨਕੋਟ ਕਿਸੇ ਦੀ ਕੋਠੀ ਵਿਚ ਸਾਰੇ ਬੰਡਲ ਖੋਲ੍ਹੇ ਗਏ ਅਤੇ ਉਥੇ ਪੇਪਰ ਕਰਵਾਏ ਗਏ । ਉਥੋਂ ਦਾ ਡੀ.ਐਸ.ਪੀ. ਜਿਹੜਾ 9-10 ਸਾਲ ਉਥੇ ਲੱਗਾ ਰਿਹਾ ਸੀ, ਬੜੇ ਆਰਾਮ ਨਾਲ ਆਪਣੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਰਿਸ਼ਤੇਦਾਰਾਂ ਦੀ ਫੇਵਰ ਕਰ ਰਿਹਾ ਸੀ । ਸਾਰੀਆਂ ਅੰਸਰ ਸ਼ੀਟਾ ਬਦਲੀਆਂ ਗਈਆਂ । ਕੋਈ ਗਰੀਬ ਹਮਾਤੜ ਪੇਪਰ ਜਮ੍ਹਾਂ ਕਰਾਉਣ ਵਾਸਤੇ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਆਇਆ ਤਾ ਉਥੇ ਆ ਕੇ ਸਾਰਾ ਪਾਜ ਖੁਲ੍ਹਿਆ ।

ਮਾਨਯੋਗ ਡਿਪਟੀ ਸਪੀਕਰ : ਹੁਣ ਵਾਈਂਡ ਅਪ ਕਰੋ ।

ਸਰਦਾਰ ਸੁੱਚਾ ਸਿੰਘ ਛੋਟੇਪੁਰ : ਕੀ ਇਹ ਵਧੀਕੀਆ ਕੁਰੱਪਸ਼ਨ ਦੀ ਗੱਲ ਨਹੀਂ ਹਨ । ਕੁਰੱਪਸ਼ਨ ਤਾਂ ਹਰ ਸਮੇਂ ਵਿਚ ਵਧੀ ਹੈ, ਘਟੀ ਨਹੀਂ ਹੈ । ਮੈਂ ਮੁਬਾਰਕਬਾਦ ਦਿੰਦਾ ਹਾਂ ਅੱਜ ਦੇ ਮੁੱਖ ਮੰਤਰੀ ਜੀ ਨੂੰ ਜਿਨ੍ਹਾਂ ਨੇ ਇਸ ਕੁਰੱਪਸ਼ਨ ਨੂੰ ਡੱਕਣ ਦੀ ਕੋਸ਼ਿਸ਼ ਕੀਤੀ ਹੈ । (ਵਿਘਨ) ਜੇ ਆਪਣੇ ਤੋਂ ਪਹਿਲਾਂ ਦੀਆਂ ਗਲਤੀਆਂ ਇਨ੍ਹਾਂ ਵੀਰਾਂ (ਅਕਾਲੀ ਪਾਰਟੀ ਵੱਲ ਇਸ਼ਾਰਾ) ਨੇ ਡੱਕਣ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਅੱਜ ਨੌਬਤ ਇਥੋਂ ਤੱਕ ਨਾ ਪਹੁੰਚਦੀ । ਨਾ ਕੁੜੱਤਣ ਵਧਦੀ, ਨਾ ਕੇਸ ਰਜਿਸਟਰ ਹੁੰਦੇ ਅਤੇ ਨਾ ਜੇਲ੍ਹ ਅੰਦਰ ਜਾਣ ਦੀ ਨੌਬਤ ਆਉਂਦੀ । ਇਕ ਚੰਗੀ ਸ਼ੁਰੂਆਤ ਹੁਣ ਹੋਈ ਹੈ । ਮੈਂ ਬਹੁਤ ਲੰਮੇ ਸਮੇਂ ਤੋਂ ਵੇਖਦਾ ਆਇਆ ਹਾਂ ਕਿ ਸ਼ਾਇਦ ਹੁਣ ਵਾਲੀ ਸਰਕਾਰ ਪਿਛਲੀ ਸਰਕਾਰ ਨਾਲੋਂ ਚੰਗੀ ਹੋਵੇਗੀ ਪਰ ਪਤਾ ਲਗਦਾ ਹੈ ਕਿ ਉਹ ਸਰਕਾਰ ਪਿਛਲੀ ਸਰਕਾਰ ਨਾਲੋਂ ਵੀ ਅੱਗੇ ਲੰਘ ਗਈ ਹੈ । ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਕੁਰੱਪਸ਼ਨ ਬੰਦ ਹੋਣੀ ਚਾਹੀਦੀ ਹੈ । ਜੋ ਪਹਿਲਾਂ ਹਾਊਸ ਦੀ ਕੋਈ ਕਮੇਟੀ ਬਣੀ ਸੀ ਤਾਂ ਉਸ ਦਾ ਸਤਿਕਾਰ ਹੋਣਾ ਚਾਹੀਦਾ ਹੈ । ਇਸੇ ਤਰ੍ਹਾਂ ਜੇ ਅਗਾਂਹ ਨੂੰ ਵੀ ਕੋਈ ਕਮੇਟੀ ਬਣੇ ਤਾਂ ਉਸ ਦੀ ਰਿਪੋਰਟ ਤੇ ਵੀ ਅਮਲ ਹੋਣਾ ਚਾਹੀਦਾ ਹੈ । ਇਸ ਤਰੀਕੇ ਨਾਲ ਹੀ ਕੁਰੱਪਸ਼ਨ ਨੂੰ ਠੱਲ੍ਹ ਪਵੇਗੀ । ਧੰਨਵਾਦ ।

ਸਰਦਾਰ ਤੋਤਾ ਸਿੰਘ : ** ** **

MR. DEPUTY SPEAKER : This is no Point of Order.

ਸਕੂਲ ਸਿੱਖਿਆ ਮੰਤਰੀ (ਸ਼੍ਰੀ ਖੁਸ਼ਹਾਲ ਬਹਿਲ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਬਹੁਤ ਧੰਨਵਾਦੀ ਹਾਂ ਕਿ ਇਹ ਜਿਹੜੀ ਸਟੇਟਮੈਂਟ ਹੈ ਇਨ੍ਹਾਂ ਉਤੇ ਜਿਹੜੀ ਡਿਸਕਸ਼ਨ ਹੋਈ ਹੈ ਇਸ ਤੇ ਇਕ ਅਜ਼ੀਜ਼ ਨੇ ਔਰ ਬਾਕੀ ਸਾਥੀਆਂ ਨੇ ਜਿਹੜੀ ਡਿਸਕਸ਼ਨ ਕੀਤੀ ਹੈ ਜਿਹੜੇ ਬਣਦੇ ਇਸ਼ੂ ਹਨ ਉਹ, ਮਾਨਯੋਗ ਡਿਪਟੀ ਸਪੀਕਰ ਸਾਹਿਬ, ਕੁਝ ਥੋੜ੍ਹੇ ਬਹੁਤ ਮੁਖਤਲਿਫ ਹਨ । ਜੋ ਕੁਝ ਕਿਹਾ ਗਿਆ ਹੈ । ਮੈਂ ਇਨ੍ਹਾਂ ਨੂੰ ਦੁਹਰਾਉਣਾ ਨਹੀਂ ਚਾਹੁੰਦਾ । ਲੇਕਿਨ ਮੈਂ ਬਰੀਫਲੀ ਕੁਝ ਗੱਲਾਂ ਕਹਾਂਗਾ । ਅਸਲ ਵਿਚ, 1992 ਵਿੱਚ ਹਾਲਾਤ ਬਹੁਤੇ ਚੰਗੇ ਨਹੀਂ ਸਨ ਜਿਸ ਵੇਲੇ ਸਰਕਾਰ ਨੇ ਇਥੇ ਰਾਜਭਾਗ ਸੰਭਾਲਿਆ । ਨਤੀਜੇ ਦੇ ਤੌਰ ਤੇ ਇਹ ਵੇਖਦੇ ਹੋਏ ਕਿ ਜਿਹੜੀ ਸਕੂਲ ਟੀਚਿੰਗ ਹੈ ਇਹ ਬਹੁਤ ਸਫ਼ਰ ਕੀਤੀ ਹੈ ਔਰ ਇਕ ਹੋਰ ਸੈਕਟਰ ਜਿਹੜਾ ਅੱਤਵਾਦ ਸੀ ਉਸ ਵਿੱਚ ਟੀਚਰ ਬਹੁਤ ਮਰੇ ਸਨ । ਨਤੀਜੇ ਦੇ ਤੌਰ ਤੇ ਨਾ ਕੋਈ ਸਕੂਲ ਅਤੇ ਨਾ ਕੋਈ ਹੋਰ ਸੇਫ ਸੀ । ਉਸ ਵੇਲੇ ਇਕ ਕਮੇਟੀ

**Expunged as ordered by the Chair.

Original with;
Punjab Vidhan Sabha
Digitized by;

ਬਣੀ ਔਰ ਉਸ ਕਮੇਟੀ ਨੂੰ ਕਿਹਾ ਕਿ ਤੁਸੀਂ ਸਿਲੈਕਸ਼ਨਜ਼ ਕਰੋ । ਇਹ ਗੱਲ ਠੀਕ ਹੈ ਕਿ ਟੀਚਰਾਂ ਦੀਆਂ 2461 ਪੋਸਟਾਂ ਸਨ ਉਨ੍ਹਾਂ ਪੋਸਟਾਂ ਨੂੰ ਐਡਵਰਟਾਈਜ਼ ਕੀਤਾ ਗਿਆ । ਇਹ ਵੀ ਠੀਕ ਹੈ ਕਿ 7737 ਟੀਚਰਜ਼ ਇਨ੍ਹਾਂ ਪੋਸਟਾਂ ਦੇ ਖਿਲਾਫ ਭਰਤੀ ਕੀਤੇ ਪਰ ਜਿਸ ਵੇਲੇ ਇਹ ਸਾਰੇ ਭਰਤੀ ਹੋ ਗਏ ਤਾਂ ਇਸਦੇ ਖਿਲਾਫ ਮੁਖਤਲਿਫ ਪਟੀਸ਼ਨਾਂ ਫਾਈਲ ਹੋਈਆਂ । ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦੇ ਵਿੱਚ ਵੀ ਹੋਈਆਂ ਔਰ ਲੇਟਰ ਆਨ ਸੁਪਰੀਮ ਕੋਰਟ ਵਿੱਚ ਵੀ ਹੋਈਆਂ । ਉਸਦਾ ਜ਼ਿਕਰ ਵੀ ਇਥੇ ਕੀਤਾ ਗਿਆ ਹੈ ਉਸਦੇ ਵਿੱਚ ਇਹ ਗੱਲ ਨਹੀਂ ਕਹੀ ਗਈ ਕਿ 28.9.94 ਨੂੰ ਜੋ ਫੈਸਲਾ ਹੋਇਆ ਉਸ ਵਿੱਚ ਦੋ ਗੱਲਾਂ ਅਹਿਮ ਕੀਤੀਆਂ ਗਈਆਂ । ਪਹਿਲੀ ਇਹ ਸੀ ਕਿ ਜਿਸ ਵੇਲੇ ਸਿਲੈਕਸ਼ਨ ਜਿਸ ਪ੍ਰਣਾਲੀ ਦੇ ਨਾਲ ਹੋਈ ਹੈ, ਉਹ ਠੀਕ ਹੈ, ਰਾਈਟ ਹੈ ਔਰ ਦੂਜੀ ਗੱਲ ਇਹ ਸੀ ਕਿ ਜਿਹੜਾ ਕਰਾਈਟੀਰੀਆ ਫਿਕਸ ਕੀਤਾ ਗਿਆ ਸੀ ਉਹ ਆਰਬਿਟਰੇਰੀ ਨਹੀਂ ਸੀ । ਇਸ ਕਰਕੇ ਉਨ੍ਹਾਂ ਨੇ ਜਿਹੜਾ ਸਿਲੈਕਸ਼ਨ ਦਾ ਮੈਥਡ ਸੀ ਉਸਨੂੰ ਅਪਹੋਲਡ ਕੀਤਾ । ਉਸ ਤੋਂ ਬਾਅਦ ਜਿਹੜੀਆਂ 2461 ਪੋਸਟਾਂ ਸਨ ਉਨ੍ਹਾਂ ਨੂੰ ਐਡਵਰਟਾਈਜ਼ਮੈਂਟ ਦੇ ਅਨੁਸਾਰ ਅਪਹੋਲਡ ਕਰ ਲਿਆ ਅਤੇ ਬਾਕੀ ਦੇ ਕੇਸ ਜਿਹੜੇ 5276 ਸਨ । ਉਹ 89 ਦਿਨਾਂ ਦੇ ਆਧਾਰ ਤੇ ਸਰਕਾਰ ਨੇ ਐਡਹਾਕ ਤੇ ਇਹ ਪੋਸਟਾਂ ਤੇ ਰੱਖ ਲਏ ਕਿਉਂਕਿ ਸਰਕਾਰ ਇਹ ਰੱਖ ਸਕਦੀ ਸੀ । ਉਹ ਵੀ ਬਾਅਦ ਵਿਚ ਹਾਈ ਕੋਰਟ ਵਿੱਚ ਚੈਲੰਜ ਹੋਇਆ । ਜਿਸ ਵੇਲੇ 5276 ਕੇਸ ਹੋਏ, ਜਿਹੜੇ 89 ਦਿਨਾਂ ਤੇ ਸਨ ਤਾਂ ਉਨ੍ਹਾਂ ਦੇ ਬਰਖਿਲਾਫ ਐਪੁਆਇੰਟਮੈਂਟਸ ਨੂੰ ਚੈਲੰਜ ਕੀਤਾ ਔਰ ਉਸ ਵੇਲੇ ਹਾਈ ਕੋਰਟ ਨੇ ਇਹ ਸਾਰਾ ਹੀ ਰਿਕਾਰਡ ਮੰਗਵਾਇਆ । ਸਾਰਾ ਰਿਕਾਰਡ ਮੰਗਵਾ ਕੇ ਦੋਨਾਂ ਪਾਰਟੀਆਂ ਦੇ ਵਕੀਲ ਅਤੇ ਸਬੰਧਤ ਅਫਸਰ ਸਾਰੇ ਉਥੇ ਇਕੱਠੇ ਹੋਏ ਔਰ ਇਕੱਠੇ ਹੋ ਕੇ ਮੌਕੇ ਤੇ ਬਹੁਤ ਵੱਡਾ ਵੋਲੀਉਮਨਸ ਰਿਕਾਰਡ ਜਿਹੜਾ ਸੀ ਉਨ੍ਹਾਂ ਨੇ ਇਕ ਇਕ ਚੀਜ਼ ਦੇਖੀ ਔਰ ਦੇਖਣ ਤੋਂ ਬਾਅਦ ਇਕ ਗੱਲ ਫਿਰ ਕਹੀ ਕਿ ਰਿਸਪਾਂਡੈਂਟ ਨੇ ਆਰਬਿਟਰੇਰਲੀ ਕੋਈ ਐਪੁਆਇੰਟਮੈਂਟ ਨਹੀਂ ਕੀਤੀ ਔਰ ਜਿਸ ਢੰਗ ਨਾਲ ਇਹ ਕੰਮ ਕੀਤਾ ਗਿਆ ਉਸ ਵਿੱਚ ਕੋਈ ਵਿਤਕਰਾ ਨਹੀਂ, ਕੋਈ ਡਿਸਕ੍ਰਿਮੀਨੇਸ਼ਨ ਨਹੀਂ ਔਰ ਕੋਈ ਫੇਵਰ ਨਹੀਂ ਕੀਤੀ ਗਈ । ਇਹ ਜਿਹੜੀਆਂ ਐਪੁਆਇੰਟਮੈਂਟਸ ਸਨ ਭਾਵੇਂ 2461 ਸਨ ਜਾਂ ਐਡਹਾਕ ਵਾਲੀਆਂ ਸਨ ਔਰ ਇਹਦੇ ਬਰਖਿਲਾਫ ਲੋਕ ਸੁਪਰੀਮ ਕੋਰਟ ਵਿੱਚ ਵੀ ਗਏ, ਸੁਪਰੀਮ ਕੋਰਟ ਨੇ ਉਨ੍ਹਾਂ ਦੀਆਂ ਅਪੀਲਾਂ ਡਿਸਮਿਸ ਕਰ ਦਿੱਤੀਆਂ । ਮੇਰਾ ਕਹਿਣ ਦਾ ਭਾਵ ਇਹ ਹੈ ਕਿ ਪਹਿਲਾਂ ਐਲੀਗੇਸ਼ਨ ਕਿ ਇਹ ਪੋਸਟਾਂ, ਐਡਹਾਕ ਤੇ ਜਿਹੜੇ 89 ਦਿਨਾਂ ਤੇ ਸਨ ਉਹ ਅਬੋਲਿਸ਼ ਕੀਤੀਆਂ ਔਰ ਉਨ੍ਹਾਂ ਨੇ ਕਿਹਾ ਕਿ ਤੁਸੀਂ ਨੌਕਰੀ ਤੋਂ ਹਟਾ ਦਿਓ ਜਿਸ ਤੇ ਐਜੀਟੇਸ਼ਨਾਂ ਹੋਈਆਂ ਔਰ ਰੌਲਾ ਪਿਆ ਫਿਰ ਇਨ੍ਹਾਂ ਨੇ ਆਰਡੀਨੈਂਸ ਨਾਲ ਜੋ ਵੀ ਕੀਤਾ ਉਹ ਵੀ ਚੈਲੰਜ ਹੋਇਆ । ਸਵਾਲ ਇਹ ਹੈ ਕਿ ਉਸ ਵੇਲੇ ਇਕ ਕਮੇਟੀ ਬਣੀ । ਆਨਰੇਬਲ ਸਪੀਕਰ ਸਾਹਿਬ ਨੇ ਇਕ ਕਮੇਟੀ ਬਣਾ ਦਿੱਤੀ । ਉਸ ਕਮੇਟੀ ਦੀਆਂ ਮੀਟਿੰਗਾਂ ਹੋਈਆਂ । 1488 ਪੋਸਟਾਂ ਬਾਰੇ ਇਨ੍ਹਾਂ ਨੇ ਕਿਹਾ ਕਿ ਇਹ ਪੋਸਟਾਂ ਦਿੱਤੀਆਂ ਜਾਣ ਔਰ ਇਹਦੇ ਵਿੱਚ ਬੰਦੇ ਹਟਾ ਕੇ ਇਹ 1488 ਲਾਏ ਜਾਣ । ਸਵਾਲ ਇਹ ਹੈ ਕਿ ਇਹ ਜਿਹੜਾ ਮਾਮਲਾ ਸੀ ਜਿਸ ਵੇਲੇ ਇਹ ਕਮੇਟੀ ਸਾਹਮਣੇ

Original with;
Punjab Vidhan Sabha
Digitized by;

[ਸਕੂਲ ਸਿੱਖਿਆ ਮੰਤਰੀ]

ਆਇਆ ਤਾਂ ਉਸ ਵੇਲੇ ਜਿਹੜੀ ਸਰਕਾਰ ਸੀ, ਉਨ੍ਹਾਂ ਨੇ ਸਾਨੂੰ ਰੈਫਰ ਕੀਤਾ। ਇਹ ਜਿਹੜਾ ਮਾਮਲਾ ਉਸ ਵੇਲੇ ਕਮੇਟੀ ਕੋਲ ਪੇਸ਼ ਹੋਇਆ ਸੀ, ਉਸ ਉਤੇ ਪੰਜਾਬ ਸਰਕਾਰ ਨੇ ਕਾਨੂੰਨੀ ਰਾਏ ਵਾਸਤੇ ਰੈਫਰ ਕੀਤਾ ਕਿ ਕਾਨੂੰਨ ਕੀ ਕਹਿੰਦਾ ਹੈ। ਕਾਨੂੰਨੀ ਓਪੀਨੀਅਨ ਵੀ ਇਹੋ ਸੀ ਕਿ ਜਿਹੜਾ ਕੋਰਟ ਦਾ ਵਰਡਿਕਟ ਹੈ, ਉਹ ਫਾਈਨਲ ਹੈ ਅਤੇ ਕਰੱਕਸ ਆਫ ਦਾ ਪ੍ਰਾਬਲਮਜ਼ ਹੈ। ਕੋਰਟ ਨੇ ਕਿਹਾ ਹੈ ਕਿ ਸਿਲੈਕਸ਼ਨ ਠੀਕ ਹੋਈ ਹੈ ਅਤੇ ਜਿਹੜਾ ਇਨ੍ਹਾਂ ਨੇ ਕਾਨੂੰਨ ਬਣਾ ਕੇ ਉਨ੍ਹਾਂ ਨੂੰ ਰੈਗੂਲਰ ਕਰ ਲਿਆ ਗਿਆ, ਇਹ ਵੀ ਠੀਕ ਹੈ। ਚੈਲੰਜ ਹੋਣ ਦੇ ਬਾਵਜੂਦ, ਹਾਈ ਕੋਰਟ ਨੇ ਕਿਹਾ ਕਿ, there is a certain finality about it. ਉਸ ਤੋਂ ਬਾਅਦ ਇਕ ਗੱਲ ਹੋਰ ਕਹੀ ਗਈ ਕਿ ਡਿਸੀਜ਼ਨ ਦੋਨਾਂ ਪਾਰਟੀਆਂ ਉਤੇ ਬਾਈਡਿੰਗ ਹੈ ਅਤੇ ਦੋਨੋਂ ਪਾਰਟੀਆਂ ਬਾਊਂਡ ਹਨ। ਉਸ ਤੋਂ ਫਿਰ ਸਰਕਾਰ ਨੇ ਕਾਨੂੰਨੀ ਮਸ਼ੀਰ ਤੋਂ ਓਪੀਨੀਅਨ ਲਿਆ ਅਤੇ ਉਨ੍ਹਾਂ ਨੇ ਵੀ ਪੁਆਇੰਟ ਆਊਟ ਕੀਤਾ ਕਿ ਵਿਧਾਨ ਸਭਾ ਦੀ ਕਮੇਟੀ ਦੀਆਂ ਸਿਫਾਰਸ਼ਾਂ ਹਨ, ਇਸ ਦਾ ਜੁਡੀਸ਼ੀਅਲ ਡਿਸੀਜ਼ਨ ਤੇ ਓਵਰ-ਰਾਈਟ ਅਫੈਕਟ ਨਹੀਂ ਹੈ ਜਿਹੜਾ ਕਿ ਸੈਟਲਡ ਅਫੈਕਟ ਹੈ ਜਿਸ ਬਾਰੇ ਕੋਈ ਦੋ ਰਾਵਾਂ ਨਹੀਂ। ਜਿਹੜੀ ਮੇਨ ਬੇਸਿਕ ਪ੍ਰਾਬਲਮ ਹੈ, ਉਹ ਇਹ ਨਹੀਂ ਹੈ ਕਿ ਜ਼ਰੀਆ ਕੀ ਹੈ, ਉਨ੍ਹਾਂ ਨੇ ਜ਼ਰੀਆ ਠੀਕ ਕਿਹਾ ਹੈ। ਉਨ੍ਹਾਂ ਨੇ ਇਹ ਵੀ ਨਹੀਂ ਕਿਹਾ ਜਿਹੜਾ ਕਮੇਟੀ ਨੇ ਕਿਹਾ ਕਿ ਗਲਤ ਹੈ। ਮੈਂ ਨਹੀਂ ਕਹਿੰਦਾ ਕਿ ਇਨ੍ਹਾਂ ਨੇ ਕਿਸ ਤਰ੍ਹਾਂ ਫੈਸਲਾ ਕੀਤਾ ਹੈ। ਲੇਕਿਨ ਸਵਾਲ ਇਹ ਹੈ ਕਿ ਕੋਰਟ ਵਿਚ ਇਸ ਦਾ ਜੋ ਡਿਸੀਜ਼ਨ ਹੈ, ਉਸ ਨੂੰ ਓਵਰ-ਰਾਈਟ ਕੀਤਾ ਜਾ ਸਕਦਾ ਹੈ ਜਾਂ ਨਹੀਂ। ਉਸ ਵੇਲੇ ਸਰਕਾਰ ਦੀ ਲੀਗਲ ਓਪੀਨੀਅਨ ਸੀ, ਉਸ ਦਾ ਪੋਰਸ਼ਨ ਜੇ ਕਹੋ ਤਾਂ ਮੈਂ ਪੜ੍ਹ ਵੀ ਦਿੰਦਾ ਹਾਂ। ਉਸ ਵਿਚ ਬੜਾ ਸਿੱਧਾ ਜਿਹੜੀ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੀ ਜੱਜਮੈਂਟ ਹੈ, ਇਸ ਨੂੰ ਇਹ ਵਾਇਓਲੇਟ ਨਹੀਂ ਕਰ ਸਕਦੀ। ਇਹ ਜਿਹੜੀ ਵਾਇਲੇਸ਼ਨ ਹੋਏਗੀ, ਤਾਂ ਇਹ ਉਸ ਦੇ ਅਖਤਿਆਰ ਦੀ ਕੰਨਟੈਂਪਟ ਹੋਵੇਗੀ। ਕਨਟੈਂਪਟ ਚਲਣ ਤੋਂ ਬਾਅਦ ਜੇਕਰ ਲਾਅ ਦੀ ਸੁਪਰਮੇਸੀ ਨਹੀਂ ਰੱਖੀ ਜਾਣੀ, ਮੇਜਸਟੀ ਆਫ਼ ਲਾਅ ਨੂੰ ਕਾਇਮ ਨਹੀਂ ਰੱਖਣਾ, ਤਾਂ ਇਹ ਅਖਤਿਆਰ ਕਮੇਟੀ ਨੂੰ ਨਹੀਂ ਹੈ। ਇਸ ਕਰਕੇ ਇਸ ਚੀਜ਼ ਨੂੰ ਸੋਚ ਸੋਚ ਕੇ, ਮਾਨਯੋਗ ਡਿਪਟੀ ਸਪੀਕਰ ਸਾਹਿਬ, ਫੈਸਲਾ ਇਹ ਕੀਤਾ ਹੈ ਕਿ ਜਿਹੜਾ ਕੋਰਟ ਦਾ ਫੈਸਲਾ ਹੈ, ਉਸ ਨੂੰ ਬਿਲਕੁਲ ਆਦਰ-ਮਾਣ ਦਿੱਤਾ ਜਾਵੇ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੰਤਰੀ ਸਾਹਿਬ ਤਾਂ ਬੜੀ ਲੰਮੀ ਚੌੜੀ ਸਟੇਟਮੈਂਟ ਵਿਸਥਾਰ ਨਾਲ ਪੜ੍ਹ ਰਹੇ ਹਨ। ਮੈਂ ਤਾਂ ਸਿਰਫ ਇਕੋ ਪੁਆਇੰਟ ਹੀ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਹਾਊਸ ਦੀ ਕਮੇਟੀ ਬਣੀ ਸੀ, ਕੀ ਉਸ ਦੀ ਰਿਪੋਰਟ ਯੂਨਾਨੀਮਸਲੀ ਸੀ ? ਜੇਕਰ ਯੂਨਾਨੀਮਸਲੀ ਸੀ ਤਾਂ ਕੀ ਸਰਕਾਰ ਇਸ ਨੂੰ ਲਾਗੂ ਕਰਨਾ ਚਾਹੁੰਦੀ ਹੈ ਜਾਂ ਨਹੀਂ। ਇਨ੍ਹਾਂ ਦੋ ਪੁਆਇੰਟਾਂ ਦਾ ਜਵਾਬ ਦਿੱਤਾ ਜਾਵੇ।

**ਸਕੂਲ ਸਿੱਖਿਆ ਮੰਤਰੀ** : ਸਵਾਲ ਇਹ ਹੈ ਕਿ, ਇਸ ਦੇ ਬਿਲਕੁਲ ਐਵੀਡੈਂਟ ਹੈ ਜਿਹੜਾ ਮੈਂ ਤੁਹਾਨੂੰ ਹੁਣ ਪੜ੍ਹ ਕੇ ਸੁਣਾਉਂਦਾ ਹਾਂ। ਗੱਲ ਹੈ ਕਿ ਅਲਟੀਮੇਟਲੀ ਸੁਪਰੀਮ ਕੋਰਟ ਤੋਂ ਉਤੇ ਕੋਈ ਕੋਰਟ ਨਹੀਂ ਹੈ। ਸੁਪਰੀਮ ਕੋਰਟ ਨੇ ਸਾਰੀਆਂ ਕੰਟਨੈਂਸ਼ਨਜ਼ ਨੂੰ ਡਿਸਮਿਸ ਕੀਤਾ ਹੈ। ਸਵਾਲ ਉਨਦਾ ਹੈ ਜਾਂ ਤਾਂ ਇਹ ਕਾਨੂੰਨ ਬਦਲ ਲੈਣ। ਜੇ ਨਹੀਂ ਬਦਲਦੇ ਤਾਂ ਜਿਹੜੀ ਲੀਗਲ ਓਪੀਨੀਅਨ ਹੈ, ਕੀ ਉਸ ਨੂੰ ਕੋਈ ਰਿਸਪੈਕਟ ਦੇਣੀ

Original with;
Punjab Vidhan Sabha
Digitized by;

ਹੈ ਜਾਂ ਨਹੀਂ ? ਮੈਂ ਪੜ੍ਹਨਾ ਚਾਹੁੰਦਾ ਹਾਂ : "Having given our anxious consideration to rival contentions, we have reached the conclusion that the.. ......"

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ।

**ਮਾਨਯੋਗ ਡਿਪਟੀ ਸਪੀਕਰ** : Let the Hon'ble Minister complete first. ਮੇਰਾ ਖਿਆਲ ਹੈ, ਪਹਿਲਾਂ ਮੰਤਰੀ ਸਾਹਿਬ ਨੂੰ ਜਵਾਬ ਦੇ ਲੈਣ ਦਿਉ ।

**ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੰਤਰੀ ਜੀ ਜਵਾਬ ਦੇ ਰਹੇ ਹਨ । ਪਹਿਲਾਂ ਇਹ ਸੁਣ ਲੈਣ । ਫਿਰ ਕਲੈਰੀਫਿਕੇਸ਼ਨ ਲੈ ਲੈਣ । ਅਸੀਂ ਕਦੀ ਇਨ੍ਹਾਂ ਨੂੰ ਡਿਸਟਰਬ ਨਹੀਂ ਕੀਤਾ ।

**ਮਾਨਯੋਗ ਡਿਪਟੀ ਸਪੀਕਰ** : ਬੈਠੋ ਚੌਧਰੀ ਸਾਹਿਬ, ਮੰਤਰੀ ਜੀ ਜਵਾਬ ਦੇ ਰਹੇ ਹਨ ।

**ਸਕੂਲ ਸਿੱਖਿਆ ਮੰਤਰੀ** : ਬੇਸਿਕ ਪੁਆਇੰਟ ਇਹ ਹੈ ਕਿ ਕਮੇਟੀ ਨੇ ਕਿਹਾ ਹੈ ਕਿ ਇਹ ਜਿਹੜੀਆਂ ਪੋਸਟਾਂ ਹਨ । ਬਾਕੀ ਦੀਆਂ 7737 ਬਾਰੇ ਨਹੀਂ ਕਿਹਾ । ਇਹ ਪੋਸਟਾਂ ਉਥੋਂ ਬੰਦਿਆਂ ਨੂੰ ਹਟਾ ਕੇ ਇਨ੍ਹਾਂ ਨੂੰ ਦਿਤੀਆਂ ਜਾਣ । ਜਿਹੜੇ ਲੱਗੇ ਹੋਏ ਹਨ are they go by law or go by any other recommendations. ਕਮੇਟੀ ਦੀ ਬੜੀ ਸੁਪਰੀਮ ਪੁਜ਼ੀਸ਼ਨ ਹੈ । ਇਸ ਵੇਲੇ ਬੇਸਿਕ ਇਸ਼ੂ ਹੈ ਜਿਹੜੇ ਕਮੇਟੀ ਨੇ ਫੈਸਲੇ ਕੀਤੇ ਅਤੇ ਜਿਹੜੇ ਹਾਈ ਕੋਰਟ ਜਾਂ ਸੁਪਰੀਮ ਕੋਰਟ ਨੇ ਕੀਤੇ ਉਨ੍ਹਾਂ ਫੈਸਲਿਆਂ ਵਿਚ ਕਨਫਲਿਕਟ ਹੋਵੇ ਤਾਂ ਕਿਸ ਦੀ ਵਿੱਲ ਚਲਦੀ ਹੈ । ਉਹ ਵਿੱਲ ਉਸ ਵੇਲੇ ਲਾਅ ਦੀ ਚਲਦੀ ਹੈ ਤੁਸੀਂ ਕਾਨੂੰਨੀ ਤੌਰ ਤੇ ਉਦੋਂ ਚੈਲੰਜ ਕਰਦੇ, ਜਾਂ ਕਿਸੇ ਹੋਰ ਨਾਲ ਚਲਦੇ । ਮਾਨਯੋਗ ਡਿਪਟੀ ਸਪੀਕਰ ਸਾਹਿਬ, ਜੇ ਸੁਪਰੀਮ ਕੋਰਟ ਅੱਜ ਅਯੁਧਿਆ ਦੇ ਮੁਤਾਬਿਕ ਕੋਈ ਫੈਸਲਾ ਕਰ ਦਿੰਦਾ ਹੈ ਅਤੇ ਪਾਰਲੀਮੈਂਟ ਕੋਈ ਕਮੇਟੀ ਬਣਾ ਕੇ ਕਹੇ ਕਿ ਅਸੀਂ ਇਹ ਨਹੀਂ ਮੰਨਦੇ ਤਾਂ This is wrong, ਜੋ ਸੁਪਰੀਮ ਕੋਰਟ ਨੇ ਕਿਹਾ ਪਾਰਲੀਮੈਂਟ ਨੂੰ ਮੰਨਣਾ ਪਵੇਗਾ ਇਸ ਲਈ, ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਸ ਇਸ਼ੂ ਤੇ ਕੋਈ ਬਹਿਸ ਦੀ ਜ਼ਰੂਰਤ ਨਹੀਂ ।

**ਸਰਦਾਰ ਤੋਤਾ ਸਿੰਘ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਮਾਨਯੋਗ ਸੁਪਰੀਮ ਕੋਰਟ ਵਿੱਚ ਇਹ ਕੇਸ ਨਹੀਂ ਗਿਆ, ਸਿਰਫ ਉਹ ਗਿਆ ਸੀ ਕਿ ਜਦੋਂ 2461 ਤੋਂ ਉਪਰ ਵਾਲੇ ਤਕਰੀਬਨ 5200 ਟੀਚਰ ਕੱਢ ਦਿਤੇ ਗਏ ਸੀ, ਉਹ ਸੁਪਰੀਮ ਕੋਰਟ ਵਿੱਚ ਗਏ ਸੀ ਕਿ ਸਾਨੂੰ ਬਹਾਲ ਕਰ ਦਿੱਤਾ ਜਾਵੇ ਅਤੇ ਉਹ ਕੋਰਟ ਨੇ ਉਨ੍ਹਾਂ ਦੇ ਖਿਲਾਫ ਫੈਸਲਾ ਕਰ ਦਿੱਤਾ ਸੀ । ਦੂਸਰੇ ਕੰਮ ਲਈ ਤਾਂ ਆਪਾਂ ਸੁਪਰੀਮ ਕੋਰਟ ਵਿੱਚ ਗਏ ਹੀ ਨਹੀਂ ਕਿਉਂ ਆਪਾਂ ਇੱਥੇ ਗਲਤ ਗੱਲ ਕਹਿ ਰਹੇ ਹਾਂ ।

Original with;
Punjab Vidhan Sabha
Digitized by;
Panjab Digital Library

**ਸਕੂਲ ਸਿੱਖਿਆ ਮੰਤਰੀ** : ਜਿਸ ਵੇਲੇ ਸੁਪਰੀਮ ਕੋਰਟ ਨੇ ਹਾਈ ਕੋਰਟ ਦਾ ਜਿਹੜਾ ਫ਼ੈਸਲਾ ਸੀ. ਅਤੇ ਜਿਹੜੀ ਇਨ੍ਹਾਂ ਦੀ ਅਪੀਲ ਸੀ ਐਪੁਇੰਟਮੈਂਟਸ ਦੇ ਖਿਲਾਫ, ਜਿਸ ਵੇਲੇ ਉਹ ਡਿਸਮਿਸ ਕਰ ਦਿਤੀ ਕਿ ਉਨ੍ਹਾਂ ਨੇ ਕਿਹਾ ਕਿ ਅਸੀਂ ਇਸ ਅਪੀਲ ਨੂੰ ਨਹੀਂ ਮੰਨਦੇ ਤਾਂ ਉਸ ਵੇਲੇ ਅਲਟੀਮੇਟਲੀ ਦੋ ਸਿਲੈਕਸ਼ਨ ਸਨ ਅਤੇ ਜਿਸ ਪ੍ਰਣਾਲੀ ਨਾਲ ਹੋਈਆਂ, ਉਸ ਨੂੰ ਉਨ੍ਹਾਂ ਨੇ ਅਪ-ਹੋਲਡ ਕੀਤਾ । ਮੈਂ ਕਹਿੰਦਾ ਹਾਂ ਕਿ ਬਿਲਕੁਲ ਬੇਸਿਕ ਬੁਨਿਆਦੀ ਤੌਰ ਤੇ ਬਾਤ ਸੀ ਅਤੇ ਜਿਹੜਾ ਇਨ੍ਹਾਂ ਨੇ ਬਾਅਦ ਵਿੱਚ ...(ਵਿਘਨ) .. ਇਕ ਮਿੰਟ Let me complete. Please don't interrupt me. I was not interrupting you.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਰ, ਉੱਤਰ ਗਲਤ ਆ ਰਿਹਾ ਹੈ

**ਮਾਨਯੋਗ ਡਿਪਟੀ ਸਪੀਕਰ** : ਭੂੰਦੜ ਸਾਹਿਬ, ਤੁਸੀਂ ਬੈਠੋ ।

**ਸਕੂਲ ਸਿੱਖਿਆ ਮੰਤਰੀ** : ਗੱਲ ਇਹ ਹੈ, ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਵਾਲ ਬੇਸਿਕ ਇਹ ਹੈ ਕਿ ਜੋ ਲਾਅ ਨੇ ਅਪ-ਹੋਲਡ ਕੀਤਾ, ਜੋ ਫੈਸਲੇ ਕਾਨੂੰਨ ਨੇ ਕੀਤੇ ਹਨ, ਉਹ ਲਾਗੂ ਹੋਣੇ ਹਨ ਜਾਂ ਨਹੀਂ ਹੋਣੇ । ਸਵਾਲ ਇਹ ਨਹੀਂ ਹੈ, ਸਵਾਲ ਇਹ ਹੈ ਕਿ ਬੇਸਿਕ ਤੌਰ ਤੇ ਉਨ੍ਹਾਂ ਨੇ ਡਿਸਮਿਸ ਕਰਨ ਲੱਗੇ ਕਿਹਾ ਕਿ ਅਪੀਲ ਅਸੀਂ ਡਿਸਮਿਸ ਕਰਦੇ ਹਾਂ । ਇਸ ਦਾ ਮਤਲਬ ਇਹ ਹੈ ਕਿ ਜੋ ਐਪੁਇੰਟਮੈਂਟਸ ਹੋਈਆਂ ਹਨ ਉਨ੍ਹਾਂ ਨੂੰ ਉਨ੍ਹਾਂ ਨੇ ਅੱਪ-ਹੋਲਡ ਕੀਤਾ ਹੈ ਅਤੇ ਉਸਦੇ ਬਾਅਦ ਇਨ੍ਹਾਂ ਨੇ ਕਾਨੂੰਨ ਬਣਾ ਕੇ ਜਿਹੜੇ ਬਾਕੀ ਸਨ, 89 ਦਿਨਾਂ ਵਾਲੇ ਰੈਗੂਲੇਰਾਈਜ਼ ਕੀਤੇ । ਉਸ ਨੂੰ ਜਿਸ ਵੇਲੇ ਇਨ੍ਹਾਂ ਨੇ ਕੀਤਾ, ਉਹ ਵੀ ਚੈਲਿੰਜ ਹੋਇਆ ਅਤੇ ਉਨ੍ਹਾਂ ਨੇ ਕਿਹਾ ਕਿ ਇਹ ਰੈਗੂਲਰ ਹੈ । ਮਤਲਬ ਇਸ ਵੇਲੇ ਸਵਾਲ ਕਰੱਕਸ ਆਫ ਦਾ ਪ੍ਰਾਬਲਮ ਇਹ ਹੈ ਕਿ ਜਿਹੜਾ ਮੈਜਿਸਟੀ ਆਫ ਦਾ ਲਾਅ ਹੈ, ਉਹ ਪ੍ਰਵੇਲ ਕਰੇਗਾ । ਇਸ ਬਾਰੇ ਉਪੀਨੀਅਨ ਹੈ ਅਤੇ ਜੇ ਤੁਸੀਂ ਕਹੋ ਤਾਂ ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ ਅਤੇ ਇਸ ਓਪੀਨੀਅਨ ਦੇ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ having given our anxious consideration to the rival contentions.

**MR. DEPUTY SPEAKER** : Whose opinion is this ?

**ਸਕੂਲ ਸਿੱਖਿਆ ਮੰਤਰੀ** : ਸਰ, ਮੈਂ ਇਹ ਓਪੀਨੀਅਨ ਉਹ ਦੱਸ ਰਿਹਾ ਹਾਂ ਜਿਹੜਾ ਇਨ੍ਹਾਂ ਨੇ ਆਪਣੇ ਲੀਗਲ ਐਕਸਪਰਟ ਤੋਂ ਲਿਆ ਹੈ । ਬਾਈ ਲਾਅ ਕਿ ਕੀ ਇਹ ਜਿਹੜਾ ਸੈਟਲਡ ਅਫੈਕਟ ਹੈ, ਜਿਹੜਾ ਰਿਕੋਗਨਾਈਜ਼ਡ ਹੈ, ਕੀ ਅਸੀਂ ਇਸ ਨੂੰ ਕਰ ਸਕਦੇ ਹਾਂ ਕਿ ਨਹੀਂ ?

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਕ ਤਾਂ ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਹਾਉਸ ਸੁਪਰੀਮ ਹੈ ਕਿ ਇਕ ਲਾਅ ਅਫਸਰ ਸੁਪਰੀਮ ਹੈ ? ਨੰਬਰ ਦੋ ਹਾਉਸ ਦੀ ਇੱਕ ਯੂਨਾਨੀਮਸਲੀ ਕਮੇਟੀ ਬਣੀ ਅਤੇ ਉਸਦੀ ਯੂਨਾਨੀਮਸਲੀ ਰਿਪੋਰਟ ਆਈ ਹੈ । ਉਸਦਾ ਇਹ ਜ਼ਿਕਰ ਕਿਤੇ ਨਹੀਂ ਕਰ ਰਹੇ ਕਿ ਉਹ ਯੂਨਾਨੀਮਸਲੀ ਰਿਪੋਰਟ ਹੈ, ਉਸ ਤੇ ਅਸੀਂ ਕੀ ਐਕਸ਼ਨ ਲੈ ਰਹੇ ਹਾਂ ? ਸੁਪਰੀਮ ਕੋਰਟ ਦਾ ਇਸਦੇ ਵਿੱਚ ਕੋਈ ਜ਼ਿਕਰ ਆਉਂਦਾ ਹੀ ਨਹੀਂ । ਹਾਈ ਕੋਰਟ ਨੇ ਕੱਢੇ, ਸੁਪਰੀਮ ਕੋਰਟ ਨੇ ਕੱਢੇ, ਕਿਸ ਕੋਰਟ ਨੇ ਕੱਢੇ ? ਸਰਕਾਰ ਦੀ ਇਹ ਗੁੱਡਵਿੱਲ ਸੀ ਕਿ ਬੱਚਿਆਂ ਨੂੰ ਦੁਬਾਰਾ ਰੱਖਣ ਵਾਸਤੇ ਇਸ ਇੰਨਕੁਆਰੀ ਦੇ ਨਾਲ ਲਿੰਕ ਕੀਤੇ ।

Original with;
Punjab Vidhan Sabha
Panjab Digital Library

ਸਾਡਾ ਡਾਇਰੈਕਟ ਕੁਐਸਚਨ ਹੈ ਕਿ ਜੋ ਇਹ ਮਤਾ ਆਇਆ ਹੈ ਕਿ ਕੀ ਕਮੇਟੀ ਦੀ ਰਿਪੋਰਟ ਨਾਲ ਸਹਿਮਤ ਹੋ ਕੇ ਤੁਸੀਂ ਕੋਈ ਐਕਸ਼ਨ ਲੈਣਾ ਚਾਹੁੰਦੇ ਹੋ, ਜੇ ਕਰਨਾ ਹੈ ਤਾਂ ਅਸੀਂ ਸੁਣਾਂਗੇ, ਜੇ ਕੁਰੱਪਸ਼ਨ ਨੂੰ ਸ਼ੀਲਡ ਕਰਨਾ ਹੈ.......... ......

**MR. DEPUTY SPEAKER** : Please address the Chair.

**ਸਕੂਲ ਸਿੱਖਿਆ ਮੰਤਰੀ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਸਾਰਾ ਐਕਸਪਲੇਨ ਕਰ ਦਿੰਦਾ ਹਾਂ। ਸਵਾਲ ਇਹ ਹੈ ਕਿ ਜਿਸ ਵੇਲੇ ਇਹ ਕਮੇਟੀ ਬਣੀ ਹੈ, ਉਨ੍ਹਾਂ ਕਮੇਟੀਆਂ ਨੇ ਰਿਕੁਮੈਂਡੇਸ਼ਨਾਂ ਕੀਤੀਆਂ ਹਨ, ਉਸ ਦੇ ਬਾਅਦ ਇਹ ਹੋਇਆ ਕਿ ਐਕਸ਼ਨ ਲੈਣਾ ਹੈ ਜਾਂ ਨਹੀਂ ਅਤੇ ਉਸ ਵੇਲੇ ਇਨ੍ਹਾਂ ਦੀ ਸਰਕਾਰ ਨੇ ਲੀਗਲ ਓਪੀਨੀਅਨ ਲਿਆ ਅਤੇ ਉਸ ਓਪੀਨੀਅਨ ਵਿੱਚ ਵੀ ਉਨ੍ਹਾਂ ਨੇ ਕਿਹਾ. ਇਹ ਰਿਕਾਰਡ ਮੇਰੇ ਕੋਲ ਹੈ। (ਵਿਘਨ).........

**MR. DEPUTY SPEAKER** : Please don't interrupt. Let him speak ਇਹ ਕੋਈ ਤਰੀਕਾ ਨਹੀਂ।

## WALK OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਦੇ ਸਦਨ ਵਿੱਚ ਹਾਜ਼ਰ ਸਮੂਹ ਮਾਨਯੋਗ ਮੈਂਬਰ ਸਾਹਿਬਾਨ** ** ** ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

**ਮਾਨਯੋਗ ਡਿਪਟੀ ਸਪੀਕਰ** : ਇਹ ਜੋ ਨਾਅਰੇ ਮਾਰੇ ਜਾ ਰਹੇ ਹਨ, ਇਹ ਰਿਕਾਰਡ ਨਾ ਕੀਤੇ ਜਾਣ।

---

## DISCUSSION ON STATEMENT SHOWING THE REASONS FOR NOT IMPLEMENTING THE RECOMMENDATIONS OF THE COMMITTEE OF THE HOUSE TO ENQUIRE INTO THE RECRUITMENT OF TEACHERS MADE BY THE PREVIOUS GOVERNMENT (1992-1997)(*Resumption*)

**ਸਕੂਲ ਸਿੱਖਿਆ ਮੰਤਰੀ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਸੁਣਨਾ ਨਹੀਂ ਚਾਹੁੰਦੇ। ਸਵਾਲ ਇਹ ਹੈ ਕਿ ਇਨ੍ਹਾਂ ਦੀ ਕਮੇਟੀ ਦੀਆਂ ਜਿਹੜੀਆਂ ਐਡਵਾਈਸਿਜ਼ ਹਨ.. ਉਨ੍ਹਾਂ ਨੂੰ ਘੋਖਣ ਲਈ ਅਸੀਂ ਲੀਗਲ ਓਪੀਨੀਅਨ ਲਿਆ ਹੈ। ਲੀਗਲ ਓਪੀਨੀਅਨ ਹਾਈ ਕੋਰਟ ਦੇ ਡਿਸੀਜ਼ਨ ਦੇ ਖਿਲਾਫ ਹੈ ਔਰ ਸੁਪਰੀਮ ਕੋਰਟ ਨੇ ਵੀ ਇਨਡੋਰਸ ਕੀਤਾ ਹੈ। ਇਸ ਕਰਕੇ ਅਸੀਂ ਕੋਰਟ ਦੇ ਖਿਲਾਫ ਨਹੀਂ ਜਾ ਸਕਦੇ।

---

**Not recorded as ordered by the Chair.

Original with;
Punjab Vidhan Sabha
Punjab Digital Library

[ਸਕੂਲ ਸਿੱਖਿਆ ਮੰਤਰੀ]

ਇਸ ਕਰਕੇ ਜਿਹੜਾ ਇਹ 1400 ਪੋਸਟਾਂ ਦਾ ਸਵਾਲ ਹੈ, that had to be dropped. ਮੈਂ ਬਹੁਤਾ ਹੋਰ ਕੁਝ ਨਹੀਂ ਕਹਿੰਦਾ । ਇਹ ਗੱਲਾਂ ਤਾਂ ਬੜੀਆਂ ਕਰਦੇ ਹਨ ਲੇਕਿਨ ਇਨ੍ਹਾਂ ਦੀ ਪਾਰਟੀ ਦੇ ਲੀਡਰ ਨੇ ਕਾਂਸਟੀਚਿਊਸ਼ਨ ਫੂਕਿਆ । ਜਿਹੜੇ ਆਪ ਹੀ ਦੇਸ਼ ਦਾ ਕਾਨੂੰਨ ਨਹੀਂ ਮੰਨਦੇ, ਉਨ੍ਹਾਂ ਨੂੰ ਅਸੀਂ ਕੀ ਕਹਾਂਗੇ । It is not a conflict within the legislature and the judiciary. ਇਹ ਸਾਰੀ ਕਾਂਸਟੀਚਿਊਸ਼ਨ ਦੀ ਕਿਰੀਏਸ਼ਨ ਹੈ । Then the Law has got a supremacy. House is competent to change the law but it cannot violate the law and insure contempt. Therefore, I wish that the contention is absolutely wrong and this resolution has to be dropped.

**Mr. Deputy Speaker** : The House stands adjourned *sine die*.

*2.26 P.M. (The Sabha then *adjourned *sine die*.)

---

ਪੰਜਾਬ ਸਰਕਾਰ ਪ੍ਰੈਸ, ਮੋਹਾਲੀ—4888—10/2003/305 ਕਾਪੀਆਂ

Original with;
Punjab Vidhan Sabha
Digitized by;

Original with;
Punjab Vidhan Sabha
Digitized by;

© 2004

Published under the authority of the Punjab Vidhan Sabha and printed by the Controller, Printing and Stationery, Punjab, at Govt. Press, S.A.S. Nagar.

Original with;
Punjab Vidhan Sabha
Digitized by;

# RESUME

## OF

# Business Transacted

## By The

# Punjab Vidhan Sabha

## During

# The Budget (Fourth) Session, 2003

## With

APPENDICES CONTAINING DAILY BULLETINS

AND

COMMITTEES OF THE VIDHAN SABHA

PUNJAB VIDHAN SABHA SECRETARIAT, CHANDIGARH

AUGUST, 2003

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;

## PREFACE

The following pages contain Resume of Business transacted by the Twelfth Vidhan Sabha during its Budget (Fourth) Session, 2003 held from 14th March, 2003 to 2nd April, 2003 together with the Bulletins issued daily after the adjournment of each sitting of the Sabha.

2. It is hoped that the publication would be found useful by Members and others who may wish to know in detail what work was done each day by the Vidhan Sabha in the above mentioned Session.

3. Any suggestion for further improvement of this publication in future would be very gratefully welcomed.

CHANDIGARH
11th August, 2003

NACHHATTAR SINGH MAVI,
SECRETARY

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## TABLE OF CONTENTS


| Serial No. | Subject | Page(s) |
|---|---|---|
| 1 | 2 | 3 |
| 1. | Summoning, Sittings and Prorogation of the Vidhan Sabha | 1 |
| 2. | Programme Observed | 1 |
| 3. | Panel of Chairmen | 11 |
| 4. | Election of Deputy Speaker | 11 |
| 5. | Governor's Address | 11 |
| 6. | Obituary References | 12 |
| 7. | Financial Business | 13 |
| 8. | Legislation | 17 |
| 9. | Synopsis of bills passed by the Vidhan Sabha | 24 |
| 10. | Resolutions | 27 |
| | I. Official | 27 |
| | II. Non-official | 30 |
| 11. | Papers Laid | 31 |
| 12. | Reports presented/laid | 39 |
| 13. | Questions of Privilege | 44 |
| 14. | Other Motions | 44 |
| 15. | Motion under Rule 77 | 46 |
| 16. | Call Attention Notices under Rule 66 | 47 |
| 17. | Personal Explanation | 52 |
| 18. | Statements by Ministers | 52 |




*Original with;*
Punjab Vidhan Sabha
*Digitized by;*

| Serial No. | Subject | Page(s) |
|---|---|---|
| 1 | 2 | 3 |
| 19. | Comparative Statement of Speeches made and time Taken .. | 53 |
| 20. | Figures Relating to Questions .. | 54 |
| 21. | Questions .. | 55 |
| 22. | Statement showing the number of Starred Questions Answered, Date-wise and Party-wise .. | 56 |
| 23. | Statement showing the number of Starred Questions Deemed to have been Answered under Rule 38, Date-wise and Party-wise. .. | 57 |
| 24. | Statement showing the number of Starred Questions in the names of different Ministers, Date-wise .. | 58-59 |
| 25. | Statement regarding Starred Questions postponed from some of the Questions (at Sr. No. 24) which were included in the List of Postponed Starred Questions .. | 62 |
| 26. | Statement showing the number of Starred Questions postponed, Date-wise and Party-wise .. | 63 |
| 27. | Walk outs .. | 64 |
| 28. | Unparliamentary/Undesirable Expressions .. | 65 |
| 29. | Ruling given by the Speaker .. | 65 |
| | APPENDIX-I | |
| 30. | Bulletins pertaining to Budget (Fourth) Session, 2003 .. | 66 |
| | APPENDIX-II | |
| 31. | Committees .. | 111 |
| 32. | Index .. | (i) |


Original with;
Punjab Vidhan Sabha
Digitized by;
Panjab Digital Library

## 1. SUMMONING, SITTINGS AND PROROGATION OF THE VIDHAN SABHA

The Twelfth Punjab Vidhan Sabha was summoned by an Orderr of the Governor, dated the 26th February, 2003, to meet for its Budget (Fourth) Session in the Punjab Vidhan Sabha Hall, Vidhan Bhavan, Chandigarh, at 2-30 P.M. on the 14th March, 2003 and it continued to meet till the 2nd April, 2003 when it adjourned sine-die. It was later prorogued by Order of the Governor, dated the 29th April, 2003.

During the Session, the Sabha held 12 sittings.

## 2. PROGRAMME OBSERVED

| Date | Programme observed |
|---|---|
| Friday, the 14th March, 2003 (2.30 P.M.) | Governor's Address to the Members of the Punjab Vidhan Sabha. |
| Saturday, the 15th March, 2003 | Holidays |
| Sunday, the 16th March, 2003 | |
| Monday, the 17th March, 2003 (2.00 P.M. to 6.30 P M.) | (i) Obituary references to the deaths of-<br>1. Justice D. V. Sehgal, Lokpal;<br>2. Sardar Harnek Singh Mangewal, Ex-Minister, Punjab;<br>3. Sardar Girdhara Singh, Ex-MLA, Punjab;<br>4. Shrimati Gurdev Kaur Gill, Ex-MLA, Punjab;<br>5. Sardar Sadhu Singh Ghudani, Ex-MLA, Punjab;<br>6 Chaudhary Dasoundi Ram, Ex-MLA, Joint Punjab; |

Original with;
Punjab Vidhan Sabha

| 1 | 2 |
|---|---|
| | 7. Sardar Bagga Singh Kotla, Freedom Fighter;<br>8. Mahasha Lakshami Narayan, Freedom Fighter;<br>9. Sardar Ranjit Singh Gill, Freedom Fighter;<br>10. Sardar Joginder Singh, Freedom Fighter:<br>11. Sardar Dalbara Singh Sodhiwal, Freedom Fighter;<br>12. Doctor Haribhajan Singh, prominent Poet & Litterateur;<br>13. Shri Devinder Sathiarty, Prominent Litterateur; and<br>14. Shrimati Kalpana Chawla, Space Astronaut.<br>(ii) Presentation of Report of the Rules Committee.<br>(iii) Presentation and adoption of the First Report of the Business Advisory Committee.<br>(iv) Discussion on the Motion of Thanks on the Governor's Address. |
| Tuesday, the 18th March, 2003<br>Wednesday, the 19th March, 2003 | Holidays |
| Thursday, the 20th March, 2003 (10.00 A.M. to. 2.00 P.M.) (Morning Sitting) | Non Official Resolution :—<br>"This House recommends to the State Government to take effective steps by imdarting technical education |

Original with;
Punjab Vidhan Sabha
Digitized by;
Punjab Digital Library

| 1 | 2 |
| --- | --- |
| | and giving loans on comparatively lower rates of interest with an aim to generate alternative jobs and avenues in place of Government jobs in order to eradicate unemployment in the State."<br>(Talked out) |
| Thursday, the 20th March, 2003 (3.00 P.M. to 6.38 p.M.) (Afternoon Sitttng) | Resumption of Discussion on the Motion of Thanks on the Governor's Address. |
| Friday, the 21st March, 2003 (10.00 A. M. to 3.55 P.M.) | 1. The Punjab Industrial Estabislh-ment (National and Festival Holidays and Casual and Sick Leave) Amend ment Bill, 2003,<br>(Introduced)<br>2. Presentation of Supplementary Demands for Grants for Expenditure of the Govern-ment of Punjab for the year 2002-2003.<br>3. Presentation of the Report of the Committee on Estimates on the Supplementary Demands for Grants for Expenditure of the Government of Punjab for the year 2002-2003.<br>4. Discussion and voting on the Demands for Supplementary Grants for the year 2002-2003.<br>5. The Punjab Appropriation (No. 1) Bill, 2003.<br>(Passed)<br>6. Resumption of discussion on Governor's Address and voting on Motion of Thanks.<br>(Concluded) |

Original with;
Punjab Vidhan Sabha
Digitized by;

| 1 | 2 |
|---|---|
| Saturday, the 22nd March, 2003. | |
| Sunday, the 23rd March, 2003. | Holidays |
| Monday, the 24th March, 2003 (10.00 A.M. to 11.51 A.M.) | Presentation of Budget Estimates for the year 2003-2004 |
| Tuesday, the 25th March, 2003 (10.00 A.M. to 12.00 Noon) | (i) Presentation of the Second Report of the Rules Committee.<br>(ii) **Resolution** :—<br>"This House recommends to the State Government to take effective steps to check the menace of stray cattle on the roads of various cities of the State leading to many road accidents."<br>(Talked-out) |
| Wednesday, the 26th March, 2003 (10.00 A.M. to 2.30 P.M.) | General Discussion on the Budget Estimates for the year 2003-2004. |
| Thursday, the 27th March, 2003 (10.00 A.M. to 2.30 P.M.) | (i) Election of Deputy Speaker<br>(ii) Presentation and adoption of the Second Report of the Business Advisory Committee.<br>(iii) Resumption of discussion on the Budget Estimates for the year 2003-2004. (Concluded) |

Original with;
Punjab Vidhan Sabha
Digitized by;
Panjab Digital Library

| 1 | 2 |
|---|---|
| Friday, the 28th March, 2003. (10.00 A.M. to 2.04 P.M.) | Discussion and voting on Demands for Grants relating to Budget Estimates for the year 2003-2004. |
| Saturday, the 29th March, 2003. (10.00 A.M. to 2.34 P.M.) | (i) Motion regarding Constitution of Elected Committees of the Punjab Vidhan Sabha for the year 2003-2004. (Carried) |
| | (ii) The Punjab Appropriation (No.2) Bill, 2003. (Passed) |
| | (iii) Motion under Rule 77 regarding thrashing of and causing injuries to the Akali/BJP Councilors during the recent elections to the Nagar Panchayats/Municipal Councils/Parishads in the State. (Talked-out) |
| Sunday, the 30th March, 2003. | Holiday. |
| Monday, the 31st March, 2003. | Off-Day. |
| Tuesday, the 1st April, 2003 (2.00 P.M. to 4.53 P.M.) | (i) The Punjab Electricity Bill, 2003. (Introduced) |
| | (ii) Official Resolutions :— |
| | (a) "This House views with concern the impact of the Special Package of Incentives granted by the Govern- |

Original with;
Punjab Vidhan Sabha
Punjab Digital Library

| 1 | 2 |
|---|---|
| | ment of India in the form of Excise waiver and income tax holiday to the neighbouring States on the existing industrial units and the new industrial investment in Punjab and unanimously resolves to urge upon the Government of India to provide the same Special Package of Incentives to the Industrial units in the State of Punjab that has been provided to the State of Uttaranchal and Himachal Pradesh vide Office Memorandum No. 1(10) 2001-NER dated; 7th January, 2003." (Passed) |
| | (b) "WHEREAS a meeting was held under the Chairmanship of Captain Amarinder Singh, Chief Minister, Punjab on 8-1-2003, in which all the Political Parties, Farmers' Organisations & various Social & Economic Groups of the State participated. |
| | AND wherein the said meeting but for some of the Political Parties, all the invited members were present; |

Original with;
Punjab Vidhan Sabha
Digitized by;
Panjab Digital Library

| 1 | 2 |
|---|---|

AND whereas all the parties passed the following Resolution :—

"(1) the State Government, without any further delay, should approach the Hon'ble Supreme Court, so that, relief could be sought from the directions dated 15-01-2002, as issued by it.

(2) The Sabha, appeals the Hon'ble Prime Minister of India to intervene in the SYL Canal matter at the earliest possible and also to resolve the same.

(3) The entire Sabha backs the State Government, so that it can take necessary steps for the achievement of the above mentioned aims.

(4) to take further necessary action/steps in order to safeguard the interest of the State in regard to the water of Punjab State Ravi-Beas.

(5) It is also decided unanimously that in order to uphold this view, a Special Session of the Punjab Vidhan Sabha may be summoned."

AND Whereas the State Government in compliance with the said Resolution, had taken the following steps :—

Original with;
Punjab Vidhan Sabha

| 1 | 2 |
|---|---|
| | (1) On 11-01-2003, the State Government has filed a complaint with the Ministry of Water Resources, Government of India, under section 3 of the Inter State Water Disputes Act, 1956 in regard to the scarcity of the availability of Ravi-Beas Waters and to set up a Tribunal to consider the said matter, besides other matters; |
| | (2) On 13-01-2003, a civil suit has been filed in the Hon'ble Supreme Court of India, in which a relief from the orders of the Hon'ble Supreme Court of India, dated 15-01-2002, was sought. |
| | NOW this House, therefore, unanimously resolves that :— |
| | (1) In view of the interests of the State, the above-mentioned steps, as taken by the State Government be seconded; |
| | (2) The State Government with an aim to safeguard the interests of the State as well as the farmers, should take strong steps at all levels." |
| | (Passed) |
| Wednesday, the 2nd April, 2003 (10.00 A.M. to 2.26 P.M.) | (i) Motion under Rule 16 regarding adjournment of the House Sine-die. |
| | (ii) Legislative Business :— |

Original with;
Punjab Vidhan Sabha
Digitized by;
Panjab Digital Library

| 1 | 2 |
|---|---|
| | (1) The Punjab Industrial Establishments (National and Festival Holidays and Casual and Sick Leave) Amendment Bill, 2003. (Passed) |
| | (2) The Punjab Tax on Entry of Goods into Local Areas (Amendment) Bill, 2003. (Passed) |
| | (3) The Punjab General Sales Tax (Amendment) Bill, 2003. (Passed) |
| | (4) The Punjab Agricultural Produce Markets (Amendment) Bill, 2003. (Passed) |
| | (5) The Punjab Electricity (Duty) Amendment Bill, 2003. (Passed) |
| | (6) The Punjab State Election Commission (Amendment) Bill, 2003. (Passed) |
| | (7) The Punjab Fiscal Responsibility and Budget Management Bill, 2002. (Passed) |
| | (8) The Punjab Value Added Tax Bill, 2003. (Withdrawn) |
| | (9) The Punjab Excise (Amendment) Bill, 2003. (Passed) |

Original with;
Punjab Vidhan Sabha
Digitized by;

| 1 | 2 |
|---|---|
| | (10) The Punjab Cooperative Societies (Amendment) Bill, 2003 (Passed) |
| | (11) The Punjab Regional Town Planning and Development (Amendment) Bill, 2003. (Passed) |
| | (12) The East Punjab Ministers, Salaries (Amendment) Bill, 2003. (Passed) |
| | (13) The Salaries and Allowances of Deputy Ministers, Punjab (Amendment) Bill, 2003. (Passed) |
| | (14) The Punjab Legislative Assembly (Salaries and Allowances of Members) Amendment Bill, 2003. (Passed) |
| | (15) The Punjab State Legislature Members (Pension and Medical Facilities Regulation) Amendment Bill, 2003. (Passed) |
| | (16) The Punjab Legislative Assembly Speaker's and Deputy Speaker's Salaries (Amendment) Bill, 2003. (Passed) |
| | (17) The Salaries and Allowances of Leader of Opposition in Legislative Assembly (Amendment) Bill, 2003. (Passed) |

Original with;
Punjab Vidhan Sabha
Digitized by;
Panjab Digital Library

| 1 | 2 |
|---|---|
| | (iii) Discussion on the Statement laid on the Table of the House :— "That the Statement showing the reasons for not implementing the recommendations of the Committee of the House to enquire into the recruitment of teachers made by the previous Government (1992-1997) which was laid on the Table of the House on the 20th March, 2003 (Afternoon Sitting), be discussed." (Talked-out) |

## 3. PANEL OF CHAIRMEN

On the 17th March, 2003, the Speaker nominated the following Members on the panel of Chairmen under Rule 13(1) of the Rules of Procedure and Conduct of Business in the Punjab Vidhan Sabha (Punjab Legislative Assembly) :—

1. Sardar Balwinder Singh Bhunder
2. Shrimati Gurkanwal Kaur
3. Shri Tikshan Sud
4. Rana Kanwarpal Singh

## 4. ELECTION OF DEPUTY SPEAKER

The Vidhan Sabha elected Sardar Bir Devinder Singh M.L.A., as Deputy Speaker on the 27th March, 2003.

## 5. GOVERNOR'S ADDRESS

The Governor addressed the Punjab Vidhan Sabha on 14th March, 2003.

The Speaker laid a copy of the Governor's Address on the table of the House on the 17th March, 2003.

Original with;
Punjab Vidhan Sabha
Digitized by:

The Motion of Thanks on the Governor's Address was moved by Shri Sunil Kumar Jakhar, M.L.A., on the 17th March, 2003, which was seconded by Rana Kanwarpal Singh, M. L. A., on the same day.

The motion was discussed on the :—

| | | |
|---|---|---|
| 17th March, 2003 | .. | For 145 minutes (Treasury Benches-99 minutes and SAD-46 minutes). |
| 20th March, 2003 (Afternoon Sitting) | .. | For 154 minutes (Treasury Benches-92 minutes, SAD-45 minutes and BJP-17 minutes). |
| 21st March, 2003 | .. | For 266 minutes (Treasury Benches-122 minutes, SAD-106 minutes and Independent-38 minutes). |

20 Members took part in the discussion, 13 from the Treasury Benches (including the mover/seconder of the motion and the Chief Minister). 5 from S.A.D., 1 from B.J.P., and 1 from Independents speaking for 313 minutes, 197 minutes, 17 minutes and 38 minutes respectively.

The motion was carried on the 21st March, 2003.

It was communicated by the Speaker on the 24th March, 2003 to the Governor.

## 6. OBITUARY REFERENCES

References to the deaths of the following were made by the Chief Minister and other Members on the 17th March, 2003 :—

1. Justice D. V. Sehgal, Lokpal;
2. Sardar Harnek Singh Mangewal, Ex-Minister, Punjab;
3. Sardar Girdhara Singh, Ex-M.L.A., Punjab;
4. Shrimati Gurdev Kaur Gill, Ex-M.L.A., Punjab;
5. Sardar Sadhu Singh Ghudani, Ex-M.L.A., Punjab;
6. Chaudhary Dasaundi Ram, Ex-M.L.A., Joint Punjab;

Original with;
Punjab Vidhan Sabha
Digitized by;
Panjab Digital Library

7. Sardar Bagga Singh Kotia, Freedom Fighter;

8. Mahasha Lakshmi Narayan, Freedom Fighter;

9. Sardar Ranjit Singh Gill, Freedom Fighter;

10. Sardar Joginder Singh, Freedom Fighter;

11. Sardar Dilbara Singh Sodhiwal. Freedom Fighter;

12. Doctor Haribhajan Singh. Prominent Poet & Litterateur;

13. Shri Devinder Satbiarty, Prominent Litterateur; and

14. Shrimati Kalpana Chawla, Space Astronaut.

The Speaker associated himself with the sentiments, expressed by the Members in the House. All the Members stood in silence for two minniutes as a mark of respect to the memories of the deceased on the said occasion.

---

## 7. FINANCIAL BUSINESS

**I. Supplementary Demands for Grants for Expenditure of the Government of Punjab for the year 2002-2003.**

(i) Supplementary Demands for Grants for Expenditure of the Government of Punjab for the year 2002-2003 were presented to the Sabha on the 21st March, 2003 and these were discussed and voted on the same day.

There were 24 demands in all totaling a sum of Rs. 7,48,35,96,000/-.

In accordance with the past practice a General Discussion on all the Supplementary Demands together was permitted on the 21st March, 2003. No member spoke on the Demands for Grants. The demands were put to the vote of the House and carried.

(ii) The Punjab Appropriation (No. 1) Bill, 2003 (No. 6-PLA- of 2003) in respect of Supplementary Demands voted upon by the Sabha on the 21st March, 2003 and expenditure charged on the Consolidated Fund of the State of Punjab was introduced on the 21st March, 2003.

It was before the House for 10 minutes.

The Bill was passed on the 21st March, 2003.

---

Original with;
Punjab Vidhan Sabha
Panjab Digital Library

II. The Budget Estimates for the year 2003-04.

(i) The Budget Estimates for the year 2003-04 were presented to the House on the 24th March. 2003.

General discussion on the budget was held on the—

| | | |
|---|---|---|
| 26th March, 2003 | .. | For 180 minutes (Treasury Benches 74 minutes and SAD 106 minutes) |
| 27th March, 2003 | .. | For 180 minutes (Treasury Benches 80 minutes, SAD 48 minutes, BJP 16 minutes and Independents 36 minutes) |

The Hon'ble Finance Minister by way of reply to discussion which took place on the Budget Estimates for the year 2003-2004 spoke for one hour on 29th March, 2003.

Total time taken by the Treasury Benches including time taken by the Finance Minister was 214 minutes, SAD 154 minutes, BJP 16 minutes and Independents 36 minutes.

(ii) Demands for Grants—There were in all 30 Demands for Grants, totaling a sum of Rs. 2,93,53,93,18,000/-.

Demand Nos. 1, 5, 11, 15 and were specifically discussed and put to vote of the House and carried on 28th March, 2003. The rest of the Demands were also put to the vote of the House on the 28th March, 2003.

For details, see statement at page infra.

(iii) The Punjab Appropriation (No. 2) Bill, 2003.

The Punjab Appropriation (No. 2) Bill, 2003 (No. 10-PLA of 2003) in respect of the demands voted by the Sabha and expenditure charged on the Consolidated Fund of the State of Punjab, was introduced on the 29th March, 2003.

It was before the House for 47 minutes. One Member (Finance Minister) from Treasury Benches, five from SAD and one from BJP participated in the debates, speaking for 6 minutes, 36 minutes and 5 minutes respectively.

The Bill was passed on the 29th March, 2003.

Original with;
Punjab Vidhan Sabha
Digitized by;

## BUDGET ESTIMATES 2002-2003

